

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

Punjab Vidhan Sabha Debates

10th July, 1980

Vol.—I, No. 9

OFFICIAL REPORT

Chief Reporter
Punjab Vidhan Sabha
Chandigarh

CONTENTS


Thursday, the 10th July, 1980

	Page
Starred Questions and Answers	(9)1
Written Answers to Starred Questions laid on the Table of the House under Rule 38	(9)19
Points of Order *reg.* Call Attention Notice/Adjournment Motion	(9)24
Call Attention Notices under Rule 66	(9)25
Paper Laid on the Table	(9)29
Motion.	
reg. increase in the prices of fertilizers and diesel and the decision of F.C.I. not to enter in the market for the purchase of paddy crop	(9)29

Punjab Vidhan Sabha Secretariat, Chandigarh

Price : Rs. 24-50 P.

Original with
Punjab Vidhan Sabha
Digitized by:
Panjab Digital Library



Original with;
Punjab Vidhan Sabha
Digitized by;
Panjab Digital Library

PUNJAB VIDHAN SABHA

Thursday, the 10th July, 1980

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Starred Question No. 25

ਸ਼੍ਰੀ ਸਪੀਕਰ : ਕੁਐਸਚਨ ਆਵਰ । ਕੁਐਸਚਨ ਨੰ. 25 ਵਲੋਂ ਮਾਸਟਰ ਬਾਬੂ ਸਿੰਘ ।

ਆਵਾਜ਼ਾਂ : ਉਹ ਆਏ ਨਹੀਂ ਜੀ ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)

Mr. Speaker: Next Question No. 24.

ਆਵਾਜ਼ਾਂ : ਸਬੰਧਤ ਮੈਂਬਰ ਆਏ ਨਹੀਂ ਜੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਵਾਲ ਨੰ: 24 ਬੜਾ ਇਮਪਾਰਟੈਂਟ ਹੈ। ਇਸ ਨੂੰ ਟੇਕ ਅੱਪ ਕਰ ਲਿਆ ਜਾਵੇ।

ਟਰੈਜ਼ਰੀ ਬੈਂਚਿਜ਼ ਵਲੋਂ ਆਵਾਜ਼ਾਂ : ਨਹੀਂ ਜੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਤੁਹਾਨੂੰ ਅਧਿਕਾਰ ਹੈ, ਤੁਸੀਂ ਇਸ ਸਵਾਲ ਨੂੰ ਲੈ ਲਓ। (ਵਿਘਨ)

ਸ਼੍ਰੀ ਸਪੀਕਰ : ਰੂਲਜ਼ ਦੇ ਮੁਤਾਬਿਕ ਇਹ ਸਵਾਲ ਅੱਜ ਖਤਮ ਹੋ ਗਿਆ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਪਿਛਲੇ ਸਪੀਕਰ ਸਾਹਿਬ ਜੇ ਕੋਈ ਸਵਾਲ ਇਮਪਾਰਟੈਂਟ ਹੁੰਦਾ ਸੀ ਤਾਂ ਉਹ ਆਪਣੇ ਤੌਰ ਤੇ ਉਸ ਨੂੰ ਲੈ ਲੈਂਦੇ ਸਨ। (ਵਿਘਨ)

ਟਰੈਜ਼ਰੀ ਬੈਂਚਿਜ਼ ਵਲੋਂ ਆਵਾਜ਼ਾਂ : ਨਹੀਂ ਜੀ, ਨਹੀਂ ਜੀ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਤਾਂ ਚੇਅਰ ਨੂੰ ਬੇਨਤੀ ਕੀਤੀ ਹੈ ਜੇ ਉਹ ਮੁਨਾਸਿਬ ਸਮਝਣ ਤਾਂ ਇਸ ਸਵਾਲ ਨੂੰ ਟੇਕ ਅੱਪ ਕਰ ਲੈਣ। (ਵਿਘਨ) ਜਾਂ ਇਸ ਤਰ੍ਹਾਂ ਕਰ ਲਿਆ ਜਾਵੇ ਕਿ ਜਿਤਨੀ ਦੇਰ ਸਬੰਧਤ ਮੈਂਬਰ ਨਹੀਂ ਆਉਂਦਾ ਉਤਨੀ ਦੇਰ ਦੂਜਾ ਸਵਾਲ ਕਰ ਲਿਆ ਜਾਵੇ। (ਵਿਘਨ)

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਬੈਠੋ। ਇਸ ਸਵਾਲ ਦਾ ਜਵਾਬ ਮਨਿਸਟਰ ਸਾਹਿਬ ਦੇ ਦੇਣ । (ਵਿਘਨ)

Original work
Punjab Vidhan Sabha
Digitized by
Panjab Digital Library

Chief Minister: The question has not been put by the Member concerned (Master Babu Singh).

ਸ਼੍ਰੀ ਸਪੀਕਰ : ਰੂਲ 45 ਦਾ ਸਬ ਰੂਲ (3) ਬੜਾ ਕਲੀਅਰ ਹੈ ਕਿ ਅਗਰ ਸਵਾਲ ਕੋਈ ਹੋਰ ਮੈਂਬਰ ਪੁੱਟ ਕਰ ਦੇਵੇ ਤਾਂ ਵੀ ਉਸਦਾ ਜਵਾਬ ਦਿੱਤਾ ਜਾਵੇਗਾ।

Chief Minister : But he should have the written authority of that Member.

Mr. Speaker : In this connection, sub-rule (3) of Rule 45 of the Rules of Procedure and Conduct of Business in the Punjab Vidhan Sabha (Punjab Legislative Assembly) reads as under :—

> "If on a question being called it is not put or the Member in whose name it stands is absent and no one has been authorised by him in writing to put it and such authority has not been sent to the Speaker in advance, the Speaker at the request of any Member, may direct that the answer to it be given."

In this case. Sardar Dalip Singh Pandhi wants the answer. The answer should be given.

ਮਾਸਟਰ ਬੰਦ ਸਿੰਘ : ਸਪੀਕਰ ਸਾਹਿਬ, ਸਵਾਲ ਨੰ: 25 ਵੀ ਲੈ ਲਵੋ। (ਵਿਘਨ)

ਸ਼੍ਰੀ ਸਪੀਕਰ : ਚੋਪੜਾ ਜੀ, ਤੁਸੀਂ ਲੇਟ ਹੋ ਗਏ ਹੋ। ਹੁਣ ਸਵਾਲ ਨੰ: 24 ਲੈ ਲੈਂਦੇ ਹਾਂ।

Acute shortage of Coal, Kerosene Oil, Diesel, Cement and Bricks in the State

*24. **Master Babu Singh** : (*At the request of Sardar Dalip Singh Pandhi*) Will the Chief Minister be pleased to state whether it is a act that there was an acute shortage of coal, Kerosene oil, Diesel, Cement and Bricks in the State during the period from 1st January, 1980 to 1st June, 1980; if so, the reasons therefor and steps taken by the Government to meet the shortage of these essential commodities ?

Sardar Darbara Singh : Reply is laid on the Table of the House.

Yes, shortage of all varieties of coal has been experienced. Shortage of sponsored brick burning coal has been on account of poor movement of coal by the Railways and resultantly lesser availability of bricks. Shortage of coal for industrial purposes is also because of in-adequate movement by the Railways. With regard to coal for the Thermal Plant at Bhatinda, the linkage is 1,10,000 tonnes per month as against requirement of 1,20,000 tonnes.

The shortage of kerosene oil and diesel is both due to inadequate allocations by the Government of India and in-adequate Railway movement. Shortage of petroleum products is now a world wide phenomenon and the position has become all the more difficult on account of heavy increases in international prices of crude petroleum. As regards cement, three factors are responsible for its scarcity. Firstly, the quarterly allocations given to the State are much below our actual requirements, and secondly, the physical receipts are even lower than the allocations

Original with;
Punjab Vidhan Sabha
Digitized by;
Panjab Digital Library

due to constraints on its production, such as, imposition of power cuts on cement factories in surplus States and short and erratic supply of coal to many others ; and thirdly inadequate supply of railway wagons to the factories. We are wholly dependent upon the Govt. of India for the allotment of supplies of coal, kerosene oil, diesel and cement as all these commodities are produced in other parts of the country.

The State Government have been continually impressing upon the Union Government to raise the allocations and arrange despatches expeditiously by removing various bottlenecks. To increase the availability of bricks, brick kiln owners have been permitted to bring slack coal by road. Besides, Punsup has been authorised to transport coal by road on behalf of various executing Government Departments' agencies.

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਸਵਾਲ ਬੜਾ ਇੰਪਾਰਟੈਂਟ ਹੈ। ਮਿੱਟੀ ਦੇ ਤੇਲ, ਕੋਇਲੇ ਅਤੇ ਇੱਟਾਂ ਆਦਿ ਦਾ ਸਬੰਧ ਸਿੱਧਾ ਜਨਤਾ ਨਾਲ ਹੈ ਪਰ ਸੀ. ਐਮ. ਸਾਹਿਬ ਨੇ ਸਵਾਲ ਦਾ ਜਵਾਬ ਪੜ੍ਹਿਆ ਨਹੀਂ ਸਗੋਂ ਜਵਾਬ ਟੇਬਲ ਤੇ ਲੈ ਕਰ ਦਿੱਤਾ ਹੈ। ਇਸ ਤਰ੍ਹਾਂ ਪਤਾ ਨਹੀਂ ਲਗ ਸਕਦਾ ਕਿ ਜਵਾਬ ਕੀ ਦਿਤਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸੀ. ਐਮ. ਸਾਹਿਬ, ਇਸ ਸਵਾਲ ਦੇ ਜਵਾਬ ਨੂੰ ਹਾਊਸ ਵਿਚ ਪੜ੍ਹ ਕੇ ਸੁਣਾਉਣ ਤਾਕਿ ਮੈਂਬਰਜ਼ ਸਪਲੀਮੈਂਟਰੀਜ਼ ਕਰ ਸਕਣ।

ਮੁੱਖ ਮੰਤਰੀ : ਮੈਂਬਰਾਂ ਨੂੰ ਇਸ ਸਵਾਲ ਦਾ ਜਵਾਬ ਜ਼ਰੂਰ ਪਹੁੰਚਿਆ ਹੋਵੇਗਾ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਸਾਡਾ ਰਾਈਟ ਹੈ ਹਾਊਸ ਵਿਚ ਸਵਾਲ ਦਾ ਜਵਾਬ ਲੈਣ ਦਾ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ 1 ਜਨਵਰੀ, 1980 ਤੋਂ 1 ਜੂਨ, 1980 ਤੱਕ ਦੀਆਂ ਤਾਰੀਖਾਂ ਦੱਸੀਆਂ ਗਈਆਂ ਹਨ ਕਿ ਇਸ ਵਕਤ ਦੇ ਵਿੱਚ ਕੋਇਲੇ, ਮਿੱਟੀ ਦੇ ਤੇਲ, ਡੀਜ਼ਲ, ਸੀਮਿੰਟ ਅਤੇ ਇੱਟਾਂ ਦੀ ਕਮੀ ਰਹੀ, ਕੀ ਜਨਤਾ ਪਾਰਟੀ ਦੀਆਂ ਦੋ ਸਾਲਾਂ ਦੀਆਂ ਗਲਤ ਪਾਲਿਸੀਆਂ ਦੇ ਕਾਰਣ ਇਹ ਸ਼ਾਰਟੇਜ਼ ਰਹੀ ਅਤੇ ਚੀਜ਼ਾਂ ਦੇ ਰੇਟ ਵੱਧ ਗਏ ?

(ਕੋਈ ਉਤੱਰ ਨਹੀਂ ਆਇਆ।)

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੂੰ ਕਹੋ ਕਿ ਉਹ ਸਵਾਲ ਦਾ ਜਵਾਬ ਪੜ੍ਹ ਦੇਣ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੇ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।

ਸ਼੍ਰੀ ਸਪੀਕਰ : ਤੁਹਾਡਾ ਸਪਲੀਮੈਂਟਰੀ ਰੈਲੇਵੈਂਟ ਨਹੀਂ ਹੈ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੇਰਾ ਸਪਲੀਮੈਂਟਰੀ ਰੈਲੇਵੈਂਟ ਹੈ ਜੀ ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਇਹ ਸਵਾਲ ਮਾਸਟਰ ਬਾਬੂ ਸਿੰਘ ਦੇ ਨਾਮ ਤੇ ਹੈ ਅਤੇ ਉਸ ਦੇ ਨਾਲ ਕਿਸੇ ਹੋਰ ਮੈਂਬਰ ਦਾ ਨਾਮ ਨਹੀਂ ਹੈ। ਪਰ ਮਾਸਟਰ ਬਾਬੂ ਸਿੰਘ ਜੀ ਹਾਜ਼ਰ ਨਹੀਂ ਹਨ ਇਸ ਕਰਕੇ ਇਹ ਸਵਾਲ ਨਹੀਂ ਲੈਣਾ ਚਾਹੀਦਾ। (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ। (ਵਿਘਨ)

ਸਰਦਾਰ ਬੰਸਤ ਸਿੰਘ ਖਾਲਸਾ : ਸੀ. ਐਮ. ਸਾਹਿਬ, ਜੇ ਤੁਸੀਂ ਇਸ ਸਵਾਲ ਦਾ ਜਵਾਬ ਪੜ੍ਹ ਕੇ ਸੁਣਾ ਦਿਓ ਤਾਂ ਸਾਰਾ ਝਗੜਾ ਖਤਮ ਹੋ ਜਾਵੇਗਾ।

ਸਰਦਾਰ ਆਤਮਾ ਸਿੰਘ : ਤੁਸੀਂ ਜਵਾਬ ਪੜ੍ਹ ਕੇ ਸੁਣਾ ਦਿਓ।

Chief Minister : The reply reads as under :—

Yes, shortage of all varieties of coal has been experienced. Shortage of sponsored brick burning coal has been on account of poor movement of coal by the Railways and resultantly lesser availability of bricks. Shortage of coal for industrial purposes is also because of inadequate movement by the Railways. With regard to coal for the Thermal Plant at Bhatinda, the linkage is 1,10,000 tonnes per month as against requirement of 1,20,000 tonnes.

The shortage of kerosene oil and diesel is both due to inadequate allocations by the Government of India and inadequate Railway movement. Shortage of petroleum products is now a world wide phenomenon and the position has become all the more difficult on account of heavy increases in international prices of crude petroleum. As regards cement, three factors are responsible for its scarcity. Firstly, the quarterly allocations given to the State are much below our actual requirements, and secondly, the physical receipts are even lower than the allocations due to constraints on its production, such as, imposition of power cuts on cement factories in surplus States and short and erratic supply of coal to many others ; and thirdly inadequate supply of railway wagons to the factories. We are wholly dependent upon the Government of India for the allotment of supplies of coal, kerosene oil, diesel and cement as all these commodities are produced in other parts of the country.

The State Government have been continually impressing upon the Union Government to raise the allocations and arrange despatches expeditiously by removing various bottlenecks. To increase the availability of bricks, brick kiln owners have been permitted to bring slack coal by road. Besides, Punsup has been authorised to transport coal by road on behalf of various executing Government Departments/Agencies.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੇਰੀ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ। (ਵਿਘਨ)

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਦਸਿਆ ਹੈ ਕਿ ਕੋਇਲੇ ਸੀਮਿੰਟ ਅਤੇ ਮਿੱਟੀ ਦੇ ਤੇਲ ਦੀ ਘਾਟ ਹੈ, ਇਹ ਬਾਹਰੋਂ ਆਉਂਦਾ ਹੈ ਅਤੇ ਉਹ ਭਾਰਤ ਸਰਕਾਰ ਤੇ ਰੇਲ ਰਾਹੀਂ ਇਥੇ ਲਿਆਉਣ ਅਤੇ ਇਨ੍ਹਾਂ ਦੀ ਕੁਐਂਟਿਟੀ ਨੂੰ ਵਧਾਉਣ ਲਈ ਜ਼ੋਰ ਦੇ ਰਹੇ ਹਨ। ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਉਨ੍ਹਾਂ ਵੱਲੋਂ ਮਿੱਟੀ ਦੇ ਤੇਲ, ਸੀਮਿੰਟ ਅਤੇ ਕੋਇਲੇ ਨੂੰ ਵੱਧ ਲਿਆਉਣ ਤੇ ਜ਼ੋਰ ਦਿਤਾ ਗਿਆ ਹੈ ਉਸ ਦਾ ਕੀ ਰਿਜ਼ਲਟ ਨਿਕਲਿਆ ਹੈ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਅਸੀਂ ਇਸ ਗੱਲ ਦੀ ਕੋਸ਼ਿਸ਼ ਵਿਚ ਹਾਂ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਕੋਇਲੇ ਦੀ ਮੂਵਮੈਂਟ ਵਿਚ ਡਾਊਨਵਰਡ ਟਰੈਂਡ 1978 ਵਿਚ ਸਟਾਰਟ ਹੋਇਆ ਸੀ ਅਤੇ 1979 ਵਿਚ ਫੁੱਲ ਸਟਾਪ ਲਗ ਗਿਆ। ਇਸ ਲਈ ਇਹ ਜਿਹੜਾ ਕੰਮ ਹੈ ਇਹ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹੈ। ਪਰ ਅਸੀਂ ਇਸ ਕੋਸ਼ਿਸ਼ ਵਿਚ ਹਾਂ ਕਿ ਇਸ ਦੇ ਜ਼ਿਆਦਾ ਰੈਕਸ ਸਾਨੂੰ ਮਿਲਣ। ਸਭ ਤੋਂ ਪਹਿਲਾਂ ਮੈਂ ਡੀਜ਼ਲ ਬਾਰੇ ਗੱਲ ਕੀਤੀ ਹੈ ਕਿ ਸਾਨੂੰ ਕੋਟਾ 10 ਹਜ਼ਾਰ ਕਿਲੋ ਲਿਟਰ ਮਿਲੇ ਅਤੇ ਕੋਇਲੇ ਦੇ 2 ਰੈਕਸ ਸਾਨੂੰ ਪ੍ਰਾਇਰਿਟੀ ਬੇਸਿਸ ਤੇ ਮਿਲੇ। ਇਸ ਵੇਲੇ ਜ਼ਿਆਦਾ ਸਾਨੂੰ ਡੀਜ਼ਲ ਦੀ ਲੋੜ ਹੈ ਤਾਕਿ ਕਿਸਾਨ ਉਸ ਦਾ ਫਾਇਦਾ ਉਠਾ ਸਕਣ। ਲੇਕਿਨ ਕੋਇਲਾ, ਸੀਮਿੰਟ, ਮਿੱਟੀ ਦਾ ਤੇਲ ਅਤੇ ਡੀਜ਼ਲ ਇਹ ਜਿਹੜੀਆਂ ਚੀਜ਼ਾਂ ਹਨ ਸਾਡੀ ਪੂਰੀ ਕੋਸ਼ਿਸ਼ ਹੈ ਕਿ ਲੋਕਾਂ ਨੂੰ ਮਿਲ ਸਕਣ ਪਰ ਇਸ ਦੇ ਵਿਚ ਜੋ ਮੁਸ਼ਕਲਾਤਾਂ ਹਨ ਉਹ ਮੈਂ ਤੁਹਾਡੇ ਸਾਹਮਣੇ ਰੱਖੀਆਂ ਹਨ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣ ਚਾਹੁੰਦਾ ਹਾਂ ਕਿ ਜਿਹੜਾ ਡੀਜ਼ਲ, ਮਿੱਟੀ ਦਾ ਤੇਲ ਆਦਿ ਚੀਜ਼ਾਂ ਹਨ ਇਨ੍ਹਾਂ ਦੀ ਬੜੀ ਭਾਰੀ ਕਮੀ ਹੋ ਰਹੀ ਹੈ ਕਿਉਂਕਿ ਇਨ੍ਹਾਂ ਚੀਜ਼ਾਂ ਵਿਚ ਬਲੈਕ ਹੋ ਰਹੀ ਹੈ। ਡੀਜ਼ਲ ਤਾਂ ਡੀਜ਼ਲ ਪੰਪਾਂ ਤੇ ਆਉਂਦਿਆਂ ਹੀ ਮੁੱਕ ਗਿਆ ਦਿਖਾਇਆ ਜਾਂਦਾ ਹੈ ਅਤੇ ਰਸਤੇ ਵਿਚ ਹੀ ਵਿਕ ਜਾਂਦਾ ਹੈ। ਮਿਟੀ ਦੇ ਤੇਲ ਦੀ ਇਹ ਹਾਲਤ ਹੈ ਕਿ ਪੰਜ ਲਿਟਰ ਮਹੀਨੇ ਦਾ ਇਕ ਇਕ ਪਰਿਵਾਰ ਨੂੰ ਡਿਪੂਆਂ ਤੇ ਦਿਤਾ ਜਾਂਦਾ ਹੈ ਅਤੇ ਬਾਕੀ ਦਾ ਮਿੱਟੀ ਦਾ ਤੇਲ ਬਲੈਕ ਵਿਚ ਵਿਕਦਾ ਹੈ। ਕੀ ਇਸ ਗਲ ਨੂੰ ਮੁੱਖ ਰੱਖਦੇ ਹੋਏ ਮੁੱਖ ਮੰਤਰੀ ਸਾਹਿਬ ਕੋਈ ਸਪੈਸ਼ਲ ਸੈਲ ਬਣਾ ਕੇ ਡਿਪੂਆਂ ਦੀ ਸਪੈਸ਼ਲ ਚੈਕਿੰਗ ਕਰਾਉਣ ਦਾ ਇੰਤਜ਼ਾਮ ਕਰਾਉਣਗੇ ਤਾਕਿ ਇਸਦੀ ਸਪਲਾਈ ਠੀਕ ਹੋ ਸਕੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਇਕ ਕੇਸ ਮੇਰੇ ਨੋਟਿਸ ਵਿਚ ਲਿਆਂਦਾ ਸੀ। ਮੈਂ ਉਸਦੀ ਥਾਰੋ ਇਨਕੁਆਇਰੀ ਕਰਨ ਵਾਸਤੇ ਕੇਸ ਭੇਜ ਦਿੱਤਾ ਹੈ। ਅਗਰ ਐਸੇ ਕੇਸ ਮੇਰੇ ਨੋਟਿਸ ਵਿਚ ਆਨਰੇਬਲ ਮੈਂਬਰ ਲਿਆਉਣਗੇ, ਮੈਂ ਉਨ੍ਹਾਂ ਦਾ ਮਸ਼ਕੂਰ ਹੋਵਾਂਗਾ ਅਤੇ ਲਾਜ਼ਮੀ ਤੌਰ ਤੇ ਕੋਈ ਐਸਾ ਪ੍ਰਬੰਧ ਕੀਤਾ ਜਾਵੇਗਾ ਕਿ ਉਸ ਦੀ ਜਲਦੀ ਤੋਂ ਜਲਦੀ ਇਨਕੁਆਇਰੀ ਕਰਵਾ ਕੇ ਡੀਫਾਲਟਰਜ਼ ਨੂੰ ਸਜ਼ਾ ਦਿਤੀ ਜਾਵੇ। (ਵਿਘਨ) ਡਿਪੂਆਂ ਦੇ ਬਾਰੇ ਵੀ ਜਿਹੜੀ ਸ਼ਿਕਾਇਤ ਹੈ ਉਸ ਦੇ ਲਈ ਕੋਈ ਐਸਾ ਠੋਸ ਕੇਸ ਮੇਰੇ ਨੋਟਿਸ ਵਿਚ ਮੈਂਬਰ ਸਾਹਿਬ ਲਿਆਉਣ, ਜ਼ਰੂਰ ਸਜ਼ਾ ਦਿੱਤੀ ਜਾਵੇਗੀ। ਇਕ ਸ਼ਿਕਾਇਤ ਮੇਰੇ ਪਾਸ ਆਈ ਵੀ ਸੀ, ਉਸ ਕੇਸ ਵਿਚ ਸਜ਼ਾ ਵੀ ਹੋਈ ਹੈ ਅਤੇ ਅਫਸਰ ਵੀ ਸਸਪੈਂਡ ਕੀਤਾ ਗਿਆ ਹੈ। ਜਿਥੇ ਕਿਧਰੇ ਵੀ ਇਸ ਤਰ੍ਹਾਂ ਦੀ ਇਨਸਟਾਂਸ ਨੋਟਿਸ ਵਿਚ ਆਈ ਹੈ ਸਾਡੀ ਕੋਸ਼ਿਸ਼ ਹੈ ਕਿ ਸਟਰਿਨਜੈਂਟ ਐਕਸ਼ਨ ਲਿਆ ਜਾਵੇ।

ਸ਼ਰੀ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਡੀਜ਼ਲ ਜਿਹੜਾ ਹੈ ਉਹ 2-2 ਮਹੀਨੇ ਮਿਲਦਾ ਹੀ ਨਹੀਂ, ਮਿੱਟੀ ਦੇ ਤੇਲ ਦੀ ਇਹ ਹਾਲਤ ਹੈ ਕਿ ਇਸ ਵੇਲੇ 5-6 ਰੁਪਏ ਦੀ ਬੋਤਲ ਬਲੈਕ ਵਿਚ ਮਿਲ ਰਹੀ ਹੈ ਇੱਟਾਂ ਜਿਹੜੀਆਂ ਹਨ ਉਹ 200 ਰੁਪਏ ਜਾਂ 250 ਰੁਪਏ ਪ੍ਰਤੀ ਹਜ਼ਾਰ ਵਿਕ ਰਹੀਆਂ ਹਨ ਅੌਰ ਸੀਮਿੰਟ 80/90 ਰੁਪਏ ਦਾ ਥੈਲਾ ਵਿਕ ਰਿਹਾ ਹੈ। ਡੀਜ਼ਲ ਜਿਹੜਾ ਹੈ ਉਹ 900 ਰੁਪਏ ਨੂੰ, ਹਜ਼ਾਰ ਰੁਪਏ ਨੂੰ ਢੋਲ ਬਲੈਕ ਵਿਚ ਮਿਲ ਰਿਹਾ ਹੈ। ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ ਚੀਜ਼ਾਂ ਦੀ ਸ਼ਾਰਟੇਜ ਹੈ। ਪਰ ਇਹ ਚੀਜ਼ਾਂ ਬਲੈਕ ਵਿਚ ਜਿੰਨੀਆਂ ਮਰਜ਼ੀ ਲੈ ਲਓ। ਜਿਸ ਤਰਾਂ ਮੈਂ ਦਸਿਆ ਹੈ ਕਿ ਡੀਜ਼ਲ ਦਾ ਢੋਲ 9 ਸੌ ਰੁਪਏ ਨੂੰ ਜਾਂ ਹਜਾਰ ਰੁਪਏ ਨੂੰ ਸੀਮਿੰਟ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਲੂੰਬਾ]

ਥੈਲਾ 80 ਜਾਂ 90 ਰੁਪਏ ਨੂੰ ਅਤੇ ਮਿੱਟੀ ਦੇ ਤੇਲ ਦੀ ਬੋਤਲ 5 ਰੁਪਏ ਨੂੰ ਮਿਲਦੀ ਹੈ। ਕੀ ਮੁੱਖ ਮੰਤਰੀ ਸਾਹਿਬ ਇਸ ਚੀਜ਼ ਦੀ ਕੋਈ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੀ ਕਮੀ ਹੈ ਉਹ ਮੈਂ ਅਰਜ਼ ਕਰ ਚੁੱਕਾ ਹਾਂ। ਜੇ ਕੋਈ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਕੋਈ ਐਸਾ ਸਪੈਸਿਫਿਕ ਕੇਸ ਲਿਆਉਣਗੇ ਤਾਂ ਅਸੀਂ ਉਸ ਦੀ ਇਨਕੁਆਇਰੀ ਜ਼ਰੂਰ ਕਰਾਉਣ ਵਾਸਤੇ ਤਿਆਰ ਹਾਂ ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ 1 ਜਨਵਰੀ, 1980 ਤੋਂ 30 ਜੂਨ, 1980 ਤਕ ਜਿਹੜੀਆਂ ਚੀਜ਼ਾਂ ਦਾ ਇਥੇ ਜ਼ਿਕਰ ਕੀਤਾ ਗਿਆ ਹੈ ਕਿ ਘਾਟ ਹੈ ਕੀ ਇਹ ਪੁਰਾਣੀ ਸੈਂਟਰਲ ਸਰਕਾਰ, ਡਿਸਾਈ ਸਾਹਿਬ ਦੀ ਜਾਂ ਚੌਧਰੀ ਚਰਨ ਸਿੰਘ ਦੀ ਸਰਕਾਰ ਅਤੇ ਪੰਜਾਬ ਦੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਦੀਆਂ ਗਲਤ ਨੀਤੀਆਂ ਦਾ ਨਤੀਜਾ ਹੈ ? (ਵਿਘਨ) (ਆਪੋਜੀਸ਼ਨ ਪਾਰਟੀ ਦੇ ਮਾਨਯੋਗ ਮੈਂਬਰਾਂ ਵਲੋਂ ਵਿਘਨ)

ਮੁੱਖ ਮੰਤਰੀ : ਇਸ ਦੇ ਵਿਚ ਆਪੋਜੀਸ਼ਨ ਦੇ ਮੈਂਬਰਾਂ ਨੂੰ ਕੋਈ ਤੌਖਲਾ ਨਹੀਂ ਕਰਨਾ ਚਾਹੀਦਾ। ਅਗਰ ਉਨ੍ਹਾਂ ਦੇ ਵਕਤ ਦੀਆਂ ਘਾਟਾਂ ਹਨ ਜਾਂ ਕੋਈ ਬੈਕ ਲਾਗ ਹੈ ਉਹ ਵੀ ਸਾਡੇ ਤੇ ਆਇਆ ਹੈ, ਉਨ੍ਹਾਂ ਨੂੰ ਇਸ ਗਲ ਦਾ ਤੌਖਲਾ ਨਹੀਂ ਕਰਨਾ ਚਾਹੀਦਾ। ਲੇਕਿਨ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਘਾਟ ਹੈ ਇਹ 1976-77, 1977-78 ਤੋਂ ਚਲੀ ਆ ਰਹੀ ਹੈ। ਉਨ੍ਹਾਂ ਨੇ ਵੀ ਕੋਸ਼ਿਸ਼ ਕੀਤੀ ਹੋਵੇਗੀ ਪਰ ਅਵੇਲੇਬਿਲਿਟੀ ਘੱਟ ਹੋਣ ਕਾਰਨ ਸਾਰੀਆਂ ਮੁਸ਼ਕਲਾਤਾਂ ਹਨ। ਇਥੇ ਮਾਨਯੋਗ ਮੈਂਬਰ ਨੇ ਕਿਹਾ ਸੀ ਕਿ ਰਸਤੇ ਵਿਚ ਹੀ ਡੀਜ਼ਲ ਵੇਚਿਆ ਜਾਂਦਾ ਹੈ। ਇਹ ਕੋਈ ਸਪੈਸਫਿਕ ਇਨਸਟਾਂਸ ਸਾਡੇ ਨੋਟਿਸ ਵਿਚ ਲਿਆਉਣ, ਜ਼ਰੂਰ ਇਨਕੁਆਇਰੀ ਕਰਵਾ ਕੇ ਐਕਸ਼ਨ ਹੋਵੇਗਾ । (ਵਿਘਨ)

ਸਰਦਾਰ ਬੀਰਪਾਲ ਸਿੰਘ : ਸਪੀਕਰ ਸਾਹਿਬ, ਮੇਰੇ ਆਨਰੇਬਲ ਮੈਂਬਰਜ਼ ਨੇ ਇਥੇ ਕਈ ਸਵਾਲ ਪੁੱਛੇ ਹਨ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਈ ਪੈਟਰੋਲ ਪੰਪਾਂ ਵਾਲੇ, ਜਿਨ੍ਹਾਂ ਦੇ ਬਾਰੇ ਇਥੇ ਵਰਨਣ ਕੀਤਾ ਗਿਆ ਹੈ, ਮੈਂ ਵੀ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਅੰਦਰ ਜੀ. ਟੀ. ਰੋਡ ਤੇ ਜਨਰਲ ਮੋਹਨ ਸਿੰਘ ਦੀ ਕੋਠੀ ਦੇ ਸਾਹਮਣੇ ਇਕ ਪੈਟਰੋਲ ਪੰਪ ਹੈ, ਉਹ ਕੋਈ ਸ਼ਰਾਬ ਦੇ ਠੇਕੇਦਾਰ ਦਾ ਹੈ, ਉਥੇ 4-5 ਮਹੀਨੇ ਤੋਂ ਤੇਲ ਬਾਹਰ ਦੀ ਬਾਹਰ ਵੇਚਿਆ ਜਾਂਦਾ ਹੈ ਅਤੇ ਪਿੰਡਾਂ ਵਿਚ ਜ਼ਿਮੀਦਾਰਾਂ ਵਿਚ ਹਾਹਾਕਾਰ ਮੱਚੀ ਹੋਈ ਹੈ। (ਥੰਪਿੰਗ) ਮੈਂ ਇਹ ਚੀਜ਼ ਇਨ੍ਹਾਂ ਦੇ ਡਿਪਟੀ ਕਮਿਸ਼ਨਰ ਦੇ ਨੋਟਿਸ ਵਿਚ ਵੀ ਲਿਆਂਦੀ ਹੈ। (ਵਿਘਨ) ਕੀ ਮੁੱਖ ਮੰਤਰੀ ਸਾਹਿਬ ਇਹੋ ਜਿਹੇ ਆਦਮੀਆਂ ਦਾ ਲਾਈਸੰਸ ਵਗੈਰਾ ਮੁਅੱਤਲ ਕਰ ਦੇਣਗੇ ਤਾਂ ਕਿ ਅਗੇ ਨੂੰ ਪੰਪਾਂ ਵਾਲਿਆਂ ਨੂੰ ਪਤਾ ਲਗ ਸਕੇ। (ਵਿਘਨ) ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਦੀ ਕੋਈ ਇਨਕੁਆਇਰੀ ਕਰਵਾਈ ਜਾਵੇਗੀ ਅਤੇ ਐਕਸ਼ਨ ਲਿਆ ਜਾਵੇਗਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਇਹ ਕੇਸ ਹੁਣੇ ਹੀ ਮੇਰੇ ਨੋਟਿਸ ਵਿਚ ਲਿਆਂਦਾ ਹੈ। ਭਾਵੇਂ ਕਿਸੇ ਦੇ ਵੀ ਸਾਹਮਣੇ ਪੈਟਰੋਲ ਪੰਪ ਲੱਗਾ ਹੋਇਆ ਹੋਵੇ, ਅਗਰ ਉਸ ਦਾ ਕੋਟਾ ਅਲਾਟ ਹੋਇਆ ਹੈ ਅੱਤ ਇਹ ਸਾਬਤ ਹੋ ਜਾਵੇ ਕਿ ਉਸ ਨੇ ਡੀਜ਼ਲ ਨਹੀਂ ਵਿਤਾ ਤਾਂ ਉਸ ਪੈਟਰੋਲ ਪੰਪ ਦਾ ਲਾਇਸੰਸ ਕੈਂਸਲ ਹੋਵੇਗਾ । (ਥੰਪਿੰਗ) (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੰਦਾ ਹਾਂ ਕਿ ਜ਼ਿਲ੍ਹਿਆਂ ਦੇ ਵਿਚ ਡੀਜ਼ਲ ਦੀ ਵੰਡ ਵਿਚ ਬੜੀ ਡਿਸਪੈਰਿਟੀ ਹੈ। ਅਜਿਵੇਂ ਸੰਗਰੂਰ ਦੇ ਵਿਚ ਟਰੈਕਟਰਾਂ ਵਾਸਤੇ 40 ਲਿਟਰ ਡੀਜ਼ਲ ਮਿਲਦਾ ਹੈ ਅੱਰ ਪੰਪਿੰਗ ਸੈਟ ਵਾਸਤੇ 20 ਲਿਟਰ ਮਿਲਦਾ ਹੈ ਲੇਕਿਨ ਹੋਰ ਕਈ ਜ਼ਿਲ੍ਹਿਆਂ ਦੇ ਵਿਚ ਇਸ ਦੇ ਮੁਕਾਬਲੇ ਵਿਚ ਇਸ ਤੋਂ ਵੱਧ ਮਿਲਦਾ ਹੈ ਅਤੇ ਮੈਨੂੰ ਪਤਾ ਲੱਗਿਆ ਹੈ ਕਿ ਕਿਸੇ ਜ਼ਿਲ੍ਹੇ ਵਿਚ ਟਰੈਕਟਰਾਂ ਵਾਸਤੇ 80 ਲਿਟਰ ਵੀ ਦਿਤਾ ਜਾਂਦਾ ਹੈ। ਇਸ ਡਿਸਪੈਰਿਟੀ ਨੂੰ ਮੁੱਖ ਰਖਦਿਆਂ ਹੋਇਆਂ ਕੀ ਚੀਫ ਮਨਿਸਟਰ ਸਾਹਿਬ, ਜਿਥੇ ਡੀਜ਼ਲ ਘੱਟ ਮਿਲਦਾ ਹੈ ਉਥੇ ਵਧਾਉਣ ਦੀ ਕੋਸ਼ਿਸ਼ ਕਰਨਗੇ ?

ਮੁੱਖ ਮੰਤਰੀ : ਇਨ੍ਹਾਂ ਨੇ ਇਹ ਚੀਜ਼ ਹੁਣ ਮੇਰੇ ਨੋਟਿਸ ਵਿਚ ਲਿਆਂਦੀ ਹੈ। ਇਹ ਮੈਂ ਦੇਖਾਂਗਾ ਅਤੇ ਜਿਹੜੀ ਡਿਸਪੈਰਿਟੀ ਹੈ ਉਹ ਦੂਰ ਕੀਤੀ ਜਾਵੇਗੀ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਠਿੰਡੇ ਜ਼ਿਲ੍ਹੇ ਵਿਚ ਲੁਧਿਆਣੇ ਅਤੇ ਹੋਰ ਜ਼ਿਲ੍ਹਿਆਂ ਨਾਲੋਂ ਟਰੈਕਟਰਾਂ ਅਤੇ ਇੰਜਣਾਂ ਲਈ ਡੀਜ਼ਲ ਦਾ ਕੋਟਾ ਬਹੁਤ ਘੱਟ ਮਿਲਦਾ ਹੈ ਅੱਰ ਆਫ ਐਂਡ ਔਨ ਮਿਲਦਾ ਹੈ ਅਤੇ ਪੂਰਾ ਕਦੇ ਨਹੀਂ ਮਿਲਦਾ। ਇਕ ਤਾਂ ਇਸ ਦੇ ਬਾਰੇ ਦੱਸਣ ਕਿ ਕੀ ਹੁਣ ਇਹ ਪੂਰਾ ਦੇਣਗੇ ?

ਦੂਸਰਾ ਇਹ ਕਿ ਗਵਰਨਰੀ ਰਾਜ ਵਿਚ ਜਦੋਂ ਅਸੈਂਬਲੀ ਦੀਆਂ ਚੋਣਾਂ ਹੋਈਆਂ ਤਾਂ ਉਸ ਵਕਤ ਹੁਕਮਰਾਨ ਪਾਰਟੀ ਦੇ ਭਾਈਆਂ ਨੇ ਇੱਟਾਂ ਦੇ ਭੱਠਿਆਂ ਵਾਲਿਆਂ ਤੋਂ ਪੈਸੇ ਲਏ ਅਤੇ ਇਟਾਂ ਦਾ ਰੇਟ ਵਧਾਇਆ। ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੰਦਾ ਹਾਂ ਕਿ ਕੀ ਇਹ ਇਟਾਂ ਦਾ ਰੇਟ ਘਟਾਉਣ ਵਾਸਤੇ ਤਿਆਰ ਹਨ ਕਿਉਂਕਿ ਨਾਂ ਮਿੱਟੀ ਦਾ ਮੱਲ ਵਧਿਆ ਹੈ ਅਤੇ ਨਾ ਹੀ ਲੇਬਰ ਦਾ ਰੇਟ ਵਧਿਆ ਹੈ ਲੇਕਿਨ ਇੱਟਾਂ ਦਾ ਰੇਟ ਵਧਾਇਆ ਗਿਆ ? ਕੀ ਇਸ ਦੇ ਬਾਰੇ ਕੋਈ ਵਿਚਾਰ ਕਰਨਗੇ ?

ਮੁੱਖ ਮੰਤਰੀ : ਜ਼ਰੂਰ ਵਿਚਾਰ ਕਰਾਂਗੇ। ਜਿਹੜਾ ਸੁਆਲ ਪਹਿਲਾਂ ਉਠਾਇਆ ਗਿਆ ਸੀ ਉਸ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ 15 ਫਰਵਰੀ, 1980 ਤੋਂ 31 ਮਈ 1980 ਤਕ ਟੋਟਲ 270 ਸਪੈਸ਼ਲ ਰੇਡਜ਼ ਹੋਏ ਹਨ ਅਤੇ 21 ਕੇਸ ਰਜਿਸਟਰ ਕੀਤੇ ਹਨ 8 ਅਰੈਸਟਸ ਕੀਤੀਆਂ ਹਨ ਅਤੇ 2 ਆਇਲ ਪੰਪ ਸਸਪੈਂਡ ਕੀਤੇ ਹਨ। ਇਹ ਐਕਸ਼ਨ ਹੋਇਆ ਹੈ। ਜੋ ਮਾਸਟਰ ਬਾਬੂ ਸਿੰਘ ਜੀ ਨੇ ਕਿਹਾ ਹੈ ਉਸ ਬਾਰੇ ਜ਼ਰੂਰ ਪੜਤਾਲ ਕਰਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਦਾ ਇਕ ਡੀਲਰ ਜਿਹੜਾ ਸਿਟੀ ਕਾਂਗਰਸ ਦਾ ਪ੍ਰਧਾਨ ਵੀ ਹੈ, ਸ਼੍ਰੀ ਪਿਆਰਾ ਲਾਲ (ਵਿਘਨ) ਉਹ 10 ਹਜ਼ਾਰ ਲਿਟਰ ਤੇਲ ਖੁਰਦ ਬੁਰਦ ਕਰ ਗਿਆ ਹੈ। ਕੀ ਉਸ ਦਾ ਲਾਇਸੰਸ ਵੀ ਕੈਂਸਲ ਕਰਨਗੇ ?

ਮੁੱਖ ਮੰਤਰੀ : ਜੋ ਵੀ ਕੋਈ ਡਿਫਾਲਟਰ ਹੋਵੇ, ਭਾਵੇਂ ਜਨ ਸੰਘੀ ਹੋਵੇ, ਭਾਵੇਂ ਕਾਂਗਰਸੀ ਹੋਵੇ ਮੈਨੂੰ ਇਸ ਗਲ ਦਾ ਕੋਈ ਧਿਆਨ ਨਹੀਂ, ਜੇ ਇਹ ਗਲ ਠੀਕ ਹੋਵੇਗੀ ਤਾਂ ਐਕਸ਼ਨ ਲਿਆ ਜਾਵੇਗਾ।

Inability of the Food Corporation of India to carry on procurement of Paddy

***42. Seth Khushhal Chand :** Will the Chief Minister be pleased to state whether it is a fact that the Food Corporation of India has

Original with;
Punjab Vidhan Sabha
Digitized by;
Panjab Digital Library

[Seth Khushhal Chand]

expressed its inability to carry on the massive procurement of paddy single-handed in the State during the coming kharif season; if so, the reasons therefor and the details of the action taken to meet the resultant situation ?

ਸਰਦਾਰ ਦਰਬਾਰਾ ਸਿੰਘ : ਹਾਂ ਜੀ । ਫੂਡ ਕਾਰਪੋਰੇਸ਼ਨ ਆਫ ਇੰਡੀਆ ਨੇ ਰਾਜ ਸਰਕਾਰ ਨੂੰ ਅਪਰੋਚ ਕੀਤਾ ਹੈ ਕਿ ਝੋਨੇ ਦੀ ਖਰੀਦ ਇਕੱਠੇ ਦੌਰ ਤੇ ਕੀਤੀ ਜਾਵੇ । ਇਸ ਦਾ ਵੱਡਾ ਕਾਰਣ ਇਹ ਨਜ਼ਰ ਆਉਂਦਾ ਹੈ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੇ ਜਿਹੜਾ ਝੋਨਾ ਖਰੀਦਿਆ ਸੀ ਉਸ ਦੀ ਛੜਾਈ ਮਿਲਾਂ ਵਾਲਿਆਂ ਕੋਲੋਂ ਸਮੇਂ ਸਿਰ ਨਹੀਂ ਕਰਵਾ ਸਕੀ । ਰਾਜ ਸਰਕਾਰ ਨੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੀ ਤਜਵੀਜ਼ ਨਹੀਂ ਮੰਨੀ ਅਤੇ ਕੇਂਦਰੀ ਖੁਰਾਕ ਅਤੇ ਖੇਤੀਬਾੜੀ ਮੰਤਰੀ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੂੰ ਆਉਣ ਵਾਲੇ ਮੌਸਮ ਦੇ ਝੋਨੇ ਦੀ ਖਰੀਦ ਸਮਰਥਕ ਕੀਮਤ ਤੇ ਕਰਨ ਦੀ ਪੂਰੀ ਜ਼ਿਮੇਵਾਰੀ ਦੇਣ ਤਾਕਿ ਕਿਸਾਨਾਂ ਦੇ ਹਿਤਾਂ ਦੀ ਰੱਖਿਆ ਕੀਤੀ ਜਾ ਸਕੇ । ਇਸ ਬਾਰੇ ਫੂਡ ਕਾਰਪੋਰੇਸ਼ਨ ਆਫ ਇੰਡੀਆ/ਭਾਰਤ ਸਰਕਾਰ ਨਾਲ ਅੱਗੇ ਹੋਰ ਗਲ ਬਾਤ ਚਲ ਰਹੀ ਹੈ ।

ਸੇਠ ਖੁਸ਼ਹਾਲ ਚੰਦ: ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਹਾਊਸ ਨੂੰ ਯਕੀਨ ਦਿਲਾਉਣਗੇ ਕਿ ਜ਼ਿਮੀਂਦਾਰਾਂ ਦਾ ਜਿਹੜਾ ਝੋਨਾ ਹੈ..... (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦਾ ਲਾਊਡ ਸਪੀਕਰ ਠੀਕ ਨਹੀਂ, ਆਵਾਜ਼ ਫੱਟਦੀ ਹੈ ਤੇ ਮੈਨੂੰ ਕੁਝ ਨਹੀਂ ਸਮਝ ਆਇਆ ।

ਸ਼੍ਰੀ ਸਪੀਕਰ: ਮੈਂਬਰ ਸਾਹਿਬ ਦੂਸਰੇ ਲਾਊਡ ਸਪੀਕਰ ਤੋਂ ਬੋਲ ਲੈਣ । ਮੈਨੂੰ ਵੀ ਕੁਝ ਨਹੀਂ ਸਮਝ ਆਇਆ ।

ਸੇਠ ਖੁਸ਼ਹਾਲ ਚੰਦ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕੀ ਜ਼ਿਮੀਦਾਰਾਂ ਦਾ ਧਾਨ ਜਿਵੇਂ ਜਿਵੇਂ ਮਾਰਕਿਟ ਵਿਚ ਆਏਗਾ ਨਾਲ ਦੀ ਨਾਲ ਖਰੀਦਿਆ ਜਾਏਗਾ। ਅਤੇ ਇਹ ਤਾਂ ਨਹੀਂ ਹੋਏਗਾ ਕਿ 15, 15 ਦਿਨ ਰੁਲਦਾ ਰਹੇਗਾ ? ਦੂਸਰੇ ਵਪਾਰੀ ਜੋ ਚਾਵਲ ਤਿਆਰ ਕਰਨਗੇ ਉਹ ਐਫ. ਸੀ. ਆਈ. ਨਾਲ ਦੀ ਨਾਲ ਖਰੀਦਦੀ ਰਹੇਗੀ, ਕਿਧਰੇ ਮਾਲ ਕਾਰਖਾਨਿਆਂ ਵਿੱਚ ਤਾਂ ਨਹੀਂ ਪਿਆ ਰਹੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿੰਨੀ ਸਪੀਡ ਨਾਲ ਮੈਂਬਰ ਸਾਹਿਬ ਬੋਲਦੇ ਹਨ ਉਹ ਅਡੀਬਲ ਨਹੀਂ । ਮੇਰਾ ਜਵਾਬ ਇਹ ਹੈ ਕਿ ਐਫ. ਸੀ. ਆਈ. ਨੇ ਕਿਹਾ ਹੈ ਕਿ ਪੰਜਾਬ ਸਰਕਾਰ ਝੋਨਾ ਖਰੀਦੇ। ਅਸੀਂ ਆਪਣੇ ਵਲੋਂ ਨਾਹ ਦੇ ਦਿਤੀ ਹੈ ਕਿ ਸਾਡੇ ਪਾਸ ਕੋਈ ਇੰਤਜ਼ਾਮ ਨਹੀਂ। ਮੈਂ ਕਿਹਾ ਹੈ ਕਿ ਉਹ ਆਪ ਖਰੀਦ ਕਰਨ ਅਤੇ ਪ੍ਰਾਈਸ ਸਟੈਬੇਲਾਈਜ਼ ਕਰਨ। ਇਸ ਬਾਰੇ ਦੋ ਤਿੰਨ ਵਾਰ ਲਿਖਿਆ ਵੀ ਹੈ ਅਤੇ ਮਨਿਸਟਰ ਇੰਚਾਰਜ ਨੂੰ ਵੀ ਕਿਹਾ ਹੈ। ਉਹ ਕਹਿੰਦੇ ਹਨ ਕਿ ਜਿਹੜੇ ਮਿੱਲਰਜ਼ ਹਨ ਉਹ ਸਾਨੂੰ ਮਿਲਿੰਗ ਕਰਕੇ ਚਾਵਲ ਨਹੀਂ ਦਿੰਦੇ ਅਤੇ ਜੇ ਦਿੰਦੇ ਹਨ ਤਾਂ ਪੈਸੇ ਜ਼ਿਆਦਾ ਚਾਰਜ ਕਰਦੇ ਹਨ। ਇਸ ਨਾਲ ਉਨ੍ਹਾਂ ਨੂੰ ਘਾਟਾ ਪੈਂਦਾ ਹੈ। ਉਹ ਜ਼ਿੰਮੇਵਾਰੀ ਸਾਡੇ ਤੇ ਸੁੱਟਣਾ ਚਾਹੁੰਦੇ ਹਨ ਅਤੇ ਅਸੀਂ ਇਹ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ।

Original with;
Punjab Vidhan Sabha
Digitized by
Panjab Digital Library

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦਸਿਆ ਹੈ ਕਿ ਉਨ੍ਹਾਂ ਦੀ ਮਿਲਿੰਗ ਨਹੀਂ ਹੋ ਸਕੀ। ਉਨ੍ਹਾਂ ਨੂੰ ਮਿਲਿੰਗ ਦੀ ਦਿਕਤ ਹੈ ਇਸ ਕਰਕੇ ਉਹ ਪਰਾ ਝੋਨਾ ਖਰੀਦ ਨਹੀਂ ਕਰ ਸਕਣਗੇ। ਕੀ ਇਸਦਾ ਕਾਰਣ ਇਹ ਹੈ ਕਿ ਸਾਡੇ ਇਥੇ ਸ਼ੈਲਰਜ਼ ਘੱਟ ਹੋਣ ਜਾਂ ਉਹ ਆਪ ਪੂਰੀ ਮਿਲਿੰਗ ਨਹੀਂ ਕਰਾ ਸਕੇ ਜਾਂ ਪੈਸੇ ਘੱਟ ਦੇਣਾ ਚਾਹੁੰਦੇ ਹਨ ? ਜਿਹੜੇ ਵੀ ਕਾਰਣ ਹੋਣ ਕੀ ਉਨ੍ਹਾਂ ਨੂੰ ਇਹ ਦੂਰ ਕਰਨਗੇ ਅਤੇ ਉਹ ਕਾਰਣ ਵੀ ਦੱਸਣਗੇ ?

ਮੁੱਖ ਮੰਤਰੀ : ਕਾਰਣ ਤਾਂ ਅਸੀਂ ਜਿਸ ਹੱਦ ਤਕ ਹੋ ਸਕਣਗੇ ਦੂਰ ਕਰਾਂਗੇ। ਉਹ ਕਹਿੰਦੇ ਹਨ ਕਿ ਮਿੱਲਰਜ਼ ਡਿਲੇ ਕਰਦੇ ਹਨ ਉਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਲਵੇ। ਉਨ੍ਹਾਂ ਦਾ ਧਾਨ ਬਾਹਰ ਵੀ ਪਿਆ ਹੈ। ਭਾਵੇਂ ਕਵਰਡ ਹੈ ਪਰ ਉਹ ਕਹਿੰਦੇ ਹਨ ਕਿ ਜਿਹੜਾ ਘਾਟਾ ਹੈ ਉਹ ਤੁਸੀਂ ਵੀ ਝਲੋ। ਸਾਡੇ ਲਈ ਵੀ ਮੁਸ਼ਕਿਲ ਹੈ ਕਿਉਂਕਿ ਸਾਡੇ ਪਾਸ ਕੋਈ ਇੰਤਜ਼ਾਮ ਨਹੀਂ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਰੀਜ਼ਨਜ਼ ਵੀ ਦੱਸੋ ਜੀ।

ਮੁੱਖ ਮੰਤਰੀ : ਇਹ ਰੀਜ਼ਨ ਵੀ ਸ਼ੁਮਾਰ ਕਰ ਲਵੋ। ਮਿਲਿੰਗ ਵੇਲੇ ਜਿਹੜੀ ਬਰੈਨ ਨਿਕਲਦੀ ਹੈ, ਅਸੀਂ ਪੋਲਟਰੀ ਫਾਰਮ ਨੂੰ ਵੀ ਜ਼ਿੰਦਾ ਰੱਖਣਾ ਚਾਹੁੰਦੇ ਹਾਂ, ਉਹ ਮੁਕੱਰਰ ਰੇਟ ਤੇ ਦੇਣੀ ਪੈਂਦੀ ਹੈ। ਅਗਰ ਉਹ ਬਰੈਨ ਓਪਨ ਮਾਰਕਿਟ ਵਿਚ ਵੇਚਣ ਤਾਂ ਸੌ ਸਵਾ ਸੌ ਰੁਪਏ ਵਿਕਦੀ ਹੈ। ਉਨ੍ਹਾਂ ਨੂੰ ਘਾਟਾ ਪੈਂਦਾ ਹੈ। ਇਸ ਕਰਕੇ ਵੀ ਉਹ ਰਿਲੈਕਟੈਂਟ ਹਨ। ਇਨ੍ਹਾਂ ਕਾਰਣਾਂ ਕਰਕੇ ਡਿਲੇ ਹੁੰਦੀ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਝੋਨਾ ਖਰੀਦਣ ਲਈ ਐਫ. ਸੀ. ਆਈ. ਐਂਟਰ ਹੋ ਨਹੀਂ ਰਹੀ। ਜਦੋਂ ਇਸ ਗਲ ਲਈ ਇਨ੍ਹਾਂ ਦੇ ਸਾਰੇ ਯਤਨ ਫੇਲ੍ਹ ਹੋ ਜਾਣਗੇ ਅਤੇ ਕਿਸਾਨਾਂ ਦਾ ਝੋਨਾ ਮੰਡੀ ਵਿਚ ਆ ਜਾਵੇਗਾ ਉਦੋਂ ਇਹ ਉਸਨੂੰ ਖਰੀਦਣ ਲਈ ਕੀ ਯਤਨ ਕਰਨਗੇ ? ਪਿਛਲੀ ਸਰਕਾਰ ਨੇ ਇਸ ਕੰਮ ਲਈ 40 ਕਰੋੜ ਰੁਪਿਆ ਰਖਿਆ ਸੀ।

ਮੁੱਖ ਮੰਤਰੀ : ਅਗਰ ਉਹ ਬਿਲਕੁਲ ਜਵਾਬ ਦੇ ਜਾਣਗੇ ਤਾਂ ਜਿੰਮੇਵਾਰੀ ਤਾਂ ਸਾਡੇ ਤੇ ਹੀ ਆਉਂਦੀ ਹੈ। (ਬੰਪਿੰਗ)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਐਫ. ਸੀ. ਆਈ. ਵਾਲੇ ਇਸ ਕਰਕੇ ਤਾਂ ਇਨਕਾਰ ਨਹੀਂ ਕਰ ਰਹੇ ਕਿ ਪਿਛਲੀ ਸਰਕਾਰ ਵੇਲੇ ਲੱਖਾਂ ਰੁਪਏ ਦਾ ਮਾਲ ਉਨ੍ਹਾਂ ਕੋਲ ਪਿਆ ਰਿਹਾ ਅਤੇ ਹਜ਼ਾਰਾਂ ਰੁਪਏ ਉਸ ਤੇ ਸੂਦ ਪੈਂਦਾ ਰਿਹਾ ?

ਮੁੱਖ ਮੰਤਰੀ : ਇਹ ਵੀ ਗੱਲ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਬੜਾ ਅਹਿਮ ਸੁਆਲ ਹੈ ਅਤੇ ਸੀ. ਐਮ. ਸਾਹਿਬ ਨੇ ਦਰੁਸਤ ਜਵਾਬ ਦਿਤੇ ਹਨ। ** ** **

Chief Minister : Mr. Speaker, I would like to bring to your kind notice that this is a sort of aspersion made by the hon'ble Member. This is not proper for him to pass remarks about a man who is not here and has passed away. He is expressing it in a very nasty manner.

**Expunged as ordered by the Chair

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਜਿਹੜੇ ਅਨਡਿਗਨੀਫਾਈਡ ਵਰਡਜ਼ ਮਾਨਯੋਗ ਮੈਂਬਰ ਵਲੋਂ ਇਸਤੇਮਾਲ ਕੀਤੇ ਗਏ ਹਨ, ਉਹ ਐਕਸਪੰਜ ਕੀਤੇ ਜਾਣ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ ਮਾਲ ਐਫ. ਸੀ. ਆਈ. ਫੇਲ ਹੋ ਗਈ ਸੀ ਉਸਨੇ ਪੂਰੀ ਪੈਡੀ ਨਹੀਂ ਖਰੀਦੀ ਸੀ। ਕੇਵਲ 2.5 ਲੱਖ ਟਨ ਪੈਡੀ ਖਰੀਦੀ ਗਈ ਸੀ। ਇਸ ਗਲ ਨੂੰ ਮਦੇਨਜ਼ਰ ਰਖਦੇ ਹੋਏ ਕਿ ਪੈਡੀ ਹੁਣ ਤਕ ਗੋਦਾਮਾ ਵਿਚ ਰੁਲ ਰਹੀ ਹੈ ਅਤੇ ਹੁਣ ਕਿਸਾਨ ਪਰੇਸ਼ਾਨ ਹਨ ਕਿ ਇਸ ਸਾਲ ਐਫ. ਸੀ. ਆਈ. ਨੇ ਖਰੀਦਣੀ ਹੈ ਜਾਂ ਨਹੀਂ, ਕੀ ਸਰਕਾਰ ਆਪ ਸਾਰੀ ਪੈਡੀ ਖਰੀਦੇਗੀ ?

ਮੁੱਖ ਮੰਤਰੀ : ਸਾਡੀ ਪੂਰੀ ਕੋਸ਼ਿਸ਼ ਹੈ ਕਿ ਐਫ. ਸੀ. ਆਈ. ਜਿਹੜੀ ਇਕ ਵੱਡੀ ਇੰਸਟੀਚਿਊਸ਼ਨ ਹੈ, ਜਿਨ੍ਹਾਂ ਪਾਸ ਸਾਰੇ ਰਿਸੋਰਸਿਜ਼ ਹਨ, ਉਹ ਪੈਡੀ ਖਰੀਦੇ ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਫੂਡ ਕਾਰਪੋਰੇਸ਼ਨ ਆਫ ਇੰਡੀਆ ਸਿਨੋਨੀਮਸ ਬਣ ਗਈ ਹੈ ਫੂਡ ਕਾਰਪੋਰੇਸ਼ਨ ਆਫ ਇੰਡੀਆ ਨਾਲ। ਪਹਿਲੀ ਗੌਰਮਿੰਟ ਇਹ ਚਾਹੁੰਦੀ ਸੀ ਕਿ ਐਫ. ਸੀ. ਆਈ. ਨੂੰ ਪੰਜਾਬ ਵਿੱਚੋਂ ਕਿਕੱ ਆਊਟ ਕਰ ਦਿੱਤਾ ਜਾਵੇ ਕਿਉਂਕਿ ਇਸ ਤੇ ਸਟੇਟ ਗੌਰਮਿੰਟ ਦਾ ਕੋਈ ਕੰਟਰੋਲ ਨਹੀਂ ਹੈ । ਫਾਰਮਰਜ਼ ਦਾ ਝੋਨਾ ਰੁਲਦਾ ਰਿਹਾ ਹੈ । ਗੌਰਮਿੰਟ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲੈ ਸਕਦੀ। ਕੀ ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਪੰਜਾਬ ਦੇ ਫਾਰਮਰਜ਼ ਨੂੰ ਸਹੀ ਕੀਮਤ ਮਿਲੇ, ਸਟੇਟ ਗੌਰਮਿੰਟ ਇਸ ਪਰਪੋਜ਼ਲ ਨੂੰ ਕਨਸਿਡਰ ਕਰਨ ਨੂੰ ਤਿਆਰ ਹੈ ਕਿ ਐਫ. ਸੀ. ਆਈ. ਨੂੰ ਪੰਜਾਬ ਵਿਚੋਂ ਟੋਟਲੀ ਕਿੱਕ ਆਊਟ ਕਰ ਦਿੱਤਾ ਜਾਵੇ ਅਤੇ ਸਟੇਟ ਗੌਰਮਿੰਟ ਖੁਦ ਪੈਡੀ ਦੀ ਖਰੀਦ ਕਰੇ । ਮੇਰੀ ਆਪਣੀ ਥਿੰਕਿੰਗ ਹੈ ਕਿ ਸਟੇਟ ਗੌਰਮਿੰਟ ਕੋਲ ਜ਼ਰੀਏ ਹਨ, ਮਸ਼ੀਨਰੀ ਹੈ ਅਤੇ ਪਰਸਾਨਲ ਹੈ, ਇਸ ਲਈ ਕੀ ਵਜ਼ੀਰ ਸਾਹਿਬ ਇਸ ਪਰਪੋਜ਼ਲ ਨੂੰ ਕਨਸਿਡਰ ਕਰਨ ਨੂੰ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਬਹੁਤ ਐਕਸਪੀਰੀਐਂਸਡ ਹਨ । ਇਨ੍ਹਾਂ ਨੇ ਪਹਿਲਾਂ ਕਿਹਾ ਕਿ ਇਸ ਕਾਰਪੋਰੇਸ਼ਨ ਦਾ ਨਾਂ ਕੁਝ ਹੋਰ ਰੱਖ ਦਿਤਾ ਹੈ । ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਗਰ ਤੁਹਾਡੀ ਪਾਰਟੀ ਦਾ ਨਾਂ ਕੁਝ ਹੋਰ ਰੱਖ ਦਿਤਾ ਜਾਵੇ ਤਾਂ ਚੰਗੀ ਗਲ ਨਹੀਂ ਹੋਵੇਗੀ । ਅਕਾਲੀ ਪਾਰਟੀ 'ਏ' ਸ਼ਬਦ ਨਾਲ ਸ਼ੁਰੂ ਹੁੰਦੀ ਹੈ ਅਤੇ ਇਸ ਨਾਲ ਬਹੁਤ ਕੁਝ ਲਗ ਸਕਦਾ ਹੈ ।

ਬਾਕੀ, ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਆਪ ਸਰਕਾਰ ਵਿੱਚ ਸਨ ਤਾਂ ਉਦੋਂ ਇਨ੍ਹਾਂ ਨੇ ਐਫ. ਸੀ. ਆਈ. ਤੋਂ ਕਿਉਂ ਖਰੀਦ ਕਰਵਾਈ ? ਇਹ ਇਨ੍ਹਾਂ ਨੇ ਇਸ ਕਰਕੇ ਕਰਵਾਈ ਸੀ ਤਾਂ ਕਿ ਐਫ. ਸੀ. ਆਈ. ਵਲੋਂ ਖਰੀਦ ਕਰਨ ਤੋਂ ਬਾਅਦ ਜੇ ਥੋੜ੍ਹਾ ਬਹੁਤ ਝੋਨਾ ਕਿਸਾਨ ਦਾ ਰਹਿ ਜਾਵੇ ਤਾਂ ਸਰਕਾਰ ਖਰੀਦ ਲਵੇ। ਹੁਣ ਵੀ ਸਾਡੀ ਕੋਸ਼ਿਸ਼ ਇਹ ਹੈ ਕਿ ਐਫ. ਸੀ. ਆਈ. ਜਿਸ ਕੋਲ ਸਾਰਾ ਅਰੇਂਜਮੈਂਟ ਹੈ ਜਿਹੜਾ ਵੀ ਭਾਅ ਮੁਕਰਰ ਹੋਵੇ ਉਸਦੇ ਮੁਤਾਬਿਕ ਖਰੀਦ ਕਰੇ ਅਤੇ ਜਿਹੜਾ ਕਿਸਾਨ ਦਾ ਝੋਨਾ ਰਹਿ ਜਾਵੇਗਾ 2, 4 ਲੱਖ ਟਨ ਤਾਂ ਉਸ ਨੂੰ ਖਰੀਦਣ ਵਿਚ ਇਹ ਸਰਕਾਰ ਲੈਗ ਬਿਹਾਈਂਡ ਨਹੀਂ ਕਰੇਗੀ, ਪੂਰੇ ਸਟੈਪਸ ਜ਼ਰੂਰ ਲਵੇਗੀ । ਬਾਕੀ ਐਫ. ਸੀ. ਆਈ. ਆਸਾਨੀ ਨਾਲ ਕਰੋੜਾਂ ਰੁਪਿਆ ਬੈਂਕਾਂ ਤੋਂ ਲੈ ਕੇ ਇਸ ਵਿੱਚ ਲਗਾ ਸਕਦੀ ਹੈ। ਉਨ੍ਹਾਂ ਪਾਸ ਆਲਰੈਡੀ ਸਾਰੀ ਮਸ਼ੀਨਰੀ ਹੈ, ਜਿਹੜੀ ਕਿ ਚਾਲੂ ਕੀਤੀ ਜਾ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

Veterinary Hospital in Village Jandli in Balachaur Assembly Constituency

*80. **Master Dalip Chand :** Will the Minister for Development be pleased to state whether the Government proposes to set up a Veterinary Hospital in village Jandli in Balachaur Assembly Constituency ; if so, the time by which that is likely to be done ?

ਸਰਦਾਰ ਸੰਤੋਖ ਸਿੰਘ ਰੰਧਾਵਾ ; ਬਲਾਚੌਰ ਵਿਧਾਨ ਸਭਾ ਹਲਕੇ ਦੇ ਪਿੰਡ ਜਾਂਡਲੀ, ਜਿਲ੍ਹਾ ਹੁਸ਼ਿਆਰਪੁਰ ਵਿਖੇ ਪਸ਼ੂ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਪਿੰਡ ਜਾਂਡਲੀ ਵਿੱਚ ਵੈਟਰਨਰੀ ਡਿਸਪੈਂਸਰੀ ਦੀ ਬੜੀ ਲੋੜ ਹੈ ਕਿਉਂਕਿ ਇਸ ਦੇ ਆਲੇ ਦੁਆਲੇ 10, 10 ਮੀਲ ਤਕ ਕੋਈ ਡਿਸਪੈਂਸਰੀ ਨਹੀਂ। ਲੋਕਾਂ ਨੂੰ ਬਲਾਕ ਬਲਾਚੌਰ ਅਤੇ ਸ਼ਹੋਆ ਵਿੱਚ ਆਪਣੇ ਪਸ਼ੂ ਲੈ ਜਾਣੇ ਪੈਂਦੇ ਹਨ। ਇਹ ਜਾਂਡਲੀ ਜਿਹੜਾ ਪਿੰਡ ਹੈ ਇਹ 20, 25 ਪਿੰਡਾਂ ਦੇ ਬਿਲਕੁਲ ਸੈਂਟਰ ਵਿੱਚ ਹੈ । ਪਰ ਇਥੇ ਫੋਕਲ ਪੁਆਇੰਟ ਨਾ ਹੋਣ ਕਾਰਣ ਵੈਟਰਨਰੀ ਡਿਸਪੈਂਸਰੀ ਨਹੀਂ ਬਣਾਈ ਗਈ। ਕੀ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ, ਇਸ ਪਿੰਡ ਵਿੱਚ ਮਨਿਸਟਰ ਸਾਹਿਬ ਡਿਸਪੈਂਸਰੀ ਖੋਲ੍ਹਣ ਨੂੰ ਤਿਆਰ ਹਨ?

ਮੰਤਰੀ : ਪਿਛਲੀ ਸਰਕਾਰ ਨੇ ਪਿਛਲੇ 3 ਸਾਲਾਂ ਵਿੱਚ ਆਈ. ਆਰ. ਡੀ. ਪੀ. ਸਕੀਮ ਦੇ ਥੱਲੇ ਜਿਹੜੇ ਫੋਕਲ ਪੁਆਇੰਟ ਬਣਾਏ ਜਾਂਦੇ ਸਨ ਉਥੇ ਵੈਟਰਨਰੀ ਡਿਸਪੈਂਸਰੀਆਂ ਖੋਲ੍ਹਣੀਆਂ ਸ਼ੁਰੂ ਕੀਤੀਆਂ ਸਨ। ਜੇ ਉਨ੍ਹਾਂ ਪਿੰਡਾਂ ਵਿੱਚ ਪਹਿਲਾਂ ਹੀ ਇਹ ਡਿਸਪੈਂਸਰੀਆਂ ਸਨ ਤਾਂ ਠੀਕ ਸੀ, ਜੇ ਨਹੀਂ ਸੀ ਤਾਂ ਉਥੇ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ । ਜਾਂਡਲੀ ਜਿਹੜਾ ਪਿੰਡ ਹੈ ਇਥੇ ਫੋਕਲ ਪੁਆਇੰਟ ਨਹੀਂ ਸੀ, ਇਸ ਵਾਸਤੇ ਉਥੇ ਡਿਸਪੈਂਸਰੀ ਨਹੀਂ ਸੀ ਖੋਲ੍ਹੀ ਗਈ। ਲੇਕਿਨ ਹੁਣ ਦੀ, ਸਰਦਾਰ ਦਰਬਾਰਾ ਸਿੰਘ ਦੀ, ਸਰਕਾਰ ਚਾਹੁੰਦੀ ਹੈ ਕਿ ਕੇਵਲ ਇਹ ਹੀ ਨਾ ਸੋਚਿਆ ਜਾਵੇ ਕਿ ਜਿਥੇ ਫੋਕਲ ਪੁਆਇੰਟ ਹੈ ਉਥੇ ਹੀ ਡਿਸਪੈਂਸਰੀ ਖੋਲ੍ਹਣੀ ਹੈ । ਜਿਸ ਪਿੰਡ ਵਿੱਚ ਵੀ ਲੋੜ ਹੋਵੇ, ਉਥੇ ਵੀ ਡਿਸਪੈਂਸਰੀ ਖੋਲ੍ਹੀ ਜਾਵੇ (ਤਾੜੀਆਂ) ਇਸ ਲਈ ਇਸ ਪਿੰਡ ਵਿੱਚ ਵੀ ਵੈਟਰਨਰੀ ਡਿਸਪੈਂਸਰੀ ਖੋਲ੍ਹਣ ਲਈ ਵਿਚਾਰ ਗੌਚਰੇ ਰਖਾਂਗੇ ਅਤੇ ਹਮਦਰਦੀ ਨਾਲ ਗੌਰ ਕਰਾਂਗੇ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਂਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੇ ਕਿਸੇ ਪਿੰਡ ਦੇ ਲੋਕ ਡਿਸਪੈਂਸਰੀ ਵਾਸਤੇ ਬਿਲਡਿੰਗ ਬਣਾ ਕੇ ਦੇ ਦੇਣ ਤਾਂ ਕੀ ਉਥੇ ਇਹ ਡਿਸਪੈਂਸਰੀ ਖੋਲ੍ਹ ਦੇਣਗੇ ਜਿਸ ਤਰ੍ਹਾਂ ਇਨ੍ਹਾਂ ਨੇ ਹੁਣੇ ਕਿਹਾ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਅਗੇ ਹੀ ਦਸਿਆ ਹੈ ਕਿ ਪਿੱਛੇ ਇਹ ਸਕੀਮ ਇਨ੍ਹਾਂ ਦੀ ਸਰਕਾਰ ਨੇ ਬੰਦ ਕਰ ਦਿੱਤੀ ਸੀ। ਹੁਣ ਇਸ ਤੇ ਅਸੀਂ ਹਮਦਰਦੀ ਨਾਲ ਗੌਰ ਕਰ ਰਹੇ ਹਾਂ । ਇਹ ਵੀ ਅਸ਼ੋਰੈਂਸ ਦਿੰਦਾ ਹਾਂ ਕਿ ਜਿਤਨੇ ਹਸਪਤਾਲ ਪਿਛੇ ਇਨ੍ਹਾਂ ਦੇ ਰਾਜ ਵਿੱਚ ਖੋਲ੍ਹੇ ਗਏ ਸਨ ਉਨ੍ਹਾਂ ਨਾਲੋਂ ਵੱਧ ਇਹ ਸਰਕਾਰ ਖੋਲੇਗੀ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਪੁਛਿਆ ਸੀ ਕਿ ਜੇ ਕੋਈ ਪਿੰਡ ਵਾਲੇ ਡਿਸਪੈਂਸਰੀ ਲਈ ਬਿਲਡਿੰਗ ਬਣਾ ਦੇਣ ਤਾਂ ਕੀ ਇਹ ਉਥੇ ਡਿਸਪੈਂਸਰੀ ਖੋਲ੍ਹਣਗੇ ? ਇਨ੍ਹਾਂ ਨੇ ਤਾਂ ਕੁਝ ਹੋਰ ਹੀ ਜਵਾਬ ਦੇ ਦਿੱਤਾ ਹੈ।

ਮੰਤਰੀ : ਜਿਸ ਪਿੰਡ ਵਿੱਚ ਅਸੀਂ ਜ਼ਰੂਰਤ ਮਹਿਸੂਸ ਕਰਾਂਗੇ, ਉਥੇ ਜ਼ਰੂਰ ਵੈਟਰਨਰੀ ਡਿਸਪੈਂਸਰੀ ਖੋਲ੍ਹ ਦਿਆਂਗੇ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ 1975 ਵਿਚ ਭਪਾਲ ਪਿੰਡ, ਮਾਨਸਾ ਬਲਾਕ ਵਿੱਚ ਇੱਕ ਡੰਗਰਾਂ ਦੀ ਡਿਸਪੈਂਸਰੀ ਚਲਦੀ ਸੀ । ਥੋੜੇ ਚਿਰ ਬਾਅਦ ਉਸ ਸਰਕਾਰ ਨੇ ਇਹ ਸ਼ਿਫਟ ਕਰ ਦਿੱਤੀ ਸੀ। ਕੀ ਇਹ ਸਰਕਾਰ ਦੁਬਾਰਾ ਉਸ ਡਿਸਪੈਂਸਰੀ ਨੂੰ ਉਸੇ ਪਿੰਡ ਵਿੱਚ ਹੀ ਸਿਫਟ ਕਰੇਗੀ ?

ਮੁੱਖ ਮੰਤਰੀ : ਇਸ ਦਾ ਜਵਾਬ ਤਾਂ ਸਪੀਕਰ ਸਾਹਿਬ ਇਹ ਆਪਣੀ ਸਰਕਾਰ ਤੋਂ ਪੁਛਣ ਕਿ ਇਨ੍ਹਾਂ ਨੇ ਤਿੰਨਾਂ ਸਾਲਾਂ ਵਿੱਚ ਇਹ ਕਿਉਂ ਨਹੀਂ ਕੀਤਾ ?

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਉਸ ਪਿੰਡ ਨਾਲ ਬਹੁਤ ਧੱਕਾ ਕੀਤਾ ਗਿਆ ਸੀ । ਕੀ ਮਾਨਯੋਗ ਮਨਿਸਟਰ ਸਾਹਿਬ ਆਪਣੇ ਕੀਤੇ ਧੱਕੇ ਨੂੰ ਦੂਰ ਕਰਨਗੇ ?

ਵਿਕਾਸ ਮੰਤਰੀ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪਿਛਲੀ ਸਰਕਾਰ ਨੇ ਧੱਕਾ ਕੀਤਾ ਸੀ। ਮੈਂ ਅਰਜ਼ ਕਰਾਂਗਾ ਕਿ ਅਸੀਂ ਪੰਜਾਬ ਦੇ ਵਿੱਚ 1,121 ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹੀਆਂ ਹਨ ਅਤੇ 590 ਆਈ.ਸੀ.ਡੀ. ਪੀ. ਯੂਨਿਟ ਚਲ ਰਹੇ ਹਨ। ਮੈਂ ਬੇਨਤੀ ਕਰਾਂਗਾ ਕਿ ਜਿਥੇ ਵੀ 1000 ਮਵੇਸ਼ੀ ਹਨ ਅਸੀਂ ਚਾਹੁੰਦੇ ਹਾਂ ਕਿ ਉਥੇ ਜ਼ਰੂਰ ਡਿਸਪੈਂਸਰੀ ਖੋਲ੍ਹ ਦਿੱਤੀ ਜਾਵੇ। ਅਸੀਂ ਪਿਛੇ ਆਪਣੀ ਸਰਕਾਰ ਵੇਲੇ ਇਹ ਵੀ ਫੈਸਲਾ ਕੀਤਾ ਸੀ ਕਿ ਮੋਬਾਈਲ ਡਿਸਪੈਂਸਰੀਆਂ ਖੋਲ੍ਹੀਆਂ ਜਾਣ ਕਿਉਂਕਿ ਜਿਤਨੀਆਂ ਸਾਡੀਆਂ ਦੋਗਲੀ ਕਿਸਮ ਦੀਆਂ ਵੱਛੀਆਂ ਪੈਦਾ ਹੁੰਦੀਆਂ ਹਨ ਇਨ੍ਹਾਂ ਦੀ ਕੀਮਤ 10, 10 ਹਜ਼ਾਰ ਰੁਪਏ ਹੈ, ਉਨ੍ਹਾਂ ਨੂੰ ਕਈ ਵਾਰੀ ਹਸਪਤਾਲਾਂ ਜਾਂ ਡਿਸਪੈਂਸਰੀ ਵਿਚ ਲੈ ਜਾਣ ਵਿੱਚ ਬਹੁਤ ਤਕਲੀਫ ਹੁੰਦੀ ਹੈ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਬਿਮਾਰ ਡੰਗਰਾਂ ਨੂੰ ਉਥੇ ਲੈ ਜਾਣ ਦੀ ਬਜਾਏ ਸਾਡੇ ਹਸਪਤਾਲ ਕਿਉਂ ਨਾ ਉਥੇ ਜਾਣ। ਪਿਛਲੀ ਅਕਾਲੀਆਂ ਦੀ ਸਰਕਾਰ ਨੇ ਇਸ ਸਕੀਮ ਨੂੰ ਬੰਦ ਕਰ ਦਿੱਤਾ ਸੀ। ਮੈਂ ਚਾਹੁੰਦਾ ਹਾਂ ਕਿ ਮੋਬਾਈਲ ਡਿਸਪੈਂਸਰੀਆਂ ਚਾਲੂ ਕਰਨ ਦੇ ਉਪਰੰਤ ਜਿਹੜੇ ਡਾਕਟਰ ਹਨ ਉਨ੍ਹਾਂ ਨੂੰ ਮੋਟਰ ਸਾਈਕਲ ਦਿੱਤੇ ਜਾਣ ਤਾਕਿ ਜਿਸ ਵੇਲੇ ਇਤਲਾਹ ਮਿਲੇ ਉਹ ਫੌਰਨ ਬਿਮਾਰ ਡੰਗਰ ਕੋਲ ਪਹੁੰਚ ਜਾਣ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਸਮੀਪੁਰ ਅਤੇ ਰੰਧਾਵਾ ਮਸੰਦਾਂ ਐਸੇ ਪਿੰਡ ਹਨ ਜਿਥੇ ਮਾਰਕੀਟਿੰਗ ਬੋਰਡ ਨੇ 25, 25 ਹਜ਼ਾਰ ਰੁਪਏ ਦੀ ਗਰਾਂਟ ਦਿੱਤੀ ਸੀ ਅਤੇ ਉਥੇ ਵੈਟਰਨਰੀ ਹਸਪਤਾਲਾਂ ਦੀਆਂ ਬਿਲਡਿੰਗਾਂ ਵੀ ਬਣੀਆਂ ਹੋਈਆਂ ਹਨ, ਲੇਕਿਨ ਪਿਛਲੀ ਸਰਕਾਰ ਨੇ ਫੋਕਲ ਪੁਆਇੰਟ ਤੇ ਹੀ ਇਹ ਬਿਲਡਿੰਗਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਦੂਜੇ ਪਾਸੇ ਉਨ੍ਹਾਂ ਦੋਨਾਂ ਪਿੰਡਾਂ ਵਿੱਚ ਬਿਲਡਿੰਗਾਂ ਬਣੀਆਂ ਹੋਈਆਂ ਹਨ। ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਬਿਲਡਿੰਗਾਂ ਬਣੀਆਂ ਹੋਈਆਂ ਹਨ, ਕੀ ਉਥੇ ਇਹ ਡਾਕਟਰ ਭੇਜਣ ਦੀ ਖੇਚਲ ਕਰਨਗੇ ?

ਮੰਤਰੀ : ਇਸ ਤੇ ਹਮਦਰਦੀ ਨਾਲ ਵਿਚਾਰ ਕਰ ਲਿਆ ਜਾਵੇਗਾ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਜਿਹੜੀਆਂ ਡਿਸਪੈਂਸਰੀਆਂ ਪਹਿਲਾਂ ਡਿਸਟ੍ਰਿਕਟ ਬੋਰਡਾਂ ਕੋਲ ਹੁੰਦੀਆਂ ਸਨ, ਇਨ੍ਹਾਂ ਦੇ ਟੁਟਣ ਤੋਂ ਬਾਅਦ ਇਹ ਸੰਮਤੀਆਂ ਕੋਲ ਆ ਗਈਆਂ । ਸੰਮਤੀਆਂ ਕੋਲ ਕੋਈ ਫੰਡਜ਼ ਨਹੀਂ ਹੁੰਦੇ, ਜਿਸ ਕਾਰਣ ਨਾ ਉਥੇ ਦਵਾਈ ਮਿਲਦੀ ਹੈ, ਨਾ ਮੁਲਾਜ਼ਮਾਂ ਨੂੰ ਕੋਈ ਤਨਖਾਹ ਮਿਲਦੀ ਹੈ। ਕੀ ਸਰਕਾਰ ਉਨ੍ਹਾਂ ਡਿਸਪੈਂਸਰੀਆਂ ਨੂੰ ਆਪਣੇ ਅਧਿਕਾਰ ਵਿੱਚ ਲਵੇਗੀ ? ਪਿਛਲੀ ਸਰਕਾਰ ਵੀ ਇਸ ਤੇ ਵਿਚਾਰ ਕਰਦੀ ਰਹੀ ਸੀ ।

Original with;
Punjab Vidhan Sabha
Digitized by;
Panjab Digital Library

ਮੰਤਰੀ : ਇਹ ਤਕਰੀਬਨ 200 ਦੇ ਕਰੀਬ ਡਿਸਪੈਂਸਰੀਆਂ ਹਨ । ਇਨ੍ਹਾਂ ਸਬੰਧੀ ਵੀ ਅਸੀ ਵਿਚਾਰ ਕਰ ਰਹੇ ਹਾਂ ।

ਸਰਦਾਰ ਜਸਮਤ ਸਿੰਘ ਢਿਲੋਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਵ੍ਹਾਈਟ ਰੈਵੋਲਿਊਸ਼ਨ ਲਿਆਉਣ ਵਾਸਤੇ ਕੀ ਇਹ ਕੋਈ ਅਜਿਹੀ ਸਕੀਮ ਬਣਾਉਣਗੇ ਜਿਸ ਨਾਲ ਕਿ ਪਿੰਡਾਂ ਵਿੱਚ ਜਿਹੜੇ ਪਸ਼ੂ ਹਨ ਉਨ੍ਹਾਂ ਨੂੰ ਪੂਰੇ ਤਰੀਕੇ ਨਾਲ ਮੈਡੀਕਲ ਏਡ ਮਿਲ ਸਕੇ ? ਇਹ ਨਾ ਹੋਵੇ ਕਿ ਜਿਥੇ ਮੰਗ ਹੋਵੇ ਉਥੇ ਤਾਂ ਡਿਸਪੈਂਸਰੀ ਖੁਲ੍ਹਦੀ ਨਹੀਂ ਪਰ ਜੇਕਰ ਕਿਸੇ ਦਾ ਜ਼ੋਰ ਪੈ ਜਾਵੇ ਤਾਂ ਉਥੇ ਡਿਸਪੈਂਸਰੀ ਖੁਲ੍ਹ ਜਾਂਦੀ ਹੈ। ਇਸ ਲਈ ਮੈਂ ਇਹ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੋ, ਦੋ ਪਿੰਡਾਂ ਵਾਸਤੇ ਇੱਕ ਡਿਸਪੈਂਸਰੀ ਜਾਂ ਇਕ ਪਿੰਡ ਵਾਸਤੇ ਇਕ ਡਿਸਪੈਂਸਰੀ ਖੋਲ੍ਹਣ ਨੂੰ ਤਿਆਰ ਹੈ ? ਬਾਕੀ, ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਮੋਟਰ ਸਾਈਕਲ ਡਾਕਟਰਾਂ ਨੂੰ ਦੇਣ ਦੀ ਗੱਲ ਕੀਤੀ ਹੈ, ਮੋਟਰ ਸਾਈਕਲ ਤੇ ਤਾਂ ਬਿਮਾਰ ਜਾਨਵਰ ਨਹੀਂ ਆ ਸਕਦਾ । (ਹਾਸਾ) ਇਸ ਲਈ ਜੇਕਰ ਮੋਟਰ ਸਾਈਕਲ ਦੀ ਥਾਂ ਡਾਕਟਰ ਸਾਹਿਬਾਨ ਨੂੰ ਜੀਪਾਂ ਦੇ ਦੇਣ ਤਾਂ ਬਿਮਾਰ ਜਾਨਵਰ ਉਸ ਵਿਚ ਬੈਠ ਕੇ ਹਸਪਤਾਲ ਆ ਸਕਦੇ ਹਨ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਨ੍ਹਾਂ ਨੂੰ ਜੀਪਾਂ ਦੇਣ ਲਈ ਤਿਆਰ ਹਨ ?

ਮੰਤਰੀ: ਸਪੀਕਰ ਸਾਹਿਬ, ਮੈਂ ਮੋਬਾਈਲ ਡਿਸਪੈਂਸਰੀ ਕਿਹਾ ਸੀ। ਉਸ ਗੱਡੀ ਵਿਚ ਹੀ ਸਾਰੀ ਡਿਸਪੈਂਸਰੀ ਫਿੱਟ ਹੁੰਦੀ ਹੈ। ਡਾਕਟਰ ਅੰਦਰ ਵੀ.ਸੀ. ਮਤਲਬ ਵੈਟਰਨਰੀ ਕੰਪਾਊਂਡਰ ਉਸ ਵਿਚ ਬੈਠੇ ਹੁੰਦੇ ਹਨ। ਉਹ ਮੋਬਾਈਲ ਡਿਸਪੈਂਸਰੀ ਪ੍ਰੋਗਰਾਮ ਦੇ ਮੁਤਾਬਿਕ ਪਿੰਡਾਂ ਵਿਚ ਜਾਂਦੀ ਸੀ। ਪਹਿਲਾਂ ਪੰਚਾਇਤਾਂ ਨੂੰ ਇਤਲਾਹ ਦਿੱਤੀ ਜਾਂਦੀ ਸੀ ਅੰਦਰ ਫਿਰ ਉਹ ਉਨ੍ਹਾਂ ਪਿੰਡਾਂ ਵਿਚ ਜਾਂਦੀ ਸੀ। ਅਗਰ ਪਿੰਡਾਂ ਵਿਚ ਵ੍ਹਾਈਟ ਰੈਵੋਲਿਊਸ਼ਨ ਲਿਆਉਣਾ ਹੈ ਤਾਂ ਸਾਨੂੰ ਇਸ ਤਰ੍ਹਾਂ ਦੀਆਂ ਸਕੀਮਾਂ ਬਣਾਉਣੀਆਂ ਪੈਣਗੀਆਂ। ਇਥੇ ਮੈਂ ਇਹ ਵੀ ਅਰਜ਼ ਕਰ ਦਿਆਂ ਕਿ ਆਰਟੀਫੀਸ਼ੀਅਲ ਇਨਸੈਮੀਨੇਸ਼ਨ ਦਾ ਚਾਰ ਲੱਖ ਦਾ ਪਿਛਲੀ ਸਰਕਾਰ ਨੇ ਟੀਚਾ ਫਿਕਸ ਕੀਤਾ ਸੀ, ਪਰ ਅਸੀਂ ਪੌਣੇ ਪੰਜ ਲੱਖ ਦਾ ਟੀਚਾ ਮੁਕਰਰ ਕਰ ਦਿੱਤਾ ਹੈ। ਸਾਡੇ ਕੋਲ ਲਿਕੁਅਡ ਸੀਮਨ ਦੇ 40 ਸੈਂਟਰ ਅੰਦਰ ਤਿੰਨ ਫਰੋਜ਼ਨ ਸੀਮਨ ਬੈਂਕਸ ਹਨ। ਲੇਕਿਨ ਜਿਹੜਾ ਲਿਕੁਅਡ ਸੀਮਨ ਦਾ ਪ੍ਰੋਗਰਾਮ ਸੀ ਉਹ ਠੀਕ ਨਹੀਂ ਰਿਹਾ। ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਚਾਹੁੰਦੀ ਹੈ ਕਿ ਉਸ ਨੂੰ ਵੀ ਫਰੋਜ਼ਨ ਸੀਮਨ ਵਿਚ ਬਦਲ ਦਿੱਤਾ ਜਾਵੇ ਤਾਕਿ ਕਾਂਸੈਪਟਸ ਵੱਧਣ। ਇਸ ਵੇਲੇ ਪੰਜਾਬ ਵਿਚ ਗਊਆਂ ਵਿਚ ਇਹ ਕਾਂਸੈਪਟਸ 60% ਹੁੰਦੇ ਹਨ ਅੰਦਰ ਬਫੈਲੋਜ਼ ਵਿਚ 40% ਹੁੰਦੇ ਹਨ। ਪਰ ਇਸ ਨਾਲ ਮੇਰੀ ਤਸੱਲੀ ਨਹੀਂ। ਮੈਂ ਚਾਹੁੰਦਾ ਹਾਂ ਕਿ ਇਹ ਕਾਂਸੈਪਟਸ 80% ਪੰਜਾਬ ਵਿਚ ਹੋ ਜਾਣ ਤਾਂ ਹੀ ਪੰਜਾਬ ਵਿਚ ਵ੍ਹਾਈਟ ਰੈਵੋਲਿਊਸ਼ਨ ਆ ਸਕੇਗਾ ।

ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਵੀ ਦੱਸ ਦੇਵਾਂ ਕਿ ਜਦੋਂ ਇਸ ਤਰ੍ਹਾਂ ਦੀਆਂ ਵੱਛੀਆਂ ਤਿੰਨ ਮਹੀਨੇ ਦੀਆਂ ਹੋ ਜਾਣ ਤਾਂ ਕੈਟਲ ਫੀਡ ਵਾਸਤੇ 60 ਰੁਪਏ ਪਰ ਮੰਥ ਦੇ ਹਿਸਾਬ ਨਾਲ ਗਰੀਬ ਲੋਕਾਂ ਨੂੰ ਸਹਾਇਤਾ ਵਜੋਂ ਹਾਈਫਰ ਵੱਛੀਆਂ ਲਈ ਦੇਣ ਦਾ ਸਰਕਾਰ ਦਾ ਵਿਚਾਰ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜੋ ਮਾਸਟਰ ਦਲੀਪ ਚੰਦ ਜੀ ਦਾ ਸਵਾਲ ਹੈ ਅਤੇ ਉਸ ਤੇ ਜੋ ਸਪਲੀਮੈਂਟਰੀ ਹੋਏ ਹਨ ਉਨ੍ਹਾਂ ਦਾ ਜਵਾਬ ਦੇਣਾ ਤਾਂ ਸਰਕਾਰ ਲਈ ਇਕ ਪਾਸੇ ਰਿਹਾ, ਇਨ੍ਹਾਂ ਨੇ ਕਿਹਾ ਹੈ ਕਿ "ਕੋਈ ਵਿਚਾਰ ਨਹੀਂ ਹੈ" । ਇਨ੍ਹਾਂ ਨੇ ਉਦੋਂ ਮਾਡੇ ਫੋਰਨ ਪੁਆਇੰਟਸ ਨੂੰ ਮੁੱਖ ਰੱਖ ਕੇ ਜਵਾਬ ਦਿੱਤਾ ਸੀ। ਜਦੋਂ ਮਾਸਟਰ ਦਲੀਪ ਚੰਦ ਜੀ ਨੇ ਕਿਹਾ ਕਿ ਕਈ ਥਾਈਂ ਦਸਾਂ, ਦਸਾਂ ਮੀਲਾਂ ਵਿਚ ਕੋਈ ਡਿਸਪੈਂਸਰੀ ਨਹੀਂ ਹੈ ਤਾਂ ਇਨ੍ਹਾਂ ਨੇ ਹੋਰ ਜਵਾਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਦੇ ਦਿੱਤਾ। ਇਸ ਲਈ ਮੈਂ ਇਹ ਪੁੱਛਿਆ ਹਾਂ ਕਿ ਇਹ ਮਸਲਾ ਬਹੁਤ ਹੀ ਇੰਪਾਰਟੈਂਟ ਹੈ, ਲੋਕਾਂ ਨੂੰ ਇਨ੍ਹਾਂ ਡਿਸਪੈਂਸਰੀਆਂ ਦੀ ਲੋੜ ਹੈ, ਕੀ ਇਹ ਕੋਈ ਨਵੀਂਆਂ ਡਿਸਪੈਂਸਰੀਆਂ ਖੋਲ੍ਹਣ ਦੀ ਸਕੀਮ ਬਣਾਉਣਗੇ ? ਜੇਕਰ ਡਿਸਪੈਂਸਰੀਆਂ ਖੋਲ੍ਹਣਗੇ ਤਾਂ ਕੀ ਕਵਾਈਟੇਰੀਆ ਰੱਖਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਜਿੱਥੇ ਵੀ ਮੇਰਾ ਮਹਿਕਮਾਂ ਸਮਝੇਗਾ ਕਿ ਡਿਸਪੈਂਸਰੀ ਦੀ ਲੋੜ ਹੈ, ਉਥੇ ਡਿਸਪੈਂਸਰੀ ਵੀ ਬਣਾਵਾਂਗੇ। ਇਸ ਦੇ ਨਾਲ ਹੀ ਇਕ ਹੋਰ ਸਕੀਮ ਹੈ ਜਿਸ ਤਰ੍ਹਾਂ ਕਿ ਮੈਂ ਦਸਿਆ ਹੈ ਕਿ ਅਸੀਂ ਮੋਬਾਇਲ ਡਿਸਪੈਂਸਰੀਆਂ ਦਾ ਪ੍ਰੋਗਰਾਮ ਵੀ ਚਾਲੂ ਕਰਾਂਗੇ ਅੌਰ ਡਾਕਟਰਾਂ ਨੂੰ ਜਿਹੜੀ ਮੋਟਰ ਸਾਈਕਲ ਦੇਣ ਦੀ ਸਕੀਮ ਹੈ, ਉਹ ਵੀ ਚਾਲੂ ਕਰਾਂਗੇ। (ਥੰਪਿੰਗ)

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਜਿਹੜੀ ਸਕੀਮ ਮੋਬਾਈਲ ਡਿਸਪੈਂਸਰੀਆਂ ਖੋਲ੍ਹਣ ਦੀ ਇਨ੍ਹਾਂ ਨੇ ਦੱਸੀ ਹੈ, ਕੀ ਉਹ ਸਕੀਮ ਇਸ ਸਾਲ ਵਿਚ ਲਾਗੂ ਹੋ ਜਾਵੇਗੀ ਜਾਂ ਅਗਲੇ ਸਾਲ ਵਿਚ ਲਾਗੂ ਹੋਵੇਗੀ ?

(ਕੋਈ ਉਤਰ ਨਹੀਂ ਆਇਆ)।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਪੁੱਛਿਆ ਹੈ ਜੀ। ਮੈਂ ਇਹ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੋਬਾਇਲ ਡਿਸਪੈਂਸਰੀਆਂ ਖੋਲਣ ਦਾ ਇਨ੍ਹਾਂ ਦਾ ਕਦੋਂ ਕੁ ਤੱਕ ਦਾ ਵਿਚਾਰ ਹੈ ? ਇਹ ਬੜੀ ਚੰਗੀ ਸਕੀਮ ਹੈ, ਇਸ ਦੇ ਰਾਹੀਂ ਜਿੱਥੇ ਡਿਸਪੈਂਸਰੀਆਂ ਨਹੀਂ ਹਨ ਉਥੇ ਵੀ ਡੰਗਰਾਂ ਦਾ ਇਲਾਜ ਕੀਤਾ ਜਾ ਸਕੇਗਾ। ਇਸ ਦੇ ਨਾਲ ਹੀ ਜੋ ਇਨ੍ਹਾਂ ਨੇ ਦੱਸਿਆ ਹੈ ਕਿ ਛੋਟੀਆਂ ਵੱਛੀਆਂ ਵਾਸਤੇ 60 ਰੁਪਏ ਵੀ ਦਿੱਤੇ ਜਾਣਗੇ, ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਇਹ ਸਕੀਮ ਕਦੋਂ ਤੱਕ ਲਾਗੂ ਕਰ ਦੇਣਗੇ ? ਕੀ ਇਹ ਪੰਜ ਸਾਲਾ ਪਲਾਨ ਵਿਚ ਲਾਗੂ ਹੋਵੇਗੀ ਜਾਂ ਇਸ ਸਾਲ ਹੀ ਲਾਗੂ ਹੋ ਜਾਵੇਗੀ ?

ਮੰਤਰੀ : ਤਜਰਬੇ ਦੇ ਤੌਰ ਤੇ ਅਸੀਂ ਕੁਝ ਜਗਾਹ ਇਹ ਮੋਬਾਈਲ ਡਿਸਪੈਂਸਰੀਆਂ ਜ਼ਰੂਰ ਖੋਲ੍ਹਾਂਗੇ ਅੌਰ ਜਿਸ ਤਰ੍ਹਾਂ ਮੈਂ ਫੀਡ ਬਾਰੇ ਦੱਸਿਆ ਹੈ, ਉਸ ਹਿਸਾਬ ਨਾਲ ਉਹ ਵੀ ਸਹਾਇਤਾ ਮਿਲੇਗੀ। ਪਰ ਨਾਲ ਦੀ ਨਾਲ ਮੈਂ ਇਹ ਵੀ ਦੱਸ ਦੇਵਾਂ ਕਿ ਇਨ੍ਹਾਂ ਵੱਛੀਆਂ ਨੂੰ ਫੁੱਟ ਮਾਊਥ ਯਾਨੀ ਮੂੰਹ ਖੁਰ ਦੀ ਬਿਮਾਰੀ ਬੜੀ ਛੇਤੀ ਹੁੰਦੀ ਹੈ। ਇਸ ਵਾਸਤੇ ਹੀ ਮੈਂ ਕਿਹਾ ਸੀ ਕਿ ਡਾਕਟਰ ਪਿੰਡਾਂ ਵਿਚ ਜਾਇਆ ਕਰਨਗੇ। ਹੁਣ ਫੁੱਟ ਮਾਊਥ ਦੀ ਬਿਮਾਰੀ ਨੂੰ ਰੋਕਣ ਲਈ ਡਾਕਟਰ ਜਾ ਕੇ ਟੀਕੇ ਲਗਾਇਆ ਕਰਨਗੇ ਤਾਕਿ ਇਹ ਬਿਮਾਰੀ ਨਾ ਹੋਵੇ।

ਜ਼ਿਲ੍ਹਾ ਸੰਗਰੂਰ ਵਿਚ ਅਹਿਮਦਗੜ੍ਹ ਦੇ ਵਪਾਰੀਆਂ ਤੇ ਲਾਠੀ ਚਾਰਜ/ਗੋਲੀ ਚਲਾਉਣਾ

*43. **ਸੇਠ ਖੁਸ਼ਹਾਲ ਚੰਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਇਹ ਠੀਕ ਹੈ ਕਿ ਅਹਿਮਦਗੜ੍ਹ, ਜ਼ਿਲ੍ਹਾ ਸੰਗਰੂਰ ਦੇ ਵਪਾਰੀਆਂ ਨੇ ਅਹਿਮਦਗੜ੍ਹ ਥਾਣੇ ਦੇ ਸਾਹਮਣੇ 6 ਜੂਨ, 1980 ਨੂੰ ਅਤੇ ਇਸ ਤੋਂ ਬਾਅਦ ਵੀ ਅੰਦੋਲਨ ਅਤੇ ਮੁਜ਼ਾਹਰਾ ਕੀਤਾ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ ;

(ਅ) ਕੀ ਇਹ ਠੀਕ ਹੈ ਕਿ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਤੇ ਲਾਠੀ ਚਾਰਜ ਕੀਤਾ ਅਤੇ ਗੋਲੀ ਚਲਾਈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ;

Original with;
Punjab Vidhan Sabha
Digitized by;
Panjab Digital Library

(ਏ) ਕੀ ਸਰਕਾਰ ਨੂੰ ਰਾਜਨੀਤਕ ਪਾਰਟੀਆਂ ਅਤੇ ਅਹਿਮਦਗੜ੍ਹ ਦੇ ਨਾਗਰਿਕਾਂ ਵੱਲੋਂ ਪੁਲਿਸ ਦੇ ਉਕਤ ਵਿਚਹਾਰ ਦੇ ਵਿਰੁੱਧ ਕੋਈ ਮੇਜ਼ਰਨਾਮੇ ਮਿਲੇ ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਵੇਰਵੇ ਕੀ ਕੀ ਹਨ ਅਤੇ ਇਸ ਮਾਮਲੇ ਵਿਚ ਸਰਕਾਰ ਦੁਆਰਾ ਹੁਣ ਤੱਕ ਕੋਈ ਕਾਰਵਾਈ ਕੀਤੀ ਗਈ ਹੈ ?

ਸਰਦਾਰ ਦਰਬਾਰਾ ਸਿੰਘ : (ਓ) ਇਹ ਗੱਲ ਠੀਕ ਹੈ ਕਿ ਅਹਿਮਦਗੜ੍ਹ ਦੇ ਕੁਝ ਵਿਅੱਕਤੀਆਂ ਨੇ ਮਿਤੀ 6 ਜੂਨ, 1980 ਨੂੰ ਥਾਣਾ ਅਹਿਮਦਗੜ੍ਹ ਦੇ ਸਾਹਮਣੇ ਧਰਨਾ ਦਿਤਾ। ਕਾਰਣ ਇਹ ਸੀ ਕਿ ਉਸ ਦਿਨ ਸਵੇਰੇ 6.20 ਵਜੇ ਚੋਰ ਆਨਾਜ ਮੰਡੀ ਵਿਚੋਂ ਕਣਕ ਦੀਆਂ ਬਾਰ੍ਹਾਂ ਬੋਰੀਆਂ ਚੁਰਾ ਕੇ ਟੈਂਪੂ ਤੇ ਲੱਦ ਕੇ ਲੈ ਗਏ। ਪਤਾ ਲੱਗਣ ਤੇ ਮੁੱਖ ਅਫ਼ਸਰ ਥਾਣਾ ਅਹਿਮਦਗੜ੍ਹ ਨੇ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਕੀਤੀ ਪਰ ਉਹ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰ ਸਕੇ। ਇਸ ਰੋਸ਼ ਵਜੋਂ ਉਪਰੋਕਤ ਧਰਨਾ ਦਿਤਾ ਗਿਆ। ਇਹ ਧਰਨਾ ਮਿਤੀ 7 ਜੂਨ, 1980 ਨੂੰ ਵੀ ਜਾਰੀ ਰਿਹਾ। ਮਿਤੀ 8 ਜੂਨ, 1980 ਨੂੰ ਸਵੇਰੇ 5 ਵਜੇ ਹੋਰ ਵਿਅੱਕਤੀ 24 ਘੰਟੇ ਦੀ ਭੁੱਖ ਹੜਤਾਲ ਤੇ ਬੈਠ ਗਏ। ਸ਼ਾਮ ਨੂੰ ਤਕਰੀਬਨ 200 ਵਿਅੱਕਤੀ ਜਿਨ੍ਹਾਂ ਪਾਸ ਲਾਠੀਆਂ ਅਤੇ ਬੰਦੂਕਾਂ ਸਨ, ਥਾਣੇ ਦੇ ਸਾਹਮਣੇ ਪੁੱਜ ਗਏ ਅਤੇ ਇਕ ਜਲਸਾ ਕੀਤਾ। ਇਨ੍ਹਾਂ ਨੇ ਥਾਣੇ ਉਤੇ ਬਗੈਰ ਕਿਸੇ ਕਾਰਣ ਤੋਂ ਹਮਲਾ ਕਰ ਦਿੱਤਾ।

(ਅ) ਪੁਲਿਸ ਨੇ ਕੋਈ ਲਾਠੀ ਚਾਰਜ ਜਾਂ ਫਾਇਰਿੰਗ ਨਹੀਂ ਕੀਤੀ। ਪਰੰਤੂ ਅੰਦੋਲਨ ਕਾਰੀਆਂ ਨੇ ਥਾਣੇ ਤੇ ਪਥਰਾਓ ਕੀਤਾ। ਜਦੋਂ ਪੁਲਿਸ ਨੇ ਇਹ ਪੱਥਰ ਬਾਹਰ ਸੁੱਟੇ ਤਾਂ ਕੁਝ ਅੰਦੋਲਨਕਾਰੀ ਜ਼ਖਮੀ ਹੋਏ।

(ਏ) ਡਾਕਟਰ ਮਹਾਤਮਾ ਸਿੰਘ, ਪ੍ਰਧਾਨ, ਸਿਟੀਜ਼ਨ ਵੈਲਫੇਅਰ ਕਮੇਟੀ, ਅਹਿਮਦਗੜ੍ਹ ਨੇ ਇਸ ਮਾਮਲੇ ਬਾਰੇ ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਨੂੰ ਇਕ ਮੈਮੋਰੰਡਮ ਦਿਤਾ ਜਿਸ ਵਿਚ ਦੋਸ਼ ਲਾਇਆ ਗਿਆ ਕਿ ਪੁਲਿਸ ਨੇ ਧਰਨਾ ਦੇਣ ਵਾਲਿਆਂ ਤੇ ਲਾਠੀਚਾਰਜ ਅਤੇ ਫਾਇਰਿੰਗ ਕੀਤੀ ਜਿਸ ਨਾਲ ਕਈ ਆਦਮੀ ਜ਼ਖਮੀ ਹੋਏ। ਇਹ ਵੀ ਦੋਸ਼ ਲਾਇਆ ਗਿਆ ਕਿ ਪੁਲਿਸ ਨੇ ਨਿਰਦੋਸ਼ ਲੋਕਾਂ ਦੇ ਖਿਲਾਫ ਝੂਠਾ ਕੇਸ ਦਰਜ ਕੀਤਾ ਹੈ। ਇਸ ਮਾਮਲੇ ਬਾਰੇ ਇਸ ਮੈਮੋਰੰਡਮ ਵਿਚ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕੀਤੀ ਗਈ ਸੀ। ਇਸ ਮੈਮੋਰੰਡਮ ਤੇ ਜ਼ਿਲ੍ਹਾ ਮੈਜਿਸਟਰੇਟ ਨੇ ਐਸ.ਐਸ.ਪੀ. ਸੰਗਰੂਰ ਤੋਂ ਵਿਸਥਾਰ ਪੂਰਵਕ ਰਿਪੋਰਟ ਮੰਗੀ, ਜੋ ਕਿ ਉਨ੍ਹਾਂ ਨੂੰ ਭੇਜ ਦਿੱਤੀ। ਇਸ ਤੋਂ ਉਪਰੰਤ ਮੁੱਖ ਮੰਤਰੀ, ਪੰਜਾਬ, ਨੂੰ ਇਕ ਦਰਖਾਸਤ ਵੱਲੋਂ ਸਰਵਸ਼੍ਰੀ ਰਜਨੀਸ਼ ਸ਼ਰਮਾ, ਮੀਤ ਪ੍ਰਧਾਨ, ਨਗਰ ਪਾਲਿਕਾ ਅਹਿਮਦਗੜ੍ਹ, ਰਮੇਸ਼ ਚੰਦ ਘਈ, ਮਿਉਨਿਸਪਲ ਕਮਿਸ਼ਨਰ, ਅਹਿਮਦਗੜ੍ਹ ਆਦਿ ਵੱਲੋਂ ਦਿਤੀ ਗਈ ਜਿਸ ਤੇ ਮਾਮਲੇ ਦੀ ਪੜਤਾਲ ਕਰਵਾਉਣ ਤੇ ਦੋਸ਼ ਬੇ-ਬੁਨਿਆਦ ਪਾਏ ਗਏ।

ਸ਼੍ਰੀ ਸਪੀਕਰ : ਖੁਸ਼ਹਾਲ ਚੰਦ ਜੀ, ਕੀ ਤੁਸੀਂ ਕੋਈ ਸਪਲੀਮੈਂਟਰੀ ਕਰਨਾ ਹੈ ?

ਸ਼੍ਰੀ ਖੁਸ਼ਹਾਲ ਚੰਦ : ਨਹੀਂ ਜੀ, ਮੈਂ ਨਹੀਂ ਕਰਨਾ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਬਾਰ੍ਹਾਂ ਬੋਰੀਆਂ ਚੋਰ ਲੈ ਕੇ ਜਾ ਰਹੇ ਸਨ। ਇਸ ਬਾਰੇ ਮੈਂ ਹਕੀਕਤ ਦੱਸਦਾ ਹਾਂ ਕਿ ਪਿੰਡ ਦੇ ਪਤਵੰਤੇ ਸੱਜਣਾਂ ਨੇ ਕਿਹਾ ਕਿ ਉਹ ਚੋਰ ਜਾ ਰਹੇ ਹਨ, ਤੁਸੀਂ ਉਨ੍ਹਾਂ ਨੂੰ ਫੜੋ। ਪਰ ਥਾਣੇਦਾਰ ਚੋਰਾਂ ਨੂੰ ਫੜਨ ਦੀ ਬਜਾਏ, ਆਪ ਚੋਰਾਂ ਨਾਲ ਰਲ ਮਿਲ ਗਿਆ ਜਿਸ ਕਾਰਣ ਚੋਰ ਨਿਕਲ ਗਏ। ਸਪੀਕਰ ਸਾਹਿਬ, ਜਿਹੜੇ ਲੋਕ ਧਰਨਾ ਦੇ ਰਹੇ ਸਨ ਉਨ੍ਹਾਂ ਤੇ ਗੋਲੀ ਚਲਾਈ ਗਈ, ਲਾਠੀਆਂ ਮਾਰੀਆਂ ਗਈਆਂ ਅੱਤ ਜਿਹੜੀ

Original with;
Punjab Vidhan Sabha
Digitized by
Panjab Digital Library

[ਮਾਸਟਰ ਚੰਦ ਸਿੰਘ]

ਇਨ੍ਹਾਂ ਨੂੰ ਮਹਿਕਮੇਂ ਵੱਲੋਂ ਰਿਪੋਰਟ ਦਿੱਤੀ ਗਈ ਹੈ ਇਹ ਬਿਲਕੁਲ ਝੂਠੀ ਹੈ, ਗਲਤ ਹੈ। ਜੇਕਰ ਇਸ ਰਿਪੋਰਟ ਨੂੰ ਸਹੀ ਮੰਨ ਲਈਏ ਤਾਂ ਕਿਸੇ ਪੁਲਿਸ ਕਰਮਚਾਰੀ ਨੂੰ ਵੀ ਚੋਟ ਲਗਦੀ, ਕੋਈ ਜ਼ਖਮੀ ਹੁੰਦਾ ਪਰ ਇਹ ਗੱਲ ਨਹੀਂ ਹੈ। ਪੁਲਿਸ ਨੇ ਉਨ੍ਹਾਂ ਇਨੋਸੈਂਟ ਲੋਕਾਂ ਤੇ ਜ਼ਿਆਦਤੀ ਕੀਤੀ ਹੈ। ਮਿਉਂਸਪਲ ਕਮੇਟੀ ਦਾ ਪ੍ਰਧਾਨ ਬਹੁਤ ਜ਼ਖਮੀ ਹੋਇਆ ਅੱਰ ਹੁਣ ਉਹ ਲੁਧਿਆਣਾ ਹਸਪਤਾਲ ਵਿਚ ਪਿਆ ਹੈ, ਉਥੇ ਦਾਖਲ ਹੈ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਬਾਰੇ ਸਾਰੇ ਮਾਮਲੇ ਦੀ ਕੋਈ ਜੁਡੀਸ਼ੀਅਲ ਇਨਕੁਆਇਰੀ ਕਰਵਾਏਗੀ ?

ਮੁੱਖ ਮੰਤਰੀ : ਜੁਡੀਸ਼ੀਅਲ ਇਨਕੁਆਇਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਉਹ ਲੋਕ ਆਪਣੀ ਫਾਇਰਿੰਗ ਨਾਲ ਹੀ ਜ਼ਖਮੀ ਹੋਏ ਹਨ, ਮੈਂ ਪੁੱਛਦਾ ਹਾਂ ਕਿ ਜੇਕਰ ਲੋਕ ਆਪਣੀਆਂ ਗੋਲੀਆਂ ਨਾਲ ਫੱਟੜ ਹੋ ਗਏ ਹਨ ਤਾਂ ਜਿਹੜੀ ਐਸ.ਐਸ.ਪੀ. ਕਨਸਰੰਡ ਨੇ ਰਿਪੋਰਟ ਸਰਕਾਰ ਨੂੰ ਦਿੱਤੀ ਹੈ ਕੀ ਇਹ ਉਹ ਦੱਸਣਗੇ ਜਾਂ ਉਸ ਨੂੰ ਸਦਨ ਦੀ ਮੇਜ਼ ਤੇ ਰੱਖਣਗੇ ?

ਮੁੱਖ ਮੰਤਰੀ : ਇਹ ਜਿਹੜਾ ਜਵਾਬ ਦਿੱਤਾ ਗਿਆ ਹੈ ਇਹ ਤਹਿਕੀਕਾਤ ਦੀ ਬਿਨਾਂ ਤੇ ਹੈ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਜਵਾਬ ਦਿੰਦੇ ਹੋਏ ਚੀਫ਼ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਦਿਨੇ ਚੋਰੀ ਹੋਈ। ਦਿਨੇ ਹੀ ਟੈਂਪੂ ਤੇ ਚੋਰ ਬੋਰੀਆਂ ਲੈ ਕੇ ਚਲੇ ਗਏ। ਫਿਰ ਇਕ ਹੋਰ ਗਲ ਕਹੀ ਕਿ ਜਿਨ੍ਹਾਂ ਨੇ ਘੇਰਾਓ ਕੀਤਾ ਸੀ ਉਨ੍ਹਾਂ ਨੇ ਕੁਝ ਪੱਥਰ ਥਾਣੇ ਦੇ ਅੰਦਰ ਸੁਟੇ। ਪੁਲਿਸ ਵਾਲਿਆਂ ਨੇ ਉਹ ਪੱਥਰ ਬਾਹਰ ਸੁੱਟ ਦਿੱਤੇ ਅਤੇ ਇਸ ਕਰਕੇ ਲੋਕ ਜ਼ਖਮੀ ਹੋ ਗਏ। ਹੁਣੇ ਹੀ ਚੋਪੜਾ ਸਾਹਿਬ ਨੇ ਦਸਿਆ ਹੈ ਕਿ ਮਿਉਂਸਪਲ ਕਮੇਟੀ ਦਾ ਪ੍ਰਧਾਨ ਅਜੇ ਵੀ ਹਸਪਤਾਲ ਵਿਚ ਪਿਆ ਹੈ। ਉਸ ਨੂੰ ਕਾਫੀ ਚੋਟਾਂ ਆਈਆਂ ਹਨ। ਕੀ ਮੁੱਖ ਮੰਤਰੀ ਸਾਹਿਬ ਇਸ ਗਲ ਦੀ ਪੜਤਾਲ ਕਰਾਉਣ ਲਈ ਕੋਈ ਹਾਊਸ ਦੀ ਕਮੇਟੀ ਬਣਾ ਕੇ ਭੇਜਣ ਨੂੰ ਤਿਆਰ ਹਨ ਤਾਂਕਿ ਇਨਕੁਆਇਰੀ ਠੀਕ ਹੋ ਸਕੇ ? ਸਿਰਫ ਐਨੀ ਗਲ ਕਹਿਣ ਨਾਲ ਕਿ ਥਾਣੇ ਵਾਲਿਆਂ ਨੇ ਪੱਥਰ ਬਾਹਰ ਸੁੱਟ ਦਿੱਤੇ ਤਾਂ ਸੱਟਾਂ ਲੱਗ ਗਈਆਂ ਇਹ ਕੋਈ ਐਨੀ ਇਨੋਸੈਂਟ ਗਲ ਨਹੀਂ ਹੈ। ਪੱਥਰ ਮਾਰੇ ਗਏ ਅੱਰ ਡੈਲੀਬਰੇਟਲੀ ਮਾਰੇ ਗਏ। ਇਹ ਪਹਿਲੀ ਚੋਰੀ ਨਹੀਂ ਸੀ। ਇਸ ਤੋਂ ਪਹਿਲੇ ਵੀ ਕਈ ਚੋਰੀਆਂ ਹੋਈਆਂ ਹਨ ਜਿਸ ਦੀਆਂ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਸਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਦਿੱਤਾ ਹੈ ਕਿ ਐਸ.ਪੀ. ਨੇ ਇਨਕੁਆਇਰੀ ਕੀਤੀ ਹੈ। ਜੋ ਹਾਲਾਤ ਉਥੇ ਹੋਏ ਹਨ ਉਸ ਦੀ ਜੋ ਰਿਪੋਰਟ ਆਈ ਹੈ ਉਸ ਤੋਂ ਪਤਾ ਲਗਦਾ ਹੈ, ਜਿਸ ਤਰ੍ਹਾਂ ਇਹ ਵੀ ਕਹਿੰਦੇ ਹਨ ਇਹੋ ਜਿਹੀ ਕੋਈ ਗਲ ਨਹੀਂ ਹੋਈ। ਇਹ ਸੱਟਾਂ ਸਿਰਫ਼ ਇਕ ਪਾਸੇ ਹੀ ਨਹੀਂ ਲੱਗੀਆਂ। ਪੁਲਿਸ ਦੇ ਆਦਮੀ ਵੀ ਜ਼ਖਮੀ ਹੋਏ ਹਨ ਅੱਰ ਉਨ੍ਹਾਂ ਨੂੰ ਵੀ ਮਾਮੂਲੀ ਚੋਟਾਂ ਆਈਆਂ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਆਪ ਚੋਟਾਂ ਨਹੀਂ ਮਾਰ ਲਈਆਂ ਜੁਡੀਸ਼ੀਅਲ ਇਨਕੁਆਇਰੀ ਤਾਂ ਉਸ ਗਲ ਦੀ ਹੁੰਦੀ ਹੈ ਜੋ ਕਿਤੇ ਮੌਤ ਹੋਈ ਹੋਵੇ ਜਾਂ ਕੋਈ ਅਜਿਹੀ ਹੋਰ ਗਲ ਹੋਵੇ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਇਹ ਜੋ ਰਿਪੋਰਟ ਸੀ.ਐਮ. ਸਾਹਿਬ ਨੇ ਦਿੱਤੀ ਹੈ ਅੱਰ ਜੋ ਇਨਕੁਆਇਰੀ ਕਰਵਾਈ ਹੈ, ਇਸ ਬਾਰੇ ਮੈਨੂੰ ਪਤਾ ਹੈ। ਮੈਂ ਆਪ ਉਥੇ ਜਾ ਕੇ ਆਇਆ ਹਾਂ। ਕੋਈ ਥਾਣੇਦਾਰ ਦਾ ਘੇਰਾਓ ਨਹੀਂ ਹੋਇਆ। ਸਿਰਫ ਜਿਸ ਵੇਲੇ ਜਲੂਸ ਚਲ ਰਿਹਾ

Original with;
Punjab Vidhan Sabha
Digitized by;
Panjab Digital Library

ਸੀ ਉਸ ਵੇਲੇ ਗੋਲੀ ਚਲਾਈ ਗਈ ਔਰ ਗੋਲੀ ਚਲੀ ਵੀ 12 ਬੋਰ ਦੀ। ਇਹ ਪੁਲਿਸ ਨੇ ਇਕ ਨਵਾਂ ਤਰੀਕਾ ਕੱਢਿਆ ਹੈ ਕਿ 12 ਬੋਰ ਦੀ ਗੋਲੀ ਚਲਾਓ ਜਿਸ ਦਾ ਬਾਅਦ ਵਿਚ ਪਤਾ ਵੀ ਨਾ ਲਗੇ। ਉਸ ਨਾਲ ਪ੍ਰਧਾਨ, ਸ਼੍ਰੀ ਕਪੂਰ ਜ਼ਖਮੀ ਹੋ ਗਿਆ। ਵਾਈਸ ਪ੍ਰੈਜ਼ੀਡੈਂਟ ਨੂੰ ਵੀ ਚੋਟਾਂ ਆਈਆਂ। ਇਕ ਔਰਤ ਨੂੰ ਘਰੋਂ ਕੱਢ ਕੇ ਕੁੱਟਿਆ ਗਿਆ। ਇਕ ਖਾਸ ਗੱਲ ਜਿਹੜੀ ਵਾਪਰੀ ਹੈ ਉਹ ਇਹ ਹੈ ਕਿ ਇਕ ਪਾਕਿਸਤਾਨ ਤੋਂ ਵਿਜ਼ਿਟਰ ਮੁਸਲਮਾਨ ਆਇਆ ਹੋਇਆ ਸੀ ਉਸ ਨੂੰ ਪਕੜ ਲਿਆ। ਉਸ ਨੇ ਆਪਣਾ ਪਾਸਪੋਰਟ ਵਿਖਾਇਆ। ਪਰ ਪੁਲਿਸ ਵਾਲੇ ਨਹੀਂ ਮੰਨੇ। ਉਹ ਵਿਜ਼ਿਟਰ ਇਹ ਕਹਿੰਦਾ ਹੈ ਕਿ ਇਤਨੀ ਜ਼ਬਰਦਸਤੀ ਤਾਂ ਪੁਲਿਸ ਵਾਲੇ ਪਾਕਿਸਤਾਨ ਵਿਚ ਜਿਥੇ ਕਿ ਡਿਕਟੇਟਰ-ਸ਼ਿਪ ਹੈ ਉਥੇ ਵੀ ਨਹੀਂ ਕਰਦੇ ਜਿੰਨੀ ਅਹਿਮਦਗੜ੍ਹ ਵਿਚ ਹੋ ਰਹੀ ਹੈ। ਸੀ.ਐਮ. ਸਾਹਿਬ ਨੇ ਕਹਿ ਦਿੱਤਾ ਕਿ ਕੋਈ ਐਸੀ ਗਲ ਨਹੀਂ ਹੋਈ। ਉਥੇ ਗਲੀਆਂ ਵਿਚ ਲੋਕਾਂ ਨੂੰ ਕੁਟਿਆ ਗਿਆ, ਗੋਲੀ ਚਲਾਈ ਗਈ। ਇਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਣੀ ਚਾਹੀਦੀ ਹੈ ਔਰ ਜਿਸ ਐਸ. ਪੀ. ਸਾਹਿਬ ਨੇ ਇਹ ਰਿਪੋਟ ਦਿੱਤੀ ਹੈ ਉਸ ਨੂੰ ਟਰਮੀਨੇਟ ਕਰ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਸਪਲੀਮੈਂਟਰੀ ਛੋਟੀ ਕਰੋ। ਇਸ ਦਾ ਜਵਾਬ ਤਾਂ ਦੇ ਦਿੱਤਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਮੈਂ ਇਹ ਕਹਿੰਦਾ ਹਾਂ ਕਿ ਇਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਣੀ ਚਾਹੀਦੀ ਹੈ।

ਮੁੱਖ ਮੰਤਰੀ : ਮੈਂ ਜੋ ਜਵਾਬ ਦਿੱਤਾ ਹੈ ਉਹ ਤਹਿਕੀਕਾਤ ਦੀ ਬਿਨਾਂ ਤੇ ਹੀ ਦਿਤਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਆਪਣੀ ਪਾਰਟੀ ਦੇ ਮੈਂਬਰਾਂ ਦੀ ਹੀ ਇਕ ਕਮੇਟੀ ਬਣਾ ਦਿਓ ?

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਜੋ ਜਵਾਬ ਦਿੱਤਾ ਹੈ ਕਿ ਇਨਕੁਆਇਰੀ ਨਹੀਂ ਕਰਵਾਉਣੀ ਇਸ ਤੋਂ ਇੰਜ ਲਗਦਾ ਹੈ ਕਿ—

'ਮਾਂਵਾਂ ਧੀਆਂ ਮੇਲਨਾ, ਪਿਓ ਪੁਤ ਜਾਨੀਂ'

ਮੈਂ ਇਹ ਪੁੱਛਦਾ ਹਾਂ ਕਿ ਕੀ ਸੀ. ਐਮ. ਸਾਹਿਬ ਆਪਣੀ ਪਾਰਟੀ ਦੇ ਹੀ ਮੈਂਬਰਾਂ ਦੀ ਕਮੇਟੀ ਬਣਾ ਕੇ ਜਾਂ ਸਾਂਝੀ ਕਮੇਟੀ ਬਣਾ ਕੇ ਇਸ ਦੀ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਖਿਆਲਾ ਸਾਹਿਬ ਨੇ ਕਿਹਾ ਹੈ ਕਿ ਪੁਲਿਸ ਦੇ ਰਾਹੀਂ ਕੋਈ ਇਨਕੁਆਇਰੀ ਨਾ ਕਰਵਾਓ। ਸ਼ਾਇਦ ਹੀ ਆਪਣੀ ਸਰਕਾਰ ਵੇਲੇ ਇਨ੍ਹਾਂ ਨੇ ਕੋਈ ਇਨਕੁਆਇਰੀ ਪੁਲਿਸ ਦੇ ਰਾਹੀਂ ਨਾ ਕਰਵਾ ਕੇ ਆਪਣੀ ਪਾਰਟੀ ਦੇ ਮੈਂਬਰਾਂ ਦੀ ਕਮੇਟੀ ਬਣਾ ਕੇ ਜਾਂ ਸਾਂਝੀ ਇਨਕੁਆਇਰੀ ਕਰਵਾਈ ਹੋਵੇ। ਜੇ ਕਰਵਾਈ ਹੈ ਤਾਂ ਅਜਿਹਾ ਕੋਈ ਇਨਸਟਾਂਸ ਦੱਸ ਦੇਣ। (ਵਿਘਨ)

ਰਾਜ ਵਿਚ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਦੀਆਂ ਦੁਰਘਟਨਾਵਾਂ

*69 **ਕਾਮਰੇਡ ਬਲਦੇਵ ਸਿੰਘ ਲੂੰਬਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ:—

(ੳ) ਵੱਖ ਵੱਖ ਸਾਲਾਂ, 1977, 1978 ਅਤੇ 1979 ਦੇ ਦੌਰਾਨ ਰਾਜ ਵਿਚ ਸਰਕਾਰੀ ਜਾਂ ਪ੍ਰਾਈਵੇਟ ਬਸਾਂ ਦੀਆਂ ਕਿੰਨੀਆਂ ਕਿੰਨੀਆਂ ਸੜਕ ਦੁਰਘਟਨਾਵਾਂ ਹੋਈਆਂ;

(ਅ) ਉਕਤ ਦੁਰਘਟਨਾਵਾਂ ਵਿਚ ਕਿੰਨਾਂ ਕਿੰਨਾਂ ਜਾਨੀ ਅਤੇ ਮਾਲੀ ਨੁਕਸਾਨ ਹੋਇਆ

(ਏ) ਉਕਤ ਦੁਰਘਟਨਾਵਾਂ ਦੇ ਮੁੱਖ ਕਾਰਣ ਕੀ ਸਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ: ਲੋੜੀਂਦੇ ਅੰਕੜੇ ਸਦਨ ਦੇ ਮੇਜ਼ ਤੇ ਰੱਖੇ ਜਾਂਦੇ ਹਨ।

ਸੂਚੀ

(ੳ) ਸੰਨ	ਬੱਸ ਦੁਰਘਟਨਾਵਾਂ ਦੀ ਸੰਖਿਆ
1977	193
1978	201
1979	199

(ਅ) ਸੰਨ	ਜਾਨੀ ਨੁਕਸਾਨ	ਮਾਲੀ ਨੁਕਸਾਨ
1977	215	1,29,078 ਰੁਪਏ
1978	150	1,30,606 ਰੁਪਏ
1979	182	2,73,848 ਰੁਪਏ

(ੲ) ਇਨ੍ਹਾਂ ਦੁਰਘਟਨਾਵਾਂ ਦਾ ਮੁੱਖ ਕਾਰਣ ਇਕ ਜਾਂ ਦੂਸਰੇ ਧੜੇ ਦੀ ਲਾ-ਪਰਵਾਹੀ ਸੀ।

ਕਾਮਰੇਡ ਬਲਦੇਵ ਸਿੰਘ ਲੁੰਬਾ: ਸਪੀਕਰ ਸਾਹਿਬ, ਮੈਂ ਜਵਾਬ ਪੜ੍ਹਿਆ ਹੈ। ਇਹ ਬੜੀ ਸੀਰੀਅਸ ਗਲ ਹੈ ਕਿ 3 ਸਾਲਾਂ ਵਿਚ 593 ਦੁਰਘਟਨਾਵਾਂ ਹੋਈਆਂ, 547 ਬੰਦੇ ਇਨ੍ਹਾਂ ਦੁਰਘਟਨਾਵਾਂ ਵਿਚ ਮਾਰੇ ਗਏ। ਅੱਰ ਕੁਲ 5 ਲੱਖ ਰੁਪਏ ਦੇ ਕਰੀਬ ਮਾਲੀ ਨੁਕਸਾਨ ਹੋਇਆ ਹੈ। ਮੇਰੇ ਸਵਾਲ ਪੁੱਛਣ ਦਾ ਆਈਡਿਆ ਇਹ ਸੀ ਕਿ ਦੁਰਘਟਨਾਵਾਂ ਦਾ ਮੁੱਖ ਕਾਰਣ ਕੀ ਹੈ ? ਉਸ ਦਾ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਲਾਪਰਵਾਹੀ ਹੈ। ਪਰ ਅਸਲ ਗਲ ਇਹ ਹੈ ਕਿ ਲਾਪਰਵਾਹੀ ਨਾਲ ਐਨੀਆਂ ਦੁਰਘਟਨਾਵਾਂ ਨਹੀਂ ਵਾਪਰਦੀਆਂ । ਇਹ ਜਿਹੜੀਆਂ ਦੁਰਘਟਨਾਵਾਂ ਹੁੰਦੀਆਂ ਹਨ ਇਸ ਦਾ ਕਾਰਣ ਲਾਪਰਵਾਹੀ ਕਹਿ ਦੇਣ ਨਾਲ ਗਲ ਖਤਮ ਨਹੀਂ ਹੋ ਜਾਂਦੀ। ਅਸਲ ਗਲ ਤਾਂ ਇਹ ਹੈ ਕਿ ਜਿਸ ਵੇਲੇ ਬਸਾਂ ਡਿਪੋ ਤੋਂ ਬਾਹਰ ਨਿਕਲਦੀਆਂ ਹਨ ਤਾਂ ਉਨ੍ਹਾਂ ਦੀ ਚੈਕਿੰਗ ਪੂਰੀ ਤਰ੍ਹਾਂ ਨਹੀਂ ਕੀਤੀ ਜਾਂਦੀ ਕਦੇ ਤਾਂ ਸਟੇਅਰਿੰਗ ਖਰਾਬ ਹੋ ਗਿਆ, ਕਦੇ ਕੋਈ ਪੁਰਜ਼ਾ ਖੁਲ੍ਹ ਗਿਆ ਅਤੇ ਕਦੇ ਟਾਇਰ ਫਟ ਗਿਆ। ਕੀ ਮੁੱਖ ਮੰਤਰੀ ਸਾਹਿਬ ਇਨ੍ਹਾਂ ਦੁਰਘਟਨਾਵਾਂ ਦਾ ਮੁੱਖ ਕਾਰਣ ਜਾਣਨ ਵਾਸਤੇ ਕੋਈ ਕਮੇਟੀ ਭਾਵੇਂ ਉਹ ਐਕਸਪਰਟ ਡਰਾਈਵਰਾਂ ਦੀ ਹੀ ਹੋਵੇ, ਬਣਾਉਣ ਨੂੰ ਤਿਆਰ ਹਨ ਜਿਸ ਤੋਂ ਇਹ ਪਤਾ ਲਗੇ ਕਿ ਇਸ ਦੇ ਮੁੱਖ ਕਾਰਣ ਕੀ ਕੀ ਹਨ ?

ਸ਼੍ਰੀ ਸਪੀਕਰ : ਲੁੰਬਾ ਸਾਹਿਬ, ਹੁਣ ਤਾਂ ਤੁਸੀਂ ਮੌਕੇ ਤੇ ਜਾ ਨਹੀਂ ਆਏ। ਹੁਣ ਤਾਂ ਸਵਾਲ ਛੋਟਾ ਕਰੋ।

ਕਾਮਰੇਡ ਬਲਦੇਵ ਸਿੰਘ ਲੁੰਬਾ : ਦੁਰਘਟਨਾਵਾਂ ਅਸਲ ਵਿਚ ਡਰਾਈਵਰਾਂ ਦੀ ਲਾਪਰਵਾਹੀ ਕਾਰਣ ਨਹੀਂ ਹੁੰਦੀਆਂ ਬਲਕਿ ਵਰਕਸ਼ਾਪ ਵਿਚੋਂ ਜਿਸ ਵੇਲੇ ਬੱਸ ਨਿਕਲਦੀ ਹੈ ਤਾਂ ਉਹ ਮੁਕੰਮਲ ਠੀਕ ਨਹੀਂ ਹੋਈ ਹੁੰਦੀ ਅੱਰ ਡਰਾਈਵਰ ਨੂੰ ਮਜਬੂਰ ਕਰਕੇ ਉਹ ਬੱਸ ਭੇਜਦੇ ਹਨ। ਇਸ ਲਈ ਕੀ ਇਹ ਕੋਈ ਕਮੇਟੀ ਬਣਾਉਣ ਨੂੰ ਤਿਆਰ ਹਨ ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਸਵਾਲ ਦਾ ਜਵਾਬ ਤਾਂ ਇਹ ਆਪ ਹੀ ਦੇ ਰਹੇ ਹਨ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸੁਜੈਸ਼ਨ ਚੰਗੀ ਹੈ ਤੇ ਇਸ ਬਾਰੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਪਰ ਇਨ੍ਹਾਂ ਹਾਦਸਿਆਂ ਨੂੰ ਕੋਈ ਰੋਕ ਨਹੀਂ ਸਕਦਾ। ਹਾਦਸੇ ਘੱਟ ਹੋਣ ਲਈ ਜ਼ਰੂਰੀ ਹੈ ਕਿ ਵੱਡੀਆਂ ਸੜਕਾਂ ਚਾਰ ਲਾਈਨਾਂ ਵਾਲੀਆਂ ਹੋਣ। ਪਿਛੇ, ਸਪੀਕਰ ਸਾਹਿਬ, ਤਿੰਨ ਸਾਲ ਬਹੁਤ ਖਰਾਬ ਹਾਲਤ ਰਹੀ ਹੈ। ਇਸ ਲਈ ਐਕਸਪਰਟ ਕਮੇਟੀ ਜਾਂ ਹੋਰ ਕੋਈ ਸਕੀਮ ਬਣਾਉਣ ਲਈ ਵਿਚਾਰ ਕਰਾਂਗੇ ਤਾਂਕਿ ਘੱਟ ਤੋਂ ਘੱਟ ਹਾਦਸੇ ਹੋਣ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Number of Crawler Tractors (H. P. Dozers) purchased for Anandpur Sahib Hydel Project

***39. Comrade Raj Kumar :** Will the Chief Minister be pleased to state—

(a) whether during the period from 22nd April, 1976 to 17th May, 1976 any number of Crawler Tractors (H.P.-Dozers) were purchased for Anandpur Hydel Project ; if so, the expenditure incurred thereon ;

(b) whether the above Crawler Tractors were damaged during their first working hours ; if so, the date of commissioning, the date of break-down and the number of hours for which it worked before its breakdown Crawler/Tractor-wise.

(c) the period for which the said Crawler-Tractors remained idle for want of repairs and the extent of loss computed in terms of money and mandays lost ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ, ਇਸ ਸਮੇਂ ਦੇ ਦੌਰਾਨ 10 ਕਰਾਲਰ ਟਰੈਕਟਰ ਖਰੀਦੇ ਗਏ ਸਨ। ਇਨ੍ਹਾਂ ਤੇ ਹੋਇਆ ਖਰਚਾ 1,19,24,182 ਰੁਪਏ ਸੀ।

(ਅ) ਤਿੰਨ ਕਰਾਲਰ ਟਰੈਕਟਰ ਹੇਠ ਲਿਖੇ ਵੇਰਵੇ ਅਨੁਸਾਰ ਬਰੇਕ ਡਾਊਨ ਰਹੇ ;—

ਡੋਜ਼ਰ ਨੰ.	ਕਮਿਸ਼ਨਿੰਗ ਦੀ ਮਿਤੀ	ਬਰੇਕ ਡਾਊਨ ਦੀ ਮਿਤੀ	ਮੁਰੰਮਤ ਅਧੀਨ ਸਮਾਂ	ਬਰੇਕ ਡਾਊਨ ਤੋਂ ਪਹਿਲਾਂ ਕੰਮ ਕੀਤੇ ਘੰਟਿਆਂ ਦੀ ਸੰਖਿਆ।
1	2	3	4	5
1609	28-6-76	15-7-77	16-7-77 ਤੋਂ 21-9-77	78 ਘੰਟੇ
1610	26-5-76	30-6-77	30-6-77 ਤੋਂ 28-7-77	67 ਘੰਟੇ
1612	26-5-76	28-2-77	1-3-77 ਤੋਂ 7-8-77	104 ਘੰਟੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਏ) ਮਸ਼ੀਨਰੀ ਵੇਹਲੀ ਨਹੀਂ ਰਹੀ ਬਲਕਿ ਮੁਰੰਮਤ ਅਧੀਨ ਰਹੀ। ਸਰਕਾਰ ਨੂੰ ਘਾਟੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

Digging out a Drain on the Eastern side of village Jabhowal Block Sultanpur

*53 **Sardar Atma Singh :** Will the Chief Minister be pleased to state the steps being taken or proposed to be taken by the Government to dig out a water logging drain on the eastern side of village Jabhowal, Block Sultanpur, to protect the village land from water logging together with the time by which the said drain is likely to be dug out ?

ਸਰਦਾਰ ਦਰਬਾਰਾ ਸਿੰਘ : ਇਹੋ ਜਿਹੀ ਕੋਈ ਸਕੀਮ ਨਹੀਂ ਹੈ। ਪਰ ਪਛਮੀ ਬੇਂਦੀ ਬੰਧ ਤੇ ਪਹਿਲਾਂ ਹੀ ਇਕ ਕੰਟਰੋਲਡ ਇਨਲੈਟ ਵਰਖਾ ਦੇ ਨਿਕਾਸ ਲਈ ਬਣਾਇਆ ਹੋਇਆ ਹੈ। ਇਥੇ ਡੂੰਗੀ ਸੇਮ ਨਾਲੀ ਖੋਦਣੀ ਸੰਭਵ ਨਹੀਂ, ਕਿਉਂ ਕਿ ਦਰਿਆ ਸਤਲੁਜ ਅਤੇ ਪੱਛਮੀ ਬੇਂਦੀ ਦਾ ਆਮ ਜਲ ਪੱਧਰ ਪ੍ਰਸ਼ਨ ਅਧੀਨ ਭੂਮੀ ਦੇ ਲੈਵਲ ਨਾਲੋਂ ਉੱਚਾ ਰਹਿੰਦਾ ਹੈ।

Bus Stand at village Paniall

*79 **Master Dalip Chand :** Will the Chief Minister be pleased to state—

(a) whether it is a fact that there is a heavy traffic on the road from village Paniali to Chamkaur Sahib via Bet area ;

(b) whether it is also a fact that there is no bus stand at Paniali ;

(c) if the reply to parts (a) and (b) above be in the affirmative, whether the Government propose to set up a bus stand there ?

ਸਰਦਾਰ ਦਰਬਾਰਾ ਸਿੰਘ : (ਉ) ਨਹੀਂ ਜੀ।

(ਅ) ਹਾਂ ਜੀ।

(ਏ) ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Punsup Shops in the State

*68. **Comrade Baldev Singh Loomba :** Will the Chief Minister be pleased to state—

(a) the number of Punsup shops Districtwise in the State ;

(b) details of commodities which are available at the said shops;

(c) whether all the commodities referred to in part (b) above are being supplied regularly ; if not, the reasons therefor ?

Original with;
Punjab Vidhan Sabha
Digitized by;
Panjab Digital Library

ਸਰਤਾਰ ਦਰਬਾਰਾ ਸਿੰਘ: (ਏ)

ਜ਼ਿਲ੍ਹਾ	ਦੁਕਾਨਾਂ ਦੀ ਗਿਣਤੀ
ਅੰਮ੍ਰਿਤਸਰ	46
ਬਠਿੰਡਾ	22
ਫਰੀਦਕੋਟ	28
ਫ਼ਿਰੋਜ਼ਪੁਰ	24
ਗੁਰਦਾਸਪੁਰ	19
ਹੁਸ਼ਿਆਰਪੁਰ	23
ਜਲੰਧਰ	47
ਕਪੂਰਥਲਾ	16
ਲੁਧਿਆਣਾ	33
ਪਟਿਆਲਾ	34
ਰੋਪੜ	23
ਸੰਗਰੂਰ	25
ਕੁੱਲ	340

(ਬੀ) ਸਬਸੀਡਾਈਜ਼ਡ ਵਸਤਾਂ :

1 ਮੂੰਗੀ ਸਾਬਤ
2 ਮੂੰਗੀ ਧੁਲੀ।
3 ਮਾਂਹ ਸਾਬਤ
4 ਮਾਂਹ ਧੁਲੇ
5 ਕਣਕ-ਆਟਾ
6 ਬਨਸਪਤੀ ਘੀ
7 ਆਰ. ਬੀ.ਡੀ. ਪਾਮ ਆਇਲ।

ਲਾਨ-ਸਬਸੀਡਾਈਜ਼ਡ ਵਸਤਾਂ

1. ਲੈਵੀ ਖੰਡ
2. ਸਾਬਨ
3. ਕਪੜਾ (ਕੰਟਰੋਲਡ/ਨਾਨ-ਕੰਟਰੋਲਡ)
4. ਦੀਵਾ ਸਿਲਾਈਆਂ
5. ਖੁਲ੍ਹੀ ਚਾਹ
6. ਨਿਰੋਧ।

(ਸੀ) ਬਹੁਤ ਸਾਰੀਆਂ ਵਸਤੂਆਂ ਦੀ ਵੰਡ ਨਿਯਮਤ ਤੌਰ ਤੇ ਕੀਤੀ ਜਾ ਰਹੀ ਹੈ। ਫਿਰ ਵੀ, ਬਨਸਪਤੀ ਘੀ ਦੀ ਘਾਟ ਲੱਗਭਗ 6 ਮਹੀਨੇ ਪਹਿਲਾਂ ਮਹਿਸੂਸ ਕੀਤੀ ਗਈ ਸੀ ਕਿਉਂਕਿ ਘੀ ਸਪਲਾਈ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਰਨ ਵਾਲੀਆਂ ਮਿੱਲਾਂ ਉਤੇ ਪਾਵਰ-ਕੱਟ ਲਗਾਈ ਗਈ ਸੀ ਅਤੇ ਉਹ ਕੱਚੇ ਮਾਲ ਦੀ ਘਾਟ ਵੀ ਮਹਿਸੂਸ ਕਰ ਰਹੇ ਸਨ। ਇਸ ਤਰ੍ਹਾਂ ਕੰਟਰੋਲਡ ਕੱਪੜੇ ਦੀ ਸਪਲਾਈ ਵਿਚ ਰੁਕਾਵਟ ਆਉਂਦੀ ਰਹੀ ਹੈ, ਜਿਸ ਦਾ ਕਾਰਨ ਕੇਵਲ ਇਕੋ ਸਾਧਨ ਨੈਸ਼ਨਲ ਕੰਜਿਊਮਰਜ਼ ਕੋਆਪਰੇਟਿਵ ਫੈਡਰੇਸ਼ਨ ਹੈ।

Acquisition of Land in village Dallowal, Block Sultanpur for the construction of Dhussi Bund on river Beas

*95 **Sardar Atma Singh :** Will the Chief Minister be pleased to state—

(a) the names of land owners of village Dallowal, Block Sultanpur whose lands were acquired by the Government for the construction of Dhussi Bund on River Beas together with the area of land so acquired from each land owner ;

(b) whether the concerned land owners have been paid compensation for their lands ; if not, the reasons therefor ;

(c) the time by which the said land owners are likely to be paid compensation ;

(d) whether any interest on the amount of compensation is paid by the Government ?

ਸਰਦਾਰ ਦਰਬਾਰਾ ਸਿੰਘ : (ੳ) ਜ਼ਮੀਨ ਦੇ ਮਾਲਕਾਂ ਦੇ ਨਾਵਾਂ ਦੀ ਸੂਚੀ, ਸਮੇਤ ਭੋਂ ਪ੍ਰਾਪਤ ਕੀਤੇ ਰਕਬੇ ਦੇ, ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) ਨਹੀਂ ਜੀ ਅਵਾਰਡ ਅਜੇ ਘੋਸ਼ਿਤ ਨਹੀਂ ਕੀਤੇ ਗਏ ਹਨ।

(ਏ) ਲਗਭਗ 6 ਮਹੀਨੇ ਵਿਚ।

(ਸ) ਹਾਂ ਜੀ।

List of temporary owners of village Hussanpur, Dallowal, Tehsil Sultanpur Lodhi, District Kapurthala, affected by the construction of Advance Bund on left side of river Beas.

Khasra No.	Area		Name of land owners
	Kanal	Marlas	
25			
8	2	8	Mukhtiar Singh, son of Shri Jaga Singh, son of Shri Jiwan Singh
2			
10			
16	0	10	
2			

Original with;
Punjab Vidhan Sabha
Digitized by;
Panjab Digital Library

Khasra No.	Area Kanal	Area Marlas	Name of land owners
17/2	0	9	
24/2	2	8	Total 103/1/2 share Lal Singh, son of Shri Santa Singh, 8 share
13/18/1/1	1	10	Jagir Singh, son of Ram Singh, 8 share
23/1/2	2	8	Darshan Singh, Sucha Singh, Dalip Singh, Mukhtiar Singh, Jit Singh, Jail Singh, sons of Jaga Singh } 58½ shares
25/12/2/2	0	14	Banta Singh, Mohinder Singh, Inder Singh, sons of Kartar Singh, B.B. 29 shares
13/1/3/2	1	8	
	2	8	
	11	15	
13/4/2	2	8	
7/2/14/2	2	5	Sucha Singh 2/3 shares
17/2	2	6	Banta Singh 1/3 share
2	0	15	Share holders
	7	14	

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

Khasra No.	Area Kanals	Marlas	Name of the land owners	
27				
2	0	7	Bishan Singh, son of Natha Singh 1/2 share	
1			Darshan Singh, Bhajan Singh, sons of Natha Singh 1/2 share	
25 R				
18	0	3		
2				
19				
2	2	6	Sher Singh, son of Gulab Singh	
22	2	8		
	4	17		
63				
1	0	3	Passage	In accordance with the share in rakba of the joint owner
67				
1	0	6	Passage	

POINTS OF ORDER REGARDING CALL ATTENTION NOTICE/ ADJOURNMENT MOTION

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਜੋ ਕਿ ਪਾਣੀ ਦੀ ਕਮੀ ਬਾਬੇ ਸੀ। (ਵਿਘਨ) ਉਹ ਰਿਜੈਕਟ ਕਰ ਦਿਤੀ ਗਈ ਹੈ। ਪਰ ਸ਼ਰਕਾਰ ਦਾ ਐਲਾਨ ਸੀ ਕਿ ਪਾਣੀ ਘੱਟ ਬੰਦ ਕਰਦੇ ਹਾਂ। ਸਪੀਕਰ ਸਾਹਿਬ, ਬਿਜਲੀ ਮਿਲਦੀ ਨਹੀਂ ਹੈ ਅਤੇ ਹੁਣ ਪਾਣੀ ਬੰਦ ਕਰ ਦਿਤਾ ਗਿਆ ਹੈ। ਇਸ ਲਈ ਮੇਰੀ ਕਾਲ ਅਟੈਨਸ਼ਨ ਮੋਸ਼ਨ ਨੂੰ ਅਲਾਓ ਕਰਨਾ ਚਾਹੀਦਾ ਸੀ।

ਸ਼੍ਰੀ ਸਪੀਕਰ : ਸਰਦਾਰ ਬਲਦੇਵ ਸਿੰਘ ਮਾਨ ਜੀ, ਜਿਸ ਵੇਲੇ ਤੁਸੀਂ ਠੀਕ ਸਮਝੋ ਮੇਰੇ ਚੈਂਬਰ ਵਿਚ ਆ ਜਾਣਾ ਅਤੇ ਇਸ ਸਬੰਧ ਵਿਚ ਗੱਲ ਕਰ ਲੈਣਾ। (ਵਿਘਨ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਨੰ: 9 ਦਿਤੀ ਸੀ। ਉਹ ਐਡਜਰਨਮੈਂਟ ਮੋਸ਼ਨ ਕੋਈ ਡੇਢ ਹਜ਼ਾਰ ਹਰੀਜਨ ਟੀਚਰਜ਼ ਨਾਲ ਤੁਅੱਲਕ ਰਖਦੀ ਹੈ। ਉਨ੍ਹਾਂ ਟੀਚਰਾਂ ਨੂੰ 1975-76 ਵਿਚ ਟ੍ਰੇਨਿੰਗ ਸਰਕਾਰ ਨੇ ਦਿੱਤੀ ਸੀ ਅਤੇ ਕਿਹਾ ਸੀ ਕਿ ਰਿਜ਼ਰਵ ਕੋਟਾ

Original with;
Punjab Vidhan Sabha
Digitized by;
Panjab Digital Library

ਪੂਰਾ ਕਰਕੇ ਉਨ੍ਹਾਂ ਨੂੰ ਅਪੁਆਇੰਟਮੈਂਟ ਦਿੱਤੀ ਜਾਵੇਗੀ। (ਵਿਘਨ) ਸਪੀਕਰ ਸਾਹਿਬ, ਉਹ ਗਰੀਬ ਅਜੇ ਤਕ ਵਿਹਲੇ ਫਿਰਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਡੇਢ ਹਜ਼ਾਰ ਹਰੀਜਨ ਟੀਚਰਜ਼ ਨੂੰ ਫੌਰਨ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮਾਸਟਰ ਚੰਦ ਸਿੰਘ ਚੋਪੜਾ ਜੀ, ਤੁਹਾਡੀ ਐਡਜਰਨਮੈਂਟ ਮੋਸ਼ਨ ਵਕਤ ਸਿਰ ਨਹੀਂ ਮਿਲੀ ਸੀ। ਜਿਹੜਾ ਮਸਲਾ ਉਸ ਐਡਜਰਨਮੈਂਟ ਮੋਸ਼ਨ ਵਿਚ ਮੂਵ ਕੀਤਾ ਹੈ, ਉਹ ਮਸਲਾ ਪੁਰਾਣਾ ਹੈ ਅਤੇ ਨਵਾਂ ਨਹੀਂ ਹੈ। (ਵਿਘਨ) (ਸ਼ੋਰ)

(**ਆਵਾਜ਼ਾਂ** : ਸਪੀਕਰ ਸਾਹਿਬ, ਉਹ ਬਾਹਰ ਧਰਨੇ ਤੇ ਬੈਠੇ ਹਨ।)

[ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ (ਵਿਘਨ) (ਸ਼ੋਰ)]

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਅੱਜ ਮਿਲਾਪ ਅਖਬਾਰ ਵਿਚ ਆਇਆ ਹੈ ਕਿ ਗੁਰੂ ਨਾਨਕ ਨਿਵਾਸ ਨੂੰ ਖਾਲਿਸਤਾਨ ਵਾਲਿਆਂ ਨੇ ਸਿਆਸੀ ਅੱਡਾ ਬਣਾ ਲਿਆ ਹੈ। (ਵਿਘਨ) (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇੱਕ ਸਬਮਿਸ਼ਨ ਕਰਨਾ ਚਾਹੁੰਦਾ ਹਾਂ ਕਿ ਇਕ ਐਡਜਰਨਮੈਂਟ ਮੋਸ਼ਨ ਆਈ ਸੀ ਜੋ ਕਿ ਤੁਸੀਂ ਰਿਜੈਕਟ ਕਰ ਦਿਤੀ। ਉਸ ਤੇ ਸਪੀਚਾਂ ਹੋਈਆਂ ਹਨ, ਪਰ ਤੁਸੀਂ ਕਿਹਾ ਹੈ ਕਿ ਮੇਰੇ ਚੈਂਬਰ ਵਿਚ ਆ ਜਾਣਾ ਅਤੇ ਗੱਲ ਕਰ ਲੈਣਾ। ਜੋ ਵੀ, ਸਪੀਕਰ ਸਾਹਿਬ, ਤੁਸੀਂ ਮੁਨਾਸਿਬ ਸਮਝੋਗੇ ਅਸੀਂ ਉਸ ਤੇ ਕਾਰਵਾਈ ਕਰਾਂਗੇ। ਸਪੀਕਰ ਸਾਹਿਬ, ਇਹ ਪੁਰਾਣੀ ਪਰੰਪਰਾ ਹੈ ਜੋ ਕਿ ਤੋੜਨੀ ਨਹੀਂ ਚਾਹੀਦੀ।

CALL ATTENTION NOTICES UNDER RULE 66

(ਕ੍ਰਮ ਨੰ: 55)

ਮਾਸਟਰ ਦਲੀਪ ਚੰਦ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਿੰਡ ਮਹੁਰਾਂ ਤਹਿਸੀਲ ਬਲਾਚੌਰ ਨੂੰ ਚੋਅ ਦਾ ਭਾਰੀ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਪੰਦਰਾਂ ਦਿਨਾਂ ਵਿਚ ਚੋਅ ਨੇ ਬਹੁਤ ਸਾਰੀ ਜ਼ਮੀਨ ਰੋੜ੍ਹਕੇ ਪਿੰਡ ਦੇ ਅੰਦਰ ਵੱਲ ਰੁੱਖ ਕੀਤਾ ਹੋਇਆ ਹੈ। ਇਕ ਭਾਰੀ ਬਾਰਸ਼ ਹੋਣ ਤੇ ਪਿੰਡ ਦੇ ਰੁੜ੍ਹ ਜਾਣ ਦਾ ਖਤਰਾ ਹੈ। ਇਸ ਕਰਕੇ ਪਿੰਡ ਦੇ ਲੋਕਾਂ ਵਿਚ ਖਾਸ ਕਰਕੇ ਅਤੇ ਇਲਾਕੇ ਵਿਚ ਆਮ ਕਰਕੇ ਬੇਚੈਨੀ ਫੈਲੀ ਹੋਈ ਹੈ। ਸਰਕਾਰ ਸਦਨ ਵਿਚ ਬਿਆਨ ਦੇਵੇ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਪਿੰਡ ਮਹੁਰਾਂ ਤਹਿਸੀਲ ਬਲਾਚੌਰ ਦੇ ਨਜ਼ਦੀਕ ਵਾਲਾ ਚੋਅ ਕੈਨਾਲਾਈਜ਼ਡ ਨਹੀਂ ਹੈ। ਰੈਗੂਲਰ ਕਿਨਾਰਿਆਂ ਅਤੇ ਅਜਿਹੇ ਹੋਰ ਕੰਮਾਂ ਦੀ ਉਸਾਰੀ ਕਰਨ ਸਮੇਂ ਚੋਆਂ ਦੇ ਨਾਲ ਲਗਦੀ ਸਾਰੀ ਭੋਂ ਨੂੰ ਕੰਟੈਂਪਲੇਟ ਨਹੀਂ ਕੀਤਾ ਜਾਂਦਾ।

ਪੇਂਡੂ ਆਬਾਦੀ ਦੀ ਸੁਰੱਖਿਆ ਸਬੰਧੀ ਸਥਾਨ ਕਾਰਜ ਉਥੋਂ ਦੀ ਲੋੜ ਅਨੁਸਾਰ ਕੀਤੇ ਜਾਣਗੇ। ਮੌਕੇ ਤੇ ਸਥਿਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਮਿਤੀ 5 ਜੁਲਾਈ, 1980 ਨੂੰ ਇਸ ਪਿੰਡ ਵਿਚ ਲੋਕਾਂ ਨਾਲ ਜਾ ਕੇ ਮੌਕਾ ਦੇਖਿਆ ਹੈ । ਸਪੀਕਰ ਸਾਹਿਬ, 15 ਦਿਨ ਹੋਏ ਹਨ ਚੌਅ ਨਾਲ 30–35 ਖੇਤ ਖ਼ਤਮ ਹੋ ਗਏ। ਬਾਕੀ ਦਾ ਰਕਬਾ ਰੇਤਲਾ ਹੈ ਅਤੇ ਜੇਕਰ ਉਥੇ ਵਕਤ-ਸਿਰ ਕੋਈ ਪ੍ਰਬੰਧ ਨਾ ਕੀਤਾ ਗਿਆ ਤਾਂ ਪਿੰਡ ਦੇ ਲੋਕਾਂ ਦੀ ਜਾਨ ਅਤੇ ਮਾਲ ਦਾ ਭਾਰੀ ਨੁਕਸਾਨ ਹੋਣ ਦਾ ਡਰ ਹੈ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਜਲਦੀ ਤੋਂ ਜਲਦੀ ਉਥੇ ਕੋਈ ਪ੍ਰਬੰਧ ਕਰਨਗੇ ਤਾਕਿ ਭਾਰੀ ਨੁਕਸਾਨ ਹੋਣ ਤੋਂ ਬਚਾਓ ਹੋ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਜੋ ਕਲ ਸ਼ਾਮ ਨੂੰ ਮੈਨੂੰ ਰਿਪੋਰਟ ਮਿਲੀ ਹੈ ਅਤੇ ਮੈਂ ਜਿਸ ਅਫ਼ਸਰ ਦੀ ਜ਼ਿਮੇਂਵਾਰੀ ਲਾਈ ਸੀ, ਉਸ ਨੇ ਦੱਸਿਆ ਹੈ ਕਿ ਪਿੰਡ ਵਾਲੇ ਪਾਸੇ ਨੂੰ ਕਟਾਈ ਕਰ ਦਿਤੀ ਗਈ ਹੈ। ਮੈਂ ਅਫ਼ਸਰਾਂ ਨੂੰ ਵੀ ਕਹਿ ਦਿਤਾ ਹੈ ਕਿ ਇਸ ਦਾ ਜਲਦੀ ਤੋਂ ਜਲਦੀ ਕੋਈ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਨ ।

(Serial No. 63)

(1) **Master Babu Singh**
(2) **Comrade Buta Singh** } : Sir, I beg to draw the attention of the Government towards a matter of urgent public importance, namely, the shortage and non-availability of vaccine for Rabbies and Hydrophobia cases in the State. The Government has utterly failed in providing vaccine and thus the victims are adversely affected and there is likelihood of loss of lives of human beings as well as animals.

The Government is requested to make a statement regarding the measures taken or to be taken for the supply of the vaccine to cure the patients in time in the State, district-wise in order to dispel frustration and resentment amongst people.

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਪੰਜਾਬ ਰਾਜ ਵਿਚ ਐਂਟੀ-ਰੈਬੀਜ਼ ਵੈਕਸੀਨ ਦੀ ਕੋਈ ਥੁੜ੍ਹ ਨਹੀਂ ਹੈ। ਡਾਇਰੈਕਟਰ ਜਨਰਲ, ਹੈਲਥ ਸਰਵਿਸਿਜ਼, ਗੌਰਮਿੰਟ ਆਫ ਇੰਡੀਆ ਜਿਸ ਦੇ ਮਾਤਹਿਤ ਐਂਟੀ ਰੈਬੀਜ਼ ਵੈਕਸੀਨ ਦੀ ਪਰੋਡਕਸ਼ਨ ਹੁੰਦੀ ਹੈ ਅਤੇ ਸਾਰੇ ਸੂਬਿਆਂ ਨੂੰ ਉਹ ਐਂਟੀ-ਰੈਬੀਜ਼ ਵੈਕਸੀਨ ਅਲਾਟ ਕਰਦੇ ਹਨ, ਉਨ੍ਹਾਂ ਨੇ ਪੰਜਾਬ ਰਾਜ ਦੇ ਸਿਹਤ ਵਿਭਾਗ ਨੂੰ 75,000 ਡੋਜ਼ਿਜ਼ ਹਰ ਮਹੀਨੇ ਕਸੌਲੀ ਤੋਂ ਖਰੀਦਣ ਦੀ ਆਗਿਆ ਦਿੱਤੀ ਹੋਈ ਹੈ। ਇਸ ਸਾਲ ਵਿਚ ਜਨਵਰੀ, 1980 ਤੋਂ ਲੈ ਕੇ ਜੂਨ, 1980 ਤੱਕ ਪੰਜਾਬ ਰਾਜ ਵਿਚ ਵੱਖ ਵੱਖ ਹਸਪਤਾਲਾਂ ਅਤੇ ਐਂਟੀਰੈਬੀਜ਼ ਸੈਂਟਰਾਂ ਵਿਚ ਕੁਲ 3,41,00 ਡੋਜ਼ਿਜ਼ ਐਂਟੀ ਰੈਬੀਜ਼ ਵੈਕਸੀਨ ਮੰਗਵਾਈ ਗਈ ਹੈ ।

ਜਨਵਰੀ, 1980 ਤੋਂ ਲੈ ਕੇ ਜੂਨ, 1980 ਤੱਕ ਸਿਰਫ ਇਕ ਮੌਤ ਰੈਬੀਜ਼ ਨਾਲ ਜਲੰਧਰ ਜ਼ਿਲ੍ਹੇ ਵਿਚ ਹੋਈ ਹੈ ।

ਮਾਸਟਰ ਬਾਬੂ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜਿਹੜੇ ਇੰਜੈਕਸ਼ਨਜ਼ ਭੇਜੇ ਜਾਂਦੇ ਹਨ ਕੀ ਇਹ ਡਿਸਟ੍ਰਿਕਟ-ਵਾਈਜ਼ ਫਿਕਸਡ ਨੰਬਰ ਤੇ ਭੇਜੇ ਜਾਂਦੇ ਹਨ ? ਹਲਕੇ ਕੁੱਤਿਆਂ ਦੇ ਵੱਢਣ ਦੇ ਕੇਸਿਜ਼ ਦਾ ਕੋਈ ਖਾਸ ਐਸਟੀਮੇਟ ਨਹੀਂ ਲਗ ਸਕਦਾ। ਇਸ ਲਈ ਕੋਈ ਐਸੀ ਚੀਜ਼ ਤਾਂ ਨਹੀਂ ਹੈ ਕਿ ਵੈਕਸੀਨ ਦੀਆਂ ਡੋਜ਼ਾਂ ਫਿਕਸਡ ਨੰਬਰ ਤੇ ਹੀ ਡਿਸਟ੍ਰਿਕਟ-ਵਾਈਜ਼

Original with;
Punjab Vidhan Sabha
Digitized by;
Panjab Digital Library

ਦਿੱਤੀਆਂ ਜਾਣਗੀਆਂ, ਕਿਉਂਕਿ ਕਿਸੇ ਵੇਲੇ ਕਿਸੇ ਜ਼ਿਲ੍ਹੇ ਵਿਚ ਐਸੇ ਕੇਸਿਜ਼ ਦਾ ਨੰਬਰ ਵਧ ਵੀ ਸਕਦਾ ਹੈ। ਕੋਈ ਅਜਿਹੀ ਸ਼ਰਤ ਤਾਂ ਨਹੀਂ ਰਿਬਸਡ ਨੰਬਰ ਵਾਲੀ ਕਿ ਉਸ ਤੋਂ ਵੱਧ ਇੰਜੈਕਸ਼ਨ ਉਸ ਜ਼ਿਲੇ ਨੂੰ ਨਹੀਂ ਦਿੱਤੇ ਜਾ ਸਕਦੇ ਚਾਹੇ ਉਥੇ ਉਸ ਦੀ ਲੋੜ ਵੀ ਹੋਵੇ ?

ਵਿੱਤ ਮੰਤਰੀ : ਕੁੱਲ ਪੰਜਾਬ ਵਾਸਤੇ 9 ਲੱਖ ਡੋਜ਼ਿਜ਼ ਦਾ ਕੋਟਾ ਮੁਕੱਰਰ ਹੈ ਲੇਕਿਨ ਜ਼ਰੂਰਤ ਪੈਣ ਤੇ ਇਹ ਵੱਧ ਵੀ ਸਕਦਾ ਹੈ। ਇਹ ਕੋਟਾ ਕਿਸੇ ਜ਼ਿਲ੍ਹੇ ਵਿਚ ਵੀ ਐਗਜ਼ਾਸਟ ਨਹੀਂ ਹੋਇਆ ਬਲਕਿ ਖਰਚ ਉਸ ਤੋਂ ਘਟ ਹੁੰਦਾ ਰਿਹਾ ਹੈ। 1977 ਵਿਚ 8 ਲੱਖ ਡੋਜ਼ਿਜ਼ ਖਰਚ ਹੋਈਆਂ, 1978 ਵਿਚ 5 ਲੱਖ ਦਾ ਕੋਟਾ ਲਗਿਆ, 1979 ਵਿਚ 6 ਲੱਖ ਡੋਜ਼ਿਜ਼ ਲਗੀਆਂ ਔਰ ਜੂਨ, 1980 ਤਕ 3,41,038 ਡੋਜ਼ਿਜ਼ ਖਰਚ ਹੋਈਆਂ ਹਨ। ਹਰ ਜ਼ਿਲੇ ਵਿਚ ਵੱਖ ਵੱਖ ਕੋਟਾ ਅਲਾਟਿਡ ਹੈ ਔਰ ਜ਼ਰੂਰਤ ਪੈਣ ਤੇ ਹੋਰ ਵੈਕਸੀਨਾਂ ਭੇਜੀਆਂ ਜਾਂਦੀਆਂ ਹਨ। ਐਸੀ ਵੈਕਸੀਨ ਦੀ ਕਦੇ ਵੀ ਪੰਜਾਬ ਵਿਚ ਥੁੜ੍ਹ ਨਹੀਂ ਹੋਈ ਔਰ ਪੰਜਾਬ ਸਰਕਾਰ ਵਲੋਂ ਮੈਂ ਯਕੀਨ ਦਿਲਾਉਂਦਾ ਹਾਂ ਕਿ ਪੰਜਾਬ ਵਿਚ ਕੋਈ ਵਿਅਕਤੀ ਵੀ, ਜਿਸ ਨੂੰ ਐਂਟੀ-ਰੈਬੀਜ਼ ਵੈਕਸੀਨ ਦੀ ਜ਼ਰੂਰਤ ਹੈ, ਔਰ ਇਹ ਡਰ ਹੈ ਕਿ ਹਲਕੇ ਹੋਏ ਕੁੱਤੇ ਨੇ ਉਸ ਨੂੰ ਕੱਟਿਆ ਹੈ, ਉਸ ਦੀ ਮੌਤ ਇਸ ਵੈਕਸੀਨ ਦੀ ਘਾਟ ਕਰਕੇ ਨਹੀਂ ਹੋਏਗੀ। ਕਿਸੇ ਡਾਕਟਰ ਦੀ ਅਣਗਹਿਲੀ ਨਾਲ ਕਦੇ ਵੀ ਕਿਸੇ ਦੀ ਮੌਤ ਨਹੀਂ ਹੋਈ ਔਰ ਸਰਕਾਰ ਇਸ ਬਾਰੇ ਪੂਰਾ ਪ੍ਰਬੰਧ ਕਰੇਗੀ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਤਹਿਸੀਲ ਮਾਨਸਾ ਵਿਚ ਇਸ ਦਵਾਈ ਦੀ ਘਾਟ ਰਹਿੰਦੀ ਹੈ, ਇਸ ਬਾਰੇ ਦੱਸਿਆ ਜਾਏ ?

ਵਿੱਤ ਮੰਤਰੀ : ਸਰਕਾਰ ਕੋਲ ਐਸੀ ਕੋਈ ਇਤਲਾਹ ਨਹੀਂ ਕਿ ਇਸ ਦਵਾਈ ਦੀ ਘਾਟ ਹੈ। ਲੇਕਿਨ ਮੈਂ ਯਕੀਨ ਦਿਵਾਉਂਦਾ ਹਾਂ ਕਿ ਅਗਰ ਕਿਸੇ ਜਗ੍ਹਾ ਇਸ ਦਵਾਈ ਦੀ ਘਾਟ ਬਾਰੇ ਇਹ ਮੇਰੇ ਨੋਟਿਸ ਵਿਚ ਲਿਆਉਣ ਤਾਂ ਉਥੇ ਉਹ ਘਾਟ ਪੂਰੀ ਕੀਤੀ ਜਾਏਗੀ। ਹਰ ਸਬ-ਡਵੀਜ਼ਨ ਲੈਵਲ ਤੇ ਖਾਸ ਤੌਰ ਤੇ ਇਹੋ ਜਿਹਾ ਪ੍ਰਬੰਧ ਹੋਏਗਾ, ਜਿਥੇ ਹਰ ਵੇਲੇ ਸਟੋਰ ਵਿਚ ਐਂਟੀ-ਰੈਬੀਜ਼ ਵੈਕਸੀਨ ਮੌਜੂਦ ਰਹੇਗੀ।

ਸ਼੍ਰੀ ਸਪੀਕਰ : ਅਗਲੀ ਕਾਲ ਅਟੈਨਸ਼ਨ ਨੰ: 70 ਵੱਲੋਂ ਕਾਮਰੇਡ ਰਾਜ ਕੁਮਾਰ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ (ਵਿਘਨ)

ਸ਼੍ਰੀ ਸਪੀਕਰ : ਇਹ ਬਾਅਦ ਵਿਚ ਕਰ ਲੈਣਾ (ਵਿਘਨ)

(*Serial No.* 70)

Comrade Raj Kumar : Sir, I beg to draw the attention of the Government towards a matter of urgent public importance, namely, eight Harijans were seriously injured and public address system smashed when some landlords and their musclemen using firearms and other weapons, attacked a public meeting in village Hassanpur, District Patiala on July 5. No police help came for the arrest of aggressors. Terrified Harijans are demanding protection of their life and property. Besides this, there are reports of great anxiety over the incident in the State.

In view of the obvious urgency and public importance of the matter, the Government may make a statement in the House.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਮੇਰੀ ਅਰਜ਼ ਹੈ ਕਿ ਅਗਰ ਇਸ ਕਾਲ ਅਟੈਨਸ਼ਨ ਮੋਸ਼ਨ ਨੂੰ ਕੁਝ ਦੇਰ ਲਈ ਮੁਲਤਵੀ ਕੀਤਾ ਜਾਏ ਤਾਂ ਠੀਕ ਹੈ ਕਿਉਂਕਿ ਜੋ ਅਫ਼ਸਰਾਂ ਦੀ ਕਮੇਟੀ ਹੈ, ਜਿਸ ਵਿਚ ਡੀ. ਆਈ. ਜੀ., ਪਟਿਆਲਾ ਅਤੇ ਉਸ ਦੇ ਨਾਲ ਐਸ. ਪੀ., ਪਟਿਆਲਾ, ਜੋ ਉਥੇ ਵਾਕਿਆਤ ਜਾ ਕੇ ਦੇਖ ਕੇ ਆਏ ਹਨ, ਉਨ੍ਹਾਂ ਨੇ ਰਿਪੋਰਟ ਕੀਤੀ ਹੈ। ਲੇਕਿਨ ਇਸ ਉਪਰੰਤ ਮੈਂ 3, 4 ਐਮ. ਐਲ. ਏਜ਼. ਸਾਹਿਬਾਨ ਦੀ ਡਿਊਟੀ ਲਗਾਈ ਹੈ ਕਿ ਇਸ ਦੀ ਫਰਦਰ ਵੈਰੀ-ਫੀਕੇਸ਼ਨ ਕਰਕੇ ਆਉਣ। ਉਨ੍ਹਾਂ ਦੀ ਰਿਪੋਰਟ ਆਉਣ ਤੇ ਮੈਂ ਇਥੇ ਸਟੇਟਮੈਂਟ ਦੇ ਸਕਾਂਗਾ ਨਹੀਂ ਤਾਂ ਰਿਪੋਰਟ ਮੇਰੇ ਕੋਲ ਹੈ, ਉਸ ਬਾਰੇ ਮੈਂ ਦਸ ਦਿੰਦਾ ਹਾਂ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੋ ਗੱਲਾਂ ਕੀਤੀਆਂ ਹਨ। ਇੱਕ ਤਾਂ ਹਾਈ ਪਾਵਰਡ ਕਮੇਟੀ ਬਣਾਈ ਹੈ ਅਫ਼ਸਰਾਂ ਦੀ ਜੋ ਕਿ ਇਨਵੈਸਟੀਗੇਸ਼ਨਜ਼ ਕਰਨ ਲਈ ਉਥੇ ਗਈ ਹੈ। ਦੂਜਾ ਇਨ੍ਹਾਂ ਨੇ ਫਰਮਾਇਆ ਹੈ ਕਿ ਇੱਕ ਐਮ. ਐਲ. ਏਜ਼, ਦੀ ਕਮੇਟੀ ਬਣਾਈ ਹੈ। ਉਹ ਕਮੇਟੀ ਉਥੇ ਗਈ ਹੈ ਔਰ ਦੋਵੇਂ ਰਿਪੋਰਟਾਂ ਅਵੈਟਿਡ ਹਨ। ਉਹ ਰਿਪੋਰਟਾਂ ਆਉਣ ਤਾਂ ਉਹ ਸਟੇਟਮੈਂਟ ਦੇਣਗੇ। ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਜਾਪਦਾ। ਮੇਰਾ ਖਿਆਲ ਹੈ ਇਸ ਵਿਚ ਕੋਈ ਡਿਫੀਕਲਟੀ ਨਹੀਂ। ਅਖਬਾਰਾਂ ਭਰੀਆਂ ਪਈਆਂ ਹਨ। ਐਮ. ਐਲ. ਏਜ਼, ਨੇ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ। ਜਿਹੜੀ ਸਾਡੀ ਕਮੇਟੀ ਉਥੇ ਦੇਖ ਕੇ ਆਈ ਹੈ, ਉਸ ਬਾਰੇ ਅਖਬਾਰਾਂ ਵਿਚ ਛੱਪ ਚੁੱਕਾ ਹੈ। ਕੇ. ਪੀ. ਸਾਹਿਬ ਦੀ ਉਸ ਤੇ ਆਬਜ਼ਰਵੇਸ਼ਨ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਚੀਫ ਮਨਿਸਟਰ ਸਾਹਿਬ ਇਹ ਐਸ਼ਿਓਰ ਕਰਾਉਣ ਨੂੰ ਤਿਆਰ ਹਨ ਕਿ ਇਸ ਮਾਮਲੇ ਤੇ ਕੱਲ ਨੂੰ ਇਸ ਹਾਊਸ ਵਿਚ ਸਟੇਟਮੈਂਟ ਦੇ ਦੇਣਗੇ। ਫਿਰ ਉਸ ਰਿਪੋਰਟ ਤੇ ਅਸੀਂ ਵਿਚਾਰ ਕਰ ਲਵਾਂਗੇ।

(ਇਸ ਵੇਲੇ ਸਰਦਾਰ ਦਲੀਪ ਸਿੰਘ ਪਾਂਧੀ ਆਪਣੀ ਸੀਟ ਤੇ ਖੜੇ ਸਨ)

ਮੁੱਖ ਮੰਤਰੀ : ਮੈਂ ਕਹਾਂਗਾ ਕਿ ਪਾਂਧੀ ਸਾਹਿਬ ਨੂੰ ਕਿਹਾ ਜਾਏ ਕਿ ਉਹ ਬੈਠ ਕੇ ਦੇਖਣ, ਇਹ ਖੜੇ ਹੀ ਰਹਿੰਦੇ ਹਨ।

ਮੈਂ ਇਹ ਕਿਹਾ ਹੈ ਕਿ ਦੋਵੇਂ ਰਿਪੋਰਟਾਂ ਮੇਰੇ ਪਾਸ ਆਉਣ ਤੇ ਮੈਂ ਸਟੇਟਮੈਂਟ ਦੇਵਾਂਗਾ, ਅਗਰ ਮਨਜ਼ੂਰ ਹੈ ਤਾਂ ਠੀਕ ਹੈ। ਨਹੀਂ ਤਾਂ ਜੋ ਰਿਪੋਰਟ ਮੇਰੇ ਪਾਸ ਹੈ ਉਸ ਬਾਰੇ ਮੈਂ ਦਸ ਦਿੰਦਾ ਹਾਂ।

(ਇਸ ਵੇਲੇ ਸਰਦਾਰ ਦਲੀਪ ਸਿੰਘ ਪਾਂਧੀ ਔਰ ਸਰਦਾਰ ਬਸੰਤ ਸਿੰਘ ਖਾਲਸਾ ਦੋਵੇਂ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਸਨ)

ਸ਼੍ਰੀ ਸਪੀਕਰ : ਇਸ ਤਰ੍ਹਾਂ ਦੀ ਐਡਜਰਨਮੈਂਟ ਮੋਸ਼ਨ ਪਾਂਧੀ ਸਾਹਿਬ ਵਲੋਂ ਔਰ ਕਾਮਰੇਡ ਲੂੰਬਾ ਵਲੋਂ ਆਈ ਸੀ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਇਸ ਪੁਆਇੰਟ ਬਾਰੇ ਮੇਰੀ ਐਡਜਰਨਮੈਂਟ ਮੋਸ਼ਨ ਨੰ: 6 ਲਗੀ ਹੈ ਔਰ ਕਾਮਰੇਡ ਲੂੰਬਾ ਵਲੋਂ ਨੰ: 4 ਤੇ ਸੀ। ਉਨ੍ਹਾਂ ਦੀ ਤਾਂ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਲਈ, ਇਸ ਲਈ ਮੇਰੀ ਐਡਜਰਨਮੈਂਟ ਮੋਸ਼ਨ ਨੰ: 6 ਵੀ ਇਸ ਨਾਲ ਐਡ ਕਰਾਈ ਜਾਵੇ ਔਰ ਮੈਨੂੰ ਵੀ ਸਵਾਲ ਕਰਨ ਦੀ ਇਜਾਜ਼ਤ ਦਿੱਤੀ ਜਾਵੇ ?

ਸ਼੍ਰੀ ਸਪੀਕਰ : ਇਹ ਫਰੈਸ਼ ਨੋਟਿਸ ਹੈ। ਮੈਂ ਤੁਹਾਨੂੰ ਇਸ ਤੇ ਇੱਕ ਸਵਾਲ ਕਰਨ ਦਾ ਮੌਕਾ ਦਿੰਦਾ ਹਾਂ।

Original with;
Punjab Vidhan Sabha
Digitized by;
Panjab Digital Library

Chief Minister : Sir, I have not yet replied to the Call Attention Motion. What is the use of putting questions. They have no concern with it.

ਸਰਦਾਰ ਬਸੰਤ ਸਿੰਘ ਖਾਲਸਾ : ਕੋਈ ਸਵਾਲ ਨਹੀਂ ਕੀਤਾ ਜਾ ਰਿਹਾ । ਇਨ੍ਹਾਂ ਨੇ ਸਟੇਟਮੈਂਟ ਦੇਣੀ ਹੈ। ਜਿਵੇਂ ਇਨ੍ਹਾਂ ਨੇ ਕਮੇਟੀ ਬਣਾਈ ਹੈ ਉਸੇ ਤਰ੍ਹਾਂ ਆਪੋਜ਼ੀਸ਼ਨ ਨੇ ਵੀ ਕਮੇਟੀ ਬਣਾਈ ਹੈ ਅੱਜ ਇਸ ਦੀ ਰਿਪੋਰਟ ਤਿਆਰ ਹੈ ਅੱਜ ਇਸ ਨੂੰ ਮੈਂ ਹਾਊਸ ਦੀ ਟੇਬਲ ਤੇ ਰਖਦਾ ਹਾਂ।

ਸ੍ਰੀ ਸਪੀਕਰ : ਇਹ ਮੈਂ ਅਲਾਓ ਨਹੀਂ ਕਰਦਾ।

PAPER LAID ON THE TABLE

Finance Minister (Doctor Kewal Krishan) : I beg to lay on the Table the First Annual Report of the Punjab State Electronics Development and Production Corporation Limited for the year 1976-77, as required under section 619A(3)(b) of the Companies Act, 1956.

ਸਰਦਾਰ ਗੁਰਦਰਸ਼ਨ ਸਿੰਘ : ਸਪੀਕਰ ਸਾਹਿਬ, ਅਕਾਲੀ ਮੈਂਬਰ ਨੇ ਹਾਊਸ ਦੇ ਟੇਬਲ ਤੇ ਕੁੱਝ ਕਾਗਜ਼ ਰੱਖੇ ਹਨ।

ਸ੍ਰੀ ਸਪੀਕਰ : ਮੈਂ ਉਹ ਡਿਸਅਲਾਓ ਕਰ ਦਿਤੇ ਹਨ।

MOTION REGARDING INCREASE IN THE PRICES OF FERTILIZERS AND DIESEL AND THE DECISION OF THE F.C.I. NOT TO ENTER IN THE MARKET FOR THE PURCHASE OF PADDY CROP

Mr. Speaker : Next item on the Agenda Paper is Motion which stands in the names of Comrade Raj Kumar, Shri Gopal Krishan Chatrath, Sardar Surjit Singh Barnala and Master Chand Singh.

Comrade Raj Kumar (Dhariwal) : Sir, I beg to move—

> "That the situation arising out of the extraordinary increase in the prices of fertilizers and diesel resulting in unbearable burden on the Kisans and the decision of the Food Corporation of India not to enter in the market for the purchase of paddy crop be taken into consideration." .

ਜਨਾਬ, ਇਹ ਜਿਹੜੀ ਮੋਸ਼ਨ ਮੈਂ ਤੁਹਾਡੇ ਸਾਹਮਣੇ ਹਾਊਸ ਵਿਚ ਰੱਖੀ ਹੈ, ਇਸ ਦੇ ਸਬੰਧ ਵਿਚ ਪਿਛਲੇ ਦਿਨਾਂ ਵਿਚ ਹਾਊਸ ਵਿਚ ਬਹੁਤ ਕੁੱਝ ਹੋਇਆ ਸੀ ਅਤੇ ਸ਼ਾਇਦ ਉਸ ਦਾ ਹੀ ਸਿੱਟਾ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਇਹ ਮੁਨਾਸਿਬ ਖਿਆਲ ਕੀਤਾ ਕਿ ਇਸ ਦੇ ਉਤੇ 2 ਘੰਟੇ ਬਹਿਸ ਹੋਵੇ। ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਕਾਲ ਅਪਾਨ ਕੀਤਾ ਹੈ। ਮੈਂ ਇਸ ਮੋਸ਼ਨ ਦੇ ਸਬੰਧ ਵਿਚ ਆਪਣੀ ਪਾਰਟੀ ਦੇ ਵਿਚਾਰ ਰੱਖਾਂਗਾ। ਪਹਿਲੀ ਜੂਨ, 1980 ਨੂੰ ਸਾਡੀ ਮੌਜੂਦਾ ਸਰਕਾਰ ਹੋਂਦ ਵਿਚ ਆਈ ਸੀ ਅੱਜ ਇਸ ਬੈਕਗਰਾਊਂਡ ਵਿਚ ਹੋਂਦ ਵਿਚ ਆਈ ਸੀ ਕਿ ਬਹੁਤ ਵੱਡੇ ਪੈਮਾਨੇ ਤੇ .....

Original with;
Punjab Vidhan Sabha
Digitized by;
Panjab Digital Library

Shri Gopal Krishan Chatrath : ** ** **

Mr. Speaker : I rule out your Point of Order.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਪਹਿਲੀ ਜੂਨ, 1980 ਨੂੰ ਸਾਡੀ ਮੌਜੂਦਾ ਸਰਕਾਰ ਹੋਂਦ ਵਿਚ ਆਈ ਸੀ। ਉਸ ਵੇਲੇ ਇਨ੍ਹਾਂ ਨੇ ਕਿਹਾ ਸੀ ਕਿ ਚੀਜ਼ਾਂ ਦੀਆਂ ਜਿਹੜੀਆਂ ਪ੍ਰਾਈਸਿਜ਼ ਉਤਾਂਹ ਨੂੰ ਜਾ ਰਹੀਆਂ ਹਨ ਅਸੀਂ ਇਸ ਟਰੈਂਡ ਨੂੰ ਰੋਕਾਂਗੇ। ਦੂਜਾ ਇਹ ਕਿਹਾ ਸੀ ਕਿ ਜਿਹੜੀਆਂ ਪੈਦਾਵਾਰੀ ਇਨ-ਪੁੱਟਸ ਹਨ ਇਨ੍ਹਾਂ ਦੀਆਂ ਕੀਮਤਾਂ ਦੇ ਵਿਚ ਵਾਧੇ ਨੂੰ ਰੋਕ ਦਿਆਂਗੇ। ਸਪੀਕਰ ਸਾਹਿਬ, ਸ਼ਾਇਦ ਇਨ੍ਹਾਂ ਦੀ ਸਰਕਾਰ ਦੇ ਆਉਂਦਿਆਂ ਹੀ ਇਹ ਪਹਿਲਾ ਤੋਹਫਾ ਜਨਤਾ ਨੂੰ ਸੀ ਕਿ ਪਹਿਲੇ ਖਾਦ ਦੀ ਕੀਮਤ ਜਿਹੜੀ 100 ਰੁਪਿਆ ਪ੍ਰਤੀ ਬੋਰੀ ਹੁੰਦੀ ਸੀ ਉਹ 137 ਰੁਪਏ 50 ਪੈਸੇ ਹੋ ਗਈ। ਯੂਰੀਆ 72 ਰੁਪਏ 50 ਪੈਸੇ ਤੋਂ 100 ਰੁਪਏ ਪ੍ਰਤੀ ਬੋਰੀ ਹੋ ਗਿਆ। ਡੀ.ਏ.ਪੀ. ਜਿਹੜੀ ਪਹਿਲਾਂ 110 ਰੁਪਏ 50 ਪੈਸੇ ਪ੍ਰਤੀ ਬੋਰੀ ਹੁੰਦੀ ਸੀ ਉਹ 152 ਰੁਪਏ 50 ਪੈਸੇ ਹੋ ਗਈ। ਪੋਟਾਸ਼ 42 ਰੁਪਏ 50 ਪੈਸੇ ਤੋਂ 57 ਰੁਪਏ ਹੋ ਗਈ। ਡੀਜ਼ਲ ਦੀ ਕੀਮਤ 1 ਰੁਪਏ 65 ਪੈਸੇ ਤੋਂ 2 ਰੁਪਏ 28 ਪੈਸੇ ਹੋ ਗਈ। ਇਨ੍ਹਾਂ ਦੀ ਦਿੱਲੀ ਸਰਕਾਰ ਨੇ ਐਲਾਨ ਕੀਤਾ ਸੀ ਕਿ ਅਸੀਂ ਚੀਜ਼ਾਂ ਦੀਆਂ ਕੀਮਤਾਂ ਘਟਾਵਾਂਗੇ ਅਤੇ ਇਹ ਐਲਾਨ ਸਿਰਫ ਵੋਟਾਂ ਲੈਣ ਲਈ ਹੀ ਕੀਤਾ ਸੀ। ਪਰ ਜਿਸ ਵੇਲੇ ਵੋਟਾਂ ਪੈ ਗਈਆਂ ਤਾਂ ਚੀਜ਼ਾਂ ਦੇ ਭਾਅ ਹੋਰ ਵਧਣ ਦਾ ਐਲਾਨ ਕਰ ਦਿਤਾ। ਹੁਣ ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਦਾ ਕਾਰਨ ਇਹ ਦੱਸਿਆ ਹੈ ਕਿ ਦੁਨੀਆਂ ਵਿਚ ਪੈਟਰੋਲੀਅਮ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ ਅਤੇ ਉਸ ਦੇ ਕਾਰਨ ਹੀ ਸਾਨੂੰ ਕੀਮਤਾਂ ਵਧਾਉਣੀਆਂ ਪਈਆਂ ਹਨ ਵਰਨਾ ਅਸੀਂ ਵਧਾਉਣੀਆਂ ਨਹੀਂ ਸੀ। ਸਪੀਕਰ ਸਾਹਿਬ, ਮੈਂ ਹਿਸਟੋਰੀਕਲ ਫੈਕਟਸ ਤੁਹਾਡੇ ਸਾਹਮਣੇ ਰੱਖਾਂਗਾ। ਜਿਹੜੇ ਮੈਂ ਰੇਟ ਤੁਹਾਡੇ ਸਾਹਮਣੇ ਪੜ੍ਹ ਕੇ ਦੱਸੇ ਹਨ ਇਹ ਰੇਟ 1974-75 ਵਿਚ ਖਾਦ ਦੀਆਂ ਕੀਮਤਾਂ ਵੱਧਣ ਨਾਲ ਹੋ ਗਏ ਸਨ। ਪੈਟਰੋਲ ਦੀਆਂ ਕੀਮਤਾਂ ਹੁਣ ਫਿਰ ਵੱਧ ਗਈਆਂ ਹਨ। 1974-75 ਵਿਚ ਐਗਜ਼ੈਕਟਲੀ ਇਹੀ ਰੇਟ ਹੋ ਗਏ ਸਨ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਹ ਦਲੀਲ ਕਿ ਇਨ੍ਹਾਂ ਦੇ ਰੇਟ ਇਸ ਕਰਕੇ ਵਧਾਏ ਹਨ ਕਿ ਇੰਟਰਨੈਸ਼ਨਲ ਰੇਟ ਪੈਟਰੋਲੀਅਮ ਦੇ ਵੱਧ ਗਏ ਹਨ, ਇਹ ਗਲਤ ਹੈ। ਸਪੀਕਰ ਸਾਹਿਬ, ਅੱਜ ਤੁਹਾਨੂੰ ਪਤਾ ਹੈ ਕਿ ਅਨਫਾਰਚੂਨੇਟਲੀ ਆਸਾਮ ਵਿਚ ਕਿਹੋ ਜਿਹੇ ਹਾਲਾਤ ਪੈਦਾ ਹੋ ਗਏ ਹਨ ਜਿਸ ਦੇ ਕਾਰਨ ਉਥੇ ਸਾਡੀਆਂ ਸਾਰੀਆਂ ਰੀਫਾਈਨਰੀਜ਼ ਬੰਦ ਹੋ ਗਈਆਂ ਹਨ। ਉਸ ਦੇ ਨਤੀਜੇ ਦੇ ਤੌਰ ਤੇ ਮੁਲਕ ਅੰਦਰ ਫਰਟੇਲਾਈਜ਼ਰ ਦੀ ਪ੍ਰੋਡਕਸ਼ਨ ਘਟ ਗਈ। ਖਾਦ ਅਵੇਲੇਬਲ ਨਹੀਂ। (ਵਿਘਨ) ਇਸ ਗੱਲ ਨੂੰ ਤੁਸੀਂ ਛੁਪਾ ਨਹੀਂ ਸਕਦੇ। ਫਿਰ ਜਿਹੜੀਆਂ ਤਹਾਡੀਆਂ ਮਨਾਪਲਿਸਟਾਂ ਨਾਲ ਕੁਮਿਟਮੈਂਟਸ ਹਨ ਉਨ੍ਹਾਂ ਨੂੰ ਤੁਸੀਂ ਕਿਵੇਂ ਛਪਾਉਗੇ। ਨਤੀਜੇ ਦੇ ਤੌਰ ਤੇ ਤੇਲ ਦੀਆਂ ਕੀਮਤਾਂ ਵੱਧ ਗਈਆਂ ਹਨ। ਖਾਦ ਦੀਆਂ ਕੀਮਤਾਂ ਵੱਧ ਗਈਆਂ ਹਨ। ਸੀਮਿੰਟ ਦੀਆਂ ਕੀਮਤਾਂ ਵੱਧ ਗਈਆਂ ਹਨ। ਇਸ ਤਰ੍ਹਾਂ ਮੁਲਕ ਨੂੰ ਮਿਸਲੀਡ ਨਾ ਕਰੋ। ਇਹ ਇਕ ਪਾਰਟੀ ਦਾ ਨਹੀਂ ਸਗੋਂ ਨੈਸ਼ਨਲ ਮਾਮਲਾ ਹੈ ਅਤੇ ਐਗਰੀਕਲਚਰਲ ਪਰੋਡਕਸ਼ਨ ਦੇ ਬਾਰੇ ਵਿਚ ਪੰਜਾਬ ਦਾ ਇਕ ਵਿਸ਼ੇਸ਼ ਸਥਾਨ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ 1975-76 ਵਿਚ ਸੈਂਟਰਲ ਪੂਲ ਵਿਚ 55.60 ਪ੍ਰਤੀਸ਼ਤ ਕਣਕ ਦਿੰਦਾ ਸੀ ਅੱਜ 25.30 % ਚੌਲ ਦਿੰਦਾ ਸੀ। ਇਸ ਤਰ੍ਹਾਂ ਰਾਈਸ ਦੀ ਪ੍ਰੋਡਕਸ਼ਨ 60.61 ਲੱਖ ਟਨ ਬਣਦੀ ਹੈ। ਜਿੰਨੀ ਦੇਰ ਫਰਟੇਲਾਈਜ਼ਰ ਇਸਤੇਮਾਲ ਨਹੀਂ ਸੀ ਹੁੰਦੇ ਇਤਨੀ ਪ੍ਰੋਡਕਸ਼ਨ ਨਹੀਂ ਸੀ ਹੋ ਸਕਦੀ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਫਰਟੇਲਾਈਜ਼ਰ ਦਾ ਇਸਤੇਮਾਲ ਸਾਡੇ ਪੰਜਾਬ ਵਿਚ ਸਾਰੇ ਹਿੰਦੁਸਤਾਨ ਨਾਲੋਂ ਜ਼ਿਆਦਾ ਹੈ। 1969-70 ਵਿਚ ਅਸੀਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

734 ਮੀਟਰਿਕ ਟਨ ਨਾਈਟਰੋਜਨ ਵਰਤਦੇ ਸੀ, 131 ਮੀਟਰਿਕ ਟਨ ਫਾਸਫੋਰਸ ਵਰਤਦੇ ਸੀ ਅਤੇ 11 ਮੀਟਰਿਕ ਟਨ ਪੋਟਾਸ਼ ਵਰਤਦੇ ਸੀ। ਪਰ ਅੱਜ 944 ਮੀਟਰਿਕ ਟਨ ਨਾਈਟਰੋਜਨ, 263 ਮੀਟਰਿਕ ਟਨ ਫ਼ਾਸਫੋਰਸ ਅਤੇ 22 ਮੀਟਰਿਕ ਟਨ ਪੋਟਾਸ਼ ਅਸੀਂ ਵਰਤਦੇ ਹਾਂ। ਮੇਰਾ ਇਹ ਵਿੱਗਹਜ਼ ਦੇਣ ਦਾ ਮਤਲਬ ਇਹ ਹੈ ਕਿ ਅਸੀਂ ਇਹ ਸਮਝ ਸਕੀਏ ਕਿ ਪੰਜਾਬ ਖਾਦ ਦੇ ਇਸਤੇਮਾਲ ਦੇ ਸਿਲਸਿਲੇ ਵਿਚ ਮੁਲਕ ਦੇ ਇਸ ਨਕਸ਼ੇ ਵਿਚ ਕਿਥੇ ਖੜ੍ਹਾ ਹੈ ਅਤੇ ਮੁਲਕ ਦੀ ਪਰੋਡਕਸ਼ਨ ਵਿਚ ਸਾਡਾ ਪੰਜਾਬ ਕਿਥੇ ਖੜ੍ਹਾ ਹੈ। ਅਗਰ ਇਸ ਮਾਮਲੇ ਨੂੰ ਪਾਰਟੀ ਦਾ ਮਾਮਲਾ ਬਣਾ ਦਿਓ ਤਾਂ ਸ਼ਾਇਦ ਸਾਨੂੰ ਇਹ ਮਾਣ ਪ੍ਰਾਪਤ ਨਾ ਹੋਵੇ। ਸਪੀਕਰ ਸਾਹਿਬ, ਜਿਸ ਵੇਲੇ 1974-75 ਵਿਚ ਖਾਦ ਦੀਆਂ ਕੀਮਤਾਂ ਵੱਧੀਆਂ ਸਨ ਤਾਂ ਉਦੋਂ ਪ੍ਰੋਡਕਸ਼ਨ ਲਗਾਤਾਰ ਘੱਟਦੀ ਰਹੀ ਪਰ ਜਦੋਂ ਕੀਮਤਾਂ ਗਿਰਨੀਆਂ ਸ਼ੁਰੂ ਹੋ ਗਈਆਂ ਤਾਂ ਵ੍ਹੀਟ 1974-75 ਵਿਚ 52.86 ਮਿਲੀਅਨ ਟਨ ਹੋਈ; ਰਾਈਸ 11.79 ਮਿਲੀਅਨ ਟਨ ਹੋਇਆ ਸੀ। ਇਸ ਤਰ੍ਹਾਂ ਸਾਡੀ ਵ੍ਹੀਟ ਦੀ ਜਿਹੜੀ ਪਹਿਲਾਂ ਆਊਟ ਪੁੱਟ 52.86 ਮਿਲੀਅਨ ਟਨ ਸੀ ਉਹ ਘਟ ਕੇ 51.81 ਤੇ ਆ ਗਈ। ਅੱਜ ਜਿਹੜੀਆਂ ਕੀਮਤਾਂ ਵੱਧੀਆਂ ਹਨ ਉਨ੍ਹਾਂ ਦਾ ਨਤੀਜਾ ਫਿਰ ਉਹੀ ਨਿਕਲੇਗਾ ਜੋ ਨਤੀਜਾ 1974-75 ਵਿਚ ਨਿਕਲਿਆ ਸੀ। 1977-78 ਵਿਚ ਇਹ ਕੀਮਤਾਂ ਘਟੀਆਂ ਅਤੇ ਪ੍ਰੋਡਕਸ਼ਨ ਫਿਰ ਵੱਧ ਗਈ। ਅੱਜ ਇਕ ਪਾਸੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਹ ਟੀਚਾ ਰੱਖਿਆ ਹੈ ਕਿ ਅਸੀਂ ਐਗਰੀਕਲਚਰ ਪਰੋਡਕਸ਼ਨ ਨੂੰ ਬੂਸਟ ਦੇਣੀ ਹੈ, ਪਰ ਦੂਜੇ ਪਾਸੇ ਜੇ ਇਸੇ ਤਰ੍ਹਾਂ ਕੀਮਤਾਂ ਵੱਧਣ ਤਾਂ ਫਿਰ ਇਹ ਇਨ੍ਹਾਂ ਦਾ ਨਿਸ਼ਾਨਾ ਪੂਰਾ ਨਹੀਂ ਹੋਣ ਲੱਗਾ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਇਸ ਦੇ ਬਹੁਤ ਗਲਤ ਨਤੀਜੇ ਨਿਕਲਣਗੇ। ਅਤੇ ਇਹ ਮੁਲਕ ਦੇ ਖਿਲਾਫ ਜਾਣਗੇ। ਲੇਕਿਨ ਜੇ ਇਹ ਇਕੱਲੀ ਗੱਲ ਹੋਵੇ ਤਾਂ ਮੈਂ ਕਹਾਂ। ਇਸ ਦੇ ਨਾਲ ਹੀ ਕੁਝ ਹੋਰ ਵੀ ਗੱਲਾਂ ਹਨ। ਇਕ ਗੱਲ ਇਹ ਹੈ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਪੈਡੀ ਪਰਚੇਜ਼ ਕਰਨ ਵਾਸਤੇ ਮਾਰਕਿਟ ਵਿਚ ਨਹੀਂ ਆਉਣਾ ਚਾਹੁੰਦੀ। ਦੂਸਰਾ ਇਹ ਕਿ ਮਾਰਕੀਟਿੰਗ ਦੇ ਜ਼ੋਨ ਤੋੜ ਦਿੱਤੇ ਗਏ ਹਨ। ਤੀਸਰਾ ਇਹ ਕੀ ਫਰਟੇਲਾਈਜ਼ਰ ਦੀ ਕੀਮਤ ਵੱਧ ਗਈ ਹੈ ਅੌਰ ਇਸ ਦਾ ਨਤੀਜਾ ਇਹ ਨਿਕਲੇਗਾ ਕਿ ਪ੍ਰੋਡਕਸ਼ਨ ਬਹੁਤ ਥੱਲੇ ਚਲੀ ਜਾਵੇਗੀ। ਫਿਰ ਇਸ ਘਟੀ ਹੋਈ ਪ੍ਰੋਡਕਸ਼ਨ ਦੀ ਹਾਲਤ ਵਿਚ , ਸਪੀਕਰ ਸਾਹਿਬ, ਸ਼ਾਰਟੇਜ ਦੇ ਬਹਾਨੇ ਵਿਚ ਏਲੰਕ ਵਧੇਗੀ, ਚੀਜ਼ਾਂ ਦੀਆਂ ਕੀਮਤਾਂ ਵੱਧਣਗੀਆਂ ਅਤੇ ਅਜਿਹੇ ਹਾਲਾਤ ਪੈਦਾ ਹੋ ਜਾਣਗੇ ਜਿਸ ਤੋਂ ਵੱਡੇ ਲੋਕ ਫਾਇਦਾ ਉਠਾ ਸਕਣਗੇ। ਮੈਂ ਇਸ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਉਤੇ ਸਾਨੂੰ ਸਾਰਿਆਂ ਨੂੰ ਬੜੀ ਸੰਜੀਦਗੀ ਦੇ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਇਸ ਦਾ ਹੱਲ ਕੀ ਹੈ? ਸਪੀਕਰ ਸਾਹਿਬ, ਜਿਸ ਵਕਤ ਸੰਨ 1974-75 ਵਿਚ ਖਾਦ ਦੀਆਂ ਕੀਮਤਾਂ ਵਧਾਈਆਂ ਗਈਆਂ ਸਨ ਤਾਂ ਉਸ ਵਕਤ ਗੌਰਮਿੰਟ ਨੇ ਕੁਝ ਇਨਸੈਂਟਿਵਜ਼ ਦਿੱਤੇ ਸਨ ਜਿਨ੍ਹਾਂ ਵਿਚੋਂ ਇਕ ਇਨਸੈਂਟਿਵ ਜਿਹੜਾ ਸੀ ਉਹ ਬੋਨਸ ਦਾ ਸੀ। ਬੋਨਸ ਦਾ ਇਨਸੈਂਟਿਵ ਅਨਾਊਂਸ ਕਰਕੇ ਉਸ ਵਕਤ ਲੋਕਾਂ ਨੂੰ ਕੁਝ ਰਿਆਇਤ ਦਿੱਤੀ ਗਈ ਸੀ। ਲੇਕਿਨ ਅੱਜ ਅਸੀਂ ਬਗੈਰ ਕਿਸੇ ਇਨਸੈਂਟਿਵ ਦਿੱਤੇ ਜਾਂ ਕੋਈ ਸਬਸਿਡੀ ਦਿੱਤੇ ਇਹ ਤਵੱਕੋ ਨਹੀਂ ਕਰ ਸਕਦੇ ਕਿ ਇਨ੍ਹਾਂ ਵੱਧੀਆਂ ਹੋਈਆਂ ਖਾਦ ਦੀਆਂ ਕੀਮਤਾਂ ਵਿਚ ਪ੍ਰੋਡਕਸ਼ਨ ਜਿਹੜੀ ਹੈ ਉਸ ਦਾ ਉਹ ਟੈਮਪੋ ਜਾਰੀ ਰਖ ਸਕਾਂਗੇ। ਮੁਲਕ ਵਿਚ ਕਿਸਾਨ ਜਿਹੜੇ ਭਾਅ ਲੈਣ ਦੀ ਮੰਗ ਕਰਦਾ ਹੈ ਉਹ ਅਸੀਂ ਲਿਆਉਣ ਦਾ ਯਤਨ ਕਰੀਏ। ਸਪੀਕਰ ਸਾਹਿਬ, 100 ਰੁਪਿਆ ਕੁਵਿੰਟਲ ਪੈਡੀ ਦੀ ਜਿਹੜੀ ਕੀਮਤ ਮੁਕੱਰਰ ਕੀਤੀ ਗਈ ਹੈ ਮੈਂ ਸਮਝਦਾ ਹਾਂ ਕਿ ਫਰੀ ਮਾਰਕਿਟ ਇਕਾਨੌਮੀ ਵਿਚ ਇਹ ਘੱਟ ਹੈ ਜਦੋਂ ਕਿ ਐਫ. ਸੀ. ਆਈ. ਨੇ ਮਾਰਕਿਟ ਵਿਚ ਇਸ ਦੀ ਕੋਈ ਪਰਚੇਜ਼ ਨਾ ਕਰਨ ਦਾ ਐਲਾਨ ਕੀਤਾ ਹੈ। ਜੇ ਐਫ. ਸੀ. ਆਈ. ਨੇ ਮਾਰਕਿਟ ਵਿਚ ਪ੍ਰਚੇਜ਼ ਕਰਨ ਲਈ ਨਹੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਆਉਂਣਾ ਤਾਂ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਸ ਦੀ ਕੀਮਤ ਲੋਕਾਂ ਨੂੰ 90 ਜਾਂ 95 ਰੁਪਏ ਤੋਂ ਵੱਧ ਨਹੀਂ ਮਿਲ ਸਕਦੀ। ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਪਰਚੇਜ਼ ਦਾ ਸਿਸਟਮ ਹੈ ਉਸ ਦੇ ਮੁਤਾਬਿਕ ਅੱਜ ਵੱਧ ਰਹੀਆਂ ਕੀਮਤਾਂ ਦੇ ਮਤਾਬਿਕ ਜੋ ਕਿਸਾਨਾਂ ਦੀ ਤਰਫੋਂ ਮੰਗ ਕੀਤੀ ਗਈ ਹੈ, ਡੀਮਾਂਡ ਕੀਤੀ ਗਈ ਹੈ ਕਿ ਇਹ ਕੀਮਤ 100 ਰੁਪਏ ਦੀ ਬਜਾਏ 120 ਰੁਪਏ ਜਾਂ 130 ਪਰ ਕੁਇੰਟਲ ਕੀਤੀ ਜਾਵੇ, ਇਹ ਮੰਨ ਲੈਣੀ ਚਾਹੀਦੀ ਹੈ। ਇਹ ਉਨ੍ਹਾਂ ਦੀ ਬੜੀ ਹੱਕੀ ਮੰਗ ਹੈ। ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੋਨਸ ਦੇਣ ਦੀ ਪਾਲਿਸੀ ਜਿਹੜੀ ਹੈ ਉਹ ਮੁੜ ਕੇ ਇੰਟਰੋਡਿਊਸ ਕਰਨ ਦੀ ਲੋੜ ਹੈ ਅੱਜ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕਿਸਾਨਾਂ ਨੂੰ ਬੋਨਸ ਕੈਸ਼ ਦੀ ਸ਼ਕਲ ਵਿਚ ਮਿਲੇ ਤਾਂ ਕਿ ਗਰੋਅਰਜ਼ ਤਕ ਠੀਕ ਤਰੀਕੇ ਨਾਲ ਪਹੁੰਚ ਸਕੇ। ਇਹ ਚੀਜ਼ ਨਿਹਾਇਤ ਜ਼ਰੂਰੀ ਹੈ। ਜਿਹੜੀਆਂ ਖਾਦ ਦੀਆਂ ਕੀਮਤਾਂ ਵੱਧੀਆਂ ਹਨ ਉਨ੍ਹਾਂ ਨੂੰ ਇਸ ਹੱਦ ਤਕ ਸਬਸੀਡਾਈਜ਼ ਕੀਤਾ ਜਾਵੇ ਕਿ ਉਹ ਉਸੇ ਕੀਮਤ ਤੇ ਆ ਜਾਣ ਜਿਸ ਕੀਮਤ ਤੋਂ ਇਹ ਵੱਧਣੀਆਂ ਸ਼ੁਰੂ ਹੋਈਆਂ ਸਨ। ਬਾਕੀ ਚੀਜ਼ਾਂ ਤਾਂ ਬਹੁਤ ਸਾਰੀਆਂ ਹਨ ਪਰ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਲੌਂਗ ਰੇਂਜ ਪਾਲਿਸੀ ਬਣਾਉਣ ਦੀ ਲੋੜ ਹੈ। ਜਿਹੜੇ ਜ਼ੋਨ ਤੋੜ ਦਿੱਤੇ ਸਨ ਉਨ੍ਹਾਂ ਨੂੰ ਵੀ ਮੁੜ ਵਿਚਾਰਨ ਦੀ ਲੋੜ ਹੈ। (ਵਿਘਨ) ਆਸੀਂ, ਸਪੀਕਰ ਸਾਹਿਬ, ਫੂਡ ਗਰੇਨਜ਼ ਨੂੰ ਫਰੀ ਮਾਰਕਿਟ ਇਕਾਨੋਮੀ ਦੇ ਹਵਾਲੇ ਕਰ ਦਿੱਤਾ ਹੈ। ਗੌਰਮਿੰਟ ਆਪ ਮਾਰਕਿਟ ਵਿਚ ਆਵੇ ਅਤੇ ਹੋਲ-ਸੇਲ ਪਰਚੇਜ਼ ਜਿਹੜੀ ਹੈ ਇੰਟਰਨਲ ਜਾਂ ਐਕਸਟਰਨਲ ਉਹ ਸਰਕਾਰ ਆਪ ਕਰੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਹੈ ਉਸ ਨੂੰ ਆਪਣਾ ਓਪਰੇਸ਼ਨ ਐਕਸਪੈਂਡ ਕਰਨਾ ਚਾਹੀਦਾ ਹੈ। (ਵਿਘਨ)

ਸਪੀਕਰ ਸਾਹਿਬ, ਮੈਨੂੰ ਆਪਣੀ ਪਾਰਟੀ ਦਾ ਟਾਈਮ ਦੱਸ ਦਿਓ ਕਿ ਕਿੰਨਾ ਹੈ ਤਾਂ ਕਿ ਉਸ ਦੇ ਮੁਤਾਬਿਕ ਮੈਂ ਵਾਈਂਡ ਅੱਪ ਕਰ ਸਕਾਂ।

ਸ਼੍ਰੀ ਸਪੀਕਰ : ਤੁਹਾਡਾ ਸਾਰਾ 14 ਮਿੰਟ ਦਾ ਟਾਈਮ ਹੈ।

ਕਾਮਰੇਡ ਰਾਜ ਕੁਮਾਰ : ਸਾਡੀ ਪਾਰਟੀ ਦਾ ਟਾਈਮ 14 ਮਿੰਟ ਹੈ ਜੀ। (ਵਿਘਨ) ਵੈਰੀ ਸਟਰੇਂਜ। ਸਾਡੇ 2 ਸਪੀਕਰ ਬੋਲਣ ਵਾਲੇ ਹਨ। ਉਸ ਦੇ ਮੁਤਾਬਿਕ ਟਾਈਮ ਦੱਸ ਦਿਓ ਤਾਂ ਕਿ ਮੈਂ ਟਾਈਮ ਸਿਰ ਵਾਈਂਡ ਅੱਪ ਕਰ ਸਕਾਂ।

ਸ਼੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਹੀ ਕਰ ਦਿਓ ਜੀ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਡੀਜ਼ਲ ਦੇ ਸਬੰਧ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਸਵੇਰੇ ਇਸ ਦੇ ਮੁਤਲੱਕ ਇਕ ਸਵਾਲ ਵੀ ਆਇਆ ਸੀ ਜਿਸ ਦੇ ਜਵਾਬ ਵਿਚ ਇਥੇ ਦੱਸਿਆ ਗਿਆ ਸੀ ਕਿ ਇਸ ਡੀਜ਼ਲ ਦੀ ਸ਼ਾਰਟੇਜ ਦੇ ਇੰਟਰਨੈਸ਼ਨਲ ਕਾਰਨ ਹਨ। ਸ਼ਾਰਟੇਜ ਦੇ ਜੋ ਵੀ ਕਾਰਨ ਹੋਣ, ਪਰ ਡੀਜ਼ਲ ਦੀ ਸਪਲਾਈ ਦੇ ਸਿਲਸਿਲੇ ਵਿਚ ਜੋ ਮਈਅਰਜ਼ ਸ਼ਾਰਟੇਜ ਨੂੰ ਦੂਰ ਕਰਨ ਦੇ ਲਈ ਲਏ ਹਨ ਉਹ ਮਈਅਰਜ਼ ਨਾਕਾਫੀ ਹਨ। ਪੈਟਰੋਲ ਪੰਪਾਂ ਤੇ 30 ਲਿਟਰ ਡੀਜ਼ਲ ਪਰ ਟਰੈਕਟਰ ਦੇਣ ਦੇ ਲਈ ਕਾਰਡ ਬਣਾਏ ਗਏ ਹਨ। ਲੇਕਿਨ ਜਿਹੜਾ ਇਹ 30 ਲਿਟਰ ਡੀਜ਼ਲ ਦੇਣ ਦਾ ਫੈਸਲਾ ਕੀਤਾ ਗਿਆ ਉਹ ਅਮਲ ਵਿਚ ਕਿਸ ਤਰ੍ਹਾਂ ਆ ਰਿਹਾ ਹੈ ? ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕੁਝ ਕਾਰਡ ਲਿਆ ਕੇ ਵੀ ਦਿਤੇ ਸੀ ਕਿ ਪੈਟਰੋਲ ਪੰਪਾਂ ਦੇ ਜੋ ਡੀਲਰ ਹਨ, ਉਹ ਕਾਰਡਾਂ ਨੂੰ ਆਪਣੇ ਆਪ ਐਂਟਰ ਕਰ ਲੈਂਦੇ ਹਨ। ਲੇਕਿਨ ਐਕਚੁਅਲ ਕਨਜ਼ਿਊਮਰਜ਼ ਨੂੰ ਡੀਜ਼ਲ ਮਿਲ ਨਹੀਂ ਰਿਹਾ

Original with;
Punjab Vidhan Sabha
Digitized by;
Panjab Digital Library

ਅਤੇ ਇਸ ਤਰ੍ਹਾਂ ਜਿਹੜਾ ਡੀਜ਼ਲ ਉਸ ਦੇ ਨਾਮ ਤੇ ਲਿਆ ਜਾ ਰਿਹਾ ਹੈ ਉਹ ਬਲੈਕ ਵਿਚ ਵਿੱਕ ਰਿਹਾ ਹੈ ਡਿਸਟ੍ਰੀਬਿਊਸ਼ਨ ਜਿਹੜੀ ਡੀਜ਼ਲ ਦੀ ਹੈ ਉਹ ਪ੍ਰਾਈਵੇਟ ਅਦਾਰੇ ਦੇ ਹਵਾਲੇ ਕੀਤੀ ਹੋਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਫੋਕਲ ਪੁਆਇੰਟ ਦੇ ਉਤੇ ਆਇਲ ਇੰਡੀਆ ਕਾਰਪੋਰੇਸ਼ਨ ਦੇ ਜ਼ਰੀਏ ਡੀਜ਼ਲ ਦੀ ਸਪਲਾਈ ਕੀਤੀ ਜਾਵੇ। ਹਰ ਡੀਜ਼ਲ ਡਿਸਟ੍ਰੀਬਿਊਸ਼ਨ ਸੈਂਟਰ ਤੇ ਚਾਹੇ ਉਥੇ ਪ੍ਰਾਈਵੇਟ ਤੌਰ ਤੇ ਡਿਸਟ੍ਰੀਬਿਊਸ਼ਨ ਹੋਵੇ ਜਾਂ ਆਇਲ ਇੰਡੀਆ ਕਾਰਪੋਰੇਸ਼ਨ ਵਲੋਂ ਹੋਵੇ, ਉਥੇ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਲੈ ਕੇ ਇਕ ਵਾਚ ਡਾਂਗ ਕਮੇਟੀ ਬਣਾਈ ਜਾਵੇ ਜਿਹੜੀ ਡੀਜ਼ਲ ਦੀ ਠੀਕ ਸਪਲਾਈ ਨੂੰ ਐਨਸ਼ਿਓਰ ਕਰਵਾ ਸਕੇ।

ਸ਼੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਹੁਣ ਤੁਸੀਂ ਵਾਈਂਡ ਅੱਪ ਕਰ ਦਿਓ।

ਕਾਮਰੇਡ ਰਾਜ ਕੁਮਾਰ : ਆਖਿਰ ਵਿਚ ਮੈਂ ਇਹੀ ਕਹਿੰਦਾ ਹਾਂ ਕਿ ਜਿਥੋਂ ਤਕ ਸਬਸਿਡੀ ਦੇਣ ਦਾ ਤਲੱਕ ਹੈ, ਉਸ ਦੇ ਬਾਰੇ ਮੈਂ ਸਮਝਦਾ ਹਾਂ ਕਿ ਜੇ ਫਰਟੇਲਾਈਜ਼ਰ ਔਰ ਡੀਜ਼ਲ ਵਿਚ ਸਬਸਿਡੀ ਨਾ ਦਿੱਤੀ ਗਈ ਤਾਂ ਕਿਸਾਨ ਦੇ ਵਿਚ ਜਿਹੜੀ ਅਨਰੈਸਟ ਹੈ, ਉਹ ਨਹੀਂ ਰੁਕ ਸਕੇਗੀ। ਇਸ ਮਾਮਲੇ ਨੂੰ ਜ਼ਰੂਰ ਧਿਆਨ ਵਿਚ ਲਿਆਉਣਾ ਚਾਹੀਦਾ ਹੈ। (ਵਿਘਨ) ਜਿਹੜੇ ਫਰਟੇਲਾਈਜ਼ਰ ਅਤੇ ਡੀਜ਼ਲ ਦੀ ਸਪਲਾਈ ਦੇ ਸਬੰਧ ਵਿਚ ਸਰਕਾਰ ਵਲੋਂ ਉਦਮ ਕੀਤੇ ਗਏ ਹਨ, ਉਹ ਇਨਸਫੀ-ਸ਼ੀਐਂਟ ਹਨ। ਸੈਂਟਰਲ ਗੌਰਮਿੰਟ ਨੂੰ ਐਪਰੋਚ ਕਰਨਾ ਚਾਹੀਦਾ ਹੈ । ਪੰਜਾਬ ਸੈਂਟਰਲ ਪੂਲ ਵਿਚ ਐਗਰੀਕਲਚਰਲ ਪ੍ਰੋਡਕਸ਼ਨ ਦਾ ਬਹੁਤ ਵੱਡਾ ਹਿੱਸਾ ਪਾਉਂਦਾ ਹੈ । ਇਸ ਲਈ ਉਸ ਦਾ ਜ਼ਰੂਰ ਜ਼ਿਆਦਾ ਧਿਆਨ ਰੱਖਣਾ ਚਾਹੀਦਾ ਹੈ। ਇਨ੍ਹਾਂ ਲਫਜ਼ਾਂ ਨਾਲ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨ-ਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ।

Mr. Speaker : Motion moved—

That the situation arising out of the extraordinary increase in the prices of fertilizers and diesel resulting in unbearable burden on the Kisans and the decision of the Food Corporation of India not to enter in the market for the purchase of paddy crop be taken into consideration.

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ (ਬਟਾਲਾ) : ਸਪੀਕਰ ਸਾਹਿਬ, ਜਿਥੋਂ ਤਕ ਤਾਂ ਇਸ ਗੱਲ ਦਾ ਸਬੰਧ ਹੈ ਕਿ ਫਰਟੇਲਾਈਜ਼ਰ ਔਰ ਡੀਜ਼ਲ ਦੀਆਂ ਕੀਮਤਾਂ ਵਧੀਆਂ ਹਨ ਅਤੇ ਉਸ ਦਾ ਅਸਰ ਕਾਸਟ ਆਫ਼ ਪ੍ਰੋਡਕਸ਼ਨ ਤੇ ਪਵੇਗਾ, ਇਸ ਦੇ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ। ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜੋ ਕਿ ਉਨ੍ਹਾਂ ਗਵਰਨਰ ਸਾਹਿਬ ਦੇ ਐਡਰੈਸ ਤੇ ਹੋਈ ਬਹਿਸ ਦਾ ਜਵਾਬ ਦੇਂਦਿਆਂ ਦਿੱਤਾ ਸੀ, ਉਸ ਦੇ ਵਿਚ ਉਨ੍ਹਾਂ ਨੇ ਬੜੀ ਚੰਗੀ ਤਰ੍ਹਾਂ ਸਵੀਕਾਰ ਕੀਤਾ ਸੀ। ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਹੈ ਕਿ ਇਹ ਨੈਸ਼ਨਲ ਮਸਲਾ ਹੈ ਅਤੇ ਪਾਰਟੀ ਤੋਂ ਅਬੱਵ ਹੋ ਕੇ ਇਸ ਨੂੰ ਹੱਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ, ਇਹ ਬਿਲਕੁਲ ਯਕੀਨੀ ਗਲ ਹੈ। ਇਨ੍ਹਾਂ ਨੇ ਇਸ ਗਲ ਨੂੰ ਵੀ ਮੰਨਿਆ ਹੈ ਕਿ ਫਰਟੇਲਾਈਜ਼ਰ ਔਰ ਡੀਜ਼ਲ ਦੀਆਂ ਪ੍ਰਾਈਸਿਜ਼ ਪੰਜਾਬ ਸਰਕਾਰ ਦੀ ਜ਼ਿਮੇਵਾਰੀ ਨਾਲ ਨਹੀਂ ਵਧੀਆਂ ਬਲਕਿ ਇੰਟਰਨੈਸ਼ਨਲ ਸਿਚੂਏਸ਼ਨ ਕਰਕੇ ਵੱਧੀਆਂ ਹਨ। ਜਿਹੜੇ ਅਰਬ ਕੰਟਰੀਜ਼ ਹਨ ਉਹ ਆਪਣੀ ਮਰਜ਼ੀ ਨਾਲ ਕੀਮਤਾਂ ਵਧਾਉਂਦੇ ਚੜ੍ਹਾਉਂਦੇ ਰਹਿੰਦੇ ਹਨ। ਇਸ ਕਰਕੇ ਕੰਜ਼ਿਊਮਰ ਕੰਟਰੀਜ਼ ਨੂੰ ਵੀ ਡੀਜ਼ਲ ਅਤੇ ਪੈਟਰੋਲ ਦੀ ਕੀਮਤ ਵਧਾਉਣੀ ਪੈਂਦੀ ਹੈ। ਇਸ ਗੱਲ ਨੂੰ ਕਾਮਰੇਡ ਰਾਜ ਕੁਮਾਰ ਜੀ ਨੇ ਵੀ ਮੰਨਿਆ ਹੈ। ਜਿੰਨਾ ਚਿਰ ਨੈਪਥਾ ਔਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚੱਬਰਥ]

ਕੈਥਾਲੀਨ, ਜਿਹੜਾ ਕਿ ਫਰਟੇਲਾਈਜ਼ਰ ਬਣਾਉਣ ਲਈ ਇਕ ਬੇਸਿਕ ਮੈਟੀਰੀਅਲ ਹੈ, ਦੀਆਂ ਕੀਮਤਾਂ ਵੱਧਦੀਆਂ ਰਹਿਣਗੀਆਂ ਉਤਨੀ ਦੇਰ ਤਕ ਫਰਟੇਲਾਈਜ਼ਰ ਦੀ ਕਾਸਟ ਆਫ਼ ਪ੍ਰੋਡਕਸ਼ਨ ਵੀ ਵੱਧਦੀ ਰਹੇਗੀ । ਕਾਮਰੇਡ ਰਾਜ ਕੁਮਾਰ ਨੇ ਇਹ ਵੀ ਮੰਨਿਆ ਹੈ ਕਿ ਆਸਾਮ ਵਿਚ ਬੜੀ ਬਦਕਿਸਮਤ ਸਿਚੂਏਸ਼ਨ ਪੈਦਾ ਹੋਈ ਹੈ। ਮੈਂ ਕਿਸੇ ਤੇ ਇਸ ਦੀ ਜ਼ਿਮੇਵਾਰੀ ਨਹੀਂ ਪਾਉਣਾ ਚਾਹੁੰਦਾ। ਪਰ ਇਹ ਜੋ ਹਾਲਾਤ ਉਥੇ ਪੈਦਾ ਹੋਏ ਹਨ, ਇਹ ਕਿਸ ਨੇ ਪੈਦਾ ਕੀਤੇ ਹਨ ? ਇਹ ਕਿਉਂ ਪੈਦਾ ਹੋਏ ਹਨ ? ਇਸ ਫੈਕਟ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਕਾਮਰੇਡ ਜੀ ਨੇ ਇਹ ਵੀ ਮੰਨਿਆ ਹੈ ਕਿ ਉਥੇ ਚਾਰ ਰੀਫਾਈਨਰੀਜ਼ ਬੰਦ ਹਨ ਔਰ ਫਰਟੇਲਾਈਜ਼ਰ ਦੀਆਂ ਫੈਕਟਰੀਜ਼ ਵੀ ਬੰਦ ਹੈ। ਇਸ ਕਰਕੇ ਇਹ ਜ਼ਰੂਰੀ ਗਲ ਹੈ ਕਿ ਫਰਟੇਲਾਈਜ਼ਰ ਦੀ ਘਾਟ ਹੋਏ । ਦੂਜੇ ਪਾਸੇ ਐਗਰੀਕਲਚਰ ਡਿਪਾਰਟਮੈਂਟ ਦੇ ਪ੍ਰਾਪੇਗੰਡੇ ਦੇ ਕਾਰਨ ਸਾਡੇ ਨੌਜਵਾਨ, ਜੋ ਪੜ੍ਹੇ ਲਿਖੇ ਹਨ, ਐਗਰੀਕਲਚਰ ਪ੍ਰੋਫੈਸ਼ਨ ਨੂੰ ਅਡਾਪਟ ਕਰ ਰਹੇ ਹਨ ਅਤੇ ਉਨ੍ਹਾਂ ਦੀ ਸੂਝ ਬੂਝ ਦੇ ਕਾਰਨ ਫਰਟੇਲਾਈਜ਼ਰ ਦੀ ਲੋੜ ਵੱਧਦੀ ਜਾ ਰਹੀ ਹੈ। ਇਹ ਬੜੀ ਚੰਗੀ ਗਲ ਹੈ ਕਿ ਇਸ ਦੀ ਲੋੜ ਵੱਧਦੀ ਜਾ ਰਹੀ ਹੈ। ਇਸ ਕਰਕੇ ਮੈਂ ਇਹ ਗਲ ਕਹਿਣਾ ਚਾਹੁੰਦਾ ਹਾਂ ਕਿ ਇਸ ਮਸਲੇ ਨੂੰ ਨੈਸ਼ਨਲ ਲੈਵਲ ਤੇ ਹੱਲ ਕਰਨ ਦੀ ਲੋੜ ਹੈ ਔਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਇਹ ਪੁਲੀਟੀਕਲ ਹਥਿਆਰ ਨਾ ਬਣਾਉਣ। ਦੂਸਰੇ ਪਾਸੇ ਤੇ ਜਿਸ ਕਿਸੇ ਚੀਜ਼ ਦੀ ਕੋਈ ਥੁੜ੍ਹ ਹੁੰਦੀ ਹੈ ਉਸ ਨੂੰ ਹੱਲ ਕਰਨ ਲਈ ਲੋਂਗ ਰੇਂਜ ਪਾਲਿਸੀਜ਼ ਐਂਡ ਪਲੈਨਜ਼ ਦੀ ਲੋੜ ਹੁੰਦੀ ਹੈ । ਪਿਛਲੇ ਤਿੰਨ ਸਾਲਾਂ ਦੇ ਦੌਰਾਨ ਜੋ 2 ਸਾਬਕਾ ਖੇਤੀਬਾੜੀ ਮੰਤਰੀ ਸੈਂਟਰਲ ਗੌਰਮਿੰਟ ਦੇ ਸਾਡੇ ਸਾਹਮਣੇ ਬੈਠੇ ਹਨ ਉਹ ਦੱਸਣ ਦੀ ਖੇਚਲ ਕਰਨ ਕਿ ਉਨ੍ਹਾਂ ਨੇ ਮੁਲਕ ਵਿਚ ਫਰਟੇਲਾਈਜ਼ਰ ਦੀਆਂ ਇੰਡਸਟਰੀਜ਼ ਵਧਾਉਣ ਲਈ ਕੀ ਕੁਝ ਕੀਤਾ ਹੈ ? ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕਾਂਗਰਸ ਪਾਰਟੀ ਦਾ ਰਾਜ ਸੀ ਤਾਂ ਉਦੋਂ ਡੀਜ਼ਲ ਮੱਥਰਾ ਰੀਫਾਈਨਰੀ ਤੋਂ ਪਾਈਪ ਲਾਈਨ ਰਾਹੀਂ ਪੰਜਾਬ ਵਿਚ ਲਿਆਉਣ ਲਈ ਉਪਰਾਲਾ ਕੀਤਾ ਗਿਆ ਸੀ ਤਾਂਕਿ ਟਰਾਂਸਪੋਰਟੇਸ਼ਨ ਦੀ ਅਨਸਰਟੇਨਿਟੀ ਅਤੇ ਖਰਚ ਘੱਟ ਸਕਣ ।

ਬਦਕਿਸਮਤੀ ਨਾਲ ਇਨ੍ਹਾਂ ਨੇ ਇਸ ਗਲ ਨੂੰ ਇੰਪਲੀਮੈਂਟ ਨਹੀਂ ਕੀਤਾ । ਸ਼ਾਇਦ ਅਜਿਹਾ ਚੰਗਾ ਕੰਮ ਕਰਨ ਦੀ ਜ਼ਿਮੇਵਾਰੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦੇ ਉਤੇ ਆਉਣੀ ਸੀ (ਵਿਘਨ) ਉਹ ਕਰਨਗੇ। ਇਸ ਦੇ ਬਾਅਦ ਇਕ ਹੋਰ ਗਲ ਵਲ ਮੈਂ ਤੁਹਾਡਾ ਧਿਆਨ ਦਿਲਾਉਣਾ ਚਾਹੁੰਦਾ ਹਾਂ। ਗਵਰਨਰ ਪੰਜਾਬ ਨੇ ਜੋ ਐਡਰੈਸ ਪੇਸ਼ ਕੀਤਾ ਉਸ ਦੇ ਸਫਾ 5 ਤੇ ਪੈਰਾ 10 ਵਿਚ ਕਲੀਅਰਲੀ ਲਿਖਿਆ ਹੈ :-

> .....My Government is deeply conscious of the adverse affects of the recent increase in the prices of fertilizers and diesel, on the cost of agricultural production.

(ਕੁਝ ਆਵਾਜ਼ਾਂ : ਪੰਜਾਬੀ ਵਿਚ ਬੋਲੋ) ।

> Every effort will be made to see that the interests of the farmers do not suffer and there is no fall in their net realization.. . "

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਇਹ ਪੰਜਾਬੀ ਵਿਚ ਬੋਲਣ। (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਬਰਥ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੰਜਾਬੀ ਵਿਚ ਦਸ ਦਿਦਾ ਹਾਂ। ਜਿਹੜਾ ਐਡਰੈਸ ਗਵਰਨਰ ਸਾਹਿਬ ਨੇ ਪੜ੍ਹਿਆ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਦੇਵ ਸਿੰਘ ਬਾਦਲ: ਉਹ ਤਾਂ ਅਸੀਂ ਵੀ ਸੁਣ ਲਿਆ ਹੈ (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਬਦਕਿਸਮਤੀ ਇਹ ਹੈ ਕਿ ਤੁਸੀਂ ਸੁਣ ਹੀ ਨਹੀਂ ਸਕੇ .....

ਸ਼੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਦਸਣਾ ਚਾਹੁੰਦਾ ਹਾਂ ਕਿ ਉਹ ਸਿੱਧੀ ਗਲ ਨਾ ਕਰਨ ਚੇਅਰ ਨੂੰ ਐਡਰੈਸ ਕਰਨ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਣਾ ਚਾਹੁਦਾ ਹਾਂ ਕਿ ਗਵਰਨਰ ਸਾਹਿਬ ਨੇ ਕਲੀਅਰਲੀ ਐਡਰੈਸ ਵਿਚ ਕਿਹਾ ਹੈ ਕਿ ਮੇਰੀ ਸਰਕਾਰ ਇਸ ਗਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਕਿ ਫਰਟੇਲਾਈਜ਼ਰ ਦੀਆਂ ਕੀਮਤਾਂ ਵਧੀਆਂ ਹਨ ਅੌਰ ਉਹ ਇਸ ਦਾ ਅਸਰ ਕਿਸਾਨ ਤੇ ਨਹੀਂ ਪੈਣ ਦੇਵੇਗੀ। ਜਿਹੜਾ ਕਿਸਾਨ ਹੈ ਉਸ ਨੂੰ ਘਾਟਾ ਨਹੀਂ ਪੈਣ ਦਿਤਾ ਜਾਏਗਾ । ਕਿਸਾਨ ਦਾ ਕੀ ਹਿਤ ਇਸ ਸਰਕਾਰ ਨੇ ਕਰਨਾ ਹੈ, ਆਉਣ ਵਾਲੇ ਦਿਨਾਂ ਵਿਚ ਤੁਸੀਂ ਉਹ ਵੇਖੋਗੇ। ਬਜਟ ਵਿਚ ਵੇਖੋਗੇ ਅਤੇ ਆਉਣ ਵਾਲੀਆਂ ਪਰਪੋਜ਼ਲਜ਼ ਵਿਚ ਵੇਖੋਗੇ । ਮੈਂ ਸਮਝਦਾ ਹਾਂ ਕਿ ਜਦੋਂ ਇਹ ਗਲ ਆ ਗਈ ਸੀ ਤਾਂ ਫਿਰ ਸਾਨੂੰ ਸਰਕਾਰ ਤੇ ਵਿਸ਼ਵਾਸ਼ ਰਖਣਾ ਚਾਹੀਦਾ ਸੀ। ਪੰਜਾਬ ਦੇ ਇਕ ਐਗਜ਼ੈਕਟਿਵ ਹੈਡ ਨੇ ਸਦਨ ਵਿਚ ਇਕ ਵਿਸ਼ਵਾਸ ਦਿਤਾ ਸ਼ੀ ਕਿ ਕਿਸਾਨ ਨੂੰ ਕੋਈ ਘਾਟਾ ਨਹੀਂ ਪਏਗਾ। ਕਿਸਾਨ ਨੂੰ ਉਸ ਦੀ ਕੀ ਕੀਮਤ ਦੇਣੀ ਪਏਗੀ, ਮੈਂ ਇਨ੍ਹਾਂ ਆਂਕੜਿਆਂ ਵਿਚ ਨਹੀਂ ਪੈਣਾ ਚਾਹੁੰਦਾ। (ਵਿਘਨ)

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ।

ਸ਼੍ਰੀ ਸਪੀਕਰ : ਜਦੋਂ ਸਪੀਚ ਖਤਮ ਹੋ ਜਾਏਗੀ, ਫਿਰ ਕਰ ਲੈਣਾ। ਕਿਸੇ ਨੂੰ ਬੋਲਦੇ ਹੋਏ ਤੁਸੀਂ ਇੰਟਰਪਟ ਨਹੀਂ ਕਰ ਸਕਦੇ ..... (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ ਇਹ ਅਗਰੇਜ਼ੀ ਦਾ ਲਫ਼ਜ਼ ਹੈ। ਇਹ ਕਹਿੰਦੇ ਹਨ ਕਿ ਪੰਜਾਬੀ ਵਿਚ ਬੋਲੋ। ਇਹ ਇਸ ਦੀ ਪੰਜਾਬੀ ਦਸਣ।

ਸਰਦਾਰ ਹਰਚੰਦ ਸਿੰਘ : ** ** **

ਸ਼੍ਰੀ ਸਪੀਕਰ : ਰੂਲਡ ਆਊਟ। ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਹਰਚੰਦ ਸਿੰਘ : ** ** **

ਸ਼੍ਰੀ ਸਪੀਕਰ: ਜੋ ਕੁੱਝ ਮੇਰੀ ਆਗਿਆ ਤੋਂ ਬਗੈਰ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਏ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੂੰਬਾ : ** ** ** (ਵਿਘਨ)

ਸ਼੍ਰੀ ਸਪੀਕਰ : ਰੂਲਡ ਆਊਟ। ਚਾਰ ਮੈਂਬਰ ਸਾਹਿਬਾਨ ਵੱਲੋਂ ਰੈਜ਼ੋਲਿਊਸ਼ਨ ਆਇਆ ਹੈ। ਇਸ ਲਈ ਉਹ ਸਾਰੇ ਮੂਵਰ ਬੋਲਣਗੇ।

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਇਕ ਗਲ ਕਹਿ ਸਕਦਾ ਹਾਂ ਕਿ 100 ਰੁਪਏ ਕੋਈ ਭਾਅ ਫਿਕਸ ਨਹੀਂ ਹੋਇਆ । ਸਾਡੇ ਮੁੱਖ ਮੰਤਰੀ ਜੀ ਨੇ..... ... (ਵਿਘਨ)

ਕਾਮਰੇਡ ਬਲਦੇਵ ਸਿੰਘ ਲੰਬਾ : ਸਪੀਕਰ ਸਾਹਿਬ, ਜੇ ਅਸੀਂ ਕਹਾਂਗੇ ਕਿ ਇਹ ਝੂਠ ਹੈ ਤਾਂ ਤੁਸੀਂ ਲੈਫਟ ਕਟਾ ਦੇਣਾ ਹੈ, ਇਹ ਸ਼ਰੇਆਮ ਹਾਊਸ ਨੂੰ ਮਿਸਲੀਡ ਕਰ ਰਹੇ ਹਨ। (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਇਨ੍ਹਾਂ ਨੂੰ ਸਮਝਾਓ, ਇਨ੍ਹਾਂ ਦੀ ਅਕਲ ਦੀ ਦਾਦ ਦਿਓ ,। ਮੈਂ ਕਹਿੰਦਾ ਹਾਂ ਕਿ ਅਜੇ ਤਕ ਕੋਈ ਪ੍ਰਾਈਸ ਫਿਕਸ ਨਹੀਂ ਹੋਈ। ਇਹ ਝੂਠ ਬੋਲਦੇ ਹਨ। no price has been fixed so far, it is not final. ਇਹ ਸੁਜੈਸਟਿਵ ਪ੍ਰਾਈਸ ਹੋ ਸਕਦੀ ਹੈ। (ਵਿਘਨ)

ਸ਼੍ਰੀ ਸਪੀਕਰ : ਮੈਂ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਇਸ ਨਾਨ-ਆਫੀਸ਼ੀਅਲ ਡੇ ਤੇ ਬੜਾ ਇੰਪਾਰਟੈਂਟ ਰੈਜ਼ੋਲਿਊਸ਼ਨ ਸਾਡੇ ਸਾਹਮਣੇ ਹੈ। ਇਸ ਤੇ ਹਰ ਇਕ ਨੇ ਬੋਲਣਾ ਹੈ। ਪਾਰਟੀਆਂ ਦਾ ਵਕਤ ਤਕਸੀਮ ਹੋਇਆ ਹੈ। ਹਰ ਪਾਰਟੀ ਨੇ ਆਪਣੇ ਚੰਗੇ ਬੁਲਾਰੇ ਨੂੰ ਬੁਲਾਉਣਾ ਹੈ। ਕਾਂਗਰਸ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਦੇ ਚਤਰਥ ਸਾਹਿਬ ਬੋਲਣਗੇ ਅੌਰ ਉਹ ਬੋਲ ਰਹੇ ਹਨ। ਉਹ ਇਸ ਰੈਜ਼ੋਲਿਊਸ਼ਨ ਦੇ ਸਪੋਂਸਰ ਵੀ ਹਨ। ਮੈਂ ਅਰਜ਼ ਕਰਾਂਗਾ ਕਿ ਇਹ ਵਕਤ ਜ਼ਾਇਆ ਨਾ ਕਰੋ। ਜਿਸ ਜ਼ਜ਼ਬਾਤ ਨਾਲ ਇਹ ਮੋਸ਼ਨ ਲਿਆਂਦੀ ਹੈ ਉਹ ਤਦ ਹੀ ਪੂਰੀ ਹੋ ਸਕਦੀ ਹੈ ਜੇ ਕਾਫੀ ਮੈਂਬਰ ਇਸ ਤੇ ਬੋਲ ਸਕਣ ਅਤੇ ਆਪਣੇ ਵਿਚਾਰ ਰਖ ਸਕਣ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਬਹੁਤ ਜ਼ਰੂਰੀ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਮੇਰੀ ਰਾਏ ਹੈ ਕਿ 110 ਰੁਪਏ ਕੁਇੰਟਲ ਪੈਡੀ ਦੀ ਪ੍ਰਾਈਸ ਕਿਸਾਨਾਂ ਨੂੰ ਘੱਟੋ ਘੱਟ ਮਿਲਣੀ ਚਾਹੀਦੀ ਹੈ। (ਵਿਘਨ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਉਹ ਕਹਿੰਦੇ ਹਨ ਕਿ 100 ਰੁਪਏ ਵੀ ਸ਼ਾਇਦ ਦੇਣ ..... (ਵਿਘਨ) ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ । ਆਓ ਇਸ ਗਲ ਤੇ ਅਸੀਂ ਵੀ ਅਸਤੀਫੇ ਦੇ ਦਿੰਦੇ ਹਾਂ ਤੇ ਤੁਸੀਂ ਵੀ ਦੇ ਦਿਓ .....(ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਮੈਂ ਇਧਰੋਂ ਅਸਤੀਫਾ ਦੇ ਦਿੰਦਾ ਹਾਂ, ਤੁਸੀਂ ਉਧਰੋਂ ਦੇ ਦਿਓ। ਆਪਾਂ ਮੁੜ ਕੇ ਇਲੈਕਸ਼ਨ ਲੜ ਲੈਂਦੇ ਹਾਂ, ਪਤਾ ਲਗ ਜਾਏਗਾ.....(ਵਿਘਨ)

ਸਪੀਕਰ ਸਾਹਿਬ, ਮੇਰੀ ਰਾਏ ਹੈ ਕਿ ਇਸ ਦਾ ਭਾਅ 110 ਰੁਪਏ ਕੁਇੰਟਲ ਹੋਣਾ ਚਾਹੀਦਾ ਹੈ । ਦੂਜਾ ਪੁਆਇੰਟ ਮੇਰਾ ਇਸ ਰੈਜ਼ੋਲਿਊਸ਼ਨ ਵਿਚ ਇਹ ਹੈ ਕਿ ਐਫ. ਸੀ. ਆਈ. ਪੈਡੀ ਦੀ ਪੁਰਚੇਜ਼ ਨਹੀਂ ਕਰਨਾ ਚਾਹੁੰਦੀ । ਸਪੀਕਰ ਸਾਹਿਬ, ਮੋਰੇ ਕੋਲ ਪਿਛਲੇ ਅੰਕੜੇ ਹਨ। ਐਫ.ਸੀ. ਆਈ. ਵਾਲੇ ਕਦੇ ਵੀ 50% ਤੋਂ ਵੱਧ ਪੈਡੀ ਦੀ ਪ੍ਰੋਕਿਉਰਮੈਂਟ ਨਹੀਂ ਕਰ ਸਕੇ । ਮੈਂ ਤੁਹਾਡੇ ਸਾਹਮਣੇ ਪਿਛਲੇ ਸਾਲਾਂ ਦੇ ਫੈਕਟਸ ਰਖਣਾ ਚਾਹੁੰਦਾ ਹਾਂ। ਸਾਲ 1977-78 ਵਿਚ 8,41,235 ਟਨ ਪੈਡੀ ਐਫ.ਸੀ.ਆਈ. ਵਾਲਿਆਂ ਨੇ ਪ੍ਰੋਕਿਉਰ ਕੀਤੀ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਚਤਰਥ ਜੀ, 1 ਘੰਟਾ 37 ਮਿੰਟ ਟਾਈਮ ਕਾਂਗਰਸ ਪਾਰਟੀ ਲਈ ਹੈ। ਤੁਸੀਂ 35 ਮਿੰਟ ਬੋਲ ਚੁੱਕੇ ਹੋ। ਕਾਂਗਰਸ ਦੇ 9 ਮੈਂਬਰਾਂ ਦੀ ਲਿਸਟ ਮੇਰੇ ਕੋਲ ਆਈ ਹੈ ਜਿਨ੍ਹਾਂ ਨੇ ਇਸ ਰੈਜ਼ੋਲਿਊਸ਼ਨ ਤੇ ਬੋਲਣਾ ਹੈ। ਇਸ ਲਈ ਤੁਸੀਂ ਵਾਈਂਡ ਅੱਪ ਕਰੋ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਪਿਛਲੇ ਸਾਲ ਯਾਨੀ 1979-80 ਵਿਚ ਪ੍ਰਾਈਵੇਟ ਟਰੇਡਰਜ਼ ਨੇ 26,70,777 ਟਨ ਪੈਡੀ ਦੀ ਖਰੀਦ ਕੀਤੀ ਅਤੇ 22,84,942 ਲਖ ਟਨ ਸਰਕਾਰੀ ਏਜੰਸੀਆਂ ਨੇ ਪ੍ਰੋਕਿਉਰਮੈਂਟ ਕੀਤੀ। ਸਪੀਕਰ ਸਾਹਿਬ, ਇਹ ਘਬਰਾਉਣ ਨਾ। ਜੇ ਐਫ.ਸੀ. ਆਈ ਨਹੀਂ ਖਰੀਦੇਗੀ ਤਾਂ ਅਸੀਂ ਬੈਠੇ ਹਾਂ, ਪੰਜਾਬ ਦੀ ਸਰਕਾਰ ਪੈਡੀ ਦੀ ਆਪ ਪ੍ਰੋਕਿਉਰਮੈਂਟ ਕਰੇਗੀ। (ਥੰਪਿੰਗ) ਇਹ ਫੈਸਲਾ ਨੈਸ਼ਨਲ ਲੈਵਲ ਤੇ ਹੋ ਚੁੱਕਾ ਹੈ ਕਿ ਫੂਡ ਗਰੇਨਜ਼ ਦੀ ਐਫ.ਸੀ.ਆਈ ਖਰੀਦ ਕਰੇਗੀ ਇਸ ਏਜੰਸੀ ਨੇ ਸਟੇਟ ਟਰੇਡਿੰਗ ਕਰਨੀ ਹੈ। ਮੈਂ ਸੁਝਾਓ ਦਿਆਂਗਾ.....(ਵਿਘਨ) (ਸ਼ੋਰ)

(ਇਸ ਸਮੇਂ ਕਈ ਆਨਰੇਬਲ ਮੈਂਬਰਜ਼ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ, ਪਰ ਸ਼੍ਰੀ ਸਪੀਕਰ ਨੇ ਮਾਲ ਮੰਤਰੀ, ਸਰਦਾਰ ਬੇਅੰਤ ਸਿੰਘ, ਨੂੰ ਕਾਲ ਅਪਾਨ ਕੀਤਾ।)

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਥੇ ਬੜੀਆਂ ਗਲਤ ਗੱਲਾਂ ਕਹੀਆਂ ਗਈਆਂ ਹਨ। ਇਥੇ ਮੈਂਬਰ ਬੈਠੇ ਬੈਠੇ ਤੁਹਾਡੀ ਇਜ਼ਾਜ਼ਤ ਤੋਂ ਬਿਨਾਂ ਗੱਲਾਂ ਕਰੀ ਜਾਂਦੇ ਹਨ। ਇਨ੍ਹਾਂ ਨੇ ਇਸ ਹਾਊਸ ਨੂੰ **** ਬਣਾ ਦਿੱਤਾ ਹੈ। ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਕਹਾਂਗਾ ਕਿ ਇਸ ਤਰ੍ਹਾਂ ਹਾਊਸ ਦੀ ਕਾਰਵਾਈ ਨਹੀਂ ਚੱਲਣੀ। ਇਥੇ ਬਹੁਤ ਗਲਤ ਵਾਤਾਵਰਣ ਬਣਾਇਆ ਗਿਆ ਹੈ। ਸਪੀਕਰ ਸਾਹਿਬ, ਇਸ ਨੂੰ ਕੰਟਰੋਲ ਕਰੋ। ਜੋ ਇਸ ਤਰ੍ਹਾਂ ਦੋਹਾਂ ਪਾਸਿਆ ਤੋਂ ਬੈਠੇ ਬੈਠੇ ਗਲਤ ਗੱਲਾਂ ਕਰੀ ਜਾਂਦੇ ਹਨ, ਇਸ ਤਰ੍ਹਾਂ ਚੰਗੀਆਂ ਪਰੰਪਰਾਵਾਂ ਨਹੀਂ ਪੈਂਦੀਆਂ। ਤੁਸੀਂ ਇਸ ਹਾਊਸ ਨੂੰ ਕੰਟਰੋਲ ਕਰੋ। ਇਥੇ ਵਿਜ਼ਿਟਰ ਗੈਲਰੀਆਂ ਵਿਚ ਆਏ ਲੋਕ ਕੀ ਵੇਖਦੇ ਹੋਣਗੇ ? ਇਸ ਤਰ੍ਹਾਂ ਅਸੀਂ ਆਪਣੀ ਬੇਇਜ਼ਤੀ ਕਰ ਰਹੇ ਹਾਂ। ਇਥੇ ਮੇਰੇ ਸਾਹਮਣੇ ਬੈਂਚਾਂ ਤੇ ਪੁਰਾਣੇ ਮੈਂਬਰਜ਼ ਵੀ ਬੈਠੇ ਹਨ, ਕਈ ਮਨਿਸਟਰ ਵੀ ਰਹਿ ਚੁੱਕੇ ਹਨ। ਲੇਕਿਨ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਹਾਊਸ ਦੀ ਬੜੀ ਤੌਹੀਨ ਕਰ ਰਹੇ ਹਨ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਨੇ ਜਿਹੜੇ ਇਹ ਸ਼ਬਦ ** ਇਸ ਹਾਊਸ ਲਈ ਵਰਤੇ ਹਨ, ਇਸ ਤਰ੍ਹਾਂ ਇਨ੍ਹਾਂ ਨੇ ਹਾਊਸ ਦੀ ਤੌਹੀਨ ਕੀਤੀ ਹੈ। ਇਹ ਸ਼ਬਦ ਕਾਰਵਾਈ ਵਿਚੋਂ ਕੱਢ ਦਿੱਤੇ ਜਾਣ।

ਸ਼੍ਰੀ ਸਪੀਕਰ : ਇਹ ਜਿਹੜੇ ** ** ** ਦੇ ਸ਼ਬਦ ਇਸ ਹਾਊਸ ਲਈ ਸਰਦਾਰ ਬੇਅੰਤ ਸਿਘ ਨੇ ਵਰਤੇ ਹਨ, ਇਹ ਠੀਕ ਨਹੀਂ। ਇਹ ਐਕਸਪੰਜ ਕੀਤੇ ਜਾਂਦੇ ਹਨ। ਕਿਸੇ ਵੇਲੇ ਮੈਂਬਰਾਂ ਦੇ ਜਜ਼ਬਾਤ ਜ਼ਰੂਰੀ ਅਸਲੀ ਮਾਮਲੇ ਤੋਂ ਉਖੜ ਜਾਂਦੇ ਹਨ। ਮੈਂ ਪਹਿਲਾਂ ਵੀ ਮੈਂਬਰਾਂ ਨੂੰ ਦੋ ਵਾਰੀ ਰਿਕੁਐਸਟ ਕਰ ਚੁੱਕਾ ਹਾਂ ਕਿ ਅਜ ਨਾਨ-ਆਫੀਸ਼ਲ ਡੇ ਹੈ ਅਤੇ ਇਹ ਜਿਹੜਾ ਮਤਾ ਹਾਊਸ ਦੇ ਸਾਹਮਣੇ ਹੈ ਇਹ ਸਾਰੇ ਪੰਜਾਬ ਦੇ ਨਾਲ ਤੁਅੱਲਕ ਰੱਖਦਾ ਹੈ। ਚਾਰ ਆਦਮੀਆਂ ਨੇ ਇਸ ਨੂੰ ਸਪਾਂਸਰ ਕੀਤਾ ਹੈ। ਇਸ ਗੱਲ ਦਾ ਮੈਨੂੰ ਬੜਾ ਅਫਸੋਸ ਹੈ ਕਿ ਇਸ ਮਤੇ ਤੇ ਹਾਲੀ ਕਾਮਰੇਡ ਰਾਜ ਕੁਮਾਰ ਹੀ ਬੋਲ ਸਕੇ ਹਨ। ਸ਼੍ਰੀ ਚਤਰਥ ਅਜੇ ਬੋਲ ਰਹੇ ਹਨ ਅਤੇ ਸਰਦਾਰ ਸੁਰਜੀਤ ਸਿੰਘ ਹੋਰਾਂ ਨੇ ਅਜੇ ਬੋਲਣਾ ਹੈ। ਪਰ ਇਥੇ ਹਾਊਸ ਦਾ ਬੇਕਾਰ ਗੱਲਾਂ ਵਿਚ ਵਕਤ ਜ਼ਾਇਆ ਕੀਤਾ ਜਾ ਰਿਹਾ ਹੈ। ਇਸ ਲਈ ਕਿਸੇ ਨੂੰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਇੰਟਰਪਟ ਨਾ ਕਰੋ। ਅਗਰ ਕਿਸੇ ਮੈਂਬਰ ਦੀ ਕਿਸੀ ਕਹੀ ਹੋਈ ਗੱਲ ਤੇ ਕਿਸੇ ਨੂੰ ਇਤਰਾਜ਼ ਹੈ ਤਾਂ ਜਿਸ ਵੇਲੇ ਉਸ ਦੀ ਪਾਰਟੀ ਦੀ ਵਾਰੀ ਆਵੇ ਤਾਂ ਉਸ ਦੀ ਪਾਰਟੀ ਦਾ ਮੈਂਬਰ ਉਸ ਤੇ ਆਪਣੇ ਵਿਚਾਰ ਰੱਖ ਦੇਵੇ।

ਸਰਦਾਰ ਸੁਰਜੀਤ ਸਿੰਘ ਬਰਨਾਲ : (ਬਰਨਾਲਾ) ਸਪੀਕਰ ਸਾਹਿਬ, ਅੱਜ ਬੜੇ ਇਮਪਾਰਟੈਂਟ ਵਿਸ਼ੇ ਤੇ ਗੱਲ ਬਾਤ ਚੱਲ ਰਹੀ ਹੈ ਜਿਸ ਦੇ ਬਾਰੇ ਸਾਰਾ ਪੰਜਾਬ ਚਿੰਤਾਤੁਰ ਹੈ। ਇਸ ਕਰਕੇ ਇਹ ਸਾਂਝਾ ਮਤਾ ਆਇਆ ਹੈ। ਅਗਰ ਸਾਰੀਆਂ ਪਾਰਟੀਆਂ ਵਲੋਂ ਕੋਈ ਮਤਾ ਸਪਾਂਸਰ ਕੀਤਾ ਜਾਵੇ ਤਾਂ ਉਸ ਨੂੰ ਕੁਝ ਵਿਸ਼ੇਸ਼ਤਾਈ ਵੀ ਦਿੱਤੀ ਜਾਂਦੀ ਹੈ ਅਤੇ ਇਹ ਆਸ ਕੀਤੀ ਜਾਂਦੀ ਹੈ ਕਿ ਸਰਕਾਰ ਇਸ ਤੇ ਅਮਲ ਕਰੇਗੀ। ਭਾਵੇਂ ਚੀਫ਼ ਮਨਿਸਟਰ ਸਾਹਿਬ ਇਥੇ ਹਾਊਸ ਵਿਚ ਨਹੀਂ ਬੈਠੇ ਹਨ ਪਰ ਉਹ ਕਿਤੇ ਨਾ ਕਿਤੇ ਇਹ ਗੱਲਾਂ ਸੁਣ ਹੀ ਰਹੇ ਹੋਣਗੇ। ਇਸ ਲਈ ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਹੀ ਐਡਰੈਸ ਕਰਕੇ ਕੁਝ ਗੱਲਾਂ ਕਹਾਂਗਾ। ਜਦ ਦੇਸ਼ ਗਰੀਨ ਰੈਵੋਲਿਊਸ਼ਨ ਵੱਲ ਚਲਿਆ ਤਾਂ ਉਸ ਵਿਚ ਬਹੁਤ ਵੱਡਾ ਹਿੱਸਾ ਕੈਮੀਕਲ ਫਰਟੇਲਾਈਜ਼ਰਜ਼ ਦਾ ਸੀ। ਇਰੀਗੇਸ਼ਨ ਦਾ ਵੀ ਆਪਣਾ ਰੋਲ ਸੀ। ਕਨਸਾਲੀਡੇਸ਼ਨ ਆਫ ਹੋਲਡਿੰਗਜ਼, ਅੱਛੇ ਸੀਡਜ਼ ਵੀ ਇੰਪਾਰਟੈਂਟ ਫੈਕਟਰਜ਼ ਸਨ। ਪਰ ਇਸ ਵਿੱਚ ਸਭ ਤੋਂ ਅਹਿਮ ਰੋਲ ਕੈਮੀਕਲ ਫਰਟੇਲਾਈਜ਼ਰਜ਼ ਦਾ ਸੀ। ਪੰਜਾਬ ਵਿਚ ਇਸ ਦਾ ਯੂਜ਼ ਕਾਫੀ ਵੱਧਿਆ ਸੀ। ਇਸ ਦੇ ਨਾਲ ਪ੍ਰੋਡਕਸ਼ਨ ਵੀ ਕਾਫੀ ਵੱਧੀ ਸੀ। ਮੈਂ ਥੋੜੇ ਜਿਹੇ ਫੈਕਟਸ ਤੁਹਾਡੇ ਗੋਸ਼ੇ ਗੁਜ਼ਾਰ ਕਰਨਾ ਚਾਹੁੰਦਾ ਹਾਂ। 1966-67 ਵਿਚ ਪੰਜਾਬ ਵਿੱਚ ਇਸ ਦੀ ਕਨਜ਼ਮਪਸ਼ਨ ਨਿਊਟਰੀਅੰਟਸ ਦੀ ਫਾਰਮ ਵਿੱਚ 51 ਹਜ਼ਾਰ ਟਨ ਸੀ, ਮੈਟੀਰੀਅਲ ਦੀ ਫਾਰਮ ਵਿਚ ਨਹੀਂ। 1967-68 ਵਿਚ ਪਹਿਲੀ ਵਾਰ ਇਸ ਸੂਬੇ ਦੇ ਅੰਦਰ ਸਰਕਾਰ ਬਦਲੀ ਅਤੇ ਇਸ ਦੀ ਕਨਜ਼ਮਪਸ਼ਨ 91 ਹਜ਼ਾਰ ਟਨ ਹੋ ਗਈ। 1971-72 ਵਿਚ ਇਸ ਦੀ ਕਨਜ਼ਮਪਸ਼ਨ ਵੱਧਕੇ 2,90,000 ਟਨ ਹੋ ਗਈ। 1972-73 ਵਿਚ ਇਹ ਵੱਧ ਕੇ 3,25,000 ਟਨ ਹੋ ਗਈ। ਇਸ ਦੇ ਨਾਲ ਨਾਲ ਪ੍ਰੋਡਕਸ਼ਨ ਵੀ ਵੱਧਦੀ ਗਈ। ਲੇਕਿਨ ਜਦੋਂ ਕੈਮੀਕਲ ਫਰਟੇਲਾਈਜ਼ਰਜ਼ ਦੀਆਂ ਪ੍ਰਾਈਸਜ਼ ਵੱਧੀਆਂ ਤਾਂ ਇਸ ਦੀ ਕਨਜ਼ਮਪਸ਼ਨ ਨੂੰ ਬੜਾ ਸੈਟ-ਬੈਕ ਪੁੱਜਾ। ਅਗਲੇ ਸਾਲ ਇਸ ਦੀ ਕਨਜ਼ਮਪਸ਼ਨ 2,44,000 ਟਨ ਹੋ ਗਈ, ਯਾਨੀ 1 ਲੱਖ ਟਨ ਦੇ ਕਰੀਬ ਕਨਜ਼ਮਪਸ਼ਨ ਇਸ ਦੀ ਘੱਟ ਗਈ। ਅਗਲੇ ਸਾਲ ਵਿੱਚ ਯਾਨੀ 1975-76 ਵਿਚ ਇਸ ਦੀ ਕਨਜ਼ਮਪਸ਼ਨ ਮਸਾਂ 2,98,000 ਟਨ ਤਕ ਪਹੁੰਚੀ। ਖਾਦ ਦੀਆਂ ਕੀਮਤਾਂ ਵੱਧਣ ਦਾ ਸਾਡੇ ਸੂਬੇ ਦੀ ਐਗਰੀਕਲਚਰਲ ਪ੍ਰੋਡਕਸ਼ਨ ਤੇ ਬੜਾ ਮਾੜਾ ਅਸਰ ਪਿਆ, ਪ੍ਰੋਡਕਸ਼ਨ ਘੱਟ ਗਈ। ਇਸੇ ਤਰ੍ਹਾਂ ਹੀ ਹਿੰਦੁਸਤਾਨ ਦੇ ਦੂਜਿਆਂ ਸੂਬਿਆਂ ਦੇ ਵਿਚ ਵੀ ਪ੍ਰੋਡਕਸ਼ਨ ਘੱਟ ਗਈ ਕਿਉਂਕਿ ਕੈਮੀਕਲ ਫਰਟੇਲਾਈਜ਼ਰਜ਼ ਦੀਆਂ ਕੀਮਤਾਂ ਜੂਨ, 1974 ਵਿਚ ਵਧਾਈਆਂ ਗਈਆਂ। ਯੂਰੀਏ ਦੀ ਕੀਮਤ 1050 ਰੁਪਏ ਟਨ ਸੀ, ਇਹ ਵੱਧ ਕੇ 2,000 ਰੁਪਏ ਟਨ ਹੋ ਗਿਆ। 90% ਪ੍ਰਾਈਸ ਵਿਚ ਇਨਕਰੀਜ਼ ਹੋ ਗਈ। ਡੀ.ਏ.ਪੀ. ਦਾ ਰੇਟ 1335 ਰੁਪਏ ਟਨ ਤੋਂ ਵਧ ਕੇ 3005 ਰੁਪਏ ਟਨ ਹੋ ਗਿਆ। ਇਸ ਦਾ ਅਸਰ ਐਗਰੀਕਲਚਰਲ ਪ੍ਰੋਡਕਸ਼ਨ ਤੇ ਬਹੁਤ ਮਾੜਾ ਪਿਆ। ਇਸ ਦੇ ਨਤੀਜੇ ਬੜੇ ਹੈਰਾਨਕੁਨ ਸਨ। ਇਸ ਦੇ ਅਸਰ ਵਜੋਂ ਕਣਕ ਦੀ ਪੈਦਾਵਾਰ ਸੂਬੇ ਦੇ ਅੰਦਰ ਘਟ ਗਈ। 1975 ਵਿਚ ਦੇਸ਼ ਨੂੰ 900 ਕਰੋੜ ਰੁਪਏ ਦਾ ਅਨਾਜ ਬਾਹਰੋਂ ਮੰਗਾਉਣਾ ਪਿਆ, ਜਿਸ ਦੇ ਵਿਚ ਜ਼ਿਆਦਾ ਕਣਕ ਸੀ। 1976 ਵਿਚ 1100 ਕਰੋੜ ਰੁਪਏ ਦੀ ਕਣਕ ਇੰਪੋਰਟ ਕਰਨੀ ਪਈ। ਇਸ ਤਰ੍ਹਾਂ ਇਨ੍ਹਾਂ ਦੋ ਸਾਲਾਂ ਵਿੱਚ ਹੀ ਸਾਨੂੰ 2000 ਕਰੋੜ ਰੁਪਏ ਦੇ ਫੂਡ ਗਰੇਨਜ਼ ਇੰਪੋਰਟ ਕਰਨੇ ਪਏ। ਇਕ ਦਮ ਫਰਟੇਲਾਈਜ਼ਰਜ਼ ਦੀਆਂ ਪ੍ਰਾਈਸਿਜ਼ ਵਧਾਉਣ ਦਾ ਅਸਰ ਐਨਾ ਮਾੜਾ ਹੋਇਆ ਕਿ ਮਜਬੂਰ ਹੋ ਕੇ ਉਸ ਵੇਲੇ ਦੀ ਕਾਂਗਰਸ ਸਰਕਾਰ ਨੂੰ ਸੋਚਣਾ ਪਿਆ ਕਿ ਫਰਟੇਲਾਈਜ਼ਰਜ਼ ਦੀਆਂ ਪ੍ਰਾਈਸਿਜ਼ ਥੋੜ੍ਹੀਆਂ ਘਟਾਈਆਂ ਜਾਣ। ਫਿਰ ਇਹ ਥੋੜ੍ਹੀਆਂ ਥੋੜ੍ਹੀਆਂ ਘਟਣੀਆਂ ਵੀ ਸ਼ੁਰੂ ਹੋ ਗਈਆਂ ਅੱਤ ਤਿੰਨ ਵਾਰੀ ਥੋੜ੍ਹੀਆਂ ਥੋੜ੍ਹੀਆਂ ਘਟਾਈਆਂ ਗਈਆਂ। ਦੂਸਰੇ ਫਰਟੇਲਾਈਜ਼ਰਜ਼ ਦੀਆਂ ਕੀਮਤਾਂ ਵੀ ਘਟੀਆਂ। ਭਾਵੇਂ

Original with;
Punjab Vidhan Sabha
Digitized by;
Panjab Digital Library

ਹੁਣ ਫਿਰ 2 ਹਜ਼ਾਰ ਨੂੰ ਯੂਰੀਆ ਟੱਚ ਕਰ ਗਿਆ ਹੈ ਪਰ ਮੈਂ ਦੱਸਦਾ ਹਾਂ ਕਿ ਜਿਸ ਵੇਲੇ ਇਹ ਕੀਮਤਾਂ ਘਟਾਈਆਂ ਗਈਆਂ ਸਨ ਤਾਂ ਸਾਡੀ ਐਗਰੀਕਲਚਰਲ ਪ੍ਰੋਡਕਸ਼ਨ ਵਧੀ । ਸਪੀਕਰ ਸਾਹਿਬ, ਹਿੰਦੁਸਤਾਨ ਦੀ ਮੈਕਸੀਮਮ ਐਗਰੀਕਲਚਰਲ ਪ੍ਰੋਡਕਸ਼ਨ ਜਨਤਾ ਸਰਕਾਰ ਤੋਂ ਪਹਿਲਾਂ 111 ਮਿਲੀਅਨ ਟਨ ਹੋਈ ਸੀ। ਇਹ ਵੱਧ ਤੋਂ ਵੱਧ ਚੋਸ਼ ਦੀ ਪ੍ਰੋਡਕਸ਼ਨ ਸੀ ਲੇਕਿਨ ਜਨਤਾ ਸਰਕਾਰ ਵੇਲੇ ਇਹ 128/129 ਮਿਲੀਅਨ ਟਨ ਹੋ ਗਈ। ਜਿਥੇ ਅਸੀਂ ਪਹਿਲੇ ਦੋ ਹਜ਼ਾਰ ਕਰੋੜ ਰੁਪਏ ਦਾ ਦੋ ਸ਼ਾਲਾਂ ਵਿਚ ਅਨਾਜ ਇੰਪੋਰਟ ਕੀਤਾ ਸੀ , ਉਥੇ ਅਸੀਂ ਪਹਿਲੀ ਵਾਰੀ ਇਸ ਹਾਲਤ ਵਿਚ ਹੋ ਗਏ ਕਿ ਇਥੋਂ ਅਨਾਜ ਬਾਹਰਲੇ ਦੇਸ਼ਾਂ ਨੂੰ ਜਾਣ ਲਗ ਗਿਆ ਅੱਰ ਪਹਿਲੀ ਵਾਰੀ ਅਨਾਜ ਐਕਸਪੋਰਟ ਹੋਣ ਲੱਗਾ। ਸਪੀਕਰ ਸਾਹਿਬ, ਇਥੇ ਇਨ੍ਹਾਂ ਨੂੰ ਤਾਹਨੇ ਮੇਹਣੇ ਦੇਣ ਦੀ ਆਦਤ ਬਣੀ ਹੋਈ ਹੈ। ਇਨ੍ਹਾਂ ਨੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਕਿਹਾ ਕਿ ਉਥੇ ਸੈਂਟਰ ਵਿਚ ਅਸੀਂ ਬੈਠੇ ਸੀ । ਮੁੱਖ ਮੰਤਰੀ ਜੀ ਨੇ ਵੀ ਕਿਹਾ ਕਿ ਇਥੇ ਵੀ ਜੱਟ ਸੀ ਅੱਰ ਉਥੇ ਵੀ ਜੱਟ ਸੀ। ਸੋ ਇਸ ਤਰ੍ਹਾਂ ਚੋ ਸਾਨੂੰ ਤਾਹਨੇ ਮੇਹਣੇ ਨਹੀਂ ਦੇਣੇ ਚਾਹੀਦੇ। ਇਥੇ ਵੀ 30 ਸਾਲ ਕਾਂਗਰਸ ਦੀ ਸਰਕਾਰ ਸੀ ਅੱਰ ਉਥੇ ਵੀ ਕਾਂਗਰਸ ਦੀ ਸਰਕਾਰ ਰਹੀ ਲੇਕਿਨ ਹੋਇਆ ਇਨ੍ਹਾਂ ਤੋਂ ਕੁਝ ਨਹੀਂ ਹੈ। ਜੋ ਕੁਝ ਇਨ੍ਹਾਂ ਨੇ ਕੀਤਾ ਹੈ ਉਹ ਪਬਲਿਕ ਦੇ ਸਾਹਮਣੇ ਹੈ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜੇ ਕਰ ਕੋਈ ਚੰਗੀ ਗੱਲ ਹੋਈ ਹੋਵੇ ਤਾਂ ਉਸ ਨੂੰ ਚੰਗਾ ਕਹਿਣਾ ਚਾਹੀਦਾ ਹੈ, ਫੈਕਟਸ ਨੂੰ ਮੰਨ ਲੈਣਾ ਚਾਹੀਦਾ ਹੈ। ਪਹਿਲਾਂ ਸਾਡਾ ਦੇਸ਼ ਫੂਡਗਰੇਨਜ਼ ਦੀ ਇਮਪੋਰਟ ਤੇ ਨਿਰਭਰ ਸੀ ਹਾ । ਅਸੀਂ ਅਨਾਜ ਇਮਪੋਰਟ ਕਰਦੇ ਰਹੇ ਹਾਂ ਅੱਠ ਦੋ ਸਾਲਾਂ ਵਿਚ ਦੋ ਹਜ਼ਾਰ ਕਰੋੜ ਰੁਪਏ ਦੀ ਕਣਕ ਅਸੀਂ ਬਾਹਰੋਂ ਮੰਗਵਾ ਕੇ ਖਾ ਗਏ । ਅਸੀਂ ਉਸ ਚੀਜ਼ ਨੂੰ ਬਦਲਿਆ । ਇਸ ਲਈ ਸਪੀਕਰ ਸਾਹਿਬ, ਇਨ੍ਹਾਂ ਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਹਰ ਗੱਲ ਨੂੰ ਸੋਚ ਕੇ ਕਰਿਟੇਸਾਈਜ਼ ਕਰਨਾ ਚਾਹੀਦਾ ਹੈ। ਅਸੀਂ ਰੂਸ ਤੋਂ ਅਨਾਜ ਉਧਾਰ ਲਿਆ ਹੋਇਆ ਸੀ। 15 ਲੱਖ ਟਨ ਕਣਕ ਰੂਸ ਤੋਂ ਉਧਾਰ ਲੈ ਕੇ ਖਾਧੀ ਹੋਈ ਸੀ। ਇਹ ਪਹਿਲੀ ਵਾਰ ਸੀ ਕਿ ਅਸੀਂ ਉਹ ਵੀ ਅਨਾਜ ਵਾਪਸ ਕੀਤਾ ਅੱਰ ਇਹ ਪਹਿਲੀ ਵਾਰੀ ਸੀ ਕਿ ਅਸੀਂ ਬਾਹਰਲੇ ਦੇਸ਼ਾਂ ਨੂੰ, ਲੋੜਵੰਦ ਦੇਸ਼ਾਂ ਨੂੰ ਅਨਾਜ ਦਿਤਾ। ਇਹ ਪਹਿਲੀ ਵਾਰੀ ਇਸ ਤਰ੍ਹਾਂ ਹੋਇਆ ਸੀ ਨਹੀਂ ਤਾਂ ਅਗੇ ਅਸੀਂ ਆਪ ਲੋੜਵੰਦ ਦੇਸ਼ ਕਹਾਉਂਦੇ ਸੀ ਅੱਰ ਵਿਦੇਸ਼ਾਂ ਤੋਂ ਅਨਾਜ ਮੁੱਲ ਜਾਂ ਉਧਾਰ ਲਿਆ ਕਰਦੇ ਸੀ। ਸਾਡੇ ਵੇਲੇ ਗਵਾਂਢੀ ਦੇਸ਼ ਬੰਗਲਾ ਦੇਸ਼ ਨੂੰ ਲੋੜ ਪਈ , ਅਸੀਂ ਉਨ੍ਹਾਂ ਨੂੰ ਦੋ ਲੱਖ ਟਨ ਅਨਾਜ ਦਿਤਾ । ਵੀਤਨਾਮ ਨੂੰ ਲੋੜ ਪਈ, ਉਹ ਜੰਗ ਵਿਚੋਂ ਨਿਕਲਿਆ ਸੀ, ਉਸ ਨੂੰ ਅਨਾਜ ਦਿਤਾ। ਰੂਸ ਨੂੰ ਲੋੜ ਪਈ, ਅਸੀਂ ਦੋ ਲੱਖ ਟਨ ਉਸ ਨੂੰ ਚਾਵਲ ਦਿਤਾ ਅੱਰ ਉਸ ਦੇ ਬਦਲੇ ਵਿਚ ਅਸੀਂ ਕਿਹਾ ਕਿ ਅਸੀਂ ਡੀਜ਼ਲ ਲੈਣਾ ਹੈ। ਡੀਜ਼ਲ ਲੈਣ ਦਾ ਸੌਦਾ ਹੋਣ ਲਗਾ। ਇਹ ਪਹਿਲਾ ਸਮਾਂ ਸੀ ਜਦੋਂ ਕਿ ਚੋਸ਼ ਇਸ ਪੁਜ਼ੀਸ਼ਨ ਨੂੰ ਪੁੱਜਿਆ। ਇਹ ਇਸ ਕਰਕੇ ਹੋਇਆ ਕਿ ਖਾਦ ਦੀਆਂ ਕੀਮਤਾਂ ਅਸੀਂ ਘੱਟ ਰਖੀਆਂ। ਅੱਜ ਪੰਜਾਬ ਵਿਚ ਖਾਦ ਦਾ ਇਸਤੇਮਾਲ ਦੁਨੀਆਂ ਦੇ ਤਰੱਕੀ ਵਾਲੇ ਜੋ ਦੇਸ਼ ਹਨ, ਉਨ੍ਹਾਂ ਦੇ ਮੁਕਾਬਲੇ ਤੇ ਹੋ ਰਿਹਾ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਥੇ ਕਈ ਗੱਲਾਂ ਬਿਨਾਂ ਇਲਮ ਕਹਿ ਦਿਤੀਆਂ ਜਾਂਦੀਆਂ ਹਨ। ਚਤਰਥ ਸਾਹਿਬ ਨੇ ਖਾਦ ਬਾਰੇ ਕਿਹਾ ਕਿ ਅਸੀਂ ਕੁੱਝ ਨਹੀਂ ਕੀਤਾ। ਸ਼ਾਇਦ ਇਨ੍ਹਾਂ ਨੂੰ ਇਸ ਬਾਰੇ ਇਲਮ ਹੀ ਨਹੀਂ ਹੈ। ਅਸੀਂ ਬਠਿੰਡੇ ਦਾ ਖਾਦ ਦਾ ਕਾਰਖਾਨਾ ਲਗਾਇਆ ਹੈ। ਇਹ ਖਾਦ ਨੂੰ ਵਧਾਉਣ ਦੇ ਯਤਨ ਸਨ। ਫਿਰ ਸਾਡੇ ਗਵਾਂਢੀ ਸੂਬੇ ਹਰਿਆਣੇ ਵਿਚ ਪਾਨੀਪਤ ਵਿਚ ਖਾਦ ਦਾ ਕਾਰਖਾਨਾ ਲਗਿਆ । (ਬੰਪਿੰਗ) ਕਿਉਂਕਿ ਉਹ ਸੂਬਾ ਵੀ ਖੇਤੀ ਵਿਚ ਸਾਡੇ ਵਾਂਗ ਹੀ ਤਰੱਕੀ ਕਰ ਰਿਹਾ ਹੈ। ਤਿੰਨ ਕਾਰਖਾਨੇ ਖਾਦ ਦੀ ਉਪਜ ਵਧਾਉਣ ਵਾਸਤੇ ਹੋਰ ਲਗਾਏ ਗਏ। ਇਕ ਸਿੰਧਰੀ ਦਾ ਜਿਹੜਾ ਕਾਰਖਾਨਾ ਸੀ ਉਸ ਨੂੰ ਮਾਡਰਨਾਈਜ਼ ਕੀਤਾ ਗਿਆ ਤਾਕਿ ਵੱਧ ਖਾਦ ਪੈਦਾ ਹੋ ਸਕੇ ਅੱਰ ਇਹ ਹੀ ਕਾਰਨ ਸੀ ਕਿ ਖਾਦ ਦੀ ਖੱਪਤ ਪੰਜਾਬ

Original with;
Punjab Vidhan Sabha
Digitized by;
Panjab Digital Library

[ਸ਼ਰਦਾਰ ਸੁਰਜੀਤ ਸਿੰਘ ਬਰਨਾਲਾ]

ਵਿਚ ਦੁੱਗਣੀ ਹੋ ਗਈ ਅੱਰ ਬਾਕੀ ਦੇਸ਼ ਵਿਚ ਵੀ ਬਹੁਤ ਹੋ ਗਈ। ਪ੍ਰੋਡਕਸ਼ਨ ਵੱਧਣ ਕਾਰਣ ਕਿਸਾਨ ਉਸ ਦੀ ਕਨਸੰਪਸ਼ਨ ਵਧਾਉ'ਦਾ ਰਿਹਾ ।

11.05
ਪੂਰਵ ਦੁਪਹਿਰ

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਪ੍ਰੋਡਕਸ਼ਨ ਅਨਾਜ ਦੀ ਇਸ ਕਰਕੇ ਵਧੀ ਕਿਉਂਕਿ ਕਿਸਾਨ ਨੂੰ ਸਹੂਲੀਆਤ ਦਿਤੀਆਂ ਗਈਆਂ । ਖਾਦ ਦੀਆਂ ਕੀਮਤਾਂ ਘੱਟ ਰਖੀਆਂ ਗਈਆਂ ਪਰ, ਡਿਪਟੀ ਸਪੀਕਰ ਸਾਹਿਬ, ਹਣ ਫਿਰ ਕੀਮਤਾਂ ਵਧਾ ਦਿੱਤੀਆਂ ਗਈਆਂ ਹਨ ਅੱਰ ਇਹ ਕੀਮਤਾਂ ਵਧਾ ਕੇ ਉਸੇ ਹੀ ਸਨ 1974 ਵਾਲੀ ਥਾਂ ਤੇ ਲੈ ਗਏ ਹਨ । ਦੋ ਹਜ਼ਾਰ ਰੁਪਿਆ ਯੂਰੀਆ ਕਰ ਦਿੱਤਾ ਹੈ । ਡੀ. ਏ. ਪੀ. ਦੀ ਕੀਮਤ ਵੱਧ ਗਈ ਹੈ। ਇਸ ਵਾਸਤੇ ਮੈਨੂੰ ਇਹ ਖਦਸ਼ਾ ਹੈ ਕਿ ਕਿਸਾਨ ਇਤਨਾ ਬੋਝ ਬਰਦਾਸ਼ਤ ਨਹੀਂ ਕਰ ਸਕੇਗਾ । ਇਸ ਲਈ ਉਹ ਖਾਦ ਘੱਟ ਇਸਤੇਮਾਲ ਕਰੇਗਾ । ਜਦੋਂ ਖਾਦ ਘੱਟ ਇਸਤੇਮਾਲ ਹੋਣ ਲੱਗ ਜਾਂਦੀ ਹੈ ਤਾਂ ਜਿਹੜੀ ਫਸਲ ਹੋਵੇ ਇਮੀਜੀਏਟਲੀ ਉਸ ਦੀ ਪ੍ਰੋਡਕਸ਼ਨ ਤੇ ਅਸਰ ਪੈ'ਦਾ ਹੈ । ਇਕ ਹੋਰ ਗੱਲ ਹੈ, ਡਿਪਟੀ ਸਪੀਕਰ ਸ਼ਾਹਿਬ ਪਿਛਲੀ, ਸਾਡੀ ਸਰਕਾਰ ਵੇਲੇ ਕੋਆਪ੍ਰੇਟਿਵ ਸੋਸਾਇਟੀਆਂ ਕਿਸਾਨਾਂ ਨੂੰ ਐਡਵਾਂਸ ਦਿੰਦੀਆਂ ਰਹੀਆਂ ਅੱਰ 42 ਕਰੋੜ ਰੁਪਏ ਚੋ ਪਿਛਲੇ ਸਾਲ ਕੋਆਪਰੇਟਿਵ ਐਡਵਾਂਸ ਦਿੱਤੇ ਗਏ । ਲੇਕਿਨ ਹੁਣ ਖਾਦ ਦੀ ਕੀਮਤ ਵੱਧ ਗਈ ਹੈ, ਇਤਨੇ ਪੈਸੇ ਵਿਚ ਪਹਿਲੇ ਜਿਤਨੀ' ਖਾਦ ਨਹੀਂ ਮਿਲ ਸਕੇਗੀ । ਇਸ ਲਈ ਇਹ ਐਡਵਾਂਸ ਵੀ ਜ਼ਿਆਦਾ ਦੇਣੇ ਚਾਹੀਦੇ ਹਨ । ਫਿਰ ਕੀਮਤਾਂ ਜਿਹੜੀਆਂ ਵਧਾਈਆਂ ਗਈਆਂ ਹਨ ਇਹ ਕਿਸੇ ਤਰੀਕੇ ਨਾਲ ਨਹੀਂ ਵਧਾਈਆਂ । 38/40 ਫੀ ਸਦੀ ਕੀਮਤ ਇਕ ਦਮ ਵੱਧਾ ਦਿੱਤੀ ਹੈ । ਇਸ ਹਿਸਾਬ ਨਾਲ ਜਿਹੜੀ ਪਹਿਲਾਂ ਕਿਸਾਨ ਦੀ ਕ੍ਰੈਡਿਟ ਲਿਮਿਟ 9,000 ਰੁਪਏ ਦੀ ਸੀ ਉਹ ਵੀ ਵਧਾਉਣੀ ਚਾਹੀਦੀ ਹੈ ਤਾਂ ਕਿ ਘੱਟੋ ਘੱਟ ਇਹ ਤਾਂ ਹੋਵੇ ਕਿ ਕਿਸਾਨ ਉਤਨੀ ਖਾਦ ਖਰੀਦ ਸਕੇ ਭਾਵੇਂ ਮਹਿੰਗੇ ਭਾਅ ਤੇ ਹੀ ਖਰੀਦੇ । ਭਾਵੇਂ ਉਸ ਦੀ ਇਨਵੈਸਟਮੈਂਟ ਜ਼ਿਆਦਾ ਹੋ ਜਾਵੇਗੀ ਲੇਕਿਨ ਉਨ੍ਹਾਂ ਨੂੰ ਖਾਦ ਮਿਲਦੀ ਤਾਂ ਰਹੇਗੀ । ਜੇਕਰ ਇਸ ਤਰ੍ਹਾਂ ਕਰ ਦਿੱਤਾ ਜਾਵੇ ਤਾਂ ਜਿਹੜਾ ਸਾਡਾ ਖਦਸ਼ਾ ਹੈ ਕਿ ਪੈਦਾਵਾਰ ਬਹੁਤ ਘੱਟ ਜਾਵੇਗੀ ਉਹ ਸ਼ਾਇਦ ਇਤਨੀ ਨਾ ਘਟੇ । ਮੈਂ ਅਰਜ਼ ਕਰ ਰਿਹਾ ਸੀ ਕਿ ਜੇਕਰ ਪੈਦਾਵਾਰ ਵੱਧਦੀ ਹੈ ਤਾਂ ਇਸ ਦਾ ਅਸਰ ਸਾਰੇ ਦੇਸ਼ ਤੇ ਹੁੰਦਾ ਹੈ । ਇਸ ਦਾ ਲਾਭ ਵੀ ਦੇਸ਼ ਨੂੰ ਹੁੰਦਾ ਹੈ। ਜਦੋਂ ਸਾਡੇ ਦੇਸ਼ ਦੀ ਅਨਾਜ ਦੀ ਪੈਦਾਵਾਰ ਸਾਡੇ ਵੇਲੇ ਵੱਧੀ ਤਾਂ ਉਸ ਵੇਲੇ ਬਾਹਰਲੇ ਦੇਸ਼ਾਂ ਨੂੰ ਅਸੀਂ ਅਨਾਜ ਦੇਣ ਯੋਗ ਹੋ ਗਏ । ਜਦੋਂ ਅਸੀਂ ਬਾਹਰਲੇ ਦੇਸ਼ਾਂ ਨੂੰ ਅਨਾਜ ਦਿੱਤਾ ਤਾਂ ਸਾਡਾ ਸਿਰ ਇੰਟਰਨੈਸ਼ਨਲ ਕਮਿਊਨਿਟੀ ਦੇ ਅੰਦਰ ਉਚਾ ਹੋਇਆ। ਅਸੀਂ ਇੰਟਰਨੈਸ਼ਨਲ ਕਮਿਊਨਿਟੀ ਦੇ ਵਿਚ ਸਿਰ ਚੁੱਕ ਕੇ ਤੁਰਨ ਜੋਗੇ ਹੋ ਗਏ ਕਿ ਅਸੀਂ ਵੀ ਕਿਸੇ ਨੂੰ ਕੁਝ ਦੇਣ ਜੋਗੇ ਹੋ ਗਏ ਹਾਂ (ਥੰਪਿੰਗ)। ਸਾਡੇ ਵਿਚ ਇਹ ਸਮੱਰਥਾ ਹੋ ਗਈ ਕਿ ਅਸੀਂ ਵੀ ਲੋੜਵੰਦ ਦੇਸ਼ਾਂ ਦੀ ਲੋੜ ਪੂਰੀ ਕਰ ਸਕਦੇ ਸੀ । ਇਸ ਦੇ ਨਾਲ ਸਾਡੇ ਦੇਸ਼ ਦੀ ਇਜ਼ਤ ਇੰਟਰਨੈਸ਼ਨਲ ਲੈਵਲ ਤੇ ਬਹੁਤ ਉਚੀ ਹੋਈ ਜੇਕਰ ਅਸੀਂ ਹੀ ਬਾਹਰਲੇ ਦੇਸ਼ਾਂ ਪਾਸੋਂ ਅਨਾਜ ਮੰਗਦੇ ਰਹਾਂਗੇ ਤਾਂ ਸਾਡਾ ਸਿਰ ਉਚਾ ਨਹੀਂ ਰਹੇਗਾ । ਇਸ ਲਈ ਮੈਂ ਕਹਿੰਦਾ ਹਾਂ ਕਿ ਪ੍ਰੋਡਕਸ਼ਨ ਦਾ ਅਸਰ ਸਾਡੇ ਦੇਸ਼ ਦੀ ਇਜ਼ਤ ਤੇ ਵੀ ਪੈ'ਦਾ ਹੈ। ਜਿਸ ਤਰ੍ਹਾਂ ਫਰਟੇਲਾਈਜ਼ਰ ਦੀਆਂ ਕੀਮਤਾਂ ਵਧਾਈਆਂ ਗਈਆਂ ਹਨ, ਡੀਜ਼ਲ ਦੀਆਂ ਕੀਮਤਾਂ ਵਧਾਈਆਂ ਗਈਆਂ ਹਨ, ਉਹ ਠੀਕ ਨਹੀਂ ਹਨ । ਭਾਵੇਂ ਪਹਿਲੀਂ ਇਹ ਕਹਿੰਦੇ ਸਨ ਕਿ ਅਸੀਂ ਕੀਮਤਾਂ ਨਹੀਂ ਵਧਾਵਾਂਗੇ ਪਰ ਫਿਰ ਵੀ ਵਧਾ ਦਿੱਤੀਆਂ ਗਈਆਂ।

Original with;
Punjab Vidhan Sabha
Digitized by;
Panjab Digital Library

ਇਸ ਬਾਰੇ 19 ਅਪ੍ਰੈਲ, ਨੂੰ ਤੇਲ ਮੰਤਰੀ ਸਾਹਿਬ ਦਾ ਬਿਆਨ ਆਇਆ ਹੈ । ਸਵਾਲ ਆਇਆ ਸੀ ਕਿਕੀ ਤੇਲ ਦੀਆਂ ਕੀਮਤਾਂ ਵਧਾਉਣ ਦਾ ਸਰਕਾਰ ਦਾ ਵਿਚਾਰ ਹੈ ? ਉਸ ਉਤੇ ਉਨ੍ਹਾਂ ਨੇ ਇਹ ਜਵਾਬ ਦਿੱਤਾ :—

"There is no such proposal under consideration". This reply was given on the 19th April, this year.

19 ਅਪ੍ਰੈਲ, ਨੂੰ ਪ੍ਰੈਸ ਕਾਨਫਰੰਸ ਵਿਚ ਇਹ ਕਿਹਾ ਗਿਆ ਸੀ ਕਿ ਤੇਲ ਦੀਆਂ ਕੀਮਤਾਂ ਵਧਾਉਣ ਦੀ ਸਕੀਮ ਸਰਕਾਰ ਦੇ ਵਿਚਾਰੋਂ ਅਧੀਨ ਨਹੀਂ ਹੈ। ਲੇਕਿਨ ਇਲੈਕਸ਼ਨਾਂ ਤੋਂ ਫੌਰਨ ਬਅਦ ਇਹ ਕੀਮਤਾਂ ਵਧਾ ਦਿਤੀਆਂ ਗਈਆਂ। ਵਿਚ ਕੀਮਤਾਂ ਵੀ, ਡਿਪਟੀ ਸਪੀਕਰ ਸਾਹਿਬ, ਕਿਸੇ ਤਰੀਕੇ ਨਾਲ ਨਹੀਂ ਕਿਸੇ ਹਿਸਾਬ ਨਾਲ ਨਹੀਂ ਵਧਾਈਆਂ ਗਈਆਂ । ਪੈਟਰੋਲ ਦੀ ਕੀਮਤ ਵਿਚ 65 ਪੈਸੇ ਵਾਧਾ ਕੀਤਾ ਗਿਆ ਅੌਰ ਡੀਜ਼ਲ ਦੀ ਕੀਮਤ ਵਿਚ ਵੀ 65 ਪੈਸੇ ਦਾ ਵਾਧਾ ਕੀਤਾ ਗਿਆ ਹਾਲਾਂ ਕਿ ਹੋਣਾ ਇਹ ਚਾਹੀਦਾ ਸੀ ਕਿ ਕੀਮਤ ਦੇ ਹਿਸਾਬ ਨਾਲ ਕੀਮਤਾਂ ਵਿਚ ਕੁਝ ਬੜ੍ਹਾਵਾ ਕਰ ਦਿੱਤਾ ਜਾਂਦਾ ਲੇਕਿਨ ਇਥੇ ਮੈਟੀਰੀਅਲ ਤੇ ਵਾਧਾ ਕਰ ਦਿੱਤਾ ਗਿਆ ਹੈ, ਭਾਵੇਂ ਪੈਟਰੋਲ ਹੈ ਤੇ ਭਾਵੇਂ ਡੀਜ਼ਲ ਹੈ ਉਸ ਦੀ ਕੀਮਤ ਵਿਚ 65 ਪੈਸੇ ਦਾ ਵਾਧਾ ਕਰ ਦਿੱਤਾ ਹੈ ਇਸ ਦਾ ਨਤੀਜਾ ਕੀ ਹੋਇਆ ? ਪੈਟਰੋਲ ਤਾਂ ਕੰਪਨੀਆਂ ਵਾਲੇ ਅਮੀਰ ਜਾਂ ਕਾਰਾਂ ਵਾਲੇ ਵਰਤਦੇ ਹਨ। ਉਨ੍ਹਾਂ ਨੂੰ ਇਸ ਦੀ ਲੋੜ ਹੁੰਦੀ ਹੈ ਲੇਕਿਨ ਡੀਜ਼ਲ ਦੀ ਲੋੜ ਗਰੀਬ ਆਦਮੀ ਨੂੰ, ਕਿਸਾਨ ਨੂੰ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਡੀਜ਼ਲ ਆਮ ਤੌਰ ਤੇ ਟਿਊਬਵੈਲਾਂ, ਟਰੈਕਟਰਾਂ ਅਤੇ ਬੱਸਾਂ ਵਿਚ ਇਸਤੇਮਾਲ ਹੁੰਦਾ ਹੈ । ਇਸ ਲਈ ਬੱਸਾਂ ਦਾ ਵੀ ਭਾੜਾ ਵਧੇਗਾ। ਪਰ ਇਹ ਬੜੀ ਅਜੀਬ ਗੱਲ ਹੈ ਕਿ ਪੈਟਰੋਲ ਅੌਰ ਡੀਜ਼ਲ ਦੀ ਕੀਮਤ ਵਿਚ ਇਕੋ ਜਿਹਾ ਵਾਧਾ ਹੋਇਆ ਹੈ। 65 ਪੈਸੇ ਡੀਜ਼ਲ ਦੇ ਰੇਟ ਵਿਚ ਇਕ ਦਮ ਵਧਾ ਦੇਣੇ, ਇਹ ਠੀਕ ਨਹੀਂ ਲਗਦਾ । ਇਸ ਨਾਲ ਲੂਬਰੀਕੈਂਟਸ ਦਾ ਵੀ ਰੇਟ ਵਧਿਆ ਹੈ । ਅੌਰ ਮੈਂ ਹਿਸਾਬ ਲਾਇਆ ਹੈ ਕਿ ਇਸ ਨਾਲ 2 ਹਜ਼ਾਰ ਕਰੋੜ ਰੁਪਿਆ ਸਰਕਾਰ ਦੇ ਖਜ਼ਾਨੇ ਵਿਚ ਪੈਣਾ ਹੈ । ਮੈਨੂੰ ਇਹ ਨਹੀਂ ਸਮਝ ਪੈਂਦੀ ਕਿ ਇਕ ਦਮ ਸਰਕਾਰ ਨੂੰ ਇਲੈਕਸ਼ਨਾਂ ਤੋਂ ਬਅਦ 2 ਹਜ਼ਾਰ ਕਰੋੜ ਰੁਪਏ ਦੀ ਕਿਉਂ ਲੋੜ ਪੈ ਗਈ ਜਿਸ ਕਾਰਣ 65 ਪੈਸੇ ਰੇਟ ਇਕ ਦਮ ਵਧਾ ਦਿੱਤਾ ? ਚਾਹੀਦਾ ਤਾਂ ਇਹ ਸੀ ਕਿ ਹਾਲੇ 30 ਜਾਂ 35 ਪੈਸੇ ਵੱਧਾ ਲੈਂਦੇ ਵਿਚ ਕੁਝ ਸਮੇਂ ਬਅਦ, ਸਾਲ ਚੋਂ ਸਾਲ ਬਅਦ ਕੁਝ ਹੋਰ ਪੈਸੇ ਵਧਾ ਲੈਂਦੇ । ਇਸ ਨਾਲ ਕਿਸਾਨਾਂ ਤੇ ਜ਼ਿਆਦਾ ਅਸਰ ਨਹੀਂ ਪੈਣਾ ਸੀ । ਪਰ ਹੁਣ ਤਾਂ ਹਰ ਚੀਜ਼ ਤੇ ਇਸ ਦਾ ਅਸਰ ਪਵੇਗਾ । ਪੰਪਿੰਗ ਸੈਟਸ ਠੀਕ ਨਹੀਂ ਚਲਣਗੇ। ਕਿਸਾਨ ਉਸ ਵਿਚ ਕੋਈ ਹੋਰ ਜੀ ਮਾੜਾ ਤੇਲ ਲੈ ਕੇ ਪਾਂਦੇ ਰਹਨ । ਇਹ ਅਡਲਟਰੇਟਿਡ ਤੇਲ ਹੁੰਦਾ ਹੈ ਜਿਸ ਨਾਲ ਕਿ ਪੰਪਿੰਗ ਸੈਟਸ ਖਰਾਬ ਹੋ ਜਾਂਦੇ ਹਨ, ਟਰੈਕਟਰ ਖਰਾਬ ਹੋ ਜਾਂਦੇ ਹਨ। ਇਸ ਪ੍ਰਾਈਸ ਦੇ ਇਕ ਦਮ ਇਤਨਾ ਵੱਧ ਜਾਣ ਨਾਲ ਅੈਸਾ ਅੰਦੇਸ਼ਾ ਲਗ ਰਿਹਾ ਹੈ ਕਿ ਪਰੋਡਕਸ਼ਨ ਵੀ ਘੱਟ ਜਾਵੇਗੀ। ਅੱਜ ਅੈਗਰੀਕਲਚਰ ਮੈਕੇਨਾਈਜ਼ਡ ਤਰੀਕੇ ਨਾਲ ਹੋ ਰਹੀ ਹੈ । ਉਸ ਵਿਚ ਡੀਜ਼ਲ ਦੀ ਲੋੜ ਪੈਂਦੀ ਹੈ। ਇਸ ਲਈ ਜੇ ਡੀਜ਼ਲ ਦਾ ਰੇਟ ਮਹਿੰਗਾ ਹੋ ਜਾਵੇਗਾ ਤਾਂ ਪਰੋਡਕਸ਼ਨ ਤੇ ਇਸ ਦਾ ਅਸਰ ਪਵੇਗਾ । ਇਸ ਲਈ ਅਸੀਂ ਚਾਹੁੰਦੇ ਹਾਂ ਕਿ ਫਾਰਮਰਜ਼ ਨੂੰ ਕੁਝ ਸਹੂਲਤਾਂ ਦਿਓ, ਭਾਵੇਂ ਸੇਲਜ਼ ਟੈਕਸ ਵਿਚ ਕੁਝ ਕਮੀ ਕਰ ਦੇਵੋ ਜਾਂ ਮੁਆਫ਼ ਹੀ ਕਰ ਦਿਓ ਕਿਉਂਕਿ 65 ਪੈਸੇ ਇਕ ਦਮ ਵਧਣ ਨਾਲ ਫਾਰਮਰਜ਼ ਤੇ ਬਹੁਤ ਮਾੜਾ ਅਸਰ ਪਵੇਗਾ ਅਤੇ ਕਿਸਾਨ ਆਪਣੀ ਉਪਜ ਵਧਾ ਨਹੀਂ ਸਕਣਗੇ । ਫਿਰ ਇਥੇ ਕੀਮਤਾਂ ਦਾ ਜ਼ਿਕਰ ਕੀਤਾ ਗਿਆ ਹੈ । ਕੀਮਤਾਂ ਕਾਫੀ ਵਧੀਆਂ ਹਨ। ਡਿਪਟੀ ਸਪੀਕਰ ਸਾਹਿਬ, ਜਦੋਂ ਫਰਟੇਲਾਈਜ਼ਰ ਦੀਆਂ ਕੀਮਤਾਂ ਵਧਾਈਆਂ ਗਈਆਂ ਤਾਂ ਉਸ ਵੇਲੇ ਜਿਨ੍ਹਾਂ ਕੋਲ ਪੁਰਾਣੇ ਸਟਾਕ ਪਏ ਸਨ ਚਾਹੇ

Original with;
Punjab Vidhan Sabha
Digitized by
Panjab Digital Library

[ਸ਼ਰਦਾਰ ਸੁਰਜੀਤ ਸਿੰਘ ਬਰਨਾਲਾ]

ਉਹ ਸੁਸਾਇਟੀਆਂ ਕੋਲ ਪਏ ਸਨ ਜਾਂ ਕਿਸੇ ਹੋਰ ਕੋਲ, ਉਨ੍ਹਾਂ ਨੇ ਉਹ ਸਾਰਾ ਮਾਲ ਪੁਰਾਣੇ ਰੇਟ ਦੇ ਹਿਸਾਬ ਨਾਲ ਇਧਰ ਉਧਰ ਕਰ ਦਿੱਤਾ । ਇਸ ਵਿਚ ਬਹੁਤ ਘੱਪਲੇ ਹੋਏ ਹਨ । ਲੋਕਾਂ ਨੇ ਇਸ ਵਿਚ ਬਹੁਤ ਪੈਸਾ ਹੇਰਾ ਫੇਰੀ ਨਾਲ ਇਕੱਠਾ ਕਰ ਲਿਆ ਹੈ । ਮੇਰੇ ਕੋਲ ਕੁਝ ਡਾਕੂਮੈਂਟਸ ਹਨ । ਇਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਕੀਮਤਾਂ ਵੱਧਣ ਤੋਂ ਬਅਦ ਘਪਲੇ ਕਿਸ ਤਰ੍ਹਾਂ ਹੋਏ ਹਨ । ਇਹ ਹੈ Sale Register of Fertilizer of Agriculture Cooperative Society Village Katro, District Sangrur. ਮੇਰੇ ਕੋਲ ਇਸ ਦੀਆਂ ਫੋਟੋ-ਸਟੇਟ ਕਾਪੀਆਂ ਹਨ ਜੇ ਮਨਿਸਟਰ ਸਾਹਿਬ ਦੇਖਣਾ ਚਾਹੁੰਦੇ ਹਨ ਤਾਂ ਉਹ ਮੇਰੇ ਕੋਲੋਂ ਲੈ ਲੈਣ । ਇਸ ਤੋਂ ਪਤਾ ਲਗਦਾ ਹੈ ਕਿ ਜਿਸ ਦਿਨ ਭਾਅ ਵੱਧੇ ਉਸੇ ਦਿਨ 3 ਹਜ਼ਾਰ ਬੈਗ ਸੇਲ ਵਿਚ ਵਿਖਾ ਦਿਤੇ ਅੱਗੇ ਜਦ ਪਤਾ ਕੀਤਾ ਤਾਂ ਉਸ ਵੇਲੇ ਸਟਾਕ ਵਿਚ 4 ਹਜ਼ਾਰ ਬੈਗਜ਼ ਪਾਏ ਗਏ। ਇਕ ਹਜ਼ਾਰ ਬੈਗਜ਼ ਤਾਂ ਉਸੇ ਵੇਲੇ ਹੀ ਇਧਰ ਉਧਰ ਕਰ ਗਏ। ਫਿਰ ਜਦੋਂ ਸ਼ਿਕਾਇਤ ਹੋਈ ਅਤੇ ਉਸ ਤੋਂ ਬਾਅਦ ਚੈਕਿੰਗ ਕੀਤੀ ਗਈ ਤਾਂ ਉਨ੍ਹਾਂ ਨੇ 5,038 ਬੈਗਜ਼ ਨੋਟ ਕੀਤੇ। ਸੋ ਇਸ ਤਰ੍ਹਾਂ ਦੇ ਕੇਸ ਹੋਰ ਵੀ ਕਈ ਜਗ੍ਹਾ ਹੋਏ ਹਨ ਜਿਨ੍ਹਾਂ ਵਿਚ ਬਹਤ ਜ਼ਿਆਦਾ ਘਪਲਾ ਕੀਤਾ ਗਿਆ ਹੈ । ਚਾਹੀਦਾ ਤਾਂ ਇਹ ਸੀ ਕਿ ਭਾਅ ਵਧਾਉਣ ਤੋਂ ਪਹਿਲਾਂ ਸਾਰਾ ਸਟਾਕ ਚੈਕ ਕਰ ਲਿਆ ਜਾਂਦਾ ਅੱਗੇ ਜੋ ਪੁਰਾਣਾ ਸਟਾਕ ਸੀ ਉਸ ਨੂੰ ਪੁਰਾਣੇ ਰੇਟ ਤੇ ਆਮ ਲੋਕਾਂ ਵਿੱਚ ਵੰਡਿਆ ਜਾਂਦਾ । ਪਰ ਇਹ ਜੋ ਘਪਲੇ ਹੋਏ ਹਨ ਇਸ ਨਾਲ ਕਿਸਾਨ ਲੁਟਿਆ ਗਿਆ ਹੈ ਅਤੇ ਉਸ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ।

ਡਿਪਟੀ ਸਪੀਕਰ ਸਾਹਿਬ, ਫਿਰ ਪੈਡੀ ਦੀ ਪ੍ਰਾਈਸ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਇਸ਼ਾਰਾ ਕੀਤਾ ਸੀ ਕਿ ਉਹ 100 ਰੁਪਏ ਤੋਂ 110 ਰੁਪਏ ਕਰਵਾ ਦੇਣਗੇ । ਪਰ ਮੈਨੂੰ ਇਸ ਤਰ੍ਹਾਂ ਹੁੰਦਾ ਨਜ਼ਰ ਨਹੀਂ ਆਉਂਦਾ । ਕਿਸਾਨ ਨੂੰ ਇਸ ਦਾ ਰੇਟ 110 ਰੁਪਏ ਤੋਂ ਵੀ ਜ਼ਿਆਦਾ ਦੇਣਾ ਚਾਹੀਦਾ ਹੈ ਪਰ ਜੇ ਇਹ 110 ਰੁਪਏ ਵੀ ਕਰਵਾ ਸਕਣ ਤਾਂ ਵੀ ਕਿਸਾਨ ਕੁਝ ਨਾ ਕੁਝ ਕੰਪਨਸੇਟ ਹੋ ਜਾਵੇਗਾ। ਪਰ ਇਸ ਦੇ ਵਾਸਤੇ ਇਨ੍ਹਾਂ ਨੂੰ ਬਹੁਤ ਜੱਦੋ ਜਹਿਦ ਕਰਨੀ ਚਾਹੀਦੀ ਹੈ । ਇਸ ਵਾਸਤੇ ਜੇ ਇਹ ਸਾਨੂੰ ਕਹਿਣਗੇ ਤਾਂ ਅਸੀਂ ਵੀ ਇਨ੍ਹਾਂ ਦੀ ਮੱਦਦ ਕਰਨ ਨੂੰ ਤਿਆਰ ਹਾਂ । ਲੇਕਿਨ ਸਾਡੀ ਖਾਹਿਸ਼ ਇਹ ਹੈ ਕਿ ਪੈਡੀ ਦਾ ਭਾਅ 110 ਰੁਪਏ ਤੋਂ ਘੱਟ ਨਹੀਂ ਹੋਣਾ ਚਾਹੀਦਾ । ਇਸ ਤਰ੍ਹਾਂ ਵੀ ਹੁੰਦਾ ਰਿਹਾ ਹੈ ਕਿ ਖਾਦ ਦੀਆਂ ਕੀਮਤਾਂ ਘੱਟ ਗਈਆਂ ਫਿਰ ਵੀ ਕਣਕ ਦੀ ਕੀਮਤ ਵਧਾਕੇ 105 ਰੁਪਏ ਤੋਂ 110 ਰੁਪਏ ਕਰ ਦਿੱਤੀ । ਇਸ ਤਰ੍ਹਾਂ ਸਾਡੇ ਵੇਲੇ ਹੁੰਦਾ ਰਿਹਾ ਹੈ। ਜਦੋਂ ਸੈਂਟਰ ਵਿਚ ਜਨਤਾ ਦੀ ਸਰਕਾਰ ਸੀ ਅੱਰ ਮੈਂ ਉਥੇ ਸੀ ਅਤੇ ਇਥੇ ਬਾਦਲ ਸਾਹਿਬ ਸਨ ਤਾਂ ਉਸ ਵੇਲੇ ਖਾਦ ਦੀ ਕੀਮਤ ਵੀ ਘਟਾਈ ਗਈ ਸੀ ਪਰ ਕਣਕ ਦੀ ਕੀਮਤ ਵੀ 105 ਰੁਪਏ ਤੋਂ ਵਧਾ ਕੇ 110 ਰੁਪਏ ਕੀਤੀ ਗਈ ਸੀ । ਝੋਨੇ ਦੀ ਕੀਮਤ ਵਿਚ ਵੀ 8 ਰੁਪਏ ਦਾ ਵਾਧਾ ਕੀਤਾ ਗਿਆ ਸੀ । ਪਰ ਹੁਣ ਤਾਂ ਫਰਟੇਲਾਈਜ਼ਰ ਦੀ ਕੀਮਤ ਵਿਚ ਵਾਧਾ ਹੋਇਆ ਹੈ ਇੰਸ ਲਈ ਕਿਸਾਨ ਨੂੰ ਉਸਦੀ ਪਰੋਡਕਸ਼ਨ ਦੇ ਵੱਧ ਭਾਅ ਜ਼ਰੂਰ ਮਿਲਣੇ ਚਾਹੀਦੇ ਹਨ। ਭਾਅ ਵਧਾਉਣ ਨਾਲ ਹੀ ਕਿਸਾਨ ਨੂੰ ਕੰਪਨਸੇਟ ਕੀਤਾ ਜਾ ਸਕਦਾ ਹੈ। ਨਹੀਂ ਤਾਂ ਉਹ ਵਿਚਾਰਾ ਕਰਜ਼ੇ ਨਾਲ ਹੋਰ ਲੱਦਦਾ ਚਲਾ ਜਾਵੇਗਾ ਅੱਰ ਇਕ ਦਿਨ ਐਸਾ ਆਵੇਗਾ ਕਿ ਉਸ ਦੇ ਟਰੈਕਟਰ ਵੀ ਨਿਲਾਮ ਹੋ ਜਾਣਗੇ ਜ਼ਮੀਨ ਵੀ ਨਿਲਾਮ ਹੋ ਜਾਵੇਗੀ। ਇਸ ਲਈ ਸਾਨੂੰ ਇਸ ਪਾਸੇ ਹੁਣੇ ਹੀ ਧਿਆਨ ਦੇਣਾ ਚਾਹੀਦਾ ਹੈ। ਸਾਡੀ ਸਰਕਾਰ ਨੂੰ ਫੌਰਨ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੇ ਸਾਹਮਣੇ ਆਪਣਾ ਕੇਸ ਰੱਖਣਾ ਚਾਹੀਦਾ ਹੈ ਤਾਕਿ ਕਿਸਾਨ ਦਾ ਕੁਝ ਫਾਇਦਾ ਹੋ ਸਕੇ। ਜੇ ਕਿਸਾਨ ਨੂੰ ਕੁਝ ਸਹੂਲਤਾਂ ਮਿਲਣਗੀਆਂ ਤਾਂ ਪਰੋਡਕਸ਼ਨ ਵਿਚ ਵੀ ਵਾਧਾ ਹੋ ਸਕਦਾ ਹੈ ਨਹੀਂ ਤਾਂ ਹਾਲਾਤ ਦੇ ਮੁਤਾਬਿਕ ਇਸ ਤਰ੍ਹਾਂ ਲਗਦਾ ਹੈ

Original with;
Punjab Vidhan Sabha
Digitized by;
Panjab Digital Library

ਕਿ ਝੋਨਾ, ਜਿਸ ਦੀ ਹੁਣ ਬਿਜਾਈ ਹੋ ਰਹੀ ਹੈ, ਇਸਦੀ ਪੈਦਾਵਾਰ ਵੀ ਘੱਟ ਜਾਵੇਗੀ। ਨਾਲ ਦੀ ਨਾਲ ਐਗਰੀਕਲਚਰ ਪ੍ਰਾਈਸ ਕਮਿਸ਼ਨ ਜਿਥੇ ਕਿ ਹੁਣ ਬੜੇ ਚੰਗੇ ਮੈਂਬਰ ਡਾਕਟਰ ਕਾਹਲੋਂ ਵਰਗੇ ਐਕਸਪਰਟ ਬੈਠੇ ਹਨ ਉਨ੍ਹਾਂ ਨੂੰ ਮਿਲਕੇ ਇਸ ਦੇ ਭਾਅ ਵਧਾਉਣ ਦਾ ਯਤਨ ਕਰਨਾ ਚਾਹੀਦਾ ਹੈ। ਉਹ ਐਕਸਪਰਟ ਹਨ । ਉਨ੍ਹਾਂ ਕੋਲੋਂ ਇਸ ਦਾ ਹੱਲ ਵੀ ਮਿਲ ਸਕਦਾ ਹੈ ਪਰ ਥੋੜ੍ਹਾ ਜਿਹਾ ਇਸ਼ਾਰਾ ਜ਼ਰੂਰ ਭਾਲਦੇ ਹਨ। ਇਸ ਲਈ ਇਹ ਇਸ ਪਾਸੇ ਔਫਰਟਸ ਕਰਨ। ਜੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਇਸ ਦੇ ਭਾਅ ਵੱਧਾ ਕੇ ਮੁਕੱਰਰ ਕਰੇ ਤਾਂ ਹੀ ਕਿਸਾਨ ਦਾ ਫਾਇਦਾ ਹੋ ਸਕਦਾ ਹੈ। ਜੇ ਡੀਜ਼ਲ ਦਾ ਭਾਅ ਵਧਦਾ ਹੈ ਤਾਂ ਉਸਦਾ ਅਸਰ ਹੋਰ ਚੀਜ਼ਾਂ ਤੇ ਵੀ ਝੱਟ ਪੈ ਜਾਂਦਾ ਹੈ। ਲੁਬਰੀਕੈਂਟਸ ਆਦਿ ਦੇ ਭਾਅ ਵੱਧ ਜਾਂਦੇ ਹਨ। ਸਪੇਅਰ ਪਾਰਟਸ ਦੇ ਭਾਅ ਵੀ ਵੱਧ ਜਾਂਦੇ ਹਨ। ਜੇ ਅਸੀਂ ਇਲੈਕਸ਼ਨਾਂ ਤੋਂ ਪਹਿਲਾਂ ਦੇ ਭਾਅ ਵੇਖੀਏ ਤਾਂ ਹੁਣ ਉਸ ਨਾਲੋਂ ਬਹੁਤ ਜ਼ਿਆਦਾ ਭਾਅ ਵੱਧ ਗਏ ਹਨ । ਇਸ ਵਿਚ ਬਹੁਤ ਫਰਕ ਪੈ ਗਿਆ ਹੈ। ਇਸ ਬਾਰੇ ਜ਼ਰੂਰ ਕੁਝ ਸੋਚਣਾ ਚਾਹੀਦਾ ਹੈ।

ਫਿਰ ਇਥੇ ਪੈਡੀ ਦੀ ਪਰਚੇਜ਼ ਬਾਰੇ ਐਫ. ਸੀ. ਆਈ. ਦਾ ਜ਼ਿਕਰ ਆਇਆ ਹੈ। ਡਿਪਟੀ ਸਪੀਕਰ ਸਾਹਿਬ, ਇਹ ਬੜਾ ਹੀ ਗੰਭੀਰ ਮਸਲਾ ਹੈ। ਚਾਵਲ ਦੀ ਫਸਲ ਇਕ ਐਸੀ ਫਸਲ ਹੈ ਜਿਸ ਦੀ ਉਪਜ ਦੀ ਪੰਜਾਬ ਵਿਚ ਬਹੁਤ ਘੱਟ ਵਰਤੋਂ ਹੁੰਦੀ ਹੈ ਅੌਰ ਇਸਨੂੰ ਬਾਹਰ ਹੀ ਭੇਜਣਾ ਪੈਂਦਾ ਹੈ। ਪੰਜਾਬ ਵਿਚ ਚਾਵਲ ਬਹੁਤ ਘੱਟ ਲੋਕ ਖਾਂਦੇ ਹਨ ਕਦੇ ਹਫਤੇ ਵਿਚ ਇਕ ਦੋ ਵਾਰ ਬਣਾਏ ਜਾਂਦੇ ਹਨ। ਇਸ ਕਰਕੇ ਕਿਸਾਨ ਨੂੰ ਇਹ ਫਸਲ ਵੇਚਣੀ ਹੀ ਪੈਂਦੀ ਹੈ। ਫਿਰ ਇਹ ਇਕ ਐਸੀ ਫਸਲ ਹੈ ਜਿਸ ਵੇਲੇ ਇਹ ਤਿਆਰ ਹੁੰਦੀ ਹੈ ਤਾਂ ਕਿਸਾਨ ਇਸ ਨੂੰ ਛੇਤੀ ਹੀ ਥੋੜੀ ਜਿਹੀ ਗਿੱਲੀ ਨੂੰ ਹੀ ਮਾਰਕਿਟ ਵਿਚ ਵੇਚਣਾ ਚਾਹੁੰਦਾ ਹੈ ਤਾਂ ਕਿ ਕੁਝ ਪੈਸੇ ਵੱਧ ਮਿਲ ਜਾਣ। ਇਸ ਦੇ ਨਾਲ ਹੀ ਇਕ ਗੱਲ ਇਹ ਵੀ ਹੈ ਕਿ ਉਸ ਕੋਲ ਰੱਖਣ ਦੀ ਜਗ੍ਹਾ ਵੀ ਨਹੀਂ ਹੁਦੀ। ਇਸ ਕਰਕੇ ਉਸ ਨੂੰ ਫੌਰਨ ਹੀ ਫਸਲ ਮੰਡੀ ਵਿਚ ਲੈ ਜਾਣੀ ਪੈਂਦੀ ਹੈ। ਕਿਸਾਨ ਨੂੰ ਪੈਸੇ ਦੀ ਲੋੜ ਹੁੰਦੀ ਹੈ ਅਤੇ ਕਿਸਾਨ ਬਹੁਤ ਔਖਾ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਕਿਸਾਨ ਦੀ ਕੋਸ਼ਿਸ਼ ਹੁੰਦੀ ਹੈ ਕਿ ਉਸ ਦਾ ਮਾਲ ਛੇਤੀ ਤੋਂ ਛੇਤੀ ਵਿਕ ਜਾਵੇ। ਅਜੇ ਤੱਕ ਐਫ. ਸੀ. ਆਈ. ਦਾ ਪਰਚੇਜ਼ ਕਰਨ ਦਾ ਸਿਸਟਮ ਬਣਿਆ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਪੈਡੀ ਦੀ ਪਰੋਡਕਸ਼ਨ ਕਣਕ ਨਾਲੋਂ ਤੇਜ਼ੀ ਨਾਲ ਵਧੀ ਹੈ। ਇਕ ਦਮ ਸਾਡਾ ਸੂਬਾ ਪੈਡੀ ਦਾ ਸੂਬਾ ਬਣ ਗਿਆ ਹੈ ਅਤੇ ਸਾਡੀ ਯੀਲਡ ਸਾਰੇ ਦੇਸ਼ ਨਾਲੋਂ ਵਧੀ ਹੈ। ਪੈਡੀ ਦੀ ਪ੍ਰੋਕਿਉਰਮੈਂਟ ਦਾ ਪਰੋਗਰਾਮ ਬਹੁਤ ਵਡਾ ਪਰੋਗਰਾਮ ਹੁੰਦਾ ਹੈ। ਪਰ ਪੰਜਾਬ ਸਰਕਾਰ ਇਸ ਦਾ ਹੱਲ ਨਹੀਂ ਕਰ ਸਕੀ। ਜਿਸ ਤਰ੍ਹਾਂ ਮੇਰੇ ਦੋਸਤ ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਵੀ ਦੱਸਿਆ ਹੈ। ਪਰ ਸ਼ਾਇਦ ਚਤਰਥ ਜੀ ਨੂੰ ਇਹ ਪਤਾ ਨਹੀਂ ਕਿ ਇਸ ਵਿਚ ਕੀ ਕੀ ਪਰਾਬਲਮਜ਼ ਆਉਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਸ ਵਾਸਤੇ ਬਹੁਤ ਵੱਡੀ ਰਕਮ ਦੀ ਲੋੜ ਹੁੰਦੀ ਹੈ। ਇਨਫਰਾਸਟਰਕਚਰ ਬਹੁਤ ਵੱਡਾ ਬਣਾਉਣਾ ਪੈਂਦਾ ਹੈ ਅਤੇ ਇਸ ਨੂੰ ਵਕਤ ਲਗਦਾ ਹੈ। ਇਹ ਕੰਮ ਥੋੜ੍ਹੇ ਸਮੇਂ ਵਿਚ ਕਰਨਾ ਬਹੁਤ ਮੁਸ਼ਕਿਲ ਹੈ। ਜੇਕਰ ਸਰਕਾਰ ਕਹੇ ਕਿ ਅਸੀਂ ਜਲਦੀ ਕਰ ਲਵਾਂਗੇ ਤਾਂ ਮੇਰਾ ਖਿਆਲ ਹੈ ਕਿ ਉਹ ਇਤਨੀ ਜਲਦੀ ਤਿਆਰ ਨਹੀਂ ਕਰ ਸਕਣਗੇ ? ਇਹ ਬੜਾ ਸੀਰੀਅਸ ਮਾਮਲਾ ਹੈ । ਜਦੋਂ ਐਫ ਸੀ. ਆਈ. ਨੇ ਸਟੇਟਮੈਂਟ ਦਿੱਤੀ ਸੀ ਅਤੇ ਅਖਬਾਰਾਂ ਵਿਚ ਆਇਆ ਸੀ 'F.C.I's. no to Punjab' ਤਾਂ ਉਸ ਵੇਲੇ ਮੈਂ ਡਰ ਤਾਂ ਗਿਆ ਸੀ ਕਿ ਇਸ ਤਰ੍ਹਾਂ ਕਿਸਾਨ ਨੂੰ ਬਹੁਤ ਮੁਸ਼ਕਿਲ ਹੋਵੇਗੀ। ਇਹ, ਡਿਪਟੀ ਸਪੀਕਰ ਸਾਹਿਬ, ਸੀਰੀਅਸਲੀ ਲੈਣ ਵਾਲੀ ਗੱਲ ਹੈ। ਜੇਕਰ ਐਫ, ਸੀ, ਆਈ, ਪੈਡੀ ਨਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਖਰੀਦੇ ਜਾਂ ਕੋਈ ਹੋਰ ਬਹਾਨਾ ਬਣ ਜਾਵੇ ਤਾਂ ਮੁਸ਼ਕਿਲ ਖੜ੍ਹੀ ਹੋ ਜਾਵੇਗੀ। ਇਸ ਬਾਰੇ ਮੈਂ ਕਈ ਵਾਰ ਮੁੱਖ ਮੰਤਰੀ ਜੀ ਤੋਂ ਸਵਾਲ ਪੁੱਛਿਆ ਹੈ ਕਿ ਸ਼ੈਲਿੰਗ ਕਿਉਂ ਨਹੀਂ ਹੋ ਸਕੀ । ਕੀ, ਐਫ. ਸੀ. ਆਈ. ਨਾਲ ਰੇਟ ਦਾ ਐਗਰੀਮੈਂਟ ਨਹੀਂ ਹੋ ਸਕਿਆ ਜਾਂ ਉਨ੍ਹਾਂ ਦੀ ਕਪੈਸਿਟੀ ਨਹੀਂ ਹੈ ਜਾਂ ਸ਼ੈਲਰਾਂ ਦੀ ਕੁਤਾਹੀ ਕਰਕੇ ਨਹੀਂ ਹੋਈ ਜਾਂ ਕੋਈ ਹੋਰ ਕਾਰਨ ਹੈ। ਇਹ ਚਾਰ ਪੰਜ ਕਾਰਨ ਹੋ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੂੰ ਜਵਾਬ ਦੇਣਾ ਚਾਹੀਦਾ ਸੀ। ਪਰ ਉਹ ਇਸ ਗੱਲ ਨੂੰ ਇਧਰ ਉਧਰ ਟਾਲ ਗਏ ਹਨ। ਮੈਂ ਸੀ. ਐਮ. ਸਾਹਿਬ ਨੂੰ ਤੁਹਾਡੇ ਰਾਹੀਂ ਕਹਿੰਦਾ ਹਾਂ ਕਿ ਉਹ ਇਸ ਗੱਲ ਦਾ ਜਵਾਬ ਤਿਆਰ ਕਰਕੇ ਦੇਣ। ਸੀ. ਐਮ. ਸਾਹਿਬ ਨੂੰ ਇਸ ਗੱਲ ਦਾ ਜ਼ਰੂਰ ਜਵਾਬ ਦੇਣਾ ਚਾਹੀਦਾ ਹੈ। ਮੈਂ ਡੀਬੇਟ ਮੰਗ ਲਵਾਂਗਾ। ਇਹ ਬੜਾ ਸੀਰੀਅਸ ਮਸਲਾ ਹੈ। ਜੇਕਰ ਸ਼ੈਲਰ ਘੱਟ ਹਨ ਤਾਂ ਸ਼ੈਲਰ ਹੋਰ ਬਣਵਾਏ ਜਾਣ । ਸਰਕਾਰ ਨੂੰ ਸ਼ੈਲਰਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜੇਕਰ ਤੁਹਾਡੇ ਐਫ. ਸੀ. ਆਈ. ਨਾਲ ਰੇਟ ਠੀਕ ਤੈਅ ਨਹੀਂ ਹੋਏ ਤਾਂ ਐਫ. ਸੀ. ਆਈ. ਨਾਲ ਰੇਟ ਠੀਕ ਤਹਿ ਕਰੋ। (ਥੰਪਿੰਗ) ਤਾਂ ਕਿ ਸ਼ੈਲਿਗ ਸਾਰੀ ਦੀ ਸਾਰੀ ਹੋ ਜਾਵੇ। ਜੇਕਰ ਸ਼ੈਲਿੰਗ ਨਾ ਹੋਈ ਤਾਂ ਇਸ ਨਾਲ ਦੇਸ਼ ਦਾ ਨੁਕਸਾਨ ਹੋਵੇਗਾ, ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋਵੇਗਾ ਅਤੇ ਕਿਸਾਨ ਤਬਾਹ ਹੋ ਜਾਵੇਗਾ। ਇਹ ਬੜਾ ਹੀ ਗੰਭੀਰ ਮਸਲਾ ਹੈ। ਐਫ. ਸੀ. ਆਈ. ਨਾਲ ਜੇਕਰ ਗੱਲ ਬਾਤ ਸਿਰੇ ਨਾ ਚੜ੍ਹੀ ਤਾਂ ਸਾਰੀ ਪਰਚੇਜ਼ ਗੌਰਮਿੰਟ ਨਹੀਂ ਕਰ ਸਕਦੀ। ਸਰਕਾਰ ਨੂੰ ਐਫ. ਸੀ. ਆਈ. ਨਾਲ ਕੁਆਪਰੇਟ ਕਰਨਾ ਪਵੇਗਾ। ਡਿਪਟੀ ਸਪੀਕਰ ਸਾਹਿਬ, ਐਫ. ਸੀ. ਆਈ. ਇਕ ਬਹੁਤ ਵੱਡਾ ਅਦਾਰਾ ਹੈ। ਇਹ ਵੀ ਠੀਕ ਹੈ ਕਿ ਐਫ. ਸੀ. ਆਈ. ਵਿਚ ਵੀ ਖਾਮੀਆਂ ਹਨ ਅਤੇ ਘਪਲੇ ਹੁੰਦੇ ਹਨ। ਪਰ ਉਨ੍ਹਾਂ ਖਾਮੀਆਂ ਅਤੇ ਘਪਲਿਆਂ ਨੂੰ ਪੰਜਾਬ ਸਰਕਾਰ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਈ ਦੋਸਤ ਕਹਿ ਦੇਣਗੇ ਕਿ ਤੁਸੀ, ਪਹਿਲਾਂ ਉਥੇ ਸੈਂਟਰ ਵਿਚ ਬੈਠੇ ਸੀ। ਡਿਪਟੀ ਸਪੀਕਰ ਸਾਹਿਬ, ਪਿਛਲੀ ਫਸਲ ਵੇਲੇ ਗਲਤ ਪਰਚੇਜ਼ ਹੋਈ ਸੀ ਅਤੇ ਕੁਝ ਖਾਮੀਆਂ ਸਨ। ਇਸ ਬਾਰੇ ਵਿਚ ਕਾਫੀ ਰੌਲਾ ਪਿਆ। ਆੜ੍ਹਤੀਆਂ ਦਾ ਵੀ ਇਸ ਵਿਚ ਹੱਥ ਸੀ ਅਤੇ ਕੁਝ ਪੈਸੇ ਵੀ ਉਹ ਇਨਸਪੈਕਟਰਾਂ ਨਾਲ ਮਿਲ ਕੇ ਵੀ ਘੱਟ ਵੱਧ ਕਰਦੇ ਸਨ। ਸੋ ਇਨ੍ਹਾਂ ਖਾਮੀਆਂ ਨੂੰ ਠੀਕ ਕੀਤਾ ਜਾ ਸਕਦਾ ਹੈ। ਲੇਕਿਨ ਪੰਜਾਬ ਸਰਕਾਰ ਨੂੰ ਕੋਸ਼ਿਸ਼ ਕਰਨੀ ਪਵੇਗੀ ਕਿ ਐਫ. ਸੀ. ਆਈ. ਵਾਲਿਆਂ ਨੂੰ ਪਰਚੇਜ਼ ਕਰਨ ਤੇ ਮਜਬੂਰ ਕਰਨ। ਜੇਕਰ ਸਰਕਾਰ ਕਹੇ ਕਿ ਅਸੀਂ ਇਕੱਲਿਆਂ ਹੀ ਸਾਰਾ ਅਨਾਜ ਪਰਚੇਜ਼ ਕਰ ਲਵਾਂਗੇ ਤਾਂ ਮੈਂ ਸਮਝਦਾ ਹਾਂ ਕਿ ਮੁਮਕਿਨ ਨਹੀਂ ਹੋਵੇਗਾ। ਪੰਜਾਬ ਸਰਕਾਰ 2, 3, 4 ਲੱਖ ਟਨ ਪਰਚੇਜ਼ ਕਰ ਲਵੇਗੀ। ਪਰ ਇਸ ਤੋਂ ਜ਼ਿਆਦਾ ਨਹੀਂ ਕਰ ਸਕਦੀ ਕਿਉਂਕਿ ਨਾ ਇਨ੍ਹਾਂ ਪਾਸ ਸਾਧਨ ਹਨ, ਨਾ ਹੀ ਪੈਸਾ ਹੈ ਅਤੇ ਨਾ ਕਪੈਸਿਟੀ ਹੈ । ਇਸ ਤਰ੍ਹਾਂ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾ ਨਹੀਂ ਸਕੇਗੀ, ਕਿਉਂਕਿ ਇਸ ਮਸਲੇ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਬੜਾ ਸੀਰੀਅਸ ਮਸਲਾ ਹੈ ਅਤੇ ਕਿਸਾਨਾਂ ਦਾ ਬਹੁਤ ਨੁਕਸਾਨ ਹੋ ਸਕਦਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਇਸ ਵੱਲ ਜਲਦੀ ਤੋਂ ਜਲਦੀ ਤਵੱਜੋ ਦੇਵੇ ਅਤੇ ਕੋਈ ਹੱਲ ਕੱਢਣ ਦੀ ਕੋਸ਼ਿਸ਼ ਕਰੇ। ਐਫ. ਸੀ. ਆਈ. ਨਾਲ ਜਲਦੀ ਤੋਂ ਜਲਦੀ ਗੱਲਬਾਤ ਮੁਕਾਈ ਜਾਏ। ਮੈਂ ਗੱਲਾਂ ਤਾਂ ਹੋਰ ਵੀ ਕਹਿਣੀਆਂ ਸਨ ਪਰ ਸੀ. ਐਮ. ਸਾਹਿਬ ਬੈਠੇ ਨਹੀਂ ਹਨ । ਜੇਕਰ ਸੀ. ਐਮ. ਸਾਹਿਬ ਬੈਠੇ ਹੁੰਦੇ ਤਾਂ ਹੋਰ ਗੱਲਾਂ ਕਹਿੰਦਾ ਲੇਕਿਨ ਮੇਰੀਆਂ ਐਨੀਆਂ ਹੀ ਕਹੀਆਂ ਹੋਈਆਂ ਗੱਲਾਂ ਮੁੱਖ ਮੰਤਰੀ ਤਕ ਪਹੁੰਚ ਜਾਣ ਅਤੇ ਸੀ. ਐਮ. ਸਾਹਿਬ ਉਸ ਦਾ ਜਵਾਬ ਦੇ ਦੇਣ ਤਾਂ ਬਹੁਤ ਅੱਛਾ ਹੋਵੇਗਾ। ਧੰਨਵਾਦ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਡਿਪਟੀ ਸਪੀਕਰ ਸਾਹਿਬ, ਆਪੋਜੀਸ਼ਨ ਵਲੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਬੋਲੇ ਹਨ ਅਤੇ ਹੁਣ ਟਰੈਜ਼ਰੀ ਬੈਂਚਿਜ਼ ਵਾਲਿਆਂ ਨੇ ਬੋਲਣਾ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਬੋਲਣ ਲਈ ਵਕਤ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

MOTION *reg.* INCREASE IN THE PRICES OF FERTILIZERS AND DIESEL AND THE DECISION OF F.C.I. NOT TO ENTER IN THE MARKET FOR THE PURCHASE OF PADDY CROP

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਸਰਵਣ ਸਿੰਘ ਚੀਮਾ ਜੀ ਤੁਸੀਂ ਬੋਲੋ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ): ਡਿਪਟੀ ਸਪੀਕਰ ਸਾਹਿਬ, ਅੱਜ ਜੋ ਮੋਸ਼ਨ ਮੂਵ ਕੀਤੀ ਗਈ ਹੈ ਮੈਂ ਉਸ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਮੈਂ ਬਹੁਤੀ ਲੰਮੀ ਚੌੜੀ ਸਪੀਚ ਨਹੀਂ ਕਰਨੀ ਪਰ ਮੈਂ ਪਹਿਲੀ ਗੱਲ ਖਾਦ ਦੇ ਸਬੰਧ ਵਿਚ ਕਰਨਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਖਾਦ ਦੀ ਕੀਮਤ ਵਧੀ ਹੈ ਅਤੇ ਉਸ ਦੀ ਕੀਮਤ ਵੱਧਣ ਨਾਲ ਪੰਜਾਬ ਦੇ ਕਿਸਾਨਾਂ ਤੇ 90 ਕਰੋੜ ਰੁਪਏ ਦਾ ਭਾਰ ਲੱਦਿਆ ਜਾਵੇਗਾ। ਇਸ ਨਾਲ ਕਿਸਾਨ ਰਗੜਿਆ ਜਾਵੇਗਾ ਅਤੇ ਤਬਾਹ ਹੋ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਖਾਦ ਦੀਆਂ ਕੀਮਤਾਂ ਵੱਧੀਆਂ ਹਨ। ਕਿਤਨੀਆਂ ਵਧੀਆਂ ਹਨ, ਉਹ ਮੈਂ ਦੱਸਣਾ ਚਾਹੁੰਦਾ ਹਾਂ। ਯੂਰੀਆ 72 ਰੁਪਏ 50 ਪੈਸੇ ਪਰ ਬੈਗ ਤੋਂ 102 ਰੁਪਏ ਵਿਕ ਰਿਹਾ ਹੈ। ਕਿਸਾਨ ਖਾਦ ਜੋ ਕਿ ਪਹਿਲਾਂ 50 ਰੁਪਏ 50 ਪੈਸੇ ਪਰ ਬੈਗ ਸੀ ਹੁਣ 85 ਰੁਪਏ ਵਿੱਕ ਰਹੀ ਹੈ। ਸੁਪਰ ਖਾਦ ਜੋ ਪਹਿਲਾਂ 30 ਰੁਪਏ ਪਰ ਬੈਗ ਸੀ ਹੁਣ ਉਹ 45 ਰੁਪਏ ਵਿੱਕ ਰਹੀ ਹੈ। ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਖਾਦਾਂ ਦੀਆਂ ਕੀਮਤਾਂ ਵਿਚ ਬਹੁਤ ਵਾਧਾ ਹੋਇਆ ਹੈ। ਮੈਂ ਮੰਗ ਕਰਦਾ ਹਾਂ ਪੰਜਾਬ ਸਰਕਾਰ ਕੋਲੋਂ ਕਿ ਉਹ ਬੜੀ ਸੰਜੀਦਗੀ ਨਾਲ ਅਤੇ ਹਮਦਰਦੀ ਨਾਲ ਇਸ ਤੇ ਸੋਚੇ ਅਤੇ ਜਿਤਨੀ ਕੀਮਤ ਖਾਦਾਂ ਦੀ ਵਧੀ ਹੈ, ਉਤਨੀ ਹੀ ਸਬਸਿਡੀ ਕਿਸਾਨਾਂ ਨੂੰ ਦੇਵੇ, ਨਹੀਂ ਤਾਂ ਕਿਸਾਨ ਤਬਾਹ ਹੋ ਜਾਵੇਗਾ। (ਥੰਪਿੰਗ) ਜਦੋਂ ਵੀ ਖਾਦ ਦੀ ਕੀਮਤ, ਡਿਪਟੀ ਸਪੀਕਰ ਸਾਹਿਬ, ਵਧਾਈ ਗਈ ਤਾਂ ਖਾਦ ਦੀ ਲਾਗਤ ਘਟੀ ਹੈ। ਜੇਕਰ ਖਾਦ ਦੀਆਂ ਕੀਮਤਾਂ ਘੱਟ ਹੋਣਗੀਆਂ ਤਾਂ ਪੈਦਾਵਾਰ ਵਧੇਗੀ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹਨੀ ਖਾਦਾਂ ਦੀ ਕੀਮਤ ਵੱਧੀ ਹੈ, ਉਸੇ ਹਿਸਾਬ ਨਾਲ ਹੀ ਕਿਸਾਨਾਂ ਨੂੰ ਸਬਸਿਡੀ ਦਿਤੀ ਜਾਵੇ ਤਾਂ ਕਿ ਕਿਸਾਨ ਅੱਗੇ ਨਾਲੋਂ ਵੀ ਵੱਧ ਪੈਦਾਵਾਰ ਕਰ ਸਕੇ। (ਵਿਘਨ) ਡਿਪਟੀ ਸਪੀਕਰ ਸਾਹਿਬ ਇਸੇ ਤਰ੍ਹਾਂ ਸੰਗਰੂਰ ਦਾ ਮਸਲਾ ਹੈ। ਧੂਰੀ ਦਾ ਮਸਲਾ ਹੈ। ਇਸੇ ਤਰ੍ਹਾਂ ਹੀ ਪਟਿਆਲਾ, ਰਾਜਪਰਾ ਅਤੇ ਹੋਰ ਥਾਵਾਂ ਦੇ ਮਸਲੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਖਾਦ ਵਿਚ ਮਿਲਾਵਟ ਹੁੰਦੀ ਹੈ ਅਤੇ ਪਿਛੇ ਅਖਬਾਰਾਂ ਵਿਚ ਵੀ ਆਇਆ ਸੀ ਕਿ ਖਾਦ ਵਿਚ ਲੂਣ ਨਿਕਲਿਆ ਹੈ। (ਸ਼ੇਮ, ਸ਼ੇਮ) ਦੂਸਰੇ ਪਾਸੇ ਖਾਦ ਦੀਆਂ ਕੀਮਤਾਂ ਵਧਾਈ ਜਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਇਲੈਕਸ਼ਨਾਂ ਤੋਂ 4 ਦਿਨ ਪਹਿਲਾਂ ਕਾਂਗਰਸ (ਆਈ) ਨੇ ਸਟਾਕਿਸਟਾਂ ਕੋਲੋਂ ਪੈਸੇ ਲਏ ਅਤੇ ਕਿਹਾ ਕਿ ਖਾਦ ਦੀਆਂ ਕੀਮਤਾਂ ਚਾਰ ਦਿਨਾਂ ਪਿਛੋਂ ਵਧਣਗੀਆਂ। ਇਸ ਲਈ ਤੁਸੀਂ ਚਾਰ ਪੰਜ ਦਿਨ ਖਾਦ ਆਪਣੇ ਕੋਲ ਜਮ੍ਹਾਂ ਰਖੋ ਅਤੇ ਬਾਅਦ ਵਿਚ ਜ਼ਿਆਦਾ ਭਾਅ ਤੇ ਵੇਚ ਦੇਣਾ। ਡਿਪਟੀ ਸਪੀਕਰ ਸਾਹਿਬ, ਚਾਰ ਦਿਨਾਂ ਬਾਅਦ ਖਾਦ ਦੀਆਂ ਕੀਮਤਾਂ ਵਧ ਗਈਆਂ ਅਤੇ ਸਟਾਕਿਸਟਾਂ ਨੇ ਲੱਖਾਂ ਰੁਪਏ ਕਮਾ ਲਏ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਹ ਇੱਕ ਸਚਾਈ ਹੈ। ਇਸ ਤਰ੍ਹਾਂ ਕਰਕੇ ਇਲੈਕਸ਼ਨਾਂ ਵਿਚ ਕਿਸਾਨਾਂ ਦੀ ਛਿੱਲ ਲਾਹੀ ਗਈ ਹੈ।

ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਖਾਦਾਂ ਫੈਕਟਰੀ ਵਿਚ ਪੈਦਾ ਕੀਤੀਆਂ ਜਾਂਦੀਆਂ ਹਨ। ਜਦੋਂ ਇਹ ਖਾਦਾਂ ਬਣਦੀਆਂ ਹਨ, ਉਦੋਂ ਇਨ੍ਹਾਂ ਤੇ ਕੀ ਲਾਗਤ ਆਉਂਦੀ ਹੈ, ਇਸ ਦਾ ਖਿਆਲ ਰਖਣਾ ਚਾਹੀਦਾ ਹੈ। ਇਹ ਵੀ ਦੇਖਣਾ ਚਾਹੀਦਾ ਹੈ ਕਿ ਇਕ ਬੋਰੀ ਤੇ ਕਿੰਨੀ ਲਾਗਤ ਆਉਂਦੀ ਹੈ ਅੱਤੇ ਉਹ ਕਿਸ ਰੇਟ ਤੇ ਕਿਸਾਨ ਨੂੰ ਦਿਤੀ ਜਾਂਦੀ ਹੈ। ਇਸ ਬਾਰੇ ਸੈਂਟਰਲ ਗੌਰਮਿੰਟ ਨੂੰ ਲਿਖਣਾ ਚਾਹੀਦਾ ਹੈ। ਅੱਜ ਇਥੇ ਖਾਦ ਦੀ ਕੀਮਤ ਪਹੁੰਚ ਗਈ ਹੈ, ਉਸ ਨੂੰ ਮੱਖ ਰਖਦੇ ਹੋਏ, ਮੈਂ ਇਹ ਮੰਗ ਕਰਦਾ ਹਾਂ ਕਿ ਇਸ ਵੇਲੇ ਫੌਰੀ ਤੌਰ ਤੇ ਪੰਜਾਬ ਸਰਕਾਰ ਨੂੰ ਆਪਣੇ ਖਜ਼ਾਨੇ ਵਿਚੋਂ ਪੰਜਾਬ ਦੇ ਕਿਸਾਨ ਨੂੰ ਖਾਦ ਤੇ ਸਬਸਿਡੀ ਦੇਣੀ ਚਾਹੀਦੀ ਹੈ।

Original with;
Punjab Vidhan Sabha
Digitized by
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾਂ]

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਡੀਜ਼ਲ ਦੀ ਬਲੈਕ ਹੋ ਰਹੀ ਹੈ। ਤੁਸੀਂ ਪੰਜਾਬ ਵਿਚ ਇਸ ਦੀ ਖੁਰ੍ਹ ਕਰਕੇ ਕਈ ਥਾਵਾਂ ਤੇ ਬੱਸਾਂ ਖੜ੍ਹੀਆਂ ਦੇਖੋਗੇ। ਬੱਸਾਂ ਵਿਚ ਪਾਈਪ ਸੁਟਿਆ ਹੋਇਆ ਹੈ ਅੱਰ ਉਥੋਂ ਤੇਲ ਕਢਿਆ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਟਰਕਾਂ ਵਾਲੇ ਵੀ ਡੀਜ਼ਲ ਵੇਚਦੇ ਹਨ। ਇਹ ਸਾਰੇ ਦੇ ਸਾਰੇ ਡੀਜ਼ਲ ਵੇਚਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤਿੰਨ ਤਿੰਨ ਮਹੀਨੇ ਹੋ ਗਏ ਹਨ ਪਰ ਕਿਸਾਨਾਂ ਨੂੰ ਡੀਜ਼ਲ ਨਹੀਂ ਮਿਲਿਆ ਹੈ। ਉਨ੍ਹਾਂ ਵਿਚ ਹਾਹਾਕਾਰ ਮਚੀ ਹੋਈ ਹੈ। ਇਨ੍ਹਾਂ ਨੂੰ (ਟਰੈਜ਼ਰੀ ਬੈਂਚਿਜ਼ ਵਲ ਇਸ਼ਾਰਾ) ਲੋਕਾਂ ਨੇ ਪਿੰਡਾਂ ਵਿਚ ਵੜਨ ਨਹੀਂ ਦੇਣਾ ਕਿਉਂਕਿ ਉਨ੍ਹਾਂ ਨੂੰ ਡੀਜ਼ਲ ਨਹੀਂ ਮਿਲ ਰਿਹਾ ਹੈ। (ਵਿਘਨ) ਜਦੋਂ ਅਕਾਲੀ ਸਰਕਾਰ ਸੀ ਉਦੋਂ ਵੀ ਡੀਜ਼ਲ ਦੀ ਸ਼ਾਰਟੇਜ ਸੀ, ਅਸੀਂ ਉਦੋਂ ਉਨ੍ਹਾਂ ਤੋਂ ਵੀ ਇਸ ਦੀ ਮੰਗ ਕਰਦੇ ਰਹੇ ਸੀ। ਜਿਹੜੀ ਸਰਕਾਰ ਨਸ਼ੇ ਵਿਚ ਲੋਕਾਂ ਨੂੰ ਭੁਲ ਜਾਏਗੀ ਅੱਰ ਲੋਕਾਂ ਵਲ ਪਿੱਠ ਕਰ ਲਏਗੀ, ਉਹ ਇਧਰਲੇ ਪਾਸੇ (ਆਪੋਜ਼ੀਸ਼ਨ ਵਲ ਇਸ਼ਾਰਾ) ਆ ਜਾਣਗੇ। ਇਸ ਵੇਲੇ ਪੰਜਾਬ ਵਿਚ, ਡਿਪਟੀ ਸਪੀਕਰ ਸਾਹਿਬ, 800 ਜਾਂ 900 ਰੁਪਏ ਡੀਜ਼ਲ ਦਾ ਡਰੱਮ ਵਿੱਕ ਰਿਹਾ ਹੈ। ਡੀਜ਼ਲ ਲੋਕਾਂ ਨੂੰ ਨਹੀਂ ਮਿਲ ਰਿਹਾ। ਇਸ ਦਾ ਫੌਰੀ ਤੌਰ ਤੇ ਪਰਬੰਧ ਕਰਨਾ ਚਾਹੀਦਾ ਹੈ। ਇਸ ਦੀ ਬਲੈਕ ਰੋਕਣੀ ਚਾਹੀਦੀ ਹੈ। ਹਰ ਡੀਜ਼ਲ ਪੰਪ ਤੇ ਇੱਕ ਲਿਸਟ ਲਗਾਉਣੀ ਚਾਹੀਦੀ ਹੈ ਕਿ ਐਨੀ ਤਾਰੀਖ ਨੂੰ ਡੀਜ਼ਲ ਮਿਲੇਗਾ ਅੱਰ ਇਨ੍ਹਾਂ ਇਨ੍ਹਾਂ ਕਿਸਾਨਾਂ ਨੂੰ ਮਿਲੇਗਾ। ਇਸ ਲਿਸਟ ਦੀ ਇੱਕ ਕਾਪੀ ਐਸ. ਡੀ. ਐਮ. ਦੇ ਦਫਤਰ ਦੇ ਬਾਹਰ ਲਗਾਉਣੀ ਚਾਹੀਦੀ ਹੈ ਤਾਕਿ ਹਰ ਆਦਮੀ ਨੂੰ ਪਤਾ ਲਗ ਸਕੇ ਕਿ ਕਿਹੜੀ ਕਿਹੜੀ ਤਾਰੀਖ ਨੂੰ ਕਿਸ ਕਿਸ ਨੂੰ ਡੀਜ਼ਲ ਮਿਲਣਾ ਹੈ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੂੰਬਾ: ਆਨ ਏ ਪੁਆਇੰਟ ਆਫ ਆਰਡਰ, ਸਰ।

ਸ਼੍ਰੀ ਡਿਪਟੀ ਸਪੀਕਰ: ਇਨ੍ਹਾਂ ਨੂੰ ਸੁਣ ਤਾਂ ਲਓ।

ਕਾਮਰੇਡ ਬਲਦੇਵ ਸਿੰਘ ਲੂੰਬਾ: ਇਹ ਮੇਰਾ ਰਾਈਟ ਹੈ। ਮੈਨੂੰ ਬੋਲ ਲੈਣ ਦਿਓ। ਹੁਣੇ ਸਾਡੇ ਹਾਊਸ ਵਿਚ ਵਜ਼ੀਰ ਸਾਹਿਬ ਨੇ ਬੜੀ ਸੰਜੀਦਗੀ ਨਾਲ ਇਹ ਗੱਲ ਕਹੀ ਸੀ ਅਤੇ ਸਾਰਿਆਂ ਨੇ ਅੋਗਰੀ ਕੀਤਾ ਸੀ ਕਿ ਕੋਈ ਬੈਠਾ ਬੈਠਾ ਨਾ ਬੋਲੇ ਅੱਰ ਠੀਕ ਤਰੀਕੇ ਨਾਲ ਬਹਿਸ ਹੋਵੇ। ਪਰ ਅਫ਼ਸੋਸ ਇਹ ਹੈ ਕਿ ਆਪੋਜ਼ੀਸ਼ਨ ਦੀ ਬਜਾਏ ਰੂਲਿੰਗ ਪਾਰਟੀ ਵਾਲੇ ਹੀ ਬੋਲੀ ਜਾਂਦੇ ਹਨ। (ਵਿਘਨ)

ਕਾਮਰੇਡ ਸਰਵਣ ਸਿੰਘ ਚੀਮਾਂ : ਡਿਪਟੀ ਸਪੀਕਰ ਸਾਹਿਬ, ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਹੋਣ ਨਾਲ ਆਮ ਲੋਕਾਂ ਤੇ ਭਾਰ ਪੈ ਗਿਆ ਹੈ। ਬੱਸਾਂ ਦੇ ਕਿਰਾਏ ਵੱਧ ਜਾਣਗੇ ਅੱਰ ਇਸੇ ਤਰ੍ਹਾਂ ਹੀ ਟਰਕਾਂ ਤੇ ਜੋ ਸਾਮਾਨ ਬਾਹਰੋਂ ਆਉਂਦਾ ਹੈ ਬੰਬੇ, ਕਲਕੱਤਾ ਜਾਂ ਹੋਰ ਦੂਰੋਂ ਦੂਰੋਂ ਆਉਂਦਾ ਹੈ, ਉਨ੍ਹਾਂ ਚੀਜ਼ਾਂ ਤੇ ਭਾੜਾ ਵੱਧਣ ਨਾਲ ਚੀਜ਼ਾਂ ਦੀਆਂ ਕੀਮਤਾਂ ਵਿਚ ਵਾਧਾ ਹੋਏਗਾ। ਖਪਤਕਾਰਾਂ ਨੂੰ ਚੀਜ਼ਾਂ ਮਹਿਗੀਆਂ ਮਿਲਣਗੀਆਂ। ਇਸ ਤਰ੍ਹਾਂ ਇਹ ਸਾਰੇ ਦਾ ਸਾਰਾ ਭਾਰ ਖਪਤਕਾਰ ਤੇ ਪਏਗਾ। ਇਸ ਲਈ ਡੀਜ਼ਲ ਦੀਆਂ ਕੀਮਤਾਂ ਨੂੰ ਘਟਾਉਣਾ ਚਾਹੀਦਾ ਹੈ। ਜੇ ਕੀਮਤਾਂ ਨਹੀਂ ਘੱਟਣਗੀਆਂ ਤਾਂ ਲੋਕਾਂ ਤੇ ਭਾਰ ਵਧੇਗਾ।

ਅੰਤ ਵਿਚ ਮੈਂ ਡੀਜ਼ਲ ਦੇ ਸਬੰਧ ਵਿਚ ਇਹ ਕਹਿਣਾ ਚਾਹੁੰਦਾ ਹਾਂ (ਵਿਘਨ) ਕਿ ਨਿਗਰਾਨ ਕਮੇਟੀਆਂ ਬਣਨ ਅਤੇ ਉਨ੍ਹਾਂ ਕਮੇਟੀਆਂ ਵਿਚ ਸਾਰੀਆਂ ਪੁਲੀਟੀਕਲ ਪਾਰਟੀਆਂ ਦੇ ਮੈਂਬਰਜ਼ ਲੈਣੇ ਚਾਹੀਦੇ ਹਨ। ਇਸ ਨਾਲ ਥੋੜਾ ਬਹੁਤ ਕੀਮਤਾਂ ਵਿਚ ਫਰਕ ਜ਼ਰੂਰ ਪਏਗਾ ਅੱਰ ਲੋਕਾਂ ਦਾ ਫਾਇਦਾ ਹੋਏਗਾ। ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਜਿਹੜੇ ਛੋਟੇ ਆਦਮੀ ਹਨ, ਜਿਨ੍ਹਾਂ ਕੋਲ ਇੱਕ ਜਾਂ ਦੋ ਟਰਕ ਹੀ ਹਨ, ਉਨ੍ਹਾਂ ਨੂੰ ਰਗੜਾ

Original with;
Punjab Vidhan Sabha
Digitized by;
Panjab Digital Library

ਵੱਜ ਜਾਏਗਾ। ਕੀਮਤਾਂ ਵਿਚ ਵਾਧਾ ਹੋਣ ਨਾਲ ਇਹ ਲੋਕ ਨਹੀਂ ਬੱਚ ਸਕਣਗੇ। ਇਸੇ ਤਰ੍ਹਾਂ ਹੀ ਪੈਟ੍ਰੋਲ ਦੀਆਂ ਕੀਮਤਾਂ ਵੱਧਣ ਨਾਲ ਗਰੀਬ ਟੈਕਸੀਆਂ ਵਾਲੇ ਅੱਜ ਰੋ ਰਹੇ ਹਨ, ਉਹ ਲੋਕ ਰਗੜੇ ਜਾਣਗੇ। ਇਨ੍ਹਾਂ ਕੀਮਤਾਂ ਨੂੰ ਵੱਧ ਤੋਂ ਵੱਧ ਘਟਾਉਣਾ ਚਾਹੀਦਾ ਹੈ।

ਹੁਣ ਮੈਂ ਬਿਜਲੀ ਦੀ ਕੱਟ ਬਾਰੇ ਕੁੱਝ ਕਹਿਣਾ ਚਾਹੁੰਦਾ ਹਾਂ (ਵਿਘਨ) ਝੋਨਾ ਬੀਜਿਆ ਜਾ ਰਿਹਾ ਹੈ। ਖਾਦ ਇਸ ਵੇਲੇ ਮਹਿੰਗੀ ਹੈ। ਉਹ ਲੋਕ ਐਨੀ ਮਹਿਗੀ ਖਾਦ ਨੂੰ ਚੁੱਕ ਨਹੀਂ ਸਕਦੇ। ਕਿਸਾਨ ਨੂੰ ਅੱਜ ਨਾ ਪਾਣੀ ਮਿਲੇ, ਨਾ ਖਾਦ ਮਿਲੇ ਅਤੇ ਨਾ ਤੇਲ ਮਿਲੇ। ਬਿਜਲੀ ਵੀ ਘੱਟ ਮਿਲ ਰਹੀ ਹੈ। ਬਿਜਲੀ ਲਈ ਫਲੈਟ ਰੇਟ 24 ਘੰਟਿਆਂ ਦਾ ਉਨ੍ਹਾਂ ਤੋਂ ਲਿਆ ਜਾ ਰਿਹਾ ਹੈ ਪਰ ਬਿਜਲੀ ਉਨ੍ਹਾਂ ਨੂੰ 8 ਘੰਟੇ ਵੀ ਪੂਰੀ ਤਰ੍ਹਾਂ ਨਾਲ ਨਹੀਂ ਮਿਲ ਰਹੀ। ਪੈਸੇ ਉਨ੍ਹਾਂ ਤੋਂ 24 ਘੰਟਿਆਂ ਦੇ ਹਿਸਾਬ ਨਾਲ ਲਿੱਤੇ ਜਾ ਰਹੇ ਹਨ। ਜੇ ਬਿਜਲੀ ਦਾ ਠੀਕ ਤਰ੍ਹਾਂ ਨਾਲ ਪਰਬੰਧ ਨਹੀਂ ਕਰੋਗੇ ਤਾਂ ਝੋਨੇ ਦੀ ਫਸਲ ਚੰਗੀ ਨਹੀਂ ਹੋ ਸਕੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਝੋਨੇ ਦੀ ਫਸਲ ਬੀਜੀ ਜਾ ਰਹੀ ਹੈ ਅੌਰ ਬਾਰਦਾਨਾ ਕਿਤੇ ਹੈ ਨਹੀਂ ਹੈ। ਸੀ. ਐਮ. ਸਾਹਿਬ ਮੇਰੇ ਗਵਾਂਢੀ ਹਨ। ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਰਦਾਨਾ ਕਿਤੇ ਹੈ ਨਹੀਂ, ਇਸ ਲਈ ਬਾਰਦਾਨੇ ਬਾਰੇ ਪਰਬੰਧ ਕਰਨਾ ਚਾਹੀਦਾ ਹੈ। ਜਿਹੜੀਆਂ ਚੀਜ਼ਾਂ ਕਿਸਾਨਾਂ ਨੂੰ ਪੈਦਾਵਾਰ ਵਾਸਤੇ ਚਾਹੀਦੀਆਂ ਹਨ ਉਨ੍ਹਾਂ ਦੀਆਂ ਕੀਮਤਾਂ ਕਿੰਨੀਆਂ ਵੱਧ ਗਈਆਂ ਹਨ। ਇਸ ਚੀਜ਼ ਨੂੰ ਮੁੱਖ ਰੱਖਕੇ ਝੋਨੇ ਦਾ ਮੁਲ 120 ਰੁਪਏ ਕੁਇੰਟਲ ਪੰਜਾਬ ਸਰਕਾਰ ਨੂੰ ਮੁਕਰੱਰ ਕਰਨਾ ਚਾਹੀਦਾ ਹੈ। (ਥੰਪਿੰਗ) ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਅੌਰ ਕਿਸਾਨਾਂ ਦੀਆਂ ਜੱਥੇਬੰਦੀਆਂ ਨੂੰ ਡੱਟ ਕੇ ਸੈਂਟ੍ਰਲ ਗੌਰਮਿੰਟ ਨਾਲ ਲੜਾਈ ਲੜਨੀ ਚਾਹੀਦੀ ਹੈ ਤਾਕਿ ਝੋਨੇ ਦਾ ਮੁਲ 120 ਰੁਪਏ ਪ੍ਰਤੀ ਕੁਇੰਟਲ ਮੁਕੱਰਰ ਕੀਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਜਦੋਂ ਝੋਨਾ ਮੰਡੀਆਂ ਵਿਚ ਜਾਂਦਾ ਹੈ ਤਾਂ ਉਥੇ ਇਨਸਪੈਕਟਰ ਢੇਰੀ ਤੇ ਖੜ੍ਹ ਕੇ ਕਹਿ ਦਿੰਦਾ ਹੈ ਕਿ ਇਸ ਵਿਚ ਬੜੀ ਗਿੱਲ ਹੈ, ਇਸ ਦਾ ਮੁਲ ਨਹੀਂ ਲੱਗ ਸਕਦਾ। ਦੋ ਦਿਨ ਕਿਸਾਨ ਨੂੰ ਢੇਰੀ ਤੇ ਹੀ ਬੈਠਣਾ ਪੈਂਦਾ ਹੈ। ਉਹ ਇਸ ਤੋਂ ਬੱਚਣ ਲਈ 1 ਰੁਪਿਆ ਫੀ ਬੋਰੀ ਇਨਸਪੈਕਟਰ ਨੂੰ ਰਿਸ਼ਵਤ ਦਿੰਦਾ ਹੈ ਅੌਰ ਹੋਰਾਂ ਨਾਲ ਮਿਲ ਕੇ ਉਨ੍ਹਾਂ ਨੂੰ ਵੀ ਪੈਸੇ ਦਿੰਦਾ ਹੈ ਅਤੇ ਫਿਰ ਆਪਣੀ ਢੇਰੀ ਵੇਚਦਾ ਹੈ। ਇਹ ਲੁਟ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਐਫ. ਸੀ. ਆਈ. ਨੇ ਮੰਡੀਆਂ ਵਿੱਚ ਦਾਖਲ ਨਹੀਂ ਹੋਣਾ ਤਾਂ ਕਿਸਾਨ ਦਾ ਕੀ ਬਣੇਗਾ ? ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਐਫ. ਸੀ. ਆਈ. ਪੰਜਾਬ ਦੀਆਂ ਮੰਡੀਆਂ ਵਿਚੋਂ ਝੋਨਾ ਖਰੀਦੇਗੀ ਜਾਂ ਨਹੀਂ ? ਜੇ ਨਹੀਂ ਖਰੀਦੇਗੀ ਤਾਂ ਗੌਰਮਿੰਟ ਨੂੰ ਕਹਿਣਾ ਚਾਹੀਦਾ ਹੈ ਕਿ ਅਸੀਂ ਝੋਨਾ ਖਰੀਦਾਂਗੇ ਅਤੇ ਲੋਕਾਂ ਨੂੰ ਖੱਜਲ ਖੁਆਰ ਨਹੀਂ ਹੋਣ ਦਿਆਂਗੇ। ਮੈਨੂੰ ਖਦਸ਼ਾ ਹੈ ਕਿ ਉਹ ਖੁਆਰ ਹੋਣਗੇ। ਇਹ ਕਹਿੰਦੇ ਹਨ ਕਿ ਹੱਤੁਲਵਸਾ ਨਹੀਂ ਹੋਣਗੇ। ਹੱਤੁਲਵਸਾ ਦਾ ਕੀ ਮਤਲਬ ਹੋਇਆ ? ਇਨ੍ਹਾਂ ਨੂੰ ਇਸ ਬਾਰੇ ਸਾਫ ਤੌਰ ਤੇ ਕਹਿਣਾ ਚਾਹੀਦਾ ਹੈ। ਇਨ੍ਹਾਂ ਨੂੰ ਸਪੱਸ਼ਟ ਤੌਰ ਤੇ ਐਲਾਨ ਕਰਨਾ ਚਾਹੀਦਾ ਹੈ, ਸਾਡੀ ਪਾਰਟੀ ਇਨ੍ਹਾਂ ਦੇ ਨਾਲ ਸਹਿਮਤ ਹੋਵੇਗੀ। ਐਫ. ਸੀ. ਆਈ. ਝੋਨਾ ਖਰੀਦੇਗੀ ਜਾਂ ਨਹੀਂ ਖਰੀਦੇਗੀ, ਇਹ ਐਲਾਨ ਕਰਨਾ ਚਾਹੀਦਾ ਹੈ। ਜੇ ਐਫ. ਸੀ. ਆਈ. ਝੋਨਾ ਨਹੀਂ ਖਰੀਦੇਗੀ ਤਾਂ ਇਸ ਗੌਰਮਿੰਟ ਵਲੋਂ ਝੋਨਾ ਮੰਡੀਆਂ ਵਿਚੋਂ 120 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦਿਆ ਜਾਵੇਗਾ ਤਾਂ ਜਾ ਕੇ ਕਿਸਾਨ ਦਾ ਮਸਲਾ ਹੱਲ ਹੋ ਸਕਦਾ ਹੈ। (ਥੰਪਿੰਗ)

Mr. Deputy Speaker: Please try to wind up now.

ਕਾਮਰੇਡ ਸਰਵਣ ਸਿੰਘ ਜੀਮਾਂ : ਮੈਂ ਖਤਮ ਹੀ ਕਰਨ ਲੱਗਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਅੱਜ ਕਣਕ ਮੰਡੀਆਂ ਵਿਚ ਪਈ ਹੈ। ਮੰਡੀਆਂ ਵਿਚ ਕਣਕ ਆ ਰਹੀ ਹੈ। ਮੇਰੇ ਹਲਕੇ ਨੂਰ ਮਹਿਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾਂ]

ਮੰਡੀ ਹੈ, ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਉਥੋਂ ਦੀ ਲੰਘ ਜਾਣ। ਉਨ੍ਹਾਂ ਦਾ ਉਥੋਂ 4 ਮੀਲ ਤੇ ਪਿੰਡ ਹੈ। ਉਨ੍ਹਾਂ ਨੂੰ ਪਤਾ ਲੱਗੇਗਾ ਕਿ ਉਥੇ ਮੰਡੀ ਵਿਚ ਕਣਕ ਪਈ ਹੈ ਪਰ ਕੋਈ ਏਜੰਸੀ ਕਣਕ ਖਰੀਦਣ ਨੂੰ ਤਿਆਰ ਨਹੀਂ ਹੈ। ਕਿਸਾਨ 10-10 ਦਿਨ ਧੱਕੇ ਖਾਂਦੇ ਫਿਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਖਾਦ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ, ਹੋਰ ਚੀਜ਼ਾਂ ਦੀਆਂ ਵੀ ਕੀਮਤਾਂ ਵਧ ਗਈਆਂ ਹਨ। ਪਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਲਿਖਿਆ ਸੀ ਕਿ ਜੇ ਸਾਂਝੇ ਫਰੰਟ ਦੀ ਪੰਜਾਬ ਵਿਚ ਸਰਕਾਰ ਬਣ ਗਈ ਜਾਂ ਅਕਾਲੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਬਣ ਗਈ ਤਾਂ ਅਸੀਂ 13 ਰੁਪਏ ਕਣਕ ਤੇ ਬੋਨਸ ਦਿਆਂਗੇ। (ਥੰਪਿੰਗ) ਇਸ ਤਰ੍ਹਾਂ ਜਿਹੜਾ ਜ਼ਿਆਦਾ ਕਣਕ ਦੇਵੇਗਾ ਉਸ ਨੂੰ ਜ਼ਿਆਦਾ ਪੈਸੇ ਮਿਲਣੇ ਸਨ ਅਤੇ ਜਿਹੜਾ ਘੱਟ ਕਣਕ ਦੇਵੇਗਾ ਉਸ ਨੂੰ ਘੱਟ ਪੈਸੇ ਮਿਲਣੇ ਸਨ। (ਵਿਘਨ) ਪਰ ਮੈਂ ਇਸ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਵੀ ਦੁਆਨੀ ਕਿਸਾਨ ਨੂੰ ਦੇਣ ਨੂੰ ਤਿਆਰ ਹੋ ? (ਵਿਘਨ) ਗਲਤ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਬੋਨਸ ਦੇ ਸਵਾਲ ਤੇ ਕਾਂਗਰਸ ਪਾਰਟੀ, ਇਨ੍ਹਾਂ ਦੀ ਪਾਰਟੀ ਦੀ ਸਰਕਾਰ ਕੀ ਕਰ ਰਹੀ ਹੈ ? ਅੱਜ ਜਦ ਕਿ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਉਪਰ ਨੂੰ ਜਾ ਰਹੀਆਂ ਹਨ, ਜਿਹੜੀ ਚੀਜ਼ ਵੀ ਅਸੀਂ ਲੈਣ ਜਾਂਦੇ ਹਾਂ ਉਸ ਦੀ ਕੀਮਤ ਬਹੁਤ ਵਧ ਗਈ ਹੈ ਅਤੇ ਵੱਧ ਰਹੀ ਹੈ, ਅਜਿਹੇ ਹਾਲਾਤ ਵਿਚ ਕਿਸਾਨ ਨੂੰ ਬੋਨਸ ਨਹੀਂ ਦੇਣਗੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕ, ਕਿਸਾਨ ਤੁਹਾਨੂੰ ਮੁਆਫ ਨਹੀਂ ਕਰਨਗੇ।

ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਬੜੀ ਸੰਜੀਦਗੀ ਨਾਲ ਕੈਬਨਿਟ ਵਿਚ ਵਿਚਾਰ ਕਰਕੇ ਅਤੇ ਆਪਣੀ ਪਾਰਟੀ ਵਿਚ ਵਿਚਾਰ ਕਰਕੇ ਕਿਸਾਨ ਨੂੰ ਬੋਨਸ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ। ਇਨ੍ਹਾਂ ਹਾਲਾਤ ਵਿਚ ਪੰਜਾਬ ਗੌਰਮਿੰਟ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੇ ਕਿਸਾਨ ਨੂੰ ਬੋਨਸ ਛੇਤੀ ਦਿਵਾਏ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਅਰਜ਼ ਕਰਾਂਗਾ ਕਿ ਇਹ ਜਿਹੜੀ ਮੋਸ਼ਨ ਪੇਸ਼ ਹੋਈ ਹੈ ਇਹ ਸਾਨੂੰ ਸਰਵਸੰਮਤੀ ਨਾਲ ਪਾਸ ਕਰਨੀ ਚਾਹੀਦੀ ਹੈ ਅਤੇ ਇਸ ਗਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਇਹ ਪੰਜਾਬ ਦੇ ਕਿਸਾਨ, ਪੰਜਾਬ ਦੇ ਗਰੀਬ ਲੋਕ ਅਤੇ ਸਾਰੇ ਪੰਜਾਬ ਦੇ ਭਲੇ ਦੀ ਗੱਲ ਹੈ, ਇਹ ਲੋਕਾਂ ਦੇ ਹਿੱਤ ਵਿਚ ਜਾਂਦੀ ਹੈ। ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਸਰਦਾਰ ਸੁਰਿੰਦਰ ਸਿੰਘ ਕੈਰੋਂ (ਨੌਸ਼ਹਿਰਾ ਪੰਨੂਆਂ): ਡਿਪਟੀ ਸਪੀਕਰ ਸਾਹਿਬ, ਇਸ ਸਦਨ ਵਿਚ ਅੱਜ ਜਿਹੜਾ ਮਤਾ ਪੇਸ਼ ਹੈ ਇਸ ਦੇ ਮੁਤਲਕ ਹਰ ਪਾਰਟੀ ਨੇ ਪ੍ਰਾਪੇਗੰਡਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਕਿਹਾ ਗਿਆ ਕਿ ਜਿਸ ਪਾਰਟੀ ਦੀ ਹੁਣ ਹਕੂਮਤ ਹੈ ਉਸ ਨੇ ਕੁਝ ਨਹੀਂ ਕੀਤਾ। (ਵਿਘਨ) ਮੇਰੇ ਅਕਾਲੀ ਵੀਰਾਂ ਨੇ ਬਹੁਤ ਕੁਝ ਕਿਹਾ ਹੈ। ਇਸੇ ਤਰ੍ਹਾਂ ਹੀ ਸੀ. ਪੀ. ਐਮ. ਵਾਲਿਆਂ ਨੇ ਵੀ ਬਹੁਤ ਕੁਝ ਕਿਹਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਕੀਮਤਾਂ ਵਧੀਆਂ ਹਨ। (ਵਿਘਨ) ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਖੁਰਾਕ ਦੇ ਭੰਡਾਰ ਵਿਚ ਪੰਜਾਬ ਨੇ ਇਕ ਬਹੁਤ ਵੱਡਾ ਹਿੱਸਾ ਪਾਇਆ ਹੈ। ਪੰਜਾਬ ਹਿੰਦੁਸਤਾਨ ਦੇ ਖੁਰਾਕ ਦੇ ਭੰਡਾਰ ਵਿਚ ਕਣਕ 65 ਪ੍ਰਤੀਸ਼ਤ ਦਿੰਦਾ ਹੈ ਅਤੇ ਪੈਡੀ 55 ਪ੍ਰਤੀਸ਼ਤ ਦਿੰਦਾ ਹੈ। ਹਿੰਦੁਸਤਾਨ ਵਿਚ ਟੋਟਲ ਜਿੰਨੀ ਕਣਕ ਹੁੰਦੀ ਹੈ ਉਸ ਦਾ 23 ਪ੍ਰਤੀਸ਼ਤ ਪੰਜਾਬ ਪੈਦਾ ਕਰਦਾ ਹੈ। ਇਸੇ ਤਰ੍ਹਾਂ ਹੀ ਕਾਟਨ 16 ਪ੍ਰਤੀਸ਼ਤ ਅਤੇ ਪੈਡੀ 6 ਪ੍ਰਤੀਸ਼ਤ ਪੈਦਾ ਕਰਦਾ ਹੈ। ਪਰ ਪੰਜਾਬ ਦੀ ਜ਼ਮੀਨ ਹਿੰਦੁਸਤਾਨ ਦੀ ਜ਼ਮੀਨ ਦਾ ਸਿਰਫ 1.5 ਪ੍ਰਤੀਸ਼ਤ ਹੈ। ਜਿਥੋਂ ਤਕ ਕੀਮਤਾਂ ਦਾ ਤੁਅੱਲਕ ਹੈ, ਡਿਪਟੀ ਸਪੀਕਰ ਸਾਹਿਬ, 1 ਜੂਨ, 1974 ਨੂੰ ਵੀ ਕੀਮਤਾਂ ਵੱਧੀਆਂ ਸਨ। ਇਨ੍ਹਾਂ ਕੀਮਤਾਂ ਦੇ ਵੱਧਣ ਬਾਰੇ ਬਰਨਾਲਾ ਜੀ ਨੇ ਵੀ ਦੱਸਿਆ ਹੈ ਕਿ ਇਸ ਦਾ ਅਸਰ ਪਰੋਡਕਸ਼ਨ ਤੇ ਪਿਆ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਦਾ ਅਸਰ ਪਰੋਡਕਸ਼ਨ ਤੇ ਜ਼ਰੂਰ ਪਿਆ। ਮਗਰ ਜਿੰਨਾ ਇਹ ਕਰੈਡਿਟ ਲੈਣਾ ਚਾਹੁੰਦੇ ਹਨ ਇਹ ਇਨ੍ਹਾਂ ਨੂੰ (ਆਪੋਜ਼ੀਸ਼ਨ ਵੱਲ ਇਸ਼ਾਰਾ)

Original with;
Punjab Vidhan Sabha
Digitized by;
Panjab Digital Library

ਨਹੀਂ ਜਾਂਦਾ। 1 ਜੂਨ, 1974 ਤੋਂ ਬਆਦ ਜਿਹੜੀਆਂ ਕੀਮਤਾਂ ਸਨ ਉਹ ਵੀ ਇਨ੍ਹਾਂ ਨੇ ਦੱਸੀਆਂ ਹਨ ਅਤੇ ਹੁਣ ਦੀਆਂ ਕੀਮਤਾਂ ਬਾਰੇ ਵੀ ਉਨ੍ਹਾਂ ਨੇ ਦੱਸਿਆਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਈਟਰੋਜਨ ਦੀ ਕੀਮਤ 16% ਰੁਪਏ ਟਨ ਹੋ ਗਈ ਅਤੇ ਯੂਰੀਆ ਦੀ ਕੀਮਤ 2 ਹਜ਼ਾਰ ਰੁਪਏ ਟਨ ਹੋ ਗਈ। ਇਸ ਤਰ੍ਹਾਂ 30-40 ਪ੍ਰਤੀਸ਼ਤ ਫਰਟੇਲਾਈਜ਼ਰ ਦੀ ਪ੍ਰਾਈਸ ਵਿਚ ਵਾਧਾ ਹੋਇਆ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਕੱਤ ਦੀ ਕੋਆਪ੍ਰੇਟਿਵ ਸੋਸਾਇਟੀ ਬਾਰੇ ਉਨ੍ਹਾਂ ਨੇ ਕਿਹਾ ਕਿ ਉਥੇ ਬੋਰੀਆਂ ਦੀ ਸੇਲ ਵਿਚ ਹੇਰਾ ਫੇਰਾ ਹੋ ਗਈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਸੁਸਾਇਟੀ ਦੀ ਚੋਣ ਇਨ੍ਹਾਂ ਦੇ ਸਮੇਂ ਵਿਚ ਹੋਈ ਸੀ ਅਤੇ ਜਿਨ੍ਹਾਂ ਨੇ ਹੇਰਾ ਫੇਰੀ ਕੀਤੀ ਉਹ ਇਨ੍ਹਾਂ ਦੇ ਬੰਦੇ ਸਨ। (ਵਿਘਨ) ਫਿਰ ਇਨ੍ਹਾਂ ਨੇ ਕਿਹਾ ਕਿ 1979-80 ਵਿਚ ਨਾਈਟਰੋਜਨ ਖਾਦ 86 ਹਜ਼ਾਰ ਟਨ ਲੱਗੇਗੀ। ਮੈਂ ਦੱਸਦਾ ਹਾਂ ਕਿ ਜਿਹੜਾ ਸਾਡਾ ਟੀਚਾ ਹੈ ਉਸ ਦੇ ਮੁਤਾਬਿਕ 1980-81 ਵਿਚ 89 ਹਜ਼ਾਰ ਟਨ ਨਾਈਟਰੋਜਨ ਖਾਦ ਲੱਗੇਗੀ। ਨਵੀਂ ਕੀਮਤ ਅਤੇ ਪੁਰਾਣੀ ਕੀਮਤ ਦੇ ਹਿਸਾਬ ਨਾਲ ਮੈਂ ਅਦਾਦੋ ਸ਼ੁਮਾਰ ਦੱਸਣਾ ਚਾਹੁੰਦਾ ਹਾਂ ਕਿ ਜੋ ਟੀਚਾ ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਹੈ ਜੇ ਉਸ ਨੂੰ ਪ੍ਰਾਪਤ ਕਰਨਾ ਹੈ ਤਾਂ 108 ਕਰੋੜ ਰੁਪਿਆ ਪਿਛਲੇ ਸਾਲ ਨਾਲੋਂ ਜ਼ਿਆਦਾ ਖਰਚ ਕਰਨਾ ਪਵੇਗਾ। ਠੀਕ ਹੈ ਕਿ ਪੰਜਾਬ ਦੇ ਕਿਸਾਨ ਤੇ ਡੀਜ਼ਲ ਦੀ ਕੀਮਤ ਵੱਧਣ ਨਾਲ ਬੋਝ ਪਿਆ ਹੈ। ਡੀਜ਼ਲ 6 ਲੱਖ ਕਿਲੋ ਲਿਟਰ ਇਥੇ ਆਉਂਦਾ ਹੈ, ਜਿਸ ਵਿਚੋਂ 60 ਪ੍ਰਤੀਸ਼ਤ ਕਿਸਾਨ ਨੂੰ ਜਾਂਦਾ ਹੈ ਅਤੇ ਇਸ ਤਰ੍ਹਾਂ ਕਿਸਾਨ ਤੇ ਖਰਚਾ 29 ਕਰੋੜ ਦਾ ਹੋਰ ਪਵੇਗਾ। ਮੈਂ ਇਹ ਗੱਲ ਮੰਨਦਾ ਹਾਂ ਕਿ ਖਾਦ ਤੇ ਭਾਅ ਵੱਧਣ ਨਾਲ ਕਿਸਾਨ ਤੇ ਬੋਝ ਪਿਆ ਹੈ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਦੇਸ਼ ਵਿਚ ਕਿਸ ਕਿਸਮ ਦੇ ਹਾਲਾਤ ਸਨ ਜਿਸ ਕਰਕੇ ਇਹ ਸਾਡੇ ਤੇ ਬੋਝ ਪਿਆ ਹੈ। ਸਭ ਤੋਂ ਪਹਿਲਾਂ ਮੈਂ ਆਪਣੇ ਚੀਫ ਮਨਿਸਟਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਭਾਅ ਐਨੇ ਵੱਧ ਗਏ ਹਨ ਤਾਂ ਉਹ ਇਕਦਮ ਰਾਓ ਬਰਿੰਦਰ ਸਿੰਘ ਯੂਨੀਅਨ ਐਗਰੀਕਲਚਰ ਮਨਿਸਟਰ ਕੋਲ ਗਏ ਅਤੇ ਫਿਰ ਪ੍ਰਾਈਮ ਮਨਿਸਟਰ ਨੂੰ ਮਿਲੇ। ਉਨ੍ਹਾਂ ਨੂੰ ਕਿਹਾ ਕਿ ਕਿਸਾਨ ਤੇ ਇਸ ਤਰ੍ਹਾਂ ਬੋਝ ਪਿਆ ਹੈ। ਨਾਲ ਹੀ ਇਹ ਵੀ ਦੱਸਿਆ ਗਿਆ ਕਿ ਹਿੰਦੁਸਤਾਨ ਦਾ ਕਿਸਾਨ ਸਿਰਫ 25 ਕਿਲੋ ਪਰ ਹੈਕਟੇਅਰ ਖਾਦ ਵਰਤਦਾ ਹੈ ਜਦ ਕਿ ਪੰਜਾਬ ਦਾ ਕਿਸਾਨ 100 ਕਿਲੋ ਪਰ ਹੈਕਟੇਅਰ ਖਾਦ ਵਰਤਦਾ ਹੈ। ਇਸ ਕਰਕੇ ਪੰਜਾਬ ਦੇ ਕਿਸਾਨ ਤੇ ਵੱਧ ਬੋਝ ਪੈਂਦਾ ਹੈ। ਇਸ ਲਈ ਕੇਂਦਰ ਨੂੰ ਪੰਜਾਬ ਦੇ ਕਿਸਾਨ ਲਈ ਸਪੈਸ਼ਲ ਤੌਰ ਤੇ ਕੁਝ ਕਰਨਾ ਚਾਹੀਦਾ ਹੈ ਤਾਕਿ in addition to the price fixed by the A.P.C. ਕੁਝ ਐਡੀਸ਼ਨਲ ਐਡਵਾਂਟੇਜ ਉਸ ਨੂੰ ਦਿੱਤਾ ਜਾ ਸਕੇ। (ਥੰਪਿੰਗ) ਇਸ ਕਿਸਮ ਦੀ ਗੱਲ ਬਾਤ ਸਰਦਾਰ ਦਰਬਾਰਾ ਸਿੰਘ ਨੇ ਯੂਨੀਅਨ ਐਗਰੀਕਲਚਰ ਮਨਿਸਟਰ ਨਾਲ ਅਤੇ ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਨਾਲ ਕੀਤੀ। ਹੁਣ ਮੈਂ ਸਮਝਦਾ ਹਾਂ ਕਿ ਜੇ 10 ਰੁਪਏ ਅਸੀਂ ਪੈਡੀ ਦਾ ਭਾਅ ਵਧਾ ਦੇਈਏ ਅਤੇ 10 ਰਪਏ ਕਿਸੇ ਹੋਰ ਢੰਗ ਨਾਲ ਸੈਂਟਰ ਵਧਾ ਦੇਵੇ ਅਤੇ ਇਸੇ ਤਰ੍ਹਾਂ ਹੀ ਕਣਕ ਦੀ ਆਉਣ ਵਾਲੀ ਫਸਲ ਦਾ ਕੁਝ ਭਾਅ ਵੱਧ ਜਾਵੇ ਤਾਂ ਇਸ ਤਰ੍ਹਾਂ 138 ਕਰੋੜ ਰੁਪਏ ਦਾ ਘਾਟਾ ਪੂਰਾ ਹੋ ਜਾਵੇਗਾ। ਪਰ ਇਸ ਨੂੰ ਐਨੀ ਭਿਆਨਕ ਸ਼ਕਲ ਵਿਚ ਦੱਸੀ ਜਾਣਾ ਠੀਕ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਕਿਹੜੀ ਚੀਜ਼ ਹੈ ਜਿਹੜੀ ਨਹੀਂ ਹੋ ਸਕਦੀ। ਇਹ ਧੰਨੇ ਜੱਟ ਦੀ ਹਕੂਮਤ ਹੈ, ਇਹ ਛੋਟੇ ਕਿਸਾਨ ਦੀ ਸਰਕਾਰ ਹੈ। ਸਾਰਾ ਘਾਟਾ ਇਸ ਕਿਸਾਨ ਨੇ ਪੂਰਾ ਕਰ ਦੇਣਾ ਹੈ। (ਥੰਪਿੰਗ) ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਕੁੱਝ ਉਨ੍ਹਾਂ ਨੂੰ ਬੋਨਸ ਦਿਵਾਇਆ ਜਾਵੇ। ਇੰਸਟੀਚਿਊਸ਼ਨਾਂ ਤੋਂ ਲੋਨ ਲੈਕੇ ਕਿਸਾਨਾਂ ਦੀ ਜ਼ਰੂਰ ਕੁਝ ਮਦਦ ਕਰਨੀ ਚਾਹੀਦੀ ਹੈ। (ਵਿਘਨ) ਇਹ ਠੀਕ ਹੈ ਕਿ ਫਰਟੇਲਾਈਜ਼ਰ ਮਹਿੰਗੇ ਹੋ ਗਏ ਹਨ। ਕੁਝ ਬਰਨਾਲਾ ਜੀ ਨੇ ਫਿੱਗਰਜ਼ ਦਿੱਤੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਯੂਰੀਏ ਦਾ ਭਾਅ 1450 ਰੁਪਏ ਕਰ ਦਿਤਾ ਸੀ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ 1977 ਵਿਚ ਯੂਰੀਏ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਦਾ ਭਾਅ 1550 ਰੁਪਏ ਸੀ। (ਵਿਘਨ) ਮੈਂ ਮੁੱਖ ਮੰਤਰੀ ਜੀ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿੰਨਾ ਚਿਰ ਅਸੀਂ ਏ. ਪੀ. ਸੀ. ਕੋਲੋਂ ਭਾਅ ਮੁਕੱਰਰ ਨਹੀਂ ਕਰਵਾ ਲੈਂਦੇ ਜਾਂ ਜਿੰਨਾ ਚਿਰ ਬੋਨਸ ਨਹੀਂ ਦੇ ਸਕਦੇ ਉਤਨਾ ਚਿਰ ਮੈਂ ਟੈਂਮਪੋਰੇਰੀ ਤੌਰ ਤੇ ਕੋਆਪ੍ਰੇਟਿਵ ਬੈਂਕਾਂ ਜਾਂ ਕੋਆਪ੍ਰੇਟਿਵ ਦੇ ਜਿਹੜੇ ਅਦਾਰੇ ਹਨ ਉਨ੍ਹਾਂ ਨੂੰ ਅਸੀਂ ਕਹੀਏ ਕਿ ਕਿਸਾਨ ਨੂੰ ਜ਼ਿਆਦਾ ਲੋਨ ਦਿਤੇ ਜਾਣ ਅਤੇ ਜਿਸ ਵੇਲੇ ਕਿਸਾਨ ਨੂੰ ਵੱਧ ਪ੍ਰਾਈਸ ਮਿਲੇਗੀ ਤਾਂ ਉਹ ਰੀਪੇ ਕਰ ਦੇਣਗੇ। ਇਸ ਲੋਨ ਉਤੇ ਇਨਟਰੈਸਟ ਨਾਮੀਨਲ ਹੋਣਾ ਚਾਹੀਦਾ ਹੈ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਫਰਟੇਲਾਈਜ਼ਰ ਦੀਆਂ ਪ੍ਰਾਈਸਿਜ਼ ਕਿਵੇਂ ਵਧੀਆਂ। ਯੂਰੀਆ ਪਲਾਂਟ ਦੇ ਵਿਚ ਨੈਪਥਾ ਪੈਂਦਾ ਹੈ ਜਿਸ ਦੀ ਕੀਮਤ ਬਹੁਤ ਜ਼ਿਆਦਾ ਵੱਧ ਗਈ ਸੀ। ਇਹ ਠੀਕ ਹੈ ਕਿ ਬਿਜਲੀ ਨਾਲ ਵੀ ਪਲਾਂਟ ਚਲਦੇ ਹਨ ਪਰ ਮੋਸਟਲੀ ਆਇਲ ਬੇਸਡ ਪਲਾਂਟ ਹਨ। ਦੋ ਤਰ੍ਹਾਂ ਦੀਆਂ ਖਾਦਾਂ ਤਿਆਰ ਹੁੰਦੀਆਂ ਹਨ। ਇਕ ਪੀ ਫਰਟੇਲਾਈਜ਼ਰ ਹੈ। ਰਾਕ ਫਾਸਫੇਟ ਨੂੰ ਸਲਫਿਊਰਿਕ ਐਸਿਡ ਨਾਲ ਟਰੀਟ ਕਰਕੇ ਸੁਪਰ ਫਾਸਫੇਟ ਬਣਦਾ ਹੈ ਅੌਰ ਉਸ ਦੇ ਲਈ ਸਲਫਰ ਇਸਤੇਮਾਲ ਕਰਨਾ ਪੈਂਦਾ ਹੈ। ਸਾਨੂੰ ਇਸ ਦੇ ਲਈ ਸਲਫਰ ਦੀ ਜ਼ਰੂਰਤ ਪੈਂਦੀ ਹੈ ਅੌਰ ਸਲਫਰ ਜਿਹੜਾ ਹੈ ਉਹ ਬਾਹਰੋਂ ਆਉਂਦਾ ਹੈ ਅੌਰ ਬਾਹਰਲੇ ਦੇਸ਼ਾਂ ਨੇ ਸਲਫਰ ਅੌਰ ਨੈਪਥਾ ਇਤਨਾ ਮਹਿੰਗਾ ਕਰ ਦਿੱਤਾ ਕਿ ਇਸ ਦੀ ਪ੍ਰਾਈਸ ਵਿਚ 100 ਪਰਸੈਂਟ ਰਾਈਜ਼ ਹੋਈ। ਬਾਹਰਲੇ ਮੁਲਕਾਂ ਤੋਂ ਚੀਜ਼ਾਂ ਮੰਗਵਾਉਣ ਵਾਸਤੇ ਸਾਨੂੰ ਫਾਰਨ ਐਕਸਚੇਂਜ ਦੀ ਜ਼ਰੂਰਤ ਹੁੰਦੀ ਹੈ ਜਿਹੜੀ ਕਿ ਇਨ੍ਹਾਂ ਨੇ (ਅਪੋਜ਼ੀਸ਼ਨ ਵਲ ਇਸ਼ਾਰਾ) ਆਪਣੇ ਰਾਜ ਵਿਚ ਐਵੇਂ ਹੀ ਖਤਮ ਕਰ ਦਿੱਤੀ। 1977 ਦੇ ਵਿਚ ਜਦੋਂ ਜਨਤਾ ਅਕਾਲੀ ਸਰਕਾਰ ਬਣੀ ਸੀ ਤਾਂ ਕਿੰਨਾ ਸੋਨਾ ਸਾਡੀ ਕਾਂਗਰਸ ਦੀ ਸਰਕਾਰ ਰਿਜ਼ਰਵ ਵਿਚ ਛੱਡ ਗਈ ਸੀ ਅੌਰ ਕਿੰਨੀ ਫਾਰਨ ਐਕਸਚੇਂਜ ਜਮ੍ਹਾਂ ਪਈ ਸੀ। ਐਕਸਪੋਰਟ ਦੀ ਜਿਹੜੀ ਸਾਡੀ ਨੀਤੀ ਸੀ ਉਸ ਦੇ ਨਾਲ ਅਰਬਾਂ ਰੁਪਏ ਫਾਰੇਨ ਐਕਸਚੇਂਜ ਦੇ ਜਮ੍ਹਾਂ ਹੋ ਜਾਣੇ ਸੀ, ਪਰ ਇਨ੍ਹਾਂ ਨੇ ਕੀ ਕੀਤਾ ਕਿ ਜਿਹੜਾ ਸੋਨਾ ਰਿਜ਼ਰਵ ਵਿਚ ਪਿਆ ਸੀ ਉਹ ਆਪਣੇ ਤਿੰਨ ਸਾਲਾਂ ਦੇ ਰਾਜ ਵਿਚ ਇਨ੍ਹਾਂ ਨੇ ਨਿਲਾਮ ਕਰ ਦਿੱਤਾ ਅਤੇ ਆਪਣੇ ਬੰਦਿਆਂ ਨੂੰ ਅਕਾਮੋਡੇਟ ਕਰਨ ਵਾਸਤੇ 500 ਰੁਪਏ ਦੇ ਭਾਅ ਨਾਲ ਵੇਚ ਦਿੱਤਾ। ਸਾਡਾ ਖਜ਼ਾਨਾ ਖਾਲੀ ਹੋ ਗਿਆ ਅਤੇ ਕੋਈ ਸੋਨਾ ਇਨ੍ਹਾਂ ਨੇ ਨਹੀਂ ਰਹਿਣ ਦਿੱਤਾ। ਫਿਰ ਇਨ੍ਹਾਂ ਨੇ ਕੁਝ ਆਈਟਮਜ਼ ਦੇ ਫਰੀ ਲਾਇਸੈਂਸ ਕਰ ਦਿੱਤੇ। ਕਈ ਆਈਟਮਜ਼ ਜਿਹੜੀਆਂ ਇੰਦਰਾ ਜੀ ਦੇ ਵੇਲੇ ਜਾਂ ਪੁਰਾਣੀ ਸਰਕਾਰ ਵੇਲੇ ਬੰਦ ਸਨ ਉਹ ਇਨ੍ਹਾਂ ਨੇ ਆਪਣੇ ਬੰਦਿਆਂ ਨੂੰ ਓਬਲਾਈਜ਼ ਕਰਨ ਦੀ ਖਾਤਰ ਲਾਇਸੈਂਸ ਫਰੀ ਕਰ ਦਿੱਤੀਆਂ। ਬਜਾਏ ਮੈਟੀਰੀਅਲ ਐਕਸਪੋਰਟ ਕਰਨ ਦੇ ਇਨ੍ਹਾਂ ਨੇ ਬਹੁਤ ਸਾਰਾ ਮਾਲ ਇਮਪੋਰਟ ਕੀਤਾ ਜਿਸ ਦੇ ਨਾਲ ਫਾਰੇਨ ਐਕਸਚੇਂਜ ਜਿਹੜੀ ਸੀ ਉਹ ਇਕਦਮ ਖਤਮ ਕਰ ਦਿੱਤੀ ਅੌਰ 2500 ਕਰੋੜ ਰੁਪਏ ਦਾ ਡੈਫਿਸਿਟ ਜਨਤਾ ਸਰਕਾਰ ਸਾਡੇ ਵਾਸਤੇ ਛੱਡ ਗਈ। ਇਹ ਤਾਂ ਦੇਸ਼ ਦੀ ਹਾਲਤ ਸੀ। ਜਿਥੇ ਇਤਨਾ ਵੱਡਾ ਡੈਫਿਸਿਟ ਹੋਵੇ ਅੌਰ ਖਜ਼ਾਨੇ ਵਿਚ ਕੁਝ ਬਾਕੀ ਰਿਹਾ ਨਾ ਹੋਵੇ ਉਥੇ ਦੇਸ਼ ਦੇ ਕੀ ਹਾਲਾਤ ਹੋ ਸਕਦੇ ਹਨ। ਖਾਦ ਦੇ ਵਾਸਤੇ ਜੋ ਨੈਪਥੇ ਦੀ ਜ਼ਰੂਰਤ ਹੈ ਉਸ ਦੀ ਇੰਟਰਨੈਸ਼ਨਲ ਪ੍ਰਾਈਸ ਵਧੀ ਹੈ। ਡਿਪਟੀ ਸਪੀਕਰ ਸਾਹਿਬ, ਜਨਤਾ ਸਰਕਾਰ ਜੋ ਸੈਂਟਰ ਵਿਚ ਸੀ ਅਤੇ ਜਿਸ ਸਰਕਾਰ ਦੇ ਵਿਚ ਅਕਾਲੀ ਵੀ ਭਾਈਵਾਲ ਸਨ, ਉਹ ਇਕ ਅੌਸੀ ਲਾਬੀ ਵਿਚ ਜਾ ਵੜੀ ਸੀ, ਜਿਸਨੇ ਅਮਰੀਕਨ ਪਾਲਿਸੀ ਨੂੰ ਅਡਾਪਟ ਕਰ ਲਿਆ ਸੀ ਅਤੇ ਜਿਸ ਵਜ੍ਹਾ ਕਰਕੇ ਜਿਹੜੇ ਆਇਲ ਐਕਸਪੋਰਟਿੰਗ ਕੰਟਰੀਜ਼ ਹਨ ਉਹ ਵੀ ਸਾਡੇ ਦੇਸ਼ ਨਾਲ ਨਾਰਾਜ਼ ਹੋ ਗਏ। ਲਿਬੀਆ ਈਰਾਨ ਅਤੇ ਰੂਸ ਵਰਗੇ ਕੰਟਰੀਜ਼ ਸਾਡੇ ਨਾਲ ਨਾਰਾਜ਼ ਹੋ ਗਏ। ਜਿਹੜੇ ਉਨ੍ਹਾਂ ਦੇ ਨਾਲ ਮੁਆਹਿਦੇ ਕੀਤੇ ਹੋਏ ਸੀ ਪੈਟਰੋ ਕੈਮੀਕਲਜ਼ ਬਾਰੇ ਉਨ੍ਹਾਂ ਨੇ ਉਹ ਵਲਾਊਟ ਕਰਨੇ ਸ਼ੁਰੂ ਕਰ ਦਿੱਤੇ, ਪ੍ਰਾਈਸਿਜ਼ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਪ੍ਰਾਈਸਿਜ਼ ਨੂੰ ਡਿਕਟੇਟ ਕਰਨਾ ਸ਼ੁਰੂ ਕਰ ਦਿੱਤਾ। (ਵਿਘਨ)

Original with;
Punjab Vidhan Sabha
Digitized by;
Panjab Digital Library

Mr. Deputy Speaker ; Kairon Sahib, please try to wind up.

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਨੂੰ ਤੁਸੀਂ ਦਿੰਨਾ ਟਾਈਮ ਦਿੱਤਾ ਹੈ, ਮੈਨੂੰ ਵੀ ਜ਼ਿਆਦਾ ਟਾਈਮ ਦਿਓ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਮੈਂ ਰੈਜ਼ੋਲਿਊਸ਼ਨ ਦਾ ਮੂਵਰ ਸੀ।

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਇਕ ਉਸ ਜਗ੍ਹਾ ਤੇ ਖੜ੍ਹਾ ਹੋ ਗਿਆ ਜਿਥੇ ਖਜ਼ਾਨੇ ਵਿਚ 2500 ਕਰੋੜ ਰੁਪਿਆ ਡੈਫਿਸਿਟ ਹੋਵੇ, ਜਿਸ ਦੀ ਫ਼ਾਰਨ ਪਾਲਿਸੀ ਪਿਛਲੇ ਤਿੰਨ ਸਾਲਾਂ ਵਿਚ ਫੇਲ੍ਹ ਹੋਈ ਹੋਵੇ ਅੰਰ ਜਿਸ ਮੁਲਕ ਦੇ ਨਾਲ ਸਾਰੇ ਆਇਲ ਐਕਸਪੋਰਟਿੰਗ ਕੰਟਰੀਜ਼ ਨਾਰਾਜ਼ ਹੋਏ ਹੋਣ ਅਤੇ ਸਾਡੇ ਉਹ ਵੱਧ ਤੋਂ ਵੱਧ ਪ੍ਰਾਈਸਿਜ਼ ਮੰਗਣ, ਉਸ ਮੁਲਕ ਦਾ ਕੀ ਹਾਲ ਹੋਵੇਗਾ ? (ਵਿਘਨ) ਡਿਪਟੀ ਸਪੀਕਰ ਸਾਹਿਬ, ਸਾਡੀ ਫਾਰੇਨ ਪਾਲਿਸੀ ਕਰਕੇ ਹੀ ਸਾਡੇ ਨਾਲ ਆਇਲ ਕੰਟਰੀਜ਼ ਨਾਰਾਜ਼ ਹੋਏ ਹਨ। ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਾਰੇਨ ਐਕਸਚੇਂਜ਼ 3 ਚੀਜ਼ਾਂ ਤੇ ਸਾਡਾ ਲਗਦਾ ਹੈ। ਇਕ ਡੀਫੈਂਸ ਇਕਵਿਪਮੈਂਟ, ਦੂਸਰਾ ਆਇਲ ਅਤੇ ਤੀਸਰਾ ਫਰਟੇਲਾਈਜ਼ਰ। ਇਨ੍ਹਾਂ ਤਿੰਨਾਂ ਚੀਜ਼ਾਂ ਦੀ ਇੰਮਪੋਰਟ ਤੇ ਫਾਰੇਨ ਐਕਸਚੇਂਜ਼ ਲਗਦਾ ਹੈ। ਇਨ੍ਹਾਂ ਨੇ (ਅਪੋਜ਼ੀਸ਼ਨ ਦੇ ਵਲ ਇਸ਼ਾਰਾ) ਆਪਣੇ ਰਾਜ ਵਿਚ ਐਕਸਪੋਰਟ ਜਿਹੜੀ ਸੀ ਉਹ ਤਾਂ ਖ਼ਤਮ ਕਰ ਦਿੱਤੀ ਪਰ ਇਮਪੋਰਟ ਜਿਹੜੀ ਸੀ ਉਸ ਦੀ ਖੁੱਲ੍ਹ ਕਰ ਦਿੱਤੀ। ਸਾਰਾ ਸੋਨਾ ਖਜ਼ਾਨੇ ਵਿਚ ਨਹੀਂ ਛੱਡਿਆ। ਸੋਨਾ ਖ਼ਜ਼ਾਨੇ ਵਿਚ ਨਾ ਹੋਵੇ ਅਤੇ ਦੂਸਰੇ ਮੁਲਕਾਂ ਨਾਲ ਲੜਾਈ ਪਾ ਲਈ ਹੋਵੇ, ਨਾਰਾਜ਼ਗੀ ਪੈਦਾ ਕਰ ਲਈ ਹੋਵੇ ਤਾਂ ਇਨ੍ਹਾਂ ਹਾਲਾਤ ਵਿਚ ਪ੍ਰਾਈਸਿਜ਼ ਵੱਧਣ ਜਾਂ ਨਾ ਵੱਧਣ। ਕਾਮਰੇਡ ਸਾਹਿਬ ਨੇ ਸਬਸਿਡੀ ਦਾ ਜ਼ਿਕਰ ਕੀਤਾ ਸੀ, ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਾਲੀ ਵੀ ਖਾਦ ਤੇ ਤਕਰੀਬਨ 25, 30% ਦੇ ਦਰਮਿਆਨ ਸਬਸਿਡੀ ਹੈ।

(ਇਕ ਆਵਾਜ਼ : ਕੋਈ 25, 30% ਸਬਸਿਡੀ ਨਹੀਂ ਮਿਲ ਰਹੀ। (ਵਿਘਨ) ਮੈਂ ਐਟ ਸੋਰਸ ਕਹਿ ਰਿਹਾ ਹਾਂ, ਨਾਟ ਹੀਅਰਸੇ)

ਡਿਪਟੀ ਸਪੀਕਰ ਸਾਹਿਬ, ਇਕ ਐਫ. ਸੀ. ਆਈ. ਦੀ ਸਟੇਟਮੈਂਟ ਆਈ ਸੀ, ਉਹ ਸਟੇਟਮੈਂਟ ਮੈਂ ਵੀ ਪੜ੍ਹੀ ਸੀ। ਉਹ ਸਟੇਟਮੈਂਟ ਪੜ੍ਹਨ ਤੋਂ ਬਾਅਦ ਮੈਂ ਉਨ੍ਹਾਂ ਦੇ ਕੁੱਝ ਅਫ਼ਸਰਾਂ ਨੂੰ ਅਪੀਲ ਕੀਤਾ ਕਿ ਜੇ ਤੁਸੀਂ ਮਾਲ ਨਹੀਂ ਉਠਾਉਣਾ ਤਾਂ ਇਸ ਦੇ ਨਾਲ ਸਾਡਾ ਬਹੁਤ ਨੁਕਸਾਨ ਹੋਵੇਗਾ। ਉਨ੍ਹਾਂ ਨੇ ਮੈਨੂੰ ਪਿਛਲੇ ਤਿੰਨ ਸਾਲਾਂ ਦੀਆਂ ਫਿਗਰਜ਼ ਕੱਢ ਕੇ ਦੱਸੀਆਂ ਤੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿਚ ਸਾਡੇ ਕੋਲ 20 ਲੱਖ ਮੀਟਰਿਕ ਟਨ ਪੈਡੀ ਦਾ ਬੈਕ-ਲਾਗ ਹੈ ਅਤੇ 10 ਲੱਖ ਮੀਟਰਿਕ ਟਨ ਦਾ ਰਾਈਸ ਦਾ ਬੈਕ-ਲਾਗ ਪਿਆ ਹੈ ਜਿਹੜਾ ਬਾਹਰ ਨਹੀਂ ਭੇਜਿਆ ਜਾ ਸਕਿਆ। ਸਾਡੇ ਕੋਲ ਟਰਾਂਸਪੋਰਟ ਜਾਂ ਰੇਲ ਵੈਗਨਜ਼ ਦਾ ਪ੍ਰਬੰਧ ਨਹੀਂ ਹੈ। ਅਸੀਂ ਪੰਜਾਬ ਦੀ ਸਰਕਾਰ ਨੂੰ ਕਿਹਾ ਸੀ ਕਿ ਤੁਸੀਂ ਰੇਲ ਵੈਗਨਜ਼ ਦਾ ਅਰੇਂਜਮੈਂਟ ਕਰਾਦਿਉ। ਪਰ ਕਿਸੇ ਨੇ ਇਸ ਗਲ ਵਲ ਕੋਈ ਧਿਆਨ ਨਹੀਂ ਕੀਤਾ। (ਵਿਘਨ) ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਹਰਿਆਣਾ ਸਰਕਾਰ ਨੇ ਸਿਰਫ 1.9 ਲੱਖ ਟਨ ਪੈਡੀ ਐਫ. ਸੀ. ਆਈ. ਨੂੰ ਦਿੱਤੀ ਹੈ ਜਦ ਕਿ ਅਸੀਂ 20 ਲੱਖ ਮੀਟ੍ਰਿਕ ਟਨ ਦਿੱਤੀ ਹੈ। ਹਰਿਆਣਾ ਸਰਕਾਰ ਨੇ ਸ਼ੈਲਰਾਂ ਦੇ ਕੰਡੀਸ਼ਨ ਲਾਈ ਸੀ ਕਿ ਸਾਨੂੰ ਮਿਲਿਗ ਕਰ ਦਿਓ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਿੰਦਰ ਸਿਘ ਕੈਰੋਂ]

ਉਨ੍ਹਾਂ ਨੇ ਦੱਸਿਆ ਕਿ ਅਸੀਂ ਪੰਜਾਬ ਸਰਕਾਰ ਨੂੰ ਕਈ ਚਿੱਠੀਆਂ ਲਿਖੀਆਂ ਕਿ ਤੁਸੀਂ ਵੀ ਇਸ ਤਰ੍ਹਾਂ ਦੀ ਕੰਡੀਸ਼ਨ ਲਾਉ, ਪਰ ਇਨ੍ਹਾਂ ਨੇ ਇਸ ਗਲ ਵਲ ਵੀ ਕੋਈ ਧਿਆਨ ਨਹੀਂ ਦਿੱਤਾ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸਿਵਾਏ ਆਪਸ ਵਿਚ ਲੜਨ ਦੇ ਹੋਰ ਕੋਈ ਕੰਮ ਨਹੀਂ ਕੀਤਾ। ਫਿਰ ਇਥੇ ਹੀ ਬਸ ਨਹੀਂ ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਐਡੀਕੁਏਟ ਸਟੋਰੇਜ ਅਰੇਂਜਮੈਂਟ ਨਹੀਂ ਹੈ। ਇਥੇ ਦੇ ਸਿਵਲ ਸਪਲਾਈ ਦੇ ਅਫਸਰ ਇਹ ਗੱਲ ਐਗਰੀ ਕਰ ਗਏ ਕਿ ਅਸੀਂ 4 ਕਾਮਨ ਜਗ੍ਹਾਵਾਂ ਬਣਾਵਾਂਗੇ ਅਤੇ ਜਦੋਂ ਤੁਹਾਨੂੰ ਜ਼ਰੂਰਤ ਹੋਵੇ ਤੁਸੀਂ ਵਰਤ ਲੈਣਾ ਅਤੇ ਜਦੋਂ ਸਾਨੂੰ ਜ਼ਰੂਰਤ ਹੋਵੇ ਉਦੋਂ ਅਸੀਂ ਵਰਤ ਲਵਾਂਗੇ। ਪਰ ਇਹ ਉਸ ਤੋਂ ਵੀ ਭੱਜ ਗਏ। ਉਨ੍ਹਾਂ ਨੇ ਕਈ ਚਿੱਠੀਆਂ ਇਸ ਦੇ ਬਾਰੇ ਲਿਖੀਆਂ, ਫਿਰ ਹਾਰ ਕੇ ਉਨ੍ਹਾਂ ਨੇ ਕਿਹਾ ਕਿ 2:1 ਹੀ ਕਰ ਲਓ ਪਰ ਇਸ ਗਲ ਤੇ ਵੀ ਕੋਈ ਫੈਸਲਾ ਇਹ ਨਹੀਂ ਕਰ ਸਕੇ। ਕਾਮਰੇਡ ਸਾਹਿਬ ਨੇ ਇਥੇ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਐਫ. ਸੀ. ਆਈ. ਨੂੰ ਪੰਜਾਬ ਦੇ ਵਿਚ ਖਰੀਦ ਕਰਨੀ ਚਾਹੀਦੀ ਹੈ। ਮੈਂ ਇਨ੍ਹਾਂ ਨੂੰ ਇੰਨੀ ਗਲ ਹੀ ਕਹਿਣੀ ਚਾਹੁੰਦਾ ਹਾਂ ਕਿ ਐਫ. ਸੀ. ਆਈ. ਇਸ ਗੱਲ ਤੋਂ ਵੀ ਤੰਗ ਹੈ ਕਿ ਕੁਝ ਸਿਆਸੀ ਪਾਰਟੀਆਂ ਜਿਹੜੀਆਂ ਹਨ ਉਹ ਲੇਬਰ ਤੋਂ ਝਗੜੇ ਕਰਵਾਉਂਦੀਆਂ ਹਨ, ਜਿਹੜੀ ਲੇਬਰ ਮੰਡੀਆਂ ਤੋਂ ਗੁਦਾਮਾਂ ਵਿਚ ਪੈਡੀ ਜਾਂ ਅਨਾਜ ਲੈ ਕੇ ਜਾਂਦੀ ਹੈ। ਉਥੇ ਫਿਰ ਲਾਲ ਝੰਡੇ ਆਪਣੇ ਇਹ ਗਡ ਦਿੰਦੇ ਹਨ ਕਿ ਇਹ ਰੇਟ ਦਿਓ ਲੇਬਰ ਦਾ, ਉਹ ਰੇਟ ਦਿਉ। ਮੈਂ ਇਸ ਗਲ ਦੇ ਹੱਕ ਵਿਚ ਹਾਂ ਕਿ ਉਨ੍ਹਾਂ ਨੂੰ ਵਾਜਿਬ ਰੇਟ ਮਿਲੇ ਪਰ ਵਿਚ ਰੈਸਟ੍ਰੇਨ ਚਲੋ ਤਾਂ ਕਿ ਪੰਜਾਬ ਦਾ ਨੁਕਸਾਨ ਨਾ ਹੋਵੇ।

ਫਿਰ, ਡਿਪਟੀ ਸਪੀਕਰ ਸਾਹਿਬ, 45 ਲੱਖ ਟਨ ਕਣਕ ਹੋ ਜਾਂਦੀ ਹੈ ਅਤੇ 32 ਲੱਖ ਟਨ ਰਾਈਸ ਹੋ ਜਾਂਦੀ ਹੈ ਅੱਤ ਇਸ ਤਕਰੀਬਨ 80 ਲੱਖ ਟਨ ਅਨਾਜ ਦੀ ਮੂਵਮੈਂਟ ਦਾ ਕੋਈ ਅਰੇਂਜਮੈਂਟ ਨਹੀਂ ਹੈ। ਪਿਛਲੇ ਤਿੰਨ ਸਾਲਾਂ ਵਿਚ ਇਹ ਕੋਈ ਅਰੇਂਜਮੈਂਟ ਨਹੀਂ ਕਰਵਾ ਸਕੇ ਜਿਸ ਦੇ ਕਰਕੇ ਇਤਨਾ ਬੈਕ-ਲਾਗ ਇਕੱਠਾ ਹੋ ਗਿਆ। ਹੁਣ ਸਾਡੇ ਚੀਫ ਮਨਿਸਟਰ, ਸਰਦਾਰ ਦਰਬਾਰਾ ਸਿੰਘ ਜੀ ਰੇਲ ਮੰਤਰੀ ਸ਼੍ਰੀ ਕਮਲਾਪਤੀ ਤ੍ਰਿਪਾਠੀ ਕੋਲੋਂ ਹੋ ਕੇ ਆਏ ਹਨ। ਸ਼ਾਇਦ ਇਨ੍ਹਾਂ ਨੂੰ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਇਸ ਗੱਲ ਦਾ ਪਤਾ ਨਹੀਂ। ਅਖ਼ਬਾਰਾਂ ਵਿਚ ਇਸ ਬਾਰੇ ਆਇਆ ਹੈ, ਅਖਬਾਰਾਂ ਪੜ੍ਹ ਕੇ ਦੇਖ ਲੈਣ। ਚੀਫ ਮਨਿਸਟਰ ਸਾਹਿਬ ਯੂਨੀਅਨ ਮਨਿਸਟਰ ਸਾਹਿਬ ਨੂੰ ਮਿਲ ਕੇ ਆਏ ਹਨ ਅਤੇ ਉਨਾਂ ਨੂੰ ਕਹਿ ਕੇ ਆਏ ਹਨ ਕਿ ਸਾਨੂੰ ਵੈਗਨਾਂ ਦਿਓ। ਇਸ ਦਾ ਨਿਸ਼ਾਨਾ ਕੀ ਹੈ? ਵੈਗਨਾਂ ਮੰਗਣ ਦਾ ਨਿਸ਼ਾਨਾ ਇਹੀ ਹੈ ਕਿ ਜਿਹੜਾ ਸਾਡੇ ਕੋਲ ਇਥੇ ਬੈਕ-ਲਾਗ ਇਕੱਠਾ ਹੈ ਉਸ ਨੂੰ ਬਾਹਰ ਭੇਜੀਏ ਤਾਂ ਕਿ ਐਫ. ਸੀ. ਆਈ. ਹੋਰ ਖਰੀਦ ਸਕੇ। ਪੰਜਾਬ ਸਟੇਟ ਜਿਹੜੀ ਇਤਨਾ ਅਨਾਜ ਪੈਦਾ ਕਰਦੀ ਹੈ ਇਹ ਅਨਾਜ ਬਾਹਰ ਭੇਜਣਾ ਹੁੰਦਾ ਹੈ। ਅਗਰ 6, 7 ਲੱਖ ਟਨ ਮੰਥਲੀ ਮੂਵਮੈਂਟ ਨਾ ਹੋਵੇ ਤਾਂ ਜਿਹੜੀ ਐਫ. ਸੀ. ਆਈ. ਹੈ ਉਹ ਮੰਡੀ ਵਿਚੋਂ ਅਨਾਜ ਉਠਾ ਨਹੀਂ ਸਕਦੀ। ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਕਹਿਨਾਂ ਉਨ੍ਹਾਂ ਨੇ ਕਮਲਾਪਤੀ ਤ੍ਰਿਪਾਠੀ ਨੂੰ ਕਿਹਾ ਹੈ ਹੁਣ ਫਿਰ ਕਹਿਣ ਤਾਂ ਕਿ ਐਫ. ਸੀ. ਆਈ. ਖਰੀਦ ਵਾਸਤੇ ਮੰਡੀਆਂ ਵਿਚ ਐਂਟਰ ਕਰ ਸਕੇ।

ਡਿਪਟੀ ਸਪੀਕਰ ਸਾਹਿਬ, ਸਾਡੇ 700 ਮੰਡੀਆਂ ਹਨ। ਉਨ੍ਹਾਂ ਵਿਚ ਲਾਅ ਐਂਡ ਆਰਡਰ ਅਰੇਂਜ ਕਰਨ ਤਾਂ ਕਿ ਮਾਲ ਦੀ ਚੋਰੀ ਨਾ ਹੋਵੇ ਅਤੇ ਐਫ. ਸੀ. ਆਈ. ਦਾ ਮਾਲ ਰੁਲਦਾ ਨਾ ਫਿਰੇ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ 1972 ਵਿਚ ਪ੍ਰਾਈਸ ਐਂਡ ਡਿਸਟਰੀਬਿਊਸ਼ਨ ਕੰਟਰੋਲ ਲਗਿਆ ਸੀ। 16 ਅਗਸਤ, 1978 ਨੂੰ ਖੰਡ ਦੀ ਫਿਊਅਰ ਪ੍ਰਾਈਸਿੰਗ ਪਾਲਿਸੀ ਅਬਾਲਿਸ਼ ਹੋਈ। ਇਹ ਪਹਿਲਾਂ 65 ਅੱਤ 35 ਦੀ ਰੇਸ਼ੋ ਨਾਲ ਸੀ। ਮੈਂ ਕਹਿੰਦਾ

Original with;
Punjab Vidhan Sabha
Digitized by
Panjab Digital Library

ਹਾਂ ਕਿ ਇਹ ਚੀਜ਼ ਕਿਉਂ ਹੋਈ ਜਦੋਂ ਕਿ ਦੇਸ਼ ਨੂੰ ਖੰਡ ਦੀ ਬੜੀ ਲੋੜ ਸੀ। ਲੋਕ ਗੱਲਾਂ ਕਰਦੇ ਹਨ ਕਿ ਕਨਸਰਨਡ ਬੰਦਿਆਂ ਨੇ ਮਿੱਲ ਵਾਲਿਆਂ ਤੋਂ 100 ਕਰੋੜ ਰੁਪਏ ਲਏ ਸੀ ਤੇ ਪਹਿਲੀ ਪਾਲਿਸੀ ਅਬਾਲਿਸ਼ ਕਰ ਦਿਤੀ ਸੀ। ਖੰਡ ਦੇ ਭਾਅ ਬਾਰੇ ਮੇਰੇ ਵੀਰ ਕਾਮਰੇਡ ਰਾਜ ਕੁਮਾਰ ਨੇ ਕਿਹਾ

ਸਰਦਾਰ ਸੁਰਜੀਤ ਸਿੰਘ ਬਰਨਾਲਾ: ਡਿਪਟੀ ਸਪੀਕਰ ਸਾਹਿਬ, ਇਹ ਹੁਣ ਸ਼ੁਗਰ ਤੇ ਬਾਹਿਸ ਸ਼ੁਰੂ ਕਰ ਦਿੱਤੀ ਹੈ, ਇਹ ਤਾਂ ਫਿਰ ਲੰਮੀ ਡਿਸਕਸ਼ਨ ਹੋ ਜਾਏਗੀ।

Mr. Deputy Speaker : Kairon Sahib, please wind up.

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਜਿਹੜਾ ਗਰੀਨ ਰੈਵੋਲਿਊਸ਼ਨ ਆਇਆ ਹੈ ਇਸ ਦਾ ਕਰੈਡਿਟ ਇਹ ਲੈਣਾ ਚਾਹੁੰਦੇ ਹਨ। ਮੈਂ ਦੱਸਦਾ ਹਾਂ ਕਿ ਇਹ ਗਰੀਨ ਰੈਵੋਲਿਊਸ਼ਨ ਕਾਂਗਰਸ ਰਿਜੀਮ ਵਿਚ ਸ਼ੁਰੂ ਹੋਇਆ ਸੀ। ਇਹ ਇਕ ਪ੍ਰਾਸੈਸ ਹੈ। (ਥੰਪਿੰਗ) ਇਨ੍ਹਾਂ ਨੇ ਆਲੂਆਂ ਦਾ ਭਾਅ ਠੀਕ ਨਾ ਦਿਵਾਇਆ, ਗੰਨੇ ਦਾ ਠੀਕ ਭਾਅ ਨਾ ਦਿਵਾਇਆ। 1978-79 ਵਿਚ ਗੰਨੇ ਦਾ ਭਾਅ 10 ਰੁਪਏ ਕੁਇੰਟਲ ਸੀ, ਮੈਂ ਐਮ. ਪੀ. ਦਾ ਭਾਅ ਦੱਸ ਰਿਹਾ ਹਾਂ, ਜਿਹੜਾ ਯੂ. ਪੀ. ਵਾਲਿਆਂ ਨੂੰ ਭਾਅ ਮਿਲਿਆ ਉਹ ਦੱਸ ਰਿਹਾ ਹਾਂ। ਜਿਸ ਕਰਕੇ ਉਨ੍ਹਾਂ ਨੂੰ ਗੰਨਾ ਸਾੜਨਾ ਪਿਆ। ਇਨ੍ਹਾਂ ਦਾ ਕਹਿਣਾ ਹੈ ਕਿ ਇਹ ਜੱਟ ਦੇ ਹਿੱਤ ਵਿਚ ਹਨ। ਮੈਂ ਨਹੀਂ ਮੰਨਦਾ ਕਿ ਇਹ ਜੱਟ ਦੇ ਹਿਤੂ ਹਨ।

ਸ਼੍ਰੀ ਡਿਪਟੀ ਸਪੀਕਰ : ਕੈਰੋਂ ਸਾਹਿਬ, ਹੁਣ ਤੁਸੀਂ ਵਾਈਂਡ ਅੱਪ ਕਰ ਦਿਓ।

ਸਰਦਾਰ ਸੁਰਿੰਦਰ ਸਿੰਘ ਕੈਰੋਂ : ਅੰਤ ਵਿਚ ਮੈਂ ਆਪਣੇ ਫਾਈਨਾਂਸ ਮਨਿਸਟਰ ਅਤੇ ਚੀਫ਼ ਮਨਿਸਟਰ ਸਾਹਿਬ ਨੂੰ ਉਨ੍ਹਾਂ ਦੀਆਂ ਇਸ ਸਬੰਧੀ ਕੀਤੀਆਂ ਐਫ਼ਰਟਸ ਤੇ ਵਧਾਈ ਦਿੰਦਾ ਹਾਂ ਜਿਨ੍ਹਾਂ ਕਰਕੇ ਸਾਨੂੰ ਸਾਰੀਆਂ ਚੀਜ਼ਾਂ ਦਾ ਕਰੈਡਿਟ ਮਿਲਣ ਵਾਲਾ ਹੈ। ਮੈਂ ਇਤਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਹਿੰਦ।

ਸਰਦਾਰ ਜਗਦੇਵ ਸਿੰਘ ਜੱਸੋਵਾਲ (ਰਾਏਕੋਟ) : ਡਿਪਟੀ ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਜਿਸ ਤਰ੍ਹਾਂ ਨਾਲ ਇਕ ਸਿਆਣਾ ਵਕੀਲ ਆਪਣੇ ਮੁਲਜ਼ਮ ਨੂੰ ਬਚਾਉਣ ਦੇ ਲਈ ਦਲੀਲਾਂ ਦਿੰਦਾ ਹੈ, ਉਸੇ ਤਰ੍ਹਾਂ ਆਪਣੀ ਪਾਰਟੀ ਦੀ ਪਿਛਲੇ ਤਿੰਨ ਸਾਲਾਂ ਦੀ ਕਿਸਾਨ ਵਿਰੋਧੀ ਪਾਲਿਸੀ ਨੂੰ ਬਚਾਉਣ ਦੇ ਲਈ ਬੜੀਆਂ ਦਲੀਲਾਂ ਦਿੱਤੀਆਂ ਹਨ ,। ਲੇਕਿਨ ਮੈਂ ਸਮਝਦਾ ਹਾਂ ਕਿ ਜਿੰਨਾ ਚਿਰ ਅਸੀਂ ਸਾਰੀ ਬੀਮਾਰੀ ਦੀ ਤਸ਼ਖੀਸ਼ ਨਾ ਕਰੀਏ ਉਨਾਂ ਚਿਰ ਉਸ ਦਾ ਇਲਾਜ ਨਹੀਂ ਹੋ ਸਕਦਾ। ਭਾਵੇਂ ਇਹ ਬਿਮਾਰੀ ਫਰਟੇਲਾਈਜ਼ਰ ਦੀਆਂ ਕੀਮਤਾਂ ਦੀ ਹੈ, ਭਾਵੇਂ ਦੂਸਰਿਆਂ ਮਸਲਿਆਂ ਦੀ ਹੈ ਜਿਨ੍ਹਾਂ ਲਈ ਅੱਜ ਅਸੀਂ ਇਥੇ ਵਿਚਾਰ ਕਰਨ ਲਗੇ ਹਾਂ। ਇਸ ਦੇ ਵਿਚ ਐਫ. ਸੀ. ਆਈ. ਵੱਲੋਂ ਖਰੀਦ ਅੰਦਰ ਡੀਜ਼ਲ ਦੇ ਭਾਅ ਵੱਧਣੇ ਵੀ ਸ਼ਾਮਿਲ ਹੈ। ਇਹ ਸਾਰੀਆਂ ਚੀਜ਼ਾਂ ਐਸੀਆਂ ਹਨ ਜਿਹੜੀਆਂ ਮੈਂ ਸਮਝਦਾ ਹਾਂ ਕਿ ਸਾਨੂੰ ਪਾਰਟੀ ਪਾਲੀਟਿਕਸ ਤੋਂ ਉਤੇ ਉਠ ਕੇ ਵਿਚਾਰ ਕਰਨੀਆਂ ਚਾਹੀਦੀਆਂ ਹਨ। ਲੇਕਿਨ ਮੈਨੂੰ ਬੜਾ ਅਫ਼ਸੋਸ ਹੋਇਆ ਕਿ ਮੇਰੇ ਵੀਰ, ਜਿਨ੍ਹਾਂ ਦੀ ਪਾਰਟੀ ਨੇਰੈਲ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਅਲੰਬਰਦਾਰ ਕਹਾਉਂਦੀ ਸੀ ਉਨ੍ਹਾਂ ਦੇ ਸਮੇਂ ਪੰਜਾਬ ਦੇ ਕਿਸਾਨ ਨੂੰ ਹੀ ਨਹੀਂ ਬਲਕਿ ਹਿੰਦੁਸਤਾਨ ਦੇ ਕਿਸਾਨ ਨੂੰ, ਚਾਹੇ ਉਹ ਫਰਟੇਲਾਈਜ਼ਰ

Original with;
Punjab Vidhan Sabha
Digitized by;
Panjab Digital Library

[ਸ.ਤਦਾਰ ਜਗਦੇਵ ਸਿੰਘ ਜੱਸੋਵਾਲ]

ਸੀ ਚਾਹੇ ਉਹ ਚੁਸਰੀਆਂ ਚੀਜ਼ਾਂ ਸਨ, ਉਨ੍ਹਾਂ ਦੇ ਲਈ ਉਸ ਨੂੰ ਕਾਫ਼ੀ ਨੁਕਸਾਨ ਉਠਾਉਣਾ ਪਿਆ। ਇਸ ਲਈ ਮੈਨੂੰ ਕਹਿਣਾ ਪੈਂਦਾ ਹੈ:

ਜਿਨ ਪੇ ਥਾ ਤਕੀਆ ਹਮਾਰਾ
ਵਹੀ ਪਤੇ ਹਵਾ ਦੇਨੇ ਲਗੇ।

ਅੱਜ ਠੀਕ ਹੈ ਕਿ ਪੰਜਾਬ ਦੇ ਕਿਸਾਨ ਨੂੰ ਇਹ ਖਬਰ ਜਦੋਂ ਮਿਲੀ ਕਿ ਫਰਟੇਲਾਈਜ਼ਰ ਅੱਰ ਡੀਜ਼ਲ ਦੇ ਭਾਅ ਵੱਧੇ ਹਨ ਤਾਂ ਇਹ ਇਕ ਆਸਮਾਨੀ ਬਿਜਲੀ ਦੀ ਤਰ੍ਹਾਂ ਗਿਰੀ। ਸਾਰੇ ਲੋਕਾਂ ਨੂੰ ਇਸ ਗਲ ਦਾ ਦੁਖ ਅੱਰ ਅਫ਼ਸੋਸ ਹੋਇਆ। ਇਹੀ ਵਜਾਹ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਨੇ ਪੰਜਾਬ ਦੇ ਕਿਸਾਨ ਦੀ ਅੱਰ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਦੀ ਤਰਜ਼ਮਾਨੀ ਕਰਦਿਆਂ ਹੋਇਆਂ ਇਕ ਸਖਤ ਚਿੱਠੀ ਕੇਂਦਰ ਦੀ ਸਰਕਾਰ ਨੂੰ ਲਿਖੀ ਅੱਰ ਪ੍ਰੋਟੈਸਟ ਦੇ ਤੌਰ ਤੇ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਕੀਮਤਾਂ ਦਾ ਜਿਣਸ ਦੀ ਪੈਦਾਵਾਰ ਤੇ ਬੁਰਾ ਅਸਰ ਪਏਗਾ ਅੱਰ ਘੱਟ ਪੈਦਾਵਾਰ ਹੋਵੇਗੀ। ਇਹ ਵੀ ਕਿਹਾ ਕਿ ਕਿਸਾਨ ਇਸ ਦੇ ਨਾਲ ਕਮਜ਼ੋਰ ਹੋਵੇਗਾ ਕਿਉਂਕਿ ਕਿਸਾਨੀ ਇਕ ਐਸੀ ਚੀਜ਼ ਹੈ, ਮੈਂ ਇਕੱਲੇ ਪੰਜਾਬ ਦੀ ਕਿਸਾਨੀ ਦੀ ਗਲ ਨਹੀਂ ਕਰਾਂਗਾ, ਚਾਹੇ ਪੰਜਾਬ ਵਿਚ ਹੈ, ਚਾਹੇ ਯੂ. ਪੀ. ਵਿਚ ਹੈ, ਚਾਹੇ ਹਰਿਆਣਾ ਵਿਚ ਹੈ ਅਤੇ ਚਾਹੇ ਰਾਜਿਸਥਾਨ ਵਿਚ ਹੈ, ਇਸ ਨੇ ਵੱਧ ਤੋਂ ਵੱਧ ਸਾਰੇ ਹਿੰਦੁਸਤਾਨ ਵਿਚ ਹਰਾ ਇਨਕਲਾਬ ਲਿਆਂਦਾ ਹੈ। ਮੈਂ ਕਹਾਂਗਾ ਕਿ ਡੀਜ਼ਲ ਦੀ ਵਰਤੋਂ ਜ਼ਿਆਦਾ ਪੰਜਾਬੀ ਕਰਦੇ ਹਨ ਕਿਉਂਕਿ ਪੰਜਾਬ ਦੇ ਕੋਲ ਟਰੱਕ ਸਿਸਟਮ ਹੈ ਜਿਸ ਦੇ ਅੰਦਰ ਜ਼ਿਆਦਾ ਡੀਜ਼ਲ ਕਨਜ਼ਿਊਮ ਹੁੰਦਾ ਹੈ। ਇਸ ਲਈ ਇਸ ਬਾਰੇ ਹਾਊਸ ਦੇ ਅੰਦਰ ਦੋ ਰਾਵਾਂ ਨਹੀਂ। ਇਸ ਦਾ ਹੱਲ ਲੱਭਣ ਲਈ ਸਾਨੂੰ ਸਿਆਣਪ ਨਾਲ ਅਤੇ ਸਮੂੱਚੇ ਤੌਰ ਤੇ ਦਿਆਨਤਦਾਰੀ ਨਾਲ ਵਿਚਾਰ ਕਰਨਾ ਪਏਗਾ। 1974 ਵਿਚ ਇਕਦਮ ਕੀਮਤਾਂ ਵੱਧੀਆਂ। ਉਸ ਸਮੇਂ ਵੀ ਪੈਦਾਵਾਰ ਘੱਟ ਹੋਈ ਸੀ ਅੱਰ ਇਹੀ ਵਜ਼ਾ ਸੀ ਕਿ 3 ਦਫ਼ਾ ਸਰਕਾਰ ਨੇ ਫਰਟੇਲਾਈਜ਼ਰ ਦੀਆਂ ਕੀਮਤਾਂ ਉਸ ਤੋਂ ਬਾਦ ਘਟਾਈਆਂ। ਲੇਕਿਨ ਪੈਦਾਵਾਰ ਕਾਫ਼ੀ ਘਟੀ। ਉਸ ਤੋਂ ਬਾਅਦ ਜਦੋਂ ਜਨਤਾ ਅੱਰ ਅਕਾਲੀ ਦਲ ਦੀ ਸਰਕਾਰ ਆਈ ਉਨ੍ਹਾਂ ਨੇ ਆਪਣੇ ਮੈਨੀਫੈਸਟੋ ਵਿਚ ਕਿਸਾਨ ਨੂੰ ਵਾਇਦੇ ਦਿਤੇ ਸੀ ਕਿ ਅਗਰ ਉਨ੍ਹਾਂ ਦੀ ਸਰਕਾਰ ਆਈ ਤਾਂ ਉਹ ਕਿਸਾਨਾਂ ਦੀ ਜਿਨਸ ਦੀ ਪੈਦਾਵਾਰ ਵਿਚ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ, ਚਾਹੇ ਇਨਸੈਕਟੀਸਾਈਡਜ਼ ਹੋਵੇ, ਚਾਹੇ ਪੈਸਟੀਸਾਈਡਜ਼ ਹੋਵੇ, ਚਾਹੇ ਫਰਟੇਲਾਈਜ਼ਰ ਹੋਵੇ, ਚਾਹੇ ਟਰੈਕਟਰ ਅੱਰ ਐਗਰੀਕਲਚਰਲ ਮਸ਼ੀਨਰੀ ਹੋਵੇ ਉਨ੍ਹਾਂ ਉਤੇ ਬਾਕਾਇਦਾ ਤੌਰ ਤੇ ਉਹ ਐਕਸਾਈਜ਼ ਡਿਊਟੀ ਖਤਮ ਕਰੇਗੀ। ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਨੇ ਆਪਣੇ ਤਿੰਨ ਸਾਲਾਂ ਦੇ ਰਾਜ ਦੇ ਅਰਸੇ ਅੰਦਰ ਇਕ ਵੀ ਕਦਮ ਜੋ ਲੋਕਾਂ ਨਾਲ ਵਚਨ ਕੀਤੇ ਸੀ ਉਹ ਪੂਰੇ ਕਰਨ ਲਈ ਨਹੀਂ ਲਿਆ। ਇਹ ਮੁਜਰਮਾਨਾ ਹਰਕਤ ਸੀ ਜਿਸ ਦਾ ਪੰਜਾਬ ਦੇ ਕਿਸਾਨ ਨੂੰ ਬੜਾ ਭਾਰੀ ਧੱਕਾ ਪੁੱਕਾ। ਇਹ ਧੱਕਾ ਉਸ ਸਮੇਂ ਤੋਂ ਸ਼ੁਰੂ ਹੋਇਆ ਅਤੇ ਬਾਕਾਇਦਾ ਤੌਰ ਤੇ ਕਿਸਾਨ ਨੂੰ ਮੁਸ਼ਕਲਾਂ ਅੱਰ ਔਕੜਾਂ ਦਾ ਸਾਹਮਣਾ ਕਰਨਾ ਪਿਆ। ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਐਫ. ਸੀ. ਆਈ. ਦੀ ਖਰੀਦ ਦੀ ਗਲ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸਾਨ ਦੇ ਨਾਲ ਸੱਭ ਤੋਂ ਜ਼ਿਆਦਾ ਧੱਕਾ ਜੋ ਐਫ. ਸੀ. ਆਈ. ਦੀ ਖਰੀਦ ਵਿਚ ਗਰੇਡੇਸ਼ਨ ਸ਼ੁਰੂ ਹੋਈ, ਉਸ ਵੇਲੇ ਹੋਇਆ। ਜਦੋਂ ਉਨ੍ਹਾਂ ਨੂੰ ਹਿੰਦੁਸਤਾਨ ਦੇ ਐਗਰੀਕਲਚਰ ਦੇ ਮਨਿਸਟਰ ਦੇ ਤੌਰ ਤੇ ਅਸੀਂ ਯਾਦ ਕਰਦੇ ਹਾਂ ਉਦੋਂ ਸ਼ਾਂ ਤੋਂ ਉਹ ਸ਼ਰਮਿੰਦੇ ਹੁੰਦੇ ਹਨ ਸ਼ਾਂ ਨਾਰਾਜ਼ ਹੁੰਦੇ ਹਨ। ਉਨ੍ਹਾਂ ਨੂੰ ਵਖਤ ਦੇਣਾ ਚਾਹੀਦਾ ਹੈ ਕਿ ਉਹ ਸੈਂਟਰ ਦੇ ਐਗਰੀਕਲਚਰ ਮਨਿਸਟਰ ਰਹੇ ਹਨ। ਮੈਂ ਕਹਿੰਦਾ ਹਾਂ ਕਿ ਇਹ ਨਰਾਜ਼ ਹੋਣ ਦੀ ਗਲ ਨਹੀਂ। ਇਹ ਫੈਕਟ ਹੈ ਕਿ ਕਿਸਾਨਾਂ ਨੂੰ ਸਭ ਤੋਂ ਜ਼ਿਆਦਾ ਧਕਾ ਉਸ ਵੇਲੇ

Original with;
Punjab Vidhan Sabha
Digitized by;
Panjab Digital Library

ਲੱਗਾ। ਐਫ. ਸੀ. ਆਈ. ਦੀ ਗਰੇਡੇਸ਼ਨ ਚਾਹੇ ਮੁਆਇਸਚਰ ਦੀ ਹੈ, ਚਾਹੇ ਫਾਰਨ ਐਲੀਮੈਂਟ ਦੀ ਹੈ। ਕਿਸਾਨ ਨੂੰ ਬੜਾ ਭਾਰੀ ਨੁਕਸਾਨ ਹੋਇਆ । ਇਹ ਗਲ ਲੋਕਾਂ ਦੀ ਅਦਾਲਤ ਵਿਚ ਆਏਗੀ, ਹਿਸਟਰੀ ਵਿਚ ਆਏਗੀ ਕਿ ਉਨ੍ਹਾਂ ਨੂੰ ਇਹ ਸਜ਼ਾ ਹਿੰਦੁਸਤਾਨ ਦੇ ਐਗਰੀਕਲਚਰ ਮਨਿਸਟਰ, ਜਥੇਦਾਰ ਸੁਰਜੀਤ ਸਿੰਘ ਬਰਨਾਲਾ, ਵੱਲੋਂ ਮਿਲੀ। ਇਹ ਹੀ ਨਹੀਂ , ਬਲਕਿ ਜਦੋਂ ਬਜਟ ਆਇਆ ਸੀ ਉਸ ਮੌਕੇ ਤੇ ਬਕਾਇਦਾ ਤੌਰ ਤੇ ਉਨ੍ਹਾਂ ਨੂੰ ਪਤਾ ਹੈ ਕਿ ਹਿੰਦੁਸਤਾਨ ਦੀ ਕੇਂਦਰੀ ਸਰਕਾਰ ਨੇ ਗੁੜ ਦੇ ਲਾਇਸੈਂਸ ਵਿਚ ਢਿੱਲ ਦਿਤੀ ਸੀ। ਉਹ 7 ਦਿਨ ਲਾਇਸੈਂਸ ਰਿਹਾ ਅੱਤੇ 7 ਦਿਨਾਂ ਤੋਂ ਬਾਅਦ ਮੇਰੇ ਮੁਅੱਜ਼ਜ਼ ਦੋਸਤ, ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਉਹ ਲਾਇਸੈਂਸ ਕੈਂਸਲ ਕਰ ਦਿਤਾ। ਇਨ੍ਹਾਂ ਦੀ ਪਾਰਟੀ ਦੇ ਇੱਕ ਨੇਤਾ ਸ਼੍ਰੀ ਰਾਜ ਨਰਾਇਣ ਨੇ ਹਿੰਦੁਸਤਾਨ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਨੂੰ ਭਾਰੀ ਪ੍ਰੋਟੈਸਟ ਲਿਖਿਆ ਅਤੇ ਕਿਹਾ ਕਿ ਇਸ ਸਾਰੇ ਮਾਮਲੇ ਦੀ ਪੜਤਾਲ ਹੋਣੀ ਚਾਹੀਦੀ ਹੈ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ।

ਸ਼੍ਰੀ ਡਿਪਟੀ ਸਪੀਕਰ : ਉਨ੍ਹਾਂ ਨੂੰ ਸਪੀਚ ਖਤਮ ਕਰ ਲੈਣ ਦਿਓ। ਉਸ ਦੇ ਬਾਅਦ ਭੁਸੀਂ ਕਹਿ ਲੈਣਾ ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਡਿਪਟੀ ਸਪੀਕਰ ਸਾਹਿਬ, ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਇਹ ਗਲਤ ਗੱਲਾਂ ਕਰ ਰਹੇ ਹਨ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਸਲੇ ਨੂੰ ਲੋਕਾਂ ਵਿਚ ਲੈ ਕੇ ਜਾਣਾ ਚਾਹੁੰਦਾ ਹਾਂ। ਜੇ ਇਨ੍ਹਾਂ ਨੇ ਲਾਇਸੈਂਸ ਵਾਪਸ ਨਾ ਕੀਤਾ ਹੋਵੇ ਤਾਂ ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਮੈਂ ਇਨ੍ਹਾਂ ਦਾ ਚੈਲੰਜ ਐਕਸੈਪਟ ਕਰਦਾ ਹਾਂ।

ਸਰਦਾਰ ਜਗਦੇਵ ਸਿੰਘ ਜੱਸੋਵਾਲ :—ਡਿਪਟੀ ਸਪੀਕਰ ਸਾਹਿਬ, ਰਾਜ ਨਰਾਇਣ ਦੀ ਚਿੱਠੀ ਰਿਕਾਰਡ ਤੇ ਮੌਜੂਦ ਹੈ। ਮੈਂ ਅਖਬਾਰਾਂ ਦੀ ਬਿਨਾ ਤੇ ਗੱਲਾਂ ਨਹੀਂ ਕਹਿ ਰਿਹਾ। ਇਹ ਜ਼ਰੂਰੀ ਹੈ ਹੈ ਕਿ ਐਫ. ਸੀ. ਆਈ. ਵਾਲੇ ਕਿਸਾਨ ਦੀ ਜਿਣਸ ਦੀ ਖਰੀਦ ਕਰਨ । ਜਿਸ ਤਰ੍ਹਾਂ ਸਾਰੇ ਮੈਂਬਰਾਂ ਨੇ ਇਸ ਗਲ ਨਾਲ ਸਹਿਮਤੀ ਪ੍ਰਗਟ ਕੀਤੀ ਹੈ ਕਿ ਪਿਛਲੀ ਸਰਕਾਰ ਖਜ਼ਾਨੇ ਦਾ ਦਿਵਾਲਾ ਕਢ ਗਈ ਹੈ, ਇਸ ਲਈ ਸਰਕਾਰ ਕੋਲ ਜਿਣਸ ਖਰੀਦਣ ਲਈ ਪੈਸੇ ਨਹੀਂ। ਕਿਸਾਨ ਤਾਂ ਅੱਗੇ ਹੀ ਕਰਜ਼ੇ ਥੱਲੇ ਦਬਿਆ ਪਿਆ ਹੈ। ਉਸ ਨੇ ਹਰ ਚੀਜ਼ ਕਰਜ਼ੇ ਤੇ ਲਈ ਹੋਈ ਹੈ । ਚਾਹੇ ਉਹ ਬੀਜ ਹੈ, ਚਾਹੇ ਉਹ ਖਾਦ ਹੈ, ਉਸ ਨੇ ਤਾਂ ਹਰ ਚੀਜ਼ ਕਰਜ਼ਾ ਲੈ ਕੇ ਪਾਈ ਹੈ। ਜੇ ਐਫ. ਸੀ. ਆਈ. ਉਸ ਦੀ ਜਿਣਸ ਨਹੀਂ ਖਰੀਦੇਗੀ ਤਾਂ ਇਸ ਦਾ ਨਤੀਜਾ ਕੀ ਹੋਵੇਗਾ ? ਕਿਸਾਨ ਆਪਣੀ ਜਿਣਸ ਕੌਡੀਆਂ ਦੇ ਭਾਅ ਤੇ ਵੇਚਣ ਲਈ ਮਜਬੂਰ ਹੋ ਜਾਵੇਗਾ ਅਤੇ ਮਿਡਲ ਮੈਨ, ਜਿਹੜੇ ਇਨ੍ਹਾਂ ਦੇ ਪੁਰਾਣੇ ਸਾਥੀ ਜਨਸੰਘੀ ਹਨ, ਉਹ ਭਾਰੀ ਗਿਣਤੀ ਵਿਚ ਇਸ ਮਜਬੂਰੀ ਨੂੰ ਐਕਸਪਲਾਇਟ ਕਰਨਗੇ। ਕਿਸਾਨ ਦੀ ਹਾਲਤ ਇਸ ਤਰ੍ਹਾਂ ਦੀ ਹੋ ਜਾਵੇਗੀ ਜਿਸ ਤਰ੍ਹਾਂ ਕਿ ਇੱਕ ਜ਼ਖਮੀ ਪਸ਼ੂ ਦੀ ਹੋ ਜਾਂਦੀ ਹੈ। ਪਸ਼ੂ ਦੇ ਸ਼ਰੀਰ ਉਤੇ ਕੋਈ ਜ਼ਖਮ ਹੋ ਜਾਂਦਾ ਹੈ ਅਤੇ ਕੋਈ ਗਿਧ ਜਾਂ ਕਾਂ ਉਸ ਦੇ ਉਤੇ ਬੈਠ ਕੇ ਉਸ ਦੇ ਜ਼ਖਮ ਨੂੰ ਹੋਰ ਡੂੰਘਾ ਕਰ ਦਿੰਦੀ ਹੈ । ਇਸੇ ਤਰ੍ਹਾਂ ਹੀ ਇਹ ਜਨਸੰਘੀ ਮਿਡਲਮੈਨ ਗਿਧ ਦੀ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਜ਼ਖਮੀ ਕਿਸਾਨ ਉਤੇ ਬੈਠ ਜਾਣਗੇ ਅਤੇ ਉਸ ਦੀ ਇਕਾਨਮੀ ਨੂੰ ਪੱਕੇ ਤੌਰ ਤੇ ਸ਼ੈਟਰ ਕਰ ਦੇਣਗੇ। ਇਸ ਲਈ ਸਾਨੂੰ ਸਮੁੱਚੇ ਤੌਰ ਤੇ ਜੋ ਮੁੱਖ ਮੰਤਰੀ ਜੀ ਦੇ ਇਹ ਜਜ਼ਬਾਤ ਹਨ ਕਿ ਐਫ. ਸੀ. ਆਈ ਨੂੰ ਪੰਜਾਬ ਦੇ ਕਿਸਾਨ ਦੀ ਝੋਨੇ ਦੀ ਜਿਨਸ ਖਰੀਦਣ ਲਈ ਮਜਬੂਰ ਕੀਤਾ ਜਾਵੇ, ਇਸ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਡੀਜ਼ਲ ਦੀ ਗੱਲ ਦੇ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਇਸਦੀ ਕਿੱਲਤ ਕਿਉਂ ਹੋਈ ਮੈਂ ਕੋਈ ਕੜਵੀ ਗੱਲ ਹਾਊਸ ਵਿਚ ਕਹਿਣ ਵਿਚ ਵਿਸਵਾਸ ਨਹੀਂ ਰਖਦਾ ਇਸ ਲਈ ਇਸ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਮੇਰੀ ਬੇਨਤੀ ਹੈ ਕਿ ਡੀਜ਼ਲ ਦੀ ਡਿਸ਼ਟ੍ਰੀਬਿਊਸ਼ਨ ਦੇ ਸਿਸਟਮ ਨੂੰ ਰੈਗੂਲਰਾਈਜ਼ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਸ ਤਰਾਂ ਸ਼ਹਿਰਾਂ ਦੇ ਅੰਦਰ ਟਰਕਾਂ ਵਾਲਿਆਂ ਨੂੰ ਡੀਜ਼ਲ ਦੀ ਸਪਲਾਈ 15 ਦਿਨ ਦੇ ਬਾਅਦ ਦੇਣ ਦੀ ਬਜਾਏ 7 ਦਿਨਾਂ ਦੇ ਬਾਅਦ ਮਿਲਦੀ ਹੈ, ਇਸੇ ਤਰ੍ਹਾਂ ਪਿੰਡਾਂ ਅੰਦਰ ਵੀ ਡੀਜ਼ਲ ਵਾਲੇ ਇੰਜਣ ਅਤੇ ਟਰੈਕਟਰਾਂ ਲਈ ਕਿਸਨਾਂ ਨੂੰ ਡੀਜ਼ਲ ਦੀ ਸਪਲਾਈ 7 ਦਿਨਾਂ ਦੇ ਬਾਅਦ ਹੀ ਮਿਲਣੀ ਚਾਹੀਦੀ ਹੈ। ਤੁਸੀਂ, ਡਿਪਟੀ ਸਪੀਕਰ ਸਾਹਿਬ, ਆਪ ਪਿੰਡ ਦੇ ਰਹਿਣ ਵਾਲੇ ਹੋ ਤੁਹਾਨੂੰ ਪਤਾ ਹੈ ਕਿ 15 ਦਿਨ ਇਸ ਧੁੱਪ ਵਿਚ ਫਸਲ ਨਹੀਂ ਬੱਚ ਕੇ ਰਹਿ ਸਕਦੀ। ਇਥੇ ਹੀ ਨਹੀਂ ਬਲਕਿ ਜਿਤਨੇ ਵੀ ਪੰਜਾਬ ਦੇ ਅੰਦਰ ਡੀਜ਼ਲ ਵੇਚਣ ਵਾਲੇ ਪੰਪ ਹਨ. ਜਿਸ ਤਰ੍ਹਾਂ ਕਾਮਰੇਡ ਸਾਹਿਬ ਨੇ ਵਿਚਾਰ ਰੱਖੇ ਹਨ, ਸਾਨੂੰ ਉਨ੍ਹਾਂ ਉਤੇ ਵਿਜੀਲੈਂਸ ਕਮੇਟੀਆਂ ਬਿਠਾਉਣੀਆਂ ਚਾਹੀਦੀਆਂ ਹਨ। ਅਗਰ ਅਸੀਂ ਕਿਸਾਨਾਂ ਦੇ ਨਾਲ ਦਿਆਨਤਦਾਰ ਹਾਂ, ਪੰਜਾਬ ਦੇ ਬਹਾਦਰ ਕਿਸਾਨ ਦੇ ਵਫਾਦਾਰ ਹਾਂ ਤਾਂ ਸਾਨੂੰ ਸਾਰੇ ਹਿੰਦੁਸਤਾਨ ਦੇ ਅੰਦਰ ਪਾਰਟੀ ਪਾਲਿਟਿਕਸ ਤੋਂ ਉਤੇ ਉਠ ਕੇ, ਜਿਥੇ ਜਿਥੇ ਵੀ ਕਿਸਾਨ ਨਾਲ ਲੁੱਟ ਹੁੰਦੀ ਹੈ, ਧੱਕਾ ਹੁੰਦਾ ਹੈ, ਅਨਿਆਇ ਹੁੰਦਾ ਹੈ ਉਸਦੇ ਵੱਲ ਤਵੱਜੋ ਦੇਣੀ ਚਾਹੀਦੀ ਹੈ। ਸਾਨੂੰ ਡੀਜ਼ਲ ਵੀ ਉਨ੍ਹਾਂ ਲੋਕਾਂ ਨੂੰ ਦੇਣਾ ਚਾਹੀਦਾ ਹੈ ਜਿਹੜੇ ਖੁਦ ਕਾਸ਼ਤ ਕਰਦੇ ਹਨ ਅਤੇ ਜਿਨ੍ਹਾਂ ਦੇ ਨਾਂ ਤੇ ਗਿਰਦਾਵਰੀਆਂ ਹਨ। ਇਹ ਨਹੀਂ ਹੋਣਾ ਚਾਹੀਦਾ ਕਿ ਜ਼ਮੀਨ ਕਿਸੇ ਬਿਸਵੇਦਾਰ, ਜਗੀਰਦਾਰ ਜਾਂ ਸਰਦਾਰ ਦੀ ਹੈ ਆਪ ਤਾਂ ਜ਼ਮੀਨ ਉਹ ਵਾਹੁੰਦਾ ਨਹੀਂ, ਮੁਜ਼ਾਰੇ ਵਾਹੁੰਦੇ ਹਨ, ਲੇਕਿਨ ਡੀਜ਼ਲ ਦਾ ਪਰਮਿਟ ਉਸ ਜਗੀਰਦਾਰ ਨੂੰ ਮਿਲ ਜਾਂਦਾ ਹੈ। ਇਸ ਲਈ ਇਹ ਖਿਆਲ ਰਖਣਾ ਚਾਹੀਦਾ ਹੈ ਕਿ ਜਿਹੜੇ ਜ਼ਮੀਨ ਦੀ ਖੁਦ ਕਾਸ਼ਤ ਕਰਦੇ ਹਨ, ਡੀਜ਼ਲ ਉਨ੍ਹਾਂ ਨੂੰ ਹੀ ਮਿਲੇ। ਬਾਕੀ ਜਿਸ ਡੀਜ਼ਲ ਪੰਪ ਤੋਂ ਉਹ ਡੀਜ਼ਲ ਲੈਣਾ ਮੁਨਾਸਿਬ ਸਮਝਣ ਉਥੋਂ ਲੈਣ ਦੀ ਸੁਵਿਧਾ ਵੀ ਸਾਨੂੰ ਉਨ੍ਹਾਂ ਨੂੰ ਦੇਣੀ ਚਾਹੀਦੀ ਹੈ। ਸਾਨੂੰ ਸਮੁਚੇ ਤੌਰ ਤੇ ਹਿੰਦੁਸਤਾਨ ਦੇ ਅੰਦਰ ਇਸ ਗੱਲ ਦੀ ਪਰੰਪਰਾ ਪਾਉਣੀ ਚਾਹੀਦੀ ਹੈ ਕਿਉਂਕਿ ਪੰਜਾਬ ਹਿੰਦੁਸਤਾਨ ਦੀ ਸਵੋਰਡ-ਆਰਮ ਹੈ। ਜੇ ਪੰਜਾਬ ਕਮਜ਼ੋਰ ਹੋ ਗਿਆ ਤਾਂ ਹਿੰਦੁਸਤਾਨ ਵੀ ਕਮਜ਼ੋਰ ਹੋ ਜਾਵੇਗਾ। ਸਾਡੇ ਲੋਕ, ਡਿਪਟੀ ਸਪੀਕਰ ਸਾਹਿਬ ਦੂਸਰੇ ਮੁਲਕਾਂ ਵਿਚ ਜਾਂਦੇ ਸਨ। ਇੰਟਰਨੈਸ਼ਨਲ ਸਿਚੂਏਸ਼ਨ ਕੁਝ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਉਥੇ ਜਾਣਾ ਵੀ ਬੰਦ ਹੋ ਗਿਆ ਹੈ। ਪਹਿਲਾਂ ਦੂਸਰਿਆਂ ਸੂਬਿਆਂ ਦੇ ਅੰਦਰ ਵੀ ਸਾਡੇ ਕਿਸਾਨ ਜ਼ਮੀਨ ਖਰੀਦ ਲੈਂਦੇ ਸਨ। ਉਥੇ ਵੀ ਹੁਣ ਹਾਲਾਤ ਐਸੇ ਹੋ ਗਏ ਸਨ ਕਿ ਉਥੇ ਖਿਚੋਂ ਤਾਣ ਵੱਧ ਗਈ ਹੈ। ਅੱਜ ਹਰ ਪਿੰਡ ਵਿੱਚ ਕਿਤਨੇ ਹੀ ਛੋਟੇ ਕਿਸਾਨ ਐਸੇ ਹਨ ਜਿਹੜੇ ਹਰ ਸਾਲ ਦੋ ਚਾਰ ਪੰਜਾਲੀਆਂ ਇਕ ਕਿਲੇ ਤੇ ਟੰਗ ਦਿੰਦੇ ਹਨ। ਉਨ੍ਹਾਂ ਦੇ ਬੱਚਿਆਂ ਨੂੰ ਰੋਜ਼ੀ ਕਮਾਉਣ ਦਾ ਕੋਈ ਜ਼ਰੀਆ ਨਹੀਂ ਮਿਲਦਾ। ਇਸ ਦੇ ਨਤੀਜੇ ਦੇ ਤੌਰ ਤੇ ਹੀ ਜੋ ਅੱਜ ਸਾਡੇ ਕਿਸਾਨ ਦੀ ਆਰਥਿਕ ਦਸ਼ਾ ਬਣੀ ਹੈ ਸ਼ਾਇਦ ਇਤਿਹਾਸ ਵਿੱਚ ਵੀ

Original with;
Punjab Vidhan Sabha
Digitized by;
Panjab Digital Library

ਕਚੇ ਇਸ ਤਰ੍ਹਾਂ ਦੀ ਨਾ ਹੋਈ ਹੋਵੇ । ਡਿਪਟੀ ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਦੀਆਂ ਤਿੰਨੇ ਆਈਟਮਾਂ ਕਿਸਾਨਾਂ ਨਾਲ ਸਬੰਧ ਰੱਖਦੀਆਂ ਹਨ । ਜੇ ਕਿਸਾਨ ਸੰਤੁਸ਼ਟ ਹੈ ਤਾਂ ਹਿੰਦੁਸਤਾਨ ਸੰਤੁਸ਼ਟ ਹੈ । ਜੇ ਕਿਸਾਨ ਸੰਤੁਸ਼ਟ ਨਹੀਂ ਤਾਂ ਹਿੰਦੁਸਤਾਨ ਵੀ ਸੰਤੁਸ਼ਟ ਨਹੀਂ । ਮੈਂ ਮੰਗ ਕਰਦਾ ਹਾਂ ਕਿ ਇਸ ਹਾਊਸ ਨੂੰ ਸਮੱਚੇ ਤੌਰ ਤੇ ਚਾਹੀਦਾ ਹੈ ਕਿ ਜਿਵੇਂ ਕੇਂਦਰ ਦੀ ਸਰਕਾਰ ਉਤੇ, ਸਾਡੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੇ ਬਕਾਇਦਾ ਤੌਰ ਤੇ ਦਬਾ ਪਾਇਆ ਹੈ, ਇਸ ਵਿਚ ਅਸੀਂ ਉਨ੍ਹਾਂ ਦੇ ਹੱਥ ਮਜ਼ਬੂਤ ਕਰੀਏ । ਚਾਹੇ ਇਹ ਡੀਜ਼ਲ ਦੀ ਗੱਲ ਹੈ, ਚਾਹੇ ਫਰਟੇਲਾਈਜ਼ਰ ਦੀ ਗੱਲ ਹੈ, ਚਾਹੇ ਦੂਸਰੇ ਮਸਲੇ ਹਨ । ਇਨ੍ਹਾਂ ਦੇ ਸਬੰਧ ਵਿਚ ਸਾਨੂੰ ਉਨ੍ਹਾਂ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ। ਇਨ੍ਹਾਂ ਸ਼ਬਦਾਂ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ।

ਸਰਦਾਰ ਗੁਰਦੇਵ ਸਿੰਘ ਬਾਦਲ (ਪੰਜ ਗਰਾਈਂ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ, ਤੁਸੀਂ ਮੈਨੂੰ ਬੋਲਣ ਦੀ ਆਗਿਆ ਦਿੱਤੀ ਹੈ। ਤੁਸੀਂ ਕਈ ਵਾਰੀ ਰਸਤੇ ਵਿੱਚ ਜਾਂਦਿਆਂ ਨੇ ਵੇਖਿਆ ਹੋਣਾ ਹੈ ਕਿ ਜਿਹੜੇ ਨਵੇਂ ਟਰੱਕ ਲੰਘਦੇ ਹਨ ਉਨ੍ਹਾਂ ਦੇ ਪਿਛੇ ਲਿਖਿਆ ਹੁੰਦਾ ਹੈ ਮੋਟੇ ਅੱਖਰਾਂ ਵਿਚ 'ਹੱਟ ਪਿੱਛੇ, ਫਿਰ ਮਿਲੇਂਗੇ । ਜਿਹੜਾ ਕੁੱਝ ਪੁਰਾਣਾ, ਅੱਧੋ ਰਾਣਾ ਜਿਹਾ ਟਰੱਕ ਹੁੰਦਾ ਹੈ, ਉਸ ਦੇ ਪਿਛੇ ਲਿਖਿਆ ਹੁੰਦਾ ਹੈ 'ਮਿਲੇਗਾ ਮੁਕੱਦਰ ।' ਜਿਹੜਾ ਖੜਕਿਆ ਹੋਇਆ ਟਰੱਕ ਹੁੰਦਾ ਹੈ ਉਸ ਦੇ ਪਿਛੇ ਲਿਖਿਆ ਹੁੰਦਾ ਹੈ 'ਚੱਲ ਰਾਣੀਏ, ਤੇਰਾ ਰੱਬ ਰਾਖਾ।' ਐਤਕੀਂ ਪੰਜਾਬ ਦੇ ਲੋਕਾਂ ਨੇ ਗਲਤੀ ਨਾਲ ਤੀਜੇ ਦਰਜੇ ਵਾਲੀ ਗੱਡੀ ਵਿਚ ਆਪਣਾ ਸਾਮਾਨ ਲੱਦ ਦਿੱਤਾ ਹੈ। ਪਤਾ ਨਹੀਂ ਇਹ ਦਿੱਲੀ ਨੂੰ ਅਪੜੇਗੀ ਜਾਂ ਨਹੀਂ। ਇਨ੍ਹਾਂ ਨੇ ਖਾਦ ਵੱਲ ਵੱਲ ਕੋਈ ਧਿਆਨ ਨਹੀਂ ਦਿੱਤਾ । ਖਾਦ ਇਤਨੀ ਮਹਿੰਗੀ ਹੋ ਗਈ ਹੈ । ਇਸ ਦਾ ਹਸ਼ਰ ਕੀ ਹੋਵੇਗਾ ? ਇਸ ਦਾ ਲੋਕਾਂ ਤੇ ਕੀ ਅਸਰ ਪਵੇਗਾ ?

ਡਿਪਟੀ ਸਪੀਕਰ ਸਾਹਿਬ, ਮੈਂ ਜਦੋਂ ਆ ਰਿਹਾ ਸੀ ਤਾਂ ਮੈਨੂੰ ਇਕ ਦੋਸਤ ਪੁੱਛਣ ਲੱਗਾ ਕਿ ਤੁਸੀਂ ਕਈ ਦਿਨ ਹੋਏ ਮਿਲ ਨਹੀਂ ਸਕੇ, ਤੁਸੀਂ ਕਿਥੇ ਸੀ । ਮੈਂ ਕਿਹਾ ਕਿ ਮੈਂ ਆਪਣੇ ਹਲਕੇ ਵਿਚ ਲੋਕਾਂ ਦਾ ਧੰਨਵਾਦ ਕਰਨ ਲਈ ਗਿਆ ਸੀ ਕਿਉਂਕਿ ਲੋਕਾਂ ਨੇ ਮੈਂ ਨੂੰ 9 ਸਟੇਟਾਂ ਵਿਚੋਂ ਸਭ ਤੋਂ ਵੱਧ ਵੋਟ ਪਾ ਕੇ ਜਿੱਤ ਕੇ ਭੇਜਿਆ ਹੈ । ਇਸ ਲਈ ਮੈਂ ਆਪਣੇ ਹਲਕੇ ਦੇ ਸਾਰੇ ਲੋਕਾਂ ਦੇ ਘਰ ਘਰ ਜਾ ਕੇ ਧੰਨਵਾਦ ਕਰਨ ਲਈ ਗਿਆ ਸੀ । ਉਹ ਕਹਿਣ ਲੱਗਾ ਕਿ ਕਿ ਸਾਡੇ ਹਲਕੇ ਵਿਚੋਂ ਤਾਂ ਇੱਕ ਕਾਂਗਰਸੀ ਸੱਜਣ ਜਿੱਤਿਆ ਹੈ। ਪਰ ਉਸ ਨੇ ਤਾਂ ਸਾਡਾ ਧੰਨਵਾਦ ਕੋਈ ਨਹੀਂ ਕੀਤਾ । ਮੈਂ ਉਸ ਨੂੰ ਕਿਹਾ ਕਿ ਧੰਨਵਾਦ ਤਾਂ ਉਸ ਨੇ ਸਾਰੇ ਪੰਜਾਬ ਦਾ ਕਰ ਦਿੱਤਾ ਹੈ। ਤੁਹਾਨੂੰ ਕੀ ਇਸ ਦਾ ਪਤਾ ਨਹੀਂ । ਉਸ ਨੇ ਫਿਰ ਕਿਹਾ ਕਿ ਤੁਸੀਂ ਤਾਂ ਆਪਣੀਆਂ ਗੱਡੀਆਂ ਵਿਚ ਲਾਊਡ ਸਪੀਕਰ ਲਾ ਕੇ, ਢਾਡੀ ਜਥਿਆਂ ਨੂੰ ਨਾਲ ਲੈ ਕੇ ਧੰਨਵਾਦ ਕਰਨ ਗਏ ਹੋ, ਪਰ ਉਨ੍ਹਾਂ ਨੇ ਤਾਂ ਕੋਈ ਇਸ ਤਰ੍ਹਾਂ ਸਾਡਾ ਧੰਨਵਾਦ ਨਹੀਂ ਕੀਤਾ । ਮੈਂ ਉਸ ਨੂੰ ਦੱਸਿਆ ਕਿ ਉਨ੍ਹਾਂ ਨੇ ਰੇਡਿਓ ਅਤੇ ਟੈਲੀਵੀਜ਼ਨ ਰਾਹੀਂ ਤੁਹਾਡਾ ਧੰਨਵਾਦ ਕੀਤਾ ਹੈ। ਕੀ ਧੰਨਵਾਦ ਕੀਤਾ ਹੈ, ਮੈਂ ਉਸ ਨੂੰ ਜਦੋਂ ਇਹ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਮੈ ਨੂੰ ਤਾਂ ਇਸ ਦਾ ਪਤਾ ਨਹੀਂ, ਤੁਸੀਂ ਦੱਸ ਦਿਓ ਕਿ ਕਿਸ ਤਰ੍ਹਾਂ ਧੰਨਵਾਦ ਕੀਤਾ ਹੈ । ਮੈਂ ਉਸ ਨੂੰ ਕਿਹਾ ਕਿ ਭਰਾਓ ਉਸ ਨੇ ਤੁਹਾਡੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਹੈ ਕਿ ਤੁਸੀਂ ਸਾਨੂੰ ਵੋਟਾਂ ਪਾ ਕੇ ਜਿੱਤਾ ਦਿਤਾ, ਅਸੀਂ ਸਰਕਾਰ ਬਣਾ ਲਈ ਤੇ 65 ਪੈਸੇ ਇਕ ਲਿਟਰ ਮਗਰ ਡੀਜ਼ਲ ਦੇ ਅਸੀਂ ਵਧਾ ਦਿੱਤੇ ਤੁਹਾਡਾ ਬਹੁਤ ਬਹੁਤ ਧੰਨਵਾਦ । ਇਹ ਤੋਹਫਾ ਉਨ੍ਹਾਂ ਨੇ ਦਿੱਤਾ ਹੈ । ਮੈਂ ਉਸ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਦਸਿਆ ਕਿ ਉਨ੍ਹਾਂ ਨੇ ਅਗੇ ਜਾ ਕੇ ਫੇਰ ਤੁਹਾਡਾ ਧੰਨਵਾਦ ਕਰ ਦਿੱਤਾ ਅਤੇ ਕਹਿਣ ਲਗੇ ਕਿ ਤੁਸੀਂ ਭਰਾਓ ਸਾਨੂੰ ਵੋਟਾਂ ਪਾ ਕੇ ਜਿਤਾ ਦਿੱਤਾ ਅਤੇ ਇਥੇ ਭੇਜ ਦਿਤਾ ਅਤੇ ਅਸੀਂ ਡੀ. ਏ. ਪੀ. ਖਾਦ ਜਿਹੜੀ ਅੱਗੇ 220 ਰੁਪਏ ਸੀ ਹੁਣ 305 ਰੁਪਏ ਤਕ ਕਰ ਦਿੱਤੀ ਤੇ ਕਹਿ ਦਿੱਤਾ ਕਿ ਤੁਹਾਡਾ ਬਹੁਤ ਧੰਨਵਾਦ। ਮੈਂ ਕਿਹਾ ਕਿ ਧੰਨਵਾਦ ਤਾਂ ਕੀਤਾ ਹੈ ਪਰ ਤੁਸੀਂ ਸੁਣਿਆ ਨਹੀਂ ਹੈ। ਐਨ. ਪੀ. ਏ. ਖਾਦ ਜੋ 201 ਰੁਪਏ ਸੀ ਉਸ ਦਾ ਰੇਟ ਵਧਾ ਕੇ 275 ਰੁਪਏ ਕਰ ਦਿੱਤਾ ਗਿਆ ਹੈ। ਯੂਰੀਆ ਖਾਦ 145 ਰੁਪਏ ਸੀ ਹੁਣ 200 ਰੁਪਏ ਉਸ ਦਾ ਰੇਟ ਹੋ ਗਿਆ ਹੈ। ਕਿਸਾਨ ਖਾਦ ਦਾ ਰੇਟ 103 ਰੁਪਏ 50 ਪੈਸੇ ਸੀ ਹੁਣ ਉਸ ਦਾ ਰੇਟ 160 ਰੁਪਏ ਕਰ ਦਿਤਾ ਹੈ। ਸੁਪਰ ਫਾਸ ਫੇਟ ਦਾ ਰੇਟ ਜਦੋਂ ਕਿ ਬਰਨਾਲਾ ਸਾਹਿਬ ਸੈਂਟਰ ਵਿਚ ਐਗਰੀਕਲਚਰਲ ਮਨਿਸਟਰ ਸਨ, ਤਾਂ 68 ਰੁਪਏ ਕੁਇੰਟਲ ਸੀ ਹੁਣ 85 ਰੁਪਏ ਕੁਇੰਟਲ ਕੀਤਾ ਗਿਆ ਹੈ। ਜਿਹੜੀ ਗੋਲੀਆਂ ਵਾਲੀ ਸੁਪਰਫਾਸਫੇਟ ਖਾਦ ਹੈ ਜਦੋਂ ਉਪਰ ਬਰਨਾਲਾ ਸਾਹਿਬ ਬੈਠੇ ਸਨ ਤਾਂ 72 ਰੁਪਏ ਸੀ ਹੁਣ 96 ਰੁਪਏ ਉਸ ਦਾ ਰੇਟ ਕੀਤਾ ਗਿਆ ਹੈ। ਪੁਟਾਸ਼ ਖਾਦ ਜਦੋਂ ਬਰਨਾਲਾ ਸਾਹਿਬ ਉਪਰ ਬੈਠੇ ਸਨ ਤਾਂ ਉਸ ਖਾਦ ਦਾ ਰੇਟ 80 ਰੁਪਏ ਸੀ ਹੁਣ ਉਸ ਦਾ ਰੇਟ 110 ਰੁਪਏ ਕੀਤਾ ਗਿਆ ਹੈ। ਹੁਣ ਤੁਸੀਂ, ਡਿਪਟੀ ਸਪੀਕਰ ਸਾਹਿਬ, ਆਪ ਅੰਦਾਜ਼ਾ ਲਾਓ ਕਿ ਸਾਡੀ ਜਿਹੜੀ ਸਟੇਟ ਹੈ ਇਹ ਲੋਕ ਇਸ ਨੂੰ ਕਿਸ ਪਾਸੇ ਵੱਲ ਲੈ ਜਾ ਰਹੇ ਹਨ। ਸਾਡਾ ਸੂਬਾ ਖੇਤੀ ਪ੍ਰਧਾਨ ਹੈ। ਮੈਂ ਤੁਹਾਨੂੰ ਦੱਸਣਾਂ ਚਾਹੁੰਦਾ ਹਾਂ ਕਿ ਕਿ ਜਦੋਂ ਕਾਂਗਰਸ ਦਾ ਰਾਜ ਸੀ ਤਾਂ ਪਹਿਲਾਂ ਸ਼੍ਰੀ ਨਹਿਰੂ ਜੀ ਨੇ ਇਕ ਨਾਹਰਾ ਦੇਸ਼ ਨੂੰ ਦਿੱਤਾ ਸੀ। ਸ਼੍ਰੀ ਨਹਿਰੂ ਜੀ ਨੇ ਕਿਹਾ ਸੀ ਕਿ ਪੈਦਾਵਾਰ ਵਧਾਓ ਤੇ ਦਰੱਖਤ ਲਗਾਓ। ਫਿਰ ਸ਼ਾਸਤਰੀ ਜੀ ਨੇ ਕਿਹਾ ਕਿ ਇਕ ਦਿਨ ਦੀ ਭੁਖ ਰੱਖੋ ਇਕ ਦਿਨ ਵਰਤ ਰਖੋ। ਉਸ ਤੋਂ ਬਾਅਦ ਸ਼੍ਰੀਮਤੀ ਇੰਦਰਾ ਗਾਂਧੀ ਨੇ ਕਿਹਾ 'ਗਰੀਬੀ ਹਟਾਓ ਤੇ ਦਰਖਤ ਵਧਾਓ' ਤੇ ਸੰਜੇ ਗਾਂਧੀ ਨੇ ਕਿਹਾ ਕਿ ਪੈਦਾਵਾਰ ਘੱਟ ਕਰੋ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਕਣਕ ਦੀ ਪੈਦਾਵਾਰ ਘੱਟ ਕਰਨ ਲਈ ਨਹੀਂ ਕਿਹਾ ਸਗੋਂ ਕਿਹਾ ਕਿ ਗਰੀਬਾਂ ਦੇ ਉਪ੍ਰੇਸ਼ਨ ਵੱਧ ਕਰ ਕੇ ਆਬਾਦੀ ਘੱਟ ਕਰੋ। ਇਨ੍ਹਾਂ ਗੱਲਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਇਕ ਦਿਨ ਦਾ ਵਰਤ ਰੱਖਣ ਲਈ ਸਾਡੇ ਦੇਸ਼ ਦੇ ਵੱਡੇ ਵੱਡੇ ਲੀਡਰਾਂ ਨੂੰ ਦੇਸ਼ ਦੇ ਲੋਕਾਂ ਨੂੰ ਅਪੀਲ ਕਰਨੀ ਪਈ ਤਾਂ ਕਿ ਇਥੋਂ ਦੇ ਸਾਰੇ ਲੋਕ ਢਿੱਡ ਭਰ ਕੇ ਰੋਟੀ ਖਾ ਸਕਣ। ਇਤਨੀ ਭੁੱਖ ਸਾਡੇ ਦੇਸ਼ ਵਿਚ ਵਰਤ ਗਈ ਸੀ ਕਿ ਇਥੋਂ ਦੇ ਪ੍ਰਧਾਨ ਮੰਤਰੀ ਨੂੰ ਇਸ ਤਰ੍ਹਾਂ ਵਰਤ ਰੱਖਣ ਲਈ ਅਪੀਲ ਕਰਨੀ ਪਈ। ਨਹੀਂ ਤਾਂ ਕੋਈ ਲੋੜ ਨਹੀਂ ਸੀ ਇਨ੍ਹਾਂ ਅਪੀਲਾਂ ਦੀ। (ਵਿਘਨ) ਸਰਕਾਰੀ ਬੈਂਚਾਂ ਵੱਲੋਂ ਆਵਾਜ਼ਾਂ : ਮੁਰਾਰ ਜੀ ਨੇ ਕੀ ਕਿਹਾ ਸੀ, ਉਹ ਵੀ ਦੱਸ ਦਿਓ ?) ਇਹ ਅਪੀਲਾਂ ਇਸ ਕਰਕੇ ਕੀਤੀਆਂ ਜਾਂਦੀਆਂ ਸਨ ਕਿਉਂਕਿ ਉਨ੍ਹਾਂ ਦੇ ਦੇਸ਼ ਦੇ ਲੀਡਰਾਂ ਨੂੰ ਝੋਲੀ ਅੱਡਣੀ ਪੈਂਦੀ ਸੀ, ਝੋਲੀ ਅੱਡ ਕੇ ਅਮਰੀਕਾ ਤੋਂ ਕਣਕ ਮੰਗਣੀ ਪੈਂਦੀ ਸੀ। ਉਨ੍ਹਾਂ ਨੂੰ ਪਤਾ ਸੀ ਕਿ ਸਾਨੂੰ ਕਨੇਡਾ ਅੱਗੇ, ਅਰਜਨ ਟਾਈਨਾਂ ਅਗੇ ਝੋਲੀ ਅੱਡਣੀ ਪੈਂਦੀ ਹੈ। ਉਨ੍ਹਾਂ ਨੂੰ ਪਤਾ ਸੀ ਕਿ ਸਾਨੂੰ ਅਨਾਜ ਵਾਸਤੇ ਆਸਟ੍ਰੇਲੀਆ ਅਗੇ ਝੋਲੀ ਅੱਡ ਕੇ ਭੀਖ ਮੰਗਣੀ ਪੈਂਦੀ ਹੈ। ਇਸ ਕਰ ਕੇ ਹੀ ਉਹ ਅਪੀਲਾਂ ਕਰਦੇ ਸਨ। ਸੰਨ 1975 ਵਿਚ ਇਸ ਗਲ ਦਾ ਨਤੀਜਾ ਹੀ ਸੀ ਕਿ ਇਕ ਕਰੋੜ ਟਨ ਕਰਜ਼ੇ ਦੇ ਰੂਪ ਵਿਚ ਬਾਹਰੋਂ ਅਨਾਜ ਆਇਆ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਲਗਦਾ ਹੈ ਕਿ ਜਿਹੜੇ ਇਹ ਰੇਟ ਖਾਦ ਦੇ ਇਤਨੇ ਵਧਾਏ ਗਏ ਹਨ ਇਸ ਦਾ ਬਹੁਤ ਹੀ ਭੈੜਾ ਅਸਰ ਦੇਸ਼ ਤੇ ਪਵੇਗਾ। ਇਹ ਡਰ ਹੈ ਕਿ ਕਿਸਾਨ ਨੇ ਇਤਨੀ ਮਹਿੰਗੀ ਖਾਦ ਲੈ ਕੇ ਪਾਉਣੀ ਹੀ ਨਹੀਂ ਹੈ ਅੱਜ ਦੇਸ਼ ਦੀ ਪੈਦਾਵਾਰ ਬਹੁਤ ਘੱਟ ਜਾਣੀ ਹੈ। ਇਨ੍ਹਾਂ ਨੇ ਇਹ ਕੀਮਤਾਂ ਵੀ ਇਸ ਕਰ ਕੇ ਹੀ ਵਧਾਈਆਂ ਹਨ ਕਿ ਹਿੰਦੁਸਤਾਨ ਦੇ ਲੀਡਰਾਂ ਨੂੰ ਜੋ ਝੋਲੀ ਅੱਡਣ ਤੇ ਭੀਖ ਮੰਗਣ ਦੀ ਰਵਾਇਤ ਪਈ ਹੋਈ ਹੈ ਉਸ ਨੂੰ ਕਿਉਂ ਰੋਕਿਆ ਜਾਵੇ। ਇਹ ਇਸ ਗੱਲ ਤੋਂ ਹੈਰਾਨ ਹਨ ਕਿ ਇਸ ਭੈੜੀ ਭੀਖ ਮੰਗਣ ਦੀ ਰਵਾਇਤ

Original with;
Punjab Vidhan Sabha
Digitized by;
Panjab Digital Library

ਨੂੰ ਕਿਉਂ ਰੋਕ ਦਿੱਤਾ ਗਿਆ ਹੈ । (ਵਿਘਨ) (ਹਾਸਾ) ਇਸ ਲਈ ਖਾਦ ਦੇ ਰੇਟ ਵਧਾ ਦਿੱਤੇ ਗਏ ਹਨ ਤਾਕਿ ਜ਼ਿਮੀਂਦਾਰ ਜਿਹੜਾ ਦੋ ਕੁਇੰਟਲ ਇਕ ਏਕੜ ਵਿਚ ਖਾਦ ਥੱਲੇ ਧਰਤੀ ਵਿਚ ਪੋਰ ਦਿੰਦਾ ਸੀ ਔਰ ਇਕ ਕੁਇੰਟਲ ਉਪਰ ਫਸਲ ਨੂੰ ਪਾ ਦਿੰਦਾ ਸੀ ਉਹ ਨਾ ਪਾ ਸਕੇ ਔਰ ਦੇਸ਼ ਵਿਚ ਅਨਾਜ ਦੀ ਪੈਦਾਵਾਰ ਨਾ ਵੱਧ ਸਕੇ । ਸਰਦਾਰ ਪ੍ਰਿਥੀਪਾਲ ਸਿੰਘ ਹੋਰੀਂ ਔਰ ਸਰਦਾਰ ਜੱਸੋਵਾਲ ਹੋਰੀਂ ਤਾਂ ਸ਼ਹਿਰਾਂ ਵਿਚ ਰਹਿਣ ਵਾਲੇ ਹਨ, ਇਨ੍ਹਾਂ ਨੂੰ ਕੀ ਪਤਾ ਹੈ। ਤੁਸੀਂ, ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਰਹਿੰਦੇ ਹੋ ਤੁਹਾਨੂੰ ਪਤਾ ਹੈ ਕਿ ਇਕ ਕਿਲੇ ਵਿਚ ਕਿਤਨੀ ਖਾਦ ਪੈਂਦੀ ਹੈ। ਇਨ੍ਹਾਂ ਨੂੰ ਇਸ ਗੱਲ ਦਾ ਕੀ ਪਤਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਉਹ ਵੀਰ ਹੀ ਕਾਰ-ਵਾਈ ਵਿਚ ਵਿਘਨ ਪਾਉਂਦੇ ਹਨ ਜਿਨ੍ਹਾਂ ਨੂੰ ਖਾਦ ਦਾ ਪਤਾ ਹੀ ਨਹੀਂ ਹੈ ਕਿ ਕਿਹੜੀ ਖਾਦ ਕਿਸ ਸਮੇਂ ਔਰ ਕਿਸ ਫਸਲ ਨੂੰ ਪਾਉਣੀ ਪੈਂਦੀ ਹੈ । ਇਹ ਤਾਂ ਕਹਿੰਦੇ ਹਨ ਕਿ ਠੀਕ ਹੈ ਖਾਦ ਦੇ ਰੇਟ ਵਧੇ ਹਨ, ਇਸ ਨਾਲ ਹੋਰ ਲੁੱਟ ਮਾਰ ਵਧੇਗੀ । ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਡੀਜ਼ਲ ਦੀ ਕੀਮਤ ਬਹੁਤ ਉਪਰ ਚੜ੍ਹ ਗਈ ਹੈ। ਡੀਜ਼ਲ ਬਾਰੇ ਇਨ੍ਹਾਂ ਨੇ ਪਹਿਲਾਂ ਨਹੀਂ ਦੱਸਿਆ ਕਿ ਅਸੀਂ ਕੀਮਤ ਵਧਾਉਣੀ ਹੈ। ਪਹਿਲਾਂ ਕਿਹਾ ਕਿ ਕੀਮਤ ਨਹੀਂ ਵਧਾਵਾਂਗੇ ਲੇਕਿਨ ਉਸ ਤੋਂ ਇਹ ਮੁੱਕਰ ਗਏ। ਇਹ ਗੱਲ ਠੀਕ ਹੀ ਕਹੀ ਗਈ ਹੈ ਕਿ ਜੇਕਰ ਜ਼ਿਮੀਂਦਾਰ ਕਮਜ਼ੋਰ ਹੋ ਜਾਂਦਾ ਹੈ ਤਾਂ ਹਰੀਜਨ ਕਮਜ਼ੋਰ ਹੋ ਜਾਂਦਾ ਹੈ, ਜੇ ਜੱਟ ਕਮਜ਼ੋਰ ਹੋ ਜਾਂਦਾ ਹੈ ਤਾਂ ਦੁਕਾਨਦਾਰ ਕਮਜ਼ੋਰ ਹੋ ਜਾਂਦਾ ਹੈ, ਜੇਕਰ ਜੱਟ ਕਮਜ਼ੋਰ ਹੋ ਜਾਂਦਾ ਹੈ ਤਾਂ ਆੜ੍ਹਤੀ ਕਮਜ਼ੋਰ ਹੋ ਜਾਂਦਾ ਹੈ ਔਰ ਜੇਕਰ ਜੱਟ ਕਮਜ਼ੋਰ ਹੋ ਜਾਂਦਾ ਹੈ ਤਾਂ ਸਟੇਟ ਵੀ ਕਮਜ਼ੋਰ ਹੋ ਜਾਂਦੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਤਾਂ ਐਵੇਂ ਹੀ ਰੌਲਾ ਪਾ ਦਿੰਦੇ ਹਨ। ਪਰ ਹਾਲਾਤ ਵੇਖ ਲਵੋ ਕਿਧਰ ਨੂੰ ਜਾ ਰਹੇ ਹਨ । ਅੱਜ ਖੰਡ ਜਿਹੜੀ ਕਿ ਸਾਡੇ ਵੇਲੇ ਢਾਈ ਰੁਪਏ ਦੀ ਕਿਲੋ ਵਿਕਦੀ ਸੀ ਉਹ ਹੁਣ ਇਹ ਅੱਠ ਰੁਪਏ ਕਿੱਲੋ ਵੇਚ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਪਿਛੇ ਜਿਹੇ ਮੈਂ ਪਿੰਡ ਗਿਆ। ਮੇਰਾ ਛੋਟਾ ਭਤੀਜਾ ਕਹਿਣ ਲਗਾ 'ਚਾਚਾ ਜੀ ਹੁਣ ਤਾਂ ਮੈਂ ਬਹੁਤ ਜਵਾਨ ਹੋ ਗਿਆ ਹਾਂ ।' ਹੈ ਉਹ ਛੋਟਾ ਜਿਹਾ। ਮੈਂ ਕਿਹਾ 'ਹਾਂ, ਪੁੱਤਰ ਤੂੰ ਬਹੁਤ ਜਵਾਨ ਹੋ ਗਿਆ ਹੈ। ਉਹ ਫਿਰ ਕਹਿਣ ਲੱਗਾ, 'ਚਾਚਾ ਜੀ ਮੈਂ ਬਹੁਤ ਤਕੜਾ ਹੋ ਗਿਆ ਹਾਂ ।' ਮੈਂ ਫਿਰ ਕਿਹਾ 'ਹਾਂ, ਤੂੰ ਬਹੁਤ ਤਕੜਾ ਹੋ ਗਿਆ ਹੈਂ। ਉਹ ਫਿਰ ਕਹਿਣ ਲੱਗਾ, 'ਹੁਣ ਤਾਂ ਮੈਂ ਤੁਹਾਡੇ ਜੇਡਾ ਹੋ ਗਿਆ ਹਾਂ।' ਮੈਂ ਕਿਹਾ, ਉਹ ਕਿਸ ਤਰ੍ਹਾਂ ਤਾਂ ਉਹ ਕਹਿਣ ਲੱਗਾ, 'ਹੁਣ ਤਾਂ ਮੈਂ ਇਕ ਰੁਪਏ ਦੀ ਖੰਡ ਇਕ ਵਾਰੀ ਮੂੰਹ ਵਿਚ ਪਾ ਲੈਂਦਾ ਹਾਂ, ਇਸ ਲਈ ਮੈਂ ਵੀ ਹੁਣ ਵੱਡਾ ਹੋ ਗਿਆ ਹਾਂ ।'' (ਹਾਸਾ ਬਹੁਤ ਹਾਸਾ) ਮੈਂ ਕਿਹਾ ਪੁੱਤਰ ਤੂੰ ਹੁਣ ਹੀ ਪਾ ਲੈਂਦਾ ਹੈਂ ਜੇ ਤੂੰ ਬਰਨਾਲਾ ਸਾਹਿਬ ਦੇ ਵੇਲੇ ਇਕ ਰੁਪਏ ਦੀ ਖੰਡ ਇਕ ਵਾਰੀ ਮੂੰਹ ਵਿਚ ਪਾ ਕੇ ਵਖਾਉਂਦਾ ਤਾਂ ਤੈਨੂੰ ਮੰਨਦੇ ਕਿ ਤੂੰ ਵਾਕਿਆ ਹੀ ਸਾਡੇ ਜੇਡਾ ਹੋ ਗਿਆ ਹੈਂ (ਹਾਸਾ) ਉਸ ਵੇਲੇ ਇਕ ਰੁਪਏ ਦੀ ਅੱਧਾ ਕਿਲੋ ਖੰਡ ਆਉਂਦੀ ਸੀ। ਮੈਂ ਕਹਿੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਨੇ ਚੰਗਾ ਕਦਮ ਚੁੱਕਿਆ ਹੈ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜਿਹੜੇ ਇਨ੍ਹਾਂ ਦੇ ਨਾਲ ਵਾਲੀਆਂ ਬੈਂਚਾਂ ਤੇ ਬੈਠੇ ਹਨ ਉਨ੍ਹਾਂ ਦੇ ਘਰ ਹੀ ਫਰੋਲ ਲਵੋ, ਸਾਰੀ ਖੰਡ ਉਨ੍ਹਾਂ ਨੇ ਹੀ ਸਟਾਕ ਕੀਤੀ ਹੋਈ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਮੇਰੀ ਵਾਰੀ ਵਿਘਨ ਪਾਉਂਦੇ ਹਨ ਮੈਂ ਚੁੱਪ ਵੀ ਕਰਾਉਣਾ ਜਾਣਦਾ ਹਾਂ। ਇਹ ਥੱਸਾਂ ਵਿਚ ਗੋਲੀਆਂ ਵੇਚਣ ਵਾਲੀ ਗੱਲ ਕਰਦੇ ਹਨ । (ਵਿਘਨ)

Mr. Deputy Speaker : Please wind up.

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਖਾਦ ਦੀ ਗੱਲ ਕਰਨ ਲੱਗਾ ਸੀ ਕਿ ਅੱਜ ਜੋ ਭਾਅ ਖਾਦ ਦਾ ਹੈ ਜੇਕਰ ਉਸ ਦਾ ਹਿਸਾਬ ਕਿਤਾਬ ਲਗਾਈਏ ਤਾਂ ਪਤਾ ਲਗਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਹੈ ਕਿ ਪੰਜਾਬ ਦੇ ਕਿਸਾਨ ਨੂੰ, ਪੰਜਾਬ ਦੇ ਜ਼ਿਮੀਂਦਾਰ ਨੂੰ, ਇਕ ਕਿਲੋ ਮਗਰ 300 ਰੁਪਏ ਵੱਧ ਭਰਨੇ ਪੈ ਰਹੇ ਹਨ। ਇਹ ਉਸ ਉਤੇ ਤਿੰਨ ਸੌ ਰੁਪਏ ਦਾ ਇਕ ਕਿਲੋ ਮਗਰ ਵੱਧ ਬੋਝ ਪਵੇਗਾ। ਪਿਛਲੇ ਸਾਲ ਦੇ, ਡਿਪਟੀ ਸਪੀਕਰ ਸਾਹਿਬ, ਸਰਕਾਰੀ ਅੰਕੜੇ ਵੇਖ ਲਓ ਉਨ੍ਹਾਂ ਦੇ ਮੁਤਾਬਿਕ ਅੱਜ ਹਿਸਾਬ ਲਗਾ ਲਵੋ ਕਿ ਕਿੰਨੀ ਖਾਦ ਪੰਜਾਬ ਦੇ ਕਿਸਾਨ ਦੇ ਖੇਤਾਂ ਵਿਚ ਪਈ ਹੈ। ਅੱਜ ਪੰਜਾਬ ਦੇ ਕਿਸਾਨ ਉਤੇ 100 ਕਰੋੜ ਰੁਪਏ ਦਾ ਬੋਝ ਇਨ੍ਹਾਂ ਨੇ ਪਾ ਦਿੱਤਾ ਹੈ।

12.30 ਬਾਅਦ ਦੁਪਹਿਰ | (ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਪਿਛਲੇ ਸਾਲ ਡੀਜ਼ਲ 69 ਲੱਖ ਕਿਲੋ ਲਿਟਰ ਖਰਚ ਹੋਇਆ ਹੈ। ਮੈਂ ਇਹ ਦੱਸ ਰਿਹਾ ਹਾਂ ਕਿ ਇਹ ਪਿਛਲੇ ਸਾਲਾਂ ਨਾਲੋਂ ਵੱਧ ਖਰਚ ਹੋਇਆ ਹੈ। ਜੇ ਇਸ ਦੇ ਅੱਜ ਦੀ ਲਾਗਤ ਦੇ ਹਿਸਾਬ ਨਾਲ ਅੰਕੜੇ ਕੱਢੀਏ ਤਾਂ ਫਿਰ 56 ਕਰੋੜ ਰੁਪਏ ਦਾ ਪੰਜਾਬ ਦੇ ਕਿਸਾਨ ਤੇ ਬੋਝ ਪੈਂਦਾ ਹੈ। ਇਸ ਕਰਕੇ ਸਪੀਕਰ ਸਾਹਿਬ, ਸਾਡੀ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜੇ ਇਸੇ ਤਰ੍ਹਾਂ ਖਾਦ ਵੀ ਮਹਿੰਗੀ, ਡੀਜ਼ਲ ਵੀ ਮਹਿੰਗਾ ਹੁੰਦਾ ਗਿਆ ਤਾਂ ਕਿਸਾਨ ਅੱਜ ਝੋਨਾ ਕਿਸ ਤਰ੍ਹਾਂ ਲਾਉਣਗੇ। ਜਿਸ ਹਾਲਤ ਵਿਚ ਅੱਜ ਕਿਸਾਨ ਗੁਜ਼ਰ ਰਿਹਾ ਹੈ ਮੇਰਾ ਖਿਆਲ ਹੈ ਕਿ ਪਿਛਲੇ ਸਾਲ ਨਾਲੋਂ ਅੱਤਕੀਂ ਅੱਧਾ ਝੋਨਾ ਹੋਵੇਗਾ। ਉਨ੍ਹਾਂ ਦੀਆਂ ਪਨੀਰੀਆਂ ਪਾਣੀ ਨਾ ਲੱਗਣ ਕਰਕੇ ਸੁੱਕ ਗਈਆਂ ਹਨ। ਡੀਜ਼ਲ ਉਨ੍ਹਾਂ ਨੂੰ ਮਿਲ ਨਹੀਂ ਰਿਹਾ ਤਾਂਕਿ ਉਹ ਪਾਣੀ ਲਾ ਸਕਣ। ਇਸ ਲਈ ਉਹ ਐਨੇ ਤੰਗ ਹਨ ਕਿ ਝੋਨਾ ਨਹੀਂ ਲਾ ਸਕਦੇ। ਇਸ ਕਰਕੇ ਝੋਨਾ ਅੱਗੇ ਨਾਲੋਂ ਅਧਾ ਹੋਵੇਗਾ। ਸਪੀਕਰ ਸਾਹਿਬ ਇਕ ਕਿੱਲਾ ਝੋਨਾ ਲਾਉਣ ਤੇ 2 ਢੋਲ ਡੀਜ਼ਲ ਦੇ ਖਰਚ ਆਉਂਦੇ ਹਨ। ਹੁਣ ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਕਿਸਾਨ ਦਾ ਉਸ ਝੋਨੇ ਦੇ ਲਾਉਣ ਤੇ ਕਿੰਨਾਂ ਖਰਚ ਆਵੇਗਾ। ਇਸ ਕਰਕੇ, ਸਪੀਕਰ ਸਾਹਿਬ, ਜੇ ਸਰਕਾਰ ਨੇ ਧਿਆਨ ਨਾ ਦਿੱਤਾ ਤਾਂ ਇਸ ਸਾਲ ਅੱਗੇ ਨਾਲੋਂ ਅੱਧਾ ਝੋਨਾ ਹੋਵੇਗਾ।

ਸਪੀਕਰ ਸਾਹਿਬ, ਜਦੋਂ ਦੀਆਂ ਇਲੈਕਸ਼ਨਾਂ ਹੋਈਆਂ ਹਨ ਉਸ ਤੋਂ ਬਾਅਦ ਭਾਅ ਕਾਫੀ ਵੱਧ ਗਏ ਹਨ। ਇਸ ਕਰਕੇ ਸਾਡੇ ਇਹ ਭਰਾ ਪਿੰਡਾਂ ਵਿਚ ਲੋਕਾਂ ਦਾ ਜਿਨ੍ਹਾਂ ਨੇ ਇਨ੍ਹਾਂ ਨੂੰ ਵੋਟਾਂ ਪਾਈਆਂ ਸਨ ਧੰਨਵਾਦ ਕਰਨ ਨਹੀਂ ਜਾ ਸਕੇ। ਮੈਂ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਜਿਥੋਂ ਇਹ ਜਿੱਤ ਕੇ ਆਏ ਹਨ, ਉਨ੍ਹਾਂ ਦਾ ਧੰਨਵਾਦ ਤਾਂ ਕਰ ਕੇ ਆਉਣ (ਵਿਘਨ) ਸਪੀਕਰ ਸਾਹਿਬ, ਇਹ ਵਧੀਆ ਗਲ ਨੂੰ ਮਾੜੀ ਸਮਝਦੇ ਹਨ। ਇਹ ਸਮਝਦੇ ਹਨ ਕਿ ਧੰਨਵਾਦ ਕਰਨ ਦੀ ਲੋੜ ਹੀ ਨਹੀਂ। ਜੇ ਇਹ ਅੱਜ ਉਨ੍ਹਾਂ ਦਾ ਧੰਨਵਾਦ ਕਰਨ ਜਾਣ ਤਾਂ ਵੇਖੋ ਇਨ੍ਹਾਂ ਦਾ ਉਹ ਕਿਵੇਂ ਸਵਾਗਤ ਕਰਦੇ ਹਨ। ਸਪੀਕਰ ਸਾਹਿਬ, ਅੱਜ ਡੀਜ਼ਲ ਨਹੀਂ ਮਿਲ ਰਿਹਾ। ਪਰ ਬਲੈਕ ਵਿੱਚ ਇਕ ਢੋਲ 900 ਰੁਪਏ ਦਾ ਜਿਥੋਂ ਮਰਜ਼ੀ ਲੈ ਲਵੋ, 800 ਰੁਪਏ ਦਾ ਮਿੱਟੀ ਦੇ ਤੇਲ ਦਾ ਢੋਲ ਜਿੰਨਾ ਮਰਜ਼ੀ ਲੈ ਲਵੋ। ਉਹ ਪਤਾ ਨਹੀਂ ਕਿਥੋਂ ਆ ਜਾਂਦਾ ਹੈ। (ਵਿਘਨ) ਹੁਣ ਤੁਹਾਨੂੰ ਦੁੱਖ ਕਿਉਂ ਲਗਦਾ ਹੈ ਜਦੋਂ ਅਸੀਂ ਕਿਸਾਨ ਦੀ ਗਲ ਕਰਦੇ ਹਾਂ (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਨੂੰ ਪਿੰਡਾਂ ਵਿਚ ਜਾਕੇ ਲੋਕਾਂ ਦਾ ਧੰਨਵਾਦ ਕਰਕੇ ਆਉਣਾ ਚਾਹੀਦਾ ਹੈ। ਵੇਖੋ ਤਾਂ ਸਹੀ ਉਹ ਤੁਹਾਨੂੰ ਕਿਵੇਂ ਪਰਸ਼ਾਦ ਦਿੰਦੇ ਹਨ। ਇਨ੍ਹਾਂ ਦੇ ਚੀਫ਼ ਮਨਿਸਟਰ ਨੇ ਅੱਜ ਤਕ ਕਿਸੇ ਪਿੰਡ ਵਿਚ ਜਾ ਕੇ ਧੰਨਵਾਦ ਨਹੀਂ ਕੀਤਾ। (ਵਿਘਨ) ਸਿਰਫ਼ ਇਕ ਪਿੰਡ ਤੋਂ ਸਿਵਾਏ ਹੋਰ ਕਿਸੇ ਪਿੰਡ ਵਿਚ ਨਹੀਂ ਗਏ। ਇਕ ਥਾਂ ਜ਼ਰੂਰ ਗਏ ਹਨ ਉਥੇ ਵੀ ਸਿਰ ਸੁਆਹ ਸੁੱਟ ਕੇ ਆਏ ਹਨ। (ਵਿਘਨ) ਇਹ ਅੱਜ ਇਥੇ ਬੈਠ ਕੇ ਟਾਂ ਟਾਂ ਕਰਦੇ ਹਨ। ਜੇ ਇਹ ਬਾਹਰ ਉਨ੍ਹਾਂ ਦਾ ਧੰਨਵਾਦ ਕਰਨ ਜਾਣ ਤਾਂ ਇਨ੍ਹਾਂ ਨੂੰ ਪਤਾ ਲੱਗੇ।

Original with;
Punjab Vidhan Sabha
Digitized by;
Panjab Digital Library

ਹੁਣ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕੁੱਝ ਸੁਝਾਵ ਦੇਣਾ ਚਾਹੁੰਦਾ ਹਾਂ ਗੁਰੂ ਨਾਨਕ ਦੇਵ ਨੇ ਖੇਤੀ ਨੂੰ ਸਭ ਤੋਂ ਉਤਮ ਆਖਿਆ ਹੈ। ਉਨ੍ਹਾਂ ਨੇ ਆਖਿਆ ਹੈ:

'ਮਨਿ ਹਾਲੀ ਕਿਰਸਾਣੀ ਕਰਨੀ ਸਚ ਪਾਣੀ ਤਨ ਖੇਤ
ਨਾਮ ਬੀਜ ਸੰਤੋਖ ਸੁਹਾਗਾ ਰਖ ਗਰੀਬੀ ਵੇਸ॥'

ਉਨ੍ਹਾਂ ਨੇ ਖੇਤੀ ਨੂੰ ਸਭ ਤੋਂ ਉਤਮ ਆਖਿਆ ਹੈ। ਇਸ ਲਈ ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਇਨ੍ਹਾਂ ਗਰੀਬ ਕਿਸਾਨਾਂ ਤੇ ਰਹਿਮ ਕਰੋ। ਗੁਰੂ ਨਾਨਕ ਦੇਵ ਜੀ ਜਦੋਂ ਗੰਗਾ ਤੇ ਗਏ ਤਾਂ ਉਥੇ ਲੋਕੀਂ ਗ੍ਰਹਿਣ ਤੇ ਸੂਰਜ ਵੱਲ ਨੂੰ ਮੂੰਹ ਕਰਕੇ ਪਾਣੀ ਦੇ ਛਿੱਟੇ ਦੇਈ ਜਾਣ। ਤਾਂ ਉਨ੍ਹਾਂ ਨੇ ਛਿਪਦੇ ਵਲ ਦੀ ਮੂੰਹ ਕਰਕੇ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਲੋਕਾਂ ਨੇ ਉਨ੍ਹਾਂ ਤੋਂ ਪੁੱਛਿਆ ਤੁਸੀਂ ਛਿਪਦੇ ਵਲ ਮੂੰਹ ਕਰਕੇ ਪਾਣੀ ਕਿਉਂ ਦੇ ਰਹੇ ਹੋ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਤੁਸੀਂ ਕੀ ਕਰ ਰਹੇ ਹੋ ? ਉਹ ਕਹਿਣ ਲਗੇ ਸੂਰਜ ਨੂੰ ਗ੍ਰਹਿਣ ਲਗਾ ਹੈ ਅਸੀਂ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ। ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੇਰਾ ਖੇਤ ਕਰਤਾਰਪੁਰ ਵਲ ਦੀ ਹੈ ਉਥੇ ਮੇਰਾ ਝੋਨਾ ਸੁੱਕ ਰਿਹਾ ਹੈ। ਮੈਂ ਉਸ ਨੂੰ ਪਾਣੀ ਦੇ ਰਿਹਾ ਹਾਂ। ਉਹ ਕਹਿਣ ਲਗੇ ਕਿ ਕਰਤਾਰਪੁਰ ਇਥੋਂ 350 ਮੀਲ ਦੂਰ ਹੈ, ਉਥੇ ਇਹ ਪਾਣੀ ਕਿਵੇਂ ਜਾ ਸਕਦਾ ਹੈ। ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਜੇ ਤੁਹਾਡਾ ਪਾਣੀ ਪਿਤਰਾਂ ਨੂੰ, ਜਿਹੜੇ ਪਤਾ ਨਹੀਂ ਕਿਥੇ ਹਨ, ਪਹੁੰਚ ਸਕਦਾ ਹੈ ਤਾਂ ਮੇਰਾ ਪਾਣੀ ਮੇਰੇ ਖੇਤ ਨੂੰ ਕਿਉਂ ਨਹੀਂ ਪਹੁੰਚ ਸਕਦਾ। ਇਸ ਤਰ੍ਹਾਂ ਨਾਲ ਉਨ੍ਹਾਂ ਨੇ ਲੋਕਾਂ ਨੂੰ ਗਿਆਨ ਦਿੱਤਾ। ਸੋ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਵੀ ਦਿੱਲੀ ਵਾਲਿਆਂ ਭਰਾਵਾਂ ਕੋਲ ਜਾ ਕੇ ਬੇਨਤੀ ਕਰੋ। ਤੁਸੀਂ ਤਾਂ ਗੁਰੂ ਨਾਨਕ ਦੇ ਸੇਵਕ ਹੋ। ਅੱਜ ਝੋਨਾ ਸੁੱਕ ਰਿਹਾ ਹੈ। ਪਾਣੀ ਨਹੀਂ ਮਿਲ ਰਿਹਾ। ਡੀਜ਼ਲ ਨਹੀਂ ਮਿਲ ਰਿਹਾ। ਜੇ ਤੁਸੀਂ ਕੁਝ ਨਹੀਂ ਕਰੋਗੇ ਤਾਂ ਕਿਸਾਨ ਭਰਾ ਮਾਰੇ ਜਾਣਗੇ।

ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਜਦੋਂ ਸੈਂਟਰ ਵਿਚ ਜਨਤਾ ਦਾ ਰਾਜ ਸੀ ਅਤੇ ਬਰਨਾਲਾ ਜੀ ਉਥੇ ਐਗਰੀਕਲਚਰ ਮਨਿਸਟਰ ਸਨ ਤਾਂ ਉਸ ਵੇਲੇ ਗੰਨੇ ਦਾ ਭਾਅ 13 ਰੁਪਏ ਕੁਇੰਟਲ ਸੀ ਅਤੇ ਖੰਡ ਢਾਈ ਰੁਪਏ ਕਿਲੋ ਸੀ। ਪਰ ਹੁਣ ਗੰਨੇ ਦਾ ਭਾਅ ਤਾਂ ਉਹੀ 13 ਰੁਪਏ ਕੁਇੰਟਲ ਹੈ ਪਰ ਖੰਡ 8 ਰੁਪਏ ਕਿਲੋ ਵਿਕ ਰਹੀ ਹੈ। (ਵਿਘਨ) ਪਤਾ ਨਹੀਂ ਇਹ ਜਿਹੜੇ ਉਨ੍ਹਾਂ ਦੇ ਹਿੱਸੇਦਾਰ ਹਨ ਇਨ੍ਹਾਂ ਨੂੰ ਇਹ ਗੱਲਾਂ ਸੁਣ ਕੇ ਮਿਰਚਾਂ ਕਿਉਂ ਲਗ ਜਾਂਦੀਆਂ ਹਨ। ਅਫ਼ਸੋਸ ਦੀ ਗੱਲ ਹੈ ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਹ ਕਮਾਈ ਜੱਟ ਦੀ ਹੀ ਖਾਂਦੇ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਕਿਸਾਨ ਨੂੰ ਵੱਧ ਤੋਂ ਵਧ ਬੋਨਸ ਦੇਵੇ ਜਿਵੇਂ ਕਿ ਅਕਾਲੀ ਸਰਕਾਰ ਨੇ ਆਪਣੇ ਇਲੈਕਸ਼ਨ ਮੈਨੀਫੈਸਟੋ ਵਿਚ ਵਇਦਾ ਕੀਤਾ ਸੀ ਕਿ ਜੇ ਸਾਡੀ ਸਰਕਾਰ ਜਿੱਤ ਕੇ ਆਈ ਤਾਂ ਅਸੀਂ 13 ਰੁਪਏ ਇਕ ਕੁਇੰਟਲ ਕਣਕ ਮਗਰ ਆਪਣੇ ਪਲਿਉਂ ਪਾ ਕੇ ਦੇਵਾਂਗੇ। (ਵਿਘਨ) ਹੁਣ ਇਹ ਸੁਣਨ ਨੂੰ ਤਿਆਰ ਨਹੀਂ ਹੁੰਦੇ। ਇਸ ਕਰਕੇ, ਸਪੀਕਰ, ਸਾਹਿਬ, ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਜਿਵੇਂ ਖੰਡ ਦੇ ਦੋ ਭਾਅ ਹਨ ਇਕ ਸਰਕਾਰੀ ਰੇਟ 2 ਰੁਪਏ ਦਾ ਅਤੇ ਇਕ ਆਮ ਦੁਕਾਨਾਂ ਤੇ 7-8 ਰੁਪਏ ਕਿਲੋ, ਇਸੇ ਤਰ੍ਹਾਂ ਨਾਲ ਡੀਜ਼ਲ ਦੇ ਵੀ 2 ਰੇਟ ਕਰ ਦੇਣੇ ਚਾਹੀਦੇ ਹਨ। ਪਿੰਡਾਂ ਵਿਚ ਸਰਕਾਰ ਡਿਪੋ ਖੋਲ੍ਹ ਦੇਵੇ। ਉਥੇ ਗਰੀਬ ਕਿਸਾਨਾਂ ਨੂੰ ਸੱਸਤਾ ਡੀਜ਼ਲ ਦੇਣ ਅਤੇ ਜੇ ਕਾਰਖਾਨੇਦਾਰ ਵੱਧ ਲੈਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਬੇਸ਼ਕ ਮਹਿੰਗੇ ਰੇਟ ਤੇ ਦੇਈ ਜਾਣ ਇਸ ਨਾਲ ਗਰੀਬ ਜ਼ਮੀਂਦਾਰ ਦਾ ਬਹੁਤ ਫਾਇਦਾ ਹੋ ਸਕਦਾ ਹੈ। ਡੀਜ਼ਲ ਦੇ ਭਾਅ ਦੋ ਕਰ ਦੇਣੇ ਚਾਹੀਦੇ ਹਨ। ਕਾਰਖਾਨੇਦਾਰ ਨੂੰ ਡੀਜ਼ਲ ਮਹਿੰਗਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਚੇਵ ਸਿੰਘ ਬਾਦਲ]

ਪੈ ਜਾਵੇ ਤਾਂ ਵੀ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ । ਪਰ ਇਕ ਗਰੀਬ ਕਿਸਾਨ ਦਾ, ਜਿਸ ਨੇ ਕਰਜ਼ਾ ਲੈ ਕੇ ਟਰੈਕਟਰ ਆਦਿ ਲਏ ਹਨ ਉਹ ਜੇ ਮਹਿੰਗੇ ਭਾਅ ਤੇ ਡੀਜ਼ਲ ਲਵੇਗਾ ਤਾਂ ਉਹ ਕਰਜ਼ੇ ਦੀਆਂ ਕਿਸ਼ਤਾਂ ਨਹੀਂ ਮੋੜ ਸਕੇਗਾ। ਇਸ ਲਈ ਮੇਰੀ ਇਹ ਰਾਏ ਹੈ ਕਿ ਡੀਜ਼ਲ ਦੇ ਦੋ ਭਾਅ ਕਰ ਦੇਣੇ ਚਾਹੀਦੇ ਹਨ। ਇਸ ਨਾਲ ਜਿਹੜੀ ਬਲੈਕ ਹੈ ਉਹ ਵੀ ਰੁਕੇਗੀ। ਅੱਜ ਜੇ 900 ਰੁਪਏ ਦਾ ਢੋਲ ਡੀਜ਼ਲ ਦਾ ਬਲੈਕ ਵਿਚ ਮਿਲਦਾ ਹੈ ਅਤੇ 800 ਰੁਪਏ ਦਾ ਮਿੱਟੀ ਦਾ ਤੇਲ ਦਾ ਢੋਲ ਮਿਲਦਾ ਹੈ ਤਾਂ ਫਿਰ ਇਹ ਆਮ ਕਿਉਂ ਨਹੀਂ ਮਿਲਦਾ। ਅੱਜ ਇਨ੍ਹਾਂ ਦੇ ਨਾ ਮਿਲਣ ਕਰਕੇ ਕਿਸਾਨਾਂ ਦੀ ਕਿਸਮਤ ਦਾ ਸੌਦਾ ਕੀਤਾ ਜਾ ਰਿਹਾ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਸਾਡੀ ਸਰਕਾਰ ਨੂੰ ਇਸ ਗਲ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਅਤੇ ਪੰਜਾਬ ਦੇ ਕਿਸਾਨ ਦੀ ਵੱਧ ਰਹ ਬੇਚੈਨੀ ਨੂੰ ਰੋਕਣਾ ਚਾਹੀਦਾ ਹੈ। ਪਰ, ਸਪੀਕਰ ਸਾਹਿਬ, ਮੈਨੂੰ ਇਨ੍ਹਾਂ ਤੋਂ ਇਸ ਗੱਲ ਦੀ ਆਸ ਨਹੀਂ ਕਿਉਂਕਿ ਜਿਹੜੇ ਹਿੰਦੁਸਤਾਨ ਦੇ 45 ਘਰਾਣੇ ਹਨ ਜਿਨ੍ਹਾਂ ਦੇ ਬਾਰੇ ਕੱਲ੍ਹ ਲੋਕ ਸਭਾ ਵਿਚ ਚਰਚਾ ਹੋਇਆ ਹੈ ਤੁਸੀਂ ਸੁਣਿਆ ਹੋਣਾ ਹੈ ਜਿਨ੍ਹਾਂ ਕੋਲੋਂ ਇਨ੍ਹਾਂ ਨੇ ਕਰੋੜਾਂ ਰੁਪਏ ਲਏ ਹਨ .....

Mr. Speaker. Please wind up.

ਸਰਦਾਰ ਗੁਰਦੇਵ ਸਿੰਘ ਬਾਦਲ : ਬੱਸ ਜੀ, ਮੈਂ ਇਕ ਗੱਲ ਕਹਿ ਕੇ ਬੈਠ ਜਾਵਾਂਗਾ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ 1976 ਵਿਚ ਜਿਹੜੇ ਇਹ ਹਿੰਦੁਸਤਾਨ ਦੇ 45 ਘਰਾਣੇ ਸਨ ਇਨ੍ਹਾਂ ਦੀ ਆਮਦਨ 8998.37 ਕਰੋੜ ਸੀ ਪਰ ਅੱਜ ਉਹ ਕਿੰਨੀ ਵੱਧ ਗਈ ਹੈ ਇਹ ਵੀ ਮੈਂ ਦੱਸਦਾ ਹਾਂ। ਸਪੀਕਰ ਸਾਹਿਬ, ਇਹ ਹੁਣ 10,739 ਕਰੋੜ ਰੁਪਏ ਹੋ ਗਈ ਹੈ। ਇਸ ਤਰ੍ਹਾਂ ਇਸ ਵਿਚ ਕਾਫੀ ਵਾਧਾ ਹੋਇਆ ਹੈ। ਇਸ ਤਰ੍ਹਾਂ, ਸਪੀਕਰ ਸਾਹਿਬ, ਇਹ 45 ਘਰਾਣੇ ਹਨ ਜਿਨ੍ਹਾਂ ਵਿਚ ਬਿਰਲਾ, ਟਾਟਾ ਆਦਿ ਹਨ (ਵਿਘਨ) ਤੁਸੀਂ ਮੈਨੂੰ ਰੋਕ ਰਹੇ ਹੋ ਨਹੀਂ ਤਾਂ ਮੈਂ ਸਾਰੇ ਪੜ੍ਹ ਕੇ ਸੁਣਾਵਾਂ। ਸਰਕਾਰ ਨੇ ਉਨ੍ਹਾਂ ਘਰਾਣਿਆਂ ਨੂੰ ਖੁਲ੍ਹ ਦੇ ਦਿੱਤੀ ਹੈ। ਸਪੀਕਰ ਸਾਹਿਬ, ਉਨ੍ਹਾਂ ਵੱਡੇ ਬਿਰਲਾ, ਟਾਟਿਆਂ ਨੇ ਬੂਟ, ਖੰਡ, ਲੋਹੇ ਆਦਿ ਦੇ ਭਾਅ ਦੁੱਗਣੇ ਕਰ ਦਿਤੇ ਹਨ। ਜੇਕਰ ਇਹ ਪੰਜਾਬ ਸਰਕਾਰ ਉਨ੍ਹਾਂ ਵੱਡੇ ਘਰਾਣਿਆਂ ਤੇ ਟੈਕਸ ਲਗਾਏ ਜਾਂ ਉਨ੍ਹਾਂ ਦੀਆਂ ਹੇਰਾ ਫੇਰੀਆਂ ਨੂੰ ਰੋਕੇ ਤਾਂ ਮੈਂ ਸਾਹਮਣੇ ਬੈਠੇ ਭਰਾਵਾਂ ਨੂੰ ਮਦਦ ਕਹਾਂਗਾ। (ਬੰਪਿੰਗ) (ਵਿਘਨ) ਸਪੀਕਰ ਸਾਹਿਬ, ਉਨ੍ਹਾਂ ਘਰਾਣਿਆਂ ਤੇ ਸਰਕਾਰ ਨੂੰ ਹੱਥ ਪਾਉਣਾ ਚਾਹੀਦਾ ਹੈ। ਪਰ ਸਰਕਾਰ ਉਨ੍ਹਾਂ ਵੱਡੇ 45 ਘਰਾਣਿਆਂ ਤੋਂ ਡਰਦੀ ਹੈ ਅਤੇ ਉਹ ਵੱਡੇ ਘਰਾਣੇ ਆਪਣੀ ਮਰਜ਼ੀ ਨਾਲ ਸਰਕਾਰ ਨੂੰ ਚਲਾਉਂਦੇ ਹਨ। ਸਪੀਕਰ ਸਾਹਿਬ, ਇਤਨਾ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : (ਲੁਧਿਆਣਾ ਪੂਰਬ) । ਸਪੀਕਰ ਸਾਹਿਬ, ਮੈਂ ਆਪ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਇਨ੍ਹਾਂ ਨੇ ਹੁਣ(ਆਪੋਜ਼ੀਸ਼ਨ ਵੱਲ ਇਸ਼ਾਰਾ) ਮਗਰਮੱਛ ਦੇ ਆਂਸੂ ਵਹਾਏ ਹਨ। ਇਹ ਤਾਂ ਮਾਂ ਨਾਲੋਂ ਹੇਜਲੀ ਫੱਫੇ ਕੁਟਣੀਂ, ਵਾਲੀ ਗੱਲ ਕੀਤੀ ਹੈ। ਮੇਰੇ ਸਾਥੀਆਂ ਨੇ ਇੱਕੋ ਗੱਲ ਦਾ ਬਾਰ ਬਾਰ ਜ਼ਿਕਰ ਕੀਤਾ ਹੈ ਕਿ ਚੀਜ਼ਾਂ ਦੇ ਕਿਤਨੇ ਰੇਟ ਵੱਧ ਗਏ ਹਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਸਾਰੇ ਹਿੰਦੁਸਤਾਨ ਵਿਚ ਜੱਟ ਬੈਠਾ ਹੈ। ਸਾਡੀ ਪਾਰਟੀ ਵਿਚ ਵੀ ਜ਼ਿਮੀਂਦਾਰ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਜੱਟ ਹਨ। (ਵਿਘਨ) ਸਪੀਕਰ ਸਾਹਿਬ, ਹਿੰਦੁਸਤਾਨ ਵਿਚ 30 ਸਾਲ ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ। ਇਨ੍ਹਾਂ 30 ਸਾਲਾਂ ਵਿਚ ਐਗਰੀਕਲਚਰ ਵਾਸਤੇ ਸਵਰਗਵਾਸੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਦੂਸਰੇ ਕਾਂਗਰਸੀ ਨੇਤਾਵਾਂ ਨੇ ਜ਼ਿਆਦਾ ਤੋਂ ਜ਼ਿਆਦਾ ਫੰਡ ਪਰੋਵਾਈਡ ਕੀਤੇ ਹਨ। ਇਹ ਸਾਰੇ ਫੰਡ ਜੋ ਪਰੋਵਾਈਡ ਕੀਤੇ ਗਏ ਸਨ, ਉਹ ਸਾਰੇ ਦੇ ਸਾਰੇ ਬਜਟ ਵਿਚ ਮੌਜੂਦ ਹਨ। ਬੇਸ਼ੱਕ ਬਜਟ ਕਦਾ ਦੇ

Original with;
Punjab Vidhan Sabha
Digitized by;
Panjab Digital Library

ਵੇਖ ਲਵੋ ਤੁਹਾਨੂੰ ਪਤਾ ਲੱਗੇਗਾ ਕਿ ਐਗਰੀਕਲਚਰ ਨੂੰ ਸੈਕੰਡ ਪਰੈਫਰੈਂਸ ਮਿਲੀ ਹੈ। ਇਸ ਗੱਲ ਦਾ ਕਾਂਗਰਸ ਰਾਜ ਨੂੰ ਮਾਣ ਹੈ। ਸਪੀਕਰ ਸਾਹਿਬ, ਕਾਂਗਰਸ ਸਰਕਾਰ ਨੇ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ। ਇਹ ਅਕਾਲੀ ਭਰਾ ਤਾਂ 9 ਮਹੀਨੇ ਜਾਂ ਇੱਕ ਸਾਲ ਜਾਂ ਹੋਰ ਥੋੜ੍ਹੇ ਸਮੇਂ ਲਈ ਹੀ ਇਧਰ ਆਏ ਸਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ 1947 ਤੋਂ ਪਹਿਲਾਂ ਕਮੀਜ਼ ਦੇ ਬਟਨ ਜਾਪਾਨ ਅਤੇ ਜਰਮਨੀ ਵਿਚੋਂ ਆਉਂਦੇ ਸਨ ਪਰ ਅਜ ਹਿੰਦੁਸਤਾਨ ਵਿਚ ਫਰਟੇਲਾਈਜ਼ਰ ਬਣਦਾ ਹੈ, ** ** ** ਬਣਦਾ ਹੈ। (ਵਿਘਨ) (ਸ਼ੋਰ) ਇਥੇ ਗਰੀਨ ਰੈਵੋਲਿਊਸ਼ਨ ਆਇਆ।

ਸ਼੍ਰੀ ਸਪੀਕਰ : ਇਹ ਜਿਹੜੇ ** ** ** ਬਣਾਉਣ ਬਾਰੇ ਲਫਜ਼ ਕਹੇ ਗਏ ਹਨ, ਉਹ ਐਕਸਪੰਜ ਕਰ ਦਿੱਤੇ ਜਾਣ। (ਵਿਘਨ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਜਿਹੜੇ ਲਫਜ਼ ਸ਼੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ** ** ** ਬਾਰੇ ਕਹੇ ਹਨ, ਉਹ ਐਕਸਪੰਜ ਹੋਣੇ ਚਾਹੀਦੇ ਹਨ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਇਹ ਲਫਜ਼ ਪਹਿਲਾਂ ਹੀ ਐਕਸਪੰਜ ਕਰਾ ਦਿੱਤੇ ਹਨ।

ਸਰਦਾਰ ਪ੍ਰਿਥੀਪਾਲ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) 600 ਕਰੋੜ ਰੁਪਏ ਦੇ ਟੈਕਸ ਲਗਾ ਦਿੱਤੇ ਸਨ। ਉਨ੍ਹਾਂ ਟੈਕਸਾਂ ਦੇ ਅਸਰ ਹੇਠ ਹੀ ਸਰਕਾਰ ਦੀ ਇਕਾਨੋਮੀ ਡਿਸਟਰਬ ਹੋਈ ਹੈ। ਉਹ ਹਾਲਾਂ ਸੁਧਰ ਨਹੀਂ ਰਹੀ ਹੈ। ਜੇ ਪਿਛਲੀ ਸਰਕਾਰ ਨੇ 600 ਕਰੋੜ ਰੁਪਏ ਦੇ ਟੈਕਸ ਲਾਏ, ਉਸ ਦੇ ਅਸਰ ਕਰਕੇ ਹੀ ਸਟੇਟ ਦੀ ਫਾਈਨਾਂਸ਼ਲ ਪੁਜ਼ੀਸ਼ਨ ਖਰਾਬ ਹੋ ਗਈ ਹੈ। (ਵਿਘਨ) ਜਿਹੜੀਆਂ, ਸਪੀਕਰ ਸਾਹਿਬ, ਯੂ.ਪੀ. ਵਿਚ ਖੰਡ ਮਿਲਾਂ ਲਗਵਾਈਆਂ ਗਈਆਂ ਹਨ, ਉਨ੍ਹਾਂ ਮਿਲਾਂ ਪਾਸੋਂ ਚੌਧਰੀ ਚਰਨ ਸਿੰਘ ਨੇ ਪੈਸੇ ਇਕੱਠੇ ਕੀਤੇ। ਖੰਡਸਾਰੀ ਤੇ ਟੈਕਸ ਲਗਾਇਆ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਖੰਡਸਾਰੀ ਬਣਨੀ ਬੰਦ ਹੋ ਗਈ। ਅੱਜ ਪੰਜਾਬ ਦਾ ਕੋਈ ਬੰਦਾ ਨਹੀਂ ਕਹਿ ਸਕਦਾ ਕਿ ਕਿਤੇ ਵੀ ਖੰਡਸਾਰੀ ਆਉਂਦੀ ਹੈ। ਸਪੀਕਰ ਸਾਹਿਬ, ਮਿਲਾਂ ਤੋਂ ਫੰਡਜ਼ ਲੈਣ ਦਾ ਨਤੀਜਾ ਇਹ ਨਿਕਲਿਆ ਕਿ ਮਿਲਾਂ ਵਾਲਿਆਂ ਨੇ ਰੇਟ ਵਧਾ ਦਿੱਤੇ। ਫਿਰ ਗੰਨਾ ਵੀ ਬੰਦ ਹੋ ਗਿਆ। ਗੰਨੇ ਨੂੰ ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਸਾੜਿਆ ਗਿਆ। (ਵਿਘਨ) ਮੈਂ ਤੁਹਾਨੂੰ ਇਸ ਬਾਰੇ ਇੱਕ ਲਤੀਫਾ ਸੁਣਾਉਂਦਾ ਹਾਂ। (ਵਿਘਨ) (ਸ਼ੋਰ)

ਸਰਦਾਰ ਜਸਮਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸ਼੍ਰੀ ਓਮ ਪ੍ਰਕਾਸ਼ ਗੁਪਤਾ ਜੀ ਦੀ ਬਜਾਏ ਜਿਹੜਾ ਕਾਂਗਰਸੀ ਮੈਂਬਰ ਖੇਤੀਬਾੜੀ ਬਾਰੇ ਜਾਣਦਾ ਹੈ, ਉਸ ਨੂੰ ਉਹ ਖੜ੍ਹਾ ਕਰਨ ਅਤੇ ਗੁਪਤਾ ਜੀ ਮਾਰਕੀਟਿੰਗ ਤੇ ਬੋਲ ਲੈਣ। ਉਨ੍ਹਾਂ ਨੂੰ ਸ਼ਾਇਦ ਮਾਰਕੀਟਿੰਗ ਦਾ ਪਤਾ ਹੋਵੇਗਾ।

ਸ਼੍ਰੀ ਸਪੀਕਰ : ਇਹ ਉਨ੍ਹਾਂ ਦੀ ਮਰਜ਼ੀ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਜਦੋਂ ਮਿਲਾਂ ਬੰਦ ਹੋ ਗਈਆਂ ਤਾਂ ਇੱਕ ਯੂ.ਪੀ. ਦਾ ਜੱਟ ਚੌਧਰੀ ਚਰਨ ਸਿੰਘ ਕੋਲ ਆਇਆ ..... (ਵਿਘਨ) (ਸ਼ੋਰ) ਉਹ ਜੱਟ ਚੌਧਰੀ ਚਰਨ ਸਿੰਘ ਕੋਲ ਆ ਕੇ ਕਹਿਣ ਲਗਾ, "ਚੌਧਰੀ ਜੀ" । "ਚੌਧਰੀ ਸਾਹਿਬ ਚੁੱਪ ਕਥਕੇ ਬੈਠੇ ਰਹੇ। ਪਰ ਜੱਟ ਨੇ ਫਿਰ ਜ਼ੋਰ ਨਾਲ ਕਿਹਾ 'ਚੌਧਰੀ ਸਾਹਿਬ" ਫਿਰ ਚੌਧਰੀ ਸਾਹਿਬ ਨੇ ਪੁੱਛਿਆ ਕੀ ਗੱਲ ਹੈ ? ਜੱਟ ਕਹਿਣ ਲਗਾ ਕਿ ਚੌਧਰੀ ਸਾਹਿਬ, ਮੇਰੀ 30 ਏਕੜ ਜ਼ਮੀਨ ਸੀ ਅਤੇ ਮੈਂ ਉਸ ਵਿਚ ਗੰਨਾ ਬੀਜਿਆ ਸੀ। ਹੁਣ ਮੈਂ ਉਸ ਗੰਨੇ ਨੂੰ ਅੱਗ ਲਾਉਣੀ ਹੈ। ਇਸ ਲਈ ਤੁਸੀਂ ਗੰਨੇ ਨੂੰ ਅੱਗ ਲਗਾਉਣ ਲਈ ਉਦਘਾਟਨ ਕਰਨ ਚਲੋ। (ਵਿਘਨ) (ਸ਼ੋਰ) ਮੈਂ ਇਹ ਮੰਨਦਾ ਹਾਂ ਕਿ ਫਰਟੇਲਾਈਜ਼ਰ ਦੇ ਰੇਟ ਵੱਧ ਗਏ ਹਨ ਪਰ ਅਕਾਲੀ-ਜਨਤਾ ਸਰਕਾਰ ਵੇਲੇ ਜਦੋਂ ਸੈਂਟਰ ਵਿਚ ਵੀ ਜਨਤਾ ਸਰਕਾਰ ਸੀ ਤਾਂ ਉਦੋਂ 600 ਕਰੋੜ ਰੁਪਏ ਦੇ ਜੋ ਟੈਕਸ ਲਗਾਏ ਗਏ ਸਨ ਉਨ੍ਹਾਂ ਟੈਕਸਾਂ ਦੇ ਸਦਕਾ ਹੀ ਇਸ ਸਰਕਾਰ ਨੂੰ ਬੈਕ ਲਾਗ ਮਿਲਿਆ ਹੈ। ਸਪੀਕਰ ਸਾਹਿਬ, ਅੱਜ ਇੰਦਰਾ ਗਾਂਧੀ ਦੀ ਸਰਕਾਰ ਨੇ ਜ਼ਿਮੀਂਦਾਰਾਂ ਨੂੰ ਰਿਲੀਫ ਦਿੱਤਾ ਹੈ (ਥੰਪਿੰਗ) ਅੱਜ ਕਿਸਾਨ ਨੂੰ ਕਿਤਨਾ ਰਿਲੀਫ ਮਿਲਿਆ ਹੈ, ਉਸ ਬਾਰੇ ਤੁਸੀਂ ਬਜਟ ਵਿਚ ਵੇਖ ਸਕਦੇ ਹੋ ? ਜ਼ਿਮੀਂਦਾਰਾਂ ਨੂੰ, ਦੂਸਰੀਆਂ ਚੀਜ਼ਾਂ ਜੋ ਚਾਹੀਦੀਆਂ ਹਨ, ਉਹ ਸਸਤੀਆਂ ਮਿਲਣ-ਗੀਆਂ। ਇਥੇ ਸਰਦਾਰ ਦਰਬਾਰਾ ਸਿੰਘ ਜੀ ਬੈਠੇ ਹਨ ਉਹ ਵੀ ਜ਼ਿਮੀਂਦਾਰਾਂ ਦੀਆਂ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਸੋ, ਸਪੀਕਰ ਸਾਹਿਬ, ਉਹ ਜ਼ਿਮੀਂਦਾਰਾਂ ਨੂੰ ਰਿਲੀਫ ਦੇਣਗੇ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਇਨ੍ਹਾਂ ਦੋ ਮਹੀਨਿਆਂ ਵਿਚ ਕਿਸਾਨਾਂ ਨੂੰ ਕਿਹੜੀ ਕਿਹੜੀ ਰਲੀਫ ਮਿਲੀ ਹੈ, ਇਸ ਬਾਰੇ ਦਸ ਦੇਣ ? (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਫਰਟੇਲਾਈਜ਼ਰ ਦੇ ਰੇਟ ਵਧੇ ਹਨ। ਇਸ ਨਾਲ ਜ਼ਿਮੀਂਦਾਰਾਂ ਤੇ ਬੋਝ ਪਿਆ ਹੈ। ਖਾਦ ਦੀ ਕਿਸਾਨਾਂ ਵਿਚ ਕਿਸ ਤਰ੍ਹਾਂ ਨਾਲ ਤਕਸੀਮ ਹੋਣੀ ਚਾਹੀਦੀ ਹੈ, ਇਸ ਬਾਰੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਇਨ੍ਹਾਂ ਨੂੰ ਕੋਈ ਇਨਸੈਂਟਿਵ ਦੇਣਾ ਚਾਹੀਦਾ ਹੈ। ਤੁਹਾਨੂੰ ਪਤਾ ਹੈ ਕਿ ਜਿਹੜੀ ਟੈਕਸੇਸ਼ਨ ਦੀ ਪਾਲਿਸੀ ਬਣੀ ਸੀ ਉਸ ਨਾਲ ਫਰਟੇਲਾਈਜ਼ਰ ਦੀਆਂ ਮਿਲਾਂ ਬੰਦ ਹੋਣ ਲਗੀਆਂ ਸਨ । ਕਾਸਟ ਆਫ ਰਾਅ ਮੈਟੀਰੀਅਲ ਵੱਧ ਗਿਆ ਸੀ, ਲੇਬਰ ਚਾਰਜਿਜ਼ ਵੱਧ ਗਏ ਸਨ, ਬਿਜਲੀ ਦੇ ਰੇਟ ਵੱਧ ਗਏ ਸਨ। ਇਨ੍ਹਾਂ ਚੀਜ਼ਾਂ ਨੂੰ ਮੁੱਖ ਰਖਦੇ ਹੋਏ ਮਿਲ ਮਾਲਕਾਂ ਨੇ ਕਹਿ ਦਿਤਾ ਸੀ ਕਿ ਅਸੀਂ ਮਿਲਾਂ ਬੰਦ ਕਰ ਦਿਆਂਗੇ। ਇਕਾਨੋਮੀ ਨਾਲ ਇਹ ਚੀਜ਼ਾਂ ਚਲਦੀਆਂ ਹਨ । ਇਨ੍ਹਾਂ ਚੀਜ਼ਾਂ ਦੇ ਨੈਸ਼ਨਲ ਔਰ ਇੰਟਰਨੈਸ਼ਨਲ ਰੇਟਸ ਉਪਰ ਚਲੇ ਗਏ ਹਨ। ਤੁਸੀਂ ਹੁਣ ਤਾਂ ਸ਼ਾਹੂਕਾਰ ਹੋ ਗਏ ਹੋ, ਤਹਾਨੂੰ ਹਿਸਾਬ ਲਗਾਉਣਾ ਆਉਂਦਾ ਹੈ। ਪੈਸੇ ਤੁਹਾਡੇ ਕੋਲ ਕਾਫੀ ਆ ਗਏ ਹਨ। ਇਕਾਨੋਮੀ ਜਿਹੜੀ ਨੈਸ਼ਨਲ ਔਰ ਇੰਟਰਨੈਸ਼ਨਲ ਹੁੰਦੀ ਹੈ ਉਸ ਨਾਲ ਰੇਟਸ ਵੱਧਦੇ ਹਨ। ਹੁਣ ਮੈਂ ਡੀਜ਼ਲ ਤੇ ਆਉਂਦਾ ਹਾਂ (ਵਿਘਨ) (ਘੰਟੀ)

ਸਰਦਾਰ ਆਤਮਾ ਸਿੰਘ : ਆਨ ਏ ਪੁਆਇੰਟ ਆਫ ਆਰਡਰ ' ਸਰ। ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਬੜਾ ਅਹਿਮ ਮਸਲਾ ਹੈ ਔਰ ਇਸ ਤੇ ਕਾਫੀ ਬਹਿਸ ਹੋ ਚੁੱਕੀ ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਜਵਾਬ ਦੇਵੇ ਕਿ ਉਨ੍ਹਾਂ ਦੀ ਇਸ ਪ੍ਰਤੀ ਕੀ ਨੀਤੀ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਦੋ ਤਿੰਨ ਮਿੰਟ ਹੋਰ ਬੋਲਾਂਗਾ। ਡੀਜ਼ਲ ਬਾਰੇ ਮੇਰੇ ਕਈ ਸਾਥੀਆਂ ਨੇ ਜ਼ਿਕਰ ਕੀਤਾ ਹੈ। ਜਨਤਾ ਪਾਰਟੀ ਦੇ ਰਾਜ ਭਾਗ ਵੇਲੇ, ਜਨ ਸੰਘ ਵਾਲਿਆਂ ਦਾ ਕੰਟਰੋਲ ਸੀ। ਜਨ ਸੰਘ ਵਾਲੇ ਉਨ੍ਹਾਂ ਤੇ ਹਾਵੀ ਸਨ। ਜਨਤਾ ਔਰ ਅਕਾਲੀ ਪਾਰਟੀ ਦੀ ਸਰਕਾਰ ਆਉਂਦਿਆਂ ਹੀ ਉਨ੍ਹਾਂ ਨੇ ਫੈਸਲਾ ਕੀਤਾ ਕਿ ਰੂਸ ਦੇ ਨਾਲ ਜੋ ਮੁਆਇਦੇ ਹੋਏ ਹੋਏ ਹਨ ਉਹ ਖਤਮ ਕਰ ਦਿੱਤੇ ਜਾਣ। ਰੂਸ ਸਾਡਾ ਦੋਸਤ ਅੱਜ ਦਾ ਨਹੀਂ ਹੈ ਬਲਕਿ ਇਹ ਸਾਡਾ 30 ਸਾਲਾਂ ਦਾ

Original with;
Punjab Vidhan Sabha
Digitized by;
Panjab Digital Library

ਚੋਸਤ ਹੈ। ਹਰ ਔਖ ਵੇਲੇ ਇਨ੍ਹਾਂ ਨੇ ਹਿੰਦੁਸਤਾਨ ਦੀ ਮੱਦਦ ਕੀਤੀ ਹੈ ਅੱਰ ਬਗੈਰ ਕਿਸੇ ਰੈਜ਼ਰਵੇਸ਼ਨ ਜਾਂ ਕਿਸੇ ਸ਼ਰਤ ਤੋਂ ਕੀਤੀ ਹੈ। ਪਰ ਆਉਦਿਆਂ ਹੀ ਜਨਤਾ ਪਾਰਟੀ ਨੇ ਉਸ ਨਾਲ ਲੜਾਈ ਪਾ ਲਈ। ਜਿੰਨੇ ਰੂਸ ਦੇ ਦੋਸਤ ਅਰਬ ਦੇਸ਼ ਸਨ ਜਾਂ ਜੋ ਅਰਬ ਮਲਕ ਰੂਸ ਨਾਲ ਸਨ, ਉਨ੍ਹਾਂ ਨੇ ਸਾਨੂੰ ਤੇਲ ਦੇਣਾ ਬੰਦ ਕਰ ਦਿੱਤਾ। ਥੋੜ੍ਹਾ ਬਹੁਤ ਜਿਹੜਾ ਦੇਸ਼ ਅੰਦਰ ਤੇਲ ਸੀ ਜਿਵੇਂ ਕਿ ਆਸਾਮ ਦੀ ਰਿਫਾਈਨਰੀ ਵਿਚ ਪਿਆ ਸੀ, ਜਨਤਾ ਰਾਜ ਵੇਲੇ ਉਥੇ ਗਤ ਬੜ੍ਹ ਕਰਾ ਦਿਤੀ। ਉਥੇ ਨਾਅਰਾ ਲਗਾਇਆ ਗਿਆ ਕਿ ਚਾਹੇ ਪੰਜਾਬੀ ਹੋਵੇ, ਯੂ. ਪੀ. ਦਾ ਰਹਿਣ ਵਾਲਾ ਹੋਵੇ, ਰਾਜਿਸਥਾਨ ਦਾ ਹੋਵੇ ਜਾਂ ਮਾਰਵਾੜੀ ਹੋਵੇ ਇਨ੍ਹਾਂ ਸਾਰਿਆਂ ਨੂੰ ਉਥੋਂ ਕੱਢ ਦਿਓ। ਉਸ ਦੇ ਨਤੀਜੇ ਵਜੋਂ ਉਥੇ ਰਿਫਾਇਨਰੀ ਵਿਚ ਕੈਮ ਬੰਦ ਹੋ ਗਿਆ। ਤੁਸੀਂ ਦੱਸੋ ਤੇਲ ਕਿਥੋਂ ਆਵੇ ? ਇਸ ਨਾਲ ਕਰੋੜਾਂ ਰੁਪਏ ਦਾ ਲਾਸ ਹੋ ਰਿਹਾ ਹੈ।

ਸਰਦਾਰ ਸੁਖਜਿੰਦਰ ਸਿੰਘ ਖੇਰਾ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੇ ਦੋਸਤ ਆਸਾਮ ਸਟੇਟ ਬਾਰੇ ਬੋਲ ਰਹੇ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਕੀ ਇਨ੍ਹਾਂ ਨੂੰ ਇਸ ਸਬੰਧ ਵਿਚ ਪੂਰੇ ਫੈਕਟਸ ਦਾ ਪਤਾ ਵੀ ਹੈ। ਇਹ ਕਹਿ ਰਹੇ ਹਨ ਕਿ ਪੰਜਾਬੀਆਂ ਨੂੰ ਉਥੋਂ ਕੱਢ ਦਿੱਤਾ ਕੋਈ ਹੋਰਾਂ ਨੂੰ ਉਥੋਂ ਕੱਢ ਦਿੱਤਾ, ਕੀ ਇਹ ਠੀਕ ਹੈ ? ਇਨ੍ਹਾਂ ਨੂੰ ਰੈਲੇਵੈਂਟ ਬੋਲਣਾ ਚਾਹੀਦਾ ਹੈ। ਜੇ ਇਨ੍ਹਾਂ ਨੇ ਇਸ ਤਰ੍ਹਾਂ ਹੀ ਕਹਿਣਾ ਹੈ ਤਾਂ ਫਿਰ ਸਾਨੂੰ ਆਸਾਮ ਦੀ ਸਿਚੂਏਸ਼ਨ ਤੇ ਡਿਸਕਸ ਕਰਨਾ ਪਏਗਾ। ਇਹ ਕਹਿੰਦੇ ਹਨ ਕਿ ਉਥੋਂ ਪੰਜਾਬੀ ਕੱਢ ਦਿੱਤੇ। ਇਸ ਤੇ ਸਾਨੂੰ ਪੁੱਛਣਾ ਪਏਗਾ ਕਿ ਕਿਵੇਂ ਪੰਜਾਬੀ ਉਥੋਂ ਕੱਢ ਦਿੱਤੇ। ਜੇ ਇਹ ਗੱਲ ਰਿਕਾਰਡ ਤੇ ਰਹੇਗੀ ਕਿ ਪੰਜਾਬੀ ਉਏਂ ਕਢ ਦਿੱਤੇ ਗਏ ਤਾਂ ਫਿਰ ਕੱਲ੍ਹ ਨੂੰ ਸਾਨੂੰ ਐਡਜਰਨਮੈਂਟ ਮੋਸ਼ਨ ਦੇਣੀ ਪਏਗੀ ਅਤੇ ਇਸ ਤੇ ਡਿਸਕਸ਼ਨ ਕਰਨੀ ਪਏਗੀ। (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੀ ਅਖੀਰਲੀ ਗਲ ਆਸਾਮ ਦੀ ਛੱਡ ਦਿਓ। ਮੇਰੀ ਬੇਨਤੀ ਹੈ ਕਿ ਇਥੇ ਸਾਥੀਆਂ ਨੇ ਕਿਹਾ ਕਿ ਡੀਜ਼ਲ ਇੰਡਸਟਰੀ ਵਿਚ ਬਹੁਤ ਲਗਦਾ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਐਗਰੀਕਲਚਰ ਸੈਚੂਰੇਸ਼ਨ ਪੁਆਇੰਟ ਤੇ ਆ ਚੁੱਕੀ ਹੈ। ਇੰਡਸਟਰੀ ਹਾਲੇ ਸ਼ਹਿਰਾਂ ਵਿਚ ਅੱਜ ਪਿੰਡਾਂ ਵਿਚ ਜਾਣੀ ਹੈ। ਮੈਨੂੰ ਕੋਈ ਇਤਰਾਜ਼ ਨਹੀਂ ਜੇ ਜ਼ਿਮੀਂਦਾਰਾਂ ਨੂੰ ਘੱਟ ਰੇਟ ਤੇ ਡੀਜ਼ਲ ਦਿੱਤਾ ਜਾਏ। ਅਗਰ ਸਰਕਾਰ ਇਸ ਤਰ੍ਹਾਂ ਅਫੋਰਡ ਕਰ ਸਕਦੀ ਹੈ ਤਾਂ ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ। ਮਗਰ ਡੀਜ਼ਲ ਪੰਜਾਬ ਦੀ ਇੰਡਸਟਰੀ ਲਈ ਜ਼ਰੂਰ ਮਿਲਣਾ ਚਾਹੀਦਾ ਹੈ। ਸਾਰਾ ਡੀਜ਼ਲ ਐਗਰੀਕਲਚਰ ਵੱਲ ਜਾਂਦਾ ਹੈ। ਉਥੇ ਬਲੈਕ ਹੁੰਦੀ ਹੈ, ਇਹ ਭੈੜੀ ਗੱਲ ਹੈ। ਇਸ ਵਾਸਤੇ ਮੈਂ ਹੋਰ ਜ਼ਿਆਦਾ ਨਾ ਕਹਿੰਦਾ ਹੋਇਆ ਪੰਜਾਬ ਦੇ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਤਕਲੀਫ ਨੂੰ ਦੂਰ ਕੀਤਾ ਜਾਵੇ। ਜੈ ਹਿੰਦ।

ਸਰਦਾਰ ਜਸਮਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੈਨੂੰ ਟਾਈਮ ਨਹੀਂ ਮਿਲਿਆ। ਮੈਨੂੰ ਵੀ ਟਾਈਮ ਦੇਣਾ ਚਾਹੀਦਾ ਹੈ।

ਸਰਦਾਰ ਸੁਖਜਿੰਦਰ ਸਿੰਘ ਖੇਰਾ : ਮੈਂ ਵੀ ਬੋਲਣਾ ਚਾਹੁੰਦਾ ਹਾਂ (ਵਿਘਨ)

ਸ਼੍ਰੀ ਸਪੀਕਰ: ਤੁਹਾਡੀ ਅਕਾਲੀ ਪਾਰਟੀ ਦਾ ਟਾਈਮ ਖਤਮ ਹੋ ਗਿਆ ਹੈ। ਇੰਡੀਪੈਂਡੈਂਟਸ ਨੂੰ ਮੈਂ ਦੇਵਾਂ ਨਹੀਂ। ਸਰਦਾਰ ਗੁਰਨੈਬ ਸਿੰਘ ਜੀ ਤੁਸੀਂ ਪੰਜ ਮਿੰਟਾਂ ਲਈ ਬੋਲੋ।

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ): ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਮੇਰੇ ਅਪੋਜ਼ੀਸ਼ਨ ਦੇ ਭਰਾ ਇਸ ਤੇ ਕੋਈ ਇਤਰਾਜ਼ ਨਹੀਂ ਕਰਨਗੇ ਕਿ ਮੈਂ ਜ਼ਿਮੀਂਦਾਰ ਨਹੀਂ ਹਾਂ। ਮੈਂ ਦਸਣਾ ਚਾਹੁੰਦਾ ਹਾਂ ਕਿ ਮੈਂ ਵੀ ਜ਼ਿਮੀਂਦਾਰ ਹਾਂ ਅਤੇ ਪੜ੍ਹਿਆ ਲਿਖਿਆ ਹੋਇਆ ਜ਼ਿਮੀਂਦਾਰ ਹਾਂ। ਜਿਨ੍ਹਾਂ ਭਰਾਵਾਂ ਕੋਲ ਪਹਿਲਾਂ ਜ਼ਮੀਨਾਂ ਨਹੀਂ ਸਨ, ਚਾਹੇ ਮੇਰੇ ਭਰਾ ਸਰਦਾਰ ਗੁਰਦੇਵ ਸਿੰਘ ਬਾਦਲ ਹੋਣ (ਇਸ ਵੇਲੇ ਮਾਈਕ ਬੰਦ ਹੋ ਗਿਆ ਅੰਰ ਘੱਟ ਸੁਣਾਈ ਦਿੰਦਾ ਸੀ) ਜਾਂ ਹੋਰ ਪਰ ਐਮ. ਐਲ. ਏ. ਬਣਨ ਤੋਂ ਬਾਅਦ ਪਤਾ ਨਹੀਂ ਜ਼ਮੀਨ ਇਨ੍ਹਾਂ ਕੋਲ ਕਿਥੋਂ ਆ ਗਈ (ਵਿਘਨ) ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਖਾਦ ਅਤੇ ਡੀਜ਼ਲ ਆਦਿ ਦੀਆਂ ਕੀਮਤਾਂ ਵਿਚ ਵਾਧਾ ਹੋਣ ਕਰਕੇ ਕਿਸਾਨਾਂ ਤੇ ਕਾਫੀ ਭਾਰ ਪਿਆ ਹੈ। ਅਸੀਂ ਸਾਰੇ ਤੁਹਾਡੇ ਨਾਲ ਇਸ ਕਾਜ਼ਨ ਕਾਜ਼ ਵਿਚ ਸ਼ੇਅਰ ਕਰਦੇ ਹਾਂ। ਤੁਸੀਂ ਇਕੱਲੇ ਹੀ ਜ਼ਿਮੀਂਦਾਰਾਂ ਦੇ ਠੇਕੇਦਾਰ ਨਹੀਂ ਹੋ ਬਲਕਿ ਅਸੀਂ ਵੀ ਜ਼ਿਮੀਂਦਾਰ ਹਾਂ ਅਤੇ ਇਨ੍ਹਾਂ ਦੀ ਬਿਹਤਰੀ ਚਾਹੁੰਦੇ ਹਾਂ। ਇਸ ਮੋਸ਼ਨ ਦੇ ਤਿੰਨ ਪੱਖ ਹਨ; ਇੱਕ ਖਾਦ, ਦੂਜਾ ਤੇਲ ਅੰਰ ਤੀਜਾ ਐਫ. ਸੀ.ਆਈ. ਵਲੋਂ ਖਰੀਦ। ਮੈਂ ਇਨ੍ਹਾਂ ਤਿੰਨਾਂ ਬਾਰੇ ਥੋੜ੍ਹਾ ਥੋੜ੍ਹਾ ਬੋਲਾਂਗਾ। ਖਾਦ ਦੇ ਸਬੰਧ ਵਿਚ ਬਰਨਾਲਾ ਸਾਹਿਬ ਨੇ ਕਿਹਾ ਹੈ ਕਿ ਖਾਦ ਦੇ ਰੇਟ ਵੱਧਣ ਨਾਲ ਪ੍ਰੋਡਕਸ਼ਨ ਤੇ ਬਹੁਤ ਅਸਰ ਪਏਗਾ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਅਸਰ ਥੋੜ੍ਹਾ ਬਹੁਤ ਜ਼ਰੂਰ ਪਏਗਾ। ਪਰ ਜਿੰਨੀ ਇਸ ਬਾਰੇ ਐਗਜ਼ੈਗਰੇਸ਼ਨ ਕੀਤੀ ਗਈ ਹੈ ਉਤਨੀ ਗਲ ਨਹੀਂ ਹੈ ਕਿਉਂਕਿ ਪ੍ਰਾਈਸਿਜ਼ ਹਾਈ ਹੋਣ ਤੋਂ ਪਹਿਲਾਂ ਕਿਸਾਨ ਖਰੀਦ ਕਰ ਚੁੱਕੇ ਸਨ।

ਇਨ੍ਹਾਂ ਨੇ ਕਿਹਾ ਹੈ ਕਿ 91-92 ਕਰੋੜ ਰੁਪਏ ਦਾ ਹੋਰ ਬੋਝ ਕਿਸਾਨ ਤੇ ਪਵੇਗਾ ਪਰ ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਇਸ ਬਾਰੇ ਠੀਕ ਫਿੱਗਰਜ਼ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। (ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ।) ਮੈਂ ਦੱਸਣਾ ਚਾਹੁੰਦਾ ਹਾਂ ਕਿ ਖਾਦ ਦੀ ਸਾਡੀ ਟੋਟਲ ਕੰਜ਼ੰਪਸ਼ਨ 2,61 ਲੱਖ ਮੀਟ੍ਰਿਕ ਟਨ ਹੋਣੀ ਹੈ। ਨਾਈਟਰੋਜਨ ਦੀ ਕੰਜ਼ੰਪਸ਼ਨ 206 ਲਖ ਮੀਟਿਕ ਟਨ, ਫਾਸਫੋਰਸ ਦੀ ਕੰਜ਼ੰਪਸ਼ਨ 0.43 ਲਖ ਮੀਟ੍ਰਿਕ ਟਨ ਅਤੇ ਪੋਟਾਸ਼ ਦ ਕੰਜ਼ੰਪਸ਼ਨ 12 ਹਜ਼ਾਰ ਮੀਟਰਕ ਟਨ ਹੋਣੀ ਹੈ। ਇਸ ਦਾ ਖਰਚ ਕੱਢ ਕੇ ਮੇਰਾ ਖਿਆਲ ਹੈ ਕਿ ਕੋਈ 31 ਕਰੋੜ ਰੁਪਏ ਦਾ ਹੋਰ ਬੋਝ ਪਵੇਗਾ। (ਵਿਘਨ) ਇਸ ਦਾ ਅਸਰ ਪੈਡੀ ਕਰਾਪ ਤੇ ਹੀ ਨਹੀਂ ਪੈਣਾ ਇਸ ਦਾ ਅਸੀ ਕਾਟਨ ਤੇ ਵੀ ਪੈਣਾ ਹੈ। ਇਸ ਦਾ ਅਸਰ ਮੇਜ਼ ਤੇ ਵੀ ਪੈਣਾ ਹੈ ਅਤੇ ਐਡੀਬਲ ਆਇਲਜ਼ ਤੇ ਵੀ ਪੈਣਾ ਹੈ। ਤਹਾਨੂੰ ਪਤਾ ਹੈ ਕਿ ਜਦ ਕੀਮਤਾਂ ਦੇ ਵੱਧਣ ਬਾਰੇ ਅਨਾਊਂਸਮੈਂਟ ਹੋਈ ਤਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਉਸੇ ਵੇਲੇ ਚਿੱਲੀ ਗਏ ਅਤੇ ਉਥੇ ਸੈਂਟਰ ਦੇ ਵਜ਼ੀਰਾਂ ਨਾਲ ਮਿਲਕੇ ਗਲ ਕੀਤੀ। ਆਸ ਹੈ ਕਿ ਝੋਨੇ ਦੀ ਕੀਮਤ ਵੱਧ ਮਿਲੇਗੀ। (ਵਿਘਨ) ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦ ਇਨ੍ਹਾਂ ਦਾ ਰਾਜ ਸੀ ਤਾਂ ਕੀ ਇਹ ਕਿਸਾਨਾਂ ਲਈ ਕੁਝ ਸੋਚਦੇ ਸੀ। (ਵਿਘਨ) ਹੁਣ ਇਨ੍ਹਾਂ ਨੇ ਭਾਅ 110 ਰੁਪਏ ਸੁਜੈਸਟ ਕੀਤਾ ਹੈ। (ਵਿਘਨ) ਜਦ ਇਨ੍ਹਾਂ ਦਾ ਰਾਜ ਸੀ ਤਾਂ ਇਨ੍ਹਾਂ ਨੇ 104 ਰੁਪਏ ਭਾਅ ਦੀ ਮੰਗ ਕੀਤੀ ਸੀ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਇਹ ਜਿਹੜੇ ਆਪਣੇ ਆਪ ਨੂੰ ਜ਼ਿਮੀਦਾਰਾਂ ਦੇ ਨੁਮਾਇੰਦੇ ਦੱਸਦੇ ਹਨ, ਉਦੋਂ ਕਿਸਾਨ ਨੂੰ 95 ਰੁਪਏ ਪੈਡੀ ਦਾ ਭਾਅ ਮਿਲਿਆ ਸੀ। (ਵਿਘਨ) ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ, ਐਗਰੀਕਲਚਰ ਮਨਿਸਟਰ ਵੀ ਇਥੇ ਬੈਠੇ ਹਨ, ਕਿ ਜਿਸ ਤਰ੍ਹਾਂ ਵੀ ਹੋਵੇ ਜ਼ਿਮੀਂਦਾਰ ਨੂੰ ਝੋਨੇ ਦਾ 120 ਰਪਏ ਦਾ ਰੇਟ ਦਿਵਾਇਆ ਜਾਵੇ। (ਵਿਘਨ) ਇਹ ਜਿਹੜੇ ਮੇਰੇ ਵੀਰ ਅਪੋਜ਼ੀਸ਼ਨ ਵਿਚ ਬੈਠੇ ਹਨ ਇਹ ਆਪਣੇ ਆਪ ਨੂੰ ਜ਼ਿਮੀਦਾਰਾਂ ਦੇ ਨੁਮਾਇੰਦੇ ਕਹਾਉਂਦੇ ਹਨ ਪਰ ਇਹ ਉਨ੍ਹਾਂ ਦੇ ਨੁਮਾਇੰਦੇ ਨਹੀਂ ਹਨ। ਇਹ ਸਿਰਫ ਵਿਖਾਵੇ ਦੇ ਤੌਰ ਤੇ ਇਸ ਤਰ੍ਹਾਂ ਕਰ ਰਹੇ ਹਨ। (ਵਿਘਨ) ਬਾਦਲ ਜੀ ਜਦ ਕੇਂਦਰ ਵਿਚ ਖੇਤੀਬਾੜੀ ਮੰਤਰੀ ਸਨ ਤਾਂ ਉਨ੍ਹਾਂ ਨੇ ਕਿਸਾਨ ਲਈ ਕੁਝ ਨਹੀਂ ਕੀਤਾ (ਵਿਘਨ) ਇਸੇ ਤਰ੍ਹਾਂ ਹੀ ਜਦ ਬਰਨਾਲਾ ਜੀ ਕੇਂਦਰ ਵਿਚ ਖੇਤੀਬਾੜੀ ਮੰਤਰੀ ਸਨ ਤਾਂ ਉਨਾਂ ਨੇ ਵੀ ਕਿਸਾਨ ਲਈ ਕੁਝ ਨਹੀਂ ਕੀਤਾ। (ਵਿਘਨ) ਜਦੋਂ ਬਾਦਲ ਸਾਹਿਬ

Original with;
Punjab Vidhan Sabha
Digitized by;
Panjab Digital Library

ਕੇਂਦਰ ਵਿਚ ਖੇਤੀਬਾੜੀ ਮੰਤਰੀ ਬਣੇ ਸਨ ਤਾਂ ਸਾਨੂੰ ਬਹੁਤ ਖੁਸ਼ੀ ਹੋਈ ਸੀ। ਮੈਂ ਵੀ ਇਨ੍ਹਾਂ ਨੂੰ ਟੈਲੀਗਰਮ ਦਿੱਤੀ ਸੀ। ਮੈਂ ਸੋਚਿਆ ਕਿ ਇਹ ਕਿਸਾਨਾਂ ਦੇ ਬਾਰੇ ਜ਼ਰੂਰ ਕੁਝ ਸੋਚਣਗੇ। ਪਰ ਪਤਾ ਨਹੀਂ ਉਨ੍ਹਾਂ ਦੀ ਸਿਹਤ ਕਿਸ ਤਰ੍ਹਾਂ ਖਰਾਬ ਹੋ ਗਈ ਅਤੇ ਉਥੇ ਕਿਸਾਨਾਂ ਦੀ ਨੁਮਾਇੰਦਗੀ ਕਰਨ ਦੀ ਬਜਾਏ ਉਹ ਬੱਲੇ ਆ ਗਏ, ਪੰਜਾਬ ਵਿਚ ਆ ਗਏ। ਇਥੇ ਆ ਕੇ ਉਨ੍ਹਾਂ ਦੀ ਸਿਹਤ ਠੀਕ ਹੋ ਗਈ। (ਵਿਘਨ) (ਹਾਸਾ) ਜੇ ਸਹੀ ਮਾਹਨਿਆਂ ਵਿਚ ਇਹ ਕਿਸਾਨਾਂ ਦੇ ਨੁਮਾਇੰਦੇ ਹੁੰਦੇ ਤਾਂ ਇਹ ਉਥੇ ਬੈਠ ਕੇ ਉਨ੍ਹਾਂ ਦੀ ਨੁਮਾਇੰਦਗੀ ਕਰਦੇ ਅਤੇ ਸਾਡਾ ਕਾਜ਼ ਪਲੀਡ ਕਰਦੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦ ਇਹ ਸੈਂਟਰ ਵਿਚ ਐਗਰੀਕਲਚਰ ਮਨਿਸ਼ਟਰ ਸਨ ਤਾਂ ਨਰਮੇ ਨੂੰ ਸਾੜਿਆ ਗਿਆ। (ਵਿਘਨ) ਬਾਦਲ ਸਾਹਿਬ 2 ਮਹੀਨੇ ਮੁਕਤਸਰ ਨਹੀਂ ਵੜੇ। ਫਿਰ ਜਦ ਬਰਨਾਲਾ ਜੀ ਕੇਂਦਰ ਵਿਚ ਸਨ ਤਾਂ ਉਨ੍ਹਾਂ ਨੇ ਵੀ ਕਿਸਾਨਾਂ ਲਈ ਕੁਝ ਨਹੀਂ ਕੀਤਾ। (ਵਿਘਨ) ਉਸ ਸਮੇਂ ਜੱਟ ਲੋਕ ਕਹਿੰਦੇ ਸਨ: —

ਹੇਠਾਂ ਬਾਦਲ ਉਤੇ ਬਰਨਾਲਾ
ਕੱਢ ਦਿੱਤਾ ਜੱਟਾਂ ਦਾ ਦੀਵਾਲਾ।'
(ਹਾਸਾ) (ਵਿਘਨ) (ਸ਼ੋਰ)

ਮਹਿੰਗਾਈ ਦਾ ਅਸਰ ਸਭ ਤੇ ਪੈਣਾ ਹੈ। ਤੇਲ ਅਸੀਂ ਫਾਰੇਨ ਤੋਂ ਮੰਗਵਾਉਂਦੇ ਹਾਂ। (ਵਿਘਨ) ਤੇਲ ਬਾਹਿਰੋਂ ਆਉਂਦਾ ਹੈ। ਉਹ ਦੇਸ਼ ਤੇਲ ਸਾਨੂੰ ਮਹਿੰਗਾ ਦਿੰਦੇ ਹਨ। They are using it as a weapon ਜੇ ਉਥੇ ਤੇਲ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ ਤਾਂ ਇਥੇ ਵੀ ਵਧਾਉਣੀਆਂ ਪੈਂਦੀਆਂ ਹਨ (ਵਿਘਨ) ਕਈ ਚੀਜ਼ਾਂ ਐਸੀਆਂ ਹੁਦੀਆਂ ਹਨ ਜਿਹੜੀਆਂ ਬੀਯਾਂਡ ਕੰਟਰੋਲ ਹੁੰਦੀਆਂ ਹਨ, ਉਨ੍ਹਾਂ ਤੇ ਕੰਟਰੋਲ ਨਹੀਂ ਹੋ ਸਕਦਾ (ਵਿਘਨ) ਮੈਂ ਅਰਜ਼ ਕਰਾਂਗਾ ਕਿ ਸਾਡੀ ਸਰਕਾਰ ਜ਼ਿਮੇਵਾਰੀ ਲਵੇ ਕਿ ਉਹ ਜ਼ਿਮੀਦਾਰਾਂ ਨੂੰ ਝੋਨੇ ਦੇ ਭਾਅ ਠੀਕ ਦਿਵਾਏਗੀ। ਇਹ ਠੀਕ ਹੈ ਕਿ ਇਥੇ ਐਸ਼ੋਅਰ ਕਰਾਇਆ ਗਿਆ ਹੈ ਕਿ 10 ਰੁਪਏ ਅਸੀਂ ਦਿਆਂਗੇ। ਜੇ ਐਫ.ਸੀ.ਆਈ. ਨਹੀਂ ਖਰੀਦੇਗੀ ...

ਸ਼੍ਰੀ ਸਪੀਕਰ: ਤੁਹਾਨੂੰ 5 ਮਿੰਟ ਟਾਈਮ ਮਿਲਿਆ ਸੀ। ਉਹ ਖ਼ਤਮ ਹੋ ਗਿਆ ਹੈ

ਸਰਦਾਰ ਗੁਰਨੈਬ ਸਿੰਘ ਬਰਾੜ: ਸਾਡੀ ਸਰਕਾਰ ਨੂੰ ਇਹ ਵੀ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਜੇ ਐਫ.ਸੀ.ਆਈ. ਮੰਡੀਆਂ ਵਿਚੋਂ ਪਰਚੇਜ਼ ਨਹੀਂ ਕਰੇਗੀ ਤਾਂ ਸਾਡੀ ਸਰਕਾਰ ਆਪ ਜਿਣਸ ਮਡੀਆਂ ਵਿਚੋਂ ਠੀਕ ਰੇਟ ਤੇ ਖਰੀਦ ਕਰੇਗੀ। ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਜਿਹੜੇ ਗੋਦਾਮ ਬਣਾਏ ਸਨ ਉਹ ਐਵੇਂ ਨਾ ਰਹਿ ਜਾਣ। (ਵਿਘਨ)

ਸਰਦਾਰ ਜਸਮੇਰ ਸਿੰਘ ਢੱਲੇ (ਫਰੀਦਕੋਟ): ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮੋਸ਼ਨ ਤੇ ਆਪਣੇ ਖਿਆਲਾਤ ਰੱਖਣ ਦਾ ਟਾਈਮ ਦਿੱਤਾ ਹੈ। ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ। ਪਰ ਟਰੈਜ਼ਰੀ ਬੈਂਚਿਜ਼ ਨੇ ਇਸ ਗੱਲ ਤੇ ਜ਼ੋਰ ਲਾਇਆ ਹੈ ਕਿ ਜੋ ਖਰਾਬੀਆਂ ਹੋਈਆਂ ਹਨ ਜਾਂ ਜੋ ਮਹਿੰਗਾਈ ਹੋਈ ਹੈ ਇਹ ਆਪੋਜ਼ੀਸ਼ਨ ਵਿਚ ਬੈਠੇ ਸਾਥੀਆਂ ਦੇ ਰਾਜ ਸਮੇਂ ਦੀਆਂ ਗਲਤ ਨੀਤੀਆਂ ਕਰਕੇ ਹੋਈ ਹੈ। ਸਪੀਕਰ ਸਾਹਿਬ, ਇਹ ਸਾਰੀ ਗੱਲ ਸਹੀ ਨਹੀਂ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਕਾਂਗਰਸ ਪਾਰਟੀ ਦਾ ਰਾਜ ਸੀ ਤਾਂ ਉਦੋਂ ਵੀ ਖਾਦ, ਡੀਜ਼ਲ ਅਤੇ ਹੋਰ ਚੀਜ਼ਾਂ ਦੀਆਂ ਕੀਮਤਾਂ ਵੱਧਦੀਆਂ ਰਹੀਆਂ ਸਨ। ਪਰ ਸਿਰਫ ਇਸ ਗੱਲ ਤੇ ਸਮਾਂ ਖਰਾਬ ਕਰਨਾ ਕਿ ਕਿਸੇ ਨੇ ਕੀ ਕੀਤਾ ਅਤੇ ਕੀ ਨਹੀਂ ਕੀਤਾ। ਇਹ ਬਹੁਤੀ ਚੰਗੀ ਗੱਲ ਨਹੀਂ ਹੈ। ਮੈਂ ਆਪਣੇ ਵੱਲੋਂ ਇਕ ਦੋ ਸੁਝਾਓ ਦੇਣਾ ਚਾਹੁੰਦਾ ਹਾਂ। ਜੋ ਇਸ ਵੇਲੇ ਹਾਲਾਤ ਵਾਪਰ ਰਹੇ ਹਨ ਉਹ ਸਾਰੇ ਦੇਸ਼ ਦੇ ਅਤੇ ਪੰਜਾਬ ਦੇ ਲੋਕਾਂ ਦੇ ਸਾਹਮਣੇ ਹਨ। ਸਾਡਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਮਤ ਸਿੰਘ ਢਿੱਲੋਂ]

ਮੁੱਖ ਕਿੱਤਾ ਖੇਤੀ ਹੈ ਅਤੇ ਖੇਤੀ ਨਾਲ ਹੀ ਅਸੀਂ ਆਪਣੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਦੇ ਹਾਂ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਬਠਿੰਡਾ ਥਰਮਲ ਪਲਾਂਟ ਨੂੰ ਐਮਰਜੰਸੀ ਲੈਵਲ ਤੇ 24 ਘੰਟੇ ਕੰਮ ਕਰਨਾ ਚਾਹੀਦਾ ਹੈ ਤਾਕਿ ਉਥੋਂ ਬਿਜਲੀ ਹਮੇਸ਼ਾਂ ਮਿਲੇ। ਉਥੇ ਕੋਈ ਲੇਬਰ ਪ੍ਰਾਬਲਮ ਨਾ ਹੋਵੇ ਅਤੇ ਜੋ ਹੋਰ ਲੋੜੀਂਦੀਆਂ ਚੀਜ਼ਾਂ ਹਨ ਉਹ ਸਾਡੀ ਸਰਕਾਰ ਪੂਰੀਆਂ ਕਰੇ। ਇਸੇ ਤਰ੍ਹਾਂ ਸਾਡੀ ਨੰਗਲ ਖਾਦ ਫੈਕਟਰੀ ਨੂੰ ਐਮਰਜੰਸੀ ਲੈਵਲ ਤੇ ਕੰਮ ਕਰਨਾ ਚਾਹੀਦਾ ਹੈ ਤਾਕਿ ਉਹ ਖਾਦ ਦੀ ਘਾਟ ਪੂਰੀ ਕਰ ਸਕਣ।

ਇਕ ਬੇਨਤੀ ਮੈਂ ਹੋਰ ਕਰਨੀ ਹੈ। ਉਹ ਇਹ ਹੈ ਕਿ ਪੰਜਾਬ ਦਾ ਕਿਸਾਨ ਕੋਆਪ੍ਰੇਟਿਵ ਮਹਿਕਮੇ ਦਾ ਕਰਜ਼ਾਈ ਹੈ, ਦੇਣਦਾਰ ਹੈ। ਕੋਆਪ੍ਰੇਟਿਵ ਮਹਿਕਮਾ ਪੰਜਾਬ ਵਿਚ ਖਾਦ ਵੰਡਦਾ ਹੈ। ਸਪੀਕਰ ਸਾਹਿਬ, ਮੇਰੇ ਕੋਲ ਮਿਸਾਲਾਂ ਹਨ ਕਿ ਜਿਸ ਦਿਨ ਖਾਦ ਦੀਆਂ ਕੀਮਤਾਂ ਵਧੀਆਂ ਸਨ ਉਸ ਦਿਨ ਤੋਂ 2 ਦਿਨ ਪਹਿਲਾਂ ਕੋਆਪ੍ਰੇਟਿਵ ਮਹਿਕਮੇ ਦੇ ਸਬ-ਇਨਸਪੈਕਟਰ, ਏ.ਆਰ. ਅਤੇ ਸੈਕਟਰੀ ਗਾਇਬ ਹੋ ਗਏ ਅਤੇ ਉਨ੍ਹਾਂ ਨੇ ਗੋਡਾਊਨਜ਼ ਵਿਚੋਂ ਖਾਦ ਦੀਆਂ ਬੋਰੀਆਂ ਕੱਢ ਕੇ ਪਾਸੇ ਰੱਖ ਲਈਆਂ ਅਤੇ ਖਾਦ ਦੀਆਂ ਬੋਰੀਆਂ ਵਿਚੋਂ ਇਕ ਇਕ, ਦੋ ਦੋ ਕਿਲੋ ਖਾਦ ਕੱਢ ਕੇ ਫਿਰ ਉਨ੍ਹਾਂ ਬੋਰੀਆਂ ਨੂੰ ਸਿਉਂ ਦਿੱਤਾ। ਮੈਂ ਬੇਨਤੀ ਕੀਤੀ ਕਿ ਇਸ ਦਾ ਤੋਲ ਪੂਰਾ ਕਰੋ। ਮੈਂ ਉਸ ਵੇਲੇ ਜਾਕੇ ਕਰਮਚਾਰੀਆਂ ਨੂੰ ਕਿਹਾ ਕਿ ਇਹ ਠੀਕ ਹੈ ਕਿ ਖਾਦ ਦੀਆਂ ਕੀਮਤਾਂ ਵੱਧ ਗਈਆਂ ਹਨ ਪਰ ਜੋ ਇਸ ਵੇਲੇ ਸਟੋਰ ਵਿਚ ਖਾਦ ਪਈ ਹੈ ਇਹ ਖਾਦ ਪੁਰਾਣੀ ਕੀਮਤ ਤੇ ਕਿਸਾਨਾਂ ਨੂੰ ਸੁਸਾਈਟੀਆਂ ਦੇ ਰਾਹੀਂ ਦਿੱਤੀ ਜਾਵੇ। ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਮਹਿਕਮਾ ਉਨ੍ਹਾਂ ਕੋਲ ਹੈ ਇਸ ਚੀਜ਼ ਦੀ ਇਨਕੁਆਇਰੀ ਕਰਾਈ ਜਾਵੇ ਅਤੇ ਜੋ ਸਟੋਰਾਂ ਵਿਚ ਖਾਦ ਪਈ ਸੀ ਉਹ ਪੁਰਾਣੀ ਕੀਮਤ ਤੇ ਹੀ ਕਿਸਾਨਾਂ ਨੂੰ ਦਿੱਤੀ ਜਾਵੇ। ਇਹ ਸਾਡੀ ਸਰਕਾਰ ਜਿਹੜੀ ਕਹਿਦੀ ਹੈ ਕਿ ਇਹ ਕਿਸਾਨ ਦੀ ਹਮਦਰਦ ਹੈ, ਇਸ ਨੂੰ ਕਿਸਾਨ ਦੇ ਭਵਿਖ ਦੀ ਚਿੰਤਾ ਹੈ, ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਕਿਸਾਨਾਂ ਨੂੰ ਰਿਜ਼ਰਵ ਬੈਂਕ ਤੋਂ ਜੋ ਪੈਸੇ ਮਿਲਦੇ ਹਨ ਉਹ ਉਨ੍ਹਾਂ ਤੋਂ ਛੇ ਮਹੀਨਿਆਂ ਬਾਦ ਵਸੂਲ ਕੀਤੇ ਜਾਂਦੇ ਹਨ। ਫਸਲ ਤੋਂ ਉਗਰਾਹੇ ਜਾਂਦੇ ਹਨ। ਇਸ ਲਈ ਇਹ ਬਹੁਤ ਅੱਛਾ ਹੋਵੇਗਾ ਜੇ ਰਿਜ਼ਰਵ ਬੈਂਕ ਨਾਲ ਇਹ ਮਸਲਾ ਟੇਬ ਅੱਪ ਕਰਕੇ ਛੇ ਮਹੀਨਿਆਂ ਦੀ ਥਾਂ ਤੇ ਲੋਨ 3 ਸਾਲਾਂ ਵਿਚ ਬਦਲ ਦਿੱਤਾ ਜਾਵੇ ਤਾਕਿ ਕਿਸਾਨ ਨੇ ਜੋ ਖਾਦ ਲੈਣੀ ਅਤੇ ਉਸ ਦੇ ਜ਼ਿਮੇ ਕਰਜ਼ਾ ਚੜ੍ਹਨਾ ਹੈ ਉਸ ਨੂੰ ਉਹ ਛੇ ਮਹੀਨਿਆਂ ਦੀ ਥਾਂ ਤੇ 3 ਸਾਲਾਂ ਵਿਚ ਮਤਲਬ ਕਿ 6 ਛਿਮਾਹੀਆਂ ਵਿਚ ਵਾਪਿਸ ਕਰ ਦੇਵੇ ਅਤੇ ਇਸ ਤਰ੍ਹਾਂ ਇਕ ਦਮ ਕਿਸਾਨ ਤੇ ਕਰਜ਼ੇ ਦਾ ਭਾਰ ਨਾ ਪਵੇ।

ਸਪੀਕਰ ਸਾਹਿਬ, ਫ਼ਸਲ ਕੀਮਤਾਂ ਵੱਧੀਆਂ ਹਨ ਉਸ ਬਾਰੇ ਮੈਂ ਇਕ ਸੁਝਾਵ ਦਿਆਂਗਾ ਕਿ ਐਗਰੀਕਲਚਰ ਯੂਨੀਵਰਸਿਟੀ ਤੋਂ ਉਸ ਦਾ ਪ੍ਰਾਇਸ ਚਿੰਡੈਕਸ ਮੰਗਿਆ ਜਾਏ। ਜੋ ਝੋਨੇ ਦੀ ਪੈਦਾਵਾਰ ਵਿਚ ਕਿਸਾਨ ਦੀ ਲਾਗਤ ਆਉਂਦੀ ਹੈ ਅਤੇ ਜੋ ਕਿਸਾਨ ਦੀ ਮਿਹਨਤ ਹੈ ਉਸ ਦੇ ਵਿਚ ਐਡ ਕਰਕੇ ਕੀਮਤ ਦੇਣੀ ਚਾਹੀਦੀ ਹੈ ਜਾਂ ਕਿਸਾਨ ਨੂੰ ਬੋਨਸ ਦੀ ਸ਼ਕਲ ਵਿਚ ਯੋਗ ਕੀਮਤ ਦੇਣੀ ਚਾਹੀਦੀ ਹੈ। ਸਪੀਕਰ ਸਾਹਿਬ, ਹਰ ਆਦਮੀ ਜੋ ਹਿੰਦੁਸਤਾਨ ਵਿਚ ਕੋਈ ਵੀ ਕਿੱਤਾ ਕਰਨ ਵਾਲਾ ਹੈ ਉਹ ਆਪਣੇ ਮਾਲ ਦੀ ਕੀਮਤ ਆਪ ਪਾਉਂਦਾ ਹੈ। ਪਰ ਇਹ ਬਦਕਿਸਮਤੀ ਹੈ ਇਥੋਂ ਦੇ ਕਿਸਾਨ ਦੀ ਕਿ ਉਸਦੀ ਜਿਨਸ ਦੀ ਕੀਮਤ ਜਦੋਂ ਉਹ ਮੰਡੀਆਂ ਵਿਚ ਲਿਆਉਂਦਾ ਹੈ ਤਾਂ ਹੋਰ ਲੋਕੀਂ ਪਾਉਂਦੇ ਹਨ ਅਤੇ ਉਹ ਬੇਵੱਸੀ ਨਾਲ ਬਿਟਰ ਬਿਟਰ ਵੇਖਦਾ ਰਹਿੰਦਾ ਹੈ ਕਿ ਮੇਰੀ ਜਿਨਸ ਦੀ ਕੀਮਤ ਠੀਕ ਪੈਣੀ ਹੈ ਜਾਂ ਨਹੀਂ। ਮੈਂ ਚੀਫ਼ ਮਨਿਸਟਰ ਸਾਹਿਬ ਕੋਲ ਬੇਨਤੀ ਕਰਾਂਗਾ ਕਿ ਇਸ ਦੇ ਲਈ ਸਾਡੀ ਜੋ ਪ੍ਰਬੰਧਕ ਪ੍ਰਣਾਲੀ ਹੈ ਉਸ ਚੇ ਵਿਚ ਵੀ ਸੁਧਾਰ ਕੀਤਾ ਜਾਵੇ। ਇਹ ਸੁਧਾਰ ਲਿਆਉਣਾ ਤਾਂ ਗੌਰਮਿੰਟ ਦੇ ਆਪਣੇ

Original with;
Punjab Vidhan Sabha
Digitized by;
Panjab Digital Library

ਵੱਸ ਦੀ ਗਲ ਹੈ। ਇਸ ਵੇਲੇ ਜਿਹੜੇ ਇਨਸਪੈਕਟਰਜ਼ ਹਨ ਜੋ ਕਿਸਾਨ ਦੀ ਫਸਲ ਖਰੀਦਦੇ ਹਨ, ਉਹ ਕਿਸਾਨ ਨੂੰ ਬਹੁਤ ਖਰਾਬ ਕਰ ਰਹੇ ਹਨ, ਤੋਲਣ ਵਾਲੇ ਠੀਕ ਤੁਲਾਈ ਨਹੀਂ ਕਰਦੇ। ਬਾਰਦਾਨੇ ਵਾਲੇ 10-10 ਦਿਨ ਬਾਰਦਾਨਾ ਨਹੀਂ ਲਿਆਉਂਦੇ ਅਤੇ ਕਿਸਾਨ ਵਿਚਾਰਾ ਆਪਣੇ ਫਸਲ ਦੇ ਢੇਰਾਂ ਤੇ ਗਰਮੀ ਦੀ ਕੜਕਦੀ ਧੁੱਪ ਵਿਚ, ਸਰਦੀ ਵਿਚ, ਆਪਣੇ ਢੇਰਾਂ ਤੇ ਪਿਆ ਰਹਿੰਦਾ ਹੈ। ਇਹ ਪ੍ਰਬੰਧ ਠੀਕ ਕਰਨਾ ਗੌਰਮਿੰਟ ਦੇ ਆਪਣੇ ਵੱਸ ਵਿਚ ਹੈ। ਮੇਰਾ ਖਿਆਲ ਹੈ ਕਿ ਇਸ ਦੇ ਨਾਲ 30--35% ਰਿਆਇਤ ਕਿਸਾਨ ਨੂੰ ਮਿਲ ਜਾਵੇਗੀ ਜੇ ਵੇਲੇ ਸਿਰ ਕਿਸਾਨ ਆਪਣੀ ਜਿਣਸ ਮੰਡੀ ਵਿਚ ਵੇਚ ਕੇ ਆਪਣੇ ਘਰ ਨੂੰ ਚਲਾ ਜਾਵੇ।

ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਸਾਨ ਨੂੰ ਉਸ ਦੀ ਜਿਣਸ ਖਰੀਦਣ ਤੋਂ ਪਿਛੋਂ ਪੇਮੈਂਟ 10-10 ਦਿਨ ਨਹੀਂ ਮਿਲਦੀ ਅਤੇ ਜਦ ਮਿਲਦੀ ਹੈ ਤਾਂ ਉਹ ਵੀ ਇਕੱਠੀ ਨਹੀਂ ਮਿਲਦੀ। ਕਿਸੇ ਗਰੀਬ ਨੇ ਅਗਰ 1,000 ਰੁਪਿਆ ਲੈਣਾ ਹੁੰਦਾ ਹੈ ਤਾਂ ਉਸ ਨੂੰ ਉਸ ਦੇ ਪਿਛੇ ਕਈ ਕਈ ਚੱਕਰ ਮਾਰਨੇ ਪੈਂਦੇ ਹਨ। ਫੇਰ ਹਜ਼ਾਰ ਰੁਪਏ ਵਿਚੋਂ ਉਸ ਨੂੰ 100 ਰੁਪਿਆ ਇਕ ਵਾਰ ਵਿਚ ਮਿਲ ਵੀ ਜਾਵੇ ਤਾਂ ਉਸ ਦੇ ਆਉਣ ਜਾਣ ਤੇ 10--15 ਰੁਪਏ ਖਰਚੇ ਜਾਂਦੇ ਹਨ ਅਤੇ ਇਸ ਤਰ੍ਹਾਂ ਉਸ ਦੇ ਪੱਲੇ ਕੁਝ ਨਹੀਂ ਪੈਂਦਾ ਅਤੇ ਉਸ ਦਾ ਸਮਾਂ ਵੱਖਰਾ ਖਰਾਬ ਹੋ ਜਾਂਦਾ ਹੈ। ਇਸ ਲਈ ਮੈਂ ਇਹ ਵੀ ਕਹਾਂਗਾ ਕਿ ਜਿਸ ਦਿਨ ਉਸ ਦੀ ਜਿਣਸ ਖਰੀਦੀ ਜਾਵੇ ਉਸ ਨੂੰ ਇਕ ਦੋ ਦਿਨਾਂ ਵਿਚ ਉਸ ਦੀ ਪੇਮੈਂਟ ਇਕ ਮੁੱਠ ਮਿਲ ਜਾਵੇ ਨਾ ਕਿ ਬਾਈ ਪਾਰਟਸ ਉਸ ਨੂੰ ਪੇਮੈਂਟ ਕੀਤੀ ਜਾਵੇ। (ਵਿਘਨ)

ਸ਼੍ਰੀ ਸਪੀਕਰ: ਹੁਣ ਵਾਈਂਡ ਅੱਪ ਕਰ ਦਿਓ ਜੀ।

ਸਰਦਾਰ ਜਸਮਤ ਸਿੰਘ ਢਿੱਲੋਂ: ਇਸ ਲਈ ਮੈਂ ਇਹ ਸਮਝਦਾ ਹਾਂ ਕਿ ਇਹ ਬੜੀ ਜ਼ਰੂਰੀ ਗੱਲ ਹੈ ਅਤੇ ਕਿਸਾਨਾਂ ਦੇ ਹਿੱਤਾਂ ਦੀ ਗਲ ਹੈ। ਅੱਜ ਸਵੇਰੇ ਹੀ ਚੀਫ਼ ਮਨਿਸਟਰ ਸਾਹਿਬ ਕਹਿ ਰਹੇ ਸਨ ਕਿ ਅਸੀਂ ਪੋਲਟਰੀ ਵਾਲਿਆਂ ਅਤੇ ਹੋਰਨਾਂ ਦਾ ਵੀ ਧਿਆਨ ਰੱਖਣਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਗਰ ਕਿਸਾਨ ਮਰ ਗਿਆ ਤਾਂ ਪੋਲਟਰੀ, ਇੰਡਸਟਰੀ ਜਾਂ ਹੋਰ ਕਿੱਤਿਆਂ ਅਤੇ ਲੋਕਾਂ ਤੇ ਉਸ ਦਾ ਅਸਰ ਪਵੇਗਾ। ਇਸ ਵੇਲੇ ਪੰਜਾਬ ਦੇ ਕਿਸਾਨ ਤੇ ਜੋ ਮਾਣ ਕੀਤਾ ਜਾਂਦਾ ਹੈ ਕਿ ਕਿਸਾਨ ਸਾਨੂੰ ਖਾਣ ਵਾਸਤੇ ਕਾਫੀ ਆਨਾਜ ਦਿੰਦਾ ਹੈ।ਜੇ ਉਸ ਦੇ ਉਤੇ ਕੋਈ ਅਸਰ ਪਿਆ ਤਾਂ ਸਾਰਿਆਂ ਤੇ ਇਸ ਦਾ ਅਸਰ ਪਵੇਗਾ। ਇਸ ਲਈ ਮੇਰੀ ਬੇਨਤੀ ਹੈ ਕਿ ਕਿਸਾਨ ਦੇ ਕੰਮਾਂ ਨੂੰ ਪਹਿਲ ਦੇ ਕੇ ਉਸ ਦੇ ਲਈ ਪ੍ਰਬੰਧ ਨੂੰ ਠੀਕ ਕੀਤਾ ਜਾਵੇ, ਰਿਜ਼ਰਵ ਬੈਂਕਾਂ ਨਾਲ loan ਬਾਰੇ ਮਾਮਲਾ ਟੇਕ ਅੱਪ ਕੀਤਾ ਜਾਵੇ ਅਤੇ ਕਿਸਾਨ ਨੂੰ ਬੋਨਸ ਦਿੱਤਾ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਆਪਣੇ ਖਿਆਲ ਦੱਸਣ ਲਈ ਸਮਾਂ ਦਿੱਤਾ ਹੈ।

ਖੇਤੀਬਾੜੀ ਮੰਤਰੀ (ਚੌਧਰੀ ਕਾਸ਼ੀ ਰਾਮ): ਸਪੀਕਰ ਸਾਹਿਬ, ਜਿਹੜਾ ਇਹ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਆਇਆ ਹੈ Enhancement of fertilizer and diesel prices, ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਸਾਨ ਦੇ ਉਤੇ ਬੜਾ ਭਾਰੀ ਬੋਝ ਆ ਗਿਆ ਹੈ। ਇਹ ਅੰਕੜਿਆਂ ਵਿਚ ਜਾਣ ਵਾਲੀ ਬਹੁਤੀ ਗੱਲ ਨਹੀਂ ਹੈ, ਰਿਅਲਿਸਟਕ ਹੋ ਕੇ ਸੋਚਣ ਵਾਲੀ ਗੱਲ ਜ਼ਿਆਦਾ ਹੈ। ਹਾਊਸ ਦਾ ਮਾਹੌਲ ਕੋਈ ਇਹੋ ਜਿਹਾ ਲਗ ਰਿਹਾ ਹੈ ਕਿ ਸਾਰੀਆਂ ਪਾਰਟੀਆਂ ਕਿਸਾਨ ਦੇ ਜ਼ਾਮਨ ਹੋਣ ਦਾ ਤੇਖਲਾ ਬਰ ਰਹੀਆਂ ਹਨ ਪਰ ਕਿਸਾਨ ਕਿਸ ਨੂੰ ਆਪਣਾ ਜ਼ਾਮਨ ਮੰਨਦਾ ਹੈ,

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਇਹ ਮੈਂ ਨਹੀਂ ਕਹਿ ਸਕਦਾ। ਇਹ ਮੈਂ ਨਹੀਂ ਜਾਣਦਾ। ਇਸ ਪੰਜਾਬ ਦੇ ਸਮਾਜ ਵਿਚ, ਸੁਸਾਇਟੀ ਵਿਚ ਜੋ ਲੋਕ ਰਹਿੰਦੇ ਹਨ ਉਨ੍ਹਾਂ ਵਿਚੋਂ ਮੇਜਰ ਕੰਸਟੀਚਿਊਐਂਟ ਜੋ ਹੈ ਉਹ ਰੂਰਲ ਪਾਪੂਲੇਸ਼ਨ ਦਾ ਹੈ। ਜਦੋਂ ਕਿਸਾਨ ਨੂੰ ਇਨ੍ਹਾਂ ਐਨਹਾਂਸਡ ਕੀਮਤਾਂ ਤੇ ਇਹ ਚੀਜ਼ਾਂ ਦਿੱਤੀਆਂ ਜਾਣਗੀਆਂ, ਉਸ ਦਾ ਸਾਰੇ ਸਮਾਜ ਦੇ ਵਰਗਾਂ ਤੇ ਜ਼ਰੂਰ ਅਸਰ ਪਵੇਗਾ। ਸਪੀਕਰ ਸਾਹਿਬ, ਅਗਰ ਇਸ ਨੂੰ ਅਸੀਂ ਬਰੇਕ-ਅੱਪ ਕਰ ਲਈਏ ਤਾਂ ਅੰਕੜਿਆਂ ਵਿਚ ਗੱਲ ਆ ਜਾਂਦੀ ਹੈ। ਇਕ ਗਲ ਦਾ ਜਵਾਬ ਬਰਨਾਲਾ ਜੀ ਨੇ ਬੜੇ ਸੁਚੱਜੇ ਢੰਗ ਨਾਲ ਦਿੱਤਾ ਹੈ। ਇਹ ਸਾਥੀ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਤਾਂ ਇਹੀ ਰੌਲਾ ਪਾਉਂਦੇ ਹਨ ਕਿ 30 ਸਾਲਾਂ ਦੇ ਰਾਜ ਵਿਚ ਕਾਂਗਰਸ ਨੇ ਕੀ ਕੀਤਾ ਹੈ। ਇਹ ਬੜਾ ਚੰਗਾ ਹੋਇਆ ਹੈ ਕਿ ਤੁਸੀਂ ਇਹ ਰੈਜ਼ੋਲਿਊਸ਼ਨ ਇਸ ਹਾਊਸ ਵਿਚ ਅਲਾਓ ਕੀਤਾ ਹੈ ਅੌਰ ਬਰਨਾਲਾ ਸਾਹਿਬ ਦੀ ਜ਼ਬਾਨ ਵਿਚੋਂ ਇਹ ਗੱਲਾਂ ਨਿਕਲੀਆਂ ਹਨ ਕਿ ਕਾਂਗਰਸ ਦੇ 30 ਸਾਲਾਂ ਦੇ ਰਾਜ ਵਿਚ ਇਹ ਇਹ ਅਚੀਵਮੈਂਟਸ ਹੋਈਆਂ ਹਨ। ਸਪੀਕਰ ਸਾਹਿਬ, 1947 ਤੋਂ ਪਹਿਲਾਂ ਵੀ ਅਤੇ ਉਸ ਤੋਂ ਬਾਅਦ ਵੀ ਕੁਝ ਚਿਰ ਹਿੰਦੁਸਤਾਨ ਨੂੰ ਕਣਕ ਬਾਹਰੋਂ ਮੰਗਵਾ ਨੇ ਖਾਣੀ ਪੈਂਦੀ ਸੀ ਅਤੇ ਫੂਡ-ਸਟੱਫ ਵਿਚ ਅਸੀਂ ਸੈਲਫ-ਸਫੀਸ਼ੀਐਂਟ ਨਹੀਂ ਸੀ। ਕਈ ਵਾਰੀ ਤਾਂ ਪੰਜਾਬ ਵਰਗੇ ਸੂਬੇ ਨੂੰ, ਜਿਹੜਾ ਕਿ ਇਸ ਵੇਲੇ ਹਿੰਦੁਸਤਾਨ ਦੇ ਭੰਡਾਰ ਵਿਚ ਆਪਣਾ ਭਾਰੀ ਹਿੱਸਾ ਪਾਉਂਦਾ ਹੈ,ਵੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਸੀ। 1966-67 ਦੀ ਗੱਲ ਮੈਨੂੰ ਅੱਜ ਵੀ ਯਾਦ ਹੈ ਕਿ ਜਦੋਂ ਅਸੀਂ ਆਪਣੇ ਬੇਲੀ ਹਰੀਜਨਾਂ ਪਾਸ ਵੋਟਾਂ ਲੈਣ ਲਈ ਜਾਂਦੇ ਸੀ ਤਾਂ ਉਥੇ ਜਾ ਕੇ ਜਦੋਂ ਕਹਿੰਦੇ ਸੀ ਕਿ ਮਾਤਾ ਜੀ ਕਾਂਗਰਸ ਨੂੰ ਵੋਟ ਪਾਉਣਾ ਤਾਂ ਅਗੋਂ ਮਾਤਾ ਕਹਿੰਦੀ ਸੀ ਕਿ ਵੋਟ ਤਾਂ ਪਾਵਾਂਗੇ ਹੀ ਜੇ ਆਟੇ ਤੋਂ ਜਿਉਂਦੇ ਰਹੇ ਗਏ। ਇਹ ਸਿਚੂਏਸ਼ਨ ਵੀ ਇਥੇ ਹੋਈ ਸੀ ਅੌਰ ਇਹ ਗੱਲ ਅੱਜ ਬਰਨਾਲਾ ਸਾਹਿਬ ਫਿਗਰਜ਼ ਦੱਸ ਕੇ ਕਹਿ ਗਏ ਹਨ ਕਿ ਅਸੀਂ 50 ਹਜ਼ਾਰ ਟਨ ਤੋਂ ਚਲ ਕੇ ਇਸ ਐਨਹਾਂਸਮੈਂਟ ਤਕ ਪਹੁੰਚੇ ਹਾਂ। ਫੂਡ ਸਟੱਫ ਵਿਚ ਜਿਥੇ ਕਨਜ਼ਿਊਮਰਜ਼ ਦੀ ਐਨਹਾਂਸਮੈਂਟ ਹੁੰਦੀ ਰਹੀ ਉਥੇ ਇਨਕਰੀਜ਼ ਇਨ ਪ੍ਰੋਡਕਸ਼ਨ ਵੀ ਹੁੰਦੀ ਰਹੀ, ਖਾਦ ਦੀ ਪ੍ਰਾਈਸ ਵਿਚ ਵੀ ਐਨਹਾਂਸਮੈਂਟ ਹੋਈ ਹੈ। ਜੋ ਰੈਜ਼ੋਲਿਊਸ਼ਨ ਇਸ ਹਾਊਸ ਵਿਚ ਅੱਜ ਆਇਆ ਹੈ ਇਹ ਖਰੀਫ ਲਈ ਹੈ ਜਾਂ ਸਾਰੇ ਸਾਲ ਦੀ ਫਸਲ ਲਈ ਹੈ। ਅਸੀਂ ਜੇ ਇਸ ਗੱਲ ਨੂੰ ਦੇਖੀਏ ਤਾਂ ਸਾਰੀ ਡੀਬੇਟ ਵਿਚ ਮੈਂਬਰਜ਼ ਨੇ ਆਪਣੇ ਆਪ ਨੂੰ ਝੋਨੇ ਤੇ ਹੀ ਕੰਸੈਂਟਰੇਟ ਕੀਤਾ ਹੈ। ਸਾਉਣੀ ਦੀ ਫਸਲ ਵਿਚ ਮੇਜਰ ਕੁਮਰਸ਼ੀਅਲ ਕਰਾਪ ਇਕੱਲਾ ਝੋਨਾ ਹੀ ਨਹੀਂ, ਸਗੋਂ ਕਾਟਨ ਵੀ ਹੈ। ਅੱਜ ਪੰਜਾਬ ਦੇ ਵਿਚ ਫਰੀਦਕੋਟ, ਫਿਰੋਜ਼ਪੁਰ, ਬਠਿੰਡੇ ਜ਼ਿਲ੍ਹੇ ਵਿਚ ਅੌਰ ਕੁਝ ਸੰਗਰੂਰ ਡਿਸਟ੍ਰਿਕਟ ਦੇ ਹਿੱਸੇ ਵਿਚ ਕਾਟਨ ਜ਼ਿਆਦਾ ਹੁੰਦੀ ਹੈ। ਜਿਹੜੀ ਇਸ ਵੇਲੇ ਆਊਟ-ਪੁੱਟ ਹੈ ਉਹ ਤਕਰੀਬਨ 13 ਲੱਖ ਬੇਲਜ਼ ਦੀ ਹੈ। ਇਹ ਸਾਡੀ ਸੈਂਟਰ ਦੀ ਸਰਕਾਰ ਦੀ ਪਾਲਿਸੀ ਹੈ ਕਿ ਇਹ ਜਿਹੜੀ ਕੁਮਰਸ਼ੀਅਲ ਕਰਾਪ ਹੈ ਇਸ ਦੀ ਟਰੇਡਿੰਗ ਨੈਸ਼ਨੈਲਾਈਜ਼ਡ ਸੈਕਟਰ ਵਿਚ ਨਹੀਂ। ਫੂਡ ਸਟੱਫ ਵਿਚ ਜੋ ਵ੍ਹੀਟ ਤੇ ਪੈਡੀ ਹੈ ਇਸ ਦੇ ਵਿਚ ਇਨ ਪ੍ਰਿੰਸੀਪਲ ਭਾਰਤ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸਟੇਟ ਟਰੇਡਿੰਗ ਹੋਵੇਗੀ। ਅੌਰ ਸਟੇਟ ਟਰੇਡਿੰਗ ਦੇ ਵਿਚ ਇਹ ਮਨਾਪਲੀ ਕਰ ਦਿੱਤੀ ਕਿ ਕਿਸਾਨ ਦੀ ਸਾਰੀ ਜਿਣਸ ਜਿਸ ਤਰ੍ਹਾਂ ਕਿ ਗੰਦਮ ਜਾਂ ਝੋਨਾ ਹੋਵੇਗਾ ਉਸਦੀ ਐਫ. ਸੀ. ਆਈ. ਦੇ ਥਰੂ ਟਰਾਂਜ਼ੈਕਸ਼ਨ ਹੋਵੇਗੀ। ਇਥੇ ਹਾਊਸ ਵਿਚ ਅਖ਼ਬਾਰੀ ਬਿਆਨਾਂ ਦੇ ਆਧਾਰ ਤੇ ਇਸ ਗਲ ਦਾ ਖ਼ਤਰਾ ਜ਼ਾਹਿਰ ਕੀਤਾ ਗਿਆ ਹੈ । ਸਪੀਕਰ ਸਾਹਿਬ, ਅਖ਼ਬਾਰ ਵਿਚ ਇਹ ਬਿਆਨ ਰਾਹੀਂ ਕਿਸੇ ਐਫ.ਸੀ.ਆਈ, ਅਫ਼ਸਰ ਨੇ ਕੁਝ ਕਹਿ ਦਿਤਾ । ਇਹ ਐਫ.ਸੀ.ਆਈ. ਇਕ ਇੰਨਸਟੀਚਿਊਸ਼ਨ ਬਣਾਇਆ ਹੈ। ਬਰਨਾਲਾ ਸਾਹਿਬ ਵੀ ਸੈਂਟਰ ਵਿਚ ਰਹੇ ਹਨ ਉਨ੍ਹਾਂ ਨੂੰ ਪਤਾ ਹੋਣਾ ਹੈ, ਕਿ ਸਟੇਟ ਟਰੇਡਿੰਗ ਕਰਨੀ ਹੈ ਅੌਰ ਸਰਕਾਰ ਨੇ ਐਫ. ਸੀ. ਆਈ.ਨੂੰ ਇਸ ਕਰਕੇ ਸੈਟ ਅੱਪ ਕੀਤਾ ਕਿ ਕੰਜ਼ਿਊਮਰ ਅੌਰ ਪ੍ਰੋਡਿਊਸਰ ਦੋਨਾਂ ਨੂੰ ਠੀਕ ਕੀਮਤਾਂ ਦਿੱਤੀਆਂ ਜਾਣ। ਤੁਸੀਂ ਦੇਖੋ ਕਿ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੀਆਂ ਰਿਕੁਮੈਂਡੇਸ਼ਨਜ਼ ਈਅਰ ਟੂ ਈਅਰ ਆਈਆਂ ਹਨ।

Original with;
Punjab Vidhan Sabha
Digitized by;
Panjab Digital Library

ਤੁਹਾਨੂੰ ਯਾਦ ਹੋਵੇਗਾ ਕਿ ਗਰੀਨ ਰੈਵੋਲਿਊਸ਼ਨ ਕਾਂਗਰਸ ਰਾਜ ਵੇਲੇ ਆਇਆ ਸੀ। Rome was not built in one day ਬਰਨਾਲਾ ਸਾਹਿਬ ਨੇ ਜੋ ਗੱਲਾਂ ਇਥੇ ਹਾਊਸ ਵਿਚ ਕਹੀਆਂ ਹਨ, ਉਨ੍ਹਾਂ ਵਿਚੋਂ 2 ਗੱਲਾਂ ਨਾਲ ਮੈਂ ਇਤਫਾਕ ਨਹੀਂ ਰੱਖਦਾ। ਉਨ੍ਹਾਂ ਨੇ ਸਾਰੇ ਦਾ ਸਾਰਾ ਕਰੈਡਿਟ ਆਪਣੀ ਢਾਈ ਸਾਲਾਂ ਦੀ ਕੇਅਰ ਟੇਕਰ ਜੋ ਸਰਕਾਰ ਸੀ ਉਸ ਨੂੰ ਦਿੱਤਾ ਹੈ। ਇਹ ਉਨ੍ਹਾਂ ਨੇ ਕੋਈ ਇਨਸਾਫ ਦੇਣ ਵਾਲੀ ਗੱਲ ਨਹੀਂ ਕੀਤੀ।ਇਹ ਗਲ ਇਨ੍ਹਾਂ ਨੂੰ ਯਾਦ ਰਖਣੀ ਚਾਹੀਦੀ ਹੈ ਕਿ ਅੱਜ ਜਿਹੜਾ ਤੇਲ ਦਾ ਫਿਨਾਮਿਨਾ ਹੈ ਕੀ ਇਹ ਮਾਮੂਲੀ ਜਿਹੀ ਗੱਲ ਹੈ ? ਅਗਰ ਕਿਸੇ ਕੰਟਰੀ ਦੀ ਤੁਸੀਂ ਪ੍ਰੋਗਰੈਸ ਦੇਖਣੀ ਹੋਵੇ You can very well imagine it from the sources of energy and the energy consumed. ਤੋਂ ਸੋਰਸਿਜ਼ ਆਫ ਅਨਰਜੀ ਵਿਚ ਚਾਹੇ ਇਲੈਕਟ੍ਰਿਸਟੀ ਹੈ, ਚਾਹੇ ਫਿਊਲ ਹੈ, ਚਾਹੇ ਕੋਲਾ ਹੈ, ਚਾਹੇ ਨੈਚੁਰਲ ਗੈਸ ਹੈ। ਇਸ ਵਿਚ ਆਉਂਦੀਆਂ ਹਨ। ਅਸੀਂ ਕੋਲੇ ਵਿਚ ਸੈਲਫਸਫੀਸ਼ੈਂਟ ਸੀ। ਪਤਾ ਨਹੀਂ ਕੀ ਕਹਾਣੀ ਪਈ ਕਿ ਮਿਸਮੈਨੇਜਮੈਂਟ ਹੋ ਗਿਆ ਅਤੇ ਇਸ ਦੀ ਡਿਸਟ੍ਰੀਬਿਊਸ਼ਨ ਫੇਅਰ ਨਹੀਂ ਰਹੀ। ਅਇਲਜ਼ ਤੇਲ ਅਤੇ ਗੈਸ ਵਿਚ ਅਸੀਂ ਡਿਪੈਂਡੈਂਟ ਹਾਂ। ਸਾਡੇ ਕੋਲ ਇਹ ਇਤਨਾ ਨਹੀਂ । ਜਿਸ ਦਿਨ ਹਿੰਦੁਸਤਾਨ ਆਜ਼ਾਦ ਹੋਇਆ ਸੀ ਤਾਂ ਉਸ ਦਿਨ ਸਾਰੇ ਦਾ ਸਾਰਾ ਤੇਲ ਅਸੀਂ ਬਾਹਰੋਂ ਮੰਗਾਉਦੇ ਸੀ। ਜਦੋਂ ਫਰਟੇਲਾਈਜ਼ਰ ਦੀ ਕਨਜ਼ੰਪਸ਼ਨ ਸ਼ੁਰੂ ਹੋਈ ਸੀ, ਤੁਹਾਨੂੰ ਯਾਦ ਹੋਵੇਗਾ ਕਿ ਤਹਿਸੀਲਦਾਰ ਤਕਾਵੀਆਂ ਤੇ ਦਿੰਦੇ ਹੁੰਦੇ ਸੀ, ਲੋਕ ਲੈਂਦੇ ਨਹੀਂ ਸੀ। ਮੈਂ ਕਹਿੰਦਾ ਹਾਂ ਕਿ ਪੰਜਾਬ ਦਾ ਕਿਸਾਨ ਅਡਾਪਸ਼ਨ ਵਿਚ ਦੂਸਰਿਆਂ ਨਾਲੋਂ ਜ਼ਿਆਦਾ ਤੇਜ਼ ਹੈ। ਉਹ ਨਵੀਂ ਟੈਕਨੀਕ ਨੂੰ ਅਡਾਪਟ ਕਰ ਲੈਂਦਾ ਹੈ। ਉਸ ਵਿਚ ਹਰ ਇਕ ਗਲ ਪਿਕ ਅਪ ਕਰਨ ਦੀ ਤਾਕਤ ਹੈ। ਉਹ ਰਿਸਕ ਉਠਾਉਣ ਲਈ ਵੀ ਤਿਆਰ ਰਹਿੰਦਾ ਹੈ। ਸਾਡੀਆਂ ਅਚੀਵਮੈਂਟਸ ਇਸੇ ਦਾ ਹੀ ਨਤੀਜਾ ਹਨ। ਇਸ ਲਈ ਅਸੀਂ ਹਿੰਦੁਸਤਾਨ ਦੇ ਫੂਡ ਸਟੱਫ ਵਿਚ ਅੱਜ ਅੱਧਾ ਹਿਸਾ ਪਾਉਂਦੇ ਹਾਂ। ਤੁਸੀਂ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੀ ਰਿਪੋਰਟ ਪੜ੍ਹੋ। 5 ਸਾਲਾਂ ਵਿਚ ਜਿੰਨੀ ਪ੍ਰਾਈਸ ਡਿਕਲੇਅਰ ਹੁੰਦੀ ਰਹੀ ਹੈ, ਪਰੋਪੋਰਸ਼ਨੇਟਲੀ ਉਸ ਵਿਚ ਐਨਹਾਂਸਟਮੈਂਟ ਹੁੰਦੀ ਰਹੀ ਹੈ। ਪਹਿਲਾਂ 74 ਰੁਪਏ ਸੀ, ਫਿਰ 77 ਰੁਪਏ ਹੋ ਗਈ, ਫਿਰ 85 ਰੁਪਏ ਅਤੇ ਫਿਰ 95 ਰੁਪਏ ਹੋ ਗਈ। ਇਸ ਢੰਗ ਨਾਲ ਇਹ ਐਨਹਾਂਸਮੈਂਟ ਹੋਈ ਅਤੇ ਇਹ ਇਕ ਕਾਂਟੀ-ਨਿਊਸ ਪ੍ਰਾਸੈਸ ਹੈ। ਆਮ ਆਦਮੀ ਦੇ ਦਿਮਾਗ ਵਿਚ ਇਹ ਗੱਲ ਹੈ ਕਿ ਸਟੇਟ ਟਰੇਡਿੰਗ ਪਾਲਸੀ ਤੇ ਉਹ ਰਾਜ਼ੀ ਹੈ। ਅਗਰ ਸਰਕਾਰ ਸਟੇਟ ਟਰੇਨਿੰਗ ਰੰਦਮ ਵਿਚ ਨਾ ਕਰਦੀ ਤਾਂ ਪਤਾ ਨਹੀਂ ਪ੍ਰਾਈਵੇਟ ਟਰੇਡਰਜ਼ ਕੀ ਹਾਲ ਕਰਦੇ । ਅਸੀਂ ਸਾਰੇ ਇਸ ਗੱਲ ਨਾਲ ਸਹਿਮਤ ਹਾਂ। ਇਹ ਜਿਹੜੀ ਐਨਹਾਂਸਮੈਂਟ ਫਰਟੇਲਾਈਜ਼ਰਜ਼ ਦੀ ਪ੍ਰਾਈਸ ਵਿਚ ਹੋ ਗਈ ਹੈ ਇਸ ਦੇ ਲਈ ਸਾਡੇ ਬਰਨਾਲਾ ਜੀ ਨੇ ਡਜਵੀਜ਼ ਦਿਤੀ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਏ.ਪੀ.ਸੀ. ਤੇ ਸੈਟਰੈਸ ਕਰਨਾ ਚਾਹੀਦਾ ਹੈ।

They should convene a meeting at the earliest. They should put their recommendations at the earliest and the Government, I mean the Punjab Government, should stress their case vigorously and with logic,

ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਯਾਦ ਹੋਵੇਗਾ ਕਿ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਦੇ ਨਾਲ ਨਾਲ ਕਈ ਚੀਜ਼ਾਂ ਐਗਰੀਡ ਅਪਾਨ ਹਨ ਜਿਨ੍ਹਾਂ ਉਤੇ ਸਾਰੀ ਗੱਲ ਚਲਦੀ ਹੈ। ਮੇਰੇ ਵਰਗਾ ਹਜ਼ਾਰ ਕਹੀ ਜਾਵੇ ਕਿ ਹਜ਼ਾਰ ਰੁਪਿਆ ਇਕ ਕਿਲੇ ਦੀ ਰੇਹ ਪੈਂਦੀ ਹੈ ਕੋਈ ਨਹੀਂ ਮੰਨਦਾ। ਉਥੇ ਉਨ੍ਹਾਂ ਲੋਕਾਂ ਨੇ ਸਾਰਿਆਂ ਦੇ ਹਿਤ ਵੇਖਣੇ ਹਨ ਕਨਜ਼ਿਊਮਰ ਦਾ ਵੀ ਅਤੇ ਪਰੋਡਿਊਸਰ ਦਾ ਵੀ । ਇਨ੍ਹਾਂ ਸਾਰਿਆਂ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਮੰਤਰੀ]

ਗੱਲਾਂ ਨੂੰ ਵੇਖਦੇ ਹੋਏ ਪ੍ਰਾਈਸ ਫਿਕਸ ਹੁੰਦੀ ਹੈ। ਸਰਦਾਰ ਦਰਬਾਰਾ ਸਿੰਘ, ਮੈਂ, ਕੁਝ ਅਫ਼ਸਰ ਅਤੇ ਡਾਇਰੈਕਟਰ, ਐਗਰੀਕਲਚਰ ਰਾਓ ਬਰਿੰਦਰ ਸਿੰਘ ਨੂੰ ਮਿਲੇ। ਉਸ ਨੇ ਬੜੇ ਤਹਮਲ ਨਾਲ ਸਾਡੀ ਗੱਲ ਸੁਣੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਭਾਰਤ ਸਰਕਾਰ ਦਾ ਇਕ ਬੜਾ ਅੰਗ ਹੈ। ਤੁਹਾਡਾ ਜਿੰਨਾ ਨੁਕਸਾਨ ਹੋਵੇਗਾ ਅਸੀਂ ਕੰਪਨਸੇਟ ਕਰਨ ਦੀ ਕੋਸ਼ਿਸ਼ ਕਰਾਂਗੇ। ਸਾਨੂੰ ਕੰਮ-ਅਜ-ਕਮ ਇਕ ਢਾਂਚੇ ਵਿਚ ਰਹਿੰਦੇ ਹੋਏ ਇਸ ਗੱਲ ਤੇ ਅੱਛੀ ਤਰ੍ਹਾਂ ਗੌਰ ਕਰਨਾ ਚਾਹੀਦਾ ਹੈ ਕਿ ਜਿਹੜੀ ਪਿਛਲੇ 5, 4 ਸਾਲਾਂ ਦੀ ਪ੍ਰਾਈਸ ਫਿਕਸੇਸ਼ਨ ਪਾਲੀਸੀ ਹੈ ਉਸ ਵਿਚ ਐਨਹਾਂਸਮੈਂਟ ਆਉਂਦੀ ਰਹੀ ਹੈ ਅਤੇ ਕਿਸਾਨ ਨੂੰ ਕੁੱਝ ਨਾ ਕੁੱਝ ਇਨਸੈਂਟਿਵ ਮਿਲਦਾ ਰਿਹਾ ਹੈ। (ਘੰਟੀ)

Sardar Surjit Singh Barnala: I would move that the time may be extended by ten minutes.

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਇਸ ਹਾਊਸ ਵਿਚ ਗਵਰਨਰ ਦੇ ਐਡਰੈਸ ਤੇ ਜਵਾਬ ਦਿੰਦਿਆਂ ਮੈਂ ਕੁੱਝ ਇਸ ਪਖ ਉਤੇ ਥੋੜ੍ਹਾ ਜਿਹਾ ਕਿਹਾ ਸੀ। ਹੁਣ ਇਸ ਵੇਲੇ ਇਥੇ ਜਿਹੜੀ ਡਿਸਕਸ਼ਨ ਹੋਈ ਹੈ ਉਹ ਕਾਫ਼ੀ ਹੋ ਚੁਕੀ ਹੈ। ਸਾਰੇ ਮੈਂਬਰਾਂ ਨੇ ਇਸ ਮਸਲੇ ਤੇ ਆਪਣੇ ਆਪਣੇ ਗਿਆਨ ਅੰਰ ਹਾਲਾਤ ਦੇ ਮੁਤਾਬਕ ਕੁਝ ਗੱਲਾਂ ਕਹੀਆਂ ਹਨ। ਮੈਂ ਮੋਟੇ ਤੌਰ ਤੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ ਅੰਰ ਸਿਰਫ ਪਾਲੀਸੀ ਮੈਟਰ ਤੇ ਬੋਲਾਗਾਂ। ਜੇ ਅਕੜਿਆਂ ਵਿਚ ਪੈ ਗਿਆ ਤਾਂ ਇਹ ਉਲਝ ਜਾਣਗੇ। ਮੈਂ ਦੱਸਦਾ ਹਾਂ ਕਿ ਜਿਹੜੀ ਕੀਮਤ ਮੁਕੱਰਰ ਹੁੰਦੀ ਹੈ ਉਸ ਬਾਰੇ ਕੁਝ ਏ.ਪੀ.ਸੀ. ਨੂੰ ਬੰਦਸ਼ ਕੀਤੀ ਹੋਈ ਹੈ ਕਿ ਸਾਰੀਆਂ ਆਇਟਮਾਂ ਤੇ ਇਤਨਾ ਇਤਨਾ ਖਰਚ ਆਉਂਦਾ ਹੈ। ਸਪੀਕਰ ਸਾਹਿਬ, ਤਕਰੀਬਨ 200 ਦੇ ਕਰੀਬ ਫ਼ਾਰਮ ਐਟ ਰੈਂਡਮ ਹਨ, ਜਿਨ੍ਹਾਂ ਵਿਚੋਂ ਕੁੱਝ ਫਾਰਮਾਂ ਦੇ ਨਾਂ ਪਾ ਲੈਂਦੇ ਹਨ ਅਤੇ ਉਨ੍ਹਾਂ ਵਿਚੋਂ ਕੁੱਝ ਫਾਰਮ ਚੁਣ ਲੈਂਦੇ ਹਨ। ਉਨ੍ਹਾਂ ਫ਼ਾਰਮਾਂ ਨੂੰ ਜਾ ਕੇ ਵੇਖਦੇ ਹਨ ਕਿ ਕਿੰਨੀ ਉਥੇ ਫਰਟੇਲਾਈਜ਼ਰ ਦੀ ਖਪਤ ਹੋਈ, ਕਿਨਾ ਹੋਰ ਖਰਚ ਆਇਆ, ਵਗੈਰਾ ਵਗੈਰਾ। ਮੈਂ ਇਸ ਮੌਕੇ ਤੇ ਹਾਊਸ ਨੂੰ ਇਤਨੀ ਐਸੋਰੈਂਸ ਦਿਦਾ ਹਾਂ ਕਿ ਅਸੀਂ ਤਕੜੇ ਹੋ ਕੇ ਪ੍ਰਾਈਸ ਵਧਾਉਣ ਬਾਰੇ ਸੈਂਟਰ ਸਰਕਾਰ ਨੂੰ ਕਹਾਂਗੇ। ਧਾਨ ਦੀ ਖਰੀਦ ਦੀ 100 ਰੁਪਏ ਜੋ ਏ. ਪੀ.ਸੀ. ਨੇ ਪ੍ਰਾਈਸ ਅਨਾਂਉਸ ਕੀਤੀ ਹੈ ਮੈਂ ਉਸ ਬਾਰੇ ਪੂਰੀ ਜਸਟੀਫਿਕੇਸ਼ਨ ਆਪਣੀ ਸਰਕਾਰ ਵੱਲੋਂ ਦਿਤੀ ਹੈ। (ਬੰਪਿੰਗ) ਸਪੀਕਰ ਸਾਹਿਬ, ਮੇਰੀ ਇਨ੍ਹਾਂ ਸਾਰੇ ਮੈਂਬਰ ਸਾਹਿਬਾਨ ਨੂੰ ਅਪੀਲ ਹੈ ਕਿ ਉਹ ਮੈਨੂੰ ਆਪਣੇ ਵਿਊ ਦੇਣ ਕਿ ਕਿਸ ਤਰ੍ਹਾਂ ਪੈਡੀ ਦੀ ਪ੍ਰਾਈਸ ਇਨਕਰੀਜ਼ ਕਰਾਈ ਜਾ ਸਕਦੀ ਹੈ। ਮੈਂ ਆਪਣੇ ਸਾਰੇ ਸਾਧਨ ਜੁਟਾਏ ਹਨ ਅਤੇ ਵੱਧ ਤੋਂ ਵੱਧ ਕੇਸ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਅਤੇ ਸੈਂਟਰਲ ਗੌਰਮੈਂਟ ਨੂੰ ਅਪਰੋਚ ਕੀਤਾ ਹੈ। ਮੈਂ ਫਿਰ ਇਕ ਦੋ ਦਿਨਾਂ ਵਿਚ ਜਾ ਕੇ ਪ੍ਰਾਈਮ ਮਨਿਸਟਰ ਅਤੇ ਮਨਿਸਟਰ ਇੰਚਾਰਜ ਨੂੰ ਮਿਲਾਂਗਾ ਅਤੇ ਇਨਕਰੀਜ਼ ਇਨ ਪ੍ਰਾਈਸ ਬਾਰੇ ਕਹਾਂਗਾ। ਸਰਕਾਰ ਸੂਓ ਮੋਟੇ ਆਪ ਵੀ ਇਨਕਰੀਜ਼ ਕਰ ਸਕਦੀ ਹੈ। ਇਸ ਦੇ ਲਈ ਪੂਰੇ ਤੌਰ ਤੇ ਜ਼ੋਰ ਪਾਵਾਂਗਾ। ਇਸ ਦੀ ਚਰਚਾ ਕਰਕੇ ਜਾਂ ਇਸ ਬਾਰੇ ਰੌਲੇ ਗੌਲੇ ਨਾਲ ਕੰਮ ਨਹੀਂ ਹੋਣਾ ਇਸ ਰੌਲੇ ਗੌਲੇ ਦਾ ਪ੍ਰਾਈਸ ਤੇ ਕੋਈ ਇਫੈਕਟ ਨਹੀਂ ਹੋਵੇਗਾ। ਅਸੀਂ ਆਪਣੇ ਵਲੋਂ ਅਗੇ ਵੀ ਸੈਂਟਰ ਦੀ ਸਰਕਾਰ ਨੂੰ 110 ਰੁਪਏ ਪੈਡੀ ਦੀ ਪ੍ਰੋਕਿਉਰਮੈਂਟ ਪ੍ਰਾਈਸ ਰਿਕਮੈਂਡ ਕੀਤੀ ਹੈ। ਅਗਰ 110 ਰੁਪਏ ਨਹੀਂ ਮਿਲਣੇ ਤਾਂ ਕਮ-ਅਜ਼-ਕਮ ਇਸ ਨਾਲੋਂ ਸਾਨੂੰ ਕੁਝ ਪ੍ਰਾਈਸ ਜ਼ਿਆਦਾ ਮਿਲੇਗੀ। ਅਗੇ ਵੀ ਚਰਚਾ ਕੀਤੀ ਹੈ, ਹੁਣ ਵੀ ਕਰਾਂਗੇ। ਅਸੀਂ ਆਪਣੇ 110 ਰੁਪਏ ਤੇ ਖੜ੍ਹੇ ਹਾਂ। ਇਸ ਮੌਕੇ ਤੋਂ ਸਾਨੂੰ ਪੁਲੀਟੀਕਲ ਮੁਫ਼ਾਦ ਉਠਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇਸ ਮਸਲੇ ਨੂੰ ਟੈਕਟਫੁਲੀ ਹੈਂਡਲ ਕਰਨ ਦੀ ਲੋੜ ਹੈ। ਇਹ ਚੀਜ਼ਾਂ ਧੱਕੇ ਜਾਂ ਜ਼ੋਰ ਨਾਲ ਨਹੀਂ ਕਰ ਸਕਦੇ ਬਲਕਿ ਆਪਣੇ ਲੌਜਿਕ ਨਾਲ ਕਰ ਸਕਦੇ ਹਾਂ। ਅਸੀਂ ਸਾਰੇ ਖਰਚਿਆਂ ਬਾਰੇ ਅੰਕੜੇ ਇਕੱਠੇ ਕਰ ਰਹੇ ਹਾਂ ਜਿਸ ਵਿਚ ਟਰਾਂਸਪੋਰਟ ਚਾਰਜਿਜ਼ ਅੰਰ ਦੂਸਰੇ ਚਾਰਜਿਜ਼ ਪਾਉਣੇ ਹਨ। 110

Original with;
Punjab Vidhan Sabha
Digitized by;
Panjab Digital Library

ਰੁਪਏ ਤੇ ਅਸੀਂ ਉਨ੍ਹਾਂ ਨੂੰ ਕਨਵਿੰਸ ਕਰਾਉਣ ਦੀ ਕੋਸ਼ਿਸ਼ ਕਰਨੀ ਹੈ ਅਤੇ ਕਹਿਣਾ ਹੈ ਕਿ ਸਾਨੂੰ ਇਹ ਭਾਅ ਦਿਤਾ ਜਾਏ। ਇਕ ਮਸਲਾ ਇਥੇ ਸਾਡੇ ਇੰਡੀਪੈਂਡੈਂਟ ਮੈਂਬਰ ਨੇ ਅੌਰ ਦੂਸਰੇ ਸਾਥੀਆਂ ਨੇ ਉਠਾਇਆ ਸੀ। ਅਗਰ ਮੈਂ ਉਸ ਦੇ ਜਵਾਬ ਵਿਚ ਜਾਵਾਂ ਤਾਂ ਬਹੁਤ ਜ਼ਿਆਦਾ ਵਕਤ ਚਾਹੀਦਾ ਹੈ। ਪਿਛਲੇ ਤਿੰਨ ਸਾਲਾਂ ਵਿਚ ਜਿਹੜੇ ਕੰਮ ਹੋਏ ਹਨ ਉਨ੍ਹਾਂ ਦੇ ਅੱਜ ਸਾਨੂੰ ਕੀ ਨਤੀਜੇ ਭੁਗਤਣੇ ਪੈ ਰਹੇ ਹਨ ਅੱਜ ਮਸਲਾ ਪੈਡੀ ਦੀ ਪ੍ਰਾਈਸ ਇਨਕਰੀਜ਼ ਕਰਨ ਵਾਸਤੇ ਅਤੇ ਕਿਸਾਨ ਨੂੰ ਵੱਧ ਤੋਂ ਵੱਧ ਕੰਪਨਸੇਟ ਕਰਨ ਵਾਸਤੇ ਹੈ। ਅਸੀਂ ਜ਼ਿਆਦਾ ਤੋਂ ਜ਼ਿਆਦਾ ਪ੍ਰਾਈਸ ਲੈਣ ਵਾਸਤੇ ਪਰਸਨਲੀ ਅੌਰ ਆਪਣੀ ਸਰਕਾਰ ਵੱਲੋਂ ਵੀ ਪੂਰਾ ਜ਼ੋਰ ਲਾਵਾਂਗੇ। ਬਾਕੀ ਜਿਹੜੇ ਇਸਦੇ ਨਤੀਜੇ ਨਿਕਲਣਗੇ ਉਹ ਤੁਹਾਡੇ ਸਾਹਮਣੇ ਹੋਣਗੇ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਭਾਰਤ ਸਰਕਾਰ ਕੁੱਝ ਨਾ ਕਰ ਸਕੀ ਤਾਂ ਕੀ ਪੰਜਾਬ ਸਰਕਾਰ ਆਪਣੇ ਵੱਲੋਂ ਕੁੱਝ ਦੇਵੇਗੀ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਸਾਡੀ ਮੰਗ ਹੈ। ਪਰ ਮੈਂ ਇਸ ਹਾਊਸ ਦੀਆਂ ਪ੍ਰੋਸੀਡਿੰਗਜ਼ ਉਪਰ ਨਹੀਂ ਭੇਜਣਾ ਚਾਹੁੰਦਾ, ਕਿਤੇ ਫਾਲਸੀਫਾਈ ਨਾ ਹੋਣਾ ਪਏ। ਮੈਂ ਇਥੇ ਅੰਕੜੇ ਵੀ ਇਸ ਕਰਕੇ ਨਹੀਂ ਦੇਣਾ ਚਾਹੁੰਦਾ ਤਾ ਕਿ ਸਾਡਾ ਕੇਸ ਮਜ਼ਬੂਤ ਰਹੇ। ਮੈਂ ਅੰਕੜੇ ਇਕੱਠੇ ਕੀਤੇ ਹਨ। ਤੁਸੀਂ ਮੇਰੇ ਕੋਲ ਆ ਜਾਓ ਅਤੇ ਮੇਰੇ ਨਾਲ ਡਿਟੇਲ ਵਿਚ ਗਲ ਕਰੋ। ਮੈਂ ਤੁਹਾਨੂੰ ਸਮਝਾ ਦਿਆਂਗਾ, ਤੁਸੀਂ ਮੈਨੂੰ ਸਮਝਾ ਦੇਣਾ। ਸਾਡਾ ਕੇਸ ਕਮਜ਼ੋਰ ਨਾ ਹੋਵੇ। ਇਸ ਲਈ ਮੈਂ ਹਾਊਸ ਵਿਚ ਅੰਕੜੇ ਦੇਣ ਲਈ ਤਿਆਰ ਨਹੀਂ। ਅਗਰ ਕੋਈ ਰੁਪਿਆ ਅੱਠ ਆਨੇ ਰੇਟ ਘੱਟ ਹੋਵੇਗਾ ਉਸ ਵਿਚ ਪੰਜਾਬ ਸਰਕਾਰ ਕੁਝ ਹਿਸਾ ਆਪਣਾ ਪਾਏਗੀ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਬੋਨਸ ਦੇ ਸਬੰਧ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਮਸਲਾ ਉਠਾਇਆ ਸੀ ਇਸ ਸਬੰਧ ਵਿਚ ਇਸ ਸਰਕਾਰ ਦੀ ਜੋ ਪਾਲਿਸੀ ਹੈ ਉਸ ਨੂੰ ਵਾਜ਼ੇ ਕਰਨ। ਦੂਜਾ ਸਵਾਲ ਇਹ ਹੈ ਕਿ ਐਫ. ਸੀ. ਆਈ, ਵਾਲਿਆਂ ਨੇ ਕਿਉਂ ਆਪਣੇ ਆਪ ਨੂੰ ਪ੍ਰੋਕਿਉਰਮੈਂਟ ਕਰਨ ਤੋਂ ਵਿਦਡਰਾ ਕਰਨ ਲਈ ਕਿਹਾ ਹੈ ? ਕੀ ਉਨ੍ਹਾਂ ਨੂੰ ਪੰਜਾਬ ਵਿਚ ਸ਼ੈਲਰਜ਼ ਤੋਂ ਸ਼ੈਲਿੰਗ ਫੈਸਿਲਿਟੀ ਨਹੀਂ ਮਿਲਦੀ ? ਪੰਜਾਬ ਦੇ ਅੰਦਰ ਸ਼ੈਲਰਜ਼ ਹਨ। ਗੌਰਮਿੰਟ ਆਪਣੀਆਂ ਪਾਵਰਜ਼ ਵਰਤ ਕੇ ਸ਼ੈਲਰਜ਼ ਵਾਲਿਆਂ ਨੂੰ ਆਰਡਰ ਦੇ ਸਕਦੀ ਹੈ ਕਿ ਉਹ ਐਫ. ਸੀ. ਆਈ. ਨੂੰ ਸ਼ੈਲਿੰਗ ਫੈਸਿਲਿਟੀਜ਼ ਦੇਣ। ਇਸ ਦੇ ਬਾਰੇ ਕੋਈ ਕਲੈਰੀਫਿਕੇਸ਼ਨ ਨਹੀਂ ਸੀ ਆਈ। ਚੀਫ ਮਨਿਸਟਰ ਸਾਹਿਬ ਇਸ ਬਾਰੇ ਜਵਾਬ ਦੇ ਦੇਣ।

ਮੁੱਖ ਮੰਤਰੀ: ਸਪੀਕਰ ਸਾਹਿਬ, ਕਿਉਂਕਿ ਵਕਤ ਹੋ ਗਿਆ ਸੀ ਇਸ ਲਈ ਮੈਂ ਐਫ.ਸੀ.ਆਈ. ਦੇ ਬਾਰੇ ਕੁਝ ਨਹੀਂ ਸੀ ਕਿਹਾ। ਮੇਰੀ ਅਰਜ਼ ਸਿਰਫ ਇਤਨੀ ਹੈ ਕਿ ਐਫ.ਸੀ. ਆਈ. ਦੀ ਇਨੈਕਟਮੈਂਟ ਵਿਚ ਹੈ ਕਿ ਇਹ ਉਸ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਤੌਰ ਤੇ ਖਰੀਦ ਕਰੇ ਅਤੇ ਸ਼ੈਲਰਜ਼ ਤੋਂ ਸ਼ੈਲਿੰਗ ਕਰਵਾਏ। ਇਸ ਸਾਰੀ ਚੀਜ਼ ਦਾ ਉਸ ਐਕਟ ਵਿਚ ਪ੍ਰੋਵੀਜ਼ਨ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਇਹ ਹੀ ਸਟੈਂਡ ਲਈਏ ਕਿ ਐਫ.ਸੀ. ਆਈ. ਇਹ ਕੰਮ ਕਰੇ। ਉਸ ਨੂੰ ਇਹ ਕੰਮ ਕਰਨਾ ਪਵੇਗਾ। ਬਾਕੀ ਜੋ ਸ਼ੈਲਿੰਗ ਫੈਸਿਲਿਟੀਜ਼ ਦਾ ਸਵਾਲ ਹੈ, ਅਸੀਂ ਇਹ ਫੈਸਿਲਿਟੀਜ਼ ਦੇਣ ਦੀ ਕੋਸ਼ਿਸ਼ ਕਰਾਂਗੇ।

Mr. Speaker : The House stands adjourned till 9.00 A.M. on Friday the 11th July, 1980.

*1-30 P.M. | (*The Sabha then adjourned till 9.00 A.M. on Friday, the 11th July, 1980*).

43232—PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

© Published under the authority of the Punjab Vidhan Sabha and Printed by the Controller, Printing & Stationery Deptt., Chandigarh.

Original with;
Punjab Vidhan Sabha
Digitized by;
Panjab Digital Library

SP

10

Punjab Vidhan Sabha Debates

11th July, 1980

Vol. I—No. 10

OFFICIAL REPORT



CONTENTS

Friday, the 11th July, 1980

	Page
Starred Questions and Answers ...	(10) 1
Written Answers to Starred Questions laid on the Table of the House under Rule 38 ..	(10) 27
Presentation of Budget Estimates for the year 1980-81 ..	(10) 48

Punjab Vidhan Sabha Secretariat, Chandigarh.

Price: Rs. 24.00 P.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Friday, the 11th July, 1980

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Buses bound for Jullundur *via* Ropar

*85. **Master Dalip Chand :** Will the Chief Minister be pleased to state:—

(a) whether it is a fact that the buses running from Jullundur to Chandigarh *via* Ropar and *vice versa* do not pass through Balachaur town ;

(b) if the reply to part (a) above be in the affirmative whether the Government propose to make arrangements that all such buses pass through Balachaur town. if so, the time by which that is likely to be done ?

ਸਰਦਾਰ ਦਰਬਾਰਾ ਸਿੰਘ: (ੳ) ਠਹੀਂ ਜੀ । ਇਕ ਬਸ ਜਲੰਧਰ ਚੰਡੀਗੜ੍ਹ ਰੂਟ ਤੇ ਰੋਪੜ ਬਲਾਚੌਰ ਰਾਹੀਂ ਚਲਦੀ ਹੈ।

(ਅ) ਬਲਾਚੌਰ ਵਿਖੇ ਏਨੀ ਆਵਾਜਾਈ ਨਹੀਂ ਜਿਸਦੇ ਅਧਾਰ ਤੇ ਜਲੰਧਰ ਤੋਂ ਚੰਡੀਗੜ੍ਹ ਆਉਣ ਵਾਲੀਆਂ ਅਤੇ ਵਾਪਿਸ ਜਾਣ ਵਾਲੀਆਂ ਸਾਰੀਆਂ ਬਸਾਂ ਨੂੰ ਬਲਾਚੌਰ ਰਾਹੀਂ ਚਲਾਇਆ ਜਾਵੇ । ਹੁਸ਼ਿਆਰਪੁਰ ਤੋਂ ਚੰਡੀਗੜ੍ਹ ਨੂੰ ਬਲਾਚੌਰ ਦੇ ਰਸਤੇ 28 ਬਸਾਂ ਅਤੇ ਬਲਾਚੌਰ ਤੋਂ ਨਵਾਂ ਸ਼ਹਿਰ ਅਤੇ ਜਲੰਧਰ ਨੂੰ 10 ਲੋਕਲ ਬਸਾਂ ਚਲਦੀਆਂ ਹਨ ਜਿਸ ਕਾਰਨ ਬਲਾਚੌਰ ਦੇ ਨਿਵਾਸੀਆਂ ਨੂੰ ਲੋੜੀਂਦੀ ਸਹੂਲਤ ਮਿਲ ਜਾਂਦੀ ਹੈ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਜਿਹੜੀਆਂ ਬੱਸਾਂ ਚੰਡੀਗੜ੍ਹ ਤੋਂ ਜਲੰਧਰ ਵਾਇਆ ਨਵਾਂ ਸ਼ਹਿਰ ਚਲਦੀਆਂ ਹਨ ਉਹ ਬਲਾਚੌਰ ਦੀਆਂ ਸਵਾਰੀਆਂ ਡੇਢ ਕਿਲੋ ਮੀਟਰ ਦੀ ਦੂਰੀ ਤੇ ਉਤਾਰ ਜਾਂਦੀਆਂ ਹਨ ਅਤੇ ਉਹ ਬੱਸਾਂ ਬਲਾਚੌਰ ਤੱਕ ਨਹੀਂ ਜਾਂਦੀਆਂ । ਇਸ ਤਰ੍ਹਾਂ ਕਈ ਵਾਰੀ ਰਾਤ ਵੇਲੇ ਬਲਾਚੌਰ ਦੀਆਂ ਸਵਾਰੀਆਂ ਨੂੰ ਬੜੀ ਤਕਲੀਫ ਹੁੰਦੀ ਹੈ । ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਲੋਕਾਂ ਦੀ ਇਸ ਤਕਲੀਫ ਨੂੰ ਮੁੱਖ ਰੱਖਦੇ ਹੋਏ ਸਰਕਾਰ ਇਹ ਪ੍ਰਬੰਧ ਕਰੇਗੀ ਕਿ ਜਿਹੜੇ ਰਾਤ ਦੇ ਦੋ ਟਾਈਮ ਬੱਸਾਂ ਦੇ ਹਨ ਉਹ ਬੱਸਾਂ ਬਲਾਚੌਰ ਦੇ ਵਿਚੋਂ ਦੀ ਹੋ ਕੇ ਜਾਇਆ ਆਇਆ ਕਰਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਉਥੇ ਕਾਫੀ ਟ੍ਰੈਫਿਕ ਨਹੀਂ ਹੁੰਦੀ ਲੇਕਿਨ ਅਸੀਂ ਇਸ ਗੱਲ ਦਾ ਧਿਆਨ ਕਰਾਂਗੇ ਕਿ ਰਾਤ ਨੂੰ ਜੋ ਬੱਸ ਜਾਣ ਵਾਲੀ ਹੈ ਉਹ ਉਧਰ ਨੂੰ ਮੋੜ ਦਿੱਤੀ ਜਾਵੇ । ਇਸ ਬਾਰੇ ਵੇਖ ਲਵਾਂਗੇ ।

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬਸਾਂ ਸਬ-ਡਵੀਜ਼ਨਾਂ ਤੋਂ ਜਾਂ ਕਮਿਸ਼ਨਰੀਜ਼ ਤੋਂ ਚੰਡੀਗੜ੍ਹ ਨੂੰ ਡੇਲੀ ਆਉਂਦੀਆਂ ਹਨ ਉਹ ਡੇਲੀ ਵਾਪਸ ਨਹੀਂ ਜਾਂਦੀਆਂ, ਕੀ ਇਹ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਕਿ ਉਹ ਬੱਸਾਂ ਡੇਲੀ ਵਾਪਸ ਵੀ ਜਾਇਆ ਕਰਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਤਜਵੀਜ਼ ਅੱਛੀ ਹੈ । ਇਸ ਤੇ ਵਿਚਾਰ ਕਰਨਾ ਪਵੇਗਾ, ਮੈਂ ਆਫ ਹੈਂਡ ਕੋਈ ਜਵਾਬ ਨਹੀਂ ਦੇ ਸਕਦਾ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਪਹਿਲਾਂ ਚੰਡੀਗੜ੍ਹ ਤੋਂ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਡੀਲਕਸ ਬੱਸਾਂ ਚਲਦੀਆਂ ਸਨ ਪਰ ਹੁਣ ਉਹ ਬੰਦ ਹੋ ਗਈਆਂ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਨੂੰ ਦੁਬਾਰਾ ਚਲਾਏਗੀ ?

ਮੁੱਖ ਮੰਤਰੀ : ਕੋਈ ਅਗਰ ਪਹਿਲਾਂ ਇਸ ਤਰ੍ਹਾਂ ਦੀ ਬੱਸ ਚਲਦੀ ਹੋਵੇ ਅੱਰ ਫਿਰ ਬੰਦ ਹੋ ਗਈ ਹੋਵੇ ਤਾਂ ਉਸ ਨੂੰ ਜ਼ਰੂਰ ਚਲਾਵਾਂਗੇ । ਬੰਦ ਕਰਨਾ ਤਾਂ ਸਰਕਾਰ ਦਾ ਕੰਮ ਨਹੀਂ ਹੈ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਜਿਹੜੀਆਂ ਬੱਸਾਂ ਅੰਮ੍ਰਿਤਸਰ, ਜਲੰਧਰ, ਕਪੂਰਥਲਾ ਤੇ ਗੁਰਦਾਸਪੁਰ ਤੋਂ ਚੰਡੀਗੜ੍ਹ ਨੂੰ ਆਉਂਦੀਆਂ ਹਨ ਅਤੇ ਇਥੋਂ ਇਨ੍ਹਾਂ ਸ਼ਹਿਰਾਂ ਨੂੰ ਜਾਂਦੀਆਂ ਹਨ ਉਹ ਲੁਧਿਆਣਾ ਬਾਈ ਪਾਸ ਤੋਂ ਨਹੀਂ ਜਾਂਦੀਆਂ, ਅੰਦਰ ਸ਼ਹਿਰ ਵਿਚ ਚਲੀਆਂ ਜਾਂਦੀਆਂ ਹਨ ਅੱਰ ਸ਼ਹਿਰ ਵਿਚ ਜਿਹੜਾ ਰਸਤੇ ਵਿਚ ਫਾਟਕ ਆਉਂਦਾ ਹੈ ਉਥੇ ਹੀ ਕਈ ਵਾਰੀ ਪੌਣਾ ਪੌਣਾ ਘੰਟਾ ਖੜੀਆਂ ਰਹਿੰਦੀਆਂ ਹਨ ਜਿਸ ਨਾਲ ਸਵਾਰੀਆਂ ਨੂੰ ਪਰੇਸ਼ਾਨੀ ਹੁੰਦੀ ਹੈ । ਕੀ ਸਰਕਾਰ ਇਨ੍ਹਾਂ ਸ਼ਹਿਰਾਂ ਨੂੰ ਜਾਣ ਵਾਲੀਆ ਬੱਸਾਂ ਲਈ ਕੋਈ ਐਸਾ ਪ੍ਰਬੰਧ ਕਰੇਗੀ ਕਿ ਉਹ ਉਥੋਂ ਬਾਈ-ਪਾਸ ਹੀ ਜਾਇਆ ਕਰਨ ਤਾਂ ਜੋ ਰਸਤੇ ਵਿਚ ਫਾਟਕ ਵਗੈਰਾ ਤੇ ਉਨ੍ਹਾਂ ਨੂੰ ਰੁਕਣਾ ਨਾ ਪਵੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਸਵਾਲ ਵਿੱਚੋਂ ਤਾਂ ਨਹੀਂ ਉੱਠਦਾ ਲੇਕਿਨ ਜੋ ਮੈਂਬਰ ਸਾਹਿਬ ਨੇ ਕਿਹਾ ਹੈ ਅਸੀਂ ਫੈਸਲਾ ਕਰਨ ਵੇਲੇ ਇਨ੍ਹਾਂ ਦੀ ਗੱਲ ਨੂੰ ਜ਼ਰੂਰ ਵੇਖ ਲਵਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਬੜੇ ਚੰਗੇ ਹਨ, ਸਵਾਲ ਨਾ ਵੀ ਰੈਲੇਵੈਂਟ ਹੋਵੇ ਤਾਂ ਵੀ ਜਵਾਬ ਦੇ ਦਿੰਦੇ ਹਨ । ਇਹ ਬੜੀ ਚੰਗੀ ਗੱਲ ਹੈ । ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਬੱਸਾਂ ਚਲਾਉਣ ਲਈ ਕੀ ਸਰਕਾਰ ਦੀ ਕੋਈ ਪ੍ਰਾਪਰ ਪਾਲਿਸੀ ਹੈ ? ਸਪੀਕਰ ਸਾਹਿਬ, ਪਿੱਛੇ ਜਿਹੇ ਇਹ ਗੱਲ ਸੀ ਕਿ 60 ਫ਼ੀ ਸਦੀ ਸਰਕਾਰ ਦੀਆਂ ਬੱਸਾਂ ਚਲਦੀਆਂ ਸਨ ਅੱਰ 40 ਫ਼ੀ ਸਦੀ ਪ੍ਰਾਈਵੇਟ ਓਪਰੇਟਰਜ਼ ਦੀਆਂ ਲੇਕਿਨ ਇਸ ਸਾਲ ਕੋਈ ਅਸੂਲ ਨਹੀਂ ਹੈ, ਪ੍ਰਾਈਵੇਟ ਬੱਸਾਂ ਨੂੰ ਸਰਕਾਰ ਚਾਹੇ ਤਾਂ ਬੰਦ ਵੀ ਕਰ ਸਕਦੀ ਹੈ ਪਰ ਅਫਸਰਸ਼ਾਹੀ ਹਾਵੀ ਹੈ .. ..,.. (ਵਿਘਨ)

Mr. Speaker: I do not allow it. ਵੇਖੋ ਪਾਂਧੀ ਸਾਹਿਬ, ਤੁਹਾਡਾ ਸਪਲੀਮੈਂਟਰੀ ਕੁਐਸਚਨ ਨੂੰ ਰਿਲੇਟ ਕਰਨਾ ਚਾਹੀਦਾ ਹੈ । ਸਪਲੀਮੈਂਟਰੀ ਟੂ ਦੀ ਪੁਆਇੰਟ ਹੋਵੇ।

ਸਰਦਾਰ ਦਲੀਪ ਸਿੰਘ ਪਾਂਧੀ : ਜਨਾਬ, ਮੈਂ ਸਰਕਾਰ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੀ ਇਸ ਸਬੰਧ ਵਿਚ ਕੋਈ ਪੱਕੀ ਪਾਲਿਸੀ ਹੈ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਗੱਲ ਬਾਰੇ ਹੁਣ ਤਕ ਤਾਂ ਕਾਫੀ ਕਰਾਇਓਜ਼ਨ ਰਿਹਾ ਹੈ। ਹੁਣ ਇਸ ਨੂੰ ਦਰੁਸਤ ਕਰਨ ਵਾਸਤੇ ਪੂਰੀ ਕੋਸ਼ਿਸ਼ ਕਰਾਂਗੇ।

ਸ਼੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਜਿਹੜੀਆਂ ਬੱਸਾਂ ਬਰਗਾਲੀ ਤੋਂ ਜੈਤੋਂ ਚਲਦੀਆਂ ਹਨ ਉਹ ਸਿੱਧੀਆਂ ਹੀ ਚਲੀਆਂ ਜਾਂਦੀਆਂ ਹਨ ਅਤੇ ਪਿੰਡਾਂ ਵਿਚ ਰੁਕਦੀਆਂ ਨਹੀਂ। ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਰਗਾਲੀ ਤੋਂ ਜੈਤੋਂ ਚਲਣ ਵਾਲੀਆਂ ਬੱਸਾਂ ਨੂੰ ਪਿੰਡਾਂ ਵਿਚੋਂ ਦੀ ਚਲਵਾਉਣ ਦਾ ਪ੍ਰਬੰਧ ਕਰਨਗੇ ਜਦੋਂ ਕਿ ਉਧਰ ਦੇ ਰੂਟ ਮਨਜ਼ੂਰ ਹੋਏ ਹੋਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਇਸ ਸਾਰੇ ਸਿਸਟਮ ਨੂੰ ਰੈਗੂਲੇਰਾਈਜ਼ ਕੀਤਾ ਜਾਵੇ।

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਜਿਹੜੀਆਂ ਸਰਕਾਰੀ ਬੱਸਾਂ ਚਲਦੀਆਂ ਹਨ ਆਮ ਤੌਰ ਤੇ ਉਹ ਆਪਣੀ ਮੰਜ਼ਲੇ-ਮਕਸੂਦ ਤੱਕ ਨਹੀਂ ਪੁੱਜਦੀਆਂ ਅਤੇ ਰਾਹ ਵਿਚ ਖੜੀਆਂ ਹੋ ਜਾਂਦੀਆਂ ਹਨ। ਉਸ ਦੀ ਵਜ੍ਹਾ ਇਹ ਹੈ ਕਿ ਪਿਛਲੀ ਸਰਕਾਰ ਨੇ ਪੁਰਾਣੀਆਂ ਬੱਸਾਂ ਦੀਆਂ ਬਾਡੀਆਂ ਰਿਪਲੇਸ ਕਰਕੇ ਨਵੀਆਂ ਬਾਡੀਆਂ ਲਗਾ ਦਿਤੀਆਂ ਅੱਰ ਉਹ ਨਵੀਆਂ ਬੱਸਾਂ ਦੇ ਤੌਰ ਤੇ ਚਲਾਉਣ ਲੱਗ ਪਏ। ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਮਾਮਲੇ ਦੀ ਇਨਕੁਆਇਰੀ ਕਰਵਾਉਣ ਨੂੰ ਤਿਆਰ ਹੈ ?

ਮੁੱਖ ਮੰਤਰੀ : ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਦੱਸਿਆ ਹੈ ਅਗਰ ਐਸੀ ਕੋਈ ਗੱਲ ਹੋਈ ਤਾਂ ਜ਼ਰੂਰ ਇਨਕੁਆਇਰੀ ਹੋਵੇਗੀ ਕਿਉਂਕਿ ਇਹ ਇਕ ਫਰਾਡ ਹੈ ਜਿਹੜਾ ਕਿ ਨਹੀਂ ਹੋਣਾ ਚਾਹੀਦਾ।

Laying of Underground Pipes

***86. Master Dalip Chand** : Will the Chief Minister be pleased to state whether the Government propose to lay more underground pipes for tubewells installed in the Balachaur Assembly Constituency for irrigation; if so, the time by which that is likely to be done?

ਸਰਦਾਰ ਦਰਬਾਰਾ ਸਿੰਘ : ਹਾਂ ਜੀ। ਮਾਰਚ 1982 ਤੱਕ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਸੰਨ 1982 ਤੱਕ ਬਲਾਚੌਰ ਹਲਕੇ ਵਿਚ ਪਾਈਪਲਾਈਨ ਵਧਾ ਦਿਤੇ ਜਾਣਗੇ। ਸਪੀਕਰ ਸਾਹਿਬ, ਬਲਾਚੌਰ ਕੰਡੀ ਦਾ ਇਲਾਕਾ ਹੈ, ਦੋ ਸਾਲ ਤੋਂ ਉਥੇ ਬਾਰਸ਼ ਨਹੀਂ ਹੋਈ ਅੱਰ ਉਥੇ ਪਾਣੀ ਦੀ ਬਹੁਤ ਤਕਲੀਫ ਆਈ ਹੈ। ਕੀ ਲੋਕਾਂ ਦੀ ਇਸ ਤਕਲੀਫ ਨੂੰ ਮੁੱਖ ਰੱਖ ਕੇ ਸਰਕਾਰ ਸੰਨ 1982 ਤੋਂ ਪਹਿਲਾਂ ਇਹ ਕੰਮ ਕਰਵਾ ਦੇਵੇਗੀ ਤਾਕਿ ਲੋਕਾਂ ਨੂੰ ਰਾਹਤ ਮਿਲ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਕ ਕੰਡੀ ਏਰੀਆ ਦੀ ਸਕੀਮ ਹੈ, ਉਸ ਤੇ ਕਾਫੀ ਖਰਚਾ ਹੋਣਾ ਹੈ। ਅਸੀਂ ਕੋਈ ਐਸਾ ਟੀਚਾ ਮੁਕਰੱਰ ਨਹੀਂ ਕਰਨਾ ਚਾਹੁੰਦੇ ਜਿਹੜਾ ਬਾਅਦ ਵਿਚ ਪੂਰਾ ਨਾ ਹੋ ਸਕੇ। ਜੋ ਇਹ ਤਾਰੀਖ਼ ਦਿਤੀ ਹੈ ਇਸ ਤਕ ਇਹ ਕੰਮ ਹੋ ਜਾਵੇਗਾ ਪਰ ਸਾਡੀ ਕੋਸ਼ਿਸ਼ ਹੋਵੇਗੀ ਕਿ ਇਸ ਤੋਂ ਪਹਿਲਾਂ ਵੀ ਹੋ ਸਕੇ।

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਜਿਹੜਾ ਕੰਡੀ ਦਾ ਏਰੀਆ ਹੈ ਇਹ ਗਰੀਬ ਲੋਕਾਂ ਦਾ ਏਰੀਆ ਹੈ। ਕੀ ਪਾਈਪ ਲਾਈਨਜ਼ ਪਾਉਣ ਵਾਸਤੇ ਸਰਕਾਰ ਉਨ੍ਹਾਂ ਲੋਕਾਂ ਨੂੰ 25 ਫ਼ੀ ਸਦੀ ਜਾਂ 30 ਫੀ ਸਦੀ ਸਬਸਿਡੀ ਦੇਣ ਨੂੰ ਤਿਆਰ ਹੈ ?

ਮੁੱਖ ਮੰਤਰੀ : ਕੰਡੀ ਏਰੀਆ ਸਕੀਮ ਇਟਸੈਲਫ ਇਕ ਇੰਟੈਗਰੈਟਿਡ ਸਕੀਮ ਹੈ। ਉਸ ਦੇ ਵਿਚ ਸਾਰੀਆਂ ਚੀਜ਼ਾਂ ਆਉਂਦੀਆਂ ਹਨ। ਸਬਸਿਡੀ ਦੇਣੀ ਹੈ ਜਾਂ ਨਹੀਂ ਇਹ ਉਸ ਸਕੀਮ ਦੇ ਮੁਤਾਬਿਕ ਹੀ ਹੋਵੇਗਾ। ਮੈਂ ਇਸ ਵੇਲੇ ਕੋਈ ਗਲਤ ਗੱਲ ਨਹੀਂ ਕਹਿਣੀ ਚਾਹੁੰਦਾ। ਜੋ ਸਕੀਮ ਦੇ ਮੁਤਾਬਿਕ ਹੋਵੇਗਾ, ਕਰਾਂਗੇ।

ਪੰਡਿਤ ਸਰਵਣ ਰਾਮ : ਸਪੀਕਰ ਸਾਹਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਏਰੀਆ ਵਿਚ ਜਿਹੜੇ ਟਿਊਬਵੈਲ ਲਗਾਏ ਹੋਏ ਹਨ, ਉਹ ਹੁਣ ਬੰਦ ਪਏ ਹਨ ਕੀ ਉਨਾਂ ਨੂੰ ਫੇਰ ਤੋਂ ਚਾਲੂ ਕਰਨ ਦੀ ਕਿਰਪਾ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਿਹੜੇ ਉਥੇ ਡੀਪ ਟਿਊਬਵੈਲ ਹਨ ਉਨ੍ਹਾਂ ਵਿਚੋਂ ਕੁਝ ਐਸੇ ਵੀ ਹਨ ਜਿਨ੍ਹਾਂ ਰਾਹੀਂ ਪਾਣੀ ਨਹੀਂ ਸੀ ਆਉਂਦਾ। ਇਸ ਤਰ੍ਹਾਂ ਇਹ ਟਿਊਬਵੈਲ ਬੰਦ ਪਏ ਰਹੇ। ਕੁਝ ਐਸੇ ਟਿਊਬਵੈਲ ਹੁਣ ਵੀ ਬੰਦ ਪਏ ਹੋਣਗੇ। ਲੇਕਿਨ ਕੁਝ ਟਿਊਬਵੈਲ ਹਨ, ਜਿਨ੍ਹਾਂ ਨਾਲ ਜ਼ਮੀਨ ਸੈਰਾਬ ਹੁੰਦੀ ਹੈ।

Election to the Municipal Corporations and Municipal Committees in the State.

***45. Seth Khushhal Chand** : Will the Minister for Finance be pleased to state:—

(a) the number of Municipal Corporations and Municipal Committees in the State to which the elections are due;

(b) whether the Government has decided to hold elections to the said local bodies; if so, the dates on which the elections are proposed to be held ?

ਡਾਕਟਰ ਕੇਵਲ ਕ੍ਰਿਸ਼ਨ: (ੳ) ਰਾਜ ਵਿਚ 3 ਨਗਰ ਨਿਗਮਾਂ ਅਤੇ 4 ਨਗਰਪਾਲਕਾਵਾਂ ਦੀਆਂ ਚੋਣਾਂ ਵਾਜਬ ਹਨ।

(ਅ) ਹਾਂ ਜੀ। ਸਹੀ ਮਿਤੀਆਂ ਜਿਨ੍ਹਾਂ ਨੂੰ ਚੋਣਾ ਕਰਾਉਣ ਦੀ ਤਜਵੀਜ਼ ਹੈ ਉਹ ਵਿਚਾਰ ਅਧੀਨ ਹੈ।

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਕਾਰਪੋਰੇਸ਼ਨਾਂ ਅਤੇ ਮਿਉਂਸਪਲ ਕਮੇਟੀਆਂ ਦੇ ਇਲੈਕਸ਼ਨ ਹੋਣੇ ਹਨ, ਕੀ ਉਨ੍ਹਾਂ ਦੀਆਂ ਵਾਰਡ ਬੰਦੀਆਂ ਅਤੇ ਵੋਟਰ ਲਿਸਟਾਂ ਤਿਆਰ ਹੋ ਚੁਕੀਆਂ ਹਨ ?

ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਜਿਹੜਾ ਸਵਾਲ ਕੀਤਾ ਹੈ ਉਸ ਵਿਚ ਉਨ੍ਹਾਂ ਨੇ ਵਾਰਡ ਬੰਦੀਆਂ ਅਤੇ ਵੋਟਰ ਲਿਸਟਾਂ ਦੇ ਬਾਰੇ ਪੁੱਛਿਆ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਹੋਣੀਆਂ ਹਨ ਉਨ੍ਹਾਂ ਵਾਸਤੇ

Original with;
Punjab Vidhan Sabha
Digitized by;
Panjab Digital Library

ਵਾਰਡ ਬੰਦੀਆਂ ਤਿਆਰ ਹੋ ਚੁਕੀਆਂ ਹਨ। ਚਾਰ ਮਿਉਂਸਪਲ ਕਮੇਟੀਆਂ ਐਸੀਆਂ ਹਨ ਜਿਨ੍ਹਾਂ ਦੇ ਬਾਰੇ ਹਾਈ ਕੋਰਟ ਵਿਚ ਰਿੱਟ ਹੋਈ ਹੈ। ਇਹ ਕਮੇਟੀਆਂ ਰਾਜਪੁਰਾ, ਭਦੌੜ, ਜੈਤੋਂ ਅਤੇ ਇਕ ਹੋਰ ਹੈ। ਇਨ੍ਹਾਂ ਦਾ ਕੇਸ ਹਾਈ ਕੋਰਟ ਵਿਚ ਚਲਦਾ ਹੈ ਅਤੇ ਜਦੋਂ ਤਕ ਉਸ ਰਿਟ ਦਾ ਫੈਸਲਾ ਨਹੀਂ ਹੋ ਜਾਂਦਾ ਉਨ੍ਹਾਂ ਦੀ ਇਲੈਕਸ਼ਨ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਫੈਸਲਾ ਹੋਣ ਤੇ ਇਕ ਸਾਲ ਦੇ ਅੰਦਰ ਅੰਦਰ ਚੋਣਾਂ ਜ਼ਰੂਰ ਹੋ ਜਾਣਗੀਆਂ। ਬਾਕੀ ਜਿਹੜੀਆਂ ਕਾਰਪੋਰੇਸ਼ਨਾਂ ਹਨ ਉਨ੍ਹਾਂ ਦੇ ਵਾਸਤੇ ਵਾਰਡ ਬੰਦੀਆਂ ਬਣਾਉਣ ਵਾਸਤੇ ਕਹਿ ਦਿਤਾ ਗਿਆ ਹੈ, ਇਥੇ ਵੀ ਇਕ ਸਾਲ ਦੇ ਅੰਦਰ ਅੰਦਰ ਚੋਣਾਂ ਪੰਜਾਬ ਸਰਕਾਰ ਜ਼ਰੂਰ ਕਰਵਾ ਦੇਵੇਗੀ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਵੀਆਂ ਚੋਣਾਂ ਹੋਣਗੀਆਂ ਉਸ ਦੇ ਵਿਚ ਵੋਟਾਂ ਬਣਾਉਣ ਲਈ ਆਧਾਰ ਲਿਸਟ ਜੋ ਹੋਵੇਗੀ ਉਹ ਅਸੈਂਬਲੀ ਦੀਆਂ ਇਲੈਕਸ਼ਨਾਂ ਵਾਲੀ ਹੋਵੇਗੀ ਜਾਂ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਵਾਲੀ ਹੋਵੇਗੀ ?

ਮੰਤਰੀ : ਮਿਉਂਸਪਲ ਕਮੇਟੀਆਂ ਲਈ ਵੋਟਾਂ ਦੀ ਆਧਾਰ ਲਿਸਟਾਂ ਜੋ ਅਸੈਂਬਲੀ ਇਲੈਕਸ਼ਨਾਂ ਹੋ ਚੁਕੀਆਂ ਹਨ, ਉਹ ਹੋਣਗੀਆਂ। ਬਾਕੀ ਕਾਰਪੋਰੇਸ਼ਨਾਂ ਦੇ ਬਾਰੇ ਵਿਚ ਹਾਲੇ ਡੀਲਿਮੀਟੇਸ਼ਨ ਹੋਵੇਗੀ ਅੇਰ ਇਲੈਕਟੋਰਲ ਰੋਲਜ਼ ਨਵੇਂ ਤਿਆਰ ਹੋਣਗੇ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਜਿੰਨ੍ਹਾਂ ਚਿਰ ਅਸੈਂਬਲੀ ਇਲੈਕਸ਼ਨ ਦੀਆਂ ਲਿਸਟਾਂ ਨੂੰ ਕਿਸੇ ਵੋਟਰ ਲਿਸਟ ਦਾ ਆਧਾਰ ਨਹੀਂ ਬਣਾਇਆ ਜਾਂਦਾ ਉਹ ਨਜਾਇਜ਼ ਹੋਣਗੀਆਂ ....

ਸ਼੍ਰੀ ਸਪੀਕਰ : ਤੁਸੀਂ ਬੈਠੋ। ਇਹ ਤਾਂ ਡਿਪਾਰਟਮੈਂਟ ਨੇ ਵੇਖਣਾ ਹੈ।

ਕਾਮਰੇਡ ਦਯਾ ਸਿੰਘ : ਕੀ ਇਨ੍ਹਾਂ ਇਲੈਕਸ਼ਨਾਂ ਵਿਚ 18 ਸਾਲ ਦੇ ਨੌਜਵਾਨਾਂ ਨੂੰ ਵੋਟ ਦੇਣ ਦਾ ਹੱਕ ਦੇਣਗੇ, ਜਿਸ ਦੀ ਕਾਫੀ ਦੇਰ ਤੋਂ ਮੰਗ ਚਲੀ ਆ ਰਹੀ ਹੈ ?

ਮੰਤਰੀ : ਇਸ ਤਰ੍ਹਾਂ ਦਾ ਕੋਈ ਵਿਚਾਰ ਨਹੀਂ ਅਤੇ ਨਾ ਹੀ ਕੋਈ ਫੈਸਲਾ ਕਰਨ ਦੀ ਆਸ ਹੈ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਾਰਪੋਰੇਸ਼ਨ ਦਾ ਜਿਹੜਾ ਐਕਟ ਸੀ ਉਹ ਪਰਾਣੀ ਸਰਕਾਰ ਨੇ ਬਣਾਇਆ ਸੀ। ਉਸ ਵੇਲੇ ਕਾਰਪੋਰੇਸ਼ਨ ਦੇ ਹਲਕੇ 50 ਰਖੇ ਗਏ ਸਨ ਅੇਰ 10 ਹਜ਼ਾਰ ਦੀ ਆਬਾਦੀ ਤੇ ਇਕ ਹਲਕਾ ਬਣਾਇਆ ਗਿਆ ਸੀ। ਪਰ ਹੁਣ ਮਰਦਮਸ਼ੁਮਾਰੀ ਦੇ ਮੁਤਾਬਿਕ ਆਬਾਦੀ ਕਾਫੀ ਵੱਧ ਗਈ ਹੈ, ਕੀ ਹੁਣ ਉਸ ਮੁਤਾਬਿਕ 50 ਤੋਂ ਉਪਰ ਹਲਕੇ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਕਾਰਪੋਰੇਸ਼ਨ ਦਾ ਐਕਟ ਬਣਿਆ ਹੋਇਆ ਹੈ। ਉਸ ਮੁਤਾਬਿਕ ਜਿਸ ਸ਼ਹਿਰ ਦੀ ਆਬਾਦੀ 3 ਲੱਖ ਤੋਂ ਉਪਰ ਹੋਵੇਗੀ ਉਥੇ ਹੀ ਕਾਰਪੋਰੇਸ਼ਨ ਬਣ ਸਕਦੀ ਹੈ। ਇਸ ਐਕਟ ਮੁਤਾਬਿਕ 50 ਹਲਕਿਆਂ ਤੋਂ ਵੱਧ ਐਡਜਸਟ ਨਹੀਂ ਕੀਤੇ ਜਾ ਸਕਦੇ।

ਸ਼੍ਰੀ ਓਮ ਪ੍ਰਕਾਸ਼ ਕਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਕ ਸਾਲ ਦੇ ਅੰਦਰ ਅੰਦਰ ਕਾਰਪੋਰੇਸ਼ਨਾਂ ਦੇ ਇਲੈਕਸ਼ਨਜ਼ ਕਰਵਾ ਦਿਤੇ ਜਾਣਗੇ। ਇਸ ਤੋਂ ਪਹਿਲਾਂ ਉਥੇ ਐਡਵਾਇਜ਼ਰੀ ਕਮੇਟੀਆਂ ਬਣੀਆਂ ਹੋਈਆਂ ਸਨ। ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਹੁਣ ਵੀ ਉਸੇ ਤਰ੍ਹਾਂ ਐਡਵਾਇਜ਼ਰੀ ਕਮੇਟੀਆਂ ਰੱਖਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਜਿੰਨਾ ਚਿਰ ਚੋਣਾਂ ਨਹੀਂ ਹੁੰਦੀਆਂ, ਉਹ ਐਡਵਾਇਜ਼ਰੀ ਕਮੇਟੀਜ਼ ਰੀਵਾਈਵ ਕਰ ਦੇਵਾਂਗੇ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ 18 ਸਾਲ ਦੇ ਨੌਜਵਾਨਾਂ ਨੂੰ ਵੋਟ ਦੇਣ ਦਾ ਅਧਿਕਾਰ 3 ਰਾਜਾਂ ਵਿਚ ਮਿਲਿਆ ਹੋਇਆ ਹੈ ਤਾਂ ਫਿਰ ਇਥੇ ਪੰਜਾਬ ਵਿਚ ਇਹ ਅਧਿਕਾਰ ਕਿਉਂ ਨਹੀਂ ਦਿੱਤਾ ਜਾ ਰਿਹਾ ?

ਮੰਤਰੀ : 18 ਸਾਲ ਦੇ ਨੌਜਵਾਨਾਂ ਨੂੰ ਵੋਟ ਦੇਣ ਦੇ ਅਧਿਕਾਰ ਦਾ ਫੈਸਲਾ ਸੈਂਟਰਲ ਗੌਰਮਿੰਟ ਨੇ ਕਰਨਾ ਹੈ (ਵਿਘਨ) ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਵਾਸਤੇ ਇਸ ਤਰ੍ਹਾਂ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਅਤੇ ਨਾ ਹੀ ਕੋਈ ਆਸ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋ ਰਹੀਆਂ ਹਨ ਇਸ ਵਿਚ ਤਕਰੀਬਨ 40, 50 ਸੀਟਾਂ ਹੋਣਗੀਆਂ, ਵਜ਼ੀਰ ਸਾਹਿਬ ਆਬਾਦੀ ਦੀ ਰੇਸ਼ੋ ਨਾਲ ਇਸ ਵਿਚ ਕਿੰਨੀਆਂ ਸੀਟਾਂ ਰਿਜ਼ਰਵ ਰੱਖਣਗੇ ?

ਮੰਤਰੀ : ਸਪੀਕਰ ਸਾਹਿਬ, ਆਬਾਦੀ ਦੀ ਰੇਸ਼ੋ ਨਾਲ ਰਿਜ਼ਰਵ ਸੀਟਾਂ ਹੋਣਗੀਆਂ ਅੱਧ 25 ਫੀ ਸਦੀ ਜ਼ਰੂਰ ਹੋਣਗੀਆਂ । ਹਰ ਕਾਰਪੋਰੇਸ਼ਨ ਵਿਚ ਇਹ ਰਿਜ਼ਰਵੇਸ਼ਨ ਰੱਖੀ ਜਾਵੇਗੀ।

ਸਰਦਾਰ ਜਸਮਤ ਸਿੰਘ ਢਿੱਲੋਂ : ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਮਿਉਂਸਪਲ ਕਮੇਟੀਆਂ ਦੇ ਇਲੈਕਸ਼ਨ ਹੋ ਗਏ ਹਨ ਪਰ ਹੁਣ ਈ. ਓ. ਸਾਹਿਬ ਕੋਲ ਹੀ ਕਮੇਟੀ ਦੇ ਸਾਰੇ ਅਖਤਿਆਰ ਹਨ ਅਤੇ ਇਸ ਤਰੀਕੇ ਨਾਲ ਜਿਹੜੇ ਮੈਂਬਰ ਚੁਣੇ ਜਾਂਦੇ ਹਨ ਉਹ ਲੋਕਾਂ ਦੀ ਸੇਵਾ ਠੀਕ ਤਰ੍ਹਾਂ ਨਹੀਂ ਕਰ ਸਕਦੇ, ਕੀ ਵਜ਼ੀਰ ਸਾਹਿਬ ਇਹ ਅਖਤਿਆਰ ਕਮੇਟੀ ਦੇ ਮੈਂਬਰਜ਼ ਨੂੰ ਦਿਵਾਉਣਗੇ ਤਾਕਿ ਉਹ ਲੋਕਾਂ ਦੀ ਸੇਵਾ ਕਰ ਸਕਣ ?

ਮੰਤਰੀ : ਆਨਰੇਬਲ ਮੈਂਬਰ ਨੇ ਬੜਾ ਅੱਛਾ ਸੁਝਾਵ ਦਿੱਤਾ ਹੈ, ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਹੁਣ ਤੋਂ ਕੋਈ 6 ਮਹੀਨੇ ਪਹਿਲਾਂ ਜਦੋ ਡਾਕਟਰ ਸਾਹਿਬ ਆਪੋਜ਼ੀਸ਼ਨ ਵਿਚ ਬੈਠਦੇ ਸਨ ਤਾਂ ਉਸ ਵੇਲੇ ਇਹ ਆਪ 18 ਸਾਲ ਦੇ ਨੌਜਵਾਨ ਨੂੰ ਵੋਟ ਦੇਣ ਦੇ ਹੱਕ ਦੀ ਗਲ ਕਰਦੇ ਸਨ ਪਰ ਹੁਣ ਇਹ ਕਿਉਂ ਭੁੱਲ ਗਏ ਹਨ ? ਇਹ ਉਨ੍ਹਾਂ ਨੌਜਵਾਨਾਂ ਦੀ ਬੜੀ ਸੀਰੀਅਸ ਮੰਗ ਹੈ । ਕੀ ਵਜ਼ੀਰ ਸਾਹਿਬ ਇਸ ਤੇ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਡੀ ਪਾਰਟੀ ਨੇ ਕਦੇ ਵੀ ਇਸ ਗਲ ਦੀ ਮੰਗ ਨਹੀਂ ਕੀਤੀ ਸੀ। ਸਾਡੀ ਪਾਰਟੀ ਸਰਦਾਰ ਦਰਬਾਰਾ ਸਿੰਘ ਜੀ ਦੀ ਲੀਡਰਸ਼ਿਪ ਹੇਠ ਪੂਰਾ ਡੈਮੋਕਰੇਸੀ ਵਿਚ ਵਿਸ਼ਵਾਸ ਰੱਖਦੀ ਹੈ ਅੱਤ ਜਿਹੜੀਆਂ ਚੋਣਾਂ ਹੋਣੀਆਂ ਹਨ ਉਹ ਸਮੇਂ ਸਿਰ ਕਰਵਾ ਦਿੱਤੀਆਂ ਜਾਣਗੀਆਂ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ । (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਯਸ਼ : ਸਪੀਕਰ ਸਾਹਿਬ, ਜਿਹੜੀ ਡੀਲੀਮੀਟੇਸ਼ਨ ਹੋਣੀ ਹੈ ਇਹ ਆਬਾਦੀ ਦੇ ਲਿਹਾਜ਼ ਨਾਲ ਹੋਣੀ ਹੈ ਅੱਜ ਇਕ ਹਲਕੇ ਵਿਚ ਤਕਰੀਬਨ 10 ਹਜ਼ਾਰ ਦੀ ਆਬਾਦੀ ਹੋਵੇਗੀ । ਮੈਂ ਇਹ ਪੁੱਛਦਾ ਹਾਂ ਕਿ ਜਿਹੜੇ ਹਲਕੇ ਬਣਾਉਣੇ ਹਨ ਇਹ ਪੁਰਾਣੀ ਮਰਦਮਸ਼ੁਮਾਰੀ ਦੇ ਲਿਹਾਜ਼ ਨਾਲ ਬਣਾਉਣੇ ਹਨ ਜਾਂ ਨਵੀਂ ਜਿਹੜੀ ਹੁਣ ਮਰਦਮਸ਼ੁਮਾਰੀ ਹੋਈ ਹੈ ਉਸ ਮੁਤਾਬਿਕ ਬਣਾਉਣੇ ਹਨ ? ਕੀ ਹੁਣ ਇਸ ਨਵੀਂ ਮਰਦਮਸ਼ੁਮਾਰੀ ਨੂੰ ਇਗਨੋਰ ਤਾਂ ਨਹੀਂ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਪਹਿਲੇ ਡੀਲੀਮੀਟੇਸ਼ਨ ਤੋਂ ਬਾਅਦ ਇਲੈਕਟੋਰਲ ਰੋਲ ਬਣਾਏ ਜਾਣਗੇ ਅੱਤੇ ਉਸ ਤੋਂ ਬਾਅਦ ਇਲੈਕਸ਼ਨ ਹੋਣਗੇ । (ਵਿਘਨ)

ਸ਼੍ਰੀ ਯਸ਼ : ਮੈਂ ਨਵੀਂ ਮਰਦਮਸ਼ੁਮਾਰੀ ਬਾਰੇ ਪੁੱਛਿਆ ਹੈ । ਉਸ ਦਾ ਜਵਾਬ ਨਹੀਂ ਆਇਆ ।

Mr. Speaker: Next question. (*Interruption*)

Bet Area Allowance to the Government Employees posted in the Villages of District Patiala

*70. **Comrade Baldev Singh Loomba** : Will the Minister for Finance be pleased to state :—

(a) whether the Bet Area Allowance is being given to Government employees who are posted in the villages of district Patiala, situated within five miles belt of River Ghagar ;

(b) if the reply to part (a) above be in the affirmative ; the names of such villages ?

Doctor Kewal Krishan : (a) Compensatory Allowance is being given to Government employees posted in the Bet areas of District Patiala.

(b) A statement giving the list of these villages is laid on the Table of the House.

List of Villages falling in Bet Area in Patiala District

Block	..	**Samana**
Tehsil	..	**Samana**
District	..	**Patiala**

Serial No.	Name of the village		Hadbast No.
1	Marori	..	87
2	Gulahar	..	165
3	Naiwala	..	167
4	Badshahpur	..	188

Original with;
Punjab Vidhan Sabha
Digitized by;
Panjab Digital Library

[Minister for Finance]

Serial No.	Name of the Village	Hadbest No.
5	Rampur Purta ..	189
6	Karim Nagar ..	189
7	Dawarkapur ..	190
8	Arnetu ..	191
9	Shadipur Momian ..	196
10	Rasauli ..	199
11	Shatrana ..	200
12	Shagra ..	202
13	Matauli ..	206
14	Taipur ..	207
15	Kangthala ..	209
	Block .. Ghanauri	
	Tehsil .. Rajpura (Patiala)	
1	Dehrian ..	140
2	Gaddapur ..	141
3	Bapror ..	143
4	Mehakamadpur ..	144
5	Shambhu Kalan ..	146
6	Raj Garh ..	147
7	Ram Nagar ..	148
8	Tepla ..	149
9	Manjauli ..	330
10	Jassu Majra ..	331
11	Haripur Jhungian ..	333
12	Katla Har ..	334
13	Zirakpur ..	335
14	Akbarpur ..	339
15	Rasulpur ..	342
16	Sulempur Jattan ..	343
17	Hari Garh ..	344
18	Balheri ..	345
19	Rurki ..	346

Original with;
Punjab Vidhan Sabha
Digitized by;
Panjab Digital Library

Serial No.	Name of the village		Hadbast No.
20	Jogi Majra	..	347
21	Hari Majra	..	347
22	Ghanauri Khera	..	349
23	Mahdooda	..	350
24	Sarala Khurd	..	351
25	Sarala Kalan	..	355
26	Kamalpur	..	356
27	Ram Nagar alias Lalru Khurd	..	357
28	Ghanaur	..	358
29	Rurka	..	360
30	Majri Fakiran	..	365
31	Sohni Majra	..	366
32	Sohle Majra	..	367
33	Ullana	..	369
34	Kauri Kalan	..	370
35	Lachhru Kala	..	371
36	Chamaroo	..	372
37	Kauri Khurd	..	373
38	Zaid Maghauli	..	374
39	Pippal Manghauli	..	376
40	Mirzapur	..	377
41	Gobindgarh	..	377
42	Sandharsi	..	378
43	Bullopur	..	380
44	Sanjur Pur	..	381
45	Darwa	..	382
46	Nanheri	..	383
47	Raipur	..	384
48	Rajpur	..	384
49	Sauta	..	385
50	Uttsar	..	385

Original with;
Punjab Vidhan Sabha
Digitized by;
Panjab Digital Library

[Minister for Finance]

Serial No.	Name of the Village		Hadbast No,
51	Samashpur	..	386
52	Shekhpura	..	387
53	Jamit Garh	..	388
54	Jabbo Majara	..	389
55	Dharamgarh	..	390
56	Nasimbli	..	391
57	Kapoori	..	397
58	Tahirpur	..	398
59	Jharwan	..	399
60	Harpalan	..	392
61	Mehrian	..	393
62	Naraingarh	..	404
	Block	.. Rajpura	
	Tehsil	.. Rajpura (Patiala)	
1	Hansala	..	21
2	Lohgarh	..	46
3	Basman	..	227
4	Budhanpur	..	228
5	Jhajjan	..	229
6	Charwah	..	230
7	Khaspur	..	231
8	Salempur	..	232
9	Manali Soorat	..	235
10	Ka Kurali	..	237
11	Khanpur Khurd	..	238
12	Dharmgarh	..	239
13	Mamauli	..	240
14	Minaran	..	241
15	Khalwar	..	242
16	Kheri Gurna	..	243

Original with;
Punjab Vidhan Sabha
Digitized by;
Panjab Digital Library

Serial No.	Name of the village	Hadbast No.
17	Nandgarh ..	246
18	Kalaur ..	281
19	Khizargarh ..	282
20	Rampur Kalan ..	283
21	Azizpur ..	284
22	Chhat ..	286
23	Narain Garh ..	288
24	Dialpur ..	289
25	Nabha ..	290
	Block .. Dera Bassi	
	Tehsil .. Rajpura	
	District .. Patiala	
1	Dadrala ..	8
2	Bir Dadrala ..	8/1
3	Gulabgarh ..	9
4	Sadepur ..	10
5	Madhopur	11
6	Shadi Majra ..	12
7	Kakrali ..	13
8	Romi ..	14
9	Shekhpur Khurd ..	15
10	Kasba Bassi ..	15/1
11	Bakarpur ..	16
12	Haripur Koora ..	17
13	Devi Nagar ..	18
14	Janetpur ..	19
15	Dappar ..	20
16	Mukand Pur ..	22
17	Gajju Majra ..	23
18	Chandiala ..	24

Original with;
Punjab Vidhan Sabha
Digitized by;
Panjab Digital Library

[Minister for Finance]

Serial No.	Name of the village	Hadbast No.
19	Amlala ..	25
20	Barauli ..	26
21	Ber Majra ..	27
22	Bohri ..	28
23	Bohra ..	29
24	Karkaur ..	30
25	Shekhpur Khurd ..	31
26	Fatehpur ..	32
27	Ibrahimpur ..	33
28	Paragpur ..	34
29	Mehmadpur ..	25
30	Dhanauli ..	36
31	Jagadhri ..	37
32	Mofawali ..	38
33	Isapur ..	39
34	Bakarpur ..	40
35	Shatab Garh ..	41
36	Ramgarh (Bhuda) ..	42
37	Singhpura ..	43
38	Bishanpura ..	44
39	Bishangarh ..	45
40	Batrana ..	46
41	Himmatgarh ..	48
42	Dhakauli ..	49
43	Gungipur ..	50
44	Nagla ..	51
45	Sanauli ..	52
46	Kishanpura ..	53
47	Bir Pir Machhela ..	53/1
48	Pir Machhela ..	54

Original with;
Punjab Vidhan Sabha
Digitized by;
Panjab Digital Library

Serial No.	Name of the village		Hadbast No.
49	Dang Dehra	..	150
50	Sadapura	..	151
51	Mandi	..	152
52	Sarsini	..	153
53	Jawaharpur	..	202
54	Lehli	..	215
55	Hassanpur	..	216
56	Jalalpur	..	217
57	Lalru	..	218
58	Dehar	..	224
59	Alamgir	..	225
60	Tawana	..	226
61	Bhagwanpur	..	233
62	Paragpur	..	234
63	Kambra	..	236
64	Land	..	238
65	Bir Chhot	..	285
66	Kishanpur	..	287
	Block	.. Bhunnar Heri	
	Tehsil	.. Patiala (Patiala)	
1	Bibipur Khurd	..	183
2	Bibipur	..	183
3	Randhawa	..	186
4	Ram Nagar Baxiwala	..	187
5	Dharam Heri	..	188
6	Sassi Brahmana	..	191
7	Naugawan	..	192
8	Alipur Jattan	..	193
9	Jaraso	..	194
10	Balbera	..	195
11	Sassa Gujran	..	200

Original with;
Punjab Vidhan Sabha
Digitized by;
Punjab Digital Library

[Minister for Finance]

Serial No.	Name of the village		Hadbast No.
12	Jalla Kherl	..	225
13	Chhohat	..	273
14	Khera Raju Singh	..	227
15	Hassanpur Kamboan	..	236
16	Kapoori	..	240
17	Bangra	..	242
18	Kishanpur	..	243
19	Ghuram	..	244
20	Rajpur	..	345
21	Malik Dehar	..	246
22	Maqboolpur Bhaini	..	247
23	Pathan Majra	..	248
24	Jalalbad	..	249
25	Majara Kalan	..	250
26	Faranswala	..	251
27	Mehon	..	251
28	Duddan Sadha	..	252
29	Bhagwanpur Jattan	..	252
30	Duddan Gujran	..	253
31	Duddan Gujran	..	254
32	Lehal Jagir	..	254
33	Akbarpur Afgana	..	255
34	Bishan Nagar Kotla	..	256
35	Mehmoodpur Roorki	..	258
36	Sadhpur Veeran	..	259
37	Budh Mor	..	260
38	Jodhpur	..	261
39	Kharabgarh	..	262
40	Hari Garh	..	264
41	Devi Nagar Hisa	..	256
42	Rohar Jagir	..	266

Original with;
Punjab Vidhan Sabha
Digitized by;
Panjab Digital Library

Serial No.	Name of the village	Hadbast No.
43	Ganeshpura	268
44	Roshanpur	269
45	Chatoli	270
46	Naraingarh alias Adaltiwala	271
47	Bahadurpur Faqiran	273
48	Chhohat	273
49	Bhambooan	275
50	Jeolkan	276
51	Ibrahimpura	277
52	Chaprahar	280
53	Aujhan	282
54	Matabgarh	283
55	Binjhal	284
56	Aheroo Kalan	285
57	Aheroo Khurd	286
58	Khansa	287
59	Sampooran Garh	287
60	Dhagrauli	288
61	Sohalgarh	—
62	Balhera	290
63	Ishar Heri	291
64	Maggar	292
65	Alipur Wazir Sahib	293
66	Kachhwa	294
67	Ratta Khera	294
68	Kachhwi	265
69	Akbarpur alias Pathan Majra	296
70	Faridpur	297
71	Sahni Purtada	298
72	Tasalpur	299
73	Niamatpur	300

Original with;
Punjab Vidhan Sabha
Digitized by;
Panjab Digital Library

Serial No.	Name of the village		Hadbast No.
74	Shekhpur Jagir	...	301
75	Abdulpur	...	302
76	Mukhmelpur	...	303
77	Chirwan	...	304
78	Alipur Sikhan	...	305
79	Chirwi	...	306
80	Bahadurpur Nanikgiran	...	307
81	Tauran	...	308
82	Mehman	...	309
83	Salempur Walia	...	310
84	Mashgia	...	311
85	Dandi Majra	...	312
86	Malikpur Kamboan	...	313
87	Arnauli	...	316
88	Harana	...	317
89	Batta	...	320
90	Batti	...	321
91	Karanpur	...	323
92	Pur	...	325
93	Khalaspur	...	326
94	Maroopur	...	327
95	Naurangwala	...	328
96	Sarkapra	...	329
97	Tasalpur	...	353
98	Tawana	...	354
99	Mahroo	...	357

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ ਰਿਵਰ ਘੱਗਰ ਦੇ ਨਾਲ ਲਗਦੇ ਪਿੰਡਾਂ ਵਿਚ ਲਗੇ ਸਰਕਾਰੀ ਮੁਲਾਜ਼ਮਾਂ ਨੂੰ ਭੱਤਾ ਮਿਲਦਾ ਹੈ ਜਾਂ ਨਹੀਂ ? ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਜਿਹੜੇ 5 ਮੀਲ ਦੇ ਏਰੀਆਜ਼ ਵਿਚ ਸਮਾਣਾ ਬਲਾਕ ਦੇ 15 ਪਿਡ ਹਨ ਉਨ੍ਹਾਂ ਨੂੰ ਅਲਾਉਂਸ ਦਿਤਾ ਜਾਂਦਾ ਹੈ । ਪਰ ਮੈਂ ਇਹ ਪੁੱਛਦਾ ਹਾਂ ਕਿ ਜਿਹੜੇ ਇਸ ਤੋਂ ਵੀ ਨੇੜੇ ਨੇੜੇ ਦੇ 25 ਹੋਰ ਪਿੰਡ ਹਨ ਜਿਹੜੇ ਕਿ ਮੀਲ, ਮੀਲ ਜਾਂ 2, 2 ਮੀਲ ਤੇ ਹਨ ਕੀ ਉਨ੍ਹਾਂ ਨੂੰ ਵੀ ਇਹ ਅਲਾਉਂਸ ਦੇਣ ਦਾ ਖਿਆਲ ਰਖਣਗੇ ? ਇਨ੍ਹਾਂ 25 ਪਿੰਡਾਂ ਨੂੰ ਕਿਉਂ ਛੱਡ ਦਿੱਤਾ ਗਿਆ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸਵਾਲ ਵਿੱਚ ਕਿਹਾ ਹੈ ਕਿ ਕੀ ਵਿਦਇਨ ਫਾਈਵ ਮਾਈਲਜ਼ ਮਿਲਦਾ ਹੈ ਪਰ ਅਸਲ ਵਿਚ ਇਹ 5 ਮੀਲ ਨਹੀਂ ਹੈ ਬਲਕਿ 5 ਕਿਲੋਮੀਟਰ ਹੈ। ਸਪੀਕਰ ਸਾਹਿਬ, ਦਰਿਆ ਦੀ ਬੈਲਟ ਤੋਂ ਪੰਜ ਕਿਲੋ ਮੀਟਰ ਇੱਕ ਪਾਸੇ ਅਤੇ ਪੰਜ ਕਿਲੋ ਮੀਟਰ ਦੂਸਰੇ ਪਾਸੇ ਗਿਣਿਆ ਜਾਂਦਾ ਹੈ ਜਿਸ ਦੇ ਮੁਤਾਬਿਕ ਇਹ ਲਿਸਟ ਬਣਾਈ ਗਈ ਹੈ। ਇਹ ਉਨ੍ਹਾਂ 25 ਪਿੰਡਾਂ ਬਾਰੇ ਲਿਖ ਕੇ ਦੇ ਦੇਣ ਜੇਕਰ ਫਾਰਮੂਲੇ ਦੇ ਮੁਤਾਬਿਕ ਹੋਣਗੇ ਤਾਂ ਉਨ੍ਹਾਂ 25 ਪਿੰਡਾਂ ਨੂੰ ਵੀ ਮੁਆਵਜ਼ਾ ਭੱਤਾ ਦਿਤਾ ਜਾਵੇਗਾ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਮੰਨ ਲਿਆ ਹੈ ਕਿ ਜਿਹੜੇ ਪਿੰਡ ਰਹਿੰਦੇ ਹਨ, ਉਨ੍ਹਾਂ ਬਾਰੇ ਲਿਖ ਕੇ ਦੇ ਦੇਣ ਤਾਂ ਪੜਤਾਲ ਕਰਵਾ ਦੇਵਾਂਗੇ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਅਤੇ ਪੰਜ ਮੀਲ ਲਿਖਿਆ ਸੀ ਪਰ ਹੁਣ ਉਨ੍ਹਾਂ ਨੇ ਕੁਰੈਕਟ ਕਰ ਦਿੱਤੇ ਕਿ 5 ਕਿਲੋ ਮੀਟਰ ਹੈ। ਕੀ ਹੁਣ ਮਨਿਸਟਰ ਸਾਹਿਬ ਅਸ਼ੋਰੈਂਸ ਦੇਣਗੇ ਕਿ ਜਿਨ੍ਹਾਂ ਪਿੰਡਾਂ ਦੀ ਮੈਂ ਲਿਸਟ ਇਨ੍ਹਾਂ ਕੋਲ ਭੇਜਾਂਗਾ ਅਤੇ ਜਿਹੜੇ 5 ਕਿਲੋ ਮੀਟਰ ਦੇ ਅੰਦਰ ਅੰਦਰ ਹੋਣਗੇ ਤਾਂ ਕੀ ਉਨ੍ਹਾਂ ਪਿੰਡਾਂ ਦੀ ਪੜਤਾਲ ਕਰਵਾਈ ਜਾਵੇਗੀ ਅਤੇ ਉਨ੍ਹਾਂ ਪਿੰਡਾਂ ਨੂੰ ਮੁਆਵਜ਼ਾ ਭੱਤਾ ਦਿਤਾ ਜਾਵੇਗਾ ?

ਸ਼੍ਰੀ ਸਪੀਕਰ : ਲੂੰਬਾ ਜੀ, ਮਨਿਸਟਰ ਸਾਹਿਬ ਨੇ ਇਸ ਗੱਲ ਦਾ ਜਵਾਬ ਪਹਿਲਾਂ ਹੀ ਦੇ ਦਿਤਾ ਹੈ। (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਵੇਲੇ ਇਸ ਗੱਲ ਦੀ ਪਰੋਪੋਜ਼ਲ ਸੀ ਕਿ ਜਿਹੜੇ ਪਿੰਡਾਂ ਵਿੱਚ ਕਰਮਚਾਰੀ ਕੰਮ ਕਰਦੇ ਹਨ, ਉਨ੍ਹਾਂ ਨੂੰ ਪੇਂਡੂ ਭੱਤਾ ਦਿੱਤਾ ਜਾਵੇਗਾ। ਕੀ ਮੰਤਰੀ ਜੀ ਹੁਣ ਉਸ ਪਰੋਪੋਜ਼ਲ ਤੇ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਚੀਜ਼ ਇਸ ਸਵਾਲ ਨਾਲ ਤੁਅੱਲਕ ਨਹੀਂ ਰਖਦੀ। ਇਸ ਬਾਰੇ ਮੈਂਬਰ ਸਾਹਿਬ ਵੱਖਰਾ ਨੋਟਿਸ ਦੇ ਦੇਣ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਜੋ ਸਰਕਾਰ ਨੇ ਭੱਤਾ ਫਿਕਸ ਕੀਤਾ ਹੈ, ਜੋ ਬਠਿੰਡਾ ਡਿਸਟ੍ਰਿਕਟ ਵਿਚ ਘੱਗਰ ਦਰਿਆ ਦਾ ਇਲਾਕਾ ਹੈ ਅਤੇ ਜੋ ਪੰਜ ਕਿਲੋ ਮੀਟਰ ਅੰਦਰ ਬੇਟ ਦਾ ਏਰੀਆ ਹੋਵੇ ਤਾਂ ਕੀ ਉਥੇ ਵੀ ਮੁਆਵਜ਼ਾ ਭੱਤਾ ਦੇਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਇਲਾਕੇ ਦਰਿਆ ਦੇ ਨਾਲ ਲਗਦੇ ਹਨ ਅਤੇ ਦਰਿਆ ਦੀ ਡੈਫੀਨੇਸ਼ਨ ਵਿਚ ਆਉਂਦੇ ਹਨ ਅਤੇ ਮਈਯਰਮੈਂਟ ਦੇ ਮੁਤਾਬਿਕ 5 ਕਿਲੋ ਮੀਟਰ ਇਕ ਪਾਸੇ ਅਤੇ 5 ਕਿਲੋ ਮੀਟਰ ਦੂਜੇ ਪਾਸੇ ਆਉਂਦੇ ਹਨ ਅਤੇ ਬੇਟ ਏਰੀਆ ਦੇ ਇਲਾਕੇ ਹਨ ਤਾਂ ਉਨ੍ਹਾਂ ਨੂੰ ਵੀ ਰਿਲੀਫ ਦਿਤਾ ਜਾ ਸਕਦਾ ਹੈ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਜ਼ਿਲ੍ਹਾ ਪਟਿਆਲਾ ਦੇ ਪਿੰਡਾਂ ਵਿਚ, ਜੋ ਬੇਟ ਦੇ ਇਲਾਕੇ ਵਿਚ ਹਨ, ਕੰਪਨਸੇਟਰੀ ਅਲਾਊਂਸ ਦਿੱਤਾ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਭੱਤਾ ਜ਼ਿਲ੍ਹਾ ਰੋਪੜ, ਲੁਧਿਆਣਾ, ਫਤਹਿਗੜ੍ਹ, ਫਿਰੋਜ਼ਪੁਰ, ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਬੇਟ ਏਰੀਏ ਨੂੰ ਵੀ ਦਿੱਤਾ ਜਾਂਦਾ ਹੈ ?

Original with;
Punjab Vidhan Sabha
Digitized by:
Panjab Digital Library

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਮੇਰੇ ਕੋਲ ਡਿਸਟ੍ਰਿਕਟ ਪਟਿਆਲਾ ਦੀ ਲਿਸਟ ਹੈ । ਮੇਰੇ ਕੋਲ ਬਾਕੀ ਜ਼ਿਲ੍ਹਿਆਂ ਦੀ ਲਿਸਟ ਨਹੀਂ ਹੈ। ਇਸ ਲਈ ਮੈਂਬਰ ਸਾਹਿਬ ਇਸ ਬਾਰੇ ਸਵਾਲ ਦੇ ਦੇਣ ਅੱਗੇ ਸਾਰਾ ਜਵਾਬ ਦੇ ਦੇਵਾਂਗਾ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਬਲਾਚੌਰ ਵਿਚ ਕੰਡੀ ਏਰੀਆ ਦੇ 45 ਪਿੰਡ ਹਨ ਜਿਥੇ ਕਿ ਸਰਕਾਰੀ ਕਰਮਚਾਰੀ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਕੰਪਨਸੇਟਰੀ ਅਲਾਊਂਸ ਦਿੱਤਾ ਜਾਂਦਾ ਹੈ । ਇਸ ਤੋਂ ਇਲਾਵਾ, ਸਪੀਕਰ ਸਾਹਿਬ, ਜਿਹੜੇ ਬੇਟ ਏਰੀਏ ਦੇ 45 ਪਿੰਡ ਹਨ, ਕੀ ਉਨ੍ਹਾਂ ਨੂੰ ਵੀ ਇਹ ਭੱਤਾ ਦਿਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਜੇਕਰ ਪਹਿਲਾਂ ਹੀ ਕੰਪਨਸੇਟਰੀ ਅਲਾਊਂਸ ਮਿਲਦਾ ਹੈ ਤਾਂ ਉਨ੍ਹਾਂ ਕਰਮਚਾਰੀਆਂ ਨੂੰ ਡਬਲ ਭੱਤਾ ਨਹੀਂ ਦਿੱਤਾ ਜਾ ਸਕਦਾ ।

REVIVAL OF PANCHAYAT SAMITIS IN THE STATE

***44. Seth Khushhal Chand** : Will the Minister for Development be pleased to state :—

(a) whether the Government has decided to revive the Institution of the Panchayat Samitis in the State, if so, the reasons for reverting to the three tier system of Panchayati Raj ;

(b) whether the Government has decided to hold elections to the Panchayat Samitis and Zila Parishads in the near future, if so, the dates on which the elections are proposed to be held ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਹਾਂ । ਵਿਕਾਸ ਦੀ ਗਤੀ ਵਿੱਚ ਲੋਕਾਂ ਦੇ ਪ੍ਰਤੀਨਿਧਾਂ ਨੂੰ ਹੋਰ ਨੇੜੇ ਲਿਆ ਕੇ ਇਸ ਨੂੰ ਤੇਜ਼ ਕਰਨ ਦੇ ਮੰਤਵ ਨਾਲ ਇਹ ਫੈਸਲਾ ਕੀਤਾ ਗਿਆ ਹੈ ।

(ਅ) ਹਾਂ । ਅਸਲ ਤਰੀਖਾਂ ਦਾ ਹਾਲਾਂ ਫੈਸਲਾ ਹੋਣਾ ਹੈ ।

ਸੇਠ ਖੁਸ਼ਹਾਲ ਚੰਦ : ਸਪੀਕਰ ਸਾਹਿਬ, ਇਸ ਸਵਾਲ ਦੀ ਅਹਿਮੀਅਤ ਨੂੰ ਮੁੱਖ ਰਖਦੇ ਹੋਏ ਕੀ ਤੁਸੀਂ ਇਸ ਹਾਊਸ ਵਿਚ ਇਸ ਬਾਰੇ ਅੱਧਾ ਘੰਟਾ ਡਿਸਕਸ਼ਨ ਕਰਾਉਣ ਲਈ ਤਿਆਰ ਹੋ ?

ਸ਼੍ਰੀ ਸਪੀਕਰ : ਇਹ ਤੁਹਾਡਾ ਸਵਾਲ ਰੈਲੇਵੈਂਟ ਨਹੀਂ ਹੈ ਕਿਉਂਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਇਸ ਏਜੰਡੇ ਦਾ ਪਹਿਲਾਂ ਹੀ ਫੈਸਲਾ ਕੀਤਾ ਹੁੰਦਾ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਜੋ ਸਰਕਾਰ ਨੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦਾ ਚੋਣਾਂ ਕਰਾਉਣ ਦਾ ਫੈਸਲਾ ਕੀਤਾ ਹੈ ਤਾਂ ਕੀ ਚੋਣਾਂ ਪੰਜਾਬ ਸਰਕਾਰ ਫੇਅਰ ਕਰਵਾਏਗੀ ਜਾਂ ਐਮਰਜੈਂਸੀ ਦੀ ਤਰ੍ਹਾਂ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਫੜ ਫੜ ਕੇ ਜੇਲ੍ਹਾਂ ਅੰਦਰ ਡੱਕ ਕੇ ਚੋਣਾਂ ਕਰਵਾਏਗੀ ? (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਕੰਸਟੀਚਿਊਸ਼ਨ ਦੀ ਧਾਰਾ ਨੰ: 40 ਜਿਹੜੀ ਹੈ ਉਸ ਦੇ ਮੁਤਾਬਿਕ ਹੀ ਇਹ ਅਧਿਕਾਰ ਮਿਲਿਆ ਹੋਇਆ ਹੈ। ਪੰਡਿਤ ਜਵਾਹਰ ਲਾਲ ਨਹਿਰੂ ਨੇ 2 ਅਕਤੂਬਰ, 1961 ਨੂੰ ਚੰਡੀਗੜ੍ਹ ਵਿਚ ਥਿਰੀ ਟਾਇਰ ਸਿਸਟਮ ਲਾਗੂ ਕਰਨ ਲਈ ਪੰਚਾਇਤੀ ਰਾਜ ਦਾ ਉਦਘਾਟਨ ਕੀਤਾ ਸੀ। (ਥੰਪਿੰਗ) ਪਰ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਜੋ ਪਾਵਰਾਂ ਦਿੱਤੀਆਂ ਗਈਆਂ ਸਨ, ਉਹ ਬਾਦਲ ਸਾਹਿਬ ਦੀ ਸਰਕਾਰ ਨੇ ਤੋੜ ਦਿੱਤੀਆਂ ਸਨ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ। (ਵਿਘਨ) ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਗੌਰਮਿੰਟ ਫੇਅਰ ਇਲੈਕਸ਼ਨ ਕਰਵਾਏਗੀ ਜਾਂ ਨਹੀਂ ਇਸ ਬਾਰੇ ਮਨਿਸਟਰ ਸਾਹਿਬ ਹਾਊਸ ਵਿਚ ਅਸ਼ੋਰੈਂਸ ਦੇਣ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਅਸ਼ੋਰੈਂਸ ਦੇਣ ਦੀ ਗੱਲ ਕਰਦੇ ਹਨ, ਮੈਂ ਅਰਜ਼ ਕਰਾਂਗਾ ਕਿ ਬਿਲਕੁਲ ਫੇਅਰ ਇਲੈਕਸ਼ਨ ਹੋਣਗੇ। (ਥੰਪਿੰਗ) ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਤੋੜਿਆ ਸੀ, ਉਸ ਨੂੰ ਅਸੀਂ ਦੁਬਾਰਾ ਰੀਵਾਈਵ ਕਰਾਂਗੇ ਤਾਕਿ ਪਿੰਡਾਂ ਦੀ ਲੀਡਰਸ਼ਿਪ ਇਨ੍ਹਾਂ ਵਿਚ ਆ ਸਕੇ (ਵਿਘਨ) (ਸ਼ੋਰ) (ਥੰਪਿੰਗ) ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਮੁੜ ਉਥੇ ਪਹੁੰਚਾ ਦਿੱਤਾ ਜਾਵੇਗਾ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਪਿਛਲੀ ਅਕਾਲੀ ਸਰਕਾਰ ਨੇ ਜਿਨ੍ਹਾਂ ਪੰਚਾਇਤ ਸੰਮਿਤੀਆਂ ਦੀ ਮਿਆਦ ਵੀ ਅਜੇ ਮੁਕੀ ਨਹੀਂ ਸੀ ਉਨ੍ਹਾਂ ਨੂੰ ਗੈਰ-ਜਮਹੂਰੀ ਤਰੀਕੇ ਨਾਲ ਤੋੜ ਦਿੱਤਾ ਸੀ ਕੀ ਸਰਕਾਰ ਇਸ ਗੱਲ ਦੀ ਜਾਂਚ ਕਰਵਾਏਗੀ ? ਜਿਹੜੀਆਂ ਪੰਚਾਇਤ ਸੰਮਿਤੀਆਂ ਨੂੰ ਮਿਆਦ ਖਤਮ ਹੋਣ ਤੋਂ ਪਹਿਲਾਂ ਹੀ ਤੋੜਿਆ ਗਿਆ ਸੀ, ਕੀ ਉਨ੍ਹਾਂ ਨੂੰ ਪੂਰੀ ਟਰਮ ਦੀ ਇਜਾਜ਼ਤ ਦਿੱਤੀ ਜਾਵੇਗੀ ? (ਵਿਘਨ) (ਸ਼ੋਰ)

ਸਪੀਕਰ ਸਾਹਿਬ, ਪੰਚਾਇਤ ਦੀ ਇਲੈਕਸ਼ਨ ਵੇਲੇ ਜਿਹੜੇ ਮੈਂਬਰਾਂ ਨੂੰ ਕਲੀਅਰੈਂਸ ਸਰਟੀਫਿਕੇਟ ਨਹੀਂ ਦਿੱਤਾ ਗਿਆ ਕੀ ਮਨਿਸਟਰ ਸਾਹਿਬ ਉਸ ਦੀ ਵੀ ਪੜਤਾਲ ਕਰਵਾਉਣਗੇ ? ਗੈਰ-ਜਮਹੂਰੀ ਤਰੀਕੇ ਅਖਤਿਆਰ ਕਰਕੇ ਸਰਟੀਫਿਕੇਟ ਨਹੀਂ ਦਿੱਤਾ ਗਿਆ, ਕੀ ਮਨਿਸਟਰ ਸਾਹਿਬ ਹੁਣ ਉਨ੍ਹਾਂ ਨੂੰ ਇਨਸਾਫ ਦਿਵਾਉਣ ਦਾ ਯਤਨ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਇਸ ਵਿਚੋਂ ਤਾਂ ਨਹੀਂ ਉਠਦਾ ਪਰ ਜਿਥੋਂ ਤੱਕ ਜੱਸੋਵਾਲ ਸਾਹਿਬ ਦਾ ਕਹਿਣਾ ਹੈ, ਮੈਂ ਉਸ ਨਾਲ ਸਹਿਮਤ ਹਾਂ। ਪਿਛਲੀ ਅਕਾਲੀ ਸਰਕਾਰ ਨੇ ਸਾਰੀਆਂ ਪਾਵਰਜ਼ ਬੀ. ਡੀ. ਓਜ਼. ਦੇ ਜ਼ਿੰਮੇ ਪਾ ਦਿੱਤੀਆਂ ਸਨ ਅਤੇ ਬਾਅਦ ਵਿਚ ਬੀ. ਡੀ. ਓਜ਼. ਲਭਦਾ ਨਹੀਂ ਸੀ। (ਵਿਘਨ) ਫਿਰ ਵੀ 70 ਫੀਸਦੀ ਲੋਕਾਂ ਨੇ ਆਪਣੀਆਂ ਵੋਟਾਂ ਇਨ੍ਹਾਂ ਦੇ ਖਿਲਾਫ ਪਾਈਆਂ ਹਨ। (ਥੰਪਿੰਗ) ਇਨ੍ਹਾਂ ਨੇ ਦੋ ਸਾਲ ਹੋ ਗਏ ਹਨ ਟੂ ਟਾਇਰ ਸਿਸਟਮ ਕਰਵਾ ਦਿੱਤਾ ਸੀ ਪਰ ਹੁਣ ਅਸੀਂ ਮੁੜ ਕੇ ਥਿਰੀ ਟਾਇਰ ਸਿਸਟਮ ਚਾਲੂ ਕਰਵਾ ਰਹੇ ਹਾਂ। (ਵਿਘਨ) (ਸ਼ੋਰ)

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1975 ਵਿਚ ਜਦੋਂ ਪੰਚਾਇਤੀ ਰਾਜ ਸੀ ਉਦੋਂ ਇਹ ਵਜ਼ੀਰ ਸਨ ਉਦੋਂ ਬਲਾਕ ਸੰਮਿਤੀਆਂ ਦੀਆਂ ਚੋਣਾਂ ਸਮੇਂ ਪੰਜ, ਪੰਜ ਵਾਰੀ ਮੀਟਿੰਗਾਂ ਪੋਸਟਪੋਨ ਕੀਤੀਆਂ ਹਨ, ਮੈਂਬਰਜ਼ ਨੂੰ ਫੜ ਫੜ ਕੇ ਥਾਣਿਆਂ ਵਿਚ ਰਖਿਆ ਗਿਆ, ਸਰਦੂਲਗੜ੍ਹ ਦੇ ਮੈਂਬਰਾਂ ਨੂੰ ਹਰਿਆਣਾ ਵਿਚ ਲਿਜਾ ਕੇ ਕੁਟਿਆ ਗਿਆ, ਕੀ ਹੁਣ ਵੀ ਇਹ ਇਸ ਤਰ੍ਹਾਂ ਦੀਆਂ ਚੋਣਾਂ ਕਰਾਉਣਗੇ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪਹਿਲੀ ਸਪਲੀਮੈਂਟਰੀ ਦੇ ਸਿਲਸਿਲੇ ਵਿਚ ਇਸ ਬਾਰੇ ਜਵਾਬ ਦੇ ਦਿੱਤਾ ਗਿਆ ਹੈ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਪਿਛਲੀ ਸਰਕਾਰ ਵੇਲੇ 12, 14 ਪਿੰਡਾਂ ਨੂੰ ਤੋੜ ਕੇ ..... (ਵਿਘਨ)

ਸ਼੍ਰੀ ਸਪੀਕਰ : ਪਿਛਲੀ ਸਰਕਾਰ ਦੇ ਵੇਲੇ ਦੀ ਹੋਈ ਗੱਲ ਨੂੰ ਟੱਚ ਨਾ ਕਰੋ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਅਕਾਲੀ ਸਰਕਾਰ ਵੇਲੇ 12, 14 ਪਿੰਡਾਂ ਨੂੰ ਤੋੜ ਕੇ ਬਟਾਲਾ ਰੂਰਲ ਵਿਖੇ ਇੱਕ ਪੰਚਾਇਤ ਬਣਾ ਦਿੱਤੀ ਗਈ ਸੀ। ਕੀ ਉਥੇ ਮੁੜ ਕੇ ਵੱਖਰਾ ਕਰ ਕੇ ਬਲਾਕ ਸੰਮਿਤੀਆਂ ਦੀਆਂ ਚੋਣਾਂ ਕਰਾਉਣਗੇ ?

ਮੰਤਰੀ : ਕੁਲ 12,188 ਪਿੰਡਾਂ ਵਿਚ 10,610 ਪੰਚਾਇਤਾਂ ਹਨ। ਜਿਨ੍ਹਾਂ ਦੀ ਹੱਦਬਸਤ ਵੱਖਰੀ ਹੁੰਦੀ ਹੈ ਉਨ੍ਹਾਂ ਦੀ ਪੰਚਾਇਤ ਬਣਾ ਦਿੱਤੀ ਜਾਂਦੀ ਹੈ। ਇਸ ਲਈ ਜੇ ਉਨ੍ਹਾਂ ਦੀ ਹੱਦਬਸਤ ਵੱਖਰੀ ਹੋਵੇਗੀ ਤਾਂ ਉਨ੍ਹਾਂ ਦੀ ਪੰਚਾਇਤ ਬਣਾ ਦਿੱਤੀ ਜਾਵੇਗੀ।

ਸ਼੍ਰੀ ਭਗਵਾਨ ਦਾਸ : ਜ਼ਿਲ੍ਹਾ ਫਰੀਦਕੋਟ ਵਿਚ ਪਿੰਡ ਰਾਮ ਗੜ੍ਹ ਵਿਖੇ ਪੰਚਾਇਤ ਦੀ ਚੋਣ ਲੜਨ ਲਈ ਕਲੀਅਰੈਂਸ ਸਰਟੀਫਿਕੇਟ ਨਹੀਂ ਦਿੱਤਾ ਗਿਆ । ਮੈਂ ਉਸ ਵੇਲੇ ਦੇ ਸਬੰਧਤ ਅਫਸਰਾਂ ਨੂੰ ਮਿਲਿਆ ਸੀ ਪਰ ਫਿਰ ਵੀ ਕੁਝ ਨਹੀਂ ਸੀ ਬਣਿਆ । ਮੈਂ ਹਾਈ ਕੋਰਟ ਵਿਚ ਗਿਆ ਅਤੇ ਉਥੋਂ ਸਾਡੇ ਹੱਕ ਵਿਚ ਫੈਸਲਾ ਹੋਇਆ। ਕੀ ਇਸ ਬਾਰੇ ਕੋਈ ਇਨਕੁਆਇਰੀ ਕਰਾ ਕੇ ਸਾਰੇ ਖਰਚ ਦਾ ਬੋਝ ਜੋ ਸਾਡੇ ਤੇ ਪਿਆ ਹੈ, ਉਹ ਇਨ੍ਹਾਂ ਤੋਂ ਸਾਨੂੰ ਦਿਵਾਉਣਗੇ ਅਤੇ ਕਸੂਰਵਾਰ ਅਫਸਰ ਦੀ ਇਨਕੁਆਇਰੀ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜਿਹੜਾ ਸਰਟੀਫਿਕੇਟ ਨਹੀਂ ਮਿਲਿਆ, ਉਸ ਲਈ ਇਨਕੁਆਇਰੀ ਕਰਾਈ ਜਾਏ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨਕੁਆਇਰੀ ਤਾਂ ਲੋਕਾਂ ਨੇ ਕਰਾ ਲਈ ਜਿਹੜੀ ਕਿ ਇਨ੍ਹਾਂ ਦੇ ਖ਼ਿਲਾਫ ਇਲੈਕਸ਼ਨਜ਼ ਵਿੱਚ ਫਤਵਾ ਦੇ ਦਿੱਤਾ । ਹੋਰ ਇਨਕੁਆਇਰੀ ਕੀ ਕਰਨੀ ਹੈ ।

ਮਾਸਟਰ ਚੰਦ ਸਿੰਘ : ਜਿਹੜੀਆਂ ਇਹ ਪੰਚਾਇਤ ਸੰਮਿਤੀਆਂ ਬਣਨ ਲਗੀਆਂ ਹਨ, ਇਹ ਚੰਗੀ ਗਲ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀਆਂ ਚੋਣਾਂ ਕਿਹੜੀ ਤਾਰੀਖ ਤਕ ਹੋ ਜਾਣ ਗੀਆਂ ਅਤੇ ਇਸ ਲਈ ਕੀ ਪ੍ਰਣਾਲੀ ਹੋਏਗੀ ; ਪੁਰਾਣੀ ਪ੍ਰਣਾਲੀ ਹੋਏਗੀ ਜਾਂ ਨਵੀਂ ਪ੍ਰਣਾਲੀ ਹੋਏਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ 3 ਟਾਇਰ ਸਿਸਟਮ ਹੋਏਗਾ । ਸੰਮਿਤੀਆਂ ਅੌਰ ਜ਼ਿਲ੍ਹਾ ਪ੍ਰੀਸ਼ਦ ਦੀਆਂ ਇਲੈਕਸ਼ਨਜ਼ ਹੋਣਗੀਆਂ ਅੌਰ ਇਹ ਕੰਮ ਜਲਦੀ ਤੋਂ ਜਲਦੀ ਕਰਨ ਦੀ ਕੋਸ਼ਿਸ਼ ਕਰਾਂਗੇ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਲ 1980 ਦਾ ਜਾ ਰਿਹਾ ਹੈ, ਕੀ ਚੋਣਾਂ ਇਸੇ ਸਾਲ ਵਿਚ ਕਰਾ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮਿਤੀ 12 ਅਕਤੂਬਰ, 1978 ਨੂੰ ਇਨ੍ਹਾਂ ਨੇ ਸੰਮਿਤੀਆਂ ਅੌਰ ਜ਼ਿਲ੍ਹਾ ਪ੍ਰੀਸ਼ਦ ਤੋੜੀਆਂ ਹਨ ਜਿਨ੍ਹਾਂ ਦੀ ਅਜੇ ਦੋ ਸਾਲ ਮਿਆਦ ਰਹਿੰਦੀ ਸੀ। ਉਸ ਦੇ ਬਾਅਦ ਉਸ ਦੀ ਮਿਆਦ ਵਧਾਈ ਚਲੇ ਗਏ । ਹੁਣ ਵੀ ਅਸੀਂ ਇਨ੍ਹਾਂ ਦੇ ਕੰਡੇ ਚੁਗਣ ਲਈ ਆਰਡੀਨੈਂਸ ਕੀਤਾ ਹੈ ਅੌਰ ਇਕ ਬਿਲ ਲਿਆਉਣਾ ਪੈਣਾ ਹੈ। ਇਸ ਲਈ ਚੋਣਾਂ ਕਰਾਉਣ ਲਈ ਜੋ ਪਰਾਸੈਸ ਹੈ, ਉਸ ਲਈ ਕੁਝ ਸਮਾਂ ਤਾਂ ਲਗਣਾ ਹੀ ਹੈ। ਮੈਂ ਅਰਜ਼ ਕਰਾਂਗਾ ਕਿ ਬਹੁਤ ਜਲਦੀ ਇਲੈਕਸ਼ਨਜ਼ ਕਰਾ ਦਿਆਂਗੇ। ਮੈਂ ਯਕੀਨ ਦਿਵਾਉਂਦਾ ਹਾਂ ਕਿ ਇਸ ਸਬੰਧੀ ਜਲਦੀ ਤੋਂ ਜਲਦੀ ਇਲੈਕਸ਼ਨਜ਼ ਕਰਾਵਾਂਗੇ।

ਸ਼੍ਰੀ ਰਾਮ ਲਾਲ ਚਿੱਟੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪੰਚਾਇਤਾਂ ਦੀਆਂ ਇਲੈਕਸ਼ਨਜ਼ ਹੋ ਰਹੀਆਂ ਸਨ ਅਤੇ ਪੋਲਿੰਗ ਪਾਰਟੀਆਂ ਪਿੰਡਾਂ ਵਿਚ ਇਲੈਕਸ਼ਨਜ਼ ਕਰਾਉਣ ਲਈ ਪਹੁੰਚ ਗਈਆਂ ਸਨ (ਵਿਘਨ) ਪਿਛਲੀ ਸਰਕਾਰ ਨੇ ਪੰਚਾਇਤਾਂ ਨੂੰ ਤੋੜ ਕੇ ਨੋਟੀਫਾਈਡ ਏਰੀਆ ਬਣਾ ਦਿੱਤਾ। ਕੀ ਸਰਕਾਰ ਨੋਟੀਫਾਈਡ ਏਰੀਆ ਨੂੰ ਤੋੜ ਕੇ ਮੁੜ ਬਲਾਕ ਸੰਮਿਤੀਆਂ ਦੇ ਇਲੈਕਸ਼ਨਜ਼ ਕਰਾਉਣ ਨੂੰ ਤਿਆਰ ਹੈ ?

ਮੰਤਰੀ : ਵਿਚਾਰ ਕਰ ਲਿਆ ਜਾਏਗਾ ।

ਸਰਦਾਰ ਅਵਤਾਰ ਸਿੰਘ ਗਟਵਾਲੀ : ਕੀ ਪੰਚਾਇਤ ਸੰਮਿਤੀ ਦੇ ਇਲੈਕਸ਼ਨਜ਼ ਤੋਂ ਪਹਿਲਾਂ ਮਾਰਕਿਟ ਕਮੇਟੀਆਂ ਦੇ ਇਲੈਕਸ਼ਨਜ਼ ਕਰਾਏ ਜਾਣਗੇ ਤਾਕਿ ਉਨ੍ਹਾਂ ਦੇ ਨੁਮਾਇੰਦੇ ਵੀ ਪੰਚਾਇਤ ਸੰਮਿਤੀਆਂ ਵਿਚ ਆ ਸਕਣ ?

ਮੰਤਰੀ : ਵਿਚਾਰ ਕਰ ਲਿਆ ਜਾਏਗਾ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਕਿੰਨੀ ਆਬਾਦੀ ਚਾਹੀਦੀ ਹੈ ਕਿਸੇ ਪਿੰਡ ਦੀ ਤਾਕਿ ਉਥੇ ਪਚਾਇਤ ਬਣ ਸਕੇ ?

ਮੰਤਰੀ : ਮੈਂ ਅੱਗੇ ਵੀ ਅਰਜ਼ ਕਰ ਚੁੱਕਾ ਹਾਂ ਕਿ ਜਿਸ ਦੀ ਹੱਦਬਸਤ ਅਲਹਿਦਾ ਹੋਏਗੀ ਉਥੇ ਪੰਚਾਇਤ ਬਣਾ ਦਿੱਤੀ ਜਾਏਗੀ।

ਸਰਦਾਰ ਜਸਮਤ ਸਿੰਘ ਢਿੱਲੋਂ : ਇਨ੍ਹਾਂ ਨੇ ਕਿਹਾ ਹੈ ਕਿ ਇਲੈਕਸ਼ਨਜ਼ ਜਲਦੀ ਕਰਾਏ ਜਾਣਗੇ। ਪਿਛੇ ਵੇਖਣ ਵਿਚ ਆਇਆ ਹੈ ਕਿ ਪੰਚਾਇਤਾਂ ਕੋਲ ਕੋਈ ਪਾਵਰਜ਼ ਅਤੇ ਫੰਡਜ਼ ਨਹੀਂ ਸੀ। ਮੈਂਬਰਜ਼ ਆ ਕੇ ਮੀਟਿੰਗਾਂ ਵਿਚ ਬੈਠੇ ਰਹਿੰਦੇ ਸਨ ਅਤੇ ਦਸਤਖਤ ਕਰਕੇ ਚਲੇ ਜਾਂਦੇ ਸਨ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਇਹ ਐਕਟ ਲਿਆ ਰਹੇ ਹਨ ਕੀ ਉਸ ਵਿਚ ਬਲਾਕ ਸੰਮਿਤੀਆਂ ਨੂੰ ਪੂਰੀਆਂ ਪਾਵਰਜ਼ ਦੇਣਗੇ ?

ਮੰਤਰੀ : ਇਸ ਦੇ ਵਾਸਤੇ ਵੀ ਸੋਚਿਆ ਜਾ ਰਿਹਾ ਹੈ। ਚੀਫ਼ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿਚ ਉਸ ਦਿਨ ਬੜੇ ਜ਼ੋਰ ਨਾਲ ਕਿਹਾ ਸੀ ਕਿ ਸਾਡੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਜਿਹੜੇ ਹੋਣਗੇ ਉਨ੍ਹਾਂ ਨੂੰ ਇਸ ਯੋਗ ਬਣਾਇਆ ਜਾਏਗਾ ਕਿ ਉਹ ਡਿਪਟੀ ਕਮਿਸ਼ਨਰਾਂ ਦੇ ਬਰਾਬਰ ਬੈਠ ਸਕਣ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਵੀ ਕਹਾਂਗਾ ਕਿ ਦੋ ਸਾਲਾਂ ਵਿਚ ਜੋ ਪੰਚਾਇਤਾਂ ਦੀ ਹਾਲਤ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਮਾੜੀ ਕੀਤੀ ਹੈ, ਜਿਹੜੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ, ਦੇ ਲਈ ਜਿੰਨੇ ਵੀ ਡਿਪਾਰਟਮੈਂਟਸ ਹਨ ਉਨ੍ਹਾਂ ਨੂੰ ਇੱਕ ਸਰਕੂਲਰ ਕੀਤਾ ਜਾਏ ਕਿ ਜਦੋਂ ਇਹ ਲੋਕ ਬਾਹਿਆ ਵਿਦ ਜਾ ਤਹਿਸੀਲ ਵਿੱਚ ਜਾਣ ਤਾਂ ਉਨ੍ਹਾਂ ਦੀ ਇਜ਼ਤ ਕੀਤੀ ਜਾਏ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਕ੍ਰਿਪਾ ਕਰਕੇ ਦੱਸਣਗੇ ਕਿ ਇਹ ਜਿਹੜੀਆਂ ਬਲਾਕ ਸੰਮਿਤੀਆਂ ਅੌਰ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾ ਇਨਡਾਇਰੈਕਟ ਹੁੰਦੀਆਂ ਹਨ ਇਹ ਤਰੀਕਾ ਠੀਕ ਨਹੀਂ ਹੈ ; ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਸਾਰੇ ਵੋਟ ਪਾ ਸਕਣ, ਕੀ ਇਹ ਚੋਣਾਂ ਡਾਇਰੈਕਟ ਤਰੀਕੇ ਨਾਲ ਨਹੀਂ ਕਰਾਈਆਂ ਜਾ ਸਕਦੀਆਂ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸਬੰਧ ਵਿੱਚ ਮੈਂ ਇੱਕ ਸਟੇਟਮੈਂਟ ਦੇਣੀ ਚਾਹੁੰਦਾ ਹਾਂ। ਇਸ ਤੇ ਕਾਫੀ ਬਹਿਸ ਹੋ ਚੁੱਕੀ ਹੈ। ਇਹ ਸਰਕਾਰ ਇਸ ਪੱਖ ਵਿਚ ਹੈ ਕਿ ਪੰਚਾਇਤ ਸੰਮਿਤੀਆਂ ਅੌਰ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਤਾਕਤ ਦਿੱਤੀ ਜਾਏ। ਜੋ ਤਾਕਤ ਸਰਕਾਰ ਪਾਸ ਹੈ ਉਹ ਡੀਸੈਂਟ੍ਰੇਲਾਈਜ਼ ਕੀਤੀ ਜਾਏ ਕਿਉਂਕਿ ਪਿਛਲੀ ਸਰਕਾਰ ਨੇ ਇਹ ਤਾਕਤ ਉਨ੍ਹਾਂ ਨੂੰ ਨਹੀਂ ਦਿੱਤੀ। ਇਸ ਲਈ ਅਸੀਂ ਚਾਹੁੰਦੇ ਹਾਂ ਜੋ ਮਨਿਸਟਰ ਸਾਹਿਬ ਨੇ ਕਿਹਾ ਹੈ (ਵਿਘਨ) ਤੁਸੀਂ (ਅਪੋਜੀਸ਼ਨ ਪਾਰਟੀ ਵਲ ਇਸ਼ਾਰਾ) ਇੱਕ ਡਾਇਰੈਕਟੋਰੇਟ ਬਣਾਇਆ ਸੀ ਅਤੇ ਹੋਰ ਕੁਝ ਨਹੀਂ ਸੀ ਕੀਤਾ। ਉਹ ਵੀ ਪੁਰਾਣਾ ਬਣਿਆ ਹੋਇਆ ਸੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਚਾਹੁੰਦੇ ਹਾਂ ਕਿ ਪੰਚਾਇਤ ਸੰਮਿਤੀਆਂ ਅੌਰ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਤਾਕਤ ਦਿੱਤੀ ਜਾਏ ਅੌਰ ਤਾਕਤ ਇਸ ਤਰ੍ਹਾਂ ਦੀ ਦਿੱਤੀ ਜਾਏ ਜਿਸ ਨਾਲ ਫੰਡਜ਼ ਦੀ ਅਵੇਲੇਬਿਲਿਟੀ ਕੀਤੀ ਜਾਏ। ਸਰਕਾਰ ਦੇ ਸਾਰੇ ਡਿਪਾਰਟਮੈਂਟਸ ਵਲੋਂ ਫੰਡਜ਼ ਬਣਨ ਤਾਕਿ ਉਹ ਲੋਕਾਂ ਦੇ ਕੰਮ ਕਰ ਸਕਣ। ਜੋ ਤਾਕਤ ਥਲੇ ਸੰਮਿਤੀਆਂ ਅੌਰ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਹੋਣੀ ਚਾਹੀਦੀ ਹੈ, ਉਹ ਦਿੱਤੀ ਜਾਏ। ਤਦੇ ਹੀ ਸਾਡੀ ਸਰਕਾਰ ਨੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਬਰਾਬਰ ਬਿਠਾਉਣ ਦਾ ਫੈਸਲਾ ਕੀਤਾ ਹੈ। ਫੈਸਲਾ ਕਰਨ ਵੇਲੇ ਜ਼ਿਲ੍ਹਾ ਪ੍ਰੀਸ਼ਦ ਦੀ ਪਰੈਜ਼ੈਂਸ ਅਤੇ ਹੋਰ ਅਫਸਰਾਂ ਦੀ ਪਰੈਜ਼ੈਂਸ ਜ਼ਰੂਰੀ ਹੋਵੇਗੀ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਫ਼ਰਮਾਇਆ ਹੈ ਕਿ ਪਿਛਲੀ ਸਰਕਾਰ ਨੇ ਸੰਮਿਤੀਆਂ ਕੋਲੋਂ ਤਾਕਤ ਖੋਹੀ ਸੀ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਦੱਸਣ ਕਿ ਕਿਹੜੀ ਸਪੈਸਿਫਿਕ ਤਾਕਤ ਖੋਹੀ ਸੀ ? ਉਹ ਇਹ ਵੀ ਕਹਿੰਦੇ ਹਨ ਕਿ ਉਹ ਸੰਮਿਤੀਆਂ ਨੂੰ ਜ਼ਿਆਦਾ ਪਾਵਰਜ਼ ਦੇਣਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੰਮਿਤੀਆਂ ਉਨ੍ਹਾਂ ਨੇ ਬਣਾਉਣੀਆਂ ਹਨ ਉਨ੍ਹਾਂ ਨੂੰ ਕਿਹੜੀਆਂ ਕਿਹੜੀਆਂ ਸ਼ਕਤੀਆਂ ਦੇਣਾ ਚਾਹੁੰਦੇ ਹਨ ਅਤੇ ਉਨ੍ਹਾਂ ਲਈ ਕਿੰਨਾ ਕੁ ਬੱਜਟ ਰੱਖ ਰਹੇ ਹਨ ?

ਮੁੱਖ ਮੰਤਰੀ : ਜਿਹੜੀ ਤਾਕਤ ਤੁਸੀਂ ਦੇਣਾ ਚਾਹੁੰਦੇ ਸੀ, ਨਹੀਂ ਦਿੱਤੀ। ਸਾਨੂੰ ਇਸ ਗੱਲ ਦਾ ਦੁੱਖ ਨਹੀਂ ਹੈ। (ਵਿਘਨ) ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਉਨ੍ਹਾਂ ਨੂੰ ਕੋਈ ਤਾਕਤ ਨਹੀਂ ਦਿਤੀ। ਅਸੀਂ ਉਨ੍ਹਾਂ ਨੂੰ ਫਾਈਨੈਂਸ਼ਲ ਤਾਕਤ ਦੇਣਾ ਚਾਹੁੰਦੇ ਹਾਂ।

ਵੇਦ ਪ੍ਰਕਾਸ਼ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਹਮੇਸ਼ਾਂ ਹੀ ਕੋਈ ਨਾ ਕੋਈ ਆਪਣੀ ਮਨਘੜੰਤ ਗੱਲ ਹਾਊਸ ਵਿਚ ਕਹਿ ਦਿੰਦੇ ਹਨ। (ਵਿਘਨ) ਇਹ ਕਹਿੰਦੇ ਹਨ ਕਿ ਅਕਾਲੀ ਸਰਕਾਰ ਨੇ ਸੰਮਿਤੀਆਂ ਦੀ ਤਾਕਤ ਖੋਹੀ ਸੀ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਦੱਸਣ ਕਿ ਅਕਾਲੀ ਸਰਕਾਰ ਨੇ ਕਿਹੜੀ ਉਨ੍ਹਾਂ ਦੀ ਤਾਕਤ ਖੋਹੀ ਸੀ। (ਵਿਘਨ) ਸਪੀਕਰ ਸਾਹਿਬ, ਹਾਊਸ ਵਿਚ ਝੂਠ ਬੋਲਣਾ ਬੰਦ ਕੀਤਾ ਜਾਵੇ। (ਵਿਘਨ)

ਵਿਕਾਸ ਮੰਤਰੀ : ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਜਿਹੜੇ 1961 ਵਿਚ ਬਣਾਏ ਗਏ ਸਨ ਉਹ ਤੁਸੀਂ ਆਉਂਦਿਆਂ ਹੀ ਤੋੜ ਦਿੱਤੇ।

Original with;
Punjab Vidhan Sabha
Digitized by;
Panjab Digital Library

ਵੈਦ ਕਰਤਾਰ ਸਿੰਘ : ਤੁਸੀਂ ਇਹ ਦੱਸੋ ਕਿ ਅਸੀਂ ਸੰਮਿਤੀਆਂ ਦੀ ਕਿਹੜੀ ਤਾਕਤ ਖੋਹੀ ਸੀ ? (ਵਿਘਨ) ਤੁਸੀਂ ਹਾਊਸ ਨੂੰ ਗੁਮਰਾਹ ਕਰ ਰਹੇ ਹੋ। (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਤਾਕਤ ਅਸੀਂ ਉਨ੍ਹਾਂ ਪਾਸੋਂ ਖੋਹੀ ਸੀ ? (ਵਿਘਨ) ਤੁਸੀਂ ਹੇਰਾ ਫੇਰੀ ਕਰਦੇ ਹੋ ? ਤੁਸੀਂ ਹਾਊਸ ਨੂੰ ਮਿਸਲੀਡ ਕਰ ਰਹੇ ਹੋ। ਇਸ ਪਵਿੱਤਰ ਹਾਊਸ ਵਿਚ ਝੂਠ ਬੋਲਣਾ ਗੁਨਾਹ ਹੈ। (ਵਿਘਨ) ਅਸੀਂ ਮੰਨਦੇ ਹਾਂ ਕਿ ਅਸੀਂ ਸੰਮਿਤੀਆਂ ਤੋੜੀਆਂ ਸਨ ਪਰ ਤੁਸੀਂ ਇਹ ਦੱਸੋ ਕਿ ਅਸੀਂ ਕਿਹੜੀ ਤਾਕਤ ਉਨ੍ਹਾਂ ਪਾਸੋਂ ਖੋਹੀ ਸੀ ? (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸ਼੍ਰੀ ਸਪੀਕਰ : ਮੈਂ ਹਾਊਸ ਦੇ ਅੱਗੇ ਨਿਵੇਦਨ ਕਰਦਾ ਹਾਂ ਕਿ ਇਹ ਕੁਐਸਚਨ ਆਵਰ ਹੈ। (ਵਿਘਨ) (ਸ਼ੋਰ)

ਸਰਦਾਰ ਸੰਤ ਸਿੰਘ : ਸਪੀਕਰ ਸਾਹਿਬ, ਮੇਰਾ ਨਾਮ ਸੰਤ ਸਿੰਘ ਧੂਰੀ ਹੈ। ਤੁਹਾਨੂੰ ਮੇਰੇ ਨਾਮ ਦਾ ਪਤਾ ਨਹੀਂ ਹੈ ਜਿਸ ਕਰਕੇ ਤੁਸੀਂ ਮੈਨੂੰ ਕਾਲ ਅਪਾਨ ਨਹੀਂ ਕਰ ਰਹੇ, ਬੋਲਣ ਲਈ ਟਾਈਮ ਨਹੀਂ ਦੇ ਰਹੇ। (ਵਿਘਨ) (ਸ਼ੋਰ)।

ਸ਼੍ਰੀ ਸਪੀਕਰ : ਮੈਂ ਹਾਊਸ ਨੂੰ ਨਿਵੇਦਨ ਕਰਾਂਗਾ ਕਿ ਕੱਲ ਮੇਰੇ ਕੋਲ ਬਹੁਤ ਸਾਰੇ ਮਾਨਯੋਗ ਮੈਂਬਰ ਆਏ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਨਹੀਂ ਮਿਲੇ। ਉਨ੍ਹਾਂ ਦੇ ਸਵਾਲ ਰਹਿ ਗਏ ਸਨ। (ਵਿਘਨ) ਮੈਂ ਬੇਨਤੀ ਕਰਾਂਗਾ ਕਿ ਸਾਨੂੰ ਇਸ ਤਰੀਕੇ ਨਾਲ ਸਦਨ ਦੀ ਕਾਰਵਾਈ ਚਲਾਉਣੀ ਚਾਹੀਦੀ ਹੈ ਤਾਕਿ ਸਾਰੇ ਸਵਾਲ ਡਿਸਪੋਜ਼ ਆਫ ਹੋ ਜਾਣ। ਹਰ ਇਕ ਮੈਂਬਰ ਨੂੰ ਆਪਣਾ ਕੁਐਸਚਨ ਕਰਨ ਅਤੇ ਉਸ ਦਾ ਜਵਾਬ ਲੈਣ ਦਾ ਮਾਣ ਹੁੰਦਾ ਹੈ।

ਸਰਦਾਰ ਬਲਵੰਤ ਸਿੰਘ : ਪਰ ਵਜ਼ੀਰ ਸਾਹਿਬਾਨ ਵੀ ਤਾਂ ਠੀਕ ਜਵਾਬ ਦੇਣ। (ਵਿਘਨ)

ਸ਼੍ਰੀ ਸਪੀਕਰ : ਜਿਸ ਵੇਲੇ ਮੈਂਬਰ ਸਾਹਿਬਾਨ ਅਤੇ ਵਜ਼ੀਰ ਸਾਹਿਬਾਨ ਕੁਐਸਚਨ ਆਵਰ ਵਿੱਚ ਬਹਿਸ ਵਿਚ ਪੈ ਜਾਣ ਤਾਂ ਫਿਰ ਸਾਰੇ ਸਵਾਲ ਨਹੀਂ ਲਏ ਜਾ ਸਕਦੇ। ਸਵਾਲ ਦਾ ਮਤਲਬ ਹੁੰਦਾ ਹੈ ਕਿ ਇਨਫਰਮੇਸ਼ਨ ਲੈਣੀ। ਜੇ ਇਸ ਤਰ੍ਹਾਂ ਪੂਰੀ ਇਨਫਰਮੇਸ਼ਨ ਨਹੀਂ ਮਿਲਦੀ ਤਾਂ ਫਿਰ ਮੈਂਬਰ ਸਾਹਿਬਾਨ ਸਪਲੀਮੈਂਟਰੀ ਰਾਹੀਂ ਇਨਫਰਮੇਸ਼ਨ ਲੈ ਲੈਣ ਪਰ ਜੇ ਇਸ ਗੱਲ ਵਿਚ ਪੈ ਜਾਈਏ ਕਿ ਪਿਛਲੀ ਸਰਕਾਰ ਨੇ ਕੀ ਕੀਤਾ ਅਤੇ ਇਹ ਸਰਕਾਰ ਕੀ ਕਰਦੀ ਹੈ ਤਾਂ ਫਿਰ ਇਸ ਤਰ੍ਹਾਂ ਕੰਮ ਠੀਕ ਨਹੀਂ ਚੱਲੇਗਾ। ਤੁਹਾਡੇ ਕੋਲ ਬੱਜਟ ਤੇ ਬੋਲਣ ਲਈ ਬੜਾ ਟਾਈਮ ਹੋਵੇਗਾ, ਉਦੋਂ ਤੁਸੀਂ ਆਪਣੀ ਗੱਲ ਕਹਿ ਲੈਣਾ। ਹੁਣ ਕੁਐਸਚਨ ਆਵਰ ਹੈ, ਇਸ ਨੂੰ ਚੱਲਣ ਦਿਓ। (ਵਿਘਨ)

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੇਰਾ ਇਕ ਲਾਈਨ ਦਾ ਸਵਾਲ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਪੰਚਾਇਤੀ ਰਾਜ ਕੋਲੋਂ ਪਾਵਰਜ਼ ਖੋਹੀਆਂ, ਇਹ ਦੱਸਣ ਕਿ ਅਸੀਂ ਕਿਹੜੀਆਂ ਪਾਵਰਜ਼ ਖੋਹੀਆਂ ? (ਵਿਘਨ) ਇਨ੍ਹਾਂ ਦੇ ਕਹਿਣ ਦੇ ਮੁਤਾਬਿਕ ਜੇ ਅਸੀਂ ਪਾਵਰਜ਼ ਖੋਹੀਆਂ ਤਾਂ ਇਸ ਦਾ ਮਤਲਬ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਿਤੀਆਂ ਦੇ ਕਾਨੂੰਨ ਵਿਚ ਤਬਦੀਲੀ ਕੀਤੀ ਹੋਵੇਗੀ। ਇਸ ਲਈ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਣ ਕਿ ਅਸੀਂ ਕਿਹੜੀ ਪੰਚਾਇਤੀ ਰਾਜ ਦੇ ਕਾਨੂੰਨ ਵਿਚ ਤਬਦੀਲੀ ਕੀਤੀ ਜਿਸ ਦੇ ਚਾਹੀਂ ਉਨ੍ਹਾਂ ਦੀ ਤਾਕਤ ਘਟੀ ਹੈ ?

Original with;
Punjab Vidhan Sabha
Digitized by;
Panjab Digital Library

ਮਤਰੀ : ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਨੂੰ ਇਹ ਸਵਾਲ ਨਹੀਂ ਸੀ ਕਰਨਾ ਚਾਹੀਦਾ। (ਵਿਘਨ) (ਸ਼ੋਰ) ਇਥੇ ਇਕ ਰਾਜਿੰਦਰ ਸਿੰਘ ਕਮੇਟੀ ਬਣੀ ਸੀ। (ਵਿਘਨ) ਪੰਡਿਤ ਜਵਾਹਰ ਲਾਲ ਨਹਿਰੂ ਨੇ.. .. .. (ਵਿਘਨ)

ਆਵਾਜ਼ਾਂ : ਤੁਸੀਂ ਹੋਰ ਪਾਸੇ ਜਾ ਰਹੇ ਹੋ।

ਵੇਦ ਕਰਤਾਰ ਸਿੰਘ : ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਸੰਮਿਤੀਆਂ ਦੀ ਤਾਕਤ ਖੋਹੀ ਸੀ, ਇਹ ਦੱਸਣ ਕਿ ਅਸੀਂ ਕਿਹੜੀ ਉਨ੍ਹਾਂ ਦੀ ਤਾਕਤ ਖੋਹੀ ਸੀ ? (ਵਿਘਨ)

ਮੰਤਰੀ : ਮੈਂ ਦੱਸ ਰਿਹਾ ਸੀ ਕਿ ਰਾਜਿੰਦਰ ਸਿੰਘ ਕਮੇਟੀ ਬਣੀ ਸੀ .. .. .. (ਵਿਘਨ)

ਵੇਦ ਕਰਤਾਰ ਸਿੰਘ : ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਅਸੀਂ ਕਿਹੜੀ ਤਾਕਤ ਸੰਮਿਤੀਆਂ ਦੀ ਖੋਹੀ ਸੀ ? (ਵਿਘਨ) ਇਹ ਨਹਿਰੂ ਦੀ ਗੱਲ ਕਰਦੇ ਹਨ ਉਸ ਦਾ ਇਸ ਗਲ ਨਾਲ ਕੀ ਤੁਅੱਲਕ ਹੈ ? (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਸਰਦਾਰ ਬਲਵੰਤ ਸਿੰਘ ਨੇ ਅੱਛਾ ਸਵਾਲ ਕੀਤਾ ਹੈ, ਉਸ ਦਾ ਜਵਾਬ ਲੈ ਲੈਣ ਦਿਓ। (ਤਾੜੀਆਂ)

ਵੇਦ ਕਰਤਾਰ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਸੀਂ ਸੰਮਿਤੀਆਂ ਦੇ ਐਕਟ ਵਿਚ ਕਿਹੜੀ ਤਬਦੀਲੀ ਕੀਤੀ ਸੀ ਜਿਸ ਦੇ ਨਾਲ ਉਨ੍ਹਾਂ ਦੀ ਤਾਕਰ ਖੋਹੀ ਗਈ, ਇਸ ਬਾਰੇ ਇਹ ਦੱਸ ਦੇਣ ਨਹੀਂ ਤਾਂ ਹਾਊਸ ਵਿਚ ਝੂਠ ਨਾ ਬੋਲਿਆ ਜਾਵੇ। (ਵਿਘਨ)

ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਦੀਆਂ ਸਾਰੀਆਂ ਸ਼ਕਤੀਆਂ ਖੋਹੀਆਂ। (ਵਿਘਨ) (ਸ਼ੋਰ) ਬੇਨਤੀ ਇਹ ਹੈ ਕਿ ਇਥੇ ਰਾਜਿੰਦਰ ਸਿੰਘ ਕਮੇਟੀ ਬਣੀ ਸੀ। ਉਸ ਦੇ ਬਾਅਦ ਬਾਦਲ ਕਮੇਟੀ ਬਣੀ ਸੀ ਰਾਜਿੰਦਰ ਸਿੰਘ ਕਮੇਟੀ ਨੇ ਥਿਰੀ ਟਾਇਰ ਸਿਸਟਮ ਬਣਾਇਆ ਸੀ। ਜਿਹੜੀ ਬਾਦਲ ਕਮੇਟੀ ਸੀ ਉਸ ਨੇ ਹਵਾਈ ਜਹਾਜ਼ ਵਿਚ ਸਾਰੇ ਦੌਰਾ ਕੀਤਾ ਸੀ। (ਵਿਘਨ) (ਸ਼ੋਰ)

ਸਰਦਾਰ ਆਤਮਾ ਸਿੰਘ : ਇਨ੍ਹਾਂ ਨੂੰ ਹਾਊਸ ਵਿਚ ਝੂਠ ਨਹੀਂ ਬੋਲਣਾ ਚਾਹੀਦਾ। (ਵਿਘਨ) ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਅਸੀਂ ਸੰਮਿਤੀਆਂ ਦੀਆਂ ਕਿਹੜੀਆਂ ਪਾਵਰਜ਼ ਖੋਹੀਆਂ ਸਨ ? (ਵਿਘਨ)

ਵੇਦ ਕਰਤਾਰ ਸਿੰਘ : ਸਪੀਕਰ ਸਾਹਿਬ, ਇਹ ਹਾਊਸ ਨੂੰ ਗੁਮਰਾਹ ਕਰਦੇ ਹਨ। ਇਹ ਦੱਸਣ ਕਿ ਅਸੀਂ ਸੰਮਿਤੀਆਂ ਦੇ ਐਕਟ ਵਿਚ ਕਿਹੜੀ ਤਬਦੀਲੀ ਕੀਤੀ ਸੀ ਜਿਸ ਦੇ ਰਾਹੀਂ ਅਸੀਂ ਉਨ੍ਹਾਂ ਦੀ ਤਾਕਤ ਖੋਹੀ ਸੀ ? (ਵਿਘਨ) ਅਸੀਂ ਇਥੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਬੈਠੇ ਹਾਂ, ਇਸ ਕਰਕੇ ਸਾਡਾ ਵੀ ਬੋਲਣ ਦਾ ਹੱਕ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੂੰ ਝੂਠ ਬੋਲਣ ਤੋਂ ਬੰਦ ਕਰਾਓ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸ਼੍ਰੀ ਸਪੀਕਰ : ਸਰਦਾਰ ਬਲਵੰਤ ਸਿੰਘ ਦਾ ਅੱਛਾ ਸਵਾਲ ਸੀ। ਉਨ੍ਹਾਂ ਨੇ ਕੋਈ ਗੱਲ ਪੁੱਛੀ ਸੀ ਕਿ ਕਿਹੜੀਆਂ ਤਾਕਤਾਂ ਖੋਹੀਆਂ ਸਨ ? ਉਸ ਦਾ ਜਵਾਬ ਦਿਓ। (ਤਾੜੀਆਂ)

ਮੁੱਖ ਮੰਤਰੀ : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਐਬੋਲਿਊਸ਼ਨ ਆਫ ਪੰਚਾਇਤ ਸੰਮਿਤੀਜ਼ ਐਂਡ ਜ਼ਿਲ੍ਹਾ ਪ੍ਰੀਸ਼ਦਜ਼ ਹੀ ਕਾਫੀ ਤਾਕਤ ਖੋਹ ਲੈਣਾ ਹੈ। (ਵਿਘਨ) (ਸ਼ੋਰ) ਹੋਰ ਕਿਸ ਤਰ੍ਹਾਂ ਤਾਕਤ ਖੋਹੀਦੀ ਹੈ ? (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਇਸ ਦਾ ਮਤਲਬ ਇਹ ਹੋਇਆ ਕਿ ਜੋ ਸਾਡੀ ਸਰਕਾਰ ਤੋੜੀ ਸੀ ਉਹ ਵੀ ਤੁਸੀਂ ਜ਼ਿਆਦਤੀ ਕੀਤੀ ਸੀ ? (ਵਿਘਨ) (ਸ਼ੋਰ)

ਵੇਦ ਕਰਤਾਰ ਸਿੰਘ : ਇਸ ਦਾ ਮਤਲਬ ਹੈ ਕਿ ਤੁਸੀਂ ਵੀ ਸਾਡੇ ਨਾਲ ਧੱਕਾ ਕੀਤਾ ਸੀ। (ਵਿਘਨ)

ਮੁੱਖ ਮੰਤਰੀ : ਜਿਹੜੀ ਸਰਪੰਚ ਦੀ ਇਲੈਕਸ਼ਨ ਡਾਇਰੈਕਟ ਹੁੰਦੀ ਸੀ ਉਹ ਵੀ ਇਨ੍ਹਾਂ ਨੇ ਇਨ-ਡਾਇਰੈਕਟ ਕੀਤੀ।

ਸਰਦਾਰ ਆਤਮਾ ਸਿੰਘ : ਇਹ ਅਸੀਂ ਚੰਗੀ ਗੱਲ ਕੀਤੀ ਸੀ। ਇਸ ਵਿਚ ਮਾੜੀ ਗੱਲ ਕਿਹੜੀ ਹੈ ? (ਵਿਘਨ)

ਮੁੱਖ ਮੰਤਰੀ : ਤੁਹਾਨੂੰ ਫਿਰ ਤਕਲੀਫ ਕਿਉਂ ਹੁੰਦੀ ਹੈ ? (ਵਿਘਨ) ਸਾਡੇ ਪਿੰਡ ਦੀਆਂ ਵੋਟਾਂ ਪੈ ਕੇ ਜੋ ਸਰਪੰਚ ਬਣੇ ਉਸ ਦੀ ਸ਼ਕਤੀ ਹੈ ਕਿ ਉਹ ਸਹੀ ਤਰੀਕੇ ਨਾਲ ਕੰਮ ਚਲਾਏ। ਇਹ ਪਾਵਰ ਜਿਹੜੀ ਸੀ ਇਹ ਉਨ੍ਹਾਂ ਨੇ ਲੋਕਾਂ ਤੋਂ ਲਈ ਸੀ ਜਿਹੜੀ ਕਿ ਖੋਹੀ ਗਈ। (ਵਿਘਨ) ਇਨ੍ਹਾਂ ਨੇ ਲੋਕਾਂ ਨੂੰ ਪਿੱਛੇ ਛੱਡਿਆ ਹੈ। (ਵਿਘਨ) (ਸ਼ੋਰ)

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਸਾਡਾ ਜਵਾਬ ਨਹੀਂ ਆਇਆ। ਸਾਡੇ ਸਵਾਲ ਦਾ ਇਹ ਜਵਾਬ ਦੇਣ। (ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਮੈਂ ਪ੍ਰਿਵਿਲਿਜ ਮੋਸ਼ਨ ਪੇਸ਼ ਕਰਨਾ ਚਾਹੁੰਦਾ ਹਾਂ। ਸਾਨੂੰ ਇਜਾਜ਼ਤ ਦਿਓ। The Development Minister has misled the House. He has given a false statement intentionally and I want to move a privilege motion. This should be taken up just now. (Interruptions and Noise in the House).

Mr. Speaker : I call upon Comrade Beldev Singh Loomba to put next question.

ਵਿੱਤ ਮੰਤਰੀ : ਤੁਸੀਂ ਆਪਣੀ ਪ੍ਰਿਵਿਲੇਜ ਮੋਸ਼ਨ ਲਿਖ ਕੇ ਭੇਜ ਦਿਓ। (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ਇਹ ਸਪੀਕਰ ਸਾਹਿਬ ਦਾ ਕੰਮ ਹੈ, ਤੁਹਾਡਾ ਕੰਮ ਨਹੀਂ ਹੈ ਕਹਿਣਾ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਹਾਊਸ ਦਾ ਟਾਈਮ ਇਸ ਤਰ੍ਹਾਂ ਵੇਸਟ ਕੀਤਾ ਜਾਂਦਾ ਹੈ ਅਤੇ ਰੋਜ਼ ਇਸ ਤਰ੍ਹਾਂ ਦੇ ਗਲਤ ਜਵਾਬ ਦਿੱਤੇ ਜਾਂਦੇ ਹਨ। (ਵਿਘਨ) (ਸ਼ੋਰ)

ਖੇਤੀਬਾੜੀ ਮੰਤਰੀ : ਗਲ ਹੋਰ ਕੁਝ ਨਹੀਂ, ਸਪੀਕਰ ਸਾਹਿਬ, ਸਿਰਫ ਇਨ੍ਹਾਂ ਨੇ ਵਾਕ ਆਊਟ ਕਰਨਾ ਹੈ। ਇਨ੍ਹਾਂ ਨੂੰ ਅੱਜ ਹਾਊਸ ਚੋਂ ਬਾਹਰ ਨਾ ਜਾਣ ਦੇਣਾ। (ਸ਼ੋਰ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਤੁਸੀਂ ਵੀ ਇਥੇ ਦੇਖਿਆ ਹੈ, ਅਸੀਂ ਤਾਂ ਰੋਜ਼ ਹੀ ਦੇਖਦੇ ਹਾਂ ਕਿ ਗੌਰਮਿੰਟ ਵਲੋਂ ਜਵਾਬ ਜਿਹੜੇ ਆਉਂਦੇ ਹਨ ਉਹ ਬਿਲਕੁਲ ਗਲਤ ਆਉਂਦੇ ਹਨ। (ਵਿਘਨ) ਇਸ ਦਾ ਹੱਲ ਵੀ ਤੁਸੀਂ ਕਰਨਾ ਹੈ। (ਵਿਘਨ) (ਬਹੁਤ ਸ਼ੋਰ) (ਇਸ ਵਕਤ ਕਈ ਮਾਨਯੋਗ ਮੈਂਬਰਜ਼ ਇਕਠੇ ਹੀ ਬੋਲ ਰਹੇ ਸਨ)

ਆਵਾਜ਼ਾਂ : ਹੁਣ ਤਾਂ ਅਗਲਾ ਸਵਾਲ ਕਾਲ ਅੱਪ ਨ ਹੋ ਗਿਆ ਹੈ।

Sardar Gurdarshan Singh : Mr. Speaker, you have already called upon next question and now you are allowing Sardar Parkash Singh Badal to speak. I protest against it.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਮੈਂ ਅਰਜ਼ ਕਰ ਰਿਹਾ ਸੀ ਕਿ ਗੌਰਮਿੰਟ ਵੱਲੋਂ.....(ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਨੈਕਸਟ ਕੁਐਸਚਨ ਕਾਲ ਅੱਪ ਕਰ ਲਿਆ ਹੈ, ਇਸ ਲਈ ਪਹਿਲੇ ਕੁਐਸਚਨ ਬਾਰੇ ਹੁਣ ਕੋਈ ਗੱਲ ਕਰਨ ਦਾ ਸਵਾਲ ਹੀ ਨਹੀਂ ਉਠਦਾ। (ਵਿਘਨ)

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ : ਇਹ ਕੁਐਸਚਨ ਆਵਰ ਹੈ, ਜ਼ੀਰੋ ਆਵਰ ਨਹੀਂ ਹੈ। ਕੁਐਸਚਨ ਆਵਰ ਵਿਚ ਪੁਆਇੰਟ ਆਫ ਆਰਡਰ ਰੇਜ਼ ਨਹੀਂ ਹੋ ਸਕਦਾ। (ਵਿਘਨ) (ਸ਼ੋਰ)

(ਇਸ ਵਕਤ ਮਾਨਯੋਗ ਮੈਂਬਰ ਕਾਮਰੇਡ ਬਲਦੇਵ ਸਿੰਘ ਲੁੰਬਾ ਸਵਾਲ ਪੁਟ ਕਰਨ ਲਈ ਖੜੇ ਸਨ)

ਟਰੈਜ਼ਰੀ ਬੈਂਚਾਂ ਵਲੋਂ ਆਵਾਜ਼ਾਂ : ਲੁੰਬਾ ਸਾਹਿਬ ਨੇ ਸਵਾਲ ਪੁੱਟ ਕਰ ਦਿੱਤਾ ਹੈ, ਇਸ ਲਈ ਅਗਲਾ ਸਵਾਲ ਲਓ। (ਵਿਘਨ) (ਸ਼ੋਰ)

ਵਿਰੋਧੀ ਧਿਰ ਵਲੋਂ ਆਵਾਜ਼ਾਂ : ਪਹਿਲਾਂ ਸਾਡੇ ਸਵਾਲ ਦਾ ਜਵਾਬ ਆਉਣਾ ਚਾਹੀਦਾ ਹੈ।

(ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਸੀ)

ਵਿਕਾਸ ਮੰਤਰੀ: ਤੁਸੀਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਬਲਾਕ ਸੰਮਿਤੀਆਂ ਤੋੜ ਦਿਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਤੋੜ ਦਿੱਤੀਆਂ। ਹੁਣ ਲੋਕਾਂ ਵਿਚ ਤੁਸੀਂ ਕੋਈ ਜਵਾਬ ਨਹੀਂ ਦੇ ਸਕਦੇ, ਇਸ ਕਰਕੇ ਰੌਲਾ ਪਾ ਰਹੇ ਹੋ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਹ ਵਾਕ ਆਊਟ ਕਰਨਾ ਚਾਹੁੰਦੇ ਹਨ, ਹੋਰ ਕੋਈ ਗੱਲ ਨਹੀਂ।

ਸ਼੍ਰੀ ਸਪੀਕਰ : ਇਹ ਤਰੀਕਾ ਠੀਕ ਨਹੀਂ ਕਿ ਮੈਂਬਰ ਸਾਹਿਬ ਪ੍ਰਮਿਸ਼ਨ ਤੋਂ ਬਗੈਰ ਆਪ ਹੀ ਖੜੇ ਹੋ ਕੇ ਆਪਣੀ ਗੱਲ ਕਰਨੀ ਸ਼ੁਰੂ ਕਰ ਦੇਣ। ਇਹ ਕੁਐਸਚਨ ਬੜਾ ਇੰਪਾਰਟੈਂਟ ਸੀ ਇਸ ਕਰਕੇ ਮੈਂ ਇਸ ਤੇ ਬਹੁਤ ਸਾਰੀਆਂ ਸਪਲੀਮੈਂਟਰੀਜ਼ ਅਲਾਓ ਕੀਤੀਆਂ ਹਨ। ਸ਼ਾਇਦ ਇਸ ਸਵਾਲ ਤੇ 12–13 ਸਪਲੀਮੈਂਟਰੀਜ਼ ਹੋ ਚੁੱਕੀਆਂ ਹਨ। (ਵਿਘਨ) (ਸ਼ੋਰ) ਅਗਰ ਆਪੋਜ਼ੀਸ਼ਨ ਨੇ ਕੋਈ ਸਵਾਲ ਰੇਜ਼ ਕੀਤਾ ਹੈ ਤਾਂ ਇਹ ਉਸ ਦਾ ਰਾਈਟ ਬਣਦਾ ਹੈ ਕਿ ਉਹ ਸਵਾਲ ਪੁੱਛੇ। (ਵਿਰੋਧੀ ਪਾਰਟੀ ਵਲੋਂ ਬੰਪਿੰਗ) (ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਸਨ) ਮੈਂ ਸਾਰਿਆਂ ਅਗੇ ਨਿਵੇਦਨ ਕਰਦਾ ਹਾਂ .....(ਵਿਘਨ) (ਸ਼ੋਰ) ਤੁਹਾਨੂੰ ਵੀ ਪਤਾ ਹੈ ਕਿ ਲੋਕਾਂ ਦੀ ਭਲਾਈ ਕਿਸ ਚੀਜ਼ ਵਿੱਚ ਹੈ ਅਤੇ ਇਨ੍ਹਾਂ ਨੂੰ ਵੀ ਪਤਾ ਹੈ ਕਿ ਲੋਕਾਂ ਦਾ ਭਲਾ ਕਿਸ ਚੀਜ਼ ਵਿੱਚ ਹੈ। ਸਾਰੇ ਕੋਸ਼ਿਸ਼ ਕਰੋ ਕਿ ਲੋਕਾਂ ਦੀ ਭਲਾਈ ਵਾਸਤੇ ਜਿਹੜੇ ਸਪਲੀਮੈਂਟਰੀ ਹੋ ਸਕਣ, ਉਹ ਕਰੋ। (ਵਿਘਨ)

ਵਿਰੋਧੀ ਧਿਰ ਵਲੋਂ ਆਵਾਜ਼ਾਂ : ਪਰ ਜਵਾਬ ਤਾਂ ਠੀਕ ਆਉਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਹੁਣ ਕਾਮਰੇਡ ਬਲਦੇਵ ਸਿੰਘ ਲੁੰਬਾ ਦਾ ਨੈਕਸਟ ਕੁਐਸਚਨ ਆ ਗਿਆ ਹੈ—(ਵਿਘਨ)

ਆਵਾਜ਼ਾਂ : ਸਪੀਕਰ ਸਾਹਿਬ, ਪਹਿਲਾਂ ਇਹ ਮੁਆਫੀ ਮੰਗਣ। (ਸ਼ੋਰ) ਇਥੇ ਗਲਤ ਬਿਆਨੀ ਕੀਤੀ ਗਈ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਮੈਨੂੰ ਕਾਲ ਅਪੌਨ ਕੀਤਾ ਸੀ। ਮੈਂ ਆਪਣੀ ਗੱਲ ਕਰ ਰਿਹਾ ਸੀ ਕਿ ਤੁਸੀਂ ਵਿਚੋਂ ਖੜੇ ਹੋ ਗਏ, ਹੁਣ ਮੈਨੂੰ ਇਜਾਜ਼ਤ ਦਿਓ। (ਵਿਘਨ) (ਸ਼ੋਰ), ਮੈਂ ਇਕ ਮਿੰਟ ਵਿਚ ਹੀ ਅਪਣੀ ਗੱਲ ਮੁਕਾ ਦਿੰਦਾ ਹਾਂ। (ਵਿਘਨ) ਤੁਸੀਂ ਮੈਨੂੰ ਟਾਈਮ ਦਿਤਾ ਹੈ, ਬੁਲਾਇਆ ਹੈ। ਮੈਂ ਆਪਣੀ ਗੱਲ ਕਰ ਰਿਹਾ ਸੀ। (ਵਿਘਨ) ਤੁਸੀਂ ਆਪ ਅੋਗਰੀ ਕੀਤਾ ਹੈ। ਮੈਂ ਆਪਣੀ ਗੱਲ ਸ਼ੁਰੂ ਕਰ ਦਿੱਤੀ ਸੀ ਔਰ ਹੁਣ ਉਹ ਕੰਪਲੀਟ ਕਰਨ ਦੀ ਇਜਾਜ਼ਤ ਦਿਓ।

ਸ਼੍ਰੀ ਸਪੀਕਰ : ਕੁਐਸਚਨ ਆਵਰ ਵਿਚ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ। ਇਸ ਲਈ ਤੁਸੀਂ ਬੈਠ ਜਾਓ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਮੈਂ ਤਾਂ ਉਸੇ ਕੁਐਸਚਨ ਤੇ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਹੁਣ ਮੈਂ ਨੈਕਸ਼ਟ ਕੁਐਸਚਨ ਕਾਲ ਅਪੌਨ ਕਰ ਚੁੱਕਾ ਹਾਂ, ਇਸ ਲਈ ਤੁਸੀਂ ਬੈਠ ਜਾਓ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ ; ਜੇ ਇਸ ਗੱਲ ਦਾ, ਸਪੀਕਰ ਸਾਹਿਬ, ਫੈਸਲਾ ਨਹੀਂ ਕਰੋਗੇ ਤਾਂ ਅਸੀਂ ਹਾਊਸ ਦੀ ਕਾਰਵਾਈ ਅਗੇ ਨਹੀਂ ਚਲਣ ਦੇਵਾਂਗੇ। (ਵਿਘਨ) (ਸ਼ੋਰ)

ਵਿਕਾਸ ਮੰਤਰੀ : ਇਹ, ਸਪੀਕਰ ਸਾਹਿਬ, ਜਮਹੂਰੀਅਤ ਦੇ ਖਿਲਾਫ ਹਨ, ਇਸ ਲਈ ਇਹੋ

Original with;
Punjab Vidhan Sabha
Digitized by;
Panjab Digital Library

ਜਿਹੀਆਂ ਗਲਾਂ ਕਰਕੇ ਇਹ ਵਾਕ ਆਊਟ ਕਰਨ ਦਾ ਕੋਈ ਬਹਾਨਾ ਮੰਗਦੇ ਹਨ। (ਜ਼ੋਰ) ਇਹ ਵਾਕ ਆਊਟ ਕਰਨਾ ਚਾਹੁੰਦੇ ਹਨ, ਹੋਰ ਕੋਈ ਗਲ ਨਹੀਂ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਹ ਮੁਆਫੀ ਮੰਗਣ ਜੋ ਹਾਊਸ ਵਿਚ ਗਲਤ ਜਵਾਬ ਦਿੱਤਾ ਹੈ। (ਸ਼ੋਰ)

ਇਕ ਆਵਾਜ਼ : ਇਹ ਸੰਮਿਤੀਆਂ ਤੁਸੀਂ ਤੋੜੀਆਂ ਸਨ। (ਵਿਘਨ)

ਵਿਕਾਸ ਮੰਤਰੀ : ਅਸੀਂ ਤਾਂ ਬਣਾ ਰਹੇ ਹਾਂ ਹੁਣ। (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ) (ਆਪੋਜ਼ੀਸ਼ਨ ਪਾਰਟੀ ਦੇ ਮਾਨਯੋਗ ਮੈਂਬਰਜ਼ ਵਲੋਂ ਨਾਹਰੇ ਲਗਾਏ ਜਾ ਰਹੇ ਸਨ ** ** **)

ਸ਼੍ਰੀ ਸਪੀਕਰ : ਇਹ ਜਿਹੜੇ ਨਾਹਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ। (ਸ਼ੋਰ) (ਵਿਘਨ)

Scheme for giving stipends to the destitute children in the State.

*81. **Comrade Baldev Singh Loomba** : Will the Minister for Welfare be pleased to state :—

(a) whether there is any scheme for giving stipends to the destitute children in the State; if so, the total number of applications received for the purpose as on 15th June, 1980;

(b) the number of the cases referred to in part (a) wherein the stipends have since been sanctioned and the reasons for not sanctioning the stipends to the remaining applicants ?

ਚੌਧਰੀ ਜਗਤ ਰਾਮ:

(ੳ) ਹਾਂ ਜੀ। 10,758,

(ਅ) 4,985. ਬਾਕੀ ਅਰਜ਼ੀਆਂ ਜਾਂ ਤਾਂ ਬਿਨੈ-ਕਾਰਾਂ ਨੂੰ ਪੂਰਤੀ ਹਿੱਤ ਵਾਪਸ ਕੀਤੀਆਂ ਜਾ ਚੁਕੀਆਂ ਹਨ ਜਾਂ ਨਾ-ਮਨਜ਼ੂਰ ਹੋ ਚੁਕੀਆਂ ਹਨ ਕਿਉਂਕਿ ਇਹ ਨਿਯਮਾਂ ਅਧੀਨ ਕਵਰ ਨਹੀ ਹੁੰਦੀਆਂ।

Mr. Speaker : Question hour is over. The remaining questions shall be deemed to have been answered under Rule 38 of the Rules of Procedure & Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

Case of Murders, thefts, smuggling, etc. Registered with the police in the State.

*32. **Master Babu Singh** : Will the Chief Minister be pleased to state the total number of cases of murders, thefts, smuggling, rapes and dacoities registered with the police in the State, district-wise during each calendar years 1975, 1976, 1977, 1978, 1979 and 1980 (Uptodate) ?

ਸਰਦਾਰ ਦਰਬਾਰਾ ਸਿੰਘ : ਰਾਜ ਵਿਚ ਜ਼ਿਲ੍ਹੇਵਾਰ ਹਰ ਇਕ ਕੈਲੰਡਰ ਸਾਲਾਂ 1975, 1976, 1977, 1978, 1979 ਅਤੇ 1980 (1-1-80 ਤੋਂ ਲੈਕੇ 17-6-80, ਵਿਧਾਨ ਸਭਾ ਸਵਾਲ ਦਾ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੱਕ) ਪੁਲਿਸ ਪਾਸ ਕਤਲ, ਚੋਰੀ, ਸਮੱਗਲਿਗ, ਜ਼ਬਰ ਜਨਾਹ ਅਤੇ ਡਾਕਿਆਂ ਦੇ ਜਿੰਨੇ ਮੁਕੱਦਮੇ ਦਰਜ਼ ਹੋਏ, ਉਨਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸੂਚੀ

[ਸੁੱਖ ਮੰਤਰੀ]

ਕ੍ਰਮ ਅੰਕ	ਜ਼ਿਲ੍ਹਾ		ਸਾਲ ਦਰਜ		
			ਕਤਲ	ਚੋਰੀਆਂ	ਸਮੱਗਲਿੰਗ
1	ਜਲੰਧਰ	...	72	355	—
2	ਅੰਮ੍ਰਿਤਸਰ	...	101	485	37
3	ਗੁਰਦਾਸਪੁਰ	...	42	177	1
4	ਹੁਸ਼ਿਆਰਪੁਰ	...	30	213	38
5	ਕਪੂਰਥਲਾ	...	14	82	—
6	ਪਟਿਆਲਾ	...	30	303	—
7	ਲੁਧਿਆਣਾ	...	62	469	—
8	ਸੰਗਰੂਰ	...	58	150	4
9	ਰੋਪੜ	...	20	61	31
10	ਫਿਰੋਜ਼ਪੁਰ	...	61	194	155
11	ਬਠਿੰਡਾ	...	68	164	67
12	ਫਰੀਦਕੋਟ	...	80	154	—

Original with;
Punjab Vidhan Sabha
Digitized by;
Panjab Digital Library

1975		ਸਾਲ 1976				
ਮੁਕੱਦਮੇ		ਦਰਜ ਮੁਕੱਦਮੇ				
ਜਬਰ-ਜਨਾਹ	ਡਾਕੇ	ਕਤਲ	ਚੋਰੀਆਂ	ਸਮੱਗਲਿੰਗ	ਜਬਰ-ਜਨਾਹ	ਡਾਕੇ
9	2	65	423	—	13	1
13	—	84	471	45	10	—
4	—	38	166	6	5	—
3	—	28	148	20	5	—
—	—	16	81	—	—	—
12	—	38	259	—	4	1
14	—	45	449	—	12	1
8	—	39	104	5	9	—
6	—	20	81	6	3	—
14	—	47	151	304	13	—
14	—	61	140	46	5	—
4	1	72	134	—	13	—

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕ੍ਰਮ ਅੰਕ	ਜ਼ਿਲ੍ਹਾ	ਸਾਲ ਦਰਜ		
		ਕਤਲ	ਚੋਰੀਆਂ	ਸਮੱਗਲਿੰਗ
1	ਜਲੰਧਰ ...	59	452	—
2	ਅੰਮ੍ਰਿਤਸਰ ...	119	536	55
3	ਗੁਰਦਾਸਪੁਰ ...	41	188	4
4	ਹੁਸ਼ਿਆਰਪੁਰ ...	25	133	—
5	ਕਪੂਰਥਲਾ ...	14	101	—
6	ਪਟਿਆਲਾ ...	43	376	—
7	ਲੁਧਿਆਣਾ ...	75	539	—
8	ਸੰਗਰੂਰ ...	48	132	1
9	ਰੋਪੜ ...	15	98	—
10	ਫਿਰੋਜ਼ਪੁਰ ...	63	176	112
11	ਬਠਿੰਡਾ ...	64	182	9
12	ਫਰੀਦਕੋਟ ...	59	104	—

Original with;
Punjab Vidhan Sabha
Digitized by;
Panjab Digital Library

1977	ਸਾਲ 1978					
ਮੁਕੱਦਮੇ	ਦਰਜ ਮੁਕੱਦਮੇ					
ਜ਼ਬਰ-ਜਨਾਹ	ਡਾਕੇ	ਕਤਲ	ਚੋਰੀਆਂ	ਸਮੱਗਲਿੰਗ	ਜ਼ਬਰ-ਜਨਾਹ	ਡਾਕੇ
12	—	61	406	—	6	—
16	1	93	469	54	10	—
9	—	29	197	1	8	—
2	—	28	113	—	3	—
5	—	13	84	—	2	1
8	1	41	331	—	10	—
9	2	58	445	—	8	—
5	—	50	126	2	6	—
4	—	12	96	—	3	—
7	—	59	151	246	12	—
9	1	55	122	21	5	—
7	—	61	132	—	8	1

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕ੍ਰਮ ਅੰਕ	ਜ਼ਿਲ੍ਹਾ	ਸਾਲ ਦਰਜ		
		ਕਤਲ	ਚੋਰੀਆਂ	ਸਮੱਗਲਿੰਗ
1.	ਜਲੰਧਰ	51	330	—
2.	ਅੰਮ੍ਰਿਤਸਰ	104	382	64
3.	ਗੁਰਦਾਸਪੁਰ	42	163	1
4.	ਹੁਸ਼ਿਆਰਪੁਰ	23	104	—
5.	ਕਪੂਰਥਲਾ	17	77	—
6.	ਪਟਿਆਲਾ	47	320	—
7.	ਲੁਧਿਆਣਾ	71	382	—
8.	ਸਗਰੂਰ	53	131	9
9.	ਰੋਪੜ	18	92	—
10.	ਫਿਰੋਜ਼ਪੁਰ	47	111	227
11.	ਬਠਿੰਡਾ	63	125	20
12.	ਫਰੀਦਕੋਟ	54	131	—

Original with;
Punjab Vidhan Sabha
Digitized by;
Panjab Digital Library

1979	ਸਾਲ 1980 (1.1.80 ਤੋਂ 17.6.80, ਵਿਧਾਨ ਸਭਾ ਸਵਾਲ ਦਾ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੱਕ)					
ਮੁਕੱਦਮੇ	ਦਰਜ ਮੁਕੱਦਮੇ					
ਜਬਰ-ਜਨਾਹ	ਡਾਕੇ	ਕਤਲ	ਚੋਰੀਆਂ	ਸਮੱਗਲਿੰਗ	ਜਬਰ-ਜਨਾਹ	ਡਾਕੇ
6	—	29	159	—	2	—
12	—	37	188	16	—	—
8	—	10	74	6	1	—
3	—	15	48	—	4	—
1	—	8	29	—	2	—
17	—	20	115	—	—	—
8	—	31	161	—	2	—
8	—	45	84	4	8	—
5	—	9	41	—	—	—
2	—	26	55	52	—	—
8	—	28	61	17	3	—
6	—	27	50	—	1	—

Original with;
Punjab Vidhan Sabha
Digitized by;
Panjab Digital Library

WOMEN DIED OF BURN INJURIES IN THE STATE

*36. **Master Babu Singh** : Will the Chief Minister be pleased to state:—

(a) the number and names of women who died of burn injuries in the State, district-wise during the calender years 1976, 1977. 1978, 1979 and 1980 (Up-to-date);

(b) the total number of cases registered with the police out of those mentioned in part (a) above;

(c) the number and names of women out of those mentioned in part (a) above who were un-married ?

ਸਰਦਾਰ ਚਰਬਾਰਾ ਸਿੰਘ : (ੳ), (ਅ) ਅਤੇ (ਏ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

ਜ਼ਿਲ੍ਹੇ ਦਾ ਨਾਂ	ਸੰਨ 1976		ਸੰਨ 1977	
	ਗਿਣਤੀ	ਮਰਨ ਵਾਲੀ ਦਾ ਨਾਉਂ	ਗਿਣਤੀ	ਮਰਨ ਵਾਲੀ ਦਾ ਨਾਉਂ
ਪਟਿਆਲਾ ..	—	—	—	—
ਕਪੂਰਥਲਾ ..	—	—	—	—
ਲੁਧਿਆਣਾ ..	2	ਵੀਨਾ ਜੈਨ ਅਭਿਲਾਸ਼ਾ	4	ਸੁਰਿੰਦਰ ਕੌਰ ਸਤਨਾਮ ਕੌਰ ਗੁਰਚਰਨ ਕੌਰ ਕਮਲੇਸ਼ ਕੌਚ
ਫਿਰੋਜ਼ਪੁਰ ..	—	—	—	—
ਗੁਰਦਾਸਪੁਰ ..	—	—	1	ਜਸਵੀਰ ਕੌਰ
ਬਠਿੰਡਾ ..	1	ਦਰਸ਼ਨਾ ਦੇਵੀ	1	ਪਰਮਜੀਤ ਕੌਰ
ਫਰੀਦਕੋਟ ..	—	—	—	—
ਅੰਮ੍ਰਿਤਸਰ ..	4	ਕ੍ਰਿਸ਼ਨਾ ਰੂਪੀ ਜੀਤੋ ਅਜੀਤ ਰਾਣੀ	3	ਪਰਮੀਲਾ ਸ਼ਸ਼ੀ ਰਾਣੀ

Original with;
Punjab Vidhan Sabha
Digitized by;
Panjab Digital Library

ਦੀ ਸੂਚੀ

ਸੰਨ 1978		ਸੰਨ 1979		ਸੰਨ 1980 (27-6-80 ਤੱਕ)	
ਗਿਣਤੀ	ਮਰਨ ਵਾਲੀ ਦਾ ਨਾਉਂ	ਗਿਣਤੀ	ਮਰਨ ਵਾਲੀ ਦਾ ਨਾਉਂ	ਗਿਣਤੀ	ਮਰਨ ਵਾਲੀ ਦਾ ਨਾਉਂ
—	—	1	ਸੱਲੋ	—	—
—	—	6	ਜੋਤੀ ਸ਼ਰਮਾ ਕੁਲਵੰਤ ਕੌਰ ਨਰੇਸ਼ ਕੁਮਾਰੀ ਰੇਸ਼ਮ ਕੌਰ ਸੰਤੋਸ਼ ਕੁਮਾਰੀ ਸੁਰਜੀਤ ਕੌਰ	4	ਸਰਲਾ ਰਾਣੀ ਕਿਰਨ ਬਾਲਾ ਦਰੋਪਤੀ ਸ਼ਰਲਾ ਦੇਵੀ
2	ਲਛਮੀ ਦੇਵੀ ਆਸ਼ਾ ਰਾਣੀ	7	ਊਸ਼ਾ ਰਾਣੀ ਗਿਆਨ ਕੌਰ ਸੀਤਾ ਦੇਵੀ ਰਾਜ ਰਾਣੀ ਰਮੇਸ਼ ਕੁਮਾਰੀ ਕਮਲ ਕਾਂਤ ਕਮਲ	1	ਬਲਜਿੰਦਰ ਕੌਰ
—	—	3	ਸੰਤੋਸ਼ ਕੁਮਾਰੀ ਕ੍ਰਿਸ਼ਨਾ ਦੇਵੀ ਸ਼ਾਮ ਦੇਵੀ	—	—
—	—	3	ਪ੍ਰਕਾਸ਼ ਕਮਲੇਸ਼ ਕੁਮਾਰੀ ਰਾਜ ਰਾਣੀ	—	—
1	ਸੁੰਦਰੀ ਦੇਵੀ	1	ਜਾਨਕੀ	1	ਬਲਜਿੰਦਰ ਕੌਰ
—	—	—	—	—	—
5	ਕੁਪਿੰਦਰ ਕੌਰ ਕੌਲੀ ਸੁਸ਼ਮਾ ਜੋਤੀ ਬਾਲਾ ਰਾਜ ਮਹਿਰਾ	4	ਕੰਚਨ ਕੁਸ਼ੱਲਿਆ ਮਨੋਰਮਾ ਬੀਨਾ ਕੁਮਾਰੀ	3	ਬਲਵਿੰਦਰ ਕਪੂਰ ਵੀਨਾ ਕੁਮਾਰੀ ਰਾਣੀ

Original with;
Punjab Vidhan Sabha
Digitized by;
Panjab Digital Library

ਜ਼ਿਲ੍ਹੇ ਦਾ ਨਾਂ	ਸੰਨ 1976		ਸੰਨ 1977	
	ਗਿਣਤੀ	ਮਰਨ ਵਾਲੀ ਦਾ ਨਾਉਂ	ਗਿਣਤੀ	ਮਰਨ ਵਾਲੀ ਦਾ ਨਾਉਂ
ਹੁਸ਼ਿਆਰਪੁਰ ..	2	ਗੁਰਮੀਤ ਕੌਰ ਤ੍ਰਿਪਤਾ ਰਾਣੀ	2	ਮੀਨਾ ਕੁਮਾਰੀ ਰਖਸ਼ਾ ਕੁਮਾਰੀ
ਜਲੰਧਰ ..	—	—	1	ਬਿਮਲਾ
ਸੰਗਰੂਰ	—	—	2	ਸੱਤਿਆ ਦੇਵੀ ਸੋਮਾ ਦੇਵੀ
ਰੋਪੜ ..	2	ਕਲਾ ਵੰਤੀ ਸੁਖਵਿੰਦਰ ਕੌਰ	2	ਨਸੀਬੋ ਰੇਖਾ

Original with;
Punjab Vidhan Sabha
Digitized by;
Panjab Digital Library

ਦੀ ਸੂਚੀ

ਸੰਨ 1978		ਸੰਨ 1979		ਸੰਨ 1980 (27.6.80 ਤੱਕ)	
ਗਿਣਤੀ	ਮਰਨ ਵਾਲੀ ਦਾ ਨਾਓਂ	ਗਿਣਤੀ	ਮਰਨ ਵਾਲੀ ਦਾ ਨਾਓਂ	ਗਿਣਤੀ	ਮਰਨ ਵਾਲੀ ਦਾ ਨਾਓਂ
3	ਬਿਮਲ ਜੀਤ ਤਜਿੰਦਰ ਕੌਰ ਲਛਮੀ ਖੇੜਾ	4	ਬਿਮਲਾ ਰਾਣੀ ਅਲਕਾ ਮੰਜੂ ਬਾਲਾ ਤੇਜ ਕੌਰ	6	ਮੁਹਿੰਦਰ ਕੌਰ ਚੰਦਰ ਪਰਭਾ ਸੁਜਾਤਾ ਵੀਨਾ ਰਾਣੀ ਵਨੀਤਾ ਰਤਨਜੀਤ ਕੌਰ
5	ਉਰਮਲਾ ਸ਼ਰਮਾ ਅਰੁਨ ਬਾਲਾ ਸੁਦੇਸ਼ ਕੁਮਾਰੀ ਸ਼ਾਰਦਾ ਸੁਰੋਜਬਾਲਾ	12	ਰਵਿੰਦਰ ਕੌਰ ਸੁਰਿੰਦਰ ਕੌਰ ਕੁਲਦੀਪ ਕੌਰ ਬਖਸ਼ੋ ਹਰਜੀਤ ਕੌਰ ਰਾਣੀ ਬੀਨਾ ਮਲਕਾ ਰਾਣੀ ਵੀਰਾ ਦੇਵੀ ਚੋਕਰ ਦੇਵੀ ਰੀਵਾਲੀ ਉਰਮਲਾ ਦੇਵੀ	7	ਪਰਮੀਨਾ ਅਲਾਸ ਉਰਫ ਗੁੱਡੀ ਸਰੋਜ ਬਾਲਾ ਸ਼ਕੁੰਤਲਾ ਦੇਵੀ ਰਾਜ ਰਾਣੀ ਓਮ ਪ੍ਰਭਾ ਸਰੋਜ ਕੁਮਾਰੀ
1	ਅਰਵਿੰਦਰ ਕੌਰ	3	ਸੰਤੋਸ਼ ਕੁਮਾਰੀ ਸੁੰਦਰ ਕੁਮਾਰੀ ਗੁਰਮੇਲ ਕੌਰ	—	—
—	—	2	ਕਮਲਾ ਦਰਸ਼ਨਾ	—	—

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਭਾਗ 'ਅ' ਦੀ ਸੂਚੀ

ਜ਼ਿਲ੍ਹੇ ਦਾ ਨਾਂ	1976	1977	1978	1979	1980 (20.6.80 ਤੱਕ)
ਪਟਿਆਲਾ	—	—	—	1	—
ਕਪੂਰਥਲਾ	—	—	—	2	—
ਲੁਧਿਆਣਾ	2	4	2	7	1
ਫਿਰੋਜ਼ਪੁਰ	—	—	—	3	—
ਗੁਰਦਾਸਪੁਰ	—	1	—	3	—
ਬਠਿੰਡਾ	1	1	1	1	1
ਫਰੀਦਕੋਟ	—	—	—	—	—
ਅੰਮ੍ਰਿਤਸਰ	4	3	5	4	3
ਹੁਸ਼ਿਆਰਪੁਰ	—	1	—	1	3
ਜਲੰਧਰ	—	1	4	3	2
ਸੰਗਰੂਰ	—	2	1	3	—
ਰੋਪੜ	—	1	—	—	—

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਭਾਗ 'ਏ' ਦੀ ਸੂਚੀ

ਜ਼ਿਲ੍ਹੇ ਦਾ ਨਾਂ		ਸੰਨ 1976		ਸੰਨ 1977	
		ਗਿਣਤੀ	ਮਰਨ ਵਾਲੀ ਦਾ ਨਾਉਂ	ਗਿਣਤੀ	ਮਰਨ ਵਾਲੀ ਦਾ ਨਾਉਂ
ਪਟਿਆਲਾ	...	—	—	—	—
ਕਪੂਰਥਲਾ	...	—	—	—	—
ਲੁਧਿਆਣਾ	...	—	—	—	—
ਫਿਰੋਜ਼ਪਰ	...	—	—	—	—
ਗੁਰਦਾਸਪੁਰ	...	—	—	—	—
ਬਠਿੰਡਾ	...	—	—	—	—
ਫਰੀਦਕੋਟ	...	—	—	—	—
ਅੰਮ੍ਰਿਤਸਰ	...	—	—	—	—
ਹੁਸ਼ਿਆਰਪੁਰ	...	—	—	1	ਮੀਨਾ ਕੁਮਾਰੀ
ਜਲੰਧਰ	...	—	—	—	—
ਸੰਗਰੂਰ	...	—	—	—	—
ਰੋਪੜ	...	—	—	—	—

Original with;
Punjab Vidhan Sabha
Digitized by;
Panjabi Digital Library

ਸੰਨ 1978		ਸੰਨ 1979		ਸੰਨ 1980 (27.6.80 ਤੱਕ)	
ਗਿਣਤੀ	ਮਰਨ ਵਾਲੀ ਦਾ ਨਾਓਂ	ਗਿਣਤੀ	ਮਰਨ ਵਾਲੀ ਦਾ ਨਾਓਂ	ਗਿਣਤੀ	ਮਰਨ ਵਾਲੀ ਦਾ ਨਾਓਂ
—	—	1	ਸੱਲੋ	—	—
—	—	2	ਜਿਉਤੀ ਨਰੇਸ਼ ਕੁਮਾਰੀ	1	ਕਿਰਨ ਬਾਲਾ
—	—	—	—	—	—
—	—	—	—	—	—
—	—	1	ਕਮਲੇਸ਼ ਕੁਮਾਰੀ	—	—
—	—	—	—	—	—
—	—	—	—	—	—
—	—	—	—	—	—
1	ਤਜਿੰਦਰ ਕੌਰ	1	ਅਲਕਾ	1	ਮਹਿੰਦਰ ਕੌਰ
1	ਸੁਦੇਸ਼ ਕੁਮਾਰੀ	4	ਰਾਵਿੰਦਰ ਕੌਰ ਕੁਲਦੀਪ ਕੌਰ ਰੀਵਾਈ ਊਰਮਲਾ ਦੇਵੀ	2	ਪਰਮੀਨਾ ਸੁਰੋਜ ਬਾਲਾ
—	—	—	—	—	—
—	—	—	—	—	—

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਬਲਦੇਵ ਸਿੰਘ ਲੂੰਬਾ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੋਲਣ ਲਈ ਖੜੇ ਹੋਏ ਪਰ ਸ਼੍ਰੀ ਸਪੀਕਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਬੋਲਣ ਲਈ ਆਗਿਆ ਦਿੱਤੀ)

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਆਪਣੇ ਕੁਐਸਚਨ ਤੇ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਸੀ। (ਵਿਘਨ) (ਸ਼ੋਰ)

Mr. Speaker : Please take your seat.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬਾਨ ਵਲੋਂ ਜੋ ਵੀ ਸੁਆਲ ਪੁੱਛੇ ਜਾਂਦੇ ਹਨ, ਮਨਿਸਟਰ ਸਾਹਿਬਾਨ ਸੁਆਲਾਂ ਦਾ ਜਵਾਬ ਜਾਣ ਬੁੱਝ ਕੇ ਗਲਤ ਦੇ ਦਿੰਦੇ ਹਨ ਅੌਰ ਹਾਊਸ ਨੂੰ ਮਿਸਲੀਡ ਕਰਦੇ ਹਨ। ਮੈਂ ਦੱਸਦਾ ਹਾਂ ਕਿ ਇਧਰੋਂ ਪੁੱਛਿਆ ਗਿਆ ਸੀ ਕਿ ਉਹ ਕਿਹੜੀਆਂ ਪਾਵਰਜ਼ ਸਨ ਜਿਹੜੀਆਂ ਪਿਛਲੀ ਸਰਕਾਰ ਨੇ ਖੋਹ ਲਈਆਂ ਸਨ। ਜਵਾਬ ਦਿੱਤਾ ਗਿਆ ਕਿ ਸਾਰੀਆਂ ਖੋਹ ਲਈਆਂ। ਇਕ ਡੈਫਿਨਿਟ ਕੁਐਸਚਨ ਪੁੱਛਿਆ ਗਿਆ ਸੀ ਉਸ ਦਾ ਡੈਫਿਨਿਟ ਜਵਾਬ ਆ ਜਾਣਾ ਚਾਹੀਦਾ ਸੀ। ਜਿਹੜੀ ਪਿਛਲੀ ਸਰਕਾਰ ਸੀ ਉਹ ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨਾ ਚਾਹੁੰਦੀ ਸੀ (ਵਿਘਨ) (ਸ਼ੋਰ) ਜਾਂ ਤੇ ਇਹ ਕਲੈਰੀਫਾਈ ਕਰਨ ਕਿ ਜਿਹੜੀਆਂ ਪੰਚਾਇਤ ਰਾਜ ਦੀਆਂ ਪਾਵਰਜ਼ ਪਿਛਲੀ ਸਰਕਾਰ ਨੇ ਖੋਹ ਲਈਆਂ ਸਨ, ਜੇ ਅਸੀਂ ਕੋਈ ਪਾਵਰਜ਼ ਖੋਹੀਆਂ ਹੀ ਨਹੀਂ ਤਾਂ ਇਨ੍ਹਾਂ ਨੇ ਐਵੇਂ ਕਿਉਂ ਕਹਿ ਦਿੱਤਾ ? ਇਸ ਗਲ ਤੇ ਇਨ੍ਹਾਂ ਨੂੰ ਰਿਗਰੈਟ ਕਰਨਾ ਚਾਹੀਦਾ ਹੈ (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰੱਥ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ।

ਸ਼੍ਰੀ ਸਪੀਕਰ : ਚਤਰਥ ਸਾਹਿਬ, ਤੁਸੀਂ ਤਸ਼ਰੀਫ ਰਖੋ (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਰੇਜ਼ ਕਰਨਾ ਹਰ ਇਕ ਮੈਂਬਰ ਦਾ ਪ੍ਰਿਵਿਲੇਜ਼ ਹੈ।

ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਿਸੇ ਬਾਡੀ ਨੂੰ ਖਤਮ ਕਰ ਦੇਣਾ, ਕਿਸੇ ਬਾਡੀ ਨੂੰ ਅਬਾਲਿਸ਼ ਕਰ ਦੇਣਾ, ਕਿਸੇ ਚੀਜ਼ ਦੀ ਹਸਤੀ ਨੂੰ ਮਿਟਾ ਦੇਣਾ, ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ ? (ਵਿਘਨ)

Mr. Speaker : Now the Finance Minister will present the Budget.

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਫ਼ਾਇਨਾਂਸ ਮਨਿਸਟਰ ਸਾਹਿਬ ਨੈ ਅੱਜ ਬਜਟ ਸਪੀਚ ਪੜ੍ਹਨੀ ਹੈ ਅੌਰ ਅਸੀਂ ਚੰਗੀ ਤਰ੍ਹਾਂ ਉਸ ਨੂੰ ਸੁਣਨਾ ਹੈ। ਜਿਹੜਾ ਮਾਮਲਾ ਕੁਐਸਚਨ ਆਵਰ ਵਿਚ ਰੇਜ਼ ਹੋਇਆ ਸੀ ਉਹ ਅਜੇ ਤਕ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਜ ਕੁਐਸਚਨ ਆਵਰ ਦਾ ਟਾਈਮ ਬੜਾ ਖਰਾਬ ਹੋਇਆ ਹੈ। ਉਹ ਇਸ ਕਰਕੇ ਸਮਾਂ ਖਰਾਬ ਹੋਇਆ ਹੈ ਕਿਉਂਕਿ ਮਨਿਸਟਰ ਸਾਹਿਬਾਨ ਵੱਲੋਂ ਸਪਲੀਮੈਂਟਰੀਜ਼ ਦੇ ਅਵੇਸਿਵ ਰਿਪਲਾਈ ਦਿੱਤੇ ਗਏ ਹਨ। ਉਸ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਵੀ ਕਿਹਾ ਗਿਆ, ਉਹ ਬੋਲੇ ਤਾਂ ਸੀ ਪਰ ਉਨ੍ਹਾਂ ਨੇ ਮਾਈਂਡ ਕੀਤਾ। ਸਾਰੇ ਕੁਐਸਚਨਜ਼ ਰੇਜ਼ ਕੀਤੇ ਗਏ ਉਨ੍ਹਾਂ ਦੇ ਜਵਾਬ ਗਲਤ ਦੇਣ ਦੀ ਕੋਸ਼ਿਸ਼ ਕੀਤੀ ਹੈ। 10,12 ਮਿੰਟ ਦਾ ਸਮਾਂ ਕੁਐਸਚਨ ਆਵਰ ਦਾ ਵੇਸਟ ਗਿਆ। ਮੈਂ ਕਹਿੰਦਾ ਹਾਂ ਕਿ ਇਹ ਜਵਾਬ ਠੀਕ ਹੀ ਦੇ ਦਿਆ ਕਰਨ ਅਵੇਡ ਨਾ ਕਰਿਆ ਕਰਨ, ਤਾਂ ਹਾਊਸ ਦਾ ਸਮਾਂ ਖਰਾਬ ਹੋਣ ਤੋਂ ਬਚ ਜਾਏਗਾ।

Original with;
Punjab Vidhan Sabha
Digitized by;
Panjab Digital Library

ਵਿਕਾਸ ਮੰਤਰੀ: ਸਪੀਕਰ ਸਾਹਿਬ, ਬਿਲਕੁਲ ਸਹੀ ਜਵਾਬ ਦਿੱਤੇ ਗਏ ਹਨ। ਚੀਫ ਮਨਿਸਟਰ ਸਾਹਿਬ ਨੇ ਵੀ ਜਵਾਬ ਦਿੱਤੇ ਹਨ ਅਤੇ ਮੈਂ ਵੀ ਦਿਤੇ ਹਨ। ਮੈਂ ਕਹਿੰਦਾ ਹਾਂ ਕਿ ਅਗਰ ਬਾਡੀ ਹੋਵੇਗੀ ਤਾਂ ਹੀ ਉਸ ਦੇ ਕੋਲ ਕੋਈ ਤਾਕਤ ਹੋਵੇਗੀ? ਜਦੋਂ ਬਾਡੀ ਹੀ ਅਬਾਲਿਸ਼ ਕਰ ਦਿੱਤੀ, ਉਸ ਦੀ ਤਾਕਤ ਵੀ ਸਾਰੀ ਖਤਮ ਹੋ ਗਈ .. .. (ਵਿਘਨ)

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਇਹ ਦੱਸਣ ਕਿ ਕਿਹੜੀ ਤਾਕਤ ਅਸੀਂ ਖੋਹੀ ਸੀ?

ਸ਼੍ਰੀ ਸਪੀਕਰ: ਬੈਠੋ ਜੀ। (ਵਿਘਨ) (ਸ਼ੋਰ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

ਸਰਦਾਰ ਗੁਰਦਰਸ਼ਨ ਸਿੰਘ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ.... (ਵਿਘਨ)

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਪਿਛਲੇ ਤਿੰਨ ਦਿਨਾਂ ਤੋਂ (ਵਿਘਨ)

ਸਰਦਾਰ ਗੁਰਦਰਸ਼ਨ ਸਿੰਘ: ਕਾਮਰੇਡ ਸਾਹਿਬ, ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ....

ਕਾਮਰੇਡ ਰਾਜ ਕੁਮਾਰ: ਸਰਦਾਰ ਜੀ, ਮੈਂ ਬਹੁਤ ਦੇਰ ਤੋਂ ਖੜਾ ਹੋਇਆ ਦਾ (ਵਿਘਨ) ਸਪੀਕਰ ਸਾਹਿਬ, ਮੈਂ ਪ੍ਰੋਸੀਜਰ ਦੀ ਗਲ ਕਰਨੀ ਹੈ। ਇਹ ਕੋਈ ਤਰੀਕਾ ਨਹੀਂ ਜਿਸ ਤਰੀਕੇ ਨਾਲ ਤਿੰਨ ਦਿਨਾਂ ਤੋਂ ਇਸ ਹਾਊਸ ਵਿਚ ਹੋ ਰਿਹਾ ਹੈ। ਕੋਈ ਠੀਕ ਤਰ੍ਹਾਂ ਸਪਲੀਮੈਂਟਰੀ ਤਕ ਨਹੀਂ ਹੋ ਸਕਦਾ। ਸਾਰਾ ਸਮਾਂ ਖਰਾਬ ਹੋ ਰਿਹਾ ਹੈ।

ਸਰਦਾਰ ਗੁਰਦਰਸ਼ਨ ਸਿੰਘ: ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੜੇ ਸਿਆਣੇ ਹਨ। ਹਾਊਸ ਲਈ ਪ੍ਰੋਸੀਜਰ ਲੇਡ ਡਾਊਨ ਕੀਤਾ ਹੋਇਆ ਹੈ, ਉਸ ਨੂੰ ਫਾਲੋ ਕਰਨ ਐਵੇਂ ਕਿਉਂ ਇਹ ਟਾਈਮ ਵੇਸਟ ਕਰਦੇ ਹਨ? ਇਹ ਹਾਊਸ ਦਾ ਰਿਕਾਰਡ ਕਢਾ ਕੇ ਵੇਖ ਲੈਣ ਤੁਸੀਂ ਲੂੰਬਾ ਸਾਹਿਬ ਨੂੰ ਨੈਕਸਟ ਕੁਐਸਚਨ ਲਈ ਆਵਾਜ਼ ਦਿੱਤੀ ਸੀ ਉਨ੍ਹਾਂ ਨੇ ਆਪਣਾ ਕੁਐਸਚਨ ਨੰ: 81 ਪੁੱਟ ਕਰ ਦਿੱਤਾ ਸੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰੀ ਜਿੰਨੇ ਮਰਜ਼ੀ ਸਪਲੀਮੈਂਟਰੀ ਕਰਨ ਸਾਡੇ ਮਨਿਸਟਰ ਤਕੜੇ ਹਨ, ਡਰਦੇ ਨਹੀਂ ਸਹੀ ਜਵਾਬ ਦਿੰਦੇ ਹਨ, ਲੇਕਿਨ ਇਹ ਰੂਲਜ਼ ਦੀ ਉਲੰਘਣਾ ਨਾ ਕਰਨ। ਜਦੋਂ ਦੂਸਰਾ ਸੁਆਲ ਕਾਲ ਅਪੌਨ ਹੋ ਗਿਆ ਹੈ ਤਾਂ ਫਿਰ ਪਹਿਲੇ ਸੁਆਲ ਤੇ ਸਪਲੀਮੈਂਟਰੀਜ਼ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸਰਦਾਰ ਸੁਖਜਿੰਦਰ ਸਿੰਘ ਖੈਰਾ: ਸਪੀਕਰ ਸਾਹਿਬ, ਸਾਨੂੰ ਸਭ ਤੋਂ ਵੱਡੀ ਸ਼ਿਕਾਇਤ ਤਾਂ ਇਹ ਹੈ ਕਿ ਸਾਨੂੰ ਕੋਈ ਬੋਲਣ ਹੀ ਨਹੀਂ ਦਿੰਦਾ। (ਵਿਘਨ) ਅਸੀਂ ਜਦੋਂ ਬੋਲਣ ਲਗਦੇ ਹਾਂ ਤਾਂ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੰਦੇ ਹਨ (ਵਿਘਨ) ਸਪੀਕਰ ਸਾਹਿਬ, ਜਦੋਂ ਤੁਸੀਂ ਕਿਸੇ ਮੈਂਬਰ ਨੂੰ ਇਧਰੋਂ ਬੋਲਣ ਲਈ ਅਲਾਓ ਕਰਦੇ ਹੋ ਤਾਂ ਇਹ ਸਾਨੂੰ ਗਲ ਨਹੀਂ ਕਰਨ ਦਿੰਦੇ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿਵੇਂ ਹਾਊਸ ਦਾ ਟਾਈਮ ਵੇਸਟ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਚਾਹੀਦਾ ਹੈ that they should listen and obey but they normally try to create confusion and nuisance.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ ਖੇਚਾ]

ਮੈਂ, ਸਪੀਕਰ ਸਾਹਿਬ, ਤੁਹਾਡੇ ਕੋਲੋਂ ਇਹ ਰੂਲਿੰਗ ਚਾਹੁੰਦਾ ਹਾਂ ਕਿ ਕੀ ਸਾਨੂੰ ਇਥੇ ਬੋਲਣ ਦਾ ਅਖਤਿਆਰ ਹੈ ਜਾਂ ਨਹੀਂ (ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ)

ਸ਼੍ਰੀ ਸਪੀਕਰ: ਤੁਹਾਨੂੰ ਪੂਰਾ ਅਖਤਿਆਰ ਹੈ।

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਕਹੋ ਕਿ ਜਦੋਂ ਸਾਡੇ ਮੈਂਬਰ ਬੋਲਦੇ ਹਨ ਤਾਂ ਇਹ ਨੋਕ ਝੋਕ ਨਾ ਕਰਿਆ ਕਰਨ। ਜੇ ਇਹ ਇੰਟਰੱਪਟ ਨਹੀਂ ਕਰਨਗੇ ਤਾਂ ਅਸੀਂ ਵੀ ਨਹੀਂ ਕਰਾਂਗੇ।

ਸਰਦਾਰ ਸੁਖਜਿੰਦਰ ਸਿੰਘ ਖੇਰਾ : ਸਪੀਕਰ ਸਾਹਿਬ, ਕੁਐਸਚਨਜ਼ ਲਈ ਰੋਜ਼ ਇਥੇ ਇਕ ਘੰਟਾ ਰਖਿਆ ਜਾਂਦਾ ਹੈ। ਇਹ ਬਹੁਤ ਹੀ ਇਪਾਰਟੈਂਟ ਆਈਟਮ ਹੁੰਦੀ ਹੈ। ਇਸ ਲਈ ਇਸ ਨੂੰ ਕਦੇ ਵੀ ਡਿਸਪੈਂਸ ਵਿੱਚ ਨਹੀਂ ਕੀਤਾ ਜਾਂਦਾ। ਸੁਆਲਾਂ ਰਾਹੀਂ ਕੋਈ ਇਨਫਰਮੇਸ਼ਨ ਲੈ ਕੇ ਲੋਕਾਂ ਤਕ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਗੌਰਮਿੰਟ ਨੂੰ ਚੇਤੰਨ ਕੀਤਾ ਜਾਂਦਾ ਹੈ। ਅਗਰ ਕੋਈ ਕੰਮ ਨਹੀਂ ਹੋਇਆ ਹੁੰਦਾ ਤਾਂ ਸਰਕਾਰ ਉਸ ਨੂੰ ਠੀਕ ਕ ਰ ਸਕਦੀ ਹੈ। ਇਹ ਪਬਲਿਕ ਇੰਟਰੈਸਟ ਵਿੱਚ ਵੀ ਹੈ। ਅੱਜ ਇਕ ਬਹੁਤ ਹੀ ਇਪਾਰਟੈਂਟ ਕੁਐਸਚਨ ਸੀ। ਠੀਕ ਹੈ, ਸਾਡੀ ਸਰਕਾਰ ਵੇਲੇ ਸਾਡੇ ਕੋਲੋਂ ਕੋਈ ਗਲਤੀ ਹੋਈ ਹੋਣੀ ਹੈ। ਅਸੀਂ ਕਹਿੰਦੇ ਹਾਂ ਕਿ ਇਹ ਉਸ ਦੀ ਰੈਮਿਡੀ ਕਰ ਲੈਣ। ਪਰ ਬਿਨਾ ਵਜ੍ਹਾ ਮਨਿਸਟਰ ਸਾਹਿਬ ਨੇ ਅਨਨਸੈਸਰਲੀ ਸਾਡੇ ਤੇ ਐਲੀਗੇਸ਼ਨ ਲਾਇਆ ਹੈ। ਮਨਿਸਟਰ ਸਾਹਿਬ ਨੇ ਕਿਹਾ ਕਿ ਅਸੀਂ ਪੰਚਾਇਤੀ ਰਾਜ ਦੇ ਸਾਰੇ ਅਖਤਿਆਰ ਖੋਹ ਲਏ। ਅਸੀਂ ਉਨ੍ਹਾਂ ਦਾ ਚੈਲੰਜ ਮਨਜ਼ੂਰ ਕਰ ਲਿਆ, ਅਸੀਂ ਇਕ ਸਪੈਸੇਫਿਕ ਸੁਆਲ ਪੁੱਛ ਲਿਆ। ਅਸੀਂ ਇਹ ਸੁਆਲ ਪੁੱਛ ਲਿਆ ਕਿ ਸਾਡੀ ਸਰਕਾਰ ਵੇਲੇ ਕਿਹੜਾ ਲੈਜਿਸਲੇਸ਼ਨ ਅਸੀਂ ਪਾਸ ਕੀਤਾ, ਕਿਹੜੇ ਕਾਨੂੰਨ ਰਾਹੀਂ ਤਰਮੀਮ ਕੀਤੀ, ਜਿਸ ਰਾਹੀਂ ਕਿ ਅਧਿਕਾਰ ਖੋਹੇ ਗਏ। ਇਸੇ ਲਈ ਅਸੀਂ ਕਿਹਾ ਕਿ ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਅਸੀਂ ਬ੍ਰੀਚ ਆਫ ਪ੍ਰਿਵਿਲਜ਼ ਦੀ ਮੋਸ਼ਨ ਵੀ ਲਿੱਖ ਕੇ ਦਿੱਤੀ ਹੈ।

Rule 256 of the Rules of Procedure and Conduct of Business in the Punjab Vidhan Sabha(Punjab Legislative Assembly) reads as under :—

> "The Speaker may, if he is satisfied about the urgency of the matter, allow a question of privilege to be raised at any time during the course of a sitting. Such question shall be raised at the earliest opportunity and shall not ordinarily require notice."

ਇਸ ਲਈ ਅਸੀਂ ਅਰਲੀਐਸਟ ਅਪਰਚੂਨਿਟੀ ਲੈ ਕੇ ਇਹ ਮੋਸ਼ਨ ਮੂਵ ਕਰ ਦਿੱਤੀ ਹੈ। ਬਾਦਲ ਸਾਹਿਬ ਨੇ ਵੀ ਕਿਹਾ ਹੈ ਕਿ ਜਾਂ ਤਾਂ ਮੰਤਰੀ ਸਾਹਿਬ ਰਿਗਰੈਟ ਸ਼ੋਅ ਕਰ ਦੇਣ . . . (ਵਿਘਨ)

ਵਿਕਾਸ ਮੰਤਰੀ: ਅਗੇ ਵੀ ਰੂਲ ਨੂੰ ਪੜ੍ਹ ਲਓ।

ਸਰਦਾਰ ਸੁਖਜਿੰਦਰ ਸਿੰਘ ਖੇਚਾ: ਸਪੀਕਰ ਸਾਹਿਬ, ਇਥੇ ਹਾਊਸ ਦੀਆਂ ਚੰਗੀਆਂ ਪ੍ਰੰਪਰਾਵਾਂ ਪਾਈਆਂ ਜਾਣ। ਰੌਲਾ ਪਾਉਣ ਦੀ ਲੋੜ ਨਹੀਂ। ਅਸੀਂ ਕਦੇ ਇਹ ਨਹੀਂ ਕਿਹਾ ਕਿ ਸਾਡੇ ਤੇ ਇਹ ਇਲਜ਼ਾਮ ਨਾ ਲਗਾਉਣ ਪਰ ਜੇ ਇਹ ਇਲਜ਼ਾਮ ਲਾਉਂਦੇ ਹਨ ਤਾਂ ਸਾਬਤ ਕਰਨ। ਐਵੇਂ ਗਲਤ ਗੱਲਾਂ ਕਰਦੇ ਹਨ ਅਤੇ ਫਿਰ ਚੀਫ ਮਨਿਸਟਰ ਸਾਹਿਬ ਨੂੰ ਇੰਟਰਵੀਅਰ ਕਰਕੇ ਜਵਾਬ ਦੇਣਾ ਪੈਂਦਾ ਹੈ, ਮੈਂ ਉਨ੍ਹਾਂ ਦੀ ਪਰੇਸ਼ਾਨੀ ਨੂੰ ਸਮਝਦਾ ਹਾਂ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਮੇਰੇ ਤੇ ਰਹਿਮ ਨਾ ਖਾਓ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਜਾਂ ਤਾਂ ਆਨਰੇਬਲ ਮਨਿਸਟਰ ਰਿਗਰੇਟ ਸ਼ੋਅ ਕਰ ਦੇਣ ਜਾਂ ਫਿਰ ਸਾਡੀ ਮੋਸ਼ਨ ਤੇ ਤੁਸੀਂ ਰੂਲਿੰਗ ਦੇ ਦੇਵੋ।

ਸ਼੍ਰੀ ਸਪੀਕਰ : ਤੁਹਾਡੀ ਪ੍ਰਿਵਿਲਜ ਮੋਸ਼ਨ ਆ ਗਈ ਹੈ। ਮੈਂ ਇਸ ਨੂੰ ਵੇਖ ਰਿਹਾ ਹਾਂ।

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਬੜੀ ਮੋਤਬਾਨਾ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ। ਰੂਲਜ਼ ਬੜੇ ਕਲੀਅਰ ਹਨ। ਇਨ੍ਹਾਂ ਨੇ ਕੁਐਸਚਨ ਆਵਰ ਵਿਚ ਹੀ ਡਿਸਕਸ਼ਨ ਸ਼ੁਰੂ ਕਰ ਦਿੱਤੀ ਹੈ।

Rule 46 of the Rules of Procedure and Conduct of Business in the Punjab Vidhan Sabha (Punjab Legislative Assembly) reads as under :—

(1) "No discussion shall be permitted during the time for question under rule 28, in respect of any question or of any answer given to a question."

(2) Any member when called by the Speaker may put a supplementary question for the purpose of further elucidating any matter of fact regarding which an answer has been given.:

Provided that not more than five supplementary questions may be allowed to be put unless the Speaker otherwise permits"

ਇਥੇ ਬੜੀ ਭਾਰੀ ਡਿਸਕਸ਼ਨ ਹੋ ਗਈ। ਇਹ ਮੇਰੇ ਸਾਹਮਣੇ ਬੈਠੇ ਮੈਂਬਰ ਬੜੇ ਪੁਰਾਣੇ ਹਨ। ਇਹ ਵਜ਼ੀਰ ਵੀ ਰਹੇ ਹਨ। ਤੁਸੀਂ ਇਨ੍ਹਾਂ ਨੂੰ ਕੁਐਸਚਨ ਆਵਰ ਵਿਚ ਡਿਸਕਸ਼ਨ ਕਰਨ ਦੀ ਪਰਮਿਸ਼ਨ ਦੇ ਦਿੱਤੀ। ਤੁਸੀਂ ਇਸ ਸਵਾਲ ਤੇ ਬਹੁੱਤ ਹੀ ਸਪਲੀਮੈਂਟਰੀ ਅਲਾਓ ਕੀਤੇ। ਪਰ ਕੁਐਸਚਨ ਆਵਰ ਵਿਚ ਡਿਸਕਸ਼ਨ ਰੇਜ਼ ਕਰਨ ਦੀ ਪਰਮਿਸ਼ਨ ਨਹੀਂ ਦਿੱਤੀ ਜਾ ਸਕਦੀ। ਇਸ ਪ੍ਰੈਕਟਿਸ ਨੂੰ ਸਪੀਕਰ ਸਾਹਿਬ, ਅਗੇ ਵਾਸਤੇ ਬੰਦ ਕੀਤਾ ਜਾਵੇ। ਬਜਟ ਆਉਣਾ ਹੈ। ਇਸ ਉਤੇ ਇਹ ਬੋਲ ਸਕਦੇ ਹਨ। ਗਵਰਨਰ ਐਡਰੈਸ ਤੇ ਚਾਰ ਦਿਨ ਡਿਸਕਸ਼ਨ ਹੋਈ ਹੈ। ਹੁਣ ਫਿਰ ਬਜਟ ਤੇ ਡਿਸਕਸ਼ਨ ਹੋਣੀ ਹੈ। ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਅੱਗੇ ਵਾਸਤੇ ਇਹ ਪ੍ਰੈਕਟਿਸ ਬੰਦ ਹੋਣੀ ਚਾਹੀਦੀ ਹੈ। ਕੁਐਸਚਨ ਆਵਰ ਵਿਚ ਸਪੈਸੇਫਿਕ ਸੁਆਲ ਕੀਤੇ ਜਾਣ ਅਤੇ ਵਜ਼ੀਰ ਸਾਹਿਬ ਇਨ੍ਹਾਂ ਦਾ ਜਵਾਬ ਦੇ ਦੇਣ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਹੁਣੇ ਵਜ਼ੀਰ ਸਾਹਿਬ ਨੇ ਕਹਿਆ ਹੈ ਕਿ ਕੁਐਸਚਨ ਆਵਰ ਵਿਚ ਡਿਸਕਸ਼ਨ ਨਹੀਂ ਹੋ ਸਕਦੀ, ਇਹ ਸਹੀ ਗਲ ਹੈ। ਰੂਲ ਏਦੇ ਹੋਏ ਹਨ। ਲੇਕਿਨ ਜਦੋਂ ਕਿਸੇ ਸਵਾਲ ਦਾ ਜਵਾਬ ਹੀ ਠੀਕ ਨਾ ਦਿੱਤਾ ਜਾਵੇ ਤਾਂ ਫਿਰ ਹੋਰ ਕੀ ਹੋ ਸਕਦਾ ਹੈ। ਇਥੇ ਸਵਾਲ ਪੁੱਛਿਆ ਗਿਆ ਕਿ ਕਿਹੜੇ ਕਿਹੜੇ ਅਖਤਿਆਰ ਪੈਪਸੂ ਰਾਜ ਦੇ ਅਸੀਂ ਆਪਣੀ ਸਰਕਾਰ ਵੇਲੇ ਖੋਹੇ ਸਨ ਤਾਂ ਬਜਾਏ ਉਸ ਦਾ ਸਹੀ ਜਵਾਬ ਦੇਣ ਦੇ ਤਿੰਨ ਵਾਰੀ 1961 ਤੋਂ ਇਤਹਾਸ ਸ਼ੁਰੂ ਕਰਕੇ ਦੱਸਣਾ ਸ਼ੁਰੂ ਕਰ ਦਿੱਤਾ। ਫਿਰ ਜਹਾਜ਼ਾਂ ਦੀ ਸਵਾਰੀ ਗਿਣਨੀ ਸ਼ੁਰੂ ਕਰ ਦਿੱਤੀ ਕਿ ਇਸ ਤੇ ਇਤਨਾ ਖਰਚ ਆਇਆ। ਡਿਸਕਸ਼ਨ ਤਾਂ ਵਜ਼ੀਰ ਸਾਹਿਬ ਨੇ ਆਪ ਹੀ ਸ਼ੁਰੂ ਕਰ ਦਿਤੀ ਸੀ। ਇਸ ਤਰ੍ਹਾਂ ਦੀ ਗਲ ਕਰਨੀ ਤਾਂ ਇਨ੍ਹਾਂ ਨੇ ਆਪ ਹੀ ਸ਼ੁਰੂ ਕਰ ਦਿੱਤੀ ਸੀ। ਸੋ ਮੇਰੀ ਬੇਨਤੀ ਹੈ ਕਿ, answer to the question should be specific and brief.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਸ਼੍ਰੀ ਰਾਜ ਕੁਮਾਰ ਨੇ ਹੁਣੇ ਬਿਲਕੁਲ ਵਾਜਿਬ ਸਵਾਲ ਉਠਾਇਆ ਹੈ। ਅਸੀਂ ਕੁਐਸਚਨਜ਼ ਦਾ ਜਵਾਬ ਦੇ ਚੇਣ ਵਿਚ ਹੈਜ਼ੀਟੈਂਟ ਜਾਂ ਰਿਲਕਟੈਂਟ ਨਹੀਂ ਹਾਂ। ਕਿਉਂ ਨਾ ਸਾਰੇ ਸਵਾਲ ਕੁਐਸਚਨ ਆਵਰ ਵਿਚ ਪੂਰੇ ਕੀਤੇ ਜਾਣ। ਮੇਰੀ ਸਬਮਿਸ਼ਨ ਇਹ ਹੈ ਕਿ ਮੈਂਬਰ ਸਾਹਿਬਾਨ ਨੂੰ ਕਿਹਾ ਜਾਵੇ ਕਿ ਉਹ ਸਵਾਲ ਕਰਨ ਅਤੇ ਜਿਹੜੀ ਪਹਿਲਾਂ ਭੂਮਿਕਾ ਬੰਨ੍ਹਦੇ ਹਨ, ਉਹ ਨਾ ਬੰਨ੍ਹਣ। ਸਟਰੇਟ-ਅਵੇ ਕੁਐਸਚਨ ਕਰਨ, ਮਨਿਸਟਰ ਕਨਸਰਨਡ ਰਿਪਲਾਈ ਦੇਣਗੇ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਹ ਰੌਲਾ ਰੱਪਾ ਇਥੇ ਬੰਦ ਹੋਣਾ ਚਾਹੀਦਾ ਹੈ। ਮੈਂ ਤੁਹਾਡੇ ਜ਼ਰੀਏ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਸੈਕੰਡਰੀ ਕਲਾਸਾਂ ਦੀਆਂ 23 ਕਿਤਾਬਾਂ ਅਜੇ ਤਕ ਨਹੀਂ ਛੱਪ ਸਕੀਆਂ ਅਤੇ ਲੱਖਾਂ ਸਟੂਡੈਂਟਸ ਵਿਦਆਊਟ ਬੁਕਸ ਹਨ। ਚਾਰ ਮਹੀਨੇ ਲੰਘ ਗਏ ਹਨ। ਲੇਕਿਨ ਹੋ ਕੀ ਰਿਹਾ ਹੈ? ਸਿੱਖਿਆ ਬੋਰਡ ਨੇ ਕੁੱਝ ਹੈਲਪ ਬੁਕਸ ਛਪਾਉਣ ਵਾਸਤੇ ਪਬਲਿਸ਼ਰਜ਼ ਨੂੰ ਟੈਕਸਟ ਬੁਕਸ ਦਾ ਮੈਟੀਰੀਅਲ ਲੀਕ ਆਊਟ ਕਰ ਦਿੱਤਾ ਹੈ। ਇਸ ਤਰ੍ਹਾਂ ਉਹ ਲੱਖਾਂ ਰੁਪਏ ਕਮਾ ਰਹੇ ਹਨ। ਚਾਰ ਪੰਜ ਮਹੀਨਿਆਂ ਤੋਂ ਬੱਚੇ ਬਗੈਰ ਕਿਤਾਬਾਂ ਦੇ ਹਨ। ਇਸ ਬਾਰੇ ਸਿੱਖਿਆ ਮੰਤਰੀ ਬਿਆਨ ਦੇਣ। ਅਜੇ ਤਕ 23 ਕਿਤਾਬਾਂ ਸੈਕੰਡਰੀ ਕਲਾਸਾਂ ਦੀਆਂ ਕਿਉਂ ਨਹੀਂ ਛਪੀਆਂ ? ਇਹ ਕਿਸ ਤਰ੍ਹਾਂ ਹੋ ਗਿਆ ਹੈ ਕਿ ਟੈਕਸਟ ਬੁਕਸ ਵਿਚੋਂ ਪ੍ਰੂਫ਼ਜ਼ ਮੈਟੀਰੀਅਲ ਨਕਲ ਮਾਰ ਕੇ ਹੈਲਪ ਬੁਕਸ ਛਾਪ ਦਿੱਤੀਆਂ ਹਨ ?

ਸ਼੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਅੱਜ ਬਜਟ ਪ੍ਰੀਜ਼ੈਂਟ ਹੋਣਾ ਹੈ। ਇਸ ਲਈ ਹੋਰ ਕੋਈ ਬਿਜ਼ਨੈਸ ਅੱਜ ਨਹੀਂ ਆ ਸਕਦਾ। ਰੂਲਜ਼ ਦੇ ਮੁਤਾਬਿਕ ਜਿਸ ਦਿਨ ਬਜਟ ਪ੍ਰੀਜ਼ੈਂਟ ਹੋਣਾ ਹੈ, ਹੋਰ ਕੋਈ ਬਿਜ਼ਨੈਸ ਨਹੀਂ ਆ ਸਕਦਾ। ਮੈਂ ਪਹਿਲਾਂ ਹੀ ਕਾਫੀ ਟਾਈਮ ਅਲਾਓ ਕਰ ਦਿੱਤਾ ਹੈ। ਹੁਣ ਫਾਈਨਾਂਸ ਮਨਿਸਟਰ ਸਾਹਿਬ ਨੂੰ ਮੈਂ ਕਹਾਂਗਾ ਕਿ ਉਹ ਆਪਣਾ ਬਜਟ ਪੇਸ਼ ਕਰਨ।

(ਇਸ ਸਮੇਂ ਮਾਸਟਰ ਚੰਦ ਸਿੰਘ ਅਤੇ ਸਰਦਾਰ ਦਲੀਪ ਸਿੰਘ ਪਾਂਧੀ ਪੁਆਇੰਟ ਆਫ ਆਡਰ ਦੀ ਮੰਗ ਕਰ ਰਹੇ ਸਨ ਅਤੇ ਵਿੱਤ ਮੰਤਰੀ ਜੀ ਵੀ ਆਪਣੀ ਸਪੀਚ ਪੜ੍ਹਨ ਲਈ ਖੜੇ ਸਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੂੰ ਚਾਹੀਦਾ ਹੈ ਕਿ ਜਦੋਂ ਬਜਟ ਤੇ ਡਿਸਕਸ਼ਨ ਹੋਣੀ ਹੈ ਉਸ ਵੇਲੇ ਬੋਲ ਲੈਣ। . . . . (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮਾਨਯੋਗ ਮੈਂਬਰ ਸਾਹਿਬਾਨ ਚੁੱਪ ਕਰ ਜਾਣ ਅਤੇ ਫਾਇਨਾਂਸ ਮਨਿਸਟਰ ਸਾਹਿਬ ਦਾ ਭਾਸ਼ਣ ਸੁਣਨ ਦੀ ਕਿਰਪਾ ਕਰਨ। ਡਾਕਟਰ ਸਾਹਿਬ, ਤੁਸੀਂ ਸ਼ੁਰੂ ਕਰੋ ਜੀ।

PRESENTATION OF BUDGET ESTIMATES FOR THE YEAR 1980-81

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸ਼੍ਰੀਮਾਨ ਜੀ,

ਮੈਂ ਆਪ ਜੀ ਪਾਸੋਂ ਸਾਲ 1980-81 ਦਾ ਬਜਟ ਸਦਨ ਅੱਗੇ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

ਫਰਵਰੀ, 1980 ਵਿਚ ਪੰਜਾਬ ਵਿਧਾਨ ਸਭਾ ਦੇ ਭੰਗ ਹੋਣ ਦੇ ਫਲਸਰੂਪ, ਰਾਜ ਸਰਕਾਰ ਨੇ 'ਲੇਖਾ-ਅਨੁਦਾਨ' (ਵੋਟ ਆਨ ਅਕਾਊਂਟ) ਵਿਚ ਦਰਜ ਤਜਵੀਜ਼ਾਂ ਦੀ ਲੋਕ ਸਭਾ ਪਾਸੋਂ ਚਾਰ ਮਹੀਨਿਆਂ ਦੇ ਸਮੇਂ ਅਰਥਾਤ 31 ਜੁਲਾਈ, 1980 ਤਕ ਪਰਵਾਨਗੀ ਪ੍ਰਾਪਤ ਕਰ ਲਈ ਸੀ। ਲੇਖਾ-ਅਨੁਦਾਨ ਵਿਚਲਾ ਖਰਚ, ਬਜਟ ਅਨੁਮਾਨਾਂ ਵਿਚ ਸ਼ਾਮਲ ਕੀਤਾ ਗਿਆ ਹੈ ਜੋ ਕਿ ਹੁਣ ਮਾਨਯੋਗ ਸਦਨ ਅੱਗੇ ਪੇਸ਼ ਕੀਤਾ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਅਰੰਭਕ

ਰਾਜ ਅਤੇ ਰਾਸ਼ਟਰੀ ਪੱਧਰ ਉਤੇ ਮਹੱਤਵ-ਪੂਰਣ ਸਿਆਸੀ ਤਬਦੀਲੀ ਉਪਰੰਤ, ਮੈਨੂੰ ਪਹਿਲਾ ਬਜਟ ਪੇਸ਼ ਕਰਨ ਦਾ ਮਾਨ ਪ੍ਰਾਪਤ ਹੈ। ਸਾਡੀ ਪਾਰਟੀ ਨੇ, ਲੋਕਾਂ ਪਾਸੋਂ, ਭਾਰੀ ਸੰਮਤੀ ਨਾਲ ਜੋ ਸਮਰਥਨ ਪ੍ਰਾਪਤ ਕੀਤਾ ਹੈ, ਇਹ ਸਪੱਸ਼ਟ ਤੌਰ ਤੇ ਸਮਾਜਕ-ਆਰਥਕ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਆਦੇਸ਼ ਹੈ, ਜਿਸ ਦਾ ਉਦੇਸ਼ ਸਮਾਜ ਦੇ ਕਮਜ਼ੋਰ ਵਰਗਾਂ ਦੀ ਦਸ਼ਾ ਨੂੰ ਸੁਧਾਰਨਾ ਅਤੇ ਆਰਥਕਤਾ ਦਾ ਤੇਜ਼ੀ ਨਾਲ ਵਿਕਾਸ ਕਰਨਾ ਹੈ, ਜਿਹੜਾ ਕਿ ਸਾਡੇ ਵਲੋਂ ਪਹਿਲਾਂ ਹੀ ਸਾਲ 1977 ਤੋਂ ਪਹਿਲਾਂ ਅਰੰਭਿਆ ਗਿਆ ਸੀ। ਇਸ ਨੂੰ ਅਸੀਂ ਪੁਨਰਸਮਰਪਨ ਅਤੇ ਪੂਰੀ ਸ਼ਕਤੀ ਨਾਲ ਲਾਗੂ ਕਰਨਾ ਹੈ। ਅਕਾਲੀ-ਜਨਤਾ ਸਰਕਾਰ ਨੇ ਪਹਿਲਾਂ ਇਨ੍ਹਾਂ ਪ੍ਰੋਗਰਾਮਾਂ ਵਿੱਚ ਰੁਕਾਵਟ ਪਾ ਦਿੱਤੀ ਸੀ ਅਤੇ ਕੁਝ ਕੇਸਾਂ ਵਿਚ ਜਾਣ ਬੁੱਝ ਕੇ ਬਹੁਤ ਕਾਂਟ-ਛਾਂਟ ਕਰ ਦਿੱਤੀ ਸੀ। ਇਸ ਲਈ ਰਾਜ ਦੇ ਸਮਾਜਕ-ਆਰਥਕ ਢਾਂਚੇ ਨੂੰ ਪਹੁੰਚਾਏ ਗਏ ਨੁਕਸਾਨ ਨੂੰ ਪੂਰਾ ਕਰਨਾ ਸਾਡਾ ਪਹਿਲਾ ਕੰਮ ਹੈ। ਮੁਢਲੇ ਜਾਇਜ਼ੇ ਤੋਂ ਪਤਾ ਲਗਦਾ ਹੈ ਕਿ ਰਾਜ ਦੀ ਵਿੱਤੀ ਹਾਲਤ ਅਤੇ ਆਰਥਕ ਦਸ਼ਾ ਕਾਫੀ ਮੰਦੀ ਹੈ। ਆਰਥਕਤਾ ਦੇ ਵੱਖ ਵੱਖ ਮੁੱਖ ਖੇਤਰਾਂ ਵਿਚ ਅਸਲ ਟੀਚਿਆਂ ਅਤੇ ਪ੍ਰਾਪਤੀਆਂ ਵਿਚਕਾਰ ਪਿਛਲੀ ਸਰਕਾਰ ਨੇ ਸਾਡੇ ਵਿਰਸੇ ਵਿਚ ਵੱਡਾ ਘਾਟਾ ਤੇ ਖੱਪਾ ਛੱਡਿਆ ਹੈ। ਭਾਵੇਂ ਨਿਰਸੰਦੇਹ ਉਨ੍ਹਾਂ ਨੇ ਵੱਡੇ ਵੱਡੇ ਦਾਅਵੇ ਕੀਤੇ ਸਨ ਅਤੇ ਲੋਕ-ਪ੍ਰਿਯ ਸਕੀਮਾਂ ਦਾ ਐਲਾਨ ਕੀਤਾ ਸੀ ਪਰੰਤੂ ਇਨ੍ਹਾਂ ਲਈ ਕੋਈ ਵਿੱਤੀ ਉਪਬੰਧ ਜਾਂ ਸੰਗਠਨ ਸਬੰਧੀ ਪ੍ਰਬੰਧ ਨਹੀਂ ਸਨ ਕੀਤੇ ਗਏ।

ਅਸੀਂ ਦੇਸ਼-ਵਾਸੀਆਂ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਨਾ ਕੰਮ ਕਰਨ ਵਾਲੀ ਅਤੇ ਅਸਥਿਰ ਕੁਲੀਸ਼ਨ ਸਰਕਾਰ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹੋਏ, ਸਾਡੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਦੀ ਅਗਵਾਈ ਉਤੇ ਮੁੜ ਭਰੋਸਾ ਪ੍ਰਗਟ ਕੀਤਾ ਹੈ। ਇਸ ਦੇ ਨਾਲ ਸਾਨੂੰ ਪਿਛਲੀ ਸਰਕਾਰ ਦੁਆਰਾ ਪਿਛੇ ਛੱਡੀ ਮੰਦੀ ਆਰਥਕ ਦਸ਼ਾ ਦੇ ਕਾਰਜ ਨੂੰ ਸੁਧਾਰਨ ਲਈ ਆਦੇਸ਼ ਤੇ ਭਰੋਸਾ ਮਿਲਿਆ ਹੈ।

ਕੇਂਦਰ ਵਿਚ, ਕਾਂਗਰਸ ਸਰਕਾਰ ਦੇ ਛੱਡ ਜਾਣ ਮਗਰੋਂ, ਅਗਲੀ ਸਰਕਾਰ ਨੇ ਦੇਸ਼ ਦੀ ਆਰਥਕਤਾ ਦਾ ਅਜਿਹੇ ਗਲਤ ਢੰਗ ਨਾਲ ਪ੍ਰਬੰਧ ਕੀਤਾ ਕਿ ਸਾਨੂੰ ਮੁੜ ਵੱਡੇ ਪੈਮਾਨੇ ਉਤੇ ਥੁੜ੍ਹਾਂ, ਨਰੰਤਰ ਵਧਦੀਆਂ ਕੀਮਤਾਂ ਤੇ ਮੁਢਲੇ ਢਾਂਚੇ ਦੇ ਸੈਕਟਰਾਂ ਜਿਵੇਂ ਕੋਲਾ, ਲੋਹਾ, ਬਿਜਲੀ, ਸੀਮਿੰਟ, ਆਦਿ ਵਿਚ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਦੀ ਨਵੀਂ ਸਰਕਾਰ ਨੇ ਦੇਸ਼ ਦੀ ਆਰਥਕਤਾ ਨੂੰ ਸਾਵਾਂ ਬਣਾਉਣ ਲਈ ਪਹਿਲਾਂ ਹੀ ਕਈ ਪ੍ਰਕਾਰ ਦੇ ਉਪਰਾਲੇ ਅਰੰਭੇ ਹਨ ਅਤੇ ਕੀਮਤਾਂ ਵਿਚ ਸਥਿਰਤਾ ਕਾਇਮ ਕਰਨ ਅਤੇ ਚੰਗੀ ਆਰਥਕ ਦਸ਼ਾ ਬਣਾਉਣ ਲਈ ਕੇਂਦਰ ਦੇ ਸਾਲ 1980-81 ਦੇ ਬਜਟ ਵਿਚ ਅਨੇਕ ਉਪਾ ਤਜਵੀਜ਼ ਕੀਤੇ ਹਨ। ਰਾਜ ਸਰਕਾਰ, ਇਨ੍ਹਾਂ ਉਪਾਵਾਂ ਦਾ ਸੱਚੇ ਦਿਲੋਂ ਸੁਆਗਤ ਕਰਦੀ ਹੈ ਅਤੇ ਕੇਂਦਰੀ ਸਰਕਾਰ ਦੀਆਂ ਨੀਤੀਆਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਪੂਰਾ ਸਹਿਯੋਗ ਦੇਵੇਗੀ।

ਆਰਥਕ ਹਾਲਤ

ਪਿਛਲੀ ਸਰਕਾਰ ਨੇ ਸਾਲ 1977 ਵਿਚ ਕਾਰਜ-ਭਾਰ ਸੰਭਾਲਣ ਸਮੇਂ ਰਾਜ ਦੀ ਆਰਥਕਤਾ ਵਿੱਚ ਉਸ ਸਮੇਂ ਮੌਜੂਦ ਵਾਧੇ ਦੀ ਦਰ ਬਾਰੇ ਸਿਹਰਾ ਆਪਣੇ ਸਿਰ ਲੈਣ ਦਾ ਯਤਨ ਕੀਤਾ। ਅਸਲ ਵਿਚ, ਇਹ ਚੰਗੀ ਹਾਲਤ ਰਾਜ ਵਿਚ ਪਿਛਲੀ ਕਾਂਗਰਸ ਸਰਕਾਰ ਰਾਹੀਂ ਅਰੰਭੇ ਲੰਮੇ ਸਮੇਂ ਦੇ ਉਪਰਾਲਿਆਂ ਦਾ ਸਦਕਾ ਹੀ ਸੀ। ਸਥਿਰ ਕੀਮਤਾਂ ਉਤੇ ਰਾਜ ਦੀ ਆਮਦਨ ਵਿਚ ਸਾਲ 1976-77

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨਾਲੋਂ ਸਾਲ 1977-78 ਵਿਚ 7.6 ਫੀ ਸਦੀ ਅਤੇ ਸਾਲ 1977-78 ਨਾਲੋਂ ਸਾਲ 1978-79 ਵਿਚ 7.5 ਫੀ ਸਦੀ ਦਾ ਵਾਧਾ ਹੋਇਆ। ਫੈਰੀ ਅਨੁਮਾਨਾਂ ਤੋਂ ਪਤਾ ਚਲਦਾ ਹੈ ਕਿ ਰਾਜ ਦੀ ਆਮਦਨ ਸਥਿਰ ਕੀਮਤਾਂ ਵਜੋਂ 1978-79 ਵਿਚ 2035.69 ਕਰੋੜ ਤੋਂ 1979-80 ਵਿਚ ਕੇਵਲ 2105.68 ਕਰੋੜ ਵਧੀ ਹੈ। ਇਹ ਕੇਵਲ 3.4 ਫੀ ਸਦੀ ਵਾਧੇ ਦੀ ਦਰ ਨੂੰ ਦਰਸਾਉਂਦੀ ਹੈ, ਜਿਹੜੀ ਕਿ 1971-72 ਤੋਂ ਚਲੀ ਆ ਰਹੀ ਵਾਧੇ ਦੀ ਦਰ ਦੇ ਟਾਕਰੇ ਤੇ ਸਭ ਤੋਂ ਘੱਟ ਹੈ। ਰਾਜ ਦੀ ਆਮਦਨ ਵਿਚ ਤੇਜ਼ੀ ਨਾਲ ਹੋਈ ਗਿਰਾਵਟ ਅਕਾਲੀ-ਜਨਤਾ ਸਰਕਾਰ ਦੁਆਰਾ ਅਪਣਾਈਆਂ ਗ਼ਲਤ ਅਤੇ ਗੈਰ-ਸੂਝਵਾਨ ਨੀਤੀਆਂ ਦਾ ਸਦਕਾ ਹੈ। ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਗੱਲ ਦੱਸਣ ਵਿਚ ਮੈਨੂੰ ਦੁੱਖ ਹੈ ਕਿ ਜ਼ਰਾਇਤੀ ਖੇਤਰ, ਜਿਹੜਾ ਕਿ ਰਾਜ ਦੀ ਆਰਥਕਤਾ ਦਾ ਧੁਰਾ ਹੈ, ਵਿਚ ਸਾਲ 1979-80 ਦੇ ਦੌਰਾਨ ਵਾਧੇ ਦੀ ਦਰ ਨਿਰੀ 'ਸਿਫਰ' ਰਹੀ ਹੈ। ਰਾਜ ਦੀ ਆਮਦਨ ਵਿਚ ਜ਼ਰਾਇਤੀ ਖੇਤਰ ਦਾ ਅੰਸ਼ਦਾਨ 1978-79 ਵਿਚ 857.46 ਕਰੋੜ ਦੇ ਮੁਕਾਬਲੇ 1979-80 ਵਿਚ 858.69 ਕਰੋੜ ਸੀ।

ਜਦੋਂ ਅਕਾਲੀ-ਜਨਤਾ ਸਰਕਾਰ ਨੇ ਕਾਰਜ-ਭਾਰ ਸੰਭਾਲਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਰਸੇ ਵਿਚ ਮੁਕੰਮਲ ਦੀਵਾਲੀਆ ਰਾਜ ਮਿਲਿਆ ਹੈ। ਤੱਥਾਂ ਨੂੰ ਠੀਕ ਰੂਪ ਵਿਚ ਪੇਸ਼ ਕਰਨ ਵਾਸਤੇ ਮੈਂ ਮਾਨਯੋਗ ਮੈਂਬਰਾਂ ਨੂੰ ਇਸ ਘਾਟੇ ਦੀ ਕਿਸਮ ਅਤੇ ਕਾਰਨਾਂ ਬਾਰੇ ਦੱਸਣਾ ਚਾਹਵਾਂਗਾ। ਪਿਛਲੀ ਕਾਂਗਰਸ ਸਰਕਾਰ ਨੇ ਰਾਜ ਦੇ ਵਿਕਾਸ ਵਿਚ ਤੇਜ਼ੀ ਲਿਆਉਣ ਦਾ ਯਤਨ ਕੀਤਾ ਸੀ ਅਤੇ ਲਾਜ਼ਮੀ ਬੁਨਿਆਦੀ ਢਾਂਚੇ ਦੀਆਂ ਸਮਰੱਥਾਵਾਂ, ਵਿਸ਼ੇਸ਼ ਕਰਕੇ ਮੁੱਖ ਸੈਕਟਰਾਂ ਜਿਵੇਂ ਕਿ ਸਿੰਜਾਈ ਤੇ ਬਿਜਲੀ, ਟ੍ਰਾਂਸਪੋਰਟ ਤੇ ਸੰਚਾਰ ਆਦਿ ਨੂੰ ਵੱਧ ਯੋਜਨਾ-ਖਰਚ ਨਾਲ ਪ੍ਰਫੁੱਲਤ ਕਰਨ ਦਾ ਜ਼ਿੰਮਾ ਲਿਆ ਸੀ। ਮਾਨਯੋਗ ਮੈਂਬਰ ਇਹ ਮਹਿਸੂਸ ਕਰਨਗੇ ਕਿ ਰਾਜ ਦੀ ਯੋਜਨਾ ਦਾ ਆਕਾਰ ਉਸ ਦੇ ਵਿਕਾਸ ਦਾ ਬੈਰੋਮੀਟਰ ਹੁੰਦਾ ਹੈ, ਜਿਸ ਤੋਂ ਆਮ ਲੋਕਾਂ ਦੀ ਹਾਲਤ ਸੁਧਾਰਨ ਸਬੰਧੀ ਸਰਕਾਰ ਦੀਆਂ ਨੀਤੀਆਂ ਦਾ ਪਤਾ ਚਲਦਾ ਹੈ। ਇਸੇ ਪਰਸੰਗ ਵਿਚ ਕਾਂਗਰਸ ਸਰਕਾਰ ਨੇ ਯੋਜਨਾ ਦੇ ਆਕਾਰ ਵਿਚ ਵਾਧਾ ਕਰਨ ਲਈ ਜ਼ੋਰਦਾਰ ਉੱਦਮ ਕੀਤੇ। ਸਾਲਾਨਾ ਯੋਜਨਾ ਦੇ ਆਕਾਰ ਵਿਚ 1972-73 ਅਤੇ 1976-77 ਦੇ ਦਰਮਿਆਨ ਦੁਗਣੇ ਤੋਂ ਵੀ ਵੱਧ ਵਾਧਾ ਹੋਇਆ, ਜਿਹੜਾ ਇਸ ਸਮੇਂ ਦੇ ਦੌਰਾਨ 99.80 ਕਰੋੜ ਰੁਪਏ ਤੋਂ ਵੱਧ ਕੇ 220.10 ਕਰੋੜ ਰੁਪਏ ਹੋ ਗਿਆ। ਯੋਜਨਾ-ਖਰਚੇ ਵਿਚ ਇਸ ਵਾਧੇ ਨਾਲ ਬਹੁਤ ਵੱਡੀ ਪੂੰਜੀ ਲਾਉਣ ਦੀ ਲੋੜ ਸੀ। ਇਹ ਵੱਧ ਖਰਚ ਉਤਪਾਦਨ ਅਤੇ ਵਿਕਾਸਮਈ ਮੰਤਵਾਂ ਲਈ ਸੀ। ਰਾਜ ਨੂੰ ਜਿਹੜੇ ਭਾਰੀ ਲਾਭ ਪੁੱਜੇ ਹਨ, ਵਿਸ਼ੇਸ਼ ਕਰਕੇ ਬਿਜਲੀ ਦੇ ਖੇਤਰ ਵਿਚ, ਉਹ ਕਾਂਗਰਸ ਸਰਕਾਰ ਦੁਆਰਾ ਯੋਜਨਾਗਤ ਪੂੰਜੀ ਲਾਉਣ ਦਾ ਹੀ ਸਿੱਟਾ ਹਨ। ਉਦੋਂ ਪੰਜਾਬ ਨੂੰ ਦੇਸ਼ ਵਿਚ ਸਭ ਤੋਂ ਵੱਧ ਜੀ ਪ੍ਰਤੀ ਯੋਜਨਾ-ਖਰਚ ਕਰਨ ਦਾ ਫ਼ਖਰ ਹਾਸਲ ਸੀ। 1976-77 ਵਿਚ ਜਦੋਂ ਕਾਂਗਰਸ ਸਰਕਾਰ ਨੇ ਕਾਰਜ ਭਾਰ ਛੱਡਿਆ ਉਦੋਂ ਪੰਜਾਬ ਰਾਜ ਲਈ ਜੀ ਪ੍ਰਤੀ ਯੋਜਨਾ-ਖਰਚ 164 ਰੁਪਏ ਸੀ ਜੋ ਕਿ ਦੇਸ਼ ਵਿਚ ਸਭ ਤੋਂ ਵੱਧ ਸੀ। ਬਾਕੀ ਰਾਜ, ਜੋ ਪੰਜਾਬ ਤੋਂ ਬਾਅਦ ਆਉਂਦੇ ਹਨ ਜਿਵੇਂ ਕਿ ਹਰਿਆਣਾ ਵਿਚ ਜੀ ਪ੍ਰਤੀ ਯੋਜਨਾ-ਖਰਚ 135 ਰੁਪਏ, ਮਹਾਰਾਸ਼ਟਰ ਵਿਚ ਜੀ ਪ੍ਰਤੀ ਯੋਜਨਾ-ਖਰਚ 100 ਰੁਪਏ, ਗੁਜਰਾਤ ਵਿਚ ਜੀ ਪ੍ਰਤੀ ਯੋਜਨਾ ਖਰਚ 93 ਰੁਪਏ ਹੈ। ਬਾਕੀ ਰਾਜ ਕਾਫੀ ਪਿੱਛੇ ਹਨ।

ਆਓ, ਹੁਣ ਆਸੀਂ ਇਹ ਵੇਖੀਏ ਕਿ ਅਕਾਲੀ-ਜਨਤਾ ਰਾਜ, ਜਿਸ ਦਾ ਕਿ ਬੜਾ ਪਰਚਾਰ ਕੀਤਾ ਗਿਆ ਹੈ, ਵਿਚ ਕੀ ਹੋਇਆ। ਉਨ੍ਹਾਂ ਦੇ ਲਗ ਭਗ ਤਿੰਨ ਸਾਲਾਂ ਦੇ ਰਾਜ ਦੇ ਦੌਰਾਨ, ਨਾ ਤਾਂ ਯੋਜਨਾ-ਖਰਚੇ ਵੱਧੇ ਤੇ ਨਾ ਹੀ ਰਾਜ ਦੇ ਵਿੱਤਾਂ ਵਿਚ ਕੋਈ ਸੁਧਾਰ ਹੋਇਆ। ਇਹ ਬੜੀ ਦੁੱਖਦਾਇਕ ਗੱਲ ਹੈ ਕਿ ਸਾਲ 1978-79 ਅਤੇ 1979-80 ਦੇ ਦੌਰਾਨ, ਪ੍ਰਵਾਨਤ ਸਾਲਾਨਾ ਯੋਜਨਾ ਦਾ ਆਕਾਰ

Original with;
Punjab Vidhan Sabha
Digitized by;
Panjab Digital Library

260.00 ਕਰੋੜ ਰੁਪਏ ਤੇ ਹੀ ਅਟਕਿਆ ਰਿਹਾ ਜਦੋਂ ਕਿ ਅਸੀਂ 1977-78 ਲਈ ਯੋਜਨਾ ਦਾ ਅਕਾਰ 257.50 ਕਰੋੜ ਰੁਪਏ ਛੱਡਿਆ ਸੀ। ਯੋਜਨਾ ਉਤੇ ਪ੍ਰਵਾਨਤ ਖਰਚ ਨਾਲੋਂ ਕਾਫੀ ਘੱਟ ਖਰਚ ਕੀਤਾ ਗਿਆ। 1977-78 ਦੇ ਦੌਰਾਨ, 257.50 ਕਰੋੜ ਰੁਪਏ ਦੇ ਯੋਜਨਾ ਆਕਾਰ ਦੇ ਮੁਕਾਬਲੇ ਤੇ ਅਸਲ ਖਰਚ ਲਗਭਗ 204.00 ਕਰੋੜ ਰੁਪਏ ਸੀ। 1978-79 ਵਿਚ 260.00 ਕਰੋੜ ਰੁਪਏ ਦੇ ਯੋਜਨਾ ਆਕਾਰ ਦੇ ਮੁਕਾਬਲੇ ਲਗ ਭਗ 221.00 ਕਰੋੜ ਰੁਪਏ ਅਤੇ 1979-80 ਵਿਚ 260.00 ਕਰੋੜ ਰੁਪਏ ਯੋਜਨਾ ਆਕਾਰ ਦੇ ਮੁਕਾਬਲੇ ਲਗਭਗ 240.00 ਕਰੋੜ ਰੁਪਏ ਖਰਚ ਕੀਤੇ ਗਏ। ਇਸ ਦੇ ਸੁਖਾਵੇਂ ਟਾਕਰੇ ਤੇ, ਪਿਛਲੀ ਕਾਂਗਰਸ ਸਰਕਾਰ ਦੇ ਰਾਜ ਸਮੇਂ ਯੋਜਨਾ ਉਤੇ ਪ੍ਰਵਾਨਤ ਯੋਜਨਾ-ਖਰਚ ਨਾਲੋਂ ਵੀ ਵੱਧ ਖਰਚ ਕੀਤਾ ਗਿਆ। 1975-76 ਦੇ ਦੌਰਾਨ 163.45 ਕਰੋੜ ਰੁਪਏ ਦੇ, ਅਸਲ ਪ੍ਰਵਾਨਤ ਯੋਜਨਾ ਆਕਾਰ ਦੇ ਮੁਕਾਬਲੇ 166.28 ਕਰੋੜ ਰੁਪਏ ਯੋਜਨਾ ਉਤੇ ਖਰਚ ਕੀਤੇ ਗਏ ਅਤੇ 1976-77 ਦੇ ਦੌਰਾਨ 219.47 ਕਰੋੜ ਰੁਪਏ ਦੇ ਅਸਲ ਪ੍ਰਵਾਨਤ ਯੋਜਨਾ ਆਕਾਰ ਦੇ ਟਾਕਰੇ ਤੇ 220.10 ਕਰੋੜ ਰੁਪਏ ਯੋਜਨਾ ਉਤੇ ਖਰਚ ਕੀਤੇ ਗਏ । ਇਹ ਇਕ ਉਲਟ ਜਿਹੀ ਗੱਲ ਹੈ ਕਿ ਭਾਵੇਂ ਪਿਛਲੇ ਤਿੰਨ ਸਾਲਾਂ ਵਿਚ ਯੋਜਨਾ ਨੂੰ ਘੱਟ ਲਾਗੂ ਕੀਤਾ ਗਿਆ ਹੈ ਪਰ ਵਸੀਲਿਆਂ ਵਿਚ ਖੱਪੇ ਦਾ ਵਾਧਾ ਨਿਰੰਤਰ ਜਾਰੀ ਰਿਹਾ ਅਤੇ ਹੁਣ ਚਾਲੂ ਸਾਲ ਵਿਚ ਇਹ 70.00 ਕਰੋੜ ਰੁਪਏ ਹੈ। ਪਿਛਲੀ ਸਰਕਾਰ ਦੇ ਕੰਮ ਨਾ ਕਰਨ ਦਾ ਇਸ ਤੋਂ ਵਧੇਰੇ ਚੰਗਾ ਸਬੂਤ ਹੋਰ ਕੀ ਹੋ ਸਕਦਾ ਹੈ।

ਲੋਕ ਇਹ ਜਾਣਦੇ ਹਨ ਕਿ ਅਕਾਲੀ-ਜਨਤਾ ਸਰਕਾਰ ਨੇ ਰਾਜ ਦੇ ਸਰਕਾਰੀ ਖੇਤਰ ਵਿਚ ਅਦਾਰਿਆਂ ਦਾ ਠੀਕ ਢੰਗ ਨਾਲ ਪ੍ਰਬੰਧ ਨਹੀਂ ਕੀਤਾ, ਜਿਸ ਦੇ ਸਿੱਟੇ ਵਜੋਂ ਇਨ੍ਹਾਂ ਵਿਚੋਂ ਬਹੁਤ ਸਾਰੇ ਅਦਾਰੇ ਅਜੇ ਵੀ ਖਸਾਰੇ ਵਿਚ ਹਨ। ਸਰਕਾਰੀ ਖੇਤਰ ਵਿਚਲੇ 25 ਅਦਾਰਿਆਂ ਉਤੇ ਲਗਭਗ 68.00 ਕਰੋੜ ਰੁਪਏ ਦੀ ਹਿੱਸਾ-ਪੂੰਜੀ ਦੀ ਲਾਗਤ ਤੋਂ ਕੇਵਲ 0.14 ਫੀ ਸਦੀ ਦੀ ਮਾਮੂਲੀ ਆਮਦਨ ਹੋਈ। ਇਸ ਤਰ੍ਹਾਂ ਸਾਲਾਨਾ ਯੋਜਨਾ ਲਈ ਵਿੱਤੀ ਸਹਾਇਤਾ ਵਿਚ ਵਾਧਾ ਕਰਨ ਦੀ ਬਜਾਏ, ਇਹ ਅਦਾਰੇ ਰਾਜ ਦੇ ਖਜ਼ਾਨੇ ਉਤੇ ਭਾਰ ਹਨ। ਸਾਡੇ ਸਿੰਜਾਈ-ਕਾਰਜ, ਬਿਜਲੀ, ਪ੍ਰਾਜੈਕਟ ਅਤੇ ਟ੍ਰਾਂਸਪੋਰਟ ਦੇ ਅਦਾਰੇ ਸਰਕਾਰੀ ਖਜ਼ਾਨੇ ਉਤੇ ਭਾਰੀ ਘਾਟੇ ਨਾਲ ਚਲਾਏ ਜਾ ਰਹੇ ਹਨ। ਅਨੁਮਾਨ ਹੈ ਕਿ ਇਸ ਕਾਰਨ ਰਾਜ ਨੂੰ ਹਰ ਸਾਲ ਲਗ ਭਗ 100.00 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

ਪਿਛਲੀ ਸਰਕਾਰ, ਰਾਜਾਂ ਨੂੰ ਭਾਰੀ ਵਿੱਤੀ-ਸੌਂਪਣੀਆਂ ਅਤੇ ਵਿੱਤੀ ਖੁਦਮੁਖਤਾਰੀ ਬਾਰੇ ਬੜੇ ਜ਼ੋਰ ਨਾਲ ਗੱਲਾਂ ਕਰਦੀ ਰਹੀ ਹੈ। ਇਸ ਅਮਲ ਰਾਹੀਂ ਉਨ੍ਹਾਂ ਨੇ ਕੇਂਦਰੀ ਸਰਕਾਰ ਨਾਲ ਟੱਕਰ ਲੈਣ ਦਾ ਰਵੱਈਆ ਅਖਤਿਆਰ ਕੀਤਾ। ਆਪਣੀ ਇਸ ਗਲਤ ਹੱਠ-ਧਰਮੀ ਨਾਲ ਉਨ੍ਹਾਂ ਨੇ ਰਾਜਾਂ ਨੂੰ ਸੈਂਟਰਲ ਪਲਾਨ ਸਹਾਇਤਾ ਦੀ ਵੰਡ ਬਾਰੇ, ਸਵੈ-ਅਸਫਲ ਅਤੇ ਗ਼ਲਤ ਸੁਝਾਈਆਂ ਤਜਵੀਜ਼ਾਂ ਪੇਸ਼ ਕੀਤੀਆਂ। ਇਸ ਦੇ ਫਲ-ਸਰੂਪ, ਗੈਡਗਿਲ ਫਾਰਮੂਲਾ, ਜਿਹੜਾ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਵਿਕਾਸ ਦੇ ਪੱਧਰਾਂ ਨੂੰ ਮੁੱਖ ਰਖਦੇ ਹੋਏ, ਬੜਾ ਸੋਚ-ਵਿਚਾਰ ਕੇ ਤਿਆਰ ਕੀਤਾ ਗਿਆ ਸੀ, ਵਿੱਚ ਆਮਦਨ ਐਡਜਸਟਿਡ ਕੁਲ ਆਬਾਦੀ ਫਾਰਮੂਲੇ ਅਨੁਸਾਰ, ਜਿਸ ਨੂੰ ਆਮ ਤੌਰ ਤੇ ਆਈ. ਏ. ਟੀ. ਪੀ. ਫਾਰਮੂਲੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਤਰਮੀਮ ਕੀਤੀ ਗਈ, ਜੋ ਇਸ ਰਾਜ ਲਈ ਨੁਕਸਾਨ ਵਾਲੀ ਗੱਲ ਸੀ। ਇਸ ਦੇ ਸਿੱਟੇ ਵਜੋਂ ਕੇਂਦਰ ਤੋਂ ਮਿਲਣ ਵਾਲੀ ਸਹਾਇਤਾ ਵਿਚ ਰਾਜ ਦਾ ਹਿੱਸਾ ਜੋ 1978-79 ਵਿਚ 51.00 ਕਰੋੜ ਰੁਪਏ ਸੀ, 1979-80 ਵਿਚ ਘੱਟ ਕੇ 34.74 ਕਰੋੜ ਰੁਪਏ ਰਹਿ ਗਿਆ। ਇਹ ਅਕਾਲੀ ਦਲ ਦੁਆਰਾ ਰਾਜ ਲਈ ਖੁਦਮੁਖਤਾਰੀ ਅਤੇ ਵਧੇਰੇ ਰਾਜਨੀਤਕ ਅਖਤਿਆਰ ਦੇਣ ਸਬੰਧੀ ਫਿਰਕੂ ਨਾਹਰੇ ਦਾ ਹੀ ਸਿੱਟਾ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸੰਖੇਪ ਵਿਚ ਇਹ ਵਿੱਤੀ ਅਤੇ ਆਰਥਿਕ ਸਥਿਤੀ ਹੈ, ਜੋ ਸਾਨੂੰ ਵਿਰਸੇ ਵਿਚ ਮਿਲੀ ਹੈ। ਸਾਡਾ ਹੁਣ ਇਹ ਕੰਮ ਹੈ ਕਿ ਅਸੀਂ ਰਾਜ ਦੀ ਵਿੱਤੀ ਹਾਲਤ ਨੂੰ ਪੁਨਰ-ਸਥਾਪਤ ਕਰੀਏ ਅਤੇ ਵਿਕਾਸ ਦੇ ਕੰਮਾਂ ਵਿਚ ਤੇਜ਼ੀ ਲਿਆਈਏ, ਤਾਂ ਜੋ ਰਾਜ ਦੀ ਆਰਥਕਤਾ ਨੂੰ ਮੁੜ ਸਹੀ ਲੀਹਾਂ ਤੇ ਪਾਇਆ ਜਾ ਸਕੇ। ਕੁਝ ਸਮੇਂ ਲਈ, ਵਿਸ਼ੇਸ਼ ਕਰਕੇ ਚਾਲੂ ਸਾਲ ਦੇ ਬਾਕੀ ਰਹਿੰਦੇ ਹਿੱਸੇ ਦੇ ਦੌਰਾਨ, ਨਵੀਂ ਸਰਕਾਰ ਨੂੰ ਪਹਿਲੀ ਸਰਕਾਰ ਦੇ ਛੱਡੇ ਹੋਏ ਵਿੱਤੀ ਅਤੇ ਵਾਸਤਵਿਕ ਵੱਡੇ ਖੱਪਿਆਂ ਨੂੰ ਪੂਰਾ ਕਰਨ ਲਈ ਜ਼ੱਦੋ-ਜਹਿਦ ਕਰਨੀ ਪਵੇਗੀ। ਪਰ ਮੈਂ ਮਾਨਯੋਗ ਮੈਂਬਰਾਂ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਆਰਥਕ ਪ੍ਰਗਤੀ ਦੇ ਖੇਤਰ ਵਿਚ ਪੰਜਾਬ ਨੂੰ ਮੁੜ ਮਾਨਯੋਗ ਥਾਂ ਤੇ ਲਿਆਂਦਾ ਜਾਵੇਗਾ।

ਹੁਣ ਮੈਂ ਮਾਨਯੋਗ ਮੈਂਬਰਾਂ ਨੂੰ ਛੇਵੀਂ ਪੰਜ-ਸਾਲਾ ਯੋਜਨਾ ਅਤੇ 1980-81 ਦੀ ਸਾਲਾਨਾ ਯੋਜਨਾ ਦੀ ਜਾਣਕਾਰੀ ਦਿੰਦਾ ਹਾਂ।

ਛੇਵੀਂ ਪੰਜ-ਸਾਲਾ ਯੋਜਨਾ

ਛੇਵੀਂ ਪੰਜ-ਸਾਲਾ ਯੋਜਨਾ ਦਾ ਆਕਾਰ ਪਿਛਲੀ ਸਰਕਾਰ ਦੁਆਰਾ 1500 ਕਰੋੜ ਰੁਪਏ ਮੁਕੱਰਰ ਕੀਤਾ ਗਿਆ ਸੀ। ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਰਾਜ ਦੀਆਂ ਵਿਕਾਸਮਈ ਲੋੜਾਂ ਦੇ ਅਨੁਕੂਲ ਨਹੀਂ। ਇਸ ਲਈ ਸਾਡੀ ਤਜਵੀਜ਼ ਹੈ ਕਿ ਛੇਵੀਂ ਪੰਜ-ਸਾਲਾ ਯੋਜਨਾ ਨੂੰ ਇਸ ਦੇ ਆਕਾਰ ਦੇ ਅਤੇ ਸੈਕਟਰ ਦੀਆਂ ਅਗੇਤਾਂ ਦੇ ਕ੍ਰਮ ਪੱਖੋਂ ਵੀ ਸੋਧਿਆ ਜਾਵੇ ਤਾਂ ਜੋ ਇਹ ਸਾਡੇ ਲੋਕਾਂ ਦੀਆਂ ਆਸਾਂ ਅਤੇ ਇਛਾਵਾਂ ਨੂੰ ਸਹੀ ਤੌਰ ਤੇ ਪ੍ਰਗਟ ਕਰ ਸਕੇ।

ਯੋਜਨਾ ਕਮਿਸ਼ਨ ਪਹਿਲਾਂ ਹੀ ਛੇਵੀਂ ਪੰਜ-ਸ਼ਾਲਾ ਯੋਜਨਾ ਦੇ ਖਰੜੇ ਵਿਚ ਸੋਧ ਕਰਨ ਦਾ ਫੈਸਲਾ ਕਰ ਚੁਕਾ ਹੈ। ਛੇਵੀਂ ਪੰਜ-ਸਾਲਾ ਯੋਜਨਾ, ਨਵੰਬਰ, 1980 ਵਿਚ ਰਾਸ਼ਟਰੀ ਵਿਕਾਸ ਕੌਂਸਲ ਅੱਗੇ ਉਸ ਦੇ ਵਿਚਾਰ ਅਤੇ ਪ੍ਰਵਾਨਗੀ ਲਈ ਪੇਸ਼ ਕੀਤੀ ਜਾਵੇਗੀ। ਰਾਜ ਸਰਕਾਰ ਸੋਧੀ ਛੇਵੀਂ ਪੰਜ-ਸਾਲਾ ਯੋਜਨਾ ਸਤੰਬਰ, 1980 ਵਿਚ ਯੋਜਨਾ ਕਮਿਸ਼ਨ ਸਾਹਮਣੇ ਪੇਸ਼ ਕਰੇਗੀ। ਯੋਜਨਾ ਕਮਿਸ਼ਨ ਨੇ ਛੇਵੀਂ ਪੰਜ-ਸਾਲਾ ਯੋਜਨਾ ਲਈ ਆਪਣੀਆਂ ਸੋਧੀਆਂ ਅਗਵਾਈ-ਲੀਹਾਂ ਵਿਚ ਇਹ ਦੱਸਿਆ ਹੈ ਕਿ ਯੋਜਨਾ ਲਈ ਤਜਵੀਜ਼ਾਂ ਤਿਆਰ ਕਰਨ ਸਮੇਂ ਖੇਤੀ ਬਾੜੀ, ਸਿੰਜਾਈ ਅਤੇ ਬਿਜਲੀ ਵਰਗੇ ਮਹੱਤਵਪੂਰਨ ਸੈਕਟਰਾਂ ਤੇ ਜ਼ੋਰ ਦਿਤਾ ਜਾਵੇ ਅਤੇ ਦਿਹਾਤੀ ਇਲਾਕਿਆਂ ਵਿਚ ਰੋਜ਼ਗਾਰ ਮੁਹੱਈਆ ਕਰਨ ਤੇ ਪੀਣ ਦੇ ਪਾਣੀ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ ਅਤੇ ਘੱਟੋ ਘੱਟ ਜ਼ਰੂਰਤਾਂ ਦੇ ਪ੍ਰੋਗਰਾਮ ਅਧੀਨ ਆਉਂਦੇ ਹੋਰ ਪ੍ਰੋਗਰਾਮਾਂ ਲਈ ਯੋਗ ਉਪਬੰਧ ਕੀਤੇ ਜਾਣ। ਵਿਚਾਰ-ਵਟਾਂਦਰੇ ਸਮੇਂ, ਰਾਜ ਸਰਕਾਰ, ਛੇਵੀਂ ਪੰਜ-ਸਾਲਾ ਯੋਜਨਾ ਦਾ ਆਕਾਰ ਉਚਿਤ ਤੌਰ ਤੇ ਵਧਾਉਣ ਲਈ ਯੋਜਨਾ ਕਮਿਸ਼ਨ ਤੇ ਜ਼ੋਰ ਪਾਵੇਗੀ ਤਾਂ ਜੋ ਰਾਜ ਦੀ ਆਰਥਕਤਾ ਵਿਚ ਲੋੜੀਂਦੀ ਤੇਜ਼ੀ ਲਿਆਂਦੀ ਜਾ ਸਕੇ।

ਸਾਲਾਨਾ ਯੋਜਨਾ 1980-81

ਰਾਜ ਸਰਕਾਰ ਨੇ ਮਾਰਚ, 1980 ਵਿਚ ਸੰਸਦ ਸਾਹਮਣੇ ਅੰਤਰਮ ਬਜਟ ਪੇਸ਼ ਕਰਨ ਸਮੇਂ ਸਾਲ 1980-81 ਲਈ ਰਾਜ ਸਰਕਾਰ ਦੁਆਰਾ ਆਪਣੀ ਸਾਲਾਨਾ ਯੋਜਨਾ ਦਾ ਆਕਾਰ 284.11 ਕਰੋੜ ਰੁਪਏ ਨਿਸਚਿਤ ਕੀਤਾ ਸੀ। ਭਾਵੇਂ ਅਸੀਂ ਚਾਹੁੰਦੇ ਸਾਂ ਕਿ ਆਪਣੀਆਂ ਨੀਤੀਆਂ ਅਤੇ ਚੋਣ-ਕਾਰਾਂ ਨਾਲ ਕੀਤੇ ਵਾਅਦਿਆਂ ਨੂੰ ਮੁਖ ਰਖਦੇ ਹੋਏ ਯੋਜਨਾ ਦੇ ਆਕਾਰ ਨੂੰ ਵਧਾ ਕੇ ਲਗ ਭਗ 350.00 ਕਰੋੜ ਰੁਪਏ ਕਰ ਦਿਤਾ ਜਾਵੇ ਪਰ 70.00 ਕਰੋੜ ਰੁਪਏ ਤੋਂ ਵੱਧ ਸਾਧਨਾਂ ਦੇ ਵੱਡੇ ਖੱਪੇ

Original with;
Punjab Vidhan Sabha
Digitized by;
Panjab Digital Library

ਅਤੇ ਪਿਛਲੀ ਸਰਕਾਰ ਤੋਂ ਮਿਲੀ ਭੈੜੀ ਮਾਲੀ ਹਾਲਤ ਨੂੰ ਧਿਆਨ ਵਿਚ ਰਖਦੇ ਹੋਏ, ਯੋਜਨਾ ਦੇ ਆਕਾਰ ਵਿਚ ਸਿਰਫ਼ ਥੋੜਾ ਜਿਹਾ ਹੀ ਵਾਧਾ ਕੀਤਾ ਜਾ ਰਿਹਾ ਹੈ ਅਤੇ 1980-81 ਦੀ ਸਾਲਾਨਾ ਯੋਜਨਾ ਹੁਣ 300.00 ਕਰੋੜ ਰੁਪਏ ਦੀ ਹੋਵੇਗੀ । (ਥੰਪਿੰਗ) ਇਹ ਪਿਛਲੇ ਸਾਲ ਦੀ ਲਗਭਗ 260.00 ਕਰੋੜ ਰੁਪਏ ਦੀ ਬਜਟ ਯੋਜਨਾ ਨਾਲੋਂ 15 ਪ੍ਰਤੀਸ਼ਤ ਤੋਂ ਵਧੇਰੇ ਦਾ ਵਾਧਾ ਦਰਸਾਉਂਦੀ ਹੈ। (ਥੰਪਿੰਗ) ਜਿਵੇਂ ਕਿ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ, ਯੋਜਨਾ ਦੇ ਆਕਾਰ ਵਿਚ ਇਹ ਵਾਧਾ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਸਿਥਲ ਸਾਲਾਨਾ ਯੋਜਨਾਵਾਂ ਦੇ ਟਾਕਰੇ ਤੇ ਇਕ ਉਤਸ਼ਾਹ-ਜਨਕ ਗੱਲ ਹੈ। ਯੋਜਨਾ ਦੇ ਇਸ ਆਕਾਰ ਲਈ ਪੈਸੇ ਦਾ ਪ੍ਰਬੰਧ ਕਰਨ ਵਾਸਤੇ ਨਿਰਸੰਦੇਹ ਸਾਧਨਾਂ ਦੇ ਜੁਟਾਉਣ ਅਤੇ ਗ਼ੈਰ-ਯੋਜਨਾ ਅਤੇ ਅਣਉਪਜਾਊ ਖਰਚਿਆਂ ਆਦਿ ਨੂੰ ਘਟਾਉਣ ਲਈ ਤਕੜੇ ਯਤਨਾਂ ਦੀ ਲੋੜ ਹੈ। ਰਾਜ ਦੇ ਵਿਕਾਸ ਦੇ ਹਿਤ ਨੂੰ ਮੁੱਖ ਰਖਦਿਆਂ ਸਾਨੂੰ ਅਜਿਹੇ ਸਾਰੇ ਲੋੜੀਂਦੇ ਉਪਾ ਕਰਨੇ ਪੈਣਗੇ ਅਤੇ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਯਤਨ ਵਿਚ ਸਰਕਾਰ ਨੂੰ ਸਦਨ ਦੇ ਸਾਰੇ ਵਰਗਾਂ ਅਤੇ ਰਾਜ ਦੇ ਲੋਕਾਂ ਦੀ ਮਿਲਵਰਤਣ ਖੁਸ਼ੀ ਨਾਲ ਅਤੇ ਬਿਨਾਂ ਕਿਸੇ ਸੰਕੋਚ ਤੋਂ ਪ੍ਰਾਪਤ ਹੋਵੇਗੀ। ਰਾਜ ਸਰਕਾਰ ਨੂੰ ਵਧੇਰੇ ਕੇਂਦਰੀ ਸਹਾਇਤਾ ਦੇਣ ਲਈ ਕੇਂਦਰੀ ਸਰਕਾਰ ਨੂੰ ਮਨਾਉਣ ਦੇ ਯਤਨ ਵੀ ਕੀਤੇ ਜਾਣਗੇ, ਤਾਂ ਜੋ ਸਰਕਾਰ ਚਾਲੂ ਵਿੱਤੀ ਸੰਕਟ ਤੇ ਕਾਬੂ ਪਾ ਸਕੇ।

ਸਾਲਾਨਾ ਯੋਜਨਾ ਦਾ ਮੁੱਖ ਉਦੇਸ਼ ਬਿਜਲੀ ਅਤੇ ਸਿੰਜਾਈ ਵਰਗੇ ਮਹੱਤਵਪੂਰਣ ਖੇਤਰਾਂ ਦਾ ਤੇਜ਼ੀ ਨਾਲ ਵਿਕਾਸ ਕਰਨਾ ਅਤੇ ਦਿਹਾਤੀ ਵਿਕਾਸ ਤੇ ਸਮਾਜਕ-ਆਰਥਕ ਬੁਨਿਆਦੀ ਢਾਂਚੇ ਨੂੰ ਮਜ਼-ਬੂਤ ਕਰਨ ਦੇ ਪ੍ਰੋਗਰਾਮਾਂ ਉਤੇ ਜ਼ੋਰ ਦੇਣਾ ਹੈ। ਖੇਤੀ ਬਾੜੀ ਤੋਂ ਇਲਾਵਾ, ਉਦਯੋਗ ਦਾ ਤੇਜ਼ੀ ਨਾਲ ਵਾਧਾ ਕਰਕੇ ਪੰਜਾਬ ਦੀਆਂ ਆਰਥਕਤਾ ਦਾ ਇਸ ਖੇਤਰ ਵਿਚ ਵੀ ਵਾਧਾ ਕਰਨ ਦੀ ਭਾਰੀ ਲੋੜ ਹੈ। ਇਸ ਮੰਤਵ ਲਈ ਲੋੜੀਂਦੀ ਬਿਜਲੀ ਦਾ ਮਿਲਣਾ ਬਹੁਤ ਜ਼ਰੂਰੀ ਹੈ। ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ, ਲਗ ਭਗ 150 ਕਰੋੜ ਰੁਪਏ ਦੀ ਰਕਮ, ਜੋ ਕਿ ਯੋਜਨਾ ਦੇ ਕੁਲ ਆਕਾਰ ਦਾ ਅੱਧਾ ਹਿੱਸਾ ਹੈ, ਸਿੰਜਾਈ ਅਤੇ ਬਿਜਲੀ ਲਈ ਰਖੀ ਗਈ ਹੈ। (ਥੰਪਿੰਗ) ਖੇਤਰੀ ਖਰਚਾਂ ਅਤੇ ਪ੍ਰੋਗਰਾਮਾਂ ਉਤੇ ਸਾਲਾਨਾ ਯੋਜਨਾ ਦੇ ਦਸਤਾਵੇਜ਼ ਵਿਚ ਵਿਸਤਾਰ ਸਹਿਤ ਵਿਚਾਰ ਕੀਤੀ ਗਈ ਹੈ ਜੋ ਕਿ ਮਾਨਯੋਗ ਮੈਂਬਰਾਂ ਵਿਚ ਵੰਡਿਆ ਗਿਆ ਹੈ ।

25—ਨੁਕਾਤੀ ਸਮਾਜਕ ਆਰਥਕ ਪ੍ਰੋਗਰਾਮ

ਮਾਨਯੋਗ ਮੈਂਬਰਾਂ ਨੂੰ ਪਤਾ ਹੀ ਹੈ ਕਿ ਪਹਿਲੀ ਜੁਲਾਈ, 1975 ਨੂੰ ਸ਼੍ਰੀਮਤੀ ਇੰਦਰਾ ਗਾਂਧੀ ਨੇ ਇਕ ਯੁਗ-ਪਲਟਾਊ 20—ਨੁਕਾਤੀ ਆਰਥਕ ਪ੍ਰੋਗਰਾਮ ਦਾ ਐਲਾਨ ਕੀਤਾ ਜਿਸ ਨੇ ਲੋਕਾਂ ਵਿਚ ਆਸ ਦੀ ਨਵੀਂ ਕਿਰਨ ਪੈਦਾ ਕਰ ਦਿੱਤੀ ਸੀ । ਇਸ ਨੇ ਉਨ੍ਹਾਂ ਵਿਚ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਅਤੇ ਬਰਾਬਰੀ ਅਤੇ ਨਿਆਂ ਉਤੇ ਅਧਾਰਿਤ ਨਵੇਂ ਸਮਾਜ ਦਾ ਨਿਰਮਾਨ ਕਰਨ ਲਈ ਨਵਾਂ ਵਿਸ਼ਵਾਸ ਅਤੇ ਨਵੀਂ ਦ੍ਰਿੜ੍ਹਤਾ ਪੈਦਾ ਕੀਤੀ । ਕਾਂਗਰਸ ਸਰਕਾਰ ਨੇ ਇਸ ਪ੍ਰੋਗਰਾਮ ਨੂੰ ਸੱਚੇ ਦਿਲੋਂ ਸ਼ੁਰੂ ਕੀਤਾ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਵੱਡੀਆਂ ਉਲਾਂਘਾਂ ਪੁੱਟੀਆਂ। ਇਹ ਇਕ ਬਦਕਿਸਮਤੀ ਵਾਲੀ ਗੱਲ ਹੈ ਕਿ ਪਿਛਲੀ ਅਕਾਲੀ-ਜਨਤਾ ਸਰਕਾਰ ਨੇ ਇਸ ਪ੍ਰੋਗਰਾਮ ਨੂੰ ਬਿਲਕੁਲ ਹੀ ਛੱਡ ਦਿੱਤਾ ਸੀ । ਸਾਡੀ ਸਰਕਾਰ ਨਾ ਕੇਵਲ ਸ਼੍ਰੀਮਤੀ ਇੰਦਰਾ ਗਾਂਧੀ ਦੇ 20—ਨੁਕਾਤੀ ਆਰਥਕ ਪ੍ਰੋਗਰਾਮ ਨੂੰ ਹੀ, ਸਗੋਂ ਸਾਡੇ ਹਰਮਨ ਪਿਆਰੇ ਨੌਜਵਾਨ ਨੇਤਾ ਸਵਰਗਵਾਸੀ ਸ਼੍ਰੀ ਸੰਜੇ ਗਾਂਧੀ ਦੇ 5—ਨੁਕਾਤੀ ਕੌਮੀ ਪੁਨਰ-ਜਾਗ੍ਰਤੀ ਦੇ ਪ੍ਰੋਗਰਾਮ ਨੂੰ ਵੀ ਮੁੜ ਚਾਲੂ ਕਰਨ ਅਤੇ ਉਸ ਨੂੰ ਪੂਰੇ ਜ਼ੋਰ ਸ਼ੋਰ ਨਾਲ ਅਮਲ ਵਿਚ ਲਿਆਉਣ ਲਈ ਪੂਰੀ ਤਰ੍ਹਾਂ ਬਚਨ ਬੱਧ ਹੈ । (ਥੰਪਿੰਗ) 25—ਨੁਕਾਤੀ ਸਮਾਜਕ ਆਰਥਕ ਪ੍ਰੋਗਰਾਮ ਅਧੀਨ ਵੱਖ ਵੱਖ ਸਕੀਮਾਂ ਲਈ ਖਰਚ ਦਰਸਾ-ਉਂਦੀ ਪੁਸਤਕਾਂ ਹੋਰ ਬਜਟਾਂ ਦਸਤਾਵੇਜ਼ਾਂ ਸਹਿਤ ਮਾਨਯੋਗ ਮੈਂਬਰਾਂ ਵਿਚਕਾਰ ਵਖਰੇ ਤੌਰ ਤੇ ਵੰਡੀ ਗਈ ਹੈ ।

Original with;
Punjab Vidhan Sabha
Digitized by;
Panj

[ਵਿੱਤ ਮੰਤਰੀ]

ਨਵੇਂ ਪ੍ਰੋਗਰਾਮ ਅਤੇ ਜ਼ੋਰ ਦਿੱਤੇ ਜਾਣ ਵਾਲੇ ਨਵੇਂ ਖੇਤਰ

ਰਾਜ ਦੀ ਵਾਗ ਡੋਰ ਸੰਭਾਲਣ ਉਪਰੰਤ ਨਵੀਂ ਸਰਕਾਰ ਨੇ ਪਿਛਲੀ ਸਰਕਾਰ ਵਲੋਂ ਤਿਆਰ ਕੀਤੀ 1980-81 ਦੀ ਸਾਲਾਨਾ ਯੋਜਨਾ ਦਾ ਛੇਤੀ ਨਾਲ ਰੀਵਿਊ ਕਰਨ ਤੇ ਇਹ ਮਹਿਸੂਸ ਕੀਤਾ ਕਿ ਕੁਝ ਖੱਪਿਆਂ ਨੂੰ ਭਰਨ ਦੀ ਲੋੜ ਹੈ । ਇਸ ਉਦੇਸ਼ ਦੀ ਪੂਰਤੀ ਲਈ ਚਾਲੂ ਸਾਲ ਦੇ ਦੌਰਾਨ ਨਿਮਨ ਨਵੇਂ ਪ੍ਰੋਗਰਾਮ ਅਰੰਭ ਕਰਨ ਦਾ ਫੈਸਲਾ ਕੀਤਾ ਗਿਆ ਹੈ :

(i) ਰਾਜ ਵਿੱਚ ਖੇਤੀ ਬਾੜੀ ਦੀ ਉਪਜ ਨੂੰ ਹੋਰ ਵਧਾਉਣ ਲਈ ਕਿਸਾਨਾਂ ਨੂੰ ਉਤਸ਼ਾਹ ਦੇਣ ਵਾਸਤੇ ਇਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ । ਇਸ ਮੰਤਵ ਲਈ ਸਾਲ 1980-81 ਦੇ ਬਜਟ ਅਨੁਮਾਨਾਂ ਵਿਚ 5.10 ਕਰੋੜ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਕੀਤੀ ਗਈ ਹੈ । (ਥੰਪਿੰਗ)

(ii) ਰਾਜ ਦੀ 80 ਪ੍ਰਤੀਸ਼ਤ ਤੋਂ ਵੱਧ ਆਬਾਦੀ ਪਿੰਡਾਂ ਵਿਚ ਵਸਦੀ ਹੈ। ਬਦਕਿਸਮਤੀ ਨਾਲ ਉਸ ਗੰਦੇ ਮਾਹੌਲ ਵਲ ਅਜੇ ਤਕ ਬਹੁਤ ਘੱਟ ਧਿਆਨ ਦਿਤਾ ਗਿਆ ਹੈ । ਜਿਸ ਵਿਚ ਸਾਡੇ ਪੇਂਡੂ ਭਰਾ ਰਹਿੰਦੇ ਹਨ । ਕੁਝ ਇੱਕ ਪਿੰਡਾਂ ਦੀ ਹਾਲਤ ਤਾਂ ਗੰਦੀਆਂ ਬਸਤੀਆਂ ਨਾਲੋਂ ਵੀ ਭੈੜੀ ਹੈ । ਲੋਕਾਂ ਦੀ ਇਸ ਭੈੜੀ ਹਾਲਤ ਨੂੰ ਸੁਧਾਰਨ ਲਈ ਸਰਕਾਰ ਨੇ ਪੰਜ ਸਾਲ ਦੇ ਅੰਦਰ ਅੰਦਰ ਸਾਰੇ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਬਣਾਉਣ ਦਾ ਫੈਸਲਾ ਕੀਤਾ ਹੈ (ਥੰਪਿੰਗ) ਇਸ ਮਨੋਰਥ ਲਈ ਇਕ ਦਰਜਾ ਬੱਧ ਪ੍ਰੋਗਰਾਮ ਬਣਾਇਆ ਗਿਆ ਹੈ। ਇਸ ਕੰਮ ਲਈ ਚਾਲੂ ਸਾਲ ਦੇ ਦੌਰਾਨ 4.50 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ। (ਥੰਪਿੰਗ)

(iii) ਬੱਚੇ ਦੇਸ਼ ਦਾ ਸਰਮਾਇਆ ਹੁੰਦੇ ਹਨ । ਜਿਸ ਮਾਹੌਲ ਵਿਚ ਬੱਚੇ ਮੁਢਲੇ ਬਚਪਨ ਵਿਚ ਪੜ੍ਹਦੇ ਹਨ ਉਸ ਦਾ ਉਨ੍ਹਾਂ ਦੇ ਅਗਲੇਰੇ ਜੀਵਨ ਨੂੰ ਢਾਲਣ ਉਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ । ਸਾਡੀ ਸਰਕਾਰ ਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਅਜਿਹੇ ਸਕੂਲਾਂ ਵਿਚ ਪੜ੍ਹਨਾ ਪੈ ਰਿਹਾ ਹੈ, ਜਿਥੇ ਕਿ ਕਮਰਿਆਂ ਦਾ ਕੋਈ ਪ੍ਰਬੰਧ ਨਹੀਂ । ਇਸ ਲਈ ਫੈਸਲਾ ਕੀਤਾ ਗਿਆ ਹੈ ਕਿ ਪੰਜ ਸਾਲਾਂ ਦੇ ਅੰਦਰ ਅੰਦਰ ਰਾਜ ਦੇ ਸਾਰੇ ਪ੍ਰਾਇਮਰੀ ਸਕੂਲਾਂ ਲਈ ਪੱਕੀਆਂ ਇਮਾਰਤਾਂ ਅਤੇ ਫਰਨੀਚਰ, ਬਲੈਕ ਬੋਰਡ, ਟਾਟ ਆਦਿ ਵਰਗਾ ਹੋਰ ਸਾਮਾਨ ਮੁਹਈਆ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਮਾਡਲ ਸਕੂਲਾਂ ਵਰਗਾ ਬਣਾ ਦਿੱਤਾ ਜਾਵੇ (ਥੰਪਿੰਗ) ਇਸ ਮਨੋਰਥ ਲਈ 1980-81 ਦੇ ਬਜਟ ਅਨੁਮਾਨਾਂ ਵਿਚ 1.10 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ।

(iv) ਰਾਜ ਸਰਕਾਰ ਦੀ ਇਹ ਇੱਛਾ ਹੈ ਕਿ ਦਿਹਾਤੀ ਇਲਾਕਿਆਂ ਵਿਚਲੇ ਉਦਯੋਗਾਂ ਦੇ ਵਿਕਾਸ ਨੂੰ ਤੇਜ਼ ਕੀਤਾ ਜਾਵੇ । ਇਸ ਮਨੋਰਥ ਲਈ 1980-81 ਦੇ ਬਜਟ ਅਨੁਮਾਨਾਂ ਵਿਚ 1.00 ਕਰੋੜ ਰੁਪਏ ਦੀ ਹੋਰ ਅਧਿਕ ਰਕਮ ਦਾ ਉਪਬੰਧ ਕੀਤਾ ਗਿਆ ਹੈ । ਇਸ ਅਧੀਨ ਪਿੰਡਾਂ ਵਿਚ ਪੜ੍ਹੇ-ਲਿਖੇ ਅਤੇ ਤਕਨੀਕੀ ਸਿਖਲਾਈ-ਪ੍ਰਾਪਤ ਉਨ੍ਹਾਂ ਵਿਅਕਤੀਆਂ ਨੂੰ ਰੋਜ਼ਗਾਰ ਮੁਹਈਆ ਕੀਤਾ ਜਾਵੇਗਾ, ਜਿਨ੍ਹਾਂ ਪਾਸ ਲੋੜੀਂਦੀ ਜਾਣਕਾਰੀ ਹੋਵੇਗੀ । ਇਸ ਨਾਲ ਜਿਥੇ ਰਾਜ ਵਿਚ ਬੇਰੋਜ਼ਗਾਰੀ ਘਟਾਉਣ ਵਿਚ ਸਹਾਇਤਾ ਮਿਲੇਗੀ ਉਥੇ ਲੋਕਾਂ ਦੇ ਸ਼ਹਿਰਾਂ ਵਲ ਅੰਨ੍ਹੇ ਵਾਹ ਭੱਜਣ ਉਤੇ ਵੀ ਭਾਰੀ ਅਸਰ ਪਵੇਗਾ ।

Original with;
Punjab Vidhan Sabha
Digitized by;
Panjab Digital Library

(v) ਖੇਤੀ-ਪ੍ਰਧਾਨ ਸਮਾਜ ਵਿਚ ਪਸ਼ੂ-ਧਨ ਲੋਕਾਂ ਦਾ ਇਕ ਬਹੁ-ਮੁਲਾ ਸਹਮਾਇਆ ਹੁੰਦਾ ਹੈ । ਉਨ੍ਹਾਂ ਦੀ ਸਿਹਤ ਨੂੰ ਠੀਕ ਰੱਖਣਾ ਸਾਡਾ ਪਹਿਲਾ ਫ਼ਰਜ਼ ਹੋਣਾ ਚਾਹੀਦਾ ਹੈ । ਇਹ ਗੱਲ ਤਦ ਤਕ ਸੰਭਵ ਨਹੀਂ ਜਦ ਤਕ ਕਿ ਮੁਨਾਸਬ ਸਿਹਤ ਸਹੂਲਤਾਂ ਤੁਰਤ ਅਤੇ ਥਾਂ ਸਿਰ ਨਾ ਮਿਲਦੀਆਂ ਹੋਣ । ਬੀਮਾਰ ਪਸ਼ੂਆਂ ਨੂੰ ਇਲਾਜ ਲਈ ਦੂਰ ਦੇ ਪਸ਼ੂ-ਚਿਕਿਤਸਾ ਹਸਪਤਾਲਾਂ ਵਿਚ ਨਹੀਂ ਲਿਜਾਇਆ ਜਾ ਸਕਦਾ । ਇਸ ਸਰਕਾਰ ਦੀ ਇਹ ਕੋਸ਼ਿਸ਼ ਹੋਵੇਗੀ ਕਿ ਰਾਜ ਦੇ ਪਸ਼ੂ ਧਨ ਲਈ ਚੰਗੇਰੀਆਂ ਚਿਕਿਤਸਾ ਸੇਵਾਵਾਂ ਉਨ੍ਹਾਂ ਦੇ ਨੇੜੇ ਹੀ ਮੁਹੱਈਆ ਕੀਤੀਆਂ ਜਾਣ। ਇਸ ਗਲ ਨੂੰ ਯਕੀਨੀ ਬਣਾਉਣ ਲਈ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਖੋਲ੍ਹਣ ਦਾ ਪ੍ਰੋਗਰਾਮ ਤੇਜ਼ ਕੀਤਾ ਜਾ ਰਿਹਾ ਹੈ । ਦਿਹਾਤੀ ਇਲਾਕਿਆਂ ਵਿਚ 105 ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਖੋਲ੍ਹਨ ਅਤੇ ਇਸ ਮੰਤਵ ਲਈ ਸਾਲ 1980-81 ਦੇ ਬਜਟ ਅਨੁਮਾਨਾਂ ਵਿਚ 23.30 ਲੱਖ ਰੁਪਏ ਦੇ ਉਪਬੰਧ ਦੀ ਤਜਵੀਜ਼ ਕੀਤੀ ਗਈ ਹੈ । (ਥੰਪਿੰਗ)

(vi) ਇਸ ਸਮੇਂ ਦਿਹਾਤੀ ਇਲਾਕਿਆਂ ਵਿਚ ਰੇਹ ਨੂੰ ਸਟੋਰ ਕਰਨ ਅਤੇ ਉਸ ਦੀ ਕਿਊਰਿੰਗ (curing) ਦਾ ਕੋਈ ਤਸੱਲੀਬਖਸ਼ ਪ੍ਰਬੰਧ ਨਹੀਂ । ਮੀਂਹ ਆਦਿ ਨਾਲ ਇਸ ਕੀਮਤੀ ਚੀਜ਼ ਦਾ ਨੁਕਸਾਨ ਹੋਣ ਤੋਂ ਇਲਾਵਾ, ਖਿੰਡੀ-ਪੁੰਡੀ ਰੇਹ ਦੇ ਢੇਰ ਪਿੰਡਾਂ ਦੇ ਲੋਕਾਂ ਦੀ ਸਿਹਤ ਲਈ ਇਕ ਬਹੁਤ ਵੱਡੇ ਖਤਰੇ ਦਾ ਕਾਰਣ ਬਣਦੇ ਹਨ। ਇਹ ਪਹਿਲੀ ਵਾਰ ਹੈ ਕਿ ਮੌਜੂਦਾ ਸਰਕਾਰ ਇਸ ਸਮੱਸਿਆ ਵਲ ਡੂੰਘੀ ਧਿਆਨ ਦੇ ਰਹੀ ਹੈ । ਸਰਕਾਰ ਨੇ ਦਿਹਾਤੀ ਇਲਾਕਿਆਂ ਵਿਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਰੇਹ ਦੇ ਟੋਇਆਂ ਲਈ ਸਹਾਇਤਾ ਦੇਣ ਅਤੇ ਇਸ ਪ੍ਰਾਜੈਕਟ ਨੂੰ ਦਰਜਾ-ਬੱਧ ਢੰਗ ਨਾਲ ਮੁਕੰਮਲ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮੰਤਵ ਲਈ 25 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

(vii) ਪੜ੍ਹੇ ਲਿਖੇ ਬੇਰੋਜ਼ਗਾਰਾਂ ਨੂੰ ਰਾਹਤ ਦੇਣ ਦੀ ਸਕੀਮ ਨੂੰ ਇਸ ਹੱਦ ਤਕ ਨਰਮ ਕੀਤਾ ਜਾ ਰਿਹਾ ਹੈ ਕਿ ਰੋਜ਼ਗਾਰ ਦਫਤਰ ਦੇ ਚਾਲੂ ਰਜਿਸਟਰਾਂ ਵਿਚ ਲਗਾਤਾਰ ਪੰਜ ਸਾਲਾਂ ਦੀ ਥਾਂ ਹੁਣ ਲਗਾਤਾਰ ਤਿੰਨ ਸਾਲਾਂ ਤੋਂ ਦਰਜ ਚਲਿਆ ਆ ਰਿਹਾ ਵਿਅਕਤੀ ਇਸ ਸਹਾਇਤਾ ਦਾ ਪਾਤਰ ਹੋਵੇਗਾ। (ਥੰਪਿੰਗ) ਇਸ ਨਾਲ ਲਗ ਭਗ 2800 ਹੋਰ ਪੜ੍ਹੇ ਲਿਖੇ ਬੇਰੋਜ਼ਗਾਰਾਂ ਨੂੰ ਲਾਭ ਪਹੁੰਚੇਗਾ । ਇਸ ਸਦਕਾ ਲਾਭ ਉਠਾਉਣ ਵਾਲਿਆਂ ਦੀ ਗਿਣਤੀ ਮੌਜੂਦਾ 3700 ਤੋਂ ਵੱਧ ਕੇ 6500 ਹੋ ਜਾਵੇਗੀ । ਇਸ ਮੰਤਵ ਲਈ ਸਾਲ 1980-81 ਦੇ ਬਜਟ ਅਨੁਮਾਨਾਂ ਵਿਚ ਉਪਬੰਧ ਦੀ ਰਕਮ ਵਧਾ ਕੇ 35.00 ਲੱਖ ਰੁਪਏ ਕੀਤੀ ਜਾ ਰਹੀ ਹੈ ।

(viii) ਭਾਵੇਂ ਦਿਹਾਤੀ ਇਲਾਕਿਆਂ ਵਿਚ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣ ਤੇ ਬਹੁਤ ਪੈਸਾ ਖਰਚਿਆ ਜਾ ਰਿਹਾ ਹੈ ਫਿਰ ਵੀ ਡਾਕਟਰੀ ਅਮਲੇ ਦੀ ਦਿਹਾਤੀ ਇਲਾਕੇ ਵਿਚ ਰਿਹਾਇਸ਼ ਨਾ ਹੋਣ ਕਰਕੇ ਲੋਕਾਂ ਨੂੰ ਦਿਤੇ ਜਾਣ ਵਾਲੇ ਲਾਭ ਪ੍ਰਾਪਤ ਨਹੀਂ ਹੋ ਰਹੇ । ਇਸ ਦਾ ਕਾਰਣ ਡਾਕਟਰਾਂ ਆਦਿ ਲਈ ਯੋਗ ਰਿਹਾਇਸ਼ੀ ਥਾਂ ਦਾ ਨਾ ਮਿਲਣਾ ਹੈ । ਇਸ ਸਮੱਸਿਆ ਤੇ ਕਾਬੂ ਪਾਉਣ ਲਈ, ਦਿਹਾਤੀ ਡਿਸਪੈਂਸਰੀਆਂ ਵਿਚ ਲੱਗੇ ਡਾਕਟਰੀ ਅਮਲੇ ਲਈ ਰਿਹਾਇਸ਼ ਦਾ ਪ੍ਰਬੰਧ ਕਰਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। (ਥੰਪਿੰਗ) ਇਸ ਮੰਤਵ ਲਈ, ਸਾਲ 1980-81 ਦੇ ਬਜਟ ਅਨੁਮਾਨਾਂ ਵਿਚ 50 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

(ix) ਭਾਵੇਂ ਪਿੰਡਾਂ ਵਿਚ ਹਰੀਜਨਾਂ ਲਈ ਧਰਮਸ਼ਾਲਾਂ/ਜੰਜਘਰ ਬਣਾ ਦਿਤੇ ਗਏ ਹਨ ਅਤੇ ਇਨ੍ਹਾਂ ਦੀ ਵਰਤੋਂ ਸਮਾਜ ਦੇ ਹੋਰ ਮੈਂਬਰਾਂ ਦੁਆਰਾ ਵੀ ਕੀਤੀ ਜਾਂਦੀ ਹੈ ਫਿਰ ਵੀ ਪੰਜਾਬ ਵਿਚ ਬਹੁਤ ਸਾਰੇ ਅਜਿਹੇ ਪਿੰਡ ਹਨ ਜਿਥੇ ਕੋਈ ਧਰਮਸ਼ਾਲਾ/ਸਰਾਂ/ਜੰਞਘਰ/ਖੂਹੀ (ਕਮਿਊਨਿਟੀ ਹਾਲ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨਹੀਂ ਹੈ । ਰਾਜ ਦੇ ਉਨ੍ਹਾਂ ਸਾਰੇ ਪਿੰਡਾਂ ਵਿੱਚ ਸਰਾਂ/ਜੰਜਘਰ ਦੀ ਸਾਂਝੀ ਸਹੂਲਤ ਮੁਹਈਆ ਕਰਨ ਦੀ ਤਜਵੀਜ਼ ਹੈ ਜਿਥੇ ਇਸ ਸਮੇਂ ਹਰੀਜਨ ਧਰਮਸ਼ਾਲਾ ਸਮੇਤ ਕੋਈ ਅਜਿਹੀ ਸਹੂਲਤ ਮੌਜੂਦ ਨਹੀਂ ।

1980-81 ਦੇ ਬਜਟ ਅਨੁਮਾਨਾਂ ਵਿਚ 20 ਲੱਖ ਰੁਪਏ ਦੀ ਲਾਗਤ ਨਾਲ ਇਸ ਕੰਮ ਦਾ ਅਰੰਭ ਕੀਤਾ ਜਾ ਰਿਹਾ ਹੈ ।

(x) ਪੰਜਾਬ ਕੋਲ ਬਹੁਤ ਪਸ਼ੂ-ਧਨ ਹੈ, ਪਰ ਰਾਜ ਵਿਚ ਖੱਲਾਂ ਦੀ ਪ੍ਰਾਸੈਸਿੰਗ ਸਮਰਥਾ ਬਹੁਤ ਘਟ ਹੈ । ਚਮੜਾ ਅਤੇ ਚਮੜੇ ਦੀਆਂ ਵਸਤਾਂ ਦੇ ਵਿਕਾਸ ਲਈ ਇਕ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ । ਇਸ ਮੰਤਵ ਲਈ ਪੰਜਾਬ ਲੈਦਰ ਡੀਵੈਲਪਮੈਂਟ ਕਾਰਪੋਰੇਸ਼ਨ ਸਥਾਪਤ ਕਰਨ ਦੀ ਤਜਵੀਜ਼ ਹੈ, ਜਿਸ ਲਈ ਲੋੜੀਂਦੀ ਰਕਮ ਦਾ ਉਪਬੰਧ ਕੀਤਾ ਜਾਵੇਗਾ ।

(xi) ਸਭ ਤੋਂ ਚੰਗੇ ਪ੍ਰਬੰਧ ਵਾਲੀਆਂ ਪੰਚਾਇਤਾਂ ਨੂੰ ਪ੍ਰੋਤਸਾਹਨ ਦੇਣ ਲਈ ਇਕ ਹੋਰ ਨਵੀਂ ਸਕੀਮ ਅਰੰਭ ਕੀਤੀ ਗਈ ਹੈ। ਹਰ ਬਲਾਕ ਵਿਚ ਸਭ ਤੋਂ ਚੰਗੇ ਪ੍ਰਬੰਧ ਵਾਲੀ ਪੰਚਾਇਤ ਨੂੰ ਵਿਕਾਸ ਲੋੜਾਂ ਲਈ 10,000 ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। (ਥੰਪਿੰਗ) । ਇਸ ਮੰਤਵ ਲਈ 11.70 ਲੱਖ ਰੁਪਏ ਖਰਚ ਕਰਨ ਦੀ ਤਜਵੀਜ਼ ਹੈ ।

(xii) ਵੱਖ ਵੱਖ ਨਗਰਪਾਲਕਾਵਾਂ ਨੂੰ ਸਹਾਇਤਾ ਦੇਣ ਲਈ ਮੌਜੂਦਾ ਸਕੀਮਾਂ ਨੂੰ ਜਾਰੀ ਰਖਣ ਤੋਂ ਇਲਾਵਾ, ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜ਼ਿਲ੍ਹਾ ਪੱਧਰ ਤੇ ਓ, ਅ ਤੇ ਏ ਸ਼੍ਰੇਣੀ ਦੀ ਸਭ ਤੋਂ ਵਧੀਆ ਪ੍ਰਬੰਧ ਵਾਲੀ ਹਰੇਕ ਨਗਰਪਾਲਕਾ ਨੂੰ ਇਨਾਮ ਦਿਤੇ ਜਾਣ। ਓ ਦਰਜੇ ਦੀ ਹਰ ਨਗਰ-ਪਾਲਕਾ ਨੂੰ 25,000 ਰੁਪਏ, ਅ ਦਰਜੇ ਦੀ ਹਰ ਨਗਰਪਾਲਕਾ ਨੂੰ 15,000 ਰੁਪਏ ਅਤੇ ਏ ਦਰਜੇ ਦੀ ਹਰ ਨਗਰਪਾਲਕਾ ਨੂੰ 10,000 ਰੁਪਏ ਦੇ ਹਿਸਾਬ ਇਨਾਮ ਦਿਤਾ ਜਾਵੇਗਾ । 1980-81 ਦੇ ਬਜਟ ਅਨੁਮਾਨਾਂ ਵਿਚ ਇਸ ਮੰਤਵ ਲਈ 6.00 ਲੱਖ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ ।

(xiii) ਸਾਲ 1976-77 ਦੇ ਦੌਰਾਨ ਰਾਜ ਸਰਕਾਰ ਨੇ 150 ਲੱਖ ਤੋਂ ਵੱਧ ਰੁੱਖ ਲਾਉਣ ਦਾ ਟੀਚਾ ਪ੍ਰਾਪਤ ਕਰ ਲਿਆ ਸੀ। ਬਦਕਿਸਮਤੀ ਨਾਲ ਪਿਛਲੀ ਸਰਕਾਰ ਨੇ ਇਸ ਅਹਿਮ ਕਾਰਜ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ਦੇ ਨਤੀਜੇ ਵਜੋਂ ਸਾਲ 1979-80 ਵਿਚ ਕੇਵਲ 100 ਲੱਖ ਪੌਦੇ ਹੀ ਲਗਾਏ ਗਏ। ਇਸ ਕਾਰਜ ਦੀ ਅਹਿਮੀਅਤ ਨੂੰ ਮਹਿਸੂਸ ਕਰਦਿਆਂ ਅਤੇ ਉਦਯੋਗਿਕ ਲੋੜਾਂ ਦੇ ਪੱਖ ਤੋਂ ਰੁੱਖ ਲਾਉਣ ਦਾ ਕੰਮ ਆਰੰਭ ਕਰਨ ਹਿਤ ਥਾਜ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਾਲ 1976-77 ਦੇ ਟੀਚੇ ਨੂੰ ਵਧਾ ਕੇ ਸਾਲ 1980-81 ਦੇ ਦੌਰਾਨ 172 ਲੱਖ ਰੁੱਖ ਲਾਉਣ ਦਾ ਟੀਚਾ ਮਿਥਿਆ ਜਾਵੇ । ਇਸ ਦਾ ਭਾਵ ਇਹ ਹੋਵੇਗਾ ਕਿ ਰਾਜ ਦੀ ਕੁਲ ਆਬਾਦੀ ਦੇ ਹਰ ਵਿਅਕਤੀ ਪਿਛੇ ਇਕ ਦਰਖਤ ਲਾਇਆ ਜਾਵੇਗਾ । ਵਧੇਰੇ ਰੁੱਖ ਲਾਉਣ ਦੇ ਕੰਮ ਨੂੰ ਉਤਸ਼ਾਹਤ ਕਰਨ ਲਈ ਸਰਕਾਰੀ ਨਰਸਰੀਆਂ ਵਿਚੋਂ ਵੇਚੇ ਜਾਣ ਵਾਲੇ ਥੈਲੀ ਵਾਲੇ ਪੌਦੇ ਦੀ ਕੀਮਤ 15 ਪੈਸੇ ਤੋਂ ਘਟਾ ਕੇ 10 ਪੈਸੇ ਕਰ ਦਿੱਤੀ ਜਾਵੇਗੀ । (ਥੰਪਿੰਗ)

(xiv) ਦਾਜ ਦੀ ਰਸਮ ਸਮਾਜ ਲਈ ਇਕ ਲਾਹਣਤ ਹੈ । ਦਾਜ ਨਾ ਦਿਤੇ ਜਾਣ ਤੋਂ ਨੌਜਵਾਨ ਨਵੀਆਂ ਵਿਆਹੀਆਂ ਕੁੜੀਆਂ ਨਾਲ ਜੋ ਦੁਰਵਿਹਾਰ ਕੀਤਾ ਜਾਂਦਾ ਹੈ, ਸਰਕਾਰ ਉਸ ਸਬੰਧੀ ਚਿੰਤਤ ਹੈ ਅਤੇ ਦਾਜ ਦੀ ਰਸਮ ਨੂੰ ਰੋਕਣ ਲਈ ਸਖਤ ਕਦਮ ਉਠਾਉਣ ਲਈ ਬਚਨਬੱਧ

Original with;
Punjab Vidhan Sabha
Digitized by;
Panjab Digital Library

ਹੈ । ਇਸ ਤੋਂ ਇਲਾਵਾ, ਦਾਜ-ਮਨਾਹੀ ਪੰਜਾਬ ਤਰਮੀਮੀ ਐਕਟ, 1976 ਦੁਆਰਾ ਤਰਮੀਮੀ ਕੀਤੇ ਗਏ ਦਾਜ-ਮਨਾਹੀ ਐਕਟ, 1961 ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਦੇ ਨਾਲ ਨਾਲ ਸਰਕਾਰ ਦਾਜ ਦੀ ਰਸਮ ਨੂੰ ਰੋਕਣ ਵਾਲੇ ਪ੍ਰੋਗਰਾਮਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਰਾਜ ਵਿਚ ਵੱਖ ਵੱਖ ਯੁਵਕ ਸੰਗਠਨਾਂ ਨੂੰ ਉਤਸਾਹਿਤ ਕਰੇਗੀ । ਅਜੇਹੇ ਯੁਵਕ ਸੰਗਠਨਾਂ ਨੂੰ, ਜਿਹੜੇ ਦਾਜ ਦੀ ਰਸਮ ਨੂੰ ਰੋਕਣ ਦੇ ਯਤਨਾਂ ਵਿਚ ਪੂਰੀ ਸਰਗਰਮੀ ਨਾਲ ਹਿੱਸਾ ਲੈਂਦੇ ਹਨ, ਪ੍ਰੋਤਸਾਹਨ ਦੇਣ ਸਬੰਧੀ, ਚਾਲੂ ਸਾਲ ਦੇ ਦੌਰਾਨ ਇਕ ਨਵੀਂ ਸਕੀਮ ਤਿਆਰ ਕਰ ਕੇ ਲਾਗੂ ਕੀਤੀ ਜਾਵੇਗੀ ।

(xv) ਪਿਛਲੀ ਸਰਕਾਰ ਦੀ ਹਰੀਜਨਾਂ ਨੂੰ ਸ਼ਹਿਰੀ ਇਲਾਕਿਆਂ ਵਿਚ ਪਲਾਟ ਅਲਾਟ ਕਰਨ ਸਬੰਧੀ ਸਕੀਮ, ਜਿਸ ਦਾ ਕਿ ਬਹੁਤ ਪਰਚਾਰ ਸੀ, ਬਿਲਕੁਲ ਅੱਗੇ ਨਹੀਂ ਚੱਲੀ । ਵੱਖ ਵੱਖ ਇੰਪਰੂਮੈਂਟ ਟ੍ਰਸਟਾਂ ਦੁਆਰਾ ਸਾਲ 1979-80 ਦੇ ਦੌਰਾਨ ਕੇਵਲ 50 ਪਲਾਟ ਹੀ ਅਲਾਟ ਕੀਤੇ ਗਏ । ਸਾਡੀ ਸਰਕਾਰ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਬੇਘਰੇ ਲੋਕਾਂ ਨੂੰ ਘਰ ਮੁਹਈਆ ਕਰਨ ਦੀ ਸਮੱਸਿਆ ਸ਼ਹਿਰਾਂ ਵਿਚ ਵੀ ਉਨੀ ਹੀ ਗੰਭੀਰ ਹੈ ਜਿੰਨੀ ਕਿ ਦਿਹਾਤੀ ਇਲਾਕਿਆਂ ਵਿਚ ਹੈ। ਇਸ ਲਈ ਸ਼ਹਿਰੀ ਖੇਤਰਾਂ ਵਿਚ ਬੇਘਰੇ ਲੋਕਾਂ ਨੂੰ ਸੌ ਸੌ ਵਰਗ ਗਜ਼ ਦੇ ਪਲਾਟ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ। (ਬੰਪਿੰਗ) ਇਸ ਮੰਤਵ ਲਈ ਇਸ ਕੰਮ ਨੂੰ ਅਰੰਭ ਕਰਨ ਲਈ ਬਜਟ ਅਨੁਮਾਨ 1980-81 ਵਿਚ 25 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਜੇਕਰ ਲੋੜ ਪਈ ਤਾਂ ਇਸ ਸਾਲ ਦੇ ਦੌਰਾਨ ਇਹ ਉਪਬੰਧ ਵਧਾ ਦਿਤਾ ਜਾਵੇਗਾ ।

(xvi) ਪਿਛਲੀ ਕਾਂਗਰਸ ਸਰਕਾਰ ਵਲੋਂ 100—100 ਵਰਗ ਗਜ਼ ਦੇ ਲਗ ਭਗ 3 ਲੱਖ ਰਿਹਾਇਸ਼ੀ ਪਲਾਟ ਪੰਜਾਬ ਵਿਚ ਬੇਜ਼ਮੀਨੇ ਖੇਡੀ ਕਾਮਿਆਂ ਨੂੰ ਅਲਾਟ ਕੀਤੇ ਗਏ ਸਨ । ਉਸ ਉਪਰੰਤ ਅਕਾਲੀ ਜਨਤਾ ਸਰਕਾਰ ਨੇ ਇਨ੍ਹਾਂ ਪਲਾਟਾਂ ਦੇ ਅਲਾਟੀਆਂ ਨੂੰ ਅਲਾਟ ਕੀਤੀਆਂ ਥਾਵਾਂ ਤੇ ਮਕਾਨ ਉਸਾਰਨ ਲਈ ਸਹਾਇਤਾ ਦੇਣ ਵਲ ਕੋਈ ਧਿਆਨ ਨਹੀਂ ਦਿੱਤਾ । ਉਨ੍ਹਾਂ ਦੇ ਸਮੁੱਚੇ ਕਾਰਜ ਕਾਲ ਦੇ ਦੌਰਾਨ, ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਰਾਹੀਂ ਕੇਵਲ 778 ਮਕਾਨ ਹੀ ਉਸਾਰੇ ਗਏ । ਸਾਡੀ ਸਰਕਾਰ ਇਸ ਪ੍ਰੋਗਰਾਮ ਨੂੰ ਕਾਫੀ ਤੇਜ਼ ਕਰਨ ਦੀ ਤਜਵੀਜ਼ ਰੱਖਦੀ ਹੈ। ਸਾਲ 1980-81 ਦੇ ਦੌਰਾਨ 10,700 ਨਵੇਂ ਮਕਾਨ ਉਸਾਰੇ ਜਾਣਗੇ (ਬੰਪਿੰਗ) । ਇਹ ਵਾਧਾ 15 ਗੁਣਾਂ ਹੈ । ਆਉਣ ਵਾਲੇ ਸਾਲਾਂ ਦੇ ਦੌਰਾਨ, ਇਸ ਸਬੰਧੀ ਉਪਬੰਧਾਂ ਵਿਚ ਉਚਿਤ ਵਾਧਾ ਕੀਤਾ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਲਾਟ ਕੀਤੀਆਂ ਸਾਰੀਆਂ ਥਾਵਾਂ ਤੇ ਪੰਜਾਂ ਸਾਲਾਂ ਦੇ ਅੰਦਰ ਅੰਦਰ ਮਕਾਨ ਉਸਾਰੇ ਜਾ ਸਕਣ ।

(xvii) ਇਹ ਇਕ ਬਦਕਿਸਮਤੀ ਦੀ ਗੱਲ ਹੈ ਕਿ ਪੰਜਾਬ ਰਾਜ ਵਿਚ 15-35 ਉਮਰ-ਗਰੁਪ ਦੇ 22.26 ਲੱਖ ਵਿਅਕਤੀ ਅਣਪੜ੍ਹ ਹਨ । ਸਾਡੀ ਸਰਕਾਰ ਅਣਪੜ੍ਹਤਾ ਦੀ ਇਸ ਲਾਹਣਤ ਨੂੰ, ਖਾਸ ਤੌਰ ਤੇ ਦਿਹਾਤੀ ਇਲਾਕੇ ਵਿਚੋਂ, ਦੂਰ ਕਰਨ ਨੂੰ ਸਭ ਤੋਂ ਵੱਧ ਅਹਿਮੀਅਤ ਦਿੰਦੀ ਹੈ। ਇਸ ਮਨੋਰਥ ਲਈ, ਵਿੱਤੀ ਅਤੇ ਢਾਂਚੇ ਦੇ ਪੱਖੋਂ ਬਾਲਗ ਵਿਦਿਆ ਪ੍ਰੋਗਰਾਮ ਨੂੰ ਤੇਜ਼ ਕੀਤਾ ਜਾਵੇਗਾ ਇਸ ਤੋਂ ਪਹਿਲਾਂ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਕੋਈ ਧਿਆਨ ਨਹੀਂ ਸੀ ਦਿਤਾ ਗਿਆ। ਇਹ ਗੱਲ ਇਸ ਤੱਥ ਤੋਂ ਸਪੱਸ਼ਟ ਹੈ ਕਿ ਉਪਬੰਧ ਕੀਤੀ ਗਈ ਰਕਮ ਦਾ ਪਿਛਲੇ ਸਾਲ ਦੇ ਦੌਰਾਨ ਮੁਸ਼ਕਲ ਨਾਲ 15 ਫੀ ਸਦੀ ਹੀ ਵਰਤਿਆ ਗਿਆ ਸੀ । ਅਣਪੜ੍ਹ ਵਿਅਕਤੀਆਂ ਦੀ ਗਿਆਨ ਅਤੇ ਟੈਕਨਾਲੋਜੀ ਪ੍ਰਤੀ ਰੁਚੀ ਨੂੰ ਵਧਾਉਣ ਲਈ, ਇਕ ਫੰਕਸ਼ਨਲ ਬਾਲਗ ਵਿਦਿਆ ਪ੍ਰੋਗਰਾਮ, ਜਿਸ ਵਿਚ ਕਿਸਾਨ ਫੰਕਸ਼ਨਲ ਸਾਖਰਤਾ ਪ੍ਰੋਗਰਾਮ ਅਤੇ ਸਮਾਜਕ ਸਿਖਿਆ ਪ੍ਰੋਗਰਾਮ ਸ਼ਾਮਲ ਹੈ, ਨੂੰ ਪੂਰੇ ਜੋਰ ਸ਼ੋਰ ਨਾਲ ਸ਼ੁਰੂ ਕੀਤਾ ਜਾਵੇਗਾ । ਇਸ ਦੇ ਨਾਲ ਹੀ ਸਕੂਲ ਛੱਡ ਜਾਣ ਵਾਲੇ ਵਿਅਕਤੀਆਂ ਨੂੰ ਵੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਸ਼ੇਸ਼ ਵਿਦਿਆ ਕੇਂਦਰਾਂ ਵਿਚ ਪੜ੍ਹਾਈ ਕਰਵਾਈ ਜਾਵੇਗੀ । ਇਸ ਪ੍ਰੋਗਰਾਮ ਨੂੰ ਚਲਾਉਣ ਲਈ ਤਜਵੀਜ਼ ਹੈ ਕਿ ਇਸ ਵਿਚ ਮੌਜੂਦਾ ਸਕੂਲ, ਸਾਮੂਹਿਕ ਕੇਂਦਰ, ਨੌਕਰੀ ਕਰ ਰਹੇ ਅਤੇ ਰਿਟਾਇਰ ਹੋ ਚੁਕੇ ਅਧਿਆਪਕਾਂ ਨੂੰ ਸ਼ਾਮਲ ਕੀਤਾ ਜਾਵੇ ਤਾਂ ਜੋ ਇਹ ਢਾਂਚੇ ਅਸਥਦਾਰ ਸਾਬਤ ਹੋ ਸਕੇ। ਚਾਲੂ ਸਾਲ ਦੇ ਦੌਰਾਨ ਇਸ ਪ੍ਰੋਗਰਾਮ ਲਈ ਅਜ ਤਕ ਦਾ ਸਭ ਤੋਂ ਵੱਧ ਉਪਬੰਧ ਅਰਥਾਤ ਲਗ ਭਗ ਇਕ ਕਰੋੜ ਰੁਪਏ ਕੀਤਾ ਜਾ ਰਿਹਾ ਹੈ।

(xviii) ਸਿਖਿਆ ਦੇ ਕੰਮ ਵਿਚ ਨਿਰੰਤਰ ਪਰਿਵਰਤਨ ਦੀ ਲੋੜ ਹੁੰਦੀ ਹੈ। ਸਿਖਿਆ ਵਿਚ ਗੁਣਾਤਮਕ ਸੁਧਾਰ ਲਿਆਉਣ ਲਈ ਸਕੀਮਾਂ ਤਿਆਰ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਹੈ । ਇਸ ਮੰਤਵ ਲਈ, ਪਹਿਲੀ ਵਾਰ ਅਧਿਆਪਕਾਂ ਦੀ ਸੇਵਾ ਦੇ ਦੌਰਾਨ ਅਤੇ ਸੇਵਾ ਵਿਚ ਆਉਣ ਤੋਂ ਪਹਿਲਾਂ ਦੀ ਸਿਖਲਾਈ ਵਿਚ ਤਾਲ ਮੇਲ ਰਖਣ ਲਈ, ਇਕ 'ਰਾਜ ਸਿਖਿਆ ਖੋਜ ਅਤੇ ਸਿਖਲਾਈ ਕੌਂਸਲ' ਸਥਾਪਤ ਕੀਤੀ ਜਾਵੇਗੀ।

ਹੁਣ ਮੈਂ ਮਾਨਯੋਗ ਮੈਂਬਰਾਂ ਨੂੰ ਉਨ੍ਹਾਂ ਵੱਖ ਵੱਖ ਵਿਭਾਗਾਂ/ਸੈਕਟਰਾਂ, ਜਿਨ੍ਹਾਂ ਰਾਹੀਂ ਸਰਕਾਰ ਦਾ ਕੰਮ ਚਲਦਾ ਹੈ ਦੇ ਪ੍ਰਮੁਖ ਪਹਿਲੂਆਂ, ਉਨ੍ਹਾਂ ਸਬੰਧੀ ਸਕੀਮਾਂ ਅਤੇ ਉਨ੍ਹਾਂ ਪ੍ਰੋਗਰਾਮਾਂ ਤੋਂ ਜਾਣੂ ਕਰਵਾਉਂਦਾ ਹਾਂ , ਜਿਨ੍ਹਾਂ ਨੂੰ ਕਿ ਸਾਲ 1980-81 ਦੇ ਦੌਰਾਨ ਲਾਗੂ ਕੀਤੇ ਜਾਣ ਦੀ ਤਜਵੀਜ਼ ਹੈ।

ਖੇਤੀਬਾੜੀ

ਰਾਜ ਦੀ ਅਰਥ ਵਿਵਸਥਾ ਮੁੱਖ ਤੌਰ ਤੇ ਖੇਤੀਬਾੜੀ ਤੇ ਆਧਾਰਿਤ ਹੈ । ਇਹ ਜਾਣ ਕੇ ਨਿਰਾਸ਼ਾ ਹੁੰਦੀ ਹੈ ਕਿ ਖੇਤੀਬਾੜੀ ਉਤਪਾਦਨ ਵਿਚ 1975-76 ਤੋਂ ਚਲੀ ਆਉਂਦੀ ਪ੍ਰਗਤੀ ਵਿਚ 1979-80 ਵਿਚ ਰੁਕਾਵਟ ਪੈ ਗਈ ਅਤੇ ਖੇਤੀਬਾੜੀ ਉਤਪਾਦਨ ਵਿਚ ਕੋਈ ਵਾਧਾ ਨਹੀਂ ਹੋਇਆ। ਨਵੀਂ ਸਰਕਾਰ ਰੁਕੇ ਹੋਏ ਖੇਤੀਬਾੜੀ ਉਤਪਾਦਨ ਦੀ ਗੰਭੀਰ ਸਮੱਸਿਆ ਤੋਂ ਪੂਰੀ ਸੁਚੇਤ ਹੈ ਅਤੇ ਉਤਪਾਦਨ ਦੇ ਪਹਿਲੇ ਚਲੇ ਆਉਂਦੇ ਝੁਕਾ ਨੂੰ ਕਾਇਮ ਰੱਖਣ ਲਈ ਹਰ ਸੰਭਵ ਯਤਨ ਕਰੇਗੀ। ਭਾਰਤ ਸਰਕਾਰ ਦੁਆਰਾ ਖਾਦ ਅਤੇ ਡੀਜ਼ਲ ਦੀਆਂ ਹੁਣੇ ਜਿਹੇ ਵਧਾਈਆਂ ਕੀਮਤਾਂ ਤੇ ਵੀ ਸਰਕਾਰ ਚਿੰਤਿਤ ਹੈ ਅਤੇ ਰਾਜ ਦੇ ਕਿਸਾਨਾਂ ਦੀ ਵਾਜਬ ਹਾਨ-ਪੂਰਤੀ ਲਈ ਸੱਚੇ ਦਿਲੋਂ ਯਤਨ ਕਰੇਗੀ ।

ਪਿਛਲੀ ਸਰਕਾਰ ਨੇ ਵਿੱਤ ਮੰਤਰੀ ਦੇ ਸਾਲ 1979-80 ਦੇ ਬਜਟ-ਭਾਸ਼ਣ ਵਿਚ ਖੇਤੀਬਾੜੀ ਦੀਆਂ ਵਸਤਾਂ ਦੀ ਬਰਾਮਦ ਨੂੰ ਹਲਾ ਸ਼ੇਰੀ ਦੇ ਕੇ ਖੇਤੀਬਾੜੀ ਨੂੰ ਬਹੁਪੱਖੀ ਬਣਾਉਣ ਦੇ ਪ੍ਰੋਗਰਾਮ ਦਾ ਬਾਫੀ ਸ਼ੋਰ ਸ਼ੁਰੂ ਨਾਲ ਐਲਾਨ ਕੀਤਾ ਸੀ ਅਤੇ ਇਹ ਵੀ ਵਾਅਦਾ ਕੀਤਾ ਸੀ ਕਿ ਇਸ ਮੰਤਵ ਲਈ ਸਹਿਕਾਰਤਾਵਾਂ ਅਤੇ ਰਾਜ ਕਾਰਪੋਰੇਸ਼ਨਾਂ ਨੂੰ ਬਰਾਮਦ ਪ੍ਰੋਤਸਾਹਨ ਦੇਣ ਵਾਸਤੇ 5.00 ਕਰੋੜ ਰੁਪਏ ਮੁਹਈਆ ਕੀਤੇ ਜਾਣਗੇ। ਮਾਨਯੋਗ ਮੈਂਬਰ ਇਹ ਜਾਣ ਕੇ ਹੈਰਾਨ ਹੋਣਗੇ ਕਿ 2 ਲੱਖ ਰੁਪਏ ਦੇ ਨਾਂ ਮਾਤਰ ਉਪਬੰਧ ਤੋਂ ਸਿਵਾ ਹੋਰ ਕੋਈ ਲਿਗਭ ਕਦਮ ਨਹੀਂ ਚੁਕੇ ਗਏ । ਮੌਜੂਦਾ ਸਰਕਾਰ ਇਸ ਤਰ੍ਹਾਂ ਦੇ ਥੋਥੇ ਵਾਅਦੇ ਕਰਨ ਵਿਚ ਵਿਸ਼ਵਾਸ ਨਹੀਂ ਰੱਖਦੀ ।

ਸਾਲ 1980-81 ਵਿਚ ਅਸੀਂ, ਜ਼ਰੂਰੀ ਵਸਤਾਂ ਜਿਵੇਂ ਕਿ ਬਿਜਲੀ, ਸਿੰਜਾਈ ਸਹੂਲਤਾਂ, ਖਾਦ, ਕਿਰਮਨਾਸ਼ਕ ਦਵਾਈਆਂ ਕੱਖ ਮਾਰ ਦਵਾਈਆਂ ਅਤੇ ਕੀੜੇ ਮਾਰ ਦਵਾਈਆਂ ਆਦਿ ਦੀ ਪ੍ਰਾਪਤੀ ਨੂੰ ਸੁਲੱਭ ਅਤੇ ਯਕੀਨੀ ਬਣਾਉਣ ਲਈ , ਪੂਰਾ ਯਤਨ ਕਰਾਂਗੇ । ਕੱਲਰ ਅਤੇ ਸ਼ੋਰੇ ਵਾਲੀਆਂ ਜ਼ਮੀਨਾਂ ਦੇ ਸੁਧਾਰ ਦੇ ਪ੍ਰੋਗਰਾਮ ਨੂੰ ਵੀ ਤੇਜ਼ ਕੀਤਾ ਜਾਵੇਗਾ ਅਤੇ ਅਸੀਂ ਯਤਨ ਕਰਾਂਗੇ ਕਿ ਅਜਿਹੀਆਂ ਜ਼ਮੀਨਾਂ ਨੂੰ ਲਗ ਭਗ ਪੰਜ ਸਾਲ ਦੇ ਸਮੇਂ ਵਿਚ ਪੂਰੀ ਤਰ੍ਹਾਂ ਸੁਧਾਰ ਦਿੱਤਾ ਜਾਵੇ। ਇਸ ਮੰਤਵ ਲਈ ਸਾਲ 1980-81 ਦੇ ਬਜਟ ਅਨੁਮਾਨਾਂ ਵਿਚ 4.42 ਕਰੋੜ ਰੁਪਏ ਦਾ ਖਰਚ ਤਜਵੀਜ਼ ਕੀਤਾ ਜਾ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

ਖੇਤੀਬਾੜੀ ਦੇ ਖੇਤਰ ਵਿਚ ਹੋਰ ਵਿਸ਼ੇਸ਼ ਗੱਲ ਸਹਿਕਾਰੀ ਸੰਸਥਾਵਾਂ, ਕਮਰਸ਼ਲ ਬੈਂਕਾਂ ਅਤੇ ਈ. ਆਰ. ਡੀ. ਸੀ. ਦੇ ਜਾਲ ਰਾਹੀਂ ਵਧੇਰਾ ਕਰਜ਼ਾ ਉਪਲਭਧ ਕਰਨਾ ਹੈ। ਸਾਡੀ ਸਰਕਾਰ ਦਾ ਇਹ ਯਤਨ ਹੋਵੇਗਾ ਕਿ ਇਨ੍ਹਾਂ ਸੰਸਥਾਵਾਂ ਰਾਹੀਂ ਖੇਤੀਬਾੜੀ ਦੇ ਖੇਤਰ ਲਈ ਤੇਜ਼ੀ ਨਾਲ ਕਰਜ਼ਿਆਂ ਦੀ ਪ੍ਰਾਪਤੀ ਨੂੰ ਉਤਸਾਹਤ ਕੀਤਾ ਜਾਵੇ।

ਸਾਲ 1979-80 ਦੇ ਦੌਰਾਨ 16.16 ਕਰੋੜ ਰੁਪਏ ਦੇ ਪੂਰਵ ਅਨੁਮਾਨਤ ਖ਼ਰਚੇ ਦੇ ਮੁਕਾਬਲੇ ਤੇ ਖੇਤੀਬਾੜੀ ਲਈ ਸਾਲ 1980-81 ਲਈ 23.65 ਕਰੋੜ ਰੁਪਏ ਦੇ ਯੋਜਨਾਗਤ ਖ਼ਰਚ ਦੀ ਤਜਵੀਜ਼ ਕੀਤੀ ਗਈ ਹੈ। ਇਹ ਪਿਛਲੇ ਸਾਲ ਤੋਂ 46.35 % ਵੱਧ ਹੈ।

ਬਾਗਬਾਨੀ

ਖੇਤੀਬਾੜੀ ਨੂੰ ਬਹੁ ਪੱਖੀ ਬਣਾਉਣ ਲਈ, ਰਾਜ ਸਰਕਾਰ ਨੇ ਇਕ ਵੱਖਰਾ ਬਾਗ਼ਬਾਨੀ ਡਾਇਰੈਕਟੋਰੇਟ ਸਥਾਪਤ ਕਰ ਦਿੱਤਾ ਹੈ। ਰਾਜ ਵਿਚ ਬਾਗਬਾਨੀ ਦੇ ਵਿਕਾਸ ਲਈ ਖੇਤਰ ਯੋਜਨਾਬੰਦੀ ਅਪਣਾਈ ਜਾ ਰਹੀ ਹੈ ਅਤੇ ਸ਼ੁਰੂ ਵਿਚ ਇਸ ਕਾਰਜ ਨੂੰ ਨੀਮ-ਪਹਾੜੀ ਇਲਾਕਿਆਂ ਵਿਚ, ਜੋ ਕਿ ਬਾਗਬਾਨੀ ਲਈ ਆਦਰਸ਼ਕ ਸਮਝੇ ਜਾਂਦੇ ਹਨ, ਕੇਂਦ੍ਰਿਤ ਕੀਤਾ ਜਾਵੇਗਾ। ਇਸ ਸਬੰਧੀ ਇਕ ਸੰਗਠਤ ਪ੍ਰਾਜੈਕਟ ਤਿਆਰ ਕੀਤਾ ਜਾ ਰਿਹਾ ਹੈ ਜਿਸ ਲਈ ਵਿੱਤੀ ਸਹਾਇਤਾ ਏ. ਆਰ. ਡੀ. ਸੀ. ਤੋਂ ਲਈ ਜਾਵੇਗੀ। ਸਾਲ 1980-81 ਦੌਰਾਨ, 3000 ਹੈਕਟੇਅਰ ਹੋਰ ਖੇਤਰ ਵਿਚ ਫਲਾਂ ਦੇ ਬੂਟੇ ਲਗਾਏ ਜਾਣਗੇ। ਬਾਗਬਾਨੀ ਦੇ ਵਿਕਾਸ ਸਬੰਧੀ ਲੋੜੀਂਦਾ ਬੁਨਿਆਦੀ ਢਾਂਚਾ ਕਾਇਮ ਕਰਨ ਲਈ ਨਰਸਰੀਆਂ ਅਤੇ ਵਿਸ਼ੇਸ਼ ਕਿਸਮ ਦੇ ਫਲਦਾਰ ਬੂਟਿਆਂ ਦੇ ਬਾਗ਼ ਲਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਸਾਲ 1979-80 ਦੇ ਦੌਰਾਨ, 0.24 ਕਰੋੜ ਰੁਪਏ ਦੇ ਮੁਕਾਬਲੇ ਤੇ ਸਾਲ 1980-81 ਵਿਚ ਬਾਗਬਾਨੀ ਲਈ 1.05 ਕਰੋੜ ਰੁਪਏ ਦੀ ਯੋਜਨਾਗਤ ਖਰਚ ਕਰਨ ਦੀ ਤਜਵੀਜ਼ ਕੀਤੀ ਜਾ ਰਹੀ ਹੈ।

ਪਸ਼ੂ-ਪਾਲਣ

ਪੰਜਾਬ ਵਿਚ ਹਰਾ ਇਨਕਲਾਬ ਲਿਆਉਣ ਉਪਰੰਤ, ਕਾਂਗਰਸ ਸਰਕਾਰ ਨੇ ਰਾਜ ਲਈ ਸਫ਼ੈਦ ਇਨਕਲਾਬ ਦੀ ਯੋਜਨਾ ਬਣਾਈ ਸੀ। ਅੱਪਰ, ਪਿਛਲੀ ਅਕਾਲੀ ਜਨਤਾ ਸਰਕਾਰ ਨੇ ਪਸ਼ੂ ਪਾਲਣ ਅਤੇ ਡੇਅਰੀ ਉਦਯੋਗ ਸਬੰਧੀ ਇਕ ਵੇਲਾ ਟਪਾਊ ਰਵੱਈਆ ਅਪਣਾਇਆ ਸੀ। ਵਧੇਰੇ ਦੁੱਧ ਉਤਪਾਦਨ ਲਈ ਮੂਲ ਬੁਨਿਆਦੀ ਢਾਂਚੇ ਦਾ ਉਪਬੰਧ ਕਰਨ ਦੀ ਥਾਂ, ਉਨ੍ਹਾਂ ਨੇ ਕੁਝ ਕੁ ਵਿਅਕਤੀਆਂ ਨੂੰ ਲਾਭ ਪਹੁੰਚਾਉਣ ਤੇ ਹੀ ਜ਼ੋਰ ਦੇਣਾ ਸ਼ੁਰੂ ਕਰ ਦਿਤਾ। ਵਿਸਤ੍ਰਿਤ ਸਿਹਤ ਸਹੂਲਤਾਂ ਮੁਹੱਈਆ ਕਰਨ ਦੇ ਪ੍ਰੋਗਰਾਮ ਦੇ ਨਾਲ ਨਾਲ ਰਾਜ ਦੇ ਪਸ਼ੂ ਧਨ ਵਿਚ ਵਾਧਾ ਕਰਨ ਦਾ ਪ੍ਰੋਗਰਾਮ ਲਗ ਭਗ ਤਿਆਗ ਹੀ ਦਿਤਾ ਗਿਆ ਸੀ। ਦੋਗਲਾਕਰਣ ਪ੍ਰੋਗਰਾਮ ਵਿਚ ਨਿੱਗਰ ਤੇਜ਼ੀ ਲਿਆਉਣ ਦੀ ਸਾਡੀ ਤਜਵੀਜ਼ ਹੈ। ਜਿਵੇਂ ਕਿ ਮੈਂ ਪਹਿਲਾਂ ਦੱਸ ਚੁਕਾ ਹਾਂ, ਡੰਗਰਾਂ ਦੇ ਹਸਪਤਾਲਾਂ ਦੇ ਰੂਪ ਵਿਚ ਵਿਸਤ੍ਰਿਤ ਸਿਹਤ ਸਹੂਲਤਾਂ ਮੁਹੱਈਆ ਕਰਨ ਦੀ ਵੀ ਤਜਵੀਜ਼ ਕੀਤੀ ਗਈ ਹੈ ਤਾਂ ਕਿ ਕਿਸਾਨਾਂ ਨੂੰ ਆਪਣੇ ਘਰ ਦੇ ਨੇੜੇ ਹੀ ਡੰਗਰਾਂ ਦੇ ਇਲਾਜ ਦੀ ਸੇਵਾ ਪ੍ਰਾਪਤ ਹੋ ਸਕੇ।

ਚਾਰੇ ਦਾ ਉਤਪਾਦਨ, ਇਕ ਹੋਰ ਅਜਿਹਾ ਖੇਤਰ ਹੈ, ਜਿਸ ਵਲ ਫੌਰੀ ਧਿਆਨ ਦੇਣ ਦੀ ਲੋੜ ਹੈ। ਇਸ ਲਈ ਪਸ਼ੂ ਪਾਲਣ ਦੇ ਖੇਤਰ ਵਿਚ ਸਰਕਾਰ ਤਿੰਨ ਪੱਖੀ ਵਿਕਾਸ ਨੀਤੀ ਅਰਥਾਤ ਦੋਗਲਾ-ਕਰਣ ਪ੍ਰੋਗਰਾਮ ਵਿਚ ਤੇਜ਼ੀ ਲਿਆ ਕੇ ਪਸ਼ੂ ਧਨ ਦਾ ਵਿਕਾਸ ਕਰਨਾ, ਚਲਦੀਆਂ ਫਿਰਦੀਆਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਡਿਸਪੈਂਸਰੀਆਂ ਅਤੇ ਹੋਰ ਪਸ਼ੂਆਂ ਲਈ ਡਿਸਪੈਂਸਰੀਆਂ ਸਥਾਪਿਤ ਕਰ ਕੇ ਵਿਸਤ੍ਰਿਤ ਸਿਹਤ ਸਹੂਲਤਾਂ ਮੁਹੱਈਆ ਕਰਨ ਅਤੇ ਚਾਰੇ ਉਤਪਾਦਨ ਵਿਚ ਵਾਧਾ ਕਰਨ, ਸ਼ੁਰੂ ਕਰਨ ਦਾ ਇਰਾਦਾ ਰੱਖਦੀ ਹੈ। ਸਾਲ 1980-81 ਦੌਰਾਨ ਪਸ਼ੂਆਂ ਦੀ ਖੁਰਾਕ ਤਿਆਰ ਕਰਨ ਵਾਲੀ ਇਕ ਨਵੀਂ ਫੈਕਟਰੀ ਸਥਾਪਤ ਕਰਨ ਦੀ ਤਜਵੀਜ਼ ਹੈ। ਇਸ ਮੰਤਵ ਲਈ 2.00 ਲੱਖ ਰੁਪਏ ਖ਼ਰਚ ਕਰਨ ਦੀ ਤਜਵੀਜ਼ ਕੀਤੀ ਜਾ ਰਹੀ ਹੈ।

ਸਾਲ 1980-81 ਵਿਚ ਪਸ਼ੂ-ਪਾਲਣ ਲਈ 2.82 ਕਰੋੜ ਰੁਪਏ ਦੇ ਯੋਜਨਾਗਤ ਖਰਚ ਦੀ ਤਜਵੀਜ਼ ਕੀਤੀ ਜਾ ਰਹੀ ਹੈ।

ਡੇਅਰੀ-ਉਦਯੋਗ

ਡੇਅਰੀ ਵਿਕਾਸ, ਖੇਤੀਬਾੜੀ ਨੂੰ ਬਹੁਪੱਖੀ ਬਣਾਉਣ ਲਈ ਸਰਕਾਰ ਦੀ ਨੀਤੀ ਦਾ ਇਕ ਮਹੱਤਵਪੂਰਨ ਪਹਿਲ ਹੈ। ਡੇਅਰੀ ਪ੍ਰੋਗਰਾਮਾਂ ਦਾ ਨਿਸ਼ਾਨਾ ਦੁਧ ਉਤਪਾਦਕਾਂ ਨੂੰ ਲਾਹੇਵੰਦ ਕੀਮਤ ਤੇ ਕਾਫ਼ੀ ਅਤੇ ਯਕੀਨੀ ਮੰਡੀਕਰਣ ਸਹੂਲਤਾਂ ਉਪਲਬਧ ਕਰਨਾ ਹੈ। ਇਸ ਮਨੋਰਥ ਦੀ ਪ੍ਰਾਪਤੀ ਸਹਕਾਰੀ, ਨਿੱਜੀ ਅਤੇ ਸਹਿਕਾਰੀ ਖੇਤਰਾਂ ਵਿਚ ਦੁਧ ਪਲਾਂਟਾਂ ਦੇ ਜਾਲ ਰਾਹੀਂ ਅਤੇ ਰਾਜ ਵਿਚ ਵਿਸ਼ੇਸ਼ ਕਰ-ਕੇ ਪੱਛੜੇ ਇਲਾਕਿਆਂ ਵਿਚ ਬਹੁਤ ਸਾਰੇ ਦੁੱਧ ਸ਼ੀਤਕਰਣ ਅਤੇ ਪ੍ਰਦਰਸ਼ਨ ਕੇਂਦਰ ਖੋਲ੍ਹ ਕੇ ਕੀਤੀ ਜਾ ਰਹੀ ਹੈ। ਦੁੱਧ ਦੀ ਬਹੁਲਤਾ ਦੇ ਦਿਨਾਂ ਦੇ ਦੌਰਾਨ, ਦੁੱਧ ਉਤਪਾਦਕਾਂ ਨੂੰ ਦੁੱਧ ਦਾ ਚੰਗਾ ਮੁਲ ਦੁਆਉਣ ਲਈ ਉਚਿਤ ਮੰਡੀਕਰਣ ਸਹੂਲਤਾਂ ਮੁਹੱਈਆ ਕਰਨ ਦੀ ਸਮੱਸਿਆ ਪ੍ਰਤੀ ਸਰਕਾਰ ਚੰਗੀ ਤਰ੍ਹਾਂ ਸੁਚੇਤ ਹੈ। ਦੁੱਧ ਪ੍ਰਾਸੈਸਿੰਗ ਸਮਰਥਾ ਨੂੰ ਵਧਾਉਣ ਅਤੇ ਮੌਜੂਦਾ ਸਮਰਥਾ ਦੀ ਵਧੇਰੇ ਚੰਗੀ ਵਰਤੋਂ ਕਰਨ ਲਈ, ਯੋਗ ਉਪਰਾਲੇ ਕੀਤੇ ਜਾਣਗੇ। ਗੁਰਦਾਸਪਰ ਵਿਖੇ ਇਕ ਨਵਾਂ ਦੁੱਧ ਪਲਾਂਟ ਸਥਾਪਤ ਕਰਨ ਦੀ ਤਜਵੀਜ਼ ਹੈ, (ਥੰਪਿੰਗ) ਜਿਸ ਵਾਸਤੇ ਸਾਲ 1980-81 ਲਈ 10.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਡੇਅਰੀ ਵਿਕਾਸ ਲਈ ਯੋਜਨਾਗਤ ਖ਼ਰਚ ਸਾਲ 1979-80 ਦੇ 42.00 ਲੱਖ ਰੁਪਏ ਤੋਂ ਵਧਾ ਕੇ 1980-81 ਵਾਸਤੇ 72.00 ਲੱਖ ਰੁਪਏ ਕਰ ਦਿਤਾ ਗਿਆ ਹੈ। (ਥੰਪਿੰਗ)

ਭੋਂ-ਸੁਰੱਖਿਆ

ਭੋਂ ਸੁਰੱਖਿਆ ਦੇ ਖੇਤਰ ਵਿਚ ਕੰਢੀ ਦੇ ਇਲਾਕਿਆਂ ਵਿਚ ਵਧੇਰੇ ਜ਼ੋਰ ਭੋਂ ਸੁਧਾਰ ਉਤੇ ਹੈ। ਵਿਸ਼ਵ ਬੈਂਕ ਨੇ ਕੰਡੀ ਦੇ ਇਲਾਕਿਆਂ ਦੇ ਵਾਟਰ ਸ਼ੈਡ ਪ੍ਰਾਜੈਕਟ ਜੋ ਪਿਛਲੀ ਸਰਕਾਰ ਦੁਆਰਾ ਬਣਾਇਆ ਗਿਆ ਸੀ, ਦੀ ਸਹਾਇਤਾ ਕੀਤੀ, ਉਹ ਕੇਵਲ ਕਾਗਜ਼ਾਂ ਤਕ ਹੀ ਸੀਮਤ ਰਿਹਾ। ਮਾਨ-ਯੋਗ ਮੈਂਬਰਾਂ ਨੂੰ ਇਹ ਦੱਸਣ ਲਗਿਆਂ ਮੈਨੂੰ ਖੁਸ਼ੀ ਹੁੰਦੀ ਹੈ ਕਿ ਇਸ ਪ੍ਰਾਜੈਕਟ ਨੂੰ, ਜਿਸ ਤੇ 52.00 ਕਰੋੜ ਰੁਪਏ ਤੋਂ ਵੱਧ ਖਰਚ ਹੋਣੇ ਹਨ, ਨਵੀਂ ਸਰਕਾਰ ਨੇ ਅੰਤਮ ਤੌਰ ਤੇ ਪਵਰਾਨਗੀ ਦੇ ਦਿੱਤੀ ਹੈ, (ਥੰਪਿੰਗ) ਅਤੇ ਇਸ ਨੂੰ ਨੇਪਰੇ ਚੜ੍ਹਾਉਣ ਲਈ ਕੰਮ ਜ਼ੋਰ ਸ਼ੋਰ ਨਾਲ ਚਾਲੂ ਸਾਲ ਵਿਚ ਆਰੰਭ ਕੀਤਾ ਜਾਵੇਗਾ।

ਸਾਲ 1980-81 ਦੇ ਦੌਰਾਨ 12,000 ਹੈਕਟੇਅਰ ਨੂੰ ਭੋਂ ਸੁਰੱਖਿਆ ਅਧੀਨ ਲਿਆਂਦਾ ਜਾਵੇਗਾ, ਜਦੋਂ ਕਿ ਸਾਲ 1979-80 ਦੇ ਦੌਰਾਨ 9,000 ਹੈਕਟੇਅਰ ਭੋਂ ਇਸ ਸਕੀਮ ਅਧੀਨ ਲਿਆਂਦੀ ਗਈ ਸੀ। ਸਾਲ 1979-80 ਵਿਚ ਭੋਂ ਸੁਰੱਖਿਆ ਲਈ ਯੋਜਨਾ ਖ਼ਰਚ 2.61 ਕਰੋੜ ਰੁਪਏ ਸੀ ਜਿਸ ਨੂੰ ਸਾਲ 1980-81 ਵਿਚ ਵਧਾ ਕੇ 3.40 ਕਰੋੜ ਰੁਪਏ ਕੀਤਾ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਸੰਗਠਨ ਦਿਹਾਤੀ ਵਿਕਾਸ ਪ੍ਰੋਗਰਾਮ

ਪਿਛਲੀ ਸਰਕਾਰ ਨੇ ਸੰਗਠਤ ਦਿਹਾਤੀ ਵਿਕਾਸ ਪ੍ਰੋਗਰਾਮ ਬੜੇ ਜ਼ੋਰ ਸ਼ੋਰ ਨਾਲ ਚਾਲੂ ਕੀਤਾ ਸੀ। ਇਸ ਪ੍ਰੋਗਰਾਮ ਅਧੀਨ 1977-78 ਤੋਂ ਅਗਲੇ ਪੰਜ ਸਾਲਾਂ ਵਿਚ 302.00 ਕਰੋੜ ਰੁਪਏ ਖ਼ਰਚੇ ਜਾਣ ਦੀ ਤਜਵੀਜ਼ ਸੀ। ਬੜੇ ਦੁਖ ਦੀ ਗੱਲ ਹੈ ਕਿ ਇਹ ਕਥਿਤ ਸੰਗਠਤ ਦਿਹਾਤੀ ਵਿਕਾਸ ਪ੍ਰੋਗਰਾਮ ਪਿੰਡਾਂ ਵਿਚ ਉਪਦਾਨ ਦੀ ਵੰਡ ਦੇ ਪ੍ਰੋਗਰਾਮ ਵਿਚ ਵਿਗੜ ਕੇ ਰਹਿ ਗਏ, ਜਿਨ੍ਹਾਂ ਦੀ ਚੋਣ ਦਾ ਆਧਾਰ ਸਮਾਜ ਆਰਥਕ ਨਹੀਂ ਸੀ ਬਲਕਿ ਇਨ੍ਹਾਂ ਦਾ ਆਧਾਰ ਉਸ ਸਮੇਂ ਦੇ ਬਾ-ਰਸੂਖ ਸਿਆਸਤਦਾਨਾਂ ਦੁਆਰਾ ਵਰਤੀ ਜਾਂਦੀ ਖਿਚੋਤਾਣ ਅਤੇ ਦਬਾਅ ਸੀ। ਇਸ ਪ੍ਰੋਗਰਾਮ ਦੇ ਲਾਗੂ ਕਰਨ ਬਾਰੇ ਮੈਨੂੰ ਹੋਰ ਕੁੱਝ ਕਹਿਣ ਦੀ ਲੋੜ ਨਹੀਂ। ਪਿਛਲੀ ਸਰਕਾਰ ਸਹਿਕਾਰੀ ਸੰਸਥਾਵਾਂ ਤੋਂ ਸਿਵਾ, ਹਰ ਸੰਸਥਾਈ ਵਿੱਤ ਨਾ-ਮਾਤਰ ਹੀ ਪ੍ਰਾਪਤ ਕਰ ਸਕੀ ਸੀ ਅਤੇ ਜੋ ਵੀ ਉਚੇ ਟੀਚਿਆਂ ਤੇ ਖਰਚ ਕੀਤਾ ਗਿਆ ਹੈ, ਉਹ ਰਾਜ ਦੇ ਖਜ਼ਾਨੇ ਤੋਂ ਹੀ ਗਿਆ ਹੈ। ਉਤਪਾਦਨ ਨੂੰ ਦੁਗਣਾ ਕਰਨ ਅਤੇ ਦਿਹਾਤੀਆਂ ਨੂੰ ਲਾਭਦਾਇਕ ਮੌਕੇ ਮੁਹੱਈਆ ਕਰਨ ਦੇ ਅਸਲੀ ਟੀਚਿਆਂ ਸਬੰਧੀ ਜਿੰਨਾਂ ਘੱਟ ਕਿਹਾ ਜਾਵੇ, ਉਨਾ ਹੀ ਠੀਕ ਹੈ। ਕਿਸੇ ਆਰਥਕ ਵਿਕਾਸ ਵਿਚ ਕੋਈ ਠੋਸ ਤੇਜ਼ੀ ਲਿਆਉਣ ਦੀ ਬਜਾਏ ਇਹ ਪ੍ਰੋਗਰਾਮ ਕੇਵਲ ਸਹੂਲਤਾਂ ਦੇਣ ਦੇ ਸਾਧਨ ਬਣ ਕੇ ਰਹਿ ਗਏ।

ਸਮੂਹਿਕ ਵਿਕਾਸ ਅਤੇ ਪੰਚਾਇਤਾਂ

ਪੰਚਾਇਤਾਂ ਬੁਨਿਆਦੀ ਪੱਧਰ ਤੇ ਜਮਹੂਰੀਅਤ ਦੇ ਪ੍ਰਸ਼ਾਸਕੀ ਧੁਰੇ ਹੁੰਦੇ ਹਨ। ਇਹ ਬਦ-ਕਿਸਮਤੀ ਵਾਲੀ ਗੱਲ ਹੈ ਕਿ ਪਿਛਲੀ ਸਰਕਾਰ ਨੇ ਪੇਂਡੂ ਗ੍ਰਾਮ ਪੰਚਾਇਤਾਂ ਨੂੰ ਦਿਹਾਤੀ ਖੇਤਰ ਦੇ ਸਮਾਜ ਆਰਥਕ ਵਿਕਾਸ ਦੀ ਕ੍ਰਿਆਸ਼ੀਲ ਏਜੰਸੀ ਬਣਾਉਣ ਲਈ ਕੋਈ ਯਤਨ ਨਹੀਂ ਕੀਤਾ। ਦੂਜੇ ਪਾਸੇ ਕਾਂਗਰਸ ਸਰਕਾਰ ਦੁਆਰਾ ਚਾਲੂ ਕੀਤੇ ਪ੍ਰੋਗਰਾਮਾਂ ਨੂੰ ਤਿਲਾਂਜਲੀ ਦੇ ਦਿੱਤੀ ਸੀ। ਇਸ ਖੇਤਰ ਵਿਚ ਸਾਡੀ ਸਰਕਾਰ ਨੇ ਉਥੋਂ ਕਾਰਜ ਅਰੰਭਣਾ ਹੈ, ਜਿਥੇ ਕਿ ਅਸੀਂ ਸਾਲ 1977 ਵਿਚ ਛੱਡਿਆ ਸੀ।

ਪਿੰਡਾਂ ਦੀਆਂ ਗਲੀਆਂ ਤੇ ਨਾਲੀਆਂ ਪੱਕੀਆਂ ਕਰਨਾ ਅਤੇ ਸਰਾਵਾਂ/ਜੰਞ-ਘਰ ਬਣਾਉਣ ਸਬੰਧੀ ਨਵੀਆਂ ਸਕੀਮਾਂ ਲਾਗੂ ਕਰਨ ਤੋਂ ਇਲਾਵਾ ਜਿਨ੍ਹਾਂ, ਬਾਰੇ ਕਿ ਮੈਂ ਮਾਨਯੋਗ ਮੈਂਬਰਾਂ ਨੂੰ ਪਹਿਲਾਂ ਹੀ ਸੂਚਿਤ ਕਰ ਚੁਕਾ ਹਾਂ, ਪੰਚਾਇਤਾਂ ਦੀ ਮਾਲੀ ਹਾਲਤ ਨੂੰ ਸੁਧਾਰਨ ਲਈ ਆਮਦਨ ਦੇਣ ਵਾਲੀਆਂ ਸਕੀਮਾਂ ਨੂੰ ਬਹੁਤ ਉਤਸ਼ਾਹ ਦਿੱਤਾ ਜਾ ਰਿਹਾ ਹੈ। ਅਜਿਹੀਆਂ ਸਕੀਮਾਂ ਵਿਚ ਵੱਡੇ ਪੈਮਾਨੇ ਤੇ ਰੁਪਿਆ ਲਾਉਣ ਲਈ ਸੰਸਥਾਈ ਵਿੱਤ ਮੁਹੱਈਆ ਕਰਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਮੰਤਵ ਲਈ 42.80 ਲੱਖ ਰੁਪਏ ਦੀ ਰਕਮ ਨਿਸ਼ਚਿਤ ਕੀਤੀ ਗਈ ਹੈ, ਜਿਸ ਦੀ ਵਰਤੋਂ ਮੁੱਖ ਤੌਰ ਤੇ ਸੰਸ-ਥਾਈ ਵਿੱਤ ਦੀ ਬਹੁਤ ਵੱਡੀ ਰਕਮ ਪ੍ਰਾਪਤ ਕਰਨ ਲਈ ਵਿਆਜ ਸਬਸਿਡੀ ਅਤੇ ਸੀਮਾਂਤ ਧਨ ਜ਼ਰੂਰਤਾਂ ਮੁਹੱਈਆ ਕਰਨ ਲਈ ਕੀਤੀ ਜਾਵੇਗੀ। (ਥੰਪਿੰਗ)

ਰਾਜ ਦੇ ਸਿਲਸਿਲੇਵਾਰ ਵਿਕਾਸ ਲਈ ਸਥਾਨਕ ਸਾਧਨਾਂ ਨੂੰ ਪ੍ਰਵਾਹ ਬੱਧ ਕਰਨ ਲਈ ਸਰਕਾਰ ਵਲੋਂ 10,000 ਰੁਪਏ ਤੋਂ ਵੱਧ ਆਮਦਨ ਵਾਲੀਆਂ ਸਾਰੀਆਂ ਪੰਚਾਇਤਾਂ ਨੂੰ ਇਹ ਹਦਾਇਤ ਕਰਨ ਦੀ ਤਜਵੀਜ਼ ਹੈ ਕਿ ਉਹ ਅਜਿਹੀਆਂ ਵਿਕਾਸ ਯੋਜਨਾਵਾਂ ਤਿਆਰ ਕਰਨ, ਜਿਨ੍ਹਾਂ ਨੂੰ ਪਹਿਲਾਂ ਜ਼ਿਲ੍ਹਾ ਯੋਜ-ਨਾਵਾਂ ਅਤੇ ਅੰਤਮ ਤੌਰ ਤੇ ਰਾਜ ਯੋਜਨਾਵਾਂ ਨਾਲ ਜੋੜਿਆ ਜਾ ਸਕੇ। ਸਮੂਹਕ ਵਿਕਾਸ ਲਈ ਯੋਜਨਾ ਖਰਚ ਸਾਲ 1979-80 ਵਿਚ 5.36 ਕਰੋੜ ਰਪਏ ਤੋਂ ਵਧਾ ਕੇ ਸਾਲ 1980-81 ਲਈ 8.65 ਕਰੋੜ ਰੁਪਏ ਕੀਤਾ ਜਾ ਰਿਹਾ ਹੈ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਹਿਕਾਰਤਾ

ਵੱਖ ਵੱਖ ਖੇਤੀ ਵਿਕਾਸ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆਉਣ ਲਈ ਸਹਿਕਾਰੀ ਖੇਤਰ, ਇਕ ਮਹੱਤਵ ਪੂਰਣ ਹਿੱਸਾ ਪਾਉਂਦਾ ਹੈ। ਸਹਿਕਾਰੀ ਸੰਸਥਾਵਾਂ ਦਾ ਜਾਲ, ਖੇਤੀ ਖੇਤਰ ਦੀਆਂ ਕਰਜ਼ਾ ਲੋੜਾਂ ਦੀ ਚੋਖ ਭਾਲ ਕਰਦਾ ਹੈ। ਰਾਜ ਦੀਆਂ ਸਹਿਕਾਰੀ ਸੰਸਥਾਵਾਂ ਵਲੋਂ ਦਿਤੇ ਥੋੜ੍ਹੇ, ਦਰਮਿਆਨੇ ਅਤੇ ਲੰਮੇ ਸਮੇਂ ਦੇ ਕਰਜ਼ਿਆਂ ਦੀ ਕੁਲ ਰਕਮ ਸਾਲ 1979-80 ਦੇ ਅੰਤ ਵਿਚ 150 ਕਰੋੜ ਰੁਪਏ ਸੀ। ਸਾਲ 1980-81 ਦੇ ਦੌਰਾਨ, ਇਨ੍ਹਾਂ ਕਰਜ਼ਿਆਂ ਨੂੰ ਵਧਾ ਕੇ 185 ਕਰੋੜ ਰੁਪਏ ਕਰ ਦੇਣ ਦਾ ਟੀਚਾ ਹੈ।

ਇਸ ਖੇਤਰ ਵਿਚ ਇਸ ਦਾ ਆਰੰਭ 6 ਕਤਾਈ ਮਿਲਾਂ ਲਾ ਕੇ ਅਤੇ ਉਪਰੇਸ਼ਨ ਫਲੱਡ ਫੇਜ਼ (ii) ਪ੍ਰੋਗਰਾਮ ਲਾਗੂ ਕਰ ਕੇ ਕੀਤਾ ਗਿਆ ਹੈ। ਸਹਿਕਾਰੀ ਖੇਤਰ ਵਿਚ ਛੇ ਕਤਾਈ ਮਿਲਾਂ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਮਿਲਾਂ ਐਨ.ਸੀ.ਡੀ.ਸੀ. ਅਤੇ ਆਈ.ਐਫ.ਸੀ.ਆਈ. ਦੀ ਸਹਾਇਤਾ ਨਾਲ ਲਾਈਆਂ ਜਾਣਗੀਆਂ। ਇਸ ਸਬੰਧ ਵਿਚ ਮੁਢਲੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਇਨ੍ਹਾਂ ਮਿਲਾਂ ਦੀ ਲਗ ਭਗ ਤਿੰਨ ਸਾਲਾਂ ਵਿਚ ਚਾਲੂ ਹੋ ਜਾਣ ਦੀ ਸੰਭਾਵਨਾ ਹੈ। ਸਰਕਾਰ ਨੇ ਸਪਿਨਫੈੱਡ ਨੂੰ ਲੋੜੀਂਦੀ ਪੂੰਜੀ ਸਹਾਇਤਾ ਦਾ ਪਹਿਲਾਂ ਹੀ ਪ੍ਰਬੰਧ ਕੀਤਾ ਹੈ। ਸਾਲ 1980-81 ਦੇ ਦੌਰਾਨ ਕਤਾਈ ਮਿਲਾਂ ਲਈ 1.00 ਕਰੋੜ ਰੁਪਏ ਦੇ ਖਰਚ ਦੀ ਤਜਵੀਜ਼ ਕੀਤੀ ਗਈ ਹੈ।

ਉਪਰੇਸ਼ਨ ਫਲੱਡ ਫੇਜ਼ (ii) ਪ੍ਰੋਗਰਾਮ, ਰਾਜ ਵਿਚ ਸਾਲ 1980-81 ਤੋਂ ਆਰੰਭ ਕੀਤਾ ਜਾਵੇਗਾ ਅਤੇ ਇਹ ਛੇ ਸਾਲਾਂ ਦੇ ਸਮੇਂ ਵਿਚ ਮੁਕੰਮਲ ਕੀਤਾ ਜਾਣਾ ਹੈ। ਇਸ ਮੰਤਵ ਲਈ ਸਰਕਾਰ ਨੇ ਆਈ.ਡੀ.ਸੀ. ਨਾਲ ਪਹਿਲਾਂ ਹੀ ਇਕਰਾਰਨਾਮਾ ਕੀਤਾ ਹੋਇਆ ਹੈ। ਇਹ ਪ੍ਰੋਗਰਾਮ ਮਿਲਕ ਫੈਡ ਦੁਆਰਾ ਅਮਲ ਵਿਚ ਲਿਆਂਦਾ ਜਾਵੇਗਾ। ਇਸ ਪ੍ਰੋਗਰਾਮ ਅਧੀਨ ਇੰਡੀਅਨ ਡੇਅਰੀ ਕਾਰਪੋਰੇਸ਼ਨ ਪਾਸੋਂ 42.00 ਕਰੋੜ ਰੁਪਏ ਮਿਲ ਜਾਣਗੇ। (ਥੰਪਿੰਗ)

ਇਸ ਖੇਤਰ ਵਿਚ ਇਕ ਹੋਰ ਮਹੱਤਵ ਪੂਰਨ ਪ੍ਰੋਗਰਾਮ ਦਿਹਾਤੀ ਇਲਾਕਿਆਂ ਵਿਚ ਜ਼ਰੂਰੀ ਵਸਤਾਂ ਦੀ ਵੰਡ ਕਰਨਾ ਹੈ। ਵੰਡ ਦਾ ਇਹ ਕੰਮ ਦਾਸ਼ਟਰੀ ਸਹਿਕਾਰੀ ਵਿਕਾਸ ਕਾਰਪੋਰੇਸ਼ਨ ਦੀ ਸਹਾਇਤਾ ਨਾਲ 2500 ਪਨਰ-ਸੰਗਠਤ ਗ੍ਰਾਮ ਸਭਾਵਾਂ ਦੁਆਰਾ ਹੱਥ ਵਿਚ ਲਿਆ ਜਾਵੇਗਾ। ਵੰਡ ਪ੍ਰਣਾਲੀਆਂ ਦੀ ਕੁਲ ਵਿਕਰੀ 1979-80 ਵਿਚ 12.00 ਕਰੋੜ ਰੁਪਏ ਤੋਂ ਵੱਧ ਕੇ 1980-81 ਵਿਚ 20.00 ਕਰੋੜ ਰੁਪਏ ਤੋਂ ਵੱਧ ਹੋ ਜਾਣ ਦੀ ਆਸ ਹੈ।

ਸਰਕਾਰ ਇਸ ਬਾਰੇ ਚਿੰਤਤ ਹੈ ਕਿ ਰਾਜ ਵਿਚਲੀਆਂ ਸਹਿਕਾਰੀ ਸੰਸਥਾਵਾਂ ਕੋਲ ਬਹੁਤ ਘੱਟ ਜਮ੍ਹਾਂ ਰਕਮਾਂ ਪ੍ਰਾਪਤ ਹਨ। ਪੰਜਾਬ ਜਿੰਨੇ ਛੋਟੇ ਜਿਹੇ ਰਾਜ ਕੇਰਲ ਵਿਚ ਜਮ੍ਹਾਂ ਕਰਵਾਈਆਂ ਰਕਮਾਂ ਪੰਜਾਬ ਨਾਲੋਂ ਕਿਤੇ ਵੱਧ ਹਨ। ਇਸ ਸਾਲ ਦੇ ਦੌਰਾਨ ਇਸ ਸੰਬੰਧੀ ਸਹਿਕਾਰੀ ਸੰਸਥਾਵਾਂ ਦੁਆਰਾ ਜਮ੍ਹਾਂ ਰਕਮਾਂ ਇਕੱਠੀਆਂ ਕਰਨ ਹਿਤ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ।

ਪਿਛਲੀ ਸਰਕਾਰ ਨੇ ਗ੍ਰਾਮ ਪੰਚਾਇਤ ਦੀਆਂ ਸੰਸਥਾਵਾਂ ਨੂੰ ਸੰਗਠਤ ਕਰਨ ਸਮੇਂ ਉਨ੍ਹਾਂ ਦੀ ਗਿਣਤੀ ਲਗਭਗ 10,000 ਤੋਂ ਘਟਾ ਕੇ ਲਗਭਗ 2,500 ਸਭਾਵਾਂ ਕਰ ਦਿੱਤੀ ਸੀ ਇਹ ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਇਸ ਨਾਲ ਪਿੰਡਾਂ ਦੇ ਵਾਸੀਆਂ ਨੂੰ ਖਾਦ ਆਦਿ ਅਤੇ ਨਿਤਾ ਪ੍ਰਤੀ ਵਰਤੋਂ ਦੀਆਂ ਹੋਰ ਵਸਤਾਂ, ਜਿਹੜੀਆਂ ਕਿ ਇਨ੍ਹਾਂ ਸਭਾਵਾਂ ਦੁਆਰਾ ਵੰਡੀਆਂ ਜਾਂਦੀਆਂ ਹਨ, ਪ੍ਰਾਪਤ ਕਰਨ ਲਈ ਕਾਫੀ ਔਖ ਵਿਚ ਪਾ ਦਿੱਤਾ ਹੈ। ਸਰਕਾਰ ਲੋਕਾਂ ਨੂੰ ਇਸ ਸੰਬੰਧੀ ਪੇਸ਼ ਆ ਰਹੀ ਇਸ ਚਕ-ਲੀਫ ਨੂੰ ਦੂਰ ਕਰਨ ਲਈ ਉਪਾ ਕਰੇਗੀ।

Original with;
Punjab Vidhan Sabha
Digitized by;
Panjab Digital Library

ਸਰਕਾਰ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਭਾਰਤ ਸਰਕਾਰ ਦਆਰਾ ਐਲਾਨ ਕੀਤੇ ਰਸਾਇਣਿਕ ਖਾਦਾਂ ਦੇ ਮੁਲ ਵਿਚ ਪਿਛੇ ਜਿਹੇ ਆਈ ਤੇਜ਼ੀ ਕਰਕੇ, ਜ਼ਿੰਮੀਦਾਰਾਂ ਦੀਆਂ ਕਰਜ਼ਾ ਲੋੜਾਂ ਵੱਧ ਜਾਣਗੀਆਂ। ਇਸ ਲਈ ਸਰਕਾਰ ਨੇ ਸਹਿਕਾਰੀ ਸਭਾਵਾਂ ਤੋਂ ਕਰਜ਼ਾ ਪ੍ਰਾਪਤ ਕਰਨ ਲਈ ਕਰਜ਼ੇ ਦੀ ਵਧ ਤੋਂ ਵਧ ਹੱਦ ਵਧਾਉਣ ਦਾ ਫੈਸਲਾ ਕੀਤਾ ਹੈ।

ਸਾਲ 1980-81 ਵਿਚ ਇਸ ਖੇਤਰ ਲਈ 5.86 ਕਰੋੜ ਰੁਪਏ ਦੇ ਯੋਜਨਾ ਉਪਬੰਧ ਦੀ ਤਜਵੀਜ਼ ਹੈ।

ਬਿਜਲੀ

ਸਾਲ 1979-80 ਦੇ ਦੌਰਾਨ, ਰਾਜ ਨੂੰ ਬਿਜਲੀ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪਿਆ। ਬਹੁਤ ਹੱਦ ਤਕ ਇਹ ਕਮੀ ਬਾਰਸ਼ਾਂ ਨਾ ਹੋਣ ਕਾਰਣ ਅਤੇ ਥਰਮਲ ਪਲਾਂਟ ਬਠਿੰਡਾ ਨੂੰ ਚਲਾਉਣ ਲਈ ਕੋਲੇ ਦੀ ਨਾਕਾਫ਼ੀ ਸਪਲਾਈ ਕਾਰਣ ਹੋਈ। ਪਰ ਪਿਛਲੀ ਸਰਕਾਰ ਦੁਆਰਾ ਸੀਮਤ ਵਸੀਲਿਆਂ ਨੂੰ ਬਹੁਤ ਸਾਰੇ ਪ੍ਰਾਜੈਕਟਾਂ ਤੇ ਥੋੜਾ ਥੋੜਾ ਕਰਕੇ ਖਰਚ ਕਰਨ ਦੀ ਨੀਤੀ ਨੇ ਅਤੇ ਚਲ ਰਹੇ ਪ੍ਰਾਜੈਕਟਾਂ ਨੂੰ ਨਿਸਚਿਤ ਸਮੇਂ ਤੇ ਮੁਕੰਮਲ ਨਾ ਕਰਨ ਕਰਕੇ ਰਾਜ ਵਿਚਲੇ ਬਿਜਲੀ ਦੇ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿਤਾ। ਇਸ ਤੋਂ ਇਲਾਵਾ ਥਰਮਲ ਪਲਾਂਟ ਦੀ ਸਥਾਪਤ ਸਮਰੱਥਾ ਤੋਂ ਵੀ ਬਹੁਤ ਘੱਟ ਬਿਜਲੀ ਪੈਦਾ ਹੋਈ। ਇਸ ਲਈ ਸਾਡੀ ਸਰਕਾਰ, ਸਭ ਤੋਂ ਪਹਿਲਾਂ, ਚਲ ਰਹੇ ਪ੍ਰਾਜੈਕਟਾਂ ਨੂੰ ਜਲਦੀ ਮੁਕੰਮਲ ਕਰਨ ਅਤੇ ਮੌਜੂਦਾ ਪਲਾਂਟਾ ਦੀ ਸਮਰਥਾਗਤ ਵਰਤੋਂ ਨੂੰ ਵਧਾਉਣ ਲਈ ਕਦਮ ਚੁਕੇਗੀ। ਚਲ ਰਹੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਕਾਫੀ ਉਪਬੰਧ ਕੀਤੇ ਜਾ ਰਹੇ ਹਨ। ਇਸ ਮੰਤਵ ਲਈ ਭਾਰਤ ਸਰਕਾਰ ਤੋਂ ਵੀ ਵਿਸ਼ੇਸ਼ ਸਹਾਇਤਾ ਦੀ ਮੰਗ ਕੀਤੀ ਜਾਵੇਗੀ।

ਪਿਛਲੀ ਸਰਕਾਰ ਨੇ ਥੀਨ ਡੈਮ ਅਤੇ ਰੋਪੜ ਥਰਮਲ ਪਲਾਂਟ ਆਰੰਭ ਕਰਨ ਦਾ ਸਿਹਰਾ ਸ਼ਰੂਰ ਆਪਣੇ ਸਿਰ ਲਿਆ ਪਰ ਇਹ ਇਕ ਬੜੀ ਦਿਲਚਸਪ ਗੱਲ ਹੈ ਕਿ ਪਿਛਲੇ ਤਿੰਨਾਂ ਸਾਲਾਂ ਦੇ ਦੌਰਾਨ, ਥੀਨ ਡੈਮ ਅਤੇ ਰੋਪੜ ਪਲਾਂਟ ਉਤੇ ਕ੍ਰਮਵਾਰ 20.90 ਕਰੋੜ ਰੁਪਏ ਅਤੇ 2.05 ਕਰੋੜ ਰੁਪਏ ਦੀ ਬਹੁਤ ਹੀ ਥੋੜੀ ਜਿਹੀ ਰਕਮ ਖ਼ਰਚ ਕੀਤੀ ਗਈ ਹੈ। ਮਾਨਯੋਗ ਮੈਂਬਰ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਕਿੰਨੀ ਵੱਡੀ ਲਾਗਤ ਵਾਲੇ ਪ੍ਰਾਜੈਕਟ ਇੰਨੀ ਘੱਟ ਪੂੰਜੀ ਲਾਉਣ ਨਾਲ ਮੁਕੰਮਲ ਨਹੀਂ ਹੋ ਸਕਦੇ ਜਿੰਨੀ ਕਿ ਅਸਲ ਵਿਚ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਲਾਈ ਗਈ ਹੈ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਥੀਨ ਡੈਮ ਨੂੰ ਜੰਗੀ ਪੱਧਰ ਤੇ ਮੁਕੰਮਲ ਕੀਤਾ ਜਾਵੇ। (ਥੰਪਿੰਗ) ਥੀਨ ਡੈਮ ਲਈ ਸਾਲ 1980-81 ਦੇ ਦੌਰਾਨ 12.00 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਕੀਤੀ ਜਾ ਰਹੀ ਹੈ। ਜੇ ਹੋਰ ਫੰਡਾਂ ਦੀ ਲੋੜ ਪਈ ਤਾਂ ਇਸ ਸਾਲ ਦੇ ਦੌਰਾਨ ਮੁਹੱਈਆ ਕਰ ਦਿਤੇ ਜਾਣਗੇ। (ਥੰਪਿੰਗ) ਰੋਪੜ ਥਰਮਲ ਪਲਾਂਟ ਤੇ ਹੋ ਰਹੇ ਕੰਮ ਨੂੰ ਵੀ ਹੋਰ ਤੇਜ਼ ਕੀਤਾ ਜਾਵੇਗਾ।

ਬਿਜਲੀ ਲਾਉਣ ਦੇ ਲਾਭਾਂ ਦਾ ਵਿਸਤਾਰ ਕਰਨ ਦੇ ਖੇਤਰ ਵਿਚ, ਸਾਲ 1980-81 ਦੇ ਦੌਰਾਨ, 28,000 ਟਿਊਬਵੈੱਲ ਕੁਨੈਕਸ਼ਨ 3,000 ਉਦਯੋਗਿਕ ਅਤੇ 1,40,000 ਆਮ ਕੁਨੈਕਸ਼ਨ ਦੇਣ ਦੀ ਤਜਵੀਜ਼ ਹੈ।

ਵੱਖ ਵੱਖ ਸਕੀਮਾਂ ਲਈ, ਖ਼ਰਚਿਆਂ ਦਾ ਉਪਬੰਧ ਕਰਨ ਸਮੇਂ ਇਸ ਗੱਲ ਦਾ ਕਾਫ਼ੀ ਧਿਆਨ ਰੱਖਿਆ ਗਿਆ ਹੈ ਕਿ ਉਤਪਾਦਨ, ਸੰਚਾਰ ਅਤੇ ਵੰਡ ਲਈ ਖ਼ਰਚਾਂ ਵਿਚਕਾਰ ਇਕ ਯੋਗ ਸੰਤੁਲਨ ਰੱਖਿਆ ਜਾਵੇ। ਬਿਜਲੀ ਲਈ 104.31 ਕਰੋੜ ਰੁਪਏ ਦੇ ਕੁਲ ਖਰਚ ਵਿਚੋਂ, 54.88 ਕਰੋੜ ਰੁਪਏ ਉਤਪਾਦਨ ਪ੍ਰਾਜੈਕਟਾਂ ਲਈ, 34.78 ਕਰੋੜ ਰੁਪਏ ਸੰਚਾਰ ਅਤੇ ਵੰਡ ਲਈ ਅਤੇ 13.07 ਕਰੋੜ ਰੁਪਏ ਪਿੰਡਾਂ ਵਿਚ ਬਿਜਲੀ ਲਾਉਣ ਲਈ ਰਖੇ ਗਏ ਹਨ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਾਲ 1979-80 ਦੇ ਦੌਰਾਨ, ਬਿਜਲੀ ਨਾਲ ਸਬੰਧਤ ਖ਼ਰਚ 81.01 ਕਰੋੜ ਰੁਪਏ ਸੀ। ਹੁਣ ਇਸ ਨੂੰ ਵਧਾ ਕੇ ਸਾਲ 1980-81 ਦੇ ਦੌਰਾਨ 104.31, ਕਰੋੜ ਰੁਪਏ ਕਰ ਦੇਣ ਦੀ ਤਜ਼ਵੀਜ਼ ਹੈ (ਥੰਪਿੰਗ)

ਮੈਂ ਆਪਣੇ ਫਰਜ਼ ਵਿਚ ਕੋਤਾਹੀ ਕਰ ਰਿਹਾ ਹੋਵਾਂਗਾ ਜੇਕਰ ਮੈਂ ਮਾਨਯੋਗ ਮੈਂਬਰਾਂ ਨਾਲ ਪੰਜਾਬ ਰਾਜ ਬਿਜਲੀ ਬੋਰਡ ਦੀ ਭੈੜੀ ਮਾਲੀ ਹਾਲਤ ਸਬੰਧੀ ਰਾਜ ਸਰਕਾਰ ਦੀ ਚਿੰਤਾ ਸਾਂਝੀ ਨਾ ਕਰਾਂ। ਬੋਰਡ ਨੂੰ ਅਨੁਚਿਤ ਅਤੇ ਸਹਾਇਤਾ ਪ੍ਰਾਪਤ ਟੈਰਿਫ-ਢਾਂਚੇ, ਟਿਊਬਵੈੱਲਾਂ ਨੂੰ ਬਿਨਾਂ ਮੀਟਰ ਤੋਂ ਫ਼ਲੈਟ ਰੇਟਾਂ ਤੇ ਬਿਜਲੀ ਸਪਲਾਈ ਕਰਨ ਅਤੇ ਹੋਰ ਸੰਗਠਨਾਤਮਕ ਤਰੁਟੀਆਂ ਕਾਰਣ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਪੰਜਾਬ ਰਾਜ ਬਿਜਲੀ ਬੋਰਡ ਦਾ ਸਾਲਾਨਾ ਨੁਕਸਾਨ ਲਗਭਗ 60.00 ਕਰੋੜ ਰੁਪਏ ਹੈ। ਇਹ ਕੇਵਲ ਰਾਜ ਸਰਕਾਰ ਦੇ ਖਜ਼ਾਨੇ ਤੇ ਬੋਝ ਹੀ ਨਹੀਂ, ਸਗੋਂ ਇਸ ਨਾਲ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਵੱਖ ਵੱਖ ਵਿਕਾਸ ਪ੍ਰੋਗਰਾਮਾਂ ਲਈ ਰੁਪਿਆ ਲਾਉਣ ਦੇ ਰਾਹ ਵਿਚ ਵੀ ਰੁਕਾਵਟ ਪੈ ਰਹੀ ਹੈ। ਇਸ ਲਈ ਪੰਜਾਬ ਰਾਜ ਬਿਜਲੀ ਬੋਰਡ ਦੇ ਟੈਰਿਫ-ਢਾਂਚੇ ਨੂੰ ਉਚਿਤ ਬਣਾਉਣ ਅਤੇ ਇਸ ਦੇ ਕੰਮ ਕਰਨ ਦੇ ਢੰਗ ਨੂੰ ਬਿਹਤਰ ਬਣਾਉਣ ਵਲ ਤੁਰੰਤ ਧਿਆਨ ਦੇਣ ਦੀ ਲੋੜ ਹੈ।

ਸਿੰਜਾਈ

ਯੋਜਨਾ ਖ਼ਰਚ ਟਿਕਣ ਸਮੇਂ ਸਿੰਜਾਈ ਸੈਕਟਰ ਨੂੰ ਪਰਮ ਅਗੇਤ ਦਿਤੀ ਗਈ ਹੈ। ਸਾਲ 1979-80 ਦੇ ਦੌਰਾਨ, 40.83 ਕਰੋੜ ਰੁਪਏ ਦੇ ਟਾਕਰੇ ਤੇ ਸਾਲ 1980-81 ਦੇ ਦੌਰਾਨ 46.00 ਕਰੋੜ ਰੁਪਏ ਰੱਖਣ ਦੀ ਤਜਵੀਜ਼ ਹੈ। (ਥੰਪਿੰਗ) ਰਾਜ ਵਿਚ ਸਿੰਜਾਈ ਵਿਕਾਸ ਲਈ ਨਿਮਨ ਗੱਲਾਂ ਵੱਲ ਖਾਸ ਧਿਆਨ ਦਿੱਤਾ ਜਾਵੇਗਾ।

(i) ਚਲ ਰਹੇ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨਾ;

(ii) ਵਿਸਤ੍ਰਿਤ ਪ੍ਰੋਗਰਾਮ ਬਣਾਉਣ ਵੱਲ ਧਿਆਨ ਦੇਣਾ ਅਤੇ ਚੋਣਵੇਂ ਮੁੱਖ ਪ੍ਰਾਜੈਕਟਾਂ ਦਾ ਮੁਲਾਂਕਣ ਅਤੇ ਉਨਾਂ ਨੂੰ ਲਾਗੂ ਕਰਨ ਸਬੰਧੀ ਦੇਖ ਰੇਖ ਕਰਨਾ;

(iii) ਸਿੰਜਾਈ ਪ੍ਰਾਜੈਕਟਾਂ ਅਧੀਨ ਸਤਈ ਅਤੇ ਜ਼ਮੀਨ-ਦੋਜ਼ ਪਾਣੀ ਦੀ ਸਾਂਝੀ ਵਰਤੋਂ ਨੂੰ ਅਰੰਭ ਕਰਨਾ; ਅਤੇ

(iii) ਮੌਜੂਦਾ ਨਹਿਰੀ-ਪ੍ਰਬੰਧਾਂ ਦੇ ਆਧੁਨਿਕੀਕਰਣ ਦੀ ਰਫ਼ਤਾਰ ਨੂੰ ਤੇਜ਼ ਕਰਨਾ।

ਨਹਿਰ ਆਧੁਨਿਕੀਕਰਣ ਪ੍ਰੋਗਰਾਮ ਅਧੀਨ, ਜਿਹੜਾ ਕਿ ਵਿਸ਼ਵ ਬੈਂਕ ਦਾ ਇਕ ਪ੍ਰਵਾਨਤ ਪ੍ਰਾਜੈਕਟ ਹੈ, 32,000 ਹੈਕਟੇਅਰ ਰਕਬੇ ਲਈ ਸਿੰਜਾਈ ਸਮਰਥਾ ਪੈਦਾ ਕਰਨ ਦੀ ਤਜਵੀਜ਼ ਹੈ। ਇਸ ਪ੍ਰੋਗਰਾਮ ਲਈ ਸਾਲ 1980-81 ਦੇ ਦੌਰਾਨ 18.78 ਕਰੋੜ ਰੁਪਏ ਰੱਖਣ ਦੀ ਤਜਵੀਜ਼ ਹੈ। (ਵਿਘਨ)

ਸਰਕਾਰ ਨੇ ਰਾਜ ਵਿਚ ਸੇਮ ਦੀ ਰੋਕਥਾਮ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਬਹੁਤ ਤਰਜੀਹ ਦਿੱਤੀ ਹੈ। ਸਾਲ 1980-81 ਦੇ ਦੌਰਾਨ, ਸੇਮ ਦੀ ਰੋਕਥਾਮ ਲਈ ਨਾਲੇ ਬਣਾਉਣ ਲਈ 2.00 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ।

Original with;
Punjab Vidhan Sabha
Digitized by;
Panjab Digital Library

ਮੈਂ, ਮਾਨਯੋਗ ਮੈਂਬਰਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਉਣਾ ਚਾਹਾਂਗਾ ਕਿ ਸਾਡੇ ਸਿੰਜਾਈ ਕਾਰਜਾਂ ਵਿਚ ਬਹੁਤ ਘਾਟਾ ਪੈ ਰਿਹਾ ਹੈ। ਇਸ ਸਬੰਧੀ ਸਾਲਾਨਾ ਘਾਟੇ ਦਾ ਅਨੁਮਾਨ ਲਗਭਗ 12.00 ਕਰੋੜ ਰੁਪਏ ਹੈ। ਇਸ ਦਾ ਕਾਰਣ ਆਬਿਆਨੇ ਦਾ ਘੱਟ ਹੋਣਾ ਅਤੇ ਕ੍ਰਾਸ ਸਬਸੀਡਾਈਜ਼ੇਸ਼ਨ (cross-subsidisation) ਹੈ। ਵਡੇਰੀ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਸਾਧਨ ਜੁਟਾਉਣ ਵਾਸਤੇ ਆਬਿਆਨੇ ਨੂੰ ਉਚਿਤ ਬਣਾਉਣ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ।

ਕਿਰਤ ਭਲਾਈ

ਪੰਜਾਬ-ਰਾਜ ਨੇ ਵੱਧ ਤੋਂ ਵੱਧ ਰੋਜ਼ਗਾਰਾਂ ਨੂੰ ਅਲਪਤਮ ਉਜਰਤ ਐਕਟ, 1948 ਦੇ ਘੇਰੇ ਵਿਚ ਲਿਆ ਕੇ ਇਕ ਬੇਮਿਸਾਲ ਕੰਮ ਕੀਤਾ ਹੈ। ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ 31 ਰੋਜ਼-ਗਾਰਾਂ ਦੀਆਂ ਉਜਰਤਾਂ ਨੂੰ ਖਪਤਕਾਰ-ਕੀਮਤ ਸੂਚਕ ਅੰਕਾਂ ਨਾਲ ਜੋੜ ਦਿੱਤਾ ਜਾਵੇ। (ਥੰਪਿੰਗ) ਇਸ ਦੇ ਨਤੀਜੇ ਵਜੋਂ ਬੇਹੁਨਰ ਵਰਕਰਾਂ ਦੀਆਂ ਘੱਟ ਤੋਂ ਘੱਟ ਉਜਰਤਾਂ 225 ਰੁਪਏ ਮਾਹਵਾਰ ਤੋਂ ਵੱਧ ਕੇ 252 ਰੁਪਏ ਮਾਹਵਾਰ ਹੋ ਜਾਣਗੀਆਂ (ਥੰਪਿੰਗ)। ਸਾਲ 1980-81 ਦੇ ਦੌਰਾਨ ਕਿਰਤ ਭਲਾਈ ਦੀਆਂ ਵੱਖ ਵੱਖ ਸਕੀਮਾਂ ਨੂੰ ਚਾਲੂ ਕਰਨ ਲਈ ਦਿਹਾਤੀ ਸੈਕਟਰ ਵਿਚ ਅਲਪਤਮ ਉਜਰਤ ਐਕਟ ਨੂੰ ਠੀਕ ਤਰ੍ਹਾਂ ਲਾਗੂ ਕਰਨ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। ਕਿਰਤ ਭਲਾਈ ਦੀਆਂ ਵੱਖ ਵੱਖ ਸਕੀਮਾਂ ਚਲਾਉਣ ਲਈ ਸਾਲ 1980-81 ਦੇ ਦੌਰਾਨ 61 ਲੱਖ ਰਪਏ ਦਾ ਉਪਬੰਧ ਕਰਨ ਦੀ ਤਜਵੀਜ਼ ਹੈ।

ਰੋਜ਼ਗਾਰ

ਸਰਕਾਰ, ਖਾਸ ਤੌਰ ਤੇ ਪੜ੍ਹੇ ਲਿਖੇ ਨੌਜਆਨਾਂ ਵਿਚਕਾਰ ਬੇਰੋਜ਼ਗਾਰੀ ਦੀ ਸਮੱਸਿਆ ਸਬੰਧੀ ਬੜੀ ਚਿੰਤਤ ਹੈ। ਸਰਕਾਰ, ਬੇਰੋਜ਼ਗਾਰ ਵਿਅਕਤੀਆਂ ਨੂੰ ਸਹਾਇਤਾ ਦੇ ਕੇ ਅਤੇ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਕੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਸਿਰਤੋੜ ਕੋਸ਼ਿਸ਼ ਕਰ ਰਹੀ ਹੈ। ਸਾਲ 1980-81 ਦੇ ਦੌਰਾਨ ਯੋਜਨਾ ਅਧੀਨ 300 ਕਰੋੜ ਰੁਪਏ ਦੀ ਪੂੰਜੀ ਲਾਉਣ ਨਾਲ ਲਗਭਗ 35,000 ਵਿਅਕਤੀਆਂ ਨੂੰ ਸਿੱਧੇ ਤੌਰ ਤੇ ਰੋਜ਼ਗਾਰ ਮਿਲ ਸਕੇਗਾ (ਥੰਪਿੰਗ)। ਯੋਜਨਾ ਅਧੀਨ ਲਈ ਜਾਣ ਵਾਲੀ ਇਸ ਪੂੰਜੀ ਨਾਲ ਸਿੱਧੇ ਅਤੇ ਅਸਿੱਧੇ ਰੂਪ ਵਿਚ ਇਕ ਲੱਖ ਤੋਂ ਵੱਧ ਵਿਅਕਤੀਆਂ ਨੂੰ ਰੋਜ਼ਗਾਰ ਮਿਲ ਸਕੇਗਾ। (ਥੰਪਿੰਗ)

ਕੰਮ ਬਦਲੇ ਅਨਾਜ ਪ੍ਰੋਗਰਾਮ

ਕੰਮ ਬਦਲੇ ਅਨਾਜ ਪ੍ਰੋਗਰਾਮ ਅਧੀਨ ਕਣਕ ਦੀ ਵਰਤੋਂ ਨੂੰ ਪਿਛਲੇ ਸਾਲ ਨਾਲੋਂ ਸਾਲ 1980-81 ਦੇ ਦੌਰਾਨ ਹੋਰ ਉਜ਼ ਕੀਤਾ ਜਾਵੇਗਾ। ਸਾਲ 1979-80 ਦੇ ਦੌਰਾਨ ਵਰਤੀ ਗਈ 25,500 ਮੀਟ੍ਰਿਕ ਟਨ ਕਣਕ ਦੇ ਮੁਕਾਬਲੇ ਤੇ ਸਾਲ 1980-81 ਦੇ ਦੌਰਾਨ 40,000 ਮੀਟ੍ਰਿਕ ਟਨ ਕਣਕ ਵਰਤੋਂ ਵਿਚ ਲਿਆਉਣ ਦਾ ਟੀਚਾ ਹੈ। ਫਿਰ ਵੀ ਰਾਜ ਸਰਕਾਰ ਰਾਜ ਲਈ ਕਣਕ ਦਾ ਕੋਟਾ ਵਧਾ ਕੇ 80,000 ਮੀਟ੍ਰਿਕ ਟਨ ਟਿੱਕਣ ਸਬੰਧੀ ਭਾਰਤ ਸਰਕਾਰ ਨਾਲ ਗੱਲਬਾਤ ਕਰੇਗੀ। ਇਸ ਤਰ੍ਹਾਂ ਰਾਜ ਸਰਕਾਰ ਭਾਰਤ ਸਰਕਾਰ ਪਾਸੋਂ ਲਗਭਗ 10.00 ਕਰੋੜ ਰੁਪਏ ਦੀ ਸਹਾਇਤਾ ਲੈਣ ਦੇ ਸਮਰਥ ਹੋ ਜਾਵੇਗੀ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਉਦਯੋਗ

ਸਰਕਾਰ,ਰਾਜ ਦੀ ਆਰਥਕਤਾ ਦੇ ਉਲਾਰੂ ਵਿਕਾਸ ਬਾਰੇ ਚੇਤੰਨ ਹੈ। ਪਿਛਲੀ ਸਰਕਾਰ ਦੁਆਰਾ ਰਾਜ ਦੇ ਆਰਥਕ ਢਾਂਚੇ ਨੂੰ ਬਹੁ-ਪੱਖੀ ਬਣਾਉਣ ਬਾਰੇ ਕੀਤੇ ਗਏ ਵੱਡੇ ਵੱਡੇ ਦਾਵਿਆਂ ਦੇ ਬਾਵਜੂਦ ਰਾਜ ਦੀ ਆਮਦਨ ਵਿਚ ਉਦਯੋਗਿਕ ਸੈਕਟਰ ਦਾ ਯੋਗਦਾਨ ਕੇਵਲ 12 ਪ੍ਰਤੀਸ਼ਤ ਹੈ ਜਦੋਂ ਕਿ ਕੌਮੀ ਔਸਤ 16 ਪ੍ਰਤੀਸ਼ਤ ਹੈ। ਪਿਛਲੀ ਸਰਕਾਰ ਦੁਆਰਾ ਐਲਾਨ ਕੀਤੀ ਗਈ ਨਵੀਂ ਉਦਯੋਗਿਕ ਨੀਤੀ ਅਤੇ ਪ੍ਰੋਤਸਾਹਨ/ਰਿਆਇਤਾਂ ਬਹੁਤ ਕਰਕੇ ਕਾਗਜ਼ਾਂ ਉਤੇ ਹੀ ਰਹੀਆਂ ਹਨ। ਨਾ ਤਾਂ ਇਨ੍ਹਾਂ ਲਈ ਉਚਿਤ ਬਜਟ ਉਪਬੰਧ ਕੀਤੇ ਗਏ ਅਤੇ ਨਾ ਹੀ ਇਨ੍ਹਾਂ ਪ੍ਰੋਤਸਾਹਨ/ਰਿਆਇਤਾਂ ਦੇ ਦੇਣ ਲਈ ਕੋਈ ਕਾਰਜ-ਵਿਧੀ ਬਣਾਈ ਗਈ ਹੈ। ਇਸ ਲਈ ਨਵੀਂ ਸਰਕਾਰ ਦੇ ਸਾਹਮਣੇ ਪਹਿਲਾਂ ਕੰਮ ਵੱਖ ਵੱਖ ਅਜਿਹੇ ਪ੍ਰੋਤਸਾਹਨਾਂ ਲਈ ਉਚਿਤ ਬਜਟ-ਉਪਬੰਧਾਂ ਨੂੰ ਯਕੀਨੀ ਬਣਾਉਣਾ ਹੈ ਜਿਹੜੇ ਕਿ ਉਦਯੋਗ ਲਾਉਣ ਦੇ ਚਾਹਵਾਨ ਵਿਅਕਤੀਆਂ ਨੂੰ ਮਿਲ ਸਕਦੇ ਹਨ। ਵੱਖ ਵੱਖ ਪ੍ਰੋਤਸਾਹਨ ਦੇਣ ਲਈ 1980-81 ਦੇ ਬਜਟ ਅਨੁਮਾਨ ਵਿਚ 5.56 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ ਜਦੋਂ ਕਿ ਸਾਲ 1979-80 ਵਿਚ ਇਹ ਉਪਬੰਧ 3.56 ਕਰੋੜ ਰੁਪਏ ਸੀ। ਇਨ੍ਹਾਂ ਪ੍ਰੋਤਸਾਹਨਾਂ ਤੋਂ ਲਾਭ ਉਠਾਉਣ ਲਈ ਕਾਰਜ-ਵਿਧੀ ਵੀ ਸਰਲ ਬਣਾਈ ਜਾ ਰਹੀ ਹੈ ।

ਨਵੀਂ ਸਰਕਾਰ ਦੁਆਰਾ ਉਦਯੋਗਿਕ ਵਿਕਾਸ ਸਬੰਧੀ ਅਪਣਾਈ ਜਾਣ ਵਾਲੀ ਨੀਤੀ ਵਿਚ, ਉਚਿਤ ਬੁਨਿਆਦੀ ਢਾਂਚੇ ਸਬੰਧੀ ਸਹੂਲਤਾਂ ਦੇਣਾ, ਰਾਜ ਦੇ ਉਦਯੋਗੀਕਰਣ ਨੂੰ ਤੇਜ਼ ਕਰਨ ਲਈ ਚਾਹਵਾਨ ਉਦਮ-ਕਰਤਿਆਂ ਨੂੰ ਵਧੇਰੇ ਪ੍ਰੋਤਸਾਹਨ ਦੇਣ, ਬਹੁਤ ਸਾਰੇ ਉਦਯੋਗਾਂ ਵਿਚ ਮਸ਼ੀਨਰੀ ਅਤੇ ਸਾਜ-ਸਾਮਾਨ ਦੇ ਆਧੁਨਿਕੀਕਰਣ ਦਾ ਪ੍ਰੋਗਰਾਮ ਅਤੇ ਘਰੇਲੂ ਤੇ ਦਿਹਾਤੀ ਉਦਯੋਗਾਂ ਦੇ ਵਿਕਾਸ ਤੇ ਵਧੇਰੇ ਜ਼ੋਰ ਦੇਣਾ ਸ਼ਾਮਲ ਹੈ।

ਭਾਵੇਂ ਸਰਕਾਰ ਰਾਜ ਦੇ ਹੋਰ ਉਦਯੋਗੀਕਰਣ ਨੂੰ ਉਤਸਾਹਿਤ ਕਰਨ ਲਈ ਬਹੁਤ ਉਤਸੁਕ ਹੈ, ਪਰ ਉਹ ਮੌਜੂਦਾ ਉਦਯੋਗਾਂ ਨੂੰ, ਵਿਸ਼ੇਸ਼ ਕਰਕੇ ਦਰਮਿਆਨੇ ਦਰਜੇ ਦੇ ਉਦਯੋਗਾਂ ਨੂੰ, ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਭਲੀ ਪਰਕਾਰ ਜਾਣੂ ਹੈ। ਬਿਜਲੀ ਤੇ ਕੱਚੇ ਮਾਲ ਦੀ ਕਮੀ ਅਤੇ ਕੀਮਤਾਂ ਵਿਚ ਵਾਧੇ ਨੇ ਉਦਯੋਗਾਂ ਨੂੰ ਵਾਸਤਵ ਵਿਚ ਬਹੁਤ ਨੁਕਸਾਨ ਪਹੁੰਚਾਇਆ ਹੈ। ਸਰਕਾਰ ਆਪਣੀ ਛੋਟੇ ਉਦਯੋਗਾਂ ਦੀ ਕਾਰਪੋਰੇਸ਼ਨ ਰਾਹੀਂ ਉਚਿਤ ਕੀਮਤ ਤੇ ਲੋੜੀਂਦਾ ਕੱਚਾ ਮਾਲ ਦੇ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਘਟਾਉਣ ਦਾ ਯਤਨ ਕਰੇਗੀ। ਇਸ ਕਾਰਪੋਰੇਸ਼ਨ ਨੂੰ ਜਿਹੜੀ ਕਿ ਹੁਣ ਤਕ ਕੇਵਲ ਲੋਹਾ ਅਤੇ ਸਟੀਲ ਹੀ ਮੁਹੱਈਆ ਕਰਦੀ ਸੀ, ਹੋਰ ਜ਼ਰੂਰੀ ਕੱਚਾ ਮਾਲ ਵੀ ਦੇਣ ਲਈ ਕਿਹਾ ਜਾਵੇਗਾ।

ਸਾਡੀ ਸਰਕਾਰ ਦਿਹਾਤੀ ਉਦਯੋਗਾਂ ਦੇ ਵਿਕਾਸ ਨੂੰ ਵਿਸ਼ੇਸ਼ ਮਹੱਤਤਾ ਦਿੰਦੀ ਹੈ। ਦਿਹਾਤੀ ਇਲਾਕਿਆਂ ਵਿਚ ਉਦਯੋਗਾਂ ਦੀ ਸ਼ਥਾਪਤੀ ਨੂੰ ਉਤਸ਼ਾਹ ਦੇਣ ਵਾਸਤੇ 1.00 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਜਾ ਰਹੀ ਹੈ। ਸਕੀਮ ਦੇ ਵੇਰਵੇ ਉਦਯੋਗ ਵਿਭਾਗ ਦੁਆਰਾ ਤਿਆਰ ਕੀਤੇ ਜਾਣਗੇ ।

ਉਦਯੋਗ ਲਈ ਯੋਜਨਾ ਖਰਚ ਨੂੰ ਸਾਲ 1979-80 ਵਿਚ 11.34 ਕਰੋੜ ਰੁਪਏ ਤੋਂ ਵਧਾ ਕੇ 1980-81 ਵਿਚ 12.45 ਕਰੋੜ ਰੁਪਏ ਤਕ ਕੀਤਾ ਜਾ ਰਿਹਾ ਹੈ ।

ਸੜਕਾਂ

ਪਿੰਡਾਂ ਵਿਚ ਪਹੁੰਚ ਸੜਕਾਂ ਬਣਾਉਣ ਦਾ ਪ੍ਰੋਗਰਾਮ ਚੌਥੀ-ਪੰਜ ਸਾਲਾ ਯੋਜਨਾਂ ਦੌਰਾਨ ਸ਼ੁਰੂ ਕੀਤਾ ਗਿਆ ਸੀ। ਇਹ ਤਰਸ ਯੋਗ ਗੱਲ ਹੈ ਕਿ ਇਹ ਕੰਮ ਅਜੇ ਤਕ ਵੀ ਅਧੂਰਾ ਪਿਆ ਹੈ। ਜੇ ਪਿਛਲੇ ਦੋ ਸਾਲਾਂ ਦੇ ਦੌਰਾਨ, ਇਸ ਪ੍ਰੋਗਰਾਮ ਨੂੰ ਲਾਗੂ ਕਰਨ ਸਬੰਧੀ ਢਿੱਲ ਨਾ ਵਰਤੀ ਜਾਂਦੀ, ਤਾਂ ਹੁਣ ਤਕ ਸਾਰੇ ਪਿੰਡਾਂ ਨੂੰ ਸੜਕਾਂ ਨਾਲ ਜੋੜਿਆ ਗਿਆ ਹੁੰਦਾ । ਸਾਲ 1978-79 ਦੇ ਬਜਟ

Original with;
Punjab Vidhan Sabha
Digitized by;
Panjab Digital Library

ਭਾਸ਼ਨ ਵਿਚ ਇਹ ਗਲ ਦਾਅਵੇ ਨਾਲ ਕਹੀ ਗਈ ਸੀ ਕਿ ਵਿਸਾਖੀ 1979 ਤਕ ਸਾਰੇ ਪਿੰਡਾਂ ਨੂੰ ਪਹੁੰਚ-ਸੜਕਾਂ ਰਾਹੀਂ ਮਿਲਾ ਦਿੱਤਾ ਜਾਵੇਗਾ ,। ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ। ਮੈਂ ਮਾਨਯੋਗ ਮੈਂਬਰਾਂ ਨੂੰ ਇਹ ਭਰੋਸਾ ਦਿਵਾਉਂਦਾ ਹਾਂ ਕਿ ਛੇਤੀ ਤੋਂ ਛੇਤੀ ਬਾਕੀ ਰਹਿੰਦੇ ਸਾਰੇ ਪਿੰਡਾਂ ਲਈ ਪਹੁੰਚ-ਸੜਕਾਂ ਬਣਾਉਣ ਦੇ ਯਤਨ ਕੀਤੇ ਜਾਣਗੇ। ਸਾਲ 1980-81 ਦੇ ਦੌਰਾਨ ਪੁਲਾਂ ਤੇ ਸੜਕਾਂ ਲਈ 13.00 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ। (ਥੰਪਿੰਗ)

ਟਰਾਂਸਪੋਰਟ

ਸਰਕਾਰ ਦੀ ਇਹ ਤੀਬਰ ਇੱਛਾ ਹੈ ਕਿ ਜਨਤਾ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨ ਲਈ ਦੋਵੇਂ ਸਰਕਾਰੀ ਟਰਾਂਸਪੋਰਟ ਅਦਾਰਿਆਂ ਦੇ ਕੰਮ-ਕਾਜ ਵਿਚ ਸੁਧਾਰ ਲਿਆਂਦਾ ਜਾਵੇ। ਇਸ ਲਈ, ਇਸ ਖੇਤਰ ਦੇ ਪ੍ਰੋਗਰਾਮ ਵਿਚ, ਪੁਰਾਣੀਆਂ ਬੱਸਾਂ ਬਦਲਣਾ, ਮੌਜੂਦਾ ਫਲੀਟ ਵਿਚ ਵਾਧਾ ਕਰਨਾ ਅਤੇ ਹੋਰ ਬੱਸ ਡੀਪੂਆਂ ਤੇ ਬੱਸ ਅੱਡਿਆਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ। ਇਨ੍ਹਾਂ ਸਾਰੀਆਂ ਸਕੀਮਾਂ ਲਈ ਸਾਲ 1980-81 ਦੇ ਦੌਰਾਨ 7.00 ਕਰੋੜ ਰੁਪਏ ਤੋਂ ਵਧੀਕ ਉਪਬੰਧ ਕੀਤਾ ਗਿਆ ਹੈ। ਪੰਜਾਬ ਰੋਡਵੇਜ਼ ਦੀ ਫਲੀਟ ਸਮਰਥਾ ਜੋ 1979-80 ਦੇ ਅੰਤ ਵਿਚ 2361 ਸੀ, ਵਿਚ ਵਾਧਾ ਕਰ ਕੇ 1980-81 ਦੇ ਅੰਤ ਤਕ 2441 ਕਰ ਦਿਤੀ ਜਾਵੇਗੀ ਅਤੇ ਪੀ. ਆਰ.ਟੀ.ਸੀ. ਦੀ ਫਲੀਟ ਸਮਰਥਾ ਜੋ 1979-80 ਦੇ ਅੰਤ ਤਕ 930 ਸੀ, ਵਿਚ ਵਾਧਾ ਕਰ ਕੇ 1980-81 ਦੇ ਅੰਤ ਤਕ 1325 ਕਰ ਦਿੱਤੀ ਜਾਵੇਗੀ ।

ਜਿਥੋਂ ਤਕ, ਭਾੜੇ ਤੇ ਚਲਣ ਵਾਲੀਆਂ ਬੱਸਾ ਅਤੇ ਟਰੱਕਾਂ ਆਦਿ ਦੇ ਪਰਮਿਟ ਦੇਣ ਦਾ ਸਬੰਧ ਹੈ, ਪੰਜਾਬ ਦੇ ਵਸਨੀਕ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ 25 ਫੀ ਸਦੀ ਤਕ ਰਿਜ਼ਰਵੇਸ਼ਨ ਜਾਰੀ ਰਖੀ ਜਾਵੇਗੀ। (ਥੰਪਿੰਗ) 25 ਫੀ ਸਦੀ ਹੋਰ ਪਰਮਿਟ ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਰਿਜ਼ਰਵ ਰਖੇ ਜਾਂਦੇ ਰਹਿਣਗੇ ।

ਰਾਜ ਦੇ ਟਰਾਂਸਪੋਰਟ ਅਦਾਰਿਆਂ ਨੂੰ ਹੋ ਰਹੇ ਆਵਰਤਕ ਘਾਟੇ, ਰਾਜ ਸਰਕਾਰ ਲਈ ਚਿੰਤਾ ਦਾ ਕਾਰਣ ਬਣੇ ਹੋਏ ਹਨ। ਮੁਸਾਫਰ ਕਿਰਾਇਆਂ ਦੀ 1976 ਵਿਚ ਸੋਧ ਕੀਤੀ ਗਈ ਸੀ, ਉਦੋਂ ਤੋਂ ਤੇਲਾਂ, ਲੁਬਰੀਕੇਟਾਂ, ਟਾਇਰਾਂ ਅਤੇ ਟਿਊਬਾਂ, ਸਪੇਅਰ ਪਾਰਟਸ ਆਦਿ ਦੀਆਂ ਕੀਮਤਾਂ ਵਿਚ ਕਈ ਗੁਣਾਂ ਵਾਧਾ ਹੋ ਗਿਆ ਹੈ। ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਪਿਛੇ ਜਿਹੇ ਹੋਏ ਵਾਧੇ ਦਾ ਬਹੁਤ ਤੀਬਰ ਪ੍ਰਭਾਵ ਪਿਆਹੈ। ਮੁਸਾਫਰ ਕਿਰਾਏ ਦੇ ਮੌਜੂਦਾ ਦਰਾਂ ਤੇ, ਰਾਜ ਟਰਾਂਸਪੋਰਟ ਅਦਾਰਿਆਂ ਨੂੰ ਲਗ ਭਗ 15.00 ਕਰੋੜ ਰੁਪਏ ਸਾਲਾਨਾਂ ਦਾ ਘਾਟਾ ਪੈ ਰਿਹਾ ਹੈ। ਇਸ ਲਈ ਇਸ ਮਾਮਲੇ ਵਲ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਪਵੇਗਾ। (ਵਿਘਨ)

ਸਿੱਖਿਆ

ਮਾਨਯੋਗ ਮੈਂਬਰਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਸਿੱਖਿਆ ਲਈ ਮਿਥੇ ਫੰਡ ਵਿਚ ਮਹੱਤਵਪੂਰਨ ਵਾਧਾ ਕੀਤਾ ਗਿਆ ਹੈ। ਸਿਖਿਆ ਲਈ ਮਿਥਿਆ ਕੁਲ ਫੰਡ ਪਹਿਲੀ ਵਾਰ 100.00 ਕਰੋੜ ਰੁਪਏ ਤੋਂ ਵਧ ਹੋਵੇਗਾ , ਜੋ ਕਿ ਰਾਜ ਸਰਕਾਰ ਦੀ ਆਮਦਣ ਦੇ ਖਰਚ ਦੇ 21 ਫੀ ਸਦੀ ਤੋਂ ਵਧ ਹੋਵੇਗਾ। (ਥੰਪਿੰਗ) ਅਸੀਂ ਸਿਖਿਆ ਦੇ ਮਿਆਰ ਅਤੇ ਵਿਸਤਾਰ ਵਿਚ ਸੁਧਾਰ ਕਰਨ ਨੂੰ ਕਿਤਨੀ ਮਹੱਤਤਾ ਦਿੰਦੇ ਹਾਂ, ਇਹ ਇਸ ਗਲ ਦਾ ਸਬੂਤ ਹੈ।

ਸਾਡੀ ਸਰਕਾਰ ਨੇ ਬੀਤੇ ਸਮੇਂ ਵਿਚ ਵੀ ਮੁਢਲੀ ਸਿੱਖਿਆ ਦੇ ਵਿਕਾਸ ਲਈ ਬਹੁਤ ਕੰਮ ਕੀਤਾ ਹੈ। ਮੈਂ ਮਾਨਯੋਗ ਮੈਂਬਰਾਂ ਨੂੰ ਮੁੜ ਭਰੋਸਾ ਦਿਵਾਉਂਦਾ ਹਾਂ; ਕਿ ਜਿਥੇ ਕਿਤੇ ਵੀ ਪਰਾਇਮਰੀ ਸਕੂਲ ਦੀ ਲੋੜ ਹੋਵੇਗੀ, ਅਸੀਂ ਉਥੇ ਸਕੂਲ ਖੋਲ੍ਹਾਂਗੇ। (ਥੰਪਿੰਗ) ਮੈਨੂੰ ਪਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਕ੍ਰਮਵਾਰ ਮਿਡਲ ਅਤੇ ਹਾਈ ਪੱਧਰ ਤਕ ਅੱਪ-ਗਰੇਡ ਕਰਨ ਦੀ ਮੰਗ ਬਾਰੇ ਵੀ ਪਤਾ ਹੈ। ਇਸ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਬੰਧੀ ਮੂਲ ਰੂਪ ਵਿਚ ਕੋਈ ਉਪਬੰਧ ਨਹੀਂ ਸੀ ਕੀਤਾ ਗਿਆ। ਮਾਨਯੋਗ ਮੈਂਬਰਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਮੇਰੀ ਸਰਕਾਰ ਨੇ 50 ਪਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਅਤੇ 100 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾਉਣ ਲਈ ਉਪਬੰਧ ਕੀਤਾ ਹੈ (ਬੰਪਿੰਗ) ਇਸ ਵਾਸਤੇ 126.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਮੈਂ ਸਰਵ ਭਾਰਤੀ ਸੇਵਾਵਾਂ ਵਿਚ ਪੰਜਾਬੀ ਵਿਦਿਆਰਥੀਆਂ ਦੇ ਘਟ ਰਹੇ ਹਿਸੇ ਵੱਲੋਂ ਵੀ ਸੁਚੇਤ ਹਾਂ। ਇਸ ਮੰਤਵ ਲਈ ਹੁਸ਼ਿਆਰ ਦਿਹਾਤੀ ਵਿਦਿਆਰਥੀਆਂ ਨੂੰ ਲੱਭ ਕੇ ਚੋਣਵੇਂ ਕਾਲਜਾਂ ਵਿਚ ਲਿਆਉਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ, ਤਾਂਕਿ ਉਹ ਸਰਵ ਭਾਰਤੀ ਪ੍ਰਤਿ-ਯੋਗਤਾ ਸੇਵਾਵਾਂ ਵਿਚ ਮੁਕਾਬਲੇ ਲਈ ਬੈਠ ਸਕਣ। ਅਸੀਂ ਮਹਿਸੂਸ ਕਰਦੇ ਹਾਂ ਕਿ ਸਿਖਿਆ ਨੂੰ ਕਿੱਤਾ ਆਧਾਰਿਤ ਬਣਾਇਆ ਜਾਣਾ ਚਾਹੀਦਾ ਹੈ। ਸਾਡੀ ਸਰਕਾਰ ਨੇ ਸਾਲ 1975-76 ਵਿਚ 150 ਸਕੂਲਾਂ ਵਿਚ ਕਿੱਤਾ ਅਧਾਰਿਤ ਸਿਖਿਆ ਦੇਣ ਲਈ ਪ੍ਰੋਗਰਾਮ ਸ਼ੁਰੂ ਕੀਤਾ ਸੀ। ਮਗਰੋਂ, ਇਸ ਪ੍ਰੋਗਰਾਮ ਨੂੰ ਪੂਰੇ ਜ਼ੋਰ ਨਾਲ ਲਾਗੂ ਨਹੀਂ ਕੀਤਾ ਗਿਆ। ਮੈਨੂੰ ਆਸ ਹੈ ਕਿ ਇਸ ਪ੍ਰੋਗਰਾਮ ਦੀ ਸਹੀ ਛਾਣ ਬੀਣ ਅਤੇ ਅਨੁਮਾਨ ਪਿਛੋਂ, ਇਹ ਪ੍ਰੋਗਰਾਮ ਹੋਰ 100 ਹਾਈ ਸਕੂਲਾਂ ਵਿਚ ਸ਼ੁਰੂ ਕੀਤਾ ਜਾਵੇਗਾ।

ਰਾਜ ਵਿਚ, ਸਿਖਿਆ ਦੇ ਵਿਕਾਸ ਲਈ ਪ੍ਰਾਈਵੇਟ ਸੰਸਥਾਵਾਂ ਨੇ ਚੋਖਾ ਕੰਮ ਕੀਤਾ ਹੈ ਉਚੇਰੀ ਸਿੱਖਿਆ ਦੇ ਖੇਤਰ ਵਿਚ 36 ਸਰਕਾਰੀ ਕਾਲਜਾਂ ਦੇ ਮੁਕਾਬਲੇ ਤੇ ਪ੍ਰਾਈਵੇਟ ਕਾਲਜਾਂ ਦੀ ਗਿਣਤੀ 142 ਹੈ। ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਸਰਕਾਰ ਨੇ ਸਕੂਲਾਂ ਅਤੇ ਕਾਲਜਾਂ ਦੇ 95 ਫੀ ਸਦੀ ਘਾਟਿਆਂ ਨੂੰ ਪੂਰਾ ਕਰਨ ਲਈ ਅਤੇ ਸਿੱਖਿਆ ਅਮਲੇ ਦੇ ਭੱਤਿਆਂ ਅਤੇ ਤਨਖਾਹਾਂ ਵਿਚ ਇਕਸਾਰਤਾ ਯਕੀਨੀ ਬਣਾਉਣ ਲਈ ਵਿੱਤੀ ਫੰਡ ਮਿਥੇ ਹਨ। ਪਹਿਲੀ ਵਾਰ ਰਾਜ ਦੀਆਂ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਨੂੰ ਦਿਤੇ ਜਾਣ ਵਾਲੇ ਅੰਸ਼ਦਾਨ ਦੇ ਅੰਕੜੇ 10.00 ਕਰੋੜ ਰੁਪਏ ਨੂੰ ਛੂਹ ਸਕਦੇ ਹਨ।

ਭਾਸ਼ਾਵਾਂ, ਖੇਡਾਂ, ਯੁਵਕ ਸੇਵਾਵਾਂ

ਖੇਡਾਂ ਲਈ ਮਿਥੇ ਫੰਡ ਨੂੰ ਵਧਾ ਕੇ 35.00 ਲੱਖ ਰੁਪਏ ਕਰ ਦਿਤਾ ਗਿਆ ਹੈ। ਕੋਚਿੰਗ, ਮੁਕਾਬਲਾ ਵਜ਼ੀਫੇ ਅਤੇ ਹੋਰ ਸਕੀਮਾਂ ਨੂੰ ਯਥਾਯੋਗ ਸ਼ਾਮਲ ਕੀਤਾ ਗਿਆ ਹੈ। ਸਾਡੇ ਵਲੋਂ ਪਹਿਲਾਂ ਨਿਰੂਪਿਤ ਕੀਤੀ ਗਈ ਰਾਜ ਖੇਡ ਅਕਾਡਮੀ ਸਬੰਧੀ ਸਕੀਮ ਤੇਜ਼ ਕੀਤੀ ਜਾਵੇਗੀ ਅਤੇ ਆਸ ਹੈ ਕਿ ਇਸੇ ਚਾਲੂ ਸਾਲ ਦੇ ਦੌਰਾਨ ਇਹ ਅਮਲ ਵਿਚ ਆ ਜਾਵੇਗੀ। ਰਾਜ ਸਰਕਾਰ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਦੇ ਵਿਕਾਸ ਲਈ ਬਚਨਬੱਧ ਹੈ। ਸੰਸਕ੍ਰਿਤ, ਜਿਹੜੀ ਕਿ ਦੇਸ਼ ਦੀ ਪ੍ਰਾਚੀਨ ਭਾਸ਼ਾ ਹੈ, ਦੇ ਵਿਕਾਸ ਵਲ ਉਚਿਤ ਧਿਆਨ ਦਿਤਾ ਜਾਵੇਗਾ ਅਤੇ ਇਸ ਮੰਤਵ ਲਈ ਕਾਫੀ ਫੰਡ ਮੁਹੱਈਆ ਕੀਤੇ ਜਾਣਗੇ। ਇਸ ਸਬੰਧੀ ਮਿਥੇ ਫੰਡਾਂ ਵਿਚ ਲਗ ਭਗ 100 ਫੀ ਸਦੀ ਵਾਧਾ ਕੀਤਾ ਗਿਆ ਹੈ। ਭਾਸ਼ਾ ਵਿਕਾਸ ਬੋਰਡਾਂ ਦੁਆਰਾ ਚਾਰੇ ਭਾਸ਼ਾਵਾਂ ਦੇ ਵਿਕਾਸ ਲਈ ਵੱਖ ਵੱਖ ਸਕੀਮਾਂ ਹੱਥ ਵਿਚ ਲਈਆਂ ਜਾਣਗੀਆਂ। ਯੁਵਕ ਸੇਵਾਵਾਂ ਨਾਲ ਸਬੰਧਿਤ ਵੱਖ ਵੱਖ ਸਕੀਮਾਂ, ਖਾਸ ਕਰਕੇ ਦਿਹਾਤੀ ਯੁਵਕ ਕਲੱਬਾਂ, ਅੰਤਰ-ਰਾਜ ਟੀਮਾਂ ਅਤੇ ਯੁਵਕ ਲੀਡਰਸ਼ਿਪ ਸਿਖਲਾਈ ਪ੍ਰੋਗਰਾਮ ਲਈ ਗ੍ਰਾਂਟ ਦੇਣ ਵਾਸਤੇ ਲਗ ਭਗ 14 ਲੱਖ ਰੁਪਏ ਮਿਥੇ ਗਏ ਹਨ।

ਡਾਕਟਰੀ ਤੇ ਸਿਹਤ

ਪਿਛਲੀ ਸਰਕਾਰ ਵੱਲੋਂ ਡਾਕਟਰੀ ਇਲਾਜ ਦੀਆਂ ਸਹੂਲਤਾਂ ਮੁਹੱਈਆ ਕਰਨ ਸਬੰਧੀ ਅਪਣਾਇਆ ਗਿਆ ਉਲਾਰੂ ਦ੍ਰਿਸ਼ਟੀਕੋਣ, ਇਸ ਗਲ ਤੋਂ ਪ੍ਰਤਖ ਹੈ ਕਿ ਉਸਨੇ ਇਕ ਬਲਾਕ ਵਿਚ 25/30 ਬਿਸਤਰਿਆਂ ਵਾਲਾ ਇਕ ਹਸਪਤਾਲ ਖੋਲ੍ਹਣ ਦਾ ਫੈਸਲਾ ਤਾਂ ਕੀਤਾ ਪਰ ਸਹਾਇਕ ਸਿਹਤ

Original with;
Punjab Vidhan Sabha
Digitized by;
Panjab Digital Library

ਕੇਂਦਰ ਆਦਿ ਖੋਲ੍ਹਣ ਦੀ ਤਜਵੀਜ਼ ਨੂੰ ਤਲਾਂਜਲੀ ਦੇ ਦਿਤੀ। ਸਾਡੀ ਸਰਕਾਰ ਲੋਕਾਂ ਦੇ ਘਰਾਂ ਦੇ ਨੇੜੇ ਹੀ ਡਾਕਟਰੀ ਇਲਾਜ ਦੀਆਂ ਸਹੂਲਤਾਂ ਮੁਹੱਈਆਂ ਕਰਨ ਲਈ ਬਚਨਬੱਧ ਹੈ। ਇਸ ਮੰਤਵ ਦੀ ਪੂਰਤੀ ਅਤੇ ਪਹਿਲੇ ਅਸੰਤੁਲਤਨ ਨੂੰ ਦੂਰ ਕਰਨ ਲਈ ਸਾਲ 1980-81 ਦੇ ਦੌਰਾਨ, 250 ਸਹਾਇਕ ਸਿਹਤ ਕੇਂਦਰ ਖੋਲ੍ਹਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ, ਸਾਲ 1980-81 ਦੇ ਦੌਰਾਨ 25/30 ਬਿਸਤਰਿਆਂ ਵਾਲੇ 10 ਹਸਪਤਾਲ ਅਤੇ ਬਲਾਕ ਪੱਧਰ ਉਤੇ 10 ਦੰਦ ਕਲੀਨਿਕ, ਸ਼ਹਿਰੀ ਗੰਦੀਆਂ ਬਸਤੀਆਂ ਵਿਚ 10 ਡਿਸਪੈਂਸਰੀਆਂ, 3 ਸ਼ਹਿਰੀ ਹਸਪਤਾਲ, 4 ਨਵੀਆਂ ਈ.ਐਸ.ਆਈ. ਡਿਸਪੈਂਸਰੀਆਂ ਅਤੇ 2 ਈ. ਐਸ .ਆਈ ਹਸਪਤਾਲ ਵੀ ਖੋਲ੍ਹਣ ਦੀ ਤਜਵੀਜ਼ ਹੈ 5 ਚਲਦੀਆਂ ਫਿਰਦੀਆਂ ਮਾਹਿਰ ਟੀਮਾਂ ਸਥਾਪਿਤ ਕਰਕੇ ਮਾਹਿਰਾਨਾ ਇਲਾਜ ਦੀਆਂ ਸੇਵਾਵਾਂ ਦਿਹਾਤੀ ਇਲਾਕੇ ਤਕ ਵੀ ਪਹੁੰਚਾਈਆਂ ਜਾਣਗੀਆਂ। ਹਰੇਕ ਟੀਮ ਵਿਚ ਦਵਾਈਆ, ਸਰਜਰੀ, ਪ੍ਰਸੂਤ-ਵਿਦਿਆ ਅਤੇ ਇਸਤਰੀ ਰੋਗ ਵਿਗਿਆਨ, ਬਚਿਆਂ ਦੇ ਰੋਗਾਂ ਅਤੇ ਅਨੈਸਥੀਸੀਆ ਅੱਖਾਂ ਅਤੇ ਐਨ.ਟੀ. ਦੇ ਮਾਹਿਰ ਸ਼ਾਮਲ ਹੋਣਗੇ।

ਡਾਕਟਰੀ ਵਿਦਿਆ ਦੀ ਪੁਨਰ ਦਿਸ਼ਾ ਨਿਰਧਾਰਣ ਸਬੰਧੀ ਸਕੀਮ ਦਇਆ ਨੰਦ ਮੈਡੀਕਲ ਕਾਲਜ ਅਤੇ ਕ੍ਰਿਸਚੀਅਨ ਮੈਡੀਕਲ ਕਾਲਜ, ਲੁਧਿਆਣਾ ਵਿਚ ਵੀ ਆਰੰਭ ਕੀਤੀ ਜਾ ਰਹੀ ਹੈ। ਇਸ ਮਨੋਰਥ ਲਈ, ਜ਼ਿਲ੍ਹਾ ਲੁਧਿਆਣਾ, ਦੇ ਇਨ੍ਹਾਂ ਮੈਡੀਕਲ ਕਾਲਜਾਂ ਨਾਲ ਇਥ ਇਕ ਬਲਾਕ ਸੰਬੰਧ ਕੀਤਾ ਜਾ ਰਿਹਾ ਹੈ। ਇਨ੍ਹਾਂ ਮੈਡੀਕਲ ਕਾਲਜਾਂ ਨੂੰ ਦਿਤੀ ਜਾਣ ਵਾਲੀ ਸਹਾਇਤਾ ਗ੍ਰਾਂਟ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ। ਵਧੇਰੇ ਫੰਡਾਂ ਦਾ ਉਪਬੰਧ ਕਰਕੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਦੇ ਮੈਡੀਕਲ ਕੰਪਲੈਕਸ ਦੀ ਉਸਾਰੀ ਵਿਚ ਤੇਜ਼ੀ ਲਿਆਂਦੀ ਜਾ ਰਹੀ ਹੈ।

ਇਲਾਜ ਦੀ ਭਾਰਤੀ ਚਿਕਿਤਸਾ ਪ੍ਰਣਾਲੀ ਅਤੇ ਹੋਮੋਪੈਥੀ ਨੂੰ ਸਰਕਾਰ ਵਲੋਂ ਉਚਿਤ ਸਹਾਇਤਾ ਅਤੇ ਧਿਆਨ ਦਿਤਾ ਜਾਵੇਗਾ। ਆਯੁਰਵੈਦਿਕ-ਯੂਨਾਨੀ ਅਤੇ ਹੋਮੋਪੈਥੀ ਵਾਸਤੇ ਕੁਲ ਮਿਥੇ ਬਜਟੀ ਫੰਡ ਸਾਲ 1979-80 ਦੇ 169.91 ਲੱਖ ਰੁਪਏ ਤੋਂ ਵਧਾ ਕੇ ਸਾਲ 1980-81 ਲਈ 190.61 ਲੱਖ ਰੁਪਏ ਕੀਤਾ ਜਾ ਰਿਹਾ ਹੈ। ਹੋਮੋਪੈਥੀ ਨੂੰ ਉਤਸ਼ਾਹਿਤ ਕਰਨ ਲਈ ਇਸ ਨੂੰ ਆਯੁਰਵੈਦਿਕ ਵਿਭਾਗ ਤੋਂ ਵੱਖ ਕਰ ਦਿਤਾ ਗਿਆ ਹੈ ਅਤੇ ਇਸ ਵਿਭਾਗ ਦੇ ਮੁਖੀ ਦੇ ਅਧਿਕਾਰ, ਸੰਯੁਕਤ ਸਕੱਤਰ ਸਿਹਤ ਵਿਭਾਗ ਨੂੰ ਸੌਂਪ ਦਿਤੇ ਗਏ ਹਨ। ਚਾਲੂ ਸਾਲ ਦੇ ਦੌਰਾਨ, 35 ਨਵੀਆਂ ਆਯੁਰਵੈਦਿਕ/ਯੂਨਾਨੀ/ ਹੋਮੋਪੈਥਿਕ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ।

ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ

ਰਾਜ ਵਿਚ ਪਾਣੀ ਦੀ ਥੁੜ ਵਾਲੇ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਮੁਹੱਈਆਂ ਕਰਨ ਦੇ ਪ੍ਰੋਗਰਾਮ ਨੂੰ ਸਰਕਾਰ ਪਰਮ ਅਗੇਤ ਦਿੰਦੀ ਹੈ। ਰਾਸ਼ਟਰੀ ਜਲ ਸਪਲਾਈ ਪ੍ਰੋਗਰਾਮ ਅਧੀਨ ਪਾਣੀ ਦੀ ਥੁੜ ਵਾਲੇ ਕਰਾਰ ਦਿਤੇ ਗਏ 3800 ਪਿੰਡਾਂ ਵਿਚੋਂ 1945 ਪਿੰਡਾਂ ਨੂੰ 41.21 ਕਰੋੜ ਰੁਪਏ ਦੀ ਲਾਗਤ ਨਾਲ ਪਾਈਪ ਰਾਹੀਂ ਜਲ ਸਪਲਾਈ ਪ੍ਰਦਾਨ ਕੀਤੀ ਗਈ ਹੈ। ਬੜੀ ਤਰਸ-ਯੋਗ ਗਲ ਹੈ ਕਿ ਪਾਣੀ ਦੀ ਥੁੜ ਵਾਲੇ ਕਰਾਰ ਦਿਤੇ ਗਏ ਪਿੰਡਾਂ ਵਿਚੋਂ ਲਗ ਭਗ ਅੱਧੇ ਪਿੰਡ ਅਜੇ ਵੀ ਪੀਣ ਯੋਗ ਪਾਣੀ ਦੀ ਮੁਢਲੀ ਲੋੜ ਤੋਂ ਵੰਚਿਤ ਹਨ। ਰਾਜ ਦੇ ਨੀਮ ਪਹਾੜੀ ਅਤੇ ਕੰਡੀ ਦੇ ਇਲਾਕੇ ਵਿੱਚ ਸਥਿਤ ਪਿੰਡਾਂ ਦੀ ਸਮਸਿਆ ਹੋਰ ਵੀ ਗੰਭੀਰ ਹੈ। ਜਲ ਸਪਲਾਈ ਪ੍ਰਦਾਨ ਕਰਨ ਦੇ ਮਾਮਲੇ ਵਿਚ ਇਨ੍ਹਾਂ ਪਿੰਡਾਂ ਨੂੰ ਅਗੇਤ ਦਿਤੀ ਜਾਵੇਗੀ। ਸਾਲ 1980-81 ਵਿਚ ਇਸ ਮੰਤਵ ਲਈ 5.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਬੜੇ ਦੁਖ ਦੀ ਗੱਲ ਹੈ ਕਿ ਉਨ੍ਹਾਂ ਪਿੰਡਾਂ, ਜਿਨ੍ਹਾਂ ਵਿਚ ਜਲ ਸਪਲਾਈ ਸਕੀਮਾਂ ਅਰੰਭ ਕੀਤੀਆਂ ਗਈਆਂ ਸਨ, ਉਥੇ ਵੀ ਲੋਕਾਂ ਨੂੰ ਯਕੀਨੀ ਅਤੇ ਬਕਾਇਦਾ ਜਲ ਸਪਲਾਈ ਨਹੀਂ ਮਿਲਦੀ। ਨੀਮ ਪਹਾੜੀ ਅਤੇ ਕੰਡੀ ਇਲਾਕਿਆਂ ਦੀਆਂ ਇਸਤਰੀਆਂ ਨੂੰ ਪਾਣੀ ਪ੍ਰਾਪਤ ਕਰਨ ਲਈ ਲਗਾਤਾਰ ਕਈ ਕਈ ਘੰਟੇ ਉਡੀਕਣਾ ਪੈਂਦਾ ਹੈ। ਇਸ ਗਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਲੋਕਾਂ ਨੂੰ ਹਰ ਰੋਜ਼ ਕੁਝ ਨਿਸ਼ਚਿਤ ਘੰਟਿਆਂ ਲਈ ਯਕੀਨੀ ਅਤੇ ਬਕਾਇਦਾ ਤੌਰ ਤੇ ਜਲ ਸਪਲਾਈ ਮਿਲੇ।

ਸ਼ਹਿਰੀ ਮਿਲਖਾਂ

ਸਰਕਾਰ, ਸ਼ਹਿਰੀ ਮਿਲਖਾਂ ਦੇ ਵਿਕਾਸ, ਨੂੰ ਬਹੁਤ ਮਹੱਤਤਾ ਦਿੰਦੀ ਹੈ। ਗੁਰਾਇਆ, ਅੰਮ੍ਰਿਤਸਰ, ਰਾਮਪੁਰਾ ਫੂਲ, ਮਾਨਸਾ, ਸੰਗਰੂਰ, ਮੁਕਤਸਰ, ਪਠਾਨਕੋਟ, ਹੁਸ਼ਿਆਰਪੁਰ, ਤਰਨ ਤਾਰਨ, ਨਾਭਾ, ਮਲੋਟ, ਅਬੋਹਰ ਅਤੇ ਫਰੀਦਕੋਟ ਵਿਖੇ ਨਵੀਆਂ ਸ਼ਹਿਰੀ ਮਿਲਖਾਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਸਾਲ 1980-81 ਦੇ ਦੌਰਾਨ ਪਹਿਲਾਂ ਹੀ ਪ੍ਰਾਪਤ ਕੀਤੀ ਭੋਂ ਵਿਚੋਂ 8000 ਨਵੇਂ ਪਲਾਟ ਦੇਣ ਦੀ ਤਜਵੀਜ਼ ਹੈ। ਸਾਲ 1980-81 ਦੇ ਦੌਰਾਨ, ਸ਼ਹਿਰੀ ਮਿਲਖਾਂ ਦੇ ਵਿਕਾਸ ਲਈ 4.00 ਕਰੋੜ ਰੁਪਏ ਦਾ ਉਪਬੰਧ ਕੀਤ ਗਿਆ ਹੈ।

ਸ਼ਹਿਰੀ ਜਲ ਸਪਲਾਈ ਅਤੇ ਸੀਵਰੇਜ

ਜਿਵੇਂ ਕਿ ਮਾਨਯੋਗ ਮੈਂਬਰ ਸਾਹਿਬਾਨ ਜਾਣਦੇ ਹੀ ਹਨ, ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ, ਰਾਜ ਦੇ ਨਗਰਾਂ ਵਿਚ ਅਮਲ ਅਧੀਨ ਹੈ। ਇਸ ਪ੍ਰਾਜੈਕਟ ਅਧੀਨ ਰਾਜ ਦੇ ਅਠ ਨਗਰਾਂ ਵਿਚ ਜਲ ਸਪਲਾਈ ਅਤੇ ਸੀਵਰੇਜ ਪ੍ਰਦਾਨ ਕਰਨ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ, ਭਾਰਤੀ ਜੀਵਨ ਬੀਮਾ ਨਿਗਮ ਦੀ ਸਹਾਇਤਾ ਨਾਲ ਅਠ ਛੋਟੇ ਅਤੇ ਦਰਮਿਆਨੇ ਦਰਜੇ ਦੇ ਨਗਰਾਂ ਨੂੰ ਜਲ ਸਪਲਾਈ ਦੀ ਸਹੂਲਤ ਦੇ ਉਪਬੰਧ ਦਾ ਕੰਮ ਆਪਣੇ ਹੱਥ ਵਿਚ ਲੈ ਲਿਆ ਹੈ।

ਸੰਯੁਕਤ ਰਾਸ਼ਟਰ ਨੇ 1981-90 ਦੇ ਦਹਾਕੇ ਨੂੰ ਅੰਤਰ-ਰਾਸ਼ਟਰੀ ਜਲ ਸਪਲਾਈ ਅਤੇ ਸਫਾਈ ਦਾ ਦਹਾਕਾ ਘੋਸ਼ਤ ਕਰਨ ਸੰਬੰਧੀ ਇਕ ਮਤਾਂ ਪਾਸ ਕੀਤਾ ਸੀ। ਇਸ ਦਾ ਮੰਤਵ ਇਹ ਹੈ ਕਿ ਇਸ ਦਹਾਕੇ ਦੌਰਾਨ ਸਾਰੇ ਸ਼ਹਿਰੀ ਇਲਾਕਿਆਂ ਨੂੰ ਜਲ-ਸਪਲਾਈ ਅਤੇ ਸੀਵਰੇਜ ਦੀਆਂ ਸਹੂਲਤਾਂ ਮਹਈਆਂ ਕੀਤੀਆਂ ਜਾਣ। ਇਸ ਅਨੁਸਾਰ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਨੇ ਇਸ ਟੀਚੇ ਦੀ ਪ੍ਰਾਪਤੀ ਲਈ ਇਕ ਪ੍ਰਾਜੈਕਟ ਤਿਆਰ ਕੀਤਾ ਹੈ। ਇਸ ਪ੍ਰਾਜੈਕਟ ਲਈ ਦਸ ਸਾਲਾਂ ਦੇ ਅੰਦਰ ਲਗ ਭਗ 300 ਕਰੋੜ ਰੁਪਏ ਦੀ ਰਕਮ ਲਾਉਣ ਦੀ ਲੋੜ ਹੋਵੇਗੀ। ਪੰਜਾਬ ਰਾਜ ਦੇ ਲਗ ਭਗ 100 ਕਸਬਿਆਂ ਵਿਚੋਂ ਪੰਜ ਸਾਲ ਦੇ ਸਮੇਂ ਅੰਦਰ 50 ਕਸਬਿਆਂ ਨੂੰ ਸੀਵਰੇਜ ਅਤੇ ਜਲ ਸਪਲਾਈ ਦੀਆਂ ਸਹੂਲਤਾਂ ਮੁਹੱਈਆਂ ਕੀਤੀਆਂ ਜਾਣਗੀਆਂ। ਇਸ ਮੰਤਵ ਲਈ ਸਾਲਾਨਾ ਲਾਗਤ ਲਗ ਭਗ 30.00 ਕਰੋੜ ਰੁਪਏ ਹੋਵੇਗੀ। ਇਸ ਰਕਮ ਨੂੰ ਸਰਕਾਰ ਦੀ ਬਜਟੀ ਸਹਾਇਤਾ, ਨਗਰ ਪਾਲਕਾਵਾਂ ਦੇ ਆਪਣੇ ਵਸੀਲਿਆਂ ਅਤੇ ਜੀਵਨ ਬੀਮਾ ਨਿਗਮ ਆਦਿ ਦੀ ਸਹਾਇਤਾ ਨਾਲ ਪੂਰਾ ਕੀਤਾ ਜਾਵੇਗਾ।

ਸਥਾਨਕ ਸੰਸਥਾਵਾਂ

ਰਾਜ ਸਰਕਾਰ, ਪ੍ਰਸ਼ਾਸਕੀ ਅਧਿਕਾਰਾਂ ਆਦਿ ਦੇ ਵਿਕੇਂਦਰੀ ਕਰਣ ਰਾਹੀਂ ਸਥਾਨਕ ਸਵੈਕਾਰ ਨੂੰ ਸਹੀ ਅਰਥਾਂ ਵਿਚ ਮਜ਼ਬੂਤ ਬਣਾਉਣਾ ਚਾਹੁੰਦਾ ਹੈ। ਰਾਜ ਵਿਚ ਵਖ ਵਖ ਨਗਰਪਾਲਕਾਵਾਂ ਅਤੇ ਇੰਪਰੂਵਮੈਂਟ ਟਰੱਸਟਾਂ ਨੂੰ ਆਪੋ ਆਪਣੇ ਅਧਿਕਾਰ ਖੇਤਰਾਂ ਵਿਚ ਵਿਕਾਸਮਈ ਪ੍ਰੋਗਰਾਮਾਂ ਨੂੰ ਹੱਥ

Original with;
Punjab Vidhan Sabha
Digitized by;
Panjab Digital Library

ਵਿਚ ਲੈਣ ਸਬੰਧੀ ਸਹਾਇਤਾ ਦੇਣ ਤੋਂ ਇਲਾਵਾ , ਛੋਟੇ ਅਤੇ ਦਰਮਿਆਨੇ ਕਸਬਿਆਂ ਦੇ ਵਿਕਾਸ ਲਈ ਪ੍ਰੋਗਰਾਮ ਨੂੰ ਵੀ ਲਾਗੂ ਕੀਤਾ ਜਾਵੇਗਾ। ਜਿਸ ਲਈ 100 ਲਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਹ ਮਾਲੀ ਤੌਰ ਤੇ ਕਮਜ਼ੋਰ ਸਥਾਨਕ ਸੰਸਥਾਵਾਂ ਦੀ ਸਹਾਇਤਾ ਲਈ ਵਰਤਿਆ ਜਾਵੇਗਾ ।

ਪਾਣੀ ਅਤੇ ਸੀਵਰੇਜ ਦੀਆਂ ਦਰਾਂ

ਵਿਸ਼ਵ ਬੈਂਕ ਨਾਲ ਕੀਤੇ ਇਕਰਾਰਾਂ ਨੂੰ ਪੂਰਾ ਕਰਨ ਅਤੇ ਜਲ ਸਪਲਾਈ ਤੇ ਸੀਵਰੇਜ ਵਿਭਾਗਾਂ ਨੂੰ ਉਸ ਵਿਚ ਨਿਰੂਪਤ ਅਨੁਸਾਰ ਸਵੈ ਸਰਮਾਇਆਕਾਰੀ ਯੋਗ ਬਣਾਉਣ ਲਈ ਘਰੇਲੂ ਖਪਤਕਾਰਾਂ ਦੀਆਂ ਕਮਜ਼ੋਰ ਸ਼੍ਰੇਣੀਆਂ ਤੋਂ ਵਸੂਲ ਕੀਤੇ ਜਾਣ ਵਾਲੇ ਜਲ ਅਤੇ ਸੀਵਰੇਜ ਦਰਾਂ ਘਟਾਉਣ ਲਈ ਉਪਾਅ ਅਤੇ ਸਾਧਨ ਲਭੇ ਜਾ ਰਹੇ ਹਨ ਤਾਂ ਜੋ ਉਨ੍ਹਾਂ ਨੂੰ 1976 ਦੀ ਪੱਧਰ ਤੇ ਜਾਂ ਉਸ ਦੇ ਨੇੜੇ ਲਿਆਂਦਾ ਜਾ ਸਕੇ।

ਖੁਰਾਕ ਅਤੇ ਸਪਲਾਈ

ਰਾਜ ਸਰਕਾਰ ਨੇ 1980-81 ਦੀ ਹਾੜ੍ਹੀ ਦੌਰਾਨ, ਮਿਤੀ 5 ਜੁਲਾਈ, 1980 ਤਕ ਵੱਖ ਵੱਖ ਏਜੰਸੀਆਂ ਰਾਹੀਂ 42.39 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ। ਖਰੀਦ ਕੇਂਦਰਾਂ ਦੀ ਗਿਣਤੀ ਵੀ 780 ਤੋਂ ਵਧਾ ਕੇ 825 ਕਰ ਦਿਤੀ ਗਈ । ਭੰਡਾਰਾਂ ਵਿਚ ਪਈ ਚੌਲਾਂ ਦੀ ਬਹੁਤਾਤ ਦੇ ਨਿਪਟਾਰੇ ਲਈ ਰਾਜ ਸਰਕਾਰ ਨੇ ਚੌਲਾਂ ਦੀ ਬਰਾਮਦ ਦੇ ਵਧੀਕ ਕੋਟੇ ਦੀ ਮੰਗ ਕੀਤੀ ਅਤੇ 1980-81 ਦੌਰਾਨ, ਰਾਜ ਨੂੰ 80 ਹਜ਼ਾਰ ਮੀਟ੍ਰਿਕ ਟਨ ਦਾ ਕੋਟਾ ਅਲਾਟ ਕੀਤਾ ਗਿਆ ਹੈ। ਇਹ ਬਰਾਮਦ ਪੰਜਾਬ ਸਿਵਲ ਸਪਲਾਈ ਕਾਰਪੋਰੇਸ਼ਨ ਵੱਲੋਂ ਕੀਤੀ ਜਾਵੇਗੀ।

ਕਣਕ ਦਾ ਆਟਾ, ਬਨਾਸਪਤੀ ਘੀ ਅਤੇ ਕੁਝ ਕਿਸਮਾਂ ਦੀਆਂ ਦਾਲਾਂ ਨਿਸ਼ਚਿਤ ਰਿਆਇਤੀ ਦਰਾਂ ਤੇ ਵੇਚਣ ਦੀ 1977 ਵਿਚ ਸ਼ੁਰੂ ਕੀਤੀ ਸਕੀਮ ਉਤੇ ਰਾਜ ਸਰਕਾਰ ਸਾਲਾਨਾ 2 ਕਰੋੜ ਰੁਪਏ ਤੋਂ ਵਧ ਖਰਚ ਕਰ ਰਹੀ ਹੈ। ਅੋਪਰ, ਇਹ ਵੇਖਣ ਵਿਚ ਆਇਆ ਹੈ ਕਿ ਸਮਾਜ ਦੇ ਅਸਲੀ ਕਮਜ਼ੋਰ ਵਰਗਾਂ ਨੂੰ ਰਿਆਇਤੀ ਮੁਲ ਦੀਆਂ ਇਹ ਵਸਤਾਂ ਹਮੇਸ਼ਾਂ ਨਹੀਂ ਮਿਲਦੀਆਂ। ਇਹੋ ਹੀ ਤਾਂ ਲੋਕ ਹਨ ਜਿਨ੍ਹਾਂ ਨੂੰ ਅਸਲ ਸਹਾਇਤਾ ਦੀ ਲੋੜ ਹੈ। ਚਲ ਰਹੀ , ਇਸ ਸਕੀਮ ਵਿਚ ਇਸ ਤਰ੍ਹਾਂ ਸੋਧ ਕੀਤੀ ਜਾਵੇਗੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਮਾਜ ਦੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਰਿਆਇਤੀ ਮੁਲ ਦੀਆਂ ਇਹ ਵਸਤਾਂ ਲੋੜ ਅਨੁਸਾਰ ਬਰਾਬਰ ਮਿਲਦੀਆਂ ਰਹਿਣ। ਇਸ ਮੰਤਵ ਲਈ 1980-81 ਦੌਰਾਨ 2.82 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। ਜੇ ਲੋੜ ਪਈ, ਤਾਂ ਉਪਰੋਕਤ ਮੰਤਵ ਦੀ ਪ੍ਰਾਪਤੀ ਲਈ ਇਸ ਉਪਬੰਧ ਵਿਚ ਹੋਰ ਵਾਧਾ ਕਰ ਦਿਤਾ ਜਾਵੇਗਾ। ਰਿਆਇਤੀ ਦਰਾਂ ਤੇ ਵਸਤਾਂ ਵੇਚਣ ਦੀਆਂ ਇਨ੍ਹਾਂ ਸਕੀਮਾਂ ਤੋਂ ਇਲਾਵਾ ਚੀਨੀ , ਮਾਚਸ, ਨਹਾਉਣ ਵਾਲਾ ਸਾਬਣ, ਖੁੱਲ੍ਹੀ ਚਾਹ, ਰਾਸ਼ਨ ਦਾ ਕਪੜਾ, ਜਨਤਾ ਸਾੜੀਆਂ ਅਤੇ ਧੋਤੀਆਂ ਸਮੇਤ ਕੱਪੜੇ ਦੀਆਂ ਸਸਤੀਆਂ ਕਿਸਮਾਂ ਅਤੇ ਪਰਵਾਰ ਨਿਯੋਜਨ ਸਬੰਧੀ ਸਮੱਗਰੀ ਵਗੈਰਾ ਹੋਰ ਵਸਤਾਂ ਵੀ ਸਰਕਾਰੀ ਵੰਡ ਪ੍ਰਣਾਲੀ ਰਾਹੀਂ ਵੇਚੀਆਂ ਜਾ ਰਹੀਆਂ ਹਨ। ਚੀਨੀ, ਕੋਲਾ ਅਤੇ ਸੀਮਿੰਟ ਆਦਿ ਦੀ ਕਮੀ ਨੂੰ ਦੂਰ ਕਰਨ ਲਈ, ਰਾਜ ਲਈ ਇਨ੍ਹਾਂ ਵਸਤਾਂ ਦੇ ਕੋਟੇ ਨੂੰ ਵਧਾਉਣ ਸਬੰਧੀ ਰਾਜ ਸਰਕਾਰ ਇਸ ਮਸਲੇ ਨੂੰ ਭਾਰਤ ਸਰਕਾਰ ਅਗੇ ਉਠਾਏਗੀ। ਥੁੜ ਵਾਲੀਆਂ ਵਸਤਾਂ ਦੀ ਸੁਚੱਜੀ ਵੰਡ ਲਈ ਸਰਕਾਰੀ ਵੰਡ ਪ੍ਰਣਾਲੀ ਵਿਚ ਉਚਿਤ ਤਬਦੀਲੀ ਲਿਆਂਦੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ

ਪਿਛਲੀ ਸਰਕਾਰ ਨੇ ਜਿਸ ਢੰਗ ਨਾਲ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਲਈ ਵੱਖ ਵੱਖ ਪ੍ਰੋਗਰਾਮ ਬਣਾਏ ਅਤੇ ਲਾਗੂ ਕੀਤੇ, ਉਸ ਤੋਂ ਉਨ੍ਹਾਂ ਦੇ ਦਾਅਵਿਆਂ ਦਾ ਖੋਖਲਾਪਣ ਅਤੇ ਉਨ੍ਹਾਂ ਦੀ ਇਸ ਕਾਰਜ ਪ੍ਰਤੀ ਲਾਪਰਵਾਹੀ ਜ਼ਾਹਿਰ ਹੁੰਦੀ ਹੈ। ਬਦੇਸ਼ ਜਾਣ ਵਾਲੇ ਹਰੀਜਨਾਂ ਨੂੰ ਵਿੱਤੀ ਸਹਾਇਤਾ ਦੇਣ ਅਤੇ ਸ਼ਹਿਰੀ ਖੇਤਰਾਂ ਵਿਚ ਹਰੀਜਨਾਂ ਨੂੰ 50 ਵਰਗ ਗਜ਼ ਦੇ ਪਲਾਟ ਮੁਹੱਈਆ ਕਰਨ ਅਤੇ ਡੀ. ਆਰ. ਆਈ. ਸਕੀਮ ਅਧੀਨ 25.00 ਕਰੋੜ ਰੁਪਏ ਤਕ ਦੇ ਉਪ-ਜਾਊ ਕਰਜ਼ੇ ਦੇਣ ਦੇ ਪ੍ਰੋਗਰਾਮਾਂ ਦਾ ਐਲਾਨ ਬੜੇ ਜ਼ੋਰ ਸ਼ੋਰ ਨਾਲ ਕੀਤਾ ਗਿਆ ਸੀ। ਅਸਲੀਅਤ ਵਿਚ ਬਦੇਸ਼ ਜਾਣ ਵਾਲੇ ਕਿਸੇ ਵੀ ਹਰੀਜਨ ਨੂੰ ਇਕ ਧੇਲਾ ਵੀ ਨਹੀਂ ਦਿੱਤਾ ਗਿਆ। ਡੀ. ਆਰ. ਆਈ. ਸਕੀਮ ਅਧੀਨ 25.00 ਕਰੋੜ ਰੁਪਏ ਦੇ ਕਰਜ਼ੇ ਦੇਣ ਦੇ ਨਿਸ਼ਾਨੇ ਦੇ ਮੁਕਾਬਲੇ ਸਾਲ 1979-80 ਵਿਚ ਕੇਵਲ 3.46 ਕਰੋੜ ਰੁਪਏ ਦੀ ਇਕ ਮਾਮੂਲੀ ਜਿਹੀ ਰਕਮ ਹੀ ਦਿੱਤੀ ਗਈ ਸੀ ਅਤੇ ਸ਼ਹਿਰੀ ਖੇਤਰਾਂ ਵਿਚ 1978-79 ਦੌਰਾਨ 1500 ਹਰੀਜਨ ਪਰਵਾਰਾਂ ਨੂੰ 50 ਵਰਗ ਗਜ਼ ਦੇ ਰਿਹਾਇਸ਼ੀ ਪਲਾਟ ਅਲਾਟ ਕਰਨ ਦੇ ਨਿਸ਼ਾਨੇ ਦੇ ਮੁਕਾਬਲੇ ਕੇਵਲ 600 ਪਰਵਾਰਾਂ ਨੂੰ ਪਲਾਟ ਦਿੱਤੇ ਗਏ। ਇਸ ਤੋਂ ਇਹੀ ਸਾਬਤ ਹੁੰਦਾ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਪ੍ਰਤੀ ਪਿਛਲੀ ਸਰਕਾਰ ਦਾ ਨਜ਼ਰੀਆ ਸਸਤੀ ਸ਼ੁਹਰਤ ਦਾ ਨਜ਼ਰੀਆ ਹੀ ਸੀ। ਨਵੀਂ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਦੀ ਸੱਚੇ ਅਰਥਾਂ ਵਿੱਚ ਇੱਛਕ ਹੈ। ਮੈਂ ਮਾਨਯੋਗ ਮੈਂਬਰਾਂ ਨੂੰ ਯਕੀਨ ਦਿਵਾਉਣਾ ਚਾਹਾਂਗਾ ਕਿ ਮੇਰੀ ਸਰਕਾਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਵਖ ਵਖ ਪ੍ਰੋਗਰਾਮਾਂ ਨੂੰ ਪੂਰੀ ਈਮਾਨਦਾਰੀ ਅਤੇ ਤਨਦੇਹੀ ਨਾਲ ਲਾਗੂ ਕਰਨ ਲਈ, ਬਚਨਬੱਧ ਹੈ।

ਡੀ. ਆਰ. ਆਈ. ਸਕੀਮ ਅਤੇ ਬੈਂਕਾਂ ਰਾਹੀਂ ਚਲਾਈਆਂ ਜਾਣ ਵਾਲੀਆਂ ਹੋਰ ਸਕੀਮਾਂ ਅਧੀਨ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਕਰਜ਼ੇ ਦੇਣ ਦੇ ਪ੍ਰੋਗਰਾਮ ਨੂੰ ਸਰਗਰਮੀ ਨਾਲ ਚਲਾਇਆ ਜਾਵੇਗਾ। ਪਿਛਲੀ ਸਰਕਾਰ ਦੁਆਰਾ ਕੇਵਲ 3.46 ਕਰੋੜ ਰਪਏ ਦੀ ਮਾਮੂਲੀ ਜਿਹੀ ਪ੍ਰਾਪਤੀ ਦੇ ਮੁਕਾਬਲੇ ਸਾਲ 1980-81 ਲਈ 30.00 ਕਰੋੜ ਰੁਪਏ ਦੇ ਅਜਿਹੇ ਕਰਜ਼ੇ ਦੇਣ ਦਾ ਇਕ ਪ੍ਰੋਗਰਾਮ ਬਣਾਇਆ ਗਿਆ ਹੈ। (ਥੰਪਿੰਗ) ਇਸ ਕਾਰਜ ਲਈ ਬਜਟ ਵਿਚ ਲੋੜੀਂਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਲਈ ਸਾਲ 1980-81 ਲਈ 4.40 ਕਰੋੜ ਰੁਪਏ ਦਾ ਯੋਜਨਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਲਈ ਇਕ ਵਿਸ਼ੇਸ਼ ਜ਼ੁਜ਼ਵੀ ਯੋਜਨਾ ਤਿਆਰ ਕੀਤੀ ਗਈ ਹੈ। ਇਸ ਯੋਜਨਾ ਦਾ ਮੁਖ ਮੰਤਵ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਦੇ ਕੰਮ ਲਈ ਆਰਥਿਕਤਾ ਦੀ ਹੋਰਨਾਂ ਖੇਤਰਾਂ ਤੋਂ ਵੱਧ ਤੋਂ ਵੱਧ ਰਕਮ ਇਸ ਖੇਤਰ ਵਿਚ ਲਗਾਉਣਾ ਅਤੇ ਹਰੀਜਨਾਂ ਦੀ ਬਿਹਤਰੀ ਲਈ ਇਕ ਅਮਲੀ ਸੰਗਠਿਤ ਪ੍ਰੋਗਰਾਮ ਤਿਆਰ ਕਰਨਾ ਹੈ। ਆਦਿਵਾਸੀ ਟੀਫਾਈਡ ਸਕੀਮ ਵਿਚੋਂ ਹਰੀਜਨਾਂ ਲਈ ਮਖਸੂਸ ਕੀਤਾ ਖਰਚ ਸਾਲ 1980-81 ਲਈ 8,06 ਕਰੋੜ ਰੁਪਏ ਹੋਵੇਗਾ।

Original with;
Punjab Vidhan Sabha
Digitized by;
Panjab Digital Library

ਸੰਸਥਾਈ ਵਿੱਤ

ਮੈਂਬਰ ਸਾਹਿਬਾਨ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਰਾਜ ਸਰਕਾਰ ਦੁਆਰਾ ਇਸ ਸਮੇਂ ਚਲਾਈਆਂ ਜਾ ਰਹੀਆਂ ਬਹੁਪੱਖੀ ਵਿਕਾਸਮਈ ਸਰਗਰਮੀਆਂ ਦੀ ਸਹੀ ਤਕਮੀਲ ਕੇਵਲ ਰਾਜ ਦੇ ਫੰਡਾਂ ਨਾਲ ਨਹੀਂ ਕੀਤੀ ਜਾ ਸਕਦੀ। ਇਸ ਲਈ ਵੱਖ ਵੱਖ ਵਿਕਾਸਮਈ ਸ਼ਰਗਰਮੀਆਂ ਤੇ ਸਰਮਾਇਆ ਲਗਾਉਣ ਲਈ ਮਜ਼ਬੂਰਨ ਸੰਸਥਾਈ ਵਿੱਤ ਨੂੰ ਵੱਧ ਤੋਂ ਵੱਧ ਪ੍ਰਾਪਤ ਕਰਨਾ ਹੋਵੇਗਾ। ਪਿਛਲੀ ਕਾਂਗਰਸ ਸਰਕਾਰ ਦੇ ਰਾਜ ਵੇਲੇ ਹੀ ਰਾਜ ਵਿਚ ਸੰਸਥਾਈ ਵਿੱਤ ਡਾਇਰੈਕਟੋਰੇਟ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਸੀ ਅਤੇ ਇਸ ਮੰਤਵ ਲਈ ਅਤਿ ਲੋੜੀਂਦਾ ਅਮਲਾ ਨਿਯੁੱਕਤ ਕੀਤਾ ਗਿਆ ਸੀ। ਮੈਨੂੰ ਪਤਾ ਲਗਾ ਹੈ ਕਿ ਤਜਵੀਜ਼ਤ ਡਾਇਰੈਕਟੋਰੇਟ ਨੇ ਅਜੇ ਪੂਰੀ ਤਰ੍ਹਾਂ ਹੋਂਦ ਵਿੱਚ ਆਉਣਾ ਹੈ। ਇਹ ਯਕੀਨੀ ਬਣਾਇਆ ਜਾਵੇਗਾ ਕਿ ਇਹ ਡਾਇਰੈਕਟੋਰੇਟ ਚਾਲੂ ਸਾਲ ਦੇ ਦੌਰਾਨ ਆਪਣੇ ਪੂਰੇ ਅਮਲੇ ਸਹਿਤ ਪ੍ਰਭਾਵ ਸ਼ਾਲੀ ਤਰੀਕੇ ਨਾਲ ਕੰਮ ਕਰਨਾ ਸ਼ੁਰੂ ਕਰ ਦੇਵੇ। ਬਹੁਤ ਥੋੜੇ ਅਮਲੇ ਨਾਲ ਹੀ, ਇਹ ਡਾਇਰੈਕਟੋਰੇਟ ਰਾਜ ਵਿਚ ਵਿਕਾਸਮਈ ਪ੍ਰੋਗਰਾਮਾਂ ਨੂੰ ਫੰਡ ਮੁਹੱਈਆ ਕਰਵਾਉਣ ਵਾਸਤੇ ਵੱਖ ਵੱਖ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਪ੍ਰੇਰਣ ਵਿਚ ਕਾਫੀ ਹੱਦ ਤਕ ਕਾਮਯਾਬ ਰਿਹਾ ਹੈ। ਮੈਂਬਰ ਸਾਹਿਬਾਨਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਏ. ਆਰ. ਡੀ. ਸੀ. ਵਲੋਂ ਜੂਨ, 1980 ਨੂੰ ਖਤਮ ਹੋਏ ਸਾਲ ਦੇ ਦੌਰਾਨ 50 ਕਰੋੜ ਰੁਪਏ ਤੋਂ ਵਧ ਕਰਜ਼ੇ ਦਿੱਤੇ ਗਏ ਹਨ ਜਦ ਕਿ ਪਿਛਲੇ ਸਾਲ ਕੇਵਲ 16 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਸਨ। ਆਸ ਹੈ ਕਿ ਅਸੀਂ ਅਗਲੇ ਸਾਲ ਵਿੱਚ 75.00 ਕਰੋੜ ਰੁਪਏ ਦੇ ਕਰਜ਼ੇ ਦੇਣ ਦੇ ਸਮਰੱਥ ਹੋ ਜਾਵਾਂਗੇ।

ਪਹਿਲੀ ਵਾਰ ਸਰਕਾਰ ਨੇ ਰਾਜ ਵਿਚਲੇ ਵੱਖ ਵੱਖ ਪ੍ਰੋਗਰਾਮਾਂ ਲਈ ਸੰਸਥਾਈ ਵਿੱਤ ਦੀ ਉਪਲਭਧੀ ਵਿਚ ਵਾਧਾ ਕਰਨ ਅਤੇ ਵਾਸਤਵਿਕ ਰੂਪ ਵਿੱਚ ਪ੍ਰਾਪਤ ਹੋਈਆਂ ਰਕਮਾਂ ਦੀ ਠੀਕ ਵਰਤੋਂ ਲਈ ਇਕ ਸੰਸਥਾਈ ਵਿੱਤ ਸਾਲਾਨਾ ਯੋਜਨਾ 1980–81 ਬਣਾਈ ਹੈ। ਇਹ ਅਨੁਮਾਨ ਲਾਇਆ ਗਿਆ ਹੈ ਕਿ ਸਾਲਾਨਾ ਯੋਜਨਾ ਅਤੇ ਹੋਰ ਦੂਜੇ ਪ੍ਰੋਗਰਾਮਾਂ ਲਈ ਵੱਖ ਵੱਖ ਮਾਰਜ਼ਿਨ ਰਕਮਾਂ ਦੇ ਉਪਬੰਧਾਂ ਰਾਹੀਂ ਸਾਲ 1980–81 ਦੌਰਾਨ, ਲਗ ਭਗ 165.00 ਕਰੋੜ ਰੁਪਏ ਦਾ ਸੰਸਥਾਈ ਵਿੱਤ ਪ੍ਰਾਪਤ ਕੀਤਾ ਜਾ ਸਕੇਗਾ।

ਪੰਜਾਬ ਰਾਜ ਵਿਚ ਕੀਤੀ ਗਈ ਘਟ ਕਰਜ਼ਾ ਵਸੂਲੀ ਦੇ ਅਨੁਪਾਤ ਪਿਛਲੀ ਸਰਕਾਰ ਦੀ ਰਾਜ ਵਿਚਲੇ ਵੱਖ ਵੱਖ ਵਿਕਾਸਆਤਮਕ ਪ੍ਰੋਗਰਾਮਾਂ ਲਈ ਸੰਸਥਾਈ ਵਿਤ ਜੁਟਾਉਣ ਦੀ ਢਿਲੀ ਨੀਤੀ ਦਾ ਪਤਾ ਲਗਦਾ ਹੈ। ਕਰਜ਼ਾ ਵਸੂਲੀ ਰਕਮਾਂ ਦਾ ਅਨੁਪਾਤ ਜਿਹੜਾ 31 ਦਸੰਬਰ, 1978 ਨੂੰ 45.8% ਸੀ, ਦਸੰਬਰ, 1979 ਦੇ ਅੰਤ ਤੋਂ ਘੱਟ ਕੇ 41.2% ਰਹਿ ਗਿਆ। ਸਾਡਾ ਨਿਸ਼ਾਨਾ, ਰਾਜ ਵਿਚ ਇਨ੍ਹਾਂ ਕਰਜ਼ਾ ਵਸੂਲੀ ਰਕਮਾਂ ਦਾ ਅਨੁਪਾਤ ਵਧਾ ਕੇ 60% ਕਰਨਾ ਹੈ, ਜਿਹੜਾ ਕਿ ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਵੱਖ ਵੱਖ ਵਪਾਰਕ ਬੈਂਕਾਂ ਲਈ ਨਿਸ਼ਚਿਤ ਕੀਤਾ ਗਿਆ ਹੈ।

ਪੂੰਜੀ ਮਾਰਕਿਟ ਦਾ ਵਿਕਾਸ

ਸਾਲ 1979–80 ਦਾ ਬਜਟ ਪੇਸ਼ ਕਰਦੇ ਹੋਏ ਪਿਛਲੇ ਵਿੱਤ ਮੰਤਰੀ ਜੀ ਨੇ ਵਾਅਦਾ ਕੀਤਾ ਸੀ ਕਿ ਲੁਧਿਆਣਾ ਵਿਖੇ ਇਕ ਸਟਾਕ ਐਕਸਚੇਂਜ ਕਾਇਮ ਕੀਤੀ ਜਾਵੇਗੀ। ਮੈਂਬਰ ਸਾਹਿਬਾਨ ਨੂੰ ਇਹ ਦਸਦੇ ਹੋਏ ਮੈਨੂੰ ਦੁਖ ਹੁੰਦਾ ਹੈ ਕਿ ਪਿਛਲੀ ਸਰਕਾਰ ਦੇ ਹੋਰਨਾਂ ਫੋਕੇ ਦਾਅਵਿਆਂ ਵਾਂਗ ਇਹ ਸਕੀਮ ਵੀ ਕਾਗਜ਼ਾਂ ਤਕ ਹੀ ਸੀਮਤ ਰਹੀ। ਨਵੀਂ ਸਕਰਾਰ ਰਾਜ ਵਿਚ ਪੂੰਜੀ ਮਾਰਕਿਟ ਦੇ ਵਿਕਾਸ ਦੀ ਲੋੜ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਦੀ ਹੈ ਅਤੇ ਛੇਤੀ ਹੀ ਲੁਧਿਆਣਾ ਵਿਖੇ ਇਕ ਸਟਾਕ ਐਕਸਚੇਂਜ ਕਾਇਮ ਕਰਨ ਲਈ ਨਿਗਰ ਉਪਾਅ ਕਰੇਗੀ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਰਾਜ ਸਰਕਾਰੀ ਅਦਾਰੇ

31 ਮਾਰਚ, 1980 ਨੂੰ ਰਾਜ ਵਿਚ 25 ਰਾਜ ਸਰਕਾਰੀ ਅਦਾਰੇ ਕੰਮ ਕਰ ਰਹੇ ਸਨ। ਮਾਰਚ, 1980 ਦੇ ਅੰਤ ਤਕ ਰਾਜ ਸਰਕਾਰ ਦੁਆਰਾ ਇਨ੍ਹਾਂ ਅਦਾਰਿਆਂ ਦੀ ਹਿੱਸਾ ਪੂੰਜੀ ਵਜੋਂ ਲਗ ਭਗ 68.00 ਕਰੋੜ ਰੁਪਏ ਦੀਆਂ ਰਕਮਾਂ ਲਾਈਆਂ ਹੋਈਆਂ ਸਨ। ਜਿਵੇਂ ਕਿ ਮੈਂ ਪਹਿਲਾਂ ਬਿਆਨ ਕਰ ਚੁਕਾ ਹਾਂ, ਇਨ੍ਹਾਂ ਵਿਚੋਂ ਬਹੁਤ ਸਾਰੇ ਅਦਾਰੇ ਕਾਫੀ ਘਾਟੇ ਵਿਚ ਚਲ ਰਹੇ ਹਨ। ਇਸ ਤੋਂ ਪ੍ਰਤੱਖ ਹੈ ਕਿ ਇਨ੍ਹਾਂ ਅਦਾਰਿਆਂ ਤੇ ਲਗਾਈ ਗਈ ਇਸ ਪੂੰਜੀ ਤੋਂ 1978-79 ਦੇ ਅੰਤ ਤਕ ਲਾਭ ਕੇਵਲ 0.14 ਪ੍ਰਤੀਸ਼ਤ ਸੀ। ਪੰਜਾਬ ਵਿੱਤੀ ਕਾਰਪੋਰੇਸ਼ਨ, ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ, ਪੰਜਾਬ ਬੀਜ ਕਾਰਪੋਰੇਸ਼ਨ, ਪੰਜਾਬ ਡੇਅਰੀ ਵਿਕਾਸ ਕਾਰਪੋਰੇਸ਼ਨ ਅਤੇ ਪੰਜਾਬ ਭੂੰ ਵਿਕਾਸ ਤੇ ਸੁਧਾਰ ਕਾਰਪੋਰੇਸ਼ਨ ਜਿਹੇ ਚੰਦ ਇਕ ਅਦਾਰਿਆਂ ਤੋਂ ਇਲਾਵਾ, ਬਾਕੀ ਸਾਰੇ ਅਦਾਰੇ ਜਿਨ੍ਹਾਂ ਦੇ ਆਰਜ਼ੀ ਲੇਖੇ ਮਿਲ ਗਏ ਹਨ, ਸਾਲ 1978-79 ਦੇ ਦੌਰਾਨ ਘਾਟੇ ਵਿਚ ਰਹੇ ਹਨ।

ਸਾਡੀ ਸਰਕਾਰ, ਰਾਜ ਸਰਕਾਰੀ ਅਦਾਰਿਆਂ ਦੇ ਕੰਮ ਕਾਜ ਨੂੰ ਸੁਧਾਰਨ ਲਈ ਪਰਮ ਅਗੇਤ ਦਿੰਦੀ ਹੈ। ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਸਰਕਾਰੀ ਅਦਾਰਿਆਂ ਦੇ ਕੰਮ ਕਾਜ ਦਾ ਜਾਇਜ਼ਾ ਲੈਣ ਲਈ ਪਿਛਲੀ ਸਰਕਾਰ ਦੁਆਰਾ ਨਿਯੁਕਤ ਕੀਤੀ ਕੈਬਨਿਟ ਉਪ ਕਮੇਟੀ ਨੇ ਉਨ੍ਹਾਂ ਹੀ ਕੋਈ ਕੰਮ ਨਹੀਂ ਕੀਤਾ ਅਤੇ ਉਸ ਨੇ ਇਨ੍ਹਾਂ ਅਦਾਰਿਆਂ ਦੇ ਕੰਮ ਕਾਜ ਦੇ ਸੁਧਾਰ ਲਈ ਕੋਈ ਪ੍ਰਭਾਵੀ ਉਪਾਅ ਨਹੀਂ ਸੁਝਾਏ ਸਨ। ਨਵੀਂ ਸਰਕਾਰ ਦੇ ਯਤਨ ਇਨ੍ਹਾਂ ਅਦਾਰਿਆਂ ਨੂੰ ਵਪਾਰਕ ਲੀਹਾਂ ਤੇ ਚਲਾਉਣ ਦੇ ਯੋਗ ਹੋਣਗੇ ਅਤੇ ਜਿਥੋਂ ਕਿਤੇ ਇਨ੍ਹਾਂ ਅਦਾਰਿਆਂ ਨੇ ਸਮਾਜਿਕ ਮੰਤਵਾਂ ਦੀ ਪੂਰਤੀ ਕਰਨੀ ਹੋਵੇ, ਉਥੇ ਇਨ੍ਹਾਂ ਨੂੰ ਰਾਜ ਸਰਕਾਰ ਦੁਆਰਾ ਯੋਗ ਸਹਾਇਤਾ ਦਿੱਤੀ ਜਾਵੇਗੀ। ਰਾਜ ਸਰਕਾਰ ਇਨ੍ਹਾਂ ਅਦਾਰਿਆਂ ਦੀ ਪ੍ਰਬੰਧਕੀ ਸੁਯੋਗਤਾ ਵਿਚ ਵਿਸ਼ੇਸ਼ ਉਪਰਾਲੇ ਅਤੇ ਦਰਮਿਆਨੀ ਪਧਰ ਉਤੇ ਸੁਧਾਰ ਦੀ ਕੋਸ਼ਿਸ਼ ਕਰੇਗੀ।

ਇਹ ਪਹਿਲੀ ਵਾਰ ਹੈ ਕਿ ਸਰਕਾਰੀ ਅਦਾਰਿਆਂ ਦੇ ਕੰਮ ਕਾਜ ਸਬੰਧੀ ਇਕ ਰਪੋਟ ਤਿਆਰ ਕੀਤੀ ਗਈ ਹੈ ਅਤੇ ਮਾਨਯੋਗ ਮੈਂਬਰਾਂ ਨੂੰ ਹੋਰ ਬਜਟ ਦਸਤਾਵੇਜ਼ਾਂ ਦੇ ਨਾਲ ਇਸ ਦੀ ਕਾਪੀ ਦਿੱਤੀ ਗਈ ਹੈ। ਮੈਨੂੰ ਆਸ ਹੈ ਕਿ ਸਰਕਾਰੀ ਅਦਾਰਿਆਂ ਦੇ ਕੰਮ ਕਾਜ ਨੂੰ ਘੋਖਣ ਲਈ ਇਹ ਰਪੋਟ, ਮਾਨਯੋਗ ਮੈਂਬਰਾਂ ਦੀ ਸਹਾਇਤਾ ਕਰੇਗੀ।

ਲੇਖੇ 1978-79

ਮੈਂ ਹੁਣ ਮਾਨਯੋਗ ਮੈਂਬਰਾਂ ਨੂੰ ਬਜਟ ਲੇਖੇ ਵਿਚਲੇ ਅਸਲ ਅੰਕੜਿਆਂ ਤੋਂ ਜਾਣੂ ਕਰਾਉਣਾ ਚਾਹਾਂਗਾ। ਸੋਧੇ ਅਨੁਮਾਨਾਂ ਅਨੁਸਾਰ ਸਾਲ 1978-79 ਦੇ 4.73 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦੀ ਆਸ ਸੀ। ਅੰਪਰ, ਇਸ ਸਾਲ ਦੇ ਅਸਲ ਲੇਖੇ ਤੋਂ ਪਤਾ ਚਲਦਾ ਹੈ ਕਿ ਖਜ਼ਾਨਾ ਬਿਲਾਂ ਵਿਚ 32.18 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਤੋਂ ਇਲਾਵਾ, 1.98 ਕਰੋੜ ਰੁਪਏ ਦੀ ਜਮ੍ਹਾਂ ਬਾਕੀ ਸੀ। ਇਸ ਲਈ ਸਾਲ ਦੇ ਅੰਤ ਤੇ ਜਮ੍ਹਾਂ ਬਾਕੀ 34.16 ਕਰੋੜ ਰੁਪਏ ਹੋ ਗਈ। ਸਾਲ 1978-79 ਲਈ ਸੋਧੇ ਅਨੁਮਾਨਾਂ ਅਤੇ ਅਸਲ ਖਰਚ ਵਿਚਕਾਰ ਭਿੰਨਤਾ ਦਾ ਕਾਰਣ ਯੋਜਨਾ ਦੇ ਪਾਲਣ ਵਿਚ 16.40 ਕਰੋੜ ਰੁਪਏ ਦੀ ਕਮੀ ਅਤੇ ਸਟੇਟ ਬੈਂਕ ਆਫ ਇੰਡੀਆ ਪਾਸ ਨਕਦ ਜਮ੍ਹਾਂ ਲੇਖੇ ਵਿਚ ਖੱਪਾ, ਇਸ ਭਿੰਨਤਾ ਸਬੰਧੀ ਵਿਆਖਿਆ, ਵਿਤ ਸਕੱਤਰ ਦੇ ਬਜਟ ਸਬੰਧੀ ਵਿਆਖਿਆਤਮਕ ਯਾਦ ਪੱਤਰ ਵਿਚ ਦਿੱਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

ਸੋਧੇ ਅਨੁਮਾਨ 1979-80

ਸਾਲ 1979-80 ਦੇ ਸੋਧੇ ਅਨੁਮਾਨਾਂ ਅਨੁਸਾਰ ਇਹ ਸਾਲ 17.09 ਕਰੋੜ ਰੁਪਏ ਦੇ ਨਾਵੇਂ ਬਾਕੀ ਨਾਲ ਸਮਾਪਤ ਹੋਣ ਦੀ ਆਸ ਸੀ ਜਦੋਂ ਕਿ ਸਾਲ 1979-80 ਦੇ ਬਜਟ ਅਨੁਮਾਨ ਪੇਸ਼ ਕਰਨ ਸਮੇਂ ਇਸ ਨਾਵੇਂ ਬਾਕੀ ਦਾ ਹਿਸਾਬ 35.82 ਕਰੋੜ ਰੁਪਏ ਲਗਾਇਆ ਗਿਆ ਸੀ । ਇਸ ਲਈ 1979-80 ਦੇ ਸੋਧੇ ਅਨੁਮਾਨਾਂ ਵਿੱਚ ਦਰਸਾਈ ਸਮੁੱਚੀ ਬਜਟੀ ਸਥਿਤੀ, ਸਾਨ 1979-80 ਦੇ ਬਜਟ ਅਨੁਮਾਨਾਂ ਦੀ ਤੁਲਨਾ ਵਿਚ 18.73 ਕਰੋੜ ਰੁਪਏ ਦਾ ਵਾਧਾ ਦਰਸਾਉਂਦੀ ਹੈ। ਇਸੇ ਦੌਰਾਨ ਸਾਲ 1979-80 ਲਈ ਪੂਰਣ ਅਸਲ ਖਰਚ ਦੇ ਅੰਕੜੇ ਮਹਾਂ ਲੇਖਾਕਾਰ, ਪੰਜਾਬ ਤੋਂ ਪ੍ਰਾਪਤ ਹੋ ਗਏ ਹਨ। ਇਨ੍ਹਾਂ ਅੰਕੜਿਆਂ ਅਨੁਸਾਰ 1979-80 ਦਾ ਸਾਲ 28.04 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੁੰਦਾ ਹੈ ਜਿਹੜਾ ਕਿ ਸਾਲ 1979-80 ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ ਤੇ ਸਮੁੱਚੀ ਬਜਟੀ ਸਥਿਤੀ ਵਿਚ ਲਗ ਭਗ 11.00 ਕਰੋੜ ਰੁਪਏ ਦਾ ਘਾਟਾ ਦਰਸਾਉਂਦਾ ਹੈ। ਇਹ ਘਾਟਾ ਮੁਖ ਤੌਰ ਤੇ ਵਿਕਰੀ ਕਰ ਵਸੂਲੀ ਵਿਚ 5.47 ਕਰੋੜ ਰੁਪਏ ਦੀ ਕਮੀ ਅਤੇ ਪ੍ਰਾਵੀਡੈਂਟ ਫੰਡਾਂ ਵਿਚ 4.97 ਕਰੋੜ ਰੁਪਏ ਘੱਟ ਜਮ੍ਹਾਂ ਹੋਣ ਕਾਰਣ ਹੈ। ਅੇਪਰ, ਸਮੁੱਚੀ ਬਜਟੀ ਸਥਿਤੀ ਦੀ ਮੰਦੀ ਹਾਲਤ ਦਾ ਕਾਰਣ ਇਹ ਹੈ ਕਿ ਪਿਛਲੀ ਸਰਕਾਰ ਨੇ ਵਾਧੂ ਵਸੀਲੇ ਜੁਟਾਉਣ ਲਈ ਉਪਾਵਾਂ ਵਲ ਲਾਪ੍ਰਵਾਹੀ ਵਰਤੀ ਹੈ। ਪਿਛਲੀ ਸਰਕਾਰ ਦੁਆਰਾ ਤਿੰਨ ਸਾਲਾਂ ਦੇ ਦੌਰਾਨ ਜੁਟਾਏ ਜਾਣ ਵਾਲੇ ਵਾਧੂ ਸਾਧਨਾਂ ਵਿਚ ਲਗ ਭਗ 60.00 ਕਰੋੜ ਰੁਪਏ ਦੀ ਕਮੀ ਹੋਈ ਹੈ। ਜੇ ਕਰਾਂ ਦੀ ਵਸੂਲੀ ਚੰਗੀ ਤਰ੍ਹਾਂ ਨਾ ਕੀਤੀ ਜਾਂਦੀ ਅਤੇ ਗੈਰ ਯੋਜਨਾ ਖਰਚੇ ਨੂੰ ਕੰਟਰੋਲ ਵਿਚ ਰਖਣ ਲਈ ਕਰੜੇ ਉਪਰਾਲੇ ਨਾ ਕੀਤੇ ਜਾਂਦੇ, ਤਾਂ ਸਮੁੱਚੀ ਬਜਟੀ ਸਥਿਤੀ ਹੋਰ ਵੀ ਮਾੜੀ ਹੋਣੀ ਸੀ।

ਬਜਟ ਅਨੁਮਾਨ 1980-81

ਸੰਸਦ ਤੋਂ ਲੇਖਾ-ਅਨੁਦਾਨ ਪਰਵਾਨ ਕਰਵਾਉਣ ਸਮੇਂ, ਇਹ ਮਨਦੇ ਹੋਏ ਕਿ ਸਾਲ 1979-80, 17.09 ਕਰੋੜ ਰੁਪਏ ਦੀ ਨਾਵੇਂ ਬਾਕੀ ਨਾਲ ਸਮਾਪਤ ਹੋਵੇਗਾ, ਇਹ ਅਨੁਮਾਨ ਲਾਇਆ ਗਿਆ ਸੀ ਕਿ ਸਾਲ 1980-81, 41.00 ਕਰੋੜ ਰੁਪਏ ਦੀ ਨਾਵੇਂ ਬਾਕੀ ਨਾਲ ਸਮਾਪਤ ਹੋਵੇਗਾ ।ਅੇਪਰ, ਜਿਵੇਂ ਕਿ ਪਿਛਲੇ ਭਾਗ ਵਿਚ ਦਸਿਆ ਗਿਆ ਹੈ ਕਿ ਸਾਲ 1979-80 ਵਾਸਤਵ ਵਿਚ 28.04 ਕਰੋੜ ਰੁਪਏ ਦੀ ਨਾਵੇਂ ਬਾਕੀ ਨਾਲ ਸਮਾਪਤ ਹੋਇਆ । ਇਸ ਨਾਲ ਸਾਲ 1980-81 ਦਾ ਘਾਟਾ ਲਗ ਭਗ 11.00 ਕਰੋੜ ਰੁਪਏ ਹੋਰ ਵੱਧ ਜਾਣਾ ਸੀ। ਲੇਖਾ ਅਨੁਦਾਨ ਪਰਵਾਨ ਕਰਵਾਉਣ ਸਮੇਂ ਇਸ ਗੱਲ ਦੀ ਆਸ ਕੀਤੀ ਜਾਂਦੀ ਸੀ ਕਿ ਚਾਲੂ ਲੈਣ ਦੇਣ ਕਾਰਨ 23.91 ਕਰੋੜ ਰੁਪਏ ਦੀ ਨਾਵੇਂ ਬਾਕੀ ਰਹੇਗੀ । ਅੇਪਰ, ਹੁਣ ਪੇਸ਼ ਕੀਤੇ ਜਾ ਰਹੇ ਬਜਟ ਅਨੁਮਾਨਾਂ ਅਨੁਸਾਰ, ਚਾਲੂ ਲੇਖੇ ਵਿਚ ਲੈਣ ਦੇਣ ਕਾਰਨ 41.96 ਕਰੋੜ ਰੁਪਏ ਦੀ ਨਾਵੇਂ ਬਾਕੀ ਹੋਵੇਗੀ । ਚਾਲੂ ਲੈਣ ਦੇਣ ਕਰ ਕੇ ਨਵੇਂ ਬਾਕੀ ਵਿਚ ਲਗ ਭਗ 18.00 ਕਰੋੜ ਰੁਪਏ ਦੇ ਵਾਧੇ ਦਾ ਕਾਰਣ ਯੋਜਨਾ ਆਕਾਰ ਵਿਚ 16.00 ਕਰੋੜ ਰੁਪਏ ਦਾ ਵਾਧਾ ਅਤੇ 2.00 ਕਰੋੜ ਰੁਪਏ ਦਾ ਵਧੀਕ ਗੈਰ ਯੋਜਨਾ ਖਰਚ ਹੈ । ਇਸ ਲਈ, 28.04 ਕਰੋੜ ਰੁਪਏ ਦੇ ਮੁਢਲੇ ਘਾਟੇ ਦਾ ਹਿਸਾਬ ਲਾਉਂਦੇ ਹੋਏ, ਸਾਲ 1980-81 ਦੇ 70.00 ਕਰੋੜ ਰੁਪਏ ਦੀ ਨਾਵੇਂ ਬਾਕੀ ਨਾਲ ਸਮਾਪਤ ਹੋਣ ਦੀ ਆਸ ਹੈ । ਸਾਲ 1980-81 ਬਜਟ ਅਨੁਮਾਨਾਂ ਅਨੁਸਾਰ ਸਮੁੱਚੀ ਬਜਟੀ ਸਥਿਤੀ ਨਿਮਨ ਅਨੁਸਾਰ ਹੈ:

(ਰੁਪਏ ਕਰੋੜਾਂ ਵਿਚ)

(ੳ)	ਆਮਦਨ ਲੇਖਾ		
	(ੳ) ਪ੍ਰਾਪਤੀਆਂ	...	544.73
	(ਅ) ਖਰਚ	...	482.90

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ਰੁਪਏ ਕਰੋੜਾਂ ਵਿੱਚ)

	ਵਾਧਾ	...	61.83
(ii)	ਪੂੰਜੀਗਤ ਖਰਚ	...	64.54
(iii)	ਸਰਕਾਰੀ ਰਿਣ—		
	(ੳ) ਲਏ ਕਰਜ਼ੇ	...	446.42
	(ਅ) ਮੋੜੇ ਕਰਜ਼ੇ	...	402.12
	ਨਿਰੋਲ	...	44.30
(iv)	(ੳ) ਕਰਜ਼ੇ ਅਤੇ ਪੇਸ਼ਗੀਆਂ	...	130.43
	(ਅ) ਵਸੂਲੀਆਂ	...	40.64
	ਨਿਰੋਲ	...	89.79
(v)	ਅੰਤਰ ਰਾਜੀ ਨਿਪਟਾਰਾ ਲੇਖੇ	...	...
(vi)	ਫੰਡ-ਰਹਿਤ ਕਰਜ਼ੇ (ਨਿਰੋਲ)	...	10.10
(vii)	ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਨਿਰੋਲ)	...	(—)3.86
(viii)	ਲੈਣ ਦੇਣ ਦਾ ਨਿਰੋਲ ਅਸਰ (i ਤੋਂ vii)	...	(—)41.96

ਨਵੀਆਂ ਰਿਆਇਤਾਂ ਅਤੇ ਭਲਾਈ ਉਪਾ

ਰਾਜ ਦੀ ਕਠਿਨ ਵਿੱਤੀ ਹਾਲਤ ਅਤੇ ਵਸੀਲਿਆਂ ਦੀ ਭਾਰੀ ਬੰਦਸ਼ ਦੇ ਬਾਵਜੂਦ ਸਰਕਾਰ ਆਪਣੇ ਕਰਮਚਾਰੀਆਂ ਅਤੇ ਸਮਾਜ ਦੇ ਹੋਰ ਵਰਗਾਂ ਦੀ ਭਲਾਈ ਲਈ ਉਤਸੁਕ ਹੈ ਅਤੇ ਇਸ ਮੰਤਵ ਲਈ ਨਿਮਨ ਲਿਖਤ ਰਾਹਤ ਉਪਾਵਾਂ ਦੀ ਤਜਵੀਜ਼ ਕੀਤੀ ਜਾਂਦੀ ਹੈ:—

(ੳ) ਸਰਕਾਰੀ ਕਰਮਚਾਰੀਆਂ ਨੂੰ ਪੰਜਾਬ ਤਨਖਾਹ ਕਮਿਸ਼ਨ ਦੀ ਰਪੋਟ ਦਾ ਪਹਿਲਾ ਭਾਗ ਲਾਗੂ ਕਰਦਿਆਂ ਖੁਲ੍ਹ ਦਿਲੀ ਨਾਲ ਲਾਭ ਦਿਤੇ ਗਏ ਹਨ। ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਲਾਗੂ ਹੋਣ ਨਾਲ ਸਰਕਾਰੀ ਕਰਮਚਾਰੀਆਂ ਨੂੰ ਮਿਲਣ ਵਾਲੇ ਲਾਭਾਂ ਨਾਲ 13.00 ਕਰੋੜ ਰੁਪਏ ਤਕ ਦਾ ਸਾਲਾਨਾ ਹੋਰ ਖਰਚ ਵਧੇਗਾ। ਪੰਜਾਬ ਤਨਖਾਹ ਕਮਿਸ਼ਨ ਦੀ ਰਪੋਟ ਦੇ ਦੂਜੇ ਭਾਗ, ਜੋ ਪੈਨਸ਼ਨਾਂ ਨਾਲ ਸਬੰਧਤ ਹੈ, ਉਤੇ ਤੇਜ਼ੀ ਨਾਲ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਹ ਛੇਤੀ ਹੀ ਲਾਗੂ ਕਰ ਦਿਤਾ ਜਾਵੇਗਾ। ਇਸ ਦੇ ਲਾਗੂ ਹੋਣ ਨਾਲ ਲਗ ਭਗ 2.50 ਕਰੋੜ ਰੁਪਏ ਦਾ ਅਧਿਕ ਭਾਰ ਪਵੇਗਾ।

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ 1 ਫਰਵਰੀ, 1980 ਤੋਂ ਕੇਂਦਰੀ ਪੈਟਰਨ ਅਨੁਸਾਰ 1400 ਰੁਪਏ ਮਹੀਨਾ ਤਕ ਤਨਖਾਹ ਲੈਣ ਵਾਲੇ ਕਰਮਚਾਰੀਆਂ ਨੂੰ ਮਹਿੰਗਾਈ ਭੱਤੇ ਦੀ ਇਕ ਹੋਰ ਕਿਸ਼ਤ ਦੇਣ ਦਾ ਫੈਸਲਾ ਕੀਤਾ ਹੈ । ਇਸ ਨਾਲ ਲਗ ਭਗ 4.00 ਕਰੋੜ ਰੁਪਏ ਸਾਲਾਨਾ ਦਾ ਅਧਿਕ ਭਾਰ ਪਵੇਗਾ ।

ਰਾਜ ਸਰਕਾਰ ਨੇ ਪੰਜਾਬ ਸਰਕਾਰ ਦੇ ਪੈਨਸ਼ਨਰਾਂ, ਜਿਨ੍ਹਾਂ ਵਿਚ ਪਰਿਵਾਰ ਪੈਨਸ਼ਨਰ ਵੀ ਸ਼ਾਮਲ ਹਨ, ਨੂੰ ਕੇਂਦਰੀ ਪੈਟਰਨ ਅਨੁਸਾਰ । ਨਵੰਬਰ, 1979 ਤੋਂ ਤਦਅਰਥ ਰਾਹਤ ਵਜੋਂ ਇਕ ਹੋਰ ਕਿਸ਼ਤ ਦੇਣ ਦਾ ਫੈਸਲਾ ਕੀਤਾ ਹੈ । ਇਸ ਨਾਲ 30.00 ਲੱਖ ਰੁਪਏ ਦਾ ਅਧਿਕ ਖਰਚ ਵਧੇਗਾ ।

(ਅ) ਜੀਵਨ-ਦਾਇਕ ਦਵਾਈਆਂ ਨੂੰ ਵਿਕਰੀ ਕਰ ਤੋਂ ਛੋਟ ਦਿੱਤੀ ਜਾਵੇਗੀ ।

(ਏ) ਬਾਈ-ਸਾਈਕਲਾਂ ਅਤੇ ਬਾਈ-ਸਾਈਕਲਾਂ ਦੇ ਪੁਰਜ਼ਿਆਂ ਤੇ 2 ਪ੍ਰਤੀਸ਼ਤ ਵਿਕਰੀ ਕਰ ਘਟਾ ਦਿਤਾ ਜਾਵੇਗਾ । (ਵਿਘਨ) (ਥੰਪਿੰਗ)

(ਸ) ਵੱਖ ਵੱਖ ਵਿਦਿਅਕ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖਲੇ ਲਈ ਪ੍ਰਾਸਪੈਕਟਸਾਂ ਨੂੰ ਵਿਕਰੀ ਕਰ ਤੋਂ ਛੋਟ ਦਿਤੀ ਜਾਵੇਗੀ ।
(ਵਿਘਨ)

(ਹ) ਵੱਖ ਵੱਖ ਮੰਤਵਾਂ ਲਈ ਅਨੁਸੂਚਿਤ ਜਾਤੀਆਂ, ਪਛੜੀਆਂ ਸ਼ਰੇਣੀਆਂ, ਪਛੜੇ ਇਲਾਕਿਆਂ ਅਤੇ ਦਿਹਾਤੀ ਇਲਾਕਿਆਂ ਆਦਿ ਲਈ ਲੋੜੀਂਦੇ ਸਰਟੀਫਿਕੇਟ ਪ੍ਰਾਪਤ ਕਰਨ ਲਈ ਹਲਫੀਆ ਬਿਆਨਾਂ ਤੇ ਅਸ਼ਟਾਮ ਡਿਊਟੀ ਖਤਮ ਕੀਤੀ ਜਾ ਰਹੀ ਹੈ। (ਥੰਪਿੰਗ)

(ਕ) ਵਿਕਰੀ ਕਰ ਨੂੰ ਘੱਟ ਗੁੰਝਲਦਾਰ ਅਤੇ ਵਧੇਰੇ ਆਸਾਨੀ ਨਾਲ ਲਾਗੂ ਹੋਣ ਯੋਗ ਬਣਾਉਣ ਲਈ ਇਸ ਦੇ ਦਰ ਢਾਂਚੇ ਨੂੰ ਸੁਧਾਰਿਆ ਜਾਵੇਗਾ । ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਵਿਕਰੀ ਕਰ ਦੇਣ ਵਾਲਿਆਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ । ਉਨ੍ਹਾਂ ਦੇ ਬੈਠਣ ਆਦਿ ਲਈ ਯੋਗ ਪ੍ਰਬੰਧ ਕੀਤੇ ਜਾਣਗੇ । ਉਨ੍ਹਾਂ ਨੂੰ ਜਾਰੀ ਕੀਤੇ ਜਾਣ ਵਾਲੇ ਨੋਟਿਸਾਂ ਵਿਚ ਪੂਰਵ ਦੁਪਹਿਰ ਅਤੇ ਬਾਅਦ ਦੁਪਹਿਰ ਦਾ ਵਰਣਨ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਦਾ ਸਾਰਾ ਦਿਨ ਜ਼ਾਇਆ ਨਾ ਹੋਵੇ ।

(ਖ) ਬੁਢਾਪਾ ਪੈਨਸ਼ਨਾਂ ਅਤੇ ਵਿਧਵਾਵਾਂ ਲਈ ਪੈਨਸ਼ਨਾਂ ਦੀ ਅਦਾਇਗੀ ਨੂੰ ਆਸਾਨ ਬਨਾਉਣ ਅਤੇ ਛੇਤੀ ਨਿਪਟਾਉਣ ਲਈ ਪੈਨਸ਼ਨਰਾਂ ਨੂੰ ਮਨੀਆਰਡਰਾਂ ਜਾਂ ਬੈਂਕਾਂ ਰਾਹੀਂ ਪੈਨਸ਼ਨ ਪ੍ਰਾਪਤ ਕਰਨ ਦੀ ਖੁਲ੍ਹ ਦਿਤੀ ਜਾਵੇਗੀ ।

(ਗ) ਰਾਜ ਸਰਕਾਰ, ਰਾਜ ਵਿਚਲੇ ਘੱਟ ਤਨਖਾਹ ਲੈਣ ਵਾਲੇ ਦਿਹਾਤੀ ਚੌਕੀਦਾਰਾਂ ਦੀ ਭਲਾਈ ਦੀ ਇਛੁਕ ਹੈ। ਇਸ ਲਈ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਉਨ੍ਹਾਂ ਦੀ ਮੌਜੂਦਾ ਤਨਖਾਹ 60 ਰੁਪਏ ਮਾਸਕ ਤੋਂ ਵਧਾ ਕੇ 100 ਰੁਪਏ ਮਾਸਕ ਕਰ ਦਿਤੀ ਜਾਵੇ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਮਾਲੀ ਉਪਾ

ਜਿਵੇਂ ਕਿ ਮਾਨਯੋਗ ਮੈਂਬਰਾਂ ਨੂੰ ਪਤਾ ਹੀ ਹੈ ਕਿ ਰਾਜ ਸਰਕਾਰਾਂ ਨੂੰ ਆਪਣੇ ਬਜਟਾਂ ਵਿਚ ਕੋਈ ਅਣਪੂਰਿਆ ਖੱਪਾ ਛੱਡਣ ਦੀ ਆਗਿਆ ਨਹੀਂ ਹੈ, ਕਿਉਂ ਜੋ ਇਹ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਅਣ-ਅਧਿਕਾਰਿਤ ਓਵਰ ਡਰਾਫਟ ਲੈਣ ਦਾ ਕਾਰਨ ਬਣੇਗਾ । ਇਸ ਲਈ 70.00 ਕਰੋੜ ਰੁਪਏ ਦੇ ਖੱਪੇ ਨੂੰ ਪੂਰਾ ਕਰਨ ਲਈ ਉਪਾ ਕਰਨੇ ਪੈਣਗੇ । ਇਹ ਗੱਲ ਮੈਂ, ਮਾਨਯੋਗ ਮੈਂਬਰਾਂ ਦੇ ਧਿਆਨ ਵਿਚ, ਲਿਆਉਣੀ ਚਾਹਾਂਗਾ ਕਿ 1980-81 ਦੀ ਸਾਲਾਨਾ ਯੋਜਨਾ ਦੇ ਆਕਾਰ ਨੂੰ 284.11 ਕਰੋੜ ਰੁਪਏ ਤਕ ਨਿਸਚਿਤ ਕਰਦੇ ਹੋਏ, ਰਾਜ ਸਰਕਾਰ ਨੇ ਯੋਜਨਾ ਕਮਿਸ਼ਨ ਨੂੰ ਬਚਨ ਦਿਤਾ ਸੀ ਕਿ 41.00 ਕਰੋੜ ਰੁਪਏ ਦੇ ਅਣਪੂਰੇ ਖੱਪੇ ਨੂੰ, ਸਰਕਾਰ ਦੁਆਰਾ ਹੋਰ ਵਾਧੂ ਸਾਧਨ ਇਕੱਤਰ ਕਰਨ ਦੇ ਉਪਾਵਾਂ ਰਾਹੀਂ ਪੂਰਾ ਕੀਤਾ ਜਾਵੇਗਾ । ਹੁਣ ਅਸੀਂ ਲੋਕਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਅਤੇ ਰਾਜ ਦੇ ਵਿਕਾਸ ਨੂੰ ਹੱਲਾ ਸ਼ੇਰੀ ਦੇਣ ਦੇ ਨਜ਼ਰੀਏ ਤੋਂ, ਯੋਜਨਾ ਦੇ ਆਕਾਰ ਨੂੰ ਲਗ ਭਗ 16.00 ਕਰੋੜ ਰੁਪਏ ਤਕ ਵਧਾ ਦਿਤਾ ਹੈ । ਸਾਲ 1979-80 ਦੇ ਅੰਤ ਤਕ ਦੇ ਘਾਟੇ ਵਿਚ 11.00 ਕਰੋੜ ਰੁਪਏ ਦੇ ਵਾਧੇ ਨੇ ਵੀ ਸਾਲ 1980-81 ਦਾ ਅੰਤਲਾ ਘਾਟਾ ਵਧਾਉਣ ਵਿਚ ਅਸਰ ਪਾਇਆ ਹੈ। ਇਸ ਤੋਂ ਇਲਾਵਾ, ਜਿਹੜੀਆਂ ਵੱਖ ਵੱਖ ਰਿਆਇਤਾਂ ਦਾ ਮੈਂ ਹੁਣੇ ਹੁਣੇ ਐਲਾਨ ਕੀਤਾ ਹੈ ਉਨ੍ਹਾਂ ਨਾਲ ਵੀ ਸਾਲ ਦੇ ਅੰਤਲੇ ਘਾਟੇ ਵਿਚ 8.00 ਕਰੋੜ ਰੁਪਏ ਦਾ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਜਦੋਂ ਕਿ ਕਰਮਚਾਰੀਆਂ ਨੂੰ ਅਧਿਕ ਮਹਿੰਗਾਈ ਭੱਤੇ ਦੀ ਕਿਸ਼ਤ ਦੇਣ ਕਾਰਣ ਅਤੇ ਨਵੀਆਂ ਦਿਤੀਆਂ ਜਾ ਰਹੀਆਂ ਰਿਆਇਤਾਂ ਦੀ ਦੇਣਦਾਰੀ ਨੂੰ ਸਾਲ 1980-81 ਦੇ ਦੌਰਾਨ ਵਾਧੇ ਘਾਟਿਆਂ ਦੇ ਵੇਰਵੇ ਵਿਚ ਨਿਪਟਾਇਆ ਜਾ ਸਕਦਾ ਹੈ, 70.00 ਕਰੋੜ ਦਾ ਰਹਿ ਗਿਆ ਖੱਪਾ ਹਾਲੇ ਵੀ ਪੂਰਾ ਕਰਨਾ ਰਹਿੰਦਾ ਹੈ।

ਇਸ ਖੱਪੇ ਨੂੰ ਪੂਰਾ ਕਰਨ ਲਈ ਹੋਰ ਵਸੀਲੇ ਜੁਟਾਉਣ ਦੇ ਕੁਝ ਉਪਾ ਕਰਨੇ ਜ਼ਰੂਰੀ ਬਣ ਜਾਂਦੇ ਹਨ । ਮਾਨਯੋਗ ਮੈਂਬਰ ਸ਼ਾਇਦ ਇਸ ਗਲ ਤੋਂ ਜਾਣੂ ਹਨ ਕਿ ਸਾਰੇ ਗੁਆਂਢੀ ਰਾਜਾਂ ਵਿਚ ਆਮ ਵਿਕਰੀ ਕਰ ਦੀਆਂ ਦਰਾਂ 7 ਪ੍ਰਤੀਸ਼ਤ ਤੋਂ 8 ਪ੍ਰਤੀਸ਼ਤ ਭਿਨਤਾ ਵਾਲੀਆਂ ਹਨ, ਜਦੋਂ ਕਿ ਪੰਜਾਬ ਵਿਚ ਇਹ ਕੇਵਲ 6 ਪ੍ਰਤੀਸ਼ਤ ਹੈ । ਗੁਆਂਢੀ ਰਾਜਾਂ ਦੇ ਨਾਲ ਸਮਾਨਤਾ ਰਖਣ ਲਈ ਆਮ ਵਿਕਰੀ ਕਰ ਦੀ ਦਰ ਵਰਤਮਾਨ 6 ਪ੍ਰਤੀਸ਼ਤ ਤੋਂ 7 ਪ੍ਰਤੀਸ਼ਤ ਵਧਾਉਣ ਦੀ ਤਜਵੀਜ਼ ਹੈ। ਇਸ ਦੇ ਨਾਲ ਪ੍ਰਤੀ ਸਾਲ ਲਗ ਭਗ 7.00 ਕਰੋੜ ਰੁਪਏ ਦੀ ਆਮਦਨ ਹੋਵੇਗੀ । ਕਿਉਂ ਜੋ ਆਮ ਵਿਕਰੀ ਕਰ ਸੋਧੇ ਦਰ ਤੇ ਵਰਤਮਾਨ ਸਾਲ ਦੀਆਂ ਰਹਿੰਦੀਆਂ ਦੋ ਤਿਮਾਹੀਆਂ ਲਈ ਹੀ ਵਸੂਲਿਆ ਜਾਵੇਗਾ । ਇਸ ਕਾਰਣ ਅਧਿਕ ਆਮਦਨੀ ਲਗ ਭਗ 4.00 ਕਰੋੜ ਰੁਪਏ ਹੋਣ ਦੀ ਆਸ ਹੈ । ਲਗ ਭਗ 66.00 ਕਰੋੜ ਰੁਪਏ ਦੇ ਬਾਕੀ ਰਹਿੰਦੇ ਖੱਪੇ ਦੇ ਇਕ ਵੱਡੇ ਭਾਗ ਨੂੰ ਭਾਰਤ ਸਰਕਾਰ ਤੋਂ ਹੋਰ ਕੇਂਦਰੀ ਸਹਾਇਤਾ ਪ੍ਰਾਪਤ ਕਰ ਕੇ ਪੂਰਾ ਕਰਨ ਦੀ ਤਜਵੀਜ਼ ਹੈ, ਜਿਸ ਨੂੰ ਇਸ ਸਬੰਧ ਵਿਚ ਬੇਨਤੀ ਕੀਤੀ ਗਈ ਹੈ। ਬਾਕੀ ਰਹਿੰਦੇ ਖੱਪੇ ਅਤੇ ਸਾਲ ਦੇ ਦੌਰਾਨ ਕਿਸੇ ਵੀ ਹੋਰ ਅਚੇਤ ਖਰਚੇ ਲਈ, ਅਧਿਕ ਸਾਧਨ ਜੁਟਾਉਣ ਲਈ, ਗੈਰ ਯੋਜਨਾ ਅਤੇ ਘੱਟ ਤਰਜੀਹ ਵਾਲੇ ਖ਼ਰਚ ਵਿਚ ਬਚਤ ਕਰ ਕੇ, ਹਾਲਾਤ ਦੇ ਸਬੰਧਤ ਪੱਖਾਂ ਦਾ ਪੂਰਾ ਪੂਰਾ ਜਾਇਜ਼ਾ ਲੈਣ ਉਪਰੰਤ, ਉਚਿਤ ਉਪਾ ਕਰਨੇ ਪੈਣਗੇ ।

Original with;
Punjab Vidhan Sabha
Digitized by;
Panjab Digital Library

ਧੰਨਵਾਦ

ਇਸ ਤੋਂ ਪਹਿਲਾਂ ਕਿ ਮੈਂ ਸਮਾਪਤ ਕਰਾਂ, ਮੈਂ ਵਿੱਤ ਸਕੱਤਰ ਅਤੇ ਵਿੱਤ ਵਿਭਾਗ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਦੀ ਅਣਥਕ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਸਦਕਾ, ਮੈਂ ਅਜ ਬਜਟ ਪੇਸ਼ ਕਰ ਸਕਿਆ ਹਾਂ। ਮੈਂ ਮਹਾਂ ਲੇਖਾਕਾਰ, ਪੰਜਾਬ ਦੀ ਬਹੁਮੁਲੀ ਸਹਾਇਤਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਜਿਨ੍ਹਾਂ ਨੇ ਬਜਟ ਛਾਪਣ ਵਿਚ ਪੂਰਨ ਸਹਿਯੋਗ ਦਿਤਾ ਹੈ, ਦਾ ਵੀ ਧੰਨਵਾਦੀ ਹਾਂ।

ਸ਼੍ਰੀਮਾਨ ਜੀ, ਹੁਣ ਮੈਂ ਸਾਲ 1980-81 ਦੇ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ। (ਥੰਪਿੰਗ)

ਜੈ ਹਿੰਦ।

Mr. Speaker: The House stands adjourned till 2.00 P.M. on Monday, the 14th July, 1980.

*11.52 A.M. | (*The Sabha then *adjourned till 2.00 p.m. on Monday, the 14th July, 1980*).

43233 PVS—Govt. Press, Chd.

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

(C) 1980

Published under the authority of the Punjab Vidhan Sabha and printed by the Controller Government Press, Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

14th July, 1980
Vol. I—No. 11
OFFICIAL REPORT

CONTENTS

Monday, the 14th July, 1980.

	Page
	(11)1
Starred Questions and Answers ..	(11)23
Written Answers to Starred Questions laid on the Table of the House under Rule 38 ..	(11)25
Unstarred Questions and Answers ..	(11)31
Call Attention Notices under Rule 66 ..	(11)32
General discussion on the Budget Estimates for the year 1980-81 ..	(i)
Appendix ..	

Punjab Vidhan Sabha Secretariat, Chandigarh

Price: Rs. 21.25

Original with;
Punjab Vidhan Sabha
Digitized by;
Panjab Digital Library

Punjab Vidhan Sabha

Debates

Vol. X - No. 1

OFFICIAL REPORT

Page

Written Answers to Questions ... (iii)

Unstarred Questions and Answers ... (iii)

Call Attention Notices not to be Read ... (iii)

Ordinal Assessment Notices not to be Read during the Year 1980-81 ... (iii)

Appendix ... (i)

Printed by the Manager, Govt. Printing, Chandigarh

Price : Rs.

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Monday, the 14th July, 1980.

The Vidhan Sabha met in the Punjab Vidhan Sabha Hall, Vidhan Bhavan, Chandigarh, at 2·00 P.M. of the Clock, Mr. Speaker (Shri Brij Bhushan Mehra) in the Chair.

STARRED QUESTIONS AND ANSWERS

Additional Relief to the Punjab Government Pensioners

***82. Master Dalip Chand :** Will the Minister for Finance be pleased to state—

(a) whether it is a fact that Punjab Government Pensioners have become entitled to increase in additional relief to the extent of 5 percent of their pension with effect from 1st November, 1979, on the Central pattern;

(b) if the answer to part (a) above be in the affirmative, whether the Government have so far taken any decision to grant the said relief to the pensioners; if so, the details thereof;

(c) if the reply to part (b) above be in the negative, the time by which the said relief is likely to be given to them ?

ਡਾਕਟਰ ਕੇਵਲ ਕ੍ਰਿਸ਼ਨ : (ੳ) ਹਾਂ ਜੀ।

(ਅ) ਅਤੇ (ਏ) ਪੰਜਾਬ ਸਰਕਾਰ ਨੇ ਕੇਂਦਰੀ ਸਰਕਾਰ ਦੀ ਪ੍ਰਣਾਲੀ ਅਨੁਸਾਰ ਮਿਤੀ 1-11-1979 ਤੋਂ ਪੰਜਾਬ ਦੇ ਪੈਨਸ਼ਨਰਾਂ ਅਤੇ ਪਰਿਵਾਰਕ ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਨੂੰ ਵਾਧੂ ਸਹਾਇਤਾ ਦੀ ਇਕ ਹੋਰ ਕਿਸ਼ਤ ਦੇਣ ਦਾ ਫੈਸਲਾ ਕਰ ਲਿਆ ਹੈ। ਇਹ ਵਾਧੂ ਸਹਾਇਤਾ ਪੈਨਸ਼ਨ ਦੀ 5% ਦੀ ਦਰ ਤੇ ਹੈ ਜਿਹੜੀ ਕਿ ਘੱਟੋ ਘੱਟ 5/- ਰੁਪਏ ਮਹੀਨਾ ਅਤੇ ਵੱਧ ਤੋਂ ਵੱਧ 25/- ਰੁਪਏ ਹੋਵੇਗਾ।

ਇਸ ਬਾਰੇ ਰਸਮੀ ਹੁਕਮ ਜਾਰੀ ਕਰਨ ਤੋਂ ਪਹਿਲਾਂ ਮਿਤੀ 1-1-1966 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਸਬੰਧੀ ਆਉਣ ਵਾਲੇ ਖਰਚੇ ਦੀ ਦੇਣਦਾਰੀ ਲਈ ਹਰਿਆਣਾ ਸਰਕਾਰ, ਹਿਮਾਚਲ ਸਰਕਾਰ ਅਤੇ ਕੇਂਦਰੀ ਪ੍ਰਦੇਸ਼, ਚੰਡੀਗੜ੍ਹ ਦੀ ਸਹਿਮਤੀ ਦੀ ਲੋੜ ਹੈ। ਉਨ੍ਹਾਂ ਵੱਲੋਂ ਸਹਿਮਤੀ ਮੰਗੀ ਗਈ ਹੈ ਅਤੇ ਇਹ ਸਹਿਮਤੀ ਪ੍ਰਾਪਤ ਹੋਣ ਤੇ ਇਸ ਸਬੰਧੀ ਹੁਕਮ ਜਾਰੀ ਕਰ ਦਿੱਤਾ ਜਾਵੇਗਾ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ ਪੈਨਸ਼ਨਰਾਂ ਦੀ ਮੰਗ ਪਰਵਾਨ ਕਰ ਲਈ ਹੈ। ਇਸ ਦੇ ਨਾਲ ਹੀ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਦਾ ਇੱਕ ਬਹੁਤ ਵੱਡਾ ਫਰੀਡਮ ਫਾਈਟਰ ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਬੜੀ ਲੜਾਈ ਲੜੀ, ਉਸ ਦੀ ਮੌਤ 6 ਜਲਾਈ, 1980 ਨੂੰ ਹੋ ਗਈ ਹੈ। ਉਸ ਦੇ ਛੋਟੇ ਛੋਟੇ ਬੱਚੇ ਹਨ। ਕੀ ਵਜ਼ੀਰ ਸਾਹਿਬ ਉਸ ਤੇ ਰਹਿਮ ਕਰ ਕੇ ਉਸ ਦੇ ਘਰ ਵਾਲਿਆਂ ਨੂੰ ਪੈਨਸ਼ਨ ਦੇਣ ਦਾ ਪ੍ਰਬੰਧ ਕਰਨਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਸ ਤੇ ਹਮਦਰਦੀ ਨਾਲ ਵਿਚਾਰ ਕਰ ਲਿਆ ਜਾਵੇਗਾ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਨਸ਼ਨਾਂ ਜਿਹੜੀਆਂ ਹਨ ਇਹ ਜਿਹੜੇ ਕਰਮਚਾਰੀ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਏ ਹਨ ਉਨ੍ਹਾਂ ਵਾਸਤੇ ਹਨ ਜਾਂ ਜਿਹੜੇ ਫਰੀਡਮ ਫਾਈਟਰਜ਼ ਹਨ ਉਨ੍ਹਾਂ ਵਾਸਤੇ ਹਨ । ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਮਰਜੈਂਸੀ ਦੇ ਵੇਲੇ ਦੇ ਜਿਹੜੇ ਫਰੀਡਮ ਫਾਈਟਰਜ਼ ਸਨ ਉਨ੍ਹਾਂ ਦੀਆਂ ਪੈਨਸ਼ਨਾਂ ਕਿਉਂ ਬੰਦ ਕੀਤੀਆਂ ਗਈਆਂ ਹਨ । ਇਹ ਜਿਹੜੀਆਂ ਪੈਨਸ਼ਨਾਂ ਦਿਤੀਆਂ ਜਾਂਦੀਆਂ ਹਨ ਇਨ੍ਹਾਂ ਨੂੰ ਲੈਣ ਵਿੱਚ ਪੈਨਸ਼ਨਰਾਂ ਨੂੰ ਬਹੁਤ ਮੁਸ਼ਕਲ ਆਉਂਦੀ ਹੈ। ਕੀ ਵਜ਼ੀਰ ਸਾਹਿਬ ਇਹ ਪੈਨਸ਼ਨਾਂ ਡਾਕਖਾਨੇ ਰਾਹੀਂ ਜਾਂ ਬੈਂਕਾਂ ਰਾਹੀਂ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ 3-4 ਸਵਾਲ ਇਕੱਠੇ ਕਰ ਦਿੱਤੇ ਹਨ । ਇਹ ਜਿਹੜੀਆਂ ਪੈਨਸ਼ਨਾਂ ਹਨ ਇਹ ਨੌਕਰੀ ਤੋਂ ਰਿਟਾਇਰ ਹੋਏ ਸਰਕਾਰੀ ਕਰਮਚਾਰੀਆਂ ਵਾਸਤੇ ਹਨ । ਇਸ ਦਾ ਸਬੰਧ ਫਰੀਡਮ ਫਾਈਟਰ ਦੀ ਪੈਨਸ਼ਨ ਨਾਲ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਕੀ, ਸਪੀਕਰ ਸਾਹਿਬ, ਜਿਹੜਾ ਪਹਿਲੇ ਜਵਾਬ ਇਨ੍ਹਾਂ ਨੇ ਦਿੱਤਾ ਹੈ ਉਹ ਰੈਲੇਵੈਂਟ ਹੈ ?

ਮੰਤਰੀ : ਮੈਂ ਜਵਾਬ ਦੇ ਰਿਹਾ ਹਾਂ। ਜਵਾਬ ਸੁਣਨ ਦੀ ਹਿੰਮਤ ਰਖੋ । ਮੈਂ ਅਰਜ਼ ਕਰ ਰਿਹਾ ਸੀ ਕਿ ਗੌਰਮਿੰਟ ਮੁਲਾਜ਼ਮ ਜਿਹੜੇ ਹਨ ਉਨ੍ਹਾਂ ਨਾਲ ਇਸ ਦਾ ਸਬੰਧ ਹੈ । ਉਨ੍ਹਾਂ ਦੀ ਪੈਨਸ਼ਨ ਵਿਚ 1 ਨਵੰਬਰ, 1979 ਤੋਂ ਵਾਧਾ ਕਰਨਾ ਹੈ। ਇਸ ਸਵਾਲ ਦੇ ਦੂਜੇ ਭਾਗ ਦਾ ਜਵਾਬ ਇਹ ਹੈ ਕਿ ਪੰਜਾਬ ਦੀ ਰੀਆਰਗੇਨਾਈਜ਼ੇਸ਼ਨ 1 ਨਵੰਬਰ 1966 ਨੂੰ ਹੋਈ ਸੀ । ਇਸ ਲਈ ਹਿਮਾਚਲ, ਚੰਡੀਗੜ੍ਹ, ਪ੍ਰਦੇਸ਼ ਅਤੇ ਹਰਿਆਣਾ ਦੀ ਇਸ ਵਿਚ ਸਹਿਮਤੀ ਦੀ ਲੋੜ ਹੈ । ਉਨ੍ਹਾਂ ਵਲੋਂ ਸਹਿਮਤੀ ਹੋ ਜਾਣ ਤੇ ਪਰਵਾਨਗੀ ਦੇ ਦਿੱਤੀ ਜਾਵੇਗੀ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਇਨ੍ਹਾਂ ਨੇ ਜਵਾਬ ਨਹੀਂ ਦਿੱਤਾ ਪਹਿਲੇ ਸਵਾਲ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਹਮਦਰਦੀ ਨਾਲ ਗੌਰ ਕਰਾਂਗੇ । ਉਹ ਸਵਾਲ ਵੀ ਫਰੀਡਮ ਫਾਈਟਰਜ਼ ਵਾਸਤੇ ਸੀ । ਮੈਂ ਪੁਛਿਆ ਸੀ ਕਿ ਐਮਰਜੈਂਸੀ ਦੇ ਫਰੀਡਮ ਫਾਈਟਰਜ਼ ਦੀਆਂ ਪੈਨਸ਼ਨਾਂ ਬੰਦ ਕਿਉਂ ਕਰ ਦਿੱਤੀਆਂ ਹਨ ?

ਮੰਤਰੀ : ਹਮਦਰਦੀ ਨਾਲ ਗੌਰ ਕਰਨ ਵਾਸਤੇ ਕਿਹਾ ਹੈ, ਕੋਈ ਗੁਨਾਹ ਤਾਂ ਨਹੀਂ ਕੀਤਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਵਿੱਚ ਇਹ ਵੀ ਪੁਛਿਆ ਸੀ ਕਿ ਕੀ ਇਹ ਪੈਨਸ਼ਨਾਂ ਡਾਕਖਾਨੇ ਜਾਂ ਬੈਂਕਾਂ ਰਾਹੀਂ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਪੈਨਸ਼ਨਾਂ ਦੀ ਅਦਾਇਗੀ ਟਰੈਜ਼ਰੀ ਦੁਆਰਾ ਕੀਤੀ ਜਾਂਦੀ ਹੈ ਅਤੇ ਹੁਣ ਵੀ ਟਰੈਜ਼ਰੀ ਦੁਆਰਾ ਕੀਤੀ ਜਾਵੇਗੀ । ਬਾਕੀ ਕੁਝ ਹੋਰ ਪੁੱਛਣਾ ਚਾਹੁੰਦੇ ਹਨ ਤਾਂ ਨੋਟਿਸ ਦੇ ਦੇਣ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

ਸ਼੍ਰੀ ਸਪੀਕਰ : ਤੁਹਾਡੇ ਸਵਾਲ ਦਾ ਜਵਾਬ ਤਾਂ ਉਨ੍ਹਾਂ ਨੇ ਦੇ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਇਹ ਪੁੱਛਣਾ ਚਾਹੁੰਦਾ ਸੀ ਕਿ ਕੀ ਇਹ ਸਰਕਾਰ ਉਨ੍ਹਾਂ ਨੂੰ ਇਹ ਪੈਨਸ਼ਨਾਂ ਡਾਕਖਾਨੇ ਜਾਂ ਬੈਂਕਾਂ ਰਾਹੀਂ ਦੇਣ ਦਾ ਵਿਚਾਰ ਰਖਦੀ ਹੈ ?

ਮੰਤਰੀ: ਮੈਂ ਇਸ ਦਾ ਜਵਾਬ ਦਿੱਤਾ ਹੈ ਜੀ। ਇਹ ਮਾਮਲਾ ਵਿਚਾਰ ਅਧੀਨ ਨਹੀਂ ਹੈ।

Mr. Speaker : Next question

Abolition of Octroi in the State.

***47. Seth Khushhal Chand** : Will the Minister for Finance be pleased to state whether there is any proposal under the consideration of the Government to abolish octroi; if so, the manner in which the Government proposes to compensate the Local Bodies for the resultant loss to them.

ਡਾਕਟਰ ਕੇਵਲ ਕ੍ਰਿਸ਼ਨ : ਇਸ ਵਕਤ ਸਰਕਾਰ ਕੋਲ ਚੁੰਗੀ ਹਟਾਉਣ ਬਾਰੇ ਕੋਈ ਤਜਵੀਜ਼ ਨਹੀਂ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਾਂਗ੍ਰਸ ਪਾਰਟੀ ਦੇ ਮੈਨੀਫੈਸਟੋ ਵਿਚ ਇਹ ਸੀ ਕਿ ਅਸੀਂ ਚੁੰਗੀ ਹਟਾ ਦਿਆਂਗੇ। ਕੀ ਹੁਣ ਇਹ ਸਰਕਾਰ ਆਪਣੇ ਮੈਨੀਫੈਸਟੋ ਤੋਂ ਹਟ ਰਹੀ ਹੈ ?

ਮੰਤਰੀ: ਸਪੀਕਰ ਸਾਹਿਬ, ਸਰਕਾਰ ਨੂੰ ਅਜੇ ਕਾਰੋਬਾਰ ਸੰਭਾਲੇ ਇਕ ਮਹੀਨਾ ਹੀ ਹੋਇਆ ਹੈ। ਜੇ ਸਾਡੇ ਮੈਨੀਫੈਸਟੋ ਵਿਚ ਇਹ ਹੋਇਆ ਤਾਂ ਇਸ ਤੇ ਵਿਚਾਰ ਕਰਾਂਗੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਿਉਂਸਪਲ ਕਮੇਟੀਆਂ ਦੀ ਆਮਦਨ ਦਾ ਇਹ ਓਨਲੀ ਸੋਰਸ ਹੈ। ਇਸ ਦੇ ਹਟਾ ਦੇਣ ਨਾਲ ਸਰਕਾਰ ਉਨ੍ਹਾਂ ਦੀ ਆਮਦਨ ਨੂੰ ਕਿਸ ਤਰ੍ਹਾਂ ਪੂਰਾ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ 1978-79 ਵਿੱਚ ਅਤੇ 1979-80 ਵਿੱਚ ਪੰਜਾਬ ਵਿੱਚ ਲੋਕਲ ਬਾਡੀਜ਼ ਨੂੰ 18 ਕਰੋੜ 90 ਲੱਖ 43 ਹਜ਼ਾਰ ਅਤੇ 22 ਕਰੋੜ 16 ਲੱਖ ਅਤੇ 87 ਹਜ਼ਾਰ ਦੀ ਕ੍ਰਮਵਾਰ ਆਮਦਨ ਹੋਈ ਸੀ। ਇਹ ਬੜਾ ਗੰਭੀਰ ਮਸਲਾ ਹੈ। ਇਸ ਆਮਦਨੀ ਨਾਲ ਹੀ ਲੋਕਲ ਬਾਡੀਜ਼ ਚਲ ਰਹੀਆਂ ਹਨ। ਇਸ ਆਕਟਰਾਏ ਨੂੰ ਹਟਾ ਦੇਣ ਨਾਲ ਜਿਹੜਾ ਘਾਟਾ ਪਵੇਗਾ ਉਸ ਨੂੰ ਕਿਸ ਤਰ੍ਹਾਂ ਪੂਰਾ ਕਰਾਂਗੇ ? ਇਸ ਸਬੰਧ ਵਿਚ ਹਾਲੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜੇ ਮੈਨੀਫੈਸਟੋ ਵਿੱਚ ਹੋਇਆ ਤਾਂ ਇਸ ਤੇ ਗੌਰ ਕਰਾਂਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਦੀ ਤਸੱਲੀ ਹੋ ਜਾਵੇ ਕਿ ਇਹ ਪ੍ਰੋਗਰਾਮ ਇਨ੍ਹਾਂ ਦੇ ਮੈਨੀਫੈਸਟੋ ਵਿੱਚ ਹੈ ਤਾਂ ਫਿਰ ਕਿੰਨੇ ਸਮੇਂ ਵਿਚ ਇਹ ਕਰ ਦੇਣਗੇ ?

ਮੰਤਰੀ: ਸਮੇਂ ਬਾਰੇ ਕੋਈ ਨਿਸ਼ਚਿਤ ਨਹੀਂ ਕਿਹਾ ਜਾ ਸਕਦਾ। ਜੇ ਮੈਨੀਫੈਸਟੋ ਵਿੱਚ ਹੋਇਆ ਤਾਂ ਜਲਦੀ ਤੋਂ ਜਲਦੀ ਵਿਚਾਰ ਕਰਾਂਗੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਜੋ ਆਂਕੜੇ ਵਜ਼ੀਰ ਸਾਹਿਬ ਨੇ ਹੁਣੇ ਦਸੇ ਹਨ ਕਿ 22 ਕਰੋੜ ਦੇ ਕਰੀਬ ਇਸ ਆਕਟਰਾਏ ਤੋਂ ਆਮਦਨੀ ਹੁੰਦੀ ਹੈ ਤਕਰੀਬਨ ਇਤਨੀ ਹੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੁੰਦੜ]

ਜਿਹੜੀਆਂ ਮਾਰਕੀਟ ਕਮੇਟੀਆਂ ਹਨ ਉਨ੍ਹਾਂ ਨੂੰ ਮਾਰਕਿਟ ਫ਼ੀਸ ਤੋਂ ਆਮਦਨ ਹੁੰਦੀ ਹੈ । ਪਰ ਇਹ ਟੈਕਸ ਦੋਨੋਂ ਪਾਸੇ ਜ਼ਿਮੀਂਦਾਰਾਂ ਤੇ ਹੀ ਪੈਂਦਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਦਾ ਬੋਝ ਜ਼ਿਮੀਂਦਾਰਾਂ ਤੋਂ ਹਟਾਉਣ ਲਈ ਇਹ ਫ਼ੀਸ ਮੰਡੀ ਵਿਚੋਂ ਆਮ ਤਬਕੇ ਤੋਂ ਵਸੂਲ ਕਰਨ ਦਾ ਪ੍ਰਬੰਧ ਕਰਨਗੇ ਤਾ ਕਿ ਇਸ ਦਾ ਬੋਝ ਜ਼ਿਮੀਂਦਾਰ ਤੇ ਨਾ ਪਵੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਇਸ ਸਵਾਲ ਦੇ ਨਾਲ ਹੀ ਮਾਰਕਿਟ ਕਮੇਟੀਆਂ ਦੀ ਗਲ ਵੀ ਜੋੜ ਦਿੱਤੀ ਹੈ। ਇਹ ਆਕਟਰਾਏ ਕਸਬਿਆਂ ਵਿੱਚ ਜਿਹੜੀਆਂ ਕਮੇਟੀਆਂ ਹਨ ਉਹ ਵਸੂਲ ਕਰਦੀਆਂ ਹਨ ਅੱਤ ਇਸ ਦਾ ਬੋਝ ਸਿਰਫ਼ ਜ਼ਿਮੀਂਦਾਰਾਂ ਤੇ ਹੀ ਨਹੀਂ ਪੈਂਦਾ ਬਲਕਿ ਕੋਈ ਵੀ ਆਦਮੀ ਜਿਹੜਾ ਕੋਈ ਇਸ ਤਰ੍ਹਾਂ ਦਾ ਮਾਲ ਲੈ ਕੇ ਆਉਂਦਾ ਹੈ ਉਸ ਤੇ ਹੀ ਇਹ ਟੈਕਸ ਲਗਦਾ ਹੈ। ਇਸ ਲਈ ਜਦੋਂ ਤਕ ਕੋਈ ਬੰਦੋਬਸਤ ਨਾ ਹੋ ਜਾਵੇ ਇਹ ਟੈਕਸ ਹਟਾਇਆ ਨਹੀਂ ਜਾ ਸਕਦਾ।

ਕਾਮਰੇਡ ਬਲਦੇਵ ਸਿੰਘ ਲੂੰਬਾ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੱਖਾਂ ਰੁਪਏ ਦੀ ਚੁੰਗੀ ਦੀ ਚੋਰੀ ਦੇ ਕੇਸ ਚਲ ਰਹੇ ਹਨ ਇਨ੍ਹਾਂ ਕਾਰਨ ਬਹੁਤ ਭਾਰੀ ਨੁਕਸਾਨ ਮਿਉਂਸਪਲ ਕਮੇਟੀਆਂ ਨੂੰ ਹੋ ਰਿਹਾ ਹੈ। ਜੋ ਚੋਰੀ ਕਰਦੇ ਹਨ ਉਹ ਲੋਕ ਅਸਰ-ਰਸੂਖ ਵਾਲੇ ਹਨ। ਕੀ ਜਿਹੜੇ ਲੋਕ ਚੁੰਗੀ ਦੀ ਚੋਰੀ ਕਰਦੇ ਹਨ ਉਨ੍ਹਾਂ ਬਾਰੇ ਸਰਕਾਰ ਇਨਕੁਆਇਰੀ ਕਰਵਾਏਗੀ ਤਾਕਿ ਇਸ ਭਾਰੀ ਨੁਕਸਾਨ ਤੋਂ ਮਿਉਂਸਪਲ ਕਮੇਟੀਆਂ ਦਾ ਬਚਾਓ ਹੋ ਸਕੇ।

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਨੇ ਚੰਗੀ ਇਨਫਰਮੇਸ਼ਨ ਦਿੱਤੀ ਹੈ । ਮੈਂ ਇਨ੍ਹਾਂ ਨੂੰ ਦਸੱਣਾ ਚਾਹੁੰਦਾ ਹਾਂ ਕਿ ਚੁੰਗੀ ਦੀ ਚੋਰੀ ਰੋਕਣ ਲਈ ਮਿਉਂਸਪਲ ਕਮੇਟੀਆਂ ਆਪਣੇ ਤੌਰ ਤੇ ਕਾਰਵਾਈ ਕਰਦੀਆਂ ਹਨ । ਫਿਰ ਵੀ ਜੋ ਮੈਂਬਰ ਸਾਹਿਬਾਨ ਸੁਝਾਓ ਦੇਣਗੇ ਅਸੀਂ ਉਸ ਤੇ ਵਿਚਾਰ ਕਰਾਂਗੇ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਚੁੰਗੀ ਦੀਆਂ ਦਰਾਂ ਕਾਰਖਾਨੇਦਾਰਾਂ ਅਤੇ ਜ਼ਿਮੀਂਦਾਰਾਂ ਲਈ ਇਕੋ ਜਿਹੀਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਆਨਰੇਬਲ ਮੈਂਬਰ ਸਾਹਿਬ ਸੈਪਰੇਟ ਨੋਟਿਸ ਦੇ ਦੇਣ, ਜ਼ਰੂਰ ਜਵਾਬ ਦੇਵਾਂਗੇ । ਇਸ ਵੇਲੇ ਇਹ ਇਨਫਰਮੇਸ਼ਨ ਮੇਰੇ ਕੋਲ ਅਵੇਲੇਬਲ ਨਹੀਂ ਹੈ।

ਸ਼੍ਰੀ ਜੋਗਿੰਦਰ ਪਾਲ ਧਾਂਡੇ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਡਾਇਰੈਕਸ਼ਨ ਚੁੰਗੀ ਖਤਮ ਕਰਨ ਲਈ ਗੌਰਮਿੰਟ ਆਫ ਇੰਡੀਆ ਤੋਂ ਪੰਜਾਬ ਗੌਰਮਿੰਟ ਨੂੰ ਆਈ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਬਾਰੇ ਮੈਂਬਰ ਸਾਹਿਬ ਨੂੰ ਦਸੱਣਾ ਚਾਹੁੰਦਾ ਹਾਂ ਕਿ ਅਜੇ ਤੱਕ ਕੋਈ ਹਦਾਇਤ ਨਹੀਂ ਆਈ ਅਤੇ ਨਾ ਹੀ ਆਲ ਇੰਡੀਆ ਪੈਟਰਨ ਤੇ ਇਸ ਬਾਰੇ ਅਜੇ ਤਕ ਕੋਈ ਫੈਸਲਾ ਹੋਇਆ ਹੈ । ਇਸ ਕਰਕੇ ਚੁੰਗੀ ਹਟਾਉਣਾ ਮੁਨਾਸਿਬ ਨਹੀਂ ਹੈ।

ਸਰਦਾਰ ਅਵਤਾਰ ਸਿੰਘ : ਸਪੀਕਰ ਸਾਹਿਬ, ਜਦੋਂ ਜ਼ਿਮੀਂਦਾਰ ਪ੍ਰੋਡਿਊਸ ਲੈ ਕੇ ਮੰਡੀ ਵਿ ਚ ਆਉਂਦਾ ਹੈ ਤਾਂ ਉਸ ਤੇ ਚੁੰਗੀ ਵੀ ਲਗਦੀ ਹੈ ਅਤੇ ਮਾਰਕਿਟ ਫੀਸ ਵੀ ਲਗਦੀ ਹੈ । ਇਸ ਲਈ ਕੀ ਸਰਕਾਰ ਇਸ ਗੱਲ ਤੇ ਵਿਚਾਰ ਕਰੇਗੀ ਕਿ ਦੋਨਾਂ ਟੈਕਸਾਂ ਵਿਚੋਂ ਜ਼ਿਮੀਂਦਾਰ ਤੇ ਇਕ ਹੀ ਟੈਕਸ ਲਗਾਇਆ ਜਾਵੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਸੁਝਾਓ ਚੰਗਾ ਹੈ। ਅਸੀਂ ਇਸ ਤੇ ਵਿਚਾਰ ਕਰ ਲਵਾਂਗੇ। (ਬੰਪਿੰਗ)

Shortage of Anti-Rabies Vaccine in the State

***54. Master Babu Singh** : Will the Minister for Health and Family Welfare be pleased to state—

(a) whether the Government is aware of the fact that there is an acute shortage of anti-rabies vaccine in the State; if so, the steps being taken to meet this shortage;

(b) the total quantity of vaccine supplied in the State, district-wise during the calendar years 1977, 1978, 1979 and 1980 (up-to-date);

(c) the names and addresses of the persons who died of hydrophobia during the period referred to in part (b) above in the State, district-wise and year-wise ?

Doctor Kewal Krishan (Finance Minister) :(a) There is no shortage.

(b) and (c) The information is laid on the Table of the House :

ANNEXURE

(b) The break-up of total quantity of vaccine supplied district-wise and year-wise in the State is given below—

Serial No.	District	1977	1978	1979	1980 (Upto June)
			(in ml.)		
1	Patiala ..	21,920	14,700	23,610	11,000
2	Sangrur ..	66,930	61,600	68,825	41,688
3	Bhatinda	40,950	33,198	38,690	21,950
4	Faridkot ..	70,950	48,500	65,990	28,500
5	Perozepur ..	47,330	32,226	29,190	23,170
6	Ropar ..	19,470	16,710	26,190	12,000
7	Hoshiarpur ..	67,620	51,040	51,770	23,980
8	Gurdaspur ..	1,12,530	40,370	54,020	23,800
9	Kapurthala ..	31,550	22,958	33,744	12,390
10	Amritsar ..	53,480	30,460	57,880	14,700
11	Jullundur ..	98,470	64,060	93,650	48,380
12	Ludhiana ..	29,380	16,980	42,300	21,000
13	Sri Guru Teg Bahadur Hospital, Amritsar ..	1,24,940	81,890	71,720	39,890
14	Rajindera Hospital, Patiala..	47,180	60,390	23,310	18,500
	Grand Total ..	8,32,700	5,76,082	6,80,889	3,41,038

Original with;
Punjab Vidhan Sabha
Digitized by;
Panjab Digital Library

[Finance Minister]

(c) Four deaths occurred due to Hydrophobia, the details of which are given below:—

Name of the District	No. of deaths	Year	Name and address
(1) Faridkot	.. One	1977	Shri Gandher Singh son of Shri Jamit Singh, Village and P.O. Mehmuana, Tehsil and District Faridkot
(2) Hoshiarpur	.. Two	1979	(i) Shri Bir Singh, Village and P.O. Kamm Jandwal, District Hoshiarpur (ii) Shrimati Surjit Kaur, c/o Civil Hospital, Hoshiarpur
(3) Jullundur	.. One	1980	Shri Himat Singh son of Shri Bhagwan Singh, Village Happowal, Block Banga, District Jullundur

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਜਿਹੜੀ ਸੂਚਨਾ ਸਦਨ ਦੀ ਮੇਜ਼ ਤੇ ਰਖੀ ਹੈ। ਉਸ ਤੋਂ ਪਤਾ ਲਗਦਾ ਹੈ ਕਿ ਜ਼ਿਲ੍ਹਾ ਪਟਿਆਲੇ ਵਿੱਚ 1977 ਵਿੱਚ 21,920 ਐਮ. ਐਲ. ਵੈਕਸੀਨ ਮਿਲੀ ਅਤੇ ਹੁਣ 1980 ਵਿਚ ਕੇਵਲ 11,000 ਐਮ. ਐਲ. ਇਹ ਵੈਕਸੀਨ ਮਿਲੀ ਹੈ, ਇਸੇ ਤਰ੍ਹਾਂ ਹੀ ਬਠਿੰਡੇ ਵਿੱਚ 1977 ਵਿਚ 40,950 ਐਮ. ਐਲ. ਵੈਕਸੀਨ ਮਿਲੀ ਅਤੇ ਹੁਣ 1980 ਵਿਚ ਕੇਵਲ 21,950 ਐਮ. ਐਲ. ਮਿਲੀ ਹੈ। 1977 ਵਿਚ 832,700 ਐਮ. ਐਲ. ਪ੍ਰਾਪਤ ਹੋਈ ਜਦੋਂ ਕਿ ਹੁਣ 1980 ਵਿੱਚ 341,038 ਐਮ. ਐਲ. ਮਿਲੀ ਹੈ। ਇਹ ਇਤਨਾ ਫਰਕ ਕਿਉਂ ਹੈ ? ਸਪੀਕਰ ਸਾਹਿਬ, ਹਰ ਡਿਸਟ੍ਰਿਕਟ ਵਿੱਚ ਇਹ ਵੈਕਸੀਨ ਕਿਤੇ ਮਿਲਦੀ ਹੈ ਅਤੇ ਕਿਤੇ ਨਹੀਂ ਮਿਲਦੀ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਨਹੀਂ ਮਿਲਦੀ ਕੀ ਵਜ਼ੀਰ ਸਾਹਿਬ, ਉਥੇ ਵੈਕਸੀਨ ਦਾ ਪਰਬੰਧ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਇਨ੍ਹਾਂ ਦੇ ਸਵਾਲ ਦੇ ਪਹਿਲੇ ਪਾਰਟ ਦਾ ਤੁਅੱਲਕ ਹੈ, ਉਸ ਬਾਰੇ ਮੈਂ ਇਨਫਰਮੇਸ਼ਨ ਮੈਂਬਰ ਸਾਹਿਬ ਨੂੰ ਦੇਣੀ ਚਾਹਾਂਗਾ ਕਿ ਟੋਟਲ 9 ਲੱਖ ਡੋਜ਼ਿਜ਼ ਦਾ ਕੋਟਾ ਹੈ ਅਤੇ ਇਸ ਹਿਸਾਬ ਨਾਲ 75,000 ਡੋਜ਼ਿਜ਼ ਦਾ ਹਰ ਮਹੀਨੇ ਕੋਟਾ ਪੰਜਾਬ ਸਟੇਟ ਨੂੰ ਮਿਲਦਾ ਹੈ। ਸਪੀਕਰ ਸਾਹਿਬ, ਕੋਟਾ ਲੋੜ ਦੇ ਮੁਤਾਬਿਕ ਸਪਲਾਈ ਹੁੰਦਾ ਹੈ। ਸਾਨੂੰ ਇਹ ਖੁਸ਼ੀ ਹੈ ਕਿ ਲੋੜ ਅਲਾਟ ਕੀਤੇ ਗਏ ਕੋਟੇ ਨਾਲੋਂ ਘਟ ਹੁੰਦੀ ਹੈ। 9 ਲੱਖ ਦਾ ਕੋਟਾ ਕਦੇ ਵੀ ਪੂਰਾ ਇਸਤੇਮਾਲ ਨਹੀਂ ਹੋਇਆ ਹੈ। ਇਸ ਕਰ ਕੇ ਮੈਂ ਮਾਨਯੋਗ ਮੈਂਬਰ ਨੂੰ ਦਸੱਣਾ ਚਾਹਾਂਗਾ ਕਿ ਇਸ ਵੈਕਸੀਨ ਦੇ ਟੀਕੇ ਦੀ ਸ਼ਾਰਟੇਜ ਬਿਲਕੁਲ ਵੀ ਨਹੀਂ ਹੈ। ਹਰ ਹਸਪਤਾਲ ਵਿਚ ਇਹ ਟੀਕਾ ਮਿਲਦਾ ਹੈ। ਜੇਕਰ ਕਿਤੇ ਨਹੀਂ ਮਿਲਦਾ ਤਾਂ ਸਾਡੇ ਧਿਆਨ ਵਿਚ ਲਿਆ ਦੇਣ ਅਸੀਂ ਉਸ ਦਾ ਪਰਬੰਧ ਕਰਾਂਗੇ ਤਾ ਕਿ ਕੋਈ ਵੀ ਵਿਅਕਤੀ ਖਾਸ ਤੌਰ ਤੇ ਇਸ ਤਕਲੀਫ ਦੇ ਨਾਲ ਨਾ ਮਰੇ। (ਵਿੰਪਿੰਗ)।

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਕਿ ਇਨ੍ਹਾਂ ਨੇ ਕਿਹਾ ਹੈ ਕਿ 9 ਲੱਖ ਦਾ ਕੱਟਾ ਆਉਂਦਾ ਹੈ ਪਰ ਇਹ ਸਿਰਫ ਕਾਗਜ਼ਾਂ ਵਿੱਚ ਹੀ ਹੈ। ਜੇਕਰ ਕਿਤੇ ਹਸਪਤਾਲ ਜਾਉ ਤਾਂ ਹਲਕੇ ਕੁਤੇ ਦੇ ਵੱਢਣ ਦਾ ਟੀਕਾ ਨਹੀਂ ਮਿਲਦਾ ਲੋਕਾਂ ਨੂੰ ਬਹੁਤ ਦੂਰੋਂ ਦੂਰੋਂ ਵੈਕਸੀਨ ਦਾ ਟੀਕਾ ਲਿਆਉਣਾ ਪੈਂਦਾ ਹੈ। ਕੀ ਵਜ਼ੀਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ਤਾਕਿ ਮਰੀਜ਼ਾਂ ਦਾ ਇਲਾਜ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਕੋਈ ਖਾਸ ਇਨਸਟਾਂਸ ਦੱਸ ਦੇਣ ਕਿ ਕਿਸੇ ਵਕਤ ਕਿਸੇ ਜਗ੍ਹਾ ਇਸ ਵੈਕਸੀਨ ਦੀ ਪ੍ਰਾਪਤੀ ਵਿਚ ਤਕਲੀਫ ਹੋਈ ਹੈ ਤਾਂ ਅਸੀਂ ਜ਼ਰੂਰ ਪੜਤਾਲ ਕਰਵਾ ਲਵਾਂਗੇ ਅਤੇ ਸਬੰਧਤ ਕਰਮਚਾਰੀ ਦੇ ਖਿਲਾਫ ਐਕਸ਼ਨ ਵੀ ਲਵਾਂਗੇ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਸ ਟੀਕੇ ਦੀ ਕੋਈ ਸ਼ਾਰਟੇਜ ਨਹੀਂ ਹੈ। ਪਰ ਮਰੀਜ਼ਾਂ ਨੂੰ ਇਸ ਟੀਕੇ ਦੇ ਨਾ ਮਿਲਣ ਕਾਰਨ ਬੜੀ ਤਕਲੀਫ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੇ ਪਿੰਡ ਦਾ ਵਾਕਿਆ ਹੈ ਤਰਨਤਾਰਨ ਦੇ ਗੁਰਨਾਮ ਸਿੰਘ ਨੂੰ ਹਲਕੇ ਕੁੱਤੇ ਨੇ ਕਟਿਆ ਅਤੇ ਉਹ ਹਸਪਤਾਲ ਗਏ ਪਰ ਹਸਪਤਾਲ ਵਾਲਿਆਂ ਨੇ ਕਿਹਾ ਕਿ ਕਸੌਲੀ ਜਾ ਕੇ ਟੀਕੇ ਲਿਆਉ। ਇੱਕ ਬੰਦਾ ਟੀਕਾ ਲੈਣ ਲਈ ਕਸੌਲੀ ਗਿਆ ਪਰ ਕਸੌਲੀ ਵਾਲਿਆਂ ਨੇ ਟੀਕਾ ਦੇਣ ਤੋਂ ਜਵਾਬ ਦੇ ਦਿੱਤਾ ਅਤੇ ਕਿਹਾ ਕਿ ਮਰੀਜ਼ ਨੂੰ ਇਥੇ ਲਿਆਉ। ਉਹ ਕਹਿੰਦੇ ਹਨ ਕਿ ਅਸੀਂ ਟੀਕੇ ਨਹੀਂ ਦਿੰਦੇ ਕਿਉਂਕਿ ਸਾਡਾ ਬਕਾਇਆ ਪਿਆ ਹੈ ਜੋ ਕਿ ਗੌਰਮਿੰਟ ਨਹੀਂ ਦਿੰਦੀ। ਇਸ ਲਈ ਮਨਿਸਟਰ ਸਾਹਿਬ, ਉਨ੍ਹਾਂ ਦੇ ਬਕਾਏ ਦੇਣ ਬਾਰੇ ਕੋਈ ਪਰਬੰਧ ਕਰਨਗੇ। ਦੂਜਾ ਅਵਾਰਾ ਕੁੱਤਿਆਂ ਨੂੰ ਮਾਰਿਆ ਨਹੀਂ ਜਾ ਰਿਹਾ ਹੈ। ਕੀ ਇਸ ਦਾ ਵੀ ਪ੍ਰਬੰਧ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਬਕਾਇਆ ਬਾਰੇ ਲਿਖ ਕੇ ਦੇਣ ਕਿ ਬਕਾਏ ਬਾਰੇ ਗੱਲ ਕੀ ਹੈ ? ਇਸ ਗੱਲ ਦੀ ਫਿਰ ਪੜਤਾਲ ਜ਼ਰੂਰ ਕਰਵਾਵਾਂਗੇ । ਇਸ ਵੇਲੇ ਇਹ ਚੀਜ਼ ਮੇਰੇ ਨੋਟਿਸ ਵਿਚ ਨਹੀਂ ਹੈ। ਅਗਰ ਕਿਸੇ ਵੀ ਹਸਪਤਾਲ ਵਿੱਚ ਜਾਂ ਸਬ-ਡਵੀਜ਼ਨ ਵਿੱਚ ਇਸ ਦਵਾਈ ਦੀ ਕਮੀ ਹੈ ਤਾਂ ਕੋਈ ਵੀ ਮੈਂਬਰ ਸਾਹਿਬਾਨ ਇਸ ਬਾਰੇ ਲਿਖ ਕੇ ਦੇ ਦੇਣ। ਮੈਂ ਹਾਊਸ ਨੂੰ ਐਸ਼ੋਰੈਂਸ ਦੇਣਾ ਚਾਹੁੰਦਾ ਹਾਂ ਕਿ ਹੋਰ ਹਸਪਤਾਲ ਵਿੱਚ ਵੀ ਇਸ ਦਵਾਈ ਦੀ ਕਮੀ ਹੋਵੇ ਅਤੇ ਇਹ ਦਵਾਈ ਮਰੀਜ਼ ਨੂੰ ਨਾ ਮਿਲਦੀ ਹੋਵੇ ਜਿਸ ਨੂੰ ਕਿ ਹਲਕੇ ਕੁੱਤੇ ਨੇ ਕਟਿਆ ਹੋਵੇ ਤਾਂ ਉਥੇ ਦਵਾਈ ਦਾ ਇੰਤਜ਼ਾਮ ਕੀਤਾ ਜਾਵੇਗਾ ਤਾਕਿ ਕਿਸੇ ਦੀ ਇਸ ਦਵਾਈ ਦੀ ਕਮੀ ਕਰਕੇ ਮੌਤ ਨਾ ਹੋ ਜਾਵੇ। (ਥੰਪਿੰਗ) ਕੋਈ ਵੀ ਮੈਂਬਰ ਸਾਹਿਬਾਨ ਸਾਡੇ ਨੋਟਿਸ ਵਿਚ ਅਜਿਹਾ ਕੇਸ ਲਿਆਵੇਗਾ ਤਾਂ ਐਕਸ਼ਨ ਲਿਤਾ ਜਾਵੇਗਾ। ਅਵਾਰਾ ਕੁਤਿਆਂ ਨੂੰ ਖਤਮ ਕਰਨ ਲਈ ਸਰਕਾਰ ਦੀਆਂ ਜੋ ਹਦਾਇਤਾਂ ਹਨ ਉਸ ਤੇ ਲੋਕਲ ਬਾਡੀਜ਼ ਡਿਪਾਰਟਮੈਂਟ ਕੰਮ ਕਰਦਾ ਹੈ। ਸਰਕਾਰ ਇਸ ਚੀਜ਼ ਨੂੰ ਸਖਤੀ ਨਾਲ ਲਾਗੂ ਕਰੇਗੀ । ਲੋਕਲ ਬਾਡੀਜ਼ ਅਤੇ ਹੈਲਥ ਡਿਪਾਰਟਮੈਂਟ ਦੇ ਅਫਸਰਾਂ ਨੂੰ ਹਦਾਇਤਾਂ ਕਰ ਦਿੱਤੀਆਂ ਜਾਣਗੀਆਂ ਕਿ ਅਵਾਰਾ ਕੁੱਤਿਆਂ ਦਾ ਨਾਸ ਕਰਨ।

ਸਰਦਾਰ ਪ੍ਰਕਾਸ ਸਿੰਘ ਮਜੀਠਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਉਨਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਅਵਾਰਾ ਕੁੱਤੇ ਮਾਰੇ ਜਾਣਗੇ, ਕੁੱਤੇ ਥਾਂ ਥਾਂ ਤੇ ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਭੱਜੇ ਫਿਰਦੇ ਹਨ ਕੀ, ਉਨਾਂ ਕੁੱਤਿਆਂ ਦੀ ਫੈਮਿਲੀ ਪਲੈਨਿੰਗ ਵੀ ਸਰਕਾਰ ਕਰਵਾਏਗੀ ? (ਹਾਸਾ) (ਵਿਘਨ) ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਵਾਰਾ ਕੁੱਤਿਆਂ ਨੂੰ ਮਾਰਨ ਸਬੰਧੀ ਕੋਈ ਉਚੇਚੇ ਤੌਰ ਤੇ ਮੁਹਿੰਮ ਚਲਾਉਣ ਦਾ ਪਰਬੰਧ ਕਰਨਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਸ਼ਰਾਬ ਅਵਾਰਾ ਕੁੱਤਿਆਂ ਨੂੰ ਖਤਮ ਕਰਨ ਦਾ ਜ਼ਰੂਰ ਯਤਨ ਕਰੇਗੀ।

ਸ਼੍ਰੀ ਚਮਨ ਲਾਲ: ਸਪੀਕਰ ਸਾਹਿਬ, ਜਿਹੜੇ ਹਸਪਤਾਲ ਜ਼ਿਲ੍ਹਾ ਪਰਿਸ਼ਦਾਂ ਵਿੱਚ ਹਨ ਅਤੇ ਉਹ ਅਜੇ ਤਕ ਪ੍ਰੋਵਿਨਸ਼ੇਲਾਈਜ਼ ਨਹੀਂ ਹੋਏ। ਉਥੇ ਇਨ੍ਹਾਂ ਟੀਕਿਆਂ ਦਾ ਇੰਤਜ਼ਾਮ ਨਹੀਂ ਹੈ। ਕੀ ਮਨਿਸ਼ਟਰ ਸਾਹਿਬ, ਉਨ੍ਹਾਂ ਹਸਪਤਾਲਾਂ ਵਿੱਚ ਵੀ ਇਨ੍ਹਾਂ ਟੀਕਿਆਂ ਦਾ ਪਰਬੰਧ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਸਬ-ਡਵੀਜ਼ਨ ਲੈਵਲ ਤੇ ਇਹ ਵੈਕਸੀਨ ਰੱਖਣ ਦਾ ਪੂਰਾ ਪੂਰਾ ਪ੍ਰਬੰਧ ਕਰਾਂਗੇ। ਮੈਂ ਇਥੇ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜਾ 25 ਬਿਸਤਰਿਆਂ ਦਾ ਹਸਪਤਾਲ ਹੈ, ਚਾਹੇ ਉਹ ਕਿਸੇ ਬਲਾਕ ਲੈਵਲ ਤੇ ਹੈ, ਉਥੇ ਵੀ ਇਹ ਵੈਕਸੀਨ ਰੱਖਣ ਦਾ ਪ੍ਰਬੰਧ ਕਰਾਂਗੇ। ਛੋਟੀਆਂ ਡਿਸਪੈਂਸਰੀਆਂ ਦੇ ਡਾਕਟਰ ਵੀ ਅਗਰ ਇਸ ਦਵਾਈ ਦੀ ਮੰਗ ਕਰਨਗੇ ਅੱਤ ਉਹ ਉਸ ਨੂੰ ਥਰਮੋਸ ਵਿਚ ਠੰਡਾ ਰੱਖ ਸਕਣਗੇ ਤਾਂ ਉਥੇ ਵੀ ਇਹ ਦਵਾਈ ਭੇਜਣ ਦਾ ਪ੍ਰਬੰਧ ਕਰਾਂਗੇ ਤਾਕਿ ਉਥੇ ਮਰੀਜ਼ ਬਚ ਸਕਣ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਸਰਕਾਰੀ ਹਸਪਤਾਲਾਂ ਵਿਚ ਵੈਕਸੀਨ ਰੱਖੀ ਜਾਂਦੀ ਹੈ ਜਾਂ ਮਿਉਂਸਪਲ ਕਮੇਟੀ ਦੇ ਦਫ਼ਤਰਾਂ ਵਿਚ ਰਖੀ ਜਾਂਦੀ ਹੈ, ਇਸ ਬਾਰੇ ਵਜ਼ੀਰ ਸਾਹਿਬ ਜਵਾਬ ਦੇਣ।

ਮੰਤਰੀ : ਸਰਕਾਰੀ ਹਸਪਤਾਲਾਂ ਵਿਚ ਹੀ ਵੈਕਸੀਨ ਰੱਖੀ ਜਾਂਦੀ ਹੈ ਅੱਤ ਮਿਉਂਸਪਲ ਕਮੇਟੀਆਂ ਦੇ ਦਫ਼ਤਰਾਂ ਵਿਚ ਇਹ ਵੈਕਸੀਨ ਨਹੀਂ ਰੱਖੀ ਜਾਂਦੀ।

Cases of Malaria registered in the State

*55. **Master Babu Singh** : Will the Minister for Health and Family Welfare be pleased to state—

(a) the number of cases of Malaria registered in the State district-wise during the calendar years, 1976, 1977, 1978, 1979 and 1980 (upto-date);

(b) the steps taken by the Government to check the menace of Malaria;

(c) the number of persons who died of Malaria during the period year-wise ?

Doctor Kewal Krishan (Finance Minister) : (a)(b)&(c) The requisite information is laid on the Table of the House.

ANNEXURE 'A'

(a) The number of cases of Malaria registered in the State district-wise during the calendar years 1976, 1977, 1978, 1979 and 1980 upto date i.e. 31st May, 1980 are given as under:—

District	No. of malaria positive cases registered				
	1976	1977	1978	1979	1980 (Up to May)
Gurdaspur ..	26,738	29,367	40,704	23,582	1,492
Amritsar ..	39,508	61,183	43,901	2,18,497	3,724
Kapurthala ..	13,960	20,812	17,710	13,583	1,409

Original with;
Punjab Vidhan Sabha
Digitized by;
Panjab Digital Library

District	No. of malaria positive cases registered				
	1976	1977	1978	1979	1980
Jullundur ..	24,931	28,223	34,445	31,026	5,313
Hoshiarpur ..	10,208	24,398	28,449	21,234	3,076
Ludhiana ..	30,221	59,950	40,571	35,069	5,508
Ropar ..	8,334	28,547	47,774	34,481	5,177
Patiala ..	80,802	88,723	67,145	46,063	4,830
Sangrur ..	1,12,277	98,044	86,805	62,873	12,964
Bhatinda ..	21,438	28,080	26,325	14,651	2,019
Faridkot ..	34,760	37,204	21,905	14,468	1,855
Ferozepur ..	37,488	24,616	11,824	6,349	787
Total ..	4,40,465	5,29,147	4,67,558	3,25,227	48,554

Annexure 'B'

1. During the year, 1979, in the rural areas two rounds of DDT and BHC spray were given in 76 blocks and 15 blocks respectively.

2. During the, 1980, two rounds of DDT and three rounds of BHC spray will be given in 77 blocks and 41 blocks, respectively. DDT spraying operations have been started with effect from 2nd June, 1980.

3. Anti-Larval Measures are being taken in eight towns i.e. Jullundur, Ludhiana, Amritsar, Ferozepur, Patiala, Bhatinda, Malerkotla and Kapurthala, Moreover the director NMEP, Government of India has been requested for the inclusion of remaining towns having population more than 40,000.

4. All the Malaria positive cases are given Radical Treatment.

5. The Surveillance activities have been strengthend and intensified in the Rural Areas for an early detection and treatment of Malaria positive cases. Every house is visited by the Basic Health Worker fortnightly who collects the Blood slides of all fever cases and gives the presumptive treatment.

6. With the co-operation of panchayats and other social agencies, 8,248 Drug Distribution centres, 1951 Fever Treatment Depots have been opened in the Rural Areas which administer presumptive treatment with anti-malarial Drugs to all fever cases free of cost. In addition, 173 malaria clinics have been started to diagnose the cases of Malaria and to give radical treatment at the spot.

7. Publicity through posters, pamphlets etc., is being done and film slides on Malaria are shown to the public in order to educate them about the preventive measures to be taken and the necessity of spray and getting the blood slides in the event of fever and taking radical treatment if found positive for Malaria.

Annexure 'C'

(c) the number of persons who died of Malaria during the years 1976, 1977, 1978, 1979 and 1980 (upto May) is as under:—

Year	No. of persons who died of Maleria
1976 ..	One with P-falciparum infection (Christian Medical College Hospital, Ludhiana).
1977 ..	Nil
1978 ..	Nil
1979 ..	Nil
1980 ..	Nil

(Up to May)

Original with;
Punjab Vidhan Sabha
Digitized by:
Panjab Digital Library

ਮਾਸਟਰ ਬਾਬੂ ਸਿੰਘ : ਮੈਂ, ਸਪੀਕਰ ਸਾਹਿਬ, ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਮਲੇਰੀਏ ਨੂੰ ਇਰੈਡੀਕੇਟ ਕਰਨ ਲਈ ਬੀ.ਐਚ.ਸੀ. ਖਰੀਦੀ ਗਈ ਸੀ, ਕੀ ਉਸ ਸਬੰਧ ਵਿਚ ਕੋਈ ਸ਼ਿਕਾਇਤ ਇਨ੍ਹਾਂ ਦੇ ਨੋਟਿਸ ਵਿਚ ਆਈ ਅੱਤ ਅਗਰ ਆਈ ਤਾਂ ਉਸ ਦਾ ਕਿੰਨੇ ਸਮੇਂ ਵਿਚ ਫੈਸਲਾ ਹੋ ਜਾਏਗਾ ?

ਮੰਤਰੀ : ਇਸ ਸਬੰਧੀ ਕੋਈ ਸ਼ਿਕਾਇਤ ਮੇਰੇ ਨੋਟਿਸ ਵਿਚ ਨਹੀਂ ਆਈ ਹੈ। ਅਗਰ ਕੋਈ ਸ਼ਿਕਾਇਤ ਆਈ ਹੈ ਤਾਂ ਡਿਪਾਰਟਮੈਂਟ ਤੋਂ ਮੰਗਵਾ ਕੇ ਉਸ ਦਾ ਫੈਸਲਾ ਜਲਦੀ ਕਰਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਵਾਲ ਵਿਚ ਇਹ ਮੰਗ ਨਹੀਂ ਸੀ ਕੀਤੀ ਗਈ ਕਿ ਜਵਾਬ ਹਾਊਸ ਦੀ ਟੇਬਲ ਤੇ ਰੱਖ ਦਿੱਤਾ ਜਾਏ ਜੋ ਕਿ ਇਨ੍ਹਾਂ ਨੇ ਕੀਤਾ ਹੈ। ਉਸ ਬਾਰੇ ਸਾਨੂੰ ਕਿਵੇਂ ਪਤਾ ਲਗ ਸਕਦਾ ਹੈ ਜਦ ਤਕ ਅਸੀਂ ਉਸ ਨੂੰ ਪੜ੍ਹੀਏ ਨਾ। ਇਨ੍ਹਾਂ ਨੇ ਕਿਹਾ ਹੈ ਕਿ ਪਟਿਆਲਾ ਜ਼ਿਲ੍ਹਾ ਵਿੱਚ 1976 ਵਿਚ 80,802 ਮਲੇਰੀਏ ਦੇ ਕੇਸਿਜ਼ ਰਜਿਸਟਰ ਹੋਏ ਅੱਤ ਇਸੇ ਜ਼ਿਲ੍ਹੇ ਵਿੱਚ 1979 ਵਿਚ 46,063 ਕੇਸਿਜ਼ ਰਜਿਸਟਰ ਹੋਏ। ਪਿੰਡਾਂ ਦੇ ਹਸਪਤਾਲਾਂ ਵਿਚ ਕਲੋਰੋਕੁਨੀਨ ਦਵਾਈ ਦਿੰਦੇ ਹਨ। ਮੈਂ ਆਪ ਮਲੇਰੀਆ ਵਿਚ ਮੁਬਤਲਾ ਰਿਹਾ ਹਾਂ। ਡਾਕਟਰ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਨੂੰ ਚੰਗੀ ਦਵਾਈ ਖਰੀਦਣ ਦੀ ਇਜਾਜ਼ਤ ਨਹੀਂ ਹੈ। ਮੱਛਰਾਂ ਲਈ ਡੀ.ਡੀ.ਟੀ. ਛਿੜਕਦੇ ਹਨ, ਉਸ ਨਾਲ ਮੱਛਰ ਮਰਦੇ ਨਹੀਂ ਹਨ। ਤੁਸੀਂ ਤਾਂ ਆਪ ਡਾਕਟਰ ਹੋ, ਤੁਹਾਨੂੰ ਇਸ ਬਾਰੇ ਚੰਗੀ ਤਰ੍ਹਾਂ ਨਾਲ ਪਤਾ ਹੈ ਮਲੇਰੀਏ ਦਾ ਇਲਾਜ ਪੱਕਾ ਕਰਨਾ ਚਾਹੀਦਾ ਹੈ ਤਾਕਿ ਦੁਬਾਰਾ ਮਲੇਰੀਆ ਨਾ ਹੋਵੇ। ਮੈਨੂੰ ਖੁਦ ਦੋ ਵਾਰੀ ਮਲੇਰੀਆ ਹੋ ਗਿਆ ਹੈ ਅਤੇ ਤੀਜੀ ਵਾਰੀ ਹੋਣ ਦਾ ਡਰ ਹੈ। ਮਲੇਰੀਆ ਬਿਲਕੁਲ ਨਾ ਹੋਵੇ ਅੱਤ ਮੱਛਰ ਚੰਗੀ ਤਰ੍ਹਾਂ ਨਾਲ ਮਾਰੇ ਜਾਣ, ਇਸ ਬਾਰੇ ਇਹ ਕੀ ਪਰਬੰਧ ਕਰ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਚਿੰਤਾ ਪ੍ਰਗਟ ਕੀਤੀ ਹੈ। ਵਾਕਿਆ ਹੀ ਇਨ੍ਹਾਂ ਤੇ ਮਲੇਰੀਆ ਦਾ ਹਮਲਾ ਹੋਇਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਦੋ ਵਾਰੀ ਇਨ੍ਹਾਂ ਨੂੰ ਮਲੇਰੀਆ ਹੋਇਆ ਹੈ। ਵਾਹਿਗੁਰੂ ਅੱਗੇ ਨੂੰ ਇਨ੍ਹਾਂ ਨੂੰ ਮਲੇਰੀਆ ਨਾ ਕਰੇ। ਪਹਿਲਾਂ ਮੱਛਰਾਂ ਨੂੰ ਮਾਰਨ ਲਈ ਡੀ.ਡੀ.ਟੀ ਦਾ ਇਸਤੇਮਾਲ ਹੁੰਦਾ ਸੀ। ਪਰ ਉਸ ਦੇ ਇਸਤੇਮਾਲ ਹੋਣ ਦੇ ਬਾਵਜੂਦ ਮੱਛਰਾਂ ਤੇ ਅਸਰ ਘੱਟ ਹੁੰਦਾ ਸੀ। ਫਿਰ ਬੀ.ਐਚ.ਸੀ. ਸਪਰੇ ਕੀਤਾ, ਪਰ ਉਹ ਵੀ ਐਨੀ ਇਫੈਕਟਿਵ ਸਾਬਤ ਨਹੀਂ ਹੋਈ। ਹੁਣ ਮੈਥੀਉਨ ਦਵਾਈ ਛਿੜਕਦੇ ਹਾਂ। ਇਹ ਵਰਲਡ ਪ੍ਰਾਬਲਮ ਹੈ। 1961 ਵਿਚ ਮਲੇਰੀਆ ਖਤਮ ਹੋ ਗਿਆ ਸੀ। 1965-66 ਵਿਚ ਦਵਾਈ ਛਿੜਕਣੀ ਬੰਦ ਕਰ ਦਿੱਤੀ ਸੀ। ਫਿਰ 1967-68 ਵਿਚ ਇਹ ਕੇਸਿਜ਼ ਹੋਣੇ ਸ਼ੁਰੂ ਹੋ ਗਏ ਸਨ। 1966 ਵਿਚ 321 ਕੇਸਿਜ਼ ਹੋਏ। ਇਸ ਤੋਂ ਬਾਅਦ ਕੇਸਿਜ਼ ਵੱਧਣੇ ਸ਼ੁਰੂ ਹੋ ਗਏ। ਪਿਛਲੇ ਓਪਰਾਲਿਆਂ ਦੇ ਨਤੀਜੇ ਦੇ ਤੌਰ ਤੇ ਮਲੇਰੀਏ ਦੇ ਕੇਸਿਜ਼ ਘੱਟ ਰਹੇ ਹਨ। ਅੱਗੇ 8,248 ਡਰੱਗ ਡਿਸਟ੍ਰੀਬਿਊਸ਼ਨ ਸੈਂਟਰਜ਼ ਸਨ। ਹੁਣ ਮੈਂ ਮਾਨਯੋਗ ਮੈਂਬਰ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਹੁਣ ਇਸ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਹਰ ਇੱਕ ਪੰਚਾਇਤ ਵਿਚ ਕਲੋਰੋਕੁਇਨ ਦਵਾਈ ਦਿੱਤੀ ਜਵੇਗੀ ਅੱਤ ਇਸ ਦਵਾਈ ਤੋਂ ਕਿਸੇ ਪੰਚਾਇਤ ਨੂੰ ਵਾਂਝਿਆ ਨਹੀਂ ਰਖਿਆ ਜਾਏਗਾ ਤਾਕਿ ਮਰੀਜ਼ਾਂ ਦਾ ਠੀਕ ਤਰ੍ਹਾਂ ਨਾਲ ਇਲਾਜ ਹੋ ਸਕੇ।

Sardar Dalip Singh Pandhi : In malaria cases the doctors of the Health Department, Punjab, prescribe chloroquinine whereas the doctors of P.G.I. prescribe Nivaquine. The doctors of P.G.I. say that Nivaquine is more effective than choloroquine. I would request the Minister concerned to clarity as to what is the difference between these two medicines.

Original with;
Punjab Vidhan Sabha
Digitized by;
Panjab Digital Library

ਮੰਤਰੀ : ਆਨਰੇਬਲ ਮੈਂਬਰ ਕੋਈ ਡਾਕਟਰ ਨਹੀਂ ਹਨ। ਨਿਵਾਕੁਨੀਨ ਔਰ ਕਲੋਰੋਕੁਨੀਨ ਵਿਚ ਕੋਈ ਫਰਕ ਨਹੀਂ ਹੈ। ਫਾਰਮੂਲਾ ਇੱਕੋ ਹੀ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇਨ੍ਹਾਂ ਨੇ ਨਾਹਰਾ ਦਿੱਤਾ ਸੀ ਕਿ "ਨਾ ਮੱਛਰ ਰਹੇਗਾ ਨਾ ਮਲੇਰੀਆ" ਪਰ ਹੁਣ ਮੱਛਰ ਵੀ ਹੈ ਔਰ ਮਲੇਰੀਆ ਵੀ ਹੈ। ਜਿਹੜੀਆਂ ਦਵਾਈਆਂ ਡਾਕਟਰ ਸਾਹਿਬਾਨ ਅੱਜ ਕੱਲ ਦੇ ਰਹੇ ਹਨ, ਉਨ੍ਹਾਂ ਨਾਲ ਕੋਈ ਅਸਰ ਨਹੀਂ ਹੁੰਦਾ। ਕੀ ਇਹ ਕੋਈ ਨਵੀਂ ਦਵਾਈ ਇਸਤੇਮਾਲ ਕਰਨ ਦਾ ਪਰਬੰਧ ਕਰਨਗੇ ਤਾਕਿ ਮਲੇਰੀਏ ਦੇ ਕੇਸਿਜ਼ ਘਟਾਏ ਜਾ ਸਕਣ ?

ਮੰਤਰੀ : ਡਾਕਟਰਜ਼ ਇਸ ਮਾਮਲੇ ਵਿਚ ਕੰਪੀਟੈਂਟ ਹਨ। ਇਸ ਵੇਲੇ ਮਲੇਰੀਆ ਜ਼ਰੂਰ ਹੈ ਪਰ ਇਸ ਨਾਲ ਡੈਥਸ ਬਹੁਤ ਘੱਟ ਹੁੰਦੀਆਂ ਹਨ। 1976 ਵਿਚ ਸਿਰਫ ਇੱਕ ਡੈਥ ਮਲੇਰੀਆ ਨਾਲ ਹੋਈ ਸੀ ਔਰ ਉਸ ਤੋਂ ਬਾਅਦ ਕੋਈ ਡੈਥ ਨਹੀਂ ਹੋਈ ਹੈ। ਮਲੇਰੀਏ ਦੇ ਇਲਾਜ ਦੀ ਕੋਈ ਚਿੰਤਾ ਨਹੀਂ ਕਰਨੀ ਚਾਹੀਦੀ। ਅਗਰ ਮਲੇਰੀਆ ਹੋਏਗਾ ਤਾਂ ਸਰਕਾਰ ਜ਼ਰੂਰ ਉਸ ਦਾ ਇਲਾਜ ਕਰੇਗੀ।

ਸ਼੍ਰੀ ਸਪੀਕਰ : ਮੇਰਾ ਖਿਆਲ ਹੈ ਕਿ ਕੋਈ ਦਵਾਈ ਪਰਮਾਨੈਂਟ ਤੌਰ ਤੇ ਨਹੀਂ ਹੁੰਦੀ। ਨਵੀਆਂ ਨਵੀਆਂ ਦਵਾਈਆਂ ਨਿਕਲਦੀਆਂ ਰਹਿੰਦੀਆਂ ਹਨ ਔਰ ਉਸ ਤਰ੍ਹਾਂ ਹੀ ਉਨ੍ਹਾਂ ਦਾ ਇਸਤੇਮਾਲ ਹੁੰਦਾ ਰਹਿੰਦਾ ਹੈ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਇਸ ਬਜਟ ਵਿਚ ਮਲੇਰੀਆ ਦੇ ਖਾਤਮੇ ਲਈ ਕੋਈ ਪੈਸਾ ਨਹੀਂ ਰਖਿਆ ਗਿਆ, ਇਸ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਵਜ਼ੀਰ ਵੀ ਰਹੇ ਹਨ। ਇਨ੍ਹਾਂ ਨੇ ਨਾਨ-ਪਲੈਨ ਸਾਈਡ ਪੜ੍ਹੀ ਨਹੀਂ ਹੈ। ਉਸ ਨੂੰ ਪੜ੍ਹ ਲੈਣ ਫਿਰ ਇਨ੍ਹਾਂ ਨੂੰ ਪਤਾ ਲਗ ਜਾਏਗਾ ਕਿ ਦਵਾਈਆਂ ਲਈ ਬਹੁਤ ਪੈਸੇ ਰਖੇ ਗਏ ਹਨ। ਮਲੇਰੀਆ ਹਟਾਉਣ ਲਈ ਬਹੁਤ ਪ੍ਰਬੰਧ ਕੀਤਾ ਹੋਇਆ ਹੈ।

STARRED QUESTION NO. 92

Mr. Speaker Extension has been asked for in respect of Starred Question No. 92.

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਇਸ ਸਵਾਲ ਬਾਰੇ ਹੈਡਕੁਆਰਟਰ ਤੋਂ ਇਨਫਰਮੇਸ਼ਨ ਲੈਣੀ ਹੈ, ਜ਼ਿਲ੍ਹਿਆਂ ਤੋਂ ਨਹੀਂ ਲੈਣੀ। ਕੀ ਇਸ ਸਵਾਲ ਦਾ ਜਵਾਬ ਇਸੇ ਸੈਸ਼ਨ ਵਿਚ ਆ ਜਾਏਗਾ ?

ਸ਼੍ਰੀ ਸਪੀਕਰ : ਇਹ ਜਵਾਬ ਦੇਣ ਵਾਲੇ ਦਾ ਚਾਈਸ ਹੈ। ਉਨ੍ਹਾਂ ਨੇ ਐਕਸਟੈਨਸ਼ਨ ਮੰਗੀ ਹੈ ਔਰ ਦੇ ਦਿੱਤੀ ਗਈ ਹੈ। (ਵਿਘਨ) ਇਸੇ ਸੈਸ਼ਨ ਵਿਚ ਕੋਸ਼ਿਸ਼ ਕਰਾਂਗੇ ਕਿ ਇਸ ਦਾ ਜਵਾਬ ਆ ਜਾਏ।

ਰਾਜ ਵਿਚ ਚੋਣ ਹਲਕਾਵਾਰ ਅਪਗਰੇਡ ਕੀਤੇ ਗਏ ਸਕੂਲਾਂ ਦੀ ਗਿਣਤੀ

*89. **ਸਰਦਾਰ ਦਰਸ਼ਨ ਸਿੰਘ ਕੇ.ਪੀ. :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਚੋਣ ਹਲਕੇਵਾਰ ਜੂਨ, 1977 ਤੋਂ ਫਰਵਰੀ, 1980 ਤਕ ਦੇ ਸਮੇਂ ਦੇ ਦੌਰਾਨ ਸਰਕਾਰ ਦੁਆਰਾ ਵੱਖ ਵੱਖ ਪ੍ਰਾਇਮਰੀ ਤੋਂ ਮਿਡਲ ਤੇ ਮਿਡਲ ਤੋਂ ਹਾਈ ਪੱਧਰ ਤੱਕ ਕਿੰਨੇ ਅਤੇ ਕਿਹੜੇ ਕਿਹੜੇ ਸਕੂਲ ਅਪਗਰੇਡ ਕੀਤੇ ਗਏ ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਅਜਨਾਲਾ : ਅਪਗਰੇਡ ਕੀਤੇ ਸਕੂਲਾਂ ਦੀਆਂ ਵਿਧਾਨ ਸਭਾ ਚੋਣ ਹਲਕੇਵਾਰ ਸੂਚੀਆਂ ਨਹੀਂ ਰੱਖੀਆਂ ਜਾਂਦੀਆਂ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਅਪਗਰੇਡ ਕੀਤੇ ਸਕੂਲਾਂ ਦੀਆਂ ਵਿਧਾਨ ਸਭਾ ਚੋਣ ਹਲਕੇ-ਵਾਰ ਸੂਚੀਆਂ ਨਹੀਂ ਰੱਖੀਆਂ ਜਾਂਦੀਆਂ। ਇਸ ਨਾਲ ਮੇਰੀ ਤਸੱਲੀ ਨਹੀਂ ਹੋਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਲਕੇਵਾਰ ਦੱਸਿਆ ਜਾਏ ਕਿ ਬਾਦਲ ਸਰਕਾਰ ਵੇਲੇ ਤਿੰਨ ਸਾਲਾਂ ਵਿਚ ਕਿੰਨੇ ਸਕੂਲ ਅਪਗਰੇਡ ਕੀਤੇ ਗਏ। ਮੇਰਾ ਦੂਜਾ ਸਵਾਲ ਇਹ ਹੈ ਕਿ ਜਿਹੜੀ ਇਸ ਸਬੰਧੀ ਸਾਡੇ ਹਲਕੇ ਵਿਚ ਕਮੀ ਰਹਿ ਗਈ ਹੈ, ਕੀ ਉਸ ਕਮੀ ਨੂੰ ਅੱਗੇ ਨੂੰ ਪੂਰਾ ਕਰ ਦਿੱਤਾ ਜਾਵੇਗਾ ?

ਮੰਤਰੀ: ਐਡਮਨਿਸਟ੍ਰੇਟਿਵ ਤੌਰ ਤੇ ਹਾਲੇ ਤੱਕ ਜ਼ਿਲ੍ਹਿਆਂ ਨੂੰ ਇਕਾਈ ਮੰਨਿਆਂ ਜਾਂਦਾ ਹੈ, ਉਸ ਦੇ ਮਤਾਬਿਕ ਹੀ ਹਾਊਸ ਨੂੰ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ। ਜ਼ਿਲ੍ਹੇਵਾਰ ਇਨਫਰਮੇਸ਼ਨ ਮੈਂ ਹੁਣ ਵੀ ਦੇ ਸਕਦਾ ਹਾਂ ਲੇਕਿਨ ਹਲਕੇ ਬਦਲਦੇ ਰਹਿੰਦੇ ਹਨ। 1977 ਤੋਂ ਪਹਿਲਾਂ ਡੀਮਾਰਕੇਸ਼ਨ ਹੋਰ ਤਰ੍ਹਾਂ ਦੀ ਸੀ ਅੌਰ 1977 ਤੋਂ ਬਾਅਦ ਡੀਮਾਰਕੇਸ਼ਨ ਹੋਰ ਤਰ੍ਹਾਂ ਦੀ ਹੈ। ਐਡਮਨਿਸਟਰੇਟਿਵ ਤੌਰ ਤੇ ਜ਼ਿਲ੍ਹੇ ਦੇ ਮੁਤਾਬਿਕ ਹੀ ਇਹ ਇਨਫਰਮੇਸ਼ਨ ਦਿੱਤੀ ਜਾਂਦੀ ਹੈ।

ਸ਼੍ਰੀ ਚਮਨ ਲਾਲ: ਸਪੀਕਰ ਸਾਹਿਬ, ਅਕਾਲੀ ਸਰਕਾਰ ਦੇ ਵਕਤ ਵਿਚ ਕਿਹਾ ਗਿਆ ਸੀ ਕਿ ਜਿਥੇ ਫੋਕਲ ਪੁਆਇੰਟ ਦਿਆਂਗੇ ਉਥੇ ਨਾਲ ਹੀ ਹਾਈ ਸਕੂਲ ਵੀ ਜ਼ਰੂਰ ਦਿਆਂਗੇ। ਮੇਰੇ ਹਲਕੇ ਵਿਚ ਮਲਿਕਪੁਰ ਫੋਕਲ ਪੁਆਇੰਟ ਖੋਲ੍ਹਿਆ ਗਿਆ ਹੈ। ਉਥੇ ਮੰਡੀ ਬਣੀ ਹੈ ਪਰ ਇਸ ਤੋਂ ਇਲਾਵਾ ਉਥੇ ਹੋਰ ਕੋਈ ਡਿਵੈਲਪਮੈਂਟ ਨਹੀਂ ਹੋਈ। ਉਥੇ 90 ਸਾਲਾਂ ਤੋਂ ਮਿਡਲ ਸਕੂਲ ਚਲਿਆ ਆ ਰਿਹਾ ਹੈ ਪਰ ਉਸ ਨੂੰ ਹਾਲਾਂ ਤੱਕ ਅੱਪਗਰੇਡ ਨਹੀਂ ਕੀਤਾ ਗਿਆ। ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਉਸ ਸਕੂਲ ਨੂੰ ਅੱਪਗਰੇਡ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਜਿਹੜੀ ਫੋਕਲ ਪੁਆਇੰਟ ਦੀ ਸ਼ਕੀਮ ਸੀ ਉਸ ਦੇ ਮੁਤੱਲਕ ਡਿਵੈਲਪਮੈਂਟ ਮਨਿਸਟਰ ਸਾਹਿਬ ਕਾਫੀ ਦੱਸ ਚੁੱਕੇ ਹਨ। ਮੈਨੂੰ ਇਹ ਕੋਈ ਖਾਸ ਗੱਲ ਦੱਸਣ, ਉਸ ਬਾਰੇ ਮੈਂ ਵੇਖ ਲਵਾਂਗਾ ਕਿ ਆਇਆ ਉਥੇ ਸਕੂਲ ਖੋਲ੍ਹਿਆ ਜਾਣਾ ਹੈ ਜਾਂ ਉਥੇ ਦੇ ਕਿਸੇ ਸਕੂਲ ਨੂੰ ਅੱਪਗਰੇਡ ਕਰਨਾ ਚਾਹੀਦਾ ਹੈ ਜਾਂ ਨਹੀਂ। ਅਜਿਹੀ ਗੱਲ ਬਾਰੇ ਖੋਲ੍ਹ ਕੇ ਵਿਚਾਰ ਕੀਤਾ ਜਾਵੇਗਾ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜ਼ਿਲ੍ਹੇਵਾਰ ਇਨਫਰਮੇਸ਼ਨ ਦਿੱਤੀ ਜਾ ਸਕਦੀ ਹੈ। ਸਪੀਕਰ ਸਾਹਿਬ, ਮੈਂ 1977 ਤੋਂ 1980 ਤੱਕ ਦੀ ਇਨਫਰਮੇਸ਼ਨ ਪੁੱਛੀ ਸੀ। ਪਰ ਉਨ੍ਹਾਂ ਨੇ ਨਾਂਹ ਵਿਚ ਜਵਾਬ ਦਿੱਤਾ ਹੈ। ਹਲਕਾ ਕੋਈ ਬਦਲਿਆ ਨਹੀਂ, ਇਸ ਕਰਕੇ ਮੈਂ ਇਹ ਪੁੱਛਿਆ ਸੀ। (ਵਿਘਨ) ਮੈਂ ਬੇਨਤੀ ਕਰਾਂਗਾ ਕਿ ਮੇਰੇ ਹਲਕੇ ਜਲੰਧਰ ਸਾਊਥ ਦੇ ਵਿੱਚ 3 ਸਕੂਲ ਅੱਪਗਰੇਡ ਹੋਣ ਵਾਲੇ ਹਨ। ਉਨ੍ਹਾਂ ਦੇ ਅੱਪਗਰੇਡ ਹੋਣ ਬਾਰੇ ਲਿਸਟ ਵੀ ਦਿੱਤੀ ਸੀ। ਕੀ ਇਹ ਹੁਣ ਉਨ੍ਹਾਂ ਸਕੂਲਾਂ ਨੂੰ ਅੱਪਗਰੇਡ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਬਜਟ ਦੇ ਵਿਚ ਸਾਡੇ ਫਾਈਨੈਂਸ ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦਿੱਤੀ ਸੀ ਕਿ ਨਵੇਂ ਸਕੂਲ ਖੋਲ੍ਹੇ ਜਾਣਗੇ ਅਤੇ ਸਕੂਲ ਅੱਪਗਰੇਡ ਕੀਤੇ ਜਾਣਗੇ। ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਜਿਹੜਾ ਉਨ੍ਹਾਂ ਨੇ 3 ਸਕੂਲਾਂ ਦੇ ਅੱਪਗਰੇਡ ਕਰਨ ਬਾਰੇ ਕਿਹਾ ਹੈ ਅਗਰ ਉਨ੍ਹਾਂ ਬਾਰੇ ਇਲਾਕੇ ਦੇ ਲੋਕਾਂ ਦੀ ਮੰਗ ਹੋਈ ਅਤੇ ਉਹ ਸ਼ਰਤਾਂ ਪੂਰੀਆਂ ਕਰਦੇ ਹੋਏ ਤਾਂ ਬੜੀ ਹਮਦਰਦੀ ਨਾਲ ਉਨ੍ਹਾਂ ਸਕੂਲਾਂ ਦੀ ਅਪਗਰੇਡੇਸ਼ਨ ਦੇ ਸਵਾਲ ਤੇ ਵਿਚਾਰ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜ਼ਿਲ੍ਹੇਵਾਰ ਕਿੰਨੇ ਸਕੂਲ ਅੱਪਗਰੇਡ ਕੀਤੇ ਗਏ ਅਤੇ ਅੱਗੇ ਕਿੰਨੇ ਕਰਨ ਦੀ ਸਕੀਮ ਹੈ ?

ਮੰਤਰੀ : 1979-80 ਵਿਚ ਸੌ ਮਿਡਲ ਤੋਂ ਹਾਈ ਸਕੂਲ ਅਪਗਰੇਡ ਕੀਤੇ ਗਏ ਅਤੇ 50 ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲ ਅਪਗਰੇਡ ਕੀਤੇ ਗਏ। ਵੈਸੇ ਸਵਾਲ ਦੇ ਪਾਰਟ ਦੋ ਦਾ ਜਵਾਬ ਮੈਨੂੰ ਦੇਣਾ ਨਹੀਂ ਸੀ ਚਾਹੀਦਾ। ਲੇਕਿਨ ਫਿਰ ਵੀ ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਸਾਲ ਜ਼ਿਆਦਾ ਸਕੂਲ ਅੱਪਗਰੇਡ ਕਰਾਂਗੇ।

ਸਰਦਾਰ ਅਵਤਾਰ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਜ਼ਿਲ੍ਹੇ ਨੂੰ ਇਕਾਈ ਮੰਨ ਕੇ ਸਕੂਲਾਂ ਨੂੰ ਅੱਪਗਰੇਡ ਕਰਦੇ ਹਾਂ। ਲੇਕਿਨ ਜਿਹੜੇ ਮਾਡਲ ਸਕੂਲ ਪਿਛਲੀ ਸਰਕਾਰ ਨੇ ਬਣਾਏ ਸੀ ਉਹ ਬਾਦਲ ਸਾਹਿਬ ਨੇ ਆਪਣੇ ਹਲਕੇ ਦੇ ਨੇੜੇ ਨੇੜੇ ਹੀ ਬਣਾ ਲਏ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਜ਼ਿਲ੍ਹੇ ਰਹਿ ਗਏ ਹਨ ਅਤੇ ਉਥੇ ਮਾਡਲ ਸਕੂਲ ਨਹੀਂ ਬਣਾਏ ਗਏ ਕੀ ਉਥੇ ਵੀ ਮਾਡਲ ਸਕੂਲ ਬਣਾਉਣਗੇ ?

ਮੰਤਰੀ : ਮੇਰਾ ਖਿਆਲ ਹੈ ਕਿ ਆਦਰਸ਼ ਸਕੂਲਾਂ ਨੂੰ ਮਾਨਯੋਗ ਮੈਂਬਰ ਨੇ ਮਾਡਲ ਸਕੂਲ ਕਿਹਾ ਹੈ। ਪਹਿਲੀ ਸਰਕਾਰ ਨੇ ਆਦਰਸ਼ ਸਕੂਲ ਇਸ ਤਰ੍ਹਾਂ ਵੰਡੇ ਜਿਸ ਤਰ੍ਹਾਂ ਰਿਉੜੀਆਂ ਵੰਡ ਦਿੱਤੀਆਂ ਜਾਣ। ਮੈ ਦੱਸਣਾ ਚਾਹੁੰਦਾ ਹਾਂ ਕਿ ਅੱਗੇ ਨੂੰ ਇਹ ਚੀਜ਼ ਨਹੀਂ ਹੋਣ ਦਿੱਤੀ ਜਾਵੇਗੀ।

ਸ਼੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਕੇ.ਪੀ. ਜੀ ਦਾ ਸਵਾਲ ਬੜਾ ਸ਼ਾਨਦਾਰ ਸੀ। ਲੇਕਿਨ ਉਨ੍ਹਾਂ ਨੇ ਇਸ ਨੂੰ ਚੰਗੀ ਤਰ੍ਹਾਂ ਪੁੱਟ ਨਹੀਂ ਕੀਤਾ।

ਮੰਤਰੀ : ਸਪੀਕਰ ਸਾਹਿਬ, ਇਹ ਆਨਰੇਬਲ ਮੈਂਬਰ ਤੇ ਐਸਪਰਸ਼ਨ ਹੈ।

ਸ਼੍ਰੀ ਭਗਵਾਨ ਦਾਸ : ਇਥੇ ਦੱਸਿਆ ਗਿਆ ਹੈ ਜੋ ਕਿ ਜ਼ਿਲ੍ਹੇ ਨੂੰ ਇਕਾਈ ਮੰਨ ਕੇ ਸਕੂਲ ਅਪਗਰੇਡ ਕਰਦੇ ਹਾਂ। ਜ਼ਿਲ੍ਹੇ ਵਿਚ 9-10 ਹਲਕੇ ਹੁੰਦੇ ਹਨ ਅਤੇ ਇਹ ਨਹੀਂ ਹੋਣਾ ਚਾਹੀਦਾ ਕਿ ਇਕ ਹਲਕੇ ਦੇ ਹੀ ਤੁਸੀਂ ਸਾਰੇ ਸਕੂਲ ਅੱਪਗਰੇਡ ਕਰ ਦਿਓ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜ਼ਿਲ੍ਹੇ ਵਿਚ ਹਲਕੇਵਾਰ ਧਿਆਨ ਰੱਖ ਕੇ ਇਹ ਸਕੂਲ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਕੁਝ ਨਿਯਮ ਮੁਕੱਰਰ ਕੀਤੇ ਹੋਏ ਹਨ ਜਿਸ ਦੇ ਮੁਤਾਬਿਕ ਸਕੂਲ ਅੱਪਗਰੇਡ ਹੁੰਦੇ ਹਨ। ਉਸ ਵਿਚ ਇਲਾਕੇ ਦੀ ਬੈਕਵਰਡਨੈਸ ਅਤੇ ਲੋਕਾਂ ਦੀ ਮੰਗ ਨੂੰ ਦੇਖਿਆ ਜਾਂਦਾ ਹੈ। ਕਿੰਨੇ ਸਕੂਲ ਉਸ ਨੂੰ ਫੀਡ ਕਰਦੇ ਹਨ। ਇਸ ਬਾਰੇ ਵੀ ਵਿਚਾਰ ਕੀਤਾ ਜਾਂਦਾ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਜਿਹੜੇ ਕੋਈ ਇਸ ਕਿਸਮ ਦੇ ਧੱਕੇ ਹੋਏ ਹਨ ਉਹ ਇਸ ਸਰਕਾਰ ਵੇਲੇ ਨਹੀਂ ਹੋਣਗੇ ਅਤੇ ਇਨਸਾਫ ਨਾਲ ਸਕੂਲ ਦਿੱਤੇ ਜਾਣਗੇ।

ਸ਼੍ਰੀ ਸੰਤ ਰਾਮ ਸਿੰਗਲਾ : ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਪੰਜਾਬ ਦੇ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਬਣਾਇਆ ਸੀ। ਇਨ੍ਹਾਂ ਨੂੰ ਬਣਾਇਆਂ 4-5 ਸਾਲ ਦਾ ਸਮਾਂ ਬੀਤ ਚੁੱਕਾ ਹੈ। ਉਹ ਬੱਚੇ ਪ੍ਰਾਇਮਰੀ ਪਾਸ ਕਰ ਚੁੱਕੇ ਹਨ। ਉਨ੍ਹਾਂ ਦੀ ਵਿਦਿਆ ਅਗੇਂ ਚਾਲੂ ਰੱਖਣ ਲਈ ਇਨ੍ਹਾਂ ਪਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਨਾ ਜ਼ਰੂਰੀ ਹੈ। ਇਸ ਲਈ ਕੀ ਮਨਿਸਟਰ ਸਾਹਿਬ ਹਰ ਪਿੰਡ ਦੇ ਪ੍ਰਾਇਮਰੀ ਸਕੂਲ ਨੂੰ ਮਿਡਲ ਸਕੂਲ ਬਣਾਉਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰ ਪ੍ਰਾਇਮਰੀ ਸਕੂਲ ਜਿਹੜਾ ਹੈ ਉਹ ਮਿਡਲ ਸਕੂਲ ਅੱਪਗਰੇਡ ਹੋਣ ਦੀ ਹੈਸੀਅਤ ਨਹੀਂ ਰੱਖਦਾ। ਕਈ ਪ੍ਰਾਇਮਰੀ ਸਕੂਲ ਐਸੇ ਹਨ ਜਿਥੇ 50 ਬੱਚੇ ਪੜ੍ਹਦੇ ਹਨ, ਉਨ੍ਹਾਂ ਨੂੰ ਮਿਡਲ ਸਕੂਲ ਬਣਾਉਣਾ ਠੀਕ ਨਹੀਂ ਹੈ। ਉਸ ਦੇ ਲਾਗੇ ਹੋਰ ਵੀ ਮਿਡਲ ਸਕੂਲ ਹੁੰਦੇ ਹਨ। ਲੇਕਿਨ ਜਿਥੇ ਬਿਲਡਿੰਗ ਲਈ ਜਗ੍ਹਾ ਮੌਜੂਦ ਹੈ ਅਤੇ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਉਥੇ ਉਨ੍ਹਾਂ ਪ੍ਰਾਇਮਰੀ ਸਕੂਲਾਂ ਨੂੰ ਜ਼ਰੂਰ ਅੱਪਗਰੇਡ ਕਰਕੇ ਉਥੇ ਦੇ ਲੋਕਾਂ ਦੀ ਮੰਗ ਨੂੰ ਪੂਰਾ ਕੀਤਾ ਜਾਵੇਗਾ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਿਡਲ ਤੋਂ ਹਾਈ ਸਕੂਲ ਅਪਗਰੇਡ ਕਰਨ ਵਾਸਤੇ ਕਿਹੜੀਆਂ ਕਿਹੜੀਆਂ ਸ਼ਰਤਾਂ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਿਡਲ ਤੋਂ ਹਾਈ ਸਕੂਲ ਬਣਾਉਣ ਲਈ ਕਮ-ਅਜ਼-ਕਮ ਮਿਡਲ ਸਕੂਲ ਦੇ ਵਿਚ 250 ਬੱਚੇ ਹੋਣੇ ਚਾਹੀਦੇ ਹਨ ਅੱਤੇ ਤਕਰੀਬਨ 3 ਹਜ਼ਾਰ ਫੀਟ ਮੁਰੱਬਾ ਏਰੀਆ ਬਿਲਡਿੰਗ ਲਈ ਚਾਹੀਦਾ ਹੈ। ਚਾਰ ਏਕੜ ਜ਼ਮੀਨ ਗਰਾਊਂਡ ਲਈ ਚਾਹੀਦਾ ਹੈ। ਕਿੰਨੇ ਸਕੂਲ ਉਸ ਨੂੰ ਫੀਡ ਕਰਦੇ ਹਨ ਇਸ ਬਾਰੇ ਵੀ ਦੇਖਿਆ ਜਾਂਦਾ ਹੈ। ਫਿਰ ਲੋਕਾਂ ਦੀ ਮੰਗ ਅਤੇ ਇਲਾਕੇ ਦੀ ਬੈਕਵਰਡਨੈਸ ਵੀ ਦੇਖੀ ਜਾਂਦੀ ਹੈ। ਇਹ ਸਾਰੀਆਂ ਚੀਜ਼ਾਂ ਦੇਖੀਆਂ ਜਾਂਦੀਆਂ ਹਨ। ਸੋ ਜਿਸ ਵੇਲੇ ਵੀ ਕੋਈ ਸਕੂਲ ਅੱਪਗਰੇਡ ਕਰਨ ਵਾਸਤੇ ਆਵੇਗਾ ਤਾਂ ਇਨ੍ਹਾਂ ਚੀਜ਼ਾਂ ਨਾਲ ਨਾਪ ਤੋਲ ਕੀਤਾ ਜਾਵੇਗਾ।

Decision to take over the National High School Mithapur (Jullundur)

***90. Sardar Darshan Singh K.P. : Will the Minister for Education be pleased to state whether the Government has decided to take over the National High School Mithapur, District Jullundur which has 80% of the students belonging to the Scheduled Castes on its roll; if so, the appropriate date by which it is likely to be taken over ?**

ਸਰਦਾਰ ਹਰਚਰਨ ਸਿੰਘ ਅਜਨਾਲਾ : ਨਹੀਂ ਜੀ।

ਸਰਦਾਰ ਦਰਸ਼ਨ ਸਿੰਘ ਕੇ.ਪੀ : ਸਪੀਕਰ ਸਾਹਿਬ, ਕੀ ਛੇਤੀ ਛੇਤੀ ਸਰਕਾਰ ਬਣਨ ਦੇ ਕਾਰਨ ਮਹਿਕਮੇ ਦੀ ਕੋਈ ਸਟੱਡੀ ਨਹੀਂ ਹੋਈ ਜਿਸ ਕਰਕੇ ਇਸ ਤਰ੍ਹਾਂ ਦਾ ਜਵਾਬ ਦਿੱਤਾ ਗਿਆ ਹੈ। (ਵਿਘਨ) (ਹਾਸਾ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਦੀ ਬੜੀ ਮੰਗ ਹੈ, ਕੀ ਸਰਕਾਰ ਉਨ੍ਹਾਂ ਦੀ ਮੰਗ ਨੂੰ ਪੂਰਾ ਕਰਨ ਦਾ ਯਤਨ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਜਿਸ ਸਕੂਲ ਦਾ ਜ਼ਿਕਰ ਕੀਤਾ ਗਿਆ ਹੈ ਉਹ ਪ੍ਰਾਈਵੇਟਲੀ ਮੈਨੇਜਡ ਸਕੂਲ ਮਿੱਠਾਪੁਰ ਹੈ। ਸਾਰੇ ਕੇਸ ਨੂੰ ਅਸੀਂ ਐਗਜ਼ਾਮਿਨ ਕਰ ਰਹੇ ਹਾਂ। ਜੇ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਇਆ ਤਾਂ ਅਸੀਂ ਜਲਦੀ ਉਸ ਨੂੰ ਟੇਕ-ਓਵਰ ਕਰਾਂਗੇ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸਕੂਲਾਂ ਵਿਚ 80% ਸ਼ਡਿਊਲਡ ਕਾਸਟਸ ਮੁੰਡੇ ਪੜ੍ਹਦੇ ਹਨ, ਕੀ ਉਨ੍ਹਾਂ ਨੂੰ ਵੀ ਨੈਸ਼ਨੇਲਾਈਜ਼ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਅਗਰ ਕੋਈ ਐਸਾ ਸਕੂਲ ਇਨ੍ਹਾਂ ਦੇ ਜ਼ੇਰੇ ਗੌਰ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ, ਅਸੀਂ ਵਿਚਾਰ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਨੋਟਿਸ ਵਿਚ ਐਸੇ ਸਕੂਲ ਵੀ ਹਨ ਜਿਨ੍ਹਾਂ ਬਾਰੇ ਰਿਪੋਰਟਾਂ ਹੋ ਕੇ ਆਈਆਂ ਕਿ ਇਨ੍ਹਾਂ ਨੂੰ ਟੇਕ ਓਵਰ ਕਰ ਲਿਆ ਜਾਵੇ ਪਰ ਇਨ੍ਹਾਂ ਦੀਆਂ ਕੁਝ ਐਸੀਆਂ ਕੰਡੀਸ਼ਨਜ਼ ਹਨ ਜਿਹੜੀਆਂ ਕੈਬਨਿਟ ਵੇਵ ਕਰ ਸਕਦੀ ਹੈ । ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਮੇਰੇ ਹਲਕੇ ਵਿਚ ਪਿੰਡ ਸ਼ਾਮ ਨਗਰ ਵਿੱਚ ਇਕ ਸਕੂਲ ਹੈ ਜਿਸ ਨੇ ਸਾਰੇ ਜ਼ਿਲ੍ਹੇ ਦੀ ਬਹੁਤ ਸੇਵਾ ਕੀਤੀ ਹੈ। ਕੀ ਉਸ ਹਲਕੇ ਦੀ ਲੋੜ ਨੂੰ ਮੁਖ ਰੱਖਦੇ ਹੋਏ ਉਸ ਸਕੂਲ ਨੂੰ ਟੇਕ-ਓਵਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਪਾਰਟੀਕੁਲਰ ਕੇਸ ਹਾਊਸ ਦੇ ਨੋਟਿਸ ਵਿੱਚ ਲਿਆਂਦਾ ਹੈ। ਇਸ ਬਾਰੇ ਮੈਨੂੰ ਪਹਿਲਾਂ ਕੋਈ ਨੋਟਿਸ ਨਹੀਂ ਸੀ। ਅਗਰ ਇਹ ਕੇਸ ਮੇਰੇ ਨੋਟਿਸ ਵਿਚ ਹੁੰਦਾ ਤਾਂ ਮੈਂ ਸਾਰੇ ਕੇਸ ਦੀ ਹਰ ਆਸਪੈਕਟ ਤੋਂ ਹਾਊਸ ਨੂੰ ਇਨਫਰਮੇਸ਼ਨ ਦਿੰਦਾ। ਮੈਂ ਯਕੀਨ ਦਿਵਾਉਂਦਾ ਹਾਂ ਕਿ ਅਗਰ ਉਸ ਦਾ ਕੇਸ ਆਵੇਗਾ ਤਾਂ ਬੜੀ ਹਮਦਰਦੀ ਨਾਲ ਉਸ ਤੇ ਗੌਰ ਕੀਤਾ ਜਾਵੇਗਾ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਹੁਣ 95% ਗਰਾਂਟ ਗੌਰਮਿੰਟ ਘਾਟੇ ਵਜੋਂ ਹਰ ਸਕੂਲ ਨੂੰ ਦਿੰਦੀ ਹੈ। ਇਸ ਲਈ ਬਹੁਤ ਘੱਟ ਪ੍ਰਾਈਵੇਟ ਸਕੂਲ ਹਨ ਜਿਹੜੇ ਨੈਸ਼ਨੇਲਾਈਜ਼ੇਸ਼ਨ ਜਾਂ ਟੇਕ ਓਵਰ ਕਰਾਉਣਾ ਚਾਹੁੰਦੇ ਹਨ।

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਜ਼ਿਲ੍ਹਾ ਪੱਧਰ ਦੇ ਉਤੇ ਕਿਸੇ ਸਕੂਲ ਵਿਚ ਹਰੀਜਨਾਂ ਦੇ 95% ਬੱਚੇ ਹੋਣ ਪਰ ਜੇ ਉਹ ਨਾ 4-5 ਏਕੜ ਜ਼ਮੀਨ ਦੇ ਸਕਦੇ ਹੋਣ ਅਤੇ ਨਾ ਹੀ ਉਥੇ 250 ਤੋਂ ਉਪਰ ਬੱਚੇ ਹੋਣ, ਤਾਂ ਕੀ ਉਸ ਸਕੂਲ ਨੂੰ ਅੱਪ/ਗਰੇਡ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਅਜਿਹੇ ਸਕੂਲਾਂ ਦੀ ਗਲ ਕੀਤੀ ਹੈ ਜਿਥੇ ਹਰੀਜਨਾਂ ਦੇ 85% ਜਾਂ 90% ਬੱਚੇ ਪੜ੍ਹਦੇ ਹੋਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਗਰ ਕੋਈ ਐਸਾ ਕੇਸ ਆਵੇਗਾ ਤਾਂ ਉਸ ਨੂੰ ਜ਼ਰੂਰ ਅਸੀਂ ਮੁਖਤਲਿਫ ਐਂਗਲ ਤੋਂ ਦੇਖਾਂਗੇ ਤਾਂਕਿ ਉਹ ਸਕੂਲ ਅੱਪ-ਗਰੇਡ ਹੋ ਸਕੇ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਪਿਛਲੀ ਅਕਾਲੀ-ਜਨਤਾ ਸਰਕਾਰ ਵੇਲੇ ਕਈ ਪ੍ਰਾਇਮਰੀ ਤੋਂ ਮਿਡਲ ਸਕੂਲ ਅਤੇ ਮਿਡਲ ਤੋਂ ਹਾਈ ਸਕੂਲ ਬਣਾਏ ਗਏ ਸਨ ਅੌਰ ਉਨ੍ਹਾਂ ਵਿਚੋਂ 1-2 ਸਕੂਲਾਂ ਵਿਚ ਮਾਸਟਰਜ਼ ਵੀ ਲਾ ਦਿੱਤੇ ਸਨ ਪਰ ਬਾਅਦ ਵਿੱਚ ਉਹ ਮਾਸਟਰ ਵੀ ਜਿਹੜੇ ਸਨ ਉਹ ਵਾਪਸ ਲੈ ਲਏ ਸਨ ? ਇਸੇ ਤਰ੍ਹਾਂ ਮੇਰੇ ਕੰਡੀ ਦੇ ਏਰੀਏ ਵਿੱਚ ਮਦਵਾਨਾ ਅਤੇ ਬੌੜਾ ਪਿੰਡ ਦੇ ਸਕੂਲ ਹਨ। ਕੀ ਸਰਕਾਰ ਉਨ੍ਹਾਂ ਸਕੂਲਾਂ ਨੂੰ ਆਪਣੇ ਅਧਿਕਾਰ ਥੱਲੇ ਲੈ ਕੇ ਗੌਰਮਿੰਟ ਮਿਡਲ ਸਕੂਲ ਜਾਂ ਗੌਰਮਿੰਟ ਹਾਈ ਸਕੂਲ ਬਣਾਏਗੀ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੂੰ ਮੇਰੀ ਬੇਨਤੀ ਹੈ ਕਿ ਜਿਨ੍ਹਾਂ ਸਕੂਲਾਂ ਦਾ ਜ਼ਿਕਰ ਇਨ੍ਹਾਂ ਨੇ ਕੀਤਾ ਹੈ ਉਹ ਮੈਨੂੰ ਇਸ ਦੇ ਬਾਰੇ ਸੈਪਰੇਟ ਲਿਸ਼ਟ ਜੇ ਲਿਆ ਕੇ ਭੇਜ ਦੇਣ, ਇਨਫਰ-ਮੇਸ਼ਨ ਦੇ ਦੇਣ ਤਾਂ ਉਨ੍ਹਾਂ ਕੇਸਾਂ ਤੇ ਅਸੀਂ ਵਿਚਾਰ ਕਰ ਲਵਾਂਗੇ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਅਕਾਲੀ-ਜਨਤਾ ਸਰਕਾਰ ਵੇਲੇ ਪ੍ਰਾਇਮਰੀ ਸਕੂਲਾਂ ਤੋਂ ਕੁਝ ਸਕੂਲ ਮਿਡਲ ਕੀਤੇ ਗਏ ਸਨ ਅਤੇ ਕੁਝ ਮਿਡਲ ਤੋਂ ਹਾਈ ਸਕੂਲ ਕੀਤੇ ਗਏ ਸਨ ਉਸ ਦੇ ਮੁਤੱਲਕ ਮੈਂ ਇਨ੍ਹਾਂ ਨੂੰ ਇਹ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਕ ਵੀ ਸਕੂਲ ਪ੍ਰਾਇਮਰੀ ਤੋਂ ਮਿਡਲ ਸਕੂਲ ਨਹੀਂ ਸੀ ਬਣਾਇਆ।

Original with;
Punjab Vidhan Sabha
Digitized by;
Panjab Digital Library

Monthly Quota of High Speed Diesel oil fixed for Punjab

*46. **Seth Khushhal Chand :** Will the Chief Minister be pleased to state—

(a) the monthly quota of high speed diesel oil fixed for the State of Punjab by the Government of India ;

(b) the supplies of high speed diesel oil received by the Punjab State during the months of March, April, and May, 1980;

(c) the monthly requirements of high speed diesel oil assessed by the Food and Supplies Department, Punjab for various categories of consumers in the State ?

Doctor Kewal Krishan (Finance Minister) : There is no fixed monthly quota of high speed diesel for the State of Punjab. The allocation is made by the Government of India for every month.

(b) The quantities received during March, April and May, 1980 were 43,673, 55,303 and 65,795 kilo-litres respectively.

(c) The mothly requirement of H.S.D. for various categories of consumers in the State has been assessed at over one lakh kilo litres per month.

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਈ ਕਿਸਾਨਾਂ ਦੇ 2-2 ਥਾਵਾਂ ਤੇ ਕਾਰਡ ਬਣੇ ਹੋਏ ਹਨ ਅਤੇ ਇਨ੍ਹਾਂ ਪੈਟਰੋਲ ਪੰਪਾਂ ਜਾਂ ਡੀਜ਼ਲ ਪੰਪਾਂ ਦਾ ਆਪਸ ਵਿਚ 20 ਕਿਲੋਮੀਟਰ ਦਾ ਤਕਰੀਬਨ ਫਰਕ ਹੈ। ਜੇ ਕਿਸਾਨ ਫਿਲੌਰ ਜਾਂਦੇ ਹਨ ਤਾਂ ਕਹਿ ਦਿੰਦੇ ਹਨ ਕਿ ਨੂਰ ਮਹਿਲ ਜਾਉ ਅਤੇ ਜੇ ਉਹ ਵਿਚਾਰੇ ਨੂਰਮਹਿਲ ਜਾਂਦੇ ਹਨ ਤਾਂ ਕਹਿ ਦਿੰਦੇ ਹਨ ਕਿ ਫਿਲੌਰ ਡੀਜ਼ਲ ਲੈਣ ਵਾਸਤੇ ਜਾਉ। ਦੋਨਾਂ ਥਾਵਾਂ ਤੇ ਕਿਸਾਨਾਂ ਨੂੰ ਤਿੰਨ-ਤਿੰਨ ਮਹੀਨੇ ਤੋਂ ਡੀਜ਼ਲ ਨਹੀਂ ਮਿਲ ਰਿਹਾ ਅਤੇ ਇਹ ਸਾਰਾ ਡੀਜ਼ਲ ਬਲੈਕ ਵਿਚ ਵਿੱਕ ਰਿਹਾ ਹੈ। ਕੀ ਮਨਿਸਟਰ ਸਾਹਿਬ ਕਿਸਾਨਾਂ ਨੂੰ ਉਥੇ ਡੀਜ਼ਲ ਦਿਵਾਉਣ ਦਾ ਕੋਈ ਉਪਰਾਲਾ ਕਰਨਗੇ?

ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਕਿਸਾਨਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਉਨ੍ਹਾਂ ਨੂੰ ਪੈਟਰੋਲ ਪੰਪਾਂ ਜਾਂ ਡੀਜ਼ਲ ਪੰਪਾਂ ਤੇ ਜੋ ਡਿਫੀਕਲਟੀ ਆਉਂਦੀ ਹੈ ਉਹ ਦੱਸੀ ਹੈ। ਸਰਕਾਰ ਜ਼ਰੂਰ ਉਨ੍ਹਾਂ ਦੀ ਡਿਫੀਕਲਟੀ ਦੂਰ ਕਰੇਗੀ । ਜੇ ਪਰਟੀਕੁਲਰ ਪੰਪ ਤੇ ਇਸ ਤਰ੍ਹਾਂ ਦੀ ਬੇਜ਼ਾਬਤਗੀ ਹੁੰਦੀ ਹੈ ਤਾਂ ਉਹ ਲਿਖ ਕੇ ਸਾਡੇ ਧਿਆਨ ਵਿਚ ਲਿਆਉਣ।

ਸਰਦਾਰ ਅਵਤਾਰ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਿਨਾਂ ਵਿਚ ਕੁੱਝ ਬੇਜ਼ਾਬਤਗੀਆਂ ਕਰਕੇ ਕਈ ਡੀਜ਼ਲ ਪੰਪਾਂ ਜਾਂ ਪੈਟਰੋਲ ਪੰਪਾਂ ਨੂੰ ਬੰਦ ਕੀਤਾ ਗਿਆ ਹੈ ਅਤੇ ਉਨ੍ਹਾਂ ਪੰਪਾਂ ਤੇ ਜੋ ਕਾਰਡ ਲਗੇ ਹੋਏ ਹਨ ਉਹ ਦੂਸਰੇ ਪੰਪਾਂ ਨੂੰ ਲਗਾ ਦਿੱਤੇ ਗਏ ਹਨ। ਪਰ ਜਿਥੇ ਇਹ ਕਾਰਡ ਲਗਾ ਦਿੱਤੇ ਹਨ ਉਨ੍ਹਾਂ ਪੰਪਾਂ ਦਾ ਕੋਟਾ ਜੋ ਡੀਜ਼ਲ ਦਾ ਹੈ ਉਹ ਉਤਨਾ ਹੀ ਹੈ ਜਿੰਨਾ ਪਹਿਲਾਂ ਸੀ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੇ ਪੰਪ ਬੰਦ ਹੋ ਚੁਕੇ ਹਨ ਅਤੇ ਉਨ੍ਹਾਂ ਦੇ ਕਾਰਡ ਜੋ ਦੂਸਰੇ ਪੰਪਾਂ ਨੂੰ ਦਿੱਤੇ ਗਏ ਹਨ ਕੀ ਇਹ ਕੋਈ ਪ੍ਰਬੰਧ ਕਰਕੇ ਜਿਥੇ ਹੋਰ ਕਾਰਡ ਲਾਏ ਗਏ ਹਨ ਉਥੇ ਕੋਈ ਸਪੈਸ਼ਲ ਕੋਟਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਬੜੀ ਗੰਭੀਰ ਸਮੱਸਿਆ ਵਲ ਸਾਡਾ ਧਿਆਨ ਦੁਆਇਆ ਹੈ ।ਕੋਟਾ ਉਨ੍ਹਾਂ ਨੂੰ ਬਰਾਬਰ ਤੇ ਪੂਰਾ ਮਿਲਦਾ ਰਵੇ, ਉਸ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਬਾਜ਼ ਸਿੰਘ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ ਕੁਝ ਪੰਪ ਜਿਹੜੇ ਬੰਦ ਕਰ ਦਿੱਤੇ ਹਨ ਉਨ੍ਹਾਂ ਦੇ ਕਾਰਡ ਦੂਸਰੇ ਪੰਪਾਂ ਨੂੰ ਲਾ ਦਿੱਤੇ ਹਨ ਪਰ ਉਨ੍ਹਾਂ ਦਾ ਕੋਟਾ ਉਤਨਾ ਹੀ ਰਖਿਆ ਹੈ ਜਿੰਨਾ ਪਹਿਲਾਂ ਸੀ। ਕੀ ਜਿਥੇ ਹੁਣ ਹੋਰ ਕਾਰਡ ਲਾਏ ਹਨ ਉਨ੍ਹਾਂ ਵਾਸਤੇ ਕੋਈ ਸਪੈਸ਼ਲ ਕੋਟਾ ਦੇਣ ਦਾ ਪ੍ਰਬੰਧ ਕਰਨਗੇ ? (ਵਿਘਨ)

ਮੰਤਰੀ: ਹਾਂ ਜੀ, ਜ਼ਰੂਰ ਕਰਾਂਗੇ ਜੀ ।

ਸਰਦਾਰ ਬਲਵਿੰਦਰਸਿੰਘ ਭੂੰਦੜ : ਸਪੀਕਰ ਸਾਹਿਬ, ਜੋ ਫਿਗਰਜ਼ ਦਿੱਤੀਆਂ ਗਈਆਂ ਹਨ ਉਸ ਦੇ ਮੁਤਾਬਿਕ ਇਕ ਲੱਖ ਕਿਲੋਲੀਟਰ ਦੀ ਜ਼ਰੂਰਤ ਦੇ ਖਿਲਾਫ ਕਿਧਰੇ 43,000 ਅਤੇ ਕਿਧਰੇ 47-48 ਹਜ਼ਾਰ ਕਿਲੋਲੀਟਰ ਡੀਜ਼ਲ ਦਿੱਤਾ ਗਿਆ ਹੈ ਯਾਨੀ ਫਿਫਟੀ ਪਰਸੈਂਟ ਤੋਂ ਘੱਟ ਦਿੱਤਾ ਗਿਆ ਹੈ। ਕਾਂਗਰਸ ਜਮਾਤ ਜੋ ਜਿੱਤ ਕੇ ਆਈ ਹੈ ਇਹ ਲੋਕਾਂ ਨੂੰ ਇਹ ਵਾਇਦਾ ਕਰਕੇ ਆਈ ਹੈ ਕਿ ਅਸੀਂ ਤੁਹਾਨੂੰ ਡੀਜ਼ਲ ਦੇਵਾਂਗੇ, ਤੁਸੀਂ ਸਾਨੂੰ ਵੋਟਾਂ ਦਿਉ। ਪਰ ਇਹ ਸਰਕਾਰ ਫਿਫਟੀ ਪਰਸੈਂਟ ਲੋਕਾਂ ਨੂੰ ਵੀ ਡੀਜ਼ਲ ਦੇਣ ਵਿਚ ਫੇਲ੍ਹ ਹੋਈ ਹੈ। ਕੀ ਇਹ ਹੁਣ ਰਿਜ਼ਾਈਨ ਦੇਣਗੇ ? (ਵਿਘਨ)

Finance Minister: Question does not arise.

Mr. Speaker Supplementary should be relevant to the main question.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਇਨ੍ਹਾਂ ਨੇ ਆਪ ਵੀ ਕਿਹਾ ਹੈ ਕਿ ਕਈ ਪੈਟਰੋਲ ਪੰਪਾਂ ਤੇ ਬੇਜ਼ਾਬਤਗੀਆਂ ਹੋ ਰਹੀਆਂ ਹਨ, ਕਈ ਜ਼ਿਲ੍ਹਿਆਂ ਵਿਚ ਡੀਜ਼ਲ ਦਾ ਕੋਟਾ ਬੜਾ ਘੱਟ ਹੈ ਜਿਸ ਤਰ੍ਹਾਂ ਕਿ ਸੰਗਰੂਰ ਜ਼ਿਲ੍ਹੇ ਵਿਚ ਲੁਧਿਆਣੇ ਜ਼ਿਲ੍ਹੇ ਤੋਂ ਬਹੁਤ ਘੱਟ ਕੋਟਾ ਹੈ ਅਤੇ ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਵਿਚ ਕੋਟਾ ਘੱਟ ਹੈ ਅਤੇ ਫਰੀਦਕੋਟ ਵਿਚ ਜ਼ਿਆਦਾ ਹੈ। ਕੀ ਇਸ ਦੀ ਕੋਈ ਇਨਕੁਆਇਰੀ ਕਰਵਾ ਕੇ ਅੱਗੇ ਨੂੰ ਕੋਟੇ ਦੀ ਵੰਡ ਸਾਰਿਆਂ ਜ਼ਿਲ੍ਹਿਆਂ ਵਿਚ ਠੀਕ ਕਰਾਉਣਗੇ ?

ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਦੀ ਸੁਜੈਸ਼ਨ ਅੱਛੀ ਹੈ। ਜ਼ਰੂਰ ਵੰਡ ਨੂੰ ਰੈਸ਼ਨੇ-ਲਾਈਜ਼ ਕਰਨਾ ਚਾਹੀਦਾ ਹੈ। ਜ਼ਰੂਰਤ ਦੇ ਮੁਤਾਬਿਕ ਕੋਟਾ ਮਿਲਣਾ ਚਾਹੀਦਾ ਹੈ। ਅਸੀਂ ਇਸ ਤੇ ਵਿਚਾਰ ਕਰਾਂਗੇ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ 100 ਵਿਚੋਂ 75% ਕੋਟਾ ਡੀਜ਼ਲ ਦਾ ਪਿੰਡਾਂ ਵਿਚ ਦਿੱਤਾ ਹੈ ਅਤੇ ਬਾਕੀ ਦਾ 25% ਸ਼ਹਿਰਾਂ ਨੂੰ ਚਿਤਾ ਹੈ ਅਤੇ ਇੰਡਸਟਰੀਜ਼ ਵਾਸਤੇ 4% ਹੀ ਕੋਟਾ ਦਿੱਤਾ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿਛਲੀ ਸਰਕਾਰ ਨੇ ਵਿਤਕਰਾ ਪੈਦਾ ਕੀਤਾ ਸੀ ਕੀ ਇਹ ਸਰਕਾਰ ਉਸ ਨੂੰ ਦੂਰ ਕਰਨ ਦਾ ਯਤਨ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ 15 ਅਪਰੈਲ ਤੋਂ 15 ਜੁਲਾਈ ਤਕ ਜਦੋਂ ਕਿ ਪੈਡੀ ਔਰ ਕਣਕ ਦੀ ਸੋਇੰਗ ਔਰ ਗਰੇਨਿੰਗ ਦਾ ਕ੍ਰਮਵਾਰ ਸੀਜ਼ਨ ਹੁੰਦਾ ਹੈ ਉਦੋਂ 75% ਡੀਜ਼ਲ ਦਾ ਕੋਟਾ ਫਾਰਮਰਜ਼ ਨੂੰ ਮਿਲਦਾ ਹੈ ਔਰ 25% ਕੋਟਾ ਬਾਕੀ ਸਾਰੀਆਂ ਕੈਟੇਗਰੀਜ਼ ਨੂੰ ਦਿੱਤਾ ਜਾਂਦਾ ਹੈ ਲੇਕਿਨ ਸਾਰਾ ਸਾਲ ਜ਼ਰੂਰਤ ਦੇ ਮੁਤਾਬਿਕ ਇੰਡਸਟਰੀਜ਼ ਨੂੰ ਅਤੇ ਹੋਰਨਾਂ ਨੂੰ ਡੀਜ਼ਲ ਮਿਲਦਾ ਰਹਿੰਦਾ ਹੈ। 75% ਡੀਜ਼ਲ ਦਾ ਕੋਟਾ ਸਿਰਫ ਪੀਕ ਸੀਜ਼ਨ ਵਿਚ ਫਾਰਮਰਜ਼ ਦੇ ਲਈ ਰਿਜ਼ਰਵ ਕੀਤਾ ਗਿਆ ਹੈ।

ਸਰਦਾਰ ਹਰਚਰਨ ਸਿੰਘ ਹੀਰੇ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਦੀ ਇਨਫਰਮੇਸ਼ਨ ਲਈ ਦੱਸਣਾ ਚਾਹੁੰਦਾ ਹਾਂ ਕਿ ਹਰੀਕੇ ਪੈਟਰੋਲ ਪੰਪ ਤੇ ਦਿਨ ਦਿਹਾੜੇ 800 ਰੁਪਏ ਦਾ ਡੀਜ਼ਲ ਦਾ ਡਰੱਮ ਬਲੈਕ ਵਿਚ ਦਿੱਤਾ ਜਾਂਦਾ ਹੈ, ਜਦੋਂ ਮਰਜ਼ੀ ਇਨ੍ਹਾਂ ਦੇ ਮਹਿਕਮੇ ਦਾ ਬੰਦਾ ਛਾਪਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਮਾਰ ਕੇ ਦੇਖ ਲਵੇ। ਹਰ ਰੋਜ਼ 10-12 ਡਰੱਮ ਡੀਜ਼ਲ ਬਲੈਕ ਵਿਚ ਵੇਚਿਆ ਜਾਂਦਾ ਹੈ। ਕੀ ਵਜ਼ੀਰ ਸਾਹਿਬ ਅੱਜ ਹੀ ਆਪਣਾ ਕੋਈ ਬੰਦਾ ਭੇਜ ਕੇ ਇਨਕੁਆਇਰੀ ਕਰਾਉਣਗੇ ਅਤੇ ਜੋ ਬਲੈਕ ਵਿੱਚ ਡੀਜ਼ਲ ਦਿੱਤਾ ਜਾਂਦਾ ਹੈ ਉਸ ਨੂੰ ਰੋਕਣਗੇ ?

ਮੰਤਰੀ: ਮਾਨਯੋਗ ਮੈਂਬਰ ਸਾਨੂੰ ਲਿਖ ਕੇ ਦੇ ਦੇਣ, ਅਸੀਂ ਇਸ ਦੀ ਇਨਕੁਆਇਰੀ ਫੌਰਨ ਕਰਵਾਵਾਂਗੇ। (ਵਿਘਨ)

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਹੋਰ ਲਿਖ ਕੇ ਕੀ ਦੇਵਾਂ। ਮੈਂ ਅਸੈਂਬਲੀ ਦੇ ਵਿਚ ਸਪੈਸੇਫਿਕ ਕੇਸ ਦੇ ਬਾਰੇ ਦੱਸਿਆ ਹੈ। (ਵਿਘਨ)

ਸ਼੍ਰੀ ਸਪੀਕਰ : ਹੀਰੋ ਸਾਹਿਬ, ਜੋ ਤੁਹਾਡਾ ਕੁਐਸਚਨ ਸੀ ਉਸ ਦਾ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਕਿ ਉਹ ਇਸ ਦੀ ਇਨਕੁਆਇਰੀ ਕਰਵਾਉਣਗੇ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਇਨ੍ਹਾਂ ਨੇ ਇਨਕੁਆਇਰੀ ਕਰਵਾਉਣ ਬਾਰੇ ਨਹੀਂ, ਮੈਨੂੰ ਲਿਖ ਕੇ ਦੇਣ ਲਈ ਕਿਹਾ ਹੈ। (ਵਿਘਨ) ਮੈਂ ਅਸੈਂਬਲੀ ਦੇ ਵਿਚ ਪਰਟੀਕੁਲਰ ਕੇਸ ਦੱਸਿਆ ਹੈ, ਹੁਣ ਹੋਰ ਲਿਖ ਕੇ ਦੇਣ ਦੀ ਕੀ ਜ਼ਰੂਰਤ ਹੈ। (ਵਿਘਨ)

ਮੰਤਰੀ : ਠੀਕ ਹੈ, ਇਸ ਦੀ ਇਨਕੁਆਇਰੀ ਕਰਵਾ ਲਵਾਂਗੇ।

Money sanctioned for advance Dhussi Dam.

***96. Sardar Atma Singh :** Will the Chief Minister be pleased to state—

(a) the amount of money which has been sanctioned for Advance Dhussi Dam on river Beas at Dhilwan, District Kapurthla, together with the time by which the said dam is likely to be completed;

(b) the total area of land which is expected to be reclaimed as cultivable land with the completion of the said dam;

(c) whether the approval of the Technical Committee for the said scheme has since been obtained, if not, the time by which the same is likely to be obtained ?

Doctor Kewal Krishan (Finance Minister) : (a) (i) Nil.

(ii) Question does not arise.

(b) About 30,000 acres.

(c) No

Time limit cannot be specified.

ਸਰਦਾਰ ਆਤਮਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਢਿਲਵਾਂ ਤੋਂ ਆਲੀਕਲਾਂ ਤਕ ਐਡਵਾਂਸ ਧੁੱਸੀ ਡੈਮ ਬਣਾਉਣ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਕੀਮ ਪਰਪੱਜ਼ ਹੋਈ ਸੀ ਲੇਕਿਨ ਇਸ ਸਕੀਮ ਬਾਰੇ ਜਿਹੜੀ ਟੈਕਨੀਕਲ ਕਲੀਅਰੈਂਸ ਸੀ ਉਹ ਨਹੀਂ ਮਿਲ ਸਕੀ । ਇਸ ਕਰਕੇ ਇਹ ਸਕੀਮ ਨੇਪਰੇ ਨਹੀਂ ਚੜ੍ਹ ਸਕੀ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮਹਿਕਮਾਂ ਡਰੇਨੇਜ ਦੇ ਮੁਤਾਬਿਕ ਅਗਰ ਇਹ ਬੰਧ ਮੁਕੰਮਲ ਹੋ ਜਾਏ ਤਾਂ ਕੋਈ 30 ਹਜ਼ਾਰ ਏਕੜ ਜ਼ਮੀਨ ਨਵੀਂ ਨਿਕਲ ਆਏਗੀ ਜਿਸ ਨਾਲ ਹਜ਼ਾਰਾਂ ਮਣ ਅਨਾਜ ਜ਼ਿਆਦਾ ਪੈਦਾ ਹੋਵੇਗਾ। ਕੀ ਇਸ ਸਕੀਮ ਦੀ ਜਲਦੀ ਟੈਕਨੀਕਲ ਕਮੇਟੀ ਪਾਸੋਂ ਕਲੀਅਰੈਂਸ ਲੈ ਕੇ ਬੰਧ ਜਲਦੀ ਮੁਕੰਮਲ ਕੀਤਾ ਜਾਏਗਾ।

ਮੰਤਰੀ: ਇਸ ਤੇ ਬੜੀ ਹਮਦਰਦੀ ਨਾਲ ਵਿਚਾਰ ਕੀਤਾ ਜਾਏਗਾ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਟੈਕਨੀਕਲ ਕਲੀਅਰੈਂਸ ਨਹੀਂ ਮਿਲੀ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਸ ਦੇ ਨਾ ਮਿਲਣ ਦੇ ਕੀ ਕਾਰਨ ਹਨ ?

ਮੰਤਰੀ: ਸਪੀਕਰ ਸਾਹਿਬ, ਟੈਕਨੀਕਲੀ ਕੁਝ ਉਨ੍ਹਾਂ ਨੇ ਕਨਸਿਡਰ ਕਰਨਾ ਹੁੰਦਾ ਹੈ। ਕੋਈ ਹੈਪ ਹੈਜ਼ਰਡਲੀ ਬੱਟਣ ਦਬਾਉਣ ਨਾਲ ਤਾਂ ਗਲ ਨਹੀਂ ਬਣ ਜਾਂਦੀ । ਅਗਰ ਕੋਈ ਐਸੀ ਚੀਜ਼ ਹੋਵੇਗੀ ਤਾਂ ਸਰਕਾਰ ਹਮਦਰਦੀ ਨਾਲ ਗੌਰ ਕਰੇਗੀ ।

Regularisation of the services of Cooks and Kahars working in the Medical Colleges of the State.

***94. 1. Comrade Sohan Singh**
2. Comrade Raj Kumar } **: Will the Minister for Health and Family Welfare be pleased to state—**

(a) whether there is any proposal under the consideration of the Government to regularise the services of Cooks and Kahars working in the Government Medical Colleges of the State ; if so, the details thereof ;

(b) the time by which their services are likely to be regularised ?

ਡਾਕਟਰ ਕੇਵਲ ਕ੍ਰਿਸ਼ਨ: (ਓ) ਨਹੀਂ ਜੀ ।

(ਅ) ਸਵਾਲ ਪੈਦਾ ਨਹੀਂ ਹੁੰਦਾ ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਗੌਰਮਿੰਟ ਕਾਲਜਾਂ ਵਿਚ ਜਿਹੜੇ ਕੁੱਕ ਅਤੇ ਕੁਹਾਰ ਹਨ ਉਨ੍ਹਾਂ ਨੂੰ 18,18 ਘੰਟੇ ਕੰਮ ਕਰਨਾ ਪੈਂਦਾ ਹੈ। ਸਰਕਾਰ ਉਨ੍ਹਾਂ ਨੂੰ ਤਨਖਾਹ ਥੋੜ੍ਹੀ ਦਿੰਦੀ ਹੈ, ਉਨ੍ਹਾਂ ਦੀ ਨੌਕਰੀ ਵੀ ਪੱਕੀ ਨਹੀਂ ਜਦੋਂ ਕਿ ਉਨ੍ਹਾਂ ਦੇ ਕੰਮ ਦੀ ਨੌਵੀਅੱਤ ਪੱਕੀ ਹੈ । ਇਹੋ ਲੋਕ ਜਿਹੜੇ ਮੈਂਟਲ ਹਸਪਤਾਲ, ਗੁਰੂ ਤੇਗ ਬਹਾਦਰ ਹਸਪਤਾਲ, ਈ. ਐਸ. ਆਈ, ਜਾਂ ਨਰਸਿੰਗ ਹੋਸਟਲ, ਅੰਮ੍ਰਿਤਸਰ ਵਿਚ ਕੰਮ ਕਰਦੇ ਹਨ, ਉਨ੍ਹਾਂ ਦੀ ਨੌਕਰੀ ਪੱਕੀ ਹੈ, ਤਨਖਾਹ ਸਰਕਾਰ ਦਿੰਦੀ ਹੈ ਅੌਰ ਬਾਕੀ ਰਿਆਇਤਾਂ ਜਿਹੜੀਆਂ ਲਾਗੂ ਹਨ ਉਹ ਵੀ ਉਨ੍ਹਾਂ ਨੂੰ ਮਿਲਦੀਆਂ ਹਨ। ਮੈਂ ਪੁੱਛਦਾ ਹਾਂ ਕਿ ਇਸ ਕੈਟੇਗਰੀਜ਼ ਦੇ ਮੁਲਾਜ਼ਮਾਂ ਨੂੰ, ਜਿਹੜੇ ਗੌਰਮਿੰਟ ਕਾਲਜਾਂ ਵਿਚ ਕੰਮ ਕਰਦੇ ਹਨ, ਵੀ ਇਹੀ ਕੰਡੀਸ਼ਨਜ਼ ਆਫ ਸਰਵਿਸ, ਗਰੇਡ ਅੌਰ ਉਨ੍ਹਾਂ ਨੂੰ ਪਰਮਾਨੈਂਟ ਕਰਨ ਵਾਸਤੇ ਕੋਈ ਵਿਚਾਰ ਕਰਨਗੇ ? ਜਿਨ੍ਹਾਂ ਸਟੂਡੈਂਟਸ ਅੌਰ ਅਫਸਰਾਂ ਨਾਲ ਉਨ੍ਹਾਂ ਦਾ ਵਾਹ ਪੈਂਦਾ ਹੈ ਕੀ ਉਨ੍ਹਾਂ ਦੀ ਕੋਈ ਕਮੇਟੀ ਮੁਕੱਰਰ ਕਰਕੇ ਇਸ ਮੰਗ ਨੂੰ ਕਬੂਲ ਕਰਨਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਕਿਉਂਕਿ ਇਹ ਰੈਗੂਲਰ ਇੰਪਲਾਈ ਨਹੀਂ ਹਨ ਇਸ ਲਈ ਇਨ੍ਹਾਂ ਲੋਕਾਂ ਨੂੰ 100 ਰੁਪਿਆ ਮਹੀਨਾ ਦਿੱਤਾ ਜਾਂਦਾ ਹੈ, ਇਹ ਕਾਲਜ ਦੇ ਹੋਸਟਲਜ਼ ਦੇ ਵਿਚ ਕੰਮ ਕਰਦੇ ਹਨ। ਇਨ੍ਹਾਂ ਲਈ 4 ਬੰਦਿਆਂ ਦੀ ਕਮੇਟੀ ਬਣੀ ਹੋਈ ਹੈ ਜਿਸ ਵਿਚ ਕਾਲਜ ਦਾ ਪ੍ਰਿੰਸੀਪਲ, ਸਟੂਡੈਂਟਸ ਦਾ ਇਕ ਨੁਮਾਇੰਦਾ, ਹੋਸਟਲ ਇੰਚਾਰਜ ਅਤੇ ਇਕ ਕੁਕਸ ਅਤੇ ਕੁਹਾਰ ਵਿਚੋਂ ਨੁਮਾਇੰਦਾ ਲਿਆ ਜਾਂਦਾ ਹੈ। ਉਹ ਸਾਰੇ ਜਿਵੇਂ ਚਾਹੁੰਦੇ ਹਨ ਪ੍ਰਬੰਧ ਚਲਾਉਂਦੇ ਹਨ। ਇਹ ਇਕ ਆਰਜ਼ੀ ਪਰਬੰਧ ਹੁੰਦਾ ਹੈ। ਉਹ ਲੋਕ ਸਰਕਾਰੀ ਇੰਪਲਾਈ ਨਹੀਂ ਹਨ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜੋ ਕੁੱਝ ਵਜ਼ੀਰ ਸਾਹਿਬ ਨੇ ਕਿਹਾ ਹੈ ਉਹ ਠੀਕ ਹੈ ਗੌਰਮਿੰਟ ਉਨ੍ਹਾਂ ਨੂੰ ਕੋਈ ਚੀਜ਼ ਨਹੀਂ ਦਿੰਦੀ। ਉਥੇ ਦੀ ਜਿਹੜੀ ਕਮੇਟੀ ਦੇ ਅਫਸਰ ਹਨ ਉਹ ਵੀ ਗੌਰਮਿੰਟ ਇੰਪਲਾਈ ਹਨ। ਜੋ ਗੌਰਮਿੰਟ ਕਹਿੰਦੀ ਹੈ ਉਹ ਉਹੀ ਫੈਸਲਾ ਕਰਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਗੌਰਮਿੰਟ ਜਿਹੜੀਆਂ ਤਨਖਾਹਾਂ ਉਨ੍ਹਾਂ ਨੂੰ ਦਿੰਦੀ ਹੈ ਉਹ ਪੈਸੇ ਜਿਹੜੇ ਸਟੂਡੈਂਟਸ ਪੜ੍ਹਦੇ ਹਨ ਉਨ੍ਹਾਂ ਤੋਂ ਲੈ ਲਏ ਜਾਂਦੇ ਹਨ। ਕਈ ਵਾਰੀ ਇਤਨੇ ਪੈਸੇ ਇਕੱਠੇ ਹੋ ਜਾਂਦੇ ਹਨ ਕਿ ਗੌਰਮਿੰਟ ਆਪਣੇ ਲਈ ਉਹ ਯੂਟੇਲਾਈਜ਼ ਕਰ ਲੈਂਦੀ ਹੈ। ਲੇਕਿਨ ਉਨ੍ਹਾਂ ਮੁਲਾਜ਼ਮਾਂ ਦੇ 1976 ਤੋਂ ਬਕਾਇਆਜਾਤ ਚਲੇ ਆ ਰਹੇ ਹਨ, ਕੀ ਉਹ ਉਨ੍ਹਾਂ ਨੂੰ ਦਿਤੇ ਜਾਣਗੇ ? ਮੇਰਾ ਦੂਸਰਾ ਸਵਾਲ ਇਹ ਹੈ ਕਿ ਜਿੰਨੀ ਦੇਰ ਤਕ ਉਨ੍ਹਾਂ ਦੀਆਂ ਸਰਵਿਸ ਕੰਡੀਸ਼ਨਜ਼ ਇਕੋ ਜਿਹੀਆਂ ਨਹੀਂ ਕਰਦੇ, ਕੀ ਕਮ-ਅਜ਼-ਕਮ ਗੌਰਮਿੰਟ ਇਹ ਕਰਨ ਲਈ ਤਿਆਰ ਹੈ ਕਿ ਜਿਹੜੀਆਂ ਕਾਲਜਾਂ ਜਾਂ ਹਸਪੀਟਲਜ਼ ਵਿਚ ਰੈਗੂਲਰ ਨੌਕਰੀਆਂ ਪੂਰ ਕਰਨੀਆਂ ਹੁੰਦੀਆਂ ਹਨ ਉਨ੍ਹਾਂ ਲਈ ਇਨ੍ਹਾਂ ਕਾਲਜਾਂ ਦੇ ਹੋਸਟਲਾਂ ਦੇ ਕੁਕਸ ਅਤੇ ਕੁਹਾਰਾਂ ਨੂੰ ਪਰੈਫਰੈਂਸ ਦਿਤੀ ਜਾਵੇਗੀ ?

ਮੰਤਰੀ : ਆਨਰੇਬਲ ਮੈਂਬਰ ਨੇ ਚੰਗਾ ਸੁਝਾਓ ਦਿਤਾ ਹੈ। ਸਰਕਾਰ ਚੰਗੀ ਤਰ੍ਹਾਂ ਇਸ ਤੇ ਗੌਰ ਕਰੇਗੀ ।

Reduction of water in the Water-Logged area in Dhanaula Area

***88. Sardarni Rajinder Kaur :** Will the Chief Minister be pleased to state—

(a) whether it is a fact that the Canal Water was reduced due to floods and water-logging in Dhanaula area District Sangrur;

(b) the steps taken by the Government to restore the water to save the peasantry when the sub-soil water has gone very low?

ਡਾਕਟਰ ਕੇਵਲ ਕ੍ਰਿਸ਼ਨ : (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰਨੀ ਰਾਜਿੰਦਰ ਕੌਰ : ਸਪੀਕਰ ਸਾਹਿਬ, ਇਹ ਬੜੀ ਅਜੀਬ ਗਲ ਹੈ। ਦੋ ਸਰਕਾਰਾਂ ਤਾਂ ਪਹਿਲਾਂ ਇਹ ਮਸਲਾ ਹਲ ਕਰਦੀਆਂ ਚਲੀਆਂ ਗਈਆਂ ਹੁਣ ਤੀਸਰੀ ਸਰਕਾਰ ਆਈ ਹੈ। ਸਾਰੇ ਪੰਜਾਬ ਵਿਚ ਜ਼ਿਲ੍ਹਾ ਸੰਗਰੂਰ ਮੰਨਿਆ ਪਰਮੰਨਿਆ ਬੈਕਵਰਡ ਜ਼ਿਲ੍ਹਾ ਹੈ । ਇਸ ਦੇ ਵਿਚ ਹਲਕਾ ਧਨੌਲਾ ਸਭ ਤੋਂ ਵੱਧ ਪਛੜਿਆ ਹੋਇਆ ਹੈ। ਪਹਿਲਾਂ ਗਿਆਨੀ ਜੀ ਨੇ ਐਲਾਨ ਕੀਤਾ ਸੀ ਕਿ ਜਿਹੜਾ ਪਾਣੀ ਘਟਾਇਆ ਗਿਆ ਸੀ ਉਹ ਪੂਰਾ ਕੀਤਾ ਜਾਏਗਾ, ਪਰ ਨਹੀਂ ਕੀਤਾ, ਫਿਰ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਰੈਸਟ ਹਾਊਸ ਵਿਚ ਬੈਠ ਕੇ ਕਿਹਾ ਸੀ ਕਿ ਜਿਹੜੀ ਪਾਣੀ ਦੀ ਕੱਟ ਲਗਾਈ ਹੈ ਉਹ ਠੀਕ ਕੀਤੀ ਜਾਏਗੀ । ਲੇਕਿਨ ਉਹ ਜਿਹੜੀ ਕਟ ਲਗਾਈ ਸੀ ਉਹ ਪੂਰੀ ਨਹੀਂ ਕੀਤੀ

Original with;
Punjab Vidhan Sabha
Digitized by;
Panjab Digitized by

ਗਈ । ਉਹ 1955 ਵਿਚ ਲਗੀ ਸੀ । ਮੈਂ ਕਹਿੰਦੀ ਹਾਂ ਕਿ ਜਦੋਂ ਉਹ ਹਾਲਾ ਪੂਰਾ ਦਿੰਦੇ ਹਨ ਉਨ੍ਹਾਂ ਨੂੰ ਪਾਣੀ ਕਿਉਂ ਨਹੀਂ ਪੂਰਾ ਦਿੱਤਾ ਜਾਂਦਾ। ਉਹ ਮੇਰਾ ਇਲਕਾ ਹੈ। ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਪਹਿਲਾਂ ਉਥੇ ਪਾਣੀ ਜ਼ਿਆਦਾ ਮਿਲਦਾ ਸੀ, ਹੁਣ ਘੱਟ ਦਿੱਤਾ ਜਾਂਦਾ ਹੈ। ਉਹ ਜਿਹੜੀ ਕੱਟ ਲਗਾਈ ਗਈ ਹੈ, ਕੀ ਉਹ ਰੈਸਟੋਰ ਕੀਤੀ ਜਾਏਗੀ ?

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾ ਦੇ ਸਪਲੀਮੈਂਟਰੀ ਦੇ ਬਾਰੇ ਵਿਚ ਦੱਸਣਾ ਚਾਹੁੰਦਾ ਹਾਂ ਕਿ, ਜੋ ਇਨਫਰਮੇਸ਼ਨ ਮੇਰੇ ਕੋਲ ਆਈ ਹੈ, ਧਨੌਲਾ ਹਲਕਾ ਵਿਚ ਪਹਿਲਾਂ 1.71 ਕਿਊਸਿਕਸ ਪਾਣੀ ਦਿੱਤਾ ਜਾਂਦਾ ਸੀ, ਫਿਰ 2 ਕਿਊਸਿਕਸ ਤਕ ਵੱਧਾ ਦਿੱਤਾ। ਫਿਰ 2.37 ਕਿਊਸਿਕਸ ਕਰ ਦਿੱਤਾ, ਹੁਣ 2.04 ਕਿਊਸਿਕਸ ਮਿਲ ਰਿਹਾ ਹੈ, ਮੈਂ ਸਮਝਦਾ ਹਾਂ ਕਿ ਪਹਿਲਾਂ ਨਾਲੋਂ ਹੁਣ ਪਾਣੀ ਕੁਝ ਵੱਧ ਹੈ। ਅਗਰ ਉਨ੍ਹਾਂ ਦੀ ਇਸ ਮਾਮਲੇ ਵਿਚ ਕੋਈ ਹੋਰ ਚਿੰਤਾ ਹੈ ਤਾਂ ਉਹ ਆ ਕੇ ਦਸਣ ਉਸ ਤੇ ਮੁੜ ਗੌਰ ਕੀਤਾ ਜਾਏਗਾ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਇਹ ਹਕੀਕਤ ਹੈ ਕਿ ਕੁਝ ਜ਼ਿਲਿਆਂ ਵਿਚ 3.5 ਕਿਊਸਿਕਸ ਪਾਣੀ ਦਿਤਾ ਜਾਂਦਾ ਹੈ ਅੱਤ ਕੁਝ ਵਿਚ ਜਿਵੇਂ ਕਿ ਜ਼ਿਲ੍ਹਾ ਸੰਗਰੂਰ ਦਾ ਦਸਿਆ ਹੈ ਉਥੇ 2.04 ਕਿਊਸਿਕਸ ਪਾਣੀ ਦਿਤਾ ਜਾਂਦਾ ਹੈ, ਇਸੇ ਤਰ੍ਹਾਂ ਬਠਿੰਡਾ ਵਿਚ ਹੈ ਅੱਤ ਇਹ ਫੈਕਟ ਹੈ ਕਿ ਪਾਣੀ ਸੰਗਰੂਰ ਵਿਚ ਇਸ ਤੋਂ ਘੱਟ ਦਿਤਾ ਜਾਂਦਾ ਹੈ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਕੀ ਉਹ ਬਰਾਇਦਾ ਤੌਰ ਤੇ ਇਨਕੁਆਇਰੀ ਕਰਾਉਣਗੇ ਕਿ ਇਹ ਜਿਹੜਾ ਜਵਾਬ ਉਨ੍ਹਾਂ ਨੂੰ ਦਿੱਤਾ ਗਿਆ ਹੈ ਕੀ ਇਹ ਗਲਤ ਹੈ ? ਅਗਰ ਇਹ ਠੀਕ ਸਾਬਤ ਹੋਇਆ ਤਾਂ ਜਿਹੜਾ ਅਫਸਰ ਇਸ ਦੇ ਲਈ ਜ਼ਿੰਮੇਵਾਰ ਹੋਵੇਗਾ ਕੀ ਉਸ ਨੂੰ ਪੁਲ ਅੱਪ ਕਰਨਗੇ ?

ਮੰਤਰੀ: ਅਗਰ ਜਵਾਬ ਗਲਤ ਹੋਇਆ ਤਾਂ ਕੁਝ ਨਾ ਕੁਝ ਐਕਸ਼ਨ ਜ਼ਰੂਰ ਹੋਵੇਗਾ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਇਸ ਏਰੀਆ ਵਿਚ 1955 ਵਿਚ ਫਲੱਡਜ਼ ਆਏ ਸਨ ਜਿਸ ਕਾਰਨ ਪਾਣੀ ਘਟਾ ਕੇ 2.04 ਕਿਊਸਿਕਸ ਕਰ ਦਿੱਤਾ ਸੀ। ਦਰਅਸਲ ਪਹਿਲਾਂ 3.05 ਕਿਊਸਿਕਸ ਪਾਣੀ ਦਿੱਤਾ ਜਾਂਦਾ ਸੀ ਜਿਸ ਨੂੰ ਘਟਾ ਕੇ 2.04 ਕਰ ਦਿੱਤਾ । ਉਸ ਦੇ ਬਾਅਦ ਵਾਟਰ ਟੇਬਲ ਥਲੇ ਚਲਾ ਗਿਆ। ਹੁਣ ਜੇਕਰ ਉਥੇ ਟਿਊਬਵੈਲਜ਼ ਲਾਈਏ ਤਾਂ ਪਾਣੀ ਨਹੀਂ ਨਿਕਲਦਾ ਤੇ ਪਾਣੀ ਚੰਗਾ ਵੀ ਨਹੀਂ ਮਿਲਦਾ ਲੋਕਾਂ ਵਿਚ ਬੜੀ ਬੇਚੈਨੀ ਹੈ। ਬੀਬੀ ਰਾਜਿੰਦਰ ਕੌਰ ਨੇ ਵੀ ਇਹ ਚੀਜ਼ ਦਸੀ ਹੈ । ਕੀ ਇਹ ਉਥੋਂ ਦੇ ਪਾਣੀ ਵਿਚ ਲਾਈ ਕਟ ਰੈਸਟੋਰ ਕਰਨਗੇ ?

ਮੰਤਰੀ : ਜ਼ਰੂਰਤ ਦੇ ਮੁਤਾਬਿਕ ਜ਼ਿੰਮੀਦਾਰ ਨੂੰ ਪਾਣੀ ਮਿਲਣਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਕਿਸਾਨ ਨੂੰ ਜ਼ਰੂਰਤ ਦੇ ਮੁਤਾਬਿਕ ਪਾਣੀ ਜ਼ਰੂਰ ਮਿਲੇਗਾ ਅੱਤ ਨਾ ਪਾਣੀ ਘਟਿਆ ਹੈ, ਨਾ ਘਟੇਗਾ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 2.04 ਕਿਊਸਿਕਸ ਪਾਣੀ ਤੋਂ ਵਧਾ ਕੇ ਪਾਣੀ 3.5 ਕਿਊਸਿਕਸ ਕਰ ਦਿੱਤਾ ਸੀ ਅੱਤ ਉਸ ਦੀ ਸੈਂਕਸ਼ਨ ਵੀ ਸਬ ਡਿਵੀਜ਼ਨਾਂ ਵਿਚ ਪਈ ਹੈ । ਮੈਂ ਪਰਸੋਂ ਪਤਾ ਕਰਕੇ ਆਇਆ ਹਾਂ। ਲੇਕਿਨ ਗਵਰਨਰੀ ਰਾਜ ਦੇ ਵਿਚ ਇਹ ਬੰਦ ਕਰ ਦਿੱਤੀ ਗਈ ਅੱਤ ਇਹ ਆਰਡਰ ਕੀਤੇ ਗਏ ਕਿ ਉਹ ਮੋਘੇ ਚੌੜੇ ਨਾ ਕੀਤੇ ਜਾਣ। ਕੀ ਵਜ਼ੀਰ ਸਾਹਿਬ ਇਸ ਦੀ ਇਨਕੁਆਇਰੀ ਕਰਾਉਣਗੇ ਅੱਤ ਜਿਹੜਾ 3.5 ਕਿਊਸਿਕਸ ਪਾਣੀ ਸੈਂਕਸ਼ਨ ਹੋਇਆ ਹੈ, ਉਸੇ ਹਿਸਾਬ ਨਾਲ ਪਾਣੀ ਮੁੜ ਦਿਵਾਉਣਗੇ ?

Original with;
Punjab Vidhan Sabha
Digitized by;
Panjab Digi...

ਮੰਤਰੀ: ਇਸ ਦੇ ਲਈ ਅਲਗ ਨੋਟਿਸ ਦੇ ਦੇਣ। ਇਨ੍ਹਾਂ ਨੇ ਇਕ ਇਨਫਰਮੇਸ਼ਨ ਦਿੱਤੀ ਹੈ। ਪਹਿਲਾਂ ਤਾਂ ਇਹ ਪੜਤਾਲ ਕਰਨੀ ਪਵੇਗੀ ਕਿ ਇਹ ਠੀਕ ਹੈ ਜਾਂ ਨਹੀਂ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਹਲਕਾ ਧਨੌਲਾ, ਜ਼ਿਲ੍ਹਾ ਸੰਗਰੂਰ ਵਿਚ ਹੈ। ਇਨ੍ਹਾਂ ਕੋਲ ਇਸ ਦਾ ਜਵਾਬ ਹੋਣਾ ਚਾਹੀਦਾ ਸੀ। ਇਥੇ ਪਾਣੀ ਵਧਾ ਕੇ 3.5 ਕਿਊਸਿਕਸ ਕਰ ਦਿੱਤਾ ਗਿਆ ਸੀ। ਸਭ ਡਵੀਜ਼ਨਾਂ ਵਿਚ ਇਹ ਸੈਂਕਸ਼ਨ ਚਲੀ ਗਈ। ਇਹ ਅਸ਼ੋਰੈਂਸ ਕਿਉਂ ਨਹੀਂ ਦਿੰਦੇ ਕਿ ਇਹ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਅਗਰ ਆਨਰੇਬਲ ਮੈਂਬਰ ਦੀ ਇਨਫਰਮੇਸ਼ਨ ਠੀਕ ਹੋਈ ਤਾਂ ਉਸ ਦੇ ਜ਼ਰੂਰ ਇਨਕੁਆਇਰੀ ਕਰਾਂਗੇ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਤੁਸੀਂ ਸਾਡਾ ਇੰਟਰੈਸਟ ਪ੍ਰੋਟੈਕਟ ਕਰੋ। ਵਜ਼ੀਰ ਸਾਹਿਬ ਨੂੰ ਕਹੋ ਕਿ ਇਸ ਦਾ ਠੀਕ ਜਵਾਬ ਦੇਣ।

ਸ੍ਰੀ ਸਪੀਕਰ : ਮੰਤਰੀ ਜੀ ਨੇ ਕਿਹਾ ਹੈ ਕਿ ਮੈਂ ਇਸ ਦੀ ਇਨਕੁਆਇਰੀ ਕਰਾ ਲਵਾਂਗਾ।

ਧਨੌਲਾ ਵਿਧਾਨ ਸਭਾ ਚੋਣ ਹਲਕੇ ਵਿਚ ਲਿੰਕ ਸੜਕਾਂ

*87 **ਸਰਦਾਰਨੀ ਰਾਜਿੰਦਰ ਕੌਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਕੀ ਧਨੌਲਾ ਵਿਧਾਨ ਸਭਾ ਚੋਣ ਹਲਕਾ ਵਿਚ,

(1) ਅਤਰ ਸਿੰਘ ਵਾਲਾ ਤੋਂ ਲੋਹਾ ਖੇੜਾ ;

(2) ਬੜਬਰ ਤੋਂ ਭੈਣੀ ਮਹਿਰਾਜ ;

(3) ਧਨੌਲਾ ਤਪਾ ਮੰਡੀ ਬਰਾਸਤਾ ਤਾਜੋ ;

ਲਿੰਕ ਸੜਕਾਂ ਦੀ ਮੁਰੰਮਤ ਹੋਣ ਵਾਲੀ ਹੈ ਅਤੇ ਉਨ੍ਹਾਂ ਤੇ ਮੋਟਰ ਗੱਡੀਆਂ ਨਹੀਂ ਚਲ ਸਕਦੀਆਂ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰਾ 'ਹਾਂ' ਵਿਚ ਹੈ ਤਾਂ ਉਕਤ ਸੜਕਾਂ ਦੀ ਮੁਰੰਮਤ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ) (ੳ) (1) ਅਤਰ ਸਿੰਘ ਵਾਲਾ ਤੋਂ ਲੋਹਾ ਖੇੜਾ ਇਸ ਸੜਕ ਦੇ ਦੋ ਭਾਗ ਹਨ :-

(ੲ) ਧਨੌਲਾ ਤੋਂ ਅਤਰ ਸਿੰਘ ਵਾਲਾ ਤੋਂ ਕੁਥੇ

(ਬੀ) ਕੁਥੇ ਤੋਂ ਲੋਹਾ ਖੇੜਾ

ਭਾਗ (ੲ) ਤੇ ਦੱਸੀ ਸੜਕ ਦੀ ਹਾਲਤ ਸੰਤੋਸ਼ਜਨਕ ਹੈ ਅਤੇ ਗੱਡੀਆਂ ਚੱਲਣ ਯੋਗ ਹੈ।

ਭਾਗ (ਬੀ) ਤੇ ਦੱਸੀ ਸੜਕ ਅਜੇ ਬਣਤਰ ਅਧੀਨ ਹੈ ਅਤੇ ਸੜਕ ਦਾ ਇਕ ਭਾਗ ਗੱਡੀਆਂ ਚੱਲਣ ਦੇ ਯੋਗ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

(2) ਖਡਬਰ ਤੋਂ ਭੈਣੀ ਮਿਹਰਾਸ

ਇਸ ਸੜਕ ਦੀ ਹਾਲਤ ਸੰਤੋਸ਼ਜਨਕ ਹੈ ਅਤੇ ਇਸ ਤੇ ਗੱਡੀਆਂ ਚੱਲ ਸਕਦੀਆਂ ਹਨ ।

(3) ਧਨੌਲਾ ਤੋਂ ਭੱਪਾ ਮੰਡੀ ਬਰਾਸਤਾ ਤਾਜੋਕੇ ।

ਇਸ ਸੜਕ ਦੀ ਹਾਲਤ ਸੰਤੋਸ਼ਜਨਕ ਹੈ ਅਤੇ ਇਸ ਤੇ ਗੱਡੀਆਂ ਚੱਲ ਸਕਦੀਆਂ ਹਨ।

(ਅ) ਉਪਰੋਕਤ (ਓ) ਅਨੁਸਾਰ ।

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Firing on the F.C.I. workers of Jandiala Guru, district Amritsar

*50. **Comrade Raj Kumar :** Will the Chief Minister be pleased to state whether he received a memorandum from District Secretary, F.C.I. Workers Union, Amritsar in the month of April, 1980 in connection with firing by F.C.I. Contractor on F.C.I. workers of Jandiala Guru, District Amritsar; if so, the details thereof and the action taken thereon ?

Sardar Darbara Singh : No.

Physical checking of stores of Punjab Roadways at Jullundur, Ludhiana, Batala and Chandigarh

*51. **Comrade Raj Kumar :** Will the Chief Minister be pleased to state :—

(a) whether the Chief Store Keeper of the Directorate of State Transport, Punjab carried out any physical checking of Stores of Punjab Roadways in 1975-76 at Jullundur, Ludhiana, Batala and Chandigarh ;

(b) whether any shortage of spare-parts in the said stores was discovered, if so, the depot-wise details thereof ;

(c) if the reply to parts (a) and (b) above be in the affirmative, the steps taken to make good the loss so discovered ;

(d) the names of the persons responsible for the shortages and action taken against them ?

ਸਰਦਾਰ ਦਰਬਾਰਾ ਸਿੰਘ : (ੳ) ਮੁੱਖ ਦਫ਼ਤਰ ਦੇ ਸਟਾਕ ਰੈਜੀਡਾਇਰਾਂ ਨੇ ਚੰਡੀਗੜ੍ਹ ਅਤੇ ਬਟਾਲਾ ਦੇ ਵੋ ਡਿਪੂਆ ਦੀ 1975-76 ਵਿਚ ਫਾਸ਼ਟਚਿਕ ਤਸਦੀਕ ਕੀਤੀ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਹਾਂ ਜੀ । ਸਪੇਅਰ ਪਾਰਟਸ ਦੀਆਂ 174 ਆਈਟਮਾਂ ਕੀਮਤਨ 2, 06, 165.50 ਚੰਡੀਗੜ੍ਹ ਦੇ ਸਟੋਰ ਵਿਚ ਅਤੇ ਸਪੇਅਰ ਪਾਰਟਸ ਦੀਆਂ 30 ਆਈਟਮਾਂ ਕੀਮਤਨ 8771.11 ਬਟਾਲਾ ਦੇ ਸਟੋਰ ਵਿਚ ਘੱਟ ਪਾਈਆਂ ਗਈਆਂ ਸਨ । ਉਸੇ ਚੈਕਿੰਗ ਵਿਚ 2, 15;178.42 ਰੁਪਏ ਅਤੇ 12,075.54 ਰੁਪਏ ਦੀ ਕੀਮਤ ਦੇ ਸਪੇਅਰ ਪਾਰਟਸ ਚੰਡੀਗੜ੍ਹ ਅਤੇ ਬਟਾਲਾ ਦੇ ਸਟੋਰਾਂ ਵਿਚ ਫ਼ਾਲਤੂ ਪਏ ਪਾਏ ਗਏ ਸਨ ।

(ਏ) ਰੀਕਨਸੀਲੇਸ਼ਨ ਉਪਰੰਤ ਪੰਜਾਬ ਰੋਡਵੇਜ਼, ਚੰਡੀਗੜ੍ਹ ਅਤੇ ਬਟਾਲਾ ਦੇ ਬਾਕੀ ਘਾਟ 81,125.17 ਰੁਪਏ ਅਤੇ 524-60 ਰੁਪਏ ਕ੍ਰਮਵਾਰ ਰਹਿ ਗਈ ਹੈ । ਸਬੰਧਤ ਕਰਮਚਾਰੀਆਂ ਨੂੰ ਘਾਟ ਦਾ ਮੂਲ ਵਸੂਲ ਕਰਨ ਲਈ ਕਾਰਨ ਦਸੋ ਨੋਟਿਸ ਜਾਰੀ ਕਰ ਦਿੱਤੇ ਗਏ ਹਨ ।

(ਸ) ਪ੍ਰਤਖ ਤੌਰ ਤੇ ਤਸੱਬਰ ਕੀਤੇ ਜਾਣ ਵਾਲੇ ਜ਼ਿਮੇਵਾਰ ਕਰਮਚਾਰੀਆਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਦੀ ਹੈ (ਅਨੁਲੱਗ) । ਘਾਟ ਦੀ ਵਸੂਲੀ ਲਈ ਉਨ੍ਹਾਂ ਨੂੰ ਕਾਰਨ ਦਸੋ ਨੋਟਿਸ ਜਾਂਚੀ ਕਰ ਦਿੱਤੇ ਗਏ ਹਨ ਉਨ੍ਹਾਂ ਦਾ ਜਵਾਬ ਆਉਣ ਅਤੇ ਵਿਚਾਰ ਕਰਨ ਉਪਰੰਤ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ ।

APPENDIX

Names and Designations of persons responsible for shortages

CHANDIGARH—DEPOT

Chief Store Keepers :

1. S. Sarwan Singh.
2. Shri Kewal Krishan.
3. Shri Dharam Pal.
4. Shri K.L. Trikha.

Store Keepers :

5. S. Avtar Singh.
6. Shri Paramjit Lal.
7. S. Isher Singh.

Assistant Store Keepers.

8. Shri Mehar Chand.
9. Shri Bhupinder Nath.
10. Shri Satish Kumar.
11. Joginder Singh.
12. S. Dilbag Singh.

Original with;
Punjab Vidhan Sabha
Digitized by;
Panjab Digital Library

Store Boys :
13. **Shri Prithi Bahadur.**

14. **Shri Harbans Singh.**

BATALA DEPOT

Chief Store Keeper :
1. **Shri Harbhajan Dass.**

Store Keeper :
2. **S. Kuldip Singh Bajwa.**

Assistant Store Keeper :
3. **S. Balbir Singh.**

ਮਾਨਸਾ ਜ਼ਿਲ੍ਹਾ ਬਠਿੰਡਾ ਦੇ ਨਜ਼ਦੀਕ ਇਕ ਮੰਤਰੀ ਦੁਆਰਾ ਬਿਨਾਂ ਟਿਕਟਾਂ ਦੇ ਫੜੀ ਗਈ ਪ੍ਰਾਈਵੇਟ ਬੱਸ

*130, **ਕਾਮਰੇਡ ਬਲਦੇਵ ਸਿੰਘ ਲੂੰਬਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲਾਂ 1977, 1978, ਅਤੇ 1979 ਵਿੱ ਦੌਰਾਨ ਮਾਨਸਾ, ਜ਼ਿਲ੍ਹਾ ਬਠਿੰਡਾ, ਦੇ ਨਜ਼ਦੀਕ ਕਿਸੇ ਮੰਤਰੀ ਠੇ ਬਿਨਾਂ ਟਿਕਟ ਚੋ ਯਾਤਰੀ ਲਿਜਾ ਰਹੀ ਕੋਈ ਪ੍ਰਾਈਵੇਟ ਬੱਸ ਫੜੀ ਸੀ; ਜੇ ਕਰ ਅਜਿਹਾ ਹੋਵੇ ਤਾਂ ਇਸ ਮਾਮਲੇ ਵਿਚ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

ਸਰਦਾਰ ਦਰਬਾਰਾ ਸਿੰਘ: ਹਾ ਜੀ, ਮਿਤੀ 20 ਫਰਵਰੀ, 1978 ਨੂੰ ਉਸ ਸਮੇਂ ਦੇ ਮਾਲ ਮੰਤਰੀ ਠੇ ਬਠਿੰਡਾ ਤੋਂ ਚੰਡੀਗੜ੍ਹ ਆਉਂਦੇ ਸਮੇਂ ਮਨਸ਼ੀਆ ਟਰਾਂਸਪੋਰਟ ਕੰਪਨੀ, ਮਾਨਸਾ ਦੀ ਬਸ ਨੰ: ਪੀ. ਐਨ. ਬੀ. 6535 ਨੂੰ ਓਵਰਲੋਡਿਡ ਪਾਇਆ ਸੀ। ਬੱਸ ਦੀ ਛੱਤ ਉਤੇ ਲਗ ਭਗ 40 ਸਵਾਰੀਆਂ ਬੈਠੀਆਂ ਸਨ। ਬੇਸ਼ਕ ਉਨ੍ਹਾਂ ਸਵਾਰੀਆਂ ਨੇ ਕਰਾਇਆ ਦਿਤਾ ਸੀ ਪਰ ਉਨ੍ਹਾਂ ਨੂੰ ਕੋਈ ਟਿਕਟ ਜਾਰੀ ਨਹੀਂ ਸੀ ਕੀਤਾ ਗਿਆ । ਡਰਾਈਵਰ ਕੋਲ ਕੋਈ ਲਾਇਸੈਂਸ ਨਹੀਂ ਸੀ।

2. ਇਸ ਕੰਪਨੀ ਵਿਰੁਧ ਮੋਟਰ ਵਹੀਕਲ ਐਕਟ, 1939 ਦੀ ਧਾਰਾ 60 ਅਧੀਨ ਕਾਰਵਾਈ ਕੀਤੀ ਗਈ ਹੈ। ਉਸ ਜੁਰਮ ਨੂੰ 1000 ਰੁਪਏ ਦੀ ਅਦਾਇਗੀ ਨਾਲ ਕੰਪਾਊਂਡ ਕੀਤਾ ਗਿਆ ਹੈ।

3, ਉਸ ਕੰਪਨੀ ਵਿਰੁਧ ਪੈਸੰਜਰ ਟੈਕਸ ਦੀ ਚੋਰੀ ਦੇ ਆਧਾਰ ਤੇ ਆਬਕਾਰੀ ਅਤੇ ਕਰ ਕਮਿਸ਼ਨਰ ਵੱਲੋਂ ਪੰਜਾਬ ਪੈਸੰਜਰ ਅਤੇ ਗੁਡਜ਼ ਟੈਕਸੇਸ਼ਨ ਐਕਟ, 1952 ਦੀ ਧਾਰਾ 14-ਏ ਦੇ ਅਧੀਨ ਕਾਰਵਾਈ ਕੀਤੀ ਗਈ ਅਤੇ ਕੰਪਨੀ ਨੂੰ 544 ਰੁਪਏ ਦਾ ਜੁਰਮਾਨਾ (ਸਮੇਤ ਡਬਲ ਕਰਾਇਆ) ਲਾਇਆ ਗਿਆ ਜਿਹੜਾ ਕਿ ਕੰਪਨੀ ਤੋਂ ਪਰਾਪਤ ਕਰ ਲਿਆ ਗਿਆ ਹੈ ।

UNSTARRED QUESTIONS AND ANSWERS

ਆਮਲੋਹ, ਗੋਬਿੰਦਗੜ੍ਹ, ਭਾਦਸੋਂ ਅਤੇ ਮੁਲੇਪੁਰ ਪੁਲਿਸ ਸਟੇਸ਼ਨਾਂ ਵਿਖੇ ਨਵੇਂ ਕੁਆਰਟਰਾਂ ਦੀ ਉਸਾਰੀ।

5. **ਸਰਦਾਰ ਦਲੀਪ ਸਿੰਘ ਪਾਂਧੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਪਿਛਲੀ ਵਜ਼ਾਰਤ ਦੇ ਸ਼ਾਸਨ ਦੇ ਦੌਰਾਨ ਆਮਲੋਹ, ਗੋਬਿੰਦਗੜ੍ਹ, ਭਾਦਸੋਂ ਅਤੇ ਮੂਲੇ ਪੁਰ ਪੁਲਿਸ ਸਟੇਸ਼ਨਾਂ ਵਿਖੇ ਨਵੇਂ ਕੁਆਰਟਰਾਂ ਦੀ ਉਸਾਰੀ ਦੀ ਮਨਜ਼ੂਰੀ ਦਿਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਕੁਆਰਟਰਾਂ ਦੀ ਉਸਾਰੀ ਦਾ ਕੰਮ ਕਦੋਂ ਤਕ ਪੂਰਾ ਹੋਣ ਦੀ ਸੰਭਾਵਨਾ ਹੈ ਅਤੇ ਉਸ ਦੇ ਹੁਣ ਤੱਕ ਪੂਰਾ ਨਾ ਹੋਣ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : (ੳ) ਅਮਲੋਹ, ਗੋਬਿੰਦਗੜ੍ਹ, ਭਾਦਸੋਂ ਅਤੇ ਮੂਲੇ ਪੁਰ ਵਿਖੇ ਬਾਣਿਆਂ ਵਿਚ ਨਵੇਂ ਰਿਹਾਇਸ਼ੀ ਮਕਾਨ ਉਸਾਰਨ ਸਬੰਧੀ ਪਿਛਲੀ ਵਜ਼ਾਰਤ ਦੇ ਸ਼ਾਸਨ ਦੌਰਾਨ ਕੋਈ ਮਨਜ਼ੂਰੀ ਨਹੀਂ ਦਿਤੀ ਗਈ ।

(ਅ) ਇਸ ਕੰਮ ਦੇ ਪੂਰੇ ਹੋਣ ਦਾ ਸਵਾਲ ਹੀ ਨਹੀਂ ਉਠਦਾ ।

Unstarred Question No. 6*

(Extension was asked for in respect of Unstarred Question No. 6.)

Shortage of Essential Commodities in the State.

7. **Sardar Dalip Singh Pandhi:** Will the Chief Minister be pleased to state whether it is a fact that the people have to stand in queues for long hours in front of the fair price shops because of the shortage of essential commodities in the State ; If so, the details of steps/Taken/proposed to be taken to meet their shortages ?

ਸਰਦਾਰ ਦਰਬਾਰਾ ਸਿੰਘ: ਰਾਜ ਵਿਚ ਲੋਕ ਵੰਡ ਪ੍ਰਣਾਲੀ ਸਬੰਧੀ।

ਰਾਜ ਵਿਚ ਇਕ ਨਰੋਈ ਤੇ ਸੁਚੱਜੀ ਲੋਕ ਵੰਡ ਪ੍ਰਣਾਲੀ ਦਾ ਪ੍ਰਸਾਰ ਹੈ, ਜਿਸ ਅਧੀਨ ਕੁਲ 7100 ਸਸਤੇ ਭਾਅਵਾਂ ਦੀਆਂ ਦੁਕਾਨਾਂ ਹਨ (5420 ਪਿੰਡਾਂ ਵਿਚ ਅਤੇ 1680 ਸ਼ਹਿਰਾਂ ਵਿਚ)। ਜਿਨ੍ਹਾਂ ਵਿਚੋਂ 2809 ਸਹਿਕਾਰੀ ਖੇਤਰ ਦੀਆਂ , 341 ਪਨਸੱਪ ਦੀਆਂ ਤੇ ਬਾਕੀ 3950 ਪ੍ਰਾਈਵੇਟ ਸੈਕਟਰ ਨਾਲ ਸਬੰਧਤ ਹਨ। ਭਾਰਤ ਸਰਕਾਰ ਵੱਲੋਂ ਲਾਗੂ ਕੀਤੀ ਪ੍ਰੋਡਕਸ਼ਨ ਕਮ ਡਿਸਟ੍ਰੀਬਿਊਸ਼ਨ ਸਕੀਮ ਅਧੀਨ ਮਿਤੀ 1 ਜੁਲਾਈ, 1979 ਤੋਂ ਇਨ੍ਹਾਂ ਦੁਕਾਨਾਂ ਦੇ ਹੇਠ ਦੱਸੀਆਂ ਵਸਤੂਆਂ ਵੰਡੀਆਂ ਜਾ ਰਹੀਆਂ ਹਨ:—

ਕਣਕ, ਕਣਕ ਦਾ ਆਟਾ, ਸਸਤਾ ਕਪੜਾ, ਬਨਾਸਪਤੀ ਘੀ, ਖਾਣ ਵਾਲੇ ਤੇਲ, ਕੰਟਰੋਲ ਵਾਲਾ ਕਪੜਾ, ਮਿੱਟੀ ਦਾ ਤੇਲ, ਨਹਾਉਣ ਵਾਲੇ ਸਾਬਣ, ਧੁਲਾਈ ਵਾਲਾ ਸਾਬਣ, ਚਾਹ, ਪਰਿਵਾਰ ਭਲਾਈ ਦਾ ਸਮਾਨ ਤੇ ਦੀਆ ਸਲਾਈ। ਜਿਹੜੀਆਂ ਵਸਤੂਆਂ ਲੋੜ ਅਨੁਸਾਰ ਇਨ੍ਹਾਂ ਦੁਕਾਨਾਂ ਤੇ ਭਾਰਤ ਸਰਕਾਰ ਵੱਲੋਂ ਸਪਲਾਈ ਨਹੀਂ ਹੁੰਦੀਆਂ ਉਨ੍ਹਾਂ ਦੀ ਪ੍ਰਾਪਤੀ ਲਈ ਦੁਕਾਨਾਂ ਤੇ ਲੋਕਾਂ ਦੀ ਭੀੜ ਮੱਚੀ ਰਹਿੰਦੀ ਹੈ। ਆਮ ਤੌਰ ਤੇ ਇਹ ਵੇਖਣ ਵਿਚ ਆਇਆ ਹੈ ਕਿ ਕੰਟਰੋਲ ਦੇ ਕਪੜੇ ਤੇ ਮਿੱਟੀ ਦੇ ਤੇਲ ਦੀ ਪ੍ਰਾਪਤੀ ਲਈ ਇਹ ਭੀੜਾਂ ਵਿਸ਼ੇਸ਼ ਕਰਕੇ ਹੁੰਦੀਆਂ ਹਨ। ਰਾਜ ਵਿਚ ਮਿੱਟੀ ਦੇ ਤੇਲ ਦੀ ਕੁਲ 18000 ਕਿਲੋ ਲੀਟਰ ਦੀ ਮੰਗ ਵਿਰੁੱਧ ਔਸਤਨ 13000 ਕਿਲੋ ਲੀਟਰ ਦੀ ਪ੍ਰਾਪਤੀ ਹੋਈ ਹੈ। ਭਾਰਤ ਸਰਕਾਰ ਨੂੰ ਮਿੱਟੀ ਦੇ ਤੇਲ ਦੀ ਐਲੋਕੇਸ਼ਨ ਵਧਾਉਣ ਲਈ ਬਾਰ ਬਾਰ ਬੇਨਤੀ ਕੀਤੀ ਗਈ ਹੈ। ਕੰਟਰੋਲਡ ਕਪੜੇ ਦੀ ਹਾਲਤ ਵੀ ਇਹੋ ਜਿਹੀ ਹੈ। ਰਾਜ ਨੂੰ ਪਹਿਲਾਂ ਹਰ ਮਹੀਨੇ 1094 ਗੱਠਾਂ

---

*For Unstarred Question No. 6 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

ਕੰਟਰੋਲਡ ਕਪੜਾ ਮਿਲਦਾ ਸੀ ਜੋ ਘਟਾ ਕੇ 547 ਗੱਠਾਂ ਕਰ ਦਿੱਤਾ। ਹੇਠਾਂ ਦਿੱਤੇ ਵੇਰਵੇ ਤੋਂ ਸਪਸ਼ਟ ਹੈ ਕਿ ਇਸ ਐਲੋਕੇਸ਼ਨ ਵਿਰੁੱਧ ਵੀ ਸਪਲਾਈ ਪੂਰੀ ਨਹੀਂ ਮਿਲਦੀ :—

ਮਹੀਨਾ		ਗੱਠਾਂ ਜੋ ਪ੍ਰਾਪਤ ਹੋਈਆਂ
ਅਕਤੂਬਰ, 1979	...	306
ਨਵੰਬਰ, 1979	...	332
ਦਸੰਬਰ, 1979	...	251
ਜਨਵਰੀ, 1980	...	111
ਫਰਵਰੀ, 1980	...	672
ਮਾਰਚ, 1980	...	497
ਅਪ੍ਰੈਲ, 1980	...	484
ਮਈ, 1980	...	499
ਜੂਨ, 1980	...	255

ਫਰਵਰੀ, 1980 ਦੇ ਮਹੀਨੇ ਨੂੰ ਛੱਡ ਕੇ ਹਰ ਮਹੀਨੇ ਸਪਲਾਈ ਐਲੋਕੇਸ਼ਨ ਤੋਂ ਘੱਟ ਹੋਈ ਹੈ। ਭਾਰਤ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਰਾਜ ਦੀ ਮੂਲ ਐਲੋਕੇਸ਼ਨ 1094 ਗੱਠਾਂ ਦੀ ਸਪਲਾਈ ਨੂੰ ਮੁੜ ਸੁਰਜੀਤ ਕਰੇ।

ਲੇਵੀ ਸ਼ੂਗਰ.—

ਭਾਰਤ ਸਰਕਾਰ ਵੱਲੋਂ ਲੇਵੀ ਖੰਡ ਵਜੋਂ 6564 ਟਨ ਦੀ ਮਾਤਰਾ ਨਿਰਧਾਰਿਤ ਹੈ ਜੋ 400 ਗਰਾਮ ਪ੍ਰਤੀ ਜੀਅ ਪ੍ਰਤੀ ਮਹੀਨਾ ਵੰਡਣ ਨਾਲ ਵੀ ਪੂਰੀ ਨਹੀਂ ਉਤਰਦੀ ਹੈ। ਭਾਰਤ ਸਰਕਾਰ ਨੂੰ ਲੇਵੀ ਖੰਡ ਦਾ ਕੋਟਾ 8,600 ਟੱਨ ਪ੍ਰਤੀ ਮਹੀਨਾ ਨਿਸ਼ਚਿਤ ਕਰਨ ਲਈ ਬੇਨਤੀ ਕੀਤੀ ਗਈ ਹੈ ਤਾਂ ਜੋ ਖੰਡ ਅੱਧਾ ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾ ਜਾਰੀ ਹੋ ਸਕੇ।

ਨਹਾਉਣ ਵਾਲੇ ਸਾਬਣ.—

ਭਾਰਤ ਸਰਕਾਰ ਵੱਲੋਂ ਕੀਤੀ ਵਿਵਸਥਾ ਅਨੁਸਾਰ ਮੈਸਰਜ਼ ਟਾਟਾ ਪ੍ਰਾਈਵੇਟ ਲਿਮ: ਵੱਲੋਂ 95 ਪੈਸੇ ਪ੍ਰਤੀ ਟਿੱਕੀ ਦੀ ਦਰ ਤੇ ਪੰਜਾਬ ਰਾਜ ਨੂੰ "ਕਰੈਸਿਲ" ਜਨਤਾ ਸੋਪ ਦੀ ਸਪਲਾਈ ਹੋਣੀ ਸੀ ਪਰ ਲੇਬਰ ਨਾਲ ਝਗੜਾ ਹੋਣ ਉਪਰੰਤ ਪ੍ਰੋਡਕਸ਼ਨ ਦੇ ਬੰਦ ਹੋ ਜਾਣ ਕਾਰਨ ਫਰਮ ਸ਼ੁਰੂ ਤੋਂ ਹੀ ਸਪਲਾਈ ਨਹੀਂ ਦੇ ਸਕੀ। ਇਸ ਦੇ ਬਦਲੇ ਵਿਚ ਭਾਰਤ ਸਰਕਾਰ ਨੇ ਮੈਸਰਜ਼ ਹਿੰਦੁਸਤਾਨ ਲੀਵਰ ਤੋਂ ਬਹੁਤ ਥੋੜ੍ਹੀ ਸਪਲਾਈ ਦਾ ਪ੍ਰਬੰਧ ਕੀਤਾ ਪਰ ਇਸ ਵਿਚ ਵੀ ਕੋਈ ਸਫ਼ਲਤਾ ਨਹੀਂ ਹੋਈ। ਮਾਮਲਾ ਭਾਰਤ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਗਿਆ ਪਰ ਇਸ ਵਿਚ ਕੋਈ ਪ੍ਰਗਤੀ ਨਹੀਂ ਹੋਈ।

ਉਪਰੋਕਤ ਸਕੀਮ ਅਧੀਨ ਵੰਡੀਆਂ ਜਾਣ ਵਾਲੀਆਂ ਹੋਰ ਵਸਤੂਆਂ ਬਾਰੇ ਖੱਪਤਕਾਰਾਂ ਦੀ ਕੋਈ ਭੀੜ ਨਹੀਂ ਹੁੰਦੀ । ਕਣਕ ਤੇ ਕਣਕ ਦਾ ਆਟਾ ਕ੍ਰਮਵਾਰ 136 ਰੁਪੇ 50 ਪੈਸੇ ਅਤੇ 144 ਰੁਪੇ 50 ਪੈਸੇ ਪ੍ਰਤੀ ਕੁਵਿੰਟਲ ਦੇ ਭਾਅ ਤੇ ਵੇਚਿਆ ਜਾਂਦਾ ਹੈ ਅਤੇ ਇਸ ਦੀ ਕੋਈ ਥੁੜ੍ਹ ਨਹੀਂ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਭਾਰਤ ਸਰਕਾਰ ਦੀ ਪ੍ਰੋਡਕਸ਼ਨ ਕਮ ਡਿਸਟ੍ਰੀਬਿਊਸ਼ਨ ਸਕੀਮ ਤੋਂ ਇਲਾਵਾ ਰਾਜ ਸਰਕਾਰ ਵੱਲੋਂ 1 ਅਕਤੂਬਰ, 1977 ਤੋਂ ਸਬਸਿਡੀ ਸਕੀਮ ਵੀ ਲਾਗੂ ਹੈ । ਇਸ ਸਕੀਮ ਅਧੀਨ ਵਸਤੂਆਂ ਰਾਸ਼ਨ ਕਾਰਡਾਂ ਤੇ ਮਿਲਦੀਆਂ ਹਨ, ਜਿਨ੍ਹਾਂ ਦੇ ਰੇਟਾਂ ਤੇ ਮਾਤ੍ਰਾ ਆਦਿ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ: –

ਵਸਤੂ ਦਾ ਨਾਂ	ਰੇਟ	ਸਕੇਲ
ਕਣਕ ਦਾ ਆਟਾ	130 ਰੁ: ਪ੍ਰਤੀ ਕਵਿੰਟਲ	10 ਕਿਲੋ ਪ੍ਰਤੀ ਬਾਲਗ ਪ੍ਰਤੀ-ਮਹੀਨਾ 5 ਕਿਲੋ ਪ੍ਰਤੀ ਬੱਚਾ ਪ੍ਰਤੀ ਮਹੀਨਾ ।
(1) ਬਨਾਸਪਤੀ ਘੀ	9 ਰੁ: ਪ੍ਰਤੀ ਕਿਲੋ	1/2 ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾ
(2) ਆਰ. ਬੀ. ਡੀ. ਪਾਮਆਇਲ	8.25 ਰ: ਪ੍ਰਤੀ ਕਿਲੋ	
ਉੜਦ ਸਾਬਤ	3 ਰੁ: ਪ੍ਰਤੀ ਕਿਲੋ	
ਉੜਦ ਧੋਤੇ	3.50 ਰੁ : ਪ੍ਰਤੀ ਕਿਲੋ	
ਮੂੰਗੀ ਸਾਬਤ	3.50 ਰੁ: ਪ੍ਰਤੀ ਕਿਲੋ	
ਮੂੰਗੀ ਧੋਤੀ	3.00 ਰੁ: ਪ੍ਰਤੀ ਕਿਲੋ	

ਇਹ ਵਸਤੂਆਂ ਸਹਿਕਾਰੀ ਅਤੇ ਪਨਸਪ ਦੁਕਾਨਾਂ ਤੇ ਵੇਚੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਗਿਣਤੀ 3150 ਹੈ ਅਤੇ ਇਹ ਦੁਕਾਨਾਂ ਸੱਸਤੇ ਭਾਅਵਾਂ ਦੀਆਂ ਕੁਲ 7,100 ਦੁਕਾਨਾਂ ਵਿਚ ਸ਼ਾਮਲ ਹਨ।

ਖੁਲ੍ਹੀ ਮਾਰਕੀਟ ਵਿਚ ਸਬਸਿਡੀ ਵਸਤੂਆਂ ਦੀਆਂ ਕੀਮਤਾਂ ਸਬਸੀਡਾਈਜ਼ਡ ਕੀਮਤਾਂ ਨਾਲੋਂ ਬਹੁਤ ਵੱਧ ਹਨ। ਵਰਤਮਾਨ ਮਾਰਕਿਟ ਰੇਟਾਂ ਦਾ ਵੇਰਵਾ ਇਸ ਪ੍ਰਕਾਰ ਹੈ:–

ਕਣਕ ਦਾ ਆਟਾ	150 ਰੁ: ਪ੍ਰਤੀ ਕੁਵਿੰਟਲ
ਬਨਾਸਪਤੀ ਘੀ	11.50 ਰੁ: ਪ੍ਰਤੀ ਕਿਲੋ
ਉੜਦ ਸਾਬਤ	4 ਰੁ: ਪ੍ਰਤੀ ਕਿਲੋ ।
ਉੜਦ ਧੋਤੇ	4.50 ਰੁ: ਪ੍ਰਤੀ ਕਿਲੋ
ਮੂੰਗੀ ਸਾਬਤ	4.75 ਰੁ: ਪ੍ਰਤੀ ਕਿਲੋ।
ਮੂੰਗ ਧੋਤੇ	5 ਰੁ: ਪ੍ਰਤੀ ਕਿਲੋ ।

ਮਾਰਕੀਟ ਰੇਟ ਬਹੁਤ ਵੱਧ ਹੋਣ ਕਰਕੇ ਸਬਸੀਡਾਈਜ਼ਡ ਵਸਤੂਆਂ ਪਬਲਿਕ ਦੀ ਖਿੱਚ ਦਾ ਕਾਰਨ ਹਨ ਅਤੇ ਇਸੇ ਕਾਰਨ ਕਰਕੇ ਡਿਪੂਆਂ ਤੇ ਭੀੜਾਂ ਲੱਗ ਰਹੀਆਂ ਹਨ। ਖਾਣ ਦੇ ਤੇਲਾਂ ਦੀ ਮੰਗ

Original with;
Punjab Vidhan Sabha
Digitized by;
Panjab Digital Library

ਪੂਰੀ ਕਰਨ ਹਿੱਤ ਬਨਾਸਪਤੀ ਘੀ ਦੇ ਨਾਲ ਨਾਲ ਦਰਾਮਦ ਕੀਤੇ ਆਰ. ਬੀ. ਡੀ. ਪਾਮ ਆਇਲ ਦੀ ਵੰਡ ਦਸੰਬਰ, 1979 ਤੋਂ ਜਾਰੀ ਹੈ ਤਾਂ ਜੋ ਜਿਸ ਥਾਂ ਤੇ ਬਨਾਸਪਤੀ ਘੀ ਉਪਲੱਭਧ ਨਾ ਹੋਵੇ ਉੱਥੇ ਖਪਤਕਾਰਾਂ ਨੂੰ ਪਾਮ ਆਇਲ ਮਿਲ ਸਕੇ।

ਰਾਜ ਦੀ ਲੋੜ ਮੁਤਾਬਿਕ ਜ਼ਰੂਰੀ ਵਸਤੂਆਂ ਦੀ ਸਪਲਾਈ ਕਰਨ ਲਈ ਭਾਰਤ ਸਰਕਾਰ ਨੂੰ ਬਹੁਤ ਵਾਰ ਬੇਨਤੀ ਕੀਤੀ ਗਈ ਹੈ ਪਰ ਇਸ ਵਿਚ ਕੋਈ ਵਿਸ਼ੇਸ਼ ਪ੍ਰਗਤੀ ਨਹੀਂ ਹੋਈ ਭਾਵੇਂ ਸੁਧਾਰ ਲਈ ਜਤਨ ਜਾਰੀ ਹਨ। ਸਬਸਿਡੀ ਸਕੀਮ ਸਬੰਧੀ ਰਾਜ ਸਰਕਾਰ ਸਾਰੀ ਸਕੀਮ ਨੂੰ ਮੁੜ ਘੋਖਣ ਵਿਚਾਰਨ ਦਾ ਇਰਾਦਾ ਰੱਖਦੀ ਹੈ ਤਾਂ ਜੋ ਖਪਤਕਾਰਾਂ ਨੂੰ ਜ਼ਰੂਰੀ ਵਸਤੂਆਂ ਸਹੀ ਤਰੀਕੇ ਨਾਲ ਉਪਲੱਭਧ ਕੀਤੀਆਂ ਜਾ ਸਕਣ।

ਸਰਦਾਰਨੀ ਰਾਜਿਦਰ ਕੌਰ : ਸਪੀਕਰ ਸਾਹਿਬ, ਇਹ ਕੁਐਸਚਨ ਵਿਚਕਾਰ ਹੀ ਰਹਿ ਗਿਆ ਹੈ। ਮੈਨੂੰ ਸਪਲੀਮੈਂਟਰੀ ਤਾਂ ਪੁੱਛ ਲੈਣ ਦਿਓ।

ਸ੍ਰੀ ਸਪੀਕਰ : ਕੁਐਸਚਨ ਆਵਰ ਤਾਂ ਖਤਮ ਹੋ ਗਿਆ ਹੈ। ਹੁਣ ਸਪਲੀਮੈਂਟਰੀ ਕੋਈ ਨਹੀਂ ਹੋ ਸਕਦਾ।

ਮਾਸਟਰ ਬਾਬੂ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਇਸ ਆਗਸਤ ਹਾਊਸ ਵਿਚ ਇਹ ਅਸ਼ੋਰੈਂਸ ਦਿਤੀ ਸੀ ਕਿ ਹਸਨਪੁਰ ਦੇ ਮਸਲੇ ਤੇ ਉਹ ਆਪਣੀ ਸਟੇਟਮੈਂਟ ਦੇਣਗੇ। ਐਮ. ਐਲ. ਏਜ਼. ਦੀ ਜਿਹੜੀ ਕਮੇਟੀ ਬਣਾਈ ਸੀ ਉਸਦੀ ਰਿਪੋਰਟ ਵੀ ਆ ਗਈ ਹੈ, ਆਪੋਜ਼ੀਸ਼ਨ ਦੇ ਐਮ. ਐਲ. ਏਜ਼ ਵੀ ਖੁਦ ਮੌਕੇ ਤੇ ਜਾ ਕੇ ਪੜਤਾਲ ਕਰਕੇ ਆ ਗਏ ਹਨ। ਉਨ੍ਹਾਂ ਨੇ ਵੀ ਰਿਪੋਰਟ ਦੇ ਦਿੱਤੀ ਹੈ। ਸੀ. ਐਮ. ਸਾਹਿਬ ਨੂੰ ਹਾਊਸ ਵਿਚ ਸਟੇਟਮੈਂਟ ਦੇਣੀ ਚਾਹੀਦੀ ਸੀ। ਹਿੰਦ ਸਮਾਚਾਰ ਵਿਚ ਖਬਰ ਆਈ ਹੈ ਕਿ ਬਠਿੰਡੇ ਵਿੱਚ ਇਕ ਨੌਜਵਾਨ ਲੜਕੀ ਨੂੰ ਸਪਿਨਿੰਗ ਮਿਲ ਵਿਚ ਅਫ਼ਸਰਾਂ ਨੇ ਖਰਾਬ ਕੀਤਾ ਅਤੇ ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਬਾਹਰ ਸੁੱਟ ਦਿੱਤਾ। ਸਾਰੇ ਸੂਬੇ ਵਿਚ ਇਸ ਤਰ੍ਹਾਂ ਰੇਪ ਦੇ ਕੇਸ ਹੋ ਰਹੇ ਹਨ। ਮਜ਼ਦੂਰਾਂ ਨਾਲ ਧੱਕਾ ਹੋ ਰਿਹਾ ਹੈ। ਔਰਤਾਂ ਦੀ ਬੇਇਜ਼ਤੀ ਹੋ ਰਹੀ ਹੈ। ਇਸ ਬਾਰੇ ਹਾਊਸ ਵਿਚ ਬਿਆਨ ਆਉਣਾ ਚਾਹੀਦਾ ਹੈ।

ਸ੍ਰੀ ਸਪੀਕਰ : ਪ੍ਰੈਸ ਦੀਆਂ ਰਿਪੋਰਟਸ ਡਿਸਕਸ਼ਨ ਦਾ ਮੌਜੂ ਨਹੀਂ ਬਣ ਸਕਦੀਆਂ।

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਠੀਕ ਹੈ ਪ੍ਰੈਸ ਦੀਆਂ ਰਿਪੋਰਟਸ ਦੇ ਆਧਾਰ ਤੇ ਇਥੇ ਡਿਸਕਸ਼ਨ ਨਹੀਂ ਹੋ ਸਕਦੀ। ਪਰ ਬਠਿੰਡੇ ਵਿਚ ਸਪਿਨਿੰਗ ਮਿਲ ਵਿੱਚ ਜੋ ਵਾਕਿਆ ਹੋਇਆ ਹੈ ਜਿਥੇ ਇੱਕ ਨੌਜਵਾਨ ਲੜਕੀ ਨੂੰ ਲਿਜਾ ਕੇ ਬਲਾਤਕਾਰ ਕੀਤਾ ਗਿਆ। ਐਡਾ ਵੱਡਾ ਧੱਕਾ ਹੋਇਆ ਹੈ। ਲੋਕਾਂ ਵਿੱਚ ਐਡਾ ਵੱਡਾ ਗੁੱਸਾ ਹੈ। ਮੁਜ਼ਾਹਰੇ ਉਥੇ ਹੋ ਰਹੇ ਹਨ। ਸਰਕਾਰ ਇਸ ਬਾਰੇ ਬਿਲਕੁੱਲ ਚੁੱਪ ਹੈ। ਹਸਨਪੁਰ ਦੇ ਮਾਮਲੇ ਬਾਰੇ ਵੀ ਕੋਈ ਸਟੇਟਮੈਂਟ ਨਹੀਂ ਆਈ। ਇਸ ਤਰ੍ਹਾਂ ਦੇ ਵਾਕਿਆਤ ਵੱਧ ਰਹੇ ਹਨ। ਸਰਕਾਰ ਨੂੰ ਇਸ ਬਾਰੇ ਬਿਆਨ ਦੇਣਾ ਚਾਹੀਦਾ ਹੈ।

ਸਰਦਾਰ ਜਸਮਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜ਼ਿਲ੍ਹਾ ਫਰੀਦਕੋਟ ਵਿਚ ਪਿੰਡ ਕਾਲਿਆਂ ਵਾਲੀ ਵਿੱਚ ਬਾਰਸ਼ ਨਾਲ ਚਾਰ, ਚਾਰ ਫੁੱਟ ਪਾਣੀ ਫਿਰਦਾ ਪਿਆ ਹੈ। ਪਿਛਲੇ ਦੋ ਮਹੀਨਿਆਂ ਤੋਂ ਪਿਡ ਦੇ ਲੋਕ ਡਰੇਨੇਜ ਦੇ ਐਕਸੀਅਨ ਫਿਰੋਜ਼ਪੁਰ ਨੂੰ ਕਹਿ ਕੇ ਆਉਂਦੇ ਰਹੇ ਹਨ ਕਿ ਇਹ ਡਰੇਨ ਪੁਟਵਾ ਦਿਓ। ਪਰ ਉਹ ਪੁਟਵਾਈ ਨਹੀਂ ਗਈ। ਉਥੇ ਪਾਣੀ ਨਾਲ ਲੋਕਾਂ ਦੇ ਘਰ ਢਹਿ ਰਹੇ ਹਨ। ਮੈਂ ਬੇਨਤੀ ਕਰਦਾ ਹਾਂ, ਸਪੀਕਰ ਸਾਹਿਬ, ਕਿ ਸਰਕਾਰ ਤੁਰੰਤ ਇਸ ਮਸਲੇ ਵੱਲ ਧਿਆਨ ਦੇਵੇ ਅਤੇ ਡਰੇਨ ਪੁੱਟਵਾ ਕੇ ਲੋਕਾਂ ਨੂੰ ਮਰਨ ਤੋਂ ਬਚਾਵੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਜੋ ਕੁਝ ਸਰਦਾਰ ਦਲੀਪ ਸਿਘ ਪਾਂਧੀ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ (ਇਸ ਸਮੇਂ ਸਰਦਾਰ ਹਰਚੰਦ ਸਿੰਘ ਅਤੇ ਸ਼੍ਰੀ ਸੁਰਿੰਦਰ ਕਪੂਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਪਹਿਲਾਂ ਸ਼੍ਰੀ ਸੁਰਿੰਦਰ ਕਪੂਰ ਨੂੰ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਇਜਾਜ਼ਤ ਦਿੱਤੀ)

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਠਿੰਡੇ ਦੀ ਸਪਿਨਿੰਗ ਮਿਲ ਵਿਚ ਜੋ ਸ਼ਰਮਨਾਕ ਘਟਨਾ ਹੋਈ ਹੈ, ਇਸ ਦੀ ਇਨਕੁਆਇਰੀ ਕੀਤੀ ਜਾਵੇ (ਤਾੜੀਆਂ) ਅਤੇ ਜਿਨ੍ਹਾਂ ਅਫ਼ਸਰਾਂ ਨੇ ਇਹ ਘਿਨੌਣੀ ਘਟਨਾ ਕੀਤੀ ਹੈ, ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੁਕਤਸਰ ਸ਼ਹਿਰ ਬਿਲਕੁਲ ਪਾਣੀ ਦੇ ਵਿਚ ਡੁੱਬਿਆ ਪਿਆ ਹੈ। ਇੱਕ ਕੁਲਰ ਪਿੰਡ ਹੈ। ਉਥੇ ਪਾਣੀ ਨਾਲ ਲੋਕਾਂ ਦੇ ਮਕਾਨ ਢਹਿ ਗਏ ਹਨ, ਦਾਣੇ ਰੁੜ੍ਹ ਗਏ ਹਨ। ਸਰਕਾਰ ਇਸ ਵੱਲ ਕੋਈ ਤਵੱਜੋ ਨਹੀਂ ਦੇ ਰਹੀ। ਮੁਕਤਸਰ ਅਤੇ ਪਿੰਡ ਕੁਲਰ ਦਾ ਬੜਾ ਬੁਰਾ ਹਾਲ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਵਾਸਤੇ ਕੀ ਇੰਤਜ਼ਾਮ ਕੀਤਾ ਗਿਆ ਹੈ ? ਲੋਕ ਉਥੇ ਸਾਨੂੰ ਡਾਂਗਾਂ ਨਾਲ ਕੁੱਟਣ ਲਈ ਆਉਂਦੇ ਹਨ। ਸਪੀਕਰ ਸਾਹਿਬ, ਮੁਕਤਸਰ ਗੁਰੂ ਕੀ ਨਗਰੀ ਹੈ, ਬੜੀ ਮੁਤਬਰਕ ਜਗ੍ਹਾ ਹੈ। ਇਹ ਪਾਣੀ ਵਿਚ ਬਿਲਕੁਲ ਡੁੱਬ ਗਿਆ ਹੈ। ਸਰਦਾਰ ਉਜਾਗਰ ਸਿੰਘ ਅਤੇ ਸ਼੍ਰੀ ਮਾਤੂ ਰਾਮ ਵੀ ਉਸ ਹਲਕੇ ਦੇ ਐਮ. ਐਲ. ਏ. ਹਨ। ਸਾਡੀ ਤਾਂ ਇਹ ਗਲ ਨਹੀਂ ਸੁਣਦੇ। ਗੌਰਮਿਟ ਦਾ ਫਰਜ਼ ਬਣਦਾ ਹੈ ਕਿ ਉਥੇ ਲੋਕਾਂ ਦੀ ਪੂਰੀ ਮਦਦ ਕਰੇ। ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਐਸ਼ੋਰੈਂਸ ਦੇਣਗੇ ਕਿ ਮੁਕਤਸਰ ਅਤੇ ਪਿੰਡ ਕੁਲਰ ਬਾਰੇ ਫੌਰਨ ਇੰਤਜ਼ਾਮ ਕੀਤਾ ਜਾਵੇਗਾ ?

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਬੜੀ ਦੇਰ ਬਾਅਦ ਬਾਰਸ਼ ਹੋਈ ਹੈ ਅਤੇ ਸਾਰੇ ਪੰਜਾਬ ਨੇ ਇਸ ਨੂੰ ਵੈਲਕਮ ਕੀਤਾ ਹੈ। ਇਸ ਨਾਲ ਡੀਜ਼ਲ ਦਾ ਮਸਲਾ ਹਲ ਹੋਇਆ ਹੈ ਅਤੇ ਫਸਲ ਦੇ ਵੱਧਣ ਦੇ ਚਾਂਸਿਜ਼ ਹੋਏ ਹਨ। ਸਪੀਕਰ ਸਾਹਿਬ, ਮੈਂ ਲੁਧਿਆਣਾ ਜ਼ਿਲ੍ਹੇ ਦਾ ਚੱਕਰ ਲਗਾਇਆ ਹੈ ਅੌਰ ਰਿਪੋਰਟ ਵੀ ਉਥੋਂ ਬਾਰੇ ਮੰਗਵਾਈ ਹੈ। ਮੈਂ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜਿੱਥੇ ਕਿਤੇ ਵੀ ਕੋਈ ਐਸੀ ਗੱਲ ਹੋਵੇ ਸਾਡੀ ਉਸ ਦੇ ਵਾਸਤੇ ਪੂਰੀ ਪ੍ਰੀਪੇਅਰਡਨੈਸ ਹੈ। ਇਹ ਮੇਰੇ ਨੋਟਿਸ ਵਿਚ ਲਿਆ ਦੇਣ ਕਿ ਇਹ ਇਹ ਪਿੰਡ ਹਨ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਭਾਵੇਂ ਇਨ੍ਹਾਂ ਦਾ ਇਥੇ ਇਸ ਵੇਲੇ ਇਹ ਕਹਿਣਾ ਰੈਲੇਵੈਂਟ ਨਹੀਂ ਸੀ ਪਰ ਫਿਰ ਵੀ ਮੈਂ ਉਨ੍ਹਾਂ ਪਿੰਡਾਂ ਦੇ ਨਾਉਂ ਨੋਟ ਕਰ ਲਏ ਹਨ। ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਗੌਰਮਿੰਟ ਪੂਰੇ ਸਟੈਪਸ ਲਵੇਗੀ ਅਤੇ ਜਿੱਥੇ ਜਿੱਥੇ ਕੋਈ ਨੁਕਸਾਨ ਹੋਇਆ ਹੋਵੇਗਾ ਉਥੇ ਉਥੇ ਮੈਂ ਆਪਣੇ ਅਫ਼ਸਰਾਂ ਨੂੰ ਭੇਜਕੇ, ਡੀ. ਸੀਜ਼ ਨੂੰ ਭੇਜ ਕੇ ਪਤਾ ਕਢਵਾ ਲਵਾਂਗਾ ਅੌਰ ਜੋ ਕੰਪੈਨਸੇਸ਼ਨ ਅਸੀਂ ਦੇ ਸਕਦੇ ਹੋਏ, ਉਹ ਦੇਵਾਂਗੇ । (ਥੰਪਿੰਗ)

(ਇਸ ਸਮੇਂ ਸ਼੍ਰੀ ਸਪੀਕਰ ਨੇ ਮਾਨਯੋਗ ਮੈਂਬਰ ਕਾਮਰੇਡ ਸੱਘੜ ਸਿੰਘ ਨੂੰ ਧਿਆਨ ਦਿਵਾਊ ਮਤਾ ਨੰ: 77 ਪੜ੍ਹਨ ਲਈ ਕਾਲ ਅਪਾਨ ਕੀਤਾ)

**Not recorded as ordered by the Chair,

Original with;
Punjab Vidhan Sabha
Digitized by;
Panjab Digital Library

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਫਲੱਡਜ਼ ਨਾਲ ਜਿਹੜਾ ਨੁਕਸਾਨ ਹੋਇਆ ਹੈ, ਉਹ ਇੱਕਲਾ ਪਿੰਡਾਂ ਦਾ ਹੀ ਨਹੀਂ ਹੋਇਆ ਹੈ, ਸ਼ਹਿਰਾਂ ਦਾ ਵੀ ਹੋਇਆ ਹੈ, ਇਨ੍ਹਾਂ ਨੇ ਦੱਸਿਆ ਹੈ ਕਿ ਪਿੰਡਾਂ ਨੂੰ ਕੰਪੈਨਸੇਸ਼ਨ ਦਿੱਤਾ ਜਾਣਾ ਹੈ।

ਸ਼੍ਰੀ ਸਪੀਕਰ : ਪਾਂਡੇ, ਸਾਹਿਬ, ਜਦੋਂ ਬਜਟ ਤੇ ਡਿਸਕਸ਼ਨ ਹੋਵੇਗੀ ਤੁਸੀਂ ਉਸ ਵੇਲੇ ਦੱਸ ਦੇਣਾ। ਮੈਂ ਕਾਮਰੇਡ ਸੱਘੜ ਸਿੰਘ ਹੋਰਾਂ ਨੂੰ ਕਾਲ ਅਟੈਨਸ਼ਨ ਮੋਸ਼ਨ ਨੰ: 77 ਪੜ੍ਹਨ ਲਈ ਕਾਲ ਅਪਾਨ ਕੀਤਾ ਹੈ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਪਟਿਆਲਾ ਜ਼ਿਲ੍ਹਾ ਦੇ ਬਹੁਤ ਸਾਰੇ ਪਿੰਡ ਘੱਗਰ ਦਰਿਆ ਵਿਚ ਆਏ ਹੋਏ ਹਨ, ਤੁਸੀਂ ਸਾਨੂੰ ਬੋਲਣ ਲਈ ਟਾਈਮ ਨਹੀਂ ਦਿੰਦੇ। ਸਰਕਾਰ ਨੇ, ਸਪੀਕਰ ਸਾਹਿਬ, ਵਾਇਦਾ ਕੀਤਾ ਸੀ ਕਿ ਜੂਨ ਦੇ ਮਹੀਨੇ ਤਕ ਡੁਬੇ ਪੁਲ ਦੀ ਟੱਕਰ ਨੂੰ ਤੁੜਵਾ ਕੇ ਨਵਾਂ ਪੁਲ ਬਣਵਾ ਦਿਤਾ ਜਾਵੇਗਾ। ਪਰ ਨਾ ਤਾਂ ਉਸ ਪੁਲ ਦੀ ਟੱਕਰ ਹੀ ਤੋੜੀ ਗਈ ਹੈ ਔਰ ਨਾ ਹੀ ਨਵਾਂ ਪੁਲ ਬਣਾਇਆ ਗਿਆ ਹੈ। ਉਸ ਇਲਾਕੇ ਦੇ ਜ਼ਿਮੀਦਾਰ ਬੜੇ ਪ੍ਰੇਸ਼ਾਨ ਹਨ .....

ਸ਼੍ਰੀ ਸਪੀਕਰ : ਇਹ ਸਾਰਾ ਕੁਝ ਤੁਸੀਂ ਬੱਜਟ ਤੇ ਡਿਸਕਸ਼ਨ ਵੇਲੇ ਕਹਿ ਸਕਦੇ ਹੋ। ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦਿੱਤੀ ਹੈ। ਤੁਸੀਂ ਸਾਰੀ ਗੱਲ ਉਨ੍ਹਾਂ ਦੇ ਨੋਟਿਸ ਵਿਚ ਲਿਆਓ, ਫਿਰ ਉਹ ਇਸ ਦਾ ਇੰਤਜ਼ਾਮ ਕਰਨਗੇ। ਤੁਸੀਂ ਬੈਠੋ। ਹਾਂ ਜੀ, ਕਾਮਰੇਡ ਸੱਘੜ ਸਿੰਘ ਜੀ।

CALL ATTENTION NOTICES UNDER RULE 66
(ਕ੍ਰਮ ਨੰ : 77)

ਕਾਮਰੇਡ ਸੱਘੜ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਰਾਜ ਬਿਜਲੀ ਬੋਰਡ ਦਾ ਇਕ ਸਬ-ਸਟੇਸ਼ਨ ਪਤੋ ਹੀਰਾ ਸਿੰਘ (ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ) ਵਿਖੇ ਹੈ, ਓਵਰ ਲੋਡਿਡ ਹੈ। ਬਿਜਲੀ ਵਿਚ ਹਰ ਵੇਲੇ ਵਿਘਨ ਰਹਿੰਦਾ ਹੈ। ਇਸ ਬਾਰੇ ਉਤਲੇ ਅਫਸਰਾਂ ਨੂੰ ਵੀ ਮਿਲ ਚੁਕੇ ਹਾਂ ਪਰ ਕੋਈ ਲਾਭ ਨਹੀਂ ਹੋਇਆ। ਵੱਡਾ ਟਰਾਂਸਫਾਰਮਰ ਲਾਇਆ ਜਾਵੇ ਤਾਕਿ ਕਿਸਾਨ ਆਪਣੀ ਧਾਨ ਦੀ ਬਿਜਾਈ ਕਰ ਸਕਣ ਅਤੇ ਫਸਲਾਂ ਨੂੰ ਪਾਲ ਸਕਣ। ਇਸ ਬਾਰੇ ਸਰਕਾਰ ਤੁਰੰਤ ਬਿਆਨ ਦੇਵੇ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਇਸ ਵੇਲੇ 33 ਕੇ.ਵੀ. ਸਬ ਸਟੇਸ਼ਨ ਪਤੋ ਹੀਰਾ ਸਿੰਘ ਵਿਖੇ 2 ਐਮ. ਵੀ ਏ. 33/11 ਕੇ. ਵੀ ਦੀ ਸਮਰੱਥਾ ਦੇ ਦੋ ਟਰਾਂਸਫਾਰਮਰ ਲੱਗੇ ਹੋਏ ਹਨ ਅਤੇ ਇਸ ਸਬ-ਸਟੇਸ਼ਨ ਨਾਲ ਜਿਹੜੇ ਖੇਤਰ ਜੋੜੇ ਹੋਏ ਹਨ ਉਹਨਾਂ ਲਈ ਇਹ ਇਨਸਟਾਲਡ ਸਮਰੱਥਾ ਕਾਫੀ ਹੈ। ਐਪਰ ਦੋ ਟਰਾਂਸਫਾਰਮਰਾਂ ਵਿਚੋਂ ਇਕ ਉਤੇ ਭਾਰ ਜ਼ਿਆਦਾ ਹੈ ਅਤੇ ਬਿਜਲੀ ਸਪਲਾਈ ਵਿੱਚ ਆਉਣ ਵਾਲੀ ਵਿਘਨਤਾ ਨੂੰ ਦੂਰ ਕਰਨ ਲਈ ਲਿੰਕ ਲਾਈਨਾਂ ਦੁਆਰਾ ਇਸ ਟਰਾਂਸਫਾਰਮਰ ਤੋਂ ਵਾਧੂ ਲੋਡ ਦੂਸਰੇ ਟਰਾਂਸਫਾਰਮਰ ਤੇ ਤਬਦੀਲ ਕਰ ਦਿੱਤਾ ਗਿਆ ਹੈ।

ਵਰਤਮਾਨ ਟਰਾਂਸਫਾਰਮਰਾਂ ਦੀ ਸਮਰੱਥਾ ਨੂੰ ਵਧਾਉਣ ਲਈ 3/8 ਐਮ. ਵੀ. ਏ., 66/33/11 ਕੇ. ਵੀ. ਦੇ ਤਿੰਨ ਟਰਾਂਸਫਾਰਮਰ ਲਗਾਉਣ ਦੀ ਤਜਵੀਜ਼ ਹੈ। ਇਸ ਸਾਜ਼ ਸਮਾਨ ਲਈ ਆਰਡਰ ਦਿੱਤੇ ਜਾ ਚੁੱਕੇ ਹਨ ਅਤੇ ਇਹ ਸਮਾਨ ਜਨਵਰੀ, 1981 ਤੱਕ ਉਪਲਬਧ ਹੋ ਜਾਣ ਦੀ ਆਸ ਹੈ। ਨਵਾਂ ਟਰਾਂਸਫਾਰਮਰ ਅਪਰੈਲ, 1981 ਤੱਕ ਚਾਲੂ ਹੋ ਜਾਵੇਗਾ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਟਰਾਂਸਫਾਰਮਰਾਂ ਦੀ ਤਾਕਤ ਵਧਾਉਣ ਲਈ ਆਰਡਰ ਹੋ ਚੁੱਕੇ ਹਨ ਪਰ ਹਕੀਕਤ ਇਹ ਹੈ ਕਿ ਉਥੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਬਿਜਲੀ ਦੀ ਉਸੇ ਤਰ੍ਹਾਂ ਦੀ ਹੀ ਹਾਲਤ ਹੈ। ਇਸ ਲਈ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੰਮ ਕਦੋਂ ਕੁ ਤੱਕ ਹੋ ਜਾਵੇਗਾ ?

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਦਿੱਤਾ ਹੈ ਕਿ ਅਪਰੈਲ, 1981 ਤਕ ਨਵਾਂ ਟਰਾਂਸਫ਼ਾਰਮਰ ਚਾਲੂ ਹੋਵੇਗਾ। ਬਾਕੀ ਇਸ ਟਾਈਮ ਦੌਰਾਨ ਅਸੀਂ ਕੋਸ਼ਿਸ਼ ਕਰਾਂਗੇ ਕਿ ਹੋਰ ਬਿਜਲੀ ਲੈ ਕੇ, ਕੁਝ ਐਡਜਸਟਮੈਂਟ ਕਰਕੇ ਲੋਕਾਂ ਦੀ ਤਕਲੀਫ ਨੂੰ ਦੂਰ ਕਰ ਸਕੀਏ।

(ਕ੍ਰਮ ਨੰ : 80)

Mr. Speaker : Yes, Call Attention Notice No. 80 by Sardar Gurbachan Singh Cheema and Shri Sarwan Ram.

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਧਿਆਨ ਦਿਵਾਊ ਮਤਾ ਨੰ : 80 ਸਦਨ ਸਾਹਮਣੇ ਪੇਸ਼ ਨਾ ਕੀਤਾ ਗਿਆ।)

(ਕ੍ਰਮ ਨੰ : 84)

Mr. Speaker : Call Attention Notice No. 84 by Sardar Gurbachan Singh Cheema and Pandit Sarwan Ram.

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਧਿਆਨ ਦਿਵਾਊ ਮਤਾ ਨੰ : 84 ਸਦਨ ਸਾਹਮਣੇ ਪੇਸ਼ ਨਹੀਂ ਕੀਤਾ ਗਿਆ।)

GENERAL DISCUSSION ON THE BUDGET ESTIMATES FOR THE YEAR 1980-81

ਸ੍ਰੀ ਸਪੀਕਰ : ਹੁਣ ਹਾਊਸ ਬਜਟ ਦੇ ਉਪਰ ਡਿਸਕਸ਼ਨ ਕਰੇਗਾ। ਮੈਂ ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਕਹਾਂਗਾ ਕਿ ਉਹ ਬੋਲਣਾ ਸ਼ੁਰੂ ਕਰਨ।

ਸਰਦਾਰ ਬਲਵੰਤ ਸਿੰਘ (ਲੋਹੀਆਂ) : ਸਪੀਕਰ ਸਾਹਿਬ, ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ। (ਥੰਪਿੰਗ) ਇਨ੍ਹਾਂ ਨੇ ਆਪਣਾ ਕੈਰੀਅਰ ਬਤੌਰ ਫਾਇਨਾਂਸ ਮਨਿਸਟਰ ਦੇ ਸ਼ੁਰੂ ਕੀਤਾ ਹੈ। ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਹਾਊਸ ਵਿਚ ਬਜਟ ਪੇਸ਼ ਕੀਤਾ ਹੈ, ਉਸ ਬਜਟ ਸਪੀਚ ਨੂੰ ਮੈਂ ਧਿਆਨ ਨਾਲ ਪੜ੍ਹਿਆ ਹੈ। ਮੈਨੂੰ ਇਸ ਤਰ੍ਹਾਂ ਲੱਗਿਆ ਹੈ ਕਿ ਇਹ ਭਾਸ਼ਣ ਸੈਕਰੇਟੇਰੀਏਟ ਵਿਚ ਬੈਠ ਕੇ ਨਹੀਂ ਬਣਾਇਆ ਗਿਆ ਬਲਕਿ ਪ੍ਰਦੇਸ਼ ਕਾਂਗਰਸ ਭਵਨ ਵਿਚ ਬੈਠ ਕੇ ਬਣਾਇਆ ਗਿਆ ਹੈ। ਕਿਉਂਕਿ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਭਾਸ਼ਣ ਨੂੰ ਜੇਕਰ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਨੂੰ ਅਕਾਲੀਆਂ ਦਾ ਭੂਤ ਹੀ ਚੰਬੜਿਆ ਰਿਹਾ ਹੈ। (ਹਾਸਾ) ਇਨ੍ਹਾਂ ਨੇ ਕੋਸ਼ਿਸ਼ ਕੀਤੀ ਹੈ ਕਿ ਕੁਝ ਨਾ ਕੁਝ ਸਟੈਟਿਸਟਿਕਸ ਲੱਭ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਕਿ ਅਕਾਲੀਆਂ ਨੇ ਪੰਜਾਬ ਦੀ ਆਰਥਿਕ ਦਸ਼ਾ ਨੂੰ ਖਰਾਬ ਕਰ ਦਿਤਾ ਹੈ। ਇਨ੍ਹਾਂ ਨੇ ਸਟੈਟਿਸਟਿਕਸ ਇਕੱਠੇ ਤਾਂ ਕੀਤੇ ਹਨ, ਪਰ ਉਨ੍ਹਾਂ ਨੂੰ ਠੀਕ ਇਸਤੇਮਾਲ ਕਰਨ ਵਾਸਤੇ ਵੀ ਇਕਨੋਮਿਸਟ ਚਾਹੀਦਾ ਹੁੰਦਾ ਹੈ। ਮੈਨੂੰ ਅਫਸੋਸ ਹੈ ਕਿ ਡਾਕਟਰ ਸਾਹਿਬ ਨੇ ਸਟੈਟਿਸਟਿਕਸ ਲੱਭਣ ਦੀ ਕੋਸ਼ਿਸ਼ ਕੀਤੀ ਹੈ ਪਰ ਉਨ੍ਹਾਂ ਨੂੰ ਜਿਸ ਤਰ੍ਹਾਂ ਇਸਤੇਮਾਲ ਕੀਤਾ ਗਿਆ ਹੈ ਉਹ ਇਕ 'ਬੰਚ ਆਫ ਲਾਈਜ਼' ਬਣ ਗਿਆ ਹੈ। ਜਦੋਂ ਅਸੀਂ ਬਜਟ ਨੂੰ ਧਿਆਨ ਨਾਲ ਪੜ੍ਹਦੇ ਹਾਂ ਤਾਂ ਨਾ ਇਸ ਵਿਚ

Original with;
Punjab Vidhan Sabha
Digitized by;
Panjab Digital Library

ਕੋਈ ਰੂਰਲ ਫਿਲਾਸਫੀ ਦਿਖਦੀ ਹੈ, ਨਾ ਪ੍ਰਾਈਓਰਿਜ਼ ਦੇ ਵਧਣ ਦੇ ਮਸਲੇ ਦਾ ਜ਼ਿਕਰ ਮਿਲਦਾ ਹੈ, ਨਾ ਹੀ ਇਨਫਲੇਸ਼ਨ ਦਾ ਜ਼ਿਕਰ ਆਉਂਦਾ ਹੈ ਅੱਰ ਨਾ ਹੀ ਕੋਈ ਇਸ ਤਰ੍ਹਾਂ ਦੀ ਸਟਰੈਟਿਜੀ ਨਜ਼ਰ ਆਉਂਦੀ ਹੈ ਜਿਸ ਨਾਲ ਅਨ-ਇਮਪਲਾਇਮੈਂਟ ਨੂੰ ਦੂਰ ਕਰਨਾ ਹੈ। ਇਕ ਚੀਜ਼ ਇਨ੍ਹਾਂ ਨੇ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ ਕਿ ਕਿਸ ਤਰ੍ਹਾਂ ਇਕ ਕਲਾਸ ਨੂੰ, ਇਕ ਪਾਰਟੀ ਨੂੰ ਡਾਊਨ-ਗਰੇਡ ਕੀਤਾ ਜਾ ਸਕਦਾ ਹੈ । ਹਰ ਪੈਰਾਗਰਾਫ ਵਿਚ, ਹਰ ਪੇਜ ਉਤੇ ਇਹ ਹੀ ਲਿਖਣ ਦੀ ਕੋਸ਼ਿਸ਼ ਕੀਤੀ ਹੈ ਕਿ ਪਿਛਲੀ ਸਰਕਾਰ ਨੇ ਇਹ ਕੰਮ ਠੀਕ ਨਹੀਂ ਸੀ ਕੀਤਾ, ਉਹ ਕੰਮ ਠੀਕ ਨਹੀਂ ਸੀ ਕੀਤਾ। ਸਪੀਕਰ ਸਾਹਿਬ, ਮੈਂ ਨਹੀਂ ਸੀ ਚਾਹੁੰਦਾ ਕਿ ਪੁਲੀਟੀਕਲ ਗੱਲਾਂ ਦਾ ਜਵਾਬ ਦਿਆਂ ਪਰ ਕਿਉਂਕਿ ਇਨ੍ਹਾਂ ਨੇ ਇਹ ਲਿਖੀਆਂ ਹਨ ਇਸ ਕਰਕੇ ਮੈਂ ਇਨ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਸਮਝਦਾ ਹਾਂ ।

ਮੈਂ ਆਪਣੀ ਸਪੀਚ ਨੂੰ ਤਿੰਨ ਹਿੱਸਿਆਂ ਵਿਚ ਵੰਡਾਂਗਾ। ਇਕ ਤਾਂ ਕਾਂਸਟੀਚਿਊਸ਼ਨ ਦੇ ਅਨੁਸਾਰ ਸੈਂਟਰ ਅੱਰ ਸਟੇਟਸ ਰਿਲੇਸ਼ਨਜ਼ ਦਾ ਜ਼ਿਕਰ ਕਰਾਂਗਾ। ਦੂਸਰਾ ਰੂਰਲ ਡਿਵੈਲਪਮੈਂਟ ਬਾਰੇ ਅੱਰ ਤੀਸਰਾ ਫਿਸਕਲ ਪਾਲਿਸੀਜ਼ ਬਾਰੇ ਜ਼ਿਕਰ ਕਰਾਂਗਾ। ਸਰ, ਇਨ੍ਹਾਂ ਨੇ ਸਾਡੇ ਉਤੇ ਪੇਜ ਪੰਜ ਉੱਤੇ ਬਹੁਤ ਵੱਡਾ ਇਲਜ਼ਾਮ ਲਗਾਇਆ ਹੈ। ਮੈਂ ਬਜਟ ਸਪੀਚ ਵਿਚੋਂ ਇਸ ਸਬੰਧ ਵਿਚ ਥੋੜ੍ਹਾ ਜਿਹਾ ਪੜ੍ਹ ਕੇ ਸੁਣਾਉਂਦਾ ਹਾਂ :

'The previous Government had been talking loudly about larger financial devolution and financial autonomy to the States. In the process, they adopted an attitude of confrontation with the Central Government.....'

ਸ਼੍ਰੀ ਜੋਗਿੰਦਰ ਪਾਲ ਪਾਂਡੇ : ਪੰਜਾਬੀ ਵਿਚ ਪੜ੍ਹੋ ।

ਸਰਦਾਰ ਬਲਵੰਤ ਸਿੰਘ : ਇਹ ਤਾਂ ਸਪੀਚ ਦਾ ਹਿੱਸਾ ਹੈ। ਕੀ ਗੱਲ ਹੈ, ਤੁਹਾਨੂੰ ਸਮਝ ਨਹੀਂ ਆਉਂਦੀ ? (ਹਾਸਾ) (ਵਿਘਨ)

ਸ਼੍ਰੀ ਸਪੀਕਰ : ਮੈਂਬਰ ਨੂੰ ਡਿਸਟਰਬ ਨਾ ਕਰੋ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਇਹ ਡਿਸਟਰਬੈਂਸ ਦੀ ਗੱਲ ਨਹੀਂ ਹੈ। ਜਿਸ ਵੇਲੇ ਹੋਰ ਕੋਈ ਸਾਡੇ ਪਾਸੇ ਤੋਂ ਅੰਗਰੇਜ਼ੀ ਬੋਲਦਾ ਹੈ ਤਾਂ ਇਨ੍ਹਾਂ ਵਲੋਂ ਇਹ ਇਤਰਾਜ਼ ਕੀਤਾ ਜਾਂਦਾ ਹੈ ਕਿ ਪੰਜਾਬੀ ਕਿਉਂ ਨਹੀਂ ਬੋਲੀ ਜਾਂਦੀ। ਹੁਣ ਇਹ ਆਪ ਅੰਗਰੇਜ਼ੀ ਬੋਲ ਰਹੇ ਹਨ।

ਸਰਦਾਰ ਬਲਵੰਤ ਸਿੰਘ : ਤੁਸੀਂ ਜਦੋਂ ਮਨਿਸਟਰ ਸੀ ਤਾਂ ਆਪਣੇ ਜਵਾਬ ਅੰਗਰੇਜ਼ੀ ਵਿਚ ਦਿੰਦੇ ਰਹਿੰਦੇ ਸੀ ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਜਦੋਂ ਬਜਟ ਸਪੀਚ ਡਾਕਟਰ ਸਾਹਿਬ ਨੇ ਪੰਜਾਬੀ ਵਿਚ ਪੜ੍ਹੀ ਹੈ ਤਾਂ ਤੁਸੀਂ ਵੀ ਪੰਜਾਬੀ ਵਿਚ ਬੋਲੋ ।

Mr. Speaker: Please do not disturb the Member.

ਮੈਂ ਫਿਰ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਉਹ ਸਾਰੇ ਬੈਠ ਜਾਣ। ਮੈਂਬਰ ਦੀ ਮਰਜ਼ੀ ਹੈ ਉਹ ਜਿਸ ਲੈਂਗੁਏਜ ਵਿਚ ਪੜ੍ਹਨ ।

ਸਰਦਾਰ ਬਲਵੰਤ ਸਿੰਘ : ਪਰ ਮੈਂ ਕੁਝ ਅਨਪੜ੍ਹ ਆਦਮੀਆਂ ਵਾਸਤੇ ਇਸ ਦਾ ਪੰਜਾਬੀ ਵਿਚ ਉਲੱਥਾ ਕਰ ਦਿੰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਟਰੈਜ਼ਰੀ ਬੈਂਚਿਜ਼ ਵਾਲਿਆਂ ਨੂੰ ਅਨਪੜ੍ਹ ਕਿਹਾ ਹੈ। ਕੀ ਇਹ ਪੰਜਾਬੀ ਬੋਲਣ ਵਾਲੇ ਨੂੰ ਅਨਪੜ੍ਹ ਸਮਝਦੇ ਹਨ ?

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਆਪਣੀ ਸਪੀਚ ਵਿਚ ਇਹ ਕਿਹਾ ਹੈ : "ਪਿਛਲੀ ਸਰਕਾਰ, ਰਾਜਾਂ ਨੂੰ ਭਾਰੀ ਵਿੱਤੀ ਸੋਧਣੀਆਂ ਅਤੇ ਵਿਤੀ ਖੁਦ ਮੁਖਤਾਰੀ ਬਾਰੇ ਬੜੇ ਜ਼ੋਰ ਨਾਲ ਗੱਲਾਂ ਕਰਦੀ ਰਹੀ ਹੈ। ਇਸ ਅਮਲ ਰਾਹੀਂ ਉਨ੍ਹਾਂ ਨੇ ਕੇਂਦਰੀ ਸਰਕਾਰ ਨਾਲ ਟੱਕਰ ਲੈਣ ਦਾ ਰਵੱਈਆ ਅਖਤਿਆਰ ਕੀਤਾ। ਆਪਣੀ ਇਸ ਗਲਤ ਹੱਠ ਧਰਮੀ ਨਾਲ ਉਨ੍ਹਾਂ ਨੇ ਰਾਜਾਂ ਨੂੰ ਸੈਂਟਰਲ ਪਲਾਨ ਸਹਾਇਤਾ ਦੀ ਵੰਡ ਬਾਰੇ ਸਵੈਂ ਅਸਫਲ ਅਤੇ ਗਲਤ ਸੁਝਾਈਆਂ ਤਜਵੀਜ਼ਾਂ ਪੇਸ਼ ਕੀਤੀਆਂ। ਇਸ ਦੇ ਫਲਸਰੂਪ ਗੈਡਗਿਲ ਫਾਰਮੂਲਾ ਜਿਹੜਾ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਵਿਕਾਸ ਦੇ ਪੱਧਰਾਂ ਨੂੰ ਮੁੱਖ ਰਖਦੇ ਹੋਏ, ਬੜਾ ਸੋਚ ਵਿਚਾਰ ਕੇ ਤਿਆਰ ਕੀਤਾ ਗਿਆ ਸੀ, ਵਿਚ ਆਮਦਨ ਐਡਜਸਟਿਡ ਕੁਲ ਆਬਾਦੀ ਫਾਰਮੂਲੇ ਅਨੁਸਾਰ, ਜਿਸ ਨੂੰ ਆਮ ਤੌਰ ਤੇ ਆਈ. ਏ. ਟੀ. ਪੀ. ਦੇ ਫਾਰਮੂਲੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਤਰਮੀਮ ਕੀਤੀ ਗਈ, ਜੋ ਇਸ ਰਾਜ ਲਈ ਨੁਕਸਾਨ ਵਾਲੀ ਗਲ ਸੀ। ਇਸ ਦੇ ਸਿੱਟੇ ਵਜੋਂ ਕੇਂਦਰ ਤੋਂ ਮਿਲਣ ਵਾਲੀ ਸਹਾਇਤਾ ਵਿਚ ਰਾਜ ਦਾ ਹਿੱਸਾ ਜੋ 1978-79 ਵਿਚ 51.00 ਕਰੋੜ ਰੁਪਏ ਸੀ, 1979-80 ਵਿਚ ਘੱਟ ਕੇ 34.74 ਕਰੋੜ ਰੁਪਏ ਰਹਿ ਗਿਆ ।"

ਇਸ ਸਬੰਧ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਇਹ ਕਮਿਊਨਲ ਗਲ ਸੀ, ਜਿਸ ਨਾਲ ਪੰਜਾਬ ਨੂੰ ਭਾਰੀ ਨੁਕਸਾਨ ਹੋਇਆ ਹੈ। ਸ਼ਰ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਅਸੀਂ ਫਾਈਨਾਂਸ਼ਲ ਅਟਾਨੋਮੀ ਦੀ ਗਲ ਕੀਤੀ ਸੀ, ਉਹ ਕਿਉਂ ਕੀਤੀ ਸੀ। ਅਸੀਂ ਇਸ ਸਬੰਧ ਵਿਚ ਫਾਈਨਾਂਸ ਕਮਿਸ਼ਨ ਨੂੰ ਵੀ ਇਕ ਮੈਮੋਰੰਡਮ ਦਿੱਤਾ ਸੀ ਜਿਸ ਵਿਚ ਅਸੀਂ ਲਿਖਿਆ ਸੀ ਕਿ ਇਕ-ਨਾਮਿਕ ਡੀਸੈਂਟਰੇਲਾਈਜ਼ੇਸ਼ਨ ਹੋਵੇ, ਲਾਓਜਰ ਫਾਈਨਾਂਸ਼ਲ ਅਟਾਨੋਮੀ ਹੋਵੇ। ਤਾਂ ਹੀ ਸਾਡੇ ਦੇਸ਼ ਦੀ ਆਰਥਿਕ ਤਰੱਕੀ ਹੋ ਸਕਦੀ ਹੈ ਜੇ ਇਹ ਫਾਈਨਾਂਸ਼ਲ ਅਟਾਨੋਮੀ ਸਟੇਟਾਂ ਨੂੰ ਦਿੱਤੀ ਜਾਵੇ। ਜੋ ਅਸੀਂ ਮੈਮੋਰੰਡਮ ਦਿਤਾ ਸੀ ਉਸ ਵਿਚ ਅਸੀਂ ਲਿਖਿਆ ਸੀ ਕਿ ਇਹ ਪਾਵਰਜ਼ ਦੇਣ ਨਾਲ ਹੀ ਦੇਸ਼ ਦੀ ਅਖੰਡਤਾ ਰਹਿ ਸਕਦੀ ਹੈ। ਉਸ ਵੇਲੇ ਦੇ ਸਾਡੇ ਮੁੱਖ ਮੰਤਰੀ ਜੀ ਨੇ ਨੈਸ਼ਨਲ ਡਿਵੈਲਪਮੈਂਟ ਕੌਂਸਿਲ ਵਿਚ ਜੋ ਸਪੀਚ ਦਿੱਤੀ ਅੌਰ ਜਿਹੜੇ ਆਰਗੂਮੈਂਟ ਦਿੱਤੇ ਉਸ ਦੇ ਨਾਲ ਸਿਰਫ ਜਨਤਾ ਸਰਕਾਰਾਂ ਦੇ ਮੁੱਖ ਮੰਤਰੀ ਹੀ ਨਹੀਂ, ਬਲਕਿ ਜਿਹੜੇ ਸੂਬਿਆਂ ਦੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਸਨ, ਕਰਨਾਟਕਾ, ਆਂਧਰਾ ਪ੍ਰਦੇਸ਼ ਆਦਿ ਉਹ ਵੀ ਇਸ ਗਲ ਵਾਸਤੇ ਸਾਡੇ ਨਾਲ 100 ਫੀ ਸਦੀ ਸਹਿਮਤ ਸਨ। ਉਨ੍ਹਾਂ ਨੇ ਸਾਡੇ ਨਾਲ ਦਸਖਤ ਕੀਤੇ। ਸਾਡੇ ਨਾਲ ਰੈਜ਼ੋਲਿਊਸ਼ਨ ਮੂਵ ਕੀਤੇ ਅੌਰ ਉਸ ਵਿਚ ਕਿਹਾ ਕਿ ਸੈਂਟਰਲ ਅੌਰ ਸਟੇਟ ਦੇ ਰਿਲੇਸ਼ਨਜ਼ ਨੂੰ ਕਾਂਸਟੀਚਿਊਸ਼ਨਲੀ ਰੀਕਾਸਟ ਕਰਨਾ ਚਾਹੀਦਾ ਹੈ; ਰੀਫਰੇਮ ਕਰਨਾ ਚਾਹੀਦਾ ਹੈ। ਇਸ ਗਲ ਤੇ ਸਾਡੇ ਨਾਲ ਹੋਰ ਵੀ ਕਈ ਸੂਬੇ ਸ਼ਾਮਲ ਸਨ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ। ਇਨ੍ਹਾਂ ਨੇ ਆਪਣੀ ਪਾਰਟੀ ਦੀ ਕਾਨਫਰੰਸ ਵਿਚ ਜੋ ਅਟਾਨੋਮੀ ਦੀ ਮੰਗ ਕੀਤੀ ਸੀ ...

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ। ਮੈਂ ਹੁਣ ਪੁਆਇੰਟ ਆਫ ਆਰਡਰ ਅਲਾਓ ਨਹੀਂ ਕਰ ਸਕਦਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵੰਤ ਸਿੰਘ: ਸਪੀਕਰ ਸਾਹਿਬ, ਇਹ ਜਿਹੜੀ ਕਲੈਰੀਫਿਕੇਸ਼ਨ ਲੈਣਾ ਚਾਹੁੰਦੇ ਹਨ ਇਹ ਬਾਅਦ ਵਿਚ ਲੈ ਲੈਣ। ਮੈਂ ਜੋ ਵੀ ਗੱਲ ਕਰ ਰਿਹਾ ਹਾਂ ਉਹ ਰਿਕਾਰਡ ਦੇ ਬੇਸਿਜ਼ ਤੇ ਹੀ ਕਰ ਰਿਹਾ ਹਾਂ। ਸੋ ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਅਸੀਂ ਉਦੋਂ ਇਹ ਕਿਹਾ ਸੀ ਕਿ ਸੈਂਟਰ-ਸਟੇਟ ਦੇ ਫਿਸਕਲ ਰਿਲੇਸ਼ਨਜ਼ ਰੀਕਾਸਟ ਹੋਣੇ ਚਾਹੀਦੇ ਹਨ। ਸਾਡੀ ਗੌਰਮਿੰਟ ਦੀ ਇਹ ਫਿਲਾਸਫੀ ਸੀ ਕਿ ਜਿੰਨੇ ਵੀ ਸੂਬੇ ਦੀ ਤਰੱਕੀ ਦੇ ਕੰਮ ਹਨ ਉਨ੍ਹਾਂ ਦੀ ਜ਼ਿੰਮੇਵਾਰੀ ਤਾਂ ਸੂਬੇ ਦੀ ਸਰਕਾਰ ਦੀ ਹੈ। ਅੱਜ ਹੀ ਇਥੇ ਫਲੱਡਾਂ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ। ਰੋਜ਼ ਸੜਕਾਂ ਬਾਰੇ ਇਥੇ ਜ਼ਿਕਰ ਆਉਂਦਾ ਹੈ, ਹਸਪਤਾਲਾਂ ਵਾਸਤੇ ਜ਼ਿਕਰ ਆਉਂਦਾ ਹੈ। ਇਨ੍ਹਾਂ ਸਭ ਚੀਜ਼ਾਂ ਦੀ ਜ਼ਿੰਮੇਵਾਰੀ ਸੂਬੇ ਦੀ ਸਰਕਾਰ ਦੀ ਹੈ। ਲਾ ਐਂਡ ਆਰਡਰ ਦੀ ਜ਼ਿੰਮੇਵਾਰੀ ਸੂਬੇ ਦੀ ਸਰਕਾਰ ਦੀ ਹੈ। ਇਥੋਂ ਤਕ ਕਿ ਜੋ ਡੈਮ ਵਗੈਰਾ ਇਥੇ ਬਣਦੇ ਹਨ, ਜਿਵੇਂ ਕਿ ਥੀਨ ਡੈਮ ਬਣ ਰਿਹਾ ਹੈ ਉਸ ਤੇ $3\frac{1}{2}$ ਕਰੋੜ ਰੁਪਿਆ ਖਰਚ ਹੋਣਾ ਹੈ, ਉਹ ਖਰਚ ਸਾਡੀ ਸਰਕਾਰ ਨੇ ਹੀ ਕਰਨਾ ਹੈ। ਰੋਪੜ ਥਰਮਲ ਪਲਾਂਟ ਤੇ $4\frac{1}{2}$ ਕਰੋੜ ਰੁਪਿਆ ਖਰਚ ਹੋਣਾ ਹੈ। ਉਹ ਵੀ ਸਾਡੀ ਸਰਕਾਰ ਨੇ ਹੀ ਕਰਨਾ ਹੈ। ਹੋਰ ਬਿਜਲੀ ਦੇ ਕੰਮ, ਸਕੂਲ ਬਣਾਉਣ ਦੇ ਕੰਮ, ਐਗਰੀਕਲਚਰ ਦੇ ਕੰਮ ਅਤੇ ਹਸਪਤਾਲ ਦੇ ਕੰਮ ਸਾਡੀ ਸਰਕਾਰ ਨੇ ਹੀ ਕਰਨੇ ਹਨ। ਇਹ ਸਾਡੀ ਸਰਕਾਰ ਦੀ ਹੀ ਜ਼ਿੰਮੇਵਾਰੀ ਹੈ। ਪਰ ਜਿਹੜੇ ਪੈਸੇ ਇਸ ਸੂਬੇ ਤੋਂ ਇਕੱਠੇ ਹੁੰਦੇ ਹਨ ਉਹ ਦਿੱਲੀ ਦੀ ਸਰਕਾਰ ਲੈ ਜਾਵੇ, ਇਹ ਠੀਕ ਨਹੀਂ। ਇਸ ਗਲ ਦੀ ਮੰਗ ਸਾਡੀ ਸਰਕਾਰ ਨੇ ਕੀਤੀ ਸੀ। ਅਸੀਂ ਕਹਿੰਦੇ ਸੀ ਕਿ ਜੇ ਤਰੱਕੀ ਦੇ ਸਾਰੇ ਕੰਮ ਸਾਡੀ ਸਰਕਾਰ ਕਰਦੀ ਹੈ ਤਾਂ ਫਿਰ ਪੈਸੇ ਦਿੱਲੀ ਦੀ ਸਰਕਾਰ ਕਿਉਂ ਲੈ ਜਾਵੇ। ਸਾਡੇ ਕੋਲ ਜਿਹੜੇ ਟੈਕਸ ਹਨ, ਜਿਵੇਂ ਸੇਲਜ਼ ਟੈਕਸ, ਇਹੋ ਜਿਹੇ ਜਿਹੜੇ ਟੈਕਸ ਹੁੰਦੇ ਹਨ ਉਹ ਜ਼ਰਾ ਜਿੰਨੇ ਵੱਧਣ ਤਾਂ ਐਜੀਟੇਸ਼ਨਾਂ ਸ਼ੁਰੂ ਹੋ ਜਾਂਦੀਆਂ ਹਨ। ਹੁਣੇ ਵੇਖਣਾ, ਡਾਕਟਰ ਸਾਹਿਬ ਨੂੰ ਮੁਸ਼ਕਿਲ ਆਵੇਗੀ ਜਦੋਂ ਇਥੇ ਬਿਜਲੀ ਦੇ ਰੇਟ ਬਾਰੇ ਅੰਦਰ ਸੇਲਜ਼ ਟੈਕਸ ਬਾਰੇ ਰੌਲਾ ਪਵੇਗਾ। ਪਰ ਦਿੱਲੀ ਦੀ ਸਰਕਾਰ ਜਿਹੜੇ ਟੈਕਸ ਲਾਕੇ ਪੈਸੇ ਇਕੱਠੇ ਕਰਦੀ ਹੈ ਜਿਵੇਂ ਕਿ ਐਕਸਾਈਜ਼ ਡਿਊਟੀ ਹੈ, ਕਾਰਪੋਰੇਸ਼ਨ ਟੈਕਸ ਹੈ, ਇਸ ਤੇ ਕੋਈ ਰੌਲਾ ਨਹੀਂ ਪੈਂਦਾ ਅੰਦਰ ਇਹ ਪੈਸਾ ਸਾਰਾ ਹੀ ਦਿੱਲੀ ਦੀ ਸਰਕਾਰ ਲੈ ਜਾਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਕੋਲ ਜ਼ਿਆਦਾ ਪ੍ਰਾਇਮਰੀ ਸਕੂਲ ਹੋਣ ਅਤੇ ਹਸਪਤਾਲ ਹੋਣ। ਪਰ ਅਸੀਂ ਉਹ ਵੀ ਨਹੀਂ ਬਣਾ ਸਕਦੇ ਕਿਉਂਕਿ ਸਾਡੇ ਕੋਲ ਪੈਸੇ ਨਹੀਂ ਹਨ। ਪਰ ਦਿੱਲੀ ਦੀ ਸਰਕਾਰ ਇਹ ਸਮਝਦੀ ਹੈ ਕਿ ਅਸ਼ੋਕਾ ਹੋਟਲ ਜ਼ਰੂਰੀ ਹੈ ਅੰਦਰ ਉਹ ਅਸ਼ੋਕਾ ਹੋਟਲ ਵੀ ਬਣਾ ਲੈਂਦੀ ਹੈ। ਸਾਡੇ ਲਈ ਸੜਕਾਂ ਜ਼ਰੂਰੀ ਹਨ, ਹਸਪਤਾਲ ਜ਼ਰੂਰੀ ਹਨ, ਸਕੂਲ ਜ਼ਰੂਰੀ ਹਨ। ਅਸੀਂ ਇਹ ਨਹੀਂ ਬਣਾ ਸਕਦੇ, ਪਰ ਦਿੱਲੀ ਦੀ ਸਰਕਾਰ ਅਸ਼ੋਕਾ ਹੋਟਲ ਬਣਾ ਲੈਂਦੀ ਹੈ। ਇਥੇ ਕਿਹਾ ਗਿਆ ਹੈ ਕਿ ਅਸੀਂ ਅਕਾਲੀ ਸਰਕਾਰ ਨਾਲੋਂ ਵੱਧ ਪ੍ਰਾਇਮਰੀ ਸਕੂਲ ਬਣਾਵਾਂਗੇ। ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਕੋਲ ਪੈਸੇ ਹੀ ਨਹੀਂ ਹਨ। ਇਨ੍ਹਾਂ ਨੇ ਇਹ ਵੀ ਨਹੀਂ ਕਰ ਸਕਣਾ। ਪਲਾਨ ਅੱਗੇ ਨਾਲੋਂ ਵੀ ਘੱਟ ਗਿਆ ਹੈ। (ਵਿਘਨ) ਠੀਕ ਹੈ ਤੁਹਾਡੇ ਲਈ ਅਸ਼ੋਕਾ ਹੋਟਲ ਜ਼ਰੂਰੀ ਹੋਵੇਗਾ ਪਰ ਸਾਡੇ ਲਈ ਤਾਂ ਪ੍ਰਾਇਮਰੀ ਸਕੂਲ ਜ਼ਰੂਰੀ ਹਨ। (ਵਿਘਨ)

ਸ਼੍ਰੀ ਸਪੀਕਰ: ਤੁਸੀਂ ਆਪਣੀ ਸਪੀਚ ਜਾਰੀ ਰੱਖੋ।

ਸਰਦਾਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਸੀ ਕਿ ਕਾਂਸਟੀਚਿਊਸ਼ਨ ਵਿਚ ਜਿਹੜੀ ਕੰਟਰਾਡਿਕਸ਼ਨ ਸੀ ਅਸੀਂ ਉਸ ਲਈ ਰਿਆਲਿਸਟਿਕ ਫਿਲਾਸਫੀ ਡਿਵੈਲਪ ਕੀਤੀ ਅੰਦਰ ਇਸ ਫਿਲਾਸਫੀ ਨੂੰ ਦਿੱਲੀ ਲੈ ਕੇ ਗਏ ਅੰਦਰ ਇਸ ਫਿਲਾਸਫੀ ਨਾਲ ਸੈਂਟਰਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਗੌਰਮਿੰਟ ਦੇ ਬਹੁਤ ਸਾਰੇ ਵਜ਼ੀਰ ਵੀ ਸਹਿਮਤ ਸਨ। ਬਰਨਾਲਾ ਜੀ ਉਸ ਵੇਲੇ ਸੈਂਟਰ ਦੇ ਮਨਿਸਟਰ ਸਨ। ਉਹ ਵੀ ਸਾਡੇ ਨਾਲ ਸਹਿਮਤ ਸਨ। ਹੁਣ ਤੁਸੀਂ ਦਸੋ ਕਿ ਅਸੀਂ ਇਸ ਵਿਚ ਕਿਹੜੀ ਕਮਿਊਨਲ ਗਲ ਕੀਤੀ ਸੀ ?

ਸਪੀਕਰ ਸਾਹਿਬ, ਛੇਵੇਂ ਫਾਈਨਾਂਸ ਕਮਿਸ਼ਨ ਵਿਚ ਸਾਡੇ ਮੁੱਖ ਮੰਤਰੀ ਜੀ ਨੇ ਇਹ ਸਪੀਚ ਕੀਤੀ ਕਿ ਜਿਹੜਾ ਡਿਵੀਜ਼ਬਲ ਪੂਲ ਹੈ ਇਸ ਨੂੰ ਹੋਰ ਚੌੜਾ ਕੀਤਾ ਜਾਵੇ। ਪਹਿਲੇ ਇਸ ਡਿਵੀਜ਼ੀਬਲ ਪੂਲ ਵਿਚ 20% ਐਕਸਾਈਜ਼ ਡਿਊਟੀ ਸੀ ਅਸੀਂ ਕਿਹਾ ਕਿ ਇਸ ਪੂਲ ਵਿਚ ਇਨਕਮ ਟੈਕਸ ਅਤੇ ਕਾਰਪੋਰੇਸ਼ਨ ਟੈਕਸ ਵੀ ਸ਼ਾਮਲ ਹੋਣੇ ਚਾਹੀਦੇ ਹਨ। ਇਨਕਮ ਟੈਕਸ ਤੇ ਜਿਹੜਾ ਸਰਚਾਰਜ ਲਗਦਾ ਹੈ ਉਹ ਵੀ ਇਸ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ। ਮੈਂ ਦੱਸਦਾ ਹਾਂ ਕਿ ਅਸੀਂ ਇਹ ਕਿਉਂ ਕਿਹਾ ਕਿ ਕਾਰਪੋਰੇਸ਼ਨ ਟੈਕਸ ਸ਼ਾਮਲ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਤੁਸੀਂ ਇਹ ਜਾਣਦੇ ਹੋ ਕਿਉਂਕਿ ਤੁਸੀਂ ਤਾਂ ਕੰਪਨੀਆਂ ਨੂੰ ਡੀਲ ਕਰਦੇ ਹੋ। ਰਾਜਪੁਰਾ, ਲੁਧਿਆਣਾ ਵਗੈਰਾ ਵਿਚ ਜਿਹੜੀਆਂ ਇੰਡਸਟਰੀਆਂ ਲਗੀਆਂ ਹਨ, ਜਿਹੜੇ ਫੋਕਲ ਪੁਆਇੰਟ ਬਣਾਏ ਗਏ ਹਨ ਉਨ੍ਹਾਂ ਨੂੰ ਕਈ ਫੈਸਿਲਿਟੀਜ਼ ਦੇਣੀਆਂ ਪੈਂਦੀਆਂ ਹਨ। ਉਨ੍ਹਾਂ ਤੇ ਕਈ ਵਾਰ ਸੇਲਜ਼ ਟੈਕਸ ਵੀ ਮੁਆਫ ਕਰਨਾ ਪੈਂਦਾ ਹੈ। ਲੇਕਿਨ ਜਦੋਂ ਪਰੋਡਕਸ਼ਨ ਸ਼ੁਰੂ ਹੁੰਦੀ ਹੈ ਤਾਂ ਉਸ ਤੋਂ ਜਿਹੜਾ ਟੈਕਸ ਆਉਂਦਾ ਹੈ ਉਹ ਦਿੱਲੀ ਦੀ ਸਰਕਾਰ ਲੈ ਜਾਂਦੀ ਹੈ। ਇਸ ਨੂੰ ਕਾਰਪੋਰੇਸ਼ਨ ਟੈਕਸ ਕਿਹਾ ਜਾਂਦਾ ਹੈ। ਇਸ ਤਰ੍ਹਾਂ ਨਾਲ ਸਾਡੇ ਪੰਜਾਬ ਦਾ $14\frac{1}{2}$ ਕਰੋੜ ਰੁਪਿਆ ਟੈਕਸਾਂ ਦਾ ਇਕੱਠਾ ਹੁੰਦਾ ਹੈ ਜਿਹੜਾ ਕਿ ਦਿੱਲੀ ਦੀ ਸਰਕਾਰ ਲੈ ਜਾਂਦੀ ਹੈ। ਅਸੀਂ ਇਹ ਕਿਹਾ ਕਿ ਇਹ ਪੈਸਾ ਸਾਨੂੰ ਦਿਤਾ ਜਾਵੇ। ਜਿਸ ਨੂੰ ਇਹ ਕਮਿਊਨਲ ਸਲੋਗਨਜ਼ ਕਹਿੰਦੇ ਹਨ। ਇਸੇ ਤਰ੍ਹਾਂ ਹੀ ਐਕਸਾਈਜ਼ ਡਿਊਟੀ ਤੋਂ 1978-79 ਵਿਚ 6 ਹਜ਼ਾਰ ਕਰੋੜ ਰੁਪਿਆ ਇਕਠਾ ਹੋਇਆ ਜਿਹੜਾ ਕਿ ਦਿਲੀ ਦੀ ਸਰਕਾਰ ਨੂੰ ਚਲਾ ਗਿਆ। ਅਸੀਂ ਇਹ ਕਹਿੰਦੇ ਹਾਂ ਕਿ ਇਹ ਜਿਹੜਾ ਟੈਕਸਾਂ ਦਾ ਪੈਸਾ ਇਕੱਠਾ ਹੁੰਦਾ ਹੈ ਇਸ ਨੂੰ ਠੀਕ ਢੰਗ ਨਾਲ ਤਕਸੀਮ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਸਾਡੇ ਪੰਜਾਬ ਦੀ ਆਬਾਦੀ $1\frac{1}{2}$ ਪ੍ਰਤੀਸ਼ਤ ਹੈ ਪਰ ਜਿਹੜੀ ਖੰਡ ਦੀ ਇਥੇ ਕਨਜ਼ੰਪਸ਼ਨ ਹੈ ਉਹ 5% ਹੈ। ਇਸੇ ਤਰ੍ਹਾਂ ਟੈਕਸਟਾਈਲਜ਼ ਦੀ ਕਨਜ਼ੰਪਸ਼ਨ ਵੀ 5% ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਟੈਕਸਾਂ ਦਾ ਹਿਸਾ ਕਨਜ਼ੰਪਸ਼ਨ ਪੈਟਰਨ ਤੇ 5% ਦਿਤਾ ਜਾਵੇ ਅੱਰ ਐਕਸਾਈਜ਼ ਡਿਊਟੀ ਫਿਫਟੀ-ਫਿਫਟੀ ਦਿੱਤੀ ਜਾਵੇ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੈ ਕਿ ਅੱਜ ਜਿਸਨੂੰ ਇਹ ਕਮਿਊਨਲ ਸਲੋਗਨ ਕਹਿੰਦੇ ਹਨ, ਇਸ ਸਲੋਗਨ ਦੇ ਨਾਲ ਹੀ ਪਹਿਲਾਂ ਜਿਹੜਾ ਸਾਨੂੰ ਐਕਸਾਈਜ਼ ਡਿਊਟੀ ਦਾ 20% ਹਿੱਸਾ ਮਿਲਦਾ ਸੀ ਉਸਦਾ ਹੁਣ ਸਾਨੂੰ 40% ਹਿੱਸਾ ਮਿਲਣ ਲਗ ਪਿਆ ਸੀ। (ਤਾੜੀਆਂ) ਸਪੀਕਰ ਸਾਹਿਬ, ਇਨਕਮ ਟੈਕਸ 80% ਦੀ ਬਜਾਏ ਜਨਤਾ ਸਰਕਾਰ ਨੇ 85% ਕਰ ਦਿਤਾ। ਜਿਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਐਨ. ਡੀ. ਸੀ. ਵਿਚ ਐਡੀਸ਼ਨਲ ਐਕਸਾਈਜ਼ ਡਿਊਟੀ ਵੰਡਣ ਲਈ ਕਨਜ਼ੰਪਸ਼ਨ ਪੈਟਰਨ ਦਾ ਫਾਰਮੂਲਾ ਲਾਗੂ ਕਰਨ ਲਈ ਸਪੋਰਟ ਕੀਤਾ ਸੀ ਤਾਂ ਜਨਤਾ ਸਰਕਾਰ ਨੇ, ਸਪੀਕਰ ਸਾਹਿਬ, ਉਹ ਵੀ ਮੰਨਿਆ। ਕੀ ਇਹ ਕਮਿਊਨਲ ਸਲੋਗਨ ਸੀ। ਲੇਕਿਨ ਇਨ੍ਹਾਂ ਨੇ ਬਹੁਤ ਵੱਡੀ ਕਮਿਊਨਲ ਗੱਲ ਕਹੀ ਹੈ। ਸਪੀਕਰ ਸਾਹਿਬ, ਦਿੱਲੀ ਸਰਕਾਰ ਕੋਲ ਸਮਾਲ ਸੇਵਿੰਗਜ਼ ਦੇ ਪੈਸੇ ਇਕੱਠੇ ਹੁੰਦੇ ਹਨ। ਉਸ ਵਿਚੋਂ ਸਾਨੂੰ 2/3 ਹਿੱਸਾ ਦਿੰਦੇ ਹਨ ਅਤੇ ਸੈਂਟਰ ਦੀ ਸਰਕਾਰ 1/3 ਹਿੱਸਾ ਆਪਣੇ ਕੋਲ ਰਖਦੀ ਹੈ। ਸੂਬਿਆਂ ਕੋਲੋਂ ਇਹ ਪੈਸਾ ਇਕੱਠਾ ਹੁੰਦਾ ਹੈ। ਬੰਗਾਲ, ਪੰਜਾਬ, ਕੈਰਲਾ ਅਤੇ ਯੂ. ਪੀ. ਵਿਚੋਂ ਪੈਸਾ ਜ਼ਿਆਦਾ ਮਿਲਦਾ ਹੈ ਪਰ ਉਨ੍ਹਾਂ ਸੂਬਿਆਂ ਨੂੰ ਘੱਟ ਪੈਸਾ ਮੋੜਿਆ ਜਾਂਦਾ ਹੈ। ਇਹ ਬਹੁਤ ਮਾੜੀ ਗੱਲ ਹੈ। ਅਸੀਂ ਜ਼ੋਰ ਪਾਇਆ ਕਿ ਜਿਤਨਾ ਪੈਸਾ ਕਿਸੇ ਸੂਬੇ ਵਿਚੋਂ ਇਕੱਠਾ ਹੋਵੇ ਉਤਨਾ ਹੀ ਪੈਸਾ ਉਸ ਸੂਬੇ ਨੂੰ ਮਿਲੇ। ਸਪੀਕਰ ਸਾਹਿਬ, ਪੰਜਵੀਂ ਗੱਲ

Original with;
Punjab Vidhan Sabha
Digitized by;
Panjab Digital Library

ਮਾਰਕਿਟ ਬਾਰੋਇੰਗ ਦੀ ਹੈ। ਕੁਲ 5,941 ਕਰੋੜ ਰੁਪਿਆ ਮਾਰਕਿਟ ਬਾਰੋਇੰਗ ਦਾ ਹੈ ਇਹ ਲੌਂਗ ਟਰਮ ਲੋਨ 25,25 ਸਾਲਾਂ ਵਾਸਤੇ ਦਿੱਤਾ ਜਾਂਦਾ ਹੈ। ਸਪੀਕਰ ਸਾਹਿਬ, 5,941 ਕਰੋੜ ਰੁਪਏ ਵਿਚੋਂ ਸਾਨੂੰ ਸੈਂਟਰ ਨੇ 1306 ਕਰੋੜ ਰੁਪਿਆ ਦਿਤਾ ਇਸ ਪੈਸੇ ਵਿਚੋਂ 22% ਸੂਬੇ ਨੂੰ ਦਿਤਾ ਗਿਆ ਅਤੇ 78% ਦਿਲੀ ਵਾਲਿਆਂ ਨੇ ਰਖ ਲਿਆ । ਇਹ ਮਾੜੀ ਗਲ ਹੈ। ਅਸੀਂ ਕਿਹਾ ਕਿ ਸਾਰੇ ਦਾ ਸਾਰਾ ਸਾਨੂੰ ਦਿਉ। ਕੀ ਸਾਡੀ ਇਹ ਕਮਿਊਨਲ ਡੀਮਾਂਡ ਸੀ ? (ਥੰਪਿੰਗ) ਸਪੀਕਰ ਸਾਹਿਬ, ਇੰਟਰਨੈਸ਼ਨਲ ਲੋਨਜ਼ ਦੀ ਗੱਲ ਲੈ ਲਵੋ ਇਸ ਬਾਰੇ ਟ੍ਰੀਬਿਊਨ ਅਖਬਾਰ ਵਿਚ ਵੀ ਆਇਆ ਹੈ। ਅਸੀਂ ਇਕ ਨਵਾਂ ਫੀਚਰ ਇੰਸਟੀਚਿਊਸ਼ਨਲ ਫਾਈਨਾਂਸ ਦਾ ਇਨਟਰੋਡਿਊਸ ਕੀਤਾ । 1969 ਵਿਚ ਪੰਜਾਬ ਟਰੈਕਟਰਜ਼ ਲਈ ਵਰਲਡ ਬੈਂਕ ਤੋਂ ਲੋਨ ਲਿਆ। ਵਰਲਡ ਬੈਂਕ ਤੋਂ ਸੀਵਰੇਜ ਵਾਸਤੇ ਸਪੀਕਰ ਸਾਹਿਬ, ਅਸੀਂ 67 ਕਰੋੜ ਰੁਪਿਆ ਲੋਨ ਲਿਆ ਅਤੇ ਕੰਡੀ ਏਰੀਏ ਵਾਸਤੇ 42 ਕਰੋੜ ਰੁਪਿਆ ਲੋਨ ਲਿਆ । (ਵਿਘਨ) (ਥੰਪਿੰਗ) ਸਪੀਕਰ ਸਾਹਿਬ, ਸਾਡੀ ਇਹ ਡੀਮਾਂਡ ਸੀ ਕਿ ਜਿਤਨਾ ਲੋਨ ਬਾਹਰੋਂ ਆਉਂਦਾ ਹੈ ਉਤਨਾ ਹੀ ਸਾਨੂੰ ਦੇ ਦਿਉ । ਸੈਂਟਰ ਵਾਲੇ ਅੱਧਾ ਰੁਪਿਆ ਸਾਨੂੰ ਦਿੰਦੇ ਸੀ ਅਤੇ ਅੱਧਾ ਆਪਣੇ ਕੋਲ ਰਖਦੇ ਸੀ। ਪਰ ਅਸੀਂ ਸਾਰਾ ਮੰਗਦੇ ਸੀ । (ਥੰਪਿੰਗ) (ਵਿਘਨ) ਸੈਂਟਰ ਵਾਲੇ ਸਪੀਕਰ ਸਾਹਿਬ, ਵਰਲਡ ਬੈਂਕ ਤੋਂ 1% ਸੂਦ ਤੇ ਲੋਨ ਲੈਂਦੇ ਹਨ ਪਰ ਸਾਨੂੰ $8\frac{1}{2}\%$ ਤੇ ਦਿੰਦੇ ਹਨ । ਕਿਉਂ ਇਸ ਤਰ੍ਹਾਂ ਦਿੱਲੀ ਦੀ ਸਰਕਾਰ ਕਰੇ ? ਫਿਰ ਸਪੀਕਰ ਸਾਹਿਬ, ਸਾਨੂੰ ਕਹਿੰਦੇ ਹਨ ਕਿ ਅਸੀਂ ਕਮਿਊਨਲ ਸਲੋਗਨ ਰੇਜ਼ ਕੀਤਾ ਹੈ। ਸਪੀਕਰ ਸਾਹਿਬ, ਅਸੀਂ ਸੈਂਟਰ ਵਾਲਿਆਂ ਤੋਂ ਮੰਗ ਕਰਦੇ ਰਹੇ ਇਸ ਦਾ ਅਸਰ ਇਹ ਹੋਇਆ ਕਿ ਸਾਨੂੰ 100% ਤਾਂ ਨਹੀਂ ਮਿਲਿਆ ਪਰ ਸਾਨੂੰ 50% ਦੀ ਬਜਾਏ 70% ਉਨ੍ਹਾਂ ਨੂੰ ਦੇਣਾ ਪਿਆ। (ਥੰਪਿੰਗ) ਕੀ ਸਪੀਕਰ ਸਾਹਿਬ, ਇਸ ਤਰ੍ਹਾਂ ਕਰਨ ਨਾਲ ਸੂਬੇ ਦਾ ਨੁਕਸਾਨ ਹੋਇਆ ਹੈ ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਨੁਕਸਾਨ ਕਿਥੇ ਹੋਇਆ ਹੈ। ਸਪੀਕਰ ਸਾਹਿਬ, ਹੁਣ ਗੈਡਗਿਲ ਫਾਰਮੂਲੇ ਨੂੰ ਲੈ ਲਉ। ਗੈਡਗਿਲ ਫਾਰਮੂਲਾ ਕੀ ਹੈ ? ਇਸ ਫਾਰਮੂਲੇ ਦੇ ਮੁਤਾਬਿਕ 60% ਸੈਂਟਰਲ ਅਸਿਸਟੈਂਸ ਪਾਪੂਲੇਸ਼ਨ ਬੇਸਿਜ਼ ਤੇ 10% ਪਰ ਕੈਪਿਟਾ ਇਨਕਮ ਜਿਸ ਦੀ ਘਟ ਹੋਵੇ ਉਸਨੂੰ ਅਤੇ 10% ਸਪੈਸ਼ਲ ਪਰਾਬਲਮਜ਼ ਨੂੰ ਮੁੱਖ ਰੱਖ ਕੇ ਮਿਲਦੀ ਸੀ। ਸਾਡੇ ਸੂਬੇ ਨੂੰ ਸਪੈਸ਼ਲ ਪਰਾਬਲਮਜ਼ ਦੇ ਬੇਸਿਜ਼ ਤੇ ਕਦੇ ਇਕ ਧੇਲਾ ਤੱਕ ਨਹੀਂ ਮਿਲਿਆ । ਅਸੀਂ ਕਿਹਾ ਕਿ ਬਾਕੀ ਸਾਰੀਆਂ ਗਲਾਂ ਛੱਡੋ। ਇਸ ਦੇ ਵਿਚ ਤਬਦੀਲੀ ਕਰੋ । ਪਿਛਲੇ 30 ਸਾਲਾਂ ਵਿਚ ਸਪੈਸ਼ਲ ਪ੍ਰਾਬਲਮਜ਼ ਦੇ ਆਧਾਰ ਤੇ ਕੋਈ ਪੈਸਾ ਪੰਜਾਬ ਨੂੰ ਨਹੀਂ ਮਿਲਿਆ ਸਾਡੇ ਦੇਸ਼ ਵਿਚ ਸਭ ਤੋਂ ਵੱਡੀ ਪਰਾਬਲਮ ਹਰੀਜਨਾਂ ਦੀ ਹੈ। 10% ਸੈਂਟਰਲ ਅਸਿਸਟੈਂਸ ਉਸ ਸੂਬੇ ਨੂੰ ਦਿਉ ਜਿਥੇ ਕਿ ਹਰੀਜਨ ਜ਼ਿਆਦਾ ਹੋਣ। ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਵਿਚ ਦੂਜੇ ਸੂਬਿਆਂ ਦੇ ਮੁਕਾਬਲੇ ਹਰੀਜਨ ਸਭ ਤੋਂ ਜ਼ਿਆਦਾ ਹਨ। ਅਸੀਂ ਹਰੀਜਨਾਂ ਲਈ ਗੈਡਗਿਲ ਫਾਰਮੂਲੇ ਦੇ ਅਧੀਨ 10% ਸੈਂਟਰਲ ਅਸਿਸਟੈਂਸ ਮੰਗੀ ਹੈ। ਕੀ ਇਹ ਕਮਿਊਨਲ ਮੰਗ ਸੀ ? (ਥਪਿਗ) ਅਸੀਂ ਇਹ ਗੱਲ ਗੈਡਗਿਲ ਫਾਰਮੂਲੇ ਵਿਚ ਮਨਵਾਈ ਸੀ । (ਵਿਘਨ) (ਸ਼ੋਰ)

ਸ਼੍ਰੀ ਚਮਨ ਲਾਲ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੇਰੇ ਕੋਲ ਦੋ ਡਾਕੂਮੈਂਟਸ ਮੌਜੂਦ ਹਨ । ਇੱਕ ਡਾਕੂਮੈਂਟ ਉਹ ਹੈ ਜਿਹੜਾ ਅਸੀਂ ਮੈਮੋਰੰਡਮ ਦੀ ਸ਼ਕਲ ਵਿਚ ਸਤਵੇਂ ਫਾਈਨਾਂਸ ਕਮਿਸ਼ਨ ਨੂੰ ਡੀਸੈਂਟਰੇਲਾਈਜੇਸ਼ਨ ਆਫ ਇਕਨਾਮਿਕ ਪਾਵਰਜ਼ ਦੇ ਲਈ ਪੇਸ਼ ਕੀਤਾ। ਦੂਜਾ ਡਾਕੂਮੈਂਟ ਜਿਹੜੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਬਾਦਲ ਸਾਹਿਬ ਨੇ ਸਪੀਚ ਨੈਸ਼ਨਲ ਡਿਵੈਲਪਮੈਂਟ ਕੌਂਸਲ ਵਿਚ ਦਿਤੀ ਉਹ ਹੈ । ਮੈਂ ਇਨ੍ਹਾਂ ਨੂੰ (ਸਾਹਮਣੇ ਬੈਠੇ ਬੈਂਚਾਂ ਤੇ ਇਸ਼ਾਰਾ ਕਰਕੇ) ਚੈਲੰਜ ਕਰਦਾ ਹਾਂ ਕਿ ਇਹ ਇਥੇ ਹਾਊਸ ਵਿਚ ਦਸਣ ਕਿ ਕਿਥੇ ਨੁਕਸਾਨ ਹੋਇਆ ਹੈ। । ਸਪੀਕਰ ਸਾਹਿਬ, ਛੇਵੇਂ ਫਾਈਨਾਂਸ ਕਮਿਸ਼ਨ ਵਿਚ ਇਨ੍ਹਾਂ ਨੂੰ 168 ਕਰੋੜ ਰੁਪਏ ਮਿਲੇ। ਪਰ ਸਾਨੂੰ ਸਤਵੇਂ ਫਾਈਨਾਂਸ ਕਮਿਸ਼ਨ ਵਿਚ 419 ਕਰੋੜ ਰੁਪਏ ਮਿਲੇ (ਬੰਪਿੰਗ) ਅਸੀਂ ਇਸ ਕਰਕੇ ਹੀ ਪਹਿਲਾਂ ਪੰਜਾਬ ਦੇ ਲੋਕਾਂ ਤੇ ਕੋਈ ਟੈਕਸ ਨਹੀਂ ਲਗਾਇਆ ਸੀ। ਇਸ ਕਰਕੇ ਹੀ ਸੂਬੇ ਦੀ ਤਰੱਕੀ ਹੋਈ ਸੀ। ਇਹ ਰੁਪਿਆ ਸਾਡੇ ਸੂਬੇ ਨੂੰ ਡੀਸੈਂਟਰੇਲਾਈਜੇਸ਼ਨ ਆਫ ਇਕਨਾਮਿਕ ਪਾਵਰਜ਼ ਦੇ ਥੱਲੇ ਹੀ ਮਿਲਿਆ ਸੀ। ਇਸ ਲਈ ਸਪੀਕਰ ਸਾਹਿਬ, ਡਾਕਟਰ ਕੇਵਲ ਕ੍ਰਿਸ਼ਨ ਨੂੰ ਸਾਨੂੰ ਅੱਪਰੀਸ਼ੀਏਟ ਕਰਨਾ ਚਾਹੀਦਾ ਸੀ । ਮੈਂ ਡਾਕਟਰ ਕੇਵਲ ਕ੍ਰਿਸ਼ਨ ਹੋਰਾਂ ਨੂੰ ਕਹਾਂਗਾ ਕਿ ਤੁਸੀਂ ਇਨ੍ਹਾਂ ਲਾਈਨਾਂ ਤੇ ਹੀ ਦਿੱਲੀ ਦੀ ਸਰਕਾਰ ਕੋਲੋਂ ਰੁਪਿਆ ਮੰਗੋ। ਮੈਂ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ ਕਿ ** ** **

Doctor Kewal Krishan : The Hon. Member is casting aspersion on Parliament.

Sardar Balwant Singh : I am not casting any aspersion on Parliament.

3.35 ਵਜੇ ਸ਼ਾਮ (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬੀਰਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਪਾਰਲੀਮੈਂਟ ਦੇ ਬਾਰੇ ਜੋ ਕੁਝ ਇਥੇ ਇਹ ਫਰਮਾ ਰਹੇ ਹਨ ਉਹ ਸਾਰਾ ਕੁਝ ਐਕਸਪੰਜ ਹੋਣਾ ਚਾਹੀਦਾ ਹੈ। ਹਿਦੁਸਤਾਨ ਦਾ ਜੋ ਵਿਧਾਨ ਹੈ ਉਸ ਦੇ ਮੁਤਾਬਿਕ ਪਾਰਲੀਮੈਂਟ ਨੂੰ ਇਥੇ ਡਿਸਕਸ ਨਹੀਂ ਕਰ ਸਕਦੇ।

ਸਰਦਾਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਬਜਟ ਵਲ ਆਉਂਦਾ ਹਾਂ (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਕੀ ਕੰਸਟੀਚਿਊਸ਼ਨ ਦੇ ਮੁਤੱਲਕ ਇਥੇ ਕੋਈ ਡਿਸਕਸ਼ਨ ਹੋ ਸਕਦੀ ਹੈ । ਇਸ ਬਾਰੇ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਡਿਪਟੀ ਸਪੀਕਰ ਸਾਹਿਬ, ਹੁਣੇ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਸੀ ਕਿ ** ** ** ਪਾਰਲੀਮੈਂਟ ਸੈਂਟਰ ਸਰਕਾਰ ਦੀ ਹੈ। ਹਾਊਸ ਵਿਚ ਇਹੋ ਜਿਹੇ ਸ਼ਬਦ ਰਿਕਾਰਡ ਤੇ ਨਹੀਂ ਆਉਣੇ ਚਾਹੀਦੇ ਕਿ ** ** ਇਹ ਕੋਈ ਅੱਛੇ ਸ਼ਬਦ ਨਹੀਂ ਹਨ। ਇਹ ਐਕਸਪੰਜ ਹੋਣੇ ਚਾਹੀਦੇ ਹਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

Sardar Balwant Singh : This is not unparliamentary. This is according to law.

Shri Gopal Krishan Chatrath : You cannot discuss Parliament. You cannot discuss even Haryana.

Mr. Deputy Speaker : Those words are expunged.

ਸਰਦਾਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 300 ਕਰੋੜ ਰੁਪਏ ਦਾ ਪਲਾਨ ਲਿਆਂਦਾ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ 300 ਕਰੋੜ ਰੁਪਏ ਦੇ ਰਿਸੋਰਸਿਜ਼ ਕਿਥੇ ਹਨ ? 70 ਕਰੋੜ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ, ਜਿਸ ਨਾਲ ਇਹ ਪਲੈਨ ਸਿਰਫ 230 ਕਰੋੜ ਰੁਪਏ ਦੀ ਰਹਿ ਜਾਂਦੀ ਹੈ । ਹਣ ਮੈਂ ਪ੍ਰਾਈਸ ਰਾਈਜ਼ ਵਲ ਆ ਰਿਹਾ ਹਾਂ । ਗੌਰਮਿੰਟ ਆਫ ਇੰਡੀਆ ਨੇ ਮਿਤੀ 28 ਜੂਨ, 1980 ਨੂੰ (ਜੂਨ ਦੇ ਅਖੀਰਲੇ ਹਫਤੇ ਵਿਚ) ਮੰਨਿਆ ਹੈ ਕਿ 4-1/2 ਪੁਆਇੰਟ ਹੋਲ ਸੇਲ ਪ੍ਰਾਈਸ ਇੰਡੈਕਸ ਵੱਧਿਆ ਹੈ । ਜਦੋਂ ਕਿ ਪਿਛਲੇ 26 ਮਹੀਨਿਆਂ ਵਿਚ ਸਿਰਫ 26 ਪੁਆਇੰਟਸ ਵਧੇ ਸਨ । ਜੇ ਇਸ ਤਰ੍ਹਾਂ ਇਹ ਪ੍ਰਾਈਸ ਇੰਡੈਕਸ ਵੱਧਦਾ ਗਿਆ ਤਾਂ ਇੰਪਲਾਈਜ਼ ਨੂੰ ਹਰ ਮਹੀਨੇ ਬਾਅਦ ਇਕ ਮਹਿੰਗਾਈ ਦੀ ਕਿਸ਼ਤ ਦੇਣੀ ਪਏਗੀ ਅੱਤ 12 ਮਹੀਨਿਆਂ ਵਿਚ 12 ਕਿਸ਼ਤਾਂ ਦੇਣੀਆਂ ਪੈਣਗੀਆਂ । ਇਹ ਜਿਹੜਾ 230 ਕਰੋੜ ਰਪਏ ਦਾ ਪਲੈਨ ਰਹਿ ਗਿਆ ਹੈ, ਇਹ 150 ਕਰੋੜ ਰੁਪਏ ਦਾ ਰਹਿ ਜਾਏਗਾ । ਸਹੀ ਤੌਰ ਤੇ ਪਲੈਨ 230 ਕਰੋੜ ਰੁਪਏ ਦਾ ਹੈ । ਪਰ 22 ਫੀ ਸਦੀ ਰੇਟ ਆਫ ਇਨਫਲੇਸ਼ਨ ਕਾਊਂਟ ਕਰਕੇ ਇਹ ਪਲੈਨ ਸਿਰਫ 180 ਕਰੋੜ ਰੁਪਏ ਦਾ ਵਰਕ ਆਊਟ ਕਰ ਸਕਦੇ ਹਾਂ । ਇਹ ਜਿਹੜਾ ਪਲੈਨ ਹੈ, ਇਹ ਸਿਰਫ ਸਟੈਗਨੇਸ਼ਨ ਦਾ ਪਲੈਨ ਹੀ ਨਹੀਂ ਬਲਕਿ ਇਹ ਸੂਬੇ ਨੂੰ ਪਿਛੇ ਲਿਜਾਣ ਵਾਲਾ ਪਲੈਨ ਹੈ । ਇਹ ਪਲੈਨ ਸਾਡੇ ਸੂਬੇ ਨੂੰ ਪਿਛੇ ਲਿਜਾਏਗਾ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇੰਡਸਟਰੀ ਦੇ ਬਾਰੇ ਵਿਚ ਕੁਝ ਕਹਿਣਾ ਚਾਹੁੰਦਾ ਹਾਂ । ਇਥੇ ਮੇਰੇ ਦੋਸਤਾਂ ਨੇ ਕਿਹਾ ਹੈ ਕਿ ਅਕਾਲੀ ਗੌਰਮਿੰਟ ਦੀਆਂ ਕਈ ਪਾਲਿਸੀਆਂ ਅਜਿਹੀਆਂ ਸਨ ਜੋ ਸਿਰਫ ਕਾਗਜ਼ਾਂ ਤੇ ਹੀ ਸਨ ਅਤੇ ਕਿਸੇ ਨੂੰ ਕੱਖ ਨਹੀਂ ਸੀ ਦਿੱਤਾ ਗਿਆ । ਇਹ ਕਹਿੰਦੇ ਹਨ ਕਿ ਇੰਡਸਟਰੀ ਨੂੰ ਬੜੇ ਜ਼ੋਰ ਨਾਲ ਚਲਾਵਾਂਗੇ । ਇਹ ਇਨ੍ਹਾਂ ਦਾ ਪੁਲੀਟੀਕਲ ਡਾਕੂਮੈਂਟ ਹੈ । ਇਹ 1980-81 ਦਾ ਐਨੂਅਲ ਪਲੈਨ ਸਕੱਤਰੇਤ ਵਲੋਂ ਤਿਆਰ ਕੀਤਾ ਗਿਆ ਹੈ । ਇਸ ਵਿਚ ਕੁਝ ਹੋਰ ਲਿਖਿਆ ਹੋਇਆ ਹੈ ਅੱਤ ਦੂਸਰੇ ਡਾਕੂਮੈਂਟ ਵਿਚ ਕੁਝ ਹੋਰ ਲਿਖਿਆ ਹੋਇਆ ਹੈ । ਇਹ ਕੰਟ੍ਰਾਡਿਕਸ਼ਨ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੋਂ ਤਕ ਸਟੇਟ ਫਾਈਨਾਂਸਿਜ਼ ਦਾ ਤੁਅੱਲਕ ਹੈ, ਇਸ ਵਿਚ ਪਾਲਿਟਿਕਸ ਨੂੰ ਘੱਟ ਲਿਆਉਣਾ ਚਾਹੀਦਾ ਹੈ । ਜੇ ਇਸ ਵਿਚ ਪਾਲਿਟਿਕਸ ਦਾ ਜ਼ਿਆਦਾ ਜ਼ੋਰ ਹੋਏਗਾ ਤਾਂ ਉਸ ਨਾਲ ਸਟੇਟ ਦਾ ਨੁਕਸਾਨ ਹੋਏਗਾ । ਇਸ ਸਾਲ ਇਹ ਕਹਿੰਦੇ ਹਨ ਕਿ ਇੰਡਸਟਰੀ ਲਈ 12 ਕਰੋੜ 45 ਲੱਖ ਰੁਪਿਆ ਰਖਿਆ ਜਾ ਰਿਹਾ ਹੈ । ਇਹ ਪਾਂਡੇ ਸਾਹਿਬ ਦੀ ਸੁਣਨ ਵਾਲੀ ਗਲ ਹੈ, ਜੋ ਮੈਂ ਪਲੈਨ ਦੇ ਬਾਰੇ ਕਹਿ ਰਿਹਾ ਹਾਂ ,

'The anticipated expenditure during the year 1979-80 is estimated at Rs. 17.84 crores'.

ਪਿਛਲੇ ਸਾਲ 18 ਕਰੋੜ ਰੁਪਏ ਇੰਡਸਟਰੀ ਤੇ ਖਰਚ ਹੋਏ ਅੱਤ ਉਸ 18 ਕਰੋੜ ਦੇ ਅਗੇਂਸਟ ਇਨ੍ਹਾਂ ਨੇ ਹੁਣ 12 ਕਰੋੜ ਰੁਪਏ ਇਸ ਸਾਲ ਵਾਸਤੇ ਰਖੇ ਹਨ । 18 ਕਰੋੜ ਦੇ ਅਗੇਂਸਟ 12 ਕਰੋੜ ਰੁਪਏ ਰਖ ਕੇ ਇਹ ਕਹਿੰਦੇ ਹਨ ਕਿ ਇੰਡਸਟਰੀ ਦੀ ਬਹੁਤ ਤਰੱਕੀ ਕਰਾਂਗੇ । ਜਦੋਂ ਇਸ ਸਾਲ ਲਈ ਅੱਜੇ ਨਾਲੋਂ 6 ਕਰੋੜ ਰੁਪਏ ਘੱਟ ਰਖੇ ਗਏ ਹਨ, ਫਿਰ ਕਿਸ ਤਰ੍ਹਾਂ ਨਾਲ ਇੰਡਸਟਰੀ ਵਿਚ ਵੱਧ ਤਰੱਕੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਹੋਵੇਗੀ ? ਅਸੀਂ ਪਿਛਲੇ ਸਾਲ ਦੋ ਸ਼ੂਗਰ ਮਿਲਾਂ ਫਾਈਨਾਂਸ ਕੀਤੀਆਂ ਸਨ । ਅਸੀਂ ਗੌਰਮਿੰਟ ਆਫ ਇੰਡੀਆ ਨੂੰ ਕਿਹਾ ਸੀ ਕਿ ਹਾਰਵੈਸਟਿੰਗ ਕੰਬਾਈਨਾਂ ਇੰਪੋਰਟ ਕੀਤੀਆਂ ਜਾਣ । ਪਰ ਉਨ੍ਹਾਂ ਵਲੋਂ ਇਹ ਨਾ ਹੋਣ ਤੇ ਅਸੀਂ ਆਪਣੀ ਟਰੈਕਟਰ ਫੈਕਟਰੀ ਦੇ ਇੰਜੀਨੀਅਰਜ਼ ਨੂੰ ਬੁਲਾਇਆ ਅਤੇ ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਕੰਬਾਈਨਾਂ ਆਪ ਬਣਾ ਸਕਦੇ ਹਾਂ। ਢਾਈ ਕਰੋੜ ਰਪਏ ਉਸ ਕੰਮ ਲਈ ਉਨ੍ਹਾਂ ਨੂੰ ਦਿਤੇ ਗਏ । ਅਸੀਂ ਆਪਣੇ ਵੇਲੇ ਤਕਰੀਬਨ 18 ਕਰੋੜ ਰੁਪਏ ਇੰਡਸਟਰੀ ਤੇ ਖਰਚ ਕੀਤੇ । ਡਾਕਟਰ ਸਾਹਿਬ ਇਸ ਲਈ 12 ਕਰੋੜ ਰੁਪਏ ਇਸ ਸਾਲ ਰਖ ਰਹੇ ਹਨ । ਮੈਨੂੰ ਪਤਾ ਹੈ ਕਿ ਇਸ ਗਲ ਦਾ ਡਾਕਟਰ ਸਾਹਿਬ ਕੋਲ ਕੋਈ ਜਵਾਬ ਨਹੀਂ ਹੈ । ਸਰ, ਜੇ 22 ਫੀ ਸਦੀ ਇਨਫਲੇਸ਼ਨ ਦਾ ਰੇਟ ਵਧਾ ਦੇਈਏ ਤਾਂ ਉਸ ਮੁਤਾਬਿਕ ਇੰਡਸਟਰੀ ਤੇ ਸਿਰਫ ਪੌਣੇ ਦਸ ਕਰੋੜ ਰੁਪਏ ਹੀ ਖਰਚ ਹੋਣਗੇ । (ਵਿਘਨ)

ਸ਼੍ਰੀ ਗੁਰਦਿਆਲ ਮੋਂਗੀ : ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਇਨਫਰਮੇਸ਼ਨ ਲੈਣੀ ਹੈ।

ਸ਼੍ਰੀ ਡਿਪਟੀ ਸਪੀਕਰ : ਪਹਿਲਾਂ ਇਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ ।

ਸਰਦਾਰ ਬਲਵੰਤ ਸਿੰਘ : ਫਲੱਡ ਕੰਟਰੋਲ ਦੇ ਬਾਰੇ ਹੁਣੇ ਗਲ ਹੋਈ ਸੀ । ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦਿੱਤੀ । ਪਰ ਸਾਡੇ ਸੂਬੇ ਵਿਚ ਹੁਣ ਵੀ ਫਲਡਜ਼ ਆ ਰਹੇ ਹਨ। ਸਾਡੇ ਸੂਬੇ ਵਿਚ ਨਹਿਰੀ ਪਾਣੀ ਨਾਲ ਫਲੱਡ ਆਉਣ ਕਰ ਕੇ 37 ਲੱਖ ਹੈਕਟੇਅਰ ਜ਼ਮੀਨ ਫਲੱਡ ਥੱਲੇ ਸੀ। 24 ਲੱਖ ਹੈਕਟੇਅਰ ਜ਼ਮੀਨ ਠੀਕ ਹੋ ਗਈ ਅੱਰ 13 ਲੱਖ ਹੈਕਟੇਅਰ ਜ਼ਮੀਨ ਅਜੇ ਵੀ ਬਾਕੀ ਰਹਿੰਦੀ ਹੈ ਯਾਨੀ ਕਿ ਮੋਰ ਦੈਨ 1/3 ਏਰੀਆ ਅਜੇ ਵੀ ਅੰਡਰ ਫਲੱਡ ਹੈ । ਅਸੀਂ ਆਪਣੇ ਵੇਲੇ ਯਾਨੀ ਪਿਛਲੇ ਸਾਲ ਫਲੱਡ ਕੰਟਰੋਲ ਲਈ 10 ਕਰੋੜ ਰੁਪਿਆ ਖਰਚ ਕੀਤਾ ਅੱਰ ਇਨ੍ਹਾਂ ਨੇ ਇਸ ਸਾਲ 5 ਕਰੋੜ ਰੁਪਿਆ ਇਸ ਵਾਸਤੇ ਰਖਿਆ ਹੈ । ਇਸ ਤਰ੍ਹਾਂ ਨਾਲ ਇਹ ਮਸਲਾ ਕਿਸ ਤਰ੍ਹਾਂ ਹਲ ਕਰ ਲੈਣਗੇ ?

ਐਜੂਕੇਸ਼ਨ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਪੁਰਾਣੇ ਸਾਲ ਨਾਲੋਂ ਇਸ ਸਾਲ ਸਕੂਲ ਵੱਧ ਅਪਗਰੇਡ ਕਰਾਂਗੇ । ਜਦ ਪੈਸੇ ਘੱਟ ਰਖੇ ਹੋਣ ਤਾਂ ਫਿਰ ਇਹ ਕਿਸ ਤਰ੍ਹਾਂ ਜ਼ਿਆਦਾ ਸਕੂਲ ਅਪਗਰੇਡ ਕਰ ਸਕਦੇ ਹਨ । (ਵਿਘਨ)

ਥੀਨ ਡੈਮ ਬਾਰੇ ਕਹਿੰਦੇ ਹਨ ਕਿ ਇਸ ਦਾ ਕੰਮ ਵਾਰ ਬੇਸਿਜ਼ ਤੇ ਸ਼ੁਰੂ ਕਰਨਾ ਹੈ । ਇਸ ਵਾਰ ਬੇਸਿਜ਼ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ। ਗਵਰਨਰ ਐਡਰੈਸ ਵਿਚ ਇਸ ਹਾਊਸ ਵਿਚ ਕਿਹਾ ਗਿਆ ਕਿ ਥੀਨ ਡੈਮ ਤੇ ਕੰਮ ਵਾਰ ਬੇਸਿਜ਼ ਤੇ ਸ਼ੁਰੂ ਕੀਤਾ ਜਾਵੇਗਾ ਅੱਰ ਮਨਿਸਟਰ ਸਾਹਿਬ ਨੇ ਜੋ ਅਪਣੀ ਸਪੀਚ ਵਿਚ ਕਿਹਾ ਹੈ, ਜੇ ਇਜਾਜ਼ਤ ਦਿਓ ਤਾਂ ਮੈਂ ਪੜ੍ਹ ਦਿਆਂ :--

'The work on the Ropar Thermal Plant will be speeded up and efforts will be made to ensure that the Thein Dam project is taken up on a war footing and commissioned ahead of the current completion schedule of 1988.'

ਇਹ 1988 ਤੱਕ ਕੰਮ ਚਾਲੂ ਕਰਨਗੇ । ਡਿਪਟੀ ਸਪੀਕਰ ਸਾਹਿਬ, ਇਹ ਸਾਢੇ ਤਿੰਨ ਸੌ ਕਰੋੜ ਰੁਪਏ ਦਾ ਬਜਟ ਹੈ ਪਰ ਇਸ ਵਾਸਤੇ ਪੈਸਾ ਇਸ ਸਾਲ ਵਿਚ ਰੱਖਿਆ ਹੈ ਸਿਰਫ 12 ਕਰੋੜ । ਫਿਰ ਇਹ ਕਹਿੰਦੇ ਹਨ ਕਿ ਵਾਰ ਫੁਟਿੰਗ ਤੇ ਕੰਮ ਸ਼ੁਰੂ ਕੀਤਾ ਹੈ । ਜੇ ਹਰ ਸਾਲ 12 ਕਰੋੜ ਰੁਪਿਆ ਰਖਿਆ ਜਾਂਦਾ ਰਿਹਾ ਤਾਂ ਤੁਸੀਂ ਅੰਦਾਜ਼ਾ ਲਾ ਲਵੋ ਕਿ ਕਿਤਨੇ ਸਾਲ ਹੋਰ ਲੱਗਣਗੇ । (ਵਿਘਨ) ਫਿਰ ਇਹ ਪ੍ਰਾਜੈਕਟ 1988 ਵਿਚ ਕਿਸ ਤਰ੍ਹਾਂ ਚਾਲੂ ਕਰ ਦੇਣਗੇ । ਇਨ੍ਹਾਂ ਨੇ ਇਸ ਪਾਸੇ ਸੋਚਿਆ ਹੀ ਨਹੀਂ । ਮੈਂ

Original with;
Punjab Vidhan Sabha
Digitized by;
Panjab Digital Library

ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਿਰ ਤੇ ਭੂਤ ਸਵਾਰ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਅੰਕੜੇ ਮੈਂ ਆਪਣੇ ਕੋਲੋਂ ਨਹੀਂ ਦੇ ਰਿਹਾ। ਇਹ ਇਨ੍ਹਾਂ ਦੇ ਆਪਣੇ ਹੀ ਦਿਤੇ ਹੋਏ ਅੰਕੜੇ ਹਨ। ਇਸ ਬਾਰੇ ਇਨ੍ਹਾਂ ਦਾ ਡਾਕੂਮੈਂਟ ਹੈ।

ਡਿਪਟੀ ਸਪੀਕਰ ਸਾਹਿਬ, ਅਸੀਂ ਐਕਸ ਸਰਵਿਸਮੈਨ ਕਾਰਪੋਰੇਸ਼ਨ ਬਣਾਈ ਸੀ। ਸਾਡਾ ਸੂਬਾ ਫੌਜੀਆਂ ਦਾ ਹੈ। ਉਹ ਸਾਡੇ ਸਾਰੇ ਦੇਸ਼ ਦੀ ਸੇਵਾ ਕਰਦੇ ਹਨ ਇਸ ਲਈ ਅਸੀਂ ਵੀ ਉਨ੍ਹਾਂ ਦੀ ਸੇਵਾ ਕਰਨ ਲਈ ਤਤਪਰ ਹਾਂ। ਇਸ ਕਾਰਪੋਰੇਸ਼ਨ ਦਾ 5 ਕਰੋੜ ਰੁਪਿਆ ਅੰਥੋਰਾਈਜ਼ਡ ਕੈਪੀਟਲ ਹੈ ਮਗਰ ਡਾਕਟਰ ਸਾਹਿਬ ਨੇ ਇਸ ਕਾਰਪੋਰੇਸ਼ਨ ਵਾਸਤੇ ਇਸ ਸਾਲ ਸਿਰਫ 5 ਲੱਖ ਰੁਪਿਆ ਰੱਖਿਆ ਹੈ। (ਵਿਘਨ) (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

It is not a financial institution. It is the share capital which you must contribute. Otherwise your Corporation will not get any support from any Financial Institution.

ਜੇ ਇਹ ਇਸ ਕਾਰਪੋਰੇਸ਼ਨ ਲਈ ਹਰ ਸਾਲ 5 ਲੱਖ ਰਪਏ ਦੇ ਹਿਸਾਬ ਨਾਲ ਦਿੰਦੇ ਰਹੇ ਤਾਂ 5 ਕਰੋੜ ਰੁਪਿਆ ਪੂਰਾ ਕਰਨ ਵਾਸਤੇ ਸੌ ਸਾਲ ਲੱਗਣਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਕਿਸਮ ਦਾ ਸਾਡਾ ਪਲਾਨ ਹੈ। ਇਸ ਕਿਸਮ ਦਾ ਸਾਡਾ ਬੱਜਟ ਹੈ। ਇਸ ਨੂੰ ਪੜ੍ਹ ਕੇ ਸ਼ਰਮ ਆਉਂਦੀ ਹੈ। (ਵਿਘਨ) ਐਕਸ ਸਰਵਿਸਮੈਨ ਨਾਲ ਇਨ੍ਹਾਂ ਨੂੰ ਕੀ ਹਮਦਰਦੀ ਹੋ ਸਕਦੀ ਹੈ ? ਇਨ੍ਹਾਂ ਨੂੰ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਟੈਕਸਿਜ਼ ਦੇ ਬਾਰੇ ਇਨ੍ਹਾਂ ਦੀ ਪਾਲਿਸੀ ਵੇਖ ਕੇ ਬੜਾ ਦੁਖ ਹੁੰਦਾ ਹੈ। ਇਹ ਮੇਰੇ ਕੋਲ ਇਨ੍ਹਾਂ ਦੀ ਪਾਰਟੀ ਦਾ ਮੈਨੀਫੈਸਟੋ ਹੈ ਜੋ ਇਨ੍ਹਾਂ ਦੀ ਪਾਰਟੀ ਨੇ ਇਸ਼ੂ ਕੀਤਾ ਸੀ। ਉਸ ਵਿਚ ਕਿਹਾ ਗਿਆ ਹੈ :—

"ਕਾਂਗਰਸ ਵਰਤਮਾਨ ਟੈਕਸ ਪ੍ਰਣਾਲੀ ਦੀ ਜਾਂਚ ਕਰੇਗੀ ਅਤੇ ਉਸ ਨੂੰ ਮੁੜ ਇਸ ਤਰ੍ਹਾਂ ਬਣਾਵੇਗੀ ਜਿਸ ਨਾਲ ਮੱਧ ਵਰਗੀ ਜਮਾਤ ਤੇ ਬੋਝ ਘਟੇ, ਛੋਟੇ ਵਿਉਪਾਰੀਆਂ ਦੀਆਂ ਪਰੇਸ਼ਾਨੀਆਂ ਦੂਰ ਹੋਣ ਅਤੇ ਪੂਰੇ ਸਮਾਜ ਦੇ ਹਿੱਤ ਵਿਚ ਸਾਰੇ ਧਨੀ ਲੋਕਾਂ ਤੇ ਉਚਿਤ ਜ਼ਿੰਮੇਦਾਰੀ ਦਿਤੀ ਜਾਵੇ।

ਰਾਜ ਸਰਕਾਰਾਂ ਦੇ ਸਹਿਯੋਗ ਨਾਲ ਕਾਂਗਰਸ ਬਿਕਰੀ ਕਰ ਦੇ ਵਰਤਮਾਨ ਢਾਂਚੇ ਦੀ ਥਾਂ ਕੋਈ ਹੋਰ ਨਵੀਂ ਅਤੇ ਅਸਰਦਾਰ ਪ੍ਰਣਾਲੀ ਖੋਜਣ ਦੀ ਕੋਸ਼ਿਸ਼ ਕਰੇਗੀ ਜਿਸ ਨਾਲ ਖੱਪਤਕਾਰ ਨੂੰ ਰਾਹਤ ਮਿਲੇ, ਵਿਉਪਾਰੀਆਂ ਦੀਆਂ ਪਰੇਸ਼ਾਨੀਆਂ ਦੂਰ ਹੋਣ, ਭਰਿਸ਼ਟਾਚਾਰ ਘਟੇ ਅਤੇ ਟੈਕਸਾਂ ਦੀ ਚੋਰੀ ਦੂਰ ਹੋਏ।"

ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਦੀ ਥਾਂ ਤੇ ਹੋਰ ਚੀਜ਼ ਲਿਆਂਦੀ ਜਾਵੇਗੀ। ਇਹ ਕਾਂਗਰਸ ਦਾ ਮੈਨੀਫੈਸਟੋ ਹੈ। ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਕਾਂਗਰਸ ਦੇ ਮੈਨੀਫੈਸਟੋ ਦੀਆਂ ਧੱਜੀਆਂ ਉੜਾ ਦਿੱਤੀਆਂ ਹਨ। ਇਨ੍ਹਾਂ ਨੇ ਸੇਲਜ਼ ਟੈਕਸ 6% ਤੋਂ 7% ਕਰ ਦਿਤਾ ਹੈ। ਇਕ ਪਾਸੇ ਇਹ ਕਹਿੰਦੇ ਹਨ ਕਿ ਅਸੀਂ ਖੱਪਤਕਾਰਾਂ ਨੂੰ ਰਾਹਤ ਦੇਣੀ ਹੈ ਅਤੇ ਵਿਉਪਾਰੀਆਂ ਦੀ ਪ੍ਰੇਸ਼ਾਨੀ ਦੂਰ ਕਰਨੀ ਹੈ ਪਰ ਦੂਜੇ ਪਾਸੇ ਸੇਲਜ਼ ਟੈਕਸ ਵਧਾ ਕੇ ਖੱਪਤਕਾਰਾਂ ਤੇ ਭਾਰ ਪਾਇਆ ਜਾ ਰਿਹਾ ਹੈ। ਕੀ ਇਸ ਤਰ੍ਹਾਂ ਵਿਉਪਾਰੀਆਂ ਦੀ ਪਰੇਸ਼ਾਨੀ ਘੱਟ ਹੋਵੇਗੀ ? ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਸਾਹਿਬ, ਇਹ ਇਨ੍ਹਾਂ ਦਾ ਮੈਨੀਫੈਸਟੋ ਹੈ । ਇਸ ਕਿਸਮ ਦੀ ਇਨ੍ਹਾਂ ਨੇ ਕਮਿਟਮੈਂਟ ਕੀਤੀ ਸੀ । ਪਰ ਮੈਂ ਅਰਜ਼ ਕਰਦਾ ਹਾਂ ਕਿ ਇਸ ਬਾਰੇ ਇਕਨਾਮਿਕ ਸਰਵੇ ਵਿਚ ਇਹ ਸਟੇਟਮੈਂਟ ਦਿੰਦੇ ਹਨ ਕਿ ਇਹ ਨੇਬਰਿੰਗ ਸਟੇਟ ਵਿਚ ਵੱਧ ਹੈ ਅਤੇ ਅਸੀਂ ਉਨ੍ਹਾਂ ਦੇ ਬਰਾਬਰ ਕੀਤਾ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਅਸੀਂ ਸੇਲਜ਼ ਟੈਕਸ ਕਿਉਂ ਨਹੀਂ ਸੀ ਵਧਾਇਆ ? ਅਸੀਂ ਕਿਉਂ ਫਰਕ ਰੱਖਿਆ ਸੀ ? ਅਸੀਂ ਇਸ ਕਰ ਕੇ ਨਹੀਂ ਸੀ ਵਧਾਇਆ ਕਿਉਂਕਿ ਅਸੀਂ ਐਗਰੀਕਲਚਰ ਦੀ ਤਰੱਕੀ ਕਰਨਾ ਚਾਹੁੰਦੇ ਸੀ, ਅਸੀਂ ਇੰਡਸਟਰੀ ਨੂੰ ਵਧਾਉਣਾ ਚਾਹੁੰਦੇ ਸੀ। ਅਸੀਂ ਚਾਹੁੰਦੇ ਸੀ ਕਿ ਟਰੇਡ ਵਧਾਈ ਜਾਵੇ । ਇਸ ਵਾਸਤੇ ਅਸੀਂ ਤਰੀਕੇ ਅਪਣਾਏ ਸਨ । ਪਹਿਲਾਂ ਫੂਡ ਜ਼ੋਨ ਨੂੰ ਤੋੜਿਆ, ਦੂਜਾ ਵਿਉਪਾਰੀਆਂ ਲਈ ਸੈਲਫ ਅਸੈਸਮੈਂਟ ਸਕੀਮ ਚਾਲੂ ਕੀਤੀ ਅਤੇ ਤੀਜਾ ਇਨਸਪੈਕਟਰੀ ਰਾਜ ਖਤਮ ਕੀਤਾ। ਸੇਲਜ਼ ਟੈਕਸ ਘੱਟ ਕੀਤਾ ਤਾਂਕਿ ਪੰਜਾਬ ਭਾਰਤ ਦਾ ਸਿੰਘਾਪੁਰ ਬਣ ਜਾਵੇ ਅਤੇ ਇਥੇ ਦੀ ਤਜਾਰਤ ਤਰੱਕੀ ਕਰੇ। (ਤਾੜੀਆਂ) ਅਸੀਂ ਅੰਮ੍ਰਿਤਸਰ ਨੂੰ ਡਰਾਈ ਪੋਰਟ ਬਣਾਉਣਾ ਚਾਹੁੰਦੇ ਸੀ । ਇਹ ਤਾਂ ਹੀ ਹੋ ਸਕਦਾ ਸੀ ਜੇ ਸੇਲਜ਼ ਟੈਕਸ ਨੂੰ ਘੱਟ ਕੀਤਾ ਜਾਵੇ। ਅਸੀਂ ਸੇਲਜ਼ ਟੈਕਸ ਨੂੰ ਘੱਟ ਕੀਤਾ ਸੀ ਅਤੇ ਅੰਮ੍ਰਿਤਸਰ ਨੂੰ ਭਾਰਤ ਦੀ ਡਰਾਈ ਫਰੂਟ ਦੀ ਮੰਡੀ ਬਣਾਇਆ । (ਤਾੜੀਆਂ) ਡਿਪਟੀ ਸਪੀਕਰ ਸਾਹਿਬ, ਮੈਂਨੂੰ ਦੁਖ ਹੈ ਕਿ ਜਿਹੜੀਆਂ ਅੱਛੀਆਂ ਸਕੀਮਾਂ ਅਸੀਂ ਸ਼ੁਰੂ ਕੀਤੀਆਂ ਸਨ ਉਹ ਇਨ੍ਹਾਂ ਨੇ ਆ ਕੇ ਬੰਦ ਕਰ ਦਿੱਤੀਆਂ । ਇਨ੍ਹਾਂ ਨੇ ਟੈਕਸਾਂ ਦੇ ਬਾਰੇ ਲੰਬੀ ਐਪਰੋਚ ਡਿਵੈਲਪ ਕੀਤੀ ਹੈ ਜਿਸ ਨੂੰ ਐਪਰੋਚ ਆਫ ਪਰਾਈਸ ਮੈਕੇਨਿਜ਼ਮ ਕਹਿੰਦੇ ਹਨ। ਟੈਕਸ ਲਾਉਣ ਨਾਲ ਕਾਮਨ ਮੈਨ ਤੇ ਅਸਰ ਪੈਂਦਾ ਹੈ। ਇਹ ਕੈਪੀਟਿਲਿਸਟ ਥਿਊਰੀ ਹੈ । ਇਹ ਸਰਮਾਏਦਾਰ ਲੋਕਾਂ ਦੀ ਥਿਊਰੀ ਹੈ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਫਰਟੇਲਾਈਜ਼ਰ ਦੀ ਕੀਮਤ ਵਧਾਈ ਹੈ। ਫਰਟੇਲਾਈਜ਼ਰ ਦੀ ਕੀਮਤ ਵਧਾਉਣ ਨਾਲ 120 ਕਰੋੜ ਰੁਪਏ ਦਾ ਕਿਸਾਨ ਤੇ ਹੋਰ ਭਾਰ ਪਵੇਗਾ। ਪਿਛਲੇ ਸਾਲ 69 ਲੱਖ ਕਿਲੋ ਲੀਟਰ ਡੀਜ਼ਲ ਇਸਤੇਮਾਲ ਹੋਇਆ ਸੀ । ਜਿਤਨਾ ਡੀਜ਼ਲ ਐਤਕੀ ਇਸਤੇਮਾਲ ਹੋਣਾ ਹੈ ਉਸ ਦੀ ਕੀਮਤ ਵਧਣ ਨਾਲ 45 ਕਰੋੜ ਰੁਪਿਆ ਦਾ ਬੋਝ ਹੋਰ ਪਵੇਗਾ । ਇਸ ਤਰ੍ਹਾਂ 165 ਕਰੋੜ ਰੁਪਏ ਦਾ ਪਰਾਈਸ ਮੈਕੇਨਿਜ਼ਮ ਦੇ ਰਾਹੀਂ ਟੈਕਸ ਲਾਉਣ ਦਾ ਹਿੰਟ ਦਿਤਾ ਹੈ। ਫਿਰ ਵਾਟਰ ਰੇਟ ਦੀ ਗੱਲ ਹੈ । ਇਨ੍ਹਾਂ ਨੇ ਕਿਹਾ ਹੈ ਕਿ ਟਿਊਬਵੈਲ ਦੇ ਫਲੈਟ ਰੇਟ ਨਾਲ 60 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ। ਟਰਾਂਸਪੋਰਟ ਵਿਚ 15 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ । ਇਹ ਘਾਟਾ ਕਿਰਾਏ ਵਧਾ ਕੇ ਪੂਰਾ ਕੀਤਾ ਜਾਣਾ ਹੈ । ਇਸ ਹਿਸਾਬ ਨਾਲ 267 ਕਰੋੜ ਰੁਪਏ ਦੇ ਨਵੇਂ ਟੈਕਸ ਲਗਣਗੇ । (ਵਿਘਨ) ਇਸ ਦਾ ਭਾਰ ਗਰੀਬ ਜਨਤਾ ਤੇ ਪੈਣਾ ਹੈ ।

ਫਿਰ ਇਹ ਕਹਿੰਦੇ ਹਨ ਕਿ ਅਸੀਂ ਕੁਨਸੈਸ਼ਨ ਦਿੱਤੇ ਹਨ । ਇਹ ਕਹਿੰਦੇ ਹਨ ਕਿ 5 ਕਰੋੜ 10 ਲੱਖ ਰੁਪਏ ਦੇ ਕਿਸਾਨ ਨੂੰ ਕੁਨਸੈਸ਼ਨ ਦਿਤੇ ਜਾਣਗੇ । ਡਿਪਟੀ ਸਪੀਕਰ ਸਾਹਿਬ, ਇਥੇ ਮੈਂਨੂੰ ਇਕ ਕਹਾਣੀ ਯਾਦ ਆ ਗਈ ਇਕ ਅਮੀਰ ਆਦਮੀ ਸੀ। ਉਹ ਚਾਰ ਬਟਣ ਹੱਥ ਵਿਚ ਫੜ ਕੇ ਨੌਕਰ ਨੂੰ ਕਹਿਣ ਲੱਗਾ ਕਿ ਕਮੀਜ਼ ਸਿਵਾ ਲੈ । ਨੌਕਰ ਕਹਿਣ ਲੱਗਾ, ਕਮੀਜ਼ ਕਿਥੇ ਹੈ ? ਤਾਂ ਅਮੀਰ ਆਦਮੀ ਕਹਿਣ ਲਗਾ ਅੱਗਾ ਪਿੱਛਾ ਨੂੰ ਲਾ ਲਵੀਂ ਤੇ ਇਹ ਬਟਣ ਲਾਉਣ ਲਈ ਲੈ ਜਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸੇ ਤਰ੍ਹਾਂ ਹੀ ਸਾਡੀ ਸਰਕਾਰ ਕਰ ਰਹੀ ਹੈ । ਇਹ 267 ਕਰੋੜ ਰੁਪਏ ਦੇ ਟੈਕਸ ਲਾ ਰਹੀ ਹੈ ਅਤੇ ਕਹਿੰਦੀ ਹੈ ਕਿ 5 ਕਰੋੜ 10 ਲੱਖ ਰੁਪਏ ਦੇ ਕਨਸੈਸ਼ਨ ਦਿਤੇ ਜਾਣਗੇ। ਸਾਈਕਲ ਦੇ ਸਪੇਅਰ ਪਾਰਟਸ ਲਈ 2 % ਸੇਲਜ਼ ਟੈਕਸ ਦੇ ਉਤੇ ਕੁਨਸੈਸ਼ਨ ਦਿਤੀ ਹੈ। ਪਰ ਇਸ ਦਾ ਫਾਇਦਾ ਹੋਣਾ ਹੈ ਹੀਰੋ ਦੇ ਮਾਲਿਕ ਨੂੰ, ਏਵਨ ਦੇ ਮਾਲਕ ਨੂੰ। ਜੇ ਇਸ ਦਾ ਫਾਇਦਾ ਰਿਕਸ਼ਾ ਚਲਾਉਣ ਵਾਲਿਆਂ ਜਾਂ ਸਾਈਕਲ ਚਲਾਉਣ ਵਾਲਿਆਂ ਨੂੰ ਹੁੰਦਾ ਤਾਂ ਫਿਰ ਤਾਂ ਗੱਲ

Original with;
Punjab Vidhan Sabha
Digitized by;
Panjab Digital Library

ਠੀਕ ਸੀ । ਪਰ ਇਸ ਦਾ ਫਾਇਦਾ ਕੈਪੀਟਲਿਸਟਾਂ ਨੂੰ ਹੁੰਣਾ ਹੈ । ਮੈਂ ਕਹਾਂਗਾ ਕਿ ਇਹ ਕੈਪੀਟਲਿਸਟਾਂ ਦੀ ਰਾਖੀ ਕਰਨ ਵਾਲੀ ਸਰਕਾਰ ਹੈ ।

ਡਿਪਟੀ ਸਪੀਕਰ : ਸਰਦਾਰ ਬਲਵੰਤ ਸਿੰਘ ਜੀ, ਤੁਸੀਂ ਹੋਰ ਕਿੰਨਾ ਸਮਾਂ ਲਵੋਗੇ ?

ਸਰਦਾਰ ਬਲਵੰਤ ਸਿੰਘ : ਮੈਂ ਥੋੜ੍ਹਾ ਸਮਾਂ ਹੀ ਹੋਰ ਲਵਾਂਗਾ ਜੀ ।

ਡਿਪਟੀ ਸਪੀਕਰ : ਕੀ ਕੋਈ ਹੋਰ ਮੈਂਬਰ ਤਾਂ ਤੁਹਾਡੀ ਪਾਰਟੀ ਦਾ ਨਹੀਂ ਬੋਲੇਗਾ ?

ਆਵਾਜ਼ਾਂ : ਬੋਲਣਾ ਹੈ ਜੀ ।

ਸਰਦਾਰ ਬਲਵੰਤ ਸਿੰਘ : ਇਹ ਕਹਿੰਦੇ ਹਨ ਕਿ ਐਕਸਾਈਜ਼ ਪਾਲਿਸੀ ਵਿਚ ਤਬਦੀਲੀ ਕਰ ਕੇ 8 ਕਰੋੜ ਰੁਪਏ ਦਾ ਘਾਟਾ ਪਿਆ ਹੈ। (ਵਿਘਨ) ਇਸ ਕਰਕੇ ਮੈਂ ਕਹਿੰਦਾ ਹਾਂ ਕਿ ਸਾਡੀ ਸਟੇਟ ਦੀ ਫਾਈਨੈਂਸਿੰਗ ਟੋਟਲੀ ਮਿਸਮੈਨੇਜਡ ਹੈ । (ਵਿਘਨ) ਅਸੀਂ ਰੂਰਲ ਇੰਟੇਗਰੇਟਿਡ ਡਿਵੈਲਪਮੈਂਟ ਸਕੀਮ ਚਾਲੂ ਕੀਤੀ ਸੀ, ਉਹ ਇਨ੍ਹਾਂ ਨੇ ਹਟਾ ਦਿੱਤੀ ਹੈ । ਸਾਡੇ ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਸ ਤੇ ਬਹੁਤ ਥੋੜ੍ਹਾ ਪੈਸਾ ਖਰਚ ਹੋਇਆ ਹੈ । ਉਨ੍ਹਾਂ ਨੇ ਕਿਹਾ ਕਿ ਇਨਟਸੀਚਿਊਸ਼ਨਲ ਫਾਈਨੈਂਸ ਰਾਹੀਂ 21 ਕਰੋੜ ਰੁਪਿਆ ਰੇਜ਼ ਕੀਤਾ ਗਿਆ । 204 ਕਰੋੜ ਰੁਪਏ ਦੀ ਪਰੋਵੀਜ਼ਨ ਸੀ । ਮੈਂ ਇਨ੍ਹਾਂ ਨੂੰ ਇਨਸਟੀਚਿਊਸ਼ਨਲ ਫਾਈਨੈਂਸ ਦੀ ਡੈਫੀਨੀਸ਼ਨ ਦਸਦਾ ਹਾਂ ਕਿ ਉਹ ਕੀ ਹੁੰਦੀ ਹੈ । ਇਸ ਦੇ ਵਿਚ ਬੈਂਕਸ ਆਉਂਦੇ ਹਨ, ਕੋਆਪ੍ਰੇਟਿਵ ਅਦਾਰੇ ਆਉਂਦੇ ਹਨ । ਪਿਛਲੇ ਸਾਲ ਇਸ ਦੇ ਲਈ ਜਿਹੜਾ ਪੈਸਾ ਦਿਤਾ ਗਿਆ ਸੀ ਉਸ ਦੇ ਵਿਚ ਪੰਜਾਬ ਦੇ ਕੋਆਪ੍ਰੇਟਿਵ ਅਦਾਰਿਆਂ ਨੇ ਵੀ 170 ਕਰੋੜ ਦਿਤਾ ਸੀ । (ਤਾੜੀਆਂ)

ਅਸੀਂ ਆਦਰਸ਼ ਸਕਲ ਖੋਲ੍ਹੇ ਸਨ ਤਾਕਿ ਰੂਰਲ ਏਰੀਆਜ਼ ਵਿਚੋਂ ਨੈਚੂਰਲ ਲੀਡਰਸ਼ਿਪ ਪੈਦਾ ਹੋਵੇ । ਲੇਕਿਨ ਇਹ ਸਰਕਾਰ ਉਨ੍ਹਾਂ ਸਕੂਲਾਂ ਨੂੰ ਬੰਦ ਕਰ ਰਹੀ ਹੈ। ਇਨ੍ਹਾਂ ਦੇ ਮੁਕਾਬਲੇ ਵਿਚ, ਸਰ, ਮੈਨੂੰ ਇਹ ਦਸ ਕੇ ਖੁਸ਼ੀ ਹੁੰਦੀ ਹੈ ਕਿ ਜੋ ਫਾਈਨਾਂਸਿਜ਼ ਅਸੀਂ ਮੈਨੇਜ ਕੀਤੇ ਉਸ ਦੀ ਤਾਰੀਫ ਹੋਈ ਹੈ । ਜਿਸ ਢੰਗ ਨਾਲ ਅਸੀਂ ਮੈਨੇਜ ਕੀਤਾ ਸੀ ਉਸ ਦੇ ਬਾਰੇ ਟ੍ਰੀਬਿਊਨ ਅਖਬਾਰ ਨੇ ਇਕ ਐਡੀਟੋਰੀਅਲ ਲਿਖਿਆ ਹੈ। ਮੈਂ ਥੋੜ੍ਹੇ ਜਿਹੇ ਲਫਜ਼ ਉਸ ਐਡੀਟੋਰੀਅਲ ਵਿਚੋਂ ਹਾਊਸ ਦੇ ਸਾਹਮਣੇ ਪੜ੍ਹਨਾ ਚਾਹੁੰਦਾ ਹਾਂ ਕਿਉਂ ਕਿ ਇਹ ਅੰਗਰੇਜ਼ੀ ਵਿਚ ਹੈ, ਇਸ ਲਈ ਮੈਂ ਇਸ ਨੂੰ ਅੰਗਰੇਜ਼ੀ ਵਿਚ ਹੀ ਪੜ੍ਹਾਂਗਾ ਅਤੇ ਹਾਊਸ ਦੇ ਮਾਨਯੋਗ ਮੈਂਬਰਜ਼ ਮੈਨੂੰ ਇਸ ਦੇ ਲਈ ਮੁਆਫ ਕਰਨਗੇ। ਇਹ 12 ਜੁਲਾਈ ਦੀ ਟ੍ਰਿਬਿਊਨ ਅਖਬਾਰ ਹੈ। 11 ਜੁਲਾਈ ਨੂੰ ਬਜਟ ਇਥੇ ਪੇਸ਼ ਕੀਤਾ ਗਿਆ ਹੈ ਅਤੇ ਇਹ 12 ਜੁਲਾਈ ਦਾ ਐਡੀਟੋਰੀਅਲ ਹੈ। ਇਸ ਦੇ ਵਿਚ ਲਿਖਿਆ ਹੈ :—

"Mr. Balwant Singh, then Finance Minister, chose the easy path of deferring taxation measures until later in the year. The people were spared major taxes even in the subsequent period. Opinion differed on whether it was wise or expedient to leave such a large deficit unbridged, but the Finance Minister laid down certain principles of sound fiscal management which were to be followed."

ਅਗੇ ਉਹ ਲਿਖਦਾ ਹੈ:—

"The deficit of Rs. 70 crore—the highest on record in recent years—in the State's 1980-81 Budget indicates that hardly any of those principles was seriously pursued."

ਟ੍ਰਿਬਿਊਨ ਲਿਖਦਾ ਹੈ ਕਿ ਜਿਹੜੇ ਬੇਸਿਕ ਪ੍ਰਿੰਸੀਪਲਜ਼ ਫਾਰਮਰ ਫਾਈਨਾਂਸ ਮਨਿਸਟਰ ਨੇ ਬਣਾਏ ਸੀ ਸਾਨੂੰ ਦੁੱਖ ਹੁੰਦਾ ਹੈ ਕਿ ਉਹ ਹਵਾ ਵਿਚ ਸੁੱਟ ਦਿੱਤੇ ਹਨ । (ਵਿਘਨ) ਇਹ ਟ੍ਰਿਬਿਊਨ ਅਖਬਾਰ ਦੀ ਜੱਜਮੈਂਟ ਹੈ, ਜੋ ਮੈਂ ਦੱਸ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਸਾਡੇ ਕੀ ਪ੍ਰਿੰਸੀਪਲਜ਼ ਸਨ, ਉਹ ਮੈਂ ਦੱਸਣਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਚਾਹੁੰਦਾ ਹਾਂ । 139 ਕਰੋੜ ਰੁਪਏ ਦਾ ਡੈਫੀਸਿਟ ਸੀ ਅਤੇ 72 ਕਰੋੜ ਰੁਪਏ ਦੀ ਓਵਰ ਡਰਾਫਟਿੰਗ ਸੀ ਜਦੋਂ ਅਸੀਂ ਇਥੇ ਆਏ ਸੀ । ਅਸੀਂ ਖਰਚ ਵੀ ਬਹੁਤ ਕੀਤਾ । ਅਸੀਂ ਨਵੀਆਂ ਨਵੀਆਂ ਸਕੀਮਾਂ ਲੈ ਕੇ ਆਏ । ਅਸੀਂ ਸਕੂਲ ਵੀ ਬਹੁਤ ਸਾਰੇ ਬਣਾਏ ਅਤੇ ਇਤਨੇ ਸਕੂਲ ਅਪਗਰੇਡ ਕੀਤੇ ਜਿਤਨੇ ਪਿਛਲੇ 7-8 ਸਾਲਾਂ ਵਿਚ ਵੀ ਨਹੀਂ ਸੀ ਹੋਏ । ਐਜੂਕੇਸ਼ਨ ਮਨਿਸਟਰ ਸਾਹਿਬ ਮੇਰੀ ਇਸ ਗਲ ਨਾਲ ਐਗਰੀ ਕਰਨਗੇ । ਕਾਲਜਿਜ਼ ਵਿਚ ਸੈਲਰੀਜ਼ ਦਾ 95 ਫੀ ਸਦੀ ਡੈਫੀਸਿਟ ਜਿਹੜਾ ਸੀ ਉਹ ਵੀ ਅਸੀਂ ਉਨ੍ਹਾਂ ਨੂੰ ਦਿੱਤਾ ਜਿਹੜਾ ਕਿ ਅਗੇ ਕਦੇ ਨਹੀਂ ਸੀ ਦਿੱਤਾ ਗਿਆ। ਅਸੀਂ ਇੰਪਲਾਈਜ਼ ਦੇ ਲਈ ਪੇ ਕਮਿਸ਼ਨ ਬਣਾ ਕੇ 22 ਕਰੋੜ ਰੁਪਿਆ ਸਾਲ ਦਾ ਉਨ੍ਹਾਂ ਨੂੰ ਐਕਸਟਰਾ ਦਿੱਤਾ । ਅਸੀਂ ਪੰਜਾਬ ਦੇ ਲਈ ਬੜੀਆਂ ਅੱਛੀਆਂ ਸਕੀਮਾਂ ਬਣਾਈਆਂ । ਅਸੀਂ ਰੂਰਲ ਇਨਟੈਗਰੇਟਿਡ ਡਿਵੈਲਪਮੈਂਟ ਸਕੀਮ ਬਣਾਈ । ਅਸੀਂ ਪਿੰਡਾਂ ਦੇ ਵਿਚ ਬਹੁਤ ਸਾਰੇ ਹਸਪਤਾਲ ਬਣਾਏ । ਅਸੀਂ ਬੀਨ ਡੈਮ ਦੀ ਮਨਜ਼ੂਰੀ ਲਿਆ ਕੇ ਉਸ ਦਾ ਕੰਮ ਸ਼ੁਰੂ ਕੀਤਾ । 12-12 ਕਰੋੜ ਰੁਪਿਆ ਸਾਲ ਦਾ ਇਸ ਦੇ ਕੰਮ ਲਈ ਅਸੀਂ ਲਾਇਆ । ਅਸੀਂ ਹੋਰ ਡਿਵੈਲਪਮੈਂਟ ਦੀਆਂ ਸਕੀਮਾਂ ਲਿਆਂਦੀਆਂ, ਪਰ ਟੈਕਸ ਕੋਈ ਨਹੀਂ ਲਾਇਆ । ਮੈਨੂੰ, ਸਰ, ਇਹ ਦੱਸ ਕੇ ਖੁਸ਼ੀ ਹੁੰਦੀ ਹੈ ਕਿ ਜਦੋਂ ਬਾਦਲ ਸਾਹਿਬ ਦੀ ਸਰਕਾਰ ਗਈ ਸੀ —

There was no overdrafting not even a single penny. ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਵੇਰੀਫਾਈ ਕਰਨ । ਵੇਜ਼ ਐਂਡ ਮੀਨਜ਼ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ 9 ਕਰੋੜ ਰੁਪਿਆ ਉਦੋਂ ਪੰਜਾਬ ਦੀ ਟਰੇਜ਼ਰੀ ਵਿਚ ਜਮ੍ਹਾਂ ਸੀ ਜਿਸ ਦਿਨ ਅਸੀਂ ਸਰਕਾਰ ਛੱਡ ਕੇ ਗਏ ਸੀ । (ਥੰਪਿੰਗ) ਇਹ ਰੋਜ਼ ਰੋਜ਼ ਕਹਿੰਦੇ ਹਨ ਕਿ ਇਸ ਬਜਟ ਦੇ ਵਿਚ 42 ਕਰੋੜ ਰਪਏ ਦਾ ਘਾਟਾ ਹੈ । ਸਰ, ਪੰਜਾਬ ਬਜਟ ਐਟ ਏ ਗਲਾਂਸ ਮੇਰੇ ਪਾਸ ਇਨ੍ਹਾਂ ਦਾ ਹੈ। ਇਸ ਦੇ ਵਿਚ ਲਿਖਿਆ ਹੈ ਕਿ 28 ਕਰੋੜ ਰੁਪਏ ਮਾਈਨਸ ਦਾ ਕਲੋਜ਼ਿੰਗ ਬੈਲੇਂਸ ਹੈ । ਇਹ ਫਿਸਕਲ ਮੈਨੇਜਮੈਂਟ ਨਹੀਂ ਕਹਿ ਸਕਦੇ। ਇਤਨਾ ਕੁਝ ਹੋਣ ਦੇ ਬਾਵਜੂਦ ਅਸੀਂ ਕੋਈ ਟੈਕਸ ਨਹੀਂ ਲਾਇਆ । ਮੈਨੂੰ ਇਹ ਚੀਜ਼ ਕਹਿਣ ਵਿਚ ਖੁਸ਼ੀ ਹੁੰਦੀ ਹੈ ਕਿ ਕੋਈ ਟੈਕਸ ਨਾ ਲਾਉਣ ਦੇ ਬਾਵਜੂਦ ਸਾਡੇ ਵੇਲੇ ਪਰ ਕੈਪੀਟਾ ਐਕਸਪੈਂਡੀਚਰ ਜੋ ਰਿਹਾ ਹੈ ਉਹ ਇਨ੍ਹਾਂ ਤੋਂ ਬਹੁਤ ਉਪਰ ਰਿਹਾ ਹੈ। ਸਰ, ਪੰਜਾਬ ਬਜਟ ਐਟ ਏ ਗਲਾਂਸ ਦਾ ਪੇਜ 22 ਜੋ ਹੈ ਉਸ ਦੇ ਵਿਚ ਕਲੀਅਰ ਲਿਖਿਆ ਹੈ । ਜਿਸ ਦਿਨ ਅਸੀਂ ਸਰਕਾਰ ਛੱਡੀ ਸੀ ਉਦੋਂ ਇਹ ਕੀ ਸੀ ਅਤੇ ਹੁਣ ਇਸ ਵੇਲੇ ਕੀ ਹੈ । ਸਰ, ਜਦੋਂ ਅਸੀਂ ਇਥੇ ਆਏ ਸੀ ਤਾਂ ਉਦੋਂ 284 ਰੁਪਏ 30 ਪੈਸੇ ਪੰਜਾਬ ਦੇ ਲੋਕਾਂ ਤੇ ਜੀਅ ਪ੍ਰਤੀ ਖਰਚ ਸੀ। ਅਗਲੇ ਸਾਲ ਜਦ ਕੋ ਅਸੀਂ ਕੋਈ ਟੈਕਸ ਨਹੀਂ ਆਇਆ ਇਹ 284 ਰੁਪਏ ਤੋਂ ਵਧਾ ਕੇ 330 ਰੁਪਏ ਜੀਅ ਪ੍ਰਤੀ ਖਰਚ ਅਸੀਂ ਕਰ ਦਿੱਤਾ । ਕੁਝ ਪਾਪੂਲੇਸ਼ਨ ਵੀ ਵੱਧੀ ਸੀ। We made efforts to mobilise resources. (ਵਿਘਨ) 40 ਰੁਪਏ ਜੀਅ ਪ੍ਰਤੀ ਖਰਚ ਅਸੀਂ ਵੱਧ ਕੀਤਾ । ਉਸ ਤੋਂ ਅਗਲਾ ਸਾਲ ਆਇਆ, ਅਸੀਂ ਕੋਈ ਟੈਕਸ ਨਹੀਂ ਲਾਇਆ । ਦਿੱਲੀ ਵਾਲਿਆਂ ਨੂੰ ਅਸੀਂ ਜ਼ਰੂਰ ਚੁੰਡਿਆ ਹੈ ਕਿਉਂ ਕਿ ਉਥੇ ਸਾਡਾ ਜ਼ੋਰ ਚਲਦਾ ਸੀ । ਅਸੀਂ ਸਲੇਵ ਬਣ ਕੇ ਦਿਲੀ ਸਰਕਾਰ ਕੋਲ ਨਹੀਂ ਸੀ ਜਾਂਦੇ, ਅਸੀਂ ਭਿਖਾਰੀ ਬਣ ਕੇ ਉਥੇ ਨਹੀਂ ਸੀ ਜਾਂਦੇ । (ਥੰਪਿੰਗ) ਅਸੀਂ ਆਪਣੀ ਗਲ ਉਥੇ ਖੁਲ੍ਹੇ ਤੌਰ ਤੇ ਜਾ ਕੇ ਰੱਖਦੇ ਸੀ । ਫਿਰ ਅਗਲਾ ਸਾਲ ਆਇਆ 1979-80 ਦਾ । ਉਸ ਦੇ ਵਿਚ 330 ਰੁਪਏ ਤੋਂ 417 ਰੁਪਏ ਜੀਅ ਪ੍ਰਤੀ ਖਰਚ ਹੋ ਗਿਆ । 87 ਰੁਪਏ ਫੀ ਜੀਅ ਅਸੀਂ ਖਰਚ ਵਧਾਇਆ । ਲੇਕਿਨ ਹੁਣ ਡਾਕਟਰ ਸਾਹਿਬ ਕੀ ਕਰਨ ਜਾ ਰਹੇ ਹਨ । ਅਸੀਂ ਜੋ ਪਲਾਨ ਬਣਾਈ ਸੀ ਉਸ ਦੇ ਵਿਚ ਅਸੀਂ 284 ਰੁਪਏ ਫੀ ਜੀਅ ਖਰਚੇ ਤੋਂ ਵਧਾ ਕੇ 417 ਰੁਪਏ ਤਕ ਇਸ ਨੂੰ ਲੈ ਗਏ ।

ਡਾਕਟਰ ਸਾਹਿਬ ਕਹਿੰਦੇ ਹਨ ਕਿ It is an enlarged plan. ਦਿੱਲੀ ਵਾਲਿਆਂ ਨੂੰ ਕਿਹਾ ਹੈ ਕਿ ਸਾਨੂੰ ਵਧ ਪੈਸੇ ਦੇਣ ਅੱਜ ਇਹ ਸਾਰਾ ਕੁਝ ਕਰ ਕੇ ਵੀ ਅੱਜ 70 ਕਰੋੜ ਰੁਪਏ ਦਾ

Original with;
Punjab Vidhan Sabha
Digitized by;
Panjab Digital Library

ਘਾਟਾ ਛੱਡ ਕੇ ਵੀ 415 ਰੁਪਏ ਜੀਅ ਪ੍ਰਤੀ ਖਰਚ ਕਰਨ ਇਹ ਜਾ ਰਹੇ ਹਨ ਯਾਨੀ 2 ਰਪਏ ਜੀਅ ਪ੍ਰਤੀ ਘੱਟ । ਇਹ ਫਿਸਕਲ ਮੈਨੇਜਮੈਂਟ ਹੈ ਜਾ ਉਹ ਫਿਸਕਲ ਮੈਨੇਜਮੈਂਟ ਸੀ । ਅਸੀਂ ਕੋਈ ਟੈਕਸ ਨਹੀਂ ਲਾਇਆ ਅਤੇ ਉਸ ਦੇ ਬਾਵ ਜੂਦ 417 ਰੁਪਏ ਜੀਅ ਪ੍ਰਤੀ ਖਰਚਾ ਕੀਤਾ ਪਰ ਇਨ੍ਹਾਂ ਦਾ ਇਤਨਾ ਕੁਝ ਕਰਨ ਦੇ ਬਾਵਜੂਦ ਅਤੇ ਇਤਨਾ ਕੁਝ ਕਹਿਣ ਦੇ ਬਾਵਜੂਦ 415 ਰੁਪਏ ਜੀਅ ਪ੍ਰਤੀ ਖਰਚਾ ਕਰਨਾ ਹੈ ਯਾਨੀ 2 ਰੁਪਏ ਜੀਅ ਪ੍ਰਤੀ ਘੱਟ ਖਰਚ ਕਰਨਾ ਹੈ। ਜੇ ਉਦੋਂ ਦੀਆਂ ਪ੍ਰਾਈਸਿਜ਼ ਦੇ ਮੁਤਾਬਿਕ ਹਿਸਾਬ ਕਰ ਕੇ ਦੇਖ ਲਓ ਤਾ ਇਹ ਜੀਅ ਪ੍ਰਤੀ ਖਰਚ 313 ਰੁਪਏ ਬਣਦਾ ਹੈ ਅਤੇ ਇਸ ਤਰ੍ਹਾਂ ਇਹ 104 ਰੁਪਏ ਪ੍ਰਤੀ ਜੀਅ ਘੱਟ ਖਰਚ ਕਰਨ ਜਾ ਰਹੇ ਹਨ । This is your fiscal management. This is your Budget. ਮੈਨੂੰ ਬੜਾ ਦੁਖ ਹੈ ਕਿ ਪੰਜਾਬ ਜਿਹੜਾ ਹੈ, ਇਹ ਤਬਾਹੀ ਵੱਲ ਨੂੰ ਜਾ ਰਿਹਾ ਹੈ। (ਵਿਘਨ) ਇਹ ਫਿਗਰਜ਼ ਬੋਲਦੀਆਂ ਹਨ। ਜਾ ਤਾਂ ਡਾਕਟਰ ਸਾਹਿਬ ਇਨ੍ਹਾਂ ਫਿਗਰਜ਼ ਨੂੰ ਗਲਤ ਕਹਿਣ।

ਅਗਲੀ ਗੱਲ, ਡਿਪਟੀ ਸਪੀਕਰ ਸਾਹਿਬ, ਜੋ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਅਸੀਂ ਹਰ ਬਜਟ ਦੇ ਤੀਜੇ ਚੌਥੇ ਪੇਜ ਤੇ ਮੰਥ-ਵਾਈਜ਼ ਪ੍ਰਾਈਸ ਇੰਡੈਕਸ ਜੋ ਵੱਧਦਾ ਸੀ, ਫਲਾਣੇ ਮਹੀਨੇ ਇਹ ਸੀ ਅਤੇ ਫਲਾਣੇ ਮਹੀਨੇ ਇਹ ਚਿਹਾ ਸੀ, ਦੱਸਦੇ ਰਹੇ ਹਾਂ ਪਰ ਇਨ੍ਹਾਂ ਵਲੋਂ ਇਸ ਦਾ ਕੋਈ ਜ਼ਿਕਰ ਨਹੀਂ। ਪ੍ਰਾਈਸਿਜ਼ ਜਿਹੜੀਆਂ ਹਨ ਉਹ ਸਾਡੀ ਲਾਈਫ ਨਾਲ ਸਬੰਧਤ ਹਨ। ਜੇ ਕੀਮਤਾਂ ਵੱਧ ਜਾਂਦੀਆਂ ਹਨ ਤਾਂ ਜ਼ਿੰਦਗੀ ਮਾੜੀ ਹੋ ਜਾਂਦੀ ਹੈ। ਪੰਜਾਬ ਦਾ ਹਰ ਆਦਮੀ ਕੀਮਤਾਂ ਨਾਲ ਅਫੈਕਟਿਡ ਹੈ। ਜਿਹੜਾ ਇਨ੍ਹਾਂ ਦਾ ਮੈਨੀਫੈਸਟੋ ਸੀ ਅਤੇ ਜਿਹੜਾ ਇਨ੍ਹਾਂ ਦਾ 25 ਪੁਆਇੰਟ ਪ੍ਰੋਗਰਾਮ ਸੀ ਉਸ ਦੇ ਵਿਚ ਲਿਖਿਆ ਸੀ ਕਿ ਕੀਮਤਾਂ ਨੂੰ ਸਥਿਰ ਕਰਨਾ, ਕੀਮਤਾਂ ਨੂੰ ਥੱਲੇ ਲਿਆਉਣਾ ਸਾਡਾ ਮੁੱਢਲਾ ਕੰਮ ਹੈ । ਜਿਹੜਾ ਮੁੱਢਲਾ ਕੰਮ ਹੈ, ਜਿਹੜੀ ਰੀੜ੍ਹ ਦੀ ਹੱਡੀ ਹੈ ਉਸ ਦੇ ਲਈ ਕੀ ਪਾਲਿਸੀ ਹੈ, ਉਸ ਦਾ ਬਜਟ ਸਪੀਚ ਦੇ ਵਿਚ ਡਾਕਟਰ ਸਾਹਿਬ ਨੇ ਥੋਹੀ ਜ਼ਿਕਰ ਨਹੀਂ ਕੀਤਾ। ਮੈਂਨੂੰ ਸਚ, ਬੜਾ ਦੁੱਖ ਹੈ ਕਿ ਕੀਮਤਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ । ਮੈਂ ਕਨਜ਼ਿਊਮਰ ਪ੍ਰਾਈਸ ਇੰਡੈਕਸ ਨਹੀਂ ਸਗੋਂ ਹੋਲਸੇਲ ਪ੍ਰਾਈਸ ਇੰਡੈਕਸ ਕੋਟ ਕਰਨਾ ਚਾਹੁੰਦਾ ਹਾਂ। ਮੈਂ ਗੌਰਮਿੰਟ ਆਫ ਇੰਡੀਆ ਨੂੰ ਕੋਟ ਕਰਨਾ ਚਾਹੁੰਦਾ ਹਾਂ । ਹੋਲਸੇਲ ਪ੍ਰਾਈਸ ਇੰਡੈਕਸ ਦੇ ਬਾਰੇ ਵਿਚ ਜੋ 12 ਤਾਰੀਕ ਦੀ ਅਖਬਾਰ ਵਿਚ ਲਿਖਿਆ ਹੈ ਉਹ ਮੈਂ ਦੱਸਣਾ ਚਾਹੁੰਦਾ ਹਾਂ —

The official wholesale price index for all commodities—base 1970-71 showed a rocord rise of 4.5 points during the week ended June, 28.

ਇਕ ਹਫਤੇ ਵਿਚ ਸਾਢੇ ਚਾਰ ਪੁਆਇੰਟ ਹੋਲਸੇਲ ਪ੍ਰਾਈਸ ਵੱਧੀ ਹੈ। ਹਿੰਦੁਸਤਾਨ ਦੀ ਤਵਾਰੀਖ ਵਿਚ ਐਸਾ ਕਦੇ ਨਹੀਂ ਹੋਇਆ । ਸੈਂਟਰਲ ਬਜਟ ਇਕ ਇਮਪੈਕਟ ਬਜਟ ਹੁੰਦਾ ਹੈ । ਪੰਜਾਬ ਦਾ ਬਜਟ ਤਾਂ ਹਾਲੀ ਪਾਸ ਹੋਣਾ ਹੈ। ਇਨ੍ਹਾਂ ਨੇ ਇਕ ਪਰਸੈਂਟ ਸੇਲਜ਼ ਟੈਕਸ ਵਧਾਇਆ ਹੈ।

Further it is stated that the index has risen by more than 26 points during the last 26 weeks.

ਡਿਪਟੀ ਸਪੀਕਰ ਸਾਹਿਬ, 26 ਹਫਤਿਆਂ ਵਿਚ 26 ਪੁਆਇੰਟ ਪ੍ਰਾਈਸ ਇੰਡੈਕਸ ਵੱਧਿਆ ਹੈ ਯਾਨੀ ਹਰ ਹਫਤੇ ਇਕ ਪੁਆਇੰਟ ਵੱਧਿਆ। ਸਾਲ ਵਿਚ 52 ਹਫਤੇ ਹੁੰਦੇ ਹਨ। ਹੋ ਸਕਦਾ ਹੈ ਕਿ ਇਹ 100 ਪੁਆਇੰਟ ਤਕ ਪਹੁੰਚ ਜਾਵੇ। ਇਸ ਤਰ੍ਹਾਂ 22% ਇਨਫਲੇਸ਼ਨ ਹੋਈ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਦੀ ਟੈਰੀਬਲ ਸਿਚੂਏਸ਼ਨ ਹੈ। ਹਰ ਆਦਮੀ ਦੀ ਇਨਕਮ ਦੀ 11 ਫੀ ਸਦੀ ਇਰੋਜ਼ਨ ਹੋਈ ਹੈ। ਗੌਰਮਿੰਟ ਆਫ ਇੰਡੀਆ ਨੇ ਹਜ਼ਾਰ ਰੁਪਏ ਲੈਣ ਵਾਲੇ ਨੂੰ ਇਨਕਮ ਟੈਕਸ ਵਿਚ ਕੁਝ ਛੋਟ ਦਿਤੀ ਹੈ। ਪਰ ਮੈਂ ਦਸਦਾ ਹਾਂ ਕਿ ਜਿਸਦੀ ਇਨਕਮ ਪਿਛਲੇ ਸਾਲ ਹਜ਼ਾਰ ਰੁਪਏ ਸੀ ਉਹ ਹੁਣ 780 ਰੁਪਏ ਰਹਿ ਗਈ ਹੈ। 400 ਰੁਪਏ ਵਾਲੇ ਦੀ 310 ਰਪਏ, 300 ਰਪਏ ਵਾਲੇ ਦੀ 234 ਰੁਪਏ ਅਤੇ 200 ਰੁਪਏ ਵਾਲੇ ਦੀ 154 ਰੁਪਏ ਰਹਿ ਗਈ ਹੈ। ਇਹ ਪ੍ਰਾਈਮਿਜ਼ ਦੀ ਹਾਲਤ ਹੈ। ਇਸ ਦਾ ਇਨ੍ਹਾਂ ਕੋਲ ਕੋਈ ਸਾਲਿਊਸ਼ਨ ਨਹੀਂ। ਮੈਂ ਕਹਿੰਦਾ ਹਾਂ ਕਿ ਕਾਹਦੇ ਵਾਸਤੇ ਪਲਾਨਿੰਗ ਕਰ ਰਹੇ ਹੋ ? Are they planning for revolution ? ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਕਿੰਗ ਲੂਇਸ ਵੇਲੇ ਫਰਾਂਸ ਵਿਚ ਰੈਵੋਲਿਊਸ਼ਨ ਆਇਆ ਸੀ। ਉਸ ਦੀ ਵਾਈਫ ਮੇਰੀ ਨੇ ਬਾਲਕੋਨੀ ਤੋਂ ਇਕ ਬਹੁਤ ਵੱਡਾ ਜਲੂਸ ਮਹਿਲ ਵਲ ਆਉਂਦੇ ਵੇਖਿਆ ਤਾਂ ਉਸ ਨੇ ਪੁਛਿਆ ਕਿ ਇਹ ਕੀ ਮੰਗਦੇ ਹਨ ? ਉਸ ਨੂੰ ਦੱਸਿਆ ਗਿਆ ਕਿ ਇਹ ਕਹਿੰਦੇ ਹਨ ਕਿ ਸਾਨੂੰ ਬਰੇਡ ਦਿਓ। ਉਹ ਕਹਿਣ ਲਗੀ ਕਿ ਅਗਰ ਬਰੇਡ ਨਹੀਂ ਹੈ, ਡਬਲ ਰੋਟੀ ਨਹੀਂ ਹੈ ਤਾਂ ਇਹ ਕੇਕ ਕਿਉਂ ਨਹੀਂ ਖਾਂਦੇ ? ਇਹੀ ਇਨ੍ਹਾਂ ਦੀ ਹਾਲਤ ਹੈ। ਸਰ, ਕਲ ਮੈਨੂੰ ਇਕ ਪ੍ਰੈਸ ਵਾਲਾ ਮਿਲਿਆ ਸੀ। ਉਹ ਗੈਲਰੀ ਵਿਚ ਬੈਠਾ ਹੈ। ਮੈਨੂੰ ਇਜ਼ਾਜ਼ਤ ਨਹੀਂ ਉਸਦਾ ਨਾਂ ਲੈਣ ਦੀ। ਉਸ ਨੇ ਜ਼ਿਕਰ ਕੀਤਾ ਕਿ ਵਤਾਊਂ 4 ਰੁਪਏ ਕਿਲੋ ਹੋ ਗਏ ਹਨ। ਮੈਂ ਕਿਹਾ ਕਿ ਕਿਸੇ ਕਾਂਗ੍ਰਸੀ ਨੇਤਾ ਨਾਲ ਗਲ ਕਰਨੀ ਸੀ, ਮੇਰੇ ਨਾਲ ਕਿਉਂ ਕੀਤੀ ਹੈ। ਉਹ ਕਹਿਣ ਲਗਾ ਕਿ ਉਨ੍ਹਾਂ ਨਾਲ ਗਲ ਕੀਤੀ ਸੀ ਤਾਂ ਉਹ ਕਹਿੰਦੇ ਸਨ ਕਿ ਵਤਾਊਂ ਕਿਉਂ ਖਾਂਦੇ ਹੋ, ਮੁਰਗੇ ਖਾਉ। Are they planning for revolution in this Country ?

ਮੈਂ ਦਸਦਾ ਹਾਂ ਕਿ ਕੀਮਤਾਂ ਕਿਉਂ ਨਹੀਂ ਥੱਲੇ ਆਉਂਦੀਆਂ। ਇਹ ਕੀਮਤਾਂ ਇਸ ਕਰਕੇ ਉਤਾਂਹ ਜਾ ਰਹੀਆਂ ਹਨ ਕਿਉਂਕਿ ਇਹ ਪਾਰਟੀ ਸਰਮਾਏਦਾਰਾਂ ਦੀ ਸਟੇਜ ਬਣ ਕੇ ਰਹਿ ਗਈ ਹੈ। ਬਨਾਸਪਤੀ ਘੀ ਵਾਸਤੇ ਜਿਹੜਾ ਤੇਲ ਚਾਹੀਦਾ ਹੁੰਦਾ ਹੈ ਉਹ ਤੇਲ ਮਿਲਾਂ ਨੂੰ ਐਸ. ਟੀ. ਸੀ. ਦੀ ਰਾਹੀਂ 90 ਫੀ ਸਦੀ ਫਿਕਸਡ ਪ੍ਰਾਈਸ ਤੇ ਮਿਲਦਾ ਹੈ। ਪਰ ਘੀ ਦੀ ਕੀਮਤ ਤੇ ਕੋਈ ਕੰਟਰੋਲ ਨਹੀਂ (ਵਿਘਨ) ਇਸੇ ਤਰ੍ਹਾਂ, ਸਰ, ਸ਼ੂਗਰ ਦੀ ਕਹਾਣੀ ਲੈ ਲਵੋ। ਇਹ ਕਹਿੰਦੇ ਹਨ ਕਿ ਸ਼ੂਗਰ ਦੀ ਪੈਦਾਵਾਰ ਘੱਟ ਹੋਈ ਹੈ। ਮੈਂ ਕਹਿੰਦਾ ਹਾਂ ਕਿ ਸਾਡੇ ਸਮੇਂ ਵਿਚ ਗੰਨਾ 12, 13 ਰੁਪਏ ਨੂੰ ਵਿਕਿਆ ਅਤੇ ਹੁਣ ਇਨ੍ਹਾਂ ਦੇ ਸਮੇਂ ਵੀ ਇਹ 12, 13 ਰੁਪਏ ਵਿਕਿਆ ਹੈ। ਸਾਡੇ ਟਾਈਮ ਢਾਈ ਰੁਪਏ ਕਿਲੋ ਚੀਨੀ ਸੀ ਅਤੇ ਇਨ੍ਹਾਂ ਦੇ ਸਮੇਂ 8 ਰੁਪਏ ਕਿਲੋ ਹੈ। ਜੇਕਰ ਖੰਡ ਘੱਟ ਹੋਈ ਹੈ ਤਾਂ ਮਿਲਾਂ ਵਾਲਿਆਂ ਨੂੰ ਕੀਮਤਾਂ ਵਧਾਉਣ ਦੀ ਆਗਿਆ ਕਿਉਂ ਦਿਤੀ ਗਈ ਹੈ ? (ਵਿਘਨ) ਮੈਂ ਕਹਿੰਦਾ ਹਾਂ ਕਿ ਡਾਕਟਰ ਸਾਹਿਬ ਇਸ ਗਲ ਦਾ ਜਵਾਬ ਦੇਣ।

ਇਸ ਤੋਂ ਅਗੇ ਲੋਹੇ ਦੇ ਕਾਰਖਾਨਿਆਂ ਦੀ ਗਲ ਲੈ ਲਵੋ। ਸਾਡੇ ਕੋਲ ਬਿਲਟਸ ਫਿਕਸਡ ਪ੍ਰਾਈਸ ਤੇ ਆਉਂਦੀਆਂ ਹਨ। ਪਰ ਉਨ੍ਹਾਂ ਦਾ ਜਿਹੜਾ ਇਥੇ ਸਰੀਆ ਬਣਦਾ ਹੈ ਉਸ ਦੀ ਪ੍ਰਾਈਸ ਤੇ ਕੋਈ ਕੰਟਰੋਲ ਨਹੀਂ। ਕਿਉਂ ? ਕਿਉਂਕਿ ਕੈਪੀਟਲਿਸਟ ਲਾਬੀ ਇਨ੍ਹਾਂ ਦੇ ਸਿਰ ਤੇ ਸਵਾਰ ਹੈ। ਇਹ ਸਰਕਾਰ ਗਰੀਬ ਲੋਕਾਂ ਦਾ ਖੂਨ ਚੂਸਣਾ ਚਾਹੁੰਦੀ ਹੈ। ਮੈਂ ਕਹਿੰਦਾ ਹਾਂ ਕਿ ਜਿੰਨਾਂ ਚਿਰ ਬੇਸਕ ਪਾਲਿਸੀਆਂ ਨੂੰ ਚੇਂਜ ਨਾ ਕੀਤਾ ਜਾਵੇ, ਕੀਮਤਾਂ ਥੱਲੇ ਨਹੀਂ ਆਉਣੀਆਂ।

ਇਨ੍ਹਾਂ ਨੇ ਅਗੇ ਗਰੋਥ ਰੇਟ ਦਾ ਜ਼ਿਕਰ ਕੀਤਾ ਹੈ। ਮੈਨੂੰ ਬੜਾ ਦੁਖ ਹੈ ਕਿ ਫਾਇਨਾਂਸ ਮਨਿਸਟਰ ਸਾਹਿਬ ਨੇ ਫਿਗਰਜ਼ ਬੜੀਆਂ ਟਵਿਸਟ ਕੀਤੀਆਂ ਹਨ। ਇਨ੍ਹਾਂ ਨੇ ਉਹ ਫਿਗਰਜ਼ ਨਹੀਂ ਦਿਤੀਆਂ ਜਦੋਂ ਇਨ੍ਹਾਂ ਦੀ ਸਰਕਾਰ ਸੀ। ਇਨ੍ਹਾਂ ਨੇ ਦਸਿਆ ਹੈ ਕਿ 1976-77 ਵਿਚ 7.6, 1977-78 ਵਿਚ 7.5 ਅਤੇ 1978-79 ਵਿਚ 3.4 ਫੀਸਦੀ ਗਰੋਥ ਹੋ ਗਈ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਦਾ ਇਕਨਾਮਿਕ ਸਰਵੇ ਵੇਖੀਏ.....(ਵਿਘਨ) ਉਹ ਦਸਦਾ ਹੈ ਕਿ ਸਾਡੇ ਸਮੇਂ ਵਿਚ ਇਨ੍ਹਾਂ ਦੇ ਸਮੇਂ

Original with;
Punjab Vidhan Sabha
Digitized by;
Panjab Digital Library

ਤੋਂ ਕਿੰਨਾ ਗਰੋਥ ਰੇਟ ਵੱਧ ਸੀ। ਇਨ੍ਹਾਂ ਦੇ ਆਪਣੇ ਸਮੇਂ ਦੇ 1971–72 ਤੇ 1976–77 ਦੇ ਮੁਕਾਬਲੇ 1977–78 ਦਾ ਗਰੋਥ ਰੇਟ ਬਹੁਤ ਵੱਧ ਹੈ। ਇਨ੍ਹਾਂ ਦੇ 5 ਸਾਲਾਂ ਦੇ ਸਮੇਂ ਵਿਚ ਗਰੋਥ ਰੇਟ 4.2 ਫੀ ਸਦੀ ਸੀ। ਅਸੀਂ 1977–78 ਵਿੱਚ ਇਹ ਚੁੱਕ ਕੇ 7.5 ਫੀ ਸਦੀ ਕਰ ਦਿਤਾ ਯਾਨੀ ਆਲਮੋਸਟ 3.4 ਫੀ ਸਦੀ ਇਕ ਸਾਲ ਵਿਚ ਗਰੋਥ ਰੇਟ ਵਧਾ ਦਿਤਾ। This is a fact I stand by it। ਇਸ ਤੋਂ, ਸਰ, ਅਗਲੇ ਸਾਲ 7.5 ਫੀ ਸਦੀ ਗਰੋਥ ਰੇਟ ਵਧਿਆ। ਅਖੀਰਲੇ ਸਾਲ ਬਾਰੇ ਇਹ ਕਹਿੰਦੇ ਹਨ ਕਿ 3.4 ਫੀ ਸਦੀ ਗਰੋਥ ਰੇਟ ਵਧਿਆ ਅਤੇ ਐਗਰੀਕਲਚਰ ਦੀ ਤਰੱਕੀ ਜ਼ੀਰੋ ਹੋ ਗਈ। ਇਕਨਾਮਿਕ ਸਰਵੇ ਵਿਚ ਫੂਡਗਰੇਨ ਦੀ ਪ੍ਰੋਡਕਸ਼ਨ ਬਾਰੇ ਇਹ ਲਿਖਿਆ ਹੈ:

"Foodgrains production in 1979-80 is anticipated at 120 lakh tonnes against 116 lakh tonnes."

ਸਰ, 116 ਲੱਖ ਟਨ ਦੀ ਬਜਾਏ 120 ਲਖ ਟਨ ਐਗਰੀਕਲਚਰ ਪ੍ਰੋਡਕਸ਼ਨ ਹੋ ਗਈ ਅੱਰ ਇਹ ਕਹਿੰਦੇ ਹਨ ਕਿ ਕੋਈ ਤਰੱਕੀ ਨਹੀਂ ਹੋਈ। ਇਹ ਕਿਹੜੇ ਸਟੈਟਿਸਟਿਕਸ ਹਨ ? ਜਦੋਂ ਡਰਾਊਟ ਪਿਆ ਤਾਂ ਉਦੋਂ ਸਾਰੇ ਦੇਸ਼ ਦੀ ਐਗਰੀਕਲਚਰ ਦੀ ਪ੍ਰੋਡਕਸ਼ਨ ਵਿਚ ਤਰੱਕੀ ਮਾਈਨਸ 10 ਫੀ ਸਦੀ ਸੀ ਅਤੇ ਇੰਡਸਟਰੀ ਦੀ ਮਾਈਨਸ 8 ਫੀ ਸਦੀ ਸੀ। ਪਰ ਮੈਨੂੰ ਖੁਸ਼ੀ ਹੈ ਕਿ ਉਦੋਂ ਵੀ ਪੰਜਾਬ ਦੀ ਤਰੱਕੀ ਦੀ ਰਫਤਾਰ 3, 4 ਫੀ ਸਦੀ ਪਲੱਸ ਰਹੀ। ਇਨ੍ਹਾਂ ਨੂੰ ਸ਼ਾਬਾਸ਼ ਦੇਣੀ ਚਾਹੀਦੀ ਸੀ। ਜਦੋਂ ਸਾਰਾ ਦੇਸ਼ ਉਜੜ ਰਿਹਾ ਸੀ ਉਦੋਂ ਪੰਜਾਬ ਦੀ ਤਰੱਕੀ ਨੂੰ ਅਸੀਂ ਮੇਨਟੇਨ ਹੀ ਨਹੀਂ ਕੀਤਾ ਬਲਕਿ ਅਗੇ ਲਿਆਂਦਾ। ਇਹ ਸਾਡੇ ਗਰੋਥ ਰੇਟ ਦੀ ਪੋਜ਼ੀਸ਼ਨ ਸੀ। ਅਸੀਂ ਪੰਜਾਬ ਨੂੰ ਹਰ ਹਾਲਤ ਵਿਚ ਅਗੇ ਲੈ ਗਏ। (ਘੰਟੀ) ਮੈਂ ਵਾਈਂਡ ਅੱਪ ਕਰਨ ਲਗਾ ਹਾਂ ਜੀ।

ਸਰ, ਮੈਂ ਇਨ੍ਹਾਂ ਦਾ ਇਹ '25 ਪੁਆਇੰਟ ਸੋਸ਼ਿਓ ਇਕਨਾਮਿਕ ਪੋਗਰਾਮ' ਪੇਸ਼ ਕਰਦਾ ਹਾਂ। ਮੈਨੂੰ ਬਹੁਤ ਖੁਸ਼ੀ ਹੋਈ ਕਿ ਸਾਡੇ ਦੇਸ਼ ਦੀ ਪ੍ਰਾਈਮ ਮਨਿਸਟਰ ਨੇ 20 ਨੁਕਾਤੀ ਪ੍ਰੋਗਰਾਮ ਦੇਸ਼ ਨੂੰ ਦਿੱਤਾ ਅਤੇ ਸਾਡੇ ਦੇਸ਼ ਚੋ ਨੌਜਵਾਨ ਨੇਤਾ ਨੇ, ਜਿਹੜੇ ਹੁਣ ਇਸ ਜਹਾਨ ਤੇ ਨਹੀਂ ਰਹੇ, ਉਨ੍ਹਾਂ ਨੇ 5 ਨੁਕਾਤੀ ਪੋਗਰਾਮ ਦਿਤਾ ਸੀ। ਉਨ੍ਹਾਂ 25 ਨੁ ਾਤੀ ਪ੍ਰੋਗਰਾਮਾਂ ਨੂੰ ਇਨ੍ਹਾਂ ਨੇ ਆਪਣੀ ਇਕਨਾਮਿਕ ਪਾਲਿਸੀ ਦੀ ਵਿਲਾਸਫੀ ਬਣਾਇਆ ਮੈਂ ਦਸਦਾ ਹਾਂ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਉਨ੍ਹਾਂ ਨੇਤਾਵਾਂ ਦੀਆਂ ਫਿਲਾਸਫੀਆਂ ਦੀਆਂ ਧੱਜੀਆਂ ਉਡਾਈਆਂ। ਇਨ੍ਹਾਂ ਨੇ ਦਸਿਆ ਹੈ ਕਿ ਹਰ ਪੁਆਇੰਟ ਵਾਸਤੇ ਕੀ ਕੀਤਾ ਜਾਏਗਾ, ਕਿੰਨਾ ਰੁਪਿਆ ਰਖਿਆ ਜਾਏਗਾ, ਕਿਸ ਤਰ੍ਹਾਂ ਉਸਦੀ ਤਰੱਕੀ ਕੀਤੀ ਜਾਏਗੀ। ਜਦੋਂ ਮੈਂ ਦਸਾਂਗਾ ਤਾਂ ਇਨ੍ਹਾਂ ਦੀਆਂ ਪਿਛਲੀਆਂ ਸੀਟਾਂ ਵਾਲੇ ਗੁੱਸੇ ਹੋਣਗੇ। ਸਾਡੇ ਨਾਲ ਨਹੀਂ, ਆਪਣੇ ਲੀਡਰਾਂ ਨਾਲ ਗੁੱਸੇ ਹੋਣਗੇ ਕਿਉਂਕਿ ਇਨ੍ਹਾਂ ਦੀ ਪੋਲ ਖੁਲੇਗੀ ਅੱਰ ਜੇ ਇਹ ਆਂਕੜੇ ਪ੍ਰਾਈਮ ਮਨਿਸਟਰ ਅਤੇ ਹੋਮ ਮਨਿਸਟਰ ਕੋਲ ਲੈ ਗਏ ਤਾਂ ਇਨ੍ਹਾਂ ਦੀ ਛੁੱਟੀ ਹੋ ਜਾਏਗੀ। ਤੁਸੀਂ ਗੌਰ ਕਰੋ ਕਿ ਬੇਸਿਕ ਪਾਲਿਸੀ ਦਾ ਕੀ ਮਜ਼ਾਕ ਇਨ੍ਹਾਂ ਨੇ ਕੀਤਾ ਹੈ। ਇਨ੍ਹਾਂ ਨੇ ਪਹਿਲੀ ਆਈਟਮ ਲਈ ਹੈ House sites for landless workers in rural areas. ਪਿੰਡਾਂ ਦੇ ਜਿਹੜੇ ਵਰਕਰਜ਼ ਹਨ ਉਨ੍ਹਾਂ ਨੂੰ ਹਾਊਸ ਸਾਈਟਸ ਦੇਣੇ ਹਨ। ਉਸ ਦੇ ਲਈ ਪੈਸਾ ਕਿੰਨਾ ਰਖਿਆ ਹੈ, 35 ਲੱਖ ਰੁਪਏ। ਉਨ੍ਹਾਂ ਦੀ ਗਿਣਤੀ 5 ਲੱਖ ਹੈ।

ਦੂਸਰਾ ਪੁਆਇੰਟ ਜਿਹੜਾ ਹੈ ਉਹ ਹੈ . . . . . .

New development plan for development of handloom sector. Policy of reservation for handlooms to be rationalised to give greater protection to weavers.

ਡਿਪਟੀ ਸਪੀਕਰ ਸਾਹਿਬ, ਜਿਹੜੇ ਸਾਰੇ ਪੰਜਾਬ ਵਿਚ ਜੁਲਾਹੇ ਹਨ, ਉਨ੍ਹਾਂ ਦੇ ਕੰਮ ਨੂੰ ਤੇਜ਼ ਕਰਨ ਲਈ, ਉਨ੍ਹਾਂ ਨੂੰ ਪ੍ਰੋਟੈਕਸ਼ਨ ਦੇਣ ਵਾਸਤੇ ਅਤੇ ਉਨ੍ਹਾਂ ਦੇ ਕੰਮ ਨੂੰ ਵਧਾਉਣ ਵਾਸਤੇ ਇੰਟਰੈਸਟ ਫਰੀ ਲੋਨਜ਼ ਇਹ ਸਰਕਾਰ ਦੇਵੇਗੀ। ਪਰ ਇਸ ਲਈ ਰੁਪਿਆ ਕਿਤਨਾ ਰੱਖਿਆ ਹੈ ? ਸਿਰਫ 50,000 ਰੁਪਿਆ। (ਹਾਸਾ) ਡਿਵੈਲਪਮੈਂਟ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਇਹ ਸਬਸਿਡੀ ਹੈ। ਅਗਰ ਮਾਰਜਿਨ ਮਨੀ 25 ਹਜ਼ਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਰੁਪਏ ਹੋਵੇ ਤਾਂ 2 ਲੱਖ ਕਰਜ਼ਾ ਮਿਲੇਗਾ। ਇਹ ਕਿਉਂ ਇਸ ਤਰ੍ਹਾਂ ਕਰ ਰਹੇ ਹਨ ? ਇਹ ਇੱਕ ਕਾਂਸ਼ਿਅਸ ਪਾਲਿਸੀ ਹੈ ਕਿਉਂਕਿ ਜਿਹੜੀ ਟੈਕਸਟਾਈਲ ਦੀ ਲਾਬੀ ਹੈ, ਉਸਦੇ ਮੁਕਾਬਲੇ ਵਿਚ ਵੀਵਰ ਨੂੰ ਅਤੇ ਹੈਂਡਲੂਮ ਨੂੰ ਇਹ ਬਿਲਕੁਲ ਤਕੜਾ ਨਹੀਂ ਕਰਨਾ ਚਾਹੁੰਦੇ, ਬਲਕਿ ਉਸਨੂੰ ਬੇਵਕੂਫ ਬਣਾ ਕੇ ਉਸ ਦੀਆਂ ਵੋਟਾਂ ਇਹ ਹਾਸਿਲ ਕਰਨਾ ਚਾਹੁੰਦੇ ਹਨ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅਪ ਕਰੋ ਜੀ।

ਸਰਦਾਰ ਬਲਵੰਤ ਸਿੰਘ : ਮੈਂ ਵਾਈਂਡ ਅਪ ਹੀ ਕਰ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਇਨ੍ਹਾਂ ਗੱਲਾਂ ਨੂੰ ਮਹਿਸੂਸ ਕਰਦੇ ਹੋਵੋਗੇ। ਅਗਲਾ ਹਿੱਸਾ ਇਸਦਾ ਹੈ ਵੀਵਰਜ਼ ਦੀ ਟਰੇਨਿੰਗ ਦਾ। ਇਸਦੇ ਲਈ ਤੁਹਾਨੂੰ ਪਤਾ ਹੈ, ਕਿਤਨਾ ਪੈਸਾ ਰਖਿਆ ਹੈ ? ਸਿਰਫ 50 ਹਜ਼ਾਰ ਰੁਪਿਆ। ਡਿਪਟੀ ਸਪੀਕਰ ਸਾਹਿਬ, ਇਸ ਨਾਲ ਤਾਂ ਇੱਕ ਪ੍ਰਾਇਮਰੀ ਸਕੂਲ ਵੀ ਨਹੀਂ ਖੁਲ੍ਹ ਸਕਦਾ। ਇਨ੍ਹਾਂ ਦਾ ਅਗਲਾ ਪੁਆਇੰਟ ਹੈ construction of work sheds for weavers. ਇਸ ਸਕੀਮ ਦੇ ਤਹਿਤ ਬਠਿੰਡੇ, ਜਲੰਧਰ, ਸੰਗਰੂਰ ਜਾਂ ਸੁਲਤਾਨਪੁਰ ਲੋਧੀ ਵਿਖੇ ਸ਼ੈਡਜ਼ ਬਣਾਉਣ ਲਈ ਕਿਤਨਾ ਪੈਸਾ ਰਖਿਆ ਗਿਆ ਹੈ ? ਸਿਰਫ ਦੋ ਲੱਖ ਰੁਪਿਆ। (ਹਾਸਾ)

This is their 25-Point Programme. This is their commitment to the 25 Point Programme.

ਡਿਪਟੀ ਸਪੀਕਰ ਸਾਹਿਬ, ਇਸ 25 ਪੁਆਇੰਟ ਪ੍ਰੋਗਰਾਮ ਨਾਲ ਇਨ੍ਹਾਂ ਦੀ ਕੋਈ ਕੁਮਿਟਮੈਂਟ ਨਹੀਂ ਹੈ। ਬਲਕਿ ਇਨ੍ਹਾਂ ਦੀ ਕੁਮਿਟਮੈਂਟ ਤਾਂ ਕੈਪੀਟਲਿਜ਼ਮ ਨਾਲ ਹੈ।

ਡਿਪਟੀ ਸਪੀਕਰ ਸਾਹਿਬ, ਅਗਲਾ ਪੁਆਇੰਟ ਬਹੁਤ ਹੀ ਇਮਪਾਰਟੈਂਟ ਹੈ। ਇਹ ਪੁਆਇੰਟ ਪੰਜਾਬ ਵਿਚ ਪੜ੍ਹੇ ਲਿਖੇ ਬੇਕਾਰ ਨੌਜਵਾਨਾਂ ਲਈ ਅਤੇ ਸੈਮੀ-ਐਜੂਕੇਟਿਡ ਨੌਜਵਾਨਾਂ ਲਈ ਰੋਜ਼ਗਾਰ ਦੇ ਬਾਰੇ ਵਿਚ ਹੈ :

New Apprenticeship Scheme to enlarge employment and training. Special Care will be taken to ensure a fair deal to Scheduled Castes and Tribes, minorities and handicapped persons in recruitment of Apprentices.

ਡਿਪਟੀ ਸਪੀਕਰ ਸਾਹਿਬ, ਮਾਇਨਾਰਿਟੀਜ਼ ਨੂੰ, ਸ਼ੈਡਿਊਲਡ ਕਾਸਟਸ ਨੂੰ, ਸ਼ੈਡਿਊਲਡ ਟਰਾਈਬਜ਼ ਨੂੰ ਅਤੇ ਹਰ ਕਿਸਮ ਦੇ ਨੌਜਵਾਨ ਨੂੰ ਅਤੇ ਪੜ੍ਹੇ ਲਿਖਿਆਂ ਨੂੰ ਇੰਪਲਾਇਮੈਂਟ ਦੇਣ ਲਈ ਕੀ ਕੀਤਾ ਜਾਵੇਗਾ ? ਉਨ੍ਹਾਂ ਲਈ ਰੂਰਲ ਏਰੀਆਜ਼ ਵਿੱਚ ਇੱਕ ਮੋਬਾਈਲ ਸੈਂਟਰ ਖੋਲ੍ਹਿਆ ਜਾਵੇਗਾ। ਇਸ ਦੇ ਲਈ ਪੈਸੇ ਕਿਤਨੇ ਰੱਖੇ ਹਨ। ਇਸ ਦੇ ਲਈ ਘੱਟੋ ਘੱਟ ਇੱਕ ਟਰੱਕ ਤਾਂ ਜ਼ਰੂਰ ਚਾਹੀਦਾ ਹੈ। ਉਸ ਲਈ ਵੀ ਡੇਢ ਲੱਖ ਰੁਪਿਆ ਲਗਦਾ ਹੈ। ਫਿਰ 50, 60 ਹਜ਼ਾਰ ਰੁਪਏ ਦੇ ਟੂਲਜ਼ ਵੀ ਚਾਹੀਦੇ ਹਨ। ਜਿਹੜਾ ਟਰੇਨਿੰਗ ਦੇਣ ਵਾਲਾ ਅਮਲਾ ਹੋਵੇਗਾ ਉਸਨੂੰ ਵੀ ਸਾਲ ਵਿਚ 30, 40 ਹਜ਼ਾਰ ਰੁਪਿਆ ਤਨਖਾਹ ਦਾ ਦੇਣਾ ਪਵੇਗਾ। ਗਲ ਕੀ, ਇੱਕ ਮੋਬਾਈਲ ਸੈਂਟਰ ਬਣਾਉਣ ਵਾਸਤੇ 10 ਲੱਖ ਰੁਪਿਆ ਤਾਂ ਚਾਹੀਦਾ ਹੈ। ਪਰ ਇਨ੍ਹਾਂ ਨੇ ਤਾਂ ਕਈ ਮੋਬਾਈਲ ਸੈਂਟਰ ਖੋਲ੍ਹਣੇ ਹਨ ਕਿਉਂਕਿ ਲੱਖਾਂ ਬੰਦਿਆਂ ਨੂੰ ਟਰੇਨਿੰਗ ਦੇਣੀ ਹੈ। ਪੈਸਾ ਕਿਤਨਾ ਇਸ ਲਈ ਰੱਖਿਆ ਹੈ, ਸਿਰਫ 50 ਹਜ਼ਾਰ ਰੁਪਿਆ। (ਹਾਸਾ) ਡਿਪਟੀ ਸਪੀਕਰ ਸਾਹਿਬ, ਕੀ ਉਸ ਮੋਬਾਈਲ ਸੈਂਟਰ ਨੂੰ ਗੱਡੇ ਉਤੇ ਚਲਾਉਣਗੇ। ਮੈਂ ਤਾਂ ਕਹਿੰਦਾ ਹਾਂ ਕਿ ਇੱਕ ਗੱਡਾ ਲੈ ਲੈਣ। ਫਾਈਨਾਂਸ ਮਿਨਿਸਟਰ ਸਾਹਿਬ ਅੱਗੇ ਬਹਿ ਜਾਣ ਅਤੇ ਮੁੱਖ ਮੰਤਰੀ ਸਾਹਿਬ ਪਿੱਛੇ ਬਹਿ ਜਾਣ। ਮੁੱਖ ਮੰਤਰੀ ਸਾਹਿਬ ਟਰੇਨਿੰਗ ਦੇਈ ਜਾਣ ਅਤੇ ਇਹ ਗੱਡਾ ਚਲਾਈ ਜਾਣ। ਇਸ ਤੋਂ ਵੱਡਾ ਮਜ਼ਾਕ 25 ਪੁਆਇੰਟ ਪ੍ਰੋਗਰਾਮ ਨਾਲੋਂ ਹੋਰ ਕੋਈ ਨਹੀਂ ਹੋ ਸਕਦਾ। ਜਿਹੜੀ ਕਾਂਗਰਸ ਪਾਰਟੀ ਆਪਣੇ ਕਾਂਗਰਸ ਭਵਨ ਤੇ 1 ਕਰੋੜ ਰੁਪਿਆ ਲਗਾ ਸਕਦੀ ਹੈ, ਜਿਹੜੀ ਪਾਰਟੀ ਮਟੌਰ ਸੈਸ਼ਨ ਤੇ 2 ਕਰੋੜ ਰੁਪਏ ਖਰਚ ਕਰ ਸਕਦੀ ਹੈ ਤਾਂ ਉਸ ਪਾਰਟੀ ਦੀ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਅਨਪੜ੍ਹ ਲੋਕਾਂ ਦੀ ਟਰੇਨਿੰਗ ਵਾਸਤੇ ਸਿਰਫ 50,000 ਰੁਪਏ ਜੋ ਰਖੇ ਹਨ, ਕੀ ਉਹ ਕਾਫੀ ਹਨ ? ਇਸ ਤੋਂ ਵੱਡਾ ਮਜ਼ਾਕ ਹੋਰ ਕੋਈ ਨਹੀਂ ਹੋ ਸਕਦਾ। ਕਾਂਗਰਸ ਪਾਰਟੀ ਦੇ ਮਨਿਸਟਰਾਂ ਦੇ ਤਾਂ 15, 15 ਹਜ਼ਾਰ ਰੁਪਏ ਮਹੀਨੇ ਦੇ ਟੈਲੀਫੂਨਾਂ ਦੇ ਬਿਲ ਆਉਂਦੇ ਹਨ। ਇਹ ਤਾਂ ਪੰਜਾਬ ਦੀ ਆਰਥਕਤਾ ਨੂੰ ਖਤਮ ਕਰਨ ਦੀ ਕੋਸ਼ਿਸ਼ ਹੈ। ਇਸ ਲਈ ਮੈਂ ਕਹਾਂਗਾ ਕਿ this is a Budget which should be thrown out and if we do not throw it out, people will throw you out. Thank you.

(*Thumping from the Opposition Benches.*)

श्री यश (जालन्धर, केन्द्रीय) : उपाध्यक्ष महोदय, जहां मैं अपने वित्त मन्त्री को एक ऐसा बजट पेश करने पर मुबारिकबाद पेश करना चाहता हूं जिसको हम एक **comprehensive and realistic budget** कह सकते हैं, कोई पहलू ऐसा नहीं है जिसे नजर-अंदाज किया गया हो, कोई ऐसी जरूरत नहीं जिसकी तरफ ध्यान न दिया गया हो, वहां मैं सरदार बलवन्त सिंह को भी इसलिए मुबारिकबाद पेश करना चाहता हूं कि वह **facts and figures** के बड़े जादूगर हैं। उन्होंने उलाहना दिया है कि जो **facts and figures Finance Minister** को दिये गये हैं उन्होंने इसका ठीक ढंग से इस्तेमाल नहीं किया। सरदार बलवन्त सिंह यह कह सकते हैं कि उन्होंने अब इस तरह तोड़-मोड़ कर बजट पेश किया है ताकि सच झूठ और झूठ सच नजर आने लगे। इस लिए उनको बजट में कुछ नजर आया ही नहीं। उन्होंने बार बार यह कहा कि इतनी बड़ी योजना के लिए इतनी थोड़ी रकम रखी गई है। इस में कोई शक नहीं कि जितनी रकम रखी गई है, उतनी ही बजट में पेश की गई है। अकाली-जनता पार्टी की सरकार की तरह कांग्रेस की सरकार ने यह करने की कोशिश नहीं की कि बड़ी बड़ी बातें कह दी जायें और बाद में किसी का कोई नतीजा न निकले। उपाध्यक्ष महोदय, आपको याद होगा कि जनता पार्टी ने अपने मैनीफैस्टो में यह कहा था कि हम बिक्री टैक्स को हटा देंगे। बड़े जोर से उन्होंने यह कहा था कि यह बड़ी भारी लाहनत है। कभी कोई इंस्पैक्टर आ जाता है और कभी कोई और आ जाता है। इस लिए हम इसको हटा ही देंगे। तीन वर्ष तक इनका राज्य रहा। लेकिन इसको हटाने की तरफ इन्होंने एक भी कदम नहीं उठाया। पंजाब में उस समय जो **Excise and Taxation Minister** थे उनका सम्बन्ध जनता पार्टी से था। वह पार्टी बिक्री टैक्स को हटाने के लिए वचन बद्ध थी। केन्द्रीय सरकार की बात जाने दीजिए। पंजाब सरकार के उस वक्त के **Excise and Taxation Minister** ने बिक्री टैक्स को हटाने के लिए कोई सिफारिश नहीं की। इसके विपरीत हमने कहा था कि हम इसका ढांचा बदल देंगे। हमने तो यह कहा ही नहीं कि इसको हटाना है। हमें इसकी अच्छी तरह वाकफियत है। इस वक्त स्टेट का सब से बड़ा आमदनी का जरिया बिक्री टैक्स है। कोई भी स्टेट गवर्नमैन्ट यह साधन अपने हाथों से नहीं गंवा सकती। पंजाब की कांग्रेस सरकार ने लिफाफेबाजी से काम नहीं लिया कि यह कर देंगे, वह कर देंगे। जो कुछ हो सकता है, जिस तरीके से पालिसी इनीशियेट हो सकती है उसकी तरफ हमने ध्यान दिया है। बड़ी बड़ी बातें करने की कोशिश नहीं की।

उपाध्यक्ष महोदय, मैं एक छोटी सी मिसाल देना चाहता हूं। इन्होंने कहा कि थीन डैम की क्लीयरैंस मिल गई है। बड़े जोर से, बार बार यह कहा गया लेकिन हमारी

Original with;
Punjab Vidhan Sabha
Digitized by;
Panjab Digital Library

[श्री यश]

सरकार ने साफ लफजों में कहा है कि इतने वर्षों में यह पूरा होगा। इन्होंने तीन वर्षों में क्या किया ? इस लिए मैं अकाली सरकार के लिए इतना कहूंगा कि इन्होंने लगातार अढ़ाई साल तक जनता को मूर्ख बनाया। उसका नतीजा बिल्कुल साफ है। यहां पर सरदार प्रकाश सिंह बादल ने गवर्नर एडरैस पर बोलते हुए कहा कि कांग्रेस सरकार सब कुछ वही कर रही है जो हमने किया। इन्होंने यह लफ्ज़ इस्तेमाल किये कि इतना लम्बा चौड़ा एड्रेस लाने की क्या जरूरत थी, यह ही कह देते कि कांग्रेस सरकार अकाली सरकार के नक्शे कदम पर चलेगी। मैं, उपाध्यक्ष महोदय, आपके द्वारा लीडर आफ दी आपोजीशन से दरखवास्त करना चाहता हूं कि यह मेहरबानी करके कांग्रेस को इतनी बड़ी गाली न दें। अगर हम आप की तरह चलते रहे तो आप तो 58 से 37 रह गए हैं लेकिन हम 63 से 23 रह जाएंगे। (हंसी) अगर आप का प्रोग्राम अच्छा होता, आप के काम अच्छे होते आप ने लोगों का विश्वास प्राप्त किया होता तो आज आप उधर ना बैठते (हंसी) (तालियां) सरदार बलवन्त सिंह जी ने कहा है कि राष्ट्रपति से असैंबलियों को तोड़ने का अधिकार ही ले लेना चाहिए। शायद उनको सन् 1977 याद नहीं आया होगा जब कि उन द्वारा समर्थक सरकार ने पंजाब असैंबली को तोड़ा था। 1980 में हम ने कोई नया फैसला नहीं किया। चौधरी चरण सिंह 1977 में एक चिट्ठी ड्राफ्ट कर गए थे। हमने सिर्फ उसकी तारीख बदल कर उस पर दस्तखत ही किए हैं। (हंसी) (इस समय सरदार बलवन्त सिंह की ओर से बैठे बैठे विघ्न)।

अगर पांच साल पूरे हो जाते तो और बात थी लेकिन जिनके पांच साल पूरे नहीं हुए थे उनको उस समय तोड़ दिया गया। कर्नाटक और आन्ध्र प्रदेश की असैम्बली को नहीं तोड़ा। सिर्फ इस लिये नहीं तोड़ा कि वहां कांग्रेस सरकार न थी। यह प्रजातंत्र की बात करते हैं। प्रजातंत्र का यह मतलब नहीं है कि आप कानून की बात ही न करें और दूसरों को कहें कि यह कानून की बात नहीं हुई वह कानून की बात नहीं हुई। अगर आप का प्रजातंत्र में विश्वास होता तो जिस तरीके से 1977 में असैम्बलियां तोड़ी गई थीं वह न तोड़ते। अगर आप का प्रजातंत्र में विश्वास होता तो 1980 में आप खुद ही त्यागपत्र दे देते और कहते "लोकसभा चुनावों में कांग्रेस जीत गई है इस लिए हम चलते हैं। यह खुद तो असैम्बलियां तोड़ देते हैं और जब दूसरों की बारी आती है फिर कहते हैं कि कांस्टीटियूशन ही बदल दिया जाए। कभी कहते हैं कि राष्ट्रपति की पावर्ज ही छीन ली जाएं। इस तरह से नहीं होना चाहिए। जो facts and figures Finance Minister ने दिए हैं उन से यह साफ पता चलता है कि उन्होंने किस तरीके से सभी लोगों का ध्यान रखा है। सिर्फ चौकीदारों का ही ध्यान नहीं रखा। केवल उनका वेतन ही 60 रुपये से 100 रुपये नहीं किया बल्कि सभी का ध्यान रखा है। पहली सरकार ने स्कूलों की बिल्डिंगों का ध्यान नहीं रखा था लेकिन इस सरकार ने उनके लिए रुपया रखा है। स्कूलों के बच्चे गर्मियों में कभी वृक्ष की छाया की तलाश करते हैं और अगर सर्दी होती है तो सूर्य की धूप में बैठते हैं। यह एक ऐसी बात है जो कि बहुत ही जरूरी है। लेकिन पिछली अकाली सरकार ने इस सम्बन्ध में कोई प्रयत्न करने की कोशिश नहीं की। अब

Original with;
Punjab Vidhan Sabha
Digitized by;
Panjab Digital Library

यह कहेंगे कि बिल्डिंगज़ के लिए अमाऊंट थोड़ा रखा गया है। मैं कहता हूं कि यह तो एक काम शुरू करना होता है। फिर जैसे जैसे साधन मिल जाएं, रुपया और रखा जा सकता है। यह कोई ऐसी चीज़ नहीं है जो बाद में न हो सकती हो। सरदार बलवन्त सिंह जी ने कहा है कि सरकार ने कीमतों की ओर ध्यान नहीं दिया। लेकिन, डिप्टी स्पीकर साहिब, यह गलत बयानी है। सरदार सुखजिंदर सिंह ने कहा है कि अकाली सरकार ने पनसप की दुकानें खोली थीं और कीमतों को कन्ट्रोल करने का फैसला किया था। लेकिन मैं यह भी बता दूं कि यह कांग्रेस सरकार का ही फैसला था। अकाली राज्य में तो पनसप का मज़ाक बन गया था। अब मन्त्री महोदय ने यह विश्वास दिलाया है कि यह सरकार पनसप की दुकानों का बड़ी अच्छी तरह से इन्तजाम करेगी। सिर्फ पनसप ही नहीं, बल्कि सरकार की ओर से पब्लिक डिस्ट्रीब्यूशन सिस्टम को अच्छा बनाया जाएगा। लेकिन मैं यह कहूंगा कि कोई जादू का डंडा तो सरकार के पास नहीं है, कोई अलाहद्दीन का चिराग तो है नहीं जिसके साथ रातो रात ही सारी चीज़ ठीक हो जाए, सारा सिस्टम ठीक हो जाए। कई मसलों को अकाली-जनता सरकार ने उलझाया है। वह रातो रात ही हल नहीं हो सकेंगे, उन पर तो टाईम लगेगा। जैसे कि जब कोई बीमारी आती है तो घोड़े की चाल आती है लेकिन जब जाती है तो च्यूंटी की रफतार से वापिस जाती है। घाव लगने में क्या लगता है लेकिन उस पर जब मरहम लगाई जाती है तो उस को क्योर होने में बड़ा अरसा लगता है। इसी तरह से ही पब्लिक डिस्ट्रीब्यूशन सिस्टम की बात है। यह भी ठीक है कि इस सिस्टम में से बहुत से लोग मुनाफा कमा गए हैं। फिर कई बार इंट्रस्टस कलैश कर जाते हैं। कई लोग यह कहना शुरू कर देते हैं कि काश्तकार पर, ज़मींदार पर, किसान पर, बोझ डाल दिया गया है। असल में बोझ तो कंजूमर पर पड़ता है, खप्तकार पर पड़ता है फिर कह देते हैं कि बिजली के रेट बढ़ा दिये हैं। लेकिन मैं कहना चाहता हूं कि अगर बिजली के फ्लैट रेट बढ़ेंगे तो अनाज की कीमत भी बढ़ेगी, कास्ट आफ प्रोडक्शन के ऊपर असर पड़ेगा। इसी तरह से खप्तकार पर असर पड़ेगा। अगर बिमारी गम्भीर हो तो डाक्टर एक दम तो उसका इलाज नहीं कर सकेगा टाईम लगेगा और अगर डाक्टर ने एक इंजैक्शन लगाया है तो इस का मतलब यह नहीं है कि उन के पास और दवाईयां नहीं हैं। सरदार बलवन्त सिंह जी ने कहा है कि सिर्फ 50 हजार रुपया रखा है, यह बहुत थोड़ा है। लेकिन जो कुछ उन्होंने किया था उसको भी नजर अन्दाज न किया जाए। जब इनकी सरकार थी तब फाईनैंशियल अटानोमी का स्वाल उठाया गया था। अब भी उठाया गया है। मैं कहता हूं कि देखना यह चाहिये कि कौनसा सवाल जरूरी है और कौन सा जरूरी नहीं है। अगर आप के अन्दर इमानदारी है तो मैं आप को बता देता हूं कि जब आप ने यह सवाल उठाया था तो आप के दिमाग में यह सवाल था कि दिल्ली पावर का सैन्टर न रहे और वह सैंटर अमृतसर बन जाए। उस मांग का आधार आनन्दपुर साहब का प्रस्ताव है। जिस राजनैतिक दल ने यह मांग की वह एक फिरकापरस्त पार्टी है। इसलिए यह मांग तो एक फिर्के की थी। एक फिर्के के लिए अधिकार मांगे जा रहे थे। अकाली दल का भी एक वर्ग ही यह मांग रहा था। उसकी बैकग्राऊंड नेशनल नहीं थी, कौमी न थी। पहिले एक फिर्के ने कहा कि हम सूबे के लिए ज्यादा अधिकार मांग रहे हैं। लेकिन दूसरे ने कहा कि हमारी मांग आर्थिक

Original with;
Punjab Vidhan Sabha
Digitized by;
Panjab Digital Library

[श्री यश]

अटानोमी की थी। यह सभी प्रोग्राम आनन्दपुर से शुरू होते हैं। कोई भी अकाली-जनता पार्टी का वजीर यह मानने से इंकार नहीं कर सकता कि उन की हकूमत में सारा ही वातावरण दूषित हो गया था।

(इस समय माईक बंद था और बहुत कम सुनाई दे रहा था)

इन्होंने सारे वातावरण में जहर घोल दिया जिस से पंजाब को बहुत नुकसान हुआ।

डिप्टी स्पीकर साहिब, जैसे दो तरह के शहरी होते हैं एक पहले दर्जे के और दूसरे घटिया दर्जे के इसी तरह जनता-अकाली वजारत में भी दो किस्म के वजीर थे एक अव्वल दर्जे के और दूसरे नम्बर दो के। उन में कुछ भेद होता है। उन की बातों में मतभेद होता है। इसी तरह इन की वजारत में भी आपस में मतभेद थे। सारे वजीर आपस में बराबर नहीं थे। मैं समझता हूं कि उन में कुछ भेद भाव था। यदि इन में भेद भाव न होता तो जनता पार्टी के वजीर त्याग पत्र क्यों दे जाते ? अभी आप ने देखा होगा, जब इलैक्शन हो रहे थे तो उस समय जनता पार्टी ने या अकाली दल ने एक दूसरे की खुल कर मदद नहीं की। बाहिर से कहते रहे कि हम एक दूसरे की मदद करेंगें, परन्तु अन्दर से मदद करने की कोशिश नहीं करते थे। क्योंकि इन का आपस में भेद भाव था। इनकी सारी कारगुजारी जो थी वह फिर्का दाराना थी।

आज ही यहां पर सरदार बलवन्त सिंह जी ने स्पीच करते हुए फाईनान्शल अटानोमी की बात की। उस में सिर्फ एक कम्यूनल बात नजर आती थी। डिप्टी स्पीकर साहिब, हर बात करने और कहने का तरीका होता है। थोड़ी सी बात अपने ढंग के साथ करने से उस की रूपरेखा बदल जाती है। इन्होंने जो लफ़्ज अटानोमी इस्तेमाल किया इससे ही उनकी नीचता साफ नजर आ जाती है। यदि अधिक आर्थिक अधिकार चाहिए तो more powers का शब्द इस्तेमाल करना चाहिए। वह कह सकते थे कि इस टैक्स में हमें हिस्सा कम मिलता है हमें ज्यादा हिस्सा दिया जाए। आज यहां पर सरदार बलवन्त सिंह जी ने दूसरी स्टेटों के बारे बात की और यह कहा कि दूसरी स्टेटों के चीफ मिनिस्टर भी, जहां कांग्रेस की सरकारें थीं, हमारे साथ थे। ठीक है वह इन के साथ रहे होंगे परन्तु उन्हें यह नहीं पता था कि पंजाब वाले किस रूप रेखा से बात कर रहे हैं। वह स्टेटस तो यह चाहती थीं कि उन को फंडज ज्यादा मिलें। यदि उन्हें इन की असली बात का पता होता तो वे साफ इंकार कर देते। परन्तु अकाली सरकार ने इस बात को साफ नहीं कहा आज यह कहते हैं कि हमारी यह मांग कम्यूनल नहीं थी, मैं समझता हूं कि यदि आप की मांग कम्यूनल नहीं थी तो फिर शेख अब्दुला ने आप का साथ क्यों नहीं दिया ? आप ने ऐसा क्यों नहीं कह दिया कि हमें इस टैक्स में ज्यादा हिस्सा चाहिए ? आप यह कहते कि इस टैक्स में हमें 50 प्रतिशत नहीं, 85 प्रतिशत हिस्सा चाहिए तो उस का नजरिया कुछ और होता। फिर हमें सिर्फ अपनी ही स्टेट के बारे में नहीं सोचना है। यह सारा भारत हमारा है। भारत सरकार ने भी कई काम करने हैं। जैसे डिफैंस का है, विकास का है, सड़कों का है और इस तरह के कई म हैं जो सैन्ट्रल गवर्नमैन्ट को करने पड़ते हैं। उनके पास पैसा कहां से आयेगा ?

Original with;
Punjab Vidhan Sabha
Digitized by;
Panjab Digital Library

ठीक है, हमारी इच्छा होती है कि हमारी स्टेट को सैन्टर से ज्यादा पैसा मिले लेकिन इस बात के लिए कोई ऐसी सिचूएशन पैदा कर देना जिस से कि भारत सरकार को बदनामी मिले, यह ठीक नहीं है। हमारी विचार धारा ऐसी होनी चाहिए जिससे किसी को कोई नुक्सान न पहुंचे, हम भी यह चाहते हैं कि पंजाब को ज्यादा रुपया मिले। हम इस बात का स्वागत करते हैं। परन्तु उसका अर्थ फाईनान्शल अटानोमी का नारा लगाना नहीं। अकाली दल तो उस प्रश्न को उछाल कर राजनैतिक फायदा उठाना चाहता था, वह ठीक नहीं। इस में कोई भी दो रायें नहीं हो सकतीं कि पंजाब को ज्यादा रुपया मिले। हम तो चाहते हैं कि ज्यादा रुपया मिले ताकि हम डिवैल्पमैन्ट पर ज्यादा खर्च कर सकें। लेकिन कोई भी ऐसी बात नहीं करनी चाहिए जिससे अविश्वास की भावना पैदा हो। तनाव पैदा करने वाली किसी भी मांग के साथ हम कतई सहमत नहीं हैं।

फिर सरदार बलवन्त सिंह जी ने जो सेल्ज़ टैक्स के बारे बात की, मैं उनके साथ सहमत हूं। सेल्ज़ टैक्स न बढ़ाया जाए तो अच्छा है लेकिन जिस तरह वह व्यापारियों की बात कर के इस बात का क्रैडिट लेना चाहते हैं वह ठीक नहीं। क्रैडिट तो यह तब ले सकते थे यदि इन्होंने अपने राज्य में 6 प्रतिशत से 5 प्रतिशत सेल्ज़ टैक्स कर दिया होता।

फिर इन्होंने कहा कि इन्होंने ड्राई फ्रूटस वालों को कनसैशन दिया था। पर असल बात तो यह है कि ड्राईफ्रूट वालों को कनसैशन भी ज्ञानी जैल सिंह की सरकार के समय ही दिया गया था। पर आज यह ऐसा कह कर क्रैडिट लेना चाहते हैं।

जो इन्होंने सेल्ज़ टैक्स की बात की है यह ठीक है मैं भी समझता हूं कि इस से कोई खास फर्क नहीं पड़ेगा। हमारे फाईनांस मिनिस्टर ने बजट में 70 करोड़ का घाटा बताया है और इस सेल्ज़ टैक्स को 7 प्रतिशत करने से केवल 4 करोड़ रुपया और आ सकता है। फिर भी 66 करोड़ रुपये का घाटा रह जायेगा। इस लिए मैं भी वित्त मंत्री साहिब से यह बात कहूंगा कि वह इस पर फिर विचार करें सेल्ज़ टैक्स का रेट न बढ़ाएं। यह 4 करोड़ रुपया तो सेल्ज़ टैक्स की चोरी रोकने से भी आ सकता है। डिप्टी स्पीकर साहिब, यदि आप इजाज़त दें तो मैं यह कहूंगा कि यह सेल्ज़ टैक्स तो एक तरह की कामधेनु गाय है यह टैक्स बढ़ाने की बजाए यदि चोरी रोकी जाए तो 4 करोड़ रुपये के स्थान पर 40 करोड़ रुपये वसूल हो सकते हैं। रेट बढ़ाने से व्यापारी को प्रोत्साहन नहीं मिलेगा। जितना टैक्स बढ़ता जाएगा उतनी ही चोरी होने की सम्भावना बढ़ जाती है। जितना यह कम होगा उतनी चोरी की सम्भावना कम होगी।

यहां पर कुछ दोस्तों ने कहा कि कई स्टेटस में यह सेल्ज़ टैक्स 7–8 प्रतिशत भी है। मैं समझता हूं कि जहां पर 7–8 प्रतिशत सेल्ज़ टैक्स है वहां माल पर ट्रांसपोर्ट का खर्चा बहुत कम आता है। परन्तु जब माल उधर से यहां आता है तो उसके ट्रांसपोर्ट के चार्जिज बढ़ जाते हैं। इस लिए यहां उस माल की कीमत भी ज्यादा होगी। इस लिए मैं समझता हूं कि यहां पर यह सेल्ज़ टैक्स बढ़ाना ठीक नहीं और वित्त मंत्री साहिब से यह आश्वासन चाहता हूं कि वह इस तरफ ध्यान देकर पैसा इक्टठा करने का कोई और रास्ता

Original with;
Punjab Vidhan Sabha
Digitized by;
Panjab Digital Library

[श्री यश]

निकालेंगे । इस टैक्स को बढ़ाने से कोई ज्यादा फायदा नहीं होगा । बल्कि टैक्स की चोरी बढ़ जायेगी ।

डिप्टी स्पीकर साहिब, इस बजट के अन्दर कुछ ऐसी बातें कही गई हैं जो बहुत ही अच्छी हैं। मेरे कुछ दोस्तों ने इन बातों को बिल्कुल नजर अंदाज कर के यह कहा है कि इस बजट को फैंक देना चाहिए। (विघ्न) मैं समझता हूं कि यह बात बिल्कुल गलत कही गई है। इस बजट में किसी मद्द को नजर अन्दाज नहीं किया गया। इंडस्ट्री, पब्लिक डिस्ट्रीव्यूशन सिस्टम, कुआपरेशन, हाऊसिंग और इन्ट्रस्ट फ्री, लोन देने की सहूलतें, इन सब बातों का जिक्र किया गया है। (विघ्न)

(इस समय कई आपोजीशन के मैंबर बैठे बैठे बोल रहे थे)

डिप्टी स्पीकर साहिब, मैं यह आप से प्रार्थना करूंगा कि इनको (आपोज़ीशन की तरफ इशारा करके) हस्पतालों में पहुंचा देना चाहिए ताकि पोस्ट-मार्टम हो जाए (विघ्न) (शोर) डिप्टी स्पीकर साहिब, यह कहते हैं कि डीजल की कीमत बढ़ने से कितना खर्च बढ़ेगा ? इसी तरह खाद की कीमत बढ़ने से कितना खर्च बढ़ेगा ? डिप्टी स्पीकर साहिब, जब एक चीज़ की कास्ट आफ प्रोड्रक्शन बढ़ती है तो आटोमैटीकली उसकी सेल प्राईस भी बढ़ जाती है।

इस बारे में मुख्य मन्त्री महोदय ने आश्वासन दिया था कि वह उपज के दाम बढ़ाने की कोशिश करेंगे। जब डीज़ल की कीमत पर असर पड़ा तो ट्रांसपोर्ट पर भी इसका असर पड़ेगा। ट्रांसपोर्ट के चार्जिज भी बढ़ जायेंगे। मैं ट्रांसपोर्ट के बारे में वित्त मन्त्री महोदय को एक बात जरूर कहूंगा कि पैसंजर टैक्स की बहुत चोरी हो रही है, उस को रोका जाए। सरकारी बसों में पैंसजर कम होते हैं, प्राईवेट बसों में ज्यादा । लेकिन प्राईवेट ट्रांसपोर्ट वाले पैसन्जर टैक्स कम देते हैं। अगर इस चोरी को रोक दिया जाएं तो काफी आमदनी हो सकती है तब किराया बढ़ाने की भी जरूरत नहीं होगी। (विघ्न) बस एक बात मैं और कहना चाहता हूं कि जो लीडर आफदी आपोज़ीशन ने कहा है कि कांग्रेस सरकार हमारे नक्शे कदम पर चलने की कोशिश कर रही है। (विघ्न) (शोर) कृपा करके हमें यह बददुआ न दें। आप तो अढ़ाई तीन साल में ही चले गये थे हम पूरे पांच साल तक जनता की सेवा करेंगे।

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ) : ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਐਫ. ਐਮ. ਸਾਹਿਬ ਨੂੰ ਬਜਟ ਪੇਸ਼ ਕਰਨ ਲਈ ਵਧਾਈ ਦਿੰਦਾ ਹਾਂ। ਪਰ ਮੈਂ ਸਮਝਦਾ ਹਾਂ ਕਿ ਚੰਗੇ ਬਜਟ ਵਾਸਤੇ ਸੋਸ਼ਲ ਜਸਟਿਸ, ਇਕਨਾਮਿਕ ਗਰੋਥ ਅਤੇ ਮਲਟੀਪੋਜ਼ ਪਰੋਗਰਾਮ ਹੋਣਾ ਚਾਹੀਦਾ ਹੈ ਅਤੇ ਚੌਥਾ ਰਿਲੀਫ ਟੂ ਦੀ ਡਾਊਨ ਟਰੋਡਨ ਇਨ ਟੈਕਸਿਜ਼ ਹੋਣਾ ਚਾਹੀਦਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਇਸ ਬਜਟ ਵਿਚੋਂ ਇਹ ਚਾਰੇ ਦੀਆਂ ਚਾਰੇ ਚੀਜ਼ਾਂ ਗਾਇਬ ਹਨ। ਮੈਂ ਇਸ ਬਜਟ ਨੂੰ ਰੈਟੋਗਰੇਡੀ, ਡਰਾਈ ਅਤੇ ਮਾਨੋਟੋਨਸ ਸਮਝਦਾ ਹਾਂ। ਕੋਈ ਵੀ ਪਰੋਗਰੈਸਿਵ ਚੀਜ਼ ਇਸ ਵਿਚ ਨਜ਼ਰ ਨਹੀਂ ਆਉਂਦੀ। ਇਸ ਦੇ ਲਈ ਪ੍ਰਿੰਸੀਪਲ ਕੀ ਹੁੰਦਾ ਹੈ ? The principle of imposing higher taxes on those who have the capacity to pay.

Original with;
Punjab Vidhan Sabha
Digitized by;
Panjab Digital Library

ਲੇਕਿਨ ਇਥੇ ਉਲਟ ਗੱਲ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਤੇ ਅਤੇ ਹੋਰ ਗਰੀਬਾਂ ਤੇ ਜਿਹੜੀ ਟੈਕਸ ਲਗਾਉਣ ਦੀ ਉਨ੍ਹਾਂ ਦੀ ਜੋ ਪਰਪੋਜ਼ਲ ਹੈ, ਉਹ ਕਲੀਅਰ ਨਜ਼ਰ ਆ ਰਹੀ ਹੈ। ਐਫ. ਐਮ. ਸਾਹਿਬ ਨੇ ਮੇਰਾ ਖਿਆਲ ਹੈ ਕਿ ਇਨ੍ਹਾਂ ਚੀਜ਼ਾਂ ਵੱਲ ਖਿਆਲ ਨਹੀਂ ਕੀਤਾ। ਇਨ੍ਹਾਂ ਗੱਲਾਂ ਨੂੰ ਫਾਲੋ ਨਹੀਂ ਕੀਤਾ ਅਤੇ ਨਾ ਹੀ ਪਾਰਟੀ ਨੂੰ ਸਟਰੀਮਲਾਈਨ ਕੀਤਾ ਹੈ। ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਤੁਹਾਡੀ ਪਾਰਟੀ ਦੇ ਮੈਂਬਰ ਸ਼੍ਰੀ ਯਸ਼ ਜੀ ਨੇ ਵੀ ਦਸਿਆ ਹੈ ਕਿ ਟਾਪ ਹੈਵੀ ਐਡਮਨਿਸਟਰੇਸ਼ਨ ਨੂੰ ਸੁਧਾਰਿਆ ਜਾ ਸਕਦਾ ਹੈ, ਇਸ ਬਾਰੇ ਬਾਦਲ ਸਾਹਿਬ ਨੇ ਇੱਕ ਕੈਬਨਿਟ ਦੀ ਸਬ-ਕਮੇਟੀ ਬਣਾਈ ਸੀ ਅਤੇ ਉਸ ਵਿਚ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਸਨ ਜਿਵੇਂ ਕਿ ਸੁਪਰਫਲੂਅਸ ਮਹਿਕਮੇ ਹਟਾਏ ਜਾ ਸਕਦੇ ਹਨ। ਐਜੂਕੇਸ਼ਨ ਵਿਚ ਸੀ. ਈ ਓ., ਪੀ. ਡਬਲਿਊ.ਡੀ. ਵਿਚ ਐਸ.ਈ., ਲੋਕਲ ਬਾਡੀਜ਼ ਵਿਚ ਡਿਪਟੀ ਡਾਇਰੈਕਟਰਜ਼, ਐਗਰੀਕਲਚਰ ਦੇ ਮਹਿਕਮੇ ਦੀਆਂ ਕੁਝ ਪੋਸਟਾਂ ਹਨ ਅਤੇ ਟਰਾਂਸਪੋਰਟ ਦੇ ਮਹਿਕਮੇ ਦਾ ਮੈਨੇਜਰ ਅਤੇ ਤਿੰਨ ਕਮਿਸ਼ਨਰਜ਼ ਦੀਆਂ ਪੋਸਟਾਂ ਘਟਾਈਆਂ ਜਾ ਸਕਦੀਆਂ ਸਨ। ਇਨ੍ਹਾਂ ਸਾਰੀਆਂ ਹੀ ਪੋਸਟਾਂ ਨੂੰ ਅਬਾਲਿਸ਼ ਕੀਤਾ ਜਾ ਸਕਦਾ ਸੀ ਅਤੇ ਬਹੁਤ ਸਾਰੀ ਬਚਤ ਕੀਤੀ ਜਾ ਸਕਦੀ ਸੀ। ਭਾਵੇਂ ਬਜਟ ਦੇ ਘਾਟੇ ਨੂੰ ਪੂਰਾ ਕਰਨ ਲਈ 4 ਕਰੋੜ ਰੁਪਏ ਦਾ ਟੈਕਸ ਤਜ਼ਵੀਜ਼ ਕੀਤਾ ਗਿਆ ਹੈ। ਪਰ ਇਹ ਸੇਲਜ਼ ਟੈਕਸ ਦਾ ਰੇਟ ਨਹੀਂ ਵਧਾਉਣਾ ਚਾਹੀਦਾ ਕਿਉਂਕਿ ਇਸ ਨਾਲ ਵਪਾਰੀਆਂ ਨੂੰ ਅਤੇ ਗਰੀਬਾਂ ਨੂੰ ਨੁਕਸਾਨ ਹੋਵੇਗਾ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਰਿਟਰੈਂਚਮੈਂਟ ਐਂਡ ਰਿਸੋਰਸਿਜ਼ ਕਮੇਟੀ ਵੀ ਪਿਛਲੇ ਸਾਲ ਬਣੀ ਸੀ। ਉਸਦੀ ਰਿਪੋਰਟ ਵੀ ਦੇਖੀ ਜਾ ਸਕਦੀ ਹੈ ਕਿ ਕਿਸ ਤਰ੍ਹਾਂ ਇਕਾਨੋਮੀ ਹੋ ਸਕਦੀ ਹੈ। ਇਸ ਤੋਂ ਇਲਾਵਾ ਐਸਟੀਮੇਟ ਕਮੇਟੀ ਦੀ ਰਿਪੋਰਟ ਸਾਲ 1969-70 ਦੀ ਮੰਗਵਾ ਕੇ ਵੇਖੀ ਜਾ ਸਕਦੀ ਹੈ ਕਿ ਕਿਸ ਤਰ੍ਹਾਂ ਬਚਤ ਕੀਤੀ ਜਾ ਸਕਦੀ ਹੈ। ਲੇਕਿਨ ਮੈਨੂੰ ਬੜਾ ਦੁਖ ਹੋਇਆ ਹੈ ਕਿ ਇਨ੍ਹਾਂ ਗਲਾਂ ਵੱਲ ਧਿਆਨ ਨਹੀਂ ਦਿਤਾ ਗਿਆ। ਜੇਕਰ, ਡਿਪਟੀ ਸਪੀਕਰ ਸਾਹਿਬ, ਤੁਸੀਂ ਪਿਛਲੇ ਸਾਲਾਂ ਦੇ ਬਜਟ ਪੜ੍ਹਕੇ ਵੇਖ ਲਵੋ, 70 ਕਰੋੜ ਰੁਪਏ ਤੋਂ ਵੱਧ ਘਾਟਾ ਕਿਸੇ ਬਜਟ ਵਿਚ ਵੀ ਪਿਛੇ ਨਹੀਂ ਦਿਖਾਇਆ ਗਿਆ ਹੈ। 70 ਕਰੋੜ ਰੁਪਏ ਦਾ ਘਾਟਾ ਵਿਖਾਕੇ ਇਹ ਇੰਡੀਕੇਸ਼ਨ ਕਲੀਅਰ ਹੈ ਕਿ ਟੈਕਸ ਲਗਣੇ ਹਨ। The art of Finance Minister consists in laying the maximum of money with the minimum of discontent. ਦੂਸਰਾ ਇਕ ਅਜੀਬ ਐਨਵਾਇਰਨਮੈਂਟ ਕਰੀਏਟ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਬਜਟ ਵਿਚ 70 ਕਰੋੜ ਰੁਪਏ ਦਾ ਘਾਟਾ ਵਿਖਾਇਆ ਗਿਆ ਹੈ ਅਤੇ ਸੈਂਟਰ ਵਿਚ ਵੀ ਘਾਟੇ ਦਾ ਬਜਟ ਹੈ। ਸੈਂਟਰ ਦੀ ਸਰਕਾਰ ਨੇ ਵੀ ਟੈਕਸ ਲਾਉਣੇ ਹਨ ਅੱਤ ਇਸ ਦੇ ਨਾਲ ਹੀ ਪੰਜਾਬ ਵਾਲਿਆਂ ਨੇ ਵੀ ਟੈਕਸ ਲਗਾਉਣੇ ਹਨ। ਇਨ੍ਹਾਂ ਨੇ ਇੱਕ ਪਲੀ ਬਜਟ ਦੇ ਘਾਟੇ ਨੂੰ ਦੂਰ ਕਰਨ ਲਈ ਇਹ ਲਈ ਹੈ ਕਿ ਸੈਂਟਰ ਵਾਲਿਆਂ ਤੋਂ ਏਡ ਮੰਗਾਂਗੇ। ਪਰ ਪਤਾ ਨਹੀਂ ਸੈਂਟਰ ਵਾਲਿਆਂ ਨੇ ਏਡ ਦੇਣੀ ਹੈ ਜਾਂ ਨਹੀਂ ਦੇਣੀ ਜਾਂ ਸੈਂਟਰ ਵਾਲਿਆਂ ਨੇ ਇਹ ਕਹਿਣਾ ਹੈ ਕਿ ਹੋਰ ਟੈਕਸ ਲਗਾਓ। ਇਸ ਤਰ੍ਹਾਂ ਦਾ, ਡਿਪਟੀ ਸਪੀਕਰ ਸਾਹਿਬ, ਐਨਵਾਇਰਨਮੈਂਟ ਕਰੀਏਟ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ ਗਰੀਬਾਂ ਤੇ ਟੈਕਸ ਲਗਾਉਣਗੇ ਪਰ ਅਮੀਰਾਂ ਤੇ ਨਹੀਂ ਲਗਾਉਣਗੇ। ਡਿਪਟੀ ਸਪੀਕਰ ਸਾਹਿਬ, ਰੈਵੇਨਿਊ ਅਕਾਊਂਟਸ ਦੇ ਜੋ ਰਿਸੀਟਸ ਹਨ, ਉਹ 840.73 ਲੱਖ--ਐਕਸਪੈਂਡੀਚਰ 489.90 ਲੱਖ ਅਤੇ ਸਰਪਲਸ 61.83 ਲੱਖ ਹੈ। ਇਹ ਕਾਫੀ ਸਰਪਲੱਸ ਹੈ। ਕੈਪੀਟਲ ਐਕਸਪੈਂਡੀਚਰ 64.54 ਲੱਖ ਹੈ। ਇਸ ਤਰ੍ਹਾਂ ਦੇ ਪ੍ਰਾਜੈਕਟਸ ਜਿਹੜੇ ਹੁੰਦੇ ਹਨ, ਉਨ੍ਹਾਂ ਦਾ ਵੀ ਮਾਰਕਿਟ ਵਿਚੋਂ ਲੋਨ ਲੇਜ਼ ਕਰਕੇ ਖਰਚਾ ਮੀਟ ਆਊਟ ਕੀਤਾ ਜਾ ਸਕਦਾ ਸੀ। ਐਕਸਪੈਂਡੀਚਰ ਵਾਸਤੇ ਟੈਕਸ ਦੀ ਕੋਈ ਲੋੜ ਨਹੀਂ। ਲੋਨ ਐਂਡ ਐਡਵਾਂਸਿਜ਼ 130ਕਰੋੜ 43 ਲੱਖ ਰੁਪਏ ਹੈ ਅਤੇ ਰਿਕਵਰੀ 40 ਕਰੋੜ 64 ਲੱਖ ਰੁਪਏ ਹੈ। ਇਸ ਤਰ੍ਹਾਂ 89 ਕਰੋੜ 79 ਲੱਖ ਰੁਪਿਆ ਬਚਿੰਦਾ ਹੈ। ਇਹ ਵੀ ਮੈਂ ਸਮਝਦਾ ਹਾਂ ਕਿ ਰੀਅਲ ਡੈਫੀਸਿਟ ਨਹੀਂ ਹੈ। ਜਿਹੜਾ ਅਸੀਂ, ਡਿਪਟੀ ਸਪੀਕਰ ਸਾਹਿਬ, ਲੋਨ ਦਿੰਦੇ ਹਾਂ ਉਹ ਲੋਨ ਬਾਅਦ ਵਿਚ ਰਿਕਵਰ ਕਰ ਲੈਂਦੇ ਹਾਂ। ਇਸ ਵਾਸਤੇ ਇਹ ਜੋ ਰਕਮ ਹੈ, ਇਹ ਡੈਫੀਸਿਟ ਨਹੀਂ ਹੈ। ਨਾ ਹੀ ਇਹ ਰੀਅਲ ਐਕਸਪੈਂਡੀਚਰ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਇਸ ਤੋਂ ਇਲਾਵਾ ਥੀਨ ਡੈਮ ਦੇ ਮਸਲੇ ਬਾਰੇ ਇਕ ਆਨਰੇਬਲ ਮੈਂਬਰ ਨੇ ਔਰ ਸਾਬਕਾ ਖਜ਼ਾਨਾ ਮਨਿਸਟਰ ਸਾਹਿਬ ਨੇ ਦੱਸਿਆ ਹੈ। ਇਨ੍ਹਾਂ ਨੇ ਕਿਹਾ ਹੈ ਕਿ 12 ਕਰੋੜ ਨਾਲ ਇਸ ਤੇ ਵਾਰ ਫੁਟਿੰਗ ਤੇ ਕੰਮ ਕੀਤਾ ਜਾਏਗਾ। ਗਵਰਨਰ ਐਡਰੈਸ ਵਿਚ ਵੀ ਸਾਨੂੰ ਕਿਹਾ ਗਿਆ ਹੈ ਕਿ ਥੀਨ ਡੈਮ ਨੂੰ ਜਲਦੀ ਬਣਾਵਾਂਗੇ। 350 ਕਰੋੜ ਰੁਪਏ ਨਾਲ ਜਿਹੜਾ ਪ੍ਰਾਜੈਕਟ ਬਣਨਾ ਹੋਵੇ, ਮਨਿਸਟਰ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਇਨ੍ਹਾਂ ਨੇ 12 ਕਰੋੜ ਰੁਪਏ ਰਖੇ ਹਨ, ਇਸ ਨਾਲ ਤਾਂ ਇਸ ਪ੍ਰਜੈਕਟ ਤੇ ਸਿਵਿਲ ਵਰਕਸ ਵੀ ਪੂਰੇ ਨਹੀਂ ਹੋਣੇ। ਕੁਆਰਟਰਾਂ ਤੇ ਹੀ 12 ਕਰੋੜ ਰੁਪਏ ਖਰਚ ਹੋ ਜਾਣੇ ਹਨ। ਇਹ ਇੱਕ ਮਖੌਲ ਹੈ, ਜੋ ਕਿ ਪੰਜਾਬ ਦੇ ਲੋਕਾਂ ਨਾਲ ਕੀਤਾ ਗਿਆ ਹੈ। ਇਹ ਜਾਦੂਗਰ ਵਾਲੀ ਗੱਲ ਕੀਤੀ ਗਈ ਹੈ ਕਿ 12 ਕਰੋੜ ਨਾਲ ਵਾਰ ਫੁਟਿੰਗ ਤੇ ਥੀਨ ਡੈਮ ਬਣਾ ਦਿਆਂਗੇ।

ਡਿਪਟੀ ਸਪੀਕਰ ਸਾਹਿਬ, ਇਸ ਵਿਚ ਚੰਗੇ ਪੁਆਇੰਟਸ ਵੀ ਹਨ। ਚੌਕੀਦਾਰਾਂ ਦੀ ਤਨਖਾਹ 60 ਰੁ. ਤੋਂ ਵਧਾ ਕੇ 100 ਰੁ. ਕੀਤੀ ਗਈ ਹੈ। ਇਸ ਸਬੰਧ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਹੋਰ ਕਲਾਸ 4 ਦੇ ਇੰਪਲਾਈਜ਼ ਦੀ ਤਰ੍ਹਾਂ ਇਨ੍ਹਾਂ ਨੂੰ ਵੀ ਉਨ੍ਹਾਂ ਦੇ ਬਰਾਬਰ ਟਰੀਟ ਕਰਨਾ ਚਾਹੀਦਾ ਹੈ। ਅੱਜ ਕਲ ਦੀ ਮਹਿੰਗਾਈ ਵਿਚ 100 ਰੁ. ਨਾਲ ਕੀ ਬਣਦਾ ਹੈ ?

ਮੁਲਾਜ਼ਮਾਂ ਨੂੰ ਡੀ. ਏ. ਦੀ ਇਨਸਟਾਲਮੈਂਟ ਦਿੱਤੀ ਗਈ ਹੈ। ਇਹ ਅੱਛਾ ਕੰਮ ਕੀਤਾ ਗਿਆ ਹੈ। ਸੈਂਟਰ ਔਰ ਸਟੇਟ ਦੇ ਇੰਪਲਾਈਜ਼ ਇੱਕੋ ਛੱਤ ਥਲੇ ਕੰਮ ਕਰਦੇ ਹਨ, ਪਰ ਤਨਖਾਹ ਇੱਕੋ ਜਿਹੀ ਨਹੀਂ ਮਿਲਦੀ। ਇਸ ਸਬੰਧ ਵਿਚ ਮੇਰਾ ਸੁਝਾਅ ਹੈ ਕਿ ਦੋਨਾਂ ਸਟੇਟ ਔਰ ਸੈਂਟਰ ਦੇ ਇੰਪਲਾਈਜ਼ ਨੂੰ ਇੱਕੋ ਜਿਹੀ ਤਨਖਾਹ ਦੇਣੀ ਚਾਹੀਦੀ ਹੈ। ਇਨ੍ਹਾਂ ਨੇ ਡੀ. ਏ. ਦੇਣ ਵੇਲੇ ਕਿਹਾ ਹੈ ਕਿ 1400 ਰੁ. ਮਹੀਨਾ ਤਕ ਤਨਖਾਹ ਲੈਣ ਵਾਲਿਆਂ ਨੂੰ ਇਹ ਕਿਸ਼ਤ ਦਿੱਤੀ ਜਾਏਗੀ। ਪਰ ਇਨ੍ਹਾਂ ਨੂੰ ਕਲਾਸ –3 ਔਰ ਕਲਾਸ–4 ਦੇ ਜੋ ਛੋਟੇ ਮੁਲਾਜ਼ਮ ਹਨ, ਉਨ੍ਹਾਂ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

ਪੈਨਸ਼ਨ ਬਾਰੇ ਵੀ ਕਿਹਾ ਗਿਆ ਹੈ। ਬੜੀ ਅੱਛੀ ਗੱਲ ਕੀਤੀ ਗਈ ਹੈ। ਪਰ ਇਸ ਸਬੰਧ ਵਿਚ ਮੈਂ ਮਨਿਸਟਰ ਸਾਹਿਬ ਦਾ ਧਿਆਨ ਉਸ ਕਾਨਫਰੰਸ ਵਲ ਦਿਵਾਉਣਾ ਚਾਹੁੰਦਾ ਹਾਂ ਜੋ ਕਿ ਸੈਂਟਰ ਵਿਚ ਵੈਲਫੇਅਰ ਮਨਿਸਟਰਜ਼ ਦੀ ਹੋਈ ਸੀ ਔਰ ਉਸ ਵਿਚ ਇਹ ਕਿਹਾ ਗਿਆ ਸੀ ਕਿ ਇਸ ਮੰਹਿਗਾਈ ਦੇ ਯੁੱਗ ਵਿਚ ਇਹ ਪੈਨਸ਼ਨ 50 ਰੁ. ਦੀ ਬਜਾਏ 60 ਰੁ. ਕਰ ਲੈਣੀ ਚਾਹੀਦੀ ਹੈ। ਐਫ. ਐਮ. ਸਾਹਿਬ ਆਪਣੇ ਰਿਪਲਾਈ ਵਿਚ ਮੈਨੂੰ ਆਸ ਹੈ ਕਿ ਇਸ ਬਾਰੇ ਜ਼ਰੂਰ ਐਲਾਨ ਕਰ ਦੇਣਗੇ ਔਰ ਇਹ ਰਕਮ 50 ਰੁ. ਤੋਂ ਵਧਾਕੇ 60 ਰੁ. ਕਰ ਦੇਣਗੇ।

ਅੰਨ੍ਹੇ ਭੈਣ ਭਰਾਵਾਂ ਨੂੰ ਪੈਨਸ਼ਨ ਨਹੀਂ ਦਿੱਤੀ ਜਾ ਸਕਦੀ ਔਰ ਡੈਸਟੀਚਿਊਟਸ ਵੀ ਕੁਝ ਰਹਿ ਜਾਂਦੇ ਹਨ। ਸਿਰਫ ਇਹ ਹੀ ਨਹੀਂ ਕਿ 55, 60 ਸਾਲ ਤੋਂ ਉਪਰ ਵਾਲੇ ਬੰਦਿਆਂ ਨੂੰ ਹੀ ਇਹ ਪੈਨਸ਼ਨ ਦੇਣੀ ਹੈ, ਮੇਰਾ ਇਸ ਬਾਰੇ ਸੁਝਾਅ ਹੈ ਕਿ ਚਾਹੇ ਕੋਈ ਕਿਸੇ ਉਮਰ ਦਾ ਵੀ ਹੋਵੇ ਉਸ ਨੂੰ ਇਹ ਪੈਨਸ਼ਨ ਮਿਲਣੀ ਚਾਹੀਦੀ ਹੈ। ਇਸ ਲਈ ਇਸ ਵਿਚ ਲੋੜੀਂਦੀ ਤਰਮੀਮ ਕਰ ਲੈਣੀ ਚਾਹੀਦੀ ਹੈ। ਇਹ ਪੈਨਸ਼ਨ ਰੈਗੂਲਰ ਮਿਲਣੀ ਚਾਹੀਦੀ ਹੈ। ਪੰਜ ਪੰਜ, ਛੇ ਛੇ ਮਹੀਨੇ ਇਨ੍ਹਾਂ ਬੰਦਿਆਂ ਨੂੰ ਇਹ ਪੈਨਸ਼ਨਾਂ ਨਹੀਂ ਮਿਲਦੀਆਂ ਹਨ। ਬਹਾਨਾ ਇਹ ਲਗਾਇਆ ਜਾਂਦਾ ਹੈ ਕਿ ਡਿਪਾਰਟਮੈਂਟ ਕੋਲ ਪੈਸਾ ਨਹੀਂ ਹੈ। ਮੈਂ ਇਸ ਸਬੰਧੀ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਪੇਮੈਂਟ ਰੈਗੂਲਰ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਇੱਕ ਪੁਆਇੰਟ ਬਹੁਤ ਜ਼ਰੂਰੀ ਹੈ ਜੋ ਕਿ ਮੈਂ ਆਪ ਦੇ ਰਾਹੀਂ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ। ਉਹ ਇਹ ਹੈ ਕਿ ਸਰਦਾਰ ਬਲਵਿੰਦਰ ਸਿੰਘ ਭੂੰਦੜ, ਐਗਰੀ-ਕਲਚਰ ਮਨਿਸਟਰ ਜਦੋਂ ਹੁੰਦੇ ਸਨ ਤਾਂ ਉਸ ਸਮੇਂ ਹੈਂਡੀਕੈਪਡ ਵਾਸਤੇ, ਜਿਸ ਦਾ ਕਿਸੇ ਦਾ ਕੰਮ ਕਰਦੇ ਹੋਏ, ਕੁਤਰੇ ਦੀ ਮਸ਼ੀਨ ਵਿਚ ਜਾਂ ਕਿਸੇ ਹੋਰ ਮਸ਼ੀਨ ਵਿਚ, ਕੋਈ ਅੰਗ ਕਟਿਆ ਜਾਂਦਾ ਸੀ ਤਾਂ ਉਸ ਨੂੰ 3,000 ਰੁਪਿਆ ਦਿੱਤਾ ਜਾਂਦਾ ਸੀ ਅੌਰ ਅਗਰ ਜ਼ਿਆਦਾ ਅੰਗ ਕੱਟੇ ਜਾਂਦੇ ਸਨ ਤਾਂ ਉਸ ਹਿਸਾਬ ਨਾਲ ਉਸ ਨੂੰ ਜ਼ਿਆਦਾ ਰੁਪਏ ਦਿੱਤੇ ਜਾਂਦੇ ਸਨ। ਪਰ ਕਿਸੇ ਟਰੇਡਰ ਨੇ ਇਸ ਕੇਸ ਨੂੰ ਸੁਪਰੀਮ ਕੋਰਟ ਵਿਚ ਪਹੁੰਚਾ ਦਿੱਤਾ ਅੌਰ ਸੁਪਰੀਮ ਕੋਰਟ ਵਿਚ ਇਹ ਫੈਸਲਾ ਹੋਇਆ ਕਿ ਜੇ ਕਿਸੇ ਦੇ ਹੱਥ ਪੈਰ ਇਸ ਤਰ੍ਹਾਂ ਕੱਟੇ ਜਾਣ ਤਾਂ ਉਸ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਣਾ ਚਾਹੀਦਾ। ਇਸ ਸਬੰਧ ਵਿਚ ਮੇਰਾ ਸੁਝਾਓ ਹੈ ਕਿ ਜਿਸ ਆਦਮੀ ਦੇ ਕੰਮ ਕਰਦੇ ਹੋਏ ਕੋਈ ਅੰਗ ਕੱਟੇ ਜਾਂਦੇ ਹਨ ਤਾਂ ਉਸ ਆਦਮੀ ਨੂੰ ਜ਼ਰੂਰ ਮੁਆਵਜ਼ਾ ਦੇਣਾ ਚਾਹੀਦਾ ਹੈ। ਇਹ ਤਰਮੀਮ ਕਰ ਲੈਣੀ ਚਾਹੀਦੀ ਹੈ।

20 ਨੁਕਾਤੀ ਪ੍ਰੋਗਰਾਮ ਮਿਤੀ 1 ਜੁਲਾਈ, 1975 ਨੂੰ ਲਾਗੂ ਕੀਤਾ ਗਿਆ ਸੀ। ਇਸ ਤੇ ਮੈਂ ਜ਼ਿਆਦਾ ਨਹੀਂ ਬੋਲਣਾ ਚਾਹੁੰਦਾ ਕਿਉਂਕਿ ਇਸ ਵਿਚ ਰੈਪੀਟੀਸ਼ਨ ਹੋਏਗੀ। ਕਾਫੀ ਕੁਝ ਇਸ ਤੇ ਸਰਦਾਰ ਬਲਵੰਤ ਸਿੰਘ ਬੋਲ ਗਏ ਹਨ। ਮੈਂ ਪਹਿਲਾਂ ਜੋ ਗਰੀਬ ਹਰੀਜਨਾਂ ਨੂੰ ਰਿਹਾਇਸ਼ੀ ਪਲਾਟਸ ਦੇਣੇ ਸਨ, ਉਸ ਬਾਰੇ ਬੋਲਣਾ ਚਾਹੁੰਦਾ ਹਾਂ। ਇਸ ਬਾਰੇ ਮੈਂ ਚੈਲੰਜ ਕਰਦਾ ਹਾਂ ਕਿ 50 ਫੀ ਸਦੀ ਤੋਂ ਘੱਟ ਹਰੀਜਨਾਂ ਨੂੰ ਪਲਾਟ ਮਿਲੇ ਹਨ। ਗਿਆਨੀ ਜ਼ੈਲ ਸਿੰਘ ਜੀ ਜਦੋਂ ਚੀਫ ਮਨਿਸਟਰ ਸਨ ਤਾਂ ਉਦੋਂ ਵੀ ਇਹ ਮਸਲਾ ਰੇਜ਼ ਹੋਇਆ ਸੀ। ਉਨ੍ਹਾਂ ਨੂੰ ਇਹ ਕਿਹਾ ਗਿਆ ਸੀ ਕਿ ਆਪਣੇ ਹਲਕੇ ਵਿਚ ਦੇਖ ਲੈਣ ਅੌਰ ਪੜਤਾਲ ਕਰ ਲੈਣ। ਹੁਣ ਵੀ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਅਮਲੀ ਤੌਰ ਤੇ ਪਲਾਟਸ ਨਹੀਂ ਮਿਲੇ। ਕਿਸੇ ਨੂੰ ਛਪੜਾਂ ਵਿਚ, ਝੌਂਪੜੀਆਂ ਵਿਚ ਜਾਂ ਲੋਅ ਲੈਵਲ ਤੇ ਇਹ ਪਲਾਟਸ ਦਿੱਤੇ ਗਏ ਹਨ। ਮੈਂ ਸਮਝਦਾ ਹਾਂ ਕਿ ਇਸਦੀ ਜੇਕਰ ਚੰਗੀ ਤਰ੍ਹਾਂ ਨਾਲ ਇੰਪਲੀਮੈਂਟੇਸ਼ਨ ਕਰਨੀ ਚਾਹੁੰਦੇ ਹੋ ਤਾਂ ਉਨ੍ਹਾਂ ਗਰੀਬ ਹਰੀਜਨਾਂ ਨੂੰ ਪਲਾਟਸ ਅਮਲੀ ਤੌਰ ਤੇ ਦੇਣੇ ਚਾਹੀਦੇ ਹਨ।

ਲੈਂਡ ਰਿਫਾਰਮਜ਼ ਬਾਰੇ ਮੈਂ ਸਮਝਦਾ ਹਾਂ ਕਿ ਸਾਡੇ ਪਹਿਲੇ ਮਾਲ ਮੰਤਰੀ ਜੀ ਨੇ ਜਾਗੀਰਦਾਰਾਂ ਦਾ ਬੜਾ ਪੱਖ ਪੂਰਿਆ ਸੀ। ਇਨ੍ਹਾਂ ਨੇ ਉਸ ਨੂੰ ਰਿਵਰਸ ਗੇਅਰ ਦੇ ਦਿੱਤਾ ਸੀ। 1953 ਤੋਂ ਜਿਨ੍ਹਾਂ ਦੇ ਕਬਜ਼ੇ ਸੀ, ਉਹ ਲਿਗੇਲਾਈਜ਼ ਕਰ ਦਿੱਤੇ ਸੀ। ਜੇਕਰ ਵਾਕਿਆ ਹੀ ਚਾਹੁੰਦੇ ਹੋ ਕਿ ਸਮਾਲ ਫਾਰਮਰ ਅੌਰ ਮਾਰਜਿਨਲ ਫਾਰਮਰ ਨੂੰ ਜ਼ਮੀਨ ਮਿਲਣੀ ਚਾਹੀਦੀ ਹੈ, ਤਾਂ ਫਿਰ ਕੁਝ ਜ਼ਮੀਨ ਕੱਢਕੇ ਇਨ੍ਹਾਂ ਨੂੰ ਦੇਣੀ ਚਾਹੀਦੀ ਹੈ ਅੌਰ ਇਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਇਸ ਸਕੀਮ ਵਿਚ ਅਮਲੀ ਤੌਰ ਤੇ ਕੰਮ ਕਰਨ ਦੀ ਲੋੜ ਹੈ। ਸਰਦਾਰ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਮੌਜੂਦ ਹੈ। ਇਹ ਵੀ ਕਾਂਗਰਸੀ ਭਰਾ ਦੀ ਰਿਪੋਰਟ ਹੈ। ਮੈਂ ਸਮਝਦਾ ਹਾਂ ਕਿ ਕਾਂਗਰਸ ਸਰਕਾਰ ਨੂੰ ਉਸ ਦੀਆਂ ਸਿਫਾਰਸ਼ਾਂ ਲਾਗੂ ਕਰਨ ਵਿਚ ਕੋਈ ਹਿਚਕਚਾਹਟ ਨਹੀਂ ਹੋਣੀ ਚਾਹੀਦੀ। ਇਸ ਵਿਚ ਬੜੇ ਬੜੇ ਅਫਸਰ, ਆਈ. ਏ. ਐਸ.ਅੌਰ ਪੀ. ਸੀ. ਐਸ. ਅਫਸਰ ਅੌਰ ਕੁਝ ਹੋਰ ਬੜੇ ਆਦਮੀ ਸ਼ਾਮਲ ਹਨ। ਮੈਂ ਆਸ ਕਰਦਾ ਹਾਂ ਕਿ ਡਾਕਟਰ ਸਾਹਿਬ ਜੋ ਕਿ ਹੁਣ ਦੀ ਸਰਕਾਰ ਦੇ ਥੱਮ ਹਨ, ਫਾਈਨੈਂਸ ਮਨਿਸਟਰ ਦੀ ਬੜੀ ਉਚੀ ਪੁਜ਼ੀਸ਼ਨ ਹੁੰਦੀ ਹੈ, ਜ਼ਰੂਰ ਇਸ ਬਾਰੇ ਜਲਦੀ ਕਾਰਵਾਈ ਕਰਨਗੇ।

ਡਿਪਟੀ ਸਪੀਕਰ ਸਾਹਿਬ, ਅਗਲਾ ਪੁਆਇੰਟ ਲੋਨਜ਼/ਡੈਬਟਸ ਡੀਲੀਟ ਕਰਨ ਬਾਰੇ ਹੈ। ਇਹ ਬਹੁਤ ਪੁਰਾਣੇ ਕਰਜ਼ੇ ਹਨ। ਇਨ੍ਹਾਂ ਨੂੰ ਡੀਲੀਟ ਕਰਨ ਤੋਂ ਇਲਾਵਾ ਕੋਈ ਆਲਟਰਨੇਟਿਵ ਨਹੀਂ ਦੱਸਿਆ ਗਿਆ। ਨੈਸ਼ਨੇਲਾਈਜ਼ਡ ਬੈਂਕਸ ਰਾਹੀਂ ਜਾਂ ਹੋਰ ਕਿਸੇ ਏਜੰਸੀ ਰਾਹੀਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਥੋੜ੍ਹੇ ਬਹੁਤ ਇਨ੍ਹਾਂ ਨੂੰ ਕਰਜ਼ੇ ਮਿਲ ਸਕਣ ਤਾਕਿ ਮਨੀ-ਲੈਂਡਰਜ਼ ਦੇ ਕੱਲਚਿਜ਼ ਤੋਂ ਇਹ ਲੋਕ ਬਚ ਸਕਣ। ਇਸ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਤਰ੍ਹਾਂ ਨਾਲ ਇਨ੍ਹਾਂ ਗਰੀਬ ਹਰੀਜਨਾਂ ਦੀ ਭਲਾਈ ਹੋ ਸਕਦੀ ਹੈ। ਪਹਿਲੀ ਸਰਕਾਰ ਨੇ ਬੜਾ ਢੋਲ ਵਜਾਇਆ ਸੀ ਕਿ ਹਰੀਜਨਾਂ ਵਾਸਤੇ ਇੰਟ੍ਰਸਟ ਫਰੀ ਲੋਨ ਦੇਣ ਵਾਸਤੇ 25 ਕਰੋੜ ਰੁਪਏ ਰੱਖੇ ਹਨ। ਉਸ ਵਿਚੋਂ ਸਿਰਫ 3 ਕਰੋੜ 46 ਲੱਖ ਰੁਪਿਆ ਇਨ੍ਹਾਂ ਨੂੰ ਮਿਲਿਆ ਹੈ ਅੱਰ ਬਾਕੀ ਦਾ 21 ਕਰੋੜ 54 ਲੱਖ ਰਹਿ ਗਿਆ ਹੈ। ਡਾਕਟਰ ਸਾਹਿਬ ਨੇ ਵੀ ਜਿਸ ਤਰ੍ਹਾਂ ਨਾਲ ਬਲਵੰਤ ਸਿੰਘ ਹੋਰਾਂ ਨੇ ਜਾਦੂਗਰੀ ਕੀਤੀ ਸੀ, ਉਸੇ ਤਰ੍ਹਾਂ ਇਨ੍ਹਾਂ ਨੇ ਵੀ ਜਾਦੂਗਰੀ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ 30 ਕਰੋੜ ਰੁਪਏ ਦੀ ਰਕਮ ਅਸੀਂ ਰਖ ਲਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ 21 ਕਰੋੜ 54 ਲੱਖ ਤਾਂ ਪਹਿਲਾਂ ਦਾ ਬਕਾਇਆ ਪਿਆ ਹੈ। ਇਹ ਰਕਮ ਕਢਕੇ ਸਿਰਫ 8 ਕਰੋੜ 46 ਲੱਖ ਦੀ ਰਕਮ ਰਹਿ ਜਾਂਦੀ ਹੈ ਜਿਹੜੀ ਕਿ ਇਨ੍ਹਾਂ ਨੂੰ ਦੇਣੀ ਹੈ। ਇਸ ਸਕੀਮ ਤੇ ਅਮਲ ਕਰਨ ਲਈ ਇਸ ਦੇ ਕੰਮ ਨੂੰ ਸਟ੍ਰੀਮਲਾਈਨ ਕਰਨ ਦੀ ਲੋੜ ਹੈ ਤਾਕਿ ਯੋਗ ਬੰਦਿਆਂ ਨੂੰ ਯੋਗ ਕਰਜ਼ੇ ਮਿਲ ਸਕਣ।

ਮਨਿਸਟਰ ਸਾਹਿਬ ਦੀ ਸਪੀਚ ਵਿਚੋਂ ਇੰਡੀਕੇਸ਼ਨ ਹੈ ਕਿ ਬਿਜਲੀ ਬੋਰਡ ਦਾ ਘਾਟਾ 60 ਕਰੋੜ ਰੁਪਏ ਦਾ ਹੈ। ਇਹ ਘਾਟਾ ਮਿਸ-ਮੈਨੇਜਮੈਂਟ, ਕੁਰੱਪਸ਼ਨ ਅੱਰ ਬੈਡ ਪਲੈਨਿੰਗ ਕਰਕੇ ਹੈ। ਉਸ ਦੇ ਵਿਚ ਹੈਵੀ ਐਡਮਨਿਸਟਰੇਸ਼ਨ ਵੀ ਸ਼ਾਮਲ ਹੈ। ਪਰ ਇਸ ਸਰਕਾਰ ਦਾ ਇਸ਼ਾਰਾ ਕਿਸ ਪਾਸੇ ਵੱਲ ਹੈ ? ਇਸ ਸਰਕਾਰ ਦਾ ਇਹ ਇਸ਼ਾਰਾ ਐਗਰੀਕਲਚਰ ਨੂੰ ਤਬਾਹ ਕਰਨ ਵਾਲਾ ਸਿੱਧ ਹੋਵੇਗਾ। ਇਹ ਮੈਂ ਸਮਝਦਾ ਹਾਂ ਕਿ ਲੋਕਾਂ ਤੇ ਫਰਦਰ ਅਟੈਕ ਹੈ। ਪਹਿਲਾਂ ਅਟੈਕ ਇਹ ਸੀ ਕਿ ਫਰਟੇਲਾਈਜ਼ਰ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਦਿੱਤੀਆਂ। ਬਿਜਲੀ ਲੋਕਾਂ ਨੂੰ ਮਿਲਦੀ ਨਹੀਂ ਹੈ। ਟਰਿਪਿੰਗ ਬਹੁਤ ਹੁੰਦੀ ਹੈ। ਜ਼ਿਮੀਦਾਰ ਦਾ ਕੋਈ ਹਿਸਾਬ ਕਿਤਾਬ ਨਹੀਂ ਹੁੰਦਾ। ਮੈਂ ਸਮਝਦਾ ਹਾਂ ਕਿ ਬਿਜਲੀ ਦੇ ਟੈਰਿਫ ਨੂੰ ਵੱਧ ਕਰਨਾ, ਇਸ ਫਲੈਟ ਰੇਟ ਨੂੰ ਵਧਾਉਣਾ, ਕਿਸਾਨ ਨੂੰ ਮਾਰਨ ਵਾਲੀ ਗੱਲ ਹੈ। ਇਹ ਇਨ੍ਹਾਂ ਦੀ ਪਾਲਿਸੀ ਅੱਛੀ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਕਿਸਾਨ ਦੇ ਹਿੱਤ ਦੀ ਗੱਲ ਨਹੀਂ ਹੈ।

5.12 ਸ਼ਾਮ | (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਪਿਛੇ ਅਖਬਾਰਾਂ ਵਿਚ ਆਇਆ ਸੀ ਕਿ ਬੂਟਾ ਸਿੰਘ ਨੂੰ ਚੀਫ ਮਨਿਸਟਰ ਬਣਾਇਆ ਜਾਵੇਗਾ ਕਿਉਂਕਿ ਕਿਸਾਨਾਂ ਦੀਆਂ ਵੋਟਾਂ ਇਨ੍ਹਾਂ ਦੇ ਖਿਲਾਫ ਗਈਆਂ ਹਨ। ਹਰੀਜਨਾਂ ਅਤੇ ਵਿਉਪਾਰੀਆਂ ਦੀਆਂ ਵੋਟਾਂ ਇਨ੍ਹਾਂ ਦੇ ਹੱਕ ਵਿਚ ਸਨ। ਪਰ ਬਾਅਦ ਵਿਚ ਇਹ ਗੱਲ ਸਿਰੇ ਨਹੀਂ ਚੜ੍ਹੀ। (ਵਿਘਨ) ਸਪੀਕਰ ਸਾਹਿਬ, ਸਾਰੇ ਅਟੈਕ ਕਿਸਾਨ ਤੇ ਹੁੰਦੇ ਹਨ। ਮੈਂ ਸਮਝਦਾ ਹਾਂ ਕਿ ਕਿਸਾਨ ਸਾਡੀ ਰੀੜ੍ਹ ਦੀ ਹੱਡੀ ਹੈ।

ਸ਼੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ। ਹੋਰ ਵੀ ਤੁਹਾਡੇ ਮੈਂਬਰਾਂ ਨੇ ਬੋਲਣਾ ਹੈ।

ਮਾਸਟਰ ਬਾਬੂ ਸਿੰਘ: ਮੈਂ ਹੀ ਬੋਲਣਾ ਹੈ। ਇਸ ਲਈ ਮੈਨੂੰ ਜ਼ਿਆਦਾ ਟਾਈਮ ਮਿਲਣਾ ਚਾਹੀਦਾ ਹੈ। ਕਿਸ ਤਰ੍ਹਾਂ ਹਰ ਇਕ ਚੀਜ਼ ਦੇ ਰੇਟ ਵੱਧ ਰਹੇ ਹਨ। ਖੰਡ 8 ਰੁਪਏ ਕਿਲੋ ਹੋ ਗਈ ਹੈ। ਗੁੜ 5 ਰੁਪਏ ਕਿਲੋ ਹੋ ਗਿਆ ਹੈ। ਇਸ ਸਰਕਾਰ ਨੂੰ ਕਿਸਾਨਾਂ ਨੂੰ ਰਾਹਤ ਦੇਣ ਲਈ ਸੋਚਣਾ ਚਾਹੀਦਾ ਹੈ। ਟਰੈਕਟਰ 86 ਹਜ਼ਾਰ ਰਪਏ ਦਾ ਹੋ ਗਿਆ ਹੈ। ਡੀਜ਼ਲ ਕਿਸਾਨ ਨੂੰ ਮਿਲਦਾ ਨਹੀਂ ਹੈ। ਉਸ ਨੂੰ ਕਿਸ਼ਤਾਂ ਦੇਣੀਆਂ ਬਹੁਤ ਮੁਸ਼ਕਲ ਹੋ ਗਈਆਂ ਹਨ। ਉਸ ਤੇ ਪੀਨਲ ਇਨਟਰੈਸਟ ਪੈ ਰਿਹਾ ਹੈ। ਉਹ ਕਰਜ਼ੇ ਦੇ ਭਾਰ ਥੱਲੇ ਦੱਬ ਰਿਹਾ ਹੈ। ਇਸ ਪਾਸੇ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ। ਸਪੇਅਰ ਪਾਰਟਸ ਦੇ ਰੇਟ ਵੱਧ ਗਏ ਹਨ। ਕਿਸਾਨ ਨੂੰ ਉਸਦੀ ਉਪਜ ਦੀ ਰੈਮੁਨਰੇਟਿਵ ਪ੍ਰਾਈਸ ਦੇਣ ਬਾਰੇ ਸੋਚਣਾ ਚਾਹੀਦਾ ਹੈ। ਸੀ. ਐਮ. ਨੇ ਐਸ਼ੋਰੈਂਸ ਦਿਤੀ ਸੀ ਕਿ ਕਿਸਾਨ ਨੂੰ ਠੀਕ ਭਾਅ ਦਿਵਾਇਆ ਜਾਵੇਗਾ। ਪਰ ਪਤਾ ਨਹੀਂ ਇਸ ਬਾਰੇ ਸੈਂਟਰ ਵਾਲੇ ਕੀ ਕਰਦੇ ਹਨ ਅਤੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਕਿੰਨੀ ਗੱਲ ਇਨ੍ਹਾਂ ਦੀ ਮੰਨਦਾ ਹੈ ?

Original with;
Punjab Vidhan Sabha
Digitized by;
Panjab Digital Library

ਬਜਟ ਵਿਚ ਕਰਾਪ ਇਨਸ਼ੋਰੈਂਸ ਬਾਰੇ ਕੁਝ ਨਹੀਂ ਕਿਹਾ ਗਿਆ। ਇਨ੍ਹਾਂ ਦੇ ਮੈਨੀਫੈਸਟੋ ਵਿਚ ਕਿਹਾ ਗਿਆ ਸੀ ਕਿ ਅਸੀਂ ਇਹ ਸਕੀਮ ਲਾਗੂ ਕਰਾਂਗੇ। ਅਕਾਲੀਆਂ ਦੇ ਮੈਨੀਫੈਸਟੋ ਵਿਚ ਵੀ ਇਹ ਗੱਲ ਕਹੀ ਗਈ ਸੀ। ਪਰ ਇਸ ਬਾਰੇ ਸਰਕਾਰ ਨੇ ਕੁਝ ਨਹੀਂ ਕੀਤਾ।

ਫਿਰ ਆਬਿਆਨੇ ਦੇ ਬਾਰੇ ਦੱਸਿਆ ਗਿਆ ਹੈ ਕਿ ਇਸ ਵਿਚ 12 ਕਰੋੜ ਰੁਪਏ ਦਾ ਘਾਟਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਘਾਟੇ ਵਾਲੀ ਗੱਲ ਨਹੀਂ ਹੈ। ਜਿੰਨਾ ਸਾਡਾ ਨਹਿਰਾਂ ਤੇ ਖਰਚਾ ਹੋਇਆ ਹੈ, ਇਸ ਬਾਰੇ ਸੋਹਨ ਲਾਲ ਨੇ ਰਿਪੋਰਟ ਕੀਤੀ ਸੀ ਅਤੇ ਦੱਸਿਆ ਸੀ ਕਿ ਉਸ ਦੇ ਨਾਲੋਂ 85 ਗੁਣਾ ਮੁਨਾਫਾ ਲੈ ਲਿਆ ਗਿਆ ਹੈ। ਇਹ ਜਿਹੜਾ 12 ਕਰੋੜ ਰੁਪਿਆ ਆਬਿਆਨੇ ਦਾ ਘਾਟਾ ਦਸਿਆ ਗਿਆ ਹੈ ਇਹ ਸਾਨੂੰ ਡਰਾਉਣ ਵਾਸਤੇ ਦੱਸਿਆ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਪਰਾਪਰਲੀ ਐਗਜ਼ਾਮਿਨ ਕਰਨਾ ਚਾਹੀਦਾ ਹੈ ਤਾਕਿ ਕਿਸਾਨ ਨੂੰ ਇਨਸਾਫ ਮਿਲ ਸਕੇ।

ਸੇਲਜ਼ ਟੈਕਸ ਦੇ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ। ਹੁਣ ਮੈਂ ਬੱਸਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਡੀਜ਼ਲ ਮਹਿੰਗਾ ਹੋ ਗਿਆ ਹੈ।

ਸ਼੍ਰੀ ਸਪੀਕਰ : ਤੁਹਾਡਾ ਅੱਧਾ ਘੰਟਾ ਟਾਈਮ ਖਤਮ ਹੋ ਗਿਆ ਹੈ।

ਮਾਸਟਰ ਬਾਬੂ ਸਿੰਘ : ਬੱਸ ਜੀ, ਮੈਂ 5 ਮਿੰਟਾਂ ਵਿਚ ਵਾਈਂਡ ਅੱਪ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵਿਚ ਬੱਸਾਂ ਪ੍ਰਾਫਿਟ ਤੇ ਚੱਲਦੀਆਂ ਹਨ। ਸਾਨੂੰ ਉਥੇ ਜਾਕੇ ਇਹ ਚੀਜ਼ ਐਗਜ਼ਾਮਿਨ ਕਰਨੀ ਚਾਹੀਦੀ ਹੈ ਕਿ ਕੀ ਕਾਰਨ ਹੈ ਕਿ ਉਥੇ ਬੱਸਾਂ ਪ੍ਰਾਫਿਟ ਤੇ ਚੱਲਦੀਆਂ ਹਨ ? ਉਥੇ ਘਾਟਾ ਕਿਉਂ ਨਹੀਂ ਹੈ ? ਸਾਡੇ ਨਾਲ ਹਰਿਆਣਾ ਲੱਗਦਾ ਹੈ। ਉਥੇ ਵੀ ਬੱਸਾਂ ਪ੍ਰਾਫਿਟ ਤੇ ਚੱਲਦੀਆਂ ਹਨ। ਆਖਿਰ ਇਸ ਦਾ ਕੀ ਕਾਰਨ ਹੈ ? ਸਾਡੇ ਕਿਉਂ ਘਾਟੇ ਤੇ ਚੱਲ ਰਹੀਆਂ ਹਨ ? ਸਾਨੂੰ ਇਸ ਬਾਰੇ ਸੋਚਣਾ ਪਵੇਗਾ ਕਿ ਸਾਡੇ ਕੀ ਖਰਾਬੀ ਹੈ ? ਕੀ ਸਾਡੇ ਅਫਸਰ ਤਾਂ ਕੁਰੱਪਸ਼ਨ ਨਹੀਂ ਕਰਦੇ, ਕੀ ਪ੍ਰਾਈਵੇਟ ਬੱਸਾਂ ਵਾਲੇ ਅਫਸਰਾਂ ਨਾਲ ਮਿਲਕੇ ਤਾਂ ਘਾਟੇ ਦਾ ਕਾਰਨ ਨਹੀਂ ਬਣਦੇ ? ਵਰਕਸ਼ਾਪ ਵਿਚ ਠੀਕ ਸਪੇਅਰ ਪਾਰਟਸ ਨਹੀਂ ਮਿਲਦੇ। ਡਰਾਈਵਰ ਕੁਝ ਕਹਿੰਦੇ ਹਨ। ਇਨ੍ਹਾਂ ਦੀ ਮੇਨਟੀਨੈਂਸ ਬਾਰੇ ਖਾਸ ਧਿਆਨ ਦੇਣ ਦੀ ਲੋੜ ਹੈ ਤਾਕਿ ਬੱਸਾਂ ਦੀ ਹਾਲਤ ਠੀਕ ਹੋਵੇ। ਇਹ ਬੱਸਾਂ ਪੀਪੇ ਹੀ ਬਣਕੇ ਨਾ ਰਹਿ ਜਾਣ। ਇਨ੍ਹਾਂ ਦੀ ਹਾਲਤ ਸੁਧਾਰਨੀ ਚਾਹੀਦੀ ਹੈ। ਪਰ ਇਸ ਗੱਲ ਦਾ ਬੱਜਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਸ਼੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ਜੀ।

ਮਾਸਟਰ ਬਾਬੂ ਸਿੰਘ : ਮੈਂ ਖਤਮ ਹੀ ਕਰਨ ਲੱਗਾ ਹਾਂ ਜੀ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਸੈਂਟਰ ਵਿਚ ਵੀ ਕਾਂਗਰਸ ਦਾ ਰਾਜ ਹੈ, ਇਥੇ ਪੰਜਾਬ ਵਿਚ ਵੀ ਕਾਂਗਰਸ ਦਾ ਰਾਜ ਹੈ ਅਤੇ ਹਰਿਆਣਾ ਵਿਚ ਵੀ ਕਾਂਗਰਸ ਦਾ ਰਾਜ ਹੈ। ਕਦੇ ਇਥੇ ਚੰਡੀਗੜ੍ਹ ਲੈਣ ਦੀ ਗੱਲ ਆਉਂਦੀ ਹੈ, ਕਦੇ ਪੰਜਾਬੀ ਸਪੀਕਿੰਗ ਏਰੀਆਜ਼ ਨੂੰ ਲੈਣ ਦੀ ਗੱਲ ਆਉਂਦੀ ਹੈ ਅਤੇ ਕਦੇ ਰਾਵੀ-ਬਿਆਸ ਦੇ ਪਾਣੀ ਦਾ ਮਸਲਾ ਆਉਂਦਾ ਹੈ। ਉਧਰ ਹਰਿਆਣਾ ਵਾਲੇ ਵੀ ਇਨ੍ਹਾਂ ਗੱਲਾਂ ਦਾ ਜ਼ਿਕਰ ਕਰਦੇ ਹਨ। ਇਹ ਕਿੰਨੇ ਅਫਸੋਸ ਦੀ ਗੱਲ ਹੈ। ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਵੇਲੇ ਵੀ ਇਸ ਕਿਸਮ ਦੀਆਂ ਗੱਲਾਂ ਇਥੇ ਹੁੰਦੀਆਂ ਰਹੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਉਂ ਨਹੀਂ ਸਾਡੇ ਮੁੱਖ ਮੰਤਰੀ ਜੀ ਦਿੱਲੀ ਦੀ ਸਰਕਾਰ ਨਾਲ ਗੱਲ ਬਾਤ ਕਰਕੇ ਇਨ੍ਹਾਂ ਮਸਲਿਆਂ ਦਾ ਵੰਸ ਫਾਰ ਆਲ ਡਿਸੀਜ਼ਨ ਕਰਾ ਲੈਂਦੇ। ਕਿਉਂ ਅਜਿਹੀਆਂ ਗੱਲਾਂ ਕਰਕੇ ਸਾਡੀਆਂ ਅੱਖਾਂ ਵਿਚ ਧੂੜ ਪਾਈ ਜਾਂਦੇ ਹਨ ? ਕੀ ਇਨ੍ਹਾਂ ਗੱਲਾਂ ਦਾ ਹਲ

Original with;
Punjab Vidhan Sabha
Digitized by:
Panjab Digital Library

[ਮਾਸਟਰ ਬਾਬੂ ਸਿੰਘ]

ਨਹੀਂ ਹੋ ਸਕਦਾ ? ਸਾਡੇ ਮੁੱਖ ਮੰਤਰੀ ਪ੍ਰਾਈਮ ਮਨਿਸਟਰ ਨੂੰ ਮਿਲਣ। ਇਨ੍ਹਾਂ ਦੇ ਨੁਮਾਇੰਦੇ ਉਥੇ ਬੈਠੇ ਹਨ । ਇਨ੍ਹਾਂ ਦੀ ਪਾਰਟੀ ਦੇ ਵਰਕਰ ਉਥੇ ਹਨ। ਕਿਉਂ ਨਹੀਂ ਜ਼ੋਰ ਪਾ ਕੇ ਇਨ੍ਹਾਂ ਗੱਲਾਂ ਦਾ ਵੈਸ ਫਾਰ ਆਲ ਡਿਸੀਜ਼ਨ ਕਰਵਾ ਲਿਆ ਜਾਂਦਾ। ਲੇਕਿਨ ਮੈਂ ਸਮਝਦਾ ਹਾਂ ਕਿ ਇਹ ਵੋਟਾਂ ਲੈਣ ਦੀ ਖਾਤਰ ਅਜਿਹੀਆਂ ਗੱਲਾਂ ਕਰਦੇ ਹਨ ਪਰ ਬਾਅਦ ਵਿਚ ਕੁਝ ਨਹੀਂ ਕਰਦੇ। ਇਸ ਤਰ੍ਹਾਂ ਕੋਈ ਮਸਲਾ ਹੱਲ ਨਹੀਂ ਹੋਣਾ।

ਸਪੀਕਰ ਸਾਹਿਬ, ਮੈਂ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਥੇ ਛੰਗਾਨੀ ਕਮਿਸ਼ਨ ਬਣਿਆ ਅਤੇ ਫਿਰ ਗੁਰਦੇਵ ਸਿੰਘ ਕਮਿਸ਼ਨ ਬਣਿਆ। ਸਾਡੇ ਪ੍ਰਾਈਮ ਮਨਿਸਟਰ ਤੇ ਵੀ ਕਈ ਕਮਿਸ਼ਨ ਬੈਠੇ। ਜਦ ਜਨਤਾ ਪਾਰਟੀ ਦਾ ਰਾਜ ਸੀ ਤਾਂ ਕਾਂਗਰਸ ਵਾਲੇ ਉਨ੍ਹਾਂ ਨੂੰ ਗਾਲਾਂ ਕੱਢਦੇ ਸਨ। ਜਦ ਕਾਂਗਰਸ ਦਾ ਰਾਜ ਆਉਂਦਾ ਹੈ ਤਾਂ ਦੂਜੀਆਂ ਪਾਰਟੀਆਂ ਇਨ੍ਹਾਂ ਨੂੰ ਬੁਰਾ ਭਲਾ ਕਹਿੰਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਕਾਂਗਰਸ ਪਾਰਟੀ ਦਾ ਰਾਜ ਹੈ। ਇਹ ਕਿਉਂ ਨਹੀਂ ਪਰਮਾਨੈਂਟ ਹਾਈ ਪਾਵਰ ਕਮਿਸ਼ਨ ਆਫ ਇਨਕੁਆਇਰੀ ਕੈਰੇਲਾ ਪੈਟਰਨ ਤੇ ਬਣਾਉਂਦੇ। ਜੇ ਕਿਸੇ ਦੇ ਖਿਲਾਫ ਕੋਈ ਐਲੀਗੇਸ਼ਨ ਲੱਗਣ, ਭਾਵੇਂ ਉਹ ਕੋਈ ਐਮ. ਐਲ. ਏ. ਹੋਵੇ, ਕੋਈ ਵਜ਼ੀਰ ਹੋਵੇ, ਆਈ. ਏ. ਐਸ. ਅਫਸਰ ਹੋਵੇ ਜਾਂ ਪੀ. ਸੀ. ਐਸ. ਅਫਸਰ ਹੋਵੇ, ਉਨ੍ਹਾਂ ਦੇ ਖਿਲਾਫ ਲੱਗੇ ਐਲੀਗੇਸ਼ਨਾਂ ਦੀ ਉਹ ਹਾਈ ਪਾਵਰਡ ਕਮਿਸ਼ਨ ਇਨਕੁਆਇਰੀ ਕਰੇ। ਹੁਣ ਇਸ ਤਰ੍ਹਾਂ ਹੁੰਦਾ ਹੈ ਕਿ ਸਰਕਾਰ ਕਮਿਸ਼ਨ ਬਿਠਾਉਂਦੀ ਹੈ। ਪਰ ਜਦ ਉਹ ਸਰਕਾਰ ਬਦਲ ਜਾਂਦੀ ਹੈ ਤਾਂ ਉਸ ਦਾ ਕੁਝ ਨਹੀਂ ਹੁੰਦਾ। ਇਸ ਤਰ੍ਹਾਂ ਕਰਨ ਨਾਲ ਸਾਡੇ ਸਟੇਟ ਐਕਸਚੈਕਰ ਤੇ ਬੋਝ ਪੈਂਦਾ ਹੈ। ਇਸ ਦਾ ਬੋਝ ਸਾਡੇ ਤੇ ਪੈਂਦਾ ਹੈ ਅਤੇ ਸਾਡੇ ਤੇ ਟੈਕਸ ਲੱਗਦੇ ਹਨ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਸਾਡੀ ਐਗਰੀਕਲਚਰਲ ਇਕਾਨੋਮੀ ਦੀ ਜੋ ਹਾਲਤ ਹੈ, ਉਹ ਨੈਚਰ ਤੇ ਬੇਸਡ ਹੈ। ਇਸ ਦੇ ਬਾਰੇ ਕੋਈ ਖਾਸ ਪ੍ਰਬੰਧ ਕੀਤਾ ਜਾਵੇ, ਜਿਸ ਤਰ੍ਹਾਂ ਕਰਾਪ ਇਨਸ਼ੋਰੈਂਸ ਬਾਰੇ ਦੱਸਿਆ ਹੈ। ਫਿਰ ਦਾਲਾਂ ਦੀ ਗੱਲ ਆਉਂਦੀ ਹੈ। ਇਹ ਸਾਡੇ ਬੜੀ ਹੈਡੇਕ ਬਣੀ ਹੋਈ ਹੈ। ਇਸੇ ਤਰ੍ਹਾਂ ਹੀ ਤੇਲਾਂ ਦੀ ਹਾਲਤ ਹੈ। 600 ਕਰੋੜ ਰੁਪਏ ਦਾ ਤੇਲ ਬਾਹਰੋਂ ਆਉਂਦਾ ਹੈ (ਵਿਘਨ) ਮੈਂ ਬੇਨਤੀ ਕਰਾਂਗਾ ਕਿ ਰਿਸਰਚ ਕਰਕੇ ਦਾਲਾਂ ਦੇ ਬੀਜ ਨੂੰ ਇੰਪਰੂਵ ਕਰਨਾ ਚਾਹੀਦਾ ਹੈ। ਸਾਨੂੰ ਇਸ ਪਾਸੇ ਵੀ ਸੈਲਫ ਸਫੀਸ਼ੈਂਟ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਅਸੀਂ ਕਣਕ ਅਤੇ ਚਾਵਲ ਵਿਚ ਸੈਲਫ ਸਫੀਸ਼ੈਂਟ ਹੋਏ ਹਾਂ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਗਰਾਸ ਨੈਸ਼ਨਲ ਪ੍ਰੋਡਕਸ਼ਨ ਦੋ ਸਾਲਾਂ ਵਿਚ 3 ਫੀ ਸਦੀ ਘਟ ਗਈ ਹੈ । ਜੇ ਇਸੇ ਰਿਸਾਬ ਨਾਲ ਗਰਾਸ ਨੈਸ਼ਨਲ ਪ੍ਰੋਡਕਸ਼ਨ ਘਟਦੀ ਗਈ ਤਾਂ ਆਉਣ ਵਾਲੇ ਸਾਲਾਂ ਵਿਚ ਪਤਾ ਲੱਗ ਜਾਵੇਗਾ ਕਿ ਇਸ ਪਾਸੇ ਕੀ ਹਾਲ ਹੁੰਦਾ ਹੈ। ਅੱਜ ਨੰਬਰ ਆਫ ਪੀਪਲ ਬਿਲੋ ਪਾਵਰਟੀ ਲਾਈਨ ਇਨਕਰੀਜ਼ ਹੋ ਰਿਹਾ ਹੈ। ਜਿਹੜੇ ਲੋਕ ਫੁੱਟ-ਪਾਥ ਤੇ ਪੈਂਦੇ ਹਨ, ਬੱਸਾਂ ਦੇ ਅੱਡਿਆਂ ਤੇ ਪੈਂਦੇ ਹਨ ਉਨ੍ਹਾਂ ਦਾ ਨੰਬਰ ਬਹੁਤ ਜ਼ਿਆਦਾ ਹੈ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਹ ਠੀਕ ਹੈ ਕਿ ਬੇਰੋਜ਼ਗਾਰੀ ਅਲਾਊਂਸ ਵਧਾਇਆ ਗਿਆ ਹੈ। ਪਰ ਇਹ ਸੋਚਣ ਵਾਲੀ ਗੱਲ ਹੈ ਕਿ ਇਹ ਮਿਲਦਾ ਕਿੰਨਿਆਂ ਨੂੰ ਹੈ ? ਇਸ ਬਾਰੇ ਸਾਨੂੰ ਠੀਕ ਕਦਮ ਉਠਾਉਣੇ ਚਾਹੀਦੇ ਹਨ। ਭਾਵੇਂ ਇਹ ਮਸਲਾ ਇਕੱਲਾ ਸਾਡਾ ਨਹੀਂ ਹੈ, ਅਮਰੀਕਾ ਵਿਚ ਵੀ ਅਜਿਹਾ ਮਸਲਾ ਹੈ, ਪਰ ਫਿਰ ਵੀ ਇਸ ਮਸਲੇ ਨੂੰ ਰੋਕਿਆ ਜਾ ਸਕਦਾ ਹੈ, ਇਸ ਨੂੰ ਘੱਟ ਕੀਤਾ ਜਾ ਸਕਦਾ ਹੈ ਜੇ ਅਸੀਂ ਉਨ੍ਹਾਂ ਨੂੰ ਟੈਕਨੀਕਲ ਟਰੇਨਿੰਗ ਦੇਈਏ।

ਮਹਿੰਗਾਈ ਕਿੰਨੀ ਵੱਧ ਗਈ ਹੈ। ਚੀਨੀ 8 ਰੁਪਏ ਕਿਲੋ ਹੋ ਗਈ ਹੈ। ਮੈਂ ਕਹਾਂਗਾ ਕਿ ਸਾਡੀ ਸਰਕਾਰ ਸਰਮਾਏਦਾਰਾਂ ਦੀ ਸਰਕਾਰ ਹੈ। ਜਿਹੜਾ ਚੀਨੀ 6 ਰੁਪਏ ਤੋਂ ਉਪਰ ਵੇਚਦਾ ਹੈ ਕਿਉਂ ਨਹੀਂ ਇਹ ਉਸ ਨੂੰ ਅੰਦਰ ਕਰਦੇ। ਵੱਡੇ ਵੱਡੇ ਦੁਕਾਨਦਾਰਾਂ, ਸਰਮਾਏਦਾਰਾਂ ਨੂੰ ਇਹ ਕੁਝ ਨਹੀਂ ਕਹਿੰਦੇ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੇ ਸਾਹਮਣੇ ਇਹ ਬੋਲਦੇ ਨਹੀਂ। ਅੱਜ ਗਰੀਬੀ ਹੋਰ ਵੱਧ ਰਹੀ ਹੈ। ਚੀਪ ਪਾਲੀਟਿਕਸ ਜਿਹੜੀ ਹੈ ਉਹ ਠੀਕ ਨਹੀਂ ਹੈ। ਇਕ ਬਿਆਨ ਆਇਆ ਹੈ। ਹਰਿਆਣੇ ਵਿਚ ਤਾਂ ਇਸ ਤਰ੍ਹਾਂ ਹੁੰਦਾ ਰਹਿੰਦਾ ਹੈ, ਮੈਂ ਉਨ੍ਹਾਂ ਦੀ ਗਲ ਨਹੀਂ ਕਰਨਾ ਚਾਹੁੰਦਾ। ਸਾਨੂੰ ਆਪਣਾ ਕੋਈ ਮਾਰੇਲ ਸਟੈਂਡਰਡ ਰੱਖਣਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ : ਹੁਣ ਵਾਈਂਡ ਅੱਪ ਕਰ ਦਿਉ ਜੀ।

ਮਾਸਟਰ ਬਾਬੂ ਸਿੰਘ : ਮੈਂ ਵਾਈਂਡ ਅੱਪ ਹੀ ਕਰਨ ਲਗਾ ਹਾਂ ਜੀ। ਮੈਂ ਆਪਣੇ ਹਲਕੇ ਦੀਆਂ ਇਕ ਦੋ ਗਲਾਂ ਦੱਸਣਾ ਚਾਹੁੰਦਾ ਹਾਂ। ਸਾਡੇ ਉਥੇ ਇਕ ਕੋਰਟ ਕਮਪਲੈਕਸ ਬਣਨਾ ਹੈ। ਉਸ ਦੇ ਲਈ ਬਜਟ ਵਿਚ ਕੋਈ ਪੈਸਾ ਨਹੀਂ ਰਖਿਆ ਗਿਆ। ਫਿਰ ਰਾਮਪੁਰਾ ਫੂਲ ਵਿਚ 25 ਬੈਡਜ ਦਾ ਹਸਪਤਾਲ ਖੋਲਣ ਦੇ ਬਾਰੇ ਕੁਝ ਨਹੀਂ ਬਜਟ ਵਿਚ ਦੱਸਿਆ ਗਿਆ। ਰਾਮਪੁਰਾ ਫੂਲ ਮੰਡੀ ਦੀ ਅਰਬਨ ਡਿਵੈਲਪਮੈਂਟ ਵਾਸਤੇ ਕੋਈ ਰਕਮ ਨਹੀਂ ਰਖੀ ਗਈ। ਇਸ ਦੇ ਨਾਲ ਦੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਰਾਮਪੁਰਾ ਫੂਲ ਇਕ ਕਪਾਹ ਪੈਦਾ ਕਰਨ ਵਾਲਾ ਬੜਾ ਤਗੜਾ ਏਰੀਆ ਹੈ ਅੱਰ ਉਥੇ ਕੋਈ ਜਿਨਿੰਗ ਫੈਕਟਰੀ ਜਾਂ ਯਾਰਨ ਫੈਕਟਰੀ ਲਗਾਉਣੀ ਚਾਹੀਦੀ ਹੈ। ਇਸ ਦੇ ਬਾਰੇ ਵੀ ਬਜਟ ਵਿਚ ਕੋਈ ਮੈਨਸ਼ਨ ਨਹੀਂ ਹੈ। ਰਾਮਪੁਰਾਫੂਲ ਕਪਾਹ ਪੈਦਾ ਕਰਨ ਵਾਲਾ ਇਕ ਬੜਾ ਅੱਛਾ ਏਰੀਆ ਹੈ, ਉਥੇ ਕੋਈ ਫੈਕਟਰੀ ਇਸ ਕਿਸਮ ਦੀ ਲਾਉਣੀ ਚਾਹੀਦੀ ਹੈ ਤਾ ਕਿ ਲੋਕਾਂ ਨੂੰ ਜਾਬਜ਼ ਮਿਲ ਸਕਣ, ਲੋਕਾਂ ਨੂੰ ਰੋਜ਼ਗਾਰ ਮਿਲ ਸਕੇ ਅਤੇ ਪੰਜਾਬ ਦੀ ਇੰਡਸਟਰੀ ਵਿਚ ਵੀ ਵਾਧਾ ਹੋਵੇ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

प्रोफैसर दरबारी लाल (अमृतसर केन्द्रीय) : मानयोग स्पीकर साहिब, मैं आप के द्वारा वित्त मंत्री जी को मुबारिकबाद देता हूं कि जो बजट उन्होंने इस हाऊस में पेश किया है वेह एक बेलैंसड बजट है and some steps have been taken to bring the people, particularly the poor, out of the trash यह पहली बार कोशिश की गई है कि गरीब लोगों को दलदल से बाहर निकाला जाये मगर मैं समझता हूं कि कोई भी प्लानिंग तब तक कामयाब नहीं हो सकती जब तक कि हिन्दुस्तान की आबादी को कम न किया जाये क्योंकि अगर देश में लगातार आबादी बढ़ती जाये तो कोई भी पलानिंग किसी काम की नहीं रह जाती चाहे उस के लिये कितनी भी कोशिश क्यों न की जाये। जैसे दरिया के किनारे के ऊपर रेत के साथ लिखा हुआ दरिया बहा कर ले जाता है वैसे ही हमारी जो पलानिंग है, अगर आबादी लगातार बढ़ती जाये तो वह भी खत्म हो जाती है। हिन्दुस्तान में एक करोड़ से ज्यादा आबादी हर साल बढ़ती है। यह ठीक है कि पंजाब में यह कम बढ़ती है और पंजाब को जरा सी मुश्किल कम पेश आती है। मगर यह बात स्पष्ट है कि जैसे हम एक दूसरे से वैल-निट हैं वैसे ही एक प्रदेश दूसरे प्रदेश के साथ बंधा हुआ है और इस का असर सभी पर पड़ता है। जिस समय हमारी यहां सरकार थी तो उस समय एक योजना बनाई गई थी कि आबादी को कंट्रोल किया जाये। मगर आज अपोजीशन में बैठे हुए भाईयों से कहूंगा कि वे अपने 26 महीनों के राज्य में एक ही बात को बार बार कहते रहे कि कांग्रेस सरकार ने कुछ नहीं किया। उन्होंने अपने 26 महीनों के राज्य में हमारा सारा कुछ तबाह और बरबाद कर दिया और पंजाब के लोगों के सामने कोई कन्सट्रकटिव इकनोमिक प्रोग्राम नहीं ला सके। वे एक ही बात को बार बार कहते रहे मगर कोई कन्सट्रकटिव काम नहीं कर सके।

Original with;
Punjab Vidhan Sabha
Digitized by;
Panjab Digital Library

[प्रोफैसर दरबारी लाल]

दूसरी सब से बड़ी बात यह है कि हमारे आर्थिक और सामाजिक पहलू आपस में मिले हुए हैं। आज अगर हम एक चीज़ को बदलते हैं तो दूसरी चीज़ को बदलना हमारे लिये जरूरी होगा। समाज के अन्दर सब से बड़ी बीमारी डौरी की बीमारी है। हिन्दुस्तान में यह कब से शुरु हुई, मैं नहीं कह सकता। मगर पंजाब के अन्दर हमारी बहू बेटियें कभी गाड़ी के नीचे आ कर मर जाती हैं और कभी स्टोव के साथ जल कर मर जाती हैं। मगर कभी किसी की बेटी जब उसके घर में होती है तब उस का कोई नुक्सान नहीं होता। लेकिन जब वह बेटी बहू बन जाती है तो ऐसा नुकसान होता है। डोवरी सीकज़ को सज़ा दी जाये। ऐसा हमारे यहां कहा गया था। मगर, इन्होंने खास तौर पर (विरोधी पार्टी की तरफ इशारा) इस के लिये अपने 26 महीने के राज्य में कुछ नहीं किया और आज भी यह शिकायतें हमारे सामने हैं।

स्पीकर साहिब, मैं वित्त मंत्री जी को मुबारिकबाद देता हूं जिन्होंने अडलट ऐजूकेशन के लिये सब से ज्यादा रुपया यानी एक करोड़ रुपया खर्च करने के लिये रखा है। इस से सब से ज्यादा यह लाभ होगा कि जो लोग बचपन में पढ़ नहीं सके, जो बचपन में ऐजुकेशन नहीं ले सके, उन को पढ़ने का मौका मिलेगा और वे प्रोग्रेसिव इंसान बन सकेंगे, उन को नई नई चीजों का पता चलेगा। इस लिये मैं कहना चाहता हूं कि जो अडलट ऐजुकेशन के लिये रुपया रखा गया है उस से उन लोगों को ज्यादा लाभ होगा। मगर, स्पीकर साहिब, एक बात मैं जरूर कहूंगा कि पिछले 26 महीने में जो अडलट ऐजुकेशन के लिये पैसा रखा गया था वह इस स्कीम के ऊपर खर्च करने की बजाये अकाली-जनता सरकार ने आर. एस. एस. वालों को दिया और आर. एस. एस. वालों ने वह अपने प्रचार के ऊपर ही खर्च किया। इस लिये मैं वित्त मन्त्री जी को रिक्वेस्ट करना चाहता हूं कि वह इस बात की इन्कवायरी करवायें कि इतना रुपया जो इस काम के लिये खर्च किया गया है वह किस तरह से खर्च किया गया है। मैं यह भी आशा करता हूं कि यह जो अडलट ऐजुकेशन के लिये पैसा रखा गया है वह केवल गांव में रहने वालों के लिये ही न खर्च किया जाये बल्कि जो शहर में रहने वाले हैं उन पर भी यह रुपया खर्च किया जाना चाहिये।

इस के साथ साथ, स्पीकर साहिब, मैं यह भी कहना चाहता हूं कि इंडस्ट्रीज के ऊपर जो रुपया खर्च करना है उस सम्बन्ध में मेरी यह रिक्वैस्ट है कि अमृतसर का भी जरूर ध्यान रखा जाना चाहिये। अमृतसर गुरु की नगरी है और यह राजनीति में भी करवट देने वाला शहर है। वहां पर यार्न की फैक्टरी लगाने के लिये कोई फैसला किया गया था मगर कुछ लोगों ने, जिन का इंट्रैस्ट कुछ और था, वहां यह फैक्टरी न लगाने दी और वह फैक्टरी पंजाब की जगह राजस्थान में चली गई जिससे पंजाब को भारी नुक्सान हुआ। मेरी रिक्वैस्ट है कि पिछली बार जब 1965 में लड़ाई हुई थी तो भी अमृतसर को नुक्सान हुआ, 1971 में जब लड़ाई हुई तो भी अमृतसर को नुक्सान हुआ मगर जिस समय बार्डर खुलता है तो अमृतसर की बजाये फिरोज़पुर का खोल दिया जाता है। (विघ्न) जब बड़ी इंडस्ट्रीज़ लगाई जायें तो वह अमृतसर को भी दी जानी चाहियें। अमृतसर में इंडस्ट्रीयल फोकल प्वांयट चालू किया जाये ताकि वहां के व्यापारी को ज्यादा सहूलियत मिल सके। हमारे किसी एक्स मिनिस्टर साहिब ने, जो अब यहां बैठे नहीं हैं,

Original with;
Punjab Vidhan Sabha
Digitized by;
Panjab Digital Library

कहा था कि फ्रैंच रैवोल्यूशन कैसे आया ? फ्रैंच रैवोल्यूशन कैसे आया था यह उन को मालूम नहीं। मैं इतिहास पढ़ाता हूं। मैं बताना चाहता हूं कि 1789 में जो फ्रैंच रैवोल्यूशन आया था it was against the social inequality यानी यह सामाजिक असमानता के विरोध में था। वही सामाजिक असमानता पिछले 26 महीनें में रही। हरिजनों के साथ वह सलूक नहीं किया गया जो किया जाना चाहिये था। जो जगह पहले उस को दी गई थी, वह छीन ली गई। मैं वित्त मंत्री जी को मुबारिकबाद देता हूं कि उन्होंने इतना ज्यादा रुपया हरिजनों के लिये रखा है। उन को तीन लाख से ज्यादा प्लाट देने हैं। मैं रिक्वैस्ट करता हूं कि प्लाट गांव के हरिजनों को भी दें, मगर साथ के साथ इन लोगों को भी देने का इंतजाम किया जाये जो शहरों में रहते हैं। शहरों में इन लोगों के 20—20, 25—25 गज के मकान बने हुए हैं जिन में रहना मुश्किल है। अमृतसर शहर को तो और भी सुन्दर किया जाये। वहां अभी भी नालियां और गलियां बहुत गन्दी हैं क्योंकि वहां तो सारी दुनिया के बाहर के लोग दरबार साहिब को देखने के लिये आते हैं। मगर मुझे इस बात का दुख है कि इन्होंने (आपोजीशन की तरफ इशारा) पिछले 26 महीनों में दरबार साहिब की तरफ जाने वाली सड़क की मुरम्मत नहीं करवाई। इस शहर को सुन्दर बनाने के लिये इतनी भारी रकम लगाई गई मगर किया कुछ नहीं। 5 करोड़ रुपया वर्लड बैंक से भी जो शहर को सुन्दर बनाने के लिये मिला वह भी लगाया गया मगर आज तक वहां तंग गलियें और गन्दे बाजार हैं। मैं रिक्वैस्ट करूंगा कि वर्लड बैंक से जो पैसा आया वह किस तरह से खर्च किया गया इसके लिये जिन अफसरान की जिम्मेदारी थी उनकी इन्क्वायरी की जाए। मैं यह नहीं कहता कि कोई कमीशन बैठाया जाये लेकिन जो अफसर जिम्मेदार हैं जिन्होंने रुपये का गल्त इस्तेमाल किया उन का पता लगाना चाहिये कि किस तरह से रुपया खर्च किया गया है।

हमारे पंजाब के अन्दर अनइम्पलायमैन्ट दूसरे प्रदेशों से कम है मगर यह अनइम्पलायमैन्ट का मसला काफी गम्भीर है। जो पढ़े लिखे हैं, नये नये मैट्रिक पास या ग्रैजूएटस हैं उनका मसला काफी बढ़ता जा रहा है। ठीक है आप ने भत्ता देने के लिये पांच साल की बजाये तीन साल का वकफा उन लोगों के लिये कर दिया है जिन की रजिस्ट्रेशन की गई है, मगर इस ओर कोई ठोस काम किया जाये जिससे यह अनइम्पलायमैन्ट दूर की जा सके।

मैं अपनी सरकार को यह जो वृक्ष लगाने की योजना बनाई है इसके लिए बधाई देता हूं। लोग अपने घरों में भी वृक्ष लगायेंगे। थोड़े सालों के बाद उन वृक्षों से काफी रुपया मिल जाता है। 1.72 करोड़ रुपया इस काम के लिये रखा है। इन वृक्षों से न केवल लकड़ी मिलेगी बल्कि इनसे वातावरण भी शुद्ध होगा और आने वाली फसलों तथा दूसरी चीजों में भी वृद्धि होगी।

स्पीकर साहिब, सारे पंजाब में सीवरेज सिस्टम शुरु किया गया है। अमृतसर में पाईप बड़ी डालनी थी, मगर 13" की डाली गई है, आने वाले सालों में शहर बैठ जायेगा, ऐसा डर है। इसकी पूरी इंक्वायरी की जानी चाहिए।

इसके साथ साथ I.R.D.P. की स्कीम नवम्बर, 1977 में चालू की गई थी। उसके तहत 111 फोक्ल प्वायंटस चुने गये। लेकिन पहिले वहां पर जो कुछ बनाया गया

Original with;
Punjab Vidhan Sabha
Digitized by;
Panjab Digital Library

[प्रोफैसर दरबारी लाल]

है वह न तो आईडयल है और न उनसे लोगों को कोई एम्पलायमैन्ट मिली है। उनसे बड़े बड़े जिमींदारों को फायदा हुआ है। उनसे आम लोग को कोई सहूलत नहीं दी जा सकी। आम आदमी का मुफाद जो करना चाहिए था वह नहीं हुआ और वह वैसे का वैसा रह गया। यह जो इस स्कीम के लिये रुपया रखा है उससे आम लोगों को ज्यादा से ज्यादा सहूलत देनी चाहिए।

आगे लाईफ सेविंग ड्रगज पर जो सेल्ज़ टैक्स हटाया गया है यह अच्छा काम किया है। यह इतनी मंहगी हो गई थीं कि गरीब आदमी की एप्रोच से बाहर होती जाती थीं। यह दवाईयां निश्चित कर देनी चाहिएं ताकि लोगों को सहूलत मिल सके।

कालेजों के अन्दर 5, 5 रुपये प्रासपैक्टस के लेते थे, लोगों को बड़ी परेशानी होती थी। अब वह कीमत आप ने हटा दी है। यह एक रैवोल्यूशनरी स्टैप है जिसके लिये मैं सरकार को मुबारिकबाद देता हूं।

हरिजनों या बैकवर्ड क्लासों का जब सर्टीफिकेट लेना होता है तो तीन रुपये का अष्टाम पेपर लगता था, इसको खत्म करके जो सहूलत दी है उसके लिए सरकार मुबारिकबाद की पात्र है।

पहिले सेल्ज़ टैक्स का रुपया जमा कराने वाले सुबह से शाम तक आफिस में बैठे रहते थे आफिसर कह देता था दूसरे दिन आना। इससे उनका वक्त जाया होता था। अब असैसी को समय दे दिया जायेगा। वह ठीक समय पर टैक्स जमा कर देगा। इससे उसका वक्त बच जायेगा।

ओल्ड एज पैन्शन लोगों की जो पिछले 26 महीनों से रुकी हुई थी, उनके कई केसिज़ जो आपके पास आये, उनको आपने चालू किया है। इसके लिये भी मैं मुबारिकबाद देता हूं।

यह बजट बहुत अच्छा है। मैं कहूंगा कि कुछ रुपया निकाल कर शहरों में रहने वाले हरिजनों को भी, जिनके पास मकान नहीं, 100, 100 गज़ के प्लाट जैसे 1977 से पहले देते थे, दिये जाने चाहिएं।

पहिले बैंकस शहरों में लोगों को अपना छोटा मोटा कारोबार चलाने के लिये 1,000 से 3,000 रुपये तक कर्जे देते थे। पिछले 26 महीनों में वह बन्द कर दिये गये क्योंकि किसी बड़े आदमी की गवाही लेकर कर्ज़ा मिलता था और बड़ा आदमी गवाही देने के लिये तैयार नहीं होता था। इस लिए वह सहूलत बन्द कर दी थी। मेरी रिक्वैस्ट है कि वह सहूलत फिर से दी जाये। आपका धन्यवाद जो आपने मुझे बोलने के लिये समय दिया।

ਕਾਮਰੇਡ ਬਲਵੰਤ ਸਿੰਘ (ਰਾਜਪੁਰਾ) : ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਜੇਕਰ ਇਹ ਲੋਕ ਤਾਕਤ ਵਿਚ ਆਉਣਗੇ ਤਾਂ ਇਨ੍ਹਾਂ ਨੇ ਲੋਕ-ਦੋਖੀ ਬਜਟ ਪੇਸ਼ ਕਰਨਾ ਹੈ (ਬੰਪਿੰਗ) ਇਸ ਲੋਕ-ਦੋਖੀ ਬਜਟ ਨੇ ਲੋਕਾਂ ਦੀਆਂ ਆਸ਼ਾਵਾਂ ਤੇ ਪਾਣੀ ਫੇਰ ਦਿਤਾ ਹੈ। ਇਨ੍ਹਾਂ ਨੇ ਜਿਹੜਾ ਘਾਟੇ ਦਾ ਬਜਟ ਪੇਸ਼ ਕੀਤਾ ਹੈ ਇਹ ਰਾਹ ਪੱਧਰ ਕੀਤਾ ਹੈ ਕਿ ਕਿਹੜੀਆਂ ਕਿਹੜੀਆਂ ਚੀਜ਼ਾਂ ਤੇ ਟੈਕਸ ਲਾਇਆ ਜਾਏਗਾ ਤਾਂ ਕਿ ਗਰੀਬਾਂ ਦਾ ਰਹਿੰਦਾ ਸਹਿੰਦਾ ਰਕਤ ਵੀ ਨਚੋੜਿਆ ਜਾ ਸਕੇ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਬਿਜਲੀ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਬਿਜਲੀ ਵਾਸਤੇ ਪਹਿਲਾਂ ਹੀ ਲੋਕ ਹਾਹਾਕਾਰ ਕਰ ਰਹੇ ਹਨ। 24 ਘੰਟੇ ਬਿਜਲੀ ਦੇਣ ਲਈ ਫਲੈਟ ਰੇਟ ਲਗਾਇਆ ਗਿਆ। ਪਰ ਬਿਜਲੀ ਦਿਤੀ 8 ਘੰਟੇ। ਚਾਹੀਦਾ ਤਾਂ ਇਹ ਸੀ ਕਿ ਜੇ 8 ਘੰਟੇ ਬਿਜਲੀ ਦੇਣੀ ਹੈ ਤਾਂ ਤੀਸਰਾ ਹਿੱਸਾ

Original with;
Punjab Vidhan Sabha
Digitized by;
Panjab Digital Library

ਫਲੈਟ ਰੇਟ ਦਾ ਚਾਰਜ਼ ਕਰਦੇ। ਪਰ ਇਸ ਸੋਚਣੀ ਦੀ ਬਜਾਏ ਇਹ ਕਹਿ ਦਿਤਾ ਕਿ 60 ਕਰੋੜ ਰੁਪਏ ਦਾ ਘਾਟਾ ਬਿਜਲੀ ਬੋਰਡ ਨੂੰ ਪੈ ਰਿਹਾ ਹੈ। ਇਸ ਦਾ ਮਤਲਬ ਹੈ ਕਿ 60 ਕਰੋੜ ਰੁਪਏ ਦੇ ਟੈਕਸ ਲਗਣਗੇ। ਇਨ੍ਹਾਂ ਦੀ ਜਿਹੜੀ ਮਿਸ-ਮੈਨੇਜਮੈਂਟ ਹੈ ਉਹ ਨਿਕਲਦੀ ਨਹੀਂ। ਇਸ ਦਾ ਮਤਲਬ ਹੈ ਕਿ ਜਿਹੜਾ ਕਾਰਖਾਨੇ ਵਿਚ ਮਜ਼ਦੂਰ ਥੋੜ੍ਹੀ ਤਨਖਾਹ ਲੈਣ ਵਾਲਾ ਹੈ, ਜਾਂ ਆਪਣੀ ਜਾਨ ਦਾ ਜੋਖਮ ਲੈ ਕੇ ਖੰਭਿਆਂ ਤੇ ਚੜ੍ਹਦਾ ਹੈ, ਇਨ੍ਹਾਂ ਨੇ ਉਸ ਨੂੰ ਬਿਜਲੀ 40 ਪੈਸੇ ਪਰ ਯੂਨਿਟ ਦੇਣੀ ਹੈ। ਇਹ ਇਕ ਤਰ੍ਹਾਂ ਦੀ ਜੋਕ ਹੈ ਜਿਹੜੀ ਉਨ੍ਹਾਂ ਦਾ ਰਕਤ ਚੂਸ ਰਹੀ ਹੈ। ਜਿਹੜੇ ਵੱਡੇ ਵੱਡੇ ਕਾਰਖਾਨੇਦਾਰ ਹਨ, ਉਨ੍ਹਾਂ ਨੂੰ ਇਸ ਦਰ ਨਾਲੋਂ ਘਟ ਰੇਟ ਤੇ ਬਿਜਲੀ ਦਿਤੀ ਜਾਂਦੀ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਤੇ ਇਹ ਰੇਟਾਂ ਦੀ ਜੋਕ ਨਾ ਕੇ ਉਨ੍ਹਾਂ ਦੇ ਖੂਨ ਨਾਲ ਇਹ ਘਾਟਾ ਪੂਰਾ ਕੀਤਾ ਜਾਣਾ ਚਾਹੀਦਾ ਹੈ, ਬਜਾਏ ਇਸ ਦੇ ਕਿ ਛੋਟੇ ਦੁਕਾਨਦਾਰ, ਘੱਟ ਤਨਖਾਹ ਲੈਣ ਵਾਲੇ ਕਾਮੇ, ਕਿਰਤੀ, ਗਰੀਬ ਹਰੀਜਨ ਤੇ ਇਹ ਰੇਟ ਵਧਾਇਆ ਜਾਏ।

ਹੁਣ ਮੈਂ ਥੀਨ ਡੈਮ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਉਸ ਨੂੰ ਵਾਰ ਫੁਟਿੰਗ ਤੇ ਬਣਾ ਰਹੇ ਹਾਂ। ਕਿਰਪਾ ਕਰ ਕੇ ਵਾਰ ਫੁਟਿੰਗ ਤੇ ਕੰਮ ਨਾ ਕਰੋ, ਪੀਸ ਫੁਟਿੰਗ ਤੇ ਕੰਮ ਕਰੋ। ਤੁਸੀਂ ਕਿਹਾ ਕਿ 12 ਕਰੋੜ ਰੁਪਿਆ ਇਸ ਲਈ ਰਖ ਦਿਤਾ ਹੈ। ਬੜੀ ਮਿਹਰਬਾਨੀ ਕੀਤੀ ਹੈ। ਪਰ ਡਾਇਰੈਕਟਰਜ਼ ਨੇ ਸੁਜੈਸਟ ਕੀਤਾ ਹੈ ਕਿ ਜਿਹੜੀਆਂ ਅਰਜੈਂਟ ਨੀਡਜ਼ ਹਨ ਉਨ੍ਹਾਂ ਲਈ 42 ਕਰੋੜ ਰੁਪਏ ਚਾਹੀਦੇ ਹਨ। ਕਿੰਨੀ ਇਤਰਾਜ਼ ਯੋਗ ਗਲ ਹੈ ਕਿ ਇਥੇ ਹਾਊਸ ਵਿਚ ਸਾਰੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਪੀਕਰ ਸਾਹਿਬ, ਥਰਮਲ ਪਲਾਂਟ, ਰੋਪੜ ਲਈ 10.40 ਕਰੋੜ ਰੁਪਏ ਅਰਜੈਂਟ ਲੋੜਾਂ ਲਈ ਸੁਜੈਸਟ ਕੀਤਾ ਹੈ, ਪਰ ਇਨ੍ਹਾਂ ਨੇ ਕੋਈ ਗਲ ਸੋਚੇ ਬਗੈਰ 6 ਕਰੋੜ ਰੁਪਿਆ ਰਖ ਦਿਤਾ, ਕਿੰਨੀ ਮਾੜੀ ਗਲ ਹੈ। ਪਰ ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੱਖਾਂ ਯੂਨਿਟ ਜੋ ਚੋਰੀ ਬਿਜਲੀ ਦੀ ਚੋਰੀ ਹੁੰਦੀ ਹੈ ਉਸ ਨੂੰ ਰੋਕਣ ਵਾਸਤੇ ਕੋਈ ਕਿਸੇ ਕਿਸਮ ਦੀ ਨਿਗਰਾਨ ਕਮੇਟੀ ਨਹੀਂ ਸੁਜੈਸਟ ਕੀਤੀ ਗਈ ਕਿਉਂਕਿ ਇਨ੍ਹਾਂ ਦਾ ਭਾਈਚਾਰਾ ਕਾਰਖਾਨੇਦਾਰਾਂ ਨਾਲ ਹੈ।

ਆਬਿਆਨਾ ਵਧਾਉਣ ਵਾਸਤੇ ਇਹ ਗਲ ਆਖੀ ਗਈ ਹੈ ਕਿ 12 ਕਰੋੜ ਰੁਪਏ ਦਾ ਇਸ ਡਿਪਾਰਟਮੈਂਟ ਵਿਚ ਘਾਟਾ ਹੈ। ਇਹ ਵੀ ਟੈਕਸ ਲਾਉਣ ਲਈ ਰਾਹ ਪੱਧਰ ਕੀਤੀ ਗਈ ਹੈ। ਤਾਂ ਹੀ ਮੈਂ ਇਸ ਨੂੰ ਲੋਕ ਦੋਖੀ ਬਜਟ ਕਿਹਾ ਹੈ। ਜੇ ਮੱਖਣੀਆਂ ਖਾਣੀਆਂ ਹੋਣ ਤਾਂ ਕਹਿੰਦੇ ਹਨ ਕਿ ਅਸੀਂ ਦੇਸ਼ ਭਗਤ ਹਾਂ, ਪਰ ਜੇ ਕੀਤੇ ਵਾਦੇ ਪੂਰੇ ਕਰਨੇ ਹੋਣ ਤਾਂ ਪਿਛੇ ਹੱਟ ਜਾਂਦੇ ਹਨ। ਪ੍ਰਿਵਿਲਜਜ਼ ਦੇਸ਼ ਭਗਤਾਂ ਦੇ ਅਨਸਵਾਏ ਕਰਦੇ ਹਨ। ਜਦੋਂ ਲੋਕਾਂ ਦੀਆਂ ਤਕਲੀਫਾਂ ਸਾਹਮਣੇ ਆਉਂਦੀਆਂ ਹਨ ਤਾਂ ਚੁੱਪ ਹੋ ਜਾਂਦੇ ਹਨ। ਕਰਾਚੀ ਵਿਚ ਇਨ੍ਹਾਂ ਦੀ ਜਮਾਤ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ ਅੰਗਰੇਜ਼ ਕੱਢੋ, ਆਬਿਆਨਾ ਮਾਫ ਕਰ ਦਿਤਾ ਜਾਏਗਾ। ਉਨ੍ਹਾਂ ਨੇ ਆਪਣਾ ਖੂਨ ਦੇ ਕੇ ਅੰਗ੍ਰੇਜ਼ਾਂ ਨੂੰ ਕੱਢਿਆ, ਪਰ ਆਬਿਆਨਾ ਨਾ ਹਟਿਆ।

ਫਿਰ ਇਹ ਬੜੇ ਫਖਰ ਨਾਲ ਕਹਿੰਦੇ ਹਨ ਕਿ ਅਸੀਂ ਲੋਕ ਭਲਾਈ ਦੀਆਂ ਗਲਾਂ ਕਰਦੇ ਹਾਂ। ਇਹ ਕਹਿੰਦੇ ਹਨ ਕਿ ਗਰੀਬਾਂ ਦੀ ਉਜਰਤ ਜਿਹੜੀ 225 ਰੁਪਏ ਘੱਟ ਤੋਂ ਘੱਟ ਹੈ ਉਹ 252 ਰੁਪਏ ਕਰ ਦਿਤੀ ਜਾਏਗੀ। ਮੈਂ ਕਹਿੰਦਾ ਹਾਂ ਕਿ ਇਧਰ ਧਿਆਨ ਧਰੋ। ਜਿਥੇ ਪੰਜਾਬ ਦਾ ਮਜ਼ਦੂਰ ਆਰਗੇਨਾਈਜ਼ਡ ਹੈ, ਉਥੇ ਉਹ 246 ਰੁਪਏ ਪਹਿਲਾਂ ਲੈ ਰਿਹਾ ਹੈ ਕਿਉਂਕਿ 11 ਪੁਆਇੰਟ ਪ੍ਰਾਈਸ ਇੰਡੈਕਸ ਵਧ ਗਿਆ ਹੈ। ਹੁਣ ਹੋਰ ਪੁਆਇੰਟ ਵਧ ਗਏ ਹਨ, ਇਸ ਲਈ 252 ਰੁਪਏ ਤਾਂ ਆਪਣੇ ਆਪ ਬਣ ਜਾਣਗੇ। ਜੇਕਰ ਮਜ਼ਦੂਰ ਇਸ ਨੂੰ ਲਾਗੂ ਕਰਨ ਵਾਸਤੇ ਆਵਾਜ਼ ਬੁਲੰਦ ਕਰਦਾ ਹੈ ਤਾਂ ਉਹ ਗੋਲੀਆਂ ਨਾਲ ਭੁੰਨ ਦਿਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਵੰਤ ਸਿੰਘ]

ਗਵਰਨਰ ਸਾਹਿਬ ਦੇ ਐਡਰੈਸ ਵਿਚ ਗਰੀਬਾਂ ਦੀ ਭਲਾਈ ਬਾਰੇ ਗਲ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀਆਂ ਕਾਲੋਨੀਆਂ ਵਿਚ ਜਾ ਕੇ ਇਨ੍ਹਾਂ ਦਾ ਮੰਤਰੀ ਇਕ ਰਾਤ ਰਹਿ ਜਾਵੇ ਤਾਂ ਉਸ ਨੂੰ ਪਤਾ ਲਗੇ ਕਿ ਉਨ੍ਹਾਂ ਦੀ ਕੀ ਹਾਲਤ ਹੈ। ਮਿਲ ਮਾਲਕ ਇਨ੍ਹਾਂ ਕੋਲੋਂ ਲਖਾਂ ਰੁਪਏ ਬਿਨਾ ਸੂਦ ਲੈ ਜਾਂਦੇ ਹਨ ਇਹ ਉਨ੍ਹਾਂ ਕੋਲ ਰਹਿ ਕੇ ਐਸ਼ ਕਰਦੇ ਹਨ। ਜਿਨ੍ਹਾਂ ਦੇ ਬਾਰੇ ਇਹ ਏਸਟ ਕਰਦੇ ਹਨ ਅੱਤੇ ਗਰੀਬ ਭਲਾਈ ਦੀਆਂ ਗਲਾਂ ਕਰਦੇ ਹਨ ਉਹ ਗਰੀਬ ਵਿਚਾਰੇ ਉਚੀਆਂ ਕੰਧਾਂ ਕਰਕੇ ਕੈਦਾਂ ਕੱਟ ਰਹੇ ਹਨ।

ਇਨ੍ਹਾਂ ਨੇ ਉਦਯੋਗ ਦੇ ਵਿਕਾਸ ਦੀ ਗਲ ਕੀਤੀ ਹੈ। ਪੰਜਾਬ ਦੇ ਲੋਕਾਂ ਦਾ 750 ਕਰੋੜ ਰੁਪਿਆ ਬੈਂਕਾਂ ਵਿਚ ਇਕੱਠਾ ਹੋਇਆ ਪਿਆ ਹੈ ਪਰ ਉਸ ਵਿਚੋਂ ਸਿਰਫ 350 ਕਰੋੜ ਰੁਪਿਆ ਪੰਜਾਬ ਵਿਚ ਇਸ ਵੇਲੇ ਲਗ ਰਿਹਾ ਹੈ 400 ਕਰੋੜ ਰੁਪਿਆ ਪੰਜਾਬ ਦਾ ਦੂਜੇ ਸੂਬਿਆਂ ਵਿਚ ਜਾ ਕੇ ਲਗਦਾ ਹੈ। ਪਰ ਇਸ ਗਲ ਦਾ ਕੋਈ ਜ਼ਿਕਰ ਇਸ ਬਜਟ ਵਿਚ ਨਹੀਂ ਕੀਤਾ ਗਿਆ ਕਿ ਪੰਜਾਬ ਦਾ ਸਰਮਾਇਆ ਪੰਜਾਬ ਵਿਚ ਲਗੇਗਾ। ਪੰਜਾਬ ਦੇ ਉਦਯੋਗਿਕ ਵਿਕਾਸ ਲਈ ਇਹ ਪੈਸਾ ਲਾਇਆ ਜਾਵੇਗਾ, ਇਹ ਗਲ ਕੋਈ ਨਹੀਂ ਕੀਤੀ ਗਈ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਸੜਕਾਂ ਦੀ ਮੁਰੰਮਤ ਦੀ ਗਲ ਕੀਤੀ ਗਈ ਹੈ। ਇਸ ਸਬੰਧ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਸੜਕਾਂ ਦੀ ਮੁਰੰਮਤ ਕਰਾਵਾਂਗੇ। ਸੜਕਾਂ ਦੀ ਮੁਰੰਮਤ ਪਹਿਲਾਂ ਵੀ ਹੁੰਦੀ ਰਹੀ ਹੈ। ਪਰ ਇਹ ਸਿਰਫ਼ ਕਾਗਜ਼ਾਂ ਵਿਚ ਹੀ ਹੁੰਦੀ ਰਹੀ ਹੈ। ਹੇਠਾਂ ਤੋਂ ਲੈ ਕੇ ਉਪਰ ਤਕ ਹਿੱਸਾ ਚਲਦਾ ਹੈ। ਇਸ ਦੇ ਵਾਸਤੇ ਨਿਗਰਾਨ ਕਮੇਟੀਆਂ ਬਣਾਉਣ ਦੀ ਕੋਈ ਗਲ ਨਹੀਂ ਕੀਤੀ ਗਈ।

ਸਪੀਕਰ ਸਾਹਿਬ, ਸਿਖਿਆ ਦੇ ਬਾਰੇ ਇਹ ਕਹਿੰਦੇ ਹਨ ਕਿ ਅਸੀਂ 50 ਫੀਸਦੀ ਸਕੂਲ ਅਪਗ੍ਰੇਡ ਕਰ ਦੇਣੇ ਹਨ। ਪਰ ਉਨ੍ਹਾਂ ਦਾ ਕਰਾਈਟੇਰੀਆ ਕੀ ਹੋਵੇਗਾ, ਇਸ ਦੇ ਬਾਰੇ ਕੋਈ ਗਲ ਕਰਨ ਨੂੰ ਇਹ ਤਿਆਰ ਨਹੀਂ ? ਸਪੀਕਰ ਸਾਹਿਬ ਮੈਨੂੰ ਆਪ ਪਤਾ ਹੈ। ਕਈ ਅਜਿਹੇ ਪ੍ਰਾਇਮਰੀ ਸਕੂਲ ਹਨ ਜਿਨ੍ਹਾਂ ਵਿਚ 4, 4 ਸੌ ਬੱਚੇ ਪੜ੍ਹਦੇ ਹਨ। ਉਥੇ 8—8, 10—10 ਕਮਰੇ ਵੀ ਪਾਏ ਹਨ। ਪਰ ਉਨ੍ਹਾਂ ਨੂੰ ਅਪਗ੍ਰੇਡ ਨਹੀਂ ਕੀਤਾ ਜਾਣਾ। ਇਸ ਕਿਸਮ ਦਾ ਕੋਈ ਕਰਾਈਟੇਰੀਆ ਬਣਾਉਣ ਨੂੰ ਇਹ ਤਿਆਰ ਨਹੀਂ। ਜਿਥੇ ਇਨ੍ਹਾਂ ਦੀ ਪਾਲਿਟਿਕਸ ਸੂਤ ਬੈਠੇ, ਉਹ ਕਰਨਗੇ। ਲੋਕਾਂ ਦੀ ਕੀਮਤ ਉਤੇ ਇਹ ਸਾਰਾ ਕੁਝ ਕਰਦੇ ਹਨ। ਬਜਟ ਵਿਚ ਇਹ ਵੀ ਕਿਹਾ ਗਿਆ ਹੈ ਕਿ 95 ਫੀਸਦੀ ਗ੍ਰਾਂਟ ਦੇ ਕੇ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦਾ ਡੈਫੀਸਿਟ ਮੀਟ ਵਿਦ ਕਰਾਂਗੇ ਕਿਤੇ ਇਹ ਨਹੀਂ ਕਿਹਾ ਕਿ ਇਹ 95 ਫੀ ਸਦੀ ਡੈਫੀਸਿਟ ਇਨ੍ਹਾਂ ਦੁਕਾਨਦਾਰਾਂ ਨੂੰ ਦੇ ਦੇਣਗੇ ਜਿਨ੍ਹਾਂ ਨੇ ਕਿ ਇਨ੍ਹਾਂ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਪ੍ਰਾਈਵੇਟ ਦੁਕਾਨਾਂ ਬਣਾ ਲਿਆ ਹੈ। ਜਿਹੜੇ ਇਨ੍ਹਾਂ ਸਕੂਲਾਂ ਅਤੇ ਕਾਲਜਾਂ ਵਿਚ ਕਰਮਚਾਰੀ ਕੰਮ ਕਰਦੇ ਹਨ ਉਨ੍ਹਾਂ ਦੀ ਸਿਕਯੂਰਿਟੀ ਵਾਸਤੇ ਕੋਈ ਕਿਸੇ ਕਿਸਮ ਦੀ ਗਰੰਟੀ ਨਹੀਂ ਦਿਤੀ ਗਈ। ਪ੍ਰਾਈਵੇਟ ਕਾਲਜਾਂ ਵਾਲੇ ਫੀਸਾਂ ਵਿਚ ਲੁਟ ਮਚਾ ਰਹੇ ਹਨ। ਸਰਕਾਰੀ ਕਾਗਜ਼ਾਂ ਵਿਚ ਤਾਂ ਇਹ 5 ਰੁਪਏ ਹਨ ਪਰ ਉਥੇ, 6, 7 ਗੁਣਾ ਫੀਸ ਲਈ ਜਾਂਦੀ ਹੈ। ਇਨ੍ਹਾਂ ਗੱਲਾਂ ਵਲ ਇਨ੍ਹਾਂ ਦਾ ਕੋਈ ਧਿਆਨ ਨਹੀਂ ਜਾਂਦਾ। ਇਨ੍ਹਾਂ ਗੱਲਾਂ ਵੱਲ ਧਿਆਨ ਦੇਣ ਦੀ ਬਜਾਏ ਇਹ ਚੁਪ ਚਾਪ ਦੜ੍ਹ ਵੱਟ ਕੇ ਅੱਗੇ ਚਲੇ ਗਏ ਹਨ।

ਸਪੀਕਰ ਸਾਹਿਬ, ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਗੱਲ ਕੀਤੀ ਹੈ। ਇਸ ਸਬੰਧ ਵਿੱਚ ਕਿਤੇ ਵੀ ਇਹ ਗਰੰਟੀ ਨਹੀਂ ਕਰ ਰਹੇ। ਪਿਛਲੀਆਂ ਮਹੀਨਿਆਂ ਵਿਚ ਸਾਰਿਆਂ ਨੇ ਮਹਿਸੂਸ ਕੀਤਾ ਹੋਵੇਗਾ ਕਿ ਉਨ੍ਹਾਂ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਬੂੰਦ ਲਈ ਵੀ ਲੋਕ ਤਰਸਦੇ ਰਹੇ ਹਨ। ਅੱਜ ਦੇਸ਼ ਆਜ਼ਾਦ ਹੋਇਆ ਨੂੰ 32, 33 ਸਾਲ ਹੋ ਗਏ ਹਨ ਪਰ ਉਥੇ ਇਹ ਪੀਣ ਵਾਲਾ ਪਾਣੀ ਵੀ ਸਪਲਾਈ

Original with;
Punjab Vidhan Sabha
Digitized by;
Panjab Digital Library

ਨਹੀਂ ਕਰ ਸਕੇ । ਜਦੋਂ ਵੀ ਗਲ ਕਰੋ ਇਹ (ਅਕਾਲੀ ਬੈਂਚਾਂ ਵੱਲ ਇਸ਼ਾਰਾ ਕਰ ਕੇ) ਇਨ੍ਹਾਂ ਤੇ ਦੋਸ਼ ਮੜਨ ਲੱਗ ਜਾਂਦੇ ਹਨ । ਜਿਤਨਾ ਇਨ੍ਹਾਂ ਦਾ ਦੋਸ਼ ਹੈ ਉਤਨਾ ਹੀ ਉਨ੍ਹਾਂ ਦੇ ਜ਼ੁਮੇਂ ਆਉਣਾ ਚਾਹੀਦਾ ਹੈ। ਬਾਕੀ ਦੇ ਜਿਹੜੇ ਇਤਨੇ ਸਾਲ ਲੰਘੇ ਹਨ, ਜਿਸ ਦਾ ਦੋਸ਼ ਜਿਸ ਸਰਕਾਰ ਨੇ ਬਜਟ ਪੇਸ਼ ਕੀਤਾ ਹੈ, ਉਸ ਦੇ ਜ਼ੁਮੇਂ ਲਗਣਾ ਚਾਹੀਦਾ ਹੈ।

ਸਪੀਕਰ ਸਾਹਿਬ, ਜ਼ਰੂਰੀ ਚੀਜ਼ਾਂ ਦੇ ਵਿਤਰਣ ਦੀ ਗਲ ਕੀਤੀ ਹੈ। ਉਨ੍ਹਾਂ ਦਕਾਨਾਂ ਵਿਚ ਤਾਂ ਇਹ ਚੀਜ਼ਾਂ ਪਹੁੰਚਦੀਆਂ ਹੀ ਨਹੀਂ। ਇਹ ਤਾਂ ਬਲੈਕ ਵਿੱਚ ਹੀ ਵਿੱਕ ਜਾਂਦੀਆਂ ਹਨ । ਉਨ੍ਹਾਂ ਬਲੈਕ ਕਰਨ ਵਾਲਿਆਂ ਵਿਰੁੱਧ ਐਕਸ਼ਨ ਲੈਣ ਦੀ ਕੋਈ ਗਲ ਨਹੀਂ ਕੀਤੀ ਗਈ। ਇਨ੍ਹਾਂ ਤੇ ਕਿਸੇ ਕਿਸਮ ਦੀਆਂ ਨਿਗਰਾਨ ਕਮੇਟੀਆਂ ਨਿਯੁਕਤ ਕਰਨ ਦੀ ਵੀ ਕੋਈ ਗਲ ਨਹੀਂ ਕੀਤੀ ਗਈ। ਇਥੇ ਕਿਹਾ ਗਿਆ ਹੈ ਕਿ ਇਸ ਕੰਮ ਲਈ ਸੰਗਠਨ ਹੋਵੇਗਾ । ਉਹ ਜਾ ਕੇ ਇਸ ਦੀ ਦੇਖ ਰੇਖ ਕਰਨਗੇ । ਸਾਨੂੰ ਸਮਝ ਆ ਗਈ ਹੈ ਕਿ ਡੀਪੂ ਦੇ ਮਾਲਕ ਵੀ ਕਾਂਗਰਸੀ ਹੋਣਗੇ ਅਤੇ ਦੇਖ ਰੇਖ ਲਈ ਵੀ ਬੰਦੇ ਕਾਂਗਰਸੀ ਹੋਣਗੇ। ਇਸ ਦਾ ਮਤਲਬ ਹੈ ਕਿ ਜਿਸ ਤਰ੍ਹਾਂ ਪਹਿਲਾਂ ਲੁਟ ਖਸੁਟ ਹੁੰਦੀ ਸੀ ਉਹ ਜਾਰੀ ਰਹੇਗੀ ਅਤੇ ਲੋਕਾਂ ਨੂੰ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਨਹੀਂ ਮਿਲਣਗੀਆਂ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਇਹ ਅਨੁਸੂਚਿਤ ਜਾਤੀਆਂ ਦੀਆਂ ਗੱਲਾਂ ਕਰਦੇ ਹਨ। ਪਹਿਲਾਂ ਉਨ੍ਹਾਂ ਦੀਆਂ ਵੋਟਾਂ ਲੈਣ ਲਈ ਇਹ ਕਹਿੰਦੇ ਸਨ ਕਿ ਅਸੀਂ ਤੁਹਾਨੂੰ ਜ਼ਮੀਨਾਂ ਦੇਵਾਂਗੇ । ਫਿਰ ਕਿਹਾ ਗਿਆ ਕਿ ਤੁਹਾਨੂੰ ਪਲਾਟ ਦੇਵਾਂਗੇ । ਅੰਤਕੀ ਉਨ੍ਹਾਂ ਨੂੰ ਟੋਇਆਂ ਵਿਚ ਲੈ ਗਏ ਹਨ । ਕਿਤਨੇ ਰੁਪਏ ਇਸ ਲਈ ਰੱਖੇ ਗਏ ਹਨ ? ਸਿਰਫ 25 ਲੱਖ ਰੁਪਿਆ। ਸੱਚਮੁਚ ਹੀ ਉਨ੍ਹਾਂ ਨੂੰ ਟੋਇਆਂ ਵਿਚ ਲੈ ਜਾਣ ਵਾਲੀ ਗੱਲ ਹੈ। ਲੇਕਿਨ ਹੁਣ ਹਰੀਜਨ ਆਰਗੇਨਾਈਜ਼ ਹੋਣਗੇ। ਇਸ ਬਜਟ ਨੇ ਉਨ੍ਹਾਂ ਦੀਆਂ ਆਸਾਂ ਤੇ ਪੋਚਾ ਫੇਰ ਦਿੱਤਾ ਹੈ । ਇਨ੍ਹਾਂ ਚੀਜ਼ਾਂ ਲਈ ਉਹ 33 ਸਾਲ ਤਕਦੇ ਰਹੇ ਹਨ । ਇਥੇ ਹਰੀਜਨਾਂ ਦੀ ਭਲਾਈ ਵਾਸਤੇ ਬੜੀਆਂ ਗੱਲਾਂ ਕੀਤੀਆਂ ਗਈਆਂ। ਕਈ ਸਾਲ ਪਹਿਲਾਂ ਕਾਮਰੇਡ ਸੱਤ ਪਾਲ ਡਾਂਗ ਹੋਰਾਂ ਦੇ ਲਿਖਤੀ ਸਟਾਰਡ ਕੁਐਸਚਨ ਦਾ ਜਵਾਬ ਇਥੇ ਦਿਤਾ ਗਿਆ ਕਿ ਖੇਤ ਮਜ਼ਦੂਰਾਂ ਦੇ ਹਿਤਾਂ ਨੂੰ ਪ੍ਰੋਟੈਕਟ ਕਰਨ ਵਾਸਤੇ ਐਗਰੀਕਲਚਰਲ ਲੇਬਰ ਅਫ਼ਸਰ ਨਿਯੁਕਤ ਕੀਤੇ ਜਾਣਗੇ। ਪਰ ਅਜੇ ਤਕ ਉਹ ਨਿਯੁਕਤ ਨਹੀਂ ਕੀਤੇ ਗਏ । ਉਸ ਦੀ ਇਸ ਬਜਟ ਵਿਚ ਗੱਲ ਵੀ ਨਹੀਂ ਕੀਤੀ ਗਈ। ਅੱਜ ਤਕ ਵੀ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਵਾਸਤੇ ਕੋਈ ਗੱਲ ਕਰਨ ਲਈ ਇਹ ਤਿਆਰ ਨਹੀਂ । ਇਸ ਤਰ੍ਹਾਂ ਸਪੀਕਰ ਸਾਹਿਬ, ਇਹ ਕਹੀਆਂ ਹੋਈਆਂ ਗੱਲਾਂ ਤੋਂ ਵੀ ਮੁਕਰ ਜਾਂਦੇ ਹਨ ।

ਸਪੀਕਰ ਸਾਹਿਬ, ਮੁਲਾਜ਼ਮਾਂ ਦੀ ਗੱਲ ਕੀਤੀ ਗਈ ਹੈ। ਇਨ੍ਹਾਂ ਮੁਲਾਜ਼ਮਾਂ ਨੂੰ ਇਸ ਸਰਕਾਰ ਤੋਂ ਸਬਕ ਸਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਰੇ ਮਲਾਜ਼ਮਾਂ ਨੂੰ ਬੋਨਸ ਦੇ ਦਿਤਾ ਹੈ ਲੇਕਿਨ ਇਸ ਬਜਟ ਵਿਚ ਇਸ ਸਟੇਟ ਦੇ ਮੁਲਾਜ਼ਮਾਂ ਨੂੰ ਬੋਨਸ ਦੇਣ ਵਾਸਤੇ ਕਿਤੇ ਕੋਈ ਗੱਲ ਨਹੀਂ । ਅੰਡਰ-ਟਾਕ ਮੁਲਾਜ਼ਮ ਉਸੇ ਤਰ੍ਹਾਂ ਹਨ । ਉਨ੍ਹਾਂ ਦੀਆਂ ਸਰਵਿਸਿਜ਼ ਪੱਕੀਆਂ ਕਰਨ ਦੀ ਕਿਤੇ ਕੋਈ ਗਲ ਨਹੀਂ ਕੀਤੀ ਗਈ । ਲੇਕਿਨ ਇਥੇ ਇਸ ਸਰਕਾਰ ਦੀਆਂ ਬੜੀਆਂ ਸਿਫਤਾਂ ਕੀਤੀਆਂ ਜਾ ਰਹੀਆਂ ਹਨ। ਸਾਨੂੰ ਇਹ ਸਮਝ ਨਹੀਂ ਆਉਂਦੀ ਕਿਉਂਕਿ ਫੋਕੀ ਸਿਫਤ ਕਰਨ ਲਈ ਵੀ ਬੜੀ ਹਿੰਮਤ ਦੀ ਲੋੜ ਹੈ, ਇਸ ਲਈ ਵੀ ਬੜਾ ਭਾਰੀ ਜੀਅ ਚਾਹੀਦਾ ਹੈ।

ਸਪੀਕਰ ਸਾਹਿਬ, ਵਿਦਿਆਰਥੀਆਂ ਨੂੰ ਹੋਸਟਲਾਂ ਵਿਚ ਘੱਟ ਕੀਮਤਾਂ ਉਤੇ ਖੁਰਾਕ ਦੇਣ ਵਾਸਤੇ ਕੋਈ ਗੱਲ ਨਹੀਂ ਕੀਤੀ ਗਈ । ਫਿਰ, ਚੌਕੀਦਾਰਾਂ ਬਾਰੇ ਗੱਲ ਕੀਤੀ ਗਈ ਹੈ। ਇਹ ਠੀਕ ਹੈ ਕਿ ਕੋਠੀਆਂ ਗੋਲੀਆਂ ਲੰਘਾਉਣ ਵਾਸਤੇ ਬਾਹਰਲੇ ਪਾਸੇ ਮਿੱਠਾ ਲਾਉਣਾ ਜ਼ਰੂਰੀ ਹੈ । ਸੌ ਰੁਪਿਆ ਤਨਖਾਹ ਕਰ ਦਿਤੀ ਹੈ । ਕੀ ਕੋਈ ਐਮ. ਐਲ. ਏ. 100 ਰੁਪਏ ਤਾਂ ਕੀ, 300 ਰੁਪਏ ਵਿੱਚ ਵੀ ਆਪਣਾ ਗੁਜ਼ਾਰਾ ਕਰ ਸਕਦਾ ਹੈ । ਇੱਕ ਪਾਸੇ ਇਹ ਕਹਿੰਦੇ ਹਨ ਕਿ ਅਸੀਂ ਘੱਟ ਤੋਂ ਘਟ ਉਜਰਤ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਲਵੰਤ ਸਿੰਘ]

ਪੰਜਾਬ ਵਿਚ 252 ਰੁਪਏ ਕਰ ਦਿੱਤੀ ਹੈ ਅਤੇ ਦੂਜੇ ਪਾਸੇ ਚੌਕੀਦਾਰ ਨੂੰ ਇਹ 100 ਰੁਪਏ ਦੇ ਰਹੇ ਹਨ। ਉਨ੍ਹਾਂ ਦੀ ਤਨਖਾਹ ਵੀ ਘੱਟੋ ਘੱਟ 252 ਰੁਪਏ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਚੌਥੇ ਦਰਜੇ ਦਾ ਮੁਲਾਜ਼ਮ ਮੰਨਿਆ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਬੱਸਾਂ ਦੇ ਕਰਾਏ ਵਧਾਉਣ ਵਾਸਤੇ ਇਨ੍ਹਾਂ ਨੇ ਇਹ ਇਕ ਪਲੀਆ ਲਿਆ ਹੈ ਕਿ ਬੱਸਾਂ ਨੂੰ ਘਾਟਾ ਪੈ ਰਿਹਾ ਹੈ। ਇਹ ਨਹੀਂ ਦੱਸਿਆ ਕਿ ਬੱਸਾਂ ਦੇ ਕੰਮ ਕਾਜ ਵਿਚ ਮਿਸ-ਮੈਨੇਜਮੈਂਟ ਹੋ ਰਹੀ ਹੈ। ਜਿਸ ਦੇ ਕੋਲ 50 ਕਿਲੋ ਮੀਟਰ ਦਾ ਰੂਟ ਹੈ ਉਹ ਵੀ ਆਪਣਾ ਗੁਜ਼ਾਰਾ ਕਰਦੇ ਹਨ। ਇਨ੍ਹਾਂ ਕੋਲ 1000 1000, 1500 1500 ਕਿਲੋ ਕਿਲੋ ਮੀਟਰ ਦੇ ਰੂਟ ਹਨ। ਫਿਰ ਵੀ ਇਨ੍ਹਾਂ ਦੀਆਂ ਬੱਸਾਂ ਅਗਰ ਘਾਟੇ ਵਿਚ ਜਾਣ ਤਾਂ ਇਸ ਦਾ ਕਾਰਨ ਇਨ੍ਹਾਂ ਦੀ ਆਪਣੀ ਮਿਸਮੈਨੇਜਮੈਂਟ ਅਤੇ ਇਨਕੈਪੇਬਿਲਟੀ ਹੈ। ਇਹ ਇਨ੍ਹਾਂ ਦੀ ਰਾਜ ਪ੍ਰਬੰਧ ਨੂੰ ਚਲਾਉਣ ਦੀ ਅਸਮਰਥਾ ਜ਼ਾਹਿਰ ਕਰਦੀ ਹੈ ਲੇਕਿਨ ਇਸ ਦੀ ਜ਼ਿਮੇਵਾਰੀ ਲੈਣ ਨੂੰ ਇਹ ਤਿਆਰ ਨਹੀਂ। ਜੇ ਕੋਈ ਜ਼ਿਮੇਵਾਰੀ, ਸਪੀਕਰ ਸਾਹਿਬ, ਇਨ੍ਹਾਂ ਨੂੰ ਦੇਂਦੇ ਹਾਂ ਤਾਂ ਇਹ ਨੀਲੀਆਂ ਪੱਗਾਂ ਵਾਲਿਆਂ ਵਲ ਹੱਥ ਕਰ ਦਿੰਦੇ ਹਨ। ਗੌਰਮਿੰਟ ਬੱਸਾਂ ਨੂੰ ਠੀਕ ਚਲਾਵੇ, ਇਸ ਦੀ ਜ਼ਿਮੇਵਾਰੀ ਇਨ੍ਹਾਂ ਤੇ ਹੀ ਹੈ।

ਸਪੀਕਰ ਸਾਹਿਬ, ਇਹ ਆਬਿਆਨੇ ਦੀ ਦਰ ਅਤੇ ਬਿਜਲੀ ਦੇ ਰੇਟ ਵਧਾਉਣ ਲਈ ਸੋਚ ਰਹੇ ਹਨ। ਸੇਲਜ਼ ਟੈਕਸ ਵਿਚ ਵਾਧਾ ਇਨ੍ਹਾਂ ਪਹਿਲਾਂ ਹੀ ਕਰ ਦਿਤਾ ਹੈ। ਇਹ ਮੁੜ ਕੇ ਜਾ ਕੇ ਖਪਤਕਾਰ ਨੂੰ ਹੀ ਦੇਣਾ ਪਵੇਗਾ। ਕਿਸੇ ਸਰਮਾਏਦਾਰ ਨੂੰ ਨਹੀਂ ਦੇਣਾ ਪੈਣਾ। ਇਸ ਦਾ ਸਾਰਾ ਬੋਝ ਉਨ੍ਹਾਂ ਖਪਤਕਾਰਾਂ ਦੇ ਸਿਰ ਹੀ ਪੈਣਾ ਹੈ ਜਿਨ੍ਹਾਂ ਨੂੰ ਗੁਮਰਾਹ ਕਰਕੇ ਇਹ ਇਥੇ ਆਏ ਹਨ। ਇਧਰ ਵਾਲਿਆਂ ਨੇ (ਆਪੋਜੀਸ਼ਨ ਵਲ ਇਸ਼ਾਰਾ ਕਰਕੇ) ਤਾਂ ਕੁਰਤਣਾ ਹੀ ਹੈ। ਬਿਜਲੀ ਦਾ ਰੇਟ ਵਧਾਉਣ ਨਾਲ ਪੈਦਾਵਾਰ ਦੀ ਲਾਗਤ ਵੀ ਵਧੇਗੀ। ਜਦੋਂ ਪੈਦਾਵਾਰ ਦੀਆਂ ਕੀਮਤਾਂ ਮਿਥਣ ਤਾਂ ਉਸ ਵੇਲੇ ਇਸ ਬਾਰੇ ਵੀ ਸੋਚ ਲੈਣ। ਜਿਹੜਾ ਆਬਿਆਨਾ, ਬਿਜਲੀ ਦਾ ਰੇਟ ਅਤੇ ਸੇਲਜ਼ ਟੈਕਸ ਵਧਾਉਣਾ ਹੈ, ਇਸਦਾ ਬੋਝ ਮਜ਼ਦੂਰਾਂ ਤੇ ਹੀ ਪੈਣਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਨਾਲ ਤੁਸੀਂ ਮਜ਼ਦੂਰਾਂ ਨੂੰ ਗੁਮਰਾਹ ਕਰਨ ਵਿਚ ਬਹੁਤੀ ਦੇਰ ਕਾਮਯਾਬ ਨਹੀਂ ਹੋ ਸਕਦੇ। ਮਜ਼ਦੂਰਾਂ ਦੀ ਤਨਖਾਹ ਕਾਰਖਾਨਿਆਂ ਵਿਚ 252 ਰੁਪਏ ਕਰਨ ਦੀ ਗੱਲ ਕੀਤੀ ਗਈ ਹੈ। ਲੇਕਿਨ ਪੰਜਾਬ ਦੇ ਅੰਦਰ 25% ਐਸੀਆਂ ਫੈਕਟਰੀਆਂ ਹਨ ਜਿਨ੍ਹਾਂ ਤੇ ਫੈਕਟਰੀ ਐਕਟ ਲਾਗੂ ਹੀ ਨਹੀਂ। ਜਿਹੜੇ ਕਾਨੂੰਨ ਤੁਹਾਡੀਆਂ ਹੀ ਸਰਕਾਰਾਂ ਨੇ ਬਣਾਏ ਹਨ, ਉਨ੍ਹਾਂ ਤੇ ਇਹ ਲਾਗੂ ਨਹੀਂ ਹਨ। ਅੱਜ ਕੀ ਹੁੰਦਾ ਹੈ? ਜੇਕਰ ਮਜ਼ਦੂਰ ਨਿੱਕੀ ਜਿਹੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਗੋਲੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਇਨ੍ਹਾਂ ਨੂੰ ਇਥੇ ਕੋਈ ਗੱਲ ਦਸਦੇ ਹਾਂ ਤਾਂ ਇਹ ਸੁਣਨ ਵਾਸਤੇ ਤਿਆਰ ਨਹੀਂ। ਬਲਕਿ ਇਹ ਕਿਹਾ ਜਾਂਦਾ ਹੈ ਕਿ ਅਸੀਂ ਮਜਦੂਰਾਂ ਦੀਆਂ ਵੇਜਿਜ਼ 252 ਰੁਪਏ ਮਹੀਨਾ ਮੁਕੱਰਰ ਕਰ ਰਹੇ ਹਾਂ ਅਤੇ ਇਸ ਨਾਲ ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ਜਕਰ ਤੁਸੀਂ ਕੁੱਝ ਸੋਚਣਾ ਹੀ ਚਾਹੁੰਦੇ ਹੋ ਤਾਂ ਲਾਜ਼ਮੀ ਤੌਰ ਤੇ ਉਨ੍ਹਾਂ ਸਾਰੇ ਕ੍ਰਿਰਤੀਆਂ ਬਾਰੇ ਸੋਚੋ, ਜਿਹੜੇ ਉਨ੍ਹਾਂ ਦੀਆਂ ਜਾਨਾਂ ਨਾਲ ਖੇਡਦੇ ਹਨ ਉਨ੍ਹਾਂ ਨੂੰ ਰੋਕੋ। ਸ਼ਹਿਰਾਂ ਵਿਚ ਰਹਿਣ ਵਾਲਿਆਂ ਵਰਕਰਾਂ ਦੀਆਂ ਕਲੌਨੀਆਂ ਵਾਸਤੇ ਇਸ ਬਜਟ ਵਿਚ ਕੋਈ ਵਿਵਸਥਾ ਨਹੀਂ। ਬੜੀ ਥੋੜੀ ਜਿਹੀ ਰਕਮ ਇਸ ਵਾਸਤੇ ਰੱਖੀ ਗਈ ਹੈ। ਇਹ 1 ਰੁਪਿਆ ਪ੍ਰਤੀ ਵਰਕਰ ਦੇ ਹਿਸਾਬ ਨਾਲ ਵੀ ਨਹੀਂ ਬਣਦਾ। ਬੜੀ ਥੋੜੀ ਰਕਮ ਰੱਖ ਕੇ ਕਹਿੰਦੇ ਹਨ ਕਿ 100, 100 ਗਜ਼ ਦੇ ਪਲਾਟ ਲੈ ਕੇ ਦਿੱਤੇ ਜਾਣਗੇ ਜਿਨ੍ਹਾਂ ਉਤੇ ਮਕਾਨ ਉਸਰ ਜਾਣਗੇ। ਮੈਂ ਕਹਿੰਦਾ ਹਾਂ ਕਿ ਉਸ ਪੈਸੇ ਦੇ ਨਾਲ ਮਕਾਨ ਨਹੀਂ ਉਸਾਰੇ ਜਾ ਸਕਦੇ। ਅੱਜ ਨਾ ਹੀ ਲੋਕਾਂ ਨੂੰ ਇਹ ਪੈਸੇ ਮਿਲਣੇ ਹਨ। ਇਹ ਰਕਮ ਵੀ ਕਾਗਜਾਂ ਵਿਚ ਹੀ ਰਹਿ ਜਾਵੇਗੀ ਅੱਤ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਗਰੀਬ ਆਦਮੀਆਂ ਪਾਸ ਜਿਨ੍ਹਾਂ ਪਾਸ ਕੋਈ ਪੈਸਾ ਨਹੀਂ ਹੈ, ਉਹ ਉਸੇ ਤਰ੍ਹਾਂ ਹੀ ਦੁਖੀ ਹੁੰਦੇ ਰਹਿਣਗੇ। ਫਿਰ ਕਿਹਾ ਗਿਆ ਹੈ ਕਿ ਬੇਰੋਜ਼ਗਾਰ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਦਿਤਾ ਹੈ। ਠੀਕ ਹੈ ਇਸ ਵਿਚ ਪੀਰੀਅਡ ਥੋੜ੍ਹਾ ਕਰ ਦਿਤਾ ਹੈ, ਤਿੰਨ ਸਾਲ ਕਰ ਦਿੱਤੇ ਹਨ ਪੰਜਾਂ ਸਾਲਾਂ ਤੋਂ ਪਰ ਇਹ ਤਿੰਨ ਸਾਲਾਂ ਦੀ ਗੱਲ ਕਰਨ ਨਾਲ ਕੋਈ ਇਹ ਮਾਮਲਾ ਹੱਲ ਨਹੀਂ ਹੁੰਦਾ। ਸਾਡੇ ਲੱਖਾਂ ਹੀ ਨੌਜਵਾਨ ਹਨ ਜਿਹੜੇ ਕਿ ਬੇਰੁਜ਼ਗਾਰ ਹਨ ਅੋਰ ਜਿਨ੍ਹਾਂ ਨੇ ਆਪਣੇ ਨਾਉਂ ਦਰਜ ਨਹੀਂ ਕਰਵਾਏ। ਨਾਉਂ ਇਸ ਕਰਕੇ ਦਰਜ ਨਹੀਂ ਕਰਵਾਏ ਕਿਉਂਕਿ ਇਨ੍ਹਾਂ ਨੇ ਕਈ ਲਕੂਨੇ ਰੱਖੇ ਹੋਏ ਹਨ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਸ ਪ੍ਰੋਸੀਜਰ ਵਿਚ ਜਿਹੜੇ ਵੀ ਲਕੂਨੇ ਹਨ ਉਨ੍ਹਾਂ ਨੂੰ ਹਟਾ ਦੇਣਾ ਚਾਹੀਦਾ ਹੈ ਅੋਰ ਸਾਰਿਆਂ ਨੂੰ ਹੀ ਇਹ ਭੱਤਾ ਦਿਤਾ ਜਾਣਾ ਚਾਹੀਦਾ ਹੈ। ਜਿਹੜੇ ਹੱਥ ਕੰਮ ਲੈਣ ਨੂੰ ਤਰਸਦੇ ਹਨ ਉਨ੍ਹਾਂ ਹੱਥਾਂ ਲਈ ਕੰਮ ਸਰਕਾਰ ਨੂੰ ਦੇਣਾ ਚਾਹੀਦਾ ਹੈ।

ਫਿਰ ਪੰਚਾਇਤਾਂ ਬਾਰੇ ਕਿਹਾ ਗਿਆ ਹੈ ਕਿ 10 ਹਜਾਰ ਰੁਪਿਆ ਉਨ੍ਹਾਂ ਪੰਚਾਇਤਾਂ ਨੂੰ ਦਿੱਤਾ ਜਾਵੇਗਾ ਜਿਹੜੀਆਂ ਕਿ ਕੰਮ ਚੰਗਾ ਕਰਨਗੀਆਂ। ਪਰ ਇਸ ਤਰ੍ਹਾਂ ਚੰਗੇ ਕੰਮ ਦਾ ਕਵਾਈਟੇਰੀਆ ਕੀ ਹੋਵੇਗਾ ? ਕਾਰਵੀਟੇਰੀਆ ਇਹ ਹੋਵੇਗਾ ਕਿ ਜਿਹੜੇ ਇਨ੍ਹਾਂ ਦੇ ਸਪੋਟਰ ਹੋਣਗੇ, ਜਿਨ੍ਹਾਂ ਨੂੰ ਇਹ ਚਾਹੁਣਗੇ ਉਨ੍ਹਾਂ ਨੂੰ ਇਹ ਮੱਦਦ ਦੇਣਗੇ। ਸਰਪੰਚਾਂ ਨੂੰ ਰੀਕਾਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਇਨ੍ਹਾਂ ਨੇ ਉਨ੍ਹਾਂ ਵਿਚੋਂ ਸਰਪੰਚ ਛਾਂਟ ਲੈਣੇ ਹਨ ਜਿਨ੍ਹਾਂ ਨੂੰ ਕਿ ਦਸ ਦਸ ਹਜਾਰ ਰੁਪਏ ਦੇ ਕੇ ਇਹ ਆਪਣੇ ਪਰਮਾਨੈਂਟ ਵੋਟਰ ਬਣਾਉਣਗੇ। ਇਸ ਲਈ ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਚਾਇਤਾਂ ਨੂੰ ਪਾਵਰ ਡੀਸੈਂਟਰੇਲਾਈਜ਼ ਕਰੇ। ਇਸ ਤਰ੍ਹਾਂ ਨਾਲ, ਦਸ ਦਸ ਹਜ਼ਾਰ ਰੁਪਿਆ ਕਿਸੇ ਪੰਚਾਇਤ ਨੂੰ ਦੇ ਕੇ ਇਹ ਮਸਲਾ ਹੱਲ ਨਹੀਂ ਹੋਣਾ।

ਇਸ ਤਰ੍ਹਾਂ ਹੀ ਇਸ ਬਜਟ ਵਿਚ ਡੀਜ਼ਲ ਦੀ ਪ੍ਰਾਬਲਮ ਬਾਰੇ ਜਾਂ ਹੋਰ ਬਾਕੀ ਦੀਆਂ ਜੋ ਜੋ ਚੀਜ਼ਾਂ ਹਨ ਉਨ੍ਹਾਂ ਬਾਰੇ ਸੰਜੀਦਗੀ ਨਾਲ ਨਹੀਂ ਸੋਚਿਆ ਗਿਆ ਅੋਰ ਨਾ ਹੀ ਕੋਈ ਨਿਗਰਾਨ ਕਮੇਟੀਆਂ ਬਨਾਉਣ ਬਾਰੇ ਚੀਜ਼ ਕਹੀ ਗਈ ਹੈ। ਇਸ ਲਈ ਇਹ ਬਜਟ ਸਾਰੇ ਦਾ ਸਾਰਾ ਹੀ ਥੋਥਾ ਹੈ, ਲੋਕ-ਵਿਰੋਧੀ ਹੈ ਅਤੇ ਟੈਕਸਾਂ ਦਾ ਭਾਰ ਲੋਕਾਂ ਉਤੇ ਹੋਰ ਬਣਿਆ ਹੈ। ਇਹ ਬਜਟ ਟੈਕਸ ਹੋਰ ਲਗਾਉਣ ਲਈ ਇਸ਼ਾਰਾ ਦਿੰਦਾ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਧਰਤੀ ਉਤੇ ਇਤਨਾ ਮਾੜਾ ਬਜਟ ਪਹਿਲਾਂ ਕਦੇ ਪੇਸ਼ ਨਹੀਂ ਹੋਇਆ ਜਿਤਨਾ ਕਿ ਇਹ ਹੋਇਆ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਬਜਟ ਪਾਸ ਨਹੀਂ ਹੋਣਾ ਚਾਹੀਦਾ। (ਥੰਪਿੰਗ)

ਵੇਦ ਕਰਤਾਰ ਸਿੰਘ (ਮਾਹਲਪੁਰ ਅੇਸ. ਸੀ.) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਜੋ ਆਪ ਜੀ ਨੇ ਮੈਨੂੰ ਬਜਟ ਤੇ ਕੁਝ ਕਹਿਣ ਵਾਸਤੇ ਸਮਾਂ ਦਿਤਾ ਹੈ। ਸਪੀਕਰ ਸਾਹਿਬ, ਜੋ ਬਜਟ ਪੇਸ਼ ਹੋਇਆ ਹੈ, ਮੈਂ ਸਮਝਦਾ ਹਾਂ ਕਿ ਇਸ ਬਾਰੇ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਜੋ ਆਪਣੇ ਖਿਆਲਾਤ ਪ੍ਰਗਟ ਕੀਤੇ ਹਨ, ਉਸ ਤੋਂ ਬਾਅਦ ਹੋਰ ਕੋਈ ਅੈਸੀ ਗੱਲ ਨਹੀਂ ਰਹਿ ਜਾਂਦੀ ਜਿਹੜੀ ਕਿ ਕਹੀ ਜਾ ਸਕੇ। (ਥੰਪਿੰਗ) ਉਨ੍ਹਾਂ ਨੇ ਇਕੱਲੀ ਇਕੱਲੀ ਆਈਟਮ ਉਤੇ ਵਿਸਥਾਰ ਨਾਲ ਵਿਚਾਰ ਪੇਸ਼ ਕੀਤੇ ਹਨ ਅੋਰ ਉਨ੍ਹਾਂ ਨੇ ਇਸ ਬਜਟ ਨੂੰ ਲੋਕ-ਮਾਰੂ ਬਜਟ ਕਰਾਰ ਦਿਤਾ ਹੈ। ਪਰ ਯਸ਼ ਜੀ ਨੇ ਕਈ ਗੱਲਾਂ ਅੈਸੀਆਂ ਕਹੀਆਂ ਹਨ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੇ ਦਿਲ ਦੀ ਭੜਾਸ ਹੀ ਕੱਢੀ ਹੈ, ਹੋਰ ਕੁਝ ਨਹੀਂ ਕਿਹਾ ਜਿਸ ਤੋਂ ਸਮਝਿਆ ਜਾਂਦਾ ਹੈ ਕਿ ਇਹ ਇਨ੍ਹਾਂ ਦਾ ਚੁਕਵਾਂ ਜਵਾਬ ਹੈ। ਇਹ ਵੀ ਗੱਲ ਸਰਦਾਰ ਬਲਵੰਤ ਸਿੰਘ ਜੀ ਹੋਰਾਂ ਨੇ ਵਿਸਥਾਰ ਨਾਲ ਦੱਸ ਦਿਤੀ ਕਿ ਸਾਡੀ ਮੰਗ ਕੀ ਹੈ। ਉਨ੍ਹਾਂ ਨੇ ਇਸ ਗੱਲ ਤੋਂ ਪੂਰੀ ਤਰ੍ਹਾਂ ਨਾਲ ਜਾਣੂੰ ਕਰਵਾ ਦਿਤਾ ਹੈ ਕਿ ਅਸੀਂ ਕਿਸ ਕਿਸਮ ਦੇ ਅਧਿਕਾਰ ਮੰਗਦੇ ਹਾਂ। ਲੇਕਿਨ

Original with;
Punjab Vidhan Sabha
Digitized by;
Panjab Digital Library

[ਵੈਦ ਕਰਤਾਰ ਸਿੰਘ]

ਮੇਰੇ ਮਾਨਯੋਗ ਮੈਂਬਰ ਸਾਹਿਬ (ਮਾਨਯੋਗ ਸ਼੍ਰੀ ਯਸ਼ ਜੀ ਵੱਲ ਇਸ਼ਾਰਾ) ਮੁੜ ਘਿੜ ਕੇ ਇਸ ਮੰਗ ਨੂੰ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਜੋੜ ਕੇ ਸਾਨੂੰ ਫਿਰਕਾਪ੍ਰਸਤ ਕਹਿ ਰਹੇ ਸਨ। ਇਹ ਕਿਹਾ ਗਿਆ ਕਿ ਅਸੀਂ ਫਿਰਕਾਪ੍ਰਸਤੀ ਨਾਲ ਸੋਚਦੇ ਹਾਂ। ਮੈਂ ਕਹਿੰਦਾ ਹਾਂ ਕਿ ਜਿਹੜੀ ਚੰਗੀ ਗੱਲ ਹੋਵੇ, ਜਿਸ ਨੂੰ ਦੁਨੀਆਂ ਮੰਨਦੀ ਹੋਵੇ, ਉਹ ਮੰਨ ਲੈਣੀ ਚਾਹੀਦੀ ਹੈ। (ਵਿਘਨ) ਪਤਾ ਨਹੀਂ ਜਾਂ ਤਾਂ ਇਨ੍ਹਾਂ ਦੇ ਕੰਨ ਸੁਣਨ ਯੋਗ ਨਹੀਂ ਜਾਂ ਘੁਮਾਰ ਦੇ ਪੁੱਤ ਵਾਲੀ ਗੱਲ ਕਹਿੰਦੇ ਹਨ। ਇਸ ਵਿਚ ਫਿਰਕਾਪ੍ਰਸਤੀ ਦੀ ਕੋਈ ਗੱਲ ਨਹੀਂ ਹੈ। ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਅਗਰ ਇਹ ਸਿੱਖ ਕੌਮ ਹਿੰਦੁਸਤਾਨ ਵਿਚ ਪੈਦਾ ਨਾ ਹੁੰਦੀ ਤਾਂ ਤੁਸੀਂ ਅੱਜ ਆਜ਼ਾਦ ਨਾ ਹੁੰਦੇ ਇਹ ਸਿੱਖਾਂ ਦੀ ਮਿਹਰਬਾਨੀ ਦਾ ਸਦਕਾ ਹੈ ਕਿ ਤੁਸੀਂ ਅਜ਼ਾਦ ਹੋ ਗਏ ਹੋ। ਹਿੰਦੁਸਤਾਨ ਦੀ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਕਿੱਡੀਆਂ ਵੱਡੀਆਂ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਹਨ। ਉਸ ਲਈ ਇਤਿਹਾਸ ਗਵਾਹ ਹੈ। ਸਪੀਕਰ ਸਾਹਿਬ, ਜਦੋਂ ਆਜ਼ਾਦੀ ਦੀ ਲੜਾਈ ਲੜੀ ਜਾ ਰਹੀ ਸੀ ਤਾਂ ਸਿੱਖ ਸਭ ਤੋਂ ਮੋਹਰੇ ਹੋ ਕੇ ਕੁਰਬਾਨੀਆਂ ਦਿੰਦੇ ਸਨ। ਜਦੋਂ ਸਿੱਖਾਂ ਨੂੰ ਸਜ਼ਾ ਦਿਤੀ ਜਾਂਦੀ ਸੀ ਤਾਂ ਸਿੱਖ ਹੱਸ ਹੱਸ ਕੇ ਸਜ਼ਾ ਭੁਗਤਦੇ ਸਨ, ਕੁਰਬਾਨੀਆਂ ਦਿੰਦੇ ਸਨ। ਲੇਕਿਨ ਇਹ ਇਕ ਸਚਾਈ ਹੈ ਕਿ ਇਕ ਵਾਰੀ ਸਿੱਖਾਂ ਨੂੰ ਕੇਸਾਂ ਤੋਂ ਲਟਕਾਇਆ ਹੋਇਆ ਸੀ ਲੇਕਿਨ ਜਦੋਂ ਸਿਖਾਂ ਨੂੰ ਕੇਸਾਂ ਤੋਂ ਫੜ ਕੇ ਲਟਕਾਇਆ ਹੋਇਆ ਸੀ ** ** **

... ... (ਵਿਘਨ)

ਸ਼੍ਰੀ ਸਪੀਕਰ: ਇਹ ਲਫਜ਼ ਤੁਸੀਂ ਜਿਹੜੇ ਨਹਿਰੂ ਜੀ ਬਾਰੇ ਕਹੇ ਹਨ ਵਾਪਿਸ ਲੈ ਲਵੋ।

ਵੈਦ ਕਰਤਾਰ ਸਿੰਘ: ** ** **

ਸ਼੍ਰੀ ਸਪੀਕਰ: ਮੈਂ ਇਹ ਲਫਜ਼ ਐਕਸਪੰਜ ਕਰਦਾ ਹਾਂ। ਨਹਿਰੂ ਜੀ ਬਾਰੇ ਕੋਈ ਇਸ ਤਰ੍ਹਾਂ ਦੀ ਚੀਜ਼ ਰਿਕਾਰਡ ਤੇ ਨਹੀਂ ਆ ਸਕਦੀ।

ਵੈਦ ਕਰਤਾਰ ਸਿੰਘ: ** ** **

ਸ਼੍ਰੀ ਸਪੀਕਰ: ਮੈਂ ਇਸ ਨੂੰ ਐਕਸਪੰਜ ਕਰਦਾ ਹਾਂ। (ਵਿਘਨ) ਤੁਸੀਂ ਹੋਰ ਕੋਈ ਗੱਲ ਦੱਸੋ।

ਵੈਦ ਕਰਤਾਰ ਸਿੰਘ: ਠੀਕ ਹੈ ਜੀ ਤੁਸੀਂ ਐਕਸਪੰਜ ਕਰ ਦਿਓ, ਅਸੀਂ ਫਿਰ ਲੋੜ ਹੋਈ ਤਾਂ ਕਹਿ ਲਵਾਂਗੇ। ਦੂਸਰੀ ਗੱਲ ਇਹ ਹੈ, ਸਪੀਕਰ ਸਾਹਿਬ, ਕਿ ਸਾਡੇ ਹਾਊਸ ਵਿਚ ਕਈ ਗੱਲਾਂ ਹਾਊਸ ਨੂੰ ਗੁਮਰਾਹ ਕਰਨ ਵਾਲੀਆਂ ਕੀਤੀਆਂ ਗਈਆਂ ਹਨ। ਕਈ ਕਿਸਮ ਦੀਆਂ ਗੱਲਾਂ ਐਵੇਂ ਨਾਲ ਜੋੜ ਦਿੱਤੀਆਂ ਜਾਂਦੀਆਂ ਹਨ ਅੰਰ ਇਹ ਸਿੱਧ ਕਰਨ ਦਾ ਯਤਨ ਕੀਤਾ ਜਾਂਦਾ ਹੈ ਕਿ ਜੋ ਵੀ ਕੰਮ ਅਕਾਲੀ ਸਰਕਾਰ ਨੇ ਕੀਤਾ ਹੈ ਗਲਤ ਕੀਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਮਿਸਾਲ ਦੱਸਦਾ ਹਾਂ ਕਿ ਇਹ ਸਰਕਾਰੀ ਬੈਂਚਾਂ ਵਾਲੇ ਵੀਰ ਕਿਸ ਤਰ੍ਹਾਂ ਹਰ ਗੱਲ ਦਾ ਸੇਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਕਰਦੇ ਹਨ। ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਿਹਾ ਗਿਆ ਸੀ ਕਿ ਹੁਸ਼ਿਆਰਪਰ ਤੋਂ ਗੜ੍ਹਸ਼ੰਕਰ ਤੱਕ ਸੜਕ ਅਸੀਂ ਬਣਾ ਰਹੇ ਹਾਂ। ਇਸ ਬਾਰੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਸੜਕ ਸੰਨ 1969 ਵਿਚ ਅਸੀਂ ਐਸਟੀਮੇਟ ਕਮੇਟੀ ਦੀਆਂ ਮੀਟਿੰਗਾਂ ਕਰਕੇ, ਦਿੱਲੀ ਜਾ ਜਾ ਕੇ ਮਨਜ਼ੂਰ ਕਰਵਾਈ ਸੀ ਅੰਰ ਸੰਨ 1973 ਵਿਚ ਉਹ ਬਣਨੀ ਸ਼ੁਰੂ ਹੋਈ ਸੀ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸੰਨ 1975 ਵਿਚ ਸ਼੍ਰੀ ਬੰਸੀ ਲਾਲ ਜੀ ਡਿਫੈਂਸ ਮਨਿਸਟਰ ਬਣ ਕੇ ਗਏ ਅੱਰ ਸਾਰਾ ਰੁਪਿਆ ਉਨ੍ਹਾਂ ਨੇ ਸੜਕ ਦਾ ਚੁਕ ਲਿਆ, ਇਸ ਲਈ ਸੜਕ ਬਣਨੋਂ ਰੁਕ ਗਈ। ਜਦੋਂ ਸੰਨ 1977 ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਆਈ ਤਾਂ ਉਸ ਸਰਕਾਰ ਦੀ ਮਿਹਰਬਾਨੀ ਨਾਲ ਬਾਬੂ ਜਗਜੀਵਨ ਰਾਮ ਜੀ ਤੋਂ ਰੁਪਿਆ ਮਨਜ਼ੂਰ ਕਰਵਾਇਆ। ਉਸ ਵੇਲੇ ਚੌਧਰੀ ਚਾਂਦ ਰਾਮ ਜੀ ਵੀ ਮਨਿਸਟਰ ਸਨ। ਉਸ ਤੋਂ ਬਾਅਦ 1978 ਵਿਚ ਉਸ ਦੇ ਟੈਂਡਰ ਇਨਵਾਈਟ ਹੋ ਗਏ। ਹਾਲੇ ਉਥੇ ਸਾਮਾਨ ਚੋਆ ਤੇ ਪਿਆ ਹੈ, ਸੜਕ ਬਣ ਰਹੀ ਹੈ ਲੇਕਿਨ ਗਵਰਨਰ ਸਾਹਿਬ ਸੰਨ 1980-81 ਦੇ ਬਜਟ ਵਿਚ ਕਹਿੰਦੇ ਹਨ ਕਿ ਮੇਰੀ ਸਰਕਾਰ ਇਕ ਨਵੀਂ ਸੜਕ ਬਣਾ ਰਹੀ ਹੈ। (ਹਾਸਾ) ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਨਿਰਾ ਝੂਠ ਬੋਲਣ ਦਾ ਪਤਾ ਨਹੀਂ ਇਨ੍ਹਾਂ ਨੇ ਠੇਕਾ ਹੀ ਲਿਆ ਹੋਇਆ ਹੈ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਇਹ ਅਨਪਾਰਲੀਮੈਂਟਰੀ ਲਫਜ਼ ਹੈ ਜੀ, ਇਹ ਵਾਪਸ ਲੈਣ।

(ਇਸ ਸਮੇਂ ਸਰਦਾਰ ਪ੍ਰਿਥੀਪਾਲ ਸਿੰਘ ਜੀ ਵੱਲੋਂ ਬੈਠੇ ਬੈਠੇ ਵਿਘਨ)

ਵੇਦ ਕਰਤਾਰ ਸਿੰਘ : ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਸਾਹਿਬ ਜੋ ਕਿ ਉਥੋਂ ਦੀ ਲੰਘ ਕੇ ਆਏ ਹਨ, ਇਹ ਅਗਰ ਇਤਨਾ ਹੀ ਕਹਿ ਦਿੰਦੇ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ ਇਹ ਸੜਕ ਚਾਲੂ ਕੀਤੀ ਸੀ ਅੱਰ ਅਸੀਂ ਇਸ ਨੂੰ ਠੀਕ ਕਰਾਉਣ ਲੱਗੇ ਹਾਂ ਤਾਂ ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਕਿ ਇਨ੍ਹਾਂ ਨੇ ਕੋਈ ਤਾਂ ਸਚਾਈ ਦੱਸੀ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਤੁਹਾਡੀ ਮੁਰਾਰਜੀ ਨਾਲ ਮੀਟਿੰਗ ਹੋਈ ਸੀ।

ਵੇਦ ਕਰਤਾਰ ਸਿੰਘ: ਤੁਸੀਂ ਚੁੱਪ ਰਹੋ ਜੀ। ਤੁਹਾਡੀ ਗੱਲ ਵੀ ਮੈਂ ਦੱਸਦਾ ਹਾਂ। ਪੱਮੀ ਵਾਲੀ ਗੱਲ ਤੁਹਾਡੀ ਵੀ ਹੈ (ਥੰਪਿੰਗ) ਮੈਂ ਉਹ ਵੀ ਦੱਸ ਦਿੰਦਾ ਹਾਂ।

ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਹਰ ਆਦਮੀ ਉਦੋਂ ਇਹ ਚਾਹੁੰਦਾ ਸੀ ਕਿ ਫਲ੍ਹਾਣੀ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਅਸੀਂ ਕਹਿੰਦੇ ਸੀ ਠੀਕ ਹੈ; ਅੱਰ ਉਹ ਇਨਕੁਆਇਰੀ ਚਲਦੀ ਸੀ। ਲੇਕਿਨ ਹੁਣ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਕ ਕਮੇਟੀ ਇਸ ਵਿਧਾਨ ਸਭਾ ਦੇ ਮੈਂਬਰਾਂ ਦੀ ਬਣਾਈ ਜਾਣੀ ਚਾਹੀਦੀ ਹੈ ਜਿਹੜੀ ਇਹ ਵੇਖੇ ਕਿ ਕਿਸ ਕਿਸ ਨੇ ਸਮੱਗਲਿੰਗ ਕੀਤੀ ਹੈ ਅੱਰ ਉਹ ਕਿਹੜੀ ਪਾਰਟੀ ਦਾ ਬੰਦਾ ਹੈ। ਉਸ ਨੂੰ ਛੇੜਨਾ ਨਹੀਂ ਚਾਹੀਦਾ ਚਾਹੇ ਉਹ ਕਿਸੇ ਵੀ ਪਾਰਟੀ ਦਾ ਹੋਵੇ। ਤੁਹਾਨੂੰ ਪਤਾ ਲਗ ਜਾਵੇਗਾ ਕਿ ਕੌਣ ਸਮਗਲਿੰਗ ਦੇ ਨਾਲ ਲੱਖਾਂ ਰੁਪਏ ਕਮਾਉਂਦੇ ਹਨ। ਮੈਂ ਕਹਿੰਦਾ ਹਾਂ ਕਿ ਉਸ ਨੂੰ ਮੁਆਫ਼ ਨਹੀਂ ਕੀਤਾ ਜਾਣਾ ਚਾਹੀਦਾ। (ਵਿਘਨ) ਸਪੀਕਰ ਸਾਹਿਬ, ਇਹ ਰੌਲਾ ਪਾਉਂਦੇ ਹਨ। ਇਹ ਸਚਾਈ ਸੁਣਨ ਨੂੰ ਤਿਆਰ ਨਹੀਂ। ਮੈਂ ਇਥੇ ਇਕ ਹੋਰ ਗੱਲ ਵੀ ਦੱਸਣਾ ਚਾਹੁੰਦਾ ਹਾਂ। ਇਕ ਬਰਨਾਲੇ ਦੀ ਲੜਕੀ ਜਿਹੜੀ ਕਿ ਪਟਿਆਲੇ ਵਿਆਹੀ ਹੋਈ ਹੈ ਉਸ ਨੂੰ ਇਥੇ ਲਿਆਏ ਹੋਏ ਹਨ। ਰਾਮ ਲਾਲ, ਵੇਅਰ ਹਾਊਸਿੰਗ ਕਾਰਪੋਰੇਸ਼ਨ ਦਾ ਜਿਹੜਾ ਹੈ ਉਸ ਨਾਲ 8-9 ਦਿਨ ਉਹ ਇਥੇ ਰਹੀ। ਹੁਣ ਵੀ ਉਸ ਨੂੰ ਇਥੇ ਰਖਿਆ ਹੋਇਆ ਹੈ (ਵਿਘਨ) ਇਹ ਮੇਰੀ ਗਲ ਸੁਣਨ ਨੂੰ ਤਿਆਰ ਨਹੀਂ। ਉਸ ਨਾਲ ਜੋ ਹਾਲ ਕੀਤਾ ਹੈ.....

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਪਾਲ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਆਨਰੇਬਲ ਮੈਂਬਰ ਬਜਟ ਤੇ ਨਾ ਬੋਲ ਕੇ ਐਵੇਂ ਊਟ ਪਟਾਂਗ ਗੱਲਾਂ ਕਰ ਰਹੇ ਹਨ। ਇਨ੍ਹਾਂ ਨੂੰ ਬਜਟ ਤੇ ਬੋਲਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਬਜਟ ਤੇ ਜਿਹੜੀ ਡਿਸਕਸ਼ਨ ਹੁੰਦੀ ਹੈ ਉਸ ਵਿਚ ਮੈਂਬਰ ਨੂੰ ਅਖਤਿਆਰ ਹੁੰਦਾ ਹੈ ਕਿ ਉਹ ਕਿਸੇ ਵੀ ਮਾਮਲੇ ਤੇ ਗੱਲ ਕਰ ਲਵੇ (ਤਾੜੀਆਂ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਸਰਦਾਰ ਬੀਰਪਾਲ ਸਿੰਘ ਨੇ ਆਪਣੀ ਗੱਲ ਕਹੀ ਹੈ। ਇਹ ਆਪਣੇ ਢਿੱਡ ਤੇ ਹੱਥ ਰਖ ਕੇ ਸੌਂ ਖਾ ਲੈਣ ਕਿ ਜੋ ਕੁੱਝ ਕਿਹਾ ਜਾ ਰਿਹਾ ਹੈ ਉਹ ਗਲਤ ਹੈ।

ਸਰਦਾਰ ਬੀਰਪਾਲ ਸਿੰਘ : ਸਪੀਕਰ ਸਾਹਿਬ, ਇਥ ਤਾਂ ਢਿੱਡ ਤੇ ਹੱਥ ਰੱਖ ਕੇ ਸੌਂਹ ਖਾਣ ਨੂੰ ਕਹਿ ਰਹੇ ਹਨ, ਮੈਂ ਸਿਰ ਤੇ ਹੱਥ ਰਖ ਕੇ ਕਹਿੰਦਾ ਹਾਂ।

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਬਜਟ ਤੇ ਹੀ ਕਹਿ ਰਿਹਾ ਹਾਂ। ਇਹ ਜਿਹੜਾ ਬਜਟ ਹੈ ਇਸ ਵਿਚ ਸਾਰੇ ਡਿਪਾਰਟਮੈਂਟ ਆ ਜਾਂਦੇ ਹਨ। ਪੁਲਿਸ ਦਾ ਡਿਪਾਰਟਮੈਂਟ ਵਿਚ ਆ ਜਾਂਦਾ ਹੈ। ਇਸ ਲਈ ਮੈਂ ਜੋ ਬੋਲ ਰਿਹਾ ਹਾਂ ਉਹ ਠੀਕ ਹੀ ਬੋਲ ਰਿਹਾ ਹਾਂ

ਮੈਂ ਬੇਨਤੀ ਕਰਦਾ ਹਾਂ, ਸਪੀਕਰ ਸਾਹਿਬ, ਕਿ ਬਹੁਤ ਸਾਰੀਆਂ ਇਨਕੁਆਇਰੀਆਂ ਕੀਤੀਆਂ ਜਾਂਦੀਆਂ ਹਨ। ਇਕ ਗੱਲ ਮੈਂ ਵੀ ਦੱਸਦਾ ਹਾਂ। ਉਸ ਦੀ ਵੀ ਇਹ ਇਨਕੁਆਇਰੀ ਕਰਵਾ ਲੈਣ। ਇਕ ਸਰਦਾਰ ਸੰਤੋਖ ਸਿੰਘ ਚੀਫ ਇੰਜੀਨੀਅਰ ਬਣਾਇਆ ਗਿਆ। ਉਹ 11 ਸਾਲ ਸਸਪੈਂਡ ਰਿਹਾ। ਉਸ ਦੇ ਉੱਤੇ 10 ਇਲਜ਼ਾਮ ਲਗਾਏ ਗਏ ਸਨ। ਉਨ੍ਹਾਂ ਨੂੰ ਮੁੜ ਚੀਫ ਇੰਜੀਨੀਅਰ ਲਾਉਣ ਵਾਸਤੇ ਜੋ ਨੋਟ ਲਿਖਿਆ ਜਾਂਦਾ ਹੈ, ਉਸ ਤੇ ਇਕੋ ਹੀ ਦਿਨ ਐਸਿਸਟੈਂਟ ਦਸਤਖ਼ਤ ਕਰਦਾ ਹੈ, ਉਸੇ ਦਿਨ ਸੁਪਰਡੰਟ ਦਸਤਖ਼ਤ ਕਰਦਾ ਹੈ ਉਸੇ ਹੀ ਦਿਨ ਸੈਕਟਰੀ ਦਸਤਖ਼ਤ ਕਰਦਾ ਹੈ ਅੱਰ ਉਸੇ ਹੀ ਦਿਨ ਗਵਰਨਰ ਦੇ ਦਸਤਖ਼ਤ ਹੋ ਜਾਂਦੇ ਹਨ। ਇਸ ਗਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਮੈਂ ਇਹ ਵੀ ਦੱਸਦਾ ਹਾਂ ਕਿ ਜਿਸ ਨੂੰ ਚੀਫ ਇੰਜੀਨੀਅਰ ਲਗਾਇਆ ਗਿਆ ਹੈ ਉਹ ਗਿਆਨੀ ਜ਼ੈਲ ਸਿੰਘ ਦਾ ਆਦਮੀ ਹੈ, ਰਾਮਗੜ੍ਹੀਆ ਹੈ ...(ਵਿਘਨ)

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਖੜੇ ਹੋ ਕੇ ਬੋਲ ਰਹੇ ਸਨ)

ਸ਼੍ਰੀ ਸਪੀਕਰ : : ਤੁਸੀਂ ਕਿਸੇ ਦਾ ਨਾਂ ਨਾ ਲਓ।

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੈਂ ਗਿਆਨੀ ਜੀ ਦਾ ਨਾਂ ਵਾਪਸ ਲੈਂਦਾ ਹਾਂ। ਉਸ ਦੇ ਬਜਾਏ ਹੋਮ ਮਨਿਸਟਰ ਕਹਿੰਦਾ ਹਾਂ।

ਮੈਂ ਕਹਿੰਦਾ ਹਾਂ ਕਿ ਇਹੋ ਜਿਹੇ ਕਈ ਕੇਸ ਹੋਏ ਹਨ ਜਿਨ੍ਹਾਂ ਦੀ ਕਿ ਇਨਕੁਆਇਰੀ ਹੋਣੀ ਚਾਹੀਦੀ ਹੈ। ਮੈਂ ਇਕ ਹੋਰ ਕੇਸ ਦੱਸਦਾ ਹਾਂ। ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਇਕ ਬੀਬੀ ਨੂੰ ਲਗਾਇਆ ਗਿਆ। ਉਸ ਨੂੰ ਉਥੇ ਇਸ ਕਰਕੇ ਲਾਇਆ ਗਿਆ ਕਿਉਂਕਿ ਹੋਮ ਮਨਿਸਟਰ ਸਾਹਿਬ ਦੇ ਹੁਕਮ ਸਨ। ਉਨ੍ਹਾਂ ਨੇ ਉਸ ਨੂੰ ਉਥੇ ਲਾ ਕੇ ਇਕ ਹੋਰ ਆਦਮੀ ਨੂੰ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਬਣਾ ਦਿਤਾ ਕਿਉਂਕਿ ਕਿਸੇ ਕਾਂਗਰਸੀ ਨੂੰ ਜਿਤਾਉਣਾ ਸੀ। ਇਸ ਵਾਸਤੇ ਸੈਣੀਆਂ ਨੂੰ ਖੁਸ਼ ਕਰਨ ਵਾਸਤੇ, ਸੈਣੀ ਬਰਾਦਰੀ ਦੀਆਂ ਵੋਟਾਂ ਲੈਣ ਵਾਸਤੇ ਉਸ ਨੂੰ ਉਥੇ ਮੈਂਬਰ ਨਿਯੁਕਤ ਕੀਤਾ ਗਿਆ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਹ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਬਾਰੇ ਇਥੇ ਡਿਸਕਸ ਨਹੀਂ ਕਰ ਸਕਦੇ।

ਸ਼੍ਰੀ ਸਪੀਕਰ : ਉਨ੍ਹਾਂ ਨੇ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਬਾਰੇ ਕੁਝ ਨਹੀਂ ਕਿਹਾ। (ਵਿਘਨ)

ਵੇਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੈਂ ਹੁਣ ਦੀ ਹੀ ਗੱਲ ਦਸਦਾ ਹਾਂ। ਜਦੋਂ ਇਲੈਕਸ਼ਨਾਂ ਹੋਈਆਂ ਤਾਂ ਇਨ੍ਹਾਂ ਨੇ ਕਈ ਡਿਪਟੀ ਕਮਿਸ਼ਨਰ ਬਦਲੇ। ਇਕ ਨੂੰ ਹਟਾਇਆ ਤਾਂ ਦੂਜੇ ਨੂੰ ਲਾ ਦਿੱਤਾ। ਜੇ ਦੂਜਾ ਠੀਕ ਨਹੀਂ ਲਗਿਆ ਤਾਂ ਤੀਜੇ ਨੂੰ ਲਾ ਦਿੱਤਾ। ਜੇ ਤੀਜਾ ਠੀਕ ਨਹੀਂ ਲਗਿਆ ਤਾਂ ਚੌਥੇ ਨੂੰ ਲਾ ਦਿੱਤਾ। ਇਸ ਨਾਲ ਆਮ ਜਨਤਾ ਤੇ ਬਹੁਤ ਬੁਰਾ ਅਸਰ ਪਿਆ। ਇਸ ਤੋਂ ਵੱਧ ਹੋਰ ਕੀ ਹੋਵੇ, ਉਸ ਵੇਲੇ ਥਾਣੇ ਨਿਲਾਮ ਹੁੰਦੇ ਰਹੇ। (ਵਿਘਨ) ਮੇਰੀ ਗਲ ਤਾਂ ਸੁਣ ਲਓ। ਜਿਹੜੀ ਗਲ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਥਾਣੇ ਨਿਲਾਮ ਹੁੰਦੇ ਰਹੇ (ਵਿਘਨ) ਤੁਸੀਂ ਇਥੇ ਬੈਠ ਕੇ ਗਲਾਂ ਕਰਦੇ ਹੋ, ਬਾਹਰ ਜਾ ਕੇ ਕਹੋ ਤਾਂ ਤੁਹਾਨੂੰ ਪਤਾ ਲਗੇ। (ਵਿਘਨ) ਜੇ ਸਾਡੇ ਵੇਲੇ ਥਾਣੇ ਵਿਕਦੇ ਸੀ ਤਾਂ ਤੁਸੀਂ ਉਸ ਵੇਲੇ ਕਿਉਂ ਨਹੀਂ ਬੋਲੇ। ਉਸ ਵੇਲੇ ਕਿਉਂ ਚੁਪ ਕਰਕੇ ਸੁਤੇ ਰਹੇ ? (ਵਿਘਨ)

ਸ਼੍ਰੀ ਸਪੀਕਰ : ਤੁਸੀਂ ਸਾਰੇ ਬੈਠ ਜਾਓ। ਆਪਸ ਵਿਚ ਗੱਲਾਂ ਨਾ ਕਰੋ। (ਵਿਘਨ)

ਵੇਦ ਕਰਤਾਰ ਸਿੰਘ : ਸਪੀਕਰ ਸਾਹਿਬ, ਜਿਹੜੀ ਗੱਲ ਦਾ ਇਹ ਜ਼ਿਕਰ ਕਰਦੇ ਹਨ ਮੈਂ ਉਹ ਕਹਿਣੀ ਨਹੀਂ ਸੀ ਚਾਹੁੰਦਾ। ਇਨ੍ਹਾਂ ਨੇ ਇਸ ਕੇਸ ਨੂੰ ਬੜਾ ਚੁਕਿਆ ਅੌਰ ਅਸੈਂਬਲੀ ਵਿਚ ਵੀ ਕਾਫੀ ਰੋਲਾ ਪਾਇਆ ਹੈ। ਇਹ ਕਹਿੰਦੇ ਹਨ ਕਿ ਇਕ ਸਾਧ ਤੇ ਇਲਜ਼ਾਮ ਲਗਾਏ ਗਏ ਪਰ ਅਸੀਂ ਉਸ ਦੀ ਮਦਦ ਕੀਤੀ। ਸਪੀਕਰ ਸਾਹਿਬ, ਇਹ ਵੀ ਇਨ੍ਹਾਂ ਦੀ ਕਰਤੂਤ ਸੀ। ਜਿਸ ਨੇ ਕਤਲ ਕੀਤਾ ਉਸ ਦਾ ਭਰਾ ਇਕ ਬਹੁਤ ਵੱਡਾ ਨਿਰੰਕਾਰੀ ਸੀ ਜਿਹੜਾ ਕਿ ਉਨ੍ਹਾਂ ਦੇ ਨਾਲ ਮਿਲਿਆ ਹੋਇਆ ਸੀ। ਉਸ ਵਿਚ ਸਾਡੀ ਸਰਕਾਰ ਦਾ ਕੋਈ ਦੋਸ਼ ਨਹੀਂ ਸੀ (ਵਿਘਨ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਇੱਕਠੇ ਹੀ ਬੋਲ ਰਹੇ ਸਨ) ਸਪੀਕਰ ਸਾਹਿਬ, ਦੂਸਰੀ ਗਲ ਜਿਹੜੀ ਮੈਂ ਕਰਨਾ ਚਾਹੁੰਦਾ ਹਾਂ, ਉਹ ਹਰੀਜਨਾਂ ਦੇ ਮੁਤੱਲਕ ਹੈ। ਸਪੀਕਰ ਸਾਹਿਬ, ਕਾਂਗਰਸ ਸਰਕਾਰ ਕਹਿੰਦੀ ਹੈ ਕਿ ਅਸੀਂ ਹਰੀਜਨ ਵਾਸਤੇ ਬਹੁਤ ਕੁਝ ਕੀਤਾ ਹੈ। 10 ਜੂਨ, 1980 ਨੂੰ ਗਵਰਨਰ ਸਾਹਿਬ ਨੇ ਇੱਕ ਚਿੱਠੀ ਸ਼ਾਇਆ ਕੀਤੀ ਸੀ। ਇਸ ਵੇਲੇ ਮਨਿਸਟਰ ਸਾਹਿਬ, ਬੈਠੇ ਨਹੀਂ ਹਨ। ਉਸ ਚਿੱਠੀ ਵਿਚ ਇਹ ਗੱਲ ਲਿਖੀ ਹੈ ਕਿ ਹਰੀਜਨਾਂ ਨੂੰ ਪਰਮੋਸ਼ਨ ਮਿਲਣੀ ਹੈ। ਪਰ 1966 ਤੋਂ ਪਹਿਲਾਂ ਦੀਆਂ ਫਾਈਲਾਂ ਨਹੀਂ ਮਿਲਦੀਆਂ। ਜਿਨ੍ਹਾਂ ਦਾ 1952 ਤੋਂ ਹੱਕ ਬਣਦਾ ਸੀ ਉਨ੍ਹਾਂ ਨੂੰ ਨਹੀਂ ਮਿਲ ਰਿਹਾ। ਪਰ ਇਸ ਚਿੱਠੀ ਅਨੁਸਾਰ ਕਿਹਾ ਗਿਆ ਹੈ ਕਿ ਰਿਜ਼ਰਵੇਸ਼ਨ ਸਬੰਧੀ ਰੋਸਟਰ ਦੀਆਂ ਹਦਾਇਤਾਂ ਨੂੰ 1966 ਤੋਂ ਬਾਅਦ ਲਾਗੂ ਕਰ ਦਿਤਾ ਜਾਵੇ। ਇਹ ਸਪੀਕਰ ਸਾਹਿਬ, ਹਰੀਜਨਾਂ ਦੇ ਨਾਲ ਅਨਿਆਏ ਕੀਤਾ ਗਿਆ ਹੈ ਜਿਸ ਨਾਲ ਹਰੀਜਨਾਂ ਦੀ ਤਰੱਕੀ ਤੇ ਨਿਯੁਕਤੀ ਤੇ ਭੈੜਾ ਅਸਰ ਪਿਆ ਹੈ। ਜੇਕਰ ਕਾਂਗਰਸੀ ਭਰਾ ਜ਼ਰਾ ਕੁ ਹਰੀਜਨਾਂ ਦੇ ਹਮਾਇਤੀ ਹਨ ਤਾਂ ਉਹ ਚਿੱਠੀ ਜਿਹੜੀ 10 ਜੂਨ, 1980 ਨੂੰ ਜਾਰੀ ਕੀਤੀ ਗਈ ਸੀ, ਵਾਪਸ ਲੈ ਲਿਤੀ ਜਾਵੇ ਅਤੇ ਹਰੀਜਨਾਂ ਦੀ ਮਦੱਦ ਕੀਤੀ ਜਾਵੇ। ਇਹ ਕਹਿੰਦੇ ਹਨ ਕਿ 30 ਕਰੋੜ ਰੁਪਿਆ ਅਸੀਂ ਹਰੀਜਨਾਂ ਨੂੰ ਬਗੈਰ ਵਿਆਜ ਤੋਂ ਦੇਵਾਂਗੇ। ਬਜਟ ਵਿਚ ਲਿਖਿਆ ਹੈ ਕਿ ਅਕਾਲੀ ਸਰਕਾਰ ਨੇ 3 ਕਰੋੜ 40 ਲੱਖ ਰੁਪਿਆ ਰਖਿਆ ਸੀ। ਪਰ

Original with;
Punjab Vidhan Sabha
Digitized by;
Panjab Digital Library

[ਵੈਦ ਕਰਤਾਰ ਸਿੰਘ]

ਤੁਸੀਂ, ਸਪੀਕਰ ਸਾਹਿਬ, ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਕਿਸ ਨੇ ਦੇਣਾ ਹੈ। ਹਰੀਜਨਾਂ ਨੇ ਇਨ੍ਹਾਂ ਦੇ ਖਿਲਾਫ ਵੋਟਾਂ ਪਾਈਆਂ ਹਨ ਅਤੇ ਇਸ ਕਾਰਣ ਹੁਣ ਇਹ ਕਾਂਗਰਸੀ ਹਰੀਜਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੇ ਹਨ, ਉਨ੍ਹਾਂ ਨਾਲ ਜ਼ੁਲਮ ਕਰਦੇ ਹਨ। ਅੱਜ ਪਟਿਆਲੇ ਕੀ ਹੋ ਰਿਹਾ ਹੈ? ਬਠਿੰਡੇ ਕੀ ਹੋ ਰਿਹਾ ਹੈ ? ਹਰੀਜਨਾਂ ਦੇ ਨਾਲ ਧੱਕੇ ਅਤੇ ਜ਼ੁਲਮ ਕੀਤੇ ਜਾ ਰਹੇ ਹਨ । ਇਹ ਕਹਿੰਦੇ ਹਨ ਕਿ ਅਸੀਂ ਹਰੀਜਨਾਂ ਦਾ ਖਿਆਲ ਰਖਦੇ ਹਾਂ ਪਰ ਮੈਂ ਕਹਿੰਦਾ ਹਾਂ ਕਿ ਇਹ ਬਿਲਕੁਲ ਹਰੀਜਨਾਂ ਦਾ ਖਿਆਲ ਨਹੀਂ ਰਖਦੇ। ਇਹ ਨਹੀਂ ਚਾਹੁੰਦੇ ਕਿ ਹਰੀਜਨ ਭਰਾ ਵੀ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਸਪੀਕਰ ਸਾਹਿਬ, ਮੈਂ ਤਾਂ ਬੇਨਤੀ ਕੀਤੀ ਸੀ ਪਰ ਇਨ੍ਹਾਂ ਨੇ ਰੌਲਾ ਪਾ ਦਿੱਤਾ। (ਵਿਘਨ) (ਸ਼ੋਰ) ਥਾਣਿਆਂ ਵਿਚ ਅੱਜ ਕੁਰੱਪਸ਼ਨ ਚਲ ਰਹੀ ਹੈ । ਮੈਂ ਮਿਸਾਲ ਦਿੰਦਾ ਹਾਂ ਕਿ ਇਕ ਕੰਵਾਰੀ ਲੜਕੀ ਦੇ ਬੱਚਾ ਜੰਮ ਪਿਆ ਅਤੇ ਉਹ ਬੱਚਾ ਲੜਕੀ ਬਾਹਰ ਸੁੱਟ ਕੇ ਚਲੀ ਗਈ ਅਤੇ ਥਾਣੇ ਵਾਲਿਆਂ ਨੇ ਉਹ ਬੱਚਾ ਚੁਕ ਲਿਆ। (ਵਿਘਨ) (ਸ਼ੋਰ) ਅਜ ਇੱਕ ਮਹੀਨਾ ਹੋ ਗਿਆ ਹੈ, ਪਰ ਪਤਾ ਕੋਈ ਨਹੀਂ ਲਗਾ। (ਵਿਘਨ) (ਸ਼ੋਰ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਤੁਸੀਂ ਪਤਾ ਕਰੋ ਬੱਚਾ ਕਿਸਦਾ ਸੀ ? (ਵਿਘਨ)

ਵੈਦ ਕਰਤਾਰ ਸਿੰਘ : ਮੈਨੂੰ ਪਤਾ ਕਰਨ ਦੀ ਕੀ ਲੋੜ ਹੈ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਇਲੈਕਸ਼ਨਾਂ ਦੇ ਦਿਨਾਂ ਵਿਚ ਇਨ੍ਹਾਂ ਨੇ ਅਫਸਰਾਂ ਨੂੰ ਵਰਤ ਕੇ, ਐਸ. ਪੀਜ਼ ਅਤੇ ਹੋਰ ਥਾਣੇਦਾਰਾਂ ਨੂੰ ਵਰਤ ਕੇ ਇਲੈਕਸ਼ਨ ਫੰਡ ਵਾਸਤੇ ਪੈਸਾ ਇਕੱਠਾ ਕੀਤਾ। (ਵਿਘਨ) (ਸ਼ੋਰ) (ਆਵਾਜ਼ਾਂ : ਇਹ ਬਿਲਕੁਲ ਝੂਠ ਹੈ।)

ਸਪੀਕਰ ਸਾਹਿਬ, ਇਹ ਬਿਲਕੁਲ ਸਹੀ ਹੈ। ਮੈਂ ਹਲਫੀਆ ਬਿਆਨ ਦੇਣ ਨੂੰ ਤਿਆਰ ਹਾਂ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੇ ਮਿਲਾਂ ਵਾਲਿਆਂ ਕੋਲੋਂ ਪੈਸਾ ਲੈ ਕੇ ਇਲੈਕਸ਼ਨਾਂ ਵਿਚ ਖਰਚ ਕੀਤਾ। ਖੰਡ ਜਿਹੜੀ ਕਿ ਪਹਿਲਾਂ ਢਾਈ ਰੁਪਏ ਕਿਲੋ ਵਿਕਦੀ ਸੀ, ਉਹ ਨੌਂ ਰੁਪਏ ਕਿਲੋ ਵਿਕਣ ਲਗ ਪਈ ਹੈ। ਅੱਜ ਵੀ 9 ਰੁਪਏ ਕਿਲੋ ਵਿਕਦੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਖਾਦ ਵਾਲਿਆਂ ਕੋਲੋਂ ਪੈਸਾ ਲਿਆ। (ਵਿਘਨ) 9 ਤਾਰੀਖ ਨੂੰ ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਹੋਣ ਵਾਲਾ ਸੀ ਪਰ ਇਨ੍ਹਾਂ ਨੇ 7 ਤਾਰੀਖ ਨੂੰ ਹੀ ਆਰਡੀਨੈਂਸ ਜਾਰੀ ਕਰਕੇ ਖਾਦ ਦੀਆਂ ਕੀਮਤਾਂ ਵੱਧਾ ਦਿਤੀਆਂ। ਇਸੇ ਤਰ੍ਹਾਂ. ਸਪੀਕਰ ਸਾਹਿਬ, ਅਜ ਮੂੰਗੀ ਦੀ ਦਾਲ ਸਾਢੇ 6 ਰੁਪਏ ਕਿਲੋ, ਘਿਉ 14 ਰੁਪਏ ਕਿਲੋ, ਤੇਲ 14 ਰੁਪਏ ਕਿਲੋ, ਮਸਰੀ ਦੀ ਦਾਲ ਸਾਢੇ ਚਾਰ ਰੁਪਏ ਕਿਲੋ ਅਤੇ ਮੂੰਗੀ ਦੀ ਦਾਲ 5 ਰੁਪਏ ਕਿਲੋ ਵਿਕਦੀ ਹੈ। (ਵਿਘਨ) (ਸ਼ੋਰ) ਤੁਸੀਂ ਤਾਂ ਮੁਰਗੇ ਅਤੇ ਮੱਛੀਆਂ ਖਾ ਕੇ ਗੁਜ਼ਾਰਾ ਕਰ ਲੈਂਦੇ ਹੋ ਪਰ ਗਰੀਬਾਂ ਨੇ ਮਸਰਾਂ ਦੀ ਦਾਲ ਖਾ ਕੇ ਹੀ ਗੁਜ਼ਾਰਾ ਕਰਨਾ ਹੁੰਦਾ ਹੈ। ਤੁਸੀਂ, ਸਪੀਕਰ ਸਾਹਿਬ, ਪਿਛਲਾ ਰਿਕਾਰਡ ਕਢਵਾ ਕੇ ਵੇਖ ਲਉ। 1977 ਵਿਚ ਜਦੋਂ ਅਕਾਲੀ-ਜਨਤਾ ਸਰਕਾਰ ਨੇ ਗੌਰਮਿੰਟ ਸੰਭਾਲੀ ਸੀ ਤਾਂ ਖੰਡ ਜ਼ਿਹੜੀ ਕਿ ਪਹਿਲਾਂ ਸਾਢੇ ਸੱਤ ਰੁਪਏ ਕਿਲੋ ਵਿਕਦੀ ਸੀ ਉਹ ਅਸੀਂ ਢਾਈ ਰੁਪਏ ਕਿਲੋ ਕਰ ਦਿਤੀ। ਇਸੇ ਤਰ੍ਹਾਂ ਘਿਉ ਜਿਹੜਾ ਪਹਿਲਾਂ 14 ਰੁਪਏ ਕਿਲੋ ਵਿਕਦਾ ਸੀ, ਉਹ 9 ਰੁਪਏ ਕਿਲੋ ਕਰ ਦਿਤਾ। ਅੱਜ ਫਿਰ ਖੰਡ 9 ਰੁਪਏ ਕਿਲੋ, ਅਤੇ ਘੀ ਫਿਰ ਉਹੀ 14 ਰੁਪਏ ਕਿਲੋ ਅਤੇ ਤੇਲ ਵੀ 14 ਰੁਪਏ ਕਿਲੋ ਹੋ ਗਿਆ ਹੈ। ਇਸ ਤੋਂ ਇਲਾਵਾ ਦਾਲਾਂ ਬੇਅੰਤ ਮਹਿੰਗੀਆਂ ਹੋ ਗਈਆਂ ਹਨ। (ਵਿਘਨ) (ਸ਼ੋਰ) (ਆਵਾਜਾਂ: ਆਲੂਆਂ ਦੀ ਵੀ ਪੁਜ਼ੀਸ਼ਨ ਦੱਸ ਦਿਉ ।)

ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਆਲੂਆਂ ਦੀ ਪੁਜ਼ੀਸ਼ਨ ਦੱਸ ਦਿਓ। ਆਲੂ ਲੋਕਾਂ ਨੂੰ ਇਤਨੇ ਮਿਲੇ ਕਿ ਖਾਧੇ ਨਹੀਂ ਸਨ ਜਾਂਦੇ। ਖੋਤਿਆਂ ਨੇ ਵੀ ਆਲੂ ਨਹੀਂ ਖਾਧੇ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਕਿਸਾਨ ਨੂੰ ਪੈਸੇ ਨਹੀਂ ਮਿਲੇ। ਪਰ ਹਰੀਜਨ ਤਬਕੇ ਨੇ ਆਲੂ ਖਾਧੇ। ਆਲੂ ਉਸ ਵੇਲੇ ਆਮ ਮਿਲਦੇ ਸਨ। ਇਸ ਗੱਲ ਲਈ ਤੁਹਾਨੂੰ ਬਾਦਲ ਸਾਹਿਬ ਦੀ ਸਰਕਾਰ ਨੂੰ ਮੁਬਾਰਕਬਾਦ ਦੇਣੀ ਚਾਹੀਦੀ ਹੈ ਕਿ ਇਤਨੇ ਸੱਸਤੇ ਆਲੂ ਮਿਲੇ ਹਨ।(ਵਿਘਨ) ਤੁਸੀਂ ਹੁਣ ਕਹਿੰਦੇ ਹੋ ਕਿ ਅਸੀਂ ਅੱਜ ਇਧਰ ਬੈਠ ਗਏ ਹਾਂ। ਪਰ ਤੁਸੀਂ ਵੀ ਅੱਜ ਤੋਂ ਚਾਰ ਮਹੀਨੇ ਪਹਿਲਾਂ ਇਧਰ ਬੈਠੇ ਸੀ। ਹੁਣ ਅਸੀਂ ਬੈਠ ਗਏ ਹਾਂ ਤਾਂ ਕੀ ਹੋ ਗਿਆ। (ਵਿਘਨ) (ਸ਼ੋਰ) ਇਹ ਸਾਡੀ ਆਪਣੀ ਲੜਾਈ ਦੇ ਕਾਰਣ ਹੋਇਆ ਹੈ। ਉਹ ਦਿਨ ਦੂਰ ਨਹੀਂ ਜਦੋਂ ਕਿ ਸਾਡੀ ਪਾਰਟੀ ਵਾਲੇ ਤੁਹਾਡੀ ਥਾਂ ਤੇ ਹੋਣਗੇ ਔਰ ਤੁਹਾਡੀ ਪਾਰਟੀ ਵਾਲੇ ਸਾਡੀ ਥਾਂ ਤੇ ਹੋਣਗੇ (ਵਿਘਨ) ਇਹ ਜਿਹੜੇ ਤੁਸੀਂ ਕੰਮ ਕੀਤੇ ਹਨ, ਉਹ ਅਸੀਂ ਨੰਗੇ ਕਰ ਦੇਣੇ ਹਨ। ਤੁਹਾਡੇ ਪੁਰਾਣੇ ਅੰਮ੍ਰਿਤਸਰ ਵਾਲੇ ਕਾਂਗਰਸੀਏ ਇੱਕ-ਇੱਕ ਲੱਖ ਰੁਪਿਆ ਮਹੀਨਾ ਜਲੰਧਰ ਦਾ ਸਮੱਗਲਰ ਦਿੰਦਾ ਹੈ (ਵਿਘਨ) ਮੈਂ ਉਸ ਦਾ ਨਾਂ ਨਹੀਂ ਲੈਂਦਾ। ਉਹ ਕਿਹੜੇ ਆਦਮੀ ਹਨ ਜਿਹੜੇ ਕਿ ਸਿਆਸੀ ਆਦਮੀਆਂ ਤੋਂ ਮਾਇਆ ਲੈਂਦੇ ਹਨ? ਅਸੀਂ ਮੁਬਾਰਕਬਾਦ ਦਿੰਦੇ ਹਾਂ ਕਿ ਅਜਿਹਿਆਂ ਆਦਮੀਆਂ ਨੂੰ ਇਸ ਸਰਕਾਰ ਨੇ ਹੱਥ ਪਾਇਆ ਹੈ ਅਤੇ ਜਿਹੜੇ ਰਹਿੰਦੇ ਹਨ ਉਨਾਂ ਨੂੰ ਵੀ ਹਥ ਪਾਉਣਾ ਚਾਹੀਦਾ ਹੈ। ਦੂਜਿਆਂ ਨੂੰ ਪਕੜਿਆਂ ਜਾਵੇ ਔਰ ਆਪਣਿਆਂ ਨੂੰ ਨਾ ਪਕੜਿਆ ਜਾਏ, ਇਹ ਠੀਕ ਨਹੀਂ ਹੈ। ਐਸੇ ਸਾਰਿਆਂ ਨੂੰ ਚਾਹੇ, ਉਹ ਤੁਹਾਡੇ ਵੱਲ ਦੇ ਹੋਣ ਚਾਹੇ ਇਧਰ ਦੇ ਹੋਣ, ਸਾਰਿਆਂ ਨੂੰ ਪਕੜਨਾ ਚਾਹੀਦਾ ਹੈ। ਪੁਲਿਸ ਵਾਲਿਆਂ ਤੋਂ ਐਸੇ ਨਾਂਵਾਂ ਬਾਰੇ ਪਤਾ ਕਰਕੇ ਸਾਰਿਆਂ ਨੂੰ ਪਕੜਨਾ ਚਾਹੀਦਾ ਹੈ ਔਰ ਕਿਸੇ ਨੂੰ ਮੁਆਫ ਨਹੀਂ ਕਰਨਾ ਚਾਹੀਦਾ ਹੈ।

ਧੰਨਵਾਦ।

ਕਾਮਰੇਡ ਬੂਟਾ ਸਿੰਘ (ਮਾਨਸਾ) : ਸਪੀਕਰ ਸਾਹਿਬ, ਕਈ ਮਾਮਲੇ ਐਸੇ ਹਨ ਜਿਨ੍ਹਾਂ ਬਾਰੇ ਮੈਂ ਬੋਲਣਾ ਜ਼ਰੂਰੀ ਸਮਝਦਾ ਹਾਂ। ਇੱਕ ਤਾਂ ਇਹ ਹੈ ਕਿ ਇਸ ਬਜਟ ਵਿਚ ਬਹੁਤ ਸਾਰੀਆਂ ਚੀਜ਼ਾਂ ਐਸੀਆਂ ਲਿਖੀਆਂ ਗਈਆਂ ਹਨ, ਜਿਸ ਤਰ੍ਹਾਂ ਕਿ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਕਈ ਸੱਜਣ ਦਸ ਚੁੱਕੇ ਹਨ, ਜਿਸ ਕਾਰਣ ਇਹ ਬਜਟ ਇਸ ਤਰ੍ਹਾਂ ਦਾ ਲਗਦਾ ਹੈ ਕਿ ਇਹ ਕਿਸੇ ਸਿਆਸਤਦਾਨ ਦਾ ਬਣਾਇਆ ਹੋਇਆ ਨਹੀਂ ਬਲਕਿ ਅਫ਼ਸਰਾਂ ਵਲੋਂ ਤਿਆਰ ਕੀਤਾ ਹੋਇਆ ਬਜਟ ਹੈ। ਅਫ਼ਸਰਾਂ ਦੇ ਅੰਕੜਿਆਂ ਉਤੇ ਖਜ਼ਾਨਾ ਮੰਤਰੀ ਜੀ ਵਲੋਂ ਮੋਹਰ ਲਗਾਈ ਗਈ ਹੈ। ਇਸ ਦੇ ਬਾਰੇ ਵਿਚ ਮੈਂ ਸਿਰਫ ਇੱਕ ਦੋ ਮਿਸਾਲਾਂ ਦੇ ਕੇ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਕੀ ਸਕੀਮਾਂ ਲਿਖੀਆਂ ਹਨ ਔਰ ਅਸਲ ਜ਼ਿੰਦਗੀ ਵਿਚ ਕੀ ਹੁੰਦਾ ਹੈ ? ਇੱਕ ਮਿਸਾਲ ਤੋਂ ਹੀ ਅੰਦਾਜ਼ਾ ਲਗਾ ਲੈਣ ਕਿ ਕਿਸ ਤਰ੍ਹਾਂ ਜਿਹੜੇ ਚੰਗੇ ਕਾਨੂੰਨ ਬਣਾਏ ਜਾਂਦੇ ਹਨ, ਆਮ ਜ਼ਿੰਦਗੀ ਵਿਚ ਉਨ੍ਹਾਂ ਤੇ ਅਮਲ ਕਿਸ ਤਰ੍ਹਾਂ ਨਾਲ ਹੁੰਦਾ ਹੈ।

ਲੈਂਡ ਰਿਫਾਰਮਜ਼ ਦੇ ਸਿਲਸਿਲੇ ਵਿਚ ਬਠਿੰਡੇ ਦੀ ਲੈਂਡ ਰਿਫਾਰਮਜ਼ ਐਡਵਾਇਜ਼ਰੀ ਕਮੇਟੀ ਦਾ, ਮੇਰੀ ਪਾਰਟੀ ਵਲੋਂ, ਮੈਨੂੰ ਮੈਂਬਰ ਬਣਾ ਦਿੱਤਾ। ਪ੍ਰੀਤਮ ਸਿੰਘ ਨਾਂ ਦੇ ਜਗੀਰਦਾਰ ਨੇ ਆਪਣੀ ਵਧੀਆਂ ਜ਼ਮੀਨ ਤੇ ਇੱਕ ਕੋਠਾ ਪਾ ਕੇ ਉਸ ਦੇ ਉਪਰ ਲਿਖ ਦਿੱਤਾ "ਮੁਫਤ ਦਵਾਈ ਖਾਨਾ ਹੈ"। ਮੈਂ ਡੀ. ਸੀ. ਦੇ ਨੋਟਿਸ ਵਿਚ ਲਿਆਂਦਾ ਕਿ ਉਹ ਪਤਾ ਕਰਨ ਕਿ ਕੀ ਉਥੇ ਕੋਈ ਦਵਾਈ ਖਾਨਾ ਹੈ? ਡੀ. ਸੀ. ਸਾਹਿਬ ਨੇ ਆਪਣੇ ਏ. ਡੀ. ਸੀ. ਦੀ ਡਿਊਟੀ ਲਗਾ ਦਿੱਤੀ। ਏ. ਡੀ. ਸੀ ਸਾਹਿਬ ਮੌਕੇ ਤੇ ਗਏ ਅਤੇ ਉਥੇ ਲੋਕਾਂ ਨੂੰ ਇਕੱਠਾ ਕਰ ਲਿਆ ਗਿਆ ਔਰ ਕਚਹਿਰੀ ਲਗਾ ਲਈ। ਉਨ੍ਹਾਂ ਨੂੰ ਪੁਛਿਆ ਗਿਆ ਕਿ ਕੀ ਇਥੇ ਕੋਈ ਦਵਾਈ ਮਿਲਦੀ ਹੈ, ਕੋਈ ਡਾਕਟਰ ਉਥੇ ਹੈ? ਪਿੰਡ ਵਾਲਿਆਂ ਨੇ ਕਿਹਾ ਕਿ ਉਥੇ ਕੋਈ ਡਾਕਟਰ ਨਹੀਂ ਹੈ। ਡਰਾਮਾ ਰੱਚ ਕੇ ਇੱਕ ਕੰਪਾਊਂਡਰ ਉਥੇ ਪਹੁੰਚਿਆ। ਏ. ਡੀ. ਸੀ. ਸਾਹਿਬ ਉਸ ਨੂੰ ਪੁਛਣ ਲਗੇ ਕਿ ਤੇਰੀ ਕੀ ਡਿਊਟੀ ਹੈ? ਉਹ ਕਹਿਣ ਲਗਾ ਕਿ ਮੈਂ ਕੰਪਾਊਂਡਰ ਹਾਂ। ਉਸ ਨੂੰ ਪੁਛਿਆ ਗਿਆ ਕਿ ਡਾਕਟਰ ਸਾਹਿਬ ਕਿਥੇ ਹਨ? ਕੰਪਾਊਂਡਰ ਨੇ ਕਿਹਾ ਕਿ

Original with;
Punjab Vidhan Sabha
Digitized by;
Panj

[ਕਾਮਰੇਡ ਬੂਟਾ ਸਿੰਘ]

ਡਾਕਟਰ ਸਾਹਿਬ ਕਦੇ ਕਦੇ ਆਉਂਦੇ ਹਨ। ਫਿਰ ਉਸ ਨੂੰ ਪੁਛਿਆ ਗਿਆ ਕਿ ਹੁਣ ਕਦੋਂ ਆਏ ਸੀ ? ਉਹ ਕਹਿਣ ਲਗਾ ਕਿ ਕੋਈ ਇਕ ਹਫਤਾ ਹੋ ਗਿਆ ਹੈ ਉਦੋਂ ਆਏ ਸੀ। ਉਸ ਤੋਂ ਪੁੱਛਿਆ ਗਿਆ ਕਿ ਤੂੰ ਕੰਪਾਊਂਡਰੀ ਕਿਥੋਂ ਪਾਸ ਕੀਤੀ ਹੈ? ਉਹ ਕਹਿਣ ਲਗਾ ਕਿ ਹਿਮਾਚਲ ਪ੍ਰਦੇਸ਼ ਤੋਂ ਸਰਟੀਫੀਕੇਟ ਬਣਨ ਲਈ ਗਿਆ ਹੋਇਆ ਹੈ ਅੱਜ ਅਜੇ ਤਕ ਬਣ ਕੇ ਨਹੀਂ ਆਇਆ। ਇਸ ਤਰ੍ਹਾਂ ਏ. ਡੀ. ਸੀ. ਸਾਹਿਬ ਨੇ ਆ ਕੇ ਆਪਣੀ ਰਿਪੋਰਟ ਐਡਵਾਇਜ਼ਰੀ ਕਮੇਟੀ ਨੂੰ ਦਿੱਤੀ ਕਿ ਜਿਹੜੀ ਜ਼ਮੀਨ ਦਵਾਈ ਖਾਨੇ ਦੇ ਨਾਮ ਉਤੇ ਹੈ ਉਹ ਸਾਰੀ ਦੀ ਸਾਰੀ ਇੰਤਕਾਲ ਕੀਤੀ ਹੋਈ ਹੈ। ਅਸੀਂ ਡੀ. ਸੀ. ਸਾਹਿਬ ਨੂੰ ਮੀਟਿੰਗ ਵਿਚ ਪੁਛਿਆ ਕਿ ਉਸ ਦਾ ਕੀ ਬਣਿਆ ? ਉਨ੍ਹਾਂ ਨੇ ਕਿਹਾ ਕਿ ਇਸ ਸਬੰਧ ਵਿਚ ਲੀਗਲ ਐਡਵਾਈਜ਼ਰ ਨੂੰ ਪੁੱਛਾਂਗੇ ਕਿ ਇਸ ਦਾ ਕੀ ਹੋ ਸਕਦਾ ਹੈ। ਉਹ ਕਮੇਟੀ ਖਤਮ ਹੋ ਗਈ ਪਰ ਉਹ ਡਰਾਮਾ ਉਸੇ ਤਰ੍ਹਾਂ ਕਾਇਮ ਹੈ। ਕਾਗਜ਼ਾਂ ਵਿਚ ਉਹ ਦਵਾਈ ਖਾਨਾ ਚਲ ਰਿਹਾ ਹੈ ਅੱਤੇ ਅਸਲ ਵਿਚ ਉਥੇ ਇੱਕ ਪੈਸੇ ਦੀ ਦਵਾਈ ਨਹੀਂ ਜਾਂਦੀ।

ਦੂਸਰੀ ਮਿਸਾਲ ਮੈਂ ਲਾਅ ਐਂਡ ਆਰਡਰ ਦੇ ਸਬੰਧ ਵਿਚ ਦੇਣੀ ਚਾਹੁੰਦਾ ਹਾਂ। ਮੇਰੇ ਹਲਕੇ ਵਿੱਚ ਇੱਕ ਝਗੜਾ ਹੈ। ਸੁਪਰੀਮ ਕੋਰਟ ਨੇ ਫੈਸਲਾ ਕਰ ਦਿੱਤਾ, ਮਹਿਕਮਾ ਨਹਿਰ ਦੇ ਅੱਤੇ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ। ਜਦੋਂ ਪਿੰਡ ਵਾਲੇ ਲੋਕ ਐਸ. ਐਚ. ਓ. ਗੁਰਮੇਲ ਸਿੰਘ ਕੋਲ ਗਏ ਕਿ ਸੁਪਰੀਮ ਕੋਰਟ ਨੇ ਫੈਸਲਾ ਕਰ ਦਿੱਤਾ ਹੈ ਤਾਂ ਉਸ ਨੇ ਕਿਹਾ ਕਿ ਕਿਰਪਾਲ ਸਿੰਘ ਨੂੰ ਲੈ ਕੇ ਆਉ ਤਾਂ ਫੈਸਲੇ ਤੇ ਅਮਲ ਹੋਵੇਗਾ। (ਵਿਘਨ)

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ ਜਿਹੜਾ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਵੇ, ਉਸ ਦਾ ਨਾਂ ਨਹੀਂ ਲੈਣਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ : ਕਾਮਰੇਡ ਬੂਟਾ ਸਿੰਘ ਜੀ, ਨਾਂ ਨਾ ਲਉ।

ਕਾਮਰੇਡ ਬੂਟਾ ਸਿੰਘ : ਛੋਟੇ ਕਿਸਾਨ ਦੀ ਅੱਜ ਸਾਡੇ ਪੰਜਾਬ ਵਿਚ ਕੀ ਹਾਲਤ ਹੈ ? ਇਹ ਛੋਟੇ ਕਿਸਾਨ ਖੇਤ ਮਜ਼ਦੂਰ ਬਣਨ ਵਾਲੇ ਪਾਸੇ ਜਾ ਰਹੇ ਹਨ। ਇਨ੍ਹਾਂ ਦੇ ਬਿਆਨਾਂ ਨਾਲ ਅਖਬਾਰ ਭਰੇ ਹੋਏ ਹਨ ਕਿ ਇਹ ਕੰਮ ਕਰ ਰਹੇ ਹਨ ਉਹ ਕੰਮ ਕਰ ਰਹੇ ਹਨ ਪਰ ਇਸ ਪੰਜਾਬ ਦੇ ਕਿਸਾਨ ਵਾਸਤੇ, ਉਸ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਵਾਸਤੇ ਤੁਸੀਂ ਕੀ ਕਰ ਰਹੇ ਹੋ ? ਐਸਾ ਬਜਟ ਚਾਹੀਦਾ ਹੈ ਜਿਹੜਾ ਸਮਾਲ ਕਿਸਾਨ ਵਾਸਤੇ ਫਾਇਦੇ ਵਾਲਾ ਹੋਵੇ (ਵਿਘਨ) ਜਿਹੜਾ ਛੋਟਾ ਕਿਸਾਨ ਹੈ, ਦੋ-ਦੋ, ਚਾਰ-ਚਾਰ ਏਕੜ ਵਾਲਾ ਉਸ ਦੀ ਮਦਦ ਵਾਸਤੇ ਇਸ ਬਜਟ ਵਿਚ ਕੀ ਰਖਿਆ ਹੈ? ਕੁਝ ਵੀ ਨਹੀਂ ਸਾਡਾ ਜ਼ਿਲ੍ਹਾ ਬਹੁਤ ਪੱਛੜਿਆ ਹੋਇਆ ਹੈ, ਇਸ ਦੇ ਵਾਸਤੇ ਧਿਆਨ ਦੇਣਾ ਚਾਹੀਦਾ ਹੈ।

ਹੁਣ ਮੈਂ ਪੱਕੇ ਖਾਲਾਂ ਵਾਲਿਆਂ ਦੀਆਂ ਗ੍ਰਿਫਤਾਰੀਆਂ ਦੀ ਗਲ ਕਰਨਾ ਚਾਹੁੰਦਾ ਹਾਂ। ਇੱਕ ਪਾਸੇ ਕਿਸਾਨ ਦੀ ਜੇਬ ਪੈਟ੍ਰੋਲ ਪੰਪ ਦੀ ਦੁਕਾਨ ਤੇ ਕੁਤਰੀ ਜਾਂਦੀ ਹੈ ਦੂਜੇ ਪਾਸੇ ਖਾਦ ਉਨ੍ਹਾਂ ਦੇ ਖੇਤਾਂ ਵਿਚ ਪਹੁੰਚਦੀ ਨਹੀਂ ਹੈ, ਜੇ ਪਹੁੰਚਦੀ ਹੈ ਤਾਂ ਮਿਲਾਵਟ ਕਰਕੇ ਠੱਗੀ ਮਾਰੀ ਹੋਈ ਹੁੰਦੀ ਹੈ। ਪਿਛਲੇ ਦਿਨਾਂ ਦੀ ਗਲ ਹੈ, ਮੈਂ ਆਪਣੇ ਹਲਕੇ ਦੇ ਪਿੰਡ ਗੱਜਦੀ ਗਿਆ ਉਨ੍ਹਾਂ ਦਾ ਖਾਲ ਬਹਿ ਗਿਆ ਸੀ ਕਿਉਂਕਿ ਉਹ ਚੰਗੀ ਤਰ੍ਹਾਂ ਨਾਲ ਨਹੀਂ ਬਣਾਇਆ ਹੋਇਆ ਸੀ ! ਮੈਂ ਐਕਸ. ਈ. ਐਨ. ਕੋਲ ਗਿਆ ਕਿ ਇਸ ਦਾ ਪ੍ਰਬੰਧ ਕਰੋ। (ਵਿਘਨ) ਪਰ ਅੱਜ ਤੱਕ ਕਿਸੇ ਦੇ ਕੰਨ ਤੇ ਜੂੰ ਤੱਕ ਨਹੀਂ ਸਰਕੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਤਰਮੀਮ ਕੀਤੀ ਸੀ ਇਹ ਕਿਹੜੀ ਸਰਕਾਰ ਨੇ ਕੀਤੀ ਸੀ ?

ਕਾਮਰੇਡ ਬੂਟਾ ਸਿੰਘ : ਖਾਲਾਂ ਠੀਕ ਨਾ ਬਣਨ ਕਰਕੇ ਫਸਲਾਂ ਸੁੱਕ ਜਾਂਦੀਆਂ ਹਨ। ਉਸ ਦਾ ਕਿਸੇ ਨੂੰ ਫਿਕਰ ਨਹੀ ਹੈ (ਵਿਘਨ) ਇਥੇ ਕੁਝ ਮਿਸਾਲਾਂ ਦੇ ਕੇ ਦਸਿਆ ਹੈ ਪਿਛਲੀ ਸਰਕਾਰ ਨੇ ਜਿਹੜੇ 25 ਬੈਡਜ਼ ਦੇ ਹਸਪਤਾਲ ਬਣਾਏ ਸੀ, ਜਿਸ ਤਰ੍ਹਾਂ ਮੇਰੇ ਹਲਕੇ ਵਿਚ ਭਿੱਖੀਵਿੰਡ ਹੈ, ਉਥੇ ਵੀ 25 ਬੈਡਜ਼ ਦਾ ਹਸਪਤਾਲ ਬਣਿਆ ਸੀ, ਪਰ ਉਥੇ ਦੇ ਮੁਲਾਜ਼ਮਾਂ ਨੂੰ ਕਈ ਕਈ ਮਹੀਨੇ ਤਨਖਾਹ ਨਹੀਂ ਮਿਲਦੀ। ਇਸ ਦਾ ਮਤਲਬ ਇਹ ਹੈ ਕਿ ਇਹ ਸਰਕਾਰ ਇਨ੍ਹਾਂ ਹਸਪਤਾਲਾਂ ਨੂੰ ਬੰਦ ਕਰਨਾ ਚਾਹੁੰਦੀ ਹੈ। (ਵਿਘਨ) ਸਪੀਕਰ ਸਾਹਿਬ, ਮੇਰੇ ਕੋਲ ਵਕਤ ਨਹੀਂ ਹੈ, ਜੇ ਟਾਈਮ ਹੁੰਦਾ ਤਾਂ ਮੈਂ ਹੋਰ ਮਿਸਾਲਾਂ ਦਿੰਦਾ। (ਵਿਘਨ) ਮੁਲਾਜ਼ਮਾਂ ਵਿਚ ਇਹ ਡਰ ਫੈਲ ਰਿਹਾ ਹੈ ਕਿ ਸ਼ਾਇਦ ਸਰਕਾਰ ਇਸ ਸਕੀਮ ਨੂੰ ਤਿਆਗ ਰਹੀ ਹੈ।

ਸ਼੍ਰੀ ਸਪੀਕਰ : ਤੁਹਾਡੀ ਪਾਰਟੀ ਦਾ ਟਾਈਮ ਖਤਮ ਹੋ ਗਿਆ ਹੈ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਮੈਂ ਹੁਣ ਇਕ ਜ਼ਰੂਰੀ ਗੱਲ ਦੱਸਣਾ ਚਾਹੁੰਦਾ ਹਾਂ। ਜਿਸ ਨੂੰ ਮੈਂ ਦੱਸੇ ਬਗੈਰ ਨਹੀਂ ਰਹਿ ਸਕਦਾ। ਫਸਲਾਂ ਦੇ ਬੀਮੇ ਦੀ ਸਕੀਮ ਸ਼ੁਰੂ ਕਰਨੀ ਚਾਹੀਦੀ ਹੈ ਜਦੋਂ ਇਹ ਸਰਕਾਰੀ ਬੈਂਚਾਂ ਤੇ ਬੈਠਣ ਵਾਲੇ ਲੋਕ ਆਪੋਜ਼ੀਸ਼ਨ ਵਿਚ ਹੁੰਦੇ ਸਨ ਤਾਂ ਇਹ ਕਹਿਦੇ ਹੁੰਦੇ ਸਨ ਕਿ ਫਸਲਾਂ ਦੇ ਬੀਮੇ ਦੀ ਸਕੀਮ ਸ਼ੁਰੂ ਕੀਤੀ ਜਾਵੇ। ਤੁਹਾਨੂੰ ਪਤਾ ਹੈ ਕਿ ਸਾਡੇ ਸੂਬੇ ਵਿਚ ਹੜ੍ਹਾਂ ਨਾਲ, ਸੋਕੇ ਨਾਲ ਅਤੇ ਗੜ੍ਹੇ ਪੈਣ ਨਾਲ ਫਸਲਾਂ ਮਾਰੀਆਂ ਜਾਂਦੀਆਂ ਹਨ। ਇਸ ਲਈ ਇਨ੍ਹਾਂ ਦਾ ਇਕੋ ਇਕ ਹੱਲ ਇਹ ਹੈ ਕਿ ਫਸਲਾਂ ਦੇ ਬੀਮੇ ਦੀ ਸਕੀਮ ਸ਼ੁਰੂ ਕੀਤੀ ਜਾਵੇ। ਸਪੀਕਰ ਸਾਹਿਬ, ਮੈਂ, ਤੁਹਾਡੇ ਰਾਹੀਂ, ਸਰਕਾਰ ਨੂੰ ਕਹਾਂਗਾ ਕਿ ਜੇ ਇਨ੍ਹਾਂ ਨੇ ਕਿਸਾਨ ਦੀ ਮੱਦਦ ਕਰਨੀ ਹੈ ਤਾਂ ਇਸ ਪਾਸੇ ਜ਼ਰੂਰ ਧਿਆਨ ਦਿਤਾ ਜਾਵੇ। ਇਤਨਾ ਕੁਝ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਭਗਵਾਨ ਦਾਸ (ਕੋਟ ਕਪੂਰਾ) : ਸਪੀਕਰ ਸਾਹਿਬ, ਡਾਕਟਰ ਕੇਵਲ ਕ੍ਰਿਸ਼ਨ, ਖਜ਼ਾਨਾ ਮੰਤਰੀ ਜੀ ਨੇ ਇਹ ਜਿਹੜਾ ਬੱਜਟ ਪੇਸ਼ ਕੀਤਾ ਹੈ ਇਹ ਲੋਕਾਂ ਦੀਆਂ ਇਛਾਵਾਂ ਦੇ ਅਨੁਕੂਲ, ਕਿਸਾਨ ਭਰਾਵਾਂ ਹਰੀਜਨਾਂ, ਛੋਟੇ ਵਿਉਪਾਰੀਆਂ ਅਤੇ ਪਿੰਡਾਂ ਵਿਚ ਰਹਿਣ ਵਾਲੇ ਛੋਟੇ ਦੁਕਾਨਦਾਰਾਂ ਦੀਆਂ ਇਛਾਵਾਂ ਦੇ ਮੁਤਾਬਿਕ ਪੇਸ਼ ਕੀਤਾ ਹੈ। ਇਸ ਗੱਲ ਦੀ ਇਹ ਚੀਜ਼ ਵੀ ਗਵਾਹ ਹੈ ਕਿ ਜਿਸ ਦਿਨ ਡਾਕਟਰ ਕੇਵਲ ਕ੍ਰਿਸ਼ਨ ਨੇ ਇਥੇ ਅਸੈਂਬਲੀ ਵਿਚ ਬਜਟ ਪੇਸ਼ ਕੀਤਾ ਸੀ ਉਸ ਤੋਂ ਅਗਲੇ ਦਿਨ ਬਾਰਿਸ਼ ਹੋਈ ਸੀ। (ਤਾੜੀਆਂ) ਸਾਡੇ ਸਾਹਮਣੇ ਬੈਠੇ ਵੀਰਾਂ ਨੇ ਜੋ 3 ਸਾਲ ਸਿੱਤਮ ਕੀਤਾ ਉਹ ਸਾਰਿਆਂ ਦੇ ਸਾਹਮਣੇ ਹੈ। ਮੀਂਹ ਪਾ ਕੇ ਪ੍ਰਮਾਤਮਾ ਨੇ ਭੀ ਬਜਟ ਤੇ ਵਧਾਈ ਦਿਤੀ ਹੈ।

Mr. Speaker : The House stands adjourned till 9.00 A.M. on Tuesday, the 15th July, 1980.

***5.30 P.M.** (*The Sabha then adjourned* till* 9.00*A.M. on Tuesday the* 15th *July*, 1980).

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATE

Dated the 14*th August*, 1980.

Vol. I No. 11

UNSTARRED QUESTION AND ANSWER

Breakdown/Accidents of Buses of the Pepsu Road Transport Corporation and Punjab Roadways

6. **Sardar Dalip Singh Pandhi :** Will the Chief Minister be pleased to state—

(a) the Vehicle-wise details of breakdowns and accidents of the buses of the Pepsu Road Transport Corporation and the Punjab Roadways during the period from 17th February, 1980 to-date ;

(b) the names of persons found at fault for the said breakdowns/accidents together with the details of punishments awarded to each ;

(c) the Vehicle-wise loss incurred together-with the names of persons killed in the said accidents and the amount of compensation paid in each case ;

(d) the steps being taken/proposed to be taken for bringing about improvements in the working of the said organisations so as to prevent the recurrence of such breakdowns/accidents ?

ਸਰਦਾਰ ਦਰਬਾਰਾ ਸਿੰਘ : (ੳ), (ਅ) ਅਤੇ (ਏ) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਰੋਡਵੇਜ਼ ਸਬੰਧੀ ਲੋੜੀਂਦੀ ਸੂਚਨਾ ਥਲੇ ਦਿਤੀ ਅਨੁਲੱਗਾਂ*/ਸਟੇਟਮੈਂਟਾਂ ਵਿੱਚ ਦਿੱਤੀ ਗਈ ਹੈ।

(ਸ) ਐਕਸੀਡੈਂਟਾਂ ਅਤੇ ਟੁੱਟਭੱਜ ਨੂੰ ਰੋਕਣ ਵਾਸਤੇ ਅਤੇ ਕੰਮ ਵਿੱਚ ਸੁਧਾਰ ਲਿਆਉਣ ਵਾਸਤੇ ਹੇਠਾਂ ਦਰਜ ਕਦਮ ਚੁੱਕੇ ਗਏ ਹਨ:—

(1) ਬੱਸਾਂ ਦੀ ਵੱਧ ਤੋਂ ਵੱਧ ਸਪੀਡ 70 ਕਿਲੋਮੀਟਰ ਪ੍ਰਤੀ ਘੰਟਾ ਤੱਕ ਕੰਟਰੋਲ ਵਿੱਚ ਰੱਖਣ ਲਈ ਬੱਸਾਂ ਦੇ ਵਿੱਚ ਸਪੀਡ ਗਵਰਨਰ ਲਾਏ ਗਏ ਹਨ।

(2) ਬੋਰਡ ਵਲੋਂ ਡਰਾਇਵਰਾਂ ਦੀ ਨਿਯੁਕਤੀ ਕਰਨ ਥਿਊਰੀ ਅਤੇ ਪ੍ਰੈਕਟੀਕਲ ਟੈਸਟ ਉਪਰੰਤ ਹੀ ਕੀਤੀ ਜਾਂਦੀ ਹੈ।

(3) ਵਰਕਸ਼ਾਪ ਵਿੱਚੋਂ ਗੱਡੀ ਬਾਹਰ ਕੱਢਣ ਤੋਂ ਪਹਿਲਾਂ ਕਿਸੇ ਜ਼ੁਮੇਂਵਾਰ ਕਰਮਚਾਰੀ ਵਲੋਂ ਉਸ ਦੇ ਸੜਕ ਤੇ ਚੱਲਣਯੋਗ ਹੋਣ ਬਾਰੇ ਫਿਟਨੈਸ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

---

*Placed in the Library.

Original with;
Punjab Vidhan Sabha
Digitized by;
Panjab Digital Library

(4) ਡਰਾਈਵਰਾਂ ਨੂੰ ਇੰਨ-ਸਰਵਿਸ ਟਰੇਨਿੰਗ ਦੇਣ ਹਿਤ ਐਸ. ਏ. ਐਸ. ਨਗਰ, ਮੁਹਾਲੀ ਵਿਖੇ ਇੱਕ ਡਰਾਇਵਰਜ਼ ਟਰੇਨਿੰਗ ਸਕੂਲ ਖੋਲ੍ਹਿਆ ਗਿਆ ਹੈ।

(5) ਡਰਾਈਵਰਾਂ ਦੇ ਡਿਊਟੀ ਦੇਣ ਯੋਗ ਹੋਣ ਸਬੰਧੀ ਉਨ੍ਹਾਂ ਦਾ ਹਰ ਸਾਲ ਮੈਡੀਕਲ ਟੈਸਟ ਲਿਆ ਜਾਂਦਾ ਹੈ।

(6) ਡਰਾਈਵਰਾਂ ਵਲੋਂ ਗੱਡੀ ਸਹੀ ਢੰਗ ਨਾਲ ਚਲਾਏ ਜਾਣ ਵਾਸਤੇ ਉਤਸਾਹਿਤ ਕਰਨ ਹਿੱਤ ਇੱਕ ਇਨਸੈਂਟਿਵ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ।

(7) ਜਿਥੇ ਕਿਤੇ ਯੋਗ ਵਰਕਸ਼ਾਪਾਂ ਅਜੇ ਨਹੀਂ ਬਣੀਆਂ ਉਥੇ ਉਨ੍ਹਾਂ ਦੇ ਬਣਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਵਰਕਸ਼ਾਪਾਂ ਵਿੱਚ ਬੱਸਾਂ ਦੀ ਮੁਰੰਮਤ ਵਾਸਤੇ ਲੋੜੀਂਦੀ ਬੇਸਿਕ ਮਸ਼ੀਨਰੀ ਨੂੰ ਪ੍ਰਾਪਤ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ।


(8) ਐਸ. ਏ. ਐਸ. ਨਗਰ ਵਿਖੇ ਇੱਕ ਸੈਂਟਰਲ ਵਰਕਸ਼ਾਪ ਬਣਾਈ ਜਾ ਰਹੀ ਹੈ।

(9) ਜਨਰਲ ਮੈਨੇਜਰਾਂ ਨੂੰ ਸਖਤ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਕੇਵਲ ਉਨ੍ਹਾਂ ਡਰਾਈਵਰਾਂ ਨੂੰ ਪਹਾੜੀ ਰੂਟਾਂ ਤੇ ਭੇਜਣ ਜਿਨ੍ਹਾਂ ਦੇ ਲਾਇਸੈਂਸ ਤੇ ਪਹਾੜੀ ਇਲਾਕੇ ਦੀ ਡਰਾਇਵਿੰਗ ਬਾਰੇ ਦਰਜ ਹੈ।

43283/PVS— Govt. Press, Chd.

Original with;
Punjab Vidhan Sabha
Digitized by;
Panjab Digital Library

Original with
Punjab Vidhan Sabha
Digitized by:
Panjab Digital Library



(C) 1980

Published under the authority of the Punjab Vidhan Sabha and printed by the Controller Government Press, Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

15th July, 1980

Vol. I—No. 12

OFFICIAL REPORT

CONTENTS

Tuesday, the 15th July, 1980

	Page
Postponed Starred Questions and Answers	(12) 1
Starred Questions and Answers	(12) 23
Written Answers to Starred Questions laid on the Table of the House under Rule 38	(12) 31
Announcement by the Speaker	(12) 32
Points of Order *re.* Adjournment Motion	(12) 32
Walk-out(s)	(12) 34
Call Attention Notices under Rule 66	(12) 34
Resumption of General Discussion on the Budget Estimates for the year 1980-81	(12) 39
Raising of Slogans and throwing of Leaflets by a stranger from the Speaker's Gallery	(12) 46

Punjab Vidhan Sabha Secretariat, Chandigarh.

Price : Rs. 26-00 P.

Original with;
Punjab Vidhan Sabha
Digitized by;
Panjab Digital Library

	Page
General Discussion on the Budget Estimates for the year 1980-81 (*Resumption*) ..	(12) 46
Raising of Slogans and throwing of Leaflets by a stranger from the Speaker's Gallery (*Resumption*) ..	(12) 77
General Discussion on the Budget Estimates for the year 1980-81 (*Resumption*) ..	(12) 77

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Tuesday, the 15th July, 1980

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

POSTPONED STARRED QUESTIONS AND ANSWERS

Mr. Speaker : The House will first take up the list of Postponed Starred Questions and thereafter regular list of Starred Questions will be taken up.

Health Centres and Hospitals in Verka Assembly Constituency

*4. **Comrade Sohan Singh**
Comrade Raj Kumar } Will the Minister for Heatlh and Family Welfare be pleased to state—

(a) the details of Health Centres and Hospitals in the Verka Assembly Constituency at present ;

(b) the total expenditure incurred on medicines for each of the said Health Centres and Dispensaries during the years 1978-79 and 1979-80 togetherwith the expenditure per patient, year-wise ;

(c) whether there is any proposal under the consideration of the Government to raise the budget for medicines in view of the rise in the cost of medicines and the need to provide more medicines to the patients; if so, the details thereof ?

Shri Sardari Lal Kapoor : (a) and (b) The requisite information is laid on the Table of the House.

(c) The question of increasing the budget for medicines is under consideration of the Government.

ANNEXURE

Sr. No.	Name of the Health Centres and Hospitals in the Verka Assembly Constituency	1978-79		1979-80	
		Total expenditure	Expenditure per patient	Total expenditure	Expenditure per patient
		Rs.	Rs.	Rs.	Rs.
1	Primary Health Centre, Verka ..	8,577·53	0·33	11,000·00	0·50
2	Primary Health Centre, Tarsikka ..	19,000·00	0·71	20,000·00	0·90

Original with;
Punjab Vidhan Sabha
Digitized by;
Panjab Digital Library

[Health Minister]

Sr.	Name of the Health Centres and Hospital in the Verka Assembly Constituency	1978-79 Total expenditure	1978-79 Expenditure per patient	1979-80 Total expenditure	1979-80 Expenditure per patient
		Rs.	Rs.	Rs.	Rs.
3	Subsidiary Health Centre, Meeran kot Kalan ..	8,426·00	1·17	9,000·00	0·50
4	Subsidiary Health Centre, Nizampura ..	9,000·00	1·00	9,000·00	1·61
5	Subsidiary Health Centre, Chhajalwadi ..	9,000·00	0·82	9,000·00	0·90
6	Subsidiary Health Centre, Mudhal	..	..	5,000·00	0·76
7	Subsidiary Health Centre, Fatehgarh Shukarchak ..	..	..	5,000·00	0·80
8	Subsidiary Health Centre, Gill ..	..	..	8,426·00	1·00
9	Subsidiary Health Centre, Bhilowal	..	..	8,426·00	1·40

Note.—Subsidiary Health Centres from Serial Nos. 6 to 9 were opened during the year 1979-80.

ਕਾਮਰੇਡ ਰਾਜ ਕੁਮਾਰ : ਸਰ, ਇੱਥੇ ਇਨ੍ਹਾਂ ਨੇ ਹੈਲਥ ਸੈਂਟਰਾਂ ਦਾ ਜ਼ਿਕਰ ਕੀਤਾ ਹੈ ਔਰ ਉਨ੍ਹਾਂ ਤੇ ਜੋ ਐਕਸਪੈਂਡੀਚਰ ਹੁੰਦਾ ਹੈ ਉਹ ਵੀ ਦੱਸਿਆ ਹੈ ਅਤੇ ਪਰ ਪੇਸ਼ੈਂਟ ਤੇ ਜੋ ਖਰਚ ਹੁੰਦਾ ਹੈ ਉਹ ਇਸ ਤਰ੍ਹਾਂ ਦੱਸਿਆ ਹੈ ਕਿ ਵੇਰਕਾ ਵਿਚ 33 ਪੈਸੇ ਪਰ ਪੇਸ਼ੈਂਟ, ਤਰਸਿਕਾ ਵਿਚ 71 ਪੈਸੇ ਪਰ ਪੇਸ਼ੈਂਟ, ਮੀਰਾਂਕੋਟ ਕਲਾਂ ਵਿਚ 1 ਰੁਪਏ 17 ਪੈਸੇ ਪਰ ਪੇਸ਼ੈਂਟ ਔਰ ਨਿਜ਼ਾਮਪੁਰ ਵਿਚ 1 ਰੁਪਿਆ ਅਤੇ ਛੱਜਲਵਡੀ ਵਿਚ 82 ਪੈਸੇ ਪਰ ਪੇਸ਼ੈਂਟ ਖਰਚ ਇਨ੍ਹਾਂ ਨੇ ਦੱਸਿਆ ਹੈ। ਸਪੀਕਰ ਸਾਹਿਬ, ਪਰ ਪੇਸ਼ੈਂਟ ਜੋ ਖਰਚ ਦੱਸਿਆ ਗਿਆ ਹੈ ਹੈਲਥ ਸੈਂਟਰਾਂ ਵਿਚ ਉਹ ਇਸ ਵੱਧ ਰਹੀ ਮਹਿੰਗਾਈ ਦੇ ਮੁਕਾਬਲੇ ਵਿਚ ਬਹੁਤ ਥੋੜ੍ਹਾ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਆਇਆ ਜਿਹੜੀ ਮੌਜੂਦਾ ਮਹਿੰਗਾਈ 20% ਤੋਂ ਵੀ ਵਧ ਗਈ ਹੈ, ਉਸ ਨੂੰ ਮੁੱਖ ਰੱਖ ਕੇ ਇਹ ਫਿਗਰਜ਼ ਦਿੱਤੀਆਂ ਗਈਆਂ ਹਨ ਜਾਂ ਇਹ ਪੁਰਾਣੇ ਰੇਟਸ ਹਨ ? ਜੇ ਇਹ ਪੁਰਾਣੇ ਰੇਟਸ ਹਨ, ਤਾਂ ਕੀ ਇਸ ਮਹਿੰਗਾਈ ਨੂੰ ਮੁੱਖ ਰੱਖ ਕੇ ਪ੍ਰਤੀ ਜੀਅ ਐਕਸਪੈਂਡੀਚਰ ਨੂੰ ਸਟੈਪ ਅੱਪ ਕਰਨਗੇ ਅਤੇ ਉਸ ਦੇ ਮੁਤਾਬਿਕ ਬਜਟ ਵਿਚ ਕੋਈ ਪ੍ਰੋਵੀਜ਼ਨ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਇਨਫਰਮੇਸ਼ਨ ਦਿੱਤੀ ਗਈ ਹੈ ਇਹ ਪੁਰਾਣੇ ਰੇਟਸ ਦੀ ਦਿੱਤੀ ਗਈ ਹੈ। ਨਵੀਂ ਜਿਹੜੀ ਹੋਵੇਗੀ ਉਹ ਅਸੀਂ ਸੋਧ ਕੇ ਬਣਾਵਾਂਗੇ। ਜਿਥੇ ਪੇਸ਼ੈਂਟ ਜ਼ਿਆਦਾ ਹੁੰਦੇ ਹਨ ਉਥੇ ਐਕਸਪੈਂਡੀਚਰ ਪਰ ਪੇਸ਼ੈਂਟ ਘੱਟ ਹੁੰਦਾ ਹੈ ਅਤੇ ਜਿਥੇ ਪੇਸ਼ੈਂਟ ਥੋੜ੍ਹੇ ਹੁੰਦੇ ਹਨ ਉਥੇ ਪਰ ਪੇਸ਼ੈਂਟ ਜ਼ਿਆਦਾ ਖਰਚ ਹੁੰਦਾ ਹੈ। ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਰ ਪੇਸ਼ੈਂਟ ਖਰਚਾ ਜਿਹੜਾ ਹੈ ਉਹ ਸੋਧ ਕੇ ਲਾਜ਼ਮੀ ਤੌਰ ਤੇ ਬਜਟ ਪ੍ਰੋਵੀਜ਼ਨ ਵਧਾਇਆ ਜਾਵੇਗਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਸੀ ਕਿ ਇਹ ਗੱਲ ਸਪੱਸ਼ਟ ਹੈ ਕਿ ਮਹਿੰਗਾਈ 20% ਤੋਂ ਵੀ ਵੱਧ ਗਈ ਹੈ ਅਤੇ ਉਸ ਦੇ ਮੁਤਾਬਕ ਮੈਂ

Original with;
Punjab Vidhan Sabha
Digitized by;
Panjab Digital Library

ਸਪੈਸਿਫਿਕ ਸਵਾਲ ਪੁੱਛਿਆ ਸੀ ਕਿ ਕੀ ਮਹਿੰਗਾਈ ਨੂੰ ਮੁੱਖ ਰੱਖ ਕੇ ਬਜਟ ਵਿਚ ਜ਼ਿਆਦਾ ਪ੍ਰੋਵੀਜ਼ਨ ਕੀਤਾ ਜਾਵੇਗਾ ?

ਮੰਤਰੀ : ਤੁਹਾਡੀ ਗਲ ਠੀਕ ਹੈ, ਉਸ ਦੇ ਮੁਤਾਬਿਕ ਹੀ ਕੀਤਾ ਜਾਵੇਗਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜਵਾਬ ਵਿਚ ਦੱਸਿਆ ਗਿਆ ਹੈ ਕਿ ਬਜਟ ਵਿਚ ਦਵਾਈਆਂ ਲਈ ਜ਼ਿਆਦਾ ਉਪਬੰਧ ਕਰਨ ਦਾ ਸਵਾਲ ਸਰਕਾਰ ਦੇ ਵਿਚਾਰ ਅਧੀਨ ਹੈ। ਪਿਛੇ ਜਿਹੇ ਇਕ ਸਰਵੇ ਹੋਇਆ ਸੀ ਜਿਸ ਦੇ ਰਾਹੀਂ ਪਤਾ ਲਗਿਆ ਕਿ 14 ਪੈਸੇ ਪ੍ਰਤੀ ਜੀਅ ਦੇ ਹਿਸਾਬ ਨਾਲ ਪੰਜਾਬ ਸਰਕਾਰ ਪੇਸ਼ੈਂਟਸ ਨੂੰ ਦਵਾਈਆਂ ਦਿੰਦੀ ਹੈ। ਕੀ ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕਿ ਬਿਮਾਰੀਆਂ ਬਹੁਤ ਵੱਧ ਗਈਆਂ ਹਨ, ਇਹ ਠੀਕ ਹੈ ਕਿ ਲੋਕ ਵੀ ਬਹੁਤ ਮਰਦੇ ਹਨ ਅਤੇ ਡਾਕਟਰ ਵੀ ਵੱਧ ਤਨਖਾਹਾਂ ਮੰਗਦੇ ਹਨ ਅਤੇ ਕਈ ਖਾਂਦੇ ਪੀਂਦੇ ਲੋਕ ਵੀ ਗਲਤ ਐਫੀਡੈਵਿਟਸ ਦੇ ਕੇ ਹੈਲਥ ਫੈਸਿਲਿਟੀਜ਼ ਫਰੀ ਅਵੇਲ ਕਰਦੇ ਹਨ; ਦਵਾਈਆਂ ਜਿਹੜੀਆਂ ਹਨ, ਉਹ ਹਸਪਤਾਲਾਂ ਜਾਂ ਡਿਸਪੈਂਸਰੀਆਂ ਵਿਚ ਬਹੁਤ ਘੱਟ ਹਨ .... (ਵਿਘਨ)

ਸ਼੍ਰੀ ਸਪੀਕਰ : ਤੁਸੀਂ ਸਪੈਸਿਫਿਕ ਸਵਾਲ ਪੁੱਛੋ। Be brief please.

ਸਰਦਾਰ ਦਲੀਪ ਸਿੰਘ ਪਾਂਧੀ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 14 ਪੈਸੇ ਪ੍ਰਤੀ ਜੀਅ ਦਵਾਈਆਂ ਵਾਸਤੇ ਖਰਚ ਕੀਤਾ ਜਾਂਦਾ ਹੈ, ਕੀ ਇਹ ਖਰਚਾ ਹੋਰ ਵਧਾਉਣਗੇ ?

ਮੰਤਰੀ : ਮੈਂ ਪਹਿਲਾਂ ਹੀ, ਸਪੀਕਰ ਸਾਹਿਬ, ਕਹਿ ਚੁੱਕਾ ਹਾਂ ਕਿ ਲਾਜ਼ਮੀ ਤੌਰ ਤੇ ਬਜਟ ਵਿਚ ਅੱਗੇ ਨਾਲੋਂ ਵੱਧ ਰਕਮ ਇਸ ਕੰਮ ਲਈ ਦਿੱਤੀ ਜਾਵੇਗੀ। ਜਿਹੜੇ ਪੇਸ਼ੈਂਟ ਹਨ ਉਨ੍ਹਾਂ ਨੂੰ ਦਵਾਈਆਂ ਲਈ ਵੀ ਅਤੇ ਰੋਟੀ ਆਦਿ ਲਈ ਵੀ ਹੋਰ ਜ਼ਿਆਦਾ ਸਹੂਲਤਾਂ ਮਿਲਣਗੀਆਂ।

ਕਾਮਰੇਡ ਸੋਹਣ ਸਿੰਘ : ਸਪੀਕਰ ਸਾਹਿਬ, ਜਿਹੜਾ ਮੈਂ ਸਵਾਲ ਕੀਤਾ ਹੈ ਉਸ ਦੇ ਜਵਾਬ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਵੇਰਕਾ ਦੇ ਵਿਚ ਜੋ ਹੈਲਥ ਸੈਂਟਰ ਹੈ, ਉਥੇ 33 ਪੈਸੇ ਮਰੀਜ਼ ਪ੍ਰਤੀ ਖਰਚ ਕੀਤਾ ਜਾਂਦਾ ਹੈ ਅਤੇ ਇਸੇ ਤਰ੍ਹਾਂ ਤਰਸਿਕਾ ਵਿਚ 71 ਪੈਸੇ, ਮੀਰਾਂਕੋਟ ਕਲਾਂ ਵਿਚ 1 ਰੁਪਏ 17 ਪੈਸੇ, ਨਿਜ਼ਾਮਪੁਰਾ ਵਿਚ 1 ਰੁਪਏ ਅਤੇ ਛੱਜਲਵਡੀ ਵਿਚ 82 ਪੈਸੇ ਮਰੀਜ਼ ਪ੍ਰਤੀ ਖਰਚ ਕੀਤਾ ਜਾਂਦਾ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਦੇ ਨਾਲ ਕੀ ਮਰੀਜ਼ ਦੀ ਹਾਲਤ ਇਤਨੇ ਖਰਚੇ ਨਾਲ ਠੀਕ ਹੋ ਸਕਦੀ ਹੈ ?

ਦੂਸਰਾ ਮਨਿਸਟਰ ਸਾਹਿਬ, ਇਹ ਵੀ ਦੱਸਣ ਦੀ ਕਿਰਪਾ ਕਰਨ ਕਿ ਹਸਪਤਾਲਾਂ ਦੇ ਵਿਚ ਜਿਹੜੀਆਂ ਦਵਾਈਆਂ ਆਉਂਦੀਆਂ ਹਨ, ਉਹ ਬਾਹਰ ਵੇਚ ਕੇ ਉਨ੍ਹਾਂ ਵਿਚ ਬਲੈਕ ਕੀਤੀ ਜਾਂਦੀ ਹੈ; ਕੀ ਸਰਕਾਰ ਉਨ੍ਹਾਂ ਦਵਾਈਆਂ ਤੇ ਆਪਣੀ ਕੋਈ ਮੋਹਰ ਲਾ ਕੇ ਹਸਪਤਾਲਾਂ ਜਾਂ ਡਿਸਪੈਂਸਰੀਆਂ ਵਿਚ ਦਵਾਈਆਂ ਰੱਖਣ ਦਾ ਯਤਨ ਕਰੇਗੀ ਤਾਕਿ ਇਨ੍ਹਾਂ ਦੀ ਬਲੈਕ ਰੁਕ ਸਕੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਦਵਾਈਆਂ ਆਉਂਦੀਆਂ ਹਨ ਉਨ੍ਹਾਂ ਤੇ ਮੋਹਰਾਂ ਅੱਗੇ ਵੀ ਲਗਦੀਆਂ ਹਨ। ਮੈਂ ਇਹ ਨਹੀਂ ਕਹਿ ਸਕਦਾ ਕਿ ਉਹ ਦਵਾਈਆਂ ਬਾਹਰ ਨਹੀਂ ਵਿਕਦੀਆਂ ਹੋਣਗੀਆਂ, ਹੋ ਸਕਦਾ ਹੈ ਕਿ ਵਿਕਦੀਆਂ ਹੋਣ। ਇਸ ਦੇ ਲਈ ਹੋਰ ਜ਼ਿਆਦਾ ਧਿਆਨ ਰੱਖਣ ਦੀ ਲੋੜ ਪਵੇਗੀ ਅਤੇ ਹੁਣ ਇਨ੍ਹਾਂ ਨੂੰ ਬਾਹਰ ਵਿਕਣ ਨਾ ਦੇਣ ਲਈ ਕੋਸ਼ਿਸ਼ ਕਰਾਂਗੇ।

ਦੂਸਰਾ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਮਰੀਜ਼ ਪ੍ਰਤੀ ਖਰਚਾ ਘੱਟ ਹੈ, ਉਸ ਦੇ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਅਗੇ ਲਈ ਪੈਸਾ ਜ਼ਿਆਦਾ ਰਖਾਂਗੇ ਅਤੇ ਬਜਟ ਵਿਚ ਪ੍ਰੋਵੀਜ਼ਨ ਜ਼ਿਆਦਾ ਕਰਾਂਗੇ।

Original with;
Punjab Vidhan Sabha
Digitized by;
Panjab Digital Library

Bus Service to various villages in Balachaur Assembly Constituency, etc.

*2. **Master Dalip Chand :** Will the Chief Minister be pleased to state—

(a) the time by which a bus service to village Nighi which had been in operation during the last four or five years, but was abandoned some time back, is likely to be re-introduced ;

(b) whether a metalled road from Balachaur to village Takarla via Thopia, Kheebewal, Mansewal in Balachaur Assembly Constituency has since been completed ; if so, the time by which a bus service thereon is likely to be started in view of its urgency ;

(c) whether the road from Balachaur to Nurpur Bedi has since been completed ; if so, the time, by which a bus service thereon is likely to be started ;

(d) whether the Government propose to construct new bus stands at Rail Majra, Majra Jattan, Kathgarh Maur and Makowal Jabha on Rupar-Balachaur road in view of public demand therefor ?

ਸਰਦਾਰ ਦਰਬਾਰਾ ਸਿੰਘ : (ੳ) ਪਿੰਡ ਕਾਠਗੜ੍ਹ ਤਕ ਬੱਸ ਸੇਵਾ ਮਿਤੀ 1 ਜੁਲਾਈ, 1980 ਤੋਂ ਦੁਬਾਰਾ ਸ਼ੁਰੂ ਕਰ ਦਿੱਤੀ ਗਈ ਹੈ। ਇਸ ਦਾ ਵਾਧਾ ਨਿਗੀ ਪਿੰਡ ਤੱਕ ਬਰਸਾਤ ਦੇ ਮੌਸਮ ਤੋਂ ਬਾਅਦ ਜਦ ਕਿ ਸੜਕ ਬੱਸ ਚੱਲਣ ਦੇ ਯੋਗ ਹੋਵੇਗੀ ਕਰਨ ਦੀ ਤਜਵੀਜ਼ ਹੈ।

(ਅ) ਸੜਕ ਅਜੇ ਤੱਕ ਮੁਕੰਮਲ ਨਹੀਂ ਹੋਈ ਅਤੇ ਨਾ ਹੀ ਬਸ ਸੇਵਾ ਚਲਣ ਦੇ ਯੋਗ ਹੈ। ਬੱਸ ਸੇਵਾ ਸ਼ੁਰੂ ਕਰਨ ਬਾਰੇ ਉਦੋਂ ਵਿਚਾਰ ਕੀਤਾ ਜਾਵੇਗਾ ਜਦੋਂ ਇਹ ਸੜਕ ਮੁਕੰਮਲ ਹੋ ਜਾਵੇਗੀ।

(ਏ) ਸੜਕ ਮੁਕੰਮਲ ਹੋ ਚੁੱਕੀ ਹੈ ਪਰ ਬੱਸ ਸੇਵਾ ਬਰਸਾਤ ਅਤੇ ਰਸਤੇ ਵਿਚ ਚੋ ਹੋਣ ਕਾਰਨ ਚਾਲੂ ਨਹੀਂ ਕੀਤੀ ਗਈ। ਇਹ ਬਰਸਾਤ ਤੋਂ ਬਾਅਦ ਚਾਲੂ ਹੋਵੇਗੀ।

(ਸ) ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਅੱਡੇ ਤੋਂ ਬੱਸ ਸਟੈਂਡਾਂ ਦੀ ਉਸਾਰੀ ਦਾ ਕੰਮ ਸਬੰਧਤ ਸਥਾਨਕ ਸੰਸਥਾਵਾਂ, ਜਿਵੇਂ ਨਗਰ ਪਾਲਕਾਵਾਂ, ਪੰਚਾਇਤ ਸੰਮਤੀਆਂ ਅਤੇ ਗਰਾਮ ਪੰਚਾਇਤਾਂ ਕਰਨਗੀਆਂ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਾਰਟ 'ਏ' ਅਤੇ 'ਸੀ' ਦੀ ਮਨਜ਼ੂਰੀ ਦੇ ਦਿੱਤੀ ਹੈ, ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਪਿੰਡ ਨਿਗੀ ਨੂੰ ਬੱਸ ਦੁਬਾਰਾ ਚਲਾ ਦਿੱਤੀ ਹੈ ਅੌਰ ਬਲਾਚੌਰ ਤੋਂ ਨੂਰਪੁਰ ਤਕ ਜਿਹੜੀਆਂ ਬੱਸਾਂ 7-8 ਸਾਲ ਤੋਂ ਬੰਦ ਸਨ, ਉਨ੍ਹਾਂ ਨੂੰ ਬਰਸਾਤ ਤੋਂ ਬਾਅਦ ਚਲਾਉਣ ਦਾ ਵਾਇਦਾ ਕੀਤਾ ਹੈ। ਇਨ੍ਹਾਂ ਦਾ ਬਹੁਤ ਸ਼ੁਕਰੀਆ ਹੈ ਲੇਕਿਨ ਪਾਰਟ 'ਬੀ' ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ, ਜਿਸ ਦੇ ਬਾਰੇ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਦੱਸਿਆ ਹੈ ਕਿ ਸੜਕ ਮੁਕੰਮਲ ਨਹੀਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਬਲਾਚੌਰ ਤੋਂ ਪਿੰਡ ਟਕਾਰਲਾ ਤਕ ਸੜਕ ਬਿਲਕੁਲ ਮੁਕੰਮਲ ਹੈ। ਟਰੱਕ ਇਸ ਪਿੰਡ ਤੋਂ ਹੋ ਕੇ ਅਗਲੇ ਪਿੰਡਾਂ ਨੂੰ ਲੰਘਦੇ ਜਾਂਦੇ ਹਨ। ਇਸ ਸੜਕ ਤੇ ਕੋਈ ਪੁਲ ਬਣਾਉਣ ਦੀ ਵੀ ਜ਼ਰੂਰਤ ਨਹੀਂ ਹੈ। ਇਸ ਬੱਸ ਦੇ ਲਗਾਉਣ ਨਾਲ 10-12 ਪਿੰਡਾਂ ਦਾ ਫਾਇਦਾ ਹੋਵੇਗਾ। ਕੀ ਮੁੱਖ ਮੰਤਰੀ ਜੀ ਇਹ ਬੱਸ ਸਰਵਿਸ ਬਰਸਾਤ ਤੋਂ ਬਾਅਦ ਚਲਾਉਣ ਦਾ ਯਤਨ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬਰਸਾਤ ਤੋਂ ਬਾਅਦ ਸਾਡੇ ਵਿਚਾਰ ਗੌਚਰੇ ਹੈ ਅਤੇ ਬਰਸਾਤ ਤੋਂ ਬਾਅਦ ਇਸ ਦਾ ਧਿਆਨ ਰੱਖਿਆ ਜਾਵੇਗਾ।

Number of Buses on the Road

*8. **Comrade Raj Kumar**
Comrade Sohan Singh } : Will the Chief Minister be pleased to state—

(a) the number of passenger buses of the private owners, the Punjab Roadways and the PEPSU Road Transport Corporation on the road during the year 1977-78, 1978-79 and 1979-80 ;

(b) the total number of kilometers covered by each of the Government/Public Transport Undertaking/Private Companies during the period mentioned at (a) above, year-wise ;

(c) the amount of passenger-tax and road-tax/token-tax realised separately from each of the categories of the Government/Public Transport Undertakings/Private Transport Companies during the period mentioned in part (a) above, year-wise ;

(d) whether any arrears on account of the taxes, mentioned in part (c) above, are outstanding against any of the three categories of Transport Undertakings mentioned in part (a) above ; if so, the details thereof Government/Public Transport Undertakings/Company/Society-wise, year-wise and tax-wise.

ਸਰਦਾਰ ਦਰਬਾਰਾ ਸਿੰਘ : (ੳ) (ਅ) (ੲ) ਅਤੇ (ਸ) ਲੋੜੀਂਦੀ ਸੂਚਨਾ ਸਟੇਟਮੈਂਟ ਫਾਰਮ ਵਿੱਚ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

Original with: Punjab Vidhan Sabha
Digitized by: Panjab Digital Library

Abstract Statement Starred Assembly Question No. 8

Year		No. of Buses	Kilometres covered	Passenger tax realised (in rupees)	Passenger-tax in arrears (in rupees)	Motor Vehicles tax realised (in rupees)	Motor Vehicles tax in arrears cumulative at year end (in rupees)
	2	3	4	5	6	7	8
1977-78	Punjab Roadways ..	2,103	14,61,40,781	8,02,65,514·00	..	1,62,22,556·21	37,72,195·10
	PEPSU Road Transport Corpo ration ..	813	5,59,46,482	2,82,34,649.00	..	48,78,212·00	38,220·00
	ıivate Operators ..	1,604	10,96,83,595	6,22,71,722·00	2,14,447·52*	1,27,03,509·00	49,91,567·68*
1978-79	Punjab Roadways ..	2,271	15,71,04,813	8,46,38,908·00	..	2,50,62,175·00	41,69,788·10
	PEPSU Road Transport Corporation ..	830	6,63,89,645	3,39,49,827·00	61,501·65	52,27,161·00	39,29,041·00
	Private Operators ..	1,655	11,50,71,360	6,56,37,000·00	64,794·03*	1,85,20,461·00	36,63,086·00*
1979- 80	Punjab Roadways ..	1,878	15,70,28,412	8,51,95,509·00	26,775·25	2,61,78,310·00	41,19,925·10
	PEPSU Road Transport Corporation ..	898	7,74,29,484	4,09,33,432·00	..	56,50,487·50	65,56,204·00
	Private Operators ..	1,712	12,22,35,582	6,10,03,590·00	2,83,887·20*	1,94,37,465·00	41,95,400·00

*Break-up of the arrears/company wise/society-wise and year-wise is given in Appendix A and B.

APPENDIX 'A'

Statement showing the amount of Passenger-tax due from the Private Operators, Company-wise/Society-wise and Year-wise.

Sr. No.	Name of the Company/ Society	Amount of Passenger tax in arrears (In rupees) 1977-78	1978-79	1979-80
1	2	3	4	5
1	M/s The Jullundur Mahalaxmi Transport Society, Hoshiarpur ..	9,890·00	..	..
2	M/s. Victory P.H.M. Trpt. Co. Ltd., Hoshiarpur ..	5,242·00	..	..
3	Kartar Bus Service P. Ltd., Jullundur ..	..	6,720·00	12,500·00
4	Kanya Mahavidayala, Jullundur ..	..	..	26,268·20
5	Mintgomery Guru Nanak Public School, Jullundur ..	..	..	33,969·20
6	New Hamalya Tpt. Co., P. Ltd., Batala	..	..	42,214·00
7	Bhasin Bus Service, Jammu ..	..	..	4,745·00
8	Ranjit Roadways, Ludhiana ..	100·00	..	..
9	Guru Nanak Dev Tpt. Co., Regd., Rajkot ..	600·00	..	..
10	S.B.C. Co-op. Tpt. Society, Ludhiana ..	..	350·00	..
11	Deol Highways Bus Service, Ludhiana..	..	..	265·00
12	M/s. Manohar Singh Sethi Tpt. Co., Bhatinda ..	94,650·41	..	..
13	Patiala Tpt. Engg. Co., Rampura Phul	8,699·27	..	..
14	Janta Tpt. Co., Bhatinda ..	29,148·66	..	..
15	Bhatinda Tpt. Co., Bhatinda ..	9,000·00	..	..
16	Musafar Tpt. Co., Mansa ..	5,000·00	..	..
17	Hissar Distt. Tpt. Co., Hissar ..	8,000·00	..	..
18	Aggarwal Tpt. Co., Mansa ..	11,000·00	..	..
19	New Punjab Bus Service, Mansa ..	10,000·00	..	..
20	Deep Bus Service, Mansa ..	..	2,206·80	..
21	Mansbia Transport Co., Mansa ..	..	6,455·00	..
22	Milap Bus Service, Bhatinda ..	..	..	43,498·00
23	Patiala Bus Highways, Sirhind ..	295·30	..	..
24	Lehra Bus Service, Patran ..	243·80	..	1425·95

Original with;
Punjab Vidhan Sabha
Digitized by;
Panjab Digital Library

Sr. No.	Name of the Company/Society	Amount of passenger tax in arrears (In rupees) 1977-78	1978-79	1979-80
1	2	3	4	5
25	Bansal Bus Service, Samana ..	920·50	802·55	..
26	Patiala Bus Service, P. Ltd., Sirhind ..	2,000·00	2,271·35	2,500·00
27	Nirankar Bus Service, Patiala ..	555·15	..	2,348·00
28	Afgan Bus Service, Patiala ..	253·73	1,381·71	2,125·30
29	Jassal Tpt. Co., Patiala ..	100·00	..	..
30	Bir Bus Service, Patiala ..	1,451·70	4,196·00	1,000·00
31	Nabha Tpt. Co., Nabha ..	75·00	67·10	..
32	Ludhiana Bus Service, Nabha ..	4,127·00	2,047·65	4,040·30
33	Kaushal Bus Service, Patiala ..	300·00	577·60	..
34	Hira Bus Service, Amloh ..	..	4,225·00	..
35	Allowal Bus Service, Sirhind ..	..	1,015·00	..
36	Mallowal Bus Service, Patiala ..	..	457·45	..
37	Fatehgarh Sahib Roadways, Sirhind ..	..	6,944·40	..
38	Haryana Roadways, Bhiwani ..	..	50·00	..
39	Delhi Tpt. Corporation, Delhi ..	..	12·80	..
40	Himachal Govt. Tpt., Nahan ..	..	4,313·62	..
41	U. P. State Road Transport Corporation, Hardwar ..	..	100·00	..
42	Nabha Co-op. Society, Nabha ..	..	3,750·00	..
43	Patiala Bus and General Co., Patiala ..	..	3,130·00	..
44	Sirhind-Khanna Transport P. Ltd., Sirhind ..	..	..	1,117·25
45	Fatehgarh Highways, Sirhind ..	..	..	259·40
46	New Fatehgarh Sahib Bus Service, Sirhind ..	..	..	953·95
47	Gobindgarh Roadways, Regd., Gobindgarh ..	..	..	450·60
48	Ghaghar Tpt. Co., Patiala ..	..	..	619·35
49	Narata Singh, Patiala ..	..	..	150·00
50	Kisan Workers Co-op. Society, Amritsar ..	..	..	4,899·60

Original with;
Punjab Vidhan Sabha
Digitized by;
Panjab Digital Library

Sr. No.	Name of the Comp. ny/Society	Amount of Passenger tax in arrears (In rupees) 1977-78	1978-79	1979-8
1	2	3	4	5
51	Sandhu Roadways P. Ltd., Amritsar ..	5,315·00	..	..
52	Kanwar Transport Co., Amritsar ..	..	..	10,352·00
53	Sandhu Transport Co., Amritsar ..	7,500·00	5,470·00	27,295·00
54	Azad Tpt. Co-op. Society, Amritsar ..	..	..	13,965·00
55	New Majha Tpt. Co-op. Society, Amritsar ..	..	..	16,915·00
56	Randhawa Tpt. Co., Amritsar ..	..	8,250·00	6,980·00
57	New Payar Bus Service P. Ltd., Amritsar ..	..	..	8,256·00
58	Naurang Bus Service ..	..	..	7,913·00
59	Amritsar-Pathankot Bus Service, Amritsar ..	..	..	3,755·00
60	Suraj Bus Service, Amritsar ..	..	..	2,527·00
	Total ..	2,14,447·52	64,794·03	2,83,887·20

APPENDIX 'B'

Statement showing the amount of Motor Vehicles Tax due from the Private Operators, Company-wise/Society wise and Year-wise.

Sr. No.	Name of the Transport Company/Society	Amount of Motor Vehicles tax in arrears 1977-78	1978-79	1979-80
1	2	3	4	5
		Rs.	Rs.	Rs.
1	Victory P.H.M. Co., Hoshiarpur ..	1,76,560·00	1,76,560·00	2,04,760·00
2	Public Roadways, Hoshiarpur ..	...	...	38,610·00
3	Hoshiarpur National Trpt. Co., Hoshiarpur ..	..	..	45,630·00
4	Hoshiarpur Express Trpt. Co., Hoshiarpur ...	...	...	94,770·00
5	New Kandi Co-op. Trpt. Society, Hoshiarpur ..	...	..	5,850·00
6	Kartar Tourist Bus Service, Hoshiarpur	...	...	4,670·00

Original with;
Punjab Vidhan Sabha
Digitized by;
Panjab Digital Library

[Chief Minister]

Sr. No.	Name of the Transport Company/Society	Amount of Motor Vehicles tax in arrears		
		1977-78	1978-79	1979-80
1	2	3	4	5
		Rs.	Rs.	Rs.
7	Hoshiarpur Azad Trpt. Co., Hoshiarpur	..	..	52,650·00
8	The Ambala Bus Syndicate, P. Ltd., Ropar ..	..	6,05,113·00	2,01,489·00
9	The Ropar Ex-servicemen & Genl. Trpt. Society, Pvt. Ltd., Ropar ...	...	7,800·00	11,700·00
10	Punjab Trpt. Co-op. Society, Amritsar	3,92,350·00	52,987·50	60,300·00
11	New United Trpt. Co., Amritsar ..	1,79,000·00	7,150·00	..
12	Amritsar Harike Co-op. Society, Amritsar	3,27,600·00	4,20,550·00	3,900·00
13	Randhawa Trpt. Co., Amritsar ..	1,66,400·00	1,75,812·00	31,175·00
14	Azad Trpt. Co-op. Society, Amritsar ..	1,17,000·00	1,81,350·00	15,600·00
15	Kisan Workers Trpt. Co-op. Society, Amritsar ..	9,02,800·00	2,17,650·00	2,58,420·00
16	Sandhu Roadways Pvt. Ltd., Amritsar	1,91,000·00	1,01,725·00	..
17	New Azad Co-op. Trpt. Society, Amritsar ..	46,800·00	..	7,800·00
18	New Pyar Bus Service Pvt. Ltd., Amritsar ..	7,800·00	..	54,562·50
19	New Majha Trpt. Co-op. Society, Ltd., Amritsar ..	1,87,200·00	..	27,825·00
20	Amritsar Pathankot Bus Service, Pvt. Ltd., Amritsar ...	15,600·00	...	19,500·00
21	Suraj Bus Service Regd. Amritsar ...	7,800·00	...	11,850·00
22	Sandhu Transport Co. Pvt. Ltd., Amritsar	...	...	15,600·00
23	Amritsar Bus Service Regd., Amritsar	7,800·00	..	7,800·00
24	Mahli Bus Service Regd., Amritsar ...	5,200·00	...	3,900·00
25	Green Bus Service Regd., Amritsar ...	5,200·00	...	3,900·00
26	Jolly Engg. & Contractors Pvt. Ltd., Amritsar ..	83,200·00	...	...
27	New Suraj Trpt. Co., Pvt. Ltd., Amritsar ...	41,600·00	3,575·00	3,900·00
28	Sarabjit Trpt. Co. Pvt. Ltd., Amritsar	...	11,187·50	19,800·00

Original with;
Punjab Vidhan Sabha
Digitized by;
Panjab Digital Library

Sr. No.	Name of the Transport Company/Society	Amount of Motor Vehicles tax in arrears		
		1977-78	1978-79	1979-80
		Rs.	Rs.	Rs.
29	Navrang Bus Service Regd., Amritsar ..	..	..	27,300·00
30	Kanwrar Tpt. Co. Pvt. Ltd., Amritsar ..	..	3,575·00	3,900·00
31	New ASR. Trpt. Co-op. Society, Amritsar ..	..	..	23,400·00
32	New Buraj Trpt. Co op. Society, Ltd., Amritsar ..	..	..	7,800·00
33	Modern Deluxe Co-op. Society Ltd., Amritsar ..	..	..	11,700·00
34	Amritsar Majha Trpt. Co. Regd., Amritsar ..	..	..	3,900·00
35	Nansaia Trpt. Co. Pvt. Ltd., Mansa	70,700·00	66,900·00	2,73,300·00
36	Mansa Roadways Regd., Mansa ..	68,900·00	55,900·00	84,000·00
37	Dhillon Roadways Regd., Mansa ..	94,700·00	44,600·00	88,800·00
38	Sandeep Bus Service Regd., Mansa ..	1,11,900·00	..	..
39	Milap Bus Service Regd., Bhatinda ..	56,600·00	..	1,02,000·00
40	Hem Kund Bus Service Regd., Bhatinda ..	..	..	18,005·00
41	Sethi Trpt. Co. P. Ltd., Bhatinda ..	71,000·00	..	..
42	Faridkot Refugee Trpt. Co., Bhatinda ..	..	..	1,36,100·00
43	Deep Bus Service, Rama Mandi ..	37,600·00	..	64,400·00
44	Bhai Rupa Bus service, Rampuraphul	68,800·00	..	..
45	Chite Nand Bus Service, Bhaikepishore	..	..	36,400·00
46	United Trpt. Co., Rampuraphul ..	72,600·00	33,400·00	75,300·00
47	Kot Kapura Bus Service P. Ltd., Moga	58,296·75	61,100·00	13,200·00
48	Moga Transport Co. P. Ltd., Moga ..	1,20,230·00	60,398·00	..
49	Sewak Bus & Trpt., Moga ..	17,346·68	10,326·00	10,326·00
50	Malout Trpt. Co. P. Ltd., Malaut ..	5,08,100·00	4,49,700·00	5,58,900·00
51	Lahore Sargodha Trpt. Co. Regd., Malout ..	1,300·00	..	..
52	New Faridkot Tpt. Co. Ltd., Faridkot	57,818·00	62,518·00	62,518·00
53	Gaudhra Tpt. Co. P. Ltd., Faridkot ..	27,255·00	..	..
54	Hargobind Bus Service Regd., Jaito ..	99,200·00	80,050·00	72,500·00
55	Fazilka Dabwali Tpt. Co., Abohar ..	56,700·00	3,69,515·00	2,63,250·00

Original with;
Punjab Vidhan Sabha
Digitized by;
Panjab Digital Library

Sr. No.	Name of the Transport Company/Society	Amount of Motor Vehicles tax in arrears		
		1977-78	1978-79	1979-80
		Rs.	Rs.	Rs.
56	New Samundri Tpt. Co., Ferozepur ..	3,21,080·00	..	4,47,230·00
57	Jai Tpt. Co., Abohar ..	8,100·00	..	11,700·00
58	Janta Tpt. Co., Abohar ..	29,700·00	..	11,700·00
59	Anil Tpt. Co., Fazilka ..	16,200·00	..	..
60	Sharnarthi Tpt. Co., Abohar ..	..	..	27,450·00
61	Ferozepur Border Tpt. Co., Ferozepur	44,200·00	..	..
62	Bahwalapur Purharthi Tpt. Co., Abohar ..	5,400·00	..	19,500·00
63	Sandhu Bus service, Barnala ..	..	..	7,800·00
64	Mann Motors, Barnala ..	..	..	7,800·00
65	Prem Co-op. Tpt. Society, Bhadaur ..	..	..	21,200·00
66	Gobind Bus Service, Barnala ..	..	..	3,900·00
67	Malwa Tpt. Co., Barnala ..	..	..	66,000·00
68	Dhaliwal Bus Service Regd., Bhadaur	..	..	3,900·00
69	Bhupindra Tpt. Co., Barnala ..	..	..	3,900·00
70	Ashoka Bus Service, Bhadaur ..	..	..	7,800·00
71	Manjit Bus Service, Bhadaur ..	..	..	3,900·00
72	Dhaliwal Roadways, Bhawanigarh ..	..	..	11,700·00
73	Kamal Bus Service, Sunam ..	..	..	10,700·00
74	Libra Bus Service, Malerkotla ..	..	..	62,400·00
75	Sangrur Progressive Co-op. Tpt. Society, Sangrur ..	..	..	23,400·00
76	Rekhi Bus Service, Barnala ..	..	..	7,800·00
77	New Janta Tpt. Co. P. Ltd., Batala ..	1,25,400·00	1,19,055·00	37,600·00
78	New Midh Bhabra Tpt. Co., Batala ..	1,66,362·00	..	..
79	New Hamalya Tpt. Co., Batala ..	1,05,300·00	..	..
80	New Jhang Tpt. Co. Batala ..	87,150·00	..	..
81	Asiatic Tpt. Co., Pathankot ..	..	10,750·00	6,490·00
82	Murry Hill Tpt. Co., Pathankot ..	..	6,450·00	6,450·00
83	Sky Highways P. Ltd., Pathankot ...	..	..	4,587·50

Original with;
Punjab Vidhan Sabha
Digitized by;
Panjab Digital Library

Sr. No.	Name of the Transport Company/Society	Amount of Motor Vehicles tax in arrears		
		1977-78	1978-79	1979-80
		Rs.	Rs.	Rs.
84	Sewak Bus Service, Patiala ..	23,400·00	10,725·00	14,300·00
85	Sirhind-Khanna Transporters, Sirhind..	58,525·00	3,510·00	24,570·00
86	Hir Bus Service, Patiala ..	20,800·00	23,400·00	24,020·00
87	Patiala Bus Highways, Patiala ..	49,400·00	85,791·00	73,979·00
88	Partap Roadways, Patiala ..	1,47,025·00	10,725·00	10,725·00
89	Patiala Bus Sirhind P. Ltd., Sirhind ..	12,870·00	4,680·00	52,650·00
90	New Fatehgarh Bus Service, Sirhind ..	88,920·00	..	77,220·00
91	Libra Bus Service, Malerkotla ..	28,080·00	..	..
92	Milap Bus Service, Bhatinda ..	54,700·00	..	..
93	Baba Bus Service, Patiala ..	..	7,800·00	51,000·00
94	Afgan Bus Service, Patiala ..	..	7,150·00	11,050·00
95	Nirankar Bus Service, Patiala ..	..	18,720·00	79,690·00
96	Ludhiana Tpt. Co. Regd., Nabha ..	..	7,800·00	..
97	Dhaliwa Roadways, Bhawanigarh ..	..	7,950·00	19,950·00
98	Garg Transport Co. Regd, Samana ..	..	3,712·50	11,474·00
99	Mallowal Bus Service, Patiala ..	..	10,725·00	28,600·00
100	Lehra Bus Service Regd., Patran ..	..	15,600·00	31,200·00
101	Nabha Trpt. Co., Nabha ..	..	..	3,525·00
102	Nihal Trpt. Co-op. Society, Patran ..	..	..	11,050·00
103	Lok Sewak Bus Service, Patiala ..	..	..	7,800·00
104	Kartar Bus Service, Patiala ..	..	..	7,800·00
105	Dashmesh Bus Service, Patiala ..	..	..	4,345·00
106	Public Bus Service Regd., Patiala ..	..	..	23,400·00
107	Sharma Trpt. Co. Regd. Talwandi ..	..	..	15,600·00
108	Fatehgarh Roadways, Sirhind ..	..	3,900·00	..
109	Phagwara Ex-Army Co-op. Society, Phagwara ..	5,400·00	16,200·00	43,200·00
110	State Transport Co-op. Society, Kapurthala ..	10,100·00	16,200·00	79,650·00
111	National Trpt. Company, (P). Ltd., Samrala ..	..	..	58,650·00

Original with;
Punjab Vidhan Sabha
Digitized by;
Panjab Digital Library

[Chief Minister]

Sr. No.	Name of the Transport Company/Society	Amount of Motor Vehicles tax in arrears		
		1977-78	1978-79	1979-80
		Rs.	Rs.	Rs.
112	Harimandir Sahib Trpt. Company, Samrala ..	..	..	83,250·00
113	Jujhar Trpt. Co., Samrala ..	..	..	31,350·00
114	Kalgidhar Trpt. Co., Ludhiana ..	..	..	41,900·00
115	Prem Trpt. Co., Raikot ..	..	..	3,575·00
116	S. B. C. Trpt. Co., Ludhiana ..	3,900·00	7,800·00	11,700·00
	Total ..	49,91,567·68	36,63,086·00	41,95,441·00

ਕਾਮਰੇਡ ਰਾਜ ਕੁਮਾਰ: ਸਰ, ਸਵਾਲ ਇਹ ਸੀ ਕਿ ਪ੍ਰਾਈਵੇਟ ਬੱਸਿਜ਼ ਦੀ ਮਾਈਲੇਜ ਕੀ ਹੈ, ਕਿੰਨਾਂ ਕਿੰਨਾਂ ਈਅਰ-ਵਾਈਜ਼ ਉਨ੍ਹਾਂ ਦਾ ਨੰਬਰ ਹੈ, ਕਿੰਨਾਂ ਕਿੰਨਾਂ ਉਨ੍ਹਾਂ ਤੋਂ ਟੈਕਸ ਆਉਂਦਾ ਹੈ ਅਤੇ ਕਿੰਨਾਂ ਬਕਾਇਆ ਹੈ। ਮੇਰਾ ਕੁਐਸਚਨ ਜ਼ਰਾ ਬਿਟ ਲੌਂਗਰ ਹੋਵੇਗਾ ਉਮੀਦ ਹੈ ਕਿ ਚੀਫ਼ ਮਨਿਸਟਰ ਸਾਹਿਬ ਇਸ ਦੇ ਨਾਲ ਸਹਿਮਤ ਹੋਣਗੇ। ਸਪੀਕਰ ਸਾਹਿਬ, ਜਵਾਬ ਦੇ ਨਾਲ 4-5 ਸਟੇਟਮੈਂਟਸ ਲਾਈਆਂ ਹਨ। ਪਹਿਲੀ ਸਟੇਟਮੈਂਟ ਦੱਸਦੀ ਹੈ ਕਿ ਬੱਸਿਜ਼ ਕਿੰਨੀਆਂ ਹਨ ਅਤੇ ਉਹ ਮਾਈਲੇਜ ਕਿੰਨੀ ਕਿੰਨੀ ਕਵਰ ਕਰਦੀਆਂ ਹਨ।

1977-78 ਵਿਚ ਪੰਜਾਬ ਰੋਡਵੇਜ਼ ਦੀਆਂ 2103 ਬੱਸਾਂ ਸਨ, 1978-79 ਵਿਚ 2200 ਬੱਸਾਂ ਹੋ ਗਈਆਂ, ਹੁਣ 1979-80 ਵਿਚ 1870 ਬੱਸਾਂ ਰਹਿ ਗਈਆਂ। ਇਸ ਦੇ ਮੁਕਾਬਲੇ ਵਿਚ ਪ੍ਰਾਈਵੇਟ ਬੱਸਾਂ 1604 ਤੋਂ 1655 ਹੋ ਗਈਆਂ ਸਨ ਅਤੇ 1979-80 ਵਿਚ 1712 ਹੋ ਗਈਆਂ। ਇਸ ਤੋਂ ਇਹ ਔਬਵੀਅੱਸ ਹੈ ਕਿ ਜਿਹੜਾ ਐਗਜਿਸਟਿੰਗ ਐਗਰੀਮੈਂਟ ਹੈ ਗੌਰਮਿੰਟ ਔਰ ਪ੍ਰਾਈਵੇਟ ਟਰਾਂਸਪੋਰਟ ਦਾ ਉਹ 60:40 ਦੀ ਰੇਸ਼ੋ ਹੈ। ਗੌਰਮਿੰਟ ਨੇ ਇਹ ਐਸ਼ਿਓਰੈਂਸ ਦਿੱਤੀ ਹੋਈ ਹੈ ਕਿ ਸੈਂਟ ਪਰ ਸੈਂਟ ਨੈਸ਼ਨੇਲਾਈਜ਼ੇਸ਼ਨ ਕਰਨੀ ਹੈ। ਪੰਜਾਬ ਵਿਚ ਜਿਹੜੀਆਂ ਬੱਸਾਂ ਦੀਆਂ ਫਿੱਗਰਜ਼ ਦਿੱਤੀਆਂ ਹਨ, ਉਹ ਦੱਸ ਰਹੀਆਂ ਹਨ ਕਿ ਪ੍ਰਾਈਵੇਟ ਬੱਸਾਂ ਜ਼ਿਆਦਾ ਵੱਧ ਰਹੀਆਂ ਹਨ ਅਤੇ ਸਰਕਾਰੀ ਬਸਾਂ ਘੱਟ ਰਹੀਆਂ ਹਨ। ਇਨ੍ਹਾਂ ਦੇ ਮੈਨੀਫੈਸਟੋ ਵਿਚ ਵੀ ਸੀ ਕਿ ਸੈਂਟ ਪਰਸੈਂਟ ਨੈਸ਼ਨੇਲਾਈਜ਼ੇਸ਼ਨ ਕਰਨੀ ਹੈ। ਮੈਂ ਇਹ ਪੁੱਛਦਾ ਹਾਂ ਕਿ ਕੀ ਗੌਰਮਿੰਟ ਸੈਂਟ-ਪਰਸੈਂਟ ਨੈਸ਼ਨੇਲਾਈਜ਼ੇਸ਼ਨ ਦੀ ਪਾਲਿਸੀ ਤੋਂ ਪਿਛੇ ਤਾਂ ਨਹੀਂ ਭੱਜ ਰਹੀ ?

ਮੁੱਖ ਮੰਤਰੀ: ਅਰਜ਼ ਇਹ ਹੈ ਕਿ ਪਾਲਿਸੀ ਦੇ ਬਾਰੇ ਜੋ ਮੈਂਬਰ ਸਾਹਿਬਾਨ ਨੇ ਕਿਹਾ ਹੈ, ਉਹ ਠੀਕ ਹੈ। ਮੈਂ ਅਜੇ ਇਸ ਦੀ ਪੜਚੋਲ ਕਰ ਰਿਹਾ ਹਾਂ ਅਤੇ ਇਸ ਪਾਲਿਸੀ ਦੇ ਮੁਤਾਬਕ ਕੀ ਹੋ ਸਕਦਾ ਹੈ, ਉਹ ਵਿਚਾਰ ਅਧੀਨ ਹੈ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜੋ ਜਵਾਬ ਦਿੱਤਾ ਹੈ, ਮੈਂ ਉਸਨੂੰ ਜਵਾਬ ਨਹੀਂ ਕਹਿ ਸਕਦਾ। ਮੇਰਾ ਸੁਆਲ ਬਿਲਕੁਲ ਸਪੱਸ਼ਟ ਅਤੇ ਜੋ ਜਵਾਬ ਨਾਲ ਸਟੇਟਮੈਂਟਾਂ ਹਨ, ਉਸ ਦੇ ਮੁਤਾਬਕ ਹੈ। ਪ੍ਰਾਈਵੇਟ ਬੱਸਾਂ ਦੀ ਮਾਈਲੇਜ 2,83,877 ਹੈ ਜਦੋਂ ਕਿ ਇਹ ਪਹਿਲਾਂ ਘੱਟ ਸੀ। ਜਿਹੜੀ ਇਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ, ਉਹ ਕੰਪਨੀ-ਵਾਈਜ਼ ਹੈ ਮੈਂ ਕਮਿਊਲੇਟਿਵ ਸਟੇਟਮੈਂਟ ਪੜ੍ਹ ਦਿੰਦਾ ਹਾਂ। Motor Vehicles Tax in Arrears cumulative

Original with;
Punjab Vidhan Sabha
Digitized by;
Panjab Digital Library

at the year end. ਇਸ ਦੇ ਮੁਤਾਬਕ ਪ੍ਰਾਈਵੇਟ ਕੰਪਨੀਆਂ ਕੋਲ 1977-78 ਵਿਚ ਬਕਾਇਆਜਾਤ 41,69,788 ਰੁਪਏ ਸੀ ਅਤੇ 1978-79 ਵਿਚ 36,63,085 ਰੁਪਏ ਸੀ ਅਤੇ 1979-80 ਵਿਚ 41,35,440 ਰੁਪਏ ਬਕਾਇਆ ਸੀ। ਪੈਸੰਜਰ ਟੈਕਸ ਦੀ ਵਸੂਲੀ ਦੀ ਪੋਜ਼ੀਸ਼ਨ ਵੀ ਇਸੇ ਤਰ੍ਹਾਂ ਹੈ। ਕੰਪਨੀਆਂ ਵਾਲੇ ਪੈਸੰਜਰ ਟੈਕਸ ਏਰੀਅਰਜ਼ ਵੀ ਨਹੀਂ ਦਿੰਦੇ, ਉਹ ਪੈਸੰਜਰ ਟੈਕਸ ਲੋਕਾਂ ਕੋਲੋਂ ਵਸੂਲ ਕਰਦੇ ਹਨ। ਇਹ ਵੈਹੀਕਲਜ਼ ਟੈਕਸ ਅਤੇ ਪੈਸੰਜਰ ਟੈਕਸ ਜੇਕਰ ਇਕੱਠਾ ਕਰ ਦਿੱਤਾ ਜਾਏ ਤਾਂ ਲਗਭਗ 1 ਕਰੋੜ ਰੁਪਏ ਬੈਠਦਾ ਹੈ। ਇਸ ਏਰੀਅੱਰਜ਼ ਦੇ ਬਾਵਜੂਦ ਪ੍ਰਾਈਵੇਟ ਕੰਪਨੀਆਂ ਦੀ ਮਾਈਲੇਜ ਵਧਾ ਦਿੱਤੀ ਹੈ। ਚੀਫ਼ ਮਨਿਸਟਰ ਸਾਹਿਬ ਹਾਊਸ ਨੂੰ ਦਸੱਣ ਕਿ ਜਿਹੜਾ ਸੈਂਟਪਰਸੈਂਟ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨ ਦਾ ਇਲਾਨ ਕੀਤਾ ਹੋਇਆ ਹੈ, ਉਹ ਕਦੋਂ ਤੱਕ ਕਰ ਦੇਣਗੇ ?

ਮੁੱਖ ਮੰਤਰੀ : ਇਹ ਜਿਹੜੀ ਸਟੇਟਮੈਂਟ ਦਿੱਤੀ ਹੈ ਇਸ ਦੇ ਵਿਚੋਂ ਵੀ 7, 8 ਲੱਖ ਰੁਪਏ ਦੀ ਰਿਕਵਰੀ ਹੋ ਚੁੱਕੀ ਹੈ। ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਿਕਵਰੀ ਕਰਨ ਵਾਸਤੇ ਨੋਟਿਸ ਦਿੱਤਾ ਹੋਇਆ ਹੈ। ਬਾਕੀ ਜਿਥੋਂ ਤਕ ਨੈਸ਼ਨੇਲਾਈਜ਼ੇਸ਼ਨ ਦਾ ਸਬੰਧ ਹੈ ਗੌਰਮਿੰਟ ਆਪਣੇ ਕੀਤੇ ਹੋਏ ਵਚਨ ਤੇ ਪਾਬੰਦ ਹੈ।

ਮਾਸਟਰ ਬਾਬੂ ਸਿੰਘ ਕੀ ਮੁੱਖ ਮੰਤਰੀ ਜੀ ਇਹ ਦਸਣਗੇ ਕਿ ਐਨੀਂ ਵੱਡੀ ਰਕਮ ਦੇ ਬਕਾਇਆ-ਜਾਤ 60 ਪ੍ਰਾਈਵੇਟ ਕੰਪਨੀਆਂ ਵਲੋਂ ਰਹਿੰਦੇ ਹਨ। ਕੀ ਰਿਕਵਰੀ ਕਰਨ ਵਾਸਤੇ ਕੋਈ ਸਖ਼ਤੀ ਵਰਤਣਗੇ ਤਾਕਿ 2,4 ਮਹੀਨਿਆਂ ਦੇ ਅੰਦਰ ਅੰਦਰ ਵਸੂਲੀਆਂ ਹੋ ਜਾਣ ਅਤੇ ਸਾਡੇ ਕੋਲ ਪੈਸੇ ਆ ਜਾਣ ?

ਮੁੱਖ ਮੰਤਰੀ : ਮੈਂ ਪਹਿਲੋਂ ਹੀ ਅਰਜ਼ ਕਰ ਦਿੱਤੀ ਹੈ ਕਿ ਇਸ ਦੇ ਬਾਅਦ ਕੁੱਝ ਰਿਕਵਰੀ ਹੋਈ ਹੈ, ਜਿਸਦਾ ਕਿ ਇਸ ਵਿਚ ਅੰਦਰਾਜ਼ ਨਹੀਂ ਹੈ। ਅਸੀਂ ਰਿਕਵਰੀ ਇਸ ਸਟੇਟਮੈਂਟ ਬਣਨ ਦੇ ਬਾਅਦ ਕੀਤੀ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਕ ਪਾਸੇ ਗੌਰਮਿੰਟ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਕਿ ਲੋਕਾਂ ਤੇ ਬੋਝ ਨਾ ਪਵੇ, ਟੈਕਸ ਲਾਉਣ ਵਲ ਵਧਣਾ ਪੈ ਰਿਹਾ ਹੈ। ਦੂਸਰੇ ਪਾਸੇ ਇਕ ਕਰੋੜ ਰੁਪਏ ਦੇ ਬਕਾਇਆਜਾਤ ਚਲੇ ਆ ਰਹੇ ਹਨ। ਇਸ ਬਕਾਇਆਜਾਤ ਦੀ ਰਿਕਵਰੀ ਵਾਸਤੇ ਕਾਨੂੰਨ ਮੌਜੂਦ ਹਨ ਔਰ ਕੀ ਇਹ ਮੌਜੂਦਾ ਕਾਨੂੰਨ ਦੇ ਮੁਤਾਬਕ ਦੱਸਣਗੇ ਕਿ ਇਹ ਵਸੂਲੀਆਂ 2 ਜਾਂ 4 ਮਹੀਨੇ ਦੇ ਅੰਦਰ ਅੰਦਰ ਹੋ ਜਾਣਗੀਆਂ ? ਅਗਰ ਇਹ ਵਸੂਲੀਆ ਹੋ ਜਾਣ ਤਾਂ ਸਾਡੇ ਐਕਸਚੈਕਰ ਤੇ ਬੋਝ ਨਹੀਂ ਪਵੇਗਾ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂਬਰ ਸਾਹਿਬ ਨੂੰ ਇਸ ਬਾਰੇ ਪਹਿਲਾਂ ਵੀ ਗਿਆਨ ਹੈ। ਅਸੀਂ ਰਿਕਵਰੀ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ, ਪਰ ਕਈ ਕੰਪਨੀਆਂ ਕੋਰਟਾਂ ਵਿਚ ਚਲੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੀਆਂ ਵਸੂਲੀਆਂ ਰੁਕ ਜਾਂਦੀਆਂ ਹਨ। ਕੋਰਟਾਂ ਦੇ ਫੈਸ-ਲਿਆਂ ਦੀ ਉਲੰਘਣਾ ਨਹੀਂ ਕਰ ਸਕਦੇ। ਸਾਡੀ ਕੋਸ਼ਿਸ਼ ਇਹ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਜ਼ੋਰ ਪਾ ਕੇ ਰਿਕਵਰੀਆਂ ਕੀਤੀਆਂ ਜਾਣ ਔਰ ਇਹੀ ਚੀਜ਼ ਸਟੇਟ ਨੂੰ ਲਾਹੇਵੰਦ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਟੈਕਸਾਂ ਦੀ ਚੋਰੀ ਬਹੁਤ ਜ਼ਿਆਦਾ ਹੈ, ਜਿਸ ਕਰਕੇ ਐਕਸਚੈਕਰ ਵਿਚ ਪੈਸਾ ਘੱਟ ਜਾਂਦਾ ਹੈ। ਦੂਸਰੇ ਬਕਾਇਆਜਾਤ ਵੀ ਬਹੁਤ ਹਨ। ਇਹ ਟੈਕਸ ਉਨ੍ਹਾਂ ਨੂੰ ਡੇਟ ਬਾਊਂਡ ਕਰਕੇ ਵਸੂਲਣਾ ਚਾਹੀਦਾ ਹੈ। ਦੂਸਰੇ ਇਹ ਸੈਂਟ ਪਰਸੈਂਟ ਨੈਸ਼ਨੇਲਾਈਜ਼ੇਸ਼ਨ ਲਈ ਕਮਿਟਿੱਡ ਹਨ, ਉਹ ਦੱਸਣ ਕਿ ਇਹ ਕਦੋਂ ਤਕ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਅਜੇ ਤਾਂ ਸੰਭਾਲਿਆ ਹੈ ਅਤੇ ਕੰਮ-ਕਾਜ ਸ਼ੁਰੂ ਕਰਨਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਜਿਹੜੇ ਪ੍ਰਾਈਵੇਟ ਟਰਾਂਸਪੋਰਟਰਜ਼ ਹਨ, ਉਨ੍ਹਾਂ ਦੇ ਖਿਲਾਫ ਇਹ ਆਮ ਸ਼ਿਕਾਇਤ ਸੀ ਕਿ ਇਹ ਇਕ ਤਾਂ ਬੱਸਾਂ ਰਜਿਸਟਰ ਨਹੀਂ ਕਰਵਾਉਂਦੇ ਅੱਰ ਦੂਜੇ ਇਹ ਇਕ ਚੱਕਰ ਦੀ ਬਜਾਏ 2-2, 3-3 ਚੱਕਰ ਲਾ ਜਾਂਦੇ ਹਨ ਅੱਰ ਟੈਕਸ ਵੀ ਨਹੀਂ ਦਿੰਦੇ। ਕੀ ਕੋਈ ਸਰਪ੍ਰਾਈਜ਼ ਚੈਕਿੰਗ ਦਾ ਸਿਸਟਮ ਅਡਾਪਟ ਕੀਤਾ ਜਾਏਗਾ ਤਾਂਕਿ ਜਿਹੜੀ ਟੈਕਸ ਦੀ ਇਵੇਜ਼ਨ ਹੋ ਰਹੀ ਹੈ, ਉਹ ਨਾ ਹੋਵੇ। ਦੂਸਰੇ ਜਿਹੜੇ ਉਨ੍ਹਾਂ ਵਲ ਏਰੀਅੱਰਜ਼ ਹਨ, ਕੀ ਉਹ ਲੈਂਡ ਰੈਵੇਨਿਊ ਡਿਕਲੇਅੱਰ ਕਰਕੇ ਵਸੂਲੇ ਜਾਣਗੇ ?

ਮੁੱਖ ਮੰਤਰੀ : ਜੋ ਮੌਜਦਾ ਸਿਸਟਮ ਹੈ, ਉਸ ਦੇ ਮੁਤਾਬਕ ਰਿਕਵਰੀ ਕਰ ਰਹੇ ਹਾਂ। ਜੇ ਲੋੜ ਪਈ ਤਾਂ ਦੂਜੇ ਸਾਧਨ ਵੀ ਅਖਤਿਆਰ ਕੀਤੇ ਜਾਣਗੇ। ਜਿਥੋਂ ਤਕ 2-2, 3-3 ਟਰਿਪ ਲਾਉਣ ਦਾ ਸੁਆਲ ਹੈ, ਇਹ ਵੇਖਾਂਗੇ ਕਿ ਇਸ ਵਿਚ ਕਿਤੇ ਰੋਡਵੇਜ਼ ਦੀ ਮਿਲੀ ਭੁਗਤ ਤਾਂ ਨਹੀਂ ਹੈ, ਇਹ ਚੀਜ਼ ਵੀ ਵੇਖਣੀ ਹੈ।

Expenditure on the Pucca Channels

*7. **Comrade Buta Singh** : Will the Chief Minister be pleased to state :—

(a) Whether the former Ministry had announced fifty per cent remission in the matter of expenditure incurred on the pucca channels ;

(b) if the reply to part (a) above be in affirmative, whether the said announcement has been given effect to or implemented, if so the total amount of remission sofar given on this account?

ਚੌਧਰੀ ਕਾਂਸ਼ੀ ਰਾਮ (ਖੇਤੀ ਬਾੜੀ ਮੰਤਰੀ) : (ੳ) ਸਾਬਕਾ ਮੁੱਖ ਮੰਤਰੀ ਜੀ ਨੇ ਅਕਤੂਬਰ 1973 ਵਿਚ, ਮੁਕਤਸਰ ਤਹਿਸੀਲ ਦੇ ਕੁਝ ਥੜ੍ਹ ਪੀੜਤ ਪਿੰਡਾਂ ਦੇ ਪਾਣੀ ਦੇ ਖਾਲਾਂ ਨੂੰ ਪੱਕਾ ਕਰਨ ਦੇ ਕੰਮਾਂ ਵਾਸਤੇ, 50% ਉਤਪਾਦਨ ਦੇਣ ਦਾ ਫੈਸਲਾ ਕੀਤਾ ਸੀ।

(ਅ) ਨਹੀਂ ਜੀ। ਮਾਰਕੀਟ ਕਮੇਟੀ ਵਲੋਂ ਵਾਧੂ ਫੰਡਜ਼ ਨਹੀਂ ਦਿੱਤੇ ਗਏ ਸਨ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਇਹ ਮਸਲਾ ਪਿਛਲੀ ਸਰਕਾਰ ਲਈ ਵੀ ਕਾਫੀ ਸਿਰ ਦਰਦੀ ਬਣਿਆ ਰਿਹਾ ਸੀ। ਪਿਛਲੇ ਦਿਨਾਂ ਵਿਚ ਜੋ ਗ੍ਰਿਫਤਾਰੀਆਂ ਹੋਈਆਂ ਹਨ ਉਨ੍ਹਾਂ ਦੇ ਸਿਲਸਿਲੇ ਵਿਚ ਮੈਂ ਮਾਨਸਾ ਦੇ ਐਸ.ਡੀ.ਐਮ. ਨੂੰ ਮਿਲਿਆ ਸੀ। ਅਜੇ ਹੋਰ ਗ੍ਰਿਫਤਾਰੀਆਂ ਕਰਨੀਆਂ ਹਨ। ਸਰਕਾਰ ਨੇ ਅਜੇ ਕੁਝ ਵਸੂਲੀਆਂ ਕਰਨੀਆਂ ਹਨ। ਉਥੇ ਦੇ ਲੋਕਾਂ ਤੇ ਜਿਹੜਾ ਬੋਝ ਪਾਇਆ ਜਾ ਰਿਹਾ ਹੈ, ਉਸ ਨੂੰ ਉਹ ਸਹਿਨ ਨਹੀਂ ਕਰ ਸਕਦੇ। ਉਹ ਲੋਕ ਜਦੋਂ ਗੌਰਮਿੰਟ ਦੇ ਗਲ ਪੈਣਗੇ ਤਾਂ ਇਹ ਕਹਿਣਗੇ ਕਿ ਆਪੋਜ਼ੀਸ਼ਨ ਵਾਲੇ ਰੌਲਾ ਪਵਾਉਂਦੇ ਹਨ। ਮੈਂ ਪੁੱਛਦਾ ਹਾਂ ਕਿ ਕੀ ਸਰਕਾਰ ਨੇ ਉਨ੍ਹਾਂ ਨੂੰ ਰਾਹਤ ਦੇਣ ਵਾਸਤੇ ਸੋਚਿਆ ਹੈ, ਜਾਂ ਅਨ੍ਹੇਵਾਹ ਗ੍ਰਿਫਤਾਰੀਆਂ ਹੀ ਕਰੀ ਜਾਣਾ ਹੈ ?

ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਖਾਲੇ ਬਣਨੇ ਅਜੇ ਸ਼ੁਰ ਹੀ ਨਹੀਂ ਹੁੰਦੇ ਕਿ ਪਹਿਲਾਂ ਹੀ ਟੁੱਟ ਜਾਂਦੇ ਹਨ। ਠੇਕੇਦਾਰਾਂ ਦਾ ਤਾਂ ਤੁਹਾਨੂੰ ਪਤਾ ਹੀ ਹੈ ਕਿ ਕਿਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਮਾਲ ਛੱਡ ਜਾਂਦੇ ਹਨ। ਮਹਿਕਮੇ ਵਾਲੇ ਤਾਂ ਸੁੱਤੇ ਰਹਿੰਦੇ ਹਨ। ਪਿਛਲੇ ਦਿਨਾਂ ਦੀ ਗਲ ਹੈ । ਮੈਂ ਆਪਣੇ ਹਲਕੇ ਦੇ ਇੱਕ ਪਿੰਡ ਦੇ ਖਾਲਿਆਂ ਦੇ ਸਬੰਧ ਵਿਚ ਰਘਬੀਰ ਸਿੰਘ, ਐਸ.ਈ., ਸੰਗਰੂਰ ਨੂੰ ਮਿਲਿਆ, ਪਰ ਕੋਈ ਐਕਸ਼ਨ ਨਹੀਂ ਲਿਆ ਗਿਆ।

ਸ਼੍ਰੀ ਸਪੀਕਰ : ਸਪਲੀਮੈਂਟਰੀ ਸਵਾਲ ਵਿੱਚ ਹੀ ਇਨਫਰਮੇਸ਼ਨ ਐਟ ਏ ਟਾਈਮ ਲਿਆ ਕਰੋ। ਦੂਜੇ ਸਪੀਚ ਕਰਨੀ ਸ਼ੁਰੂ ਨਾ ਕਰ ਦਿਆ ਕਰੋ।

ਮੰਤਰੀ : ਸਪੀਕਰ ਸਾਹਿਬ, ਕਾਮਰੇਡ ਸਾਹਿਬ ਦੇ ਸਵਾਲ ਦੀਆਂ ਮੈਂ ਦੋ ਮੱਦਾਂ ਹੀ ਸਮਝ ਸਕਿਆਂ ਹਾਂ। ਇੱਕ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਅਗਰ ਰਿਕਵਰੀ ਰੋਕੀ ਨਹੀਂ ਜਾਵੇਗੀ ਤਾਂ ਉਹ ਸਤਿਆਗ੍ਰਹਿ ਸ਼ੁਰੂ ਕਰ ਦੇਣਗੇ ਅਤੇ ਇਸ ਤਰ੍ਹਾਂ ਜੇਲ੍ਹਾਂ ਭਰ ਦੇਣਗੇ। 10, 15 ਹਜ਼ਾਰ ਰੁਪਏ ਦੇ ਏਰੀਅਰਜ਼ ਉਨ੍ਹਾਂ ਵੱਲ ਹੋਣ ਅਤੇ ਉਹ ਆਪਣੇ ਆਪ ਨੂੰ ਛੋਟੇ ਕਿਸਾਨ ਕਹਿਣ, ਇਹ ਠੀਕ ਨਹੀਂ। ਇਹ ਤਾਂ ਫਿਰ ਅਜਿਹੇ ਛੋਟੇ ਬੰਦਿਆਂ ਵਾਸਤੇ ਜੋ ਨਾਅਰੇਬਾਜ਼ੀ ਕਰਨਗੇ ਤਾਂ ਠੀਕ ਨਹੀਂ। ਸਰਕਾਰ ਦੇ ਕੋਲ ਫਾਈਨੈਨਸ਼ੀਅਲ ਰਿਸੋਰਸਿਜ਼ ਹੋਣ ਤਾਂ ਉਸ ਤੇ ਸਬਸਿਡੀ ਦਿੱਤੀ ਜਾ ਸਕਦੀ ਹੈ। ਉਪਦਾਨ ਦਾ ਮਤਲਬ ਹੈ ਕਿ ਜੇ ਜੇਬ ਵਿਚ ਕੁਝ ਹੋਵੇ ਤਾਂ ਹੀ ਦਾਨ ਦਿੱਤਾ ਜਾ ਸਕਦਾ ਹੈ। ਜੇ ਜੇਬ ਵਿਚ ਹੀ ਕੱਖ ਨਾ ਹੋਵੇ ਤਾਂ ਦਾਨ ਕਿਥੋਂ ਦਿੱਤਾ ਜਾਵੇਗਾ। ਦੂਸਰਾ ਸਵਾਲ, ਸਪੀਕਰ ਸਾਹਿਬ, ਇਨ੍ਹਾਂ ਦਾ ਵਰਕ ਮੈਨਸ਼ਿਪ ਬਾਰੇ ਹੈ। ਇਨ੍ਹਾਂ ਨੇ ਕਿਹਾ ਹੈ ਕਿ ਖਾਲੇ ਬਣਨ ਤੋਂ ਪਹਿਲਾਂ ਹੀ ਟੁੱਟ ਗਏ ਹਨ। ਇਹ ਕੋਈ ਪਾਰਟੀਕੁਲਰ ਇਨਸਟਾਂਸਿਜ਼ ਹੋ ਸਕਦੇ ਹਨ, ਜਿਨ੍ਹਾਂ ਦੇ ਲਈ ਇਹ ਸੈਪਰੇਟ ਨੋਟਿਸ ਦੇਣ, ਸੈਪਰੇਟ ਕੰਪਲੈਂਟ ਕਰ ਦੇਣ, ਉਸ ਦੀ ਇਨਕੁਆਇਰੀ ਕੀਤੀ ਜਾ ਸਕਦੀ ਹੈ ਅਤੇ ਉਸ ਲਈ ਲਾਇਬਿਲਿਟੀ ਵੀ ਫਿਕਸ ਕੀਤੀ ਜਾ ਸਕਦੀ ਹੈ। ਬਾਕੀ ਇਹ ਸਿੱਧੀ ਜਿਹੀ ਗੱਲ ਹੈ ਕਿ ਜੇ ਸਰਕਾਰ ਕੋਲ ਪੈਸੇ ਹੋਣਗੇ ਤਾਂ ਜ਼ਰੂਰ ਵਿਚਾਰ ਕਰ ਲਿਆ ਜਾਵੇਗਾ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣਗੇ ਕਿ ਸਰਕਾਰ ਦੇ ਜੇਰੇ ਗੌਰ ਕੋਈ ਪ੍ਰਪੋਜ਼ਲ ਹੈ ਕਿ ਜਿਹੜੇ ਸਮਾਲ ਫਾਰਮਰਜ਼ ਹਨ, ਉਨ੍ਹਾਂ ਦੇ ਵਾਸਤੇ ਸਬਸਿਡੀ ਜਿਸ ਤਰ੍ਹਾਂ ਪਹਿਲਾ ਮੁਕਤਸਰ ਦੇ ਏਰੀਏ ਵਿਚ 50% ਦਿੱਤੀ ਗਈ ਸੀ, ਉਸੇ ਤਰ੍ਹਾਂ ਦੇਣਗੇ ਤਾਂ ਕਿ ਛੋਟੇ ਵਰਗ ਨੂੰ ਕੁਝ ਸਹੂਲਤ ਮਿਲ ਜਾਵੇ ?

ਮੰਤਰੀ : ਸਪੀਕਰ ਸਾਹਿਬ, ਮਾਸਟਰ ਜੀ ਹੁਣ ਛੋਟੇ ਵਰਗ ਨੂੰ ਵੀ ਸਪਲਿਟ ਅਪ ਕਰ ਚੁਕੇ ਹਨ। ਮਾਸਟਰ ਜੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਮੀਂਹ ਵਰਦਾ ਹੈ ਤਾਂ ਰੂੜੀ ਤੇ ਵੀ ਤੇ ਬਾਗਾਂ ਤੇ ਵੀ ਇੱਕੋ ਜਿਹਾ ਵਰ੍ਹਦਾ ਹੈ। ਜਦੋਂ ਅਸੀਂ ਸਬਸੀਡਾਈਜ਼ ਕਰਨ ਦਾ ਫੈਸਲਾ ਕਰ ਲਵਾਂਗੇ ਤਾਂ ਉਸ ਚੇ ਵਿਚ ਛੋਟੇ ਵੀ ਆ ਜਾਣਗੇ ਅਤੇ ਵੱਡੇ ਵੀ ਆ ਜਾਣਗੇ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਨੂੰ ਬੜਾ ਅਫ਼ਸੋਸ ਹੈ ਕਿ ਵਜ਼ੀਰ ਸਾਹਿਬ ਬੜੇ ਗੁੰਝਲਦਾਰ ਜਵਾਬ ਦੇ ਰਹੇ ਹਨ ਅਤੇ ਇਸ ਤਰੀਕੇ ਨਾਲ ਸਾਰੇ ਹਾਊਸ ਨੂੰ ਮਿਸਲੀਡ ਕੀਤਾ ਜਾ ਰਿਹਾ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੀ ਇਹੀ ਨੀਤੀ ਹੈ ਕਿ ਜੇ ਕੋਈ ਸਬਸਿਡੀ ਦੇਣੀ ਹੈ ਤਾਂ ਉਹ ਲੱਖਾਂ ਅਤੇ ਕਰੋੜ ਪੱਤੀਆਂ ਨੂੰ ਹੀ ਦੇਣੀ ਹੈ, ਦਰਮਿਆਨੇ ਅਤੇ ਛੋਟੇ ਜ਼ਿਮੀਂਦਾਰ ਨੂੰ ਨਹੀਂ ਦੇਣੀ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਇਹ ਗਿਆਤ ਹੋਣੀ ਚਾਹੀਦੀ ਹੈ ਕਿ ਬਾਦਲ ਸਾਹਿਬ ਨੇ ਇਹ ਅਨਾਊਂਸ ਕੀਤਾ ਸੁਪਰੀਮ ਕੋਰਟ ਨੇ ਫੈਸਲਾ ਦੇ ਚਿੱਤਾ ਕਿ ਮਾਰਕੀਟਿੰਗ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਬੋਰਡ ਦੇ ਪੈਸੇ ਨਹੀਂ ਖਰਚਣੇ। ਇਹ ਤਾਂ ਉਹ ਗੱਲ ਹੈ ਕਿ ਕੀਤੀਆਂ ਫੱਤੇ ਦੀਆਂ, ਪੇਸ਼ ਚੂਲੇ ਦੇ ਪਈਆਂ'। ਜਦੋਂ ਸਾਡੇ ਕੋਲ ਪੈਸੇ ਹੋਣਗੇ ਉਦੋਂ ਸੋਚ ਲਿਆ ਜਾਵੇਗਾ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਵਾਲ ਪਾਲਿਸੀ ਦਾ ਹੈ ਕਿ ਪਿਛਲੀ ਗੌਰਮਿੰਟ ਦਾ ਜੋ ਫੈਸਲਾ ਸੀ ਸਬਸਿਡੀ ਦੇਣ ਦਾ, ਕੀ ਉਹ ਕੰਟੀਨਿਊ ਕਰਨਾ ਹੈ ਜਾਂ ਨਹੀਂ ? ਜੇ ਉਸ ਨੂੰ ਇਹ ਜਾਰੀ ਰੱਖਣਗੇ ਤਾਂ ਕਿਸ ਢੰਗ ਨਾਲ ਇੰਪਲੀਮੈਂਟ ਕਰਨਗੇ। ਜਿਹੜੇ ਖਾਲੇ ਟੁੱਟ ਗਏ ਹਨ, ਕੀ ਉਨ੍ਹਾਂ ਦੀ ਜਿਤਨੀ ਦੇਰ ਰਿਪੇਅਰ ਨਹੀਂ ਹੁੰਦੀ, ਉਤਨੀ ਦੇਰ ਕਿਸਾਨਾਂ ਤੋਂ ਉਸ ਪੈਸੇ ਦੀ ਵਸੂਲੀ ਨਹੀਂ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਸਵਾਲ ਹੈ ਕਿ ਜਿਹੜੇ ਖਾਲੇ ਟੁੱਟ ਗਏ ਹਨ ਉਨ੍ਹਾਂ ਦੀ ਰਿਕਵਰੀ ਉਤਨੀ ਦੇਰ ਨਾ ਕੀਤੀ ਜਾਵੇ ਜਿਤਨੀ ਦੇਰ ਉਹ ਰਿਪੇਅਰ ਨਹੀਂ ਕਰ ਦਿੱਤੇ ਜਾਂਦੇ। ਵੈਸੇ ਲਾਜੀਕਲੀ ਤਾਂ ਇਹ ਸਵਾਲ ਜੱਚਦਾ ਹੈ। ਮਗਰ ਇਤਨੇ ਲੰਮੇ ਚੌੜੇ ਖਾਲੇ ਹਨ, ਅਸੀਂ ਕਿਤਨੇ ਚੌਕੀਦਾਰ ਰਖਾਂਗੇ। ਇਹ ਪ੍ਰੈਕਟੀਕਲ ਗੱਲ ਲਗਦੀ ਨਹੀਂ।

ਸ਼੍ਰੀ ਸਪੀਕਰ : ਸਰਦਾਰ ਬਲਵਿੰਦਰ ਸਿੰਘ ਨੇ ਸਬਸਿਡੀ ਦੇਣ ਬਾਰੇ ਵੀ ਪੁੱਛਿਆ ਸੀ, ਉਸਦਾ ਜਵਾਬ ਵੀ ਦੇ ਦਿਓ।

ਮੰਤਰੀ : ਸਪੀਕਰ ਸਾਹਿਬ, ਸਰਕਾਰ ਫੈਸਲਾ ਆਪਣੇ ਐਕਸਚੇਕਰ ਨੂੰ ਵੇਖ ਕੇ ਹੀ ਚਾਕ-ਆਊਟ ਕਰ ਸਕਦੀ ਹੈ।

ਸਰਦਾਰ ਜਸਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਕੀ ਸਬੰਧਤ ਮੰਤਰੀ ਸਾਹਿਬ ਦਸਣਗੇ ਕਿ ਪੰਜਾਬ ਵਿਚ ਕੁੱਲ ਕਿਤਨੇ ਕਿਲੋਮੀਟਰ ਖਾਲੇ ਪੱਕੇ ਕੀਤੇ ਗਏ ਹਨ ਅਤੇ ਕੇਵਲ ਗਿਦੜਬਾਹਾ ਅਤੇ ਮਲੋਟ ਦੇ ਇਲਾਕੇ ਵਿਚ ਕਿਤਨੇ ਪੱਕੇ ਕੀਤੇ ਗਏ ਹਨ ?

(ਕੋਈ ਉੱਤਰ ਨਹੀਂ ਆਇਆ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਸਾਰੇ ਮੰਨਦੇ ਹਨ ਕਿ ਬੜੀ ਹਾਰਡ-ਸ਼ਿਪ ਹੈ। ਇਸ ਹਾਰਡਸ਼ਿਪ ਨੂੰ ਮੁੱਖ ਰਖਦੇ ਹੋਏ ਹੀ ਪਹਿਲਾਂ ਵੀ ਦੋ ਦਫਾ ਫੈਸਲਾ ਹੋਇਆ ਕਿ 25% ਸਬਸਿਡੀ ਮਾਰਕਿਟ ਕਮੇਟੀਆਂ ਤੋਂ ਦਿਵਾਈ ਜਾਵੇ। ਫਿਰ ਇਹ ਫੈਸਲਾ ਹੋਇਆ ਕਿ 50% ਸਬਸਿਡੀ ਦਿੱਤੀ ਜਾਵੇ ਅਤੇ ਹਦਾਇਤ ਕੀਤੀ ਗਈ ਕਿ ਇਸ ਦੇ ਲਈ ਰਿਸੋਰਸਿਜ਼ ਦਾ ਪ੍ਰਬੰਧ ਕੀਤਾ ਜਾਵੇ। ਕੀ ਵਜ਼ੀਰ ਸਾਹਿਬ ਇਨ੍ਹਾਂ ਦੋਨਾਂ ਫੈਸਲਿਆਂ ਤੇ ਕਾਇਮ ਰਹਿਣਗੇ ਅਤੇ ਇਨ੍ਹਾਂ ਨੂੰ ਲਾਗੂ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇੱਕ ਗੱਲ ਆਖੀ ਸੀ। ਉਸ ਨੂੰ ਮੈਂ ਰਿਪੀਟ ਨਹੀਂ ਕਰਨਾ ਚਾਹੁੰਦਾ। ਬਾਦਲ ਸਾਹਿਬ ਦਾ ਐਲਾਨ ਮਈ, 1978 ਵਿਚ ਹੋਇਆ। ਸੁਪਰੀਮ ਕੋਰਟ ਦਾ ਇਹ ਫੈਸਲਾ ਕਿ ਮਾਰਕੀਟਿੰਗ ਬੋਰਡ ਇਨ੍ਹਾਂ ਐਗਰੀਕਲਚਰਲ ਪਰਪਜ਼ਜ਼ ਵਾਸਤੇ ਪੈਸਾ ਨਾ ਖਰਚ ਕਰੇ, ਇਹ ਮਈ, 1979 ਵਿਚ ਹੋਇਆ। ਇੱਕ ਸਾਲ ਦਾ ਇਨ੍ਹਾਂ ਕੋਲ ਟਾਈਮ ਸੀ।

They could have very well issued proper orders. They could have very well managed for it.

Original with;
Punjab Vidhan Sabha
Digitized by;
Panjab Digital Library

ਇਸ ਕਰਕੇ ਹੀ ਮੈਨੂੰ ਸਪੀਕਰ ਸਾਹਿਬ, ਉਹ ਗੱਲ ਕਹਿਣੀ ਪਈ ਸੀ। ਇਹ ਕਹਿਣਗੇ ਕਿ ਮੈਂ ਸੈਂਟਾਇਰ ਕਰ ਦਿੱਤਾ। ਪਰ ਉਹ ਬਿਲਕੁਲ ਫਿੱਟ ਆਉਂਦਾ ਹੈ। ਬਾਦਲ ਸਾਹਿਬ ਸਾਨੂੰ ਸਹਿਯੋਗ ਦੇਣ। ਸਰਕਾਰ ਨੂੰ ਇਸ ਹਾਰਡਸ਼ਿਪ ਦੀ ਰਿਅਲਾਈਜ਼ੇਸ਼ਨ ਹੈ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹਰ ਜਗ੍ਹਾ ਕਿਸਾਨ ਦੇ ਹਿੱਤ ਦੀ ਰਾਖੀ ਕਰਨ ਦੀ ਕੋਸ਼ਿਸ਼ ਕਰੇਗੀ ਅਤੇ ਹੋਰ ਵੀ ਉਪਰਾਲੇ ਕਰੇਗੀ। (ਇਸ ਸਮੇਂ ਮਾਸਟਰ ਚੰਦ ਸਿੰਘ, ਕਾਮਰੇਡ ਬਤਵਣ ਸਿੰਘ ਅਤੇ ਸਰਦਾਰ ਬਲਵਿੰਦਰ ਸਿੰਘ ਭੁੰਦੜ ਇਸ ਸਵਾਲ ਤੇ ਸਪਲੀਮੈਂਟਰੀ ਪੁੱਛਣ ਦੀ ਮੰਗ ਕਰ ਰਹੇ ਸਨ, ਪਰ ਸ਼੍ਰੀ ਸਪੀਕਰ ਨੇ ਅਗਲਾ ਸਵਾਲ ਕਾਲ ਅਪਾਨ ਕਰ ਲਿਆ)

ਸ਼੍ਰੀ ਸਪੀਕਰ : ਇਸ ਸੁਆਲ ਉਤੇ ਪਹਿਲਾਂ ਹੀ ਬਹੁਤ ਸਪਲੀਮੈਂਟਰੀਜ਼ ਹੋ ਚੁੱਕੇ ਹਨ। ਅਗਲਾ ਸੁਆਲ।

Grant of Arm Licences by the S.D.M. Phul

*17 **Master Babu Singh :** Will the Chief Minister be pleased to state :—

(a) the number and names of persons in Phul sub-division to whom Arm Licences were granted by the S.D.M. Phul (Bhatinda) during the period from 1st January, 1980 to 31st May, 1980 ;

(b) the criteria adopted by the Government for granting Arm Licences for Guns/Rifles/Revolvers/Pistols ?

ਸਰਦਾਰ ਦਰਬਾਰਾ ਸਿੰਘ : (ੳ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਹਥਿਆਰਾਂ ਦੇ ਲਾਇਸੰਸ ਆਰਮਜ਼ ਐਕਟ, 1959 ਅਤੇ ਆਰਮਜ਼ ਰੂਲਜ਼, 1962 ਦੇ ਉਪਬੰਧਾ ਅਨੁਸਾਰ ਦਿੱਤੇ ਜਾਂਦੇ ਹਨ।

ਸੂਚੀ

ਫੂਲ ਸਬ-ਡਵੀਜ਼ਨ ਵਿੱਚ ਉਪ-ਮੰਡਲ ਮੈਜਿਸਟਰੇਟ, ਫੂਲ ਵਲੋਂ ਮਿਤੀ 1 ਜਨਵਰੀ, 1980 ਤੋਂ 30 ਮਈ, 1980 ਤੱਕ ਹੇਠ ਲਿਖੇ 20 ਵਿਕਤੀਆਂ ਨੂੰ ਅਸਲੇ ਦੇ ਲਾਇਸੰਸ ਜਾਰੀ ਕੀਤੇ ਗਏ ਹਨ :

1. ਸ਼੍ਰੀ ਪ੍ਰੀਤਮ ਸਿੰਘ ਪੁੱਤਰ ਸ਼੍ਰੀ ਗੱਜਣ ਸਿੰਘ ਵਾਸੀ ਫੂਲ।
2. ਸ਼੍ਰੀ ਗੁਰਨਾਮ ਸਿੰਘ, ਪੁੱਤਰ ਸ਼੍ਰੀ ਸਰਵਣ ਸਿੰਘ ਵਾਸੀ ਫੂਲ।
3. ਸ਼੍ਰੀ ਨੰਦ ਸਿੰਘ, ਪੁੱਤਰ ਸ਼੍ਰੀ ਪਾਲਾ ਸਿੰਘ ਵਾਸੀ ਚੌਕੇ।
4. ਸ਼੍ਰੀ ਸੱਤਪਾਲ, ਪੁੱਤਰ ਕਿਸ਼ੋਰ ਚੰਦ ਵਾਸੀ ਰਾਮਪੁਰਾ ਫੂਲ।
5. ਸ਼੍ਰੀ ਬਾਬੂ ਸਿੰਘ ਐਮ. ਐਲ. ਏ. ਫੂਲ।
6. ਸ਼੍ਰੀ ਜੋਗਿੰਦਰ ਸਿੰਘ, ਪੁੱਤਰ ਸ਼੍ਰੀ ਮਿਤ ਸਿੰਘ ਵਾਸੀ ਭੈਣੀ ਚੂਹੜ।
7. ਸ਼੍ਰੀ ਹਰਨੇਕ ਸਿੰਘ, ਪੁੱਤਰ ਸ਼੍ਰੀ ਰਜਿੰਦਰ ਸਿੰਘ ਵਾਸੀ ਰਾਮਪੁਰਾ ਫੂਲ।
8. ਸ਼੍ਰੀ ਮਹਿੰਦਰ ਸਿੰਘ ਪੁੱਤਰ ਸ਼੍ਰੀ ਵੰਸਤ ਸਿੰਘ ਵਾਸੀ ਰਾਮਪੁਰਾ ਫੂਲ।
9. ਸ਼੍ਰੀ ਗੁਰਦੇਵ ਸਿੰਘ, ਪੁੱਤਰ ਸ਼੍ਰੀ ਗੋਪਾਲ ਸਿੰਘ ਵਾਸੀ ਮਹਿਰਾਜ ਪੁੱਤਰ ਕਰਮ ਚੰਦ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ[

10. ਸ਼੍ਰੀ ਜੋਗਿੰਦਰ ਸਿੰਘ, ਪੁੱਤਰ ਸ਼੍ਰੀ ਮੁਖਤਿਆਰ ਸਿੰਘ ਵਾਸੀ ਬਦਿਆਲਾ।
11. ਸ਼੍ਰੀ ਤਰਸੇਮ ਲਾਲ, ਪੁੱਤਰ ਸ਼੍ਰੀ ਭਗਤ ਰਾਮ ਵਾਸੀ ਰਾਮਪੁਰਾ ਫੂਲ।
12. ਸ਼੍ਰੀ ਨੰਦ ਸਿੰਘ, ਪੁੱਤਰ ਸ਼੍ਰੀ ਨਿਧਾਨ ਸਿੰਘ ਵਾਸੀ ਢੱਡੇ।
13. ਸ਼੍ਰੀ ਧੰਨ ਸਿੰਘ, ਪੁੱਤਰ ਸ਼੍ਰੀ ਕੁੰਡਾ ਸਿੰਘ ਵਾਸੀ ਢੱਡੇ।
14. ਸ਼੍ਰੀ ਮੁਖਤਿਆਰ ਸਿੰਘ, ਪੁੱਤਰ ਸ਼੍ਰੀ ਚੰਨਣ ਸਿੰਘ ਵਾਸੀ ਢੱਡੇ।
15. ਸ਼੍ਰੀ ਦਲਜੀਤ ਸਿੰਘ, ਪੁੱਤਰ ਸ਼੍ਰੀ ਬਲਵੰਤ ਸਿੰਘ ਵਾਸੀ ਫੂਲ।
16. ਸ਼੍ਰੀ ਕਰਤਾਰ ਸਿੰਘ, ਪੁੱਤਰ ਸ਼੍ਰੀ ਜੀਤ ਸਿੰਘ ਵਾਸੀ ਬਦਿਆਲਾ।
17. ਸ਼੍ਰੀ ਬਲਵੰਤ ਸਿੰਘ, ਪੁੱਤਰ ਸ਼੍ਰੀ ਤਾਰਾ ਸਿੰਘ ਵਾਸੀ ਦਿਆਲਪਰਾ ਭਾਈਕਾ।
18. ਸ਼੍ਰੀ ਜਰਨੈਲ ਸਿੰਘ, ਪੁੱਤਰ ਸ਼੍ਰੀ ਚੰਨਣ ਸਿੰਘ ਵਾਸੀ ਮੰਡੀਕਲਾਂ।
19. ਸ਼੍ਰੀ ਜੋਰਾ ਸਿੰਘ, ਪੁੱਤਰ ਸ਼੍ਰੀ ਅਰਜਨ ਸਿੰਘ ਵਾਸੀ ਮੰਡੀ ਕਲਾਂ।
20. ਸ਼੍ਰੀ ਅਵਤਾਰ ਸਿੰਘ ਪੱਤਰ ਸ਼੍ਰੀ ਮਿੱਤ ਸਿੰਘ ਵਾਸੀ ਮੰਡੀਕਲਾਂ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ ਬਠਿੰਡਾ, ਸੰਗਰੂਰ ਅਤੇ ਫਰੀਦਕੋਟ ਦੇ ਜ਼ਿਲ੍ਹਿਆਂ ਵਿਚ ਕਤਲ ਜ਼ਿਆਦਾ ਹੁੰਦੇ ਹਨ। ਇਸ ਲਈ ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ 25 ਸਾਲ ਜਾਂ ਉਸ ਤੋਂ ਘੱਟ ਦੀ ਉਮਰ ਵਾਲੇ ਜ਼ਜ਼ਬਾਤੀ ਨੌਜਵਾਨਾਂ ਨੂੰ ਫਾਇਰ ਆਰਮਜ਼ ਦੇ ਲਾਇਸੰਸ ਨਾ ਦਿੱਤੇ ਜਾਣ ਲਈ ਕੋਈ ਇਨਸਟਰਕਸ਼ਨ ਜਾਰੀ ਕਰਨ ਦੀ ਖੇਚਲ ਕਰਨਗੇ ਤਾਂ ਕਿ ਉਹ ਨੌਜਵਾਨ ਜ਼ਜ਼ਬਾਤ ਵਿਚ ਆ ਕੇ ਕਤਲ ਨਾ ਕਰ ਸਕਣ ?

ਮੁੱਖ ਮੰਤਰੀ : ਵੈਸੇ ਤਾਂ ਉਮਰ ਵਾਲੀ ਗੱਲ ਇਨ੍ਹਾਂ ਦੀ ਠੀਕ ਹੈ। ਲੇਕਿਨ ਬਹੁਤ ਸਾਰੇ ਜਿਹੜੇ ਲਾਈਸੈਂਸ ਐਵੇਂ ਹੀ ਇਸ਼ੂ ਕਰ ਦਿਤੇ ਸਨ, ਉਨ੍ਹਾਂ ਦੇ ਬਾਰੇ ਅਸੀਂ ਇਹ ਕੀਤਾ ਹੈ ਕਿ ਉਹ ਵਾਪਸ ਲਏ ਜਾਣ। ਉਹ ਫਾਇਰ ਆਰਮਜ਼ ਜਿਹੜੇ ਕਿ ਆਮ ਤੌਰ ਤੇ ਲੋਕਾਂ ਪਾਸ ਨਹੀਂ ਜਾਣੇ ਚਾਹੀਦੇ ਉਹ ਵਾਪਸ ਲਏ ਜਾ ਰਹੇ ਹਨ। ਰੂਲਜ਼ ਐਂਡ ਰੈਗੂਲੇਸ਼ਨਜ਼ ਬਣੇ ਹੋਏ ਹਨ। ਇਸ ਤੋਂ ਇਲਾਵਾ ਵੰਡ ਕੀਤੀ ਹੋਈ ਹੈ। ਉਹ ਪੜਤਾਲ ਪੜਚੋਲ ਕਰਕੇ ਵੰਡ ਕਰਦੇ ਹਨ। ਉਹ ਇਹ ਵੀ ਧਿਆਨ ਰਖਣਗੇ ਕਿ ਕਿਸੇ ਐਸੇ ਸੱਜਣ ਨੂੰ ਲਾਈਸੈਂਸ ਨਾ ਇਸ਼ੂ ਕੀਤਾ ਜਾਵੇ ਜਿਹੜਾ ਕਿ ਬਾਅਦ ਵਿਚ ਕਿਸੇ ਨਿਊਸੈਂਸ ਦਾ ਕਾਰਣ ਬਣੇ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਲਾਈਸੈਂਸ ਇਸ਼ੂ ਕਰਨ ਵੇਲੇ ਤਹਿਸੀਲਦਾਰ ਜਾਂ ਸਬ-ਡਵੀਜ਼ਨਲ ਅਫਸਰ ਦੀ ਰਿਪੋਰਟ ਲਈ ਜਾਂਦੀ ਹੈ ਕਿ ਜਿਸ ਆਦਮੀ ਨੂੰ ਲਾਈਸੈਂਸ ਇਸ਼ੂ ਕਰਨਾ ਹੈ ਉਸ ਵੱਲ ਕੋਈ ਬਕਾਇਆ ਤਾਂ ਨਹੀਂ ਹੈ ? ਕੀ ਇਸ ਤਰ੍ਹਾਂ ਦੀਆਂ ਇਨਸਟਰੱਕਸ਼ਨਾ ਕੀਤੀਆਂ ਹੋਈਆਂ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਅਫਸਰਾਂ ਨੂੰ ਜਿਸ ਜਿਸ ਪੱਧਰ ਤੇ ਅਧਿਕਾਰ ਦਿਤੇ ਗਏ ਹਨ, ਉਹ ਆਪਣੇ ਅਧਿਕਾਰਾਂ ਦਾ ਇਸਤੇਮਾਲ ਕਰਕੇ ਲਾਈਸੈਂਸ ਇਸ਼ੂ ਕਰਦੇ ਹਨ। ਉਹ ਪੜਤਾਲ ਕਰਦੇ ਹਨ ਕਿ ਆਇਆ ਇਹ ਆਦਮੀ ਲਾਈਸੈਂਸ ਦੇਣ ਵਾਸਤੇ ਡਿਜ਼ਰਵ ਕਰਦਾ ਹੈ ਜਾਂ ਨਹੀਂ ਕਰਦਾ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਪਹਿਲਾਂ ਐਵੇਂ ਹੀ ਲਾਇਸੈਂਸ ਇਸ਼ੂ ਕਰ ਦਿਤੇ ਗਏ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਨ੍ਹਾਂ ਲਫਜ਼ਾਂ ਤੋਂ ਕੀ ਮੁਰਾਦ ਹੈ। ਲਾਈਸੈਂਸ ਇਸ਼ੂ ਕਰਨ ਲਈ ਪਹਿਲਾਂ ਐਸ.ਐਚ.ਓ. ਰਿਕੁਮੈਂਡੇਸ਼ਨਜ਼ ਕਰਦਾ ਹੈ, ਫਿਰ ਡੀ.ਐਸ.ਪੀ. ਕਰਦਾ ਹੈ ਅੱਤੇ ਫਿਰ ਐਸ.ਪੀ. ਕਰਦਾ ਹੈ, ਪਰ ਇਨ੍ਹਾਂ ਦਾ ਇਹ ਕਹਿਣਾ ਕਿ ਐਵੇਂ ਹੀ ਲਾਈਸੈਂਸ ਦਿਤੇ ਗਏ ਹਨ, ਇਸ ਤੋਂ ਇਨ੍ਹਾਂ ਦੀ ਕੀ ਮੁਰਾਦ ਹੈ ?

Original with;
Punjab Vidhan Sabha
Digitized by;
Panjab Digital

ਮਾਸਟਰ ਬਾਬੂ ਸਿੰਘ : ਇਹ ਪੈਸੇ ਲੈ ਕੇ ਲਾਇਸੈਂਸ ਇਸ਼ੂ ਕਰਦੇ ਹਨ ਤੁਸੀਂ ਅਕਾਲੀ ਪਾਰਟੀ ਵਾਲੇ ਐਵੇਂ ਹੀ ਕਰਦੇ ਰਹੇ ਹੋ। (ਹਾਸਾ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂਬਰ ਨੂੰ ਇਸ ਤਰ੍ਹਾਂ ਐਸਪਰਸ਼ਨ ਨਹੀਂ ਕਰਨੀ ਚਾਹੀਦੀ। ਮੈਂ ਸਮਝਦਾ ਹਾਂ ਕਿ ਅਗਰ ਕੋਈ ਐਸੀ ਗੱਲ ਹੈ।

Then he must bring it to my notice. I will certainly look into it and punish the man who is responsible for the corruption. ਸਪੀਕਰ ਸਾਹਿਬ, ਐਸੀ ਬਾਤ ਨਹੀਂ ਹੈ। ਲੇਕਿਨ ਮੈਂ ਆਪੋਜੀਸ਼ਨ ਦੇ ਲੀਡਰ ਸਾਹਿਬ ਨੂੰ ਇਸ ਵੇਲੇ ਕੋਈ ਡਿਟੇਲਜ਼ ਨਹੀਂ ਦੱਸਣਾ ਚਾਹੁੰਦਾ। ਜਦੋਂ ਇਹ ਡਿਟੇਲਜ਼ ਪੁੱਛਣਗੇ ਤਾਂ ਦੱਸ ਦਿਆਗਾਂ। ਸਪੀਕਰ ਸਾਹਿਬ, ਇਕ ਦਿਨ ਵਿਚ ਅਗਰ ਕਿਸੇ ਐਸ. ਡੀ. ਐਮ. ਨੇ 100 ਜਾਂ 150 ਲਾਈਸੈਂਸ ਇਸ਼ੂ ਕੀਤਾ ਹੋਵੇ ਤਾਂ ਸਰਕਾਰ ਦਾ ਪੜਤਾਲ ਕਰਨ ਦਾ ਕੰਮ ਬਣ ਜਾਂਦਾ ਹੈ ਕਿ ਆਇਆ ਉਹ ਲਾਈਸੈਂਸ ਕਿਸੇ ਗਲਤ ਆਦਮੀਆਂ ਨੂੰ ਤਾਂ ਨਹੀਂ ਦਿੱਤੇ ਗਏ। ਮੈਂ ਇਹ ਨਹੀਂ ਕਹਿੰਦਾ ਕਿ ਬਿਨਾਂ ਕਿਸੇ ਪੜਤਾਲ ਦੇ ਲਾਈਸੈਂਸ ਇਸ਼ੂ ਕਰ ਦਿਤੇ ਗਏ ਹਨ, ਉਹ ਤਾਂ ਪ੍ਰੋਸੀਜਰ ਦੇ ਮੁਤਾਬਿਕ ਹੀ ਹੋਏ ਹੋਣਗੇ ਲੇਕਿਨ ਫਿਰ ਵੀ ਕਈ ਐਸੀਆਂ ਛੋਟਾਂ ਦਿਤੀਆਂ ਗਈਆਂ ਹੋਣਗੀਆਂ, ਜਿਨ੍ਹਾਂ ਨਾਲ ਜਿਹੜੇ ਲੋਕ ਡਿਜ਼ਰਵ ਨਹੀਂ ਸੀ ਕਰਦੇ, ਉਨ੍ਹਾਂ ਨੂੰ ਵੀ ਸ਼ਾਇਦ ਲਾਈਸੈਂਸ ਮਿਲ ਗਏ ਹੋਣਗੇ। ਇਸ ਲਈ ਇਹ ਸਾਰੀ ਚੀਜ਼ ਵੇਖਣੀ ਸਰਕਾਰ ਦਾ ਫਰਜ਼ ਬਣ ਜਾਂਦਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਫਾਇਰ ਆਰਮਜ਼ ਦਾ ਲਾਈਸੈਂਸ ਦੇਣ ਲਈ ਪੁਲਿਸ ਦੀ ਰਿਪੋਰਟ ਸਾਰਿਆਂ ਲਈ ਜ਼ਰੂਰੀ ਹੈ ਜਾਂ ਇਹ ਕੁਝ ਲੋਕਾਂ ਲਈ ਹੀ ਹੈ ? ਕੀ ਇਸ ਬਾਰੇ ਮੁੱਖ ਮੰਤਰੀ ਜੀ ਦੱਸਣ ਦੀ ਕਿਰਪਾ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਦੁਬਾਰਾ ਦੱਸ ਦੇਣ ਜੀ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਹੈ ਕਿ ਕੀ ਫਾਇਰ ਆਰਮਜ਼ ਦਾ ਲਾਈਸੈਂਸ ਦੇਣ ਵਾਸਤੇ ਐਸ.ਐਚ.ਓ., ਦੀ ਜਾਂ ਡੀ. ਐਸ.ਪੀ. ਦੀ ਰਿਪੋਰਟ ਹਰ ਆਦਮੀ ਲਈ ਲਾਜ਼ਮੀ ਹੈ ਜਾਂ ਕਿ ਐਸ.ਡੀ.ਐਮ ਪਾਸ ਪਾਵਰ ਹੈ ਕਿ ਉਹ ਸਿੱਧਾ ਹੀ ਲਾਇਸੈਂਸ ਇਸ਼ੂ ਕਰ ਸਕਦਾ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਥੇ ਐਸ. ਪੀ. ਅੰਰ ਡੀ. ਸੀ. ਸੈਟਿਸਫਾਈਡ ਹੋਣ ਕਿ ਇਨ੍ਹਾਂ ਨੂੰ ਲਾਈਸੈਂਸ ਲੈਣ ਵਾਲੇ ਵਿਅੱਕਤੀ ਬਾਰੇ ਜ਼ਾਤੀ ਤੌਰ ਤੇ ਵਾਕਫੀਅਤ ਹੈ ਅੰਰ ਤਸੱਲੀ ਹੈ ਕਿ ਉਹ ਵਿੱਅਕਤੀ ਲਾਇਸੈਂਸ ਦੀ ਗਲਤ ਵਰਤੋਂ ਨਹੀਂ ਕਰੇਗਾ ਤਾਂ ਉਹ ਆਪ ਹੀ ਇਸ਼ੂ ਕਰ ਦਿੰਦੇ ਹਨ ਵਰਨਾ ਰੁਟੀਨ ਵਿਚ ਰਿਪੋਰਟ ਆਉਂਦੀ ਹੈ ਤਾਂ ਲਾਈਸੈਂਸ ਇਸ਼ੂ ਕੀਤਾ ਜਾਂਦਾ ਹੈ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਪੰਜਾਬ ਦੇ ਵਿਚ ਜਿਤਨੇ ਸਮੱਗਲਰਜ਼ ਹਨ ਉਨ੍ਹਾਂ ਨੂੰ ਕਈ ਕਈ ਲਾਈਸੈਂਸ ਦਿੱਤੇ ਹੋਏ ਹਨ। ਕਈਆਂ ਤੇ ਮੁਕੱਦਮੇ ਵੀ ਚੱਲ ਚੁੱਕੇ ਹਨ, ਕਈਆਂ ਤੇ ਹੁਣ ਮੁਕੱਦਮੇਂ ਚੱਲ ਰਹੇ ਹਨ। ਕੀ ਸਰਕਾਰ ਸਮੱਗਲਰਾਂ ਦੇ ਲਾਈਸੈਂਸ ਕੈਂਸਲ ਕਰੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਦੇ ਬਾਰੇ ਇਹ ਗੱਲ ਨੋਟਿਸ ਵਿਚ ਆਈ ਹੈ ਉਹ ਕੇਸ ਨਾ ਕਿ ਸਾਡੇ ਵਿਚਾਰ ਗੌਚਰੇ ਹੀ ਹਨ ਬਲਕਿ ਉਨ੍ਹਾਂ ਤੇ ਐਕਸ਼ਨ ਹੋ ਰਿਹਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਪਿਛਲੇ ਤਿੰਨ ਸਾਲਾਂ ਦੇ ਅੰਦਰ ਇਕ ਇਕ ਥਾਣੇ ਦੇ ਇਲਾਕੇ ਵਿਚ ਚਾਰ ਚਾਰ ਸੌ ਲਾਈਸੈਂਸ ਇਸ਼ੂ ਕੀਤੇ ਗਏ ਹਨ। ਜਦੋਂ ਕਿ ਥਾਣੇ ਵਿਚ ਸਿਰਫ 20 ਆਰਮਡ ਆਦਮੀ ਹੀ ਹੁੰਦੇ ਹਨ। ਇਸ ਨਾਲ ਉਹ ਲੋਕ ਇਨ੍ਹਾਂ ਨੂੰ ਲਾਈਸੈਂਸ ਇਤਨੇ ਜ਼ਿਆਦਾ ਦੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਗਏ ਹਨ ਕਿ ਕਿਸੇ ਵੇਲੇ ਵੀ ਥਾਣੇਂ ਤੇ ਹਮਲਾ ਕਰ ਸਕਦੇ ਹਨ। (ਵਿਰੋਧੀ ਧਿਰ ਵੱਲੋਂ ਆਵਾਜ਼ਾਂ ਵਾਹਵਾ, ਵਾਹਵਾ) (ਹਾਸਾ) ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਲੋਕਾਂ ਦੇ ਜਿਨ੍ਹਾਂ ਨੂੰ ਇਤਨੀ ਵੱਡੀ ਗਿਣਤੀ ਵਿਚ ਲਾਈਸੈਂਸ ਦਿਤੇ ਗਏ ਹਨ, ਉਹ ਲਾਈਸੈਂਸ ਕੈਂਸਲ ਕਰਨਗੇ? ਕੀ ਇਹ ਇਨਕੁਆਇਰੀ ਵੀ ਕਰਾਉਣਗੇ ਕਿ ਉਹ ਕਾਰਬਾਈਨਾਂ ਦੇ ਕਿਸ ਬਿਨਾਂ ਤੇ ਇਤਨੇਂ ਲਾਈਸੈਂਸ ਇਸ਼ੂ ਕੀਤੇ ਹਨ, ਔਰ ਉਹ ਕਾਰਬਾਈਨਾਂ ਦਾ ਕਿਥੇ ਇਸਤੇਮਾਲ ਹੋਇਆ ਹੈ ਔਰ ਕਿਉਂ ਹੋਇਆ ਹੈ, ਕੀ ਇਸ ਬਾਰੇ ਵੀ ਪੜਤਾਲ ਕਰਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੇ ਪ੍ਰੋਹਿਬਟਿਡ ਹਥਿਆਰ ਹਨ ਆਮ ਤੌਰ ਤੇ ਉਨ੍ਹਾਂ ਦੀ ਮਨਾਹੀ ਕਰ ਦਿਤੀ ਗਈ ਹੈ। ਜਿਹੜੇ ਲੋਕਾਂ ਨੂੰ ਗਲਤ ਤੌਰ ਤੇ ਲਾਈਸੈਂਸ ਇਸ਼ੂ ਕੀਤੇ ਗਏ ਹਨ, ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾ ਸਕਦੀ ਹੈ ਪਰ ਇਹ ਡਿਟੇਲ ਦੱਸ ਦੇਣ ।

ਸਰਦਾਰ ਅਵਤਾਰ ਸਿੰਘ : ਸਪੀਕਰ ਸਾਹਿਬ, ਪਿਛਲੇ ਅਕਾਲੀ ਰਿਜ਼ੀਮ ਵਿਚ ਜਿਹੜੇ ਬੰਦੇ ਕਤਲ ਦੇ ਮੁਕੱਦਮਿਆਂ ਵਿਚ ਕੈਦ ਸਨ ਔਰ ਅਕਾਲੀ ਰਾਜ ਵੇਲੇ ਉਨ੍ਹਾਂ ਨੂੰ ਜੇਲ੍ਹ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ ਉਨ੍ਹਾਂ ਨੂੰ ਵੀ ਫਾਇਰ ਆਰਮਜ਼ ਦੇ ਲਾਈਸੈਂਸ ਦਿਤੇ ਗਏ ਹਨ ਔਰ ਉਹ ਲੋਕ ਫਿਰ ਕਤਲ ਕੇਸਾਂ ਵਿਚ ਇਨਵਾਲਵਡ ਹਨ। ਕੀ ਮੁੱਖ ਮੰਤਰੀ ਜੀ ਇਨਕੁਆਇਰੀ ਕਰਾਉਣ ਦੀ ਕਿਰਪਾ ਕਰਣਗੇ ਕਿ ਉਨ੍ਹਾਂ ਲੋਕਾਂ ਨੂੰ ਕਿਉਂ ਲਾਈਸੈਂਸ ਦਿੱਤੇ ਗਏ ਹਨ ?

ਮੁੱਖ ਮੰਤਰੀ : ਅਗਰ ਮੈਂਬਰ ਸਾਹਿਬ, ਇਹ ਚੀਜ਼ ਲਿਖਤੀ ਰੂਪ ਵਿਚ ਦੇ ਦੇਣ ਤਾਂ ਮੈਂ ਇਨਕੁਆਇਰੀ ਵੀ ਕਰਵਾ ਲਵਾਂਗਾ ਔਰ ਜੇ ਵਾਕਿਆ ਹੀ ਕੋਈ ਐਸੀ ਗੱਲ ਹੋਈ ਤਾਂ ਸਜ਼ਾ ਵੀ ਦੇਵਾਂਗਾ, ਜਿਸ ਆਦਮੀ ਨੇ ਮਰਡਰਜ਼ ਨੂੰ ਲਾਈਸੈਂਸ ਦਿੱਤਾ ਹੋਵੇਗਾ।

ਸਰਦਾਰ ਅਵਤਾਰ ਸਿੰਘ : ਸਪੀਕਰ ਸਾਹਿਬ, ਮੈਂ ਸਪੈਸੇਫਿਕ ਐਲੀਗੇਸ਼ਨ ਲਗਾਇਆ ਹੈ ਜੀ। ਇਸ ਲਈ ਮੇਰਾ ਖਿਆਲ ਹੈ ਕਿ ਲਿਖਕੇ ਦੇਣ ਦੀ ਲੋੜ ਨਹੀਂ ਹੈ (ਵਿਘਨ) ਇਹ ਇਨਕੁਆਇਰੀ ਕਰਵਾ ਲੈਣ ਵੈਸੇ ਮੈਂ ਲਿਖ ਕੇ ਵੀ ਦੇ ਦੇਵਾਂਗਾ।

(ਕੋਈ ਉੱਤਰ ਨਹੀਂ ਆਇਆ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਬਹੁਤ ਸਾਰੇ ਲੋਕਾਂ ਨੇ ਜੋ ਖੇਤੀਬਾੜੀ ਕਰਦੇ ਹਨ ਉਨ੍ਹਾਂ ਨੇ ਆਮ ਤੌਰ ਤੇ ਆਪਣੇ ਖੇਤਾਂ ਵਿਚ ਹੀ ਮਕਾਨ ਪਾਏ ਹੋਏ ਹਨ ਤਾ ਕਿ ਖੇਤੀ ਚੰਗੀ ਹੋ ਸਕੇ। ਉਨ੍ਹਾਂ ਦੇ ਖਿਲਾਫ ਮੁਕੱਦਮਾ ਵੀ ਕੋਈ ਨਹੀਂ ਹੈ, ਪਰ ਉਨ੍ਹਾਂ ਨੂੰ ਲਾਈਸੈਂਸ ਜਾਣ ਬੁੱਝ ਕੇ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਨੂੰ ਫਾਇਰ ਆਰਮਜ਼ ਦਾ ਲਾਇਸੈਂਸ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ । ਔਰ ਇਨਕਾਰ ਇਸ ਕਰਕੇ ਕੀਤਾ ਜਾ ਰਿਹਾ ਹੈ ਕਿ ਉਹ ਕਿਸੇ ਹੋਰ ਪਾਰਟੀ ਨਾਲ ਸਬੰਧ ਰਖਦੇ ਹਨ, ਕੀ ਮੁੱਖ ਮੰਤਰੀ ਜੀ ਉਨ੍ਹਾਂ ਨੂੰ ਵੀ ਲਾਈਸੈਂਸ ਦਿਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਲਾਈਸੈਂਸ ਦੇਣ ਵਿਚ ਕਿਸੇ ਵੀ ਪਾਰਟੀ ਦਾ ਸਵਾਲ ਨਹੀਂ ਹੁੰਦਾ। ਇਹ ਵਿਅੱਕਤੀਗਤ ਰੂਪ ਵਿਚ ਵੇਖਿਆ ਜਾਂਦਾ ਹੈ ਕਿ ਆਇਆ ਉਹ ਵਿਅੱਕਤੀ ਲਾਈਸੈਂਸ ਦੇਣ ਦੇ ਯੋਗ ਹੈ, ਜਾਂ ਨਹੀਂ ।

Original with;
Punjab Vidhan Sabha
Digitized by;
Panjab Digital Library

STARRED QUESTIONS AND ANSWERS

Stray Dogs in the State

*56. **Master Babu Singh:** Will the Minister for Health and Family Welfare be pleased to state :

(a) whether Government is aware of the fact that the people in the State are facing a serious threat of stray dogs;

(b) the total number of stray dogs killed in the State during the calendar years 1976, 1977, 1978, 1979, 1980 (upto date);

(c) the number of cases of dog bites in respect of school going children in the State during the period mentioned in part (b) above year-wise ?

ਸ਼੍ਰੀ ਸਰਦਾਰੀ ਲਾਲ ਕਪੂਰ : (ਓ) ਅਵਾਰਾ ਕੁੱਤਿਆ ਦਾ ਕੋਈ ਗੰਭੀਰ ਖਤਰਾ ਨਹੀਂ ਹੈ।

(ਅ ਅਤੇ ਏ) ਸੂਚਨਾ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ।

(ਅ) ਸਾਲਵਾਰ ਮਾਰੇ ਗਏ ਅਵਾਰਾ ਕੁੱਤਿਆਂ ਦੀ ਕੁੱਲ ਗਿਣਤੀ ਹੇਠ ਲਿਖੇ ਅਨੁਸਾਰ ਹੈ।

1976	1977	1978	1979	1980 (30-6-1980 ਤੱਕ)
86,400	45,577	53,777	83,348	30,822

(ਏ) ਰਾਜ ਵਿਚ ਸਕੂਲ ਜਾਂਦੇ ਬੱਚਿਆਂ ਨੂੰ ਕੁੱਤਿਆਂ ਦੁਆਰਾ ਵੱਢੇ ਜਾਣ ਦੇ ਸਾਲਵਾਰ ਜਿੰਨੇ ਕੇਸ ਹੋਏ।

1976	1977	1978	1979	1980 (ਜੂਨ 1980 ਤੱਕ)
5830	6901	5988	4704	2094

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ ਜੀ। ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਅਵਾਰਾ ਕੁੱਤਿਆਂ ਦਾ ਕੋਈ ਖਤਰਾ ਨਹੀਂ ਹੈ।

It has been mentioned in the reply of the question that there is no serious threat of stray dogs.

ਜਿਹੜੇ ਸਕੂਲ ਗੋਇੰਗ ਚਿਲਡਰਨ ਨੂੰ ਕੱਟਿਆ ਗਿਆ ਹੈ ਉਨ੍ਹਾਂ ਦੀ ਤਾਦਾਦ ਸੰਨ 1976 ਵਿਚ ਸੀ 5,830 ਅੌਰ ਜਿਹੜਾ ਇਹ ਸਮਾਂ ਚੱਲ ਰਿਹਾ ਹੈ ਜੂਨ, 1980 ਤਕ ਇਸ ਸਾਲ ਜਿਨ੍ਹਾਂ ਬੱਚਿਆਂ ਨੂੰ ਕੱਟਿਆ ਗਿਆ ਹੈ, ਉਨ੍ਹਾਂ ਦੀ ਗਿਣਤੀ ਹੈ 2,094 ਅੌਰ ਵਜ਼ੀਰ ਸਾਹਿਬ ਹਾਲੇ ਵੀ ਕਹਿੰਦੇ ਹਨ ਕਿ ਕੋਈ ਸੀਰੀਅਸ ਗੱਲ ਨਹੀਂ ਹੈ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ, ਇਸ ਮਾਮਲੇ ਤੇ ਫਿਰ ਵਿਚਾਰ ਕਰਕੇ ਜਵਾਬ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਜਿਹੜੇ ਸਟਰੇਅ ਡਾਗਜ਼ ਹੁੰਦੇ ਹਨ ਸੰਨ 1947 ਤੋਂ ਪਹਿਲਾਂ ਪੰਜਾਬ ਵਿਚ ਮੁਸਲਮਾਨ ਸੈਨੇਟਰੀ ਇੰਨਸਪੈਕਟਰ ਹੁੰਦੇ ਸਨ, ਉਨ੍ਹਾਂ ਨੂੰ ਕਿਹਾ ਜਾਂਦਾ ਸੀ ਅੱਰ ਉਹ ਜਾ ਕੇ ਮਾਰ ਦਿੰਦੇ ਸਨ। ਹੁਣ ਉਹ ਗੱਲ ਤਾਂ ਹੈ ਨਹੀਂ। ਹੁਣ ਤਾਂ ਪਿੰਡਾਂ ਦੀਆਂ ਪੰਚਾਇਤਾਂ ਕੋਆਪਰੇਟ ਕਰਨ ਤਾਂ ਇਹ ਡੌਗਜ਼ ਮਾਰੇ ਜਾ ਸਕਦੇ ਹਨ। ਮਗਰ ਬਾਵਜੂਦ ਇਸ ਗੱਲ ਦੇ ਇਹ ਤਰੀਕਾ ਇਖਤਿਆਰ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਮਾਰਿਆ ਜਾਵੇ। ਸਾਰਿਆਂ ਨੇ, ਸਪੀਕਰ ਸਾਹਿਬ, ਪੜ੍ਹਿਆ ਹੋਵੇਗਾ ਕਿ ਕਿਸੇ ਥਾਂ ਤੇ ਵੀ ਜਿਥੇ ਕਿਤੇ ਵੀ ਕਿਸੇ ਸਟ੍ਰੇਅ ਡਾਗ ਨੇ ਕਟਿਆ ਹੋਵੇ ਕੋਈ ਡੈਥ ਨਹੀਂ ਹੋਈ। ਇਸ ਕਰਕੇ ਮੈਂ ਜਵਾਬ ਦਿਤਾ ਹੈ ਕਿ ਠੀਕ ਹੈ ਕਿ ਕੁੱਤਿਆਂ ਨੇ ਕੱਟਿਆ ਹੈ, ਪਰ ਕੋਈ ਡੈਥ ਵਗੈਰਾ ਨਹੀਂ ਹੋਈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਸੰਨ 1976 ਵਿਚ ਸਕੂਲ ਜਾਣ ਵਾਲਿਆਂ ਬੱਚਿਆਂ ਨੂੰ 5,830 ਨੂੰ ਕੱਟਿਆ ਗਿਆ, ਸੰਨ 1977 ਵਿਚ 6901 ਨੂੰ ਕੱਟਿਆ ਗਿਆ, 1978 ਵਿਚ 5,988 ਨੂੰ ਅੱਰ ਸੰਨ 1979 ਵਿਚ 4,704 ਨੂੰ ਕੱਟਿਆ ਗਿਆ ਹੈ। ਇਸ ਲਈ, ਸਪੀਕਰ ਸਾਹਿਬ, ਮਾਮਲਾ ਤਾਂ ਸੀਰੀਅਸ ਹੈ ਚਾਹੇ ਕਿਸੇ ਬੱਚੇ ਦੀ ਡੈਥ ਨਾ ਵੀ ਹੋਈ ਹੋਵੇ। ਇਹ ਤਾਂ ਪਿੰਡਾਂ ਦੀ ਹਾਲਤ ਹੈ ਜਿਥੇ ਕਿ ਸਰਕੋਰ ਦਾ ਪਰਬੰਧ ਉਸ ਤਰ੍ਹਾਂ ਦਾ ਨਹੀਂ, ਜਿਸ ਤਰ੍ਹਾਂ ਦਾ ਸ਼ਹਿਰਾਂ ਵਿਚ ਹੈ। ਪਰ ਸ਼ਹਿਰਾਂ ਵਿਚ ਵੀ ਸਟਰੇਅ ਡਾਗਜ਼ ਫਿਰਦੇ ਹਨ, ਉਥੇ ਵੀ ਕੋਈ ਪ੍ਰਬੰਧ ਨਹੀਂ ਹੈ। ਪਿੰਡਾਂ ਬਾਰੇ ਤਾਂ ਕਹਿ ਦਿੱਤਾ ਹੈ ਵਜ਼ੀਰ ਸਾਹਿਬ ਨੇ ਕਿ ਉਥੇ ਦੀਆਂ ਪੰਚਾਇਤਾਂ ਕੋਆਪਰੇਟ ਕਰਨ ਤਾਂ ਹੀ ਕੁੱਤੇ ਮਰ ਸਕਦੇ ਹਨ, ਪਰ ਸ਼ਹਿਰਾਂ ਵਿਚ ਤਾਂ ਇਨ੍ਹਾਂ ਦਾ ਸਿੱਧਾ ਕੰਟਰੋਲ ਹੈ ਉਥੇ ਵੀ ਬਹੁਤ ਕੁੱਤੇ ਇਸ ਤਰ੍ਹਾਂ ਦੇ ਫਿਰਦੇ ਹਨ.....

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਉਹ ਪਿੰਡਾਂ ਵਿਚੋਂ ਹੀ ਆ ਜਾਂਦੇ ਹਨ (ਹਾਸਾ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜੇਕਰ ਮੰਤਰੀ ਜੀ ਵੱਲੋਂ ਇਹ ਕਿਹਾ ਜਾਵੇ ਕਿ ਇਹ ਕੋਈ ਬਾਤ ਨਹੀਂ ਹੈ, ਇਹ ਠੀਕ ਨਹੀਂ ਹੈ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੁੱਤੇ ਮਨਜ਼ੂਰ-ਸ਼ੁਦਾ ਨਹੀਂ ਹਨ, ਕੀ ਉਨ੍ਹਾਂ ਸਾਰਿਆਂ ਨੂੰ ਮਾਰਨ ਦਾ ਸਰਕਾਰ ਪ੍ਰਬੰਧ ਕਰੇਗੀ ?

ਮੰਤਰੀ : ਇਸ ਗੱਲ ਨੂੰ ਸੀਰੀਅਸਲੀ ਸੋਚਿਆ ਜਾ ਰਿਹਾ ਹੈ ਅੱਰ ਇਸ ਬਾਰੇ ਜਲਦੀ ਤੋਂ ਜਲਦੀ ਇੰਤਜ਼ਾਮ ਕੀਤਾ ਜਾਵੇਗਾ।

ਗਿਆਨੀ ਅਰਜਣ ਸਿੰਘ ਲਿੱਟ : ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਹਸਪਤਾਲਾਂ ਵਿਚ ਹਲਕੇ ਕੁੱਤੇ ਮਾਰਨ ਦੀਆਂ ਦਵਾਈਆਂ ਨਹੀਂ ਮਿਲਦੀਆਂ। ਕੀ ਇਹ ਉਨ੍ਹਾਂ ਹਸਪਤਾਲਾਂ ਵਿਚ ਦਵਾਈਆਂ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਕਿਸੇ ਵੀ ਹਸਪਤਾਲ ਵਿਚ ਦਵਾਈਆਂ ਦੀ ਕਮੀ ਨਹੀਂ ਹੈ। ਹੁਣ ਵੀ ਸਾਡੇ ਕੋਲ 9 ਲੱਖ ਗੋਲੀਆਂ ਮੌਜੂਦ ਹਨ। ਇਨ੍ਹਾਂ ਦਾ ਕੁੱਝ ਹਿੱਸਾ ਇਸਤੇਮਾਲ ਹੋਇਆ ਹੈ ਅਤੇ ਬਾਕੀ ਸਾਰਾ ਹਿਸਾ ਪਿਆ ਹੈ। (ਵਿਘਨ)

ਸ਼੍ਰੀ ਸਪੀਕਰ : ਉਹ ਕਹਿੰਦੇ ਹਨ ਕਿ ਗੋਲੀਆਂ ਤਾਂ ਬਹੁਤ ਹਨ, ਪਰ ਖਾਣ ਵਾਲੇ ਘੱਟ ਹਨ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੁੱਤੇ ਹਨ ਇਹ ਪਿੰਡਾਂ ਵਿਚ ਬਹੁਤ ਜ਼ਿਆਦਾ ਹਨ ਅੱਰ ਇਨ੍ਹਾਂ ਨੂੰ ਮਾਰਿਆ ਨਹੀਂ ਜਾਂਦਾ।

Original with;
Punjab Vidhan Sabha
Digitized by;
Panjab Digital Library

ਹੈਲਥ ਵਾਲੇ ਪੰਚਾਇਤ ਤੇ ਇਸ ਦੀ ਜ਼ਿੰਮੇਵਾਰੀ ਸੁੱਟਦੇ ਹਨ ਅਤੇ ਪੰਚਾਇਤ ਵਾਲੇ ਹੈਲਥ ਡਿਪਾਰਟਮੈਂਟ ਤੇ ਇਸ ਦੀ ਜ਼ਿੰਮੇਵਾਰੀ ਸੁਟਦੇ ਹਨ। ਕੀ ਵਜ਼ੀਰ ਸਾਹਿਬ ਇਸ ਸਬੰਧ ਵਿਚ ਦੋਨਾਂ ਨੂੰ ਇਕੱਠੇ ਕਰਕੇ ਕੋਈ ਮੁਹਿੰਮ ਚਲਾਉਣਗੇ ਅਤੇ ਹੈਲਥ ਡਿਪਾਰਟਮੈਂਟ ਨੂੰ ਹਦਾਇਤਾਂ ਕਰਨਗੇ, ਜਿਸ ਨਾਲ ਕਿ ਪਿੰਡਾਂ ਵਿਚ ਕੁੱਤੇ ਮਾਰੇ ਜਾ ਸਕਣ ।

ਮੰਤਰੀ : ਸਪੀਕਰ ਸਾਹਿਬ, ਜਿਥੋਂ ਦੀ ਪੰਚਾਇਤ ਲਿਖ ਕੇ ਦੇਵੇ ਅਸੀਂ ਲਾਜ਼ਮੀ ਡੌਰ ਤੇ ਉਥੇ ਸੈਨੇਟਰੀ ਇਨਸਪੈਕਟਰ ਭੇਜ ਕੇ ਕੁੱਤੇ ਮਰਵਾ ਦਿਆਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਦੋਂ ਵੀ ਕੋਈ ਕੰਮ ਕਰਵਾਉਣਾ ਹੁੰਦਾ ਹੈ ਤਾਂ ਉਸ ਦਾ ਟੀਚਾ ਮਿਥਿਆ ਜਾਂਦਾ ਹੈ ਕਿ ਮਹੀਨੇ ਵਿਚ ਐਨਾ ਕੰਮ ਕਰਨਾ ਹੈ । ਕੀ ਵਜ਼ੀਰ ਸਾਹਿਬ ਕੁੱਤੇ ਮਾਰਨ ਵਾਸਤੇ ਸੈਨੇਟਰੀ ਇੰਨਸਪੈਕਟਰ ਅਤੇ ਬੀ.ਡੀ.ਓ. ਲਈ ਕੋਈ ਟੀਚਾ ਮੁਕਰੱਰ ਕਰਨਗੇ ਤਾਕਿ ਕੁੱਤੇ ਜਲਦੀ ਮਾਰੇ ਜਾ ਸਕਣ ?

ਮੰਤਰੀ : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ ਉਹ ਠੀਕ ਹੈ, ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸੈਨੇਟਰੀ ਇੰਸਪੈਕਟਰਜ਼ ਕੁੱਤੇ ਮਾਰਨ ਜਾਂਦੇ ਹਨ ਤਾਂ ਕਈ ਪੰਚਾਇਤਾਂ ਇਹ ਟਾਲਰੇਟ ਨਹੀਂ ਕਰਦੀਆਂ ਹਨ। ਮੈਂਬਰ ਸਾਹਿਬ ਸਾਨੂੰ ਲਿਖ ਕੇ ਭੇਜ ਦੇਣ ਅਸੀਂ ਉਥੇ ਸੈਨੇਟਰੀ ਇਨਸਪੈਕਟਰ ਭੇਜ ਕੇ ਕੁੱਤੇ ਮਰਵਾ ਦਿਆਂਗੇ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ ਵਜ਼ੀਰ ਸਾਹਿਬ, ਨੇ ਸ਼ੁਰੂ ਵਿਚ ਆਪਣੇ ਜਵਾਬ ਵਿਚ ਇਹ ਫਰਮਾਇਆ ਸੀ ਕਿ 1947 ਤੋਂ ਪਹਿਲਾਂ ਮੁਸਲਮਾਨ ਸੈਨੇਟਰੀ ਇੰਸਪੈਕਟਰ ਹੁੰਦੇ ਸਨ ਅਤੇ ਉਹ ਕੁੱਤੇ ਮਾਰ ਦਿੰਦੇ ਸਨ। ਪਰ ਹੁਣ ਹਜ਼ਾਰਾਂ ਕੁੱਤੇ ਭੱਜੇ ਫਿਰਦੇ ਹਨ। ਹਰ ਸਾਲ ਹਜ਼ਾਰਾਂ ਬੱਚੇ ਮਾਰੇ ਜਾਂਦੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੁਣ ਇਸ ਵਿਚ ਕੋਈ ਧਰਮ ਦੀ ਆੜ ਆ ਗਈ ਹੈ ਕਿ ਉਹ ਕੁੱਤੇ ਨਹੀਂ ਮਾਰੇ ਜਾ ਸਕਦੇ ?

ਮੰਤਰੀ : ਸਪੀਕਰ ਸਾਹਿਬ, ਕੋਈ ਬੱਚਾ ਨਹੀਂ ਮਾਰਿਆ ਗਿਆ। ਕੁੱਤਿਆਂ ਨੂੰ ਜ਼ਰੂਰ ਮਾਰਿਆ ਜਾਵੇਗਾ। ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਅਸੀਂ 3 ਦਿਨਾਂ ਤੋਂ ਕੁੱਤਿਆਂ ਨੂੰ ਮਾਰਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ, ਪਰ ਇਹ ਕੁੱਤੇ ਤੁਹਾਡੀ ਕੋਆਪਰੇਸ਼ਨ ਨਾਲ ਹੀ ਮਾਰੇ ਜਾ ਸਕਦੇ ਹਨ।

Mr. Speaker. Next Question.

Villages covered under The "Basti Sudhar Scheme" In Jullundur district.

*91. **Sardar Darshan Singh, K.P.** : Will the Minister for Welfare be pleased to state:-

(a) the total number of villages covered under the Basti Sudhar Scheme in district Jullundur, during the period from June, 1977 to February, 1980;

(b) whether the development work in the said villages has been completed; if not, the reasons therefor?

ਚੌਧਰੀ ਜਗਤ ਰਾਮ : (ੳ) 40 ਪਿੰਡ।

(ਅ) 4 ਪਿੰਡਾਂ ਵਿਚ ਕੰਮ ਮੁਕੰਮਲ ਹੋ ਚੁੱਕਾ ਹੈ । 28 ਪਿੰਡਾਂ ਵਿਚ ਕੰਮ ਪ੍ਰਗਤੀ ਤੇ ਹੈ ਅਤੇ 8 ਪਿੰਡਾਂ ਵਿਚ ਸੀਮਿੰਟ ਅਤੇ ਇੱਟਾਂ ਨਾ ਮਿਲਣ ਕਾਰਨ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਸ਼ਨ ਸਿੰਘ ਕੇ.ਪੀ.: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਜਲੰਧਰ ਜ਼ਿਲ੍ਹੇ ਵਿਚ 40 ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਸੀ ਅੱਰ 1977 ਤੋਂ 1980 ਤੱਕ ਸਿਰਫ 4 ਪਿੰਡ ਹੀ ਮੁਕੰਮਲ ਹੋਏ ਹਨ । ਬਾਕੀ ਸਾਰੇ ਪਿੰਡਾਂ ਵਿਚ ਉਸੇ ਤਰ੍ਹਾਂ ਗੰਦ ਪਿਆ ਹੋਇਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੰਮ ਕਦੋਂ ਤਕ ਮੁਕੰਮਲ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਂਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਇਸ ਕੰਮ ਨੂੰ ਤੇਜ਼ੀ ਨਾਲ ਕਰਨਾ ਚਾਹੁੰਦੀ ਹੈ ਅੱਰ ਜਿਹੜੀਆਂ ਗੰਦੀਆਂ ਬਸਤੀਆਂ ਹਨ, ਉਨ੍ਹਾਂ ਨੂੰ ਤੇਜ਼ੀ ਨਾਲ ਸਾਫ ਕਰੇਗੀ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਕਹਿੰਦੀ ਹੈ ਕਿ ਸੀਮਿੰਟ ਨਹੀਂ ਮਿਲਦਾ । ਕੀ ਇਨ੍ਹਾਂ ਦੀ ਸਰਕਾਰ ਬਸਤੀ ਸੁਧਾਰ ਵਾਸਤੇ ਕੋਈ ਸੀਮਿੰਟ ਦਾ ਪ੍ਰਬੰਧ ਕਰਕੇ ਉਨ੍ਹਾਂ ਪਿੰਡਾਂ ਨੂੰ ਛੇਤੀ ਹੀ ਸਾਫ ਕਰ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਕਾਰ ਤਾਂ ਸਾਂਝੀ ਹੁੰਦੀ ਹੈ। ਇਸ ਲਈ ਐਸੀ ਗੱਲ ਨਹੀਂ ਕਰਨੀ ਚਾਹੀਦੀ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜੋ ਕੋਟਾ ਸਾਨੂੰ ਸੀਮਿੰਟ ਦਾ ਅਲਾਟ ਹੋਇਆ ਹੈ ਉਹ ਬਹੁਤ ਥੋੜ੍ਹਾ ਮਿਲਿਆ ਹੈ। ਸਾਡੀ ਕੋਸ਼ਿਸ਼ ਹੈ ਕਿ ਇਹ ਕੋਟਾ ਵੱਧ ਮਿਲਣਾ ਚਾਹੀਦਾ ਹੈ। ਹਾਲੇ 10 ਹਜ਼ਾਰ ਟਨ ਸੀਮਿੰਟ ਮਿਲਿਆ ਹੈ। ਪਰ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਜਿਹੜੇ ਕੰਮ ਚਲਦੇ ਹਨ ਪਹਿਲੇ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ। ਖਾਸ ਕਰਕੇ ਹਰੀਜਨਾਂ ਦੀਆਂ ਗੰਦੀਆਂ ਬਸਤੀਆਂ ਨੂੰ ਪਹਿਲੇ ਦਰੁਸਤ ਕੀਤਾ ਜਾਵੇ। ਅਸੀਂ ਇਸ ਕੰਮ ਨੂੰ ਪਹਿਲ ਦੇਵਾਂਗੇ ਅਤੇ ਕੋਸ਼ਿਸ਼ ਕਰਾਂਗੇ ਕਿ ਜ਼ਿਆਦਾ ਸੀਮਿੰਟ ਮਿਲ ਸਕੇ ਅਤੇ ਸਾਰਾ ਕੋਟਾ ਮਿਲ ਸਕੇ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ ਜਿਹੜੇ ਪਿੰਡ ਬਸਤੀ ਸੁਧਾਰ ਸਕੀਮ ਅਧੀਨ ਜਲੰਧਰ ਜ਼ਿਲ੍ਹੇ ਵਿਚ ਆ ਚੁੱਕੇ ਹਨ, ਉਨ੍ਹਾਂ ਪਿੰਡਾਂ ਦੇ ਨਾਂ ਕੀ ਹਨ ਜਿਥੇ ਫੌਰੀ ਤੌਰ ਤੇ ਕੰਮ ਸ਼ੁਰੂ ਕੀਤਾ ਜਾਣਾ ਹੈ ?

ਮੰਤਰੀ । ਇਸ ਦੇ ਮੁਤੱਲਕ ਅਲਹਿਦਾ ਨੋਟਿਸ ਦੇ ਦੇਣ । ਉਨ੍ਹਾਂ ਪਿੰਡਾਂ ਦੇ ਨਾ ਦਸ ਦੇਵਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਬ, ਸਾਨੂੰ ਖੁਸ਼ੀ ਹੈ ਕਿ ਸੀ.ਐਮ. ਸਾਹਿਬ ਦਿੱਲੀ ਤੋਂ ਕੋਲਾ ਅਤੇ ਸੀਮਿੰਟ ਲਿਆ ਰਹੇ ਹਨ । ਪਰ ਜਿਹੜੀਆਂ ਇੱਟਾਂ ਪੰਜਾਬ ਵਿਚ ਬਣਦੀਆਂ ਹਨ ਅੱਰ ਉਨ੍ਹਾਂ ਨੂੰ ਬਸਤੀ ਸੁਧਾਰ ਸਕੀਮ ਵਾਸਤੇ ਵਰਤਿਆ ਜਾ ਸਕਦਾ ਹੈ, ਉਹ ਤਾਂ ਇਸਤੇਮਾਲ ਕਰਨ। ਵੈਲਫੇਅਰ ਡਿਪਾਰਟਮੈਂਟ ਦੀ ਪਬਲਿਕ ਹੈਲਥ ਡਿਪਾਰਟਮੈਂਟ ਨਾਲ ਕੋਆਰਡੀਨੇਸ਼ਨ ਨਹੀਂ ਹੈ, ਜਿਸ ਕਰਕੇ 1977 ਦਾ ਕੰਮ ਹਾਲੇ ਮੁਕੰਮਲ ਨਹੀਂ ਹੋਇਆ । ਉਥੇ ਲੋਕਾਂ ਨੂੰ ਦਿਕਤਾਂ ਆ ਰਹੀਆਂ ਹਨ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਪਿੰਡ ਕਦੋਂ ਤਕ ਮੁਕੰਮਲ ਕਰ ਦਿਤੇ ਜਾਣਗੇ ? ਇਹ ਸਾਰੇ ਪੰਜਾਬ ਦਾ ਬੜਾ ਸੀਰੀਅਸ ਮਾਮਲਾ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਬੇਨਤੀ ਕਰਾਂਗਾ ਕਿ ਅਸੀਂ ਇਹ ਕੰਮ ਬਹੁਤ ਛੇਤੀ ਕਰਨ ਦੀ ਕੋਸ਼ਿਸ਼ ਕਰਾਂਗੇ ਲੇਕਿਨ ਪਿਛਲੇ ਤਿੰਨ ਸਾਲਾਂ ਨਾਲੋਂ ਜਿਹੜਾ ਕਿ ਤੁਹਾਡਾ ਟਾਈਮ ਸੀ, ਉਸ ਨਾਲੋਂ ਹੁਣ ਜ਼ਰੂਰ ਵੱਧ ਕੰਮ ਕਰਾਂਗੇ।

ਸਰਦਾਰ ਸਰਵਣ ਸਿੰਘ (ਫਿਲੌਰ): ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਸਤੀ ਸੁਧਾਰ ਸਕੀਮ ਅਧੀਨ ਕਿਹੜੇ ਆਧਾਰ ਥੱਲੇ ਇਹ ਕੰਮ ਕੀਤਾ ਜਾਂਦਾ ਹੈ। ਵੇਖਿਆ ਇਹ ਗਿਆ ਹੈ ਕਿ ਪਿੰਡਾਂ ਦੀਆਂ ਗਲੀਆਂ ਪੱਕੀਆਂ ਕਰ ਦਿੱਤੀਆਂ ਜਾਂਦੀਆਂ ਹਨ, ਪਰ ਨਾਲੀਆਂ ਰਹਿ ਜਾਂਦੀਆਂ ਹਨ ਅੱਰ ਨਾਲੀਆਂ ਦੇ ਪਾਣੀ ਦੇ ਨਿਕਾਸ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਜਾਂਦਾ। ਉਹ ਨਾਲੀਆਂ ਦਾ ਪਾਣੀ ਲੋਕਾਂ ਦੇ ਘਰਾਂ ਵਿਚ ਜਾ ਪਹੁੰਚਦਾ ਹੈ। ਕੀ ਵਜ਼ੀਰ ਸਾਹਿਬ ਇਸ ਨੂੰ ਦੂਰ ਕਰਨ ਦਾ ਪ੍ਰਬੰਧ ਕਰਨਗੇ ? ਦੂਸਰੀ ਗੱਲ ਇਹ ਹੈ ਕਿ ਵੈਲਫੇਅਰ ਡਿਪਾਰਟਮੈਂਟ ਪਬਲਿਕ ਹੈਲਥ ਡਿਪਾਰਟਮੈਂਟ

Original with;
Punjab Vidhan Sabha
Digitized by;
Panjab Digital Library

ਨੂੰ ਪੈਸਾ ਦੇ ਦਿੰਦਾ ਹੈ ਪਰ ਪਬਲਿਕ ਹੈਲਥ ਡਿਪਾਰਟਮੈਂਟ ਉਥੇ ਕੋਈ ਟੈਕਨੀਕਲ ਐਕਸਪਰਟ ਨਹੀਂ ਭੇਜਦੇ, ਜਿਸ ਕਰਕੇ ਜਿਹੜਾ ਕੰਮ ਕੀਤਾ ਜਾਂਦਾ ਹੈ ਉਹ ਠੀਕ ਨਹੀਂ ਹੁੰਦਾ, ਉਸ ਦਾ ਲੈਵਲ ਠੀਕ ਨਹੀਂ ਰਹਿੰਦਾ ਅੱਤ ਪਾਣੀ ਰੁਕਿਆ ਰਹਿੰਦਾ ਹੈ। ਕੀ ਵਜ਼ੀਰ ਸਾਹਿਬ ਕਿਸੇ ਜ਼ਿੰਮੇਵਾਰ ਅਫ਼ਸਰ ਦੀ ਉਥੇ ਡਿਊਟੀ ਲਾ ਕੇ ਕੰਮ ਕਰਵਾਉਣਗੇ ਤਾ ਕਿ ਇਨ੍ਹਾਂ ਦਾ ਪੈਸਾ ਜ਼ਾਇਆ ਨਾ ਜਾਵੇ।

ਮੰਤਰੀ : ਸਪੀਕਰ ਸਾਹਬ, ਵੈਸੇ ਤਾਂ ਉਥੇ ਬੜੇ ਐਕਸਪਰਟ ਆਦਮੀ ਭੇਜੇ ਜਾਂਦੇ ਹਨ। ਆਨਰੇਬਲ ਮੈਂਬਰ ਮੇਰੇ ਹਲਕੇ ਵਿਚ ਰਹਿੰਦੇ ਹਨ। ਬਾਦਲ ਸਾਹਿਬ ਉਥੇ ਪਰਸਨਲੀ ਜਾ ਕੇ ਵੀ ਵੇਖ ਆਏ ਸਨ। ਫਿਰ ਵੀ ਜੇ ਕੋਈ ਅਜੇਹੀ ਗੱਲ ਹੈ ਤਾਂ ਇਹ ਮੈਨੂੰ ਉਸ ਪਿੰਡ ਦਾ ਨਾਂ ਦੱਸ ਦੇਣ, ਮੈਂ ਪਤਾ ਕਰਵਾ ਲਵਾਂਗਾ।

ਨੈਸ਼ਨਲ ਡਸਿਪਲਨ ਸਕੀਮ ਇੰਸਟਰਕਟਰਜ਼ ਨੂੰ ਸਟੇਟ ਗੌਰਮਿੰਟ ਸਰਵਿਸ ਵਿਚ ਨੌਕਰੀ ਦੇਣਾ

*101. **ਕਾਮਰੇਡ ਰਾਜ ਕੁਮਾਰ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

(ੳ) ਕੀ ਨੈਸ਼ਨਲ ਡਸਿਪਲਨ ਸਕੀਮ ਇੰਸਟਰਕਟਰਜ਼ ਨੂੰ ਪੀ.ਟੀ. ਆਈਜ਼ ਵੱਜੋਂ ਸਟੇਟ ਗੌਰਮਿੰਟ ਸਰਵਿਸ ਵਿਚ ਨੌਕਰੀ ਦਿਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੋਂ ਅਤੇ ਉਨ੍ਹਾਂ ਦੇ ਤਨਖਾਹ ਸਕੇਲ ਕੀ ਹਨ;

(ਅ) ਕੀ ਨੌਕਰੀ ਵਿਚ ਲਾਏ ਗਏ ਸਾਥੀ ਕਰਮਚਾਰੀਆਂ ਦੇ ਤਨਖਾਹ ਦੇ ਸਕੇਲ ਬਰਾਬਰ ਹਨ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉਤਰ ਨਾ ਵਿਚ ਹੋਵੇ ਤਾਂ ਉਸ ਦੇ ਕਾਰਣ ਕੀ ਹਨ, ਅਤੇ ਨੌਕਰੀ ਵਿਚ ਲਾਏ ਗਏ ਵਿਅੱਕਤੀਆਂ ਦੀਆਂ ਵੱਖ ਵੱਖ ਸ਼੍ਰੇਣੀਆਂ ਲਈ ਵੱਖ ਵੱਖ ਤਨਖਾਹ ਸਕੇਲਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਨਹੀਂ ਜੀ। ਐਨ.ਡੀ.ਐਸ. ਇਨਸਟ੍ਰਕਟਰਜ ਰਾਜ ਸਰਕਾਰ ਦੀ ਸੇਵਾ ਵਿਚ 1 ਜੁਲਾਈ, 1976 ਤੋਂ ਬਤੌਰ ਪੀ.ਟੀ. ਆਈਜ਼ ਐਨ.ਐਫ.ਸੀ. ਹੇਠ ਲਿਖੇ ਸਕੇਲਜ਼/ਗਰੇਡਜ਼ ਆਫ ਪੇ ਵਿਚ ਐਬਜ਼ਾਰਬ ਕੀਤੇ ਗਏ ਹਨ :–

ਐਨ.ਡੀ.ਐਸ. ਇੰਸਟ੍ਰਕਟਰਜ਼-ਸੀਨੀਅਰ ਗਰੇਡ-1 220–12–340/15–400/20–500

ਐਨ.ਡੀ.ਐਸ. ਇੰਸਟ੍ਰਕਟਰਜ਼-ਸੀਨੀਅਰ-ਗਰੇਡ-11 220–10—340/15–430

ਐਨ.ਡੀ.ਐਸ. ਇੰਸਟ੍ਰਕਟਰਜ਼-ਜੂਨੀਅਟ-ਗਰੇਡ-1 170–7–240/10–350

(ਅ) ਨਹੀਂ ਜੀ।

(ੲ) ਉਨ੍ਹਾਂ ਨੂੰ ਰਾਜ ਸਰਕਾਰ ਦੀ ਸੇਵਾ ਵਿਚ ਯੋਗਤਾ ਦੇ ਅਧਾਰ ਤੇ ਨਹੀਂ ਬਲਕਿ ਗਰੇਡ ਟੂ ਗਰੇਡ ਬੇਸਿਜ਼ ਤੇ ਰਾਜ ਸਰਕਾਰ ਵਲੋਂ ਕੇਂਦਰ ਸਰਕਾਰ ਨੂੰ ਕਨਸਲਟ ਕਰਕੇ ਤਹਿ ਕੀਤੀਆਂ ਸ਼ਰਤਾਂ ਦੇ ਆਧਾਰ ਤੇ ਐਬਜ਼ਾਰਬ ਕੀਤਾ ਗਿਆ ਸੀ। ਐਨ. ਡੀ. ਐਸ.

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਇੰਸਟ੍ਰਕਟਰਜ਼ (ਹੁਣ ਪੀ. ਟੀ. ਆਈ.ਜ਼-ਐਨ. ਡੀ. ਸੀ.) ਦੀਆਂ ਵਖਰੀਆਂ ਵਖਰੀਆਂ ਕੈਟੇਗਰੀਆਂ ਦੇ ਤਨਖਾਹ ਸਕੇਲ/ਗਰੇਡ ਹੇਠ ਲਿਖੇ ਅਨੁਸਾਰ ਹਨ:-

	1-7-76 ਤੋਂ	1-1-78 ਤੋਂ
ਐਨ. ਡੀ. ਐਸ. ਇੰਨਸਟ੍ਰਕਟਰਜ਼-ਸੀਨੀਅਰ ਗਰੇਡ-1	220-12-340	620-1200
(ਹੁਣ ਪੀ.ਟੀ.ਆਈਜ਼-ਐਨ.ਐਫ.ਸੀ.ਗਰੇਡ-1)	15-400/20-500	
ਐਨ. ਡੀ.ਐਸ. ਇੰਸਟ੍ਰਕਟਰਜ਼ ਸੀਨੀਅਰ ਗਰੇਡ-2		
(ਹੁਣ ਪੀ. ਟੀ. ਆਈਜ਼-ਐਨ. ਐਫ. ਸੀ. ਗਰੇਡ-2)	220-10-340/ 15-430	620-1200
ਐਨ. ਡੀ.ਐਸ./ਇੰਸਟ੍ਰਕਟਰਜ਼ ਜੂਨੀਅਰ ਗਰੇਡ-1	170-10-240/10	510-940
(ਹੁਣ ਪੀ,ਟੀ. ਆਈਜ਼ ਐਨ.ਐਫ.ਸੀ-ਜੂਨੀਅਰ ਗਰੇਡ-)	35	

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਜਵਾਬ ਦਿੱਤਾ, ਉਸ ਵਿਚ ਪੀ. ਟੀ. ਆਈਜ਼ ਐਨ. ਡੀ. ਐਸ. ਨੂੰ ਪੰਜਾਬ ਗੌਰਮਿੰਟ ਨੇ ਐਬਜ਼ਾਰਬ ਕੀਤਾ ਹੈ, ਪਰ ਗਰੇਡਜ਼ ਉਨ੍ਹਾਂ ਦੇ ਵੱਖਰੇ ਵੱਖਰੇ ਹਨ, ਕੀ ਉਨ੍ਹਾਂ ਨੂੰ ਕੁਆਲੀਫੀਕੇਸ਼ਨ ਬੇਸਿਜ਼ ਤੇ ਗਰੇਡ ਮਿਲੇ ਹਨ ? ਸਪੀਕਰ ਸਾਹਿਬ, ਉਨ੍ਹਾਂ ਦੇ ਗਰੇਡ ਵਖਰੇ ਵਖਰੇ ਕਿਉਂ ਹਨ ਅਤੇ ਇਸ ਲਈ ਕੀ ਗੌਰਮਿੰਟ ਆਫ ਇੰਡੀਆ ਤੋਂ ਐਪਰੂਵਲ ਲਈ ਗਈ ਸੀ ਅਤੇ ਉਸ ਅਨੁਸਾਰ ਇਹ ਗਰੇਡ ਦਿੱਤੇ ਗਏ ਸੀ ?

The entire expenditure on account of pay, allowances and alike expenditure on NDS staff will be reimbursed by the Government of India till their retirement and even the pension and gratuity benefit to these persons would be the liability of the Central Government.

ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਕੀ ਸੈਂਟਰਲ ਗੌਰਮਿੰਟ ਨਾਲ ਕਨਸਲਟੇਸ਼ਨ ਹੋਈ ਅਤੇ ਇਹ ਇਸ ਤਰ੍ਹਾਂ ਕਿਉਂ ਹੋਇਆ ? ਗਰੇਡ ਵੱਖਰੇ ਵੱਖਰੇ ਕਿਉਂ ਹਨ ਅਤੇ ਇੱਕੋ ਜਿਹੇ ਗਰੇਡ ਕਿਉਂ ਨਹੀਂ ਲਾਗੂ ਕੀਤੇ ਗਏ ? ਸਰਵਿਸ ਕੰਡੀਸ਼ਨਜ਼ ਲਾਗੂ ਕਿਉਂ ਨਹੀਂ ਕੀਤੀਆਂ ਗਈਆਂ ?

ਮੰਤਰੀ : ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੋਈ ਹੈ ਕਿ ਇਸੀ ਸਵਾਲ ਤੇ ਇੱਕ ਹਫਤਾ ਪਹਿਲਾਂ ਵੀ ਸਪਲੀਮੈਂਟਰੀ ਕੀਤੇ ਗਏ ਸਨ ਅਤੇ ਉਨ੍ਹਾਂ ਦਾ ਜਵਾਬ ਦਿੱਤਾ ਗਿਆ ਸੀ। ਮੈਂ ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੂੰ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਇਹ ਸਾਰੀ ਚੀਜ਼ ਸੈਂਟਰਲ ਗੌਰਮਿੰਟ ਨਾਲ ਟੇਕ-ਅੱਪ ਹੋਈ ਹੈ। ਐਨ. ਡੀ. ਐਸ. ਇਨਸਟਰੱਕਟਰਜ਼ ਨੂੰ ਔਪਸ਼ਨਾਂ ਦਿੱਤੀਆਂ ਗਈਆਂ ਸਨ ਅਤੇ ਫਿਰ ਉਨ੍ਹਾਂ ਦਾ ਜਵਾਬ ਆਇਆ ਸੀ, ਸਾਰੀ ਚੀਜ਼ ਸੋਚ ਸਮਝ ਕੇ ਕੀਤੀ ਗਈ ਹੈ। ਸਪੀਕਰ ਸਾਹਿਬ, ਇਨ੍ਹਾਂ ਦੀ ਔਪਸ਼ਨ ਦੇ ਮੁਤਾਬਿਕ ਹੀ ਇਨ੍ਹਾਂ ਨੂੰ ਐਬਜ਼ਾਰਬ ਕੀਤਾ ਗਿਆ ਹੈ ਕੁਆਲੀਫਿਕੇਸ਼ਨ ਬੇਸਿਜ਼ ਤੇ ਨਹੀਂ ਐਬਜ਼ਾਰਬ ਕੀਤਾ ਗਿਆ। ਮੈਂ ਪਹਿਲਾਂ ਹੀ ਇਹ ਅਰਜ਼ ਕਰ ਚੁੱਕਾ ਹਾਂ ਕਿ ਇਹ ਚੀਜ਼ ਗੌਰਮਿੰਟ ਆਫ ਇੰਡੀਆ ਕਰਦੀ ਹੈ ਇਸ ਕਰਕੇ ਸੈਂਟਰਲ ਗੌਰਮਿੰਟ ਨਾਲ ਟੇਕ-ਅੱਪ ਕੀਤਾ ਗਿਆ ਸੀ ਜਿਹੜੀਆਂ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ ਅਤੇ ਗਰੇਡ ਦਿੱਤੇ ਗਏ ਹਨ, ਉਹ ਉਨ੍ਹਾਂ ਦੀ ਔਪਸ਼ਨ ਦੇ ਮੁਤਾਬਿਕ ਦਿਤੇ ਗਏ ਹਨ , ਪੇਅ ਕਮਿਸ਼ਨ ਵੀ ਇਨ੍ਹਾਂ ਦੇ ਗਰੇਡ ਰਿਵਾਈਜ਼ ਕਰੇਗਾ ।

Original with;
Punjab Vidhan Sabha
Digitized by;
Panjab Digital Library

Mr. Speaker ; Next Question.

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਇਸ ਸਵਾਲ ਤੇ ਮੈਂ ਹੋਰ ਸਪਲੀਮੈਂਟਰੀ ਕਰਨੈ ਹਨ। (ਵਿਘਨ)

ਸ੍ਰੀ ਸਪੀਕਰ: ਕਾਮਰੇਡ ਰਾਜ ਕੁਮਾਰ ਜੀ ਵਜ਼ੀਰ ਸਾਹਿਬ ਨੇ ਪਹਿਲਾਂ ਹੀ ਕਿਹਾ ਹੈ ਕਿ ਇਸ ਸਵਾਲ ਬਾਰੇ ਹਾਊਸ ਵਿਚ ਪਹਿਲਾਂ ਹੀ ਕਾਫੀ ਸਪਲੀਮੈਂਟਰੀ ਹੋ ਚੁਕੇ ਹਨ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮੈਂ ਇੱਕ ਸਪਲੀਮੈਂਟਰੀ ਹੋਰ ਕਰਨੀ ਹੈ।

ਸ੍ਰੀ ਸਪੀਕਰ: ਅੱਛਾ ਕਾਮਰੇਡ ਰਾਜ ਕੁਮਾਰ ਜੀ ਸਪਲੀਮੈਂਟਰੀ ਕਰੋ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ "Equal work and equal pay" ਦੇ ਆਧਾਰ ਤੇ ਕੰਮ ਹੋਣਾ ਚਾਹੀਦਾ ਹੈ। ਪੈਸੇ ਸੈਂਟਰਲ ਗੌਰਮਿੰਟ ਨੇ ਦੇਣੇ ਹਨ, ਪਰ ਗਰੇਡ ਵਖਰੇ ਵਖਰੇ ਮੰਗ ਲਏ ਹਨ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਔਪਸ਼ਨ ਲੈਣ ਵੇਲੇ ਇਨ੍ਹਾਂ ਤੋਂ ਪੁਛਿਆ ਗਿਆ ਸੀ ਕਿ ਤਿੰਨ ਹਿੱਸਿਆਂ ਵਿਚ ਗਰੇਡ ਸਪਲਿਟ ਕਰਾਂਗੇ ਅਤੇ ਇਨ੍ਹਾਂ ਨੂੰ ਸੈਲਰੀ ਪੰਜਾਬ ਗੌਰਮਿੰਟ ਦੇ ਮੁਤਾਬਿਕ ਨਹੀਂ ਮਿਲਣੀ ? ਕੀ ਇਹ ਸਪੈਸੇਫਿਕ ਗੱਲ ਔਪਸ਼ਨ ਲੈਣ ਵੇਲੇ ਕਹੀ ਗਈ ਸੀ ?

ਮੰਤਰੀ: ਸਪੀਕਰ ਸਾਹਿਬ, ਸਿਰਫ ਲਫਜ਼ਾਂ ਦੀ ਹੇਰਾ ਫੇਰੀ ਹੈ, ਗੱਲ ਉਹੋ ਹੀ ਹੈ, ਮੈਂ ਇਸ ਬਾਰੇ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹਾਂ। ਅਸੀਂ ਪੁੱਛਿਆ ਸੀ ਕਿ ਤੁਸੀਂ ਐਬਜ਼ਾਰਬ ਹੋਣਾ ਚਾਹੁੰਦੇ ਹੋ ਜਾਂ ਨਹੀਂ। ਇਸ ਤੋਂ ਬਾਅਦ ਉਨ੍ਹਾਂ ਨੇ ਔਪਸ਼ਨਾ ਦਿੱਤੀਆਂ, ਫਿਰ ਗਰੇਡ ਦੇ ਦਿਤੇ। ਬਾਕੀ ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਨਾਮੇਲੀਜ਼ ਕਮੇਟੀ ਨੂੰ ਇਨ੍ਹਾਂ ਦਾ ਕੇਸ ਗਿਆ ਹੋਇਆ ਹੈ ਅਤੇ ਉਹ ਕੇਸ ਅਜੇ ਵਿਚਾਰ ਅਧੀਨ ਹੈ। ਜਦੋਂ ਵੀ ਫੈਸਲਾ ਹੋ ਜਾਵੇਗਾ ਤਾਂ ਉਸ ਕੇਸ ਤੇ ਕਾਰਵਾਈ ਕੀਤੀ ਜਾਵੇਗੀ। (ਥੰਪਿੰਗ)

ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਹਾਊਸ ਨੂੰ ਇਹ ਐਸ਼ੋਅਰ ਕਰਵਾਉਣਗੇ ਕਿ ਕਿਉਂਕਿ ਪੀ.ਟੀ.ਆਈ. ਟੀਚਰਜ਼ ਕਲਾਸੀਕਲ ਅਤੇ ਵਰਨੈਕੂਲਰ ਕੈਟੇਗਰੀਆਂ ਨੂੰ ਬੀਲਾਂਗ ਕਰਦੇ ਹਨ ਅਤੇ ਜੋ ਇਨ੍ਹਾਂ ਵਿਚਕਾਰ ਫਰਕ ਹੈ ਕੀ ਫਰਕ ਨੂੰ ਦੂਰ ਕੀਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਸ ਬਾਰੇ ਸਪਸ਼ਟ ਕਰ ਚੁਕਾ ਹਾਂ। ਕਾਮਰੇਡ ਰਾਜ ਕੁਮਾਰ ਜੀ ਨੂੰ ਮੈਂ ਦੱਸਿਆ ਹੈ ਕਿ ਇਨ੍ਹਾਂ ਦਾ ਕੇਸ ਅਨਾਮਲੀਜ ਕਮੇਟੀ ਨੂੰ ਗਿਆ ਹੋਇਆ ਹੈ। ਜੇਕਰ ਕੋਈ ਫਰਕ ਨਾ ਹੁੰਦਾ ਤਾਂ ਇਹ ਕੇਸ ਅਨਾਮੇਲੀਜ਼ ਕਮੇਟੀ ਨੂੰ ਕਿਉਂ ਰੈਫਰ ਕਰਦੇ। ਇਹ ਡਿਸਪੈਰਿਟੀ ਨਹੀਂ ਹੋਣੀ ਚਾਹੀਦੀ ਇਸ ਕਰਕੇ ਹੀ ਇਹ ਕੇਸ ਅਨਾਮੇਲੀਜ਼ ਕਮੇਟੀ ਨੂੰ ਰੈਫਰ ਕੀਤਾ ਗਿਆ ਹੈ।

Mr. Speaker : Next Question.

ਰਾਜ ਵਿਚ ਨਕਲੀ ਸੀਮਿੰਟ ਦੀਆਂ ਫੈਕਟਰੀਆਂ

*57. **ਮਾਸਟਰ ਬਾਬੂ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

(ੳ) ਰਾਜ ਵਿਚ ਜ਼ਿਲ੍ਹਾ-ਵਾਰ ਉਨ੍ਹਾਂ ਥਾਵਾਂ ਦੇ ਨਾਂ ਕੀ ਕੀ ਹਨ, ਜਿਥੇ ਜਿਥੇ ਪੁਲਿਸ ਦੁਆਰਾ ਪਹਿਲੀ ਜਨਵਰੀ, 1980 ਤੋਂ 31 ਮਈ, 1980 ਦੇ ਦੌਰਾਨ ਨਕਲੀ ਸੀਮਿੰਟ ਦੀਆਂ ਫੈਕਟਰੀਆਂ ਫੜ੍ਹੀਆਂ ਗਈਆਂ ;

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

(ਅ) ਗ੍ਰਿਫਤਾਰ ਕੀਤੇ ਗਏ ਵਿਅੱਕਤੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ;

(ਏ) ਸਰਕਾਰ ਦੁਆਰਾ ਸੀਮਿੰਟ ਦੀ ਚੋਰ-ਬਜ਼ਾਰੀ ਦੀ ਰੁਚੀ ਨੂੰ ਦਬਾਉਣ ਲਈ ਕੀ ਕਾਰਵਾਈ ਕੀਤੀ ਗਈ ?

ਸਰਦਾਰ ਦਰਬਾਰਾ ਸਿੰਘ : (ੳ) ਰਾਜ ਵਿਚ ਪੁਲਿਸ ਦੁਆਰਾ ਮਿਤੀ 1 ਜਨਵਰੀ, 1980 ਤੋਂ 31 ਮਈ, 1980 ਤੱਕ ਦੇ ਸਮੇਂ ਦੇ ਦੌਰਾਨ ਕੋਈ ਵੀ ਨਕਲੀ ਸੀਮਿੰਟ ਬਣਾਉਣ ਦੀ ਫੈਕਟਰੀ ਨਹੀਂ ਫੜੀ ਗਈ

(ਅ) ਕੋਈ ਨਹੀਂ ਜੀ।

(ਏ) ਰਾਜ ਵਿਚ ਸੀਮਿੰਟ ਦੀ ਵੰਡ ਸਮੁੱਚੇ ਤੌਰ ਤੇ ਅਧਿਕਾਰਿਤ ਅਫਸਰਾਂ ਦੁਆਰਾ ਜਾਰੀ ਕੀਤੇ ਗਏ ਪਰਮਿਟਾਂ ਰਾਹੀਂ ਕੀਤੀ ਜਾਂਦੀ ਹੈ। ਸੀਮਿੰਟ ਦੀ ਚੋਰ ਬਜ਼ਾਰੀ ਨੂੰ ਰੋਕਣ ਲਈ ਅਚਨਚੇਤ ਛਾਪੇ ਅਤੇ ਪੜਤਾਲ ਨਿਯਮਿਤ ਤੌਰ ਤੇ ਕੀਤੀ ਜਾਂਦੀ ਹੈ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਪਾਰਟ 'ਓ' ਵਿਚ ਜੋ ਇਨ੍ਹਾਂ ਨੇ ਜਵਾਬ ਦਿੱਤਾ ਹੈ ਉਸ ਸਬੰਧੀ ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਰਮਿਟ ਕਿਹੜੇ ਕਿਹੜੇ ਅਫਸਰਾਂ ਦੁਆਰਾ ਜਾਰੀ ਹੁੰਦੇ ਹਨ ? ਕੀ ਬੀ. ਡੀ. ਓਜ਼., ਐਸ. ਡੀ. ਓਜ਼. ਜਾਂ ਫੂਡ ਸਪਲਾਈਜ਼ ਦੇ ਕਿਸੇ ਅਫਸਰ ਨੂੰ ਪਰਮਿਟ ਜਾਰੀ ਕਰਨ ਦੀਆਂ ਪਾਵਰਜ਼ ਦਿਤੀਆਂ ਹੋਈਆਂ ਹਨ?

ਦੂਸਰੇ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤਕ ਕਿਤਨੇ ਛਾਪੇ ਮਾਰੇ ਗਏ ਹਨ ? ਸੀਮਿੰਟ ਦੀ ਸਮੱਗਲਿੰਗ ਕਰਨ ਵਿਚ ਕਿਤਨੇ ਵਿਅੱਕਤੀ ਹੁਣ ਤਕ ਫੜੇ ਗਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬੀ. ਡੀ. ਓਜ਼ ਅਤੇ ਐਸ. ਡੀ. ਓਜ਼ ਨੂੰ ਪਰਮਿਟ ਜਾਰੀ ਕਰਨ ਦੀਆਂ ਪਾਵਰਾਂ ਹਨ ਅਤੇ ਜਿਹੜੀ ਛਾਪਿਆਂ ਬਾਰੇ ਡੀਟੇਲ ਪੁਛੀ ਗਈ ਹੈ, ਉਸ ਬਾਰੇ ਮੈਂ ਫਿਰ ਦੱਸ ਦੇਵਾਂਗਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਛਾਪਿਆਂ ਦੇ ਦੌਰਾਨ ਕੁਝ ਵਿਅੱਕਤੀ ਫੜੇ ਵੀ ਗਏ ਹਨ। ਜਿਹੜੇ ਵਿਅਕਤੀ ਫੜੇ ਗਏ ਹਨ, ਉਨ੍ਹਾਂ ਦੇ ਖਿਲਾਫ ਸਰਕਾਰ ਵਲੋਂ ਕੀ ਐਕਸ਼ਨ ਲਿਆ ਗਿਆ ਹੈ ? ਦੂਜਾ ਮੈਂ ਪਹਿਲਾਂ ਵੀ ਲੁਧਿਆਣੇ ਦੇ ਕੇਸ ਦਾ ਜ਼ਿਕਰ ਕਰ ਚੁੱਕਾ ਹਾਂ ਉਸ ਕੇਸ ਤੇ ਕੀ ਕਾਰਵਾਈ ਹੋਈ ਹੈ ? ਬਾਕੀ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਕੋਈ ਵੀ ਮਨਿਸ਼ਟਰ ਕਿਸੇ ਦੇ ਘਰ ਰੋਟੀ ਖਾਣ ਜਾਂ ਪਾਰਟੀਆਂ ਤੇ ਨਹੀਂ ਜਾਵੇਗਾ, ਪਰ ਲੁਧਿਆਣੇ ਦੇ ਵਜ਼ੀਰ ਸਾਹਿਬ ਨੇ ਉਸ ਵਿਅੱਕਤੀ ਦੇ ਘਰ ਰੋਟੀ ਖਾਧੀ ਜਿਹੜਾ ਵਿਅੱਕਤੀ ਫੜਿਆ ਗਿਆ ਸੀ (ਵਿਘਨ) (ਸ਼ੋਰ)

ਮੁੱਖ ਮੰਤਰੀ : ਮੈਨੂੰ ਇਸ ਸਾਰੇ ਵਾਅਕੇ ਦਾ ਪਤਾ ਨਹੀਂ ਲੇਕਿਨ ਕੋਈ ਵੀ ਕਿਸੇ ਪੱਧਰ ਤੇ ਵੀ ਹੋਵੇ, ਛੋਟੇ ਬੜੇ ਦਾ ਸਵਾਲ ਨਹੀਂ। ਸਵਾਲ ਇਹ ਹੈ ਕਿ ਉਸ ਨੇ ਕਾਨੂੰਨ ਦੀ ਉਲੰਘਨਾ ਕਰਕੇ ਸਾਰੀ ਚੀਜ਼ ਹੜੱਪ ਕਰਨ ਦੀ ਕੋਸ਼ਿਸ਼ ਕੀਤੀ ਹੈ ਮੁਨਾਸਿਬ ਕਾਰਵਾਈ ਕੀਤੀ ਜਾਏਗੀ ਔਰ ਕੀਤੀ ਜਾ ਰਹੀ ਹੈ ।

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Deluxe Buses operated by the Punjab Roadways and the Pepsu Road Transport Corporation

*52. **Comrade Raj Kumar:** Will the Chief Minister be pleased to state —

(a) the number of deluxe buses being operated by the Punjab Roadways and the Pepsu Road Transport Corporation at present :

(b) the routes on which the said buses are in operation ;

(c) whether there is any difference between the passenger tax chargeable on the ordinary buses and the deluxe-buses; if so, the detail thereof ?

ਸਰਦਾਰ ਦਰਬਾਰਾ ਸਿੰਘ ; (ੳ) 6

(ਅ) 1. ਜਲੰਧਰ—ਦਿੱਲੀ

2. ਪਟਿਆਲਾ—ਦਿੱਲੀ

3. ਪਟਿਆਲਾ—ਅੰਮ੍ਰਿਤਸਰ

4. ਬਠਿੰਡਾ—ਚੰਡੀਗੜ੍ਹ

(ੲ) ਨਹੀਂ ਜੀ, ਸੁਆਲ ਹੀ ਪੈਦਾ ਨਹੀਂ ਹੁੰਦਾ।

ਸਰਦਾਰ ਆਤਮਾ ਸਿੰਘ : ਆਨ ਏ ਪੁਆਇੰਟ ਆਫ ਆਰਡਰ। ਕੱਲ੍ਹ ਤੇ ਇਹ ਸਵਾਲ ਮੁਲਤਵੀ ਕਰ ਦਿਓ (ਵਿਘਨ) ਇਹ ਮੈਂਬਰਾਂ ਦਾ ਰਾਈਟ ਹੈ.....

ਸਰਦਾਰ ਸੁਖਦੇਵ ਸਿੰਘ ਢੀਂਡਸਾ : 13 ਤਰੀਖ ਨੂੰ ਜ਼ਿਲ੍ਹਾ ਹੈਡਕੁਆਟਰਜ਼ ਤੇ ਕੋਆਪ੍ਰੇਟਿਵ ਸਬ-ਇਨਸਪੈਕਟਰਜ਼ ਦੇ ਕੈਂਡੀਡੇਟਸ ਨੂੰ ਬੁਲਾਇਆ ਗਿਆ। ਇੱਕ ਦਿਨ ਪਹਿਲਾਂ ਉਹ ਪ੍ਰੋਗਰਾਮ ਕੈਂਸਲ ਕਰ ਦਿੱਤਾ ਗਿਆ। ਇਸ ਦੀ ਕੋਈ ਇਤਲਾਹ ਉਨ੍ਹਾਂ ਤਕ ਨਹੀਂ ਪਹੁੰਚਾਈ ਗਈ। ਉਹ ਸਾਰੇ ਸਬੰਧਤ ਕਰਮਚਾਰੀ ਆਪਣਾ ਖ਼ਰਚਾ ਕਰਕੇ ਉਸ ਦਿਨ ਜ਼ਿਲ੍ਹਾ ਹੈਡਕੁਆਟਰਜ਼ ਤੇ ਆਏ। ਇੱਕ ਦਿਨ ਪਹਿਲਾਂ ਮੀਟਿੰਗ ਕੈਂਸਲ ਕੀਤੀ ਗਈ ਔਰ ਉਨ੍ਹਾਂ ਨੂੰ ਕੋਈ ਉਸ ਬਾਰੇ ਇਨਫਰਮੇਸ਼ਨ ਨਹੀਂ ਦਿੱਤੀ ਗਈ। ਸਰਕਾਰ ਇਸ ਬਾਰੇ ਜ਼ਰੂਰ ਹਾਊਸ ਨੂੰ ਦੱਸੇ ਕਿ ਇਸ ਤਰ੍ਹਾਂ ਕਰਨ ਦੇ ਕੀ ਕਾਰਨ ਹਨ, ਕਿਉਂ ਉਨ੍ਹਾਂ ਨੂੰ ਹੈਰਾਸ ਕੀਤਾ ਗਿਆ ?

ਸਰਦਾਰ ਜਸਮਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਅਬੋਹਰ ਵਿਖੇ ਮੇਵਾ ਸਿੰਘ ਨੂੰ ਫਾਜ਼ਿਲਕਾ ਦੀ ਪੁਲਿਸ ਪਕੜ ਕੇ ਲੈ ਗਈ। 15–20 ਦਿਨ ਹੋ ਗਏ ਹਨ ਉਹ ਪੁਲਿਸ ਦੀ ਹਰਾਸਤ ਵਿਚ ਹੈ। ਉਸ ਦੀ ਵਾਈਫ ਤੋਂ ਨਾਜਾਇਜ਼ ਤੌਰ ਤੇ ਰਜਿਸਟਰੀਆਂ ਤੇ ਦਸਖਤ ਕਰਾਏ ਗਏ ਹਨ। ਉਸ ਦੀ ਵਾਈਫ ਸੀ. ਐਮ. ਸਾਹਿਬ ਨੂੰ ਮਿਲੀ ਹੈ, ਆਈ. ਜੀ. ਸਾਹਿਬ ਨੂੰ ਵੀ ਮਿਲੀ ਹੈ। ਆਈ. ਜੀ. ਸਾਹਿਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਮਤ ਸਿੰਘ ਢਿੱਲੋਂ]

ਤੋਂ ਕੱਲ ਦਾ ਟਾਈਮ ਮਿਲਿਆ ਸੀ ਕਿ ਮੇਵਾ ਸਿੰਘ ਨੂੰ ਹਾਜ਼ਰ ਕੀਤਾ ਜਾਏਗਾ। ਪਰ ਆਈ. ਜੀ. ਸਾਹਿਬ ਕੱਲ ਦਫਤਰ ਵਿਚ ਨਹੀਂ ਸਨ। ਇਸ ਤਰ੍ਹਾਂ ਤਸ਼ਦੱਦ ਅਤੇ ਜ਼ਬਰ ਨਾਲ ਉਸ ਬੀਬੀ ਤੋਂ ਦਸਖਤ ਕਰਾਏ ਗਏ ਹਨ। (ਵਿਘਨ) ਇਸ ਬਾਰੇ ਸਰਕਾਰ ਆਪਣਾ ਬਿਆਨ ਦੇਵੇ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇੱਕ ਐਡਜਰਨਮੈਂਟ ਮੋਸ਼ਨ ਨੰ: 13 ਰਿਜੈਕਟ ਹੋ ਕੇ ਆਈ ਹੈ (ਵਿਘਨ)

ਸ਼੍ਰੀ ਸਪੀਕਰ : ਪਹਿਲਾਂ ਮੈਨੂੰ ਗਵਰਨਰ ਸਾਹਿਬ ਦੀ ਚਿੱਠੀ ਹਾਊਸ ਨੂੰ ਪੇਸ਼ ਕਰ ਲੈਣ ਦਿਓ। (ਵਿਘਨ)

ਕਾਮਰੇਡ ਰਾਜ ਕੁਮਾਰ : ਮੈਂ ਸਵੇਰੇ 7-30 ਵਜੇ ਭੇਜ ਦਿੱਤੀ ਸੀ। ਤੁਸੀਂ ਪਹਿਲਾਂ ਮੇਰੀ ਸੁਣ ਲਓ ਅੱਤੇ ਫਿਰ ਜੋ ਕੁਝ ਕਹਿਣਾ ਹੋਏਗਾ ਕਹਿ ਲਈਓ (ਵਿਘਨ)

ਸ਼੍ਰੀ ਸਪੀਕਰ : ਪਹਿਲਾਂ ਗਵਰਨਰ ਸਾਹਿਬ ਦੀ ਚਿੱਠੀ ਅਨਾਊਂਸ ਹੋ ਲੈਣ ਦਿਓ।

ANNOUNCEMENT BY THE SPEAKER

Mr. Speaker : I have received D.O. letter dated the 14th July, 1980 rom Shri Jaisukhlal Hathi, Governor of Punjab, which reads as follows :—

"Thank you very much for your letter No. 22-L-A-80/24144 dated 8th July, 1980 enclosing therewith a copy of the Motion of thanks passed bythe Punjab Vidhan Sabha on 8th July, 1980, for my Address delivered to the House on 2nd July, 1980, under Article 176 (1) of the Constitution of India. Kindly convey my grateful thanks to the Hon'ble Members for passing the Motion of Thanks for my Address.

I am also grateful to you for conveying the same to me."

POINTS OF ORDER *RE*: ADJOURNMENT MOTION

ਕਾਮਰੇਡ ਰਾਜ ਕੁਮਾਰ : 13 ਨੰਬਰ ਐਡਜਰਨਮੈਂਟ ਮੋਸ਼ਨ ਤੁਸੀਂ ਡਿਸਅਲਾਓ ਕਰ ਦਿੱਤੀ ਹੈ। 10,000 ਤੋਂ ਵਧ ਟੀਚਰਜ਼ ਅੱਜ ਬਾਹਰ ਐਮ. ਐਲ. ਏਜ਼. ਹੋਸਟਲ ਦੇ ਬਾਹਰ ਧਰਨਾ ਦੇਈ ਬੈਠੇ ਹਨ। ਇਨ੍ਹਾਂ ਸਾਰਿਆਂ ਨੂੰ 1957 ਤੋਂ ਜੇ ਕੋਈ ਇਨ ਸਰਵਿਸ ਆਪਣੀ ਕੁਆਲੀਫਿਕੇਸ਼ਨ ਇੰਪਰੂਵ ਕਰ ਲਏ ਤਾਂ ਉਸ ਨੂੰ ਇੰਪਰੂਵਡ ਕੁਆਲੀਫੀਕੇਸ਼ਨ ਦੇ ਮੁਤਾਬਿਕ ਸਾਰੇ ਬੈਨੀਫਿਟਸ ਮਿਲਦੇ ਸੀ। 1980 ਵਿਚ ਗਵਰਨਰ ਰੂਲ ਵਿਚ ਪੰਜਾਬ ਸਰਕਾਰ ਨੇ ਇਸ ਵਿਚ ਅਮੈਂਡਮੈਂਟ ਕਰਕੇ ਨਵਾਂ ਰੂਲ ਬਣਾ ਦਿੱਤਾ ਅਗਰ ਉਸ ਵੇਲੇ ਪਾਪੂਲਰ ਗੌਰਮਿੰਟ ਹੁੰਦੀ ਤਾਂ ਉਹ ਇਸ ਤਰ੍ਹਾਂ ਦੀ ਅਮੈਂਡਮੈਂਟ ਨਾ ਕਰਦੀ। ਇਸ ਅਮੈਂਡਮੈਂਟ ਅਨੁਸਾਰ 1957 ਤੋਂ ਜੋ ਬੈਨੇਫਿਟਸ ਮਿਲ ਰਹੇ ਹਨ, ਉਨ੍ਹਾਂ ਦੀ ਰਿਕਵਰੀ ਹੋਣੀ ਹੈ ਅੱਤੇ ਅੱਗੇ ਨੂੰ ਉਹ ਕ ਨਸੈਸ਼ਨ ਬੰਦ ਹੋ ਜਾਣੇ ਹਨ। ਇਸ ਨਾਲ ਟੀਚਰਾਂ ਵਿਚ ਬੜੀ ਬੇਚੈਨੀ ਫੈਲੀ ਹੋਈ ਹੈ। ਹਜ਼ਾਰਾਂ ਟੀਚਰਾਂ ਨੇ ਇਨ-ਸਰਵਿਸ ਹੁੰਦੇ ਹੋਏ ਆਪਣੀਆਂ ਕੁਆਲੀਫੀਕੇਸ਼ਨਜ਼ ਇੰਪਰੂਵ ਕੀਤੀਆਂ ਸਨ, ਜਿਨ੍ਹਾਂ ਨੂੰ ਕਿ ਹੁਣ ਨੁਕਸਾਨ ਹੋ ਰਿਹਾ ਹੈ। ਸਰਕਾਰ ਇਸ ਸਬੰਧ ਵਿਚ ਪੁਜ਼ੀਸ਼ਨ ਵਾਜ਼ੇ ਕਰੇ। ਬੜੀ ਹੈਰਾਨੀ ਦੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਸ ਕਦਮ ਨੂੰ ਮਨਜ਼ੂਰ ਨਹੀਂ ਸੀ ਕੀਤਾ। ਸੁਪਰੀਮ ਕੋਰਟ ਨੇ ਟੀਚਰਾਂ ਨੂੰ ਅਪਹੈਲਡ ਕੀਤਾ ਹੈ। ਇਹ ਹਾਈ ਕੋਰਟ ਵਿਚ ਵੀ ਅਪ-ਹੈਲਡ ਹੋਇਆ ਹੈ। ਹਾਈ ਕੋਰਟ ਨੇ ਸਕੱਤਰ ਐਜੂਕੇਸ਼ਨ ਦੇ ਖਿਲਾਫ ਕੰਟੈਂਪਟ ਦਾ ਨੋਟਿਸ ਦਿੱਤਾ ਹੈ। ਉਸ ਕੰਟੈਪਟ ਨੋਟਿਸ ਤੋਂ ਬਚਣ ਵਾਸਤੇ 28 ਤਰੀਖ ਤੋਂ ਪਹਿਲਾਂ ਰੂਲ ਅਮੈਂਡ ਕਰ ਦਿੱਤਾ ਗਿਆ। ਐਜੂ-ਕੇਸ਼ਨ ਡਿਪਾਰਟਮੈਂਟ ਵਿਚ ਸਿਰਫ ਦੋ ਅਫਸਰ ਹਨ, ਜਿਨ੍ਹਾਂ ਨੇ ਪੰਜਾਬ ਵਿਚ ਮੁਸੀਬਤ ਪੈਦਾ ਕੀਤੀ

Original with;
Punjab Vidhan Sabha
Digitized by;
Panjab Digital Library

ਹੋਈ ਹੈ। ਜੇ ਇਸ ਬਾਰੇ ਕੋਈ ਤਸੱਲੀ ਬਖਸ਼ ਕਾਰਵਾਈ ਨਾ ਕੀਤੀ ਗਈ ਤਾਂ ਕੱਲ ਨੂੰ ਸਕੂਲਾਂ ਵਿਚ ਪਤਾ ਨਹੀਂ ਕੀ ਹੋਏਗਾ ? ਇਸ ਲਈ ਮੈਂ ਅਰਜ਼ ਕਰਦਾ ਹਾਂ ਇਸ ਸਬੰਧੀ ਚੀਫ ਮਨਿਸਟਰ ਸਾਹਿਬ ਪੰਜਾਬ ਸਰਕਾਰ ਦੀ ਜੋ ਪੁਜ਼ੀਸ਼ਨ ਹੈ, ਉਹ ਵਾਜ਼ੇ ਕੀਤੀ ਜਾਏ।

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਹੈ ਕਿ ਜਿਹੜੇ ਟੀਚਰਜ਼ ਬਾਹਰ ਬੈਠੇ ਹਨ (ਵਿਘਨ)

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਆਨ ਏ ਪੁਆਇੰਟ ਆਫ ਆਰਡਰ, ਸਰ। ਪੁਆਇੰਟ ਆਫ ਆਰਡਰਜ਼ ਦੇ ਬਾਰੇ ਵਿਚ ਮੈਂ ਕੁੱਝ ਕਹਿਣਾ ਚਾਹੁੰਦਾ ਹਾਂ ਕਿ ਰੂਲਜ਼ ਆਫ ਪ੍ਰੋਸੀਜਰ ਐਂਡ ਕੰਡਕਟ ਆਫ ਬਿਜ਼ਨੈਸ ਦੇ ਰੂਲ 105 ਦੇ ਮੁਤਾਬਿਕ ਤੁਸੀਂ ਤਾਂ ਇਨ੍ਹਾਂ ਨੂੰ ਪੁਆਇੰਟ ਆਫ ਆਰਡਰ ਤੇ ਲੈਕਚਰ ਕਰਨ ਦੀ ਇਜਾਜ਼ਤ ਦੇ ਰਹੇ ਹੋ, ਜੋ ਕਿ ਰੂਲਜ਼ ਵਿਚ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਨਹੀਂ ਹੈ। ਇਹ ਅੱਛਾ ਪ੍ਰੈਸੀਡੈਂਟ ਨਹੀਂ ਹੈ। ਤੁਸੀਂ ਰੂਲ ਨੰ: 105 ਪੜ੍ਹ ਲਓ।

Rule 105 of the Rules of Procedure relates to the Points of Order. The rule says that "a point of order shall relate to the interpretation or enforcement of these Rules or such Articles of the Constitution as regulate the business of the House and shall raise a question which is within the congnizance of the Speaker."

ਸਪੀਕਰ ਸਾਹਿਬ, ਤੁਸੀਂ ਨੋ ਪੁਆਇੰਟ ਆਫ਼ ਆਰਡਰ ਕਹਿੰਦੇ ਹੋ, ਨਾਟ ਅਲਾਊਡ ਕਹਿੰਦੇ ਹੋ, ਫਿਰ ਵੀ ਇਨ੍ਹਾਂ ਨੂੰ ਪੁਆਇੰਟਸ ਆਫ ਆਰਡਰ ਦੀ ਆਗਿਆ ਦਿੰਦੇ ਹੋ, ਇਹ ਰੂਲਜ਼ ਦੀ ਉਲੰਘਣਾ ਹੈ।

ਸ਼੍ਰੀ ਸਪੀਕਰ : ਇੱਕ ਮੈਂਬਰ ਨੇ ਉਠ ਕੇ ਕਿਹਾ ਪੁਆਇੰਟ ਆਫ ਆਰਡਰ। ਮੈਂ ਜਵਾਬ ਦਿਆਂਗਾ ਕਿ ਪੁਆਇੰਟ ਆਫ ਆਰਡਰ ਇਨ ਆਰਡਰ ਹੈ ਜਾਂ ਨਹੀਂ। ਜਦੋਂ ਮੈਂਬਰ ਪੁਆਇੰਟ ਆਫ ਆਰਡਰ ਕਹਿੰਦਾ ਹੈ ਤਾਂ ਉਸ ਦੇ ਮਨ ਵਿਚ ਕੀ ਹੈ, ਉਸ ਬਾਰੇ ਜਿੰਨੀ ਦੇਰ ਤਕ ਉਹ ਕਹਿ ਲਵੇ, ਮੈਨੂੰ ਕਿਵੇਂ ਪਤਾ ਲੱਗ ਸਕਦਾ ਹੈ।

ਮਾਸਟਰ ਚੰਦ ਸਿੰਘ : ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਰਾਜ ਕੁਮਾਰ ਜੀ ਐਡਜਰਨਮੈਂਟ ਮੋਸ਼ਨ ਦਿੱਤੀ ਸੀ (ਵਿਘਨ) (ਸ਼ੋਰ) ਚੋਪੜਾ ਸਾਹਿਬ, ਤੁਸੀਂ ਬੋਲੋ।

ਮਾਸਟਰ ਚੰਦ ਸਿੰਘ : ਹਜ਼ਾਰਾਂ ਦੀ ਗਿਣਤੀ ਵਿਚ ਟੀਚਰਜ਼ ਬਾਹਰ ਬੈਠੇ ਹਨ (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲ ਰਹੇ ਸਨ, ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਕੁੱਝ ਸੁਣਾਈ ਨਹੀਂ ਸੀ ਦੇ ਰਿਹਾ।)

ਮਾਸਟਰ ਚੰਦ ਸਿੰਘ : ** ** **

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਜੋ ਕੁੱਝ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ, ਉਹ ਰਿਕਾਰਡ ਨਹੀਂ ਕੀਤਾ ਜਾਵੇ। ਮਾਸਟਰ ਚੰਦ ਸਿੰਘ ਜੀ ਅਤੇ ਸਰਦਾਰ ਬਲਵੰਤ ਸਿੰਘ ਜੀ, ਤੁਸੀਂ ਬੈਠ ਜਾਓ। (ਵਿਘਨ) (ਸ਼ੋਰ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ। (ਵਿਘਨ) ਜੇ ਤੁਸੀਂ ਸਾਡੀ ਗੱਲ ਨਹੀਂ ਸੁਣਨੀ ਤਾਂ ਸਾਨੂੰ ਕਹਿ ਦਿਓ ਕਿ ਚੁੱਪ ਕਰ ਜਾਓ। (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮਾਸਟਰ ਜੀ, ਗੱਲ ਕਰਨ ਦਾ ਵੀ ਤਰੀਕਾ ਹੁੰਦਾ ਹੈ। ਰੂਲਜ਼ ਦੇ ਮੁਤਾਬਿਕ ਗੱਲ ਕਰਨੀ ਚਾਹੀਦੀ ਹੈ।

ਕਾਲ ਅਟੈਨਸ਼ਨ ਮੋਸ਼ਨ ਨੰ: 88 ਵੱਲੋਂ ਸਰਦਾਰ ਪਰਸ਼ੋਤਮ ਸਿੰਘ ਜੀ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

WALK OUT(S)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ, ਇਸ ਕਰਕੇ ਅਸੀਂ ਐਜ਼ ਏ ਪਰੋਟੈਸਟ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸੀ.ਪੀ.ਆਈ. ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ।)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ, ਇਸ ਕਰਕੇ ਅਸੀਂ ਐਜ਼ ਏ ਪਰੋਟੈਸਟ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸੀ.ਪੀ.ਆਈ.(ਐਮ.) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ।)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ** ** **

(ਇਸ ਸਮੇਂ ਅਕਾਲੀ ਪਾਰਟੀ ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ।)

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਜੋ ਪੁਆਇੰਟ ਆਫ ਆਰਡਰ ਦੇ ਰਾਹੀਂ ਕਿਹਾ ਗਿਆ ਹੈ, it should not form part of the proceeding.

Mr Speaker This is no point of order.

ਸ਼੍ਰੀ ਰਾਮ ਸਰੂਪ ਬਾਗੀ : ਸਪੀਕਰ ਸਾਹਿਬ, ਪਹਿਲਾਂ ਵੀ ਇਕ ਮੈਂਬਰ ਨੇ ਪੁਆਇਟ ਆਫ ਆਰਡਰ ਤੇ ਕੁਝ ਗੱਲਾਂ ਕਹੀਆਂ ਅਤੇ ਫਿਰ ਬਾਦਲ ਸਾਹਿਬ ਨੇ ਵੀ ਪਆਇੰਟ ਆਫ ਆਰਡਰ ਤੇ ਗੱਲਾਂ ਕਹੀਆਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਹਾਊਸ ਦੀ ਕਾਰਵਾਈ ਵਿਚ ਗੱਲਾਂ ਆ ਗਈਆਂ ਹਨ ਜਾ ਨਹੀਂ ? ਉਹ ਗਲਤ ਗੱਲਾਂ ਕਹਿ ਗਏ ਹਨ।

ਸ਼੍ਰੀ ਸਪੀਕਰ : ਮੈਂ ਬਾਦਲ ਸਾਹਿਬ ਨੂੰ ਟਾਈਮ ਦੇਣਾ ਸੀ ਬਤੌਰ ਅਪੋਜ਼ੀਸ਼ਨ ਦੇ ਲੀਡਰ ਦੇ, ਉਨ੍ਹਾਂ ਨੇ ਵਾਕ ਆਊਟ ਕਰਨਾ ਸੀ।

ਸ਼੍ਰੀ ਰਾਮ ਸਰੂਪ ਬਾਗੀ : ਪਰ ਉਨ੍ਹਾਂ ਨੇ ਗਲਤ ਗੱਲ ਕੀਤੀ ਹੈ।

ਸ਼੍ਰੀ ਸਪੀਕਰ : ਮੈਂ ਸੁਣਨ ਤੋਂ ਬਗੈਰ ਪਹਿਲਾਂ ਕਿਵੇਂ ਕਹਿ ਸਕਦਾ ਸੀ ਕਿ ਉਹ ਪੁਆਇੰਟ ਆਫ ਆਰਡਰ ਹੈ ਜਾ ਨਹੀਂ। ਕਾਲ ਅਟੈਨਸ਼ਨ ਮੋਸ਼ਨ ਨੰ: 88 ਵੱਲੋਂ ਸਰਦਾਰ ਪਰਸ਼ੋਤਮ ਸਿੰਘ ਜੀ

CALL ATTENTION NOTICES UNDER RULE 66

(Serial No. 88)

Sardar Parshotam Singh : Sir, I beg to draw the attention of the Government towards a matter of urgent public importance, namely, Todarpur link drain which falls in the jurisdiction of Budhlada consituency has

**Expunged as ordered by the Chair

Original with;
Punjab Vidhan Sabha
Digitized by;
Panjab Digital Library

since been dug out, whereas its fall which falls in Haryana Territory has remained undug. As a result when the Monsoon is in full swing, there is every danger of havoc to be caused by this drain when it will be flooded by the vast waters falling in it.

The people of this area consisting of 20 villages are involved in this danger and there is a great resentment and unrest in the *Ilaqa*.

The Minister concerned may kindly make a statement to this effect on the floor of the House.

Chief Minister (Sardar Darbara Singh) : Todarpur Link drain is a part of Baretta Drainage System outfalling into Sirhind Choe. The outfall reaches of both the Todarpur Link drain as well as the Baretta drain lie in Haryana Territory. The Todarpur Link drain has been excavated to its designed section right upto the Haryana boundary. The alignment followed/ proposed by Punjab runs along the natural depression, has the right outfall and is the only workable proposition. The excavation of the drain in Haryana Territory by Haryana Government at the cost of Punjab Government is not being carried out by the Haryana Government on the plea that the flood situation in villages Naggal and Sardulewala of Haryana would aggravate because of spills from the drain.

However, the matter has been taken up with Haryana Government and Punjab Government is trying to persuade the Haryana Government to accept the proposal put forth by the Punjab Government and excavate the outfall reach portion of the Todarpur Link drain falling in Haryana Territory at the cost of the Punjab Government.

ਸਰਦਾਰ ਪਰਸ਼ੋਤਮ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਚੀਫ਼ ਮਨਿਸਟਰ ਸਾਹਿਬ ਇਸ ਗੱਲ ਦਾ ਬੰਦੋਬਸਤ ਕਰਨਗੇ ਕਿ ਜਿੰਨਾ ਚਿਰ ਹਰਿਆਣਾ ਗੌਰਮਿੰਟ ਆਪਣੇ ਇਲਾਕੇ ਵਿਚ ਡਰੇਨ ਪੁੱਟਣ ਦੀ ਆਗਿਆ ਨਹੀਂ ਦਿੰਦੀ ਉਤਨੀ ਦੇਰ ਕੋਈ ਆਲਟਰਨੇਟਿਵ ਅਰੇਂਜਮੈਂਟ ਕਰਕੇ ਉਨ੍ਹਾਂ ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਕਰਨਗੇ ?

ਮੁੱਖ ਮੰਤਰੀ : ਅਸੀਂ ਕੋਸ਼ਿਸ਼ ਕਰਾਂਗੇ ਕਿ ਹਰਿਆਣਾ ਗੌਰਮਿੰਟ ਜਲਦੀ ਤੋਂ ਜਲਦੀ ਕਰੇ। ਲੇਕਿਨ ਇਹ ਉਨ੍ਹਾਂ ਦਾ ਏਰੀਆ ਹੈ। ਫਿਰ ਵੀ ਅਸੀਂ ਛੇਤੀ ਤੋਂ ਛੇਤੀ ਕਰਨ ਦੀ ਕੋਸ਼ਿਸ਼ ਕਰਾਂਗੇ।

(ਕ੍ਰਮ ਨੰ: 101)

ਕਾਮਰੇਡ ਸੋਹਣ ਸਿੰਘ
ਕਾਮਰੇਡ ਸੱਘੜ ਸਿੰਘ
ਮਾਸਟਰ ਬਾਬੂ ਸਿੰਘ, } : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਅੰਮ੍ਰਿਤਸਰ ਦੀ ਟੈਕਸਟਾਈਲ ਇੰਡਸਟਰੀ ਠਪ ਹੋ ਗਈ ਹੈ। 75 ਫੀਸਦੀ ਫੈਕਟਰੀਆਂ ਬੰਦ ਹੋ ਗਈਆਂ ਹਨ ਜਾਂ ਇਕ ਅੱਧੀ ਸ਼ਿਫਟ ਚਲਦੀ ਹੈ। ਬਿਜਲੀ ਦੀ ਕਮੀ ਅਤੇ ਧਾਗੇ ਦੀ ਮਹਿੰਗਾਈ ਕਾਰਨ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ। ਹਜ਼ਾਰਾਂ ਮਜ਼ਦੂਰ ਬੇਕਾਰ ਹੋ ਗਏ ਹਨ। ਛੋਟੇ ਕਾਰਖਾਨੇਦਾਰ ਇਸ ਭਾਰ ਨੂੰ ਸਹਿਣ ਨਹੀਂ ਕਰ ਸਕਦੇ ਅਤੇ ਕਪੜੇ ਦੀ ਸਨਅਤ ਤਬਾਹ ਹੋਣ ਦੇ ਕੰਢੇ ਤੇ ਆ ਗਈ ਹੈ। ਮਜ਼ਦੂਰਾਂ ਵਿਚ ਬੇਚੈਨੀ ਨੂੰ ਮੁੱਖ ਰੱਖਦੇ ਅਤੇ ਸਨੱਅਤ ਨੂੰ ਬਚਾਉਣ ਦੇ ਮਸਲੇ ਨੂੰ ਮੁੱਖ ਰੱਖ ਕੇ ਸਬੰਧਤ ਮੰਤਰੀ ਬਿਆਨ ਦੇਣ ਦੀ ਕਿਰਪਾਲਤਾ ਕਰਨ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਇਹ ਦਰੁੱਸਤ ਨਹੀਂ ਹੈ ਕਿ ਬਿਜਲੀ ਦੀ ਘਾਟ ਅਤੇ ਧਾਗੇ ਦੀਆਂ ਉਚੀਆਂ ਕੀਮਤਾਂ ਕਾਰਨ ਵੱਡੇ ਪੈਮਾਨੇ ਤੇ ਰਾਜ ਵਿਚ ਟੈਕਸਟਾਈਲ ਉਦਯੋਗ ਦੇ ਯੂਨਿਟ ਬੰਦ ਹੋਏ ਹਨ। ਰਾਜ ਵਿਚ ਬਿਜਲੀ ਦੀ ਘਾਟ ਹੈ ਅਤੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਇਸ ਸਮੱਸਿਆ ਬਾਰੇ ਅੱਗੇ ਹੀ ਪਤਾ ਹੈ। ਫਿਰ ਵੀ ਅਜਿਹੇ ਹਾਲਾਤ ਵਿਚ ਇਸ ਉਦਯੋਗ ਨੂੰ ਦੂਜੇ ਉਦਯੋਗਾਂ ਦੀ ਤਰ੍ਹਾਂ ਘੱਟੋ ਘੱਟ ਇਕ ਸ਼ਿਫਟ ਲਈ ਬਿਜਲੀ ਦਾ ਮਿਲਣਾ ਉਸ ਸਮੇਂ ਵੀ ਯਕੀਨੀ ਰਿਹਾ ਹੈ ਜਦੋਂ ਬਿਜਲੀ ਸੰਕਟ ਸਭ ਤੋਂ ਗੰਭੀਰ ਸੀ। ਜਿਥੋਂ ਤੱਕ ਧਾਗੇ ਦੀਆਂ ਕੀਮਤਾਂ ਦਾ ਸਬੰਧ ਹੈ ਇਹ ਮਸਲਾ ਸਰਕਾਰ ਦੇ ਨੋਟਿਸ ਵਿਚ ਹੈ ਕਿ ਵਿਸਕੋਸ ਫਿਲਾਮਿੰਟ ਧਾਗਾ ਅਤੇ ਨਾਇਲੋਨ ਧਾਗੇ ਦੀ ਪਿਛਲੇ ਇਕ ਸਾਲ ਤੋਂ ਵੀ ਵੱਧ ਸਮੇਂ ਵਿਚ ਕੀਮਤਾਂ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ ਹੈ। ਇੰਡਸਟਰੀ ਤੋਂ ਸਮੇਂ ਸਮੇਂ ਇਸ ਸਬੰਧ ਵਿਚ ਪ੍ਰਤਿਬੇਨਤੀਆਂ ਪ੍ਰਾਪਤ ਹੁੰਦੀਆਂ ਰਹੀਆਂ ਕਿਉਂਕਿ ਇਨ੍ਹਾਂ ਧਾਗਿਆਂ ਦੀ ਵੰਡ ਅਤੇ ਕੀਮਤ ਉਪਰ ਕੋਈ ਕਾਨੂੰਨੀ ਕੰਟਰੋਲ ਨਹੀਂ ਹੈ, ਇਸ ਲਈ ਰਾਜ ਸਰਕਾਰ ਇਸ ਬਾਰੇ ਕੋਈ ਸਿੱਧੀ ਕਾਰਵਾਈ ਨਹੀਂ ਕਰ ਸਕਦੀ। ਫਿਰ ਵੀ ਭਾਰਤ ਸਰਕਾਰ ਨਾਲ ਸਮੇਂ ਸਮੇਂ ਸਿਰ ਇਹ ਮਸਲਾ ਉਠਾਇਆ ਗਿਆ ਸੀ ਕਿ ਜਾਂ ਤਾਂ ਕੋਈ ਕੰਟਰੋਲ ਆਰਡਰ ਧਾਗੇ ਦੀ ਵੰਡ ਤੇ ਜਾਰੀ ਕੀਤਾ ਜਾਵੇ ਜਾਂ ਸਪਿਨਰਜ਼ ਨੂੰ ਕਿਸੇ ਅਨੁਸ਼ਾਸਨ ਹੇਠ ਲਿਆਂਦਾ ਜਾਵੇ ਤਾਕਿ ਇੰਡਸਟਰੀ ਨੂੰ ਵਾਜਬ ਕੀਮਤਾਂ ਤੇ ਧਾਗਾ ਮਿਲ ਸਕੇ। ਹੁਣੇ ਹੀ ਭਾਰਤ ਸਰਕਾਰ ਦੇ ਟੈਕਸਟਾਈਲ ਵਿਭਾਗ ਦੇ ਸਕੱਤਰ ਨਾਲ, ਪੰਜਾਬ ਸਰਕਾਰ ਦੇ ਉਦਯੋਗ ਵਿਭਾਗ ਦੇ ਸਕੱਤਰ ਦੀ ਪੱਧਰ ਤੇ ਮਾਮਲਾ ਫਿਰ ਉਠਾਇਆ ਗਿਆ ਹੈ।

ਮਾਸਟਰ ਬਾਬੂ ਸਿੰਘ : ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਕਪੜਾ ਜਿਹੜਾ ਆਸਾਮ ਦੇ ਵਿਚ ਭੇਜਣ ਵਾਲਾ ਸੀ, ਉਹ ਆਸਾਮ ਦੇ ਹਾਲਾਤ ਡਿਸਟਰਬ ਹੋਣ ਨਾਲ ਰੁਕਿਆ ਪਿਆ ਹੈ ਅਤੇ ਇਸ ਦੇ ਨਾਲ ਸਨੱਅਤ ਵਾਲੇ ਮਜ਼ਦੂਰ ਵੀ ਦੁੱਖੀ ਹਨ ? ਉਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਕੀ ਯਤਨ ਕਰ ਰਹੇ ਹਨ ਕਿ ਕਪੜਾ ਜਿਹੜਾ ਹੈ, ਉਹ ਆਸਾਮ ਵਿਚ ਭੇਜਿਆ ਜਾ ਸਕੇ ਜਿਸ ਨਾਲ ਉਨ੍ਹਾਂ ਨੂੰ ਪੈਸੇ ਵੀ ਮਿਲ ਸਕਣ ਅਤੇ ਕੰਮ ਕਰਨ ਵਾਲਿਆਂ ਨੂੰ ਕੰਮ ਵੀ ਮਿਲ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਹਾਲਾਤ ਤੇ ਮੁੱਨਹਸਰ ਹੈ।

ਕਾਮਰੇਡ ਸੋਹਣ ਸਿੰਘ : ਸਪੀਕਰ ਸਾਹਿਬ, ਜਿਹੜੀ ਧਾਗੇ ਦੀ ਸਨੱਅਤ ਹੈ, ਉਹ ਬਿਜਲੀ ਨਾ ਮਿਲਣ ਦੇ ਕਾਰਨਾਂ ਕਰਕੇ ਅਤੇ ਲਗਾਤਾਰ ਧਾਗੇ ਦੀਆਂ ਕੀਮਤਾਂ ਵੱਧਣ ਕਰਕੇ, ਮਿਲ ਦੀਆਂ ਸ਼ਿਫਟਾਂ ਬੰਦ ਹੋ ਰਹੀਆਂ ਹਨ। ਇਹ ਧਾਗੇ ਦੀਆਂ ਕੀਮਤਾਂ ਅੱਜ ਤੋਂ ਨਹੀਂ ਪਿਛਲੇ ਸਮਿਆਂ ਤੋਂ ਵੱਧਦੀਆਂ ਚਲੀਆਂ ਆ ਰਹੀਆਂ ਹਨ, ਜਿਸ ਕਰਕੇ ਕਾਰਖਾਨੇ ਬੰਦ ਹੁੰਦੇ ਹਨ। ਮੈਂ ਆਪ ਮਜ਼ਦੂਰ ਹਾਂ ਅਤੇ ਮਿਲ ਵਿਚ ਕੰਮ ਕਰਨ ਵਾਲਾ ਹਾਂ। ਜਿਹੜੀ ਮੇਰੇ ਨਾਲ ਵਾਪਰਦੀ ਹੈ, ਉਹ ਮੈਂ ਕੀ ਦੱਸਾਂ ਕਿ ਘਰੋਂ ਰੋਟੀ ਪਕਾ ਕੇ ਤੁਰੀਦਾ ਹੈ ਤਾਂ ਕਾਰਖਾਨੇ ਵਿਚ ਆਉਂਦੇ ਨੂੰ ਕਾਰਖਾਨਾ ਬੰਦ ਹੁੰਦਾ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਧਾਗੇ ਨੂੰ ਸਸਤਾ ਕਰਨ ਦੇ ਇਹ ਕੋਈ ਯਤਨ ਕਰਨਗੇ, ਜਿਸ ਦੇ ਲਈ ਇਹ ਵਚਨਬੱਧ ਹਨ ? ਧਾਗੇ ਦੀਆਂ ਕੀਮਤਾਂ 9 ਰੁਪਏ ਤੋਂ 18–19 ਰੁਪਏ ਤਕ ਚੜ੍ਹ ਗਈਆਂ ਹਨ। ਇਕ ਤਾਂ ਮਹਿੰਗਾਈ ਕਰਕੇ ਅਤੇ ਧਾਗੇ ਦੀਆਂ ਕੀਮਤਾਂ ਚੜ੍ਹਨ ਕਰਕੇ ਕਾਰਖਾਨੇ ਬੰਦ ਹੋ ਰਹੇ ਹਨ ਅਤੇ ਦੂਸਰਾ ਵੱਡਾ ਕਾਰਨ ਬਿਜਲੀ ਦੇ ਸੰਕਟ ਕਾਰਨ ਕਾਰਖਾਨੇ ਬੰਦ ਹੋ ਰਹੇ ਹਨ। ਮਜ਼ਦੂਰ ਅੰਮ੍ਰਿਤਸਰ, ਲੁਧਿਆਣਾ, ਗੁਰਦਾਸਪੁਰ ਅਤੇ ਹੋਰਨਾਂ ਥਾਵਾਂ ਤੇ 3–3 ਮਹੀਨਿਆਂ ਤੋਂ ਹੜਤਾਲਾਂ ਕਰ ਰਹੇ ਹਨ, ਮਜ਼ਦੂਰਾਂ ਦੀ ਛਾਂਟੀ ਹੋ ਰਹੀ ਹੈ ਅਤੇ ਉਹ ਬੇਕਾਰ ਹੋ ਰਹੇ ਹਨ ਅਤੇ ਉਨ੍ਹਾਂ ਦੀ ਮੰਗ ਹੈ ਕਿ ਬਿਜਲੀ ਦੇ ਸੰਕਟ ਕਾਰਨ ਅਤੇ ਧਾਗੇ ਦੀਆਂ ਵੱਧ ਰਹੀਆਂ ਕੀਮਤਾਂ ਕਾਰਨ ਜੋ ਕਾਰਖਾਨੇ ਬੰਦ ਹੋ ਰਹੇ ਹਨ ਅਤੇ ਮਜ਼ਦੂਰਾਂ ਦੀ ਜੋ ਛਾਂਟੀ ਹੋ ਰਹੀ ਹੈ ਉਨ੍ਹਾਂ ਨੂੰ ਕੋਈ ਗਰਾਂਟਾਂ ਵਗੈਰ ਦੇਣ। ਇਸ ਦੇ ਬਾਰੇ ਸਰਕਾਰ ਦਾ ਕੀ ਵਿਚਾਰ ਹੈ ? (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਕਾਮਰੇਡ ਸੋਹਣ ਸਿੰਘ ਜੀ, ਇਸ ਤਰ੍ਹਾਂ ਸਪੀਚ ਨਹੀਂ ਕਰਨੀ ਚਾਹੀਦੀ, ਸਵਾਲ ਪੁੱਛਣਾ ਚਾਹੀਦਾ ਹੈ। (ਵਿਘਨ) ਤੁਹਾਡੀ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਸੀ, ਉਸ ਦਾ ਜਵਾਬ ਸੀ. ਐਮ. ਸਾਹਿਬ ਨੇ ਦੇ ਦਿੱਤਾ ਹੈ। ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਭਾਰਤ ਸਰਕਾਰ ਨਾਲ ਧਾਗੇ ਦੇ ਮਾਮਲੇ ਵਿਚ ਗੱਲ ਬਾਤ ਕਰ ਰਹੇ ਹਾਂ। ਇਹ ਮਾਮਲਾ ਭਾਰਤ ਸਰਕਾਰ ਨਾਲ ਟੇਕ ਅੱਪ ਕਰ ਰਹੇ ਹਨ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਇਹ ਸਵਾਲ ਪੁੱਛਣਾ ਚਾਹੁੰਦੇ ਹਨ ਕਿ ਜਿਹੜੀ ਮਜ਼ਦੂਰਾਂ ਦੀ ਛਾਂਟੀ ਹੋਈ ਹੈ, ਉਨ੍ਹਾਂ ਨੂੰ ਕਰਜ਼ਿਆਂ ਵਗੈਰਾ ਵਿਚ ਕੋਈ ਗਰਾਂਟ ਦੇਣਗੇ। ਜਿਹੜੇ ਮਜ਼ਦੂਰ ਬੇਕਾਰ ਹੋਏ ਹਨ ਕੀ ਉਨ੍ਹਾਂ ਨੂੰ ਕੋਈ ਇਸ ਤਰ੍ਹਾਂ ਦੀ ਰਿਆਇਤ ਦੇਣਗੇ ? (ਵਿਘਨ)

ਮੁੱਖ ਮੰਤਰੀ : ਸਵਾਲ ਉਨ੍ਹਾਂ ਨੇ ਕੀਤਾ ਹੈ, ਜਵਾਬ ਤੁਸੀਂ ਦੇ ਰਹੇ ਹੋ। ਮੈਂ ਇਸ ਦੇ ਵਿਚ ਕੀ ਜਵਾਬ ਦੇਵਾਂ। (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਇਕ ਸ਼ਾਰਟ ਨੋਟਿਸ ਕੁਐਸ਼ਚਨ ਦਿੱਤਾ ਸੀ——(ਵਿਘਨ)

ਸ਼੍ਰੀ ਸਪੀਕਰ : ਸਰਦਾਰ ਸੁਖਜਿੰਦਰ ਸਿੰਘ ਜੀ, ਪਹਿਲਾਂ ਕਾਲ ਅਟੈਨਸ਼ਨ ਮੋਸ਼ਨਜ਼ ਖਤਮ ਹੋ ਲੈਣ ਦਿਓ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਧਾਰੀਵਾਲ ਮਿੱਲ ਸਭ ਤੋਂ ਵੱਡੀ ਕਪੜੇ ਦੀ ਮਿੱਲ ਹੈ, ਜਿਸ ਦੇ ਵਿਚ 1500 ਮਜ਼ਦੂਰਾਂ ਦੀ ਛਾਂਟੀ ਹੋ ਚੁੱਕੀ ਹੈ ਕੋਲੇ ਅਤੇ ਬਿਜਲੀ ਦੀ ਘਾਟ ਕਰਕੇ। ਕੀ ਸਾਡੀ ਗੌਰਮਿੰਟ ਉਸ ਦੇ ਲਈ ਉਨ੍ਹਾਂ ਨੂੰ ਕੋਈ ਗਰਾਂਟ ਦੇਵੇਗੀ ਜਾਂ ਉਨ੍ਹਾਂ ਦਾ ਕੋਈ ਐਸਾ ਪ੍ਰਬੰਧ ਕਰੇਗੀ, ਜਿਸ ਦੇ ਨਾਲ ਉਹ ਰੱਜਵੀਂ ਰੋਟੀ ਖਾ ਸਕਣ।

ਸ਼੍ਰੀ ਸਪੀਕਰ : ਇਹ ਸਵਾਲ ਇਸ ਕਾਲ ਅਟੈਨਸ਼ਨ ਮੋਸ਼ਨ ਨਾਲ ਰਿਲੇਟ ਨਹੀਂ ਕਰਦਾ। ਇਹ ਅੰਮ੍ਰਿਤਸਰ ਦੀ ਇੰਡਸਟਰੀ ਨਾਲ ਕਾਲ ਅਟੈਨਸ਼ਨ ਤੁਅੱਲਕ ਰਖਦੀ ਹੈ ਅਤੇ ਤੁਹਾਡਾ ਸਵਾਲ ਧਾਰੀਵਾਲ ਮਿੱਲ ਦੇ ਬਾਰੇ ਹੈ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਨ੍ਹਾਂ ਨੇ ਹੁਣ ਮੇਰੇ ਨੋਟਿਸ ਵਿਚ ਲਿਆਂਦਾ ਹੈ ਕਿ 1500 ਵਰਕਰਜ਼ ਦੀ ਛਾਂਟੀ ਹੋ ਚੁੱਕੀ ਹੈ। ਮੈਂ ਇਸ ਦੀ ਪੜਤਾਲ ਕਰਵਾ ਕੇ ਦੇਖ ਲਵਾਂਗਾ। ਵਰਕਰਜ਼ ਦੇ ਨਾਲ ਸਾਡੀ ਪੂਰੀ ਹਮਦਰਦੀ ਹੈ ਲੇਕਿਨ ਜੋ ਕੋਈ ਇਸ ਦੇ ਕਾਰਨ ਮਜ਼ਬੂਰੀ ਦੇ ਹੋਣ ਤਾਂ ਅਲਹਿਦਾ ਬਾਤ ਹੈ। ਅਗਰ ਕੋਈ ਐਸਾ ਕਾਰਨ ਹੋਇਆ ਕਿ ਜਾਣ ਬੁੱਝ ਕੇ ਛਾਂਟੀ ਕੀਤੀ ਗਈ ਹੈ, ਉਹ ਅਸੀਂ ਦੇਖ ਲਵਾਂਗੇ।

(Serial No. 102)

Comrade Raj Kumar : Sir, I beg to draw the attention of the Government towards a matter of urgent public importance, namely, one highly overloaded Taxi overturned near Kalanaur, District Gurdaspur, during first week of July, 1980, killing 2 persons on the spot and injuring about26 or so. Other High overloading of Taxis or tempos/Buses in the State particularly on rural routes is on the increase .Road safety is almost non-existent in the State causing grave concern.

In view of the obvious importance of the matter, the Government may be asked to make a statement in the House.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ (ਸ਼ਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮਿਤੀ 2 ਜੁਲਾਈ, 1980 ਨੂੰ ਇਕ ਸਟੇਸ਼ਨ ਵੈਗਨ ਨੰਬਰ ਪੀ. ਯੂ. ਜ਼ੀ. 4155 ਕਲਾਨੌਰ ਤੋਂ ਗੁਰਦਾਸਪੁਰ ਨੂੰ ਆ ਰਹੀ ਸੀ। ਕਰੀਬ 3.30 ਸ਼ਾਮ ਉਹ ਜਦੋਂ ਪਿੰਡ ਸੰਗਤਪੁਰ ਕੋਲ, ਕਲਾਨੌਰ-ਗੁਰਦਾਸਪਰ ਸੜਕ ਤੇ ਪੁੱਜੀ ਤਾਂ ਡਰਾਈਵਰ ਦੀ ਲਾਪ੍ਰਵਾਹੀ ਤੇ ਤੇਜ਼ ਰਫ਼ਤਾਰੀ ਕਾਰਨ ਗੱਡੀ ਹਾਦਸੇ ਦਾ ਸ਼ਿਕਾਰ ਹੋਈ। ਗੱਡੀ ਦਾ ਡਰਾਈਵਰ ਸਟੇਰਿੰਗ ਨੂੰ ਛੱਡ ਕੇ ਆਪਣੇ ਦੋਨਾ ਹੱਥਾ ਵਿਚ ਖਾਣ ਵਾਲਾ ਤਮਾਕੂ ਮਲਣ ਲੱਗ ਪਿਆ, ਜਿਸ ਕਾਰਨ ਗੱਡੀ ਖਤਾਨਾਂ ਵਿਚ ਡਿੱਗ ਪਈ। ਇਸ ਹਾਦਸੇ ਵਿਚ 16 ਮੁਸਾਫਰ ਜ਼ਖਮੀ ਹੋਏ ਜਿਨ੍ਹਾਂ ਵਿਚੋਂ ਸ਼੍ਰੀਮਤੀ ਸੁਰਜੀਤ ਕੌਰ, ਪਤਨੀ ਸ਼੍ਰੀ ਮੋਹਨ ਸਿੰਘ ਜੱਟ ਵਾਸੀ ਬਖਸ਼ੀਵਾਲ ਅਤੇ ਹਜ਼ਾਰਾਂ ਸਿੰਘ, ਪੁੱਤਰ ਸ਼੍ਰੀ ਲਛਮਣ ਸਿੰਘ ਵਾਸੀ ਕਮਾਣਪੁਰ ਮੌਕੇ ਤੇ ਹੀ ਮਰ ਗਏ। ਸ਼੍ਰੀਮਤੀ ਪਰਤਾਪ ਕੌਰ, ਪਤਨੀ ਸ਼੍ਰੀ ਆਸਾ ਸਿੰਘ ਜੱਟ ਵਾਸੀ ਜੋਡੀਛਿੱਤਰਾ ਹਸਪਤਾਲ ਪੁੱਜ ਕੇ ਮਿਤੀ 3 ਜੁਲਾਈ, 1980 ਨੂੰ ਮਰ ਗਈ। ਜ਼ਖਮੀ ਹੋਣ ਵਾਲਿਆਂ ਵਿਚੋਂ ਸ਼੍ਰੀ ਬਚਨ ਲਾਲ ਪੁੱਤਰ ਸ਼੍ਰੀ ਤੁਲਸੀ ਰਾਮ ਰਾਮਦਾਸੀਆ ਵਾਸੀ ਕੋਟ ਮੋਹਨ ਲਾਲ ਅਤੇ ਕੁੰਦਨ ਸਿੰਘ ਪੁੱਤਰ ਸ਼੍ਰੀ ਚੰਨਣ ਸਿੰਘ ਵਾਸੀ ਪੁਖਾਰੀਵਾਲ ਅੰਮ੍ਰਿਤਸਰ ਹਸਪਤਾਲ ਵਿਚ ਦਾਖਲ ਹਨ। ਬਾਕੀ ਮਸਾਫਰਾਂ ਨੂੰ ਮਾਮੂਲੀ ਦੱਟਾ ਸਨ, ਜੋ ਉਨ੍ਹਾਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ ਫਾਰਗ ਕੀਤਾ ਗਿਆ।

(2) ਸ਼੍ਰੀ ਮਾਇਆ ਨਾਥ ਪੁੱਤਰ ਸ਼੍ਰੀ ਧੰਨਾ ਨਾਥ ਵਾਸੀ ਕੱਟੋਵਾਲ ਥਾਣਾ ਦੀਨਾਨਗਰ ਦੇ ਬਿਆਨ ਤੇ ਕੇਸ ਐਫ. ਆਈ. ਆਰ. ਨੰ.130, ਮਿਤੀ 2 ਜੁਲਾਈ 1980 ਅੱਧ 304 ਏ/279/337/338 ਹਿੰਦ ਡੰਡਾਵਲੀ ਥਾਣਾ ਕਲਾਨੌਰ ਵਿਰੁੱਧ ਪਰਮਜੀਤ ਸਿੰਘ ਪੁੱਤਰ ਸ਼੍ਰੀ ਬਲਕਾਰ ਸਿੰਘ ਡਰਾਈਵਰ ਸਟੇਸ਼ਨ ਵੈਗਨ ਕੀਤਾ ਗਿਆ। ਇਸ ਮੁਕੱਦਮੇ ਵਿਚ ਉਕਤ ਡਰਾਈਵਰ ਨੂੰ ਗ੍ਰਿਫਤਾਰ ਕੀਤਾ ਗਿਆ। ਅਦਾਲਤ ਵਿਚੋਂ ਮਿਤੀ 4 ਜਲਾਈ, 1980 ਨੂੰ ਜ਼ਮਾਨਤ ਤੇ ਰਿਹਾ ਹੋਇਆ। ਇਸ ਮੁਕੱਦਮੇ ਦਾ ਚਲਾਨ ਤਿਆਰ ਕੀਤਾ ਜਾ ਚੁੱਕਾ ਹੈ ਜੋ ਬਰਾਏ ਚੈਕਿੰਗ ਪ੍ਰਾਸੀਕਿਊਸ਼ਨ ਬਰਾਂਚ ਵਿਚ ਹੈ ਤੇ ਜਲਦੀ ਹੀ ਪੇਸ਼ ਅਦਾਲਤ ਕੀਤਾ ਜਾਵੇਗਾ।

(3) ਗੱਡੀਆਂ ਦੀ ਓਵਰ ਲੋਡਿੰਗ ਨੂੰ ਰੋਕਣ ਬਾਰੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਮਿਤੀ 1 ਜਨਵਰੀ, 1980 ਤੋਂ 30.6 1980 ਤੱਕ, 12,082 ਚਲਾਨ ਓਵਰ ਲੋਡਿੰਗ ਦੇ ਕੀਤੇ ਗਏ ਹਨ। ਜਦੋਂ ਕਿ ਪਿਛਲੇ ਸਾਲ ਇਸ ਸਮੇਂ ਦੌਰਾਨ 10,803 ਕੀਤੇ ਗਏ ਸਨ। ਰੋਡ ਸੇਫਟੀ ਲਈ ਆਵਾਜਾਈ ਵਿਭਾਗ ਵਲੋਂ ਖਤਰਨਾਕ ਡਰਾਈਵਿੰਗ, ਤੇਜ਼ ਰਫਤਾਰੀ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਅਤੇ ਡਿਪਰ ਦਾ ਇਸਤੇਮਾਲ ਨਾ ਕਰਨ ਵਿਰੁੱਧ ਖਾਸ ਧਿਆਨ ਦਿੱਤਾ ਜਾਂਦਾ ਹੈ। ਤੇਜ਼ ਰਫਤਾਰੀ ਨੂੰ ਚੈਕ ਕਰਨ ਲਈ "ਸਟਾਪ ਵਾਚਿਜ਼" ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸੇ ਸਬੰਧ ਵਿਚ "ਡਾਪਲਰ ਰਡਾਰ" ਖਰੀਦਣ ਦੀ ਵੀ ਤਜ਼ਵੀਜ਼ ਹੈ। ਸ਼ਰਾਬੀ ਡਰਾਈਵਰਾਂ ਨੂੰ ਚੈਕ ਕਰਨ ਵਾਸਤੇ "ਐਨਕੋਮੇਈਅਰਜ਼" ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਪਰੋਕਤ ਤਰੀਕੇ ਅਪਨਾਉਣ ਵਿਚ ਸੜਕੀ ਹਾਦਸੇ ਸਾਲ 1978 ਨਾਲੋਂ 1979 ਵਿਚ ਘੱਟ ਹੋਏ ਹਨ। ਸਾਲ 1978 ਵਿਚ 1,230 ਵੱਖ ਵੱਖ ਕਿਸਮ ਦੇ ਹਾਦਸੇ ਸਨ ਜਦੋਂ ਕਿ 1979 ਵਿਚ 1,139 ਸਨ।

(4) ਆਮ ਜਨਤਾ ਨੂੰ ਟਰੈਫਿਕ ਦੇ ਰੂਲਾਂ ਤੋਂ ਜਾਣੂ ਕਰਵਾਉਣ ਲਈ ਸਮੇਂ ਸਮੇਂ ਸਿਰ ਟੈਲੀਵੀਜ਼ਨ, ਰੇਡਿਓ ਅਤੇ ਪ੍ਰੈਸ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ। ਕਾਲਜਾਂ ਅਤੇ ਸਕੂਲਾਂ ਵਿਚ ਵੀ ਬੱਚਿਆਂ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਸ਼ਰਕਾਰ ਨੇ ਇਕ ਉਚ ਪੱਧਰ ਦਾ ਰੋਡ ਸੇਫਟੀ ਬੋਰਡ ਵੀ ਕਾਇਮ ਕੀਤਾ ਹੈ, ਜੋ ਸਮੇਂ ਸਮੇਂ ਸਿਰ ਰੋਡ ਸੇਫਟੀ ਦੀਆਂ ਸਮੱਸਿਆਵਾਂ ਤੇ ਵਿਚਾਰ ਕਰਦਾ ਹੈ ਤੇ ਉਨ੍ਹਾਂ ਦਾ ਹਲ ਲੱਭਦਾ ਹੈ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਟੈਕਸੀ ਲੋਡਿਡ ਸੀ। ਟੈਕਸੀ ਵਿਚ 6, 8 ਜਾਂ 10 ਤੋਂ ਵੱਧ ਸਵਾਰੀਆਂ ਲਈ ਪਰਮਿਟ ਨਹੀਂ ਹੋ ਸਕਦਾ। ਲੇਕਿਨ ਟੈਕਸੀ ਦੇ ਉਲਟਣ ਨਾਲ 25 ਬੰਦੇ ਜ਼ਖਮੀ ਹੋਏ। ਇਨ੍ਹਾਂ ਕੋਲ ਇਨਫਰਮੇਸ਼ਨ ਪਹਿਲਾਂ ਆ ਗਈ ਹੈ। ਇਹ ਇਕ ਫੈਕਟ ਹੈ ਕਿ

Original with;
Punjab Vidhan Sabha
Digitized by;
Panjab Digital Library

ਸਾਰੇ ਪੰਜਾਬ ਵਿਚ ਬੱਸਾਂ, ਟੈਕਸੀਆਂ ਅਤੇ ਟੈਂਪੂਆਂ ਦੀ ਐਕਸਟਰੀਮ ਓਵਰ ਲੋਡਿੰਗ ਹੈ। ਪੁਲਿਸ ਵਾਲਿਆਂ ਨੇ ਆਪਣੇ ਮਹੀਨੇ ਬੱਝੇ ਹੋਏ ਹਨ, ਸਾਰੇ ਰਲੇ ਹੋਏ ਹਨ ਫਰਾਮ ਟਾਪ ਟੂ ਬਾਟਮ। ਉਹ ਲੱਖਾਂ ਰੁਪਏ ਦੀ ਚੋਰੀ ਕਰਦੇ ਹਨ। ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਜਿਹੜਾ ਡਰਾਈਵਰ ਹੈ, ਉਸ ਦਾ ਚਲਾਨ ਹੋ ਗਿਆ ਹੈ ਕਿਉਂਕਿ ਉਹ ਤਮਾਕੂ ਖਾਂਦਾ ਸੀ। ਪਰ ਉਸ ਮਾਲਕ ਦਾ ਕੀ ਕੀਤਾ ਜਿਸ ਨੇ ਟੈਕਸ ਦੀ ਇਵੇਜ਼ਨ ਕੀਤੀ ਹੈ ? ਕੀ ਉਸ ਦੇ ਖਿਲਾਫ ਇਸ ਕਰਕੇ ਕਾਰਵਾਈ ਨਹੀਂ ਕੀਤੀ ਕਿਉਂਕਿ ਉਨ੍ਹਾਂ ਨਾਲ ਮਹੀਨੇ ਬੱਝੇ ਹੋਏ ਹਨ। ਉਹ ਟਰੈਫਿਕ ਦੀ ਪੁਲਿਸ ਨੂੰ ਅਤੇ ਹੋਰ ਅਫਸਰਾਂ ਨੂੰ ਨਜ਼ਰਾਨੇ ਦਿੰਦੇ ਹਨ ਇਸ ਕਰਕੇ ਉਸ ਦੇ ਖਿਲਾਫ ਉਹ ਕੁੱਝ ਕਰਨ ਨੂੰ ਤਿਆਰ ਨਹੀਂ।

ਮੁੱਖ ਮੰਤਰੀ : ਇਹ ਗੱਲ ਨਹੀਂ ਹੈ। ਜਿਹੜਾ ਡਰਾਈਵਰ ਉਸ ਗੱਡੀ ਨੂੰ ਚਲਾਉਂਦਾ ਸੀ ਉਸ ਡਰਾਈਵਰ ਦਾ ਚਲਾਨ ਹੋਣਾ ਸੀ। ਗੱਡੀ ਦਾ ਮਾਲਕ ਕੋਈ ਹੋਰ ਹੋ ਸਕਦਾ ਹੈ ਚਲਾਣ ਵਾਲਾ ਕੋਈ ਹੋਰ । ਐਬਸੈਂਟੀ ਦਾ ਚਲਾਨ ਨਹੀਂ ਹੋ ਸਕਦਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜਿਥੋਂ ਤਕ ਡਰਾਈਵਰ ਦੀ ਗਲਤੀ ਹੈ, ਐਕਸੀਡੈਂਟ ਕਰਨ ਲਈ ਉਸ ਦਾ ਚਲਾਨ ਹੋ ਗਿਆ, ਇਹ ਗੱਲ ਸਾਬਤ ਹੋ ਗਈ ਹੈ। ਜਿਹੜੇ ਉਸ ਟੈਕਸੀ ਵਿਚ ਪਰਮਿਟ ਤੋਂ ਵੱਧ ਬੰਦੇ ਸੀ, ਉਸ ਦਾ ਮਤਲਬ ਹੈ ਕਿ ਮਾਲਕ ਨੇ ਉਨ੍ਹਾਂ ਦਾ ਕੋਈ ਟੈਕਸ ਨਹੀਂ ਦਿੱਤਾ।

ਮੁੱਖ ਮੰਤਰੀ : ਗੱਲ ਇਹ ਹੈ ਕਿ ਡਰਾਈਵਰ ਜਿਹੜਾ ਹੈ, ਉਹ ਡਰਾਈਵਿੰਗ ਕਰਦਾ ਹੈ ਉਸ ਦਾ ਚਲਾਨ ਕੀਤਾ ਹੈ ਅਤੇ ਮੋਟਰ ਦਾ ਵੀ ਚਲਾਨ ਕੀਤਾ ਹੈ। ਮਾਲਕ ਕਿਸ ਹੋਰ ਥਾਂ ਬੈਠਾ ਹੈ ਉਸ ਨੇ ਕਦੇ ਨਹੀਂ ਕਿਹਾ ਡਰਾਈਵਰ ਨੂੰ ਕਿ ਉਹ ਓਵਰ ਲੋਡਿੰਗ ਕਰੇ, ਜਿਸ ਦਾ ਉਹ ਸ਼ੇਅਰਹੋਲਡਰ ਹੈ। ਇਸ ਵਿਚ ਸਾਰੀ ਗਲਤੀ ਡਰਾਈਵਰ ਦੀ ਸੀ, ਜਿਸ ਨੇ ਇਤਨੀ ਓਵਰਲੋਡਿੰਗ ਕੀਤੀ ਹੈ ।

ਸਰਦਾਰ ਸੁਖਜਿੰਦਰ ਸਿੰਘ ਖੇਰਾ : ਸਰ, ਕਈ ਦਿਨ ਹੋਏ ਮੈਂ ਇਕ ਸ਼ਾਰਟ ਨੋਟਿਸ ਕੁਐਸਚਨ ਦਿਤਾ ਸੀ। ਹਾਊਸ ਦਾ ਡਿਊਰੇਸ਼ਨ ਥੋਹੜਾ ਹੈ ਔਰ ਉਸ ਦਾ ਜਵਾਬ ਨਹੀਂ ਦਿੱਤਾ ਗਿਆ। ਕੱਲ੍ਹ ਦਾ ਦਿਨ ਹਾਊਸ ਦਾ ਰਹਿ ਗਿਆ ਹੈ, ਮੈਂ ਅਸ਼ਿਓਰੈਂਸ ਲੈਣੀ ਚਾਹੁੰਦਾ ਹਾਂ ਕਿ ਮੇਰੇ ਨੋਟਿਸ ਦਾ ਜਵਾਬ ਕੱਲ੍ਹ ਆ ਜਾਏਗਾ।

ਸ਼੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਮੈਂ ਤੁਹਾਨੂੰ ਸਾਰੀ ਗੱਲ ਦੱਸ ਦਿਆਂਗਾ।

RESUMPTION OF GENERAL DISCUSSION ON THE BUDGET ESTIMATES FOR THE YEAR, 1980-81

Mr. Speaker : Now the House will resume discussion on the Budget Estimates for the year 1980-81. Shri Bhagwan Dass, M.L.A., who was on his legs when the House adjourned on the 14th July, 1980, may resume his speech.

(ਇਸ ਸਮੇਂ ਕਈ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ, ਪਰ ਸ਼ੋਰ ਜ਼ਿਆਦਾ ਹੋਣ ਕਰਕੇ ਸਾਡ ਤੌਰ ਤੇ ਕੁੱਝ ਨਹੀਂ ਸੁਣਾਈ ਦੇ ਰਿਹਾ ਸੀ।)

ਸ਼੍ਰੀ ਭਗਵਾਨ ਦਾਸ (ਕੋਟ ਕਪੂਰਾ) : ਸਪੀਕਰ ਸਾਹਿਬ, ਸਾਡੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਬੜਾ ਸ਼ਾਨਦਾਰ, ਸੁਲਝਿਆ ਹੋਇਆ ਅਤੇ ਸੌਖਾ ਬਜਟ ਪੇਸ਼ ਕੀਤਾ ਹੈ। ਅਕਾਲੀਆਂ ਵਾਂਗ ਉਲਝਿਆ ਹੋਇਆ ਬਜਟ ਪੇਸ਼ ਨਹੀਂ ਕੀਤਾ। ਇਹ ਬਜਟ ਐਸਾ ਨਹੀਂ ਕਿ ਜਿਹੜਾ ਕੋਈ ਸਮਝ ਹੀ ਨਾ ਸਕੇ । ਸਾਡੇ ਇਸ ਬਜਟ ਵਿਚ ਹਰ ਪੁਆਇੰਟ ਨੂੰ ਟੱਚ ਕੀਤਾ ਗਿਆ ਹੈ। ਚਾਹੇ ਕੋਈ ਹਰੀਜਨ ਹੈ, ਗਰੀਬ ਹੈ, ਛੋਟਾ ਦੁਕਾਨਦਾਰ ਜਿਹੜਾ ਪਿੰਡ ਵਿਚ ਬੈਠਾ ਹੈ ਜਾਂ ਉਹ ਛੋਟਾ ਦੁਕਾਨਦਾਰ ਜਿਹੜਾ ਸ਼ਹਿਰ ਵਿਚ ਬੈਠਾ ਹੈ, ਉਸ ਦੀ ਪੂਰੀ ਦੇਖਭਾਲ ਕੀਤੀ ਹੋਈ ਹੈ ਔਰ ਇਹ ਬਜਟ ਉਨ੍ਹਾਂ ਦੀ ਅਗਵਾਈ ਕਰਦਾ ਹੈ। ਡਾਕਟਰ ਸਾਹਿਬ ਜੋ ਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਭਗਵਾਨ ਦਾਸ]

ਇਕ ਵਰਕਰ ਤੋਂ ਉਠ ਕੇ ਇਸ ਪਦਵੀ ਤਕ ਪਹੁੰਚੇ ਹਨ ਉਨ੍ਹਾਂ ਵਲੋਂ ਐਨਾ ਸ਼ਾਨਦਾਰ ਬਜਟ ਪੇਸ਼ ਕਰਨ ਤੇ ਉਨ੍ਹਾਂ ਨੂੰ ਮੈਂ ਵਧਾਈ ਦਿੰਦਾ ਹਾਂ ਅਤੇ ਨਾਲ ਦੀ ਨਾਲ ਮੈਂ ਸਰਦਾਰ ਦਰਬਾਰਾ ਸਿੰਘ, ਆਪਣੇ ਮੁੱਖ ਮੰਤਰੀ, ਨੂੰ ਵਧਾਈ ਦਿੱਤੇ ਬਗੈਰ ਨਹੀਂ ਰਹਿ ਸਕਦਾ, ਜਿਨ੍ਹਾਂ ਦੀ ਅਗਵਾਈ ਵਿਚ ਇਹ ਬਜਟ ਲਿਆਂਦਾ ਗਿਆ ਹੈ।

ਕੁੱਲ ਸਰਦਾਰ ਬਲਵੰਤ ਸਿੰਘ ਜੀ ਜਿਹੜੇ ਕਿ ਸਾਬਕਾ ਵਿੱਤ ਮੰਤਰੀ ਭੀ ਰਹਿ ਚੁੱਕੇ ਹਨ, ਉਨ੍ਹਾਂ ਨੇ ਬੜੇ ਸ਼ਾਨਦਾਰ ਔਰ ਡਰਾਮੇਟਿਕ ਵੇਅ ਨਾਲ ਅਤੇ ਗਲਤ ਫਿਗਰਜ਼ ਦਾ ਸਹਾਰਾ ਲੈ ਕੇ ਨਾਟਕੀਆ ਢੰਗ ਨਾਲ ਨੁਕਤਾ-ਚੀਨੀ ਕੀਤੀ ਹੈ। ਲੋਕਾਂ ਨੇ ਇਹ ਨਤੀਜਾ ਲਿਆ ਹੈ ਕਿ ਸਰਦਾਰ ਬਲਵੰਤ ਸਿੰਘ ਇਕ ਸ਼ਾਨਦਾਰ ਐਕਟਰ ਹਨ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਇਹ ਝੂਠ ਲਫਜ਼ ਗੈਰ-ਪਾਰਲੀਮੈਂਟਰੀ ਹੈ। (ਵਿਘਨ)

ਸ਼੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਇਹ ਲੋਕ ਸਾਡੇ ਬਜਟ ਤੇ ਨੁਕਤਾ ਚੀਨੀ ਕਰਦੇ ਹਨ ਜਦੋਂ ਕਿ ਇਹ ਬਜਟ ਬੜਾ ਸ਼ਾਨਦਾਰ ਔਰ ਗਰੀਬਾਂ ਦੇ ਹੱਕਾਂ ਦੀ ਰਖਵਾਲੀ ਕਰਦਾ ਹੈ।

ਇਨ੍ਹਾਂ ਠੋ ਬਜਟ ਵਿਚ ਬੜੇ ਬੜੇ ਝੂਠੇ ਲਾਰੇ ਲਾਏ ਸੀ ਪਰ ਲੈਣ ਦੇਣ ਨੂੰ ਕੁੱਝ ਨਹੀਂ ਹੁੰਦਾ ਸੀ। ਇਨ੍ਹਾਂ ਦਾ ਬਜਟ ਹੀ ਬੜਾ ਬੇ-ਬੁਨਿਆਦ ਬਜਟ ਹੁੰਦਾ ਸੀ।

ਉਨ੍ਹਾਂ ਨੇ ਸਾਡੇ 25-ਨੁਕਾਤੀ ਪ੍ਰੋਗਰਾਮ ਨੂੰ ਵੀ ਛੇੜਿਆ । (ਵਿਘਨ) ਇਨ੍ਹਾਂ ਨੂੰ ਉਸ ਪ੍ਰੋਗਰਾਮ ਨਾਲ ਕੀ ਪਿਆਰ ਹੋ ਗਿਆ ਜਦੋਂ ਕਿ ਇਹ ਇਸ ਪ੍ਰੋਗਰਾਮ ਦੀ ਹਮੇਸ਼ਾਂ ਵਿਰੋਧਤਾ ਕਰਦੇ ਰਹੇ ਹਨ। ਇਹ ਕਦੇ ਫਿਨਾਂਸ਼ੀਅਲ ਅਟਾਨੋਮੀ ਦੀ ਗੱਲ ਕਰਦੇ ਸੀ ਤੇ ਕਦੇ Decentralization ਦੀਆਂ ਗੱਲਾਂ ਕਰਦੇ ਸਨ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ 12 ਨੰਬਰ ਐਡਜਰਨਮੈਂਟ ਮੋਸ਼ਨ ਦਿੱਤੀ ਸੀ 10, 11 ਜੁਲਾਈ ਨੂੰ (ਵਿਘਨ) ਪੁਲਿਸ ਨੇ ਮੰਦਰ ਵਿਚ ਐਂਟਰੀ ਕੀਤੀ ਅਤੇ ਮੰਦਰ ਦੀ ਬੇਹੁਰਮਤੀ ਹੋਈ। (ਵਿਘਨ) ਤੁਸੀਂ ਉਸ ਨੂੰ ਐਡਮਿਟ ਨਹੀਂ ਕੀਤਾ। ਤੁਸੀਂ ਉਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਬਦਲ ਸਕਦੇ ਹੋ, ਉਹ ਬੜਾ ਇੰਪਾਰਟੈਂਟ ਮਸਲਾ ਹੈ। (ਵਿਘਨ)

ਸ਼੍ਰੀ ਸਪੀਕਰ : ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਹੋ ਸਕਦੀ (ਵਿਘਨ)

ਸ਼੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਅਕਾਲੀ ਵੀਰਾਂ ਨੇ ਆਪਣੇ ਬਜਟ ਵਿਚ ਬੜੇ ਬੜੇ ਤਖਮੀਨੇ ਚੱਖੇ, ਪਰ ਉਨ੍ਹਾਂ ਤਖਮੀਨਿਆਂ ਦੀ ਇੰਪਲੀਮੈਂਟੇਸ਼ਨ ਕੋਈ ਨਹੀਂ ਹੋਈ। ਸਾਡੀ ਸਰਕਾਰ ਵਚਨਬੱਧ ਹੈ ਅਤੇ ਕਥਨੀ ਔਰ ਕਰਨੀ ਵਿਚ ਵਿਸ਼ਵਾਸ ਰੱਖਦੀ ਹੈ । ਜੋ ਕੁਝ ਕਹਿਣਾ ਹੈ, ਉਸ ਨੂੰ ਕਰਕੇ ਵਿਖਾਉਣਾ ਹੈ। ਸਪੀਕਰ ਸਾਹਿਬ, ਇਨ੍ਹਾਂ ਮੇਰੇ ਵੀਰਾਂ ਨੂੰ ਵੇਹਲ ਹੀ ਨਹੀਂ ਸੀ ਲੱਗੀ ਲੋਕਾਂ ਨਾਲ ਜਿਹੜੇ ਵਾਇਦੇ ਕੀਤੇ ਸੀ ਉਨ੍ਹਾਂ ਨੂੰ ਪੂਰਾ ਕਰਨ ਦੀ। ਇਹ ਪੰਜਾਬ ਨੂੰ ਬਰਬਾਦ ਕਰਨ ਵਲ ਲੱਗੇ ਰਹੇ। (ਵਿਘਨ) ਮੈਂ ਕਹੇ ਬਗੈਰ ਨਹੀਂ ਰਹਿ ਸਕਦਾ ਮੇਰੇ ਆਨਰੇਬਲ ਮੈਂਬਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਬੈਠੇ ਹਨ, ਸਰਦਾਰ ਗੁਰਚਰਨ ਸਿੰਘ ਟੌਹੜਾ ਨੇ ਰੈਜ਼ੋਲਿਊਸ਼ਨ ਪੇਸ਼ ਕੀਤਾ ਸੀ ਕਿ ਸਿਖ ਇਕ ਵਖਰੀ ਕੌਮ ਹੈ ਅਤੇ ਸਾਨੂੰ ਜਦੋਂ ਤਕ ਵਖਰੀ ਸਟੇਟ ਨਹੀਂ ਦਿਤੀ ਜਾਂਦੀ ਇਹ ਕੌਮ ਤਰੱਕੀ ਨਹੀਂ ਕਰ ਸਕਦੀ। ਇਕ ਪਾਸੇ ਇਹ ਕਹਿੰਦੇ ਹਨ ਕਿ ਸਾਡੀ ਸਿੱਖ ਕੌਮ ਸੈਕੂਲਰ ਹੈ। (ਵਿਘਨ) ਦੂਜੇ ਪਾਸੇ ਇਹ ਪੰਜਾਬ ਨੂੰ Communal ਬਣਾਉਣਾ ਚਾਹੁੰਦੇ ਹਨ। ਇਹ ਲੋਕਾਂ ਕੋਲ ਜਾਂਦੇ ਹਨ ਤੇ ਕਹਿੰਦੇ ਹਨ ਕਿ ਤੁਹਾਡੇ ਸੇਵਕ ਹਾਂ ਅਸੀਂ ਤੁਹਾਡੀਆਂ ਤਕਲੀਫਾਂ ਦੂਰ ਕਰਾਂਗੇ। ਦੂਜੇ ਪਾਸੇ ਇਹ ਸਿੱਖ ਸਟੇਟ ਦੀਆਂ ਗੱਲਾਂ ਕਰਦੇ ਹਨ। (ਵਿਘਨ) ਇਹ ਕਿਸ ਤਰ੍ਹਾਂ ਲੋਕਾਂ ਕੋਲ ਸੱਚੇ ਹੋ ਸਕਦੇ ਹਨ। ਮੈਂ ਆਨਰੇਬਲ ਮੈਂਬਰ, ਆਪੋਜ਼ੀਸ਼ਨ ਦੇ ਲੀਡਰ ਨੂੰ ਬੇਨਤੀ ਕਰਾਂਗਾ ਕਿ ਅਸੀਂ ਜੋ ਲੋਕਾਂ ਨੂੰ ਵਿਸ਼ਵਾਸ ਦੇ ਕੇ ਆਏ ਹਾਂ ਆਓ ਰਲ ਕੇ ਪੰਜਾਬ ਦੀ ਬਹਿਬੂਦੀ ਵੱਲ ਚੱਲੀਏ। ਐਸੇ ਗਲਤ ਫੈਸਲੇ ਨਾ ਕਰੀਏ, ਜਿਸ ਦੇ ਨਾਲ ਪੰਜਾਬ ਦਾ ਨੁਕਸਾਨ ਹੋਵੇ। ਸਪੀਕਰ ਸਾਹਿਬ, ਇਨ੍ਹਾਂ ਦਾ ਤਾਂ ਅੰਦਾਜ਼ ਹੀ

Original with;
Punjab Vidhan Sabha
Digitized by;
Panjab Digital Library

ਲਿਖਾਲਾ ਹੈ,—

"ਖੁਦ ਹੀ ਬਣੇ ਮੁਦੱਈ, ਖੁਦ ਹੀ ਮੁਦਇਲਾ,
ਜੱਜ ਬਣ ਕਰਕੇ ਖੁਦ ਫੈਸਲਾ ਕਰ ਦੀਆ"

ਸਾਨੂੰ ਉਹ ਵਾਇਦੇ ਯਾਦ ਰੱਖਣੇ ਚਾਹੀਦੇ ਹਨ। ਪਾਵਰ ਦੇ ਨਸ਼ੇ ਵਿਚ ਸਾਨੂੰ ਉਹ ਭੁੱਲਣੇ ਨਹੀਂ ਚਾਹੀਦੇ ਅਤੇ ਇਥੇ ਹੋਰ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

(ਇਸ ਸਮੇਂ ਸਰਦਾਰ ਬਲਦੇਵ ਸਿੰਘ ਮਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਉਨ੍ਹਾਂ ਨੂੰ ਅਲਾਓ ਨਹੀਂ ਕੀਤਾ)

ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਇਲੈਕਸ਼ਨ ਮੈਨੀਫੈਸਟੋ ਵਿਚ ਕਿਹਾ ਸੀ ਕਿ ਅਸੀਂ ਵਪਾਰੀਆਂ ਤੇ ਸੇਲਜ਼ ਟੈਕਸ ਨੂੰ ਹਟਾਵਾਂਗੇ, ਬੇਸਹਾਰਿਆਂ ਨੂੰ ਪੈਨਸ਼ਨਾਂ ਦੇਵਾਂਗੇ। ਪਰ ਉਹ ਸਾਰੀਆਂ ਚੀਜ਼ਾਂ ਸਿਰਫ ਕਾਗਜ਼ਾਂ ਵਿਚ ਰਹੀਆਂ।

10.41 ਸਵੇਰ | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਮੈਂ, ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਜੇ ਇਨ੍ਹਾਂ ਨੇ ਕੋਈ ਭੀ ਗੱਲ ਜਨਤਾ ਦੇ ਭਲੇ ਦੀ ਕੀਤੀ ਹੋਵੇ। ਸਾਡੀ ਸਰਕਾਰ ਵੇਲੇ ਵਪਾਰੀਆਂ ਦੇ ਵੱਟੇ ਤਿੰਨ ਸਾਲਾਂ ਬਾਅਦ ਚੈੱਕ ਹੁੰਦੇ ਸਨ। ਪਰ ਇਨ੍ਹਾਂ ਦੀ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਵੇਲੇ ਇਹ ਹਰ ਸਾਲ ਚੈੱਕ ਕਰਾਉਣੇ ਸ਼ੁਰੂ ਕਰਵਾ ਦਿੱਤੇ। ਸਾਡੇ ਉਤੇ ਇਸ ਤਰ੍ਹਾਂ ਇਨਸਪੈਕਟਰੀ ਰਾਜ ਦਾ ਬੋਝ ਪਾਇਆ। 3, 3 ਸੌ ਰੁਪਏ ਹਰ ਸਾਲ ਦੇ ਕੇ ਵੱਟਿਆਂ ਤੇ ਮੋਹਰਾਂ ਲਗਦੀਆਂ ਹਨ। ਇਨ੍ਹਾਂ ਨੇ ਬੈਠਦਿਆਂ ਸਾਰ ਹੀ ਸ਼ਾਨਦਾਰ ਇਨਾਮ ਦਿੱਤਾ। ਇਨ੍ਹਾਂ ਨੇ ਕਿਸ ਤਰ੍ਹਾਂ ਵਪਾਰੀਆਂ ਦੇ ਖਿਲਾਫ ਫੈਸਲਾ ਕੀਤਾ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਫੈਸਲਾ ਬਦਲਣਾ ਚਾਹੀਦਾ ਹੈ ਅਤੇ ਮੁੜ ਕੇ ਤਿੰਨ ਸਾਲਾਂ ਦੇ ਬਾਅਦ ਹੀ ਵੱਟਿਆਂ ਦੀ ਚੈਕਿੰਗ ਹੋਣੀ ਚਾਹੀਦੀ ਹੈ। ਇਹ Checking ਦੀ ਤਾਕਤ ਲੋਕਲ ਮਾਰਕਿਟ ਕਮੇਟੀਆਂ ਨੂੰ ਦਿੱਤੀ ਜਾਵੇ ਤਾਂਕਿ ਦੁਕਾਨਦਾਰ ਨੂੰ ਪ੍ਰੇਸ਼ਾਨ ਨਾ ਹੋਣਾ ਪਵੇ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਰੌਲਾ ਪਾਇਆ ਪੰਚਾਇਤਾਂ ਨੂੰ ਅਸੀਂ ਬੜੀਆਂ ਪਾਵਰਜ਼ ਦਿੱਤੀਆਂ। ਵੇਖੋ ਇਨ੍ਹਾਂ ਦੀ ਸਰਕਾਰ ਵੇਲੇ ਸਰਪੰਚਾਂ ਕੋਲ ਕੀ ਪਾਵਰਜ਼ ਸਨ ? ਉਹ ਪਿੰਡ ਦਾ ਰਾਸ਼ਨ ਕਾਰਡ ਨਹੀਂ ਬਣਾ ਸਕਦੇ, ਉਸ ਦੇ ਵਿਚ ਕਿਸੇ ਜੀਅ ਦਾ ਵਾਧਾ ਨਹੀਂ ਕਰ ਸਕਦੇ। ਇਸ ਤਰ੍ਹਾਂ ਇਨ੍ਹਾਂ ਨੇ ਪਿੰਡਾਂ ਦੇ ਲੋਕਾਂ ਦੇ ਹਿੱਤਾਂ ਦਾ ਖਿਆਲ ਰਖਿਆ ਹੈ। ਸਾਡੀ ਸਰਕਾਰ ਵੇਲੇ ਸਰਪੰਚ ਨੂੰ ਇਹ ਸਾਰੇ ਅਧਿਕਾਰ ਸਨ। ਅੱਜ ਰਾਸ਼ਨ ਕਾਰਡ ਬਣਾਉਣ ਲਈ, ਮੇਰੀਆਂ ਭੈਣਾਂ ਅਤੇ ਮਾਵਾਂ ਨੂੰ ਸਿਵਲ ਸਪਲਾਈਜ਼ ਦੇ ਦਫਤਰ ਜਾਣਾ ਪੈਂਦਾ ਹੈ। ਵੇਖੋ, ਇਹ ਆਪਣੇ ਆਪ ਨੂੰ ਜ਼ਿਮੀਂਦਾਰਾਂ, ਪਿੰਡਾਂ ਦੇ ਲੋਕਾਂ ਅਤੇ ਗਰੀਬਾਂ ਦੇ ਹਮਦਰਦ ਕਹਿੰਦੇ ਹਨ। ਇਹ ਇਨ੍ਹਾਂ ਦੀ ਪੰਚਾਇਤਾਂ ਨੂੰ ਦੇਣ ਹੈ।

ਡਿਪਟੀ ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਲਾਰਾ ਲਾਇਆ ਕਿ ਜਿਹੜੀ ਪੰਚਾਇਤ ਸਰਬਸੰਮਤੀ ਨਾਲ ਚੁਣ ਕੇ ਆਏਗੀ, ਉਸ ਨੂੰ 5000 ਰੁਪਏ ਸਰਕਾਰ ਦੇਵੇਗੀ ਅਜੇ ਜਿਥੇ ਸਰਬਸੰਮਤੀ ਨਾਲ ਹਰੀਜਨ ਸਰਪੰਚ ਬਣੇਗਾ ਉਥੇ 7,000 ਰੁਪਏ ਸਰਕਾਰ ਦੇਵੇਗੀ। ਇਨ੍ਹਾਂ ਨੇ ਕਿਤਨਾ ਵੱਡਾ ਡਰਾਮਾ ਕਰਕੇ ਫਿਰ ਇਸ ਫੈਸਲੇ ਨੂੰ ਬਦਲਿਆ। ਇਨ੍ਹਾਂ ਨੇ ਵੇਖਿਆ ਕਿ ਪੰਚਾਇਤਾਂ ਤੇ ਤਾਂ ਕਾਂਗਰਸੀਆਂ ਦਾ ਗਲਬਾ ਆ ਗਿਆ ਹੈ। ਇਸ ਲਈ ਇਨ੍ਹਾਂ ਨੇ ਆਪਣੇ ਚਹੇਤਿਆਂ ਦੀ ਇਕ ਕਮੇਟੀ ਬਣਾ ਲਈ, ਜਿਸ ਦਾ ਨਾਮ ਮਹਿਲਾ ਮੰਡਲ ਰਖਿਆ, ਜਿਸ ਨੇ ਕਿ ਕਿਸਾਨਾਂ ਦੀ ਖੂਨ ਪਸੀਨੇ ਦੀ ਕਮਾਈ ਨੂੰ ਲੁੱਟਿਆ। ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਇਹ ਇਥੇ ਐਮਰਜੰਸੀ ਦਾ ਬੜਾ ਰੌਲਾ ਪਾਉਂਦੇ ਹਨ। ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਿਹੜੇ ਚੀਫ ਮਨਿਸਟਰ ਭੀ ਰਹੇ ਹਨ, ਇਥੇ ਹਾਊਸ ਵਿਚ ਬੈਠੇ ਹਨ। ਮੈਂ ਤੁਹਾਨੂੰ ਇਕ ਆਪਣੀ ਨਿੱਜੀ ਗੱਲ ਦੱਸਦਾ ਹਾਂ। 1969 ਵਿਚ ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਸਨ। ਉਸ ਵੇਲੇ ਮੇਰੇ ਤੇ, ਮੇਰੇ ਮੁੰਡੇ ਤੇ ਅਤੇ ਮੇਰੇ 9 ਹਮਾਇਤੀਆਂ ਅਤੇ ਰਿਸ਼ਤੇਦਾਰਾਂ ਤੇ 307 ਦਾ ਕੇਸ ਬਣਾ ਦਿੱਤਾ ਗਿਆ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਭਗਵਾਨ ਦਾਸ]

ਪਹਿਲਾਂ ਤਾਂ ਮੈਂ ਬੜੀ ਮੁਸ਼ਕਿਲ ਨਾਲ ਜ਼ਮਾਨਤ ਕਰਾਈ। ਫਿਰ ਮੈਂ ਸਰਦਾਰ ਆਤਮਾ ਸਿੰਘ ਕੋਲ ਪੇਸ਼ ਹੋਇਆ। ਮੈਂ ਇਨ੍ਹਾਂ ਨੂੰ ਦਸਿਆ ਕਿ ਮੈਨੂੰ ਤਾਂ ਕਿਸੇ ਗੱਲ ਦਾ ਪਤਾ ਵੀ ਨਹੀਂ, ਥਰ ਪਤਾ ਨਹੀਂ ਕਿਸ ਤਰ੍ਹਾਂ ਮੇਰੇ ਅਤੇ ਮੇਰੇ ਰਿਸ਼ਤੇਦਾਰਾਂ ਤੇ ਇਹ ਕੇਸ ਬਣਾ ਦਿੱਤਾ ਗਿਆ ਹੈ। ਸਰਦਾਰ ਆਤਮਾ ਸਿੰਘ ਨੇ ਉਸ ਵੇਲੇ ਮੈਨੂੰ ਬੜਾ ਸ਼ਾਨਦਾਰ ਜਵਾਬ ਦਿੱਤਾ। ਇਹ ਕਹਿਣ ਲੱਗੇ ਕਿ ਭਗਵਾਨ ਦਾਸ ਮੈਂ ਮਜਬੂਰ ਹਾਂ, ਇਹ ਪਾਰਟੀ ਦਾ ਮਾਮਲਾ ਹੈ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਸਰਦਾਰ ਭਗਤ ਸਿੰਘ ਵੀ ਉਸ ਵੇਲੇ ਮਨਿਸਟਰ ਸਨ। ਮੈਂ ਇਨ੍ਹਾਂ ਕੋਲ ਗਿਆ ਅਤੇ ਕਿਹਾ ਕਿ ਜੇ ਮੇਰਾ ਕੋਈ ਕਸੂਰ ਹੋਵੇ, ਜਾਂ ਮੈਂ ਕਿਸੇ ਨੂੰ ਉਕਸਾਇਆ ਹੋਵੇ ਤਾਂ ਤੇ ਕੋਈ ਗੱਲ ਹੈ। ਮੈਂ ਸਹੁ ਚੁੱਕਣ ਲਈ ਤਿਆਰ ਹਾਂ। ਲੇਕਿਨ ਇਸ ਤਰ੍ਹਾਂ ਜ਼ੁਲਮ ਨਹੀਂ ਹੋਣਾ ਚਾਹੀਦਾ। ਇਨ੍ਹਾਂ ਨੇ ਕਿਹਾ ਕਿ ਜੇ ਮੈਨੂੰ ਕੋਈ ਪੁੱਛੇਗਾ ਤਾਂ ਮੈਂ ਜ਼ਰੂਰ ਕਹਿ ਦੇਵਾਂਗਾ ਕਿ ਤੁਹਾਡਾ ਕੋਈ ਕਸੂਰ ਨਹੀਂ। ਮੈਨੂੰ ਇਨ੍ਹਾਂ ਨੇ ਕੋਈ ਲਾਰਾ ਨਹੀਂ ਸੀ ਲਾਇਆ।

ਸਰਦਾਰ ਆਤਮਾ ਸਿੰਘ: ਮੈਂਬਰ ਸਾਹਿਬ ਨੇ, ਡਿਪਟੀ ਸਪੀਕਰ ਸਾਹਿਬ, ਗਲਤ ਗੱਲ ਕੀਤੀ ਹੈ।

ਸ਼੍ਰੀ ਭਗਵਾਨ ਦਾਸ: ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਸਰਦਾਰ ਗੁਰਨਾਮ ਸਿੰਘ ਨੂੰ ਮਿਲਿਆ। ਉਨ੍ਹਾਂ ਨੂੰ ਮੈਂ ਬੇਨਤੀ ਕੀਤੀ। ਪਹਿਲਾਂ ਉਹ ਹਿਚ ਕਚਾਏ ਪਰ ਫੇਰ ਕਹਿਣ ਲੱਗੇ ਕਿ ਇਸ ਕੇਸ ਦੀ ਇਨਕੁਆਇਰੀ ਕਰਾ ਦਿੰਦੇ ਹਾਂ। ਮੈਂ ਖੁਸ਼ ਹੋ ਗਿਆ। ਮੈਂ ਆਪਣੇ ਘਰ ਚਲਾ ਗਿਆ। ਐਤਵਾਰ ਦਾ ਦਿਨ ਸੀ। ਇੱਕ ਇਨਸਪੈਕਟਰ ਅਤੇ ਐਸ. ਐਚ ਓ. ਮੇਰੇ ਘਰ ਆ ਗਏ ਅਤੇ ਕਹਿਣ ਲੱਗੇ ਕਿ ਇਨਕੁਆਇਰੀ ਕਰਨ ਆਏ ਹਾਂ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਦੱਸੋ ਕਿਥੇ ਤੁਹਾਡੇ ਨਾਲ ਚਲਾਂ। ਉਹ ਕਹਿਣ ਲਗੇ ਕਿ ਇਨਕੁਆਇਰੀ ਕਰ ਲਈ, ਤੁਹਾਡਾ ਅਤੇ ਤੁਹਾਡੇ ਰਿਸ਼ਤੇਦਾਰਾਂ ਦਾ ਕੋਈ ਕਸੂਰ ਨਹੀਂ। ਲੇਕਿਨ ਅਸੀਂ ਲਾਚਾਰ ਹਾਂ ਸਾਨੂੰ ਉਪਰੋਂ ਹੁਕਮ ਆਇਆ ਹੈ ਕਿ ਇਸ ਤਰ੍ਹਾਂ ਲਿਖਣਾ ਹੈ।

'ਆਹ ਭੀ ਭਰਤੇ ਹੈਂ, ਹੋ ਜਾਤੇ ਹੈਂ ਬਦਨਾਮ,
ਤੁਮ ਕਤਲ ਭੀ ਕਰਤੇ ਹੋ, ਚਰਚਾ ਨਹੀਂ ਹੋਤਾ।'

ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਨੇ 30 ਮਹੀਨਿਆਂ ਵਿਚ ਸਾਡੇ ਤੇ ਇਸ ਤਰ੍ਹਾਂ ਜ਼ੁਲਮ ਕੀਤੇ, ਜਿਹੜੇ ਇਤਿਹਾਸ ਵਿਚ ਕਾਲੇ ਅੱਖਰਾਂ ਨਾਲ ਲਿਖੇ ਜਾਣਗੇ। ਅਸੀਂ 30 ਸਾਲਾਂ ਵਿਚ ਜਿਤਨਾ ਪੰਜਾਬ ਨੂੰ ਵਧਾਉਣ ਵਾਸਤੇ ਉਪਰਾਲਾ ਕੀਤਾ ਸੀ, ਇਨ੍ਹਾਂ ਨੇ ਆਪਣੇ 30 ਮਹੀਨਿਆਂ ਦੇ ਰਾਜ ਵਿਚ ਇਸ ਸ਼ਾਂਤੀ ਤਰੱਕੀ ਦੇ ਕੰਮ ਨੂੰ ਖਤਮ ਕਰ ਕੇ ਰੱਖ ਦਿੱਤਾ। ਡਿਪਟੀ ਸਪੀਕਰ ਸਾਹਿਬ, ਮੇਰਾ ਪਿੰਡ ਜੈਤੋਂ ਹੈ। ਰਾਮਗੜ੍ਹ ਪਿੰਡ ਦੇ ਸਰਪੰਚ ਦੀ ਚੋਣ ਦਾ ਮਸਲਾ ਸੀ। ਬੀ. ਡੀ. ਓ. ਕੋਲੋਂ ਕਲੀਅਰੈਂਸ ਸਰਟੀਫਿਕੇਟ ਲੈਣਾ ਸੀ। ਅਸੀਂ ਉਥੇ ਹਾਜ਼ਰ ਹੋਏ। ਉਹ ਕਹਿਣ ਲਗਾ ਕਿ ਇਸ ਵੱਲ ਪੈਸੇ ਨਿਕਲਦੇ ਹਨ। ਇਸ ਲਈ ਕਲੀਅਰੈਂਸ ਸਰਟੀਫਿਕੇਟ ਨਹੀਂ ਮਿਲ ਸਕਦਾ। ਮੈਂ ਕਿਹਾ ਕਿ ਜਿਤਨੇ ਪੈਸੇ ਲੈਣੇ ਹਨ ਲੈ ਲਓ, ਪਰ ਉਹ ਨਹੀਂ ਮੰਨਿਆ। ਮੈਂ D.P.O. ਸਾਹਿਬ ਨੂੰ ਵੀ ਮਿਲਿਆ। ਐਸ. ਡੀ. ਐਮ., D. C. ਸਾਹਿਬ ਨੂੰ ਵੀ ਮਿਲਿਆ। ਪਰ ਮੈਨੂੰ ਕੋਈ ਠੀਕ ਜਵਾਬ ਨਾ ਦਿਤਾ ਗਿਆ ਅਤੇ ਨਾ ਹੀ ਕਲੀਅਰੈਂਸ ਸਰਟੀਫਿਕੇਟ ਇਲੈਕਸ਼ਨ ਲੜਨ ਲਈ ਦਿੱਤਾ ਗਿਆ। ਹਾਰ ਕੇ ਸਾਨੂੰ ਹਾਈ ਕੋਰਟ ਵਿਚ ਆਉਣਾ ਪਿਆ। ਮੈਂ ਉਨ੍ਹਾਂ ਜੱਜਾਂ ਦਾ ਅਤੇ ਆਪਣੇ ਦੇਸ਼ ਦੀ ਜੁਡੀਸ਼ਰੀ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਟੈਲੀਗਰਾਫੀਕਲੀ ਬੀ. ਡੀ. ਓ. ਨੂੰ ਬੁਲਾਇਆ ਕਿ ਉਹ ਕਿਉਂ ਜ਼ੁਲਮ ਕਰ ਰਿਹਾ ਹੈ। 70 ਰੁਪਏ ਲੈ ਕੇ ਸਰਟੀਫਿਕੇਟ ਦੇ ਦਿੱਤਾ। ਉਹ ਸਰਪੰਚ ਚੋਣ ਲੜਿਆ ਅਤੇ ਜਿੱਤ ਕੇ ਆਇਆ। ਕੀ ਇਹ ਹੀ ਇਨ੍ਹਾਂ ਦੀ ਡੈਮੋਕਰੇਸੀ ਹੈ। ਇਨ੍ਹਾਂ ਨੇ ਸਹੀ ਮਾਹਨਿਆਂ ਵਿਚ 30 ਮਹੀਨੇ ਇਥੇ ਐਮਰਜੈਂਸੀ ਹੀ ਸਾਡੇ ਤੇ ਲਾਈ ਰਖੀ ਸੀ। ਡਿਪਟੀ ਸਪੀਕਰ ਸਾਹਿਬ, 1978 ਵਿਚ ਜਦੋਂ ਦੇਸ਼ ਦੀ ਮਹਾਨ ਨੇਤਾ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਅਰੈਸਟ ਕੀਤਾ ਗਿਆ ਤਾਂ ਸਾਰੇ ਹਿੰਦੁਸਤਾਨ ਵਿਚ ਸਤਿਆਗ੍ਰਹਿ ਕੀਤੇ ਗਏ। ਪੰਜਾਬ ਵਿਚ ਵੀ ਸਤਿਆਗ੍ਰਹਿ ਕੀਤੇ ਗਏ। ਪੂਰ ਅਮਨ ਸਤਿਆਗ੍ਰਹਿ ਹੋਏ। ਪਰ ਜਿਸ ਬੇਰਹਿਮੀ ਨਾਲ ਸਾਡੇ ਤੇ ਇਨ੍ਹਾਂ ਨੇ ਲਾਠੀ ਚਾਰਜ ਕੀਤਾ, ਸਾਨੂੰ ਕੁੱਟਿਆ, ਉਸ ਦੀ ਕੋਈ

Original with;
Punjab Vidhan Sabha
Digitized by;
Panjab Digital Library

ਹੋਰ ਮਿਸਾਲ ਨਹੀਂ ਦਿੱਤੀ ਜਾ ਸਕਦੀ । ਮੈਂ ਨੂੰ ਸੀ. ਆਈ. ਏ. ਸਟਾਫ ਵਿਚ ਲਿਜਾ ਕੇ ਟਾਰਚਰ ਕੀਤਾ ਗਿਆ । ਮੈਂ ਬਾਦਲ ਸਾਹਿਬ ਕੋਲ ਸ਼ਿਕਾਇਤ ਕੀਤੀ । ਉਨ੍ਹਾਂ ਨੇ ਕਿਹਾ ਕਿ ਇਸ ਵਿਚ ਨਾ ਕੋਈ ਮੇਰਾ ਹੱਥ ਹੈ ਅਤੇ ਨਾ ਹੀ ਮੇਰੇ ਵਜ਼ੀਰਾਂ ਦਾ ਹੱਥ ਹੈ । ਮੈਂ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਫਿਰ ਇਸ ਦੀ ਜੂਡੀਸ਼ਲ ਇਨਕੁਆਇਰੀ ਕਰਵਾ ਲਓ । ਪਰ ਮੈਨੂੰ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ । ਇਨ੍ਹਾਂ ਦੇ ਰਾਜ ਵਿਚ ਐਸੀਆਂ ਗੱਲਾਂ ਹੋਈਆਂ । ਇਨ੍ਹਾਂ ਨੇ ਡੈਮੋਕਰੇਸੀ ਨੂੰ ਬਹਾਲ ਨਹੀਂ ਕੀਤਾ ਬਲਕਿ ਇਸ ਨੂੰ ਆਪਣੇ ਰਾਜ ਦੇ ਵਿਚ ਬਰਬਾਦ ਕੀਤਾ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੋ ਜਥੇਦਾਰਾਂ ਨੇ ਸਾਡੇ ਤੇ ਜ਼ੁਲਮ ਕੀਤੇ ਹਨ, ਉਨ੍ਹਾਂ ਦੀ ਪੂਰੀ ਇਨਕੁਆਇਰੀ ਹੋਣੀ ਚਾਹੀਦੀ ਹੈ । (ਵਿਘਨ) (ਇਸ ਸਮੇਂ ਸਰਦਾਰ ਹਰਚੰਦ ਸਿੰਘ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ, ਪਰ ਸ਼੍ਰੀ ਡਿਪਟੀ ਸਪੀਕਰ ਨੇ ਉਨ੍ਹਾਂ ਨੂੰ ਅਲਾਓ ਨਹੀਂ ਕੀਤਾ)

ਮੈਂ ਆਨਰੇਬਲ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੀਆਂ 70 ਫੀਸਦੀ ਵੋਟਾਂ ਪਿੰਡਾਂ ਦੀਆਂ ਹਨ । ਮੈਂ ਉਥੋਂ ਜਿੱਤ ਕੇ ਆਇਆ ਹਾਂ । ਮੈਂ ਉਥੇ ਅਕਾਲੀਆਂ ਦੇ ਨੁਮਾਇੰਦੇ ਦੀ ਜ਼ਮਾਨਤ ਜ਼ਬਤ ਕਰਵਾਈ । ਮੈਂ ਨੂੰ ਪਿੰਡਾਂ ਦੀਆਂ ਤਕਲੀਫਾਂ ਦਾ ਅਹਿਸਾਸ ਹੈ । ਸ਼ਾਇਦ ਇਹ ਇਸ ਚੀਜ਼ ਨੂੰ ਨਹੀਂ ਸਮਝ ਸਕਦੇ । ਮੇਰੇ ਤਾਂ ਸਿੱਖ ਵੀ ਬੜੇ ਦੋਸਤ ਹਨ । ਅਕਾਲੀ ਲੀਡਰ ਵੀ ਮੇਰੇ ਦੋਸਤ ਹਨ । ਮੇਰੇ ਬਾਪ ਦਾਦਾ ਦਾ ਇਹੀ ਬਿਜ਼ਨੈਸ ਰਿਹਾ ਹੈ । ਮੇਰਾ ਲੈਣ ਦੇਣ ਇਨ੍ਹਾਂ ਨਾਲ ਰਿਹਾ ਹੈ । ਮੇਰੀਆਂ ਰਿਸ਼ਤੇਦਾਰੀਆ ਅਤੇ ਤੁਅੱਲਕਾਤ ਪਿੰਡਾਂ ਦੇ ਲੋਕਾਂ ਨਾਲ, ਜ਼ਿਮੀਂਦਾਰਾਂ ਨਾਲ ਹਨ । ਇਹ ਗੱਲ ਬਿਲਕੁਲ ਗਲਤ ਹੈ ਕਿ ਮੈਂ ਨੂੰ ਪਿੰਡਾਂ ਦੇ ਲੋਕਾਂ ਦੀਆਂ ਤਕਲੀਫਾਂ ਦਾ ਕੋਈ ਅਹਿਸਾਸ ਨਹੀਂ । ਮੇਰਾ ਪੇਸ਼ਾ ਹੀ ਇਸ ਤਰ੍ਹਾਂ ਦਾ ਹੈ ਕਿ ਮੇਰਾ ਹਰ ਬੰਦੇ ਨਾਲ ਵਾਹ ਪੈਂਦਾ ਹੈ । ਮੈਨੂੰ ਪਿੰਡਾਂ ਦੀ ਹਰ ਚੀਜ਼ ਦਾ ਪਤਾ ਹੈ । ਮੈਂ ਜੋ ਕੁਝ ਕਿਹਾ ਹੈ ਠੀਕ ਕਿਹਾ ਹੈ ਸਬੂਤ ਦੇ ਸਕਦਾ ਹਾਂ ਔਰ ਬੈਠੇ ਦੋਸਤਾਂ ਨੂੰ ਇਹ ਚੈਲੰਜ ਕਰਦਾ ਹਾਂ ਕਿ ਹਰੀਜਨਾਂ ਦੀ ਭਲਾਈ ਵਾਸਤੇ ਜੋ ਕੁਝ ਸਾਡੀ ਪਾਰਟੀ ਦੀ ਸਰਕਾਰ ਨੇ ਕੀਤਾ ਹੈ, ਇਨ੍ਹਾਂ ਦੀ ਸਰਕਾਰ ਨਹੀਂ ਕਰ ਸਕੀ । ਸਾਡੇ ਦੇਸ਼ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ਜੇਕਰ ਦੇਸ਼ ਦਾ ਹਰੀਜਨ ਮੰਦਹਾਲੀ ਵਿਚ ਹੈ ਤਾਂ ਦੇਸ਼ ਮੰਦਹਾਲੀ ਵਿਚ ਹੈ। ਜੇਕਰ ਸਾਡੇ ਦੇਸ਼ ਦਾ ਹਰੀਜਨ ਖੁਸ਼ਹਾਲ ਹੈ ਤਾਂ ਸਾਡਾ ਦੇਸ਼ ਖੁਸ਼ਹਾਲ ਹੈ। ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਗਰੀਬ ਮਜ਼ਦੂਰਾਂ ਲਈ, ਕਿਸਾਨਾਂ ਲਈ ਬਹੁਤ ਕੁਝ ਰੱਖਿਆ ਹੈ, ਜੱਟ ਲਈ ਨਹੀਂ ਬਲਕਿ ਕਿਸਾਨ ਲਈ ਰੱਖਿਆ ਹੈ, ਜੋ ਖੇਤੀ ਕਰਦਾ ਹੈ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ਜੀ ।

ਸ਼੍ਰੀ ਭਗਵਾਨ ਦਾਸ : ਅਜੇ ਤਾਂ ਪੰਜ ਮਿੰਟ ਹੀ ਹੋਏ ਹਨ ਜੀ । ਡਿਪਟੀ ਸਪੀਕਰ ਸਾਹਿਬ, ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਬਹਤ ਬਹੁਤ ਵਧਾਈ ਦਿੰਦਾ ਹਾਂ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਭਗਵਾਨ ਦਾਸ ਜੀ ਤੁਸੀਂ ਵਾਈਂਡ ਅੱਪ ਕਰੋ, ਹੋਰ ਕੋਈ ਬੋਲ ਲਵੇਗਾ ।

ਸ਼੍ਰੀ ਭਗਵਾਨ ਦਾਸ : ਡਿਪਟੀ ਸਪੀਕਰ ਸਾਹਿਬ, ਵੈਦ ਕਰਤਾਰ ਸਿੰਘ ਜੀ ਨੇ ਕੱਲ੍ਹ ਕੁਰੱਪਸ਼ਨ ਬਾਰੇ ਕਿਹਾ ਸੀ । ਡਿਪਟੀ ਸਪੀਕਰ ਸਾਹਿਬ, ਬੱਸ ਜੀ ਮੈਂ ਛੇਤੀ ਹੀ ਬੋਲਣਾ ਬੰਦ ਕਰ ਦਿਆਂਗਾ । ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਜੇਕਰ ਇਹ ਲੋਕ ਇਮਾਨਦਾਰ ਹਨ, ਮੈਂ ਆਪੋਜ਼ੀਸ਼ਨ ਦਾ ਮਸ਼ਕੂਰ ਹੋਵਾਂਗਾ ਜੇਕਰ ਆਸੀਂ ਸਾਰੇ ਇਮਾਨਦਾਰੀ ਨਾਲ ਬੈਠ ਕੇ ਸੁਝਾਓ ਰੱਖੀਏ ਕਿ ਕੋਈ ਵੀ ਪੰਜਾਬ ਦੇ ਸੂਬੇ ਦਾ ਅਫਸਰ, ਕੋਈ ਵੀ ਵਿਅਕਤੀ ਪੰਜਾਬ ਦਾ ਕੁਰੱਪਟ ਨਾ ਰਹੇ । ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕੁਰੱਪਸ਼ਨ ਦੀ ਮੁਢਲੀ ਮਾਂ ਜਿਹੜੀ ਹੈ, ਜਿਥੋਂ ਕਿ ਪੀ. ਸੀ. ਐਸ. ਅਫਸਰ ਭੇਜੇ ਜਾਂਦੇ ਹਨ, ਜਿਥੋਂ ਕਿ ਇੰਜਨੀਅਰਜ਼ ਭੇਜੇ ਜਾਂਦੇ ਹਨ, ਜੋ ਪਬਲਿਕ ਸਰਵਿਸ ਕਮਿਸ਼ਨ ਹੈ ਉਸ ਨੂੰ ਠੀਕ ਕਰੀਏ । ਮੈਂ ਸਮਝਦਾ ਹਾਂ ਕਿ ਹਰ ਥਾਂ ਤੇ ਹਰ ਅਫਸਰ ਜਾਂ ਹਰ ਵਿਅਕਤੀ ਵਿਚੋਂ ਜੋ ਵੀ ਕੁਰੱਪਟ ਹੈ, ਉਸ ਵਿਚੋਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਭਗਵਾਨ ਦਾਸ]

ਕੁਰੱਪਸ਼ਨ ਦੂਰ ਕਰਨੀ ਚਾਹੀਦੀ ਹੈ। ਇਸ ਵਾਸਤੇ ਮੈਂ ਸਾਰਿਆਂ ਦਾ ਮਸ਼ਕੂਰ ਹਾਂ ਕਿ ਜੇਕਰ ਅਸੀਂ ਇਸ ਪਾਸੇ ਸੋਚੀਏ ।

ਹੁਣ ਮੈਂ ਦੋ ਤਿੰਨ ਸੁਝਾਓ ਆਪਣੇ ਹਲਕੇ ਬਾਰੇ ਦੇਣੇ ਹਨ । ਡਿਪਟੀ ਸਪੀਕਰ ਸਾਹਿਬ, ਮੇਰਾ ਹਲਕਾ ਬਹੁਤ ਪੱਛੜਿਆ ਹੋਇਆ ਇਲਾਕਾ ਹੈ। ਉਥੇ ਕੋਈ ਸੜਕ ਨਹੀਂ ਹੈ, ਕੋਈ ਕਾਲਜ ਨਹੀਂ ਹੈ, ਕੋਈ ਹਸਪਤਾਲ ਨਹੀਂ ਹੈ। ਮੈਂ ਇਹ ਕਹਿੰਦਾ ਹਾਂ ਕਿ ਤਿੰਨ ਕਲਾਸਾਂ ਹੁੰਦੀਆਂ ਹਨ, ਇਕ ਤਾਂ 'ਏ' ਕਲਾਸ ਦੂਸਰੀ 'ਬੀ' ਅੌਰ ਤੀਜੀ 'ਸੀ' ਕਲਾਸ। ਕਈ ਇਲਾਕੇ ਤਾਂ 'ਏ' ਕਲਾਸ ਬਣ ਗਏ ਹਨ, ਕਈ 'ਬੀ' ਕਲਾਸ ਬਣ ਗਏ ਹਨ, ਪਰ ਮੇਰਾ ਇਲਾਕਾ ਅਜੇ 'ਸੀ' ਕਲਾਸ ਹੀ ਰਿਹਾ ਹੈ। ਨਾ ਕੋਈ ਉਥੇ ਸੜਕ ਹੈ, ਨਾ ਕੋਈ ਹਸਪਤਾਲ ਹੈ, ਉਥੇ ਬਾਬੇ ਆਦਮ ਵੇਲੇ ਦਾ ਇਕ ਹਸਪਤਾਲ ਹੈ, ਉਸ ਦੀ ਵੀ ਟੁੱਟੀ ਫੁੱਟੀ ਇਮਾਰਤ ਹੈ। ਅਕਾਲੀ ਸਰਕਾਰ ਨੇ ਵਾਇਦਾ ਕੀਤਾ ਸੀ ਕਿ 30 ਬੈਡਿਡ ਹਸਪਤਾਲ ਉਥੇ ਖੋਲ੍ਹਿਆ ਜਾਵੇਗਾ, ਪਰ ਉਹ ਵੀ ਕਾਗਜ਼ਾਂ ਵਿਚ ਹੀ ਰਹਿ ਗਿਆ ਹੈ। ਇਸ ਲਈ ਮੈਂ ਕਹਾਂਗਾ ਕਿ ਮੇਰੇ ਹਲਕੇ ਵਿਚ ਸੜਕਾਂ, ਹਸਪਤਾਲ, ਕਾਲਜ ਤੇ ਲਿੰਕ ਰੋਡ ਬਾਰੇ ਧਿਆਨ ਦਿੱਤਾ ਜਾਵੇ । ਮੈਂ ਸਰਦਾਰ ਦਰਬਾਰਾ ਸਿੰਘ ਜੀ ਦਾ ਬਹੁਤ ਬਹੁਤ ਰਿਣੀ ਹਾਂ ਜਿਨ੍ਹਾਂ ਨੇ ਗਰੀਬਾਂ ਦੀ ਭਲਾਈ ਵਾਸਤੇ ਇਸ ਤਰ੍ਹਾਂ ਦਾ ਬਜਟ ਪੇਸ਼ ਕੀਤਾ ਹੈ। ਮੈਂ ਆਪ ਜੀ ਦਾ ਵੀ, ਡਿਪਟੀ ਸਪੀਕਰ ਸਾਹਿਬ, ਰਿਣੀ ਹਾਂ ਜੋ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ ਅਤੇ ਮੈਨੂੰ ਸੁਣਿਆ ਹੈ । (ਥੰਪਿੰਗ)

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਬੋਲਣ ਲਈ ਖੜ੍ਹੇ ਹੋਏ।) (ਥੰਪਿੰਗ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਟਾਈਮ ਦੀ ਵੰਡ ਕਰ ਲਵੋ ਜੀ । ਇਨ੍ਹਾਂ ਨੂੰ ਵੀ ਸਾਡੇ ਜਿਤਨਾਂ ਹੀ ਟਾਈਮ ਦਿੱਤਾ ਗਿਆ ਹੈ, ਇਹ ਸਾਡੇ ਤੋਂ ਅੱਧੇ ਹਨ। ਇਨ੍ਹਾਂ ਨੂੰ ਟਾਈਮ ਜ਼ਿਆਦਾ ਦਿੱਤਾ ਜਾ ਰਿਹਾ ਹੈ।

ਸਰਦਾਰ ਸੁਰਜੀਤ ਸਿੰਘ ਬਰਨਾਲਾ (ਬਰਨਾਲਾ) : ਅੱਧੇ ਨਹੀਂ ਜੀ, ਸਾਡੇ ਵੀ ਇਨ੍ਹਾਂ ਜਿਤਨੇ ਹੀ ਹਨ । ਕੁਝ ਤਾਂ ਇਨ੍ਹਾਂ ਦੇ ਆਦਮੀ ਵਜ਼ੀਰ, ਸਪੀਕਰ ਤੇ ਡਿਪਟੀ ਸਪੀਕਰ ਬਣ ਗਏ ਹਨ ਅੌਰ ਬਾਕੀ ਸਾਡੇ ਜਿਤਨੇ ਹੀ ਰਹਿ ਗਏ ਹਨ । (ਹਾਸਾ)

ਡਿਪਟੀ ਸਪੀਕਰ ਸਾਹਿਬ, ਜਿਹੜੀ ਬਜਟ ਸਪੀਚ ਹੁੰਦੀ ਹੈ ਇਹ ਇਕ ਸੰਜੀਦਾ ਡਾਕੂਮੈਂਟ ਸਮਝਿਆ ਜਾਂਦਾ ਹੈ। ਇਸ ਦੀ ਤਿਆਰੀ ਨੂੰ ਬੜਾ ਟਾਈਮ ਲਗਦਾ ਹੈ। ਇਸ ਲਈ ਵੀ ਟਾਈਮ ਲਗਦਾ ਹੈ ਕਿ ਇਸ ਵਿਚ ਸਾਰੇ ਸੂਬੇ ਦੀ ਤਰੱਕੀ ਦਾ ਨਕਸ਼ਾ ਬਣਾਇਆ ਜਾਂਦਾ ਹੈ। ਅਗਲੇ ਸਾਲ ਵਾਸਤੇ ਸਰਕਾਰ ਨੇ ਕੀ ਕੀ ਕਰਨਾ ਹੈ, ਇਸ ਵਿਚ ਇਹ ਦੱਸਣਾ ਹੁੰਦਾ ਹੈ। ਲੋਕ ਬੜੀ ਤੀਬਰਤਾ ਨਾਲ ਇਸ ਸਪੀਚ ਨੂੰ ਉਡੀਕਦੇ ਹਨ। ਲੋਕ ਇਹ ਸੋਚਦੇ ਹਨ ਕਿ ਸ਼ਾਇਦ ਸ਼ਾਮ ਦੀਆਂ ਖਬਰਾਂ ਜਦੋਂ ਮਿਲਣਗੀਆਂ ਤਾਂ ਕੋਈ ਪਤਾ ਲਗੇਗਾ ਕਿ ਅਸੈਂਬਲੀ ਵਿਚ ਕੀ ਹੋ ਰਿਹਾ ਹੈ, ਕਿਤਨੇ ਹੋਰ ਟੈਕਸ ਲਗਣੇ ਹਨ ਜਾਂ ਕੀ ਰਿਲੀਫ ਮਿਲਣਾ ਹੈ, ਇਸ ਵਾਸਤੇ ਲੋਕ ਇਸ ਨੂੰ ਉਡੀਕਦੇ ਹਨ। ਇਸ ਲਈ ਹੀ ਮੈਂ ਇਹ ਕਹਿ ਰਿਹਾ ਹਾਂ ਕਿ ਇਹ ਇਕ ਸਾਲਮ ਡਾਕੂਮੈਂਟ ਹੁੰਦਾ ਹੈ। ਪਰ ਇਸ ਡਾਕੂਮੈਂਟ ਨੂੰ ਇਸ ਤਰ੍ਹਾਂ ਨਾਲ ਮਿਊਟੀਲੇਟ ਕੀਤਾ ਗਿਆ ਹੈ, ਤੋੜ ਮਰੋੜ ਦਿਤਾ ਗਿਆ ਹੈ ਕਿ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਕਿਤੇ ਸਿਆਸੀ ਅਖਾੜੇ ਵਿਚ ਬੈਠ ਕੇ ਇਹ ਤਿਆਰ ਕੀਤੀ ਗਈ ਹੈ। ਅੌਰ ਇਸ ਤਰ੍ਹਾਂ ਲਗਦਾ ਸੀ ਜਿਵੇਂ ਕਿਸੇ ਸਿਆਸੀ ਅਖਾੜੇ ਵਿਚ ਸਪੀਚ ਦਿੱਤੀ ਜਾ ਰਹੀ ਹੁੰਦੀ ਹੈ। ਸਾਰੀ ਤਵੱਜੋ ਇਸ ਪਾਸੇ ਦਿੱਤੀ ਗਈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਜੋ ਸਰਕਾਰ ਪਹਿਲਾਂ ਸੀ ਉਸ ਤੇ ਅਟੈਕ ਕੀਤਾ ਜਾਵੇ ਅੌਰ ਉਸ ਦੀ ਖਾਤਰ ਪਤਾ ਨਹੀਂ ਕਿ ਸਬੰਧਤ ਕਰਮਚਾਰੀਆਂ ਨੂੰ ਕਿਤਨਾ ਕੁ ਕਸ਼ਟ ਦਿੱਤਾ ਗਿਆ ਹੋਵੇਗਾ । ਇਨ੍ਹਾਂ ਨੇ ਕਿਹਾ ਹੋਵੇਗਾ ਕਿ ਇਸ ਢੰਗ ਨਾਲ ਇਸ ਨੂੰ ਬਣਾਓ ਜਿਹੜਾ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਪਿਛਲੀ ਅਕਾਲੀ-ਜਨਤਾ ਸਰਕਾਰ ਤੇ ਅਟੈਕ ਹੋ ਸਕੇ। ਉਨ੍ਹਾਂ ਕਰਮਚਾਰੀਆਂ ਦਾ ਧੰਨਵਾਦ ਕਰਨਾ ਹੁੰਦਾ ਹੈ, ਜਿਨ੍ਹਾਂ ਨੇ ਸਪੀਚ

Original with;
Punjab Vidhan Sabha
Digitized by;
Panjab Digital Library

ਬਣਾਉਣ ਵਿਚ ਮੱਦਦ ਕੀਤੀ ਹੋਵੇ। ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਅੰਤ ਵਿਚ ਲਿਖਿਆ ਹੈ :—

"ਇਸ ਤੋਂ ਪਹਿਲਾਂ ਕਿ ਮੈਂ ਸਮਾਪਤ ਕਰਾਂ, ਮੈਂ ਵਿੱਤ ਸਕੱਤਰ ਅਤੇ ਵਿੱਤ ਵਿਭਾਗ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਦੀ ਅਣਥਕ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਸਦਕਾ, ਮੈਂ ਅਜ ਬਜਟ ਪੇਸ਼ ਕਰ ਸਕਿਆ ਹਾਂ।"

ਸੋ, ਇਹ ਆਪ ਤਾਂ ਕਰ ਨਹੀਂ ਸਕਦੇ, ਇਸ ਲਈ ਉਨ੍ਹਾਂ ਕਰਮਚਾਰੀਆਂ ਦੇ ਰਾਹੀਂ, ਉਨ੍ਹਾਂ ਦੀ ਮੱਦਦ ਹਾਸਲ ਕਰ ਕੇ ਇਹ ਬਜਟ ਪੇਸ਼ ਕਰਦੇ ਹਨ। ਇਸ ਲਈ ਇਹ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਥੱਲੇ ਕੋਈ ਇਸ ਕਿਸਮ ਦੀ ਡਾਇਰੈਕਸ਼ਨ ਕੀਤੀ ਹੋਵੇਗੀ, ਜਿਸ ਕਰਕੇ ਕਿ ਇਸ ਤਰ੍ਹਾਂ ਸਟੈਟਿਸਟਿਕਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਸਰਦਾਰ ਬਲਵੰਤ ਸਿੰਘ ਹੋਰਾਂ ਨੇ ਠੀਕ ਹੀ ਕਿਹਾ ਸੀ ਕਿ ਇਹ ਬਜਟ ਸਪੀਚ ਤਾਂ ਕਿਸੇ ਕਾਂਗਰਸ ਭਵਨ ਵਿਚ ਬੈਠ ਕੇ ਬਣਾਈ ਹੋਈ ਜਾਪਦੀ ਹੈ, ਸੈਕਰੇਟੇਰੀਏਟ ਵਿਚ ਬੈਠ ਕੇ ਬਣਾਈ ਹੋਈ ਨਹੀਂ ਮਾਲੂਮ ਹੁੰਦੀ। ਇਸ ਵਿਚ ਕੁਝ ਐਸੀਆਂ ਗੱਲਾਂ ਹਨ ਜਿਹੜੀਆਂ ਕਿ ਜੋ ਇਨ੍ਹਾਂ ਨੇ ਡਾਕੂਮੈਂਟਸ ਬਜਟ ਨਾਲ ਦਿੱਤੇ ਹਨ ਉਨ੍ਹਾਂ ਨੂੰ ਪੜ੍ਹਨ ਤੇ ਗਲਤ ਸਾਬਤ ਹੋ ਜਾਂਦੀਆਂ ਹਨ। ਉਨ੍ਹਾਂ ਡਾਕੂਮੈਂਟਸ ਵਿਚੋਂ ਇਕ ਡਾਕੂਮੈਂਟ ਹੈ" ਇਕਨਾਮਿਕ ਸਰਵੇ ਫਾਰ ਦੀ ਯੀਅਰ 1979-80"। ਉਸ ਵਿਚ ਕਈ ਗੱਲਾਂ ਦੱਸੀਆਂ ਹਨ, ਮੈਂ ਉਨ੍ਹਾਂ ਸਾਰੀਆਂ ਦਾ ਜ਼ਿਕਰ ਨਹੀਂ ਕਰਦਾ। ਇਨ੍ਹਾਂ ਨੇ ਆਪਣੀ ਬਜਟ ਸਪੀਚ ਦੇ ਪੰਨਾ ਤਿੰਨ ਵਿਚ ਲਿਖਿਆ ਹੈ :—

"ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਗੱਲ ਦੱਸਣ ਵਿਚ ਮੈਨੂੰ ਦੁੱਖ ਹੈ ਕਿ ਜ਼ਰਾਇਤੀ ਖੇਤਰ, ਜਿਹੜਾ ਕਿ ਰਾਜ ਦੀ ਆਰਥਕਤਾ ਦਾ ਧੁਰਾ ਹੈ, ਵਿਚ ਸਾਲ 1979-80 ਦੇ ਦੌਰਾਨ ਵਾਧੇ ਦੀ ਦਰ ਨਿਰੀ 'ਸਿਫਰ' ਰਹੀ ਹੈ।"

ਅੱਗੇ ਫਿਰ ਇਥੇ ਹੀ ਬੱਸ ਨਹੀਂ ਕੀਤਾ ਬਲਕਿ ਫਾਇਨਾਂਸ ਮਨਿਸਟਰ ਸਾਹਿਬ ਨੂੰ ਇਸ ਗੱਲ ਨੂੰ ਪੱਕਿਆਂ ਕਰਨ ਵਾਸਤੇ ਫਿਰ ਪੇਜ 17 ਤੇ ਇਹ ਕਹਿਣਾ ਪਿਆ ਹੈ :—

"ਰਾਜ ਦੀ ਅਰਥ ਵਿਵਸਥਾ ਮੁੱਖ ਤੌਰ ਤੇ ਖੇਤੀ ਬਾੜੀ ਤੇ ਆਧਾਰਤ ਹੈ। ਇਹ ਜਾਣ ਕੇ ਨਿਰਾਸ਼ਾ ਹੁੰਦੀ ਹੈ ਕਿ ਖੇਤੀ ਬਾੜੀ ਉਤਪਾਦਨ ਵਿਚ 1975-76 ਤੋਂ ਚਲੀ ਆਉਂਦੀ ਪ੍ਰਗਤੀ ਵਿਚ 1979-80 ਵਿਚ ਰੁਕਾਵਟ ਪੈ ਗਈ ਅਤੇ ਖੇਤੀ ਬਾੜੀ ਉਤਪਾਦਨ ਵਿਚ ਕੋਈ ਵਾਧਾ ਨਹੀਂ ਹੋਇਆ।....."

ਪਰ ਇਸ ਦੇ ਨਾਲ ਹੀ ਇਹ ਡਾਕੂਮੈਂਟ ਜੋ ਸਾਨੂੰ ਸਪਲਾਈ ਕੀਤਾ ਹੈ, ਇਸ ਤੋਂ ਹੀ ਇਹ ਸਿੱਧ ਹੋ ਜਾਂਦਾ ਹੈ ਕਿ ਇਨ੍ਹਾਂ ਨੇ ਕਿਸ ਤਰ੍ਹਾਂ ਨਾਲ ਫੈਕਟਸ ਐਂਡ ਫਿਗਰਜ਼ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਮੇਰੇ ਪਾਸ ਇਕਨਾਮਿਕ ਸਰਵੇ ਫਾਰ ਦੀ ਯੀਅਰ 1979-80 ਹੈ। ਇਸ ਦੇ ਪੇਜ ਤਿੰਨ ਤੇ ਇਨ੍ਹਾਂ ਨੇ ਦੱਸਿਆ ਹੈ :—

"This trend is evident from the foodgrains production in the State which rose from 88.27 lakh tonnes in 1975-76 to 93.28 lakh tonnes in 1976-77, 103.49 lakh tonnes in 1977-78 and to 116.71 lakh tonnes in 1978-79. In 1979-80, the foodgrains production is expected to have reached 120 lakh tonnes."

ਸੰਨ 1979-80 ਵਿਚ ਚਾਰ ਲੱਖ ਟੱਨ ਦਾ ਪ੍ਰੋਡਕਸ਼ਨ ਵਿਚ ਵਾਧਾ ਹੋਇਆ। ਭਾਵੇਂ ਉਸ ਵੇਲੇ ਸੋਕੇ ਦੀ ਹਾਲਤ ਸੀ, ਫਿਰ ਵੀ ਚਾਰ ਲੱਖ ਟੱਨ ਦਾ ਵਾਧਾ ਸੰਨ 1979-80 ਵਿਚ ਦੱਸਿਆ ਗਿਆ ਹੈ। ਲੇਕਿਨ ਇਨ੍ਹਾਂ ਨੇ ਇਸ ਗੱਲ ਨੂੰ ਇਸ ਸਪੀਚ ਵਿਚ ਦੋ ਜਗ੍ਹਾ ਤੇ ਕਿਹਾ ਹੈ ਵਾਧਾ ਸਿਫਰ ਹੋ ਗਿਆ, ਬਿਲਕੁਲ ਪ੍ਰੋਡਕਸ਼ਨ ਘੱਟ ਗਈ ਅੱਗੇ ਨੂੰ ਕੋਈ ਵਾਧਾ ਨਹੀਂ ਹੋਇਆ। ਫਿਰ ਪੇਜ-17 ਤੇ ਇਸ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਜ਼ਿਕਰ ਆਉਂਦਾ ਹੈ । ਇਹ ਜਿਹੜੇ ਡਾਕੂਮੈਂਟਸ ਇਸ ਸਰਕਾਰ ਨੇ ਸਪਲਾਈ ਕੀਤੇ, ਇਹ ਇਨ੍ਹਾਂ ਨੇ ਹੀ ਬਣਾਏ ਹਨ । ਇਹ ਨਹੀਂ ਕਿ ਇਨ੍ਹਾਂ ਤੋਂ ਪਹਿਲਾਂ ਦੇ ਬਣੇ ਹੋਏ ਸਨ । ਜੇ ਇਨ੍ਹਾਂ ਦੇ ਡਾਕੂਮੈਂਟਸ ਹੀ ਇਹ ਸਾਬਤ ਕਰ ਦੇਣ ਕਿ ਜਿਹੜੀ ਫਿਨਾਂਸ ਮਨਿਸਟਰ ਵਲੋਂ ਕੀਤੀ ਗਈ ਹੈ, ਉਹ ਗਲਤ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ। ਮੇਰਾ ਖਿਆਲ ਹੈ ਕਿ ਇਸ ਤੇ ਤਾਂ ਪ੍ਰਿਵਲਿਜ ਮੋਸ਼ਨ ਮੂਵ ਹੋ ਸਕਦੀ ਹੈ । ਇਸ ਤਰ੍ਹਾਂ ਨਾਲ ਇਨ੍ਹਾਂ ਨੇ ਹਾਊਸ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ, ਜੇ ਸਪੀਚ ਨੂੰ ਇਨ੍ਹਾਂ ਦੇ ਦਿਤੇ ਹੋਏ ਡਾਕੂਮੈਂਟਸ ਨਾਲ ਮਿਲਾਇਆ ਜਾਵੇ ਤਾਂ ਇਹ ਇਕ ਐਸਾ ਮਾਮਲਾ ਬਣ ਜਾਵੇਗਾ, ਜਿਸ ਨਾਲ ਇਸ ਬਜਟ ਸਪੀਚ ਤੇ ਪ੍ਰਿਵਲਿਜ ਮੋਸ਼ਨ ਆ ਸਕਦੀ ਹੈ । ਫਿਰ ਇਹ ਨਹੀਂ ਕਿ ਇਹ ਡਾਕੂਮੈਂਟ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਦੇ ਬਣੇ ਹੋਏ ਸਨ। ਇਨ੍ਹਾਂ ਦੇ ਦਿਤੇ ਹੋਏ ਡਾਕੂਮੈਂਟਸ ਪੜ੍ਹ ਕੇ ਇਹ ਜ਼ਾਹਿਰ ਹੁੰਦਾ ਹੈ ਕਿ ਇਸ ਵਿਚ ਬਹੁਤ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ। ਮੈਂ ਉਨ੍ਹਾਂ ਬਾਰੇ ਤੁਹਾਨੂੰ ਦੱਸਾਂਗਾ। ਡਿਪਟੀ ਸਪੀਕਰ ਸਾਹਿਬ, ਇਥੇ ਰੂਰਲ ਇੰਟੈਗਰੇਟਿਡ ਸਕੀਮ ਦਾ ਜ਼ਿਕਰ ਹੋਇਆ ਸੀ ਅਤੇ ਇਸ ਤੇ ਕਈ ਸਵਾਲ ਵੀ ਕੀਤੇ ਗਏ। ਇਹ ਕਿਹਾ ਗਿਆ ਕਿ ਇਹ ਸਕੀਮ ਬੜੀ ਮਾੜੀ ਸੀ, ਲੇਕਿਨ ਜੋ ਇਨ੍ਹਾਂ ਨੇ ਇਕਨੌਮਿਕ ਸਰਵੇ ਵਿਚ ਦਿੱਤਾ ਸੀ, ਇਹ ਇਨ੍ਹਾਂ ਦਾ ਹੀ ਬਣਾਇਆ ਹੋਇਆ ਹੈ, ਇਸ ਵਿਚ ਪੇਜ 18 ਤੇ ਇਹ ਜ਼ਿਕਰ ਆਉਂਦਾ ਹੈ :—

"Price behaviour in Punjab cannot be isolated from the general trend prevailing in country as a whole. Increase in the money supply with Price-hikes, announced by the Government in pertroleum products, as Steel, coal etc.

ਇਸ ਦਾ ਜ਼ਿਕਰ ਆਉਂਦਾ ਹੈ ਕਿ ਪੈਟਰੋਲ ਦੀਆਂ ਪ੍ਰਾਈਸਿਜ਼ ਵਧੀਆਂ ਹਨ । ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਡਾਕੂਮੈਂਟ ਇਨ੍ਹਾਂ ਦੇ ਵੇਲੇ ਹੀ ਤਿਆਰ ਕੀਤਾ ਗਿਆ ਕਿਉਂਕਿ ਪੈਟਰੋਲ ਦੀਆਂ ਪ੍ਰਾਈਸਿਜ਼ ਹੁਣ ਹੀ ਵਧੀਆਂ ਹਨ ।

RAISING OF SLOGAN AND THROWING OF LEAFLETS BY A STRANGER FROM THE SPEAKERS' GALLERY.

(ਇਸ ਵੇਲੇ ਸਪੀਕਰ ਗੈਲਰੀ ਵਿਚੋਂ ਇਕ ਵਿਅਕਤੀ ਨੇ ਉਠ ਕੇ ਇਕ ਨਾਅਰਾ ਲਾਇਆ ਅਤੇ ਕੁਝ ਪੈਂਫਲਿਟ ਹਾਊਸ ਵਿਚ ਸੁੱਟੇ । ਪਰੰਤੂ ਵਾਚ ਐਂਡ ਵਾਰਡ ਸਟਾਫ ਨੇ ਉਸ ਦਾ ਮੂੰਹ ਬੰਦ ਕੀਤਾ ਅੱਤੇ ਗੈਲਰੀ ਤੋਂ ਬਾਹਰ ਲੈ ਗਏ ।)

GENERAL DISCUSSION ON THE BUDGET ESTIMATES FOR THE YEAR 1980-81 (*Resumption*)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਇਕਨਾਮਿਕ ਸਰਵੇ ਦੇ ਪੇਜ 6 ਤੇ ਰੂਰਲ ਇੰਟੈਗਰੇਟਿਡ ਸਕੀਮ ਦਾ ਜ਼ਿਕਰ ਆਇਆ ਹੈ, ਪਰ ਮੈਂ ਦਸਦਾ ਹਾਂ ਕਿ ਇਨ੍ਹਾਂ ਨੇ ਉਸ ਵਿਚ ਕਿਸ ਤਰ੍ਹਾਂ ਨਾਲ ਉਨ੍ਹਾਂ ਲਫਜ਼ਾਂ ਨੂੰ ਕੱਟ ਕੇ ਹੋਰ ਲਫਜ਼ ਹੱਥ ਨਾਲ ਲਿਖ ਦਿਤੇ ਹਨ। ਇਨ੍ਹਾਂ ਨੇ ਇਸ ਡਾਕੂਮੈਂਟ ਨੂੰ ਕਿਸ ਤਰੀਕੇ ਨਾਲ ਮਿਉਟੀਲੇਟ ਕੀਤਾ ਹੈ, ਇਹ ਮੈਂ ਦਸਦਾ ਹਾਂ। ਇਸ ਵਿਚ ਇਹ ਲਿਖਿਆ ਸੀ ਕਿ . .

"The construction work of 118 focal point complexes which was taken up during 1977-78 had almost been completed."

ਪਰ ਬਾਅਦ ਵਿਚ ਇਨ੍ਹਾਂ ਨੇ ਆਲਮੋਸਟ ਤੇ ਸਫੈਦ ਸਿਆਹੀ ਫੇਰ ਦਿੱਤੀ ਤਾਕਿ ਇਹ ਪੜ੍ਹਿਆ ਨਾ ਜਾ ਸਕੇ। ਪਰ ਪੜ੍ਹਨ ਵਾਲੇ ਵੀ ਬੜੇ ਐਕਸਪਰਟ ਹੁੰਦੇ ਹਨ। ਉਨ੍ਹਾਂ ਨੇ ਇਹ ਪੜ੍ਹ ਲਿਆ ਹੈ। ਇਨ੍ਹਾਂ ਨੇ ਆਲਮੋਸਟ ਤੇ ਸਿਆਹੀ ਫੇਰ ਕੇ ਉਸ ਨੂੰ ਚੰਗੀ ਤਰ੍ਹਾਂ ਮਿੱਟਾ ਕੇ ਉਥੇ ਨਾਟ ਲਿੱਖ ਦਿਤਾ ਅੱਤੇ ਅਗੇ ਜਾਕੇ ਯੈਟ ਫੁਲੀ ਹੋਰ ਲਿਖ ਦਿਤਾ। ਇਸ ਤਰੀਕੇ ਨਾਲ ਇਸ ਨੂੰ ਮਿਉਟੀਲੇਟ ਕੀਤਾ ਗਿਆ ਹੈ, ਵਿਗਾੜਿਆ ਗਿਆ ਹੈ ਅੱਤੇ ਇਹ ਸਿਆਹੀ ਫੇਰਨ ਤੋਂ ਬਾਅਦ ਹੁਣ ਇਹ ਇਸ ਤਰਾਂ ਬਣ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

"The construction work of 118 focal point complexes which was taken up during 1977-78 had not been completed yet fully."

ਇਸ ਤਰ੍ਹਾਂ 'ਯੈਟ ਫੂਲੀ' ਹੋਰ ਲਿਖ ਦਿੱਤਾ ਅਤੇ ਆਲਮੋਸਟ ਤੇ ਸਿਆਹੀ ਫੇਰ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਤਰੀਕੇ ਨਾਲ ਇਨ੍ਹਾਂ ਨੇ ਆਪਣੇ ਡਾਕੂਮੈਂਟ ਨੂੰ ਮਿਉਟੀਲੇਟ ਕੀਤਾ ਹੋਇਆ ਹੈ। ਇਹ ਤੁਸੀਂ ਵੀ ਵੇਖ ਸਕਦੇ ਹੋ। ਮੇਰੀ ਕਾਪੀ ਤੇ ਤਾਂ ਇਹ ਸਿਆਹੀ ਫਿਰੀ ਹੋਈ ਹੈ ਅਤੇ ਇਸ ਨੂੰ ਮਿਟਾਇਆ ਗਿਆ ਹੈ। ਫਿਰ ਸਿਰਫ ਇਹ ਹੀ ਨਹੀਂ ਹੋਰ ਵੀ ਕਈ ਲਫਜ਼ ਹਨ ਜਿਨ੍ਹਾਂ ਨੂੰ ਬਦਲਿਆ ਗਿਆ ਹੈ। ਇਸ ਦੇ ਸੈਕਿੰਡ ਫੇਜ਼ ਵਿਚ ਇਹ ਲਿਖਿਆ ਹੈ ਕਿ–

"Of the second phase of 118 Focal Points adopted in 1978-79, the work was completed in 24 Focal Points only and in the remaining, it was in progress."

ਪਰ ਇਨ੍ਹਾਂ ਨੇ ਜਿਥੇ ਇਹ ਲਿਖਿਆ ਸੀ ਕਿ 24 ਪੁਆਇੰਟ ਕੰਪਲੀਟ ਹੋ ਚੁੱਕੇ ਹਨ, ਉਸ ਤੇ ਸਿਆਹੀ ਫੇਰ ਦਿੱਤੀ ਅਤੇ ਕੰਪਲੀਟਿਡ ਦੀ ਜਗ੍ਹਾਂ ਤੇ ਇਨ੍ਹਾਂ ਨੇ "ਪੁਸ਼ਡ ਅੱਪ" ਲਫਜ਼ ਲਿਖ ਦਿੱਤਾ ਹੈ। (ਸ਼ੋਮ, ਸ਼ੋਮ ਦੀਆਂ ਆਵਾਜ਼ਾਂ) ਇਹ ਪਤਾ ਨਹੀਂ ਸਫੇਦ ਰੰਗ ਫੇਰਿਆ ਹੈ, ਜਾਂ ਸਿਆਹੀ ਅੱਤ ਕੰਪਲੀਟਿਡ ਤੇ ਇਹ ਰੰਗ ਫੇਰ ਕੇ ਹੁਣ ਇਹ ਇਸ ਤਰ੍ਹਾਂ ਬਣ ਗਿਆ –

"Of the second phase of 118 focal points adopted in 1978-79, the work was pushed up in 24 focal points only and in the remaining it was in progress"

ਜਿੱਥੇ 24 ਪੁਆਇੰਟ "ਕੰਪਲੀਟਿਡ" ਸਨ ਉਥੇ ਇਨ੍ਹਾਂ ਨੇ "ਪੁਸ਼ਡ ਅੱਪ" ਲਫਜ਼ ਪਾ ਦਿਤਾ। ਇਸੇ ਤਰ੍ਹਾਂ ਨਾਲ ਇਨ੍ਹਾਂ ਨੇ ਇਸ ਡਾਕੂਮੈਂਟ ਨੂੰ ਵਿਗਾੜ ਕੇ ਹਾਊਸ ਵਿਚ ਪੇਸ਼ ਕੀਤਾ ਹੈ। ਫੇਰ ਇਸੇ ਤਰ੍ਹਾਂ ਇਸ ਪੇਜ ਦੇ ਅਗਲੇ ਪੈਰੇ 2.19 ਵਿਚ ਇਨ੍ਹਾਂ ਨੇ ਲਿਖਿਆ ਹੈ ਕਿ–

"The programme has, however, extended the marketing net work in the rural areas. Concentration of resources of men and materials at the focal points has resulted in achieving better yield and production in the cluster villages vis a vis other areas which are still not covered under the programme".

ਇਸ ਵਿਚ ਵੀ ਇਨ੍ਹਾਂ ਨੇ ਜਿਥੇ "ਹੈਜ਼ ਰਿਜ਼ਲਟਡ" ਲਿਖਿਆ ਸੀ, ਉਥੇ ਸਿਆਹੀ ਨਾਲ ਮਿਟਾ ਕੇ "ਵਾਜ਼ ਐਕਸਪੈਕਟਿਡ ਟੂ ਰਿਜ਼ਲਟ" ਲਿਖ ਦਿੱਤਾ ਹੈ। ਇਸ ਤਰੀਕੇ ਨਾਲ ਇਨ੍ਹਾਂ ਨੇ ਸਾਰੇ ਡਾਕੂਮੈਂਟ ਨੂੰ ਮਿਉਟੀਲੇਟ ਕੀਤਾ ਹੈ ਅੱਤ ਜਿਹੜਾ ਵੀ ਕੋਈ ਲਫਜ਼ ਸਾਡੀ ਸਰਕਾਰ ਦੇ ਹੱਕ ਵਿਚ ਜਾਂਦਾ ਸੀ, ਉਸ ਨੂੰ ਮਿਉਟੀਲੇਟ ਕਰਕੇ ਉਸ ਦੀ ਫਾਰਮ ਬਦਲ ਦਿੱਤੀ। ਮੈਂ ਸਮਝਦਾ ਹਾਂ ਕਿ ਇਹ ਬਹੁਤ ਮਾੜੀ ਗੱਲ ਕੀਤੀ ਗਈ ਹੈ। ਸਪੀਕਰ ਸਾਹਿਬ, ਬਾਵਜੂਦ ਕਈ ਪੈਰਿਆਂ ਵਿਚ ਸਿਆਹੀ ਨਾਲ ਲਫਜ਼ ਕੱਟੇ ਜਾਣ ਦੇ ਵੀ ਕੁਝ ਪੈਰੇ ਇਸ ਵਿਚ ਰਹਿ ਗਏ ਹਨ, ਜਿਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਪਿਛਲੀ ਸਰਕਾਰ ਨੇ ਚੰਗਾ ਕੰਮ ਕੀਤਾ ਸੀ। ਇਥੇ ਦੱਸਿਆ ਗਿਆ ਕਿ ਬਜਟ ਰਿਸੋਰਸਿਜ਼ ਵਿਚ ਕੋਈ ਵਾਧਾ ਨਹੀਂ ਕਰ ਸਕੇ। ਸੇਲਜ਼ ਟੈਕਸ ਨਹੀਂ ਵਧਾਇਆ ਹੋਰ ਵੀ ਕੋਈ ਟੈਕਸ ਨਹੀਂ ਲਾਇਆ ਪਰ ਮੈਂ ਕਹਿਦਾ ਹਾਂ ਕਿ ਫਿਰ ਵੀ ਰੈਵੇਨਿਊ ਵਿਚ ਵਾਧਾ ਹੁੰਦਾ ਗਿਆ ਸੀ। ਇਸ ਦਾ ਸਬੂਤ ਵੀ ਇਨ੍ਹਾਂ ਦੇ ਇਸ ਡਾਕੂਮੈਂਟ ਦੇ ਪੇਜ-22 ਤੋਂ ਪਤਾ ਚੱਲਦਾ ਹੈ, ਜਿਸ ਵਿਚ ਲਿਖਿਆ ਹੈ—

"Over the years under review there was all round improvement in the revenue of the State Government who made efforts to mobilise additional resources to meet increased developmental outlays."

ਕਿਉਂਕਿ ਡਿਵੈਲਪਮੈਂਟ ਬਹੁਤ ਤੇਜ਼ੀ ਨਾਲ ਹੋ ਰਹੀ ਸੀ, ਇਸ ਕਰਕੇ ਐਡੀਸ਼ਨਲ, ਰਿਸੋਰਸਿਜ਼ ਡਿਵੈਲਪਮੈਂਟ ਆਊਟਲੇਜ਼ ਨੂੰ ਇਨਕਰੀਜ਼ ਕਰਨ ਵਾਸਤੇ ਵਰਤੇ ਗਏ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

From table 3.1 it is evident that tax revenue increased from Rs. 27,733.04 lakhs in 1977-78 (Accounts) to Rs. 30,133.51 lakhs in 1978-79 (Revised Estimates) showing an increase of 8.66 per cent over 1977-78 (Accounts). This increase is 24.61 per cent during the year 1979-80 (Budget Estimates) over 1977-78 (Accounts).

ਡਿਪਟੀ ਸਪੀਕਰ ਸਾਹਿਬ, ਜਦੋਂ ਇਨ੍ਹਾਂ ਨੇ ਚਾਰਜ ਸੰਭਾਲਿਆ ਸੀ ਤਾਂ ਬਿਨਾ ਟੈਕਸ ਲਾਇਆਂ ਹੀ 24.6% ਟੈਕਸ ਇਨਕਰੀਜ਼ ਕਰ ਦਿੱਤਾ। ਇਸ ਕਰਕੇ ਸੂਬੇ ਨੇ ਤਰੱਕੀ ਕੀਤੀ, ਸੂਬੇ ਦੀ ਆਮਦਨੀ ਵਧੀ ਅਤੇ ਸਾਡੇ ਰੈਵੇਨਿਊ ਵਿਚ ਵਾਧਾ ਹੋਇਆ। ਉਪਰ ਦੱਸੇ ਤੋਂ ਡਿਪਟੀ ਸਪੀਕਰ ਸਾਹਿਬ, ਪਤਾ ਲਗਦਾ ਹੈ ਕਿ ਉਸ ਵੇਲੇ ਸੂਬੇ ਨੇ ਤਰੱਕੀ ਕੀਤੀ ਹੈ।

ਹੋਰ ਡਿਪਟੀ ਸਪੀਕਰ ਸਾਹਿਬ, ਇਕ ਬੜਾ ਇੰਪਾਰਟੈਂਟ ਡਾਕੂਮੈਂਟ ਸਾਡੇ ਸਾਹਮਣੇ ਆਇਆ, ਜਿਹੜੀ ਇਹ ਲਾਲ ਕਿਤਾਬ ਛੱਪੀ ਹੈ। ਲਾਲ ਕਿਤਾਬਾਂ ਕਈ ਛਪਦੀਆਂ ਰਹਿੰਦੀਆਂ ਹਨ। ਇਸ ਕਿਤਾਬ ਦੀ ਕਿਤੇ ਬੜੀ ਇਜ਼ਤ ਵੀ ਹੁੰਦੀ ਹੈ। ਬਹੁਤ ਸਾਰੀਆਂ ਲਾਲ ਕਿਤਾਬਾਂ ਅੱਡ ਅੱਡ ਮਹਿਕਮਿਆਂ ਦੀਆਂ ਹਨ। ਪੁਲਿਸ ਵਾਲਿਆਂ ਕੋਲ ਵੀ ਲਾਲ ਕਿਤਾਬ ਹੁੰਦੀ ਹੈ। ਇਸ ਲਾਲ ਕਿਤਾਬ ਦਾ ਜ਼ਿਕਰ ਵੀ ਬਜਟ ਵਿਚ ਆਇਆ ਹੈ ਕਿ ਅਸੀਂ ਕੀ ਕਰਨਾ ਹੈ :-

"25-ਨੁਕਾਤੀ ਸਮਾਜਕ-ਆਰਥਕ ਪ੍ਰੋਗਰਾਮ ਅਧੀਨ ਵੱਖ ਵੱਖ ਸਕੀਮਾਂ ਲਈ ਖਰਚ ਦਰਸਾਉਂਦੀ ਪੁਸਤਕ ਹੋਰ ਬਜਟ-ਦਸਤਾਵੇਜ਼ਾਂ ਸਹਿਤ ਮਾਨਯੋਗ ਮੈਂਬਰਾਂ ਵਿਚਕਾਰ ਵੱਖਰੇ ਤੌਰ ਤੇ ਵੰਡੀ ਗਈ ਹੈ।"

ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਕਿਹਾ ਗਿਆ ਹੈ ਕਿ ਜੋ ਕੁਝ ਵਖਰੇ ਤੌਰ ਤੇ ਵੰਡਿਆ ਗਿਆ ਹੈ, ਉਸ ਤੇ ਜ਼ੋਰ ਸ਼ੋਰ ਨਾਲ ਅਮਲ ਕਰਨਾ ਹੈ। ਇਸ ਲਾਲ ਕਿਤਾਬ ਵਿਚ 25-ਨੁਕਾਤੀ ਪਰੋਗਰਾਮ ਸੀ, ਜਿਸ ਨੂੰ ਘਟਾ ਕੇ 11 ਨੁਕਾਤੀ ਪਰੋਗਰਾਮ ਬਣਾ ਦਿੱਤਾ ਗਿਆ ਹੈ। ਇਸ ਬਜਟ ਵਿਚ ਸਿਰਫ 11-ਨੁਕਾਤੀ ਪਰੋਗਰਾਮ ਦਾ ਹੀ ਜ਼ਿਕਰ ਕੀਤਾ ਗਿਆ ਹੈ, ਬਾਕੀਆਂ ਦਾ ਕੋਈ ਜ਼ਿਕਰ ਬਜਟ ਵਿਚ ਨਹੀਂ ਕੀਤਾ ਗਿਆ।

ਇਸ ਬਾਰੇ ਸਰਦਾਰ ਬਲਵੰਤ ਸਿੰਘ ਜੀ ਹੋਰਾਂ ਨੇ ਵੀ ਇਨ੍ਹਾਂ ਨੁਕਤਿਆਂ ਦਾ ਜ਼ਿਕਰ ਕੀਤਾ ਸੀ, ਮੈਂ ਉਹ ਦੁਹਰਾਉਣਾ ਨਹੀਂ ਚਾਹੁੰਦਾ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਨੁਕਤਾ ਇਹ ਹੈ ਕਿ:-

"Continuance of steps to bring down prices of essential commodities. Streamlined production, procurement and distribution of essential commodities."

ਹੁਣ ਪਹਿਲਾਂ ਸਟੈਪ ਇਹ ਲੈਣਾ ਸੀ ਕਿ ਕੀਮਤਾਂ ਘੱਟਾ ਦਿਤੀਆਂ ਜਾਣ। ਅਸੈਨਸ਼ੀਅਲ ਕਮੋਡਿਟੀਜ਼ ਵਿਚ ਕੀ ਆਉਂਦਾ ਹੈ, ਆਟਾ, ਖੰਡ, ਦਾਲਾਂ, ਘਿਉ, ਫੀਊਲ, ਆਇਲ, ਬਰਿਕਸ, ਕੈਰੋਸੀਨ ਅਤੇ ਹੋਰ ਲੋੜਵੰਦ ਸਾਰੀਆਂ ਚੀਜ਼ਾਂ ਆ ਜਾਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਬਜਾਏ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਭਾਅ ਘੱਟਣ ਦੇ ਸਗੋਂ ਚੀਜ਼ਾਂ ਦੇ ਭਾਅ ਵੱਧ ਰਹੇ ਹਨ। ਅਸੈਨਸ਼ੀਅਲ ਕਮੋਡਿਟੀਜ਼ ਚੀਜ਼ਾਂ ਦੇ ਭਾਅ ਬਹੁਤ ਵੱਧ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਮੈਨੂੰ ਕਿਸੇ ਇਕ ਚੀਜ਼ ਦਾ ਨਾਂ ਲੈ ਕੇ ਦੱਸਣ ਕਿ ਫਲਾਣੀ ਚੀਜ਼ ਦਾ ਭਾਅ ਘੱਟ ਗਿਆ ਹੈ ਜਾਂ ਕਿਸੇ ਗਰੀਬ ਨੂੰ ਕੋਈ ਚੀਜ਼ ਸਸਤੀ ਦਿਤੀ ਹੋਵੇ। (ਵਿਘਨ) ਇਹ ਪਹਿਲਾ ਨੁਕਤਾ ਹੈ। (ਆਵਾਜ਼ਾਂ: ਰੁਪਏ ਦੀ ਕੀਮਤ ਵੀ ਬਹੁਤ ਘਟ ਗਈ।) ਹਾਂ ਰੁਪਏ ਦੀ ਕੀਮਤ ਜ਼ਰੂਰ ਘੱਟ ਗਈ ਹੈ।

ਸ਼੍ਰੀ ਡਿਪਟੀ ਸਪੀਕਰ: ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਤੁਸੀਂ ਹੋਰ ਕਿਤਨਾ ਸਮਾਂ ਲਵੋਗੇ ਕਿਉਂਕਿ ਹੋਰ ਬੰਦਿਆਂ ਨੇ ਵੀ ਤੁਹਾਡੀ ਪਾਰਟੀ ਵਿਚੋਂ ਬੋਲਣਾ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਬਰਨਾਲਾ : ਡਿਪਟੀ ਸਪੀਕਰ ਸਾਹਿਬ, ਅਜੇ ਤਾਂ ਮੈਂ ਸ਼ੁਰੂ ਹੀ ਕੀਤਾ ਹੈ। ਫਿਰ ਵੀ ਮੈਂ ਸਾਰੇ ਪੁਆਇੰਟਾਂ ਨੂੰ ਛੋਤੀ ਕਵਰ ਕਰਨ ਦੀ ਕੋਸ਼ਿਸ਼ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਡੀਜ਼ਲ ਅਤੇ ਖਾਦ ਦੀਆਂ ਕੀਮਤਾਂ ਵਧਣ ਨਾਲ ਹੋਰ ਚੀਜ਼ਾਂ ਵੀ ਮਹਿੰਗੀਆਂ ਹੋਣਗੀਆਂ। ਕਿਸਾਨਾਂ ਨੂੰ ਕੋਈ ਰਾਹਤ ਨਹੀਂ ਮਿਲੀ। ਗਰੀਬਾਂ ਨੂੰ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ। ਸੀਮਿਟ ਮਿਲਣਾ ਹੀ ਬੰਦ ਹੋ ਗਿਆ ਹੈ। ਖੰਡ, ਗੁੜ ਦਾ ਜੋ ਹਾਲ ਹੈ, ਉਸ ਬਾਰੇ ਤੁਸੀਂ ਸਾਰੇ ਜਾਣਦੇ ਹੀ ਹੋ। ਦਾਲਾਂ ਮਹਿੰਗੀਆਂ ਹੋ ਗਈਆਂ ਹਨ। ਅਸੈਨਸ਼ੀਆਲ ਕਮੋਡਿਟੀਜ਼ ਦੀਆਂ ਸਾਰੀਆਂ ਚੀਜ਼ਾਂ ਮਹਿੰਗੀਆ ਹੋ ਗਈਆਂ ਹਨ। ਅਗਲਾ ਨੁਕਤਾ ਦੂਸਰਾ ਜੋ ਹੈ :—

"Implementation of agricultural land ceilings and speedier distribution of surplus land and compilation of land records."

ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਪਹਿਲਾਂ ਹਰਚੰਦ ਸਿੰਘ ਕਮੇਟੀ ਬਣੀ ਸੀ ਅਤੇ ਉਸ ਕਮੇਟੀ ਨੇ ਰਿਪੋਰਟ ਵੀ ਦਿੱਤੀ ਸੀ ਜੋ ਕਿ ਬੜੀ ਇੰਪਾਰਟੈਂਟ ਰਿਪੋਰਟ ਸੀ ਪਰ ਕਾਂਗਰਸੀਆਂ ਨੇ ਉਸ ਰਿਪੋਰਟ ਨੂੰ ਸ਼ਰਦਖਾਨੇ ਵਿਚ ਸੁੱਟ ਦਿੱਤਾ। ਬਹੁਤ ਸਾਰੇ ਕਾਂਗਰਸੀਆਂ ਨੇ ਭੁੰਜੇ ਦੱਬੀ ਹੋਈ ਸੀ ਅਤੇ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਉਹ ਦੱਬੀ ਹੋਈ ਜ਼ਮੀਨ ਨੂੰ ਮੁੜ ਵਾਪਸ ਕੀਤਾ ਜਾਵੇ। ਲੇਕਿਨ ਇਸ ਬਜਟ ਵਿਚ ਉਸ ਰਿਪੋਰਟ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਉਹ ਜ਼ਮੀਨ ਜਿਨ੍ਹਾਂ ਦੇ ਹੱਥ ਵਿਚ ਆ ਗਈ ਸੀ, ਉਹ ਵੱਡੇ ਆਦਮੀ ਉਸ ਜ਼ਮੀਨ ਨੂੰ ਵੇਚ ਵੇਚ ਕੇ ਪੈਸਾ ਕਮਾ ਰਹੇ ਹਨ। ਅਗਲਾ ਪੁਆਇੰਟ ਜੋ ਮੈਂ ਲੈਣਾ ਚਾਹੁੰਦਾ ਹਾਂ, ਉਹ ਸੱਤਵਾਂ ਪੁਆਇੰਟ ਆਉਂਦਾ ਹੈ। ਇਹ ਸੱਤਵਾਂ ਪੁਆਇੰਟ ਲਾਲ ਕਿਤਾਬ ਵਿਚ ਹੈ। "Five Million more hectares to be brought under irrigation." ਇਸ ਨੂੰ ਡਿਪਟੀ ਸਪੀਕਰ ਸਾਹਿਬ, ਮੌਡੀਫਾਈ ਕਰਨਾ ਚਾਹੀਦਾ ਹੈ। ਜਿਸ ਵੇਲੇ 20 ਨੁਕਾਤੀ ਪ੍ਰੋਗਰਮ ਦਿੱਤਾ ਸੀ, ਉਸ ਵੇਲੇ ਇਹ ਗੱਲ ਠੀਕ ਸੀ ਕਿ 50 ਲੱਖ ਹੈਕਟੇਅਰ ਰਕਬਾ ਹੋਰ ਸੈਰਾਬ ਕੀਤਾ ਜਾਵੇਗਾ। ਪਰ 1977–78 ਵਿਚ 2.7 ਮਿਲੀਅਨ ਹੈਕਟੇਅਰ ਵਿਚੋਂ ਨਵੀਂ ਇਰੀਗੇਸ਼ਨ ਹੋਈ ਸੀ ਅਤੇ 1978–79 ਵਿਚ 2.9 ਮਿਲੀਅਨ ਹੈਕਟੇਅਰ ਹੋਰ ਵਧੀ ਸੀ। ਇਸ ਤਰ੍ਹਾਂ 5.6 ਮਿਲੀਅਨ ਹੈਕਟੇਅਰਜ਼ ਵਧ ਸੈਰਾਬ ਹੋ ਚੁੱਕੀ ਹੈ। ਸੋ ਪਹਿਲਾਂ ਹੀ ਇਸ ਟੀਚੇ ਤੋਂ ਵੱਧ ਕੰਮ ਹੋ ਚੁੱਕਾ ਹੈ। 2.7 ਮਿਲੀਅਨ ਹੈਕਟੇਅਰ ਨਵੀਂ ਸਿੰਜਾਈ ਇਕ ਸਾਲ ਵਿਚ ਵਧਾਉਣਾ ਸੰਸਾਰ ਦਾ ਨਵਾਂ ਰਿਕਾਰਡ ਹੈ। ਹੋਰ ਕਿਸੇ ਦੇਸ਼ ਨੇ ਇਤਨੀ ਸਿੰਚਾਈ ਇਕ ਸਾਲ ਵਿਚ ਹਾਸਲ ਨਹੀ ਕੀਤੀ, ਮੈਂ ਲੋਕਾਂ ਦੀ ਕ੍ਰਿਪਾ ਨਾਲ ਸਦ ਸਿੰਚਾਈ ਮਹਿਕਮੇ ਦਾ ਮੰਤਰੀ ਸਾਂ ਉਦੋਂ ਇਹ ਪ੍ਰਾਪਤ ਹੋਈ ਸੀ। ਇਹ ਅਚੀਵਮੈਂਟ ਹੋ ਚੁੱਕੀ ਹੈ। ਇਸ ਲਈ ਇਸਨੂੰ ਮੌਡੀਫਾਈ ਕਰਨਾ ਚਾਹੀਦਾ ਹੈ।

ਅਗਲੀ ਦਸਵੇਂ ਨੰਬਰ ਉ ਬੜੀ ਇੰਪਾਰਟੈਂਟ ਚੀਜ਼ ਹੈ। "Improvement in quality and supply of peoples cloth" ਇਹ ਡਿਪਟੀ ਸਪੀਕਰ ਸਾਹਿਬ, ਚੰਗੀ ਗੱਲ ਹੈ ਕਿ ਗਰੀਬ ਲੋਕਾਂ ਨੂੰ ਪਹਿਨਣ ਲਈ ਕਪੜਾ ਮਿਲਣਾ ਚਾਹੀਦਾ ਹੈ। ਪਰ ਇਸ ਬਾਰੇ ਵੀ ਬਜਟ ਵਿਚ ਕੋਈ ਜ਼ਿਕਰ ਤਕ ਨਹੀਂ ਕੀਤਾ ਗਿਆ। (ਵਿਘਨ)

ਇਸ ਤੋਂ ਅਗੇ ਡਿਪਟੀ ਸਪੀਕਰ ਸਾਹਿਬ, ਮੈਂ 18ਵੇਂ ਪੁਆਇੰਟ ਨੂੰ ਲੈਂਦਾ ਹਾਂ। 18ਵਾਂ ਪੁਆਇੰਟ ਇਹ ਹੈ ਕਿ "Essential commodities at controlled prices to students in hostels." ਡਿਪਟੀ ਸਪੀਕਰ ਸਾਹਿਬ, ਸਟੂਡੈਂਟਸ ਨੂੰ ਹੋਸਟਲ ਵਿਚ ਚੀਜ਼ਾਂ ਸਸਤੀਆਂ ਮਿਲਣੀਆਂ ਚਾਹੀਦੀਆਂ ਹਨ। ਅੱਜ ਕੱਲ ਦੇਸੀ ਘੀ ਤਾਂ ਨਹੀਂ ਸਟੂਡੈਂਟਸ ਨੂੰ ਮਿਲਦਾ ਘੱਟੋ ਘੱਟ ਬਨਸਪਤੀ ਘੀ ਤਾਂ ਸੱਸਤਾ ਮਿਲੇ। ਹੋਰ ਸਟੂਡੈਂਟਸ ਨੂੰ ਜ਼ਰੂਰੀ ਚੀਜ਼ਾਂ ਖਾਣ ਪੀਣ ਵਾਲੀਆਂ ਉਥੇ ਹੋਸਟਲ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਸਸਤੀਆਂ ਮਿਲਣੀਆਂ ਚਾਹੀਦੀਆਂ ਹਨ। ਪਰ ਬਜਟ ਵਿਚ ਇਸ ਪੁਆਇੰਟ ਨੂੰ 19ਵੇਂ ਪੁਆਇੰਟ ਨਾਲ ਹੀ ਜੋੜ ਦਿਤਾ ਗਿਆ ਹੈ ਅਤੇ 18ਵੇਂ ਪੁਆਇੰਟ ਬਾਰੇ ਬਜਟ ਵਿਚ ਕੋਈ ਜ਼ਿਕਰ ਨਹੀਂ ਅਤੇ ਸਿਰਫ 19ਵੇਂ ਪੁਆਇੰਟ ਵਿਚ 20-22 ਲੱਖ ਰੁਪਏ ਦਾ ਜ਼ਿਕਰ ਕੀਤਾ ਗਿਆ ਹੈ ਜੋ ਕਿ ਕਿਤਾਬਾਂ ਅਤੇ ਸਟੇਸ਼ਨਰੀ ਬਾਰੇ ਹੈ। ਡਿਪਟੀ ਸਪੀਕਰ ਸਾਹਿਬ, 18ਵੇਂ ਨੁਕਤੇ ਨੂੰ ਇਹ ਖਾ ਗਏ ਹਨ। ਇਸ ਤਰ੍ਹਾਂ ਪੰਜ ਨੁਕਤਿਆਂ ਵਿਚੋਂ ਸਿਰਫ ਤਿੰਨ ਨੁਕਤਿਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ 20 ਨੁਕਤਿਆਂ ਵਿਚੋਂ ਸਿਰਫ 8 ਨੁਕਤਿਆਂ ਦਾ ਜ਼ਿਕਰ ਹੀ ਕੀਤਾ ਗਿਆ ਹੈ। ਇਸ ਤਰਾਂ ਕੁੱਲ 25 ਨੁਕਤਿਆਂ ਵਿਚੋਂ 11 ਨੁਕਤਿਆਂ ਦਾ ਜ਼ਿਕਰ ਕੀਤਾ ਗਿਆ ਹੈ। (ਵਿਘਨ) ਫਿਰ, ਡਿਪਟੀ ਸਪੀਕਰ ਸਾਹਿਬ, ਲਾਲ ਕਿਤਾਬ ਵਿਚ ਫੈਮਿਲੀ ਪਲੈਨਿੰਗ ਦਾ ਜ਼ਿਕਰ ਕੀਤਾ ਗਿਆ ਹੈ। ਇਹ ਠੀਕ ਹੈ ਕਿ ਫੈਮਿਲੀ ਪਲੈਨਿਗ ਹੋਣੀ ਚਾਹੀਦੀ ਹੈ। ਪਰ ਫੈਮਿਲੀ ਪਲੈਨਿੰਗ ਕਰਨ ਦਾ ਸਹੀ ਢੰਗ ਹੋਣਾ ਚਾਹੀਦਾ ਹੈ। ਪਹਿਲ ਵਾਲੀ ਫੈਮਿਲੀ ਪਲੈਨਿੰਗ ਨਾ ਹੋਵੇ, ਜਿਸ ਕਾਰਨ ਤੁਹਾਨੂੰ ਲੋਕਾਂ ਨੇ ਆਪੋਜ਼ੀਸ਼ਨ ਵਲ ਬਿਠਾ ਦਿਤਾ ਸੀ। ਇਸ ਲਈ ਫੈਮਿਲੀ ਪਲੈਨਿੰਗ ਸਹੀ ਢੰਗ ਨਾਲ ਕੀਤੀ ਜਾਵੇ। ਦੂਸਰਾ ਇੱਕ ਪੁਆਇੰਟ ਟਰੀ ਪਲਾਂਟੇਸ਼ਨ ਦਾ ਰਖਿਆ। ਇਸ ਤੇ ਅਸੀਂ ਬਹੁਤ ਖੁਸ਼ ਹਾਂ। ਜੰਗਲਾਤ ਦੀ ਸਾਰੇ ਦੇਸ਼ ਅੰਦਰ ਲੋੜ ਹੈ। ਸਾਡੇ ਸੂਬੇ ਅੰਦਰ ਖਾਸ ਕਰਕੇ ਦਰਖਤਾਂ ਦੀ ਬਹੁਤ ਲੋੜ ਹੈ ਕਿਉਂਕਿ ਸਾਡੇ ਇਥੇ ਜੰਗਲਾਤ ਅੱਗੇ ਹੀ ਬਹੁਤ ਘੱਟ ਹਨ। ਟਰੀ ਪਲਾਂਟੇਸ਼ਨ ਵਾਸਤੇ ਕੁਝ ਹੋਰ ਪੋਵੀਜ਼ਨ ਕੀਤੀ ਜਾਏ ਤਾਂ ਠੀਕ ਰਹੇਗਾ। ਇਨ੍ਹਾਂ ਨੇ ਕਿਹਾ ਹੈ ਕਿ ਜੋ ਪੌਦਾ ਪਹਿਲਾਂ 15 ਪੈਸੇ ਦਾ ਮਿਲਿਆ ਕਰਦਾ ਸੀ, ਉਹ ਹੁਣ 10 ਪੈਸੇ ਦਾ ਦਿਆ ਕਰਾਂਗੇ। ਠੀਕ ਹੈ ਰਿਆਇਤ ਦੇਣੀ ਚਾਹੀਦੀ ਹੈ ਬਲਕਿ ਮੈਂ ਤਾਂ ਕਹਿੰਦਾ ਹਾਂ ਕਿ ਇਨਸੈਂਟਿਵਜ਼ ਦੇਣੇ ਚਾਹੀਦੇ ਹਨ ਕਿ ਜਿਹੜਾ ਐਨੇ ਦਰਖਤ ਲਗਾਏਗਾ। ਉਸ ਨੂੰ ਇਹ ਸਹੂਲਤ ਦਿਤੀ ਜਾਏਗੀ। ਉਸ ਦੀ ਖਾਦ ਸਬਸਿਡਾਈਜ਼ ਕਰਕੇ ਦਿਆਂਗੇ, ਐਸੇ ਇਨਸੈਂਟਿਵਜ਼ ਦੇਣੇ ਚਾਹੀਦੇ ਹਨ।

ਮੈਂ ਇਸ ਬਜਟ ਨੂੰ ਖੁਲ੍ਹੇ ਤੌਰ ਤੇ ਕਿਸਾਨ ਮਾਰੂ ਕਹਾਂਗਾ। (ਥੰਪਿੰਗ) ਇਹ ਸਿਰਫ ਕਿਸਾਨ ਮਾਰੂ ਬਜਟ ਹੀ ਨਹੀਂ ਹੈ ਬਲਕਿ ਗਰੀਬ ਮਾਰੂ ਬਜਟ ਵੀ ਹੈ। ਇਹ ਸਾਰੇ ਗਰੀਬਾਂ ਨੂੰ ਮਾਰਣ ਵਾਲਾ ਬਜਟ ਬਣਾਇਆ ਹੈ। ਇਸ ਵਿਚ ਕੋਈ ਗਲ ਵੀ ਕਿਸਾਨਾਂ ਦੇ ਹੱਕ ਦੀ ਨਹੀਂ ਹੈ। ਇਨ੍ਹਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਹਰ ਚੀਜ਼ ਦਾ ਭਾਵੇਂ ਡੀਜ਼ਲ ਹੈ, ਫਰਟੇਲਾਈਜ਼ਰ ਹੈ, ਇੱਟਾਂ ਹਨ, ਸੀਮਿੰਟ ਹੈ ਜਾਂ ਕੋਈ ਹੋਰ ਚੀਜ਼ ਹੈ, ਇਨ੍ਹਾਂ ਸਾਰੀਆਂ ਚੀਜ਼ਾਂ ਦੇ ਰੇਟਸ ਬਹੁਤ ਵਧੇ ਹਨ। ਜਿਸ ਨੇ ਟਰੈਕਟਰ ਰਖਿਆ ਹੋਇਆ ਹੈ, ਉਸ ਲਈ ਸਪੇਅਰ ਪਾਰਟਸ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ ਅੱਜ ਲੋਹੇ ਦੀ ਪ੍ਰਾਈਸ ਵਿਚ ਵੀ ਵਾਧਾ ਹੋਇਆ ਹੈ। ਹਰ ਚੀਜ਼ ਵਿਚ 10% ਹੀ ਨਹੀਂ ਬਲਕਿ 15% ਤੋਂ 20% ਤਕ ਕੀਮਤਾਂ ਵਿਚ ਵਾਧਾ ਹੋਇਆ ਹੈ। ਇਨ੍ਹਾਂ ਨੇ ਆਖਿਆ ਹੈ ਕਿ ਕਿਸਾਨਾਂ ਨੂੰ ਸਹੂਲਤਾਂ ਦਿਆਂਗੇ। ਇਸ ਬਾਰੇ ਮੈਂ ਕਹਾਂਗਾ ਕਿ ਕੁਝ ਸਹੂਲਤਾਂ ਤਾਂ ਇਹ ਅੱਗੇ ਹੀ ਕਿਸਾਨਾਂ ਨੂੰ ਦੇ ਬੈਠੇ ਹਨ, ਜਿਨ੍ਹਾਂ ਦਾ ਜ਼ਿਕਰ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਬੋਲਦਿਆਂ ਹੋਇਆਂ ਕੀਤਾ ਸੀ ਅਤੇ ਉਸ ਨਾਲ ਯਸ਼ ਜੀ ਨੇ ਅੰਗਰੀ ਕੀਤਾ ਸੀ ਕਿ 165 ਕਰੋੜ ਰੁਪਏ ਦਾ ਭਾਰ ਇਹ ਪੰਜਾਬ ਦੇ ਕਿਸਾਨ ਤੇ ਪਾ ਚੁੱਕੇ ਹਨ। ਹੋਰ ਸਹੂਲਤਾ ਦੇਣ ਬਾਰੇ ਬਜਟ ਵਿਚ ਇੰਡੀਕੇਸ਼ਨ ਮਿਲਦੀ ਹੈ ਕਿ ਕਿਸਾਨ ਨੂੰ ਬਿਜਲੀ ਸਸਤੀ ਮਿਲ ਰਹੀ ਹੈ। ਇਸ ਨੂੰ ਨਹਿਰ ਦਾ ਪਾਣੀ ਸਸਤਾ ਮਿਲ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਐਸੀ ਗਲਤੀ ਨਾ ਕਰ ਬੈਠਿਓ ਕਿਤੇ ਬਿਜਲੀ ਦੇ ਰੇਟ, ਨਹਿਰੀ ਪਾਣੀ ਦੇ ਰੇਟ ਵਧਾਉਣ ਵਾਲੇ ਪਾਸੇ ਨਾ ਤੁਰ ਪਇਓ। ਜੇ ਇਸ ਤਰ੍ਹਾਂ ਕੀਤਾ ਗਿਆ ਤਾਂ ਕਿਸਾਨ ਮਾਰਿਆ ਜਾਏਗਾ ਅੱਗੇ ਉਠ ਨਹੀਂ ਸਕੇਗਾ। ਉਸ ਦੀ ਹਾਲਤ ਭੈੜੀ ਹੋ ਜਾਏਗੀ। ਪਹਿਲਾਂ ਹੀ ਉਸ ਤੇ ਕਾਫੀ ਭਾਰ ਪਾਇਆ ਜਾ ਚੁਕਾ ਹੈ ਅੱਗੇ ਜੇਕਰ ਹੋਰ ਭਾਰ ਉਸ ਤੇ ਪਾਇਆ ਗਿਆ ਤਾਂ ਉਹ ਬਰਦਾਸ਼ਤ ਨਹੀਂ ਕਰ ਸਕੇਗਾ।

ਇਨ੍ਹਾਂ ਨੇ ਕਿਹਾ ਹੈ ਕਿ ਕਿਸਾਨਾਂ ਵਾਸਤੇ ਕੁਝ ਕਰਨ ਲਗੇ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਰਾਜ ਵਿਚ ਖੇਤੀ ਬਾੜੀ ਦੀ ਉਪਜ ਨੂੰ ਹੋਰ ਵਧਾਉਣ ਲਈ ਕਿਸਾਨਾਂ ਨੂੰ ਉਤਸ਼ਾਹ ਦੇਣ ਵਾਲਾ ਇਕ

Original with;
Punjab Vidhan Sabha
Digitized by;
Panjab Digital Library

ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਇਸ ਮੰਤਵ ਲਈ 1980-81 ਵਿਚ 5 ਕਰੋੜ ਰੁਪਏ ਦਾ ਪਰਬੰਧ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਇਹ 5 ਕਰੋੜ ਰੁਪਏ ਦੇ ਰਹੇ ਹਨ, ਜਦ ਕਿ 165 ਕਰੋੜ ਰੁਪਏ ਦਾ ਬੋਝ ਕਿਸਾਨ ਤੇ ਪਾ ਦਿੱਤਾ ਗਿਆ ਹੈ ਅਤੇ ਹਾਲੇ ਹੋਰ ਵਿਉਂਤਾਂ ਬਣਾ ਰਹੇ ਹਨ ਕਿ ਹੋਰ ਕਿਥੇ ਕਿਥੇ ਇਸ ਨੂੰ ਕੁੱਟਿਆ ਜਾਏ।

ਪੇਜ਼-17 ਤੇ ਦੱਸਿਆ ਗਿਆ ਹੈ ਕਿ ਕਿਸਾਨਾਂ ਦਾ ਸਾਨੂੰ ਬੜਾ ਖਿਆਲ ਹੈ। ਭਾਰਤ ਸਰਕਾਰ ਦੁਆਰਾ ਖਾਦ ਅਤੇ ਡੀਜ਼ਲ ਦੀਆਂ ਹੁਣੇ ਵਧੀਆਂ ਕੀਮਤਾਂ ਤੇ ਸਰਕਾਰ ਚਿੰਤਕ ਹੈ ਅਤੇ ਰਾਜ ਦੇ ਕਿਸਾਨ ਦੀ ਵਾਜਬ ਪੂਰਤੀ ਲਈ ਸੱਚੇ ਦਿਲੋਂ ਕੋਸ਼ਿਸ਼ ਕਰੇਗੀ। ਇਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਚਿੰਤਾ ਬਹੁਤ ਹੋ ਗਈ ਹੈ ਕਿ 165 ਕਰੋੜ ਰੁਪਏ ਦਾ ਬੋਝ ਪਾਇਆ ਗਿਆ ਹੈ। ਐਨਾ ਵੱਡਾ ਬੋਝ ਪਾਇਆ ਗਿਆ ਹੈ ਮਹਿਜ਼ ਚਿੰਤਾ ਕਰਨ ਨਾਲ ਕੁਝ ਨਹੀਂ ਬਣੇਗਾ। ਇਥੇ ਜ਼ਿਕਰ ਚਲਿਆ ਹੈ ਕਿ ਜੀਰੀ ਦਾ ਭਾਅ 110 ਰੁਪਏ ਕੁਇੰਟਲ ਹੋਣਾ ਚਾਹੀਦਾ ਹੈ। ਇਹ ਕਹਿੰਦੇ ਹਨ ਕਿ ਭਾਅ ਵਧਦੇ ਹੀ ਰਹਿੰਦੇ ਹਨ। ਚੀਫ ਮਨਿਸਟਰ ਸਾਹਿਬ ਨੇ ਆਪਣੀ ਸਟੇਟਮੈਂਟ ਵਿਚ ਕਿਹਾ ਹੈ ਕਿ ਹਰ ਸਾਲ ਭਾਅ ਵਧਦੇ ਰਹਿੰਦੇ ਹਨ। ਪਰ 1974-75, 1975-76 ਅੱਤੇ 1976-77 ਇਨ੍ਹਾਂ ਤਿੰਨਾਂ-ਚਾਰਾਂ ਸਾਲਾਂ ਵਿਚ ਕਣਕ ਦਾ ਭਾਅ 105 ਰੁਪਏ ਕੁਇੰਟਲ ਹੀ ਰਿਹਾ ਅੱਤੇ ਚੌਲਾਂ ਦਾ ਭਾਅ 74 ਰੁਪਏ ਕੁਇੰਟਲ ਰਿਹਾ। ਭਾਅ ਉਦੋਂ ਵਧਿਆ ਜਦੋਂ ਪੰਜਾਬ ਵਿਚੋਂ ਕਿਸਾਨ ਵਜ਼ੀਰ ਸੈਂਟਰ ਵਿਚ ਜਾ ਕੇ ਬੈਠਾ। ਪਿਛਲੇ 30 ਸਾਲਾਂ ਵਿਚ ਕੋਈ ਪੰਜਾਬੀ ਖੇਤੀਬਾੜੀ ਦਾ ਮਨਿਸਟਰ ਸੈਂਟਰ ਵਿਚ ਨਹੀਂ ਬਣਾਇਆ ਗਿਆ। ਪੰਜਾਬ ਜੋ ਕਿ ਸਾਰੇ ਦੇਸ਼ ਨੂੰ ਅੰਨ ਦੇਣ ਵਾਲਾ ਸੂਬਾ ਹੈ, ਜਿਥੋਂ ਬੜੇ ਅੱਛੇ ਅੱਛੇ ਬੰਦੇ ਸੈਂਟਰ ਵਿਚ ਜਾਂਦੇ ਰਹੇ ਹਨ, ਜਿਸ ਤਰ੍ਹਾਂ ਕਿ ਸਰਦਾਰ ਸਵਰਣ ਸਿੰਘ ਸੀ, ਮੈਂ ਹੋਰਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ। ਪਰ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਨੂੰ ਸੈਂਟਰਲ ਸਰਕਾਰ ਨੇ ਕ੍ਰਿਸ਼ੀ ਭਵਨ ਵਿਚ ਨਹੀਂ ਆਉਣ ਦਿੱਤਾ ਤਾਕਿ ਕਿਤੇ ਪੰਜਾਬ ਵਿਚ ਖੇਤੀਬਾੜੀ ਦੀ ਤਰੱਕੀ ਨਾ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਭਾਵੇਂ ਇਹ ਸਾਡੇ ਭਰਾ ਉਤੋਂ ਉਤੋਂ ਕੁਝ ਕਹਿੰਦੇ ਰਹਿਣ, ਪਰ ਦਿਲੋਂ ਇਹ ਜਾਣਦੇ ਹਨ ਕਿ ਜੇ ਕ੍ਰਿਸ਼ੀ ਦੀ ਤਰੱਕੀ ਹੋਈ ਤਾਂ ਉਹ ਉਸ ਪੀਰੀਅਡ ਵਿਚ ਹੀ ਹੋਈ ਜਦੋਂ ਪੰਜਾਬੀ ਸੈਂਟਰ ਵਿਚ ਖੇਤੀਬਾੜੀ ਮੰਤਰੀ ਬਣਾਇਆ ਗਿਆ। ਪਹਿਲੀ ਵਾਰੀ 1977-78 ਵਿਚ ਜਦੋਂ ਪੰਜਾਬ ਦੇ ਨੁਮਾਇੰਦੇ ਵਜੋਂ ਸੈਂਟਰ ਵਿਚ ਮੰਤਰੀ ਬਣਿਆ ਉਦੋਂ ਪਹਿਲੀ ਵਾਰੀ ਖਾਦ ਦੀਆਂ ਕੀਮਤਾਂ ਵਿਚ ਘਾਟਾ ਕੀਤਾ। ਉਦੋਂ ਖਾਦ ਦੇ ਭਾਅ ਘਟੇ ਸਨ ਅਤੇ ਨਾਲ ਹੀ ਅਨਾਜ ਦੇ ਭਾਅ 5 ਰੁਪਏ ਕੁਇੰਟਲ ਵਧੇ ਸਨ ਅੱਤੇ 8 ਰੁਪਏ ਕੁਇੰਟਲ ਮੂੰਜੀ ਦੇ ਭਾਅ ਵਧੇ ਸਨ। ਉਸ ਦੇ ਬਅਦ ਹਰ ਸਾਲ ਚੀਜ਼ਾਂ ਦੇ ਭਾਅ ਵਧਦੇ ਹੀ ਰਹੇ ਹਨ। ਪਰ ਇਸ ਦੇ ਨਾਲ ਨਾਲ ਜੋ ਐਗਰੀਕਲਚਰਲ ਇਨਪੁੱਟਸ ਹਨ, ਉਹ ਵੀ ਸਸਤੇ ਕੀਤੇ ਜਾਣੇ ਚਾਹੀਦੇ ਹਨ, ਉਸ ਨਾਲ ਜ਼ਿਆਦਾ ਲਾਭ ਹੋਏਗਾ। (ਵਿਘਨ) ਮੈਂ ਛੇਤੀ ਖਤਮ ਕਰਨ ਦੀ ਕੋਸ਼ਿਸ਼ ਕਰਾਂਗਾ। ਮੈਂ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਐਗਰੀਕਲਚਰਲ ਇੰਪਲੀਮੈਂਟਸ ਤੇ ਸੇਲਜ਼ ਟੈਕਸ ਹਟਾ ਦੇਣਾ ਚਾਹੀਦਾ ਹੈ। ਐਫ. ਐਮ. ਸਾਹਿਬ ਨੇ ਜਦੋਂ ਜਵਾਬ ਦੇਣਾ ਹੈ ਤਾਂ ਉਸ ਵੇਲੇ ਵੀ ਹੋਰ ਵਿਆਇਤਾਂ ਦਿੱਤੀਆਂ ਜਾ ਸਕਦੀਆਂ ਹਨ। ਉਸ ਵੇਲੇ ਜਨਤਾ ਨੂੰ ਖੁਸ਼ ਕਰਨ ਵਾਸਤੇ, ਸ਼ਹੀ ਗੱਲ ਲਿਆਉਣ ਵਾਸਤੇ ਕੁਝ ਨਾ ਕੁਝ ਉਸ ਵੇਲੇ ਕਿਹਾ ਜਾਂਦਾ ਹੈ। ਜੋ ਚੀਜ਼ਾਂ ਖੇਤੀਬਾੜੀ ਵਿਚ ਕੰਮ ਆਉਂਦੀਆਂ ਹਨ, ਜਿਸ ਤਰ੍ਹਾਂ ਕਿ ਐਗਰੀਕਲਚਰਲ ਇੰਪਲੀਮੈਂਟਸ, ਡੀਜ਼ਲ ਵਗੈਰਾ ਇਨ੍ਹਾਂ ਚੀਜ਼ਾਂ ਤੇ ਟੈਕਸ ਹਟਾ ਦੇਣੇ ਚਾਹੀਦੇ ਹਨ। ਖਾਦ ਸਬਸਿਡਾਈਜ਼ ਕਰਕੇ ਦੇਣੀ ਚਾਹੀਦੀ ਹੈ। ਕੁਝ ਨਾ ਕੁਝ ਕਿਸਾਨਾਂ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਕਿਸੇ ਤਰੀਕੇ ਨਾਲ ਜੋ ਚੀਜ਼ਾਂ ਖੇਤੀਬਾੜੀ ਲਈ ਕਿਸਾਨ ਨੂੰ ਚਾਹੀਦੀਆਂ ਹਨ, ਉਨ੍ਹਾਂ ਦੀਆਂ ਕੀਮਤਾਂ ਘੱਟ ਜਾਣ, ਐਨਾ ਹੀ ਅਸੀਂ ਚਾਹੁੰਦੇ ਹਾਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਇਥੇ ਖਾਲੇ ਪੱਕੇ ਕਰਨ ਬਾਰੇ ਗਲ ਚਲਦੀ ਰਹੀ ਹੈ। ਕਈ ਜਗ੍ਹਾ ਮੱਲੋਮੱਲੀ ਖਾਲੇ ਪੱਕੇ ਕਰ ਦਿੱਤੇ ਗਏ ਹਨ। ਅਸੀਂ ਚਾਹੁੰਦੇ ਹਾਂ ਕਿ 50% ਸਰਕਾਰ ਜ਼ਰੂਰ ਆਪਣਾ ਸ਼ੇਅਰ ਇਸ ਵਿਚ ਪਾਏ। ਇਥੇ ਬੋਲਦਿਆਂ ਹੋਇਆਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਦਾ ਫੈਸਲਾ ਆ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਰਟਾਂ ਦੇ ਫੈਸਲੇ ਆਉਂਦੇ ਰਹਿੰਦੇ ਹਨ ਅਤੇ ਕੁਝ ਤਰੀਕੇ ਹੁੰਦੇ ਹਨ, ਜਿਨ੍ਹਾਂ ਰਾਹੀਂ ਇਕ ਪਾਸੇ ਹੋਕੇ ਨਿਕਲ ਜਾਈਦਾ ਹੈ, ਐਸਾ ਤਰੀਕਾ ਲਭਣਾ ਚਾਹੀਦਾ ਹੈ। ਪੱਕੇ ਖਾਲਿਆਂ ਬਾਰੇ ਸਾਰੇ ਪੰਜਾਬ ਵਿਚ ਤਕਲੀਫ ਪੈਦਾ ਹੋ ਰਹੀ ਹੈ। ਇਸ ਤਕਲੀਫ ਨੂੰ ਦੂਰ ਕਰਨ ਲਈ 50% ਸ਼ੇਅਰ ਪੰਜਾਬ ਸਰਕਾਰ ਨੂੰ ਦੇਣਾ ਚਾਹੀਦਾ ਹੈ। ਪਹਿਲੀ ਸਰਕਾਰ ਇਸ ਕਿਸਮ ਦੇ ਫੈਸਲੇ ਕਰ ਰਹੀ ਸੀ।

ਹਰ ਸੈਕਸ਼ਨ ਤੇ ਬੋਝ ਪਾਇਆ ਗਿਆ ਹੈ। ਕੋਈ ਚੀਜ਼ ਸਸਤੀ ਨਹੀਂ ਹੋਈ ਹੈ। ਦਿਹਾੜੀ ਕਰਨ ਤੋਂ ਬਾਅਦ ਜਦੋਂ ਉਹ ਬੰਦਾ ਕੋਈ ਚੀਜ਼ ਖਰੀਦਣ ਲਈ ਜਾਂਦਾ ਹੈ ਤਾਂ ਹਰ ਰੋਜ਼ ਉਸ ਨੂੰ ਪਹਿਲੇ ਦਿਨ ਨਾਲੋਂ ਚੀਜ਼ ਘਟ ਮਿਲਦੀ ਹੈ। ਜੋ ਭਾਅ ਕਿਸੇ ਚੀਜ਼ ਦਾ ਕੱਲ੍ਹ ਸੀ, ਉਹ ਅੱਜ ਨਹੀਂ ਅਤੇ ਜੋ ਭਾਅ ਅੱਜ ਹੈ, ਉਹ ਕੱਲ੍ਹ ਨੂੰ ਨਹੀਂ ਰਹਿਣਾ। 7% ਸੇਲਜ਼ ਟੈਕਸ ਕਰਨ ਨਾਲ ਚੀਜ਼ਾਂ ਹੋਰ ਮਹਿੰਗੀਆਂ ਹੋ ਜਾਣੀਆਂ ਹਨ। ਇਹ ਕੋਈ ਜ਼ਰੂਰੀ ਨਹੀਂ ਕਿ ਜੇਕਰ ਗਵਾਂਢੀ ਰਾਜਾਂ ਵਿਚ ਇਸ ਦਾ ਦਰ 7% ਹੈ ਤਾਂ ਇਥੇ ਵੀ 7% ਕਰਨਾ ਹੈ। ਜੇਕਰ ਇਥੇ ਪੰਜਾਬ ਸਟੇਟ ਵਿਚ 1% ਸੇਲਜ਼ ਟੈਕਸ ਘੱਟ ਸੀ ਤਾਂ ਕੋਈ ਹਰਜ ਵਾਲੀ ਗੱਲ ਨਹੀਂ ਸੀ। ਅਕਾਲੀ ਸਰਕਾਰ ਵੇਲੇ ਇਹ ਵਧਾਇਆ ਨਹੀਂ ਗਿਆ। ਹਾਲੇ ਵੀ ਇਹ ਵਧਿਆ ਟੈਕਸ ਹਟਾਇਆ ਜਾ ਸਕਦਾ ਹੈ। ਇਸ ਦੇ ਵਧਾਉਣ ਨਾਲ ਜੋ 4 ਕਰੋੜ ਰੁਪਏ ਦਾ ਫਾਇਦਾ ਹੋਣਾ ਹੈ, ਇਹ ਕਿਤੋਂ ਹੋਰ ਲਭਿਆ ਜਾ ਸਕਦਾ ਹੈ।

ਐਜੂਕੇਸ਼ਨ ਦੇ ਬਾਰੇ ਵਿਚ ਇਥੇ ਕਿਹਾ ਗਿਆ ਹੈ ਕਿ ਸਕੂਲ ਬਹੁਤ ਵਧਾਏ ਹਨ। ਇਸ ਦਾ ਜ਼ਿਕਰ ਪੇਜ 32 ਤੇ ਹੈ ਕਿ 50 ਪ੍ਰਾਇਮਰੀ ਸਕੂਲਾਂ ਨੂੰ ਅੱਪਗਰੇਡ ਕਰਕੇ ਮਿਡਲ ਬਣਾਇਆ ਜਾਵੇਗਾ ਅਤੇ 100 ਮਿਡਲ ਸਕੂਲ ਅੱਪਗਰੇਡ ਕਰਕੇ ਹਾਈ ਸਕੂਲ ਬਣਾ ਦਿੱਤੇ ਜਾਣਗੇ। ਐਜੂਕੇਸ਼ਨ ਮਨਿਸਟਰ ਸਾਹਿਬ ਕਹਿ ਰਹੇ ਸਨ ਕਿ ਕਦੇ ਅਕਾਲੀ ਸਰਕਾਰ ਵੇਲੇ ਐਨੇ ਸਕੂਲ ਅਪਗਰੇਡ ਨਹੀਂ ਹੋਏ ਜਿੰਨੇ ਅਸੀਂ ਕਰਾਂਗੇ। ਪੇਜ 15 ਇਕਨਾਮਿਕ ਸਰਵੇ ਵਿਚ ਇਨ੍ਹਾਂ ਨੇ ਦਸਿਆ ਹੈ ਕਿ ਅਕਾਲੀ ਕੀ ਕੁਝ ਕਰਦੇ ਰਹੇ ਹਨ :—

Economic Survey Page 15. " The number of Governmnet high/higher secondary schools increased from 1,210 in March, 1977 to 1,367 in March, 1978. During the year 1978-79, 178 Government middle schools were upgraded to high school level and another 100 middle schools were upgraded during 1979-80 against a target of 50."

ਐਤਕੀਂ ਵੀ ਜਾਂਦਿਆਂ ਜਾਂਦਿਆਂ ਸੌ ਸਕੂਲ ਹੋਰ ਵਧਾਏ, ਅੱਪਗਰੇਡ ਕੀਤੇ। ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲ ਵੀ ਜ਼ਿਆਦਾ ਕੀਤੇ ਹਨ।

The number of Primary Schools declined from 11,106 in March, 1977 to 10,866 due to upgradation of Primary Schools to middle standard.

240 ਪ੍ਰਾਇਮਰੀ ਸਕੂਲ ਅੱਪਗਰੇਡ ਕਰਕੇ ਮਿਡਲ ਕੀਤੇ ਗਏ। ਇਕ ਸਾਲ ਅੰਦਰ ਇਤਨੇ ਸਕੂਲ ਅੱਪਗਰੇਡ ਹੁੰਦੇ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ ਬਤੌਰ ਸਿਖਿਆ ਮੰਤਰੀ, ਪੰਜਾਬ ਸੇਵਾ ਕਰਨ ਦਾ ਮੌਕਾ ਮਿਲਿਆ ਸੀ। 1970-71 ਵਿਚ ਇਹ ਮਹਿਕਮਾ ਮੇਰੇ ਕੋਲ ਸੀ। ਉਸ ਵੇਲੇ

Original with;
Punjab Vidhan Sabha
Digitized by;
Panjab Digital Library

ਇਕ ਸਾਲ ਵਿਚ 405 ਸਕੂਲ ਅੱਪਗਰੇਡ ਕੀਤੇ ਗਏ ਸਨ। ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਤੁਹਾਡੇ ਪਾਸ ਰਿਕਾਰਡ ਪਿਆ ਹੈ, ਮੈਂ ਅੱਗੇ ਵੀ ਇਨ੍ਹਾਂ ਨੂੰ ਚੈਲੰਜ ਕੀਤਾ ਸੀ। ਇਸ ਰਿਕਾਰਡ ਨੂੰ ਦੇਖਿਆ ਜਾ ਸਕਦਾ ਹੈ। ਇਹ ਸ਼ਾਇਦ ਤਿੰਨਾਂ ਸਾਲਾਂ ਵਿਚ ਐਨੇ ਸਕੂਲ ਅੱਪਗਰੇਡ ਨਹੀਂ ਕਰ ਸਕਦੇ ਜਿੰਨੇ ਅਸੀਂ ਇਕ ਸਾਲ ਵਿਚ ਕੀਤੇ ਸਨ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਟਾਈਮ ਬਹੁਤ ਲੈ ਲਿਆ ਹੈ, ਹੁਣ ਤੁਸੀਂ ਖਤਮ ਕਰੋ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਡਿਪਟੀ ਸਪੀਕਰ ਸਾਹਿਬ ਲੋਕਾਂ ਨੂੰ ਥੋੜੀਂ ਡੈਮ ਦੀ ਬੜੀ ਚਿੰਤਾ ਲੱਗੀ ਹੋਈ ਹੈ। ਇਨ੍ਹਾਂ ਨੇ ਉਸ ਨੂੰ ਵੀ ਮਹਿੰਗਾ ਕਰ ਦਿਤਾ ਹੈ। 15 ਸਾਲ ਇਸ ਮਾਮਲੇ ਨੂੰ ਇਨ੍ਹਾਂ ਨੇ ਲਟਕਾਈ ਰਖਿਆ ਹੈ। ਇਹ 5 ਸੂਬਿਆਂ ਦਾ ਝਗੜਾ ਸੀ। ਉਸ ਨੂੰ ਬੈਠਕੇ ਹਲ ਕੀਤਾ ਜਾ ਸਕਦਾ ਸੀ। ਮੇਰੇ ਸੈਂਟਰ ਵਿਚ ਹੁੰਦਿਆਂ ਇਸ ਬਾਰੇ ਸਿਰਫ ਪੰਜ ਮੀਟਿੰਗਾਂ ਹੋਈਆਂ (ਵਿਘਨ) ਅਤੇ ਫੈਸਲਾ ਹੋ ਗਿਆ ਅਤੇ 1978 ਵਿਚ ਮਨਜ਼ੂਰੀ ਮਿਲ ਗਈ ਅਤੇ ਖਰਚ ਸ਼ੁਰੂ ਹੋ ਗਿਆ। ਇਸ ਬਜਟ ਸਪੀਚ ਦੇ ਸਫਾ ਨੰ: 25 ਤੇ ਐਫ. ਐਮ. ਨੇ ਦੱਸਿਆ ਹੈ:

> "..... ਪਿਛਲੇ ਤਿੰਨਾਂ ਸਾਲਾਂ ਦੇ ਦੌਰਾਨ, ਬੀਨ ਡੈਮ ਅਤੇ ਰੋਪੜ ਪਲਾਂਟ ਉਤੇ ਕ੍ਰਮਵਾਰ 20.90 ਕਰੋੜ ਰੁਪਏ ਅਤੇ 2.05 ਕਰੋੜ ਰੁਪਏ ਦੀ ਬਹੁਤ ਹੀ ਥੋੜ੍ਹੀ ਜਿਹੀ ਰਕਮ ਖਰਚ ਕੀਤੀ ਗਈ ਹੈ।....."

ਇਨ੍ਹਾਂ ਨੇ ਤਾਂ ਬਹੁਤ ਥੋੜ੍ਹਾ ਖਰਚ ਕੀਤਾ ਹੈ। ਪਹਿਲੇ ਤਿੰਨਾਂ ਸਾਲਾਂ ਦੇ ਸਮੇਂ ਵਿਚ 20.90 ਕਰੋੜ ਰੁਪਿਆ ਖਰਚ ਕੀਤਾ ਗਿਆ, ਪਰ ਹੁਣ ਇਹ ਕਹਿੰਦੇ ਹਨ ਕਿ ਅਸੀਂ ਇਸ ਸਾਲ ਵਿਚ 12 ਕਰੋੜ ਰੁਪਿਆ ਖਰਚ ਕਰਾਂਗੇ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦ ਕੋਈ ਡੈਮ ਬਣਾਉਣਾ ਹੋਵੇ ਤਾਂ ਪਹਿਲਾਂ ਉਸ ਵਾਸਤੇ ਸੜਕਾਂ, ਮਕਾਨਾਂ, ਮਸ਼ੀਨਾਂ ਆਦਿ ਦਾ ਬੰਦੋਬਸਤ ਕੀਤਾ ਜਾਂਦਾ ਹੈ। ਸੋ ਬੀਨ ਡੈਮ ਵਾਸਤੇ ਇਸ ਤਰ੍ਹਾਂ ਦਾ ਕੰਮ ਤਾਂ ਅਸੀਂ ਸ਼ੁਰੂ ਕਰ ਦਿਤਾ ਸੀ ਹੁਣ ਇਹ ਇਸ ਵਾਸਤੇ ਕਾਫੀ ਪੈਸਾ ਰੱਖਣ ਅਤੇ ਇਸ ਨੂੰ ਮੁਕੰਮਲ ਕਰਾਉਣ।

ਪਛੱਤਰ ਕਰੋੜ ਤੋਂ ਵੱਧ ਕੇ ਇਸੇ ਦਾ ਖਰਚਾ ਸਾਢੇ ਤਿੰਨ ਸੌ ਕਰੋੜ ਰੁਪਿਆ ਹੋ ਗਿਆ ਹੈ ਕਿਉਂਕਿ ਇਨ੍ਹਾਂ ਨੇ 15 ਸਾਲਾਂ ਤੱਕ ਇਹ ਝਗੜਾ ਨਾ ਮੁਕਾਇਆ। ਹੁਣ ਇਹ ਇਸ ਰਕਮ ਨੂੰ ਹੋਰ ਨਾ ਵਧਾਉਣ। ਜੇ ਇਸੇ ਰਫਤਾਰ ਨਾਲ ਕੰਮ ਚਲਦਾ ਰਿਹਾ ਤਾਂ ਇਹ ਇਸ ਨੂੰ ਕੰਪਲੀਟ ਨਹੀਂ ਕਰ ਸਕਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਕਾਫੀ ਸਮਾਂ ਲਿਆ ਹੈ। ਹੁਣ ਮੈਂ ਵਾਈਂਡ ਅੱਪ ਕਰਦਾ ਹੋਇਆ ਬੇਨਤੀ ਕਰਾਂਗਾ ਕਿ ਅਜੇ ਮੌਕਾ ਹੈ, ਇਨ੍ਹਾਂ ਨੇ ਗੱਲਾਂ ਦਾ ਜਵਾਬ ਦੇਣਾ ਹੈ। ਜਵਾਬ ਦੇਣ ਵੇਲੇ ਜਿਹੜੇ ਗਰੀਬ ਲੋਕ, ਗਰੀਬ ਕਿਸਾਨ ਮਾਰੇ ਗਏ ਹਨ, ਉਨ੍ਹਾਂ ਦੇ ਫਾਇਦੇ ਦੀ ਖਾਤਰ ਜ਼ਰੂਰ ਕੁਝ ਗੱਲਾਂ ਕਰਨ ਤਾਂਕਿ ਅਸੀਂ ਵੀ ਥੋਹੜ੍ਹਾ ਬਹੁਤ ਕਹਿ ਸਕੀਏ ਕਿ ਇਸ ਸਰਕਾਰ ਨੇ ਕੁਝ ਚੰਗੀ ਗੱਲ ਕੀਤੀ ਹੈ ਨਹੀਂ ਤਾਂ ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਇਹ ਥੋਥਾ ਬਜਟ ਹੈ। ਇਨ੍ਹਾਂ ਨੂੰ ਜਵਾਬ ਦੇਣ ਤੋਂ ਪਹਿਲਾਂ ਐਡਵਾਈਜ਼ਰਾਂ ਦੀ ਰਾਏ ਲੈ ਲੈਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਐਨੀਆਂ ਗੱਲਾਂ ਕਹਿੰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਸਰਦਾਰ ਬੀਰ ਦਵਿੰਦਰ ਸਿੰਘ (ਸਰਹਿੰਦ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਚਾਲੂ ਸਾਲ ਵਾਸਤੇ ਪੇਸ਼ ਕੀਤੀਆਂ ਬਜਟ ਤਜਵੀਜ਼ਾਂ ਦੇ ਸਬੰਧ ਵਿਚ ਆਪਣੇ ਵਿਚਾਰ ਵਿਅਕਤ ਕਰਨ ਲਈ ਖੜ੍ਹਾ ਹੋਇਆ ਹਾਂ। ਮੇਰੇ ਤੋਂ ਪਹਿਲਾਂ ਵਿਰੋਧੀ ਧਿਰ ਵਲੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ [

ਅਤੇ ਪਹਿਲੇ ਵਿੱਤ ਮੰਤਰੀ ਸਰਦਾਰ ਬਲਵੰਤ ਸਿੰਘ ਨੇ ਬੜੀ ਤਫਸੀਲ ਵਿਚ ਜਾ ਕੇ ਆਪਣੇ ਖਿਆਲਾਤ ਇਸ ਬੱਜਟ ਦੇ ਸਬੰਧ ਵਿਚ ਰੱਖੇ ਸਨ। ਇਸ ਤੋਂ ਪਹਿਲਾਂ ਵੱਖ ਵੱਖ ਪਾਸਿਆਂ ਤੋਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਦੇ ਹੋਏ ਅਤੇ ਬਾਦਲ ਸਾਹਿਬ ਨੇ ਵੀ ਬੋਲਦੇ ਆਪਣੇ ਵਿਚਾਰ ਪ੍ਰਗਟ ਕਰਦਿਆਂ 20-ਨੁਕਾਤੀ ਅਤੇ 5-ਨੁਕਾਤੀ ਪ੍ਰੋਗਰਾਮ ਦਾ ਬੜੇ ਜ਼ੋਰ ਨਾਲ ਜ਼ਿਕਰ ਕੀਤਾ ਸੀ। ਇਥੇ ਸ਼ਿਕਵੇ ਪ੍ਰਗਟ ਕੀਤੇ ਗਏ ਕਿ ਗਵਰਨਰ ਸਾਹਿਬ ਦੇ ਭਾਸ਼ਣ ਵਿਚ 20-ਨੁਕਾਤੀ ਅਤੇ 5-ਨੁਕਾਤੀ ਪ੍ਰੋਗਰਾਮ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੈਨੂੰ ਬੜੀ ਖੁਸ਼ੀ ਹੈ ਕਿ ਇਹ ਜਿਹੜੇ ਮੇਰੇ ਸਾਹਮਣੇ ਬੈਠੇ ਵੀਰ ਇਸ 20-ਨੁਕਾਤੀ ਪ੍ਰੋਗਰਾਮ ਅਤੇ 5-ਨੁਕਾਤੀ ਪ੍ਰੋਗਰਾਮ ਨੂੰ ਪਹਿਲਾਂ ਬੜੇ ਲੰਬੇ ਸਮੇਂ ਤੋਂ ਬੜੇ ਜ਼ੋਰ ਨਾਲ ਨਿੰਦਦੇ ਰਹੇ ਹਨ, ਅੱਜ ਬਜਟ ਸਪੀਚ ਵਿਚ ਇਸ ਕਲਮਬੰਦ ਸਚਾਈ ਅਤੇ ਹਕੀਕਤ ਨੂੰ ਇਹ ਮੇਰੇ ਵੀਰ ਸਵੀਕਾਰਨ ਲਈ ਮਜ਼ਬੂਰ ਹੋਏ ਹਨ। ਬਰਨਾਲਾ ਜੀ ਨੇ 20- ਨੁਕਾਤੀ ਅਤੇ 5- ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕੀਤਾ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਸਾਡੇ ਵਿੱਤ ਮੰਤਰੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ, ਜਿਨ੍ਹਾਂ ਨੇ ਆਪਣੀ ਬੱਜਟ ਸਪੀਚ ਵਿਚ ਉਸ 25- ਪੁਆਇੰਟ ਪ੍ਰੋਗਰਾਮ ਨੂੰ ਇਕ ਪਹਿਰੇ ਵਿਚ ਕਲਮਬੰਦ ਕਰਕੇ ਹਾਊਸ ਦੇ ਸਾਹਮਣੇ ਰੱਖਿਆ ਹੈ ਅਤੇ ਦਸਿਆ ਹੈ ਕਿ ਸਰਕਾਰ ਇਸ ਬਾਰੇ ਕੀ ਕਰਨਾ ਚਾਹੁੰਦੀ ਹੈ। ਮੈਨੂੰ ਖੁਸ਼ੀ ਹੈ ਕਿ ਸਾਡੀ ਪਾਰਟੀ ਦੀ ਸਰਕਾਰ ਸਾਢੇ 65 ਕਰੋੜ ਲੋਕਾਂ ਨਾਲ 25-ਪੁਆਇੰਟ ਪ੍ਰੋਗਰਾਮ ਲਈ ਵਚਨਬੱਧ ਹੈ। ਦੂਸਰਾ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਪਿਛਲੇ ਸਾਲਾਂ ਦੇ ਜੋ ਆਰਥਿਕ ਅੰਕੜੇ ਹਨ ਅਤੇ ਪਿਛਲੇ ਸਾਲਾਂ ਵਿਚ ਕੀਤੀਆਂ ਵਿੱਤ ਮੰਤਰੀ ਵੱਲੋਂ ਤਕਰੀਰਾਂ ਔਰ ਉਨ੍ਹਾਂ ਅੰਕੜਿਆਂ ਦਾ ਸਰਵੇਖਣ ਕਰਨ ਤੋਂ ਕਾਫੀ ਸਪੱਸ਼ਟ ਰੂਪ ਵਿਚ ਅੰਕੜੇ ਸਾਹਮਣੇ ਆਉਂਦੇ ਹਨ। ਪਤਾ ਲੱਗਦਾ ਹੈ ਕਿ ਪਿਛਲੇ ਦੋ ਢਾਈ ਸਾਲ ਦਾ ਜਿਹੜਾ ਪੀਰੀਅਡ ਸੀ, ਉਹ ਸਟੈਗਨੇਸ਼ਨ ਦਾ ਪੀਰੀਅਡ ਸੀ ਔਰ ਅੰਕੜੇ ਇਸ ਗੱਲ ਨੂੰ ਸਾਬਤ ਕਰਦੇ ਹਨ। ਇਸ ਤੋਂ ਪਹਿਲਾਂ ਜਿਹੜੀ ਸਰਕਾਰ ਸੀ, ਉਸ ਨੇ ਇਨਵੈਸਟਮੈਂਟ ਵਿਚ ਕੋਈ ਵਾਧਾ ਨਹੀਂ ਕੀਤਾ ਅਤੇ ਨਾ ਹੀ ਰਾਜ ਦੀ ਮਾਲੀ ਦਿਸ਼ਾ ਵਿਚ ਸੁਧਾਰ ਹੋਇਆ।

1978-79 ਅਤੇ 1979-80 ਦੀ ਪ੍ਰਵਾਣਿਤ ਯੋਜਨਾ ਵਿਚ 3 ਕਰੋੜ ਦਾ ਫਰਕ ਪਿਆ ਹੈ, ਭਾਵ ਇਨ੍ਹਾਂ ਦਾ ਆਕਾਰ ਇਕ ਸਿਫਰ ਤੇ ਖੜ੍ਹਾ ਹੈ। (ਵਿਘਨ) 1977-78 ਵਿਚ ਕਾਂਗਰਸ ਸਰਕਾਰ ਵੇਲੇ ਪ੍ਰਵਾਣਿਤ ਯੋਜਨਾ ਦਾ ਆਕਾਰ 255 ਕਰੋੜ 50 ਲੱਖ ਰੁਪਏ ਸੀ, ਪਰ ਇਨ੍ਹਾਂ ਦੇ ਅਗਲੇ ਦੋ ਸਾਲਾਂ ਦੇ ਸਮੇਂ ਵਿਚ ਇਹ ਆਕਾਰ 260 ਕਰੋੜ ਰੁਪਏ ਤੋਂ ਵੀ ਵਧ ਨਾ ਸਕਿਆ। (ਵਿਘਨ) ਹੁਣ ਦੀ ਸਰਕਾਰ ਨੇ ਇਸ ਸਾਲ ਦੇ ਆਕਾਰ ਵਿਚ 40 ਕਰੋੜ ਦਾ ਵਾਧਾ ਦਿਖਾਇਆ ਹੈ ਪਰ ਇਹ ਕੋਈ ਵਾਧਾ ਨਹੀਂ ਦਿਖਾ ਸਕੇ। (ਵਿਘਨ) ਇਸ ਕਰਕੇ ਮੈਂ ਆਪਣੇ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। ਇਸ ਤੋਂ ਪਹਿਲੀ ਸਰਕਾਰ ਵੇਲੇ ਬਹੁਤ ਭੈੜੀ ਹਾਲਤ ਸੀ। 1978-79 ਵਿਚ ਇਨ੍ਹਾਂ ਨੇ ਕੇਵਲ 204 ਕਰੋੜ ਰੁਪਏ ਖਰਚ ਕੀਤੇ ਸਨ। 1979-80 ਵਿਚ ਕੇਵਲ 221 ਕਰੋੜ ਰੁਪਏ ਖਰਚ ਕੀਤੇ ਸਨ। ਇਹ ਜਿਹੜਾ ਕਹਿੰਦੇ ਸਨ ਕਿ ਅਸੀਂ ਪੰਜਾਬ ਨੂੰ ਕੈਲੇਫੋਰਨੀਆ ਬਣਾਉਣਾ ਹੈ ਅਤੇ ਹੋਰ ਬਹੁਤ ਸਾਰੇ ਸੁਧਾਰ ਕਰਨੇ ਹਨ, ਇਹ ਸਾਰੀਆਂ ਸਕੀਮਾਂ ਇਨ੍ਹਾਂ ਦੀਆਂ ਵਿਚ ਹੀ ਰਹਿ ਗਈਆਂ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ 1975-76 ਦੇ ਸਮੇਂ ਵਿਚ 163 ਕਰੋੜ 45 ਲੱਖ ਦੀ ਪ੍ਰਵਾਣਿਤ ਯੋਜਨਾ ਦੇ ਮੁਕਾਬਲੇ ਤੇ 166 ਕਰੋੜ 26 ਲੱਖ ਰੁਪਏ ਖਰਚ ਕੀਤੇ ਸਨ। 1976-77 ਵਿਚ 219 ਕਰੋੜ 45 ਲੱਖ ਰੁਪਏ ਦੀ ਪ੍ਰਵਾਣਿਤ ਯੋਜਨਾ ਦੇ ਮੁਕਾਬਲੇ ਤੇ 220 ਕਰੋੜ 10 ਲੱਖ ਰੁਪਏ ਖਰਚ ਕੀਤੇ ਸਨ। ਕੋਈ ਸਮਾਂ ਸੀ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਸਾਰੇ ਹਿੰਦੁਸਤਾਨ ਵਿਚੋਂ ਸਭ ਨਾਲੋਂ ਵੱਧ ਸੀ ਅਤੇ ਇਹ ਪੰਜਾਬੀਆਂ ਲਈ ਮਾਣ ਦੀ ਗੱਲ ਸੀ, ਪਰ ਇਨ੍ਹਾਂ ਦੇ ਸਮੇਂ ਵਿਚ ਇਹ ਮਾਣ ਵੀ ਪੰਜਾਬੀਆਂ ਕੋਲੋਂ

Original with;
Punjab Vidhan Sabha
Digitized by;
Panjab Digital Library

ਖੁੱਸ ਗਿਆ ਅਤੇ ਸਾਡਾ ਪਰ ਕੈਪੀਟਾ ਦਾ ਜੋ ਐਕਸਪੈਂਡੀਚਰ ਸੀ, ਉਹ ਵੀ ਪਹਿਲਾਂ ਨਾਲੋਂ ਪਿੱਛ ਚਲਿਆ ਗਿਆ ।

ਸਰਦਾਰ ਬਲਵੰਤ ਸਿੰਘ ਜੀ ਨੇ ਆਪਣੀ ਗੱਲ ਬੜੇ ਜ਼ੋਰ ਨਾਲ ਕੀਤੀ ਅਤੇ ਆਪਣੇ ਪਹਿਲੂਆਂ ਤੋਂ ਬੜੀ ਲੰਮੀ ਚੌੜੀ ਤਕਰੀਰ ਕੀਤੀ ਔਰ ਮੈਂ ਚਾਹਾਂਗਾ ਕਿ ਕੁਝ ਗਲਾਂ ਦਾ ਸਾਰਅੰਸ਼ ਉਨ੍ਹਾਂ ਗੱਲਾਂ ਦੇ ਸਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਦੱਸਾਂ । ਭਲਾ ਹੁੰਦਾ ਜੇ ਉਹ ਇਥੇ ਹਾਜ਼ਰ ਹੁੰਦੇ ਤਾਂ ਹੋਰ ਵੀ ਸਵਾਦ ਨਾਲ ਇਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ ਜਾ ਸਕਦਾ ਸੀ। ਜਿਸ ਢੰਗ ਨਾਲ ਉਨ੍ਹਾਂ ਨੇ ਆਪਣੀ ਤਕਰੀਰ ਵਿਚ ਇਲਜ਼ਾਮਾਤ ਇਸ ਸਰਕਾਰ ਤੇ ਲਾਏ ਅਤੇ ਜੋ ਆਰਥਿਕ ਅੰਕੜੇ ਦੱਸਦਿਆਂ ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਗੱਲਾ ਕੀਤੀਆਂ, ਮੈਂ ਉਨ੍ਹਾਂ ਦੇ ਬਾਰੇ ਇਹ ਕਹਿ ਸਕਦਾ ਹਾਂ ਕਿ ਪਿਛਲੀ ਸਰਕਾਰ ਦਾ ਜੋ ਸਮਾਂ ਸੀ, ਉਹ ਕਾਲੇ ਦੌਰ ਦਾ ਸਮਾਂ ਸੀ, ਇਕਨਾਮਿਕ ਸਟੈਗਨੇਸ਼ਨ ਦਾ ਸਮਾਂ ਸੀ। ਜੋ ਪ੍ਰੋਗਰਾਮ ਸਾਡੇ ਮਾਨਯੋਗ ਮੰਤਰੀ ਜੀ ਨੇ ਦਿੱਤਾ ਹੈ, ਉਸ ਦੇ ਲਈ ਮੈਂ ਇਕੋ ਗੱਲ ਕਹਿ ਸਕਦਾ ਹਾਂ –

"ਸੱਚ ਦਿਆਂ ਸੂਰਜਾਂ ਨੂੰ ਬਦਲਾਂ ਨੇ ਘੇਰਿਆ ਸੀ,
ਨੀਲੇ ਕਾਲੇ ਫਨੀਅਰ, ਸ਼ੂੰਕਦੇ, ਫੂੰਕਾਰਦੇ ।

ਮਾਰ ਲਿਸ਼ਕਾਰ ਚੜੇ ਸੂਰਜ ਆਕਾਸ਼ ਉਤੇ,
ਵੇਖ ਬਲਵੰਤ ਸਿੰਘਾ ਰੰਗ ਕਰਤਾਰ ਦੇ ।"

ਦੇਖ ਮਰਦਾਨਿਆ ਰੰਗ ਕਰਤਾਰ ਦੇ। ਇਹ ਜੋ ਸਕੀਮਾਂ ਇਸ ਬਜਟ ਵਿਚ ਦਿੱਤੀਆਂ ਗਈਆਂ ਹਨ ਮੈਨੂੰ ਕਹਿਣ ਵਿਚ ਇਹ ਖੁਸ਼ੀ ਹੁੰਦੀ ਹੈ ਕਿ ਉਨ੍ਹਾਂ ਨਾਲ ਸਮਾਜ ਦੇ ਹਰ ਵਰਗ ਨੂੰ ਛੋਹਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਹੜਾ ਗੈਪ ਇਹ ਸਾਡੇ ਵਾਸਤੇ ਛੱਡ ਗਏ ਹਨ, ਜਿਹੜਾ ਖੱਪਾ ਸਾਨੂੰ ਮਿਲਿਆ ਹੈ, ਉਸ ਨੂੰ ਪੂਰਾ ਕਰਨ ਦੀਆਂ ਸਕੀਮਾਂ ਹਨ। ਡਿਪਟੀ ਸਪੀਕਰ ਸਾਹਿਬ, ਜਦੋਂ ਅਸੀਂ ਖਜ਼ਾਨੇ ਦੀਆਂ ਕੁੰਜੀਆਂ ਸੰਭਾਲੀਆਂ ਤਾਂ ਸਾਨੂੰ ਖਜ਼ਾਨੇ ਵਿਚੋਂ 70 ਕਰੋੜ ਦਾ ਘਾਟਾ ਮਿਲਿਆ। (ਵਿਘਨ)

ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਦੀ ਗੱਲ ਬੜੇ ਜ਼ੋਰ ਨਾਲ ਬਰਨਾਲਾ ਸਾਹਿਬ ਨੇ ਇਥੇ ਕੀਤੀ। ਅਕਾਲੀ ਸਰਕਾਰ ਦੀ ਮਚਾਈ ਹੋਈ ਤਬਾਹੀ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਵੀ ਲਗਾ ਸਕਦੇ ਹੋ ਕਿ ਪੰਜਾਬ ਦਾ ਸਭ ਤੋਂ ਵਡਾ ਜੋ ਰਿਸੋਰਸਿਜ਼ ਦਾ ਅਹਿਮ ਪਹਿਲੂ ਹੈ ਐਗਰੀਕਲਚਰ ਦਾ ਉਸ ਵਿਚ 1979-80 ਵਿਚ ਜੋ ਵਾਧਾ ਹੋਇਆ, ਉਹ ਜ਼ੀਰੋ ਰੋਇਆ। 1979-80 ਵਿਚ ਐਗਰੀਕਲਚਰ ਵਿਚ ਜੋ ਥਟ ਆਫ ਗਰੋਥ ਵਿਚ ਵਾਧਾ ਸੀ, ਉਹ ਇਕ ਬਿਗ ਜ਼ੀਰੋ ਸੀ। ਇਹ ਮਾਣ ਮਿਲਿਆ ਹੈ 1979-80 ਦੇ ਬਜਟ ਵਿਚ ਜਿਹੜਾ ਵਿੱਤ ਮੰਤਰੀ, ਸਰਦਾਰ ਬਲਵੰਤ ਸਿੰਘ ਜੀ ਨੇ ਇਥੇ ਦਿੱਤਾ ਸੀ। ਉਨ੍ਹਾਂ ਨੇ ਇਥੇ ਹਾਊਸ ਵਿਚ ਇਕ ਗੱਲ ਇਹ ਵੀ ਕਹੀ ਸੀ ਕਿ ਖੇਤੀਬਾੜੀ ਦੀਆਂ ਵਸਤਾਂ ਦੀ ਐਕਸਪੋਰਟ ਨੂੰ ਉਤਸ਼ਾਹਤ ਕਰਨ ਵਾਸਤੇ ਸਾਡੀ ਸਰਕਾਰ 5 ਕਰੋੜ ਰੁਪਏ ਖਰਚੇਗੀ। ਐਕਸਪੋਰਟ ਨੂੰ ਉਤਸ਼ਾਹਤ ਕਰਨ ਵਾਸਤੇ ਸਾਡੀ ਸਰਕਾਰ 5 ਕਰੋੜ ਰੁਪਏ ਦਾ ਉਪਬੰਧ ਕਰੇਗੀ, ਲੇਕਿਨ ਹੋਇਆ ਕੀ ? ਮੈਂ ਹੈਰਾਨ ਹੋਇਆ ਜਦੋਂ ਮੈਨੂੰ ਇਸ ਗਲ ਦਾ ਪਤਾ ਲਗਾ ਕਿ ਜਿਥੇ 5 ਕਰੋੜ ਦਾ ਉਪਬੰਧ ਕਰਨ ਲਈ ਕਿਹਾ ਗਿਆ ਹੋਵੇ, ਉਥੇ ਖਰਚ ਕਿੰਨਾ ਕੀਤਾ, ਸਿਰਫ 2 ਲੱਖ ਰੁਪਿਆ। ਐਗਰੀਕਲਚਰ ਦੀਆਂ ਵਸਤਾਂ ਨੂੰ ਐਕਸਪੋਰਟ ਕਰਨ ਵਾਸਤੇ 5 ਕਰੋੜ ਰੁਪਿਆ ਯਾਨੀ 500 ਲੱਖ ਰੁਪਿਆ ਉਪਬੰਧ ਕੀਤਾ ਗਿਆ ਹੋਵੇ ਮਗਰ ਖਰਚਿਆ ਕਿੰਨਾ ਜਾਵੇ ਸਿਰਫ 2 ਲੱਖ ਰੁਪਿਆ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਐਕਸਪੋਰਟ ਵਾਸਤੇ ਕੀ ਉਤਸ਼ਾਹਤ ਕੀਤਾ ਹੋਵੇਗਾ। ਮੈਨੂੰ ਇਨ੍ਹਾਂ ਦੀ ਇਸ ਗੱਲ ਤੋਂ ਇਕ ਗੱਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਯਾਦ ਆ ਗਈ ਕਿ ਜੱਟ ਬਕਰੀ ਖਰੀਦਣ ਤੁਰ ਪਿਆ। ਉਧਰੋਂ ਇਕ ਮਰਾਸੀ ਬਕਰੀ ਵੇਚਣ ਲਈ ਮਿਲ ਗਿਆ। (ਵਿਘਨ) ਮਰਾਸੀ ਤੇਰੇ ਵਰਗਾ ਅਤੇ ਜੱਟ ਮੇਰੇ ਵਰਗਾ। ਜੱਟ ਕਹਿਣ ਲੱਗਾ ਕਿ ਬੋਲ ਬਈ ਬਕਰੀ ਦਾ ਕੀ ਲੈਣਾ ਈ। ਮਰਾਸੀ ਕਹਿਣ ਲੱਗਾ ਕਿ ਬਕਰੀ ਦਾ 5 ਹਜ਼ਾਰ ਰੁਪਿਆ ਲੈਣਾ ਹੈ। ਜੱਟ ਇਹ ਗਲ ਸੁਣ ਕੇ ਤੁਰ ਪਿਆ ਤਾਂ ਮਰਾਸੀ ਉਸ ਨੂੰ ਕਹਿਣ ਲੱਗਾ ਕਿ ਕੀ ਗੱਲ ਹੈ ਸੌਦਾ ਪਸੰਦ ਨਹੀਂ ਆਇਆ ਤਾਂ ਉਹ ਜੱਟ ਕਹਿਣ ਲੱਗਾ ਕਿ 5 ਹਜ਼ਾਰ ਰੁਪਿਆ ਤਾਂ ਬਹੁਤ ਹੈ। ਮਰਾਸੀ ਕਹਿਣ ਲੱਗਾ ਕਿ ਗੱਲ ਤਾਂ ਸੁਣ ਜਾ, ਤੂੰ ਸਾਡੀ ਛੋਟ ਨਹੀਂ ਦੇਖੀ। ਜਾ ਤੈਨੂੰ 4800 ਰੁਪਿਆ ਛੱਡਿਆ ਅਤੇ 200 ਰੁਪਏ ਵਿਚ ਬਕਰੀ ਲੈ ਜਾ ਇਸੇ ਤਰ੍ਹਾਂ ਦਾ ਮਖੌਲ ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕੀਤਾ ਕਿ 5 ਕਰੋੜ ਰੁਪਿਆ ਐਗਰੀਕਲਚਰ ਦੀਆਂ ਵਸਤਾਂ ਦੀ ਐਕਸਪੋਰਟ ਨੂੰ ਉਤਸ਼ਾਹਤ ਕਰਨ ਲਈ ਦੱਸਿਆ ਅਤੇ ਰਖਿਆ ਕਿੰਨਾ, ਸਿਰਫ 2 ਲੱਖ ਰੁਪਿਆ ਇਸ ਗੱਲ ਲਈ ਰਖਿਆ। ਐਗਰੀਕਲਚਰਲ ਆਊਟਪੁਟ ਦੀ ਐਕਸਪੋਰਟ ਲਈ ਸਿਰਫ 2 ਲੱਖ ਰੁਪਿਆ ਰਖਿਆ।

ਉਸ ਦੇ ਬਾਅਦ ਬਿਜਲੀ ਦੀ ਗੱਲ ਹੈ। ਮੈਂ ਮੰਨਦਾ ਹਾਂ ਕਿ ਕੁਝ ਕੁਦਰਤੀ ਕਾਰਨਾਂ ਕਰਕੇ ਬਿਜਲੀ ਘੱਟ ਪੈਦਾ ਹੋਈ ਹੈ। ਇਹ ਕਿਸੇ ਦੇ ਵੱਸ ਦੀ ਗੱਲ ਨਹੀਂ। ਕੁਦਰਤੀ ਕਾਰਨਾਂ ਨੂੰ ਨਾ ਤੁਸੀਂ ਰੋਕ ਸਕਦੇ ਹੋ, ਨਾ ਅਸੀਂ ਰੋਕ ਸਕਦੇ ਹਾਂ ਅਤੇ ਨਾ ਕੋਈ ਹੋਰ ਰੋਕ ਸਕਦਾ ਹੈ। ਕੁਦਰਤੀ ਕਾਰਨਾਂ ਤੇ ਕੋਈ ਵੀ ਬੰਦਾ ਕੰਟਰੋਲ ਨਹੀਂ ਕਰ ਸਕਦਾ ਲੇਕਿਨ ਮੈਂ ਸਮਝਦਾ ਹਾਂ ਕਿ ਪਿਛਲੀ ਸਰਕਾਰ ਨੇ ਜੋ ਸਭ ਤੋਂ ਵੱਡੀ ਗਲਤੀ ਕੀਤੀ, ਉਹ ਇਹ ਕੀਤੀ ਕਿ ਇਕੋ ਵਾਰ ਕਈ ਪ੍ਰੋਜੈਕਟ ਸ਼ੁਰੂ ਕਰ ਦਿੱਤੇ ਅਤੇ ਉਨ੍ਹਾਂ ਤੇ ਥੋੜ੍ਹਾ ਥੋੜ੍ਹਾ ਪੈਸਾ ਖਰਚ ਕਰਨਾ ਸ਼ੁਰ ਕਰ ਦਿਤਾ। ਨਤੀਜਾ ਇਹ ਹੋਇਆ ਕਿ ਕੋਈ ਇਕ ਵੀ ਪ੍ਰੋਜੈਕਟ ਸਿਰੇ ਨਾ ਚੜ੍ਹ ਸਕਿਆ, ਕੋਈ ਇਕ ਵੀ ਪ੍ਰੋਜੈਕਟ ਕੰਪਲੀਟ ਨਾ ਹੋ ਸਕਿਆ। ਇਕ ਹੀ ਵੇਲੇ ਜੇ ਤੁਸੀਂ ਬਹੁਤ ਵੱਡਾ ਮਕਾਨ ਉਸਾਰਨਾ ਸ਼ੁਰੂ ਕਰ ਦਿਓ ਅਤੇ ਛੱਤ ਤਕ ਕਿਸੇ ਨੂੰ ਨਾ ਪਹੁੰਚਾ ਸਕੋ ਤਾਂ ਮੇਰਾ ਖਿਆਲ ਹੈ ਕਿ ਤੁਹਾਨੂੰ ਕੋਈ ਸਿਆਣਾ ਉਸਰੀਆ ਕਹਿਣਾ ਮੁਨਾਸਿਬ ਨਹੀਂ ਸਮਝੇਗਾ। ਪਰ ਡਿਪਟੀ ਸਪੀਕਰ, ਮੈਨੂੰ ਖੁਸ਼ੀ ਹੁੰਦੀ ਹੈ ਇਹ ਦਸ ਕੇ ਕਿ ਸਾਡੀ ਸਰਕਾਰ ਨੇ ਮਿੱਥੇ ਸਮੇਂ ਤੋਂ ਪਹਿਲਾਂ ਲਾਜ਼ਮੀ ਤੌਰ ਤੇ ਇਸ ਪ੍ਰਾਜੈਕਟ ਨੂੰ ਮੁਕੰਮਲ ਕਰਨ ਦਾ ਫੈਸਲਾ ਕੀਤਾ ਹੈ। (ਥੰਪਿੰਗ)

ਇਕ ਆਵਾਜ਼ : ਪੁੱਛ ਲਓ ਇਨ੍ਹਾਂ ਨੂੰ ਕਹਿਣ ਤੋਂ ਪਹਿਲਾਂ।

ਸਰਦਾਰ ਬੀਰਦਵਿੰਦਰ ਸਿੰਘ : ਪੁੱਛ ਲਿਆ ਹੈ। ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਅਤੇ ਰੋਪੜ ਪਲਾਂਟ ਇਨ੍ਹਾਂ ਨੇ (ਅਪੋਜੀਸ਼ਨ ਪਾਰਟੀ ਵਲ ਇਸ਼ਾਰਾ) ਸ਼ੁਰੂ ਜ਼ਰੂਰ ਕੀਤਾ ਲੇਕਿਨ ਪੈਸਾ ਬਹੁਤ ਥੋੜ੍ਹਾ ਖਰਚ ਕੀਤਾ। ਇਨ੍ਹਾਂ ਨੇ ਆਪਣੇ ਸਮੇਂ ਵਿਚ 20 ਕਰੋੜ 90 ਲੱਖ ਰੁਪਿਆ ਥੀਨ ਡੈਮ ਤੇ ਖਰਚ ਕੀਤਾ। ਇਹ 20 ਕਰੋੜ 90 ਲੱਖ ਰੁਪਿਆ ਇਨ੍ਹਾਂ ਨੇ ਟੋਟਲ ਸਾਰੇ ਆਪਣੇ ਸਮੇਂ ਵਿਚ ਖਰਚ ਕੀਤਾ ਅਤੇ ਇਸੇ ਤਰ੍ਹਾਂ ਰੋਪੜ ਪਲਾਂਟ ਤੇ 2 ਕਰੋੜ ਰੁਪਿਆ ਕੁੱਲ ਖਰਚ ਕੀਤਾ; ਸਾਡੀ ਸਰਕਾਰ ਨੇ ਹੁਣ ਫੈਸਲਾ ਕੀਤਾ ਹੈ ਕਿ ਜੰਗੀ ਪੱਧਰ ਤੇ ਇਸਨੂੰ ਮੁਕੰਮਲ ਕਰਨਾ ਹੈ ਅਤੇ 12 ਕਰੋੜ ਰੁਪਿਆ ਇਕ ਸਾਲ ਵਿਚ ਖਰਚ ਕਰਨਾ ਹੈ। (ਥੰਪਿੰਗ)

ਇਕ ਆਵਾਜ਼ : 12 ਕਰੋੜ ਰੁਪਿਆ ਖਰਚ ਕਰਨ ਨਾਲ ਜੰਗੀ ਪੱਧਰ ਨਹੀਂ ਹੋ ਸਕਣਾ।

ਸਰਦਾਰ ਬੀਰਦਵਿੰਦਰ ਸਿੰਘ : ਅਮਨ ਦੀ ਗੱਲ ਤਾਂ ਤੁਹਾਨੂੰ ਸਮਝ ਨਹੀਂ ਆਉਂਦੀ, ਜੰਗੀ ਗੱਲ ਤੁਹਾਨੂੰ ਸਮਝ ਆਉਂਦੀ ਹੈ। ਇਸ ਕਰਕੇ ਮੈਂ ਜੰਗੀ ਪੱਧਰ ਦੀ ਗੱਲ ਕੀਤੀ ਹੈ।

Original with;
Punjab Vidhan Sabha
Digitized by;
Panjab Digital Library

(ਵਿਘਨ) ਸ਼ਿਵੋਂ ਤੁਸੀਂ ਅੰਕੜੇ ਲਏ ਹਨ, ਅਸੀਂ ਵੀ ਅੰਕੜੇ ਉਥੋਂ ਹੀ ਲਏ ਹਨ। ਸੁਣੋ ਜ਼ਰਾ ਹੁਣ ਧਿਆਨ ਨਾਲ (ਵਿਘਨ) ਇਸ ਪਾਰਟੀ ਤੋਂ ਗਿਆ ਸੀ ਉਸ ਪਾਰਟੀ ਤੋਂ ਗਿਆ ਸੀ, ਕਿਉਂ ਇਹ ਬਾਰ ਬਾਰ ਤੁਸੀਂ ਗੱਲ ਕਰ ਰਹੇ ਹੋ। (ਵਿਘਨ) ਅੱਛਾ ਗੱਲ ਸੁਣੋ, ਜ਼ਰਾ ਆਪਣੇ ਮਨ ਦੇ ਵਿਚ ਝਾਤੀ ਮਾਰ ਕੇ ਦੇਖੋ ਕਿ ਕਸੂਰ ਕਿਸ ਦਾ ਸੀ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਬਾਰੇ ਹੁਣ ਗੱਲ ਕਰਨਾ ਚਾਹੁੰਦਾ ਹਾਂ। ਸਿਖਿਆ ਦੇ ਖੇਤਰ ਵਿਚ ਬਰਨਾਲਾ ਸਾਹਿਬ ਨੇ ਕਿਹਾ ਕਿ ਫਲਾਣੇ ਸਾਲ ਵਿਚ ਅਸੀਂ 300 ਸਕੂਲ ਖੋਲ੍ਹੇ ਫਲਾਣੇ ਸਾਲ ਵਿਚ ਅਸੀਂ ਇਤਨੇ ਸਕੂਲ ਖੋਲ੍ਹੇ, ਇਤਨੇ ਅੱਪ ਗਰੇਡ ਕੀਤੇ ਅਤੇ ਫਲਾਣੇ ਸਾਲ ਵਿਚ ਅਸੀਂ ਇਹ ਕੀਤਾ ਫਲਾਣੇ ਸਾਲ ਵਿਚ ਅਸੀਂ ਉਹ ਕੀਤਾ। ਮੈਂ ਤਾਂ ਆਪਣੀ ਪਹਿਲੀ ਤਕਰੀਰ ਵਿਚ ਵੀ ਇਹ ਕਿਹਾ ਸੀ ਕਿ ਸਾਡੀ ਸਭ ਤੋਂ ਵੱਡੀ ਬਦਕਿਸਮਤੀ ਐਜੂਕੇਸ਼ਨ ਵਿਚ ਇਹ ਸੀ ਕਿ ਪਹਿਲੀ ਸਰਕਾਰ ਕੋਈ ਪਾਲਿਸੀ ਇਸ ਸਬੰਧ ਵਿਚ ਲੈ ਆਊਟ ਨਹੀਂ ਕਰ ਸਕੀ ਕਿ ਐਜੂਕੇਸ਼ਨ ਦੇ ਸਬੰਧ ਵਿਚ ਸਰਕਾਰ ਦੀ ਨੀਤੀ ਕੀ ਹੈ। ਪਹਿਲਾਂ ਇਨ੍ਹਾਂ ਨੇ (ਆਪੋਜੀਸ਼ਨ ਪਾਰਟੀ ਵਲ ਇਸ਼ਾਰਾ) ਫੈਸਲਾ ਕਰ ਲਿਆ ਕਿ ਵਿਦਿਆ ਦਾ ਪ੍ਰਸਾਰ ਕਰਨਾ ਹੈ। ਅੰਨੇ ਵਾਹ ਸਕੂਲ ਖੋਲ੍ਹਣੇ ਸ਼ੁਰੂ ਕਰ ਦਿੱਤੇ। 300-300 ਸਕੂਲ ਅੱਪ-ਗਰੇਡ ਕਰਨੇ ਸ਼ੁਰੂ ਕਰ ਦਿੱਤੇ। ਜੇ ਕੋਈ ਸਕੂਲ ਖੋਲ੍ਹਣਾ ਹੈ ਜੇ ਉਸਦੀ ਕੋਈ ਇਮਾਰਤ ਨਾ ਹੋਵੇ, ਜੇ ਉਸ ਦੀ ਕੋਈ ਛੱਤ ਨਾ ਹੋਵੇ, ਜੇ ਸਕੂਲ ਵਿਚ ਬਚਿਆਂ ਲਈ ਬੈਠਣ ਲਈ ਟਾਟ ਨਾ ਹੋਣ, ਜੇ ਬਲੈਕ ਬੋਰਡ ਨਾ ਹੋਣ, ਜੇ ਉਨ੍ਹਾਂ ਵਿਚ ਟੀਚਰ ਪੜ੍ਹਾਉਣ ਲਈ ਨਾ ਹੋਣ ਤਾਂ ਫਿਰ ਸਕੂਲ ਖੋਲ੍ਹਣ ਅਤੇ ਅੱਪ-ਗਰੇਡ ਕਰਨ ਦਾ ਕੀ ਫਾਇਦਾ। ਕਾਗਜ਼ਾਂ ਵਿਚ ਹੀ ਸਕੂਲਾਂ ਦੀ ਸੈਂਕਸ਼ਨ ਦੇਣਾ ਕੋਈ ਮਾਅਨੇ ਨਹੀਂ ਰੱਖਦਾ ਜਦੋਂ ਤੱਕ ਕੇ ਬਾਕਾਇਦਾ ਪ੍ਰੈਕਟੀਕਲੀ ਕੋਈ ਪ੍ਰਬੰਧ ਨਾ ਕੀਤੇ ਜਾਣ। ਇਹ ਸਕੀਮ ਅੱਧ ਵਿਚਾਲੇ ਬੰਦ ਹੋ ਗਈ ਤੇ ਫਿਰ ਇਨ੍ਹਾਂ ਨੇ ਫੈਸਲਾ ਕੀਤਾ ਕਿ ਐਜੂਕੇਸ਼ਨ ਸਿਸਟਮ ਵਿਚ ਇਮਪਰੂਵਮੈਂਟ ਕਰਨੀ ਹੈ। ਇਨ੍ਹਾਂ ਨੇ (ਆਪੋਜੀਸ਼ਨ ਪਾਰਟੀ ਵਲ ਇਸ਼ਾਰਾ) ਫਿਰ ਇਸ ਮਨਸ਼ਾ ਲਈ ਆਦਰਸ਼ ਸਕੂਲ ਖੋਲ੍ਹਣ ਦੀ ਸਕੀਮ ਬਣਾਈ। ਇਸ ਗਲ ਦਾ ਵੀ ਮੈਨੂੰ ਦੁੱਖ ਹੋਇਆ। ਪਿਛਲੀ ਸਰਕਾਰ ਦੇ ਅਹਿਦ ਵਿਚ ਕੇਵਲ 4 ਸਕੂਲ ਹੀ ਆਦਰਸ਼ ਸਕੂਲ ਇਨ੍ਹਾਂ ਨੇ ਚਾਲੂ ਕੀਤੇ। ਇਕ ਗੱਲ ਮੈਂ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਤੁਸੀਂ ਮੈਨੂੰ ਇਹ ਦੱਸੋ ਕਿ ਜਿਹੜੀ ਪਾਰਟੀ ਗੁਰੂ ਨਾਨਕ ਪਾਤਸ਼ਾਹ ਦੇ ਆਦਰਸ਼ਾਂ ਨੂੰ ਮੰਨਣ ਦਾ ਦਾਅਵਾ ਕਰਦੀ ਹੋਵੇ, ਉਹ ਆਦਰਸ਼ ਸਕੂਲਾਂ ਦੀਆਂ ਗਲਾਂ ਕਿਵੇਂ ਕਰ ਸਕਦੀ ਹੈ। ਗੁਰੂ ਨਾਨਕ ਦੇ ਆਦਰਸ਼ਾਂ ਵਿਚ ਕੋਈ ਆਦਰਸ਼ ਸਕੂਲਾਂ ਦੀ ਵਿਵਸਥਾ ਨਹੀਂ। ਇਹ ਜਿਹੜੇ ਸਕੂਲ ਖੋਲ੍ਹੇ ਗਏ, ਇਹ ਇਕ ਪ੍ਰਿਵਲਿਜ ਕਲਾਸ ਵਾਸਤੇ ਸਨ। ਪ੍ਰਿਵਲਿਜ ਕਲਾਸ ਪੈਦਾ ਕਰਨਾ ਗੁਰੂ ਨਾਨਕ ਦੇ ਆਦਰਸ਼ਾਂ ਦੇ ਉਲਟ ਹੈ। ਉਹ ਕਹਿੰਦੇ ਹਨ ਕਿ :—

"ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅੱਤ ਨੀਚ,
ਨਾਨਕ ਤਿਨਕੇ ਸੰਗ ਸਾਥ ਵੱਡਿਆਂ ਸੂੰ ਕਿਆ ਰੀਸ।"

ਇਨ੍ਹਾਂ ਦੀਆਂ ਯਾਰੀਆਂ ਸਨ ਵੱਡਿਆਂ ਨਾਲ ਇਸ ਲਈ ਇਨ੍ਹਾਂ ਨੇ ਵੱਡਿਆਂ ਲਈ ਆਦਰਸ਼ ਸਕੂਲ ਖੋਹਲੇ। (ਵਿਘਨ) ਮੈਂ ਦੱਸਦਾ ਹਾਂ ਕਿ ਅਸੀਂ ਇਹ ਫੈਸਲਾ ਕੀਤਾ ਹੈ ਕਿ ਵਿਦਿਆ ਦੇ ਪ੍ਰਸਾਰ ਵਾਸਤੇ ਅਧਿਆਪਕਾਂ ਦੀ ਟਰੇਨਿੰਗ ਵਾਸਤੇ ਨੌਕਰੀ ਤੋਂ ਪਹਿਲਾਂ ਅਤੇ ਨੌਕਰੀ ਦੇ ਦਰਮਿਆਨ ਸਮੇਂ ਸਮੇਂ ਤੇ ਇਨ੍ਹਾਂ ਨੂੰ ਟਰੇਨਿੰਗ ਦਿਤੀ ਜਾਏਗੀ। ਇਨ੍ਹਾਂ ਵਾਸਤੇ ਸਟੇਟ ਕੌਂਸਲ ਆਫ ਰਿਸਰਚ ਖੋਲ੍ਹਣ ਦਾ ਫੈਸਲਾ ਕੀਤਾ ਹੈ, ਜਿਸ ਦੀ ਮੈਂ ਸ਼ਲਾਘਾ ਕੀਤੇ ਬਗੈਰ ਨਹੀਂ ਰਹਿ ਸਕਦਾ। ਸਭ ਤੋਂ ਵੱਡੀ ਗੱਲ ਇਹ ਕੀਤੀ ਹੈ ਕਿ ਜਿਹੜੇ ਸਕੂਲਾਂ ਦੀ ਇਮਾਰਤ ਨਹੀਂ, ਜਿਥੇ ਬਲੈਕ ਬੋਰਡ ਨਹੀਂ, ਟਾਟ ਨਹੀਂ,

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਇਨ੍ਹਾਂ ਸਾਰੀਆਂ ਚੀਜ਼ਾਂ ਦਾ ਪਰਬੰਧ ਕੀਤਾ ਜਾਏਗਾ। ਇਨ੍ਹਾਂ ਗੱਲਾਂ ਲਈ ਸਾਡੀ ਸਰਕਾਰ ਮੁਬਾਰਕਬਾਦ ਦੀ ਪਾਤਰ ਹੈ। ਸਾਡੀ ਸਰਕਾਰ ਨੇ ਕੇਵਲ ਵਿਦਿਆ ਤੇ 100 ਕਰੋੜ ਰੁਪਏ ਤੋਂ ਵੀ ਵੱਧ ਖਰਚ ਕਰਨ ਦਾ ਫੈਸਲਾ ਕੀਤਾ ਹੈ। ਜੋ ਸਰਕਾਰ ਦੀ ਆਮਦਨ ਔਰ ਖਰਚ ਦੇ ਹਿਸਾਬ ਨਾਲ 21 ਪਰਸੈਂਟ ਤੋਂ ਵੱਧ ਹੈ। ਕਲ ਮੈਂ ਸਰਦਾਰ ਬਲਵੰਤ ਸਿੰਘ ਜੀ ਦੀ ਬਜਟ ਤਕਰੀਰ ਪੜ੍ਹ ਰਿਹਾ ਸੀ, ਉਸ ਦੇ ਵਿਚ ਜੇਲ੍ਹਾਂ ਦਾ ਬੜਾ ਜ਼ਿਕਰ ਸੀ ਕਿ ਅਸੀਂ ਜੇਲ੍ਹਾਂ ਵਾਸਤੇ ਇਹ ਕਰ ਦਿਆਂਗੇ, ਉਹ ਕਰ ਦਿਆਂਗੇ। ਠੀਕ ਹੈ ਮੈਂ ਇਸ ਗਲ ਨਾਲ ਸਹਿਮਤ ਹਾਂ ਕਿ ਜੇਲ੍ਹਾਂ ਦੇ ਸੁਧਾਰ ਲਈ ਕੁਝ ਕੁ ਕਦਮ ਪੱਟੇ ਗਏ ਸੀ ਕਿਉਂਕਿ ਮੇਰੇ ਵੀਰਾਂ ਨੂੰ ਕਾਫੀ ਸਮਾਂ ਜੇਲ੍ਹਾਂ ਵਿਚ ਗੁਜ਼ਾਰਨ ਦਾ ਮਿਲਿਆ ਸੀ। (ਵਿਘਨ) ਤਾਂ ਜੇਲ੍ਹਾਂ ਦਾ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਜੇ ਭੁਣ ਕੇ ਉਹ ਲੰਮਾ ਸਮਾਂ ਸਕੂਲਾਂ ਵਿਚ ਗੁਜ਼ਾਰਦੇ ਤਾਂ ਸਕੂਲਾਂ ਦੀ ਗੱਲ ਵੀ ਚੰਗੀ ਕਰਦੇ। ਸਾਡੀ ਸਰਕਾਰ ਨੇ ਵੋਕੇਸ਼ਨਾਲਾਈਜ਼ੇਸ਼ਨ ਸਿਸਟਮ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਸਭ ਤੋਂ ਵੱਡੀ ਗਲ ਸਰਕਾਰ ਨੇ ਇਹ ਕੀਤੀ ਹੈ ਕਿ ਜੋ ਸਾਡੀਆਂ ਇੰਡੀਅਨ ਸਰਵਿਸਿਜ਼ ਹਨ ਭਾਵੇਂ ਆਈ. ਏ. ਐਸ. ਜਾਂ ਆਈ. ਐਫ. ਐਸ. ਉਨ੍ਹਾਂ ਵਿਚ ਸਾਡੀ ਸ਼ਮੂਲੀਅਤ ਬਹੁਤ ਘੱਟ ਗਈ ਸੀ, ਜਿਹੜੀ ਕਿ ਢਾਈ ਪਰਸੈਂਟ ਤਕ ਆ ਗਈ ਸੀ। ਇਸ ਸਰਕਾਰ ਨੇ ਪ੍ਰਬੰਧ ਕੀਤਾ ਹੈ ਕਿ ਯੂਨੀਵਰਸਿਟੀਆਂ ਵਿਚ ਸੈਂਟਰ ਇਸ ਕਰਕੇ ਖੋਲ੍ਹੇ ਜਾਣਗੇ ਜਿਸ ਦੇ ਵਿਚ ਆਮ ਲੋਕਾਂ ਦੇ ਬੱਚਿਆਂ ਨੂੰ ਇਸ ਗੱਲ ਲਈ ਤਿਆਰ ਕੀਤਾ ਜਾਏਗਾ ਤਾਂਕਿ ਉਹ ਆਲ ਇੰਡੀਆ ਕੰਪੀਟੀਸ਼ਨਾਂ ਵਿਚ ਕੰਪੀਟ ਕਰ ਸਕਣ ਅੱਤ ਆਲ ਇੰਡੀਆ ਸਰਵਿਸਿਜ਼ ਵਿਚ ਹਿੱਸੇਦਾਰ ਬਣ ਸਕਣ ।

ਇਸ ਤੋਂ ਬਾਅਦ ਮੈਂ ਆਦਰਸ਼ ਸਕੂਲਾਂ ਦੇ ਬਾਰੇ ਫਿਰ ਜ਼ਿਕਰ ਕਰਨਾ ਚਾਹੁੰਦਾ ਹਾਂ। ਜਿਹੜੀ ਇਨ੍ਹਾਂ ਨੇ ਆਦਰਸ਼ ਸਕੂਲਾਂ ਦੀ ਸਕੀਮ ਬਣਾਈ, ਮੈਂ ਸਮਝਦਾ ਹਾਂ ਕਿ ਉਹ ਕਿਹੜੇ ਪਿੰਡਾਂ ਵਿਚ ਖੋਲ੍ਹੇ ਜਾਣੇ ਸੀ। ਜਿਹੜਾ ਪਿੰਡ 20 ਏਕੜ ਜ਼ਮੀਨ ਦੇਵੇ ਅਤੇ 2 ਲੱਖ ਰੁਪਏ ਵੀ ਦੇਵੇ ਤਾਂ ਇਨ੍ਹਾਂ ਦੀ ਸਰਕਾਰ ਉਥੇ ਆਦਰਸ਼ ਸਕੂਲ ਖੋਲ੍ਹੇਗੀ। ਪਹਿਲਾਂ ਪਿੰਡ ਜਿਹੜੇ 20 ਏਕੜ ਜ਼ਮੀਨ ਦੇਣ ਫਿਰ ਪੰਚਾਇਤ 2 ਲੱਖ ਰੁਪਏ ਇਕੱਠੇ ਕਰਕੇ ਦੇਵੇ। ਇਸ ਦਾ ਮਤਲਬ ਹੋਇਆ ਕਿ ਨਾਨੇ ਮਾਣ ਉਣ ਹੋਵੇਗਾ ਤੇ ਨਾਂ ਇਨ੍ਹਾਂ ਬਾਬਿਆਂ ਦੀ ਰਾਧਾ ਨੱਚੇਗੀ।

ਹੁਣ ਮੈਂ ਇੰਡਸਟਰੀ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਅਕਾਲੀ-ਜਨਤਾ ਸਰਕਾਰ ਦੀਆਂ ਜਿੰਨੀਆਂ ਵੀ ਡਿਵੈਲਪਮੈਂਟ ਦੀਆਂ ਸਕੀਮਾਂ ਸਨ ਉਹ ਸਾਰੀਆਂ ਲੈਪਸਾਈਡ ਸਨ। (ਵਿਘਨ) ਪੰਜਾਬ ਦਾ ਆਰਥਿਕ ਢਾਂਚਾ ਸਾਰਾ ਚਿੰਤਾਜਨਕ ਸੀ । ਅਜਿਹੇ ਸੈਕਟਰ ਵਾਸਤੇ ਕੇਵਲ 12% ਰਖਿਆ ਸੀ ਜਦ ਕਿ ਕੌਮੀ ਔਸਤ 16% ਸੀ। ਇਸ ਦੇ ਲਈ ਹੁਣ 4 ਕਰੋੜ 56 ਲੱਖ ਰੁਪਏ ਦਾ ਉਪਬੰਧ ਸਾਡੀ ਸਰਕਾਰ ਨੇ ਕੀਤਾ ਹੈ, ਯਾਨੀ ਪਹਿਲੀ ਸਰਕਾਰ ਤੋਂ 1 ਕਰੋੜ ਰੁਪਏ ਵੱਧ।

ਹੁਣ ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਜੀ ਨੇ ਕੁਝ ਗੱਲਾਂ ਆਪਣੀ ਤਕਰੀਰ ਵਿਚ ਬੜੇ ਜ਼ੋਰ ਨਾਲ ਕੀਤੀਆਂ। ਉਨ੍ਹਾਂ ਨੇ ਫਿਸਕਲ ਪਾਵਰਜ਼ ਅਤੇ ਪ੍ਰਾਵਿੰਸ਼ੀਅਲ ਅਟਾਨੋਮੀ ਤੇ ਗੱਲਾਂ ਕੀਤੀਆਂ ਔਰ ਇਸ ਚੀਜ਼ ਤੇ ਦੋਨਾਂ ਪਾਸਿਆਂ ਦੇ ਮੈਂਬਰ ਸਾਹਿਬਾਨ ਵਿਚ ਵਾਦ-ਵਿਵਾਦ ਛਿੜਿਆ ਰਿਹਾ ਔਰ ਇਸ ਪਾਸਿਓਂ ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਫਿਸਕਲ ਪਾਵਰਜ਼ ਔਰ ਪ੍ਰਾਵਿੰਸ਼ੀਅਲ ਅਟਾਨੋਮੀ ਦੀ ਜੋ ਗੱਲ ਸੀ, ਉਹ ਸਿੱਖ ਸਟੇਟ ਵਲ ਕਦਮ ਪੁੱਟੇ ਜਾ ਰਹੇ ਸੀ। ਮੈਂ ਥੋੜ੍ਹਾ ਜਿਹਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜੇ ਕਰ ਇਹ ਸਦਮਚ ਇਸ ਗਲ ਦੇ ਲਈ ਕਮਿਟਿਡ ਸਨ ਕਿ ਇਨ੍ਹਾਂ ਨੇ ਫਿਸਕਲ ਪਾਵਰਜ਼ ਲੈਣੀਆਂ ਹਨ ਔਰ ਪ੍ਰਾਵਿੰਸ਼ੀਅਲ ਅਟਾਨੋਮੀ ਲੈਣੀ

Original with;
Punjab Vidhan Sabha
Digitized by;
Panjab Digital Library

ਹੈ ਅਤੇ ਤੁਹਾਡੀ ਪਾਰਟੀ ਦੀ ਮੀਟਿੰਗ ਵਿਚ ਇਹ ਚੀਜ਼ ਆਈ ਸੀ ਅਤੇ ਤੁਹਾਡੀ ਪਾਰਟੀ ਚਾਹੁੰਦੀ ਸੀ ਕਿ ਤੁਸੀਂ ਉਹ ਮਸ਼ਲਾ ਆਨ ਦੀ ਫਲੋਰ ਆਫ ਦੀ ਹਾਊਸ ਲਿਆ ਕੇ ਇਥੇ ਰੈਜ਼ੋਲਿਊਸ਼ਨ ਪਾਸ ਕਰਦੇ। ਜਿਸ ਤਰ੍ਹਾਂ ਤਾਮਲ ਨਾਡੂ ਨੇ ਕੀਤਾ, ਪਰ ਤੁਸੀਂ ਇਹ ਮਤਾ ਅਸੈਂਬਲੀ ਵਿਚ ਨਾ ਲਿਆਂਦਾ ਅੱਤੇ ਡਿਸਕਸ ਨਾ ਕੀਤਾ। ਤੁਸੀਂ ਇਹ ਗੱਲ ਆਪਣੇ ਤੱਕ ਸੀਮਿਤ ਰੱਖੀ। ਉਹ ਕਿਹੜੀਆਂ ਮਜ਼ਬੂਰੀਆਂ ਸਨ, ਕਿਹੜੀਆਂ ਸ਼ਕਤੀਆਂ ਸਨ, ਜਿਹੜੀਆਂ ਤੁਹਾਨੂੰ ਇਸ ਗੱਲ ਤੋਂ ਵਰਜਦੀਆਂ ਰਹੀਆਂ। ਜਦ ਪਾਰਟੀ ਵਿਚ ਇਹ ਚੀਜ਼ ਹੋਈ ਤਾਂ ਇਥੇ ਕਿਉਂ ਨਹੀਂ ਲੈਕੇ ਆ ਸਕੇ। ਤਾਮਿਲ ਨਾਡੂ ਨੇ ਮਤਾ ਪਾਸ ਕੀਤਾ ਅੱਤੇ ਕੇਂਦਰ ਦੀ ਸਰਕਾਰ ਨੂੰ ਭੇਜ ਦਿੱਤਾ ਸੀ। ਦੂਸਰੀ ਗਲ ਜਿਹੜੀ ਫਿਸਕਲ ਪਾਵਰ ਦੀ ਹੈ ਜਾਂ ਪ੍ਰੋਵਿਸ਼ੀਅਲ ਅਟਾਨੋਮੀ ਦੀ ਹੈ, ਜਿਨ੍ਹਾਂ ਨਾਲ ਤੁਹਾਡੀ ਭਾਈਵਾਲਤਾ ਸੀ, ਜਿਨ੍ਹਾਂ ਦੇ ਨਾਲ ਰਲ ਕੇ ਸਰਕਾਰ ਚਲਾਈ, ਇਹ ਆਉਂਦਾ ਰਿਹਾ ਕਿ ਅਸੀਂ ਸੈਕੂਲਰ ਸਟਰਕਚਰ ਬਣਾ ਰਹੇ ਹਾਂ। ਚੰਗਾ ਹੁੰਦਾ ਜੇ ਉਨ੍ਹਾਂ ਵਿਚੋਂ ਕੋਈ ਆ ਜਾਂਦਾ ਪਰ ਕੋਈ ਨਹੀਂ ਆਇਆ। ਇਕ ਆਇਆ ਉਹ ਇਸ ਵਿਚ ਬੋਂਦਲਿਆ ਰਹਿੰਦਾ ਹੈ ਕਿ ਮੈਂ ਕਿਵੇਂ ਆ ਗਿਆ। ਜਦੋਂ ਪ੍ਰੋਵਿਸ਼ੀਅਲ ਅਟਾਨੋਮੀ ਦੀ ਗੱਲ ਚਲੀ ਤਾਂ ਇਨ੍ਹਾਂ ਦੇ ਆਪਣੇ ਸਾਥੀਆਂ ਨੇ ਇਸ ਗਲ ਦਾ ਵਿਰੋਧ ਕੀਤਾ ਅੱਤੇ ਇਹ ਇਮਾਨਦਾਰੀ ਨਾਲ ਇਸ ਗਲ ਨੂੰ ਲਾਗੂ ਨਹੀਂ ਕਰ ਸਕੇ। ਗੱਲਾਂ ਵਿਚ ਹਰ ਰੋਜ਼ ਪੰਜਾਬ ਦੇ ਲੋਕਾਂ ਨਾਲ ਠੱਗੀ ਮਾਰੀ ਜਾਂਦੀ ਰਹੀ ਲੇਕਿਨ ਵਾਸਤਵਿਕ ਰੂਪ ਵਿਚ ਉਹ ਗੱਲ ਕਹਿਣ ਨੂੰ ਤਿਆਰ ਨਹੀਂ ਸੀ। (ਵਿਘਨ) You should have brought this resolution on the floor of the House. There should have been discussion on it. You never brought it. ਅੱਤੇ ਇਹ ਬੜੀ ਵੱਡੀ ਬਦਗੁਮਾਨੀ ਹੈ। You can bring the resolution in original form tomorrow and discuss it. ਡਿਪਟੀ ਸਪੀਕਰ ਸਾਹਿਬ, ਉਮਰਾਨੰਗਲ ਜੀ ਇਸ ਹਾਊਸ ਦੇ ਆਨਰੇਬਲ ਮੈਂਬਰ ਹਨ। ਪੰਜਾਬ ਦੇ ਲੋਕ ਅਤੇ ਸਾਰੇ ਮੈਂਬਰ ਸਾਹਿਬਾਨ ਜਾਣਦੇ ਹਨ ਕਿ ਅੰਮ੍ਰਿਤਸਰ ਦੀ ਕਚਹਿਰੀ ਦੇ ਉਤੇ ਉਨ੍ਹਾਂ ਨੇ ਇਕ ਵੱਖਰਾ ਝੰਡਾ ਲਹਿਰਾਇਆ ਸੀ ਅੱਤੇ ਉਸ ਸਮੇਂ ਵੀ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ਨੇ ਇੱਕ ਪੈਰਲਲ ਫਲੈਗ ਲਾਇਆ। ਫਲੈਗ ਤਾਂ ਗੌਰਮਿੰਟ ਦਾ ਸਿੰਬਲ ਹੁੰਦਾ ਹੈ। ਜਦੋਂ ਇਹ ਗੁਰਦਵਾਰਾ ਸਾਹਿਬ ਤੇ ਲਹਿਰਾਇਆ ਜਾਵੇ ਤਾਂ ਇਸਦੀ ਸੈਂਕਟਿਟੀ ਅਤੇ ਪਵਿਤਰਤਾ ਉਥੇ ਵੱਖਰੀ ਹੁੰਦੀ ਹੈ। ਜਦੋਂ ਇਸਨੂੰ ਕਿਸੇ ਸਿਆਸੀ ਪਾਰਟੀ ਦੇ ਭਵਨ ਤੇ ਲਹਿਰਾਇਆ ਜਾਵੇ ਤਾਂ ਉਥੇ ਇਸਦੀ ਮਹੱਤਤਾ ਵਖਰੀ ਹੁਦੀ ਹੈ। ਲੇਕਿਨ ਜਦੋਂ ਸਰਕਾਰ ਦੀ ਕਚਹਿਰੀ ਉਤੇ ਝੰਡਾ ਦੂਜਾ ਲਹਿਰਾਇਆ ਜਾਵੇ ਤਾਂ ਉਥੇ ਇਸ ਦੀ ਮਹੱਤਤਾ ਹੋਰ ਹੀ ਹੁੰਦੀ ਹੈ ਅੱਤੇ ਉਥੇ ਝੰਡਾ ਲਹਿਰਾਉਣ ਦੇ ਬਾਅਦ ਜੋ ਕਨਸੀਕੁਐਂਸਿਜ਼ ਨਿਕਲੇ ਉਹ ਬੜੇ ਘਿਨੌਣੇ ਤੇ ਖਤਰਨਾਕ ਸਨ। ਝੰਡਾ ਲਹਿਰਾਇਆ ਗਿਆ। ਉਹ ਗ੍ਰਿਫਤਾਰ ਹੋਏ। ਪੰਜਾਬ ਸਾਰਾ ਇਸ ਗੱਲ ਦਾ ਗਵਾਹ ਹੈ। ਤੁਸੀਂ ਕਹਿੰਦੇ ਹੋ ਕਿ ਸਾਡਾ ਰਿਲੀਜਨ ਤੇ ਫਲੈਗ ਇਕੱਠਾ ਹੈ। ਇਨ੍ਹਾਂ ਦਾ ਇਕ ਅਪਣਾ ਕਨਸੈਪਟ ਹੈ, ਮੈਨੂੰ ਇਸਤੇ ਕੋਈ ਇਤਰਾਜ਼ ਨਹੀਂ। ਪਰ ਉਸ ਕਨਸੈਪਟ ਤੇ ਮੈਂ ਟਿੱਪਣੀ ਜ਼ਰੂਰ ਕਰਨਾ ਚਾਹਾਂਗਾ।

ਡਿਪਟੀ ਸਪੀਕਰ ਸਾਹਿਬ, ਗੁਰਦੁਆਰਾ ਹਰਮੰਦਰ ਸਾਹਿਬ ਵਿਚ ਟਰਾਂਸਮੀਟਰ ਲਗਾ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਨਾਲ ਲਗਿਆ। ਜੇ ਪ੍ਰਵਾਨਗੀ ਨਾਲ ਨਹੀਂ ਸੀ ਲੱਗਾ ਤਾਂ ਕੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਸ ਸਬੰਧ ਵਿਚ ਕੋਈ ਇਨਫਰਮੇਸ਼ਨ ਉਸ ਵੇਲੇ ਦੀ ਸਰਕਾਰ ਨੂੰ ਭੇਜੀ, ਕੋਈ ਚਿੱਠੀ ਲਿਖੀ ਕਿ ਇਕ ਪੈਰਲਲ ਟਰਾਂਸਮੀਟਰ ਗੁਰਦੁਆਰਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਹਰਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਚੱਲ ਰਿਹਾ ਹੈ। ਉਹ ਚਲਿਆ। ਕੁਝ ਦਿਨ ਉਸਨੇ ਕੰਮ ਕੀਤਾ। ਜਿਸ ਦਿਨ ਇਹ ਕਿਹਾ ਗਿਆ ਕਿ ਅਸੀਂ ਤੁਹਾਡਾ ਟਰਾਂਸਮੀਟਰ ਬੰਦ ਕਰ ਦਿਆਂਗੇ ਉਦੋਂ ਬਿਆਨ ਆਇਆ ਕਿ ਜੇ ਸਾਡਾ ਟਰਾਂਸਮੀਟਰ ਬੰਦ ਕਰ ਦਿਉਗੇ ਤਾਂ ਅਸੀਂ ਤੁਹਾਡਾ ਟਰਾਂਸਮੀਟਰ ਨਹੀਂ ਚੱਲਣ ਦਿਆਂਗੇ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਨੀਤੀ ਦੇ ਤੌਰ ਤੇ ਆਪਣੇ ਆਪ ਨੂੰ ਹਰਮੰਦਰ ਸਾਹਿਬ ਦੀ ਪਰਕਰਮਾ ਨਾਲੋਂ ਨਿਖੇੜਨ ਜਾਂ ਉਥੇ ਹੋ ਰਹੀਆਂ ਐਕਟਿਵਿਟੀਜ਼ ਨੂੰ ਬਕਾਇਦਾ ਤੌਰ ਤੇ ਡਿਸਓਨ ਕਰਨ। ਇਸਦਾ ਮਤਲਬ ਤਾਂ ਇਹ ਹੈ ਕਿ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਗੁਰਦੁਆਰੇ ਦੇ ਅੰਦਰ ਐਡਮਨਿਸਟਰੇਸ਼ਨ ਚਲਾਉਣ ਵਿਚ ਅਸਫਲ ਰਹੀ। ਉਥੇ ਦੋ ਅੱਸੀਆਂ ਵਾਰਦਾਤਾਂ ਹੋਈਆਂ, ਪਹਿਲਾਂ ਝੰਡਾ ਲਹਿਰਾਇਆ ਗਿਆ ਫਿਰ ਹਰਮੰਦਰ ਸਾਹਿਬ ਵਿਚ ਟਰਾਂਸਮੀਟਰ ਲਗਾਇਆ ਗਿਆ। ਇਹ ਦੋਵੇਂ ਕਦਮ ਕੀ ਦੇਸ਼ ਦੇ ਏਕੀਕਰਣ ਵਲ, ਕੀ ਕੌਮੀ ਤੌਰ ਤੇ ਦੇਸ਼ ਨੂੰ ਇਕੱਠਾ ਰਖਣ ਵਾਸਤੇ, ਲਾਹੇਵੰਦ ਕੰਮ ਸਨ ਜਾਂ ਇਹ ਦੋਵੇਂ ਕਦਮ ਸੈਸੇਸ਼ਨ ਵਲ ਪੁੱਟੇ ਹੋਏ ਕਦਮ ਸਨ ? ਡਿਪਟੀ ਸਪੀਕਰ ਸਾਹਿਬ, ਇਹ ਇਨ੍ਹਾਂ ਦੋਨਾਂ ਗੱਲਾਂ ਦਾ ਜਵਾਬ ਦੇਣ ਜਾਂ ਇਨ੍ਹਾਂ ਨੂੰ ਓਨ ਕਰਨ ਜਾਂ ਡਿਸਓਨ ਕਰਨ। ਪੰਜਾਬ ਦੇ ਲੋਕ ਹੁਣ ਇਸ ਦਾ ਡੈਫਿਨਿਟ ਜਵਾਬ ਮੰਗਦੇ ਹਨ। ਹੁਣ ਬਹੁਤ ਲੰਮੇ ਸਮੇਂ ਲਈ ਅਸੀਂ ਲੋਕਾਂ ਨੂੰ ਇਸ ਗੱਲ ਤੇ ਬੇਵਕੂਫ ਨਹੀਂ ਬਣਾ ਸਕਦੇ। ਲੋਕ ਹਰ ਸਵਾਲ ਦਾ ਡੈਫੀਨਿਟ ਜਵਾਬ ਮੰਗਦੇ ਹਨ। ਇਸ ਵਾਸਤੇ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ 60, 65 ਕਰੋੜ ਵਸੋਂ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇਸ਼ ਵਿਚ ਜਿਥੇ ਉਹ ਲੋਕ ਵੀ ਵਸਦੇ ਹਨ, ਜਿਨ੍ਹਾਂ ਨੂੰ ਕਈ ਕਈ ਰਾਤਾਂ ਢਿੱਡ ਦੀ ਭੁਖ ਮਿਟਾਉਣ ਵਾਸਤੇ ਇੱਕ ਰੋਟੀ ਦਾ ਟੁੱਕਰ ਨਹੀਂ ਨਸੀਬ ਹੁੰਦਾ, ਉਥੇ ਇਥੇ ਐਸੇ ਵੀ ਲੋਕ ਵਸਦੇ ਹਨ, ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਪਾਸ ਕਿਤਨਾ ਸਰਮਾਇਆ ਹੈ। ਇਸ ਦੇਸ਼ ਵਿਚ ਅਨੇਕਾਂ ਬੋਲੀਆਂ ਬੋਲਣ ਵਾਲੇ, ਅਨੇਕਾਂ ਧਰਮਾਂ ਨੂੰ ਮੰਨਣ ਵਾਲੇ, ਅਨੇਕਾਂ ਸਭਿਆਚਾਰਕ ਗਰੁੱਪਾਂ ਨੂੰ ਮੰਨਣ ਵਾਲੇ, ਅਨੇਕਾਂ ਕਿਸਮ ਦੇ ਪਹਿਰਾਵੇ ਪਹਿਨਣ ਵਾਲੇ ਲੋਕ ਇਸ ਦੇਸ਼ ਵਿਚ ਵਸਦੇ ਹਨ ਜਿਨ੍ਹਾਂ ਦੀ ਗਿਣਤੀ 60, 65 ਕਰੋੜ ਦੇ ਕਰੀਬ ਹੈ। ਅੱਜ ਤੁਸੀਂ ਅੰਤਰ ਰਾਸ਼ਟਰੀ ਨਕਸ਼ਾ ਸਾਹਮਣੇ ਰੱਖ ਕੇ ਉਨ੍ਹਾਂ ਦੇਸ਼ਾਂ ਦਾ ਹਾਲ ਵੇਖੋ ਜਿਨ੍ਹਾਂ ਨੂੰ ਅੰਦਰੂਨੀ ਝਗੜਿਆਂ ਅਤੇ ਖਿਚੋਤਾਣ ਨੇ ਬਰਬਾਦ ਕਰਕੇ ਰੱਖ ਦਿੱਤਾ ਹੈ। ਬਹੁਤ ਸਾਰੇ ਦੇਸ਼ ਇਸ ਕਾਰਣ ਟੁਕੜੇ ਟੁਕੜੇ ਹੋਏ। ਬੰਗਲਾ ਦੇਸ਼ ਦੀ ਮਿਸਾਲ ਸਾਡੇ ਸਾਹਮਣੇ ਹੈ। ਲਹੂ ਲੁਹਾਨ ਹੋਏ ਨਕਸ਼ਿਆਂ ਨੂੰ ਅਸੀਂ ਵੇਖ ਸਕਦੇ ਹਾਂ। ਮੈਂ ਮਰਕਜ਼ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਪੂਰਾ ਯਤਨ ਕਰਕੇ ਦੇਸ਼ ਦੇ ਵਿਚ ਵਸਣ ਵਾਲੇ ਸਭਨਾਂ ਲੋਕਾਂ ਨੂੰ, ਸਾਰੇ ਦੇਸ਼ ਨੂੰ ਇੱਕ ਮੁੱਠ ਕਰਕੇ ਇੱਕ ਕੌਮ ਦੇ ਰੂਪ ਵਿਚ ਬਣਾਉਣ ਦਾ ਯਤਨ ਕੀਤਾ। ਜਿਹੜੀਆਂ ਤਾਕਤਾਂ ਇਹ ਚਾਹੁੰਦੀਆਂ ਹਨ ਕਿ ਇਸ ਦੇਸ਼ ਨੂੰ ਸਮਾਂ ਪਾ ਪਾਕੇ ਡਿਸਇਨਟੈਗਰੇਟ ਕਰ ਦਿੱਤਾ ਜਾਵੇ, ਉਨ੍ਹਾਂ ਤਾਕਤਾਂ ਦਾ ਸਾਨੂੰ ਖਿਆਲ ਰੱਖਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਜੋ ਇਸ ਬਜਟ ਵਿਚ ਭਾਵਨਾ ਦਰਸਾਈ ਗਈ ਹੈ ਉਹ ਕੇਂਦਰੀ ਬਜਟ ਦੇ ਨਾਲ ਬਿਲਕੁਲ ਮਿਲਦੀ ਜੁਲਦੀ ਹੈ। ਸਮੁਚੇ ਦੇਸ਼ ਦੇ ਲੋਕਾਂ ਦੇ ਹਿਤ ਦਾ ਖਿਆਲ ਸਾਡੇ ਮਨਾਂ ਵਿਚ ਹੈ ਕਿਉਂਕਿ ਇਸ ਸਾਰੇ ਦੇਸ਼ ਨੂੰ ਅਸੀਂ ਇਕ ਧਰਤੀ ਦਾ ਟੁਕੜਾ ਮੰਨਦੇ ਹਾਂ ਅਤੇ ਦੇਸ਼ ਵਿਚ ਵਸਣ ਵਾਲੇ ਸਮੂਹ ਲੋਕਾਂ ਨੂੰ ਆਪਣਾ ਭਾਈਵਾਲ ਮੰਨਦੇ ਹਾਂ। ਮੈਨੂੰ ਅਫ਼ਸੋਸ ਹੈ ਕਿ ਇਨ੍ਹਾਂ ਵੀਰਾਂ ਦੀ ਨੀਤੀ ਸ਼ੰਭੂ ਦੇ ਸਟੇਸ਼ਨ ਤੇ ਮੁੱਕ ਜਾਂਦੀ ਹੈ ਅਤੇ ਇਧਰ ਡੇਰਾ ਬਸੀ ਦੇ ਅਗੇ ਜਾ ਕੇ ਮੁੱਕ ਜਾਂਦੀ ਹੈ। ਇਸ ਲਈ ਹੀ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀਆਂ ਸਕੀਮਾਂ ਬਣਾਉਣ ਵਾਲਿਆਂ ਦੀ ਸੋਚ ਐਨੀ ਵਾਸਟ ਨਹੀਂ ਹੋ ਸਕਦੀ ਜਿੰਨੀ ਕਿ ਸਾਡੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਡੈਮੋਕਰੇਸੀ ਦਾ ਜ਼ਿਕਰ ਕੀਤਾ ਹੈ। ਮੈਂ ਇਸਦੀ ਵੀ ਗੱਲ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਸਰਦਾਰ ਬੀਰਦਵਿੰਦਰ ਸਿੰਘ : ਬੱਸ ਜੀ ਮੈਂ ਦਸ ਮਿੰਟ ਹੀ ਹੋਰ ਬੋਲਣਾ ਹੈ। ਡਿਪਟੀ ਸਪੀਕਰ ਸਾਹਿਬ, 1978 ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਸਰਦਾਰ ਆਤਮਾ ਸਿੰਘ ਇਥੇ ਕਹਿੰਦੇ ਹਨ ਕਿ ਅਸੀਂ ਡੈਮੋਕਰੈਸੀ ਬਹਾਲ ਕੀਤੀ। 16 ਅਗਸਤ ਨੂੰ ਪੰਚਾਇਤਾਂ ਦੀਆਂ ਚੋਣਾਂ ਦੇ ਨਾਮੀਨੇਸ਼ਨ ਪੇਪਰ ਭਰਨੇ ਸਨ। ਮੈਂ ਬਸੀ ਪਠਾਣਾਂ ਦੀ ਬਲਾਕ ਸੰਮਤੀ ਦਾ ਚੇਅਰਮੈਨ ਸੀ। ਇਨ੍ਹਾਂ ਦੀ ਪਾਰਟੀ ਨੇ ਕੋਸ਼ਿਸ਼ ਕੀਤੀ ਕਿ ਸਾਡੀ ਪਾਰਟੀ ਨਾਲ ਸਬੰਧਤ ਬੰਦੇ ਪੰਚਾਇਤਾਂ ਦੀਆਂ ਚੋਣਾਂ ਨਾ ਲੜ ਸਕਣ। ਇਨ੍ਹਾਂ ਨੇ 16 ਤਾਰੀਖ ਨੂੰ ਹੀ ਝੂਠਾ ਮੁਕੱਦਮਾ 307 ਦਾ ਮੇਰੇ ਤੇ ਬਣਾਇਆ। ਗੋਲੀ ਸਾਡੇ ਤੇ ਚੱਲੀ। ਬੰਦਾ ਸਾਡਾ ਮਰਿਆ ਅਤੇ ਮੁਕੱਦਮਾ ਵੀ ਸਾਡੇ ਤੇ ਪਾ ਦਿੱਤਾ। ਇਸੇ ਤਰ੍ਹਾਂ ਚੌਧਰੀ ਜਗਤ ਰਾਮ, ਜਿਸ ਦੀਆਂ ਸਾਰੀਆਂ ਡੇਢ ਪਾ ਹੱਡੀਆਂ ਹਨ, ਤੇ ਵੀ ਇਹ ਇਲਜ਼ਾਮ ਲਗਾਇਆ ਗਿਆ ਕਿ ਇਹ ਥਾਣਾ ਤੋੜਨ ਗਿਆ ਸੀ। ਮਾਰ ਮਾਰ ਕੇ ਚੌਧਰੀ ਜਗਤ ਰਾਮ ਦੀ ਬਾਂਹ ਤੋੜ ਦਿਤੀ। ਕੋਈ ਮੰਨ ਸਕਦਾ ਹੈ ਕਿ ਚੌਧਰੀ ਜਗਤ ਰਾਮ ਨੇ ਕਿਸੇ ਦੀ ਬਾਂਹ ਤੋੜੀ ਹੋਣੀ ਹੈ। ਇਨ੍ਹਾਂ ਤੇ ਵੀ 307 ਦਾ ਕੇਸ ਬਣਾ ਦਿੱਤਾ ਗਿਆ। 16 ਤਾਰੀਖ ਨੂੰ ਗ੍ਰਿਫਤਾਰ ਕਰਕੇ ਸੈਂਟਰਲ ਜੇਲ੍ਹ ਪਟਿਆਲਾ ਵਿਚ ਬੰਦ ਕਰ ਦਿੱਤਾ। ਇਸ ਤਰੀਕੇ ਨਾਲ ਇਨ੍ਹਾਂ ਨੇ ਡੈਮੋਕਰੇਸੀ ਬਹਾਲ ਕੀਤੀ। ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਜੇਲ੍ਹ ਵਿਚੋਂ ਹੀ ਆਪਣੇ ਨਾਮੀਨੇਸ਼ਨ ਪੇਪਰ ਭੇਜੇ, ਪਰ ਫਿਰ ਵੀ ਮੈਂ ਪੰਚਾਇਤ ਦੀ ਚੋਣ ਜਿੱਤ ਗਿਆ। 307 ਦੇ ਮੁਕੱਦਮੇਂ ਇਨ੍ਹਾਂ ਨੇ ਸਾਡੇ ਖਿਲਾਫ ਬਣਾਏ। (ਵਿਘਨ) ਠੀਕ ਹੈ, ਐਮਰਜੈਂਸੀ ਵਿਚ ਵੀ ਅਸੀਂ ਜੇਲ੍ਹ ਵਿਚ ਰਹੇ ਹਾਂ, ਲੇਕਿਨ ਚੇਅਰਮੈਨ ਬਰਕਰਾਰ ਰਹੇ। ਤੁਹਾਡੀ ਸਰਕਾਰ ਬਣੀ ਤਾਂ ਤੁਸੀਂ ਆਉਂਦੇ ਸਾਲ ਹੀ ਚੇਅਰਮੈਨ ਖਤਮ ਕਰ ਦਿੱਤੇ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਬੀਰਦਵਿੰਦਰ ਸਿੰਘ ਜੀ ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਬਹੁਤ ਸ਼ਕੁਰ ਹਾਂ ਕਿ ਤੁਸੀਂ ਮੈਨੂੰ ਬੜਾ ਸਮਾਂ ਬਖਸ਼ਿਆ ਹੈ ਅੱਜ ਮੈਂ ਇਸ ਬਜਟ ਪ੍ਰੋਪੋਜ਼ਲ ਦੇ ਸਬੰਧ ਵਿਚ ਆਪਣੇ ਵਿਚਾਰ ਰੱਖ ਸਕਿਆ ਹਾਂ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਜੋ ਬਜਟ ਪ੍ਰੋਪੋਜ਼ਲਜ਼ ਸਾਡੇ ਵਿੱਤ ਮੰਤਰੀ ਸਾਹਿਬ ਨੇ ਪੇਸ਼ ਕੀਤੀਆਂ ਹਨ ਉਨ੍ਹਾਂ ਨੂੰ ਇਸ ਗਲ ਦੀ ਵਧਾਈ ਦਿੰਦਾ ਹੋਇਆ ਇਨ੍ਹਾਂ ਪ੍ਰੋਪੋਜ਼ਲਜ਼ ਦੀ ਪ੍ਰੋੜਤਾ ਕਰਦਾ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਕੁਮਾਰੀ ਸਰਲਾ ਪ੍ਰਾਸ਼ਰ ਜੀ ਬੋਲਣ ਲਈ ਖੜ੍ਹੇ ਹੋਏ।) (ਸਰਦਾਰ ਦਿਲਬਾਗ ਸਿੰਘ ਜੀ ਅਤੇ ਸਰਦਾਰ ਜਸਮਤ ਸਿੰਘ ਢਿੱਲੋਂ ਜੀ ਵੀ ਖੜ੍ਹੇ ਹੋਏ।)

ਸਰਦਾਰ ਦਿਲਬਾਗ ਸਿੰਘ : ਡਿਪਟੀ ਸਪੀਕਰ ਸਾਹਿਬ, ਸਾਨੂੰ ਇਹ ਦੱਸ ਦਿਓ ਕਿ ਸਾਡੀ ਪਾਰਟੀ ਨੂੰ ਵੀ ਟਾਈਮ ਦੇਣਾ ਹੈ ਕਿ ਨਹੀਂ ਦੇਣਾ।

ਇਕ ਆਵਾਜ਼ : ਕੀ ਤੁਹਾਡੀ ਵੀ ਪਾਰਟੀ ਹੈ ? (ਹਾਸਾ)

ਸ਼੍ਰੀ ਡਿਪਟੀ ਸਪੀਕਰ : ਜ਼ਰੂਰ ਮਿਲੇਗਾ ਜੀ, ਤੁਸੀਂ ਬੈਠੋ।

ਕੁਮਾਰੀ ਸਰਲਾ ਪਰਾਸ਼ਰ (ਨੰਗਲ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸ਼ੁਕਰੀਆ ਅਦਾ ਕਰਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਬਜਟ ਪ੍ਰੋਪੋਜ਼ਲਜ਼ ਤੇ ਬੋਲਣ ਦਾ ਮੌਕਾ ਦਿਤਾ ਹੈ। ਇਹ ਦੇਖੀ

Original with;
Punjab Vidhan Sabha
Digitized by;
Panjab Digital Library

[ਕੁਮਾਰੀ ਸਰਲਾ ਪਰਾਸ਼ਰ]

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਇਸ ਗੱਲ ਉਤੇ ਮੈਂ ਆਪਣੇ ਪੁਆਇੰਟ ਰੱਖਣਾ ਚਾਹਵਾਂਗੀ ਕਿ ਇਹ ਜਿਹੜਾ ਬਜਟ ਹੈ ਇਹ ਸਾਡੀ ਆਈਡੀਆਲੋਜੀ, ਪ੍ਰੋਗਰਾਮ ਅੌਰ ਉਨ੍ਹਾਂ ਪ੍ਰੋਮਿਸਿਜ਼ ਦੇ ਬਿਲਕੁਲ ਅਨੁਕੂਲ ਹੈ ਜਿਹੜੇ ਕਿ ਅਸੀਂ ਇਲੈਕਸ਼ਨਾਂ ਵਿਚ ਲੋਕਾਂ ਨਾਲ ਕੀਤੇ ਹਨ। ਇਥੇ ਬਾਰ ਬਾਰ ਜ਼ਿਕਰ ਆਇਆ ਹੈ ਟਵੰਟੀ ਫਾਈਵ ਪੁਆਇੰਟ ਪ੍ਰੋਗਰਾਮ ਦਾ। 25 ਪੁਆਇੰਟਸ ਪ੍ਰੋਗਰਾਮ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ। 25 ਪੁਆਇੰਟ ਦਾ ਜ਼ਿਕਰ ਕਰਦੇ ਹੋਏ ਸਰਦਾਰ ਬਲਵੰਤ ਸਿੰਘ ਜੀ ਨੇ ਕਿਹਾ ਹੈ ਕਿ ਇਨ੍ਹਾਂ ਮੱਦਾਂ ਤੇ ਬਹੁਤ ਥੋੜ੍ਹੇ ਪੈਸੇ ਰਖੇ ਗਏ ਹਨ। ਮੈਂ ਇਸ ਸਬੰਧ ਵਿਚ ਜ਼ਿਕਰ ਕਰਨਾ ਚਾਹਾਂਗੀ ਕਿ ਜਿਸ ਤਰ੍ਹਾਂ ਇਨ੍ਹਾਂ ਨੇ 5 ਕਰੋੜ ਰੁਪਏ ਦਾ ਪ੍ਰੋਵੀਜ਼ਨ ਰਖਿਆ, ਪਰੰਤੂ ਖਰਚ ਸਿਰਫ ਦੋ ਲੱਖ ਰੁਪਏ ਹੀ ਕੀਤੇ। ਮੈਂ ਸਮਝਦੀ ਹਾਂ ਕਿ ਇਨ੍ਹਾਂ ਨੂੰ (ਅਕਾਲੀ ਪਾਰਟੀ ਵੱਲ ਇਸ਼ਾਰਾ) ਬੜੇ ਬੜੇ ਵਾਇਦਿਆਂ ਤੇ ਯਕੀਨ ਹੈ ਅੌਰ ਅਮਲ ਤੇ ਉਤਨਾਂ ਯਕੀਨ ਨਹੀਂ ਹੈ। ਇਹ ਗੱਲ ਅਗਰ ਪਲਾਨ ਸਾਈਡ ਨੂੰ ਵੇਖਿਆ ਜਾਵੇ ਤਾਂ ਸਾਬਤ ਹੋ ਜਾਂਦੀ ਹੈ। ਸੰਨ 1975-76 ਵਿਚ ਪਲਾਨ ਸਾਈਡ ਲਈ 163.5 ਕਰੋੜ ਰੁਪਏ ਰੱਖੇ ਗਏ ਸੀ ਅੌਰ ਕਾਂਗਰਸ ਸਰਕਾਰ ਨੇ 166.28 ਕਰੋੜ ਰੁਪਏ ਖਰਚ ਕੀਤੇ, ਯਾਨੀ ਜਿਤਨੀ ਅੈਲੋਕੇਸ਼ਨ ਸੀ, ਉਸ ਤੋਂ ਵੱਧ ਖਰਚ ਕੀਤਾ ਸੀ। ਇਸ ਤਰ੍ਹਾਂ ਹੀ ਸੰਨ 1976-77 ਵਿਚ 216.46 ਕਰੋੜ ਦੇ ਅੈਸਟੀਮੇਟਸ ਸਨ ਅੌਰ 220.10 ਕਰੋੜ ਰੁਪਿਆ ਖਰਚ ਹੋਇਆ। ਇਨ੍ਹਾਂ ਵੀਰਾਂ ਦੇ ਟਾਈਮ ਵਿਚ ਸੰਨ 1977-78 ਵਿਚ 257.50 ਕਰੋੜ ਰੁਪਏ ਅੈਲੋਕੇਟ ਹੋਏ ਸਨ ਲੇਕਿਨ ਖਰਚ 204 ਕਰੋੜ ਰੁਪਿਆ ਹੋਇਆ ਸੀ। ਇਸ ਦਾ ਮਤਲਬ ਹੈ ਕਿ ਜਿਤਨੇ ਬਜਟ ਅੈਸਟੀਮੇਟਸ ਸਨ, ਉਸ ਦੇ ਨਾਲੋਂ 53 ਕਰੋੜ ਰੁਪਏ ਘਟ ਖਰਚ ਕੀਤੇ ਗਏ। ਇਸ ਤਰ੍ਹਾਂ ਹੀ ਸੰਨ 1978-79 ਵਾਸਤੇ 260 ਕਰੋੜ ਦੇ ਅੈਸਟੀਮੇਟਸ ਸਨ ਅੌਰ 221 ਕਰੋੜ ਰੁਪਏ ਖਰਚ ਹੋਏ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਜਿਤਨੇ ਬਜਟ ਅੈਸਟੀਮੇਟਸ ਹੁੰਦੇ ਸਨ, ਇਹ ਉਸ ਨੂੰ ਵੀ ਨਹੀਂ ਸੀ ਖਰਚ ਕਰ ਸਕਦੇ। ਫੋਕੀ, ਵਾਹਵਾ ਲੈਣ ਵਾਸਤੇ ਬਜਟ ਅੈਲੋਕੇਸ਼ਨ ਵਿਖਾਉਂਦੇ ਰਹੇ ਲੇਕਿਨ ਖਰਚ ਬਹੁਤ ਘਟ ਕਰਦੇ ਰਹੇ। ਮੈਂ ਫਾਇਨਾਂਸ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਬਹੁਤ ਮੁਬਾਰਿਕਬਾਦ ਦੇਵਾਂਗੀ ਕਿ ਇਨ੍ਹਾਂ ਨੇ 25 ਪੁਆਇੰਟਸ ਨੂੰ ਹਾਈਲਾਈਟ ਕਰਕੇ ਸਾਰੇ ਬਜਟ ਨੂੰ ਇਸ ਤਰ੍ਹਾਂ ਨੈਟ ਕੀਤਾ ਹੈ ਜਿਸ ਦੇ ਨਾਲ ਜਿਹੜੇ ਗਰੀਬ ਲੋਕ ਹਨ, ਗਰੀਬ ਤਬਕੇ ਹਨ ਉਨ੍ਹਾਂ ਦਾ ਵੱਧ ਤੋਂ ਵੱਧ ਫਾਇਦਾ ਹੋਵੇਗਾ। ਇਸ ਦੇ ਨਾਲ ਹੀ ਇਸ ਗੱਲ ਵੱਲ ਜ਼ਿਆਦਾ ਤਵੱਜੋ ਦਿੱਤੀ ਗਈ ਹੈ, ਜਿਸ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ, ਉਹ ਇਹ ਹੈ ਕਿ ਜੋ ਪ੍ਰੋਗਰਾਮ ਬਣਾਇਆ ਗਿਆ ਹੈ, ਜੋ ਕਿ ਬਜਟ ਦੇ ਵਿਚ ਸ਼ਾਮਲ ਹੈ, ਉਸ ਨੂੰ ਜ਼ਿਆਦਾ ਮੇਹਨਤ ਦੇ ਨਾਲ ਅੌਰ ਇਮਾਨਦਾਰੀ ਦੇ ਨਾਲ ਚਲਾਇਆ ਜਾਵੇ।

ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਅਕਾਲੀ ਸਰਕਾਰ ਵੇਲੇ ਦੀ ਇਕ ਗੱਲ ਦਸਦੀ ਹਾਂ ਕਿ ਕਿਸ ਤਰੀਕੇ ਨਾਲ ਉਨ੍ਹਾਂ ਨੇ ਗੜਬੜ ਕਰਕੇ ਆਪਣੀ ਕੁਣਬਾਪਰਵਰੀ ਕੀਤੀ ਹੈ। ਇਸ ਦੇ ਵਾਸਤੇ ਮੈਂ ਤੁਹਾਡੇ ਸਾਹਮਣੇ ਬਿਜਲੀ ਬੋਰਡ ਦੀ ਮਿਸਾਲ ਦੇਵਾਂਗੀ। ਬਿਜਲੀ ਬੋਰਡ, ਡਿਪਟੀ ਸਪੀਕਰ ਸਾਹਿਬ, ਪਹਿਲੀ ਮਈ, 1967 ਵਿਚ ਅਮਲ ਵਿਚ ਆਇਆ। ਗਿਆਰਾਂ ਸਾਲਾਂ ਦੇ ਦੌਰਾਨ ਉਸ ਬਿਜਲੀ ਬੋਰਡ ਦੇ ਅਕਾਊਂਟਸ ਦਾ ਕੰਮ ਸਿਰਫ ਇਕ ਅਕਾਊਂਟਸ ਅਫਸਰ ਕਰਦਾ ਰਿਹਾ ਅੌਰ ਉਹ ਅਕਾਊਂਟਸ ਬੜੀ ਕਾਮਯਾਬੀ ਦੇ ਨਾਲ ਰੱਖੇ ਗਏ। ਬੜੀ ਕਾਮਯਾਬੀ ਦੇ ਨਾਲ ਕੰਮ ਚਲਦਾ ਰਿਹਾ। ਗਿਆਰਾਂ ਸਾਲਾਂ ਦੇ ਸਪੈਨ ਦੇ ਵਿਚ ਇਹ ਮਹਿਸੂਸ ਨਹੀਂ ਕੀਤਾ ਗਿਆ ਕਿ ਇਸ ਸਿਸਟਮ ਦੇ ਵਿਚ ਤਬਦੀਲੀ ਆਵੇ ਕਿਉਂਕਿ ਕੰਮ ਅੱਛੀ ਤਰ੍ਹਾਂ ਦੇ ਨਾਲ ਚਲਦਾ ਸੀ ਲੇਕਿਨ ਬਾਦਲ ਸਾਹਿਬ ਦੀ ਸਰਕਾਰ ਨੇ ਆ ਕੇ ਉਸ ਇਕ ਅਕਾਊਂਟਸ ਅਫਸਰ ਦੀ ਥਾਂ ਚਾਰ ਡਿਪਟੀ ਚੀਫ ਅਕਾਊਂਟਸ ਅਫਸਰ ਅੈਨਨਸੈਸਰਿਲੀ ਹੀ ਰੱਖ ਲਏ। ਨਾ ਸਿਰਫ ਅੈਨਨਸੈਸਰਿਲੀ ਹੀ ਰੱਖੇ ਗਏ ਬਲਕਿ ਜਿਹੜੇ ਆਦਮੀ ਰੱਖੇ ਗਏ ਉਨ੍ਹਾਂ ਪਾਸ ਨਾ ਕੋਈ ਉਸ ਲਾਈਨ ਦਾ ਤਜਰਬਾ ਸੀ, ਨਾ ਅੈਫੀਸ਼ੈਂਸੀ ਸੀ, ਨਾ ਹੀ ਕੋਈ

Original with;
Punjab Vidhan Sabha
Digitized by;
Panjab Digital Library

ਸਪੈਸ਼ਲ ਕੁਆਲੀਫਿਕੇਸ਼ਨ ਹੀ ਸੀ। ਡਿਪਟੀ ਚੀਫ ਅਕਾਊਂਟਸ ਅਫ਼ਸਰ ਵਰਗੀ ਰਿਸਪਾਂਸੀਬਲ ਜਗ੍ਹਾ ਉਤੇ ਜਿਹੜੇ ਲੋਅਰ ਡਵੀਜ਼ਨ ਕਲਰਕ ਸਨ ਉਹ ਜਾਂ ਉਸੇ ਲੈਵਲ ਦੇ ਬੰਦੇ ਲਗਾਏ ਗਏ ਜਿਹੜਾ ਕਿ ਮੈਂ ਸਮਝਦੀ ਹਾਂ ਕਿ ਇਨ੍ਹਾਂ ਦੀ ਸਰਕਾਰ ਦਾ ਇਕ ਕਰੀਮੀਨਲ ਐਕਟ ਸੀ। ਬਜਾਏ ਇਸ ਦੇ ਕਿ ਇਸ ਤਰ੍ਹਾਂ ਦੀਆਂ ਰਿਸਪਾਂਸੇਬਲ ਪੋਸਟਾਂ ਤੇ ਯੋਗ ਬੰਦੇ ਰੱਖੇ ਜਾਂਦੇ, ਇਨ੍ਹਾਂ ਦੇ ਹੋਣਹਾਰ ਮੈਂਬਰ, ਬਿਜਲੀ ਬੋਰਡ, ਦੀ ਸਰਪਰਸਤੀ ਹੇਠ ਉਹ ਆਦਮੀ ਰੱਖੇ ਗਏ ਜਿਨ੍ਹਾਂ ਨੂੰ ਇਹ ਜ਼ਾਤੀ ਤੌਰ ਤੇ ਰਖਣਾ ਚਾਹੁੰਦੇ ਸੀ ਅੱਤੇ ਜਿਹੜੇ ਇਨ੍ਹਾਂ ਦੇ ਆਪਣੇ ਬੰਦੇ ਸੀ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਨੇ ਆਪਣੇ ਹੀ ਬੰਦਿਆਂ ਨੂੰ ਅਕਾਮੋਡੇਟ ਕਰਨ ਵਾਸਤੇ ਰੂਲਜ਼ ਐਂਡ ਰੈਗੂਲੇਸ਼ਨਜ਼ ਦਾ ਵੀ ਕੋਈ ਖਿਆਲ ਨਾ ਕੀਤਾ। ਇਹ ਹੀ ਨਹੀਂ, ਹੋਰ ਵੇਖੋ। ਇਸ ਬੋਰਡ ਵਿਚ ਕੋਈ 1200 ਐਲ. ਡੀ. ਸੀ. ਰੱਖੇ ਗਏ ਅੱਤੇ ਇਸ ਬਾਰੇ ਹਾਊਸ ਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ 80 ਅੱਤੇ 90 ਜਿਹੜੇ ਕਲਰਕ ਸਨ, ਉਹ ਪਟਿਆਲੇ ਅੱਤੇ ਬਠਿੰਡੇ ਤੋਂ ਲਏ ਗਏ ਅੱਤੇ ਬਾਕੀ ਸਾਰੇ ਪੰਜਾਬ ਨੂੰ ਇਗਨੋਰ ਕੀਤਾ ਗਿਆ। ਬਾਕੀ ਇਲਾਕਿਆਂ ਦੇ ਲੋਕਾਂ ਨੂੰ ਇਗਨੋਰ ਕੀਤਾ ਗਿਆ। ਜਿੱਥੇ ਇਨ੍ਹਾਂ ਦਾ ਗੜ੍ਹ ਸੀ, ਜਿੱਥੇ ਇਨ੍ਹਾਂ ਦੇ ਆਦਮੀਆਂ ਦੀ ਮੈਜਾਰਿਟੀ ਸੀ, ਉਸ ਇਲਾਕੇ ਦੇ ਆਦਮੀ ਰੱਖੇ ਹਨ ਅੱਤੇ ਜਿਤਨੇ ਵੀ ਰਿਕਰੂਟਮੈਂਟ ਦੇ ਰੂਲਜ਼ ਸਨ, ਜੋ ਵੀ ਪ੍ਰੋਸੀਜਰ ਸੀ, ਉਸ ਦੀ ਕੋਈ ਪਰਵਾਹ ਨਹੀਂ ਕੀਤੀ ਗਈ। ਉਹ ਇਕ ਪਾਸੇ ਰੱਖ ਦਿੱਤੇ ਗਏ। ਇਥੋਂ ਤਕ ਕਿ ਇਕ ਜਿਹੜੀ ਨਾਰਮਜ਼ ਕਮੇਟੀ ਬਣੀ ਹੋਈ ਸੀ ਉਸ ਕਮੇਟੀ ਦੀਆਂ ਰਿਕੁਮੈਂਡੇਸ਼ਨਜ਼ ਦੀ ਪਰਵਾਹ ਨਾ ਕੀਤੀ ਗਈ। ਮੈਂ ਇਹ ਕਹਾਂਗੀ ਕਿ ਜਿਹੜੀ ਨਾਰਮਜ਼ ਕਮੇਟੀ ਹੈ, ਉਸ ਨੂੰ ਕਿਹਾ ਜਾਵੇ ਕਿ ਉਹ ਇਸ ਬਾਰੇ ਰਿਪੋਰਟ ਇਕ ਮਹੀਨੇ ਦੇ ਵਿਚ ਦੇਵੇ ਤਾਂਕਿ ਜਿਹੜੇ ਘਪਲੇ ਹੋਏ ਹਨ, ਉਨ੍ਹਾਂ ਦਾ ਪਤਾ ਲਗ ਸਕੇ। ਉਥੇ ਐਫੀਸ਼ੈਂਟ ਬੰਦੇ ਇਗਨੋਰ ਹੁੰਦੇ ਰਹੇ ਹਨ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਪਾਵਰ ਬਾਰੇ ਕੁਝ ਪੁਆਇੰਟਸ ਰੱਖਾਂਗੀ। ਪਾਵਰ ਵਾਸਤੇ ਕਾਫੀ ਸਕੀਮਾਂ ਸਰਕਾਰ ਦੇ ਜ਼ੇਰੇ ਗੌਰ ਹਨ। ਮੈਂ ਚਾਹਵਾਂਗੀ ਕਿ ਉਹ ਸਕੀਮਾਂ ਜਿਨ੍ਹਾਂ ਵਿਚ ਥੋੜੀ ਤਵੱਜੋ ਦੇਣ ਤੋਂ ਬਾਅਦ ਮੈਕਸੀਮੱਮ ਰਿਜ਼ਲਟਸ ਨਿਕਲਣ ਦੀ ਆਸ ਹੈ ਸਰਕਾਰ ਉਨ੍ਹਾਂ ਵੱਲ ਮੁੱਖ ਤੌਰ ਤੇ ਧਿਆਨ ਦੇਵੇ। ਆਨੰਦਪੁਰ ਹਾਈਡਲ ਪ੍ਰਾਜੈਕਟ ਹੈ, ਮੁਕੇਰੀਆਂ ਹਾਈਡਲ ਪ੍ਰਾਜੈਕਟ ਹੈ। ਇਨ੍ਹਾਂ ਤੇ ਅਗਰ ਆਸੀਂ ਵਾਰ ਫੁਟਿੰਗ ਤੇ ਕੰਮ ਕਰੀਏ ਤਾਂ ਰਿਜ਼ਲਟਸ ਬਹੁਤ ਛੇਤੀ ਨਿਕਲ ਸਕਣਗੇ ਅੱਤੇ ਸਰਕਾਰ ਦਾ ਬਹੁਤਾ ਖਰਚ ਵੀ ਇਨ੍ਹਾਂ ਵਿਚ ਇਸ ਵੇਲੇ ਇਨਵਾਲਵ ਨਹੀਂ ਹੈ। ਫਿਰ ਯੂ. ਬੀ. ਡੀ. ਸੀ. ਹਾਈਡਲ ਸਕੀਮ ਜਿਹੜੀ ਪਠਾਨਕੋਟ ਦੀ ਹੈ, ਅਗਰ ਉਸ ਨੂੰ ਥੀਨ ਡੈਮ ਤੋਂ ਬਾਹਰ ਕੱਢ ਲਿਆ ਜਾਵੇ ਤਾਂ ਇਸ ਨੂੰ ਠੀਕ ਤਰ੍ਹਾਂ ਨਾਲ ਚਲਾਇਆ ਜਾ ਸਕਦਾ ਹੈ ਅੱਤੇ ਪਾਵਰ ਦੀ ਸ਼ਾਰਟੇਜ਼ ਨੂੰ ਘੱਟ ਕਰਨ ਦੇ ਵਿਚ ਘੱਟ ਪੈਸੇ ਦੇ ਨਾਲ ਥੋੜੇ ਟਾਈਮ ਵਿਚ ਅੱਛਾ ਰਿਜ਼ਲਟ ਨਿਕਲ ਸਕਦਾ ਹੈ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਜਿਹੜਾ ਰੋਪੜ ਥਰਮਲ ਪ੍ਰਾਜੈਕਟ ਹੈ, ਇਸ ਵਿਚ 5 ਯੂਨਿਟਸ ਦੀ ਸੈਂਕਸ਼ਨ ਹੈ ਅੱਤੇ 2 ਯੂਨਿਟਾਂ ਦਾ ਕੰਮ ਸ਼ੁਰੂ ਹੈ ਲੇਕਿਨ ਕੁਝ ਮਸ਼ੀਨਰੀ ਇਨ ਇਫੈਕਟਿਵ ਹੋਣ ਦੀ ਵਜ੍ਹਾ ਨਾਲ ਕੰਮ ਡਿਲੇਅ ਹੋ ਰਿਹਾ ਹੈ। ਮੈਂ ਸਰਕਾਰ ਦੀ ਤਵਜੋ ਇਸ ਪਾਸੇ ਵਲ ਦਿਵਾਉਂਦੀ ਹਾਂ ਕਿ ਜਿਹੜਾ ਉਥੇ ਭੇਲ ਯੂਨਿਟ ਹੈ, ਜਿਸ ਦੀ ਵਜ੍ਹਾ ਨਾਲ ਠੀਕ ਤਰੀਕੇ ਨਾਲ ਡੀਜ਼ਾਇਰਡ ਰਿਜ਼ਲਟ ਨਹੀਂ ਨਿਕਲਦੇ, ਉਸ ਦੀ ਜਗ੍ਹਾ ਤੇ ਜੇ ਜਰਮਨ, ਫ੍ਰਾਂਸ ਜਾਂ ਜਾਪਾਨ ਦੇ ਦੋ ਯੂਨਿਟਸ, ਇੰਪੋਰਟ ਕੀਤੇ ਜਾਣ, ਜਿਸ ਦੀ ਕੀਮਤ ਵੀ ਭੇਲ ਯੂਨਿਟਸ ਨਾਲੋਂ ਜ਼ਿਆਦਾ ਨਹੀਂ ਹੈ, ਤਾਂ ਚੰਗੇ ਰਿਜ਼ਲਟ ਸਾਹਮਣੇ ਆ ਸਕਦੇ ਹਨ। ਇਸ ਲਈ ਮੈਂ ਇਹ ਰਿਕੁਐਸਟ ਕਰਾਂਗੀ ਕਿ ਇਹ ਜਿਹੜੀ ਪਰਪੋਜ਼ਲ ਹੈ, ਇਸ ਨੂੰ ਜਲਦੀ ਤੋਂ ਜਲਦੀ ਸੈਂਕਸ਼ਨ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਕ ਯੂਨਿਟ ਜਿਹੜਾ ਹੈ ਉਹ 210 ਮੈਗਾਵਾਟ ਬਿਜਲੀ ਦੇ ਸਕਦਾ ਹੈ, ਇਸ ਲਈ ਜੇ ਇਹ ਯੂਨਿਟ ਮੰਗਵਾ ਲਏ ਜਾਣ ਤਾਂ ਬਿਜਲੀ ਦੀ ਸ਼ਾਰਟੇਜ਼ ਕਾਫੀ ਹੱਦ ਤਕ ਦੂਰ ਹੋ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

[ਕੁਮਾਰੀ ਸਰਲਾ ਪ੍ਰਾਸ਼ਰ]

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਕੇਸ ਇਥੇ ਦੱਸਣਾ ਚਾਹੁੰਦੀ ਹਾਂ ਕਿ ਜੋਗਿੰਦਰ ਨਗਰ ਦੇ ਪਰਾਜੈਕਟ ਵਿਚ 1 ਜੂਨ, 1979 ਨੂੰ ਜੋ ਫਾਇਰ ਦਾ ਕੇਸ ਹੋਇਆ ਸੀ, ਉਸ ਵਿਚ ਤਕਰੀਬਨ ਇਕ ਕਰੋੜ ਦੀ ਮਸ਼ੀਨਰੀ ਜ਼ਾਇਆ ਹੋ ਗਈ ਸੀ । ਡਿਪਟੀ ਸਪੀਕਰ ਸਾਹਿਬ, ਇਹ ਸਾਰੀ ਮਸ਼ੀਨਰੀ ਦੇ ਜਲਣ ਵਿਚ ਇਕ ਚੀਜ਼ ਬੜੀ ਗੌਰ ਕਰਨ ਵਾਲੀ ਹੈ ਕਿ ਚੀਫ਼ ਇੰਜੀਨੀਅਰ, ਐਸ.ਈ. ਅੌਰ ਐਕਸ. ਈ.ਐਨ. ਜਿਨ੍ਹਾਂ ਦੀ ਮੇਨ ਰਿਸਪਾਂਸੇਬਿਲਿਟੀ ਬਣਦੀ ਹੈ, ਉਨ੍ਹਾਂ ਨੂੰ ਬਿਲਕੁਲ ਇਗਨੋਰ ਕਰਕੇ ਇਹ ਸਾਰੀ ਰਿਸਪਾਂਸੇਬਿਲਿਟੀ ਇਕ ਲਾਈਨ ਸੁਪਰਡੰਟ ਤੇ ਪਾ ਦਿੱਤੀ ਗਈ ਹੈ ਅੌਰ ਉਸ ਨੂੰ ਚਾਰਜਸ਼ੀਟ ਕੀਤਾ ਗਿਆ ਹੈ। ਇਹ ਹੀ ਨਹੀਂ ਬਲਕਿ ਇਕ ਐਕਸ. ਈ.ਐਨ. ਨੇ ਇਹ ਪਰੋਪੋਜ਼ਲ ਦਿੱਤੀ ਸੀ ਕਿ ਇਹ ਸਾਰੀ ਮਸ਼ੀਨਰੀ ਜ਼ਾਇਆ ਨਹੀਂ ਹੋਈ। ਇਸ ਮਸ਼ੀਨਰੀ ਦਾ ਕੁਝ ਹਿੱਸਾ ਕੰਮ ਆ ਸਕਦਾ ਹੈ ਜੇ ਇਸ ਨੂੰ ਇਸਤੇਮਾਲ ਕੀਤਾ ਜਾਵੇ, ਪਰ ਉਸ ਦੀ ਪਰੋਪੋਜ਼ਲ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਮੈਂ ਚਾਹੁੰਦੀ ਹਾਂ ਕਿ ਇਸ ਦੀ ਪੂਰੀ ਪੜਤਾਲ ਕੀਤੀ ਜਾਣੀ ਚਾਹੀਦੀ ਹੈ ਅੌਰ ਰਿਸਪਾਂਸੇਬਿਲਿਟੀ ਮੁੜ ਕੇ ਫਿਕਸ ਕਰਨੀ ਚਾਹੀਦੀ ਹੈ। ਜਿਹੜੀ ਪਰੋਪੋਜ਼ਲ ਮਸ਼ੀਨਰੀ ਦੇ ਪੁਰਜ਼ਿਆਂ ਨੂੰ ਇਸਤੇਮਾਲ ਕਰਨ ਵਾਸਤੇ ਦਿੱਤੀ ਗਈ ਸੀ, ਉਸ ਤੇ ਵੀ ਗੌਰ ਕਰਨਾ ਚਾਹੀਦਾ ਹੈ ।

ਇਸ ਦੇ ਨਾਲ ਹੀ ਮੈਂ ਸ਼ਾਨਨ ਪਰਾਜੈਕਟ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ। ਇਸ ਪਰਾਜੈਕਟ ਵਾਸਤੇ ਇਕ ਕ੍ਰੇਨ ਲੁਧਿਆਣੇ ਦੀ ਫਰਮ ਤੋਂ ਮੰਗੀ ਗਈ ਸੀ, ਜਿਹੜੀ ਕਿ ਮਸ਼ੀਨਰੀ ਨੂੰ ਇਨ-ਸਟਾਲ ਕਰਨ ਵਿਚ ਫੇਲ੍ਹ ਹੋਈ ਹੈ। ਪਰ ਫਿਰ ਵੀ ਐਸ.ਈ. ਨੇ ਉਸ ਕ੍ਰੇਨ ਨੂੰ ਅਕਸੈਪਟ ਕਰਨ ਵਾਸਤੇ ਕਿਹਾ ਹੈ। ਮੈਂ ਕਹਿੰਦੀ ਹਾਂ ਕਿ ਇਹੋ ਜਿਹੀਆਂ ਜਿਹੜੀਆਂ ਗਲਤ ਮਸ਼ੀਨਰੀਆਂ ਹਨ, ਉਹ ਨਹੀਂ ਖਰੀਦੀਆਂ ਜਾਣੀਆਂ ਚਾਹੀਦੀਆਂ। ਅਗਰ ਇਹ ਜ਼ਰੂਰ ਖਰੀਦੀ ਜਾਣੀ ਹੈ ਤਾਂ ਇਸ ਦੀ ਪੂਰੀ ਪੜਤਾਲ ਕਰ ਲੈਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਦਹੇਜ ਵਰਗੀ ਇਕ ਹਾਨੀਕਾਰਕ ਪ੍ਰਥਾ ਦਾ ਵੀ ਜ਼ਿਕਰ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇਸ ਪਾਸੇ ਵੱਲ ਦਿਵਾਉਣਾ ਚਾਹੁੰਦੀ ਹਾਂ ਕਿ ਇਹ ਦਹੇਜ ਦੀ ਪ੍ਰਥਾ ਮਾਨਸਿਕ ਲਾਹਨਤ ਹੈ। ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗੀ ਕਿ ਜਿਵੇਂ ਇਸ ਦਹੇਜ ਪ੍ਰਥਾ ਨੂੰ ਖਤਮ ਕਰਨ ਵਾਸਤੇ ਯੁਵਾ ਸੰਗਠਨ ਨੂੰ ਇਨਵਾਲਵ ਕੀਤਾ ਹੋਇਆ ਹੈ, ਉਸੇ ਤਰ੍ਹਾਂ ਹੀ ਮਹਿਲਾ ਸੰਗਠਨ ਨੂੰ ਵੀ ਇਸ ਵਿਚ ਇਨਵਾਲਵ ਕੀਤਾ ਜਾਵੇ। ਇਸ ਤਰ੍ਹਾਂ ਨਾਲ ਯੁਵਾ ਅਤੇ ਮਹਿਲਾ ਸੰਗਠਨ ਮਿਲ ਕੇ ਇਸ ਬੁਰਾਈ ਨੂੰ ਖ਼ਤਮ ਕਰ ਸਕਦੇ ਹਨ ।

ਡਿਪਟੀ ਸਪੀਕਰ ਸਾਹਿਬ, ਇਥੇ ਰੇਪ ਦੇ ਕੇਸਿਜ਼ ਦਾ ਵੀ ਕਈ ਵਾਰ ਜ਼ਿਕਰ ਆਇਆ ਹੈ। ਰੇਪ ਇਕ ਐਸੀ ਚੀਜ਼ ਹੈ, ਜਿਸ ਨੂੰ ਸੁਣਕੇ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਇਸ ਸਬੰਧ ਵਿਚ ਮੈਂ ਸਰਕਾਰ ਦੇ ਅੱਗੇ ਇਕ ਪਰੋਪੋਜ਼ਲ ਰੱਖਣਾ ਚਾਹਾਂਗੀ ਕਿ ਇਸ ਨੂੰ ਰੋਕਣ ਵਾਸਤੇ ਹਾਊਸ ਦੇ ਲੇਡੀ ਮੈਂਬਰਜ਼ ਦੀ ਇਕ ਫੈਕਟਸ ਫਾਈਂਡਿੰਗ ਕਮੇਟੀ ਬਣਾਉਣੀ ਚਾਹੀਦੀ ਹੈ, ਜਿਹੜੀ ਕਿ ਦਹੇਜ ਪ੍ਰਥਾ ਕਾਰਣ ਜਿਹੜੀਆਂ ਔਰਤਾਂ ਸੜਦੀਆਂ ਹਨ, ਉਨ੍ਹਾਂ ਦੀ ਅਤੇ ਰੇਪ ਕੇਸਿਜ਼ ਦੀ ਪੜਤਾਲ ਕਰਕੇ ਆਪਣੀ ਰਿਪੋਰਟ ਗੌਰਮਿੰਟ ਨੂੰ ਦੇਵੇ ਅੌਰ ਸਰਕਾਰ ਉਸ ਤੇ ਗੌਰ ਕਰਕੇ ਕਲਪਰਿਟਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਵੇ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ਜੀ।

ਕੁਮਾਰੀ ਸਰਲਾ ਪਰਾਸ਼ਰ : ਮੈਂ ਇਕ ਗੱਲ ਕਰਕੇ ਬੈਠ ਜਾਵਾਂਗੀ। ਡਿਪਟੀ ਸਪੀਕਰ ਸਾਹਿਬ, ਇਥੇ ਵਿਕਰੀ ਕਰ ਦੇ ਬਾਰੇ ਵਿਚ ਬਹੁਤ ਕੁੱਝ ਕਿਹਾ ਗਿਆ ਹੈ ਕਿ ਇਹ ਟੈਕਸ 1%, ਕਿਉਂ

Original with;
Punjab Vidhan Sabha
Digitized by;
Panjab Digital Library

ਵਧਾਇਆ ਗਿਆ ਹੈ। ਮੈਂ ਇਸ ਸਬੰਧ ਵਿਚ ਇਹ ਕਹਿਣਾ ਚਾਹੁੰਦੀ ਹਾਂ ਕਿ ਸਾਡਾ ਪੰਜਾਬ ਇਕ ਐਡਵਾਂਸਡ ਸੂਬਾ ਹੈ ਅੋਰ ਇਸ ਦੀ ਪਰ ਕੈਪਿਟਾ ਇਨਕਮ ਜ਼ਿਆਦਾ ਹੈ। ਪਰੰਤੂ ਇਸ ਸਟੇਟ ਦੇ ਨਾਲ ਦੀਆਂ ਜ਼ਿਹੜੀਆਂ ਸਟੇਟਸ ਹਨ ਭਾਵੇਂ ਉਹ ਹਿਮਾਚਲ ਹੈ, ਹਰਿਆਣਾ ਹੈ ਜਾਂ ਰਾਜਸਥਾਨ ਹੈ, ਉਹ ਸਾਡੇ ਨਾਲੋਂ ਗਰੀਬ ਸਟੇਟਸ ਹਨ ਪਰ ਰਾਜਸਥਾਨ ਵਿਚ ਇਹ 8% ਟੈਕਸ ਹੈ ਅਤੇ ਹਰਿਆਣਾ ਅੋਰ ਹਿਮਾਚਲ ਵਿਚ 7% ਟੈਕਸ ਹੈ। ਮੈਂ ਵਿੱਤ ਮੰਤਰੀ ਸਾਹਿਬ ਨੂੰ ਇਸ ਕਦਮ ਤੇ ਮੁਬਾਰਕਬਾਦ ਦਿਆਂਗੀ ਅਤੇ ਹਾਊਸ ਵਿਚ ਇਹ ਪੁਆਇੰਟ ਰੱਖਣਾ ਚਾਹਵਾਂਗੀ ਕਿ ਸਾਡੇ ਜਿਤਨੇ ਵੀ ਉਸਾਰੀ ਦੇ ਮਸਲੇ ਹਨ, ਉਨ੍ਹਾਂ ਸਭ ਵਾਸਤੇ ਪੈਸੇ ਦੀ ਜ਼ਰੂਰਤ ਹੁੰਦੀ ਹੈ। ਫਿਰ ਇਸ ਟੈਕਸ ਦੇ ਲਾਉਣ ਨਾਲ ਗਰੀਬ ਤੇ ਜ਼ਿਆਦਾ ਬੋਝ ਨਹੀਂ ਪੈਂਦਾ। ਮੈਂ ਦੱਸਦੀ ਹਾਂ ਕਿ ਅਗਰ ਇਕ ਆਦਮੀ ਜਿਸ ਦੀ 300 ਰੁਪਏ ਮਹੀਨੇ ਦੀ ਆਮਦਨੀ ਹੈ ਜਦ ਉਹ ਮਾਰਕਿਟ ਵਿਚ ਜਾਂਦਾ ਹੈ ਤਾਂ ਉਹ 300 ਰੁਪਏ ਦੀਆਂ ਚੀਜ਼ਾਂ ਟੈਕਸ ਵਾਲੀਆਂ ਨਹੀਂ ਖਰੀਦਦਾ। ਉਸ ਦੇ ਵਿਚੋਂ ਉਹ 100 ਜਾਂ 150 ਰੁਪਏ ਦੀਆਂ ਚੀਜ਼ਾਂ ਹੀ ਟੈਕਸ ਵਾਲੀਆਂ ਖਰੀਦਦਾ ਹੈ, ਜਿਸ ਤੇ ਕਿ ਉਸ ਨੂੰ ਸਿਰਫ ਮਹੀਨੇ ਦਾ ਰੁਪਿਆ ਜਾਂ ਡੇਢ ਰੁਪਿਆ ਦੇਣਾ ਪਵੇਗਾ ਜਿਹੜਾ ਕਿ ਸਰਕਾਰ ਦੇ ਖਜ਼ਾਨੇ ਵਿਚ ਆਉਣਾ ਹੈ। ਇਸ ਲਈ ਇਸ ਦਾ ਜ਼ਿਆਦਾ ਬੋਝ ਕਿਸੇ ਤੇ ਨਹੀਂ ਪੈਣ ਲਗਾ। ਪਰ ਇਸ ਦੇ ਨਾਲ ਹੀ ਮੈਂ ਇਕ ਸਰਕਾਰ ਤੋਂ ਮੰਗ ਵੀ ਕਰਦੀ ਹਾਂ ਕਿ ਸਾਡੇ ਜਿਹੜੇ ਤਰੱਕੀ ਦੇ ਕੰਮ ਅਧੂਰੇ ਪਏ ਹਨ, ਸੜਕਾਂ ਬਣਨੀਆਂ ਹਨ, ਸਕੂਲ ਬਣਨੇ ਹਨ, ਨਾਲੀਆਂ ਪੱਕੀਆਂ ਕਥਨੀਆਂ ਹਨ ਹੋਰ ਕਈ ਤਰ੍ਹਾਂ ਦੇ ਗਰੀਬਾਂ ਨੂੰ ਇਨਸੈਂਟਿਵਜ਼ ਦੇਣੇ ਹਨ, ਉਹ ਜ਼ਰੂਰ ਜਲਦੀ ਕਰਨੇ ਚਾਹੀਦੇ ਹਨ। ਇਸ ਬਜਟ ਸਪੀਚ ਵਿਚ ਇਨਸੈਂਟਿਵਜ਼ ਦੇਣ ਬਾਰੇ ਜ਼ਿਕਰ ਕੀਤਾ ਗਿਆ ਹੈ। ਮੈਂ ਕਹਿੰਦੀ ਹਾਂ ਕਿ ਸਰਕਾਰ ਨੂੰ ਇਹ ਇਨਸੈਂਟਿਵਜ਼ ਬੜੇ ਫਰਾਖ-ਦਿਲੀ ਨਾਲ ਦੇਣੇ ਚਾਹੀਦੇ ਹਨ ਅੋਰ ਲੋਕਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ ਕਿ ਉਹ ਇਹ ਥੋੜ੍ਹਾ ਬਹੁਤ ਟੈਕਸ ਬਰਦਾਸ਼ਤ ਕਰਨ। ਮੈਂ ਵਿੱਤ ਮੰਤਰੀ ਸਾਹਿਬ ਨੂੰ ਇਹ ਵੀ ਕਹਾਂਗੀ ਕਿ ਜਿੱਥੇ ਇਸ ਟੈਕਸ ਨਾਲ 4 ਕਰੋੜ ਰੁਪਿਆ ਸਰਕਾਰ ਦੇ ਖਜ਼ਾਨੇ ਵਿਚ ਆਉਣਾ ਹੈ ਉਥੇ 4 ਕਰੋੜ ਰੁਪਿਆ ਹੋਰ ਵੀ ਆ ਸਕਦਾ ਹੈ ਜੇ ਵਿਕਰੀ ਕਰ ਦੀ ਚੋਰੀ ਨੂੰ ਅੱਛੇ ਤਰੀਕੇ ਨਾਲ ਰੋਕਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਸਿਰਫ ਥੋੜ੍ਹਾ ਜਿਹਾ ਸਮਾਂ ਆਪਣੇ ਇਲਾਕੇ ਵਾਸਤੇ ਵੀ ਲਵਾਂਗੀ।

ਡਿਪਟੀ ਸਪੀਕਰ ਸਾਹਿਬ, ਰੋਪੜ ਪੰਜਾਬ ਦਾ ਇਕ ਐਸਾ ਜ਼ਿਲ੍ਹਾ ਹੈ, ਜਿਹੜਾ ਕਿ ਬਹੁਤ ਗਰੀਬ ਹੈ ਪਰ ਇਸ ਨੂੰ ਬੈਕਵਰਡ ਘੋਸ਼ਿਤ ਨਹੀਂ ਕੀਤਾ ਗਿਆ। ਜੇ ਇਸ ਇਲਾਕੇ ਦਾ ਮੁਕਾਬਲਾ ਸੰਗਰੂਰ ਅੋਰ ਬਠਿੰਡੇ ਨਾਲ ਕੀਤਾ ਜਾਵੇ ਤਾਂ ਇਹ ਇਲਾਕਾ ਬੈਕਵਰਡ ਘੋਸ਼ਿਤ ਹੋ ਸਕਦਾ ਹੈ। ਇਹ ਸਾਡਾ ਹਿੱਲੀ ਏਰੀਆ ਹੈ। ਇਸ ਸਬੰਧ ਵਿਚ ਮੈਂ ਨੰਗਲ ਦੀ ਵੀ ਮਿਸਾਲ ਰੱਖਣਾ ਚਾਹੁੰਦੀ ਹੈ ਕਿ ਨੰਗਲ ਇਕ ਐਸਾ ਇਲਾਕਾ ਹੈ, ਜਿਸ ਨੇ ਪੰਜਾਬ ਵਿਚ ਜਿਹੜਾ ਗਰੀਨ ਰੈਵੋਲਿਊਸ਼ਨ ਆਇਆ ਹੈ ਅੋਰ ਜਿੰਨੀ ਵੀ ਤਰੱਕੀ ਹੋਈ ਹੈ, ਉਸ ਵਿਚ ਕਾਫੀ ਕੁਰਬਾਨੀ ਕੀਤੀ ਹੈ। ਨੰਗਲ ਵਿਚ ਜਿਹੜੇ ਕਿਸਾਨ ਰਹਿੰਦੇ ਸਨ ਉਨ੍ਹਾਂ ਦੀਆਂ ਜ਼ਮੀਨਾਂ ਤੇ ਫਰਟੇਲਾਈਜ਼ਰ ਫੈਕਟਰੀ ਲਗੀ ਹੈ, ਜਿਸ ਦੀ ਕਿ ਸਿਰਫ ਪੰਜਾਬ ਨੂੰ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਕਾਫੀ ਕੰਟਰੀਬਿਊਸ਼ਨ ਹੈ। ਭਾਖੜਾ ਬਣਿਆ, ਨੰਗਲ ਡੈਮ ਬਣਿਆ ਇਹ ਸਾਰਾ ਕੁਝ ਗਰੀਬ ਕਿਸਾਨਾਂ ਦੀ ਜ਼ਮੀਨ ਤੇ ਹੀ ਬਣਿਆ ਹੈ ਲੇਕਿਨ ਉਨ੍ਹਾਂ ਕਿਸਾਨਾਂ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ । ਉਨ੍ਹਾਂ ਦੀ ਇਕਨੌਮਿਕ ਹਾਲਤ ਬਹੁਤ ਭੈੜੀ ਹੈ। ਜਿਹੜੇ ਉਸ ਜ਼ਮੀਨ ਤੋਂ ਹਟਾਏ ਗਏ ਸਨ ਉਨ੍ਹਾਂ ਦੇ ਬੱਚਿਆਂ ਨੂੰ ਅੱਜ ਕਿਤੇ ਵੀ ਚਾਹੇ ਉਹ ਫਰਟੇਲਾਈਜ਼ਰ ਫੈਕਟਰੀ ਹੋਵੇ, ਨੌਕਰੀਆਂ ਵਿਚ ਕੋਈ ਪਰੈਫਰੈਂਸ ਨਹੀਂ ਮਿਲਦੀ। ਇਸ ਲਈ ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗੀ ਕਿ ਡਿਸਟ੍ਰਿਕਟ ਰੋਪੜ ਨੂੰ ਇਕਨੋਮੀਕਲੀ ਬੈਕਵਰਡ ਘੋਸ਼ਿਤ ਕੀਤਾ ਜਾਵੇ ਤਾਕਿ ਨਵੇਂ ਕਾਰਖਾਨੇ ਲਗਾਉਣ ਲਈ ਲੋਕਾਂ ਨੂੰ ਇਨਸੈਂਟਿਵ ਮਿਲ ਸਕਣ

Original with;
Punjab Vidhan Sabha
Digitized by;
Panjab Digital Library

[ਕੁਮਾਰੀ ਸਰਲਾ ਪ੍ਰਾਸ਼ਰ]

ਅਤੇ ਨਵੇਂ ਕਾਰਖਾਨੇ ਲੱਗਣ ਨਾਲ ਲੋਕਾਂ ਦੀ ਗਰੀਬੀ ਦੂਰ ਹੋ ਸਕੇ ਔਰ ਜਿਹੜੇ ਉਥੇਂ ਦੇ ਗਰੀਬ ਕਿਸਾਨ ਹਨ, ਉਨ੍ਹਾਂ ਨੂੰ ਜ਼ਰੂਰ ਇਨਸੈਂਟਿਵਜ਼ ਦੇਣੇ ਚਾਹੀਦੇ ਹਨ। ਇਤਨਾ ਕਹਿਕੇ ਮੈਂ ਤੁਹਾਡਾ ਕਹਿਣਾ ਮੰਨਦੀ ਹੋਈ ਬੈਠਦੀ ਹਾਂ ਅਤੇ ਤੁਹਾਡਾ ਬਹੁਤ ਧੰਨਵਾਦ ਕਰਦੀ ਹਾਂ ਕਿ ਫੁਸੀਂ ਮੈਨੂੰ ਟਾਈਮ ਦਿੱਤਾ ਹੈ।

ਸ਼੍ਰੀ ਡਿਪਟੀ ਸਪੀਕਰ : ਮੈਂ ਤੁਹਾਨੂੰ ਸਾਰੀਆਂ ਪਾਰਟੀਆਂ ਦੀ ਡੀਟੇਲ ਦੱਸਦਾ ਹਾਂ ਕਿ ਕਾਂਗਰਸ (ਆਈ) 3 ਘੰਟੇ, ਸ਼੍ਰੋਮਣੀ ਅਕਾਲੀ ਦਲ 30 ਮਿੰਟ, ਸੀ.ਪੀ.ਆਈ. 1 ਮਿੰਟ, ਸੀ.ਪੀ.ਐਮ. 4 ਮਿੰਟ, ਜਨਤਾ ਪਾਰਟੀ 5 ਮਿੰਟ ਅਤੇ ਇੰਡੀਪੈਂਡੈਂਟ 9 ਮਿੰਟ, ਬਾਕੀ ਰਹਿ ਗਏ ਹਨ।

ਇਕ ਆਵਾਜ਼ : ਠੀਕ ਹੈ ਜੀ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਕੱਲ ਤੋਂ ਬਜਟ ਤੇ ਡਿਸਕਸ਼ਨ ਹੋ ਰਹੀ ਹੈ। ਆਪੋਜ਼ੀਸ਼ਨ ਵਲੋਂ ਰੂਲਿੰਗ ਪਾਰਟੀ ਨੂੰ ਕਿਹਾ ਜਾ ਰਿਹਾ ਹੈ ਕਿ ਤੁਸੀਂ ਕੁੱਝ ਨਹੀਂ ਕੀਤਾ ਅਤੇ ਰੂਲਿੰਗ ਪਾਰਟੀ ਵਲੋਂ ਆਪੋਜ਼ੀਸ਼ਨ ਨੂੰ ਕਿਹਾ ਜਾ ਰਿਹਾ ਹੈ ਕਿ ਤੁਸੀਂ ਪਹਿਲਾਂ ਕੁੱਝ ਨਹੀਂ ਕੀਤਾ। ਦੋਨੋਂ ਇਕ ਦੂਜੇ ਨੂੰ ਬੁਰਾ ਭਲਾ ਕਹਿ ਰਹੇ ਹਨ ਕਿ ਤੁਹਾਡਾ ਕਸੂਰ ਹੈ। (ਵਿਘਨ) ਲੇਕਿਨ ਮੈਂ ਕਹਿੰਦਾ ਹਾਂ ਕਿ ਦੋਨਾਂ ਦਾ ਕਸੂਰ ਹੈ। ਪੰਜਾਬ ਦੇ ਆਮ ਲੋਕ ਬਜਟ ਤੋਂ ਇਹ ਆਸ ਰੱਖਦੇ ਹਨ ਕਿ ਅਨਇੰਪਲਾਇਮੈਂਟ ਕਿਤਨੀ ਦੂਰ ਕੀਤੀ ਹੈ, ਪੰਜਾਬ ਵਿਚ ਕਿਤਨੀ ਤਰੱਕੀ ਹੋਈ ਹੈ ਗਰੀਬਾਂ ਨੂੰ ਕੀ ਰਾਹਤ ਮਿਲੀ ਹੈ ? ਪਰ ਇਥੇ ਹਾਊਸ ਵਿਚ ਇਕ ਪਾਰਟੀ ਦੂਜੀ ਪਾਰਟੀ ਨੂੰ ਕਹਿੰਦੀ ਹੈ ਕਿ ਤੁਸੀਂ ਕੁੱਝ ਨਹੀਂ ਕੀਤਾ ਅਤੇ ਦੂਜੀ ਪਾਰਟੀ ਪਹਿਲੀ ਪਾਰਟੀ ਨੂੰ ਕਹਿੰਦੀ ਹੈ ਕਿ ਤੁਸੀਂ ਕੁੱਝ ਨਹੀਂ ਕੀਤਾ। ਪਰ ਮੈਂ ਕਹਿੰਦਾ ਹਾਂ ਕਿ ਕਿਸੇ ਪਾਰਟੀ ਨੇ ਵੀ ਲੋਕਾਂ ਦੀ ਆਸ ਨੂੰ ਪੂਰਾ ਨਹੀਂ ਕੀਤਾ। (ਵਿਘਨ) ਅੱਜ ਚੀਜ਼ਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਹੋ ਗਈਆਂ ਹਨ, ਜਿਸ ਦਾ ਅਸਰ ਗਰੀਬ ਅਤੇ ਆਮ ਆਦਮੀ ਤੇ ਪੈਂਦਾ ਹੈ। ਇਸ ਨਾਲ ਅਨਇੰਪਲਾਇਮੈਂਟ ਵਧੀ ਹੈ ਅਤੇ ਲੋਕ ਦੁਖੀ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਹਿਸਾਬ ਕਿਤਾਬ ਲਾਇਆ ਹੈ, ਜੋ ਕਿ ਦੱਸ ਦਿੰਦਾ ਹਾਂ ਕਿ 4 ਜਨਵਰੀ, 1975 ਨੂੰ ਮੋਟਰ ਚੈਸੀ ਦੀ ਕੀਮਤ 93,000 ਸੀ ਅਤੇ ਦਸੰਬਰ, 1978 ਵਿਚ ਚੈਸੀ ਦੀ ਕੀਮਤ 1,17,150 ਹੋ ਗਈ ਹੈ। ਜੁਲਾਈ, 1979 ਵਿਚ 10,598 ਹੋਰ ਵਧੀ ਅਤੇ ਨਵੰਬਰ, 1979 ਵਿਚ 1,166 ਵਧੀ। ਹੁਣ ਡਿਪਟੀ ਸਪੀਕਰ ਸਾਹਿਬ, 2 ਜਨਵਰੀ, 1980 ਨੂੰ ਇਸ ਦੀ ਕੀਮਤ 10,318 ਰੁਪਏ ਹੋਰ ਵੱਧ ਗਈ। (ਇਕ ਆਵਾਜ਼ : ਇਹ ਸਾਰੀ ਕੀਮਤ ਜਨਤਾ ਪਾਰਟੀ ਦੇ ਰਾਜ ਵਿਚ ਵਧੀ ਹੈ) ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਕੀਮਤਾਂ ਜਨਤਾ ਪਾਰਟੀ ਦੇ ਰਾਜ ਵਿਚ ਹੀ ਵਧੀਆਂ ਹਨ। ਹੁਣ ਤੁਸੀਂ ਟਾਇਰ ਦੀ ਕੀਮਤ ਨੂੰ ਲੈ ਲਓ, ਜੋ ਕਿ ਪਹਿਲਾਂ 1,800 ਰੁਪਏ ਵਿਚ ਟਾਇਰ ਮਿਲਦਾ ਸੀ, ਉਹ ਟਾਇਰ ਹੁਣ 2800 ਰੁਪਏ ਦਾ ਹੋ ਗਿਆ। ਇਸੇ ਤਰ੍ਹਾਂ ਹੀ ਸੀਮਿੰਟ ਦੀ ਬੋਰੀ ਜੋ ਕਿ ਪਹਿਲਾਂ 18 ਰੁਪਏ ਦੀ ਮਿਲਦੀ ਸੀ, ਉਹ ਹੁਣ ਵੱਧ ਕੇ 28 ਰੁਪਏ ਦੀ ਬੋਰੀ ਹੋ ਗਈ ਹੈ। ਖੰਡ ਦੀ ਕੀਮਤ ਵਿਚ ਵਾਧਾ ਹੋਇਆ ਹੈ। (ਵਿਘਨ) (ਸ਼ੋਰ) ਤੁਸੀਂ ਬੋਲੋ ਨਾ ਤੁਹਾਡੇ ਵਾਸਤੇ ਵੀ ਮੇਰੇ ਕੋਲ ਬਹੁਤ ਕੁੱਝ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਸੂਬੇ ਦੀ ਹਾਲਤ ਨੂੰ ਸੁਧਾਰਿਆ ਜਾ ਸਕਦਾ ਹੈ। ਇੱਕ ਐਗਰੀਕਲਚਰ ਐਕਸੈਸਰੀਜ਼ ਹੈ ਜਿਸ ਨਾਲ ਕਿ ਅਸੀਂ ਆਪਣੀ ਹਾਲਤ ਨੂੰ ਚੰਗਾ ਸੁਧਾਰ ਸਕਦੇ ਹਾਂ। ਅਸੀਂ ਆਪਣੀ ਫਸਲ ਪੈਦਾ ਕਰਕੇ ਫਖਰ ਨਾਲ ਕਹਿੰਦੇ ਹਾਂ ਕਿ ਸੈਂਟਰ ਪੂਲ ਨੂੰ ਇਤਨੇ ਲੱਖ ਟਨ ਕਣਕ, ਚਾਵਲ ਅਤੇ ਆਲੂ ਭੇਜਿਆ ਹੈ। ਮੈਂ ਸਮਝਦਾ ਹਾਂ ਕਿ ਬਜਾਏ ਇਸਦੇ ਕਿ ਅਸੀਂ ਆਪਣੀ ਪੈਦਾਵਾਰ ਨੂੰ ਇਸ ਤਰ੍ਹਾਂ ਭੇਜੀਏ ਬਲਕਿ ਇਸ ਦਾ ਕੋਈ ਤਰੀਕਾ ਬਦਲੀਏ। ਇਸ ਤਰ੍ਹਾਂ ਜੇਕਰ ਅਸੀਂ ਕੋਈ ਤਰੀਕਾ

Original with;
Punjab Vidhan Sabha
Digitized by;
Panjab Digital Library

ਬਦਲਾਂਗੇ ਤਾਂ ਸਾਨੂੰ ਪੈਸਾ ਵੀ ਬਾਹਰੋਂ ਜ਼ਿਆਦਾ ਆ ਸਕਦਾ ਹੈ ਅਤੇ ਇਸ ਨਾਲ ਅਨਇੰਪਲਾਇਮੈਂਟ ਵੀ ਦੂਰ ਹੋ ਸਕਦੀ ਹੈ। ਤਰੀਕਾ ਬਦਲਣ ਨਾਲ ਸਾਡਾ ਸੂਬਾ ਖੁਸ਼ਹਾਲ ਹੋ ਸਕਦਾ ਹੈ। ਸਾਡੇ ਕੋਲ ਕਈ ਕਿਸਮ ਦੀ ਇੰਡਸਟਰੀ ਹੈ, ਪਰ ਕਈ ਚੀਜ਼ਾਂ ਸਾਡੇ ਕੋਲ ਟੂਲਜ਼, ਮਸ਼ੀਨਾਂ ਆਦਿ ਬਾਹਰੋਂ ਆਉਂਦੀਆਂ ਹਨ ਅਤੇ ਲੋਹਾ ਵੀ ਬਾਹਰੋਂ ਆਉਂਦਾ ਹੈ। ਜੇਕਰ ਕਿਸੇ ਚੀਜ਼ ਦੀ ਕਮੀ ਹੋ ਜਾਵੇ ਤਾਂ ਸਾਡੀ ਇੰਡਸਟਰੀ ਵਿਚ ਫਰਕ ਪੈਂਦਾ ਹੈ। ਲੇਬਰ ਵਿਚ ਫਰਕ ਪੈਂਦਾ ਹੈ ਅਤੇ ਇੰਡਸਟਰੀ ਚਲਾਉਣ ਵਾਲੇ ਤੇ ਵੀ ਫਰਕ ਪੈਂਦਾ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ, ਸਾਡੇ ਸੂਬੇ ਦੀ ਜੇਕਰ ਤਰੱਕੀ ਕਰਨੀ ਹੈ ਤਾਂ ਸਾਨੂੰ ਕਣਕ ਟਨਾਂ ਦੇ ਹਿਸਾਬ ਨਾਲ ਬਾਹਰ ਨਹੀਂ ਭੇਜਣੀ ਚਾਹੀਦੀ ਬਲਕਿ ਸਾਨੂੰ ਚਾਹੀਦਾ ਹੈ ਕਿ ਕਣਕ ਦੀ ਸੂਜ਼ੀ, ਮੈਦਾ, ਡਬਲਰੋਟੀ ਅਤੇ ਬਿਸਕੁਟਸ ਆਦਿ ਚੀਜ਼ਾਂ ਪਬਲਕ ਸੈਕਟਰ ਕਾਰਖਾਨਿਆਂ ਵਿਚ ਬਣਾਕੇ ਸੈਂਟਰ ਨੂੰ ਭੇਜੋ। ਇਸ ਤਰ੍ਹਾਂ ਕਰਨ ਨਾਲ ਸਾਨੂੰ ਜ਼ਿਆਦਾ ਪੈਸਾ ਮਿਲੇਗਾ ਅਤੇ ਇੰਪਲਾਇਮੈਂਟ ਵਧੇਗੀ ਅੰਰ ਅਨ-ਇੰਪਲਾਇਮੈਂਟ ਘਟੇਗੀ। ਡਿਪਟੀ ਸਪੀਕਰ ਸਾਹਿਬ, ਜੌਂਦਾ ਵੀ ਇਸੇ ਤਰ੍ਹਾਂ ਇਸਤੇਮਾਲ ਕਰਨਾ ਚਾਹੀਦਾ ਹੈ। ਮੱਕੀ ਦੀ ਗੱਲ ਲੈ ਲਓ। ਮੱਕੀ ਵੀ ਬਹੁਤ ਕੰਮ ਆ ਸਕਦੀ ਹੈ। ਮੱਕੀ ਵਿਚੋਂ ਗੁਲੂਕੋਸ ਨਿਕਲਦਾ ਹੈ ਅਤੇ ਕੁਕਿੰਗ ਆਇਲ ਮੱਕੀ ਵਿਚੋਂ ਹੀ ਨਿਕਲਦੀ ਹੈ। ਇਸੇ ਤਰ੍ਹਾਂ ਚਨੇ ਦੀਆਂ ਵੀ ਚੀਜ਼ਾਂ ਬਣਾਕੇ ਭੇਜਣੀਆਂ ਚਾਹੀਦੀਆਂ ਹਨ। ਆਲੂਆਂ ਦੀ, ਡਿਪਟੀ ਸਪੀਕਰ ਸਾਹਿਬ, ਪਿਛੇ ਜੋ ਹਾਲਤ ਹੋਈ ਹੈ, ਉਹ ਤੁਹਾਨੂੰ ਪਤਾ ਹੀ ਹੈ। ਆਲੂ ਲੋਕਾਂ ਨੇ ਮੁਫ਼ਤ ਸੁੱਟਿਆ ਹੈ। ਰੇਲ ਗੱਡੀ ਭਰਕੇ ਬੰਬਈ ਸਮੁੰਦਰ ਵਿਚ ਆਲੂ ਸੁੱਟੇ ਗਏ ਜੋ ਕਿ ਸਾਰੇ ਗਲ ਗਏ ਸੀ। (ਵਿਘਨ) ਆਲੂਆਂ ਵਿਚੋਂ ਸਪਿਰਟ ਨਿਕਲ ਸਕਦੀ ਹੈ, ਜੋ ਕਿ ਬਾਹਰ ਭੇਜੀ ਜਾ ਸਕਦੀ ਹੈ ਅਤੇ ਸ਼ਰਾਬ ਬਣਾਉਣ ਦੇ ਕੰਮ ਆਉਂਦੀ ਹੈ। ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਇਨ੍ਹਾਂ ਗਲਾਂ ਦਾ ਧਿਆਨ ਰਖਿਆ ਜਾਵੇ ਅਤੇ ਜ਼ਿਮੀਂਦਾਰਾਂ ਦੀ ਮੱਦਦ ਕੀਤੀ ਜਾਵੇ। ਬਜਾਏ ਕਿ ਅਸੀਂ ਪੈਦਾਵਾਰ ਨੂੰ ਵਧਾਕੇ ਸੁੱਟੀ ਜਾਈਏ ਅਤੇ ਸਿਰਫ 5 ਰੁਪਏ ਕੁਵਿੰਟਲ ਆਲੂ ਵਧਾਉਣ ਦੀ ਖਾਤਰ ਛੇ, ਛੇ ਚੱਕਰ ਦਿੱਲੀ ਦੇ ਕਟਣੇ ਪੈਣ ਅਤੇ ਫਿਰ ਵੀ ਜ਼ਿਮੀਂਦਾਰਾਂ ਦੇ ਪੱਲੇ ਕੁੱਝ ਨਹੀਂ ਪੈਂਦਾ। ਸਾਡੀ ਸਟੇਟ ਦੇ ਪੱਲੇ ਕੁਝ ਨਹੀਂ ਪੈਂਦਾ। ਜੇਕਰ ਅਸੀਂ ਇਨ੍ਹਾਂ ਦੀਆਂ ਚੀਜ਼ਾਂ ਬਣਾਕੇ ਬਾਹਰ ਭੇਜਾਂਗੇ ਤਾਂ ਸਾਨੂੰ ਜ਼ਿਆਦਾ ਪੈਸੇ ਸਟੇਟ ਨੂੰ ਆ ਸਕਦੇ ਹਨ, ਜਿਸ ਨਾਲ ਫਾਰਮਰਜ਼ ਨੂੰ ਵੀ ਫਾਇਦਾ ਹੋਵੇਗਾ। ਇੰਡਸਟਰੀ ਵਧੇਗੀ, ਰੈਵੇਨਿਊ ਜ਼ਿਆਦਾ ਹੋਵੇਗਾ ਅਤੇ ਤਰੱਕੀ ਦੇ ਕੰਮ ਜ਼ਿਆਦਾ ਹੋਣਗੇ। ਗਰੀਬੀ ਦੂਰ ਹੋਵੇਗੀ ਅਤੇ ਇੰਪਲਾਇਮੈਂਟ ਵਧੇਗੀ। ਇਸ ਲਈ ਕੱਚਾ ਮਾਲ ਬਾਹਰ ਨਾ ਭੇਜਿਆ ਜਾਵੇ।

ਡਿਪਟੀ ਸਪੀਕਰ ਸਾਹਿਬ, ਪੁਰਾਣੇ ਟਾਇਰਾਂ ਦਾ ਇਸਤੇਮਾਲ ਹੋਣਾ ਚਾਹੀਦਾ ਹੈ। ਅਸੀਂ ਪੁਰਾਣੇ ਕਵਾੜੀਆਂ ਕੋਲ ਸੁੱਟ ਦਿੰਦੇ ਹਾਂ। (ਵਿਘਨ) ਮੈਂ ਅਮਰੀਕਾ ਅਤੇ ਇੰਗਲੈਂਡ ਗਿਆ ਸੀ ਅਤੇ ਉਥੇ ਦੇਖਿਆ ਸੀ ਕਿ ਪੁਰਾਣੇ ਟਾਇਰਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਸਾਨੂੰ ਵੀ ਇਥੇ ਪੁਰਾਣੇ ਟਾਇਰਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਪੁਰਾਣੇ ਟਾਇਰਾਂ ਤੋਂ ਪੈਟਰੋਲ ਅਤੇ ਲੁੱਕ ਬਣ ਸਕਦੀ ਹੈ ਅਤੇ ਟਾਇਰਾਂ ਦੀਆਂ ਤਾਰਾਂ ਵਿਚੋਂ ਲੋਹਾ ਨਿਕਲਦਾ ਹੈ। ਐਸੀਆਂ ਚੀਜ਼ਾਂ ਵਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਚੀਜ਼ਾਂ ਤਿਆਰ ਕਰਕੇ ਅਸੀਂ ਬਾਹਰ ਭੇਜੀਏ ਅਤੇ ਬਾਹਰੋਂ ਪੈਸਾ ਸਾਡੀ ਸਟੇਟ ਕੋਲ ਆਵੇ, ਜਿਸ ਨਾਲ ਜ਼ਿਮੀਂਦਾਰਾਂ ਨੂੰ ਫਾਇਦਾ ਹੋਵੇਗਾ ਅਤੇ ਗਰੀਬ ਲੋਕਾਂ ਨੂੰ ਫਾਇਦਾ ਹੋਵੇਗਾ। ਅੱਜ ਕੱਲ ਸਾਡੇ ਦੇਸ਼ ਵਿਚ ਗਰੀਬ ਲੋਕ ਹੋਰ ਟੈਕਸ ਨਹੀਂ ਦੇ ਸਕਦੇ। ਨਵੇਂ ਟੈਕਸਾਂ ਦੇ ਨਾਲ ਜ਼ਿਮੀਂਦਾਰਾਂ ਤੇ ਭਾਰ ਪੈਂਦਾ ਹੈ ਅਤੇ ਆਮ ਆਦਮੀ ਤੇ ਭਾਰ ਪੈਂਦਾ ਹੈ, ਜੋ ਕਿ ਉਹ ਟੈਕਸ ਦੇ ਨਹੀਂ ਸਕਦੇ ਇਨ੍ਹਾਂ ਟੈਕਸਾਂ ਦਾ ਭਾਰ ਨਾ ਹੀ ਜ਼ਿਮੀਂਦਾਰ ਬਰਦਾਸ਼ਤ ਕਰ ਸਕਦਾ ਹੈ ਅਤੇ ਨਾ ਹੀ ਸ਼ਹਿਰੀ ਬਰਦਾਸ਼ਤ ਕਰ ਸਕਦਾ ਹੈ। 1976 ਵਿਚ 60--70 ਏਕੜ ਜ਼ਮੀਨ ਲਈ ਗਈ ਅਤੇ ਸਾਡੇ ਨਵੇਂ ਸ਼ਹਿਰ ਵਿਚ ਫੋਕਲ ਪੁਆਇੰਟ ਬਣਾਇਆ ਗਿਆ ਸੀ ਅਤੇ ਉਥੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਫੋਕਲ ਪੁਆਇੰਟ ਦਾ ਨੀਂਹ ਪੱਥਰ ਵੀ ਰੱਖ ਦਿੱਤਾ ਗਿਆ। ਉਹ ਜ਼ਮੀਨ ਕਾਬਲੇ ਕਾਸ਼ਤ ਸੀ, ਪਰ ਉਥੇ ਕੁੱਝ ਨਿਸ਼ਾਨਾਂ ਸੀ ਅਤੇ ਲੋਕਾਂ ਨੂੰ ਉਮੀਦ ਸੀ ਕਿ ਉਥੇ ਕੰਮ ਸ਼ੁਰੂ ਹੋਵੇਗਾ, ਜਿਸ ਨਾਲ ਇਮਪਲਾਇਮੈਂਟ ਮਿਲੇਗੀ ਪਰ ਉਥੇ ਹੋਰ ਹੀ ਨਵੀਆਂ ਸਕੀਮਾਂ ਬਣਾ ਦਿੱਤੀਆਂ ਗਈਆਂ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਸ ਕੰਮ ਵਾਸਤੇ ਉਹ ਜ਼ਮੀਨ ਪਹਿਲਾਂ ਚੁਣੀ ਗਈ ਸੀ, ਉਹ ਕੰਮ ਇਗਨੋਰ ਕਰ ਦਿੱਤਾ ਗਿਆ। ਮੈਂ, ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਪਬਲਿਕ ਸੈਕਟਰ ਵਿਚ ਇਹੋ ਜਿਹੀਆਂ ਚੀਜ਼ਾਂ ਲਿਆਉਣ ਵਾਸਤੇ ਗੌਰਮਿੰਟ ਨੂੰ ਰੈਵੇਨਿਊ ਵਧੇਗਾ ਅਤੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਕਿਸਾਨ ਦੀ ਕਾਸ਼ਤ ਹੋਈ ਚੀਜ਼ ਦਾ ਪੂਰਾ ਪੂਰਾ ਭਾਅ ਮਿਲੇਗਾ।

1976 ਤੋਂ ਪਹਿਲਾਂ ਪੰਜਾਬ ਵਿਚ ਕਾਫੀ ਸੜਕਾਂ ਬਣੀਆਂ ਹਨ। ਤਿੰਨ ਸਾਲਾਂ ਵਿਚ ਹੋਰ ਨਵੀਆਂ ਸੜਕਾਂ ਬਣੀਆਂ ਅੌਰ ਅਕਾਲੀ ਵੀਰਾਂ ਨੇ ਵੀ ਸੜਕਾਂ ਬਣਾਈਆਂ। ਪਰ ਅਜੇ ਵੀ ਕੁਝ ਐਸੇ ਪਿੰਡ ਰਹਿੰਦੇ ਹਨ ਜਿਥੇ ਸੜਕਾਂ ਨਹੀਂ ਬਣ ਸਕੀਆਂ ਹਨ। ਇਨ੍ਹਾਂ ਨੇ ਨਵੀਆਂ ਅੌਰ ਪੁਰਾਣੀਆਂ ਸੜਕਾਂ ਮੁਰੰਮਤ ਲਈ ਸਿਰਫ 13 ਕਰੋੜ ਰੁਪਏ ਰਖੇ ਹਨ, ਜੋ ਕਿ ਮੈਂ ਸਮਝਦਾ ਹਾਂ ਕਿ ਇਹ ਥੋੜ੍ਹੇ ਹਨ ਅੌਰ ਇਸ ਪਾਸੇ ਵਲ ਹੋਰ ਧਿਆਨ ਦੇਣ ਦੀ ਲੋੜ ਹੈ। 1976 ਤੋਂ ਪਹਿਲਾਂ ਮਾਰਕਿਟਿੰਗ ਕਮੇਟੀਆਂ ਦੇ ਪੈਸੇ ਨਾਲ ਸੜਕਾਂ ਬਣੀਆਂ ਸਨ। ਇਹ ਠੀਕ ਹੈ ਕਿ ਸੁਪਰੀਮ ਕੋਰਟ ਨੇ ਉਸ ਤੇ ਪਾਬੰਦੀ ਲਗਾ ਦਿੱਤੀ। ਉਸ ਪਾਬੰਦੀ ਨੂੰ ਹਟਵਾ ਕੇ ਜਾਂ ਰੂਲਜ਼ ਹੋਰ ਬਣਾਕੇ ਪੈਸੇ ਕਢਕੇ ਉਨ੍ਹਾਂ ਸੜਕਾਂ ਤੇ ਜਿਨ੍ਹਾਂ ਤੇ ਅੱਗੇ ਹੀ ਕਾਫੀ ਪੈਸਾ ਲੱਗ ਚੁੱਕਾ ਹੈ, ਉਨ੍ਹਾਂ ਦੀ ਰਿਪੇਅਰਜ਼ ਦਾ ਕੰਮ ਕਰਨਾ ਚਾਹੀਦਾ ਹੈ ਅਤੇ ਹੋਰ ਜਿਹੜੀਆਂ ਸੜਕਾਂ ਬਣਨੀਆਂ ਰਹਿੰਦੀਆਂ ਹਨ, ਉਹ ਹੋਰ ਨਵੀਆਂ ਸੜਕਾਂ ਬਨਾਉਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਜਿਹੜਾ ਪੈਸਾ ਅੱਗੇ ਲੱਗ ਚੁੱਕਾ ਹੈ, ਉਹ ਬਰਬਾਦ ਹੋਣ ਤੋਂ ਬਚ ਜਾਏਗਾ।

ਇਕ ਆਮ ਗੱਲ ਇਸ ਹਾਊਸ ਦੇ ਆਨਰੇਬਲ ਮੈਂਬਰ ਕਹਿੰਦੇ ਹਨ ਅੌਰ ਤੁਸੀਂ ਵੀ ਇਸ ਗੱਲ ਨਾਲ ਇਤਫਾਕ ਕਰੋਗੇ ਕਿ ਟਰਾਂਸਪੋਰਟ ਦਾ ਇਥੇ ਬਹੁਤ ਬੁਰਾ ਹਾਲ ਹੈ। ਅੌਰਤਾਂ ਬੱਸਾਂ ਦੀਆਂ ਛੱਤਾਂ ਤੇ ਬੈਠ ਕੇ ਸਫ਼ਰ ਕਰਦੀਆਂ ਹਨ ਅੌਰ ਬੱਚੇ ਵੀ ਉਨ੍ਹਾਂ ਕੋਲ ਹੁੰਦੇ ਹਨ। ਹੁਣੇ ਦੱਸਿਆ ਸੀ ਕਿ ਕਿਸੇ ਸਟੇਸ਼ਨ ਵੈਗਨ ਦਾ ਐਕਸੀਡੈਂਟ ਹੋ ਗਿਆ ਹੈ। ਉਸ ਤੇ 35--40 ਬੰਦੇ ਲੱਦੇ ਹੋਏ ਸਨ। ਇਸ ਬਾਰੇ ਇੰਤਜ਼ਾਮ ਕਰਨਾ ਸਰਕਾਰ ਦਾ ਕੰਮ ਹੈ। ਛੱਤਾਂ ਤੇ ਸਵਾਰੀਆਂ ਦੇ ਬੈਠਣ ਨਾਲ ਐਕਸੀਡੈਂਟਸ ਹੁੰਦੇ ਹਨ। ਇਸ ਨਾਲ ਸਰਕਾਰ ਦੀ ਇੱਕ ਬੜੀ ਭਾਰੀ ਜ਼ਿੰਮੇਵਾਰੀ ਬਣਦੀ ਹੈ। 1976 ਤੋਂ ਪਹਿਲਾਂ 3000 ਕਿੱਲੋ ਮੀਟਰ ਰੂਟਸ ਨਾਲ ਪਿੰਡਾਂ ਨੂੰ ਸ਼ਹਿਰਾਂ ਨਾਲ, ਡਿਸਟ੍ਰਿਕਟ ਹੈਡਕੁਆਰਟਰਜ਼ ਨਾਲ ਅੌਰ ਚੰਡੀਗੜ੍ਹ ਨਾਲ ਅੌਰ ਸਬ ਡਵੀਜ਼ਨਜ਼ ਨਾਲ ਜੋੜਿਆ ਗਿਆ ਸੀ। ਤਿੰਨ ਚਾਰ ਹਜ਼ਾਰ ਕਿੱਲੋ ਮੀਟਰਜ਼ ਜਿਹੜੇ ਚਲਦੇ ਸੀ, ਉਹ ਰੂਟ ਅੱਜ ਬੰਦ ਪਏ ਹਨ। ਜਿਸ ਰੂਟ ਤੇ ਪਹਿਲਾਂ 100 ਟ੍ਰਿਪਸ ਸੀ ਉਥੇ ਅੱਜ 50 ਟ੍ਰਿਪਸ ਨਹੀਂ ਲਗ ਰਹੇ। ਮੈਂ ਸਮਝਦਾ ਹਾਂ ਕਿ ਕੋਈ ਵੀ ਸਰਕਾਰ ਹੋਵੇ ਉਸ ਦਾ ਇਹ ਫਰਜ਼ ਬਣਦਾ ਹੈ ਕਿ ਜਿਸ ਤਰ੍ਹਾਂ ਨਾਲ ਮੈਡੀਕਲ ਲਈ ਫੈਸਿਲਿਟੀਜ਼ ਦੇਣਾ ਜ਼ਰੂਰੀ ਹੈ, ਐਜੂਕੇਸ਼ਨ ਲਈ ਸਹੂਲਤਾਂ ਦੇਣੀਆਂ ਜ਼ਰੂਰੀ ਹਨ, ਉਸੇ ਤਰ੍ਹਾਂ ਟਰਾਂਸਪੋਰਟ ਲਈ ਵੀ ਸਹੂਲਤਾਂ ਦੇਣੀਆਂ ਬਹੁਤ ਜ਼ਰੂਰੀ ਹਨ। ਜੇਕਰ ਕੋਈ ਕਿਸਾਨ ਆਪਣੇ ਕੰਮ ਵਾਸਤੇ ਪਿੰਡਾਂ ਤੋਂ ਸ਼ਹਿਰ ਨਹੀਂ ਆ ਸਕਦਾ ਅੌਰ ਮਜ਼ਦੂਰ ਵਿਚਾਰਾ ਆਪਣੀ ਮਜ਼ਦੂਰੀ ਕਰਨ ਲਈ ਮੌਕੇ ਤੇ ਨਹੀਂ ਪਹੁੰਚ ਸਕਦਾ ਤਾਂ ਫਿਰ ਇਸ ਦੀ ਜ਼ਿਮੇਂਵਾਰੀ ਸਰਕਾਰ ਦੀ ਹੈ। ਇਸ ਲਈ ਇਸ ਗੱਲ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜੋ ਫੈਸਿਲਿਟੀਜ਼ ਟਰਾਂਸਪੋਰਟ ਦੇ ਸਿਲਸਿਲੇ ਵਿਚ ਲੋਕਾਂ ਨੂੰ ਮਿਲਣੀਆਂ ਚਾਹੀਦੀਆਂ ਹਨ, ਉਹ ਸਰਕਾਰ ਨੂੰ ਦੇਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਬੱਸਾਂ ਦੇ ਮੁਤਅੱਲਕ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ, ਇਹ ਆਮ ਚਰਚਾ ਹੈ ਕਿ 52,52 ਅਤੇ 53, 53 ਸਵਾਰੀਆਂ ਬੱਸਾਂ ਵਿਚ ਬੈਠੀਆਂ ਹੁੰਦੀਆਂ ਹਨ ਅੱਗੇ ਉਨ੍ਹਾਂ ਤੋਂ ਨਾ ਪੈਸੰਜਰ ਟੈਕਸ ਲਿਆ ਜਾਂਦਾ ਹੈ ਅੱਗੇ ਨਾ ਹੀ ਉਨ੍ਹਾਂ ਦੀਆਂ ਟਿਕਟਾਂ ਕੱਟੀਆਂ ਜਾਂਦੀਆਂ ਹਨ। ਇਸ ਸਬੰਧ ਵਿਚ ਚੈਕਿੰਗ ਸਖਤ ਹੋਣੀ ਚਾਹੀਦੀ ਹੈ। ਜੇ ਹੋ ਸਕੇ ਤਾਂ ਇਸ ਹਾਊਸ ਦੇ ਮੈਂਬਰ ਵੀ ਇਸ ਵਿਚ ਆਪਣਾ ਹਿੱਸਾ ਪਾ ਸਕਦੇ ਹਨ। ਇਨ੍ਹਾਂ ਨੂੰ ਅਖਤਿਆਰ ਦਿੱਤੇ ਜਾਣ ਕਿ ਕਿਸੇ ਵੇਲੇ ਵੀ ਉਹ ਬੱਸ ਖੜ੍ਹੀ ਕਰਕੇ ਉਸ ਨੂੰ ਚੈੱਕ ਕਰ ਸਕਣ। ਚਾਹੇ ਗੱਡੀ ਪਰਾਈਵੇਟ ਹੋਵੇ ਜਾਂ ਸਰਕਾਰੀ ਹੋਵੇ, ਇਨ੍ਹਾਂ ਨੂੰ ਅਖਾਤਿਆਰ ਹੋਣਾ ਚਾਹੀਦਾ ਹੈ ਕਿ ਇਹ ਉਸ ਨੂੰ ਚੈਕ ਕਰ ਸਕਣ। ਸਟੇਟ ਦੇ ਰੈਵੇਨਿਊ ਦਾ ਬੜਾ ਨੁਕਸਾਨ ਹੋ ਰਿਹਾ ਹੈ। ਅਗਰ ਸਰਕਾਰ ਕੋਈ ਸਖਤ ਕਦਮ ਉਠਾਏ ਤਾਂ ਇਹ ਚੀਜ਼ ਹਟ ਸਕਦੀ ਹੈ। ਦੂਸਰ ਇੰਸਪੈਕਟੋਰੇਟ ਚੈਕ ਕਰਦਾ ਹੈ। ਸੀ.ਆਈ.ਡੀ. ਦੇ ਸਕੁਐਡ ਨੂੰ ਬੱਸਾਂ ਵਿਚ ਸਫਰ ਕਰਨਾ ਚਾਹੀਦਾ ਹੈ ਤਾਕਿ ਉਹ ਦੱਸ ਸਕਣ ਕਿ ਕਿਸ ਨੇ ਕਿੰਨੇ ਟੈਕਸ ਦੀ ਚੋਰੀ ਕੀਤੀ ਹੈ। ਇਨ੍ਹਾਂ ਮੈਥਡਜ਼ ਨੂੰ ਜੇਕਰ ਅਪਣਾਇਆ ਜਾਏ ਤਾਂ ਮੈਂ ਸਮਝਦਾ ਹਾਂ ਕਿ ਚੰਗੀ ਗੱਲ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

ਸਰਦਾਰ ਦਿਲਬਾਗ ਸਿੰਘ : ਇੱਕ ਦੋ ਮਿੰਟਾਂ ਵਿਚ ਹੀ ਮੈਂ ਖ਼ਤਮ ਕਰ ਦਿੰਦਾ ਹਾਂ। ਇਕ ਸਾਡੀ ਸਰਕਾਰ ਨੇ ਚੌਕੀਦਾਰ ਦੀ ਤਨਖਾਹ ਜਿਹੜੀ 60 ਰੁਪਏ ਮਹੀਨਾ ਤੋਂ 100 ਰੁਪਏ ਮਹੀਨਾ ਕੀਤੀ ਹੈ, ਉਸ ਸਬੰਧ ਵਿਚ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਗਰੀਬਾਂ ਨੂੰ ਪਹਿਲਾਂ 40 ਰੁਪਏ ਮਹੀਨਾ ਮਿਲਿਆ ਕਰਦੇ ਸਨ। ਗਿਆਨੀ ਜ਼ੈਲ ਸਿੰਘ ਦੀ ਜਦੋਂ ਸਰਕਾਰ ਸੀ, ਉਦੋਂ ਅਸੀਂ ਉਨ੍ਹਾਂ ਨੂੰ ਮਿਲੇ ਅੱਗੇ ਉਨ੍ਹਾਂ ਨੇ 40 ਤੋਂ 60 ਰੁਪਏ ਮਹੀਨਾ ਕਰ ਦਿੱਤੇ। ਉਸ ਤੋਂ ਬਅਦ ਅਕਾਲੀ ਸਰਕਾਰ ਆ ਗਈ। ਇਨ੍ਹਾਂ ਨੂੰ ਬੜੀ ਵਾਰ ਮਿਲੇ। ਬੜੀਆਂ ਚਿੱਠੀਆਂ ਇਨ੍ਹਾਂ ਨੂੰ ਲਿਖੀਆਂ ਗਈਆਂ । ਲਗਦਾ ਸੀ ਕਿ ਅਕਾਲੀ ਸਰਕਾਰ ਗਰੀਬਾਂ ਦੀ ਬੜੀ ਮੱਦਦ ਕਰਨ ਵਾਲੀ ਸਰਕਾਰ ਹੈ। ਪਰ ਉਨ੍ਹਾਂ ਨੇ ਕੰਮ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਚਿੱਠੀ ਦਾ ਕੋਈ ਜਵਾਬ ਵੀ ਸਾਨੂੰ ਨਹੀਂ ਦਿੱਤਾ। ਜਦੋਂ ਅਕਾਲੀ ਸਰਕਾਰ ਵੇਲੇ ਅਸੀਂ ਇਨ੍ਹਾਂ ਨੂੰ ਚੌਕੀਦਾਰਾਂ ਦੇ ਪੈਸੇ ਵਧਾਉਣ ਬਾਰੇ ਕਿਹਾ ਤਾਂ ਇਨ੍ਹਾਂ ਨੇ ਕਿਹਾ ਕਿ ਚੌਕੀਦਾਰਾਂ ਦਾ ਨਾਂ ਬਦਲਕੇ ਕੁਝ ਹੋਰ ਕਰ ਦਿੰਦੇ ਹਾਂ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਇਕ ਮਖੌਲ ਕਰਨ ਵਾਲੀ ਗੱਲ ਕਰ ਦਿੱਤੀ। ਚੀਫ ਮਨਿਸਟਰ ਸਾਹਿਬ ਨੂੰ ਅੱਗੇ ਰੈਵੇਨਿਊ ਮਨਿਸਟਰ ਸਾਹਿਬ ਨੂੰ ਮੈਂ ਵਧਾਈ ਦਿੰਦਾ ਹਾਂ ਕਿਉਂਕਿ ਇਨ੍ਹਾਂ ਨੇ ਇਸ ਗਰੀਬ ਵਰਗ ਦੀ ਜਿਹੜਾ ਕਿ ਸਾਰੇ ਪੰਜਾਬ ਵਿਚ ਸਭ ਤੋਂ ਪੱਛੜਿਆ ਹੋਇਆ ਹੈ, ਉਨ੍ਹਾਂ ਦੀ ਤਨਖਾਹ 60 ਰੁਪਏ ਤੋਂ ਵਧਾਕੇ 100 ਰੁਪਏ ਮਹੀਨਾ ਕਰ ਦਿੱਤੀ ਹੈ। ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਚੌਕੀਦਾਰਾਂ ਨੂੰ ਜੋ ਕਲਾਸ-4 ਦੇ ਹੋਰ ਐਂਪਲਾਈਜ਼ ਨੂੰ ਸਹੂਲਤਾਂ ਮਿਲਦੀਆਂ ਹਨ, ਉਹ ਇਨ੍ਹਾਂ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ। ਪਿਛਲੇ ਤਿੰਨ ਸਾਲਾਂ ਵਿਚ ਇਨ੍ਹਾਂ ਗਰੀਬਾਂ ਦੀ ਕੋਈ ਸੁਣਾਈ ਨਹੀਂ ਹੋਈ ਹੈ। ਇਹ ਵਿਚਾਰੇ 24 ਘੰਟੇ ਦੇ ਮੁਲਾਜ਼ਮ ਹਨ। ਕੋਈ 8 ਘੰਟੇ ਦਾ ਮੁਲਾਜ਼ਮ ਹੁੰਦਾ ਹੈ ਅਤੇ ਕੋਈ 10 ਘੰਟੇ ਦਾ ਮੁਲਾਜ਼ਮ ਹੁੰਦਾ ਹੈ, ਪਰ ਇਹ ਵਿਚਾਰੇ 24 ਘੰਟੇ ਦੇ ਨੌਕਰ ਹਨ। ਜੇ ਕੋਈ ਪੁਲਿਸ ਦਾ ਅਫ਼ਸਰ ਉਥੇ ਜਾਂਦਾ ਹੈ ਤਾਂ ਉਹ ਚੌਕੀਦਾਰ ਨੂੰ ਜੋ ਕੰਮ ਹੋਵੇ ਕਹਿੰਦਾ ਹੈ। ਜੇ ਮਨਿਸਟਰ ਸਾਹਿਬ ਉਥੇ ਜਾਂਦੇ ਹਨ ਤਾਂ ਵੀ ਚੌਕੀਦਾਰ ਨੂੰ ਹੀ ਕਿਹਾ ਜਾਂਦਾ ਹੈ ਕਿ ਬੰਦੇ ਇਕੱਠੇ ਕੀਤੇ ਜਾਣ। ਚਾਹੇ ਕੋਈ ਅਫ਼ਸਰ ਅੱਧੀ ਰਾਤ ਉਥੇ ਜਾਂਦਾ ਹੈ ਤਾਂ ਕੰਮ ਬਾਰੇ ਚੌਕੀਦਾਰ ਨੂੰ ਕਿਹਾ ਜਾਂਦਾ ਹੈ। ਜਿੰਨਾ ਕੰਮ ਚੌਕੀਦਾਰਾਂ ਤੋਂ ਲਿਆ ਜਾਂਦਾ ਹੈ ਸ਼ਾਇਦ ਹੀ ਕਿਸੇ ਹੋਰ ਮੁਲਾਜ਼ਮ ਤੋਂ ਲਿਆ ਜਾਂਦਾ ਹੋਵੇ। ਠੀਕ ਹੈ ਇਨ੍ਹਾਂ ਦੀ 100 ਰੁਪਏ ਮਹੀਨਾ ਤਨਖਾਹ ਕਰ ਦਿੱਤੀ ਗਈ ਹੈ। ਪਰ ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਉਹ ਸਾਰੀਆਂ ਸਹੂਲਤਾਂ ਵੀ ਦਿੱਤੀਆਂ ਜਾਣ ਜੋ ਕਿ ਬਾਕੀ ਮਹਿਕਮਿਆਂ ਦੇ ਚੌਕੀਦਾਰਾਂ ਨੂੰ ਦਿੱਤੀਆਂ ਜਾਂਦੀਆਂ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਡਿਪਟੀ ਸਪੀਕਰ ਸਾਹਿਬ, ਤੁਹਾਡਾ ਹੋਰ ਸਮਾਂ ਨਾ ਲੈਂਦਾ ਹੋਇਆ ਸਿਰਫ ਐਨੀ ਹੀ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਐਗਰੀਕਲਚਰ ਦੇ ਮੁਤਅੱਲਕ ਪਹਿਲਾਂ ਸੁਝਾਓ ਰਖੇ ਗਏ ਹਨ, ਉਨ੍ਹਾਂ ਤੇ ਜ਼ਰੂਰ ਗੌਰ ਕੀਤਾ ਜਾਏ। ਪੰਜਾਬੀਆਂ ਤੇ ਅੱਗੇ ਹੀ ਟੈਕਸਾਂ ਦਾ ਬਹੁਤ ਬੋਝ ਹੈ, ਇਹ ਹੋਰ ਟੈਕਸ ਸਹਿਣ ਨਹੀਂ ਕਰ ਸਕਣਗੇ। ਚਾਹੀਦਾ ਇਹ ਹੈ ਕਿ ਜੋ ਪੰਜਾਬ ਵਿਚੋਂ ਰਾਅ ਮੈਟੀਰੀਅਲ, ਕੱਚਾ ਮਾਲ ਬਾਹਰ ਜਾਂਦਾ ਹੈ, ਉਸ ਦੇ ਪੈਸੇ ਵਧ ਤੋਂ ਵਧ ਵੱਟੇ ਜਾਣ। ਸੋਚਣ ਵਾਲੀ ਗੱਲ ਇਹ ਹੈ ਕਿ ਪੰਜਾਬ ਵਿਚ ਬਾਹਰੋਂ ਪੈਸਾ ਕਿਸ ਤਰ੍ਹਾਂ ਨਾਲ ਵਧ ਤੋਂ ਵਧ ਆ ਸਕਦਾ ਹੈ। ਇਸ ਬਾਰੇ ਧਿਆਨ ਦੇਣ ਦੀ ਲੋੜ ਹੈ।

ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ-ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾਂ ਆਪੋਜ਼ੀਸ਼ਨ ਵਲੋਂ ਸਰਦਾਰ ਬਲਵੰਤ ਸਿਘ ਨੇ ਹਰੀਜਨਾਂ ਦੀ ਬੜੀ ਠੇਕੇਦਾਰੀ ਕੀਤੀ ਹੈ ਔਰ ਬੜੇ ਢੰਗ ਨਾਲ ਤਰੋੜ ਮਰੋੜ ਕੇ ਐਸੀਆਂ ਗੱਲਾਂ ਪੇਸ਼ ਕੀਤੀਆਂ ਹਨ, ਜੋ ਕਿ ਬਿਅਕੁਲ ਝੂਠੀਆਂ ਸਨ। ਉਨ੍ਹਾਂ ਤੋਂ ਬਾਅਦ ਸਾਡੇ ਮੋਹਤਰਮ ਮੈਂਬਰ ਵੈਦ ਕਰਤਾਰ ਸਿੰਘ ਜੀ ਬੋਲੇ। ਉਨ੍ਹਾਂ ਨੇ ਕਹਿ ਦਿੱਤਾ ਕਿ ਹਰੀਜਨਾਂ ਨੇ ਕਾਂਗਰਸ ਨੂੰ ਵੋਟਾਂ ਨਹੀਂ ਪਾਈਆਂ। ਮੈਂ ਪੁੱਛਦਾ ਹਾਂ ਕਿ ਜੇਕਰ ਹਰੀਜਨਾਂ ਨੇ ਕਾਂਗਰਸ ਨੂੰ ਵੋਟਾਂ ਨਹੀਂ ਪਾਈਆਂ ਤਾਂ ਫਿਰ ਇਧਰ ਆਕੇ ਅਸੀਂ ਕਿਵੇਂ ਬੈਠੇ ਹਾਂ। ਹਰੀਜਨਾਂ ਦੇ ਵੋਟਾਂ ਕਾਂਗਰਸ ਨੂੰ ਪਾਉਣ ਦਾ ਨਤੀਜਾ ਹੈ ਕਿ ਅਸੀਂ ਅੱਜ ਇਧਰ ਦੇ ਪਾਸੇ ਬੈਠੇ ਹਾਂ। ਸਾਡੇ ਵਿੱਤ ਮੰਤਰੀ ਜੀ ਨੇ ਬਜਟ ਐਸਟੀਮੇਟਸ ਜੋ ਇਥੇ ਪੇਸ਼ ਕੀਤਾ ਹੈ, ਉਸ ਵਿਚ ਹਰੀਜਨਾਂ ਲਈ ਬਹੁਤ ਸਾਰੀਆਂ ਚੀਜ਼ਾਂ ਰਖੀਆਂ ਗਈਆਂ ਹਨ, ਉਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। (ਇੰਪਿੰਗ) ਵੈਦ ਜੀ ਨੇ ਆਪਣੀ ਸਪੀਚ ਨੂੰ ਥਾਣਿਆਂ ਦੇ ਇਰਦ-ਗਿਰਦ ਹੀ ਘੁੰਮਾਇਆ ਹੈ ਅਤੇ ਹੋਰ ਕੁਝ ਨਹੀਂ ਕਿਹਾ। ਕੋਈ ਸੁਝਾਓ ਨਹੀਂ ਦਿੱਤਾ ਗਿਆ। ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੇ ਵਿੱਤ ਮੰਤਰੀ ਜੀ ਨੇ ਜੋ ਬਜਟ ਐਸਟੀਮੇਟਸ ਪੇਸ਼ ਕੀਤੇ ਹਨ, ਇਸ ਵਿਚ ਹਰੀਜਨਾਂ ਲਈ ਬਹੁਤ ਚੰਗੀਆਂ ਸਕੀਮਾਂ ਆਈਆਂ ਹਨ, ਜਿਨ੍ਹਾਂ ਨਾਲ ਹਰੀਜਨਾਂ ਦੀ ਬਿਹਤਰੀ ਹੋਏਗੀ। ਇਸ ਤੋਂ ਪਹਿਲੀ ਸਰਕਾਰ ਵੇਲੇ, ਅਕਾਲੀ ਸਰਕਾਰ ਵੇਲੇ ਬੜਾ ਰੌਲਾ ਪਾਇਆ ਗਿਆ ਕਿ ਸਰਕਾਰ ਹਰੀਜਨਾਂ ਦੇ ਮੁੰਡਿਆਂ ਨੂੰ ਬਾਹਰਲੇ ਮੁਲਕਾਂ ਵਿਚ ਭੇਜੇਗੀ ਔਰ ਉਸ ਲਈ ਉਨ੍ਹਾਂ ਨੂੰ ਏਡ ਦਿੱਤੀ ਜਾਏਗੀ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਪਿਛਲੀ ਸਰਕਾਰ ਨੇ ਇਸ ਕੰਮ ਲਈ 25 ਕਰੋੜ ਰੁਪਏ ਰਖੇ ਸੀ ਕਿ ਹਰੀਜਨਾਂ ਦੇ ਮੁੰਡਿਆਂ ਨੂੰ ਬਾਹਰਲੇ ਮੁਲਕਾਂ ਵਿਚ ਕਿਰਾਇਆ ਦੇਕੇ ਭੇਜਣਾ ਹੈ। ਇਸ ਸਕੀਮ ਦੀ ਪਰਾਗਰੈਸ ਇਹ ਹੈ ਕਿ ਕੋਈ ਹਰੀਜਨ ਬਾਹਰ ਦੇ ਮੁਲਕ ਵਿਚ ਨਹੀਂ ਭੇਜਿਆ ਗਿਆ ਔਰ ਕੋਈ ਏਡ ਨਹੀਂ ਦਿੱਤੀ ਗਈ। ਇਸ ਤੋਂ ਹੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਸਰਕਾਰ ਹਰੀਜਨਾਂ ਦੀ ਕਿੰਨੀ ਹਤੈਸ਼ੀ ਸੀ ਅਤੇ ਕਿੰਨੇ ਹਰੀਜਨਾਂ ਦੇ ਹੱਕ ਵਿਚ ਕੰਮ ਕਰਦੀ ਸੀ। (ਵਿਘਨ) ਮੈਂ ਤੁਹਾਨੂੰ ਹੋਰ ਦੱਸਣਾ ਚਾਹੁੰਦਾ ਹਾਂ ਕਿ ਡੀ.ਆਈ.ਆਰ. ਸਕੀਮ ਦੇ ਤਹਿਤ ..... (ਵਿਘਨ)

ਸਰਦਾਰਨੀ ਸਤਵੰਤ ਕੌਰ ਸੰਧੂ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਹਰੀਜਨਾਂ ਨੂੰ ਬਾਹਰ ਭੇਜਣ ਦੀ ਸਕੀਮ ਸੀ, ਇਹ ਬੜੀ ਅੱਛੀ ਸਕੀਮ ਸੀ। ਇਹ ਹਾਊਸ ਨੂੰ ਗਲਤ ਇਨਫਰਮੇਸ਼ਨ ਦੇ ਰਹੇ ਹਨ। ਆਦਮੀ ਬਾਹਰ ਭੇਜੇ ਗਏ ਸਨ। ਵਿੱਤ ਮਨਿਸਟਰ ਦੇ ਭਾਸ਼ਣ ਵਿਚ ਇਸ ਗੱਲ ਦਾ ਜ਼ਿਕਰ ਆਇਆ ਸੀ। ਸੋ ਇਹ ਮਾਨਯੋਗ ਮੈਂਬਰ ਨੇ ਗਲਤ

Original with;
Punjab Vidhan Sabha
Digitized by;
Panjab Digital Library

ਇਨਫਰਮੇਸ਼ਨ ਦਿੱਤੀ ਹੈ। ਮੈਂ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਹਰੀਜਨ ਆਦਮੀ ਬਾਹਿਰ ਭੇਜੇ ਸੀ। ਜਿਹੜੀ ਗਲਤ ਇਨਫਰਮੇਸ਼ਨ ਦੇ ਰਹੇ ਹਨ, ਇਨ੍ਹਾਂ ਨੂੰ ਗਲਤ ਇਨਫਰਮੇਸ਼ਨ ਦੇਣ ਤੋਂ ਰੋਕਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਇਸ ਗੱਲ ਦੀ ਇਨਕੁਆਇਰੀ ਕੀਤੀ ਜਾਵੇ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੁੰਦੜ: ਡਿਪਟੀ ਸਪੀਕਰ ਸਾਹਿਬ, ਇਸ ਪੁਆਇੰਟ ਆਫ ਆਰਡਰ ਦੇ ਉਤੇ ਅਸੀਂ ਤੁਹਾਡੀ ਰੂਲਿੰਗ ਚਾਹੁੰਦੇ ਹਾਂ। (ਵਿਘਨ)

ਸਮਾਜ ਭਲਾਈ ਮੰਤਰੀ : ਇਨਕੁਆਇਰੀ ਕਿਹੜੀ ਗਲ ਦੀ ? ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਫਿੱਗਰਜ਼ ਮੌਜੂਦ ਹਨ। ਇਨਕੁਆਇਰੀ ਤਦ ਹੋਵੇ ਜੇ ਫਿੱਗਰਜ਼ ਮੌਜੂਦ ਨਾ ਹੋਣ। (ਵਿਘਨ)

Mr. Deputy Speaker: Chaudhri Sahib, please continue your speech. (Interruption)

ਜਥੇਦਾਰ ਜੀਵਨ ਸਿੰਘ ਉਮਰਾਨੰਗਲ : ਡਿਪਟੀ ਸਪੀਕਰ ਸਾਹਿਬ, ਇਥੇ ਹਾਊਸ ਵਿਚ ਉਹ ਝੂਠ ਬੋਲ ਰਹੇ ਹਨ। (ਵਿਘਨ) ਇਸ ਮਾਮਲੇ ਉਤੇ ਹਾਊਸ ਦੀ ਕਮੇਟੀ ਬਣਾਉਣੀ ਚਾਹੀਦੀ ਹੈ।

ਸਰਦਾਰਨੀ ਸਤਵੰਤ ਕੌਰ ਸੰਧੂ : ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਵੀ ਉਸ ਜ਼ਾਤੀ ਨਾਲ ਸਬੰਧ ਰੱਖਦੇ ਹੋ, ਜਿਸ ਨੂੰ ਸਦੀਆਂ ਤੋਂ ਲਿਤਾੜਿਆ ਗਿਆ। ਅੱਜ ਇਹ ਸਾਡੇ ਮਨਿਸਟਰ ਸਾਹਿਬ ਵੀ ਇਸ ਜ਼ਾਤੀ ਨੂੰ ਲਿਤਾੜੀ ਜਾ ਰਹੇ ਹਨ। (ਵਿਘਨ) ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਡੀ ਸਰਕਾਰ ਨੇ ਹਰੀਜਨ ਆਦਮੀ ਬਾਹਰ ਭੇਜੇ ਸਨ। ਜੇ ਤੁਸੀਂ ਕਹੋ ਤਾਂ ਮੈਂ ਕੱਲ ਨੂੰ ਇਸ ਬਾਰੇ ਇਨਫਰਮੇਸ਼ਨ ਲਿਆ ਕੇ ਹਾਊਸ ਨੂੰ ਦੇ ਦਿਆਂਗੀ। ਮੈਂ ਅਰਜ਼ ਕਰਾਂਗੀ ਕਿ ਇਸ ਮਾਮਲੇ ਉਤੇ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ ਅਤੇ ਇਕ ਮਨਿਸਟਰ ਉਸ ਕਮੇਟੀ ਦਾ ਚੇਅਰਮੈਨ ਬਣ ਜਾਵੇ। ਉਹ ਕਮੇਟੀ ਇਸ ਮਾਮਲੇ ਦੀ ਪੜਤਾਲ ਕਰ ਲਵੇ। ਜੇ ਇਹ ਗਲਤ ਕਹਿੰਦੇ ਹੋਣ ਤਾਂ ਇਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। (ਤਾੜੀਆਂ) ਡਿਪਟੀ ਸਪੀਕਰ ਸਾਹਿਬ, ਇਹ ਹਰੀਜਨਾਂ ਦਾ ਮਸਲਾ ਹੈ ਅਤੇ ਇਹ ਇਸ ਬਾਰੇ ਗਲਤ ਗੱਲਾਂ ਕਹਿ ਰਹੇ ਹਨ। (ਵਿਘਨ)

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਡੀ.ਆਈ. ਆਰ. ਸਕੀਮ ਦੇ ਥੱਲੇ 25 ਕਰੋੜ ਰੁਪਏ ਹਰੀਜਨਾਂ ਵਾਸਤੇ ਰੱਖੇ ਗਏ ਸੀ ਕਿ ਉਨ੍ਹਾਂ ਨੂੰ ਫਰੀ ਇੰਟਰੈਸਟ ਲੋਨ ਦੇਣੇ ਹਨ ਲੇਕਿਨ , ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣਕੇ ਹੈਰਾਨ ਹੋਵੋਂਗੇ ਕਿ ਤਿੰਨ ਸਾਲਾਂ ਵਿਚ ਸਿਰਫ ਇਸ ਰਕਮ ਵਿਚੋਂ 3 ਕਰੋੜ 42 ਲੱਖ ਰੁਪਏ ਹੀ ਇਨ੍ਹਾਂ ਨੇ ਖਰਚ ਕੀਤੇ। ਇਸ ਤੋਂ ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿ ਇਹ ਕਿੰਨੀ ਕੁ ਹਰੀਜਨਾਂ ਦੀ ਭਲਾਈ ਕਰਨਾ ਚਾਹੁੰਦੇ ਸੀ। ਇਸ ਦੀ ਤੁਸੀਂ ਇਨਕੁਆਇਰੀ ਕਰਾ ਕੇ ਦੇਖ ਲਵੋ, ਸਾਰਾ ਪੈਸਾ ਫਰੀਦਕੋਟ ਜ਼ਿਲ੍ਹੇ ਵਿਚ ਹੀ ਖਰਚ ਹੋਇਆ। ਉਸ ਦਾ ਬਹੁਤ ਘੱਟ ਹਿੱਸਾ ਪੰਜਾਬ ਦੇ ਹੋਰ ਜ਼ਿਲ੍ਹਿਆਂ ਵਿਚ ਖਰਚ ਹੋਇਆ ਹੋਵੇਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਡਾਕਟਰ ਕੇਵਲ ਕ੍ਰਿਸ਼ਨ, ਵਿੱਤ [ਮੰਤਰੀ ਨੇ ਇਨ੍ਹਾਂ ਬਜਟ ਐਸਟੀਮੇਟਸ ਵਿਚ ਇਸ ਸਕੀਮ ਦੇ ਥੱਲੇ 30 ਕਰੋੜ ਰੁਪਿਆ ਰੱਖਿਆ ਹੈ। (ਤਾੜੀਆਂ) ਇਹ ਸਰਕਾਰ ਹਰੀਜਨਾਂ ਦੀ ਭਲਾਈ ਕਰਨਾ ਚਾਹੁੰਦੀ ਹੈ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਇਹ ਗਲਤ ਇਨਫਰਮੇਸ਼ਨ ਦੇ ਰਹੇ ਹਨ। (ਵਿਘਨ) ਤੁਸੀਂ ਆਪਣੀ ਰੂਲਿੰਗ ਦਿਓ। (ਵਿਘਨ)

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਦੱਸਦਾ ਹਾਂ ਕਿ ਇਨ੍ਹਾਂ ਨੇ 15 ਸੌ ਘਰ ਹਰੀਜਨਾਂ ਨੂੰ ਬਣਾਕੇ ਦੇਣੇ ਸਨ, ਪਰ ਬਣਾਏ ਕੁੱਲ 600 ਘਰ। ਇਸ ਤੋਂ ਵੀ ਤੁਹਾਨੂੰ ਪਤਾ ਲੱਗਦਾ ਹੈ ਕਿ ਇਨ੍ਹਾਂ ਨੇ ਹਰੀਜਨਾਂ ਦੀ ਭਲਾਈ ਲਈ ਕਿੰਨਾਂ ਕੰਮ ਕੀਤਾ ਹੈ। ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਜਿਹੜੇ 50-50 ਗਜ਼ ਦੇ ਪਲਾਟ ਹਰੀਜਨਾਂ ਲਈ ਉਥੇ ਸਨ ਹੁਣ ਸਾਡੀ ਸਰਕਾਰ ਨੇ ਉਹ ਪਲਾਟ ਸੌ ਸੌ ਗਜ਼ ਦੇ ਰੱਖੇ ਹਨ ਤਾਕਿ ਉਨ੍ਹਾਂ ਲੋਕਾਂ ਦੇ ਮਕਾਨ ਚੰਗੇ ਬਣ ਸਕਣ। (ਤਾੜੀਆਂ) ਮੈਂ ਇਸ ਗੱਲ ਦਾ ਵੀ ਐਫ.ਐਮ. ਸਾਹਿਬ ਦਾ ਰਿਣੀ ਹਾਂ ਕਿ ਉਨ੍ਹਾਂ ਨੇ 1980-81 ਦੇ ਪਲਾਨ ਵਿਚ ਹਰੀਜਨਾਂ ਦੀ ਭਲਾਈ ਲਈ 4 ਕਰੋੜ 40 ਲੱਖ ਰੁਪਿਆ ਰੱਖਿਆ ਹੈ, ਜਿਸ ਦੇ ਨਾਲ ਪੰਜਾਬ ਦੇ ਹਰੀਜਨ ਦੀ ਹੋਰ ਚੰਗੀ ਭਲਾਈ ਕੀਤੀ ਜਾ ਸਕੇਗੀ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਭਲਾਈ ਲਈ ਉਹ ਹੋਰ ਵੀ ਪੈਸਾ ਦੇਣਗੇ ਤਾਕਿ ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦਿੱਤੀਆਂ ਜਾ ਸਕਣ ਅਤੇ ਜਿਨ੍ਹਾਂ ਹਰੀਜਨਾਂ ਦੀ ਪਿਛਲੀ ਸਰਕਾਰ ਵੇਲੇ ਕੋਈ ਭਲਾਈ ਨਹੀਂ ਹੋ ਸਕੀ, ਉਨ੍ਹਾਂ ਦੀ ਤਰੱਕੀ ਨਹੀਂ ਹੋ ਸਕੀ, ਉਨ੍ਹਾਂ ਨੂੰ ਦੂਜਿਆਂ ਲੋਕਾਂ ਦੇ ਬਰਾਬਰ ਲਿਆਂਦਾ ਜਾ ਸਕੇ। ਇਥੇ ਹੀ ਬੱਸ ਨਹੀਂ, ਸਾਡੇ ਐਫ.ਐਮ. ਸਾਹਿਬ ਨੇ ਹਰੀਜਨਾਂ ਲਈ ਸਪੈਸ਼ਲ ਕੰਪੋਨੈਂਟ ਪਲਾਨ ਵਿਚ 8 ਕਰੋੜ 6 ਲੱਖ ਰੁਪਿਆ ਰੱਖਿਆ ਹੈ। ਜਿੰਨੇ ਪੰਜਾਬ ਦੇ ਮਹਿਕਮੇ ਹਨ, ਉਨ੍ਹਾਂ ਦਾ 25% ਬਜਟ ਹਰੀਜਨਾਂ ਵਾਸਤੇ ਮਖਸੂਸ ਕਰ ਦਿੱਤਾ ਹੈ। ਇਹ ਸਾਰਾ ਕੁਝ ਉਨ੍ਹਾਂ ਦੀ ਭਲਾਈ ਵਾਸਤੇ ਕੀਤਾ ਗਿਆ ਹੈ। ਇਸ ਪਾਸੇ ਸਰਕਾਰ ਦਾ ਇਹ ਬਹੁਤ ਵੱਡਾ ਕਦਮ ਹੈ। ਪਹਿਲੀ ਸਰਕਾਰ ਨੇ ਇਸ ਪਾਸੇ ਕੁਝ ਨਹੀਂ ਸੀ ਕੀਤਾ। ਇਸ ਤੋਂ ਪੰਜਾਬ ਦੇ ਹਰੀਜਨ ਨੂੰ ਬਹੁਤ ਲਾਭ ਮਿਲ ਸਕੇਗਾ। ਮੈਂ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਬੇਘਰੇ ਲੋਕਾਂ ਨੂੰ, ਲੈਂਡਲੈਸ ਲੋਕਾਂ ਨੂੰ, ਲੇਬਰ-ਰਜ਼ ਨੂੰ ਪਿੰਡਾਂ ਵਿਚ ਪਲਾਟ ਦੇਣ ਦਾ ਫੈਸਲਾ ਕੀਤਾ ਸੀ। ਉਨ੍ਹਾਂ ਨੂੰ 3 ਲੱਖ ਪਲਾਟ ਦਿੱਤੇ ਜਾਣੇ ਸਨ। (ਵਿਘਨ) ਇਸ ਤਰ੍ਹਾਂ ਉਸ ਵੇਲੇ ਪਿੰਡਾਂ ਵਿਚ ਹਾਊਸ ਬਿਲਡਿੰਗ ਸੋਸਾਇਟੀਆਂ ਬਣਾ ਦਿੱਤੀਆਂ ਅੌਰ ਪਿੰਡਾਂ ਦੇ ਗਰੀਬ ਲੋਕਾਂ ਨੇ ਇਨ੍ਹਾਂ ਸੋਸਾਇਟੀਆਂ ਵਿਚ ਆਪਣਾ ਹਿੱਸਾ ਵੀ ਪਾਇਆ। ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੀ ਸਰਕਾਰ ਨੇ ਉਨ੍ਹਾਂ ਸੋਸਾਇਟੀਆਂ ਨੂੰ ਕੋਈ ਕਰਜ਼ਾ ਨਹੀਂ ਦਿੱਤਾ। ਇਸ ਤਰ੍ਹਾਂ ਸਾਡੀ ਪਿਛਲੀ ਸਰਕਾਰ ਦਾ ਜੋ ਨਿਸ਼ਾਨਾ ਸੀ, ਉਸ ਨੂੰ ਪੂਰਾ ਨਹੀਂ ਕੀਤਾ ਗਿਆ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਕੁਝ ਉਨ੍ਹਾਂ ਨੂੰ ਮਕਾਨ ਬਣਾਕੇ ਦਿੱਤੇ ਗਏ ਹਨ। 778 ਮਕਾਨਾਂ ਲਈ ਕਰਜ਼ਾ ਦਿੱਤਾ ਹੈ। ਸਾਡੀ ਸਰਕਾਰ ਨੇ 1980-81 ਵਿਚ 10,700 ਮਕਾਨ ਬਣਾਉਣ ਦਾ ਨਿਸ਼ਚਾ ਕੀਤਾ ਹੈ, ਜਿਸ ਨਾਲ ਹਰੀਜਨਾਂ ਨੂੰ ਰਾਹਤ ਮਿਲੇਗੀ। (ਤਾੜੀਆਂ) ਮੈਂ ਇਸ ਗੱਲ ਦੀ ਵੀ ਐਫ.ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪਹਿਲੀਵਾਰ ਪੰਜਾਬ ਵਿਚ ਰੂੜੀ ਦੇ ਖੱਡਿਆਂ ਵਾਸਤੇ 25 ਲੱਖ ਰੁਪਿਆ ਰੱਖਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਪਿੰਡਾਂ ਵਿਚੋਂ ਆਏ ਹਾਂ। ਸਾਨੂੰ ਪਤਾ ਹੈ ਕਿ ਹਰੀਜਨਾਂ ਨੂੰ ਰੂੜੀਆਂ ਸੁੱਟਣ ਵਾਸਤੇ ਪਿੰਡਾਂ ਵਿਚ ਕੋਈ ਥਾਂ ਨਹੀਂ ਹੈ। ਉਹ ਰੂੜੀ ਢੇਰ ਸੜਕਾਂ ਅਤੇ ਫਿਰਨੀਆਂ ਤੇ ਲਗਾ ਦਿੰਦੇ ਹਨ। ਜੇ ਖਾਦ ਅੱਛੀ ਹੋਵੇਗੀ ਤਾਂ ਫਸਲ ਵੀ ਅੱਛੀ ਹੋਵੇਗੀ, ਪਰ ਰੂੜੀਆਂ ਦੇ ਢੇਰ ਸੜਕਾਂ ਅਤੇ ਫਿਰਨੀਆਂ ਵਿਚ ਲਗਾਏ ਜਾਣ ਤਾਂ ਖਾਦ ਅੱਛੀ ਕਿਵੇਂ ਬਣ ਸਕਦੀ ਹੈ। ਪਿੰਡਾਂ ਵਿਚ ਰੂੜੀਆਂ ਦੇ ਢੇਰ ਸੜਕਾਂ ਅਤੇ ਫਿਰਨੀਆਂ ਵਿਚ ਪਏ ਹਨ ਅੌਰ ਮੈਂ ਸਮਝਦਾ ਹਾਂ ਕਿ ਇਹ ਚੰਗੀ ਸਕੀਮ ਹੈ ਅੌਰ ਇਸ ਸਕੀਮ ਦੇ ਨਾਲ ਇਕ ਤਾਂ ਪਿੰਡਾਂ ਵਿਚ ਜਿਹੜਾ ਗੰਦ ਹੈ, ਉਸ ਨੂੰ ਦੂਰ ਕੀਤਾ ਜਾ ਸਕੇਗਾ ਅੌਰ ਦੂਸਰਾ ਹਰੀਜਨਾਂ ਨੂੰ ਇਸ ਦੇ ਵਿਚ ਰਾਹਤ ਮਿਲ ਸਕੇਗੀ ਕਿ ਉਹ ਢੇਰ ਚੰਗੀ ਜਗ੍ਹਾ ਤੇ ਸੁੱਟ ਸਕਣਗੇ ਅਤੇ ਇਸ ਦੇ ਨਾਲ ਖੇਤੀ ਨੂੰ ਫਾਇਦਾ ਹੋਵੇਗਾ ਕਿਉਂਕਿ ਉਸ ਦੇ ਲਈ ਅੱਛੀ ਖਾਦ ਮਿਲ ਸਕੇਗੀ ਅਤੇ ਉਪਜ ਵਿਚ ਵੀ ਵਾਧਾ ਹੋ ਸਕੇਗਾ।

Original with;
Punjab Vidhan Sabha
Digitized by;
Panj

ਡਿਪਟੀ ਸਪੀਕਰ ਸਾਹਿਬ, ਧਰਮਸ਼ਾਲਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਨਵੀਆਂ ਧਰਮਸ਼ਾਲਾਂ ਬਣਾਉਣ ਦੇ ਵਾਸਤੇ ਜਿਹੜਾ ਪ੍ਰੋਵੀਜ਼ਨ ਕੀਤਾ ਗਿਆ ਹੈ, ਇਹ ਚੰਗੀ ਗਲ ਹੈ। ਇਹ ਚੰਗੀ ਸਕੀਮ ਸੀ ਜਿਹੜੀ ਕਾਂਗਰਸ ਸਰਕਾਰ ਨੇ ਪਿੰਡ ਪਿੰਡ ਵਿਚ ਧਰਮਸ਼ਾਲਾਂ ਬਣਾਈਆਂ। ਹੁਣ ਨਵੀਆਂ ਧਰਮਸ਼ਾਲਾਂ ਵਾਸਤੇ ਪੈਸਾ ਰਖਿਆ ਹੈ ਕਿ ਜਿਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਂ ਨਹੀਂ ਹਨ, ਉਥੇ ਬਣਾਈਆਂ ਜਾਣ।

(ਇਸ ਵਕਤ ਵੈਦ ਕਰਤਾਰ ਸਿੰਘ ਜੀ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਬੜੇ ਜ਼ੋਰ ਜ਼ੋਰ ਨਾਲ ਪੁਆਇੰਟ ਆਫ਼ ਆਰਡਰ, ਪੁਆਇੰਟ ਆਫ਼ ਆਰਡਰ ਕਹਿ ਰਹੇ ਸਨ।)

ਮੈਂ ਇਸ ਤੇ ਵੀ ਆਪਣੇ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। (ਵਿਘਨ) (ਸ਼ੋਰ)

ਵੈਦ ਕਰਤਾਰ ਸਿੰਘ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। ਇਹ ਬੜੀ ਭਾਰੀ ਜ਼ਿਆਦਤੀ ਹੈ ਕਿ ਮੈਂ ਪੁਆਇੰਟ ਆਫ਼ ਆਰਡਰ ਕਰਨ ਦੀ ਮੰਗ ਕਰ ਰਿਹਾ ਹਾਂ ਪਰ ਤੁਸੀਂ ਇਜਾਜ਼ਤ ਨਹੀਂ ਦੇ ਰਹੇ। (ਇਸ ਵਕਤ ਹਾਊਸ ਵਿਚ ਸ਼ੋਰ ਸੀ, ਜਿਸ ਕਾਰਨ ਕੁੱਝ ਸੁਣਾਈ ਨਹੀਂ ਸੀ ਦੇ ਰਿਹਾ)

ਜੇ ਤੁਸੀਂ ਮੈਨੂੰ ਪੁਆਇੰਟ ਆਫ਼ ਆਰਡਰ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਮੈਂ ਭੁੰਜੇ ਧਰਨਾ ਮਾਰਦਾ ਹਾਂ।

(ਇਸ ਵਕਤ ਮਾਨਯੋਗ ਮੈਂਬਰ ਵੈਦ ਕਰਤਾਰ ਸਿੰਘ ਜੀ ਵਿਰੋਧੀ ਧਿਰ ਦੇ ਬੈਂਚਾਂ ਤੋਂ ਅੱਗੇ ਆ ਕੇ ਵਾਪਸ ਹੋ ਗਏ ਕਿਉਂਕਿ ਮਾਨਯੋਗ ਮੈਂਬਰਜ਼ ਉਨ੍ਹਾਂ ਨੂੰ ਕਹਿ ਰਹੇ ਸਨ ਵੈਦ ਸਾਹਿਬ ਆਪਣਾ ਪੁਆਇੰਟ ਆਫ਼ ਆਰਡਰ ਦੱਸੋ) (ਸ਼੍ਰੀ ਡਿਪਟੀ ਸਪੀਕਰ ਨੇ ਉਨ੍ਹਾਂ ਨੂੰ ਆਪਣਾ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦੀ ਇਜਾਜ਼ਤ ਦਿੱਤੀ)

ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਕ ਤਾਂ ਮੇਰਾ ਇਹ ਹੱਕ ਹੈ ਕਿ ਮੈਂ ਆਪਣੀ ਗੱਲ ਕਹਿ ਸਕਾ, ਮੈਂ ਬੜਾ ਰੌਲਾ ਪਾਇਆ ਪਤਾ ਨਹੀਂ ਜਨਾਬ ਦੇ ** **। ਮੈਂ ਦੋਨੋਂ ਹੱਥ ਜੋੜ ਕੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਤੁਸੀਂ ਕੁਰਸੀ ਤੇ ਬੈਠੇ ਹੋ ਤਾਂ ਕਿਰਪਾ ਕਰਕੇ ਸਾਡੀ ਗੱਲ ਤਾਂ ਸੁਣ ਲਓ। (ਵਿਘਨ) ਸ਼ਾਨ ਦੇ ਖਿਲਾਫ਼ ਕੀ ਗੱਲ ਕਹੀ ਹੈ, ਮੈਂ ਦੋਨੋਂ ਹੱਥ ਜੋੜ ਕੇ ਬੇਨਤੀ ਕਰ ਰਿਹਾ ਹਾਂ। (ਮਾਨਯੋਗ ਮੈਂਬਰ ਸਰਦਾਰ ਦਰਸ਼ਨ ਸਿੰਘ ਕੇ. ਪੀ, ਵਲੋਂ ਵਿਘਨ) ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਪਣਾ ਸਾਰਾ ਪਿਛਲਾ ਵਿਧਾਨ ਸਭਾ ਦਾ ਰਿਕਾਰਡ ਕਢਵਾ ਕੇ ਦੇਖ ਲਓ। ਜਦੋਂ 1967 ਵਿਚ ਪਹਿਲੀ ਵੇਰੀ ਅਕਾਲੀ ਸਰਕਾਰ ਬਣੀ ਸੀ ਅੱਤ ਉਸ ਸਰਕਾਰ ਦੇ ਚੀਫ਼ ਮਨਿਸਟਰ ਸਰਦਾਰ ਗੁਰਨਾਮ ਸਿੰਘ ਸਨ ਤਾਂ ਉਨ੍ਹਾਂ ਨੇ ਧਰਮਸ਼ਾਲਾਂ ਦਾ ਪ੍ਰੋਵੀਜ਼ਨ ਬਜਟ ਵਿਚ ਸਭ ਤੋਂ ਪਹਿਲਾਂ ਲਿਆਂਦਾ ਸੀ, ਇਨ੍ਹਾਂ ਨੇ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਕਦੋਂ ਲਿਆਂਦਾ ਹੈ ** ** **

Mr. Deputy Speaker: Those remarks spoken by the hon'ble member which are against the Chair are expunged.

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਧਰਮਸ਼ਾਲਾਂ ਦੇ ਬਾਰੇ ਗੱਲ ਕਰ ਰਿਹਾ ਸੀ। ਮੈਂ ਵਿੱਤ ਮੰਤਰੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਂ

**Expunged as ordered by the Chair.

Original with; Punjab Vidhan Sabha Digitized by; Panjab Digital Library

[ਚੌਧਰੀ ਜਗਜੀਤ ਸਿੰਘ]

ਨਹੀਂ ਹਨ, ਉਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਂ ਬਣਾਉਣ ਵਾਸਤੇ ਉਨ੍ਹਾਂ ਨੇ ਬਜਟ ਵਿਚ 20 ਲੱਖ ਰੁਪਿਆ ਰਖਿਆ ਹੈ। ਮੈਂ ਆਸ ਕਰਦਾ ਹਾਂ ਕਿ ਜਿਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਂ ਨਹੀਂ ਹਨ, ਉਥੇ ਬਣਾਈਆਂ ਜਾਣਗੀਆਂ ਅਤੇ ਨਾਲ ਹੀ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿਚ ਜਿਹੜੇ ਪਿੰਡਾਂ ਵਿਚ ਧਰਮਸ਼ਾਲਾ ਬਣੀਆਂ, ਉਹ ਕੰਪਲੀਟ ਨਹੀਂ ਹੋਈਆਂ। ਕਿਸੇ ਨੂੰ ਦੂਜੀ ਕਿਸ਼ਤ ਨਹੀਂ ਮਿਲੀ ਅਤੇ ਕਿਸੇ ਨੂੰ ਤੀਜੀ ਕਿਸ਼ਤ ਨਹੀਂ ਮਿਲੀ ਅਤੇ ਕਈ ਧਰਮਸ਼ਾਲਾਂ ਸੀਮਿੰਟ ਨਾ ਮਿਲਣ ਕਰਕੇ ਵੀ ਕੰਪਲੀਟ ਨਹੀਂ ਹੋ ਸਕੀਆਂ। (ਵਿਘਨ) ਮੇਰੀ ਗਲ ਸੁਣਲਓ ਬਾਦ ਵਿਚ ਜਵਾਬ ਦੇ ਲੈਣਾ। ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਵੈਲਫੇਅਰ ਡਿਪਾਰਟਮੈਂਟ ਇਸ ਪਾਸੇ ਵਲ ਆਪਣਾ ਧਿਆਨ ਦੇਵੇ ਅਤੇ ਜਿਥੇ ਕਿਧਰੇ ਕਿਸ਼ਤਾਂ ਨਹੀਂ ਮਿਲੀਆਂ ਜਾਂ ਸੀਮਿੰਟ ਨਾ ਮਿਲਣ ਕਾਰਨ ਧਰਮਸ਼ਾਲਾ ਕੰਪਲੀਟ ਨਹੀਂ ਹੋਈ, ਉਨ੍ਹਾਂ ਨੂੰ ਕਿਸ਼ਤਾਂ ਵਗੈਰਾ ਜਾਂ ਸੀਮਿੰਟ ਆਦਿ ਦੀ ਜਿਥੇ ਜ਼ਰੂਰਤ ਹੈ ਉਥੇ ਸੀਮਿੰਟ ਆਦਿ ਦੇ ਕੇ ਉਨ੍ਹਾਂ ਨੂੰ ਕੰਪਲੀਟ ਕਰਾਉਣ ਅਤੇ ਅੱਗੇ ਨੂੰ ਹੋਰ ਨਵੀਆਂ ਬਣ ਸਕਣ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ, ਜੀ।

ਚੌਧਰੀ ਜਗਜੀਤ ਸਿੰਘ: ਮੈਂ ਤਾਂ ਹਾਲੀਂ ਹੁਣੇ ਹੀ ਸ਼ੁਰੂ ਕੀਤਾ ਹੈ, ਜੀ। (ਹਾਸਾ) ਡਿਪਟੀ ਸਪੀਕਰ ਸਾਹਿਬ, ਇਕ ਹੋਰ ਵੱਡੀ ਚੀਜ਼ ਜੋ ਵਿੱਤ ਮੰਤਰੀ ਜੀ ਨੇ ਕੀਤੀ ਹੈ, ਉਹ ਇਹ ਹੈ ਕਿ ਉਨ੍ਹਾਂ ਨੇ ਪੰਜਾਬ ਲੈਦਰ ਡਿਵੈਲਪਮੈਂਟ ਕਾਰਪੋਰੇਸ਼ਨ ਬਣਾਈ ਹੈ। ਇਸ ਦੇ ਮੁਤੱਲਕ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਦੁਆਬੇ ਵਿਚ ਚਮੜੇ ਦਾ ਕੰਮ ਸਾਡੇ ਹਰੀਜਨ ਭਰਾ ਬੜੀ ਚੰਗੀ ਤਰ੍ਹਾਂ ਕਰਦੇ ਹਨ ਅੱਤੇ ਜਲੰਧਰ ਵਿਚ ਇਸ ਦੀ ਇਕ ਵੱਡੀ ਇੰਡਸਟਰੀ ਵੀ ਹੈ। ਉਥੇ ਪਿੰਡਾਂ ਵਿਚ ਚਮੜਾ ਰੰਗਿਆ ਜਾਂਦਾ ਹੈ ਅਤੇ ਜਲੰਧਰ ਵਿਚ ਇਕ ਬ੍ਰੂਟਾ ਮੰਡੀ ਹੈ ਜਿਥੋਂ ਸਾਰੇ ਹਿੰਦਸਤਾਨ ਨੂੰ ਚਮੜਾ ਸਪਲਾਈ ਹੁੰਦਾ ਹੈ। ਕੱਚਾ ਮਾਲ ਬਾਹਰਲੇ ਸੂਬਿਆਂ ਤੋਂ ਉਥੇ ਆਉਂਦਾ ਹੈ ਅਤੇ ਤਿਆਰ ਹੋ ਕੇ ਬਾਹਰਲਿਆਂ ਸੂਬਿਆਂ ਵਿਚ ਜਾਂਦਾ ਹੈ। ਇਹ ਜਿਹੜੀ ਕਾਰਪੋਰੇਸ਼ਨ ਹੈ ਮੈਂ ਸਮਝਦਾ ਹਾਂ ਕਿ ਇਹ ਹਰੀਜਨਾਂ ਵਾਸ਼ਤੇ ਬੜੀ ਚੰਗੀ ਸਾਬਤ ਹੋਵੇਗੀ। ਇਸ ਦੇ ਨਾਲ ਇਹ ਵੀ ਕਿਹਾ ਹੈ ਕਿ ਜਿੰਨਾ ਸਰਮਾਇਆ ਆਵੇਗਾ ਉਹ ਉਸ ਨੂੰ ਦਿੱਤਾ ਜਾਵੇ। ਇਹ ਬੜੀ ਅੱਛੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਜਲੰਧਰ ਇਕ ਐਸੀ ਜਗ੍ਹਾ ਹੈ ਜਿਥੇ ਚਮੜਾ ਜ਼ਿਆਦਾ ਰੰਗਿਆ ਜਾਂਦਾ ਹੈ ਅਤੇ ਜਿਥੋਂ ਚਮੜਾ ਬਾਹਰਲੇ ਦੇਸ਼ਾਂ ਨੂੰ ਭੇਜਿਆ ਜਾਂਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਉਥੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਸਾਰੀ ਇੰਡਸਟਰੀ ਦਾ 90-95 % ਜੋ ਕੰਮ ਹੈ, ਉਹ ਹਰੀਜਨ ਵਰਕਰਜ਼ ਹੀ ਕਰਦੇ ਹਨ ਅੱਤੇ ਇਹ ਜਿਹੜੀ ਕਾਰਪੋਰੇਸ਼ਨ ਬਣੇਗੀ ਇਹ ਨਵੀਆਂ ਨਵੀਆਂ ਸਕੀਮਾਂ ਪੰਜਾਬ ਦੀ ਇੰਡਸਟਰੀ ਨੂੰ ਦੇਵੇਗੀ, ਜਲੰਧਰ ਨੂੰ ਦੇਵੇਗੀ, ਜਿਸ ਨਾਲ ਹਰੀਜਨ ਕਾਮੇ ਨੂੰ ਹੋਰ ਫਾਇਦਾ ਹੋ ਸਕੇਗਾ। ਇਥੇ ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬੰਗਾ, ਮਲੇਰਕੋਟਲਾ ਅੱਤੇ ਕੱਟ ਕਪੂਰਾ ਕਾਂਗਰਸ ਸਰਕਾਰ ਨੇ ਚਮੜਾ ਰੰਗਣ ਦੇ ਤਿੰਨ ਸੈਂਟਰ ਬਣਾਏ ਸੀ, ਜਿਥੇ ਚਮੜਾ ਰੰਗਿਆ ਜਾਂਦਾ ਹੈ ਅਤੇ ਚਮੜਾ ਰੰਗਣ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਪਿਛਲੀ ਕਾਂਗਰਸ ਦੀ ਸਰਕਾਰ ਨੇ ਇਕ ਫੈਸਲਾ ਕੀਤਾ ਸੀ ਕਿ ਇਹ ਜਿਹੜੇ ਸੈਂਟਰਜ਼ ਹਨ, ਇਨ੍ਹਾਂ ਵਿਚ ਹਰੀਜਨਾਂ ਦੀਆਂ ਕੋਆਪਰੇਟਿਵ ਸੁਸਾਇਟੀਆਂ ਬਣਾ ਕੇ ਇਹ ਸੈਂਟਰ ਹਰੀਜਨਾਂ ਨੂੰ ਦੇ ਦਿੱਤੇ ਜਾਣ ਤਾਂ ਕਿ ਉਨ੍ਹਾਂ ਵਿਚ ਹਰੀਜਨਾਂ ਦੀ ਹੀ ਮੈਨੇਜਮੈਂਟ ਹੋਵੇ ਅਤੇ ਇਕੱਲੇ ਹਰੀਜਨ ਹੀ ਕੰਮ ਕਰਨ ਵਾਲਾ ਹੋਵੇ ਅਤੇ ਇਸ ਦਾ ਜੋ ਮੁਨਾਫਾ ਹੈ, ਉਹ ਵੀ ਹਰੀਜਨਾਂ ਨੂੰ ਹੀ ਮਿਲ ਸਕੇ ਪਰ ਪਿਛਲੀ ਅਕਾਲੀ ਜਨਤਾ ਸਰਕਾਰ ਵੇਲੇ ਉਹ

Original with;
Punjab Vidhan Sabha
Digitized by;
Panjab Digital Library

ਕਾਗਜ਼ ਕਿਥੇ ਗਏ, ਇਸ ਦੇ ਬਾਰੇ ਮੈਂ ਕੁੱਝ ਨਹੀਂ ਕਹਿ ਸਕਦਾ। ਹੁਣ ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਉਨ੍ਹਾਂ ਕਾਗਜ਼ਾਂ ਨੂੰ ਕਢਵਾਏ, ਉਹ ਉਸ ਫਾਈਲ ਨੂੰ ਕਢਵਾਏ ਅਤੇ ਇਹ ਸੈਂਟਰ ਹਰੀਜਨ ਮੈਨੇਜਮੈਂਟ ਥੱਲੇ ਦਿੱਤੇ ਜਾਣ ਤਾਂ ਕਿ ਹਰੀਜਨਾਂ ਨੂੰ ਹੀ ਫਾਇਦਾ ਹੋ ਸਕੇ ਅਤੇ ਹਰੀਜਨ ਹੋਰ ਕੰਮ ਤੇ ਲੱਗ ਸਕਣ।

(ਇਸ ਵਕਤ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਲੰਧਰ ਵਿਚ ਇਕ ਟਰੇਨਿੰਗ ਇੰਸਟੀਚਿਊਟ ਹੈ ਅਤੇ ਇਕ ਫੁਟਵੇਅਰ ਦੀ ਫੈਕਟਰੀ ਹੈ। ਇਹ ਦੋਨੋਂ ਵੱਡੀਆਂ ਫੈਕਟਰੀਆਂ ਹਨ। ਜਲੰਧਰ ਟਰੇਨਿੰਗ ਇੰਸਟੀਚਿਊਟ ਵਿਚ ਹਰੀਜਨ ਕੰਮ ਸਿਖਦੇ ਹਨ ਅਤੇ ਜੋ ਪੰਜਾਬ ਫੁਟਵੇਅਰ ਹੈ, ਉਸ ਦੇ ਵਿਚ 95% ਹਰੀਜਨ ਵਰਕਰ ਹਨ। ਲੇਕਿਨ ਪਿਛੇ ਜਿਹੇ ਅਖਬਾਰਾਂ ਵਿਚ ਆਇਆ ਸੀ ਕਿ ਇਹ ਜਿਹੜੀ ਪੰਜਾਬ ਫੁਟਵੇਅਰ ਹੈ, ਇਸ ਦੇ ਵਿਚ ਪ੍ਰਾਈਵੇਟ ਲੋਕਾਂ ਦੇ ਹਿੱਸੇ ਪਾਏ ਜਾਣਗੇ। ਅਖਬਾਰਾਂ ਵਿਚ ਨਿਕਲਿਆ ਸੀ ਕਿ ਇਸ ਦੇ ਵਿਚ ਪ੍ਰਾਈਵੇਟ ਹਿੱਸੇ ਖਰੀਦੇ ਜਾਣ। ਮੈਂ ਇਹ ਸ਼ੰਕਾ ਜ਼ਾਹਰ ਕਰਦਾ ਹਾਂ ਕਿ ਜੇ ਪ੍ਰਾਈਵੇਟ ਲੋਕਾਂ ਨੇ ਇਸ ਦੇ ਵਿਚ ਹਿੱਸੇ ਖਰੀਦ ਲਏ ਤਾਂ ਇਸ ਦੇ ਵਿਚ ਜਿਹੜੇ ਇਸ ਵੇਲੇ 95% ਹਰੀਜਨ ਕੰਮ ਕਰਦੇ ਹਨ, ਉਨ੍ਹਾਂ ਨੂੰ ਬਹੁਤ ਜਲਦੀ ਕੱਢ ਦਿਤਾ ਜਾਵੇਗਾ, ਜਿਸ ਦੇ ਨਾਲ ਹਰੀਜਨਾਂ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਣ ਦਾ ਡਰ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਵਿਚ ਪ੍ਰਾਈਵੇਟ ਹਿੱਸੇ ਨਾ ਪਾਏ ਜਾਣ। ਜੇ ਕੋਈ ਕਮੀ ਹੈ ਤਾਂ ਸਰਕਾਰ ਇਸ ਦੇ ਵਿਚ ਸੁਧਾਰ ਕਰੇ ਅੌਰ ਉਸ ਨੂੰ ਚੰਗੀਆਂ ਲੀਹਾਂ ਤੇ ਚਲਾਵੇ ਤਾਂ ਕਿ ਚੰਗੀਆਂ ਲੀਹਾਂ ਤੇ ਚੱਲ ਕੇ ਜੋ ਇਸ ਦੇ ਵਿਚ ਹਰੀਜਨ ਕੰਮ ਕਰਦੇ ਹਨ, ਉਨ੍ਹਾਂ ਨੂੰ ਕਿਸੇ ਕਿਸਮ ਦਾ ਘਾਟਾ ਨਾ ਆਵੇ।

ਸਪੀਕਰ ਸਾਹਿਬ, ਮੈਂ ਇਕ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਹਰੀਜਨ ਬੱਚਿਆਂ ਨੂੰ ਪਿਛਲੇ 7, 8 ਮਹੀਨਿਆਂ ਤੋਂ ਸਟਾਈਪੈਂਡਜ਼ ਨਹੀਂ ਮਿਲੇ। ਮੈਨੂੰ ਪਤਾ ਲੱਗਾ ਹੈ ਕਿ 31 ਮਾਰਚ, 1980 ਨੂੰ 3 ਕਰੋੜ ਰੁਪਿਆ ਲੈਪਸ ਹੋ ਗਿਆ ਹੈ। ਲੇਕਿਨ ਜਿਹੜੇ ਬੱਚਿਆਂ ਨੂੰ ਸਟਾਈਪੈਂਡਜ਼ ਦੇਣੇ ਸੀ, ਉਹ ਨਹੀਂ ਦਿੱਤੇ ਗਏ।

ਇਕ ਬੇਨਤੀ ਮੈਂ ਸਰਕਾਰ ਨੂੰ ਇਹ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਸਕੂਲਾਂ ਅੌਰ ਕਾਲਜਾਂ ਵਿਚ ਦਾਖਲੇ ਹੋ ਰਹੇ ਹਨ। ਹਰੀਜਨ ਬੱਚੇ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 6 ਹਜ਼ਾਰ ਰੁਪਏ ਹੈ, ਉਸ ਨੂੰ ਫੀਸ ਮਾਫੀ ਮਿਲ ਸਕਦੀ ਹੈ ਅੌਰ ਅਗਰ ਕਿਸੇ ਦੀ ਆਮਦਨ 6 ਹਜ਼ਾਰ ਰੁਪਏ ਤੋਂ ਵੱਧ ਹੈ ਤਾਂ ਫੀਸ ਮਾਫੀ ਨਹੀਂ ਹੋ ਸਕਦੀ। ਮੈਂ ਅਰਜ਼ ਕਰਾਂ ਕਿ ਚਾਹੇ ਕੋਈ ਕਲਾਸ ਫੋਰ ਦਾ ਹਰੀਜਨ ਹੈ ਜਾਂ ਕੋਈ ਹਰੀਜਨ ਕਲਰਕ ਹੈ ਉਸ ਦੇ ਬੱਚੇ ਵੀ ਇਹ ਰਿਆਇਤ ਪ੍ਰਾਪਤ ਨਹੀਂ ਕਰ ਸਕਦੇ। ਮੈਂ ਅਰਜ਼ ਕਰਾਂਗਾ ਕਿ ਜਦੋਂ ਹਿੰਦੁਸਤਾਨ ਦੀ ਸਰਕਾਰ ਨੇ ਇਨਕਮ ਟੈਕਸ ਦੀ ਲਿਮਿਟ 12,000 ਰੁਪਏ ਤਕ ਕਰ ਦਿਤੀ ਹੈ ਤਾਂ ਸਾਡੀ ਸਰਕਾਰ ਨੂੰ ਫੀਸ ਮੁਆਫੀ ਲਈ ਲਿਮਿਟ ਵਧਾਉਣੀ ਚਾਹੀਦੀ ਹੈ ਤਾਂ ਕਿ ਗਰੀਬ ਹਰੀਜਨ ਮੁਲਾਜ਼ਮਾਂ ਦੇ ਬੱਚੇ ਫਾਇਦਾ ਉਠਾ ਸਕਣ। ਜਿਹੜੇ ਆਦਮੀ ਮੁਲਾਜ਼ਮ ਨਹੀਂ ਉਹ ਤਾਂ ਸਰਪੰਚਾਂ ਦੀਆਂ ਮੋਹਰਾਂ ਲਗਵਾ ਕੇ ਘੱਟ ਆਮਦਨ ਲਿਖਵਾ ਕੇ ਇਹ ਰਾਹਤ ਪ੍ਰਾਪਤ ਕਰ ਲੈਂਦੇ ਹਨ। ਪੰਜਾਬ ਸਰਕਾਰ ਦਾ ਜਿਹੜਾ ਮੁਲਾਜ਼ਮ ਹੈ, ਉਸ ਦੀ ਤਨਖਾਹ ਦੀ ਤਸਦੀਕ ਮਹਿਕਮੇ ਵਲੋਂ ਹੁੰਦੀ ਹੈ ਉਨ੍ਹਾਂ ਨੂੰ ਇਹ ਰਿਆਇਤ ਨਹੀਂ ਮਿਲ ਸਕਦੀ। ਮੈਂ ਕਹਿੰਦਾ ਹਾਂ ਕਿ ਹਰੀਜਨਾਂ ਦੀ ਮੱਦਦ ਵੱਧ ਚੜ੍ਹ ਕੇ ਕੀਤੀ ਜਾਵੇ।

Original with;
Punjab Vidhan Sabha
Digitized by;
Panjab Digital

[ਚੌਧਰੀ ਜਗਜੀਤ ਸਿੰਘ]

ਇਸ ਦੇ ਨਾਲ ਹੀ ਇਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਗੁਰੂ ਰਵੀ ਦਾਸ ਜੀ ਦੀ 600 ਸਾਲਾ ਬਰਸੀ ਮਨਾਈ ਗਈ ਅਤੇ ਉਸ ਦੇ ਲਈ ਇਕ ਪ੍ਰੋਗਰਾਮ ਬਣਾਇਆ ਗਿਆ। ਮੈਂ ਇਹ ਗੱਲ ਇਸ ਲਈ ਕਰ ਰਿਹਾ ਹਾਂ ਕਿਉਂਕਿ ਅਸੀਂ ਉਨ੍ਹਾਂ ਦੇ ਨਾਮ ਲੇਵਾ ਹਾਂ, ਸਾਡੇ ਹਰੀਜਨਾਂ ਦੇ ਉਨ੍ਹਾਂ ਲਈ ਸੈਂਟੀਮੈਂਟਸ ਹਨ। ਉਸ ਦੇ ਲਈ ਕਮੇਟੀ ਬਣੀ। ਜਲੰਧਰ ਵਿਚ ਇਕ ਪ੍ਰੋਗਰਾਮ ਹੋਇਆ, ਜਿਸ ਦੇ ਵਿਚ ਸਾਡੇ ਮੋਹਤਰਮ ਠੇਤਾ ਬਾਬੂ ਜਗਜੀਵਨ ਰਾਮ ਜੀ ਨੂੰ ਲਿਆਂਦਾ ਗਿਆ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਵੀ ਉਥੇ ਤਸ਼ਰੀਫ਼ ਲਿਆ ਏ ਸੀ। ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਜਲੰਧਰ ਵਿਚ ਇੰਪਰੂਵਮੈਂਟ ਟਰਸਟ ਕੋਲੋਂ 4 ਕਨਾਲ ਜਗ੍ਹਾ ਲੈ ਕੇ ਗੁਰ ਰਵੀ ਦਾਸ ਭਵਨ ਬਣਾਇਆ ਜਾਏਗਾ। ਹੁਣ ਉਹ ਵਾਇਦਾ ਵਾਇਦਾ ਰਹਿ ਗਿਆ, ਪਰ ਬਣਿਆ ਬਣਾਇਆ ਕੁਝ ਨਹੀਂ। ਉਹ ਜਿਹੜੀ ਕਮੇਟੀ ਬਣੀ ਸੀ ਉਸਦਾ ਇਕ ਦਫ਼ਤਰ ਸੀ, ਕਾਰ ਸੀ ਅਤੇ ਉਸ ਦਾ ਅਮਲਾ ਵੀ ਸੀ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਸ ਦੀ ਪੜਚੋਲ ਕੀਤੀ ਜਾਏ ਅੱਜ ਜਿਹੜੇ ਇਸ ਸਬੰਧੀ ਜ਼ਰੂਰੀ ਕਦਮ ਹੋਣ, ਉਹ ਉਠਾਏ ਜਾਣ ਤਾਂ ਕਿ ਜਿਹੜੇ ਹਰੀਜਨਾਂ ਦੇ ਸੈਂਟੀਮੈਂਟਸ ਹਨ ਭਵਨ ਬਾਰੇ, ਉਹ ਪੂਰੇ ਹੋ ਸਕਣ।

ਸਪੀਕਰ ਸਾਹਿਬ, ਪੰਜਾਬ ਵਿਚ ਹਰੀਜਨਾਂ ਵਾਸਤੇ ਰਿਜ਼ਰਵੇਸ਼ਨ ਹੋਈ ਹੋਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਵੇਲੇ ਰਿਜ਼ਰਵੇਸ਼ਨ ਨੂੰ ਖ਼ਤਮ ਕਰਨ ਵਾਸਤੇ ਪੰਜਾਬ ਦੇ ਅੰਦਰ ਅੱਜ ਖਾਸ ਕਰਕੇ ਚੰਡੀਗੜ੍ਹ ਦੇ ਅੰਦਰ ਨਾਨ-ਸ਼ੈਡਿਊਲਡ ਕਾਸਟਸ ਐਮਪਲਾਈਜ਼ ਦੀ ਐਸੋਸੀਏਸ਼ਨ ਬਣੀ, ਇਸ ਨੂੰ ਖ਼ਤਮ ਕਰ ਦਿਤਾ ਜਾਏ। ਉਸ ਐਸੋਸੀਏਸ਼ਨ ਨਾਲ ਪਿਛਲੀ ਸਰਕਾਰ ਦੀ ਸ਼ੈਹ ਸੀ ਅਤੇ ਜਿਹੜੀਆਂ ਰਿਆਇਤਾਂ ਸਾਨੂੰ ਮਿਲੀਆਂ ਹਨ ਉਨ੍ਹਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਹ ਐਸੋਸੀਏਸ਼ਨ ਬੈਨ ਕੀਤੀ ਜਾਏ ਉਹ ਕਾਂਸਟੀਚਿਊਸ਼ਨਲ ਚੀਜ਼ ਨਹੀਂ।

ਇਕ ਹੋਰ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਕਾਂਗਰਸ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਅੰਦਰ ਪੰਜਾਬ ਯੂਨੀਵਰਸਿਟੀ ਵਿਚ ਗੁਰ ਰਵੀ ਦਾਸ ਚੇਅਰ ਕਾਇਮ ਕੀਤੀ ਜਾਏਗੀ। ਉਹ ਫੈਸਲਾ ਫੈਸਲਾ ਰਹਿ ਗਿਆ, ਕਿਉਂਕਿ ਪਿਛਲੇ ਤਿੰਨ ਸਾਲਾਂ ਵਿਚ ਉਸ ਚੇਅਰ ਦਾ ਕੋਈ ਇਨਚਾਰਜ ਨਹੀਂ ਲਗਾਇਆ ਗਿਆ ਅੱਜ ਨਾ ਹੀ ਕੋਈ ਰਿਸਰਚ ਕੀਤੀ ਗਈ ਹੈ। ਹੁਣ ਉਸ ਚੇਅਰ ਵਾਸਤੇ ਇੰਚਾਰਜ ਲਾਇਆ ਜਾਏ ਅੱਜ ਗੁਰੂ ਰਵੀਦਾਸ ਜੀ ਦੇ ਮੁਤਅੱਲਕ ਰਿਸਰਚ ਕੀਤੀ ਜਾਏ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਗਿਆਨੀ ਜੀ ਦੀ ਸਰਕਾਰ ਵੇਲੇ ਇਹ ਵੀ ਡਿਮਾਂਡ ਸੀ ਕਿ ਰਿਸ਼ੀ ਬਾਲਮੀਕ ਜੀ ਦੀ ਚੇਅਰ ਗੁਰੂ ਨਾਨਕ ਯੂਨੀਵਰਸਿਟੀ ਵਿਚ ਕਾਇਮ ਕੀਤੀ ਜਾਏਗੀ, ਪਰ ਪਿਛਲੀ ਸਰਕਾਰ ਨੇ ਉਨ੍ਹਾਂ ਦੀ ਪਿਛਲੀ ਸਰਕਾਰ ਦਾ ਕੋਈ ਫੈਸਲਾ ਲਾਗੂ ਨਹੀਂ ਕੀਤਾ। ਮੈਂ ਆਪਣੀ ਸਰਕਾਰ ਦਾ ਇਸ ਵੱਲ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਚੀਜ਼ਾਂ ਕੀਤੀਆਂ ਜਾਣ ਤਾਂ ਕਿ ਪੰਜਾਬ ਦੇ ਵਿਚ ਜਿਹੜੇ ਹਰੀਜਨ ਹਨ, ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹਾਸਲ ਹੋਵੇ ਅਤੇ ਉਹ ਇਸ ਗੱਲ ਨੂੰ ਸਮਝਣ ਕਿ ਜੋ ਉਹ ਚਾਹੁੰਦੇ ਹਨ ਪੰਜਾਬ ਦੀ ਸਰਕਾਰ ਸਾਡੇ ਲਈ ਕਰਨਾ ਚਾਹੁੰਦੀ ਹੈ।

ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਸੀਟਾਂ ਦੀ ਜਿਹੜੀ ਰਿਜ਼ਰਵੇਸ਼ਨ ਹੈ ਵੱਖ ਵੱਖ ਮਹਿਕਮਿਆਂ ਵਿਚ, ਉਹ ਇਸ ਤਰ੍ਹਾਂ ਹੈ ਕਿ ਕਲਾਸ ਟੂ ਵਿਚ 8% ਅਤੇ ਕਲਾਸ ਥਰੀ ਵਿਚ 13% ਹੈ। ਪਰ ਹਰੀਜਨ ਮੁਲਾਜ਼ਮਾਂ ਨਾਲ ਦੂਜੇ ਗੌਰਮਿੰਟ ਦੇ ਕਰਮਚਾਰੀ ਵਧੀਕੀਆਂ ਕਰਦੇ ਹਨ। ਜਦੋਂ ਉਹ ਜਾਣਦੇ ਹਨ ਕਿ ਫਲਾਂ ਹਰੀਜਨ ਦੀ ਤਰੱਕੀ ਆਉਣ

Original with;
Punjab Vidhan Sabha
Digitized by
Panjab Digital Library

ਵਾਲੀ ਹੈ ਤਾਂ ਉਸ ਦੀ ਏ. ਸੀ. ਆਰ. ਅਤੇ ਕਾਨਫੀਡੈਂਸ਼ਲ ਰਿਪੋਰਟਾਂ ਖਰਾਬ ਕਰ ਦਿੰਦੇ ਹਨ ਤਾਂਕਿ ਉਹ ਤਰੱਕੀ ਨਾ ਕਰ ਸਕੇ। ਇਥੇ ਹੀ ਬੱਸ ਨਹੀਂ ਸਾਡੇ ਪੰਜਾਬ ਵਿਚ ਚਾਹੇ ਛੋਟੇ ਹਰੀਜਨ ਕਰਮਚਾਰੀ ਹਨ ਜਾਂ ਵੱਡੇ ਅਫਸਰ ਹਨ, ਉਨ੍ਹਾਂ ਨਾਲ ਠੀਕ ਵਰਤਾਓ ਨਹੀਂ ਕੀਤਾ ਜਾਂਦਾ। ਮਿਸਾਲ ਦੇ ਤੌਰ ਤੇ ਸਾਡਾ ਹਰੀਜਨ ਭਰਾ ਇਕ ਪੰਜਾਬ ਵਿਚ ਐਸ. ਐਸ. ਪੀ. ਲਗਾ ਹੋਇਆ ਹੈ। ਸਾਡੇ ਜਿਹੜੇ ਸੀਨੀਅਰ ਅਫਸਰ ਹਨ, ਉਨ੍ਹਾਂ ਵਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਕਿਸੇ ਐਸੀ ਜਗ੍ਹਾ ਤੇ ਤੈਨਾਤ ਕੀਤਾ ਜਾਏ, ਜਿਥੇ ਉਹ ਆਪਣੀ ਪਰਫਾਰਮੈਂਸ ਨਾ ਦਿਖਾ ਸਕੇ। ਇਸ ਕਰਕੇ ਜੋ ਪਿਛੇ ਵਿਤਕਰਾ ਰਿਹਾ ਹੈ, ਉਹ ਵਿਤਕਰਾ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਅੱਤ ਜਿਹੜੇ ਹਰੀਜਨ ਮੁਲਾਜ਼ਮਾਂ ਦੇ ਮਨਾਂ ਵਿਚ ਸ਼ੰਕੇ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਏ। ਉਨ੍ਹਾਂ ਨੂੰ ਚੰਗੀ ਜਗ੍ਹਾ ਤੇ ਲਾਇਆ ਜਾਏ ਤਾਂਕਿ ਉਹ ਪੰਜਾਬ ਦੀ ਸੇਵਾ ਕਰ ਸਕਣ।

ਸਪੀਕਰ ਸਾਹਿਬ, ਹੁਣ ਮੈਂ ਆਪਣੇ ਹਲਕੇ ਬਾਰੇ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। (ਵਿਘਨ)

RAISING OF SLOGANS AND THROWING OF LEAFLETS BY A STRANGER FROM THE SPEAKER'S GALLERY (*Resumption*)

Finance Minister (Doctor Kewal Krishan): Sir I beg to move—

"This House resolves that a person calling himself as Shri Tilak Raj, son of Shri Lal Chand, resident of village Sarhali Khurd, P.O. Sakhira, Tehsil Tarn Taran District Amritsar, who raisd a slogan and threw leaflets fromthe Speaker's Galleryon the Floor of the House at 11.00 A.M. today and whom the Watch, and Ward Staff took into custody immediately has committed a grave offence and is guilty of the contempt of the House.

This House further resolves that he be kept in the custody of the Sergeant-at-arms till 5.00 P.M. today the 15th July, 1980."

Mr. Speaker : Motion moved—

"This House resolves that a person calling himself as Shri Tilak Raj, son of Sh. Lal Chand, resident of village Sarhali Khurd, P.O. Sakhira, Tehsil Tarn Taran District Amritsar who raised a slogan and threw leaflets from the Speaker's Gallery on the Floor of the House at 11.00 A.M. today and whom the Watch and Ward Staff took into custody immediately has committed a grave offence and is guilty of the contempt of the House.

This House further resolves that he be kept in the custody of the Sergeant-at-arms till 5.00 P.M. to day the 15th July, 1980.".

Mr. Speaker : Question is—

"This House resolves that a person calling himself as Shri Tilak Raj, son of Shri Lal Chand, resident of Village Sarhali Khurd, P.O. Sakhira, Tehsil Tarn Taran, District Amritsar, who raised a slogan and threw leaflets from the Speaker's Gallery on the Floor of the House at 11.00 A.M. today and whom the Watch and Ward Staff took into custody immediately has committed a grave offence and is guilty of the contempt of the House.

This House further resolves that he be kept in the custody of the Sergeant-at-arms till 5.00 P.M. today the 15th July, 1980."

The motion was carried unanimously.

GENERAL DISCUSSION ON THE BUDGET ESTIMATES FOR THE YEAR 1980-81 (*Resumption*)

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਮੇਰਾ ਹਲਕਾ ਕਰਤਾਰਪੁਰ ਹੈ। ਇਹ ਬੜਾ ਇਤਿਹਾਸਿਕ ਸ਼ਹਿਰ ਹੈ। ਇਥੇ ਮਾਤਾ ਗੁਜ਼ਰੀ ਜੀ ਦਾ ਜਨਮ ਹੋਇਆ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹੋ ਜਿਹੀਆਂ ਇਕਾ ਦੁੱਕਾ ਵਾਰਦਾਤਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਅੱਜ ਵੀ ਇਹ ਪਤਾ ਕਰਨਾ ਚਾਹੀਦਾ ਹੈ ਕਿ ਕਿਸ ਵਿਅੱਕਤੀ ਤੋਂ ਇਹ ਪਾਸ ਇਸ਼ੂ ਹੋਏ ਤਾਂ ਕਿ ਇਸ ਚੀਜ਼ ਨੂੰ ਅੱਗੇ ਤੋਂ ਰੋਕਿਆ ਜਾ ਸਕੇ।

ਸ਼੍ਰੀ ਸਪੀਕਰ। ਸਭ ਪਹਿਲੂ ਪਤਾ ਕਰ ਲਏ ਹਨ। ਇੱਕ ਆਨਰੇਬਲ ਮੈਂਬਰ ਨੇ 12 ਪਾਸ ਇਸ਼ੂ ਕਰਵਾਏ ਸਨ। ਉਨ੍ਹਾਂ ਵਿਚੋਂ ਇਕ ਇਹ ਸੀ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਕਰਤਾਰਪੁਰ ਦਾ ਕਸਬਾ ਇਕ ਬੜਾ ਇਤਿਹਾਸਿਕ ਕਸਬਾ ਹੈ। ਇਥੇ ਮਾਤਾ ਗੁਜਰੀ ਜੀ ਪੈਦਾ ਹੋਏ। ਇਥੇ ਹੀ ਗੁਰੂ ਤੇਗ ਬਹਾਦੁਰ ਜੀ ਮਾਤਾ ਗੁਜਰੀ ਨੂੰ ਵਿਹਾਉਣ ਲਈ ਆਏ, ਗੁਰੂ ਹਰ ਗੋਬਿੰਦ ਨੇ ਪਾਂਡੇ ਖਾਨ ਨਾਲ ਲੜਾਈ ਲੜੀ ਅਤੇ ਸ਼੍ਰੀ ਗਿਰਜਾਨੰਦ, ਜੋ ਆਰੀਆ ਸਮਾਜ ਦੇ ਸੰਚਾਲਕ ਹਨ, ਉਹ ਵੀ ਇਥੇ ਹੀ ਪੈਦਾ ਹੋਏ। ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਇਥੇ ਸੀਵਰੇਜ ਦੀ ਸਕੀਮ ਮਨਜ਼ੂਰ ਹੋਈ ਸੀ। ਇਸ ਲਈ ਪੈਸਾ ਵੀ ਮਨਜ਼ੂਰ ਹੋ ਗਿਆ, ਐਸਟੀਮੇਟਸ ਵੀ ਮਨਜ਼ੂਰ ਹੋ ਗਿਆ, ਟੈਕਨੀਕਲ ਸੈਂਕਸ਼ਨ ਵੀ ਮਿਲ ਗਈ, ਐਡਮਨਿਸਟ੍ਰੇਟਿਵ ਅਪਰੂਵਲ ਵੀ ਮਿਲ ਗਈ, ਠੇਕਾ ਵੀ ਹੋ ਗਿਆ, ਪਰ ਪਿਛਲੀ ਸਰਕਾਰ ਦੇ ਵਿੱਤ ਮੰਤਰੀ ਜੀ ਨੇ ਕਿਉਂਕਿ ਸੀਵਰੇਜ ਦਾ ਨਾਲਾ ਕਿਸੇ ਵੱਡੇ ਆਦਮੀ ਦੇ ਘਰ ਕੋਲੋਂ ਲੰਘਦਾ ਸੀ, ਇਸ ਲਈ ਉਸ ਸਕੀਮ ਲਈ ਸਟੇਅ ਦੇ ਦਿੱਤੀ ਅਤੇ ਇਹ ਕੰਮ ਰੋਕ ਦਿੱਤਾ। ਜਿਹੜਾ ਮੈਟੀਰੀਅਲ ਸੀਵਰੇਜ ਵਾਸਤੇ ਆਇਆ ਹੋਇਆ ਸੀ, ਉਹ ਸੁਲਤਾਨਪੁਰ ਲੋਧੀ ਲੈ ਗਏ। ਉਥੇ ਇਹ ਕੰਮ ਸ਼ੁਰੂ ਕਰ ਦਿੱਤਾ ਗਿਆ।

ਮੈਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਇਸ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਪਵਿੱਤਰ ਸਥਾਨ ਤੋਂ ਇਹ ਮੈਟੀਰੀਅਲ ਚੁੱਕ ਕੇ ਲੈ ਗਏ, ਭਾਵੇਂ ਲੈ ਵੀ ਗੁਰੂ ਨਾਨਕ ਜੀ ਦੇ ਧਰਮ ਸਥਾਨ ਤੇ ਗਏ ਹਨ, ਜਿਨ੍ਹਾਂ ਦੇ ਸਾਹਮਣੇ ਸਾਡਾ ਸਿਰ ਝੁਕਦਾ ਹੈ, ਲੇਕਿਨ ਇਹ ਵੀ ਪਵਿੱਤਰ ਸਥਾਨ ਹੈ। ਇਸ ਲਈ ਜਿਹੜੀ ਗਲਤੀ ਪਿਛਲੀ ਸਰਕਾਰ ਨੇ ਕੀਤੀ ਹੈ, ਉਸ ਨੂੰ ਦਰੁਸਤ ਕਰਨਾ ਚਾਹੀਦਾ ਹੈ ਅਤੇ ਸੀਵਰੇਜ ਦੇ ਕੰਮ ਨੂੰ ਚਾਲੂ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਪੰਚਾਇਤਾਂ ਦੇ ਸਬੰਧ ਵਿਚ ਕਰਨਾ ਚਾਹੁੰਦਾ ਹਾਂ। ਮੈਂ ਆਪਣੇ ਪਿੰਡ ਦੀ ਪੰਚਾਇਤ ਦਾ ਬਹੁਤ ਦੇਰ ਤੋਂ ਸਰਪੰਚ ਰਿਹਾ ਹਾਂ। ਪੰਚਾਇਤ ਸੰਮਤੀ ਦਾ ਵੀ ਚੇਅਰਮੈਨ ਰਿਹਾ ਹਾਂ। ਇਸ ਖੇਤਰ ਵਿਚ ਕੰਮ ਕਰਨ ਦਾ ਮੈਨੂੰ ਬਹੁਤ ਮੌਕਾ ਮਿਲਿਆ ਹੈ। ਮੈਂ ਰੰਧਾਵਾ ਸਾਹਿਬ ਨੂੰ ਇਸ ਗਲ ਦੀ ਵਧਾਈ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਰਕਾਰ ਬਣਦਿਆਂ ਹੀ ਪੰਚਾਇਤ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਇਲੈਕਸ਼ਨ ਦਾ ਐਲਾਨ ਕਰ ਦਿੱਤਾ ਹੈ। ਪਿਡਾਂ ਵਿਚ ਵੱਸਣ ਵਾਲੇ ਲੋਕ ਇਹ ਗਲ ਸੁਣ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਪਿਛਲੀ ਸਰਕਾਰ ਨੇ ਜਿਹੜੀਆਂ ਪਾਵਰਜ਼ ਉਨ੍ਹਾਂ ਦੀਆਂ ਖੋਹੀਆਂ ਸਨ, ਉਹ ਮੁੜਕੇ ਉਨ੍ਹਾਂ ਨੂੰ ਮਿਲਣ ਵਾਲੀਆਂ ਹਨ। ਜਿਹੜੀਆਂ ਪਾਵਰਜ਼ ਸੈਂਟਰੇਲਾਈਜ਼ ਕਰ ਦਿਤੀਆਂ ਗਈਆਂ ਸਨ, ਉਨ੍ਹਾਂ ਨੂੰ ਡੀਸੈਂਟਰੇਲਾਈਜ਼ ਕਰਨ ਦਾ ਪ੍ਰੋਗਰਾਮ ਸਰਕਾਰ ਨੇ ਦਿੱਤਾ ਹੈ। ਇਥੇ ਇਸ ਗਲ ਦੀ ਬੜੀ ਚਰਚਾ ਅਕਾਲੀ ਪਾਰਟੀ ਦੇ ਮੈਂਬਰਾਂ ਵਲੋਂ ਕੀਤੀ ਗਈ ਕਿ ਖੋਹਿਆ ਕੀ ਹੈ। ਮੈਂ, ਸਪੀਕਰ ਸਾਹਿਬ, ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ ਛੱਡੀ ਕਿਹੜੀ ਗੱਲ ਹੈ। ਪਹਿਲਾਂ ਪਿੰਡਾਂ ਦੇ ਸਰਪੰਚਾਂ ਦੀ ਚੋਣ ਸਾਰੇ ਲੋਕ ਡਾਇਰੈਕਟ ਕਰਦੇ ਸਨ। ਸਾਰੇ ਪਿੰਡ ਦੇ ਲੋਕਾਂ ਨੂੰ ਸਰਪੰਚ ਤੇ ਭਰੋਸਾ ਹੁੰਦਾ ਸੀ, ਕਿਉਂਕਿ ਉਹ ਪਿੰਡ ਵਿਚੋਂ ਬਹੁ ਗਿਣਤੀ ਵਿਚ ਵੋਟਾਂ ਲੈ ਕੇ ਸਰਪੰਚ ਬਣਦਾ ਸੀ। ਇਨ੍ਹਾਂ ਨੇ ਕੀ ਕੀਤਾ ?

Original with
Punjab Vidhan Sabha
Digitized by
Panjab Digital Library

ਡਾਇਰੈਕਟ ਚੋਣ ਸਰਪੰਚ ਦੀ ਖਤਮ ਕਰ ਦਿਤੀ ਅਤੇ ਪੰਚਾ ਦੀ ਮਾਰਫਤ ਸਰਪੰਚ ਬਣਾਉਣੇ ਸ਼ੁਰੂ ਕਰ ਦਿੱਤੇ। ਬਦਕਿਸ਼ਮਤੀ ਪੰਜਾਬ ਦੀ ਕਿ ਇਸ ਨਾਲ ਪਿੰਡਾ ਦਾ ਸੁਧਾਰ ਕੋਈ ਨਹੀਂ ਹੋ ਸਕਿਆ। ਜਿਥੇ ਪੰਚਾ ਦੀ ਮਾਰਫਤ ਸਰਪੰਚ ਦੀ ਚੋਣ ਕਰ ਦਿੱਤੀ, ਉਥੇ ਇਹ ਵੀ ਕਰ ਦਿੱਤਾ ਕਿ ਦੋ ਸਾਲ ਬਾਅਦ ਸਰਪੰਚ ਬਦਲਿਆ ਜਾ ਸਕਦਾ ਹੈ। ਅੱਗੇ ਸਰਪੰਚ ਨੂੰ ਪਿੰਡ ਦੇ ਲੋਕ ਬਦਲਦੇ ਸੀ। ਹੁਣ ਸਰਪੰਚ ਦੇ ਸਿਰ ਤੇ ਹਰ ਵੇਲੇ ਤਲਵਾਰ ਲਟਕਦੀ ਸੀ ਕਿ ਪਤਾ ਨਹੀਂ ਕਦੋਂ ਉਸ ਨੂੰ ਬਦਲ ਦੇਣਾ ਹੈ। ਇਥੇ ਹੀ ਬੱਸ ਨਹੀਂ, ਜਦੋਂ ਪੰਚਾਇਤਾ ਦੀਆਂ ਚੋਣਾ ਹੋਈਆਂ ਤਾਂ ਜ਼ਿਆਦਾ ਗਿਣਤੀ ਵਿਚ ਕਾਂਗਰਸ ਵਾਲਿਆਂ ਦੀਆਂ ਪੰਚਾਇਤਾਂ ਆ ਗਈਆਂ। ਇਨ੍ਹਾਂ ਨੇ ਇੱਕ ਐਲਾਨ ਕੀਤਾ ਸੀ ਕਿ ਜਿਥੇ ਹਰੀਜਨ ਸਰਪੰਚ ਬਣੇਗਾ ਉਥੇ ਪੰਚਾਇਤ ਨੂੰ 7,000 ਰੁਪਿਆ ਸਰਕਾਰ ਦੇਵੇਗੀ ਅਤੇ ਜਿਥੇ ਪੰਚਾਇਤ ਦੀ ਚੋਣ ਯੂਨਾਨੀ-ਮਸ ਹੋਵੇਗੀ, ਉਥੇ 5,000 ਰੁਪਿਆ ਸਰਬਾਹ ਦੇਵੇਗੀ। ਉਹ ਗਰਾਂਟਾ ਇਹ ਆਪਣੇ ਰਾਜ ਵਿਚ ਨਹੀਂ ਦੇ ਸਕੇ। ਗਵਰਨਰੀ ਰਾਜ ਵਿਚ ਉਹ ਗਰਾਂਟਾ ਜ਼ਰੂਰ ਗਈਆਂ (ਵਿਘਨ) (ਘੰਟੀ) ਇਨ੍ਹਾਂ ਨੇ ਆਪਣੇ ਢੰਗ ਦੇ ਬੰਦੇ ਸਰਪੰਚ ਬਣਾਏ। ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪਹਿਲੀ ਪੰਚਾਇਤ ਬਣਦੀ ਸੀ ਤਾਂ ਲੋਕਾਂ ਦਾ ਖਿਆਲ ਹੁੰਦਾ ਸੀ ਕਿ ਪੰਚਾਇਤ ਸਕੂਲ ਬਣਾਵੇਗੀ, ਪਿੰਡ ਦੀਆਂ ਗੱਲੀਆਂ ਅਤੇ ਨਾਲੀਆਂ ਪੱਕਿਆਂ ਕਰੇਗੀ ਅਤੇ ਹੋਰ ਲੋਕ ਭਲਾਈ ਦੇ ਕੰਮ ਕਰੇਗੀ। ਜਿਹੜਾ ਪੰਚਾਇਤਾਂ ਦਾ ਅਸਲੀ ਮਕਸਦ ਸੀ ਉਸ ਤੋਂ ਦੂਰ ਕਰਨ ਦਾ ਇਨ੍ਹਾਂ ਨੇ ਯਤਨ ਕੀਤਾ। ਮੈਂ ਤੁਹਾਡੇ ਰਾਹੀਂ ਰੰਧਾਵਾ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਕਿ ਪੰਚਾਇਤਾਂ ਦੀਆਂ ਖੋਹੀਆਂ ਹੋਈਆਂ ਪਾਵਰਜ਼ ਉਨ੍ਹਾਂ ਨੂੰ ਮੁੜ ਦੇਣ ਦਾ ਐਲਾਨ ਕੀਤਾ ਹੈ। ਆਪਣੀ ਮਰਜ਼ੀ ਨਾਲ ਪੰਚਾਇਤਾਂ ਖਰਚ ਕਰਨਗੀਆਂ। ਇਸ ਗੱਲ ਲਈ ਵੀ ਵਧਾਈ ਦਿੰਦਾ ਹਾਂ ਇਨ੍ਹਾਂ ਨੂੰ ਕਿਉਂਕਿ ਲੋਕਾਂ ਦਾ ਸ਼ੰਕਾ ਇਨ੍ਹਾਂ ਨੇ ਦੂਰ ਕਰ ਦਿੱਤਾ ਹੈ। ਇਥੇ ਹੀ ਬੱਸ ਨਹੀਂ। ਸਪੀਕਰ ਸਾਹਿਬ, ਪੰਜਾਬ ਵਿਚ ਪੰਚਾਇਤੀ ਰਾਜ ਦਾ ਡਾਇਰੈਕਟੋਰੇਟ ਕਾਇਮ ਕੀਤਾ ਗਿਆ ਹੈ। ਪਿੰਡਾਂ ਦੀ ਤਰੱਕੀ ਵਾਸਤੇ, ਜਿਹੜੀਆਂ ਪੰਚਾਇਤ ਸੰਮਤੀਆਂ ਸਨ, ਜਿਹੜੀਆਂ ਬਲਾਕ ਸੰਮਤੀਆਂ ਸਨ, ਉਨ੍ਹਾਂ ਦਾ ਇੱਕ ਖਾਸ ਰੋਲ ਹੁੰਦਾ ਸੀ। ਐਗਰੀਕਲਚਰ ਦੀ ਪ੍ਰੋਡੱਕਸ਼ਨ ਨੂੰ ਵਧਾਉਣ ਅਤੇ ਪਿੰਡਾਂ ਵਿਚ ਤਰੱਕੀ ਦੇ ਸਾਧਨ ਪੈਦਾ ਕਰਕੇ ਪਿੰਡਾਂ ਨੂੰ ਅੱਗੇ ਲੈ ਜਾਣ ਦਾ ਇੱਕ ਖਾਸ ਰੋਲ ਉਨ੍ਹਾਂ ਦਾ ਸੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਦੇ ਰਾਜ ਵਿਚ ਜੋ ਪੰਚਾਇਤ ਸੰਮਤੀਆਂ ਦੇ ਐਕਟ ਵਿਚ ਇਹ ਪ੍ਰੋਵੀਜ਼ਨ ਸੀ ਕਿ ਬੀ. ਡੀ. ਓ. ਦੇ ਦਫਤਰ ਵਿਚ ਐਗਰੀਕਲਚਰ ਦਾ ਇਨਸਪੈਕਟਰ, ਕੁਆਪਰੇਟਿਵ ਦਾ ਇਨਸਪੈਕਟਰ, ਓਵਰਸੀਅਰ ਬੈਠਦਾ ਸੀ, ਮੁੱਖ ਸੇਵਕ ਵੀ ਉਥੇ ਹੁੰਦਾ ਸੀ। ਇਹ ਇਕ ਕਿਸਮ ਦਾ ਮਿਨੀ ਸੈਕਟਰੀਏਟ ਹੁੰਦਾ ਸੀ। ਜਿਹੜਾ ਪਿੰਡ ਦਾ ਕੋਈ ਆਦਮੀ ਆਪਣੇ ਕੰਮ ਲਈ ਬਲਾਕ ਦੇ ਦਫਤਰ ਵਿਚ ਜਾਂਦਾ ਸੀ, ਉਥੋਂ ਆਪਣਾ ਕੰਮ ਕਰਵਾ ਸਕਦਾ ਸੀ। ਉਨ੍ਹਾਂ ਨੂੰ ਇਸ ਲਈ ਇਕੱਠਾ ਕੀਤਾ ਸੀ ਤਾਂ ਕਿ ਐਗਰੀਕਲਚਰ ਦੇ ਮਹਿਕਮੇ ਦਾ ਇਨਸਪੈਕਟਰ ਅਤੇ ਕੁਆਪਰੇਟਿਵ ਦੇ ਮਹਿਕਮੇ ਦਾ ਇਨਸਪੈਕਟਰ ਐਗਰੀਕਲਚਰ ਦੀ ਪ੍ਰੋਡੱਕਸ਼ਨ ਵਿਚ ਵਾਧਾ ਕਰਨ ਲਈ ਉਪਰਾਲਾ ਕਰਨ। ਲੇਕਿਨ ਅਕਾਲੀਆਂ ਦੀ ਸਰਕਾਰ ਵੇਲੇ ਐਗਰੀਕਲਚਰਲ ਪ੍ਰੋਡੱਕਸ਼ਨ ਵਿਚ ਘਾਟਾ ਪਿਆ। ਲੋਕਾਂ ਦੀ ਡਿਵੈਲਪਮੈਂਟ ਦੇ ਕੰਮ ਸਹੀ ਢੰਗ ਨਾਲ ਨਹੀਂ ਹੋਏ, ਲੋਕਾਂ ਨੂੰ ਸਹੀ ਪ੍ਰਾਪਤੀ ਨਹੀਂ ਮਿਲ ਸਕੀ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਕਰਦਾ ਹਾਂ ਜੀ। ਅੱਗੇ ਪਿੰਡਾਂ ਦੀ ਪੰਚਾਇਤ ਬੜਾ ਕੰਮ ਕਰਦੀ ਹੁੰਦੀ ਸੀ। ਲੋਕਾਂ ਦੀ ਇੱਕ ਆਪਣੀ ਸਾਂਝ ਬਣਦੀ ਹੁੰਦੀ ਸੀ। ਇਸ ਤਰ੍ਹਾਂ ਇਨ੍ਹਾਂ ਨੇ ਐਗਰੀਕਲਚਰ ਦੀ ਪ੍ਰੋਡੱਕਸ਼ਨ ਨੂੰ ਘਟਾਇਆ। ਰਿਜ਼ਰਵੇਸ਼ਨ ਵਿੱਚ ..... (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹੁਣ ਗਿਆਨੀ ਕੁੰਦਨ ਸਿੰਘ ਪਤੰਗ ਜੀ ਬੋਲਣਗੇ। ਸ਼੍ਰੀ ਜਗਜੀਤ ਸਿੰਘ ਜੀ ਤੁਸੀਂ ਹੁਣ ਬੈਠ ਜਾਓ। ਤੁਹਾਡਾ ਵਕਤ ਖਤਮ ਹੋ ਗਿਆ ਹੈ।

(ਇਸ ਸਮੇਂ ਗਿਆਨੀ ਕੁੰਦਨ ਸਿੰਘ ਪਤੰਗ ਅਤੇ ਸ਼੍ਰੀ ਜਗਜੀਤ ਸਿੰਘ ਦੋਵੇਂ ਬੋਲ ਰਹੇ ਸਨ ਅਤੇ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁੱਝ ਵੀ ਨਹੀਂ ਸੀ ਸੁਣਾਈ ਦੇ ਰਿਹਾ। ***)

Mr. Speaker : It is not allowed. It should not be recorded. I am very sorry. ਤੁਸੀਂ ਆਪਣੀ ਪਾਰਟੀ ਦਾ ਟਾਈਮ ਜ਼ਾਇਆ ਕਰ ਰਹੇ ਹੋ।

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ, ਐਸ. ਸੀ.): ਸਪੀਕਰ ਸਾਹਿਬ, ਇਹ ਚਾਂ ਤੁਹਾਡਾ ਹੁਕਮ ਵੀ ਨਹੀਂ ਮੰਨਦਾ।

(ਇਸ ਸਮੇਂ ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਜੀ ਮਾਨਯੋਗ ਮੈਂਬਰ ਚੌਧਰੀ ਜਗਜੀਤ ਸਿਘ ਜੀ ਨੂੰ ਆਪਣੀ ਸੀਟ ਤੇ ਬੈਠੇ ਇਸ਼ਾਰਾ ਕਰ ਰਹੇ ਸਨ ਕਿ ਉਹ ਬੈਠੀ ਜਾਣ।) (ਹਾਊਸ ਵਿਚ ਕਾਫੀ ਸ਼ੋਰ ਸੀ।)

ਜਥੇਦਾਰ ਗੁਰਬਚਨ ਸਿੰਘ: ਸਪੀਕਰ ਸਾਹਿਬ, ਕੀ ਇਹ ਤੁਹਾਡੀ ਮਰਜ਼ੀ ਨਾਲ ਹੀ ਬੋਲ ਰਿਹਾ ਹੈ? ਤੁਸੀਂ ਇਸ ਨੂੰ ਚੁੱਪ ਕਿਉਂ ਨਹੀਂ ਕਰਾਉਂਦੇ? (ਵਿਘਨ) ਤੁਹਾਡੀ ਪਾਰਟੀ ਦੇ ਆਦਮੀ ਹੀ ਉਸ ਨੂੰ ਚੁਕ ਰਹੇ ਹਨ।

ਸ਼੍ਰੀ ਸਪੀਕਰ : ਜਗਜੀਤ ਸਿੰਘ ਜੀ, ਇਹ ਕੋਈ ਚੰਗੀ ਗੱਲ ਨਹੀਂ ਹੈ, ਤੁਸੀਂ ਬੈਠ ਜਾਓ। ਤੁਹਾਡੀ ਇਹ ਗੱਲ ਰਿਕਾਰਡ ਤੇ ਨਹੀਂ ਆਉਣੀ। (ਵਿਘਨ) I have called upon the next speaker. I have taken note of it.

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੁਕਦੀ ਗੱਲ ਇਹ ਹੈ ਕਿ ਤੁਹਾਡੇ ਤੋਂ ਪਹਿਲਾਂ ਕਦੇ ਐਨੀ ਬੇਇਨਸਾਫੀ ਇਸ ਹਾਊਸ ਵਿਚ ਨਹੀਂ ਹੋਈ। ਇਸ ਤੋਂ ਬਅਦ, ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੰਦਾ ਹਾਂ ਕਿ ਇਸ ਤਰ੍ਹਾਂ ਰੌਲਾ ਨਹੀਂ ਪਾਉਣਾ ਚਾਹੀਦਾ। ਹੁਣ ਸਾਡਾ ਟਾਈਮ ਵੇਖ ਲਵੋ ਕੀ ਹੋਇਆ ਹੈ।

(ਇਸ ਸਮੇਂ ਕਈ ਮਾਨਯੋਗ ਮੈਂਬਰ ਬੈਠੇ ਬੈਠੇ ਆਪਸ ਵਿਚ ਗੱਲਾਂ ਕਰ ਰਹੇ ਸਨ।)

ਸਪੀਕਰ ਸਾਹਿਬ, ਇਨ੍ਹਾਂ ਨੂੰ ਰੌਲਾ ਪਾਉਣ ਤੋਂ ਬੰਦ ਕਰੋ ਜੀ।

ਸ਼੍ਰੀ ਸਪੀਕਰ : ਤੁਸੀਂ ਆਪਣੀ ਸਪੀਚ ਜਾਰੀ ਰੱਖੋ (ਵਿਘਨ) (ਇਸ ਸਮੇਂ ਕੁੱਝ ਮੈਂਬਰ ਸਾਹਿਬਾਨ ਆਪਸ ਵਿਚ ਬੈਠੇ ਬੈਠੇ ਗੱਲਾਂ ਕਰ ਰਹੇ ਸਨ।)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਰਕਾਰੀ ਬੈਂਚਾਂ ਵਾਲੇ ਕੀ ਕਰਦੇ ਹਨ ਕਿ ਜਿਹੜਾ ਵੀ ਕੰਮ ਕੋਈ ਅਕਾਲੀ ਸਰਕਾਰ ਨੇ ਕੀਤਾ ਹੈ, ਉਸ ਨੂੰ ਇਹ ਆਪਣੇ ਨਾਉਂ ਲਾ ਲੈਂਦੇ ਹਨ। ਇਨ੍ਹਾਂ ਨੇ ਰੂੜੀਆਂ ਦੀ ਗੱਲ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਹਰੀਜਨਾਂ ਨੂੰ ਰੂੜੀਆਂ ਲਈ ਥਾਂ ਦਿੱਤੀ ਹੈ। ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਜਦੋਂ ਗਰੀਬ ਲੋਕਾਂ ਦੀ ਹਮਦਰਦ ਸਰਕਾਰ ਆਈ ਤਾਂ ਉਸ ਨੇ ਗਰੀਬਾਂ

*Not recorded as ordered by the Chair.

Original with Punjab Vidhan Sabha
Digitized by Panjab Digital Library

ਵੱਲ ਵੱਧ ਧਿਆਨ ਦਿੱਤਾ। ਉਸ ਵੇਲੇ ਸਰਦਾਰ ਗਿਆਨ ਸਿੰਘ ਜੀ ਰਾਜੇਵਾਲਾ ਨੇ ਹਰੀਜਨਾਂ ਲਈ ਗਰੀਬਾਂ ਲਈ ਘਰਾਂ ਦਾ ਹੱਕ ਦਿੱਤਾ, ਰੂੜੀਆਂ ਵਾਸਤੇ ਜਗ੍ਹਾ ਲੈ ਕੇ ਵੀ ਦਿੱਤੀ ਸੀ। ਪਰ ਇਹ ਕਹਿੰਦੇ ਹਨ ਕਿ ਇਹ ਵੀ ਕੰਮ ਅਸੀਂ ਕੀਤਾ। ਫਿਰ ਇਨ੍ਹਾਂ ਨੇ ਕਿਹਾ ਕਿ ਹਰੀਜਨਾਂ ਲਈ ਪਲਾਟ ਦਿੱਤੇ, ਪਰ ਸਪੀਕਰ ਸਾਹਿਬ, ਉਨ੍ਹਾਂ ਪਲਾਟਾਂ ਬਾਰੇ ਵੀ ਸੁਣ ਲਓ। ਉਹ ਪਲਾਟ ਜਿਨ੍ਹਾਂ ਨੇ ਜੋ ਥੋੜ੍ਹੇ ਬਹੁਤ ਦਿੱਤੇ, ਉਹ ਸ਼ਮਸ਼ਾਨ ਘਾਟ ਵਿਚ ਦਿੱਤੇ ਜਾਂ ਉਸ ਥਾਂ ਦਿੱਤੇ ਜਿੱਥੇ ਛੱਪੜ ਸਨ।

Mr. Speaker : The House stands adjourned till 9.00 A.M. on Wednesday, the 16th July, 1980.

1.30 P.M. (*The Sabha then* adjourned till* 9.00 *A.M. on* Wednesday *the* 16*th July*, 1980).

43284/PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digitization Project

Original with;
Punjab Vidhan Sabha
Digitized by;
Panjab Digital Library

© 1980

Published under the authority of the Punjab Vidhan Sabha Secretariat and printed by the Controller, Printing and Stationery Department, U.T., Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

16th July, 1980

(Forenoon Sitting)

Vol. I—No. 13

OFFICIAL REPORT

CONTENTS

Wednesday, the 16th July, 1980
(Forenoon Sitting)

	Page
Starred Questions and Answers ..	(13)1
Written Answers to Starred Questions Laid on the Table of the House under Rule 38 ..	(13)20
Question of Privilege ..	(13)20
Call Attention Notices under Rule 66 ..	(13)27
Third Report of the Business Advisory Committee ..	(13)32
Resumption of General Discussion on the Budget Estimates for the year 1980-81 ..	(13)35
Extension of Time of the Sitting ..	(13)58
Walk-out(s) ..	(13)59
General Discussion on the Budget Estimates for the year 1980-81 (*Resumption*) ..	(13)59

Punjab Vidhan Sabha Secretariat, Chandigarh

Price : Rs. 24-00

Original with;
Punjab Vidhan Sabha
Digitized by;
Panjab Digital Library

Extension of Time of the Sitting .. (13)74

General Discussion on the Budget Estimates for the year 1980-81 (*Resumption*) .. (13)74

Extension of Time of the Sitting (13)76

General Discussion on the Budget Estimates for the year 1980-81 (*Resumption*) (13)76

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Wednesday, the 16th July, 1980

(Forenoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Pension to the disabled and old persons

***107. Shri Balmukand Sharma :** Will the Minister for Welfare be pleased to state whether it is a fact that the pensions to the disabled and old persons have not been disbursed during the period from January, 1980 to-date in the Ferozepur City Assembly Constituency ; if so, their number and the reasons therefor ?

ਚੌਧਰੀ ਜਗਤ ਰਾਮ : ਨਕਾਰਾ ਅਤੇ ਬਿਰਧ ਵਿਅਕਤੀਆਂ ਦੀ ਜਨਵਰੀ, 1980 ਤੋਂ 31 ਮਾਰਚ, 1980 ਤੱਕ ਦੇ ਸਮੇਂ ਦੀ ਪੈਨਸ਼ਨ ਭੇਜੀ ਜਾ ਚੁੱਕੀ ਹੈ । ਇਨ੍ਹਾਂ ਵਿਅਕਤੀਆਂ ਦੀ 30 ਜੂਨ, 1980 ਨੂੰ ਖਤਮ ਹੋਈ ਤਿਮਾਹੀ ਦੀ ਪੈਨਸ਼ਨ, ਜੋ ਕਿ ਹੁਣ ਡਿਊ ਹੈ, ਭੇਜੀ ਜਾ ਰਹੀ ਹੈ ।

ਸ਼੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸ਼ਟਰ ਸਾਹਿਬ ਨੂੰ ਇਹ ਪੁੱਛਣਾ ਚਾਹਵਾਂਗਾ ਕਿ ਮੇਰਾ ਕੁਐਸਚਨ ਇਹ ਸੀ ਕਿ ਪਿਛੇ ਕਿੰਨੇ ਵਿਅਕਤੀਆਂ ਨੂੰ ਪੈਨਸ਼ਨਾਂ ਨਹੀਂ ਮਿਲੀਆਂ ਅਤੇ ਉਹ ਕਿੰਨੇ ਅਰਸੇ ਤੋਂ ਧੱਕੇ ਖਾਂਦੇ ਰਹੇ ਹਨ ? ਮੇਰਾ ਇਹ ਸਵਾਲ ਸੀ।

ਮੰਤਰੀ : ਸਪੀਕਰ ਸਾਹਿਬ, 31 ਮਾਰਚ, 1980 ਤਕ 3,510 ਐਪਲੀਕੇਸ਼ਨਾਂ ਆਈਆਂ ਸਨ ਉਨ੍ਹਾਂ ਵਿਚੋਂ 2,430 ਨੂੰ ਅਸਲ ਰੂਪ ਵਿਚ ਪੈਨਸ਼ਨ ਸੈਂਕਸ਼ਨ ਹੋ ਗਈ ਹੈ ਅਤੇ ਪੈਨਸ਼ਨ ਮਿਲ ਰਹੀ ਹੈ। 1080 ਕੇਸਾਂ ਵਿਚ ਕੁੱਝ ਐਸੇ ਸਨ ਜਿਨ੍ਹਾਂ ਵਿਚੋਂ ਕੁਝ ਦੀ ਮੌਤ ਹੋ ਗਈ ਸੀ ਅਤੇ ਕੁੱਝ ਐਸੇ ਸਨ ਜਿਨ੍ਹਾਂ ਦੀਆਂ ਅਰਜ਼ੀਆਂ ਗਲਤ ਸਨ। ਉਨ੍ਹਾਂ ਦੀ ਪੈਨਸ਼ਨ ਰੋਕੀ ਗਈ ਸੀ।

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹਵਾਂਗਾ ਕਿ ਅਕਾਲੀਆਂ ਦੇ ਵਕਤ ਜਿਹੜੇ ਪੁਲੀਟੀਕਲ ਬੰਦਿਆਂ ਨੇ ਗਲਤ ਪੈਨਸ਼ਨਾਂ ਮਨਜ਼ੂਰ ਕਰਵਾ ਲਈਆਂ ਸਨ ਅਤੇ ਉਹ ਪੈਨਸ਼ਨਾਂ ਲੈ ਕੇ ਖਾ ਗਏ, ਕੀ ਮਨਿਸਟਰ ਸਾਹਿਬ ਉਸ ਦੀ ਇਨਕੁਆਇਰੀ ਕਰਕੇ ਐਕਸ਼ਨ ਲੈਣਗੇ ?

ਮੰਤਰੀ : ਜਿਹੜਾ ਐਸਾ ਕੇਸ ਨੋਟਿਸ ਵਿਚ ਲਿਆਉਣਗੇ, ਉਸ ਤੇ ਜ਼ਰੂਰ ਐਕਸ਼ਨ ਲਿਆ ਜਾਵੇਗਾ ।

ਸ਼੍ਰੀ ਬਾਲ ਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਇਹ ਦੱਸਿਆ ਹੈ ਕਿ ਸਾਰਿਆਂ ਨੂੰ ਪੈਨਸ਼ਨਾਂ ਮਿਲ ਚੁੱਕੀਆਂ ਹਨ । ਪਰ ਮੇਰੇ ਕੋਲ ਕੁਝ ਨਾਵਾਂ ਦੀ ਲਿਸਟ ਹੈ ਜਿਨ੍ਹਾਂ ਨੂੰ ਹੁਣ ਤਕ ਪੈਨਸ਼ਨਾਂ ਨਹੀਂ ਮਿਲੀਆਂ । ਜੇ ਇਹ ਕਹਿਣ ਤਾਂ ਮੈਂ ਇਹ ਲਿਸਟ ਪਰੋਡਿਊਸ ਕਰ ਸਕਦਾ ਹਾਂ। ਕੀ ਇਹ ਅਜਿਹੇ ਕੇਸਾਂ ਵਲ ਧਿਆਨ ਦੇਣਗੇ ?

Original with:
Punjab Vidhan Sabha
Digitized by:
Panjab Digital Library

ਮੰਤਰੀ : ਜਿਹੜੀਆਂ ਪੈਨਸ਼ਨਾਂ ਮਨਜ਼ੂਰ ਹੋ ਗਈਆਂ ਸਨ ਉਨ੍ਹਾਂ ਨੂੰ ਪੈਸੇ ਜਾ ਰਹੇ ਹਨ। ਬਾਕੀ ਜੇ ਕੋਈ ਇਹੋ ਜਿਹਾ ਕੇਸ ਹੈ ਤਾਂ ਇਹ ਮੈਨੂੰ ਦੇ ਦੇਣ, ਮੈਂ ਵੇਖ ਲਵਾਂਗਾ।

ਸ਼੍ਰੀ ਰਾਮ ਸਰੂਪ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁਦਾ ਹਾਂ ਕਿ ਇਹ ਜਿਹੜੀ ਲਿਸਟ ਇਨ੍ਹਾਂ ਨੇ ਦੱਸੀ ਹੈ, ਇਹ ਅਕਾਲੀਆਂ ਦੇ ਵੇਲੇ ਦੀ ਲਿਸਟ ਹੈ। ਉਨ੍ਹਾਂ ਨੇ ਇਹ ਲਿਸਟ ਘਰ ਬੈਠੇ ਹੀ ਤਿਆਰ ਕਰ ਲਈ ਸੀ। ਜੇ ਕਿਸੇ ਦੀ ਮੌਤ ਨਹੀਂ ਵੀ ਹੋਈ ਸੀ ਤਾਂ ਵੀ ਉਸ ਦੀ ਪੈਨਸ਼ਨ ਬੰਦ ਹੋ ਗਈ ਸੀ। ਕੀ ਮਨਿਸਟਰ ਸਾਹਿਬ ਇਸ ਦੀ ਦੁਬਾਰਾ ਪੜਤਾਲ ਕਰਵਾਉਣਗੇ ?

ਮੰਤਰੀ : ਜ਼ਿਲ੍ਹਾ ਫਿਰੋਜ਼ਪੁਰ ਬਾਰੇ ਜੋ ਜਵਾਬ ਆਇਆ ਹੈ ਉਹ ਮੈਂ ਦੱਸ ਦਿੱਤਾ ਹੈ। ਬਾਕੀ ਜੇ ਇਹ ਕੋਈ ਹੋਰ ਗੱਲ ਪੁੱਛਣਾ ਚਾਹੁੰਦੇ ਹਨ ਤਾਂ ਦੱਸ ਦੇਣ, ਪੜਤਾਲ ਕਰਵਾ ਲਵਾਂਗੇ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਪੈਨਸ਼ਨ ਮਨਜ਼ੂਰ ਹੋਣ ਤੋਂ ਬਾਅਦ ਉਸ ਨੂੰ ਰਸੀਦ ਭੇਜ ਦਿੱਤੀ ਜਾਂਦੀ ਹੈ, ਪਰ ਪੈਨਸ਼ਨ ਉਸ ਨੂੰ ਨਹੀਂ ਮਿਲਦੀ ਜਾਂ ਬਹੁਤ ਦੇਰ ਨਾਲ ਮਿਲਦੀ ਹੈ। ਕੋਈ ਬਕਾਇਦਾ ਰਿਕਾਰਡ ਨਹੀਂ ਰਖਿਆ ਜਾਂਦਾ, ਜਿਸ ਕਾਰਨ ਉਹ ਗਰੀਬ ਵਿਚਾਰੇ ਬਹੁਤ ਤੰਗ ਹੁੰਦੇ ਹਨ। ਕੀ ਵਜ਼ੀਰ ਸਾਹਿਬ ਇਸ ਦੀ ਇਨਕੁਆਇਰੀ ਕਰਵਾਉਣਗੇ ਅਤੇ ਬਕਾਇਦਾ ਪੈਨਸ਼ਨਰਾਂ ਨੂੰ ਪੈਸੇ ਭਿਜਵਾਉਣ ਦਾ ਪ੍ਰਬੰਧ ਕਰਨਗੇ।

ਮੰਤਰੀ: ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਹ ਫੈਸਲਾ ਕਰ ਦਿੱਤਾ ਹੈ ਕਿ ਗਰੀਬ ਲੋਕਾਂ ਨਾਲ ਪੂਰਾ ਪੂਰਾ ਇਨਸਾਫ ਕਰਨਾ ਹੈ ਉਨ੍ਹਾਂ ਨੂੰ ਚੰਡੀਗੜ੍ਹ ਦੇ ਗੇੜੇ ਨਹੀਂ ਲਗਵਾਏ ਜਾਣਗੇ ਬਲਕਿ ਜ਼ਿਲ੍ਹਾ ਪੱਧਰ ਤੇ ਹੀ ਉਨ੍ਹਾਂ ਦੇ ਕੇਸਾਂ ਦਾ ਫੈਸਲਾ ਕਰ ਲਿਆ ਜਾਵੇਗਾ। ਜੇ ਕੋਈ ਪੁਰਾਣੇ ਟਾਈਮ ਦੇ ਐਸੇ ਕੇਸ ਹਨ ਤਾਂ ਦੱਸ ਦੇਣ, ਇਨਕੁਆਇਰੀ ਕਰਵਾ ਲਵਾਂਗੇ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਸ ਦਿਨ ਸੌਂਹ ਚੁਕੀ ਸੀ ਉਸ ਤੋਂ ਅਗਲੇ ਹੀ ਦਿਨ ਅਖਬਾਰ ਵਿਚ ਇਹ ਬਿਆਨ ਦਿੱਤਾ ਸੀ ਕਿ ਜਿੰਨੀਆਂ ਪੁਰਾਣੀਆਂ ਪੈਨਸ਼ਨਾਂ ਪੈਂਡਿੰਗ ਪਈਆਂ ਹਨ ਉਹ ਇਕ ਹਫਤੇ ਵਿਚ ਭੇਜ ਦਿੱਤੀਆਂ ਜਾਣਗੀਆਂ। ਮੈਂ ਪੁੱਛਦਾ ਹਾਂ ਕਿ ਕਿੰਨੇ ਕੇਸਜ਼ ਅਜਿਹੇ ਹਨ ਜਿਨ੍ਹਾਂ ਨੂੰ ਵਿਦਿਨ ਵੀਕ ਪੈਨਸ਼ਨਾਂ ਪਹੁੰਚੀਆਂ ਸਨ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਬੜੇ ਸਿਆਣੇ ਹਨ ਅਤੇ ਕਾਫੀ ਦੇਰ ਮਨਿਸਟਰ ਰਹੇ ਹਨ। ਉਹ ਬੜੇ ਸੁਲਝੇ ਹੋਏ ਹਨ। ਐਸੀ ਕੋਈ ਗੱਲ ਨਹੀਂ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਮੈਂ ਸੌਂਹ ਚੁੱਕੀ ਸੀ ਤਾਂ ਇਹ ਬਿਆਨ ਦਿੱਤਾ ਸੀ ਅਤੇ ਉਹ ਪੈਨਸ਼ਨਾਂ ਗਈਆਂ ਵੀ ਸਨ। 2 ਦਿਨ ਤਾਂ ਮੈਂ ਉਹ ਫਾਈਲ ਆਪਣੇ ਨਾਲ ਲਿਆਂਦਾ ਰਿਹਾ ਪਰ ਅਜ ਉਹ ਫਾਈਲ ਮੇਰੇ ਕੋਲ ਨਹੀਂ ਹੈ। ਇਹ ਆਪਣੇ ਜ਼ਿਲ੍ਹੇ ਵਿਚ ਵੇਖ ਲੈਣ ਕਿ ਕਿੰਨਿਆਂ ਬੰਦਿਆਂ ਨੂੰ ਪੈਨਸ਼ਨਾਂ ਪਹੁੰਚੀਆਂ ਹਨ ?

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਹੁਣ ਬਹੁਤ ਮਹਿੰਗਾਈ ਹੋ ਗਈ ਹੈ। ਸਰਕਾਰੀ ਕਰਮਚਾਰੀਆਂ ਦੇ ਵੀ ਗਰੇਡ ਵੱਧਾ ਦਿੱਤੇ ਗਏ ਹਨ, ਪਰ ਇਨ੍ਹਾਂ ਨੂੰ ਉਹੀ ਪੈਸੇ ਮਿਲਦੇ ਹਨ। ਇਸ ਪੈਸੇ ਨਾਲ ਤਾਂ 5 ਕਿਲੋ ਚੀਨੀ ਵੀ ਨਹੀਂ ਆਉਂਦੀ। ਕੀ ਮਨਿਸਟਰ ਸਾਹਿਬ ਇਨ੍ਹਾਂ ਦੀ ਪੈਨਸ਼ਨ ਵਧਾਉਣ ਬਾਰੇ ਵਿਚਾਰ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪੈਨਸ਼ਨਾਂ ਦੇਣ ਬਾਰੇ ਜ਼ਿਲ੍ਹਾ ਪੱਧਰ ਤੇ ਹੀ ਨਿਪਟਾਉਣ ਵਾਸਤੇ ਫੈਸਲਾ ਕਰ ਦਿੱਤਾ ਗਿਆ ਹੈ ਤਾ ਕਿ ਉਨ੍ਹਾਂ ਗਰੀਬਾਂ ਨੂੰ ਇਥੇ

Original with;
Punjab Vidhan Sabha
Digitized by;
Panjab Digital Library

ਹੈਡਕੁਆਰਟਰ ਤੇ ਨਾ ਆਉਣਾ ਪਵੇ। ਦੂਸਰੀ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਿਸ ਨੂੰ ਪੈਨਸ਼ਨ ਸੈਂਕਸ਼ਨ ਹੋਈ ਹੈ ਪਰ ਉਸ ਨੂੰ ਨਾ ਮਿਲਦੀ ਹੋਵੇ ਤਾਂ ਤੁਸੀਂ ਸਾਡੇ ਨੋਟਿਸ ਵਿਚ ਲੈ ਆਓ, ਅਸੀਂ ਫੌਰਨ ਐਕਸ਼ਨ ਲਵਾਂਗੇ ।

Mr. Speaker : Next question.

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਸਪਲੀਮੈਂਟਰੀਜ਼ ਕਰਨ ਲਈ ਬੋਲ ਰਹੇ ਸਨ)

ਮੁੱਖ ਮੰਤਰੀ : ਮੈਂ ਤਾਂ ਕਿਹਾ ਹੈ ਕਿ ਡਿਸਟ੍ਰਿਕਟ ਹੈਡਕੁਆਰਟਰ ਤੇ ਹੀ ਪੈਨਸ਼ਨ ਮਿਲੇਗੀ । ਜੇ ਕੋਈ ਹੋਰ ਅਜਿਹਾ ਕੇਸ ਹੋਵੇ ਤਾਂ ਸਾਡੇ ਨੋਟਿਸ ਵਿਚ ਲੈ ਆਉਣ, ਅਸੀਂ ਵੇਖ ਲਵਾਂਗੇ । (ਵਿਘਨ) ।

Mr. Speaker : I have called upon next question. ਤੁਸੀਂ ਬੈਠ ਜਾਓ ।

Vacant post of District Education Officer (Primary) in Faridkot District

1. Comrade Saghar Singh
2. Comrade Sarwan Singh } **: Will the Minister for Education be pleased to state : —**

(a) whether it is a fact that the post of District Education Officer (Primary) in district Faridkot has been lying vacant for the last one year ; if so, the reasons therefor ;

(b) the time by which the said post is likely to be filled up ?

ਸਰਦਾਰ ਹਰਚਰਨ ਸਿੰਘ ਅਜਨਾਲਾ : (ਏ) ਨਹੀਂ ਜੀ ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ ਜੀ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਨੂੰ ਇਕ ਗੱਲ ਦੀ ਸਮਝ ਨਹੀਂ ਲਗੀ ਕਿ ਜਿਹੜਾ ਅਸੈਂਬਲੀ ਵਿਚ ਕੁਐਸਚਨ ਕੀਤਾ ਗਿਆ ਹੈ ਉਸ ਬਾਰੇ ਇਹ ਕਹਿਣਾ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ ਇਹ ਠੀਕ ਨਹੀਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਜਵਾਬ ਦਿੱਤਾ ਹੈ, ਕੀ ਇਹ ਫਰੀਦਕੋਟ ਤੋਂ ਜਵਾਬ ਲੈ ਕੇ ਦਿੱਤਾ ਹੈ ਜਾਂ ਆਪਣੇ ਆਪ ਹੀ ਦੇ ਦਿੱਤਾ ਹੈ ? ਉਥੇ ਕਿੰਨੀਆਂ ਹੀ ਪੋਸਟਾਂ ਖਾਲੀ ਪਈਆਂ ਹਨ ਪਰ ਇਹ ਕਹਿੰਦੇ ਹਨ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੰਤਰੀ: ਸਪੀਕਰ ਸਾਹਿਬ, ਜਿਸ ਕਨਟੈਕਸਟ ਵਿਚ ਔਰ ਜਿਸ ਸਪਿਰਿਟ ਨਾਲ ਮੈਂ ਜਵਾਬ ਦਿੱਤਾ ਸੀ ਉਹ ਆਨਰੇਬਲ ਮੈਂਬਰ ਸਮਝ ਹੀ ਨਹੀਂ ਸਕੇ । ਮੈਂ ਤਾਂ ਕਿਹਾ ਹੈ ਕਿ ਪੋਸਟ ਵੇਕੈਂਟ ਨਹੀਂ ਰਹੀ । ਨਿਯੁਕਤੀ ਕੀਤੀ ਗਈ ਔਰ ਕੰਮ ਚਲਦਾ ਰਿਹਾ । ਹੁਣ ਇਹ ਦਸਣ ਕਿ ਸਵਾਲ ਕਿਸ ਤਰ੍ਹਾਂ ਪੈਦਾ ਹੁੰਦਾ ਹੈ। (ਵਿਘਨ)

ਸ਼੍ਰੀ ਸਪੀਕਰ : ਜੇ ਤੁਹਾਡੇ ਕੋਲ ਕੋਈ ਸਪੈਸੇਫਿਕ ਕੇਸ ਹੈ ਤਾਂ ਲਿਖ ਕੇ ਦੇ ਦਿਉ, ਜਵਾਬ ਦਿੱਤਾ ਜਾ ਸਕਦਾ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਡਿਸਟ੍ਰਿਕਟ ਐਜੂਕੇਸ਼ਨ ਅਫਸਰ (ਪ੍ਰਾਇਮਰੀ) ਦੀ ਥਾਂ ਖਾਲੀ ਹੈ ਅਤੇ ਉਹ ਥਾਂ ਅਜੇ ਤਕ ਭਰੀ ਨਹੀਂ ਗਈ। ਜੇਕਰ ਚਾਰ-ਪਜ ਦਿਨਾਂ ਵਿਚ ਇਹ ਪੋਸਟ ਭਰ ਦਿੱਤੀ ਗਈ ਹੋਵੇ ਤਾਂ ਪਤਾ ਨਹੀਂ। ਇਸ ਬਾਰੇ ਇਹ ਦੱਸ ਦੇਣ, ਨਹੀਂ ਤਾਂ ਜਵਾਬ ਜਿਹੜਾ ਇਨ੍ਹਾਂ ਨੇ ਦਿੱਤਾ ਹੈ ਉਹ ਠੀਕ ਨਹੀਂ ਹੈ। ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਹ ਪੋਸਟ ਕਦੋਂ ਭਰੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਜੇ ਸਾਰੀ ਜ਼ਿੰਮੇਵਾਰੀ ਸਾਡੇ ਤੇ ਪਾਈ ਜਾਵੇ ਤਾਂ ਠੀਕ ਨਹੀਂ ਹੈ। (ਵਿਘਨ) ਸਪੀਕਰ ਸਾਹਿਬ, 30 ਜੂਨ, 1979 ਨੂੰ ਉਸ ਬੰਦੇ ਦੀ ਰਿਟਾਇਰਮੈਂਟ ਹੋਈ ਸੀ ਤਾਂ ਇਮੀਜੀਏਟਲੀ ਉਸ ਪੋਸਟ ਤੇ ਨਿਯੁਕਤੀ ਕਰ ਦਿੱਤੀ ਗਈ ਸੀ। ਹੁਣ ਪਰਮਾਨੈਂਟ ਬੇਸਿਜ਼ ਤੇ 27 ਮਈ, 1980 ਨੂੰ ਇਹ ਨਿਯੁਕਤੀ ਕਰ ਦਿੱਤੀ ਗਈ ਹੈ।

ਕਾਮਰੇਡ ਸਰਵਣ ਸਿੰਘ : ਸਪੀਕਰ ਸਾਹਿਬ, ਜਿਹੜੀਆਂ ਵੇਕੈਂਟ ਪੋਸਟਾਂ ਪਈਆਂ ਹਨ, ਉਹ ਕਦੋਂ ਤਕ ਭਰੀਆਂ ਜਾਣਗੀਆਂ ?

ਮੰਤਰੀ : ਇਸ ਸਵਾਲ ਦਾ ਇਸ ਨਾਲ ਤਾਂ ਕੋਈ ਤੁਅੱਲਕ ਨਹੀਂ ਹੈ। ਜਿਹੜੀਆਂ ਵੀ, ਸਪੀਕਰ ਸਾਹਿਬ, ਵੇਕੈਂਟ ਪੋਸਟਾਂ ਪਈਆਂ ਹਨ, ਉਹ ਭਰੀਆਂ ਜਾਣਗੀਆਂ।

Sardar Dalip Singh Pandhi : The question is "whether it is a fact that the post of District Education Officer (Primary) in district Faridkot has been lying vacant for the last one year ; if so, the reasons therefor ;

ਇਸ ਬਾਰੇ ਵਜ਼ੀਰ ਸਾਹਿਬ ਦਾ ਜਵਾਬ ਆ ਗਿਆ ਹੈ। ਮਿਤੀ 27 ਮਈ, 1980 ਨੂੰ ਇਹ ਪੋਸਟ ਭਰੀ ਗਈ ਹੈ। ਇਹ ਵਜ਼ੀਰ ਸਾਹਿਬ ਨੇ ਦਸਿਆ ਹੈ। ਇਸ ਦਾ ਮਤਲਬ ਹੈ ਕਿ ਲਗ ਭਗ 6 ਮਹੀਨੇ ਇਹ ਪੋਸਟ ਖਾਲੀ ਪਈ ਰਹੀ ਹੈ। ਇੰਨਾਂ ਚਿਰ ਪੋਸਟ ਖਾਲੀ ਕਿਉਂ ਪਈ ਰਹੀ ਹੈ ? ਇਹ ਪੋਸਟ ਨਾ ਭਰਨ ਦੇ ਕੀ ਕਾਰਨ ਹਨ ? ਕੀ ਪੋਸਟ ਸਰਪਲਸ ਹੈ ਜਾਂ ਇਸ ਪੋਸਟ ਤੇ ਕੋਈ ਲਗਾ ਹੋਇਆ ਸੀ ? (ਵਿਘਨ)

(ਇਸ ਵੇਲੇ ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ) (ਵਿਘਨ)

(ਸ਼ੋਰ)

ਸ਼੍ਰੀ ਸਪੀਕਰ : ਚਤਰਥ ਜੀ, ਮੈਂ ਤੁਹਾਨੂੰ ਬੋਲਣ ਲਈ ਅਲਾਓ ਨਹੀਂ ਕਰਦਾ। ਇਸ ਲਈ ਪਹਿਲੇ ਵਜ਼ੀਰ ਸਾਹਿਬ ਨੂੰ ਜਵਾਬ ਦੇ ਲੈਣ ਦਿਓ।

ਮੰਤਰੀ : ਸਪੀਕਰ ਸਾਹਿਬ, ਇਹੋ ਜਿਹਾ ਇਕ ਨਹੀਂ ਬਲਕਿ ਕਈ ਕੇਸ ਹਨ। ਸਪੀਕਰ ਸਾਹਿਬ, ਅਕਾਲੀ ਸਰਕਾਰ ਦੇ ਵੇਲੇ ਇਹ ਫੈਸਲਾ ਨਹੀਂ ਸਨ ਕਰ ਸਕੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜਿਸ ਤਰ੍ਹਾਂ ਇਨ੍ਹਾਂ ਨੇ ਜਵਾਬ ਦਿੱਤਾ ਹੈ ਇਸ ਤਰ੍ਹਾਂ ਤਾਂ ਇਹ ਸਵਾਲ ਕੰਪਲੀਕੇਟਿਡ ਬਣੀ ਜਾਂਦਾ ਹੈ। ਪਹਿਲਾਂ ਜਵਾਬ ਵਿਚ ਕਿਹਾ ਸੀ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ ਪਰ ਹੁਣ ਕਿਹਾ ਹੈ ਕਿ 27 ਮਈ, 1980 ਨੂੰ ਪੋਸਟ ਭਰੀ ਗਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਬੰਦਾ ਐਡੀਸ਼ਨਲ ਚਾਰਜ ਤੇ ਲੱਗਾ ਹੋਇਆ ਹੈ ਜਾਂ ਵੱਖਰੀ ਪੋਸਟ ਤੇ ਲਗਾ ਹੋਇਆ ਹੈ? ਕੀ ਜਿਸ ਨੂੰ ਅਪਰੂਵ ਕੀਤਾ ਹੈ ਉਸ ਨੇ ਜੁਆਇਨ ਕਰ ਲਿਆ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਇਸ ਵੇਲੇ ਇਕ ਅਫ਼ਸਰ ਨੂੰ ਐਡੀਸ਼ਨਲ ਚਾਰਜ ਦਿੱਤਾ ਹੋਇਆ ਹੈ (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ। ਜਵਾਬ ਦੇਣ ਲਗਿਆਂ ਇਸ ਤਰ੍ਹਾਂ ਡਿਸਟਰਬ ਕਰਨਾ ਠੀਕ ਨਹੀਂ ਹੈ। ਮੈਂ ਕਿਸੇ ਨੂੰ ਵੀ ਇਸ ਤਰ੍ਹਾਂ ਡਿਸਟਰਬ ਨਹੀਂ ਕੀਤਾ। ਜੋ ਵੀ ਇਨਫਰਮੇਸ਼ਨ ਮੇਰੇ ਪਾਸ ਆਉਂਦੀ ਹੈ, ਮੈਂ ਉਹੀ ਇਨਫਰਮੇਸ਼ਨ ਜ਼ਰੂਰ ਪਾਸ ਆਨ ਕਰਦਾ ਹਾਂ। (ਵਿਘਨ) (ਆਵਾਜ਼: ਨਾ ਦੱਸ ਦਿਉ) ਸਪੀਕਰ ਸਾਹਿਬ, ਪਹਿਲਾਂ ਸ਼ਰਦਾਰ ਅਜਮੇਰ ਸਿੰਘ ਅਤੇ ਇਸ ਵੇਲੇ ਸਰਦਾਰ ਜਗਮੋਹਨ ਸਿੰਘ ਕੰਮ ਕਰ ਰਹੇ ਹਨ। ਇਸ ਪੋਸਟ ਤੇ ਪਰਮਾਨੈਂਟ ਨਿਯੁਕਤੀ ਕੀਤੀ ਗਈ ਹੈ ਪਰ ਅਜੇ ਉਸ ਇਨਕੰਬੈਂਟ ਨੇ ਜੁਆਇੰਨ ਕਰਨਾ ਹੈ।

ਵੇਦ ਕਰਤਾਰ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਤਿੰਨ ਦਫਾ ** ਕਿਹਾ ਹੈ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ** ** ਲਫ਼ਜ਼ ਐਕਸਪੰਜ ਕਰਦਾ ਹਾਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਅਕਾਲੀਆਂ ਨੇ ਇਕ ਲਾਡਲੀ ਡੀ. ਈ. ਓ. ਰਖੀ ਹੋਈ ਸੀ। ਉਹ ਐਮ. ਐਲ. ਏਜ਼ ਅਤੇ ਹੋਰਾਂ ਲੋਕਾਂ ਨਾਲ ਬੜੀ ਬਦਤਮੀਜ਼ੀ ਨਾਲ ਪੇਸ਼ ਆਉਂਦੀ ਸੀ। (ਵਿਘਨ) (ਸ਼ੋਰ) ਉਹ ਫਿਰ ਉਥੋਂ ਬਦਲ ਦਿੱਤੀ ਗਈ ਸੀ। ਕੀ ਵਜ਼ੀਰ ਸਾਹਿਬ, ਉਸ ਲਾਡਲੀ ਨੂੰ ਅਕਾਲੀਆਂ ਦੇ ਕਹਿਣ ਤੇ ਫਿਰ ਉਥੇ ਲਗਾਉਣਗੇ ?

ਸ਼੍ਰੀ ਸਪੀਕਰ : ਜੇਕਰ ਤੁਹਾਨੂੰ ਕੋਈ ਸ਼ਿਕਾਇਤ ਹੈ ਤਾਂ ਵਜ਼ੀਰ ਸਾਹਿਬ ਨੂੰ ਲਿਖ ਕੇ ਦੇ ਦਿਉ। ਨੈਕਸਟ ਕੁਆਸ਼ਚਨ * 58.

ਸਰਦਾਰਨੀ ਸਤਵੰਤ ਕੌਰ ਸੰਧੂ : ਸਪੀਕਰ ਸਾਹਿਬ, ਲਾਡਲੀ ਸ਼ਬਦ ਐਕਸਪੰਜ ਹੋਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਤੁਸੀਂ ਬੈਠ ਜਾਉ ਮਨਿਸਟਰ ਸਾਹਿਬ ਨੂੰ ਜਵਾਬ ਦੇ ਲੈਣ ਦਿਉ ਫਿਰ ਗੱਲ ਕਰਾਂਗੇ। (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਲਾਡਲੀ ਨਹੀਂ ਤਾਂ ਚਹੇਤੀ ਕਰ ਦਿਉ। (ਵਿਘਨ) (ਸ਼ੋਰ)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੂੰ ਇਸ ਗਲ ਦੀ ਮਾਫੀ ਮੰਗਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਲਾਡ ਕੋਈ ਅਨਪਾਰਲੀਆਮੈਂਟਰੀ ਲਫ਼ਜ਼ ਨਹੀਂ ਹੈ। ਇੰਗਲਿਸ਼ ਵਿਚ ਤੁਸੀਂ ਇਸ ਨੂੰ ਕੀ ਕਹੋਗੇ ? ਮੈਂ ਇਸ ਮਾਮਲੇ ਨੂੰ ਐਗਜ਼ਾਮਿਨ ਕਰ ਲਵਾਂਗਾ।

ਮੁੱਖ ਮੰਤਰੀ : ਮੈਂ ਸਬਮਿਸ਼ਨ ਕਰਨਾ ਚਾਹੁੰਦਾ ਹਾਂ। ਅਗਰ ਭੈਣ ਨੂੰ ਇਹ ਸ਼ਬਦ ਨਹੀਂ ਜਚਿਆ ਤਾਂ ਮੈਂ ਆਨਰੇਬਲ ਮੈਂਬਰ ਦੇ ਬੀਹਾਫ ਤੇ ਇਸ ਸ਼ਬਦ ਨੂੰ ਵਿਦਡਰਾ ਕਰਦਾ ਹਾਂ।

**Expunged asordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਲਾਡਲੀ ਸ਼ਬਦ ਵਿਦਡਰਾ ਕਰਦਾ ਹਾਂ ਅੌਰ ਇਸ ਦੀ ਬਜਾਏ ਫੇਵਰਿਟ ਕਹਿ ਦਿੰਦਾ ਹਾਂ (ਵਿਘਨ) (ਸ਼ੋਰ)

(ਸਰਦਾਰ ਗੁਰਬਚਨ ਸਿੰਘ ਵਲੋਂ ਬੈਠੇ, ਬੈਠੇ ਵਿਘਨ)

ਮੁੱਖ ਮੰਤਰੀ : ਮੇਰੀ ਤੁਹਾਡੇ ਪਾਸ ਬੇਨਤੀ ਹੈ ਕਿ ਮੈਂ ਆਪਣੇ ਮੈਂਬਰ ਦੇ ਬੀਹਾਫ ਤੇ, ਭਾਵੇਂ ਉਸ ਦੇ ਸ਼ਬਦ ਨੂੰ ਤੁਸੀਂ ਅਨਪਾਰਲੀਮੈਂਟਰੀ ਨਹੀਂ ਸੀ ਕਿਹਾ, ਪਰ ਫਿਰ ਵੀ ਮੈਂ ਉਸ ਦੇ ਬੀਹਾਫ ਤੇ ਉਹ ਸ਼ਬਦ ਵਾਪਸ ਲੈ ਲਏ ਹਨ। ਪਰ ਇਹ ਵੀ ਗੱਲ ਠੀਕ ਹੈ ਕਿ ਜੋ ਸ਼ਬਦ ਸਰਦਾਰ ਗੁਰਬਚਨ ਸਿੰਘ ਨੇ ਕਹੇ ਹਨ, ਇਹ ਚੰਗੇ ਸ਼ਬਦ ਨਹੀਂ ਉਚਾਰੇ ਹਨ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਬੈਠੇ ਬੈਠੇ ਗਾਲੋ ਗਾਲੀ ਹੋਣ ਦਾ ਮਤਲਬ ਕੀ ਹੈ। ਹਾਊਸ ਵਿਚ ਇਸ ਤਰ੍ਹਾਂ ਦੀ ਕਾਰਵਾਈ ਕਰਨ ਲਈ ਤੁਹਾਨੂੰ ਇਥੇ ਨਹੀਂ ਭੇਜਿਆ ਗਿਆ। ਇਥੇ ਲੈਜਿਸਲੇਸ਼ਨ ਦਾ ਕੰਮ ਕਰਨਾ ਹੈ। ਬੈਠੇ ਬੈਠੇ ਇਹੋ ਜਿਹੇ ਉਚਾਰਣ ਕਰਦੇ ਹਨ ਜੋ ਕਿ ਘਰਾਂ ਵਿਚ ਨਹੀਂ ਕਰ ਸਕਦੇ। ਫਿਰ ਇਥੇ ਇਸ ਤਰ੍ਹਾਂ ਕਿਉਂ ਕਰਦੇ ਹਨ।

ਸ਼੍ਰੀ ਸਪੀਕਰ : ਸਰਦਾਰ ਗੁਰਬਚਨ ਸਿੰਘ, ਜੋ ਕੁਝ ਤੁਸੀਂ ਕਿਹਾ ਹੈ ਉਸ ਦਾ ਮੈਨੂੰ ਬਹੁਤ ਅਫਸੋਸ ਹੈ।

ਦਸਵੀਂ ਤੱਕ ਮੁਫਤ ਵਿਦਿਆ

***58 ਮਾਸਟਰ ਬਾਬੂ ਸਿੰਘ** (ਕਾਮਰੇਡ ਬਲਦੇਵ ਸਿੰਘ ਲੁੰਬਾ ਵੱਲੋਂ ਪੇਸ਼ ਕੀਤਾ ਗਿਆ) : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਸਰਕਾਰ ਦਸਵੀਂ ਤਕ ਮੁਫਤ ਵਿਦਿਆ ਸਬੰਧੀ ਕਿਸੇ ਤਜਵੀਜ਼ ਤੇ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ;

(ਅ) ਵਿਦਿਅਕ ਸਾਲਾਂ 1978-79, 1979-80 ਅਤੇ 1980-81 (ਹੁਣ ਤਕ) ਦੇ ਸਮੇਂ ਦੇ ਦੌਰਾਨ ਰਾਜ ਦੇ ਸਰਕਾਰੀ ਹਾਈ/ਹਾਇਰ ਸੈਕੰਡਰੀ ਸਕੂਲਾਂ ਵਿਚ ਜ਼ਿਲ੍ਹੇਵਾਰ ਕੁਲ ਕਿੰਨੇ ਕਿੰਨੇ ਵਿਦਿਆਰਥੀ ਨੌਵੀਂ, ਦਸਵੀਂ ਅਤੇ ਗਿਆਰਵੀਂ ਜਮਾਤਾਂ ਵਿਚ ਦਾਖਲ ਕੀਤੇ ਗਏ ;

(ਏ) ਉਪਰੋਕਤ ਭਾਗ (ਅ) ਵਿਚ ਵਰਣਿਤ ਵਿਚੋਂ ਉਕਤ ਸਮੇਂ ਦੇ ਦੌਰਾਨ ਸਾਲ-ਵਾਰ ਕੁਲ ਕਿੰਨੇ ਵਿਦਿਆਰਥੀਆਂ ਨੂੰ ਫੀਸ ਵਿਚ ਰਿਆਇਤ ਦਿੱਤੀ ਗਈ ;

(ਸ) ਉਪਰੋਕਤ ਭਾਗ (ਅ) ਵਿਚ ਵਰਣਿਤ ਸਮੇਂ ਦੇ ਦੌਰਾਨ ਵਿਦਿਆਰਥੀਆ ਤੋਂ ਸਾਲ-ਵਾਰ ਟਿਊਸ਼ਨ ਫੀਸਾਂ ਦੀ ਕੁਲ ਕਿੰਨੀ ਰਕਮ ਵਸੂਲ ਕੀਤੀ ਗਈ ?

Sardar Harcharan Singh Ajnala : (a) No.

(b) Statement is laid on the Table of the House.

(c and d) The tuition fee accounts are maintained by each school itself. The labour and time involved in collecting this huge information from each school is not commensurate with the public interest and benefit expected from it.

Original with;
Punjab Vidhan Sabha
Digitized by;
Panjab Digital Library

Statement showing the number of students in Government schools.

District	Confirmed figures 1978-79			Provisional figures 1979-80			1980-81		
	IX	X	XI	IX	X	XI	IX	X	XI
Amritsar ..	9,194	6,174	2,033	11,482	9,109	2,212	These are called after 30th of September, every year, the last date of normal admissions.		
Bhatinda ..	6,043	4,069	206	6,007	5,186	234			
Faridkot ..	9,263	6,096	789	6,543	7,550	579			
Ferozepur ..	6,272	4,041	1,233	5,373	4,625	112			
Gurdaspur ..	10,825	6,704	1,915	12,082	9,175	1,877			
Hoshiarpur ..	10,504	6,274	1,404	8,231	6,199	791			
Jullundur ..	11,394	6,859	948	10,163	6,841	1,025			
Kapurthala ..	4,069	2,415	617	4,305	3,234	394			
Ludhiana ..	11,700	6,939	1,356	11,614	7,302	1,308			
Patiala ..	9,148	5,654	1,496	5,276	7,476	2,211			
Roopnagar ..	6,300	3,660	412	4,900	2,786	173			
Sangrur ..	7,606	4,797	537	7,976	6,417	402			
Total ..	1,02,318	63,682	12,946	93,951	75,870	11,318			

ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਤਾਂ ਮਾਸਟਰ ਬਾਬੂ ਸਿੰਘ ਵਲੋਂ ਹੈ।

ਸ਼੍ਰੀ ਸਪੀਕਰ: ਮੇਰੇ ਕੋਲ ਇਸ ਦੀ ਅਥਾਰਟੀ ਆ ਗਈ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ (ਓ) ਦੇ ਜਵਾਬ ਵਿਚ ਕਹਿ ਦਿੱਤਾ ਹੈ 'ਨਹੀਂ ਜੀ'। ਡਾਕਟਰ ਸਾਹਿਬ ਇਥੋਂ ਚਲੇ ਗਏ ਹਨ। ਉਨ੍ਹਾਂ ਦਾ ਇਸ ਸਵਾਲ ਨਾਲ ਬਹੁਤ ਸਬੰਧ ਹੈ ਕਿਉਂਕਿ ਇਸ ਸਵਾਲ ਨਾਲ ਪੈਸੇ ਦਾ ਸਬੰਧ ਹੈ ਅੱਰ ਡਾਕਟਰ ਸਾਹਿਬ ਫਾਈਨੈਂਸ ਮਨਿਸਟਰ ਹਨ। ਜਦੋਂ ਡਾਕਟਰ ਕੇਵਲ ਕ੍ਰਿਸ਼ਨ ਜੀ ਆਪੋਜ਼ੀਸ਼ਨ ਵਿਚ ਬੈਠਦੇ ਸਨ ਤਾਂ ਇਨ੍ਹਾਂ ਨੇ ਇੱਕ ਮਤਾ ਹਾਊਸ ਵਿਚ ਰਖਿਆ ਸੀ (ਵਿਘਨ) ਇਨ੍ਹਾਂ ਨੇ ਪ੍ਰਾਈਵੇਟ ਡੇ ਤੇ ਇਕ ਮਤਾ ਲਿਆਂਦਾ ਸੀ ਅੱਰ ਇਨ੍ਹਾਂ ਦੀ ਪਾਰਟੀ ਨੇ ਉਸ ਵੇਲੇ ਉਸ ਦੀ ਜ਼ੋਰਦਾਰ ਸਰਾਹਣਾ ਕੀਤੀ ਸੀ ਅਤੇ ਕਿਹਾ ਸੀ ਕਿ ਉਸ ਮਤੇ ਨੂੰ ਜਿਸ ਵਿਚ ਕਿਹਾ ਗਿਆ ਸੀ ਕਿ ਮੈਟ੍ਰਿਕ ਤਕ ਮੁਫਤ ਵਿਦਿਆ ਦਿੱਤੀ ਜਾਏ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਏ। ਮੈਂ ਸਵਾਲ ਇਹ ਕਰਨਾ ਚਾਹੁੰਦਾ ਹਾਂ ਕਿ ਉਸ ਵੇਲੇ ਡਾਕਟਰ ਸਾਹਿਬ ਸਾਡੇ ਨਾਲ ਸ਼ਨ ਕਿ ਦਸਵੀਂ ਤਕ ਮੁਫਤ ਵਿਦਿਆ ਹੋਣੀ ਚਾਹੀਦੀ ਹੈ। ਅਜ ਸਰਕਾਰ ਇਨ੍ਹਾਂ ਦੀ ਹੈ ਪਰ ਸਿਖਿਆ ਮੰਤਰੀ ਜੀ ਨੇ ਜਵਾਬ ਦੇ ਦਿੱਤਾ ਹੈ 'ਨਹੀਂ ਜੀ'। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਇਹ ਇਨ੍ਹਾਂ ਦੀ ਆਪਣੀ ਕਮਿਟਮੈਂਟ ਹੈ, ਇਸ ਲਈ ਕੀ ਇਹ ਇਸ ਤੇ ਮੁੜ ਵਿਚਾਰ ਕਰਨ ਨੂੰ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਅਤੇ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਵੀ ਫੀਸ ਕਨਸੈਸ਼ਨਜ਼ ਦਿੱਤੇ ਗਏ, ਭਾਵੇਂ ਪ੍ਰਾਇਮਰੀ ਐਜੂਕੇਸ਼ਨ ਫਰੀ ਕੀਤੀ ਗਈ ਜਾਂ ਇਹ ਮਿਡਲ ਲੈਵਲ ਤਕ ਕੀਤੀ ਗਈ, ਉਹ ਸਾਰੀਆਂ ਚੀਜ਼ਾਂ ਕਾਂਗਰਸ ਰਿਜੀਮ ਵਿਚ ਸਮੇਂ ਸਮੇਂ ਸਿਰ ਹੁੰਦੀਆਂ ਰਹੀਆਂ ਹਨ (ਬੰਪਿੰਗ)। ਇਨ੍ਹਾਂ ਅਕਾਲੀਆਂ ਦੀ ਜਦੋਂ ਵੀ ਗੌਰਮਿੰਟ ਆਈ ਤਾਂ ਕਦੇ ਵੀ ਇਨ੍ਹਾਂ ਦਾ ਅਜਿਹੀ ਚੀਜ਼ ਵਲ ਧਿਆਨ ਨਹੀਂ ਗਿਆ। ਮੈਂ ਯਕੀਨ ਦਿਵਾਉਂਦਾ ਹਾਂ ਕਿ ਇਹ ਡਿਵੈਲਪਿੰਗ ਸਟੇਟ ਹੈ ਅਤੇ ਕੋਈ ਵੀ ਚੰਗੀ ਚੀਜ਼ ਜਦੋਂ ਸਮਾਂ ਆਏ ਵਿਚਾਰੀ ਜਾ ਸਕਦੀ ਹੈ।

ਮਾਸਟਰ ਚੰਦ ਸਿੰਘ:- ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਹਾਊਸ ਦੀ ਟੇਬਲ ਤੇ ਸਟੇਟਮੈਂਟ ਰੱਖ ਦਿੱਤੀ ਹੈ, ਉਸ ਵਿਚ ਦੋ ਤਿੰਨ ਜ਼ਿਲ੍ਹਿਆਂ ਵਿਚ ਜਿਸ ਤਰ੍ਹਾਂ ਕਿ ਰੂਪ ਨਗਰ, ਲੁਧਿਆਣਾ, ਹੁਸ਼ਿਆਰਪੁਰ ਅੱਤੇ ਪਟਿਆਲਾ ਵਿਚ 9ਵੀਂ ਅੱਤੇ 10ਵੀਂ ਜਮਾਤਾਂ ਵਿਚ ਬੱਚਿਆਂ ਦੀ ਗਿਣਤੀ ਬਹੁਤ ਘੱਟ ਰਹੀ ਹੈ। ਇਸ ਦਾ ਕਾਰਣ ਇਹ ਹੈ ਕਿ ਜਿਥੇ ਗਰੀਬੀ ਵੱਧ ਰਹੀ ਹੈ ਅੱਤੇ ਬਚਿਆਂ ਦੇ ਪੇਰੈਂਟਸ ਫੀਸਾਂ ਨਹੀਂ ਦੇ ਸਕਦੇ ਅਤੇ ਇਸ ਲਈ ਬੱਚਿਆਂ ਦਾ ਦਾਖਲਾ ਘਟਦਾ ਜਾ ਰਿਹਾ ਹੈ। ਇਨ੍ਹਾਂ ਗਲਾਂ ਨੂੰ ਮੁੱਖ ਰਖਦੇ ਹੋਏ ਕੀ ਇਹ ਇਸ ਤੇ ਮੁੜ ਵਿਚਾਰ ਕਰਨਗੇ ਅਤੇ ਇਨ੍ਹਾਂ ਗਰੀਬਾਂ ਦੇ ਬੱਚਿਆਂ ਨੂੰ ਦਸਵੀਂ ਤਕ ਫੀਸਾਂ ਨਾ ਦੇਣੀਆਂ ਪੈਣ, ਇਸ ਬਾਰੇ ਕੋਈ ਪਰਬੰਧ ਕਰਨਗੇ ? ਇਹ ਵੀ ਦਸਿਆ ਜਾਏ ਕਿ ਦਸਵੀਂ ਜਮਾਤ ਤਕ ਫਰੀ ਐਜੂਕੇਸ਼ਨ ਨਾ ਕਰਨ ਦੇ ਕੀ ਕਾਰਣ ਹਨ ?

ਮੰਤਰੀ: ਸਪੀਕਰ ਸਾਹਿਬ, ਮੈਂ ਜਵਾਬ ਕਾਫੀ ਵਿਸਥਾਰ ਨਾਲ ਦੇ ਚੁੱਕਾ ਹਾਂ। ਜਿਹੜੀ ਸਕੂਲਾਂ ਵਿਚ ਬੱਚਿਆਂ ਦੀ ਤਾਦਾਦ ਘਟਦੀ ਹੈ, ਉਸ ਦੇ ਕਾਰਣ ਕਈ ਹਨ। 8ਵੀਂ ਜਮਾਤ ਦੇ ਇਮਤਿਹਾਨ ਦੇ ਬਾਅਦ ਇੱਕ ਐਸੀ ਸਟੇਜ ਆਉਂਦੀ ਹੈ ਜਦੋਂ ਕਿ ਪੇਰੈਂਟਸ ਨੂੰ ਸੋਚਣਾ ਹੁੰਦਾ ਹੈ ਕਿ ਇਸ ਦੇ ਅਗੇ ਬੱਚੇ ਨੇ ਪੜ੍ਹਾਈ ਜਾਰੀ ਰਖਣੀ ਹੈ ਜਾਂ ਕਿ ਕਿਸੇ ਹੋਰ ਕੰਮ ਵਿਚ ਪੈਣਾ ਹੈ। ਇਸ ਵਾਸਤੇ ਜਦੋਂ ਅੱਠਵੀਂ ਦਾ ਇਮਤਿਹਾਨ ਹੁੰਦਾ ਹੈ ਤਾਂ ਕੰਪੇਅਨ ਚਲਾਈ ਜਾਂਦੀ ਹੈ ਅੱਤੇ ਬੱਚਿਆਂ ਦੇ ਪੇਰੈਂਟਸ ਨੂੰ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਅਗਲੀਆਂ ਕਲਾਸਿਜ਼ ਵਿਚ ਦਾਖਲ ਕਰਾਇਆ ਜਾਏ। ਉਹ ਕੰਪੇਅਨਾਂ ਚਲਦੀਆਂ ਰਹੀਆਂ ਹਨ। 1978-79 ਅੱਤੇ 1979-80 ਵਿਚ ਦਾਖਲੇ ਵਿਚ ਕੁਝ ਕਮੀਂ ਆਈ ਹੈ ਅੱਤੇ ਉਸ ਬਾਰੇ ਕਾਰਣ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਆਨਰੇਬਲ ਮੈਂਬਰ ਸਾਹਿਬ ਨੂੰ ਮੈਂ, ਸਪੀਕਰ ਸਾਹਿਬ, ਤੁਹਾਡੀ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਅਗੇ ਤਾਂ ਕੰਪੇਅਨ ਹਰ ਸਾਲ ਚਲਾਈ ਜਾਂਦੀ ਸੀ ਕਿ ਬੱਚੇ ਵੱਧ ਤੋਂ ਵੱਧ ਸਕੂਲਾਂ ਵਿਚ ਆਉਣ। ਪਰ ਇਸ ਕੰਪੇਅਨ ਵਲ ਉਪਰੋਕਤ ਦਸੇ ਪੀਰੀਅਡ ਦੌਰਾਨ ਦੇ ਸਿਖਿਆ ਮੰਤਰੀ ਜੀ ਨੇ ਕੋਈ ਧਿਆਨ ਨਹੀਂ ਦਿੱਤਾ ਜਿਸ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਦੀ ਗਿਣਤੀ ਵਿਚ ਸ਼ਾਰਟਫਾਲ ਆ ਗਈ।

ਸਰਦਾਰ ਦਲੀਪ ਸਿੰਘ ਪਾਂਧੀ: ਸਰਕਾਰ ਅਗਾਂਹ-ਵਧੂ ਪਾਰਟੀ ਕਲੇਮ ਕਰਦੀ ਹੈ। ਕੰਸਟੀਚਿਊਸ਼ਨ ਦੇ ਆਰਟੀਕਲ 45 ਅੱਤੇ ਆਰਟੀਕਲ 46 ਪ੍ਰਵਾਈਡ ਕਰਦੇ ਹਨ ਕਿ ਇਸ ਕੰਸਟੀਚਿਊਸ਼ਨ ਦੀ ਹੋਂਦ ਵਿਚ ਆਉਣ ਤੇ ਦਸ ਸਾਲ ਬਾਅਦ (ਵਿਘਨ) ਚਲੋ ਮੈਂ ਸਵਾਲ ਕਰਦਾ ਹਾਂ ਕਿ ਕੀ ਸਰਕਾਰ ਸ਼ਡਿਊਲਡ ਕਾਸਟ ਅੱਤੇ ਪਛੜੀਆਂ ਸ਼ਰੇਣੀਆਂ ਦੇ ਬੱਚਿਆਂ ਲਈ ਦਸਵੀਂ ਜਮਾਤ ਤਕ ਫਰੀ ਐਜੂਕੇਸ਼ਨ ਕਰਨ ਲਈ ਤਿਆਰ ਹੈ ?

ਮੰਤਰੀ: ਆਲਰੈਡੀ ਕੁਝ ਕਨਸੈਸ਼ਨਜ਼ ਦਿੱਤੇ ਹੋਏ ਹਨ। ਜੇ ਕੋਈ ਮਿਸਾਲ ਇਨ੍ਹਾਂ ਦੇ ਕੋਲ ਹੈ ਤਾਂ ਇਹ ਮੈਨੂੰ ਦਸ ਦੇਣ, ਮੈਂ ਜਵਾਬ ਦੇ ਦਿਆਂਗਾ। ਮੈਂ ਗਲਤ ਇਨਫਰਮੇਸ਼ਨ ਕਿਉਂ ਹਾਊਸ ਨੂੰ ਦੇਵਾਂ।

Original with;
Punjab Vidhan Sabha
Digitized by;
Panjab Digital Library

ਮਾਸਟਰ ਦਲੀਪ ਚੰਦ: ਸਾਰੇ ਪੰਜਾਬ ਵਿਚ ਸਿਵਾਏ ਜੱਟ ਬਰਾਦਰੀ ਦੇ ਅਤੇ ਮਹਾਜਨਾਂ ਦੇ ਬਾਕੀ ਸਾਰਿਆਂ ਦੀਆਂ ਫੀਸਾਂ ਮੁਆਫ ਕੀਤੀਆਂ ਹੋਈਆਂ ਹਨ। ਕੀ ਵਜ਼ੀਰ ਸਾਹਿਬ ਜੱਟ ਔਰ ਮਹਾਜਨ ਬਰਾਦਰੀ ਦੇ ਧੱਚਿਆਂ ਦੀ ਫੀਸਾਂ ਵੀ ਮੁਆਫ ਕਰਨ ਦੀ ਕੋਸ਼ਿਸ਼ ਕਰਨਗੇ ?

ਮੰਤਰੀ: ਇਕਨਾਮੀਕਲੀ ਬੈਕਵਰਡ ਕਲਾਸਿਜ਼ ਦੇ ਮੁਤਅਲਕ ਕੰਸਿਡਰ ਕੀਤਾ ਜਾ ਸਕਦਾ ਹੈ। ਇਹ ਲਿਖ ਕੇ ਦੇ ਦੇਣ, ਮੈਂ ਐਗਜ਼ਾਮਿਨ ਕਰਾ ਲਵਾਂਗਾ। ਇਸ ਬਾਰੇ ਸਟਰੇਟਵੇ ਮੈਂ ਕੋਈ ਅਸ਼ੋਰੈਂਸ ਨਹੀਂ ਦੇਣੀ ਚਾਹੁੰਦਾ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਚ ਹੈ ਕਿ ਕਾਂਗਰਸ ਰਾਜ ਵੇਲੇ ਜਿਸ ਇਕਨਾਮੀਕਲੀ ਬੈਕਵਰਡ ਆਦਮੀ ਦੀ 1800 ਸਾਲ ਦੀ ਆਮਦਨੀ ਸੀ, ਉਸ ਦੇ ਬਚੇ ਦੀ ਫੀਸ ਮੁਆਫ ਸੀ ਭਾਵੇਂ ਉਹ ਜੱਟ ਸੀ, ਬ੍ਰਾਹਮਣ ਸੀ ਜਾਂ ਖਤਰੀ ਸੀ ਅਤੇ ਜਿਨ੍ਹਾਂ ਦੀ ਆਮਦਨੀ 3,000 ਸਲਾਨਾ ਹੁੰਦੀ ਸੀ ਉਨ੍ਹਾਂ ਦੇ ਬੱਚਿਆਂ ਦੀ ਅੱਧੀ ਫੀਸ ਮੁਆਫ ਸੀ। ਇਸ ਤੋਂ ਬਾਅਦ ਕੀ ਅਕਾਲੀਆਂ ਨੇ ਆਪਣੇ ਰਾਜ ਵਿਚ ਕੋਈ ਹੋਰ ਰਿਆਇਤਾਂ ਦੇਣ ਦਾ ਯਤਨ ਕੀਤਾ ?

ਮੰਤਰੀ: ਸਪੀਕਰ ਸਾਹਿਬ, ਜੋ ਸਵਾਲ ਆਨਰੇਬਲ ਮੈਂਬਰ ਨੇ ਕੀਤਾ ਹੈ ਉਸ ਦਾ ਜਵਾਬ ਮੈਂ ਕੇਵਲ ਇਤਨਾ ਹੀ ਦੇ ਸਕਦਾ ਹਾਂ ਕਿ ਮੇਰਾ ਖਿਆਲ ਹੈ ਕਿ ਇਸ ਚੀਜ਼ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ ਯਾਨੀ ਕਿ ਇਸ ਪਾਸੇ ਉਨ੍ਹਾਂ ਨੇ ਕੋਈ ਵਿਚਾਰ ਨਹੀਂ ਸੀ ਕੀਤਾ।

Enquiry held in the case of embezzlement in Thatta Agricultural Co-operative Service Society, Thatta Block, Sultanpur.

***121. Sardar Atma Singh :** Will the Chief Minister be pleased to state :—

(a) whether any enquiry was held in 1974 by the Co-operative Department into the case of embezzlement that took place during the year 1972-73 in Thatta Agricultural Co-operative Service Society, Thatta Block, Sultanpur ; if so, the findings of the enquiry alongwith the action taken thereon ;

(b) the name(s) of person(s) involved in the case referred to in part (a) above and the amount embezzled by each ;

(c) whether the amount mentioned in part (b) above has since been recovered ; if not, the reasons therefor and the steps being taken to make up the loss to the Society ?

ਸਰਦਾਰ ਦਰਬਾਰਾ ਸਿੰਘ (ਓ) ਹਾਂ ਜੀ, ਪੜਤਾਲੀਆ ਅਫਸਰ ਨੇ ਸ਼੍ਰੀ ਗੁਰਬਚਨ ਸਿੰਘ, ਸਭਾ ਦੇ ਸਾਬਕਾ ਸਕੱਤਰ ਵਲੋਂ ਗਬਨ ਕੀਤੇ 69,493.78 ਰੁਪਏ ਦੇ ਤਿੰਨ ਕੇਸ ਲੱਭੇ। ਗਬਨ ਕੀਤੀ ਰਕਮ ਬਾਰੇ ਸਾਲਸੀ ਕੇਸ ਤਿਆਰ ਕੀਤੇ ਗਏ ਅਤੇ ਅਵਾਰਡ ਵੀ ਪ੍ਰਾਪਤ ਕੀਤੇ ਗਏ। ਸ਼੍ਰੀ ਗੁਰਬਚਨ ਸਿੰਘ ਫੜਿਆ ਗਿਆ ਸੀ ਅਤੇ 40 ਦਿਨ ਸ਼ਿਵਲ ਲਾਕ ਅੱਪ ਵਿਚ ਰਖਿਆ ਗਿਆ ਉਸ ਦੀ ਜਾਇਦਾਦ ਦੇ ਵਿਰੁੱਧ ਕਾਨੂੰਨੀ ਕਾਰਵਾਈ ਦਾ ਕੇਸ ਸੈਸ਼ਨ ਜੱਜ, ਕਪੂਰਥਲਾ ਦੀ ਅਦਾਲਤ ਵਿਚ ਫੈਸਲੇ ਅਧੀਨ ਹੈ। ਉਸ ਨੇ ਅਪੀਲਾਂ/ਰਿਵੀਜ਼ਨ ਪੈਟੀਸ਼ਨਜ਼, ਇਸ ਅਵਾਰਡ ਦੇ ਵਿਰੁੱਧ ਦਾਇਰ ਕੀਤੀਆਂ ਹਨ ਜੋ ਕਿ ਹੁਣ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਕਪੂਰਥਲਾ, ਪਾਸ ਫੈਸਲੇ ਅਧੀਨ ਹਨ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਭਾਗ (1) ਸ਼੍ਰੀ ਗੁਰਬਚਨ ਸਿੰਘ।

ਭਾਗ (2) 69,493.78 ਰੁਪਏ।

(ਏ) ਭਾਗ (1) ਨਹੀਂ ਜੀ।

ਭਾਗ (2) ਕਿਉਂਕਿ ਕੇਸ ਅਦਾਲਤ ਵਿਚ ਫੈਸਲੇ ਅਧੀਨ ਹਨ।

ਭਾਗ (3) ਗਬਨ ਹੋਈ ਰਕਮ ਦੀ ਵਸੂਲੀ ਲਈ ਢੁਕਵੇਂ ਕਾਨੂੰਨੀ ਕਦਮ ਉਠਾਏ ਜਾ ਰਹੇ ਹਨ।

ਸਰਦਾਰ ਆਤਮਾ ਸਿੰਘ : ਮੁੱਖ ਮੰਤਰੀ ਜੀ ਨੇ ਦਸਿਆ ਹੈ ਕਿ ਸ਼੍ਰੀ ਗੁਰਬਚਨ ਸਿੰਘ ਦੇ ਵਿਰੁਧ ਪੜਤਾਲੀਆ ਅਫਸਰ ਨੇ 69493 ਰੁਪਏ 78 ਪੈਸੇ ਦੇ ਤਿੰਨ ਕੇਸ ਲਭੇ। ਸ਼੍ਰੀ ਗੁਰਬਚਨ ਸਿੰਘ ਨੇ ਏ.ਆਰ. ਪਾਸ ਅਪੀਲਾਂ ਕੀਤੀਆਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਉਸ ਨੇ ਰਿਵੀਜ਼ਨ ਪੈਟੀਸ਼ਨ ਕੀਤੀ ਹੈ ਉਸ ਦਾ ਕਦੋਂ ਤੱਕ ਨਿਪਟਾਰਾ ਹੋ ਜਾਵੇਗਾ ? ਇਹ 1974 ਦਾ ਕੇਸ ਹੈ ਅਤੇ 69,493 ਰੁਪਏ 78 ਪੈਸੇ ਦੇ ਗਬਨ ਦਾ ਕੇਸ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੇਸ ਦਾ ਕਦੋਂ ਤਕ ਨਿਪਟਾਰਾ ਹੋ ਜਾਵੇਗਾ ?

ਮੁੱਖ ਮੰਤਰੀ: ਮਹਿਕਮੇਂ ਵੱਲੋਂ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਕਿਉਂਕਿ ਕੇਸ ਸੈਸ਼ਨ ਜਜ, ਕਪੂਰਥਲਾ ਦੀ ਅਦਾਲਤ ਵਿਚ ਹੈ ਇਸ ਲਈ ਉਨ੍ਹਾਂ ਦਾ ਫੈਸਲਾ ਉਡੀਕਣਾ ਪਵੇਗਾ।

ਸਰਦਾਰ ਆਤਮਾ ਸਿੰਘ: ਜਿਹੜੀਆਂ ਉਸ ਨੇ ਰਿਵੀਜ਼ਨ ਪੈਟੀਸ਼ਨਜ਼ ਕੀਤੀਆਂ ਸਨ, ਉਹ ਬਹੁਤ ਸਮੇਂ ਤੋਂ ਏ.ਆਰ. ਪਾਸ ਪੈਂਡਿੰਗ ਪਈਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਰਿਵੀਜ਼ਨ ਪੈਟੀਸ਼ਨ ਦਾ ਕਦੋਂ ਤੱਕ ਫੈਸਲਾ ਹੋ ਜਾਵੇਗਾ ?

ਮੁੱਖ ਮੰਤਰੀ : ਜੇ ਕੋਈ ਹੋਰ ਵਿਚਕਾਰ ਕਠਨਾਈ ਅਪੀਲ ਦਾਇਰ ਕਰਨ ਵਾਸਤੇ ਨਾ ਪੈਦਾ ਹੋਈ ਤਾਂ ਅਦਾਲਤ ਤੋਂ ਬਿਨਾਂ ਤਾਂ ਮੈਂ ਏ. ਆਰ ਨੂੰ ਕਹਾਂਗਾ ਕਿ 2 ਮਹੀਨਿਆਂ ਦੇ ਸਮੇਂ ਵਿਚ ਇਸ ਨੂੰ ਖਤਮ ਕਰੋ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਐਗਰੀਕਲਚਰਲ ਸਰਵਿਸ ਸੁਸਾਇਟੀਆਂ ਹਨ, ਉਨ੍ਹਾਂ ਬਹੁਤ ਸਾਰੀਆਂ ਵਿਚ ਬਹੁਤ ਗਬਨ ਹੋਏ ਹਨ। 7-7 ਸਾਲਾਂ ਤੋਂ ਲੋਕੀਂ ਕੇਸਾਂ ਮਗਰ ਤੁਰੇ ਫਿਰਦੇ ਹਨ ਪਰ ਉਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਨਹੀਂ ਹੋ ਰਿਹਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਅਜਿਹੀਆਂ ਸੋਸਾਇਟੀਆਂ ਨੂੰ ਫੜ ਕੇ ਉਨ੍ਹਾਂ ਦਾ ਕੇਸਾਂ ਦੇ ਜਲਦੀ ਨਿਪਟਾਰਾ ਕਰਾਉਣਗੇ ?

ਮੁੱਖ ਮੰਤਰੀ : ਮੈਂ ਇਸ ਦਾ ਉਤਰ ਐਨਾ ਦੇ ਸਕਦਾ ਹਾਂ ਕਿ ਜੋ ਆਨਰੇਬਲ ਮੈਂਬਰ ਨੇ ਸ਼ਾਡੇ ਨੋਟਿਸ ਵਿਚ ਗਲ ਲਿਆਂਦੀ ਹੈ। ਜੇ ਕੋਈ ਕੇਸ ਅਦਾਲਤ ਵਿਚ ਨਾ ਹੋਇਆ ਤਾਂ ਉਸ ਦਾ ਫੈਸਲਾ ਸ਼ੀਘਰ ਕੀਤੇ ਜਾਣ ਬਾਰੇ ਇੰਸ਼ਟਰਕੱਸ਼ਨਜ਼ ਦਿਆਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁਦਾ ਹਾਂ ਕਿ ਪਿਛੇ ਗਵਰਨਰੀ ਰਾਜ ਦੇ ਸਮੇਂ ਵਿਚ ਏ. ਆਰ. ਮਾਨਸਾ ਨੇ ਬਹੁਤ ਸਾਰੀਆਂ ਸੋਸਾਇਟੀਆਂ ਨੂੰ ਭੰਗ ਕੇ ਐਡਮਨਿਸਟਰੇਟਰਜ਼ ਲਗਾ ਕੇ ਕਾਫੀ ਗਬਨ ਕੀਤਾ। ਮੇਰੇ ਹਲਕੇ ਵਿਚ ਪਿੰਡ ਖਿਆਲਾ ਦੀ ਸੋਸਾਇਟੀ ਹੈ। ਉਥੇ 12 ਹਜ਼ਾਰ ਰੁਪਏ ਦਾ ਫਰਨੀਚਰ ਖਰੀਦਿਆ ਗਿਆ ਪਰ ਉਸ ਖਰਚੇ ਨੂੰ ਕਮੇਟੀ ਪਾਸ ਨਹੀਂ ਕਰ ਰਹੀ। ਮਹਿਕਮੇ ਵਾਲੇ ਕਹਿੰਦੇ ਹਨ ਕਿ ਤੁਹਾਨੂੰ ਇਸ ਖਰਚ ਨੂੰ ਪਾਸ ਕਰਨਾ ਪਵੇਗਾ । ਉਸ

Original with;
Punjab Vidhan Sabha
Digitized by;
Panjab Digital Library

ਫਰਨੀਚਰ ਦੀ ਕੀਮਤ 3 ਹਜ਼ਾਰ ਰੁਪਏ ਤੋਂ ਵੱਧ ਨਹੀਂ ਹੈ। ਕੀ ਮੁੱਖ ਮੰਤਰੀ ਜੀ ਇਸ ਪਾਸੇ ਧਿਆਨ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਅਜਿਹੇ ਕੇਸਾਂ ਬਾਰੇ ਅਰਜ਼ ਕਰ ਚੁੱਕਾ ਹਾਂ। ਮੈਂਬਰ ਸਾਹਿਬ ਨੇ ਖਾਸ ਇਕ ਕੇਸ ਬਾਰੇ ਦਸਿਆ ਹੈ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਲਿਖ ਕੇ ਦੇਣ, ਇਸ ਦੀ ਜ਼ਰੂਰ ਇਨਕੁਆਇਰੀ ਹੋਵੇਗੀ ।

ਸਰਦਾਰ ਦਰਸ਼ਨ ਸਿੰਘ ਕੇ.ਪੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੀਆਂ ਸੁਸਾਇਟੀਆਂ ਵਿਚ ਜੋ ਗ਼ਬਨ ਹੁੰਦਾ ਹੈ, ਉਥੇ ਦੇ ਪ੍ਰੈਜ਼ੀਡੈਂਟ, ਸੈਕਟਰੀ ਜਾਂ ਸਰਕਾਰੀ ਕਰਮਚਾਰੀ ਇਸ ਕਿਸਮ ਦੀਆਂ ਖਰਾਬੀਆਂ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਸੋਸਾਇਟੀਆਂ ਡਿਫਾਲਟਰ ਹੋ ਜਾਂਦੀਆਂ ਹਨ । ਪਰ ਇਸ ਦੇ ਵਿਚ ਮੈਂਬਰ ਦਾ ਕੋਈ ਕਸੂਰ ਨਹੀਂ ਹੁੰਦਾ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜਿਹੀਆਂ ਸੁਸਾਇਟੀਆਂ ਦੇ ਜਿਹੜੇ ਮੈਂਬਰ ਹਨ ਉਨ੍ਹਾਂ ਨੂੰ ਦੂਸਰੀਆਂ ਸੁਸਾਇਟੀਆਂ ਨਾਲ ਲਾਉਣ ਦਾ ਕੋਈ ਉਪਰਾਲਾ ਕਰਨਗੇ ?

ਮੁੱਖ ਮੰਤਰੀ : ਇਹ ਜਿਹੜਾ ਸੁਸਾਇਟੀਆਂ ਵਿਚ ਗਬਨ ਹੁੰਦਾ ਹੈ, ਇਸ ਦਾ ਮਾਨਯੋਗ ਮੈਂਬਰ ਨੇ ਜ਼ਿਕਰ ਕੀਤਾ ਹੈ। ਉਸ ਬਾਰੇ ਅਸੀਂ ਦੇਖ ਭਾਲ ਕਰਦੇ ਹਾਂ। (ਵਿਘਨ)। ਬਾਕੀ ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਸੁਸਾਇਟੀ ਵਿਚ ਭਾਵੇਂ ਪ੍ਰੈਜ਼ੀਡੈਂਟ ਨੇ ਗਬਨ ਕੀਤਾ ਹੋਵੇ, ਸੈਕਟਰੀ ਨੇ ਗ਼ਬਨ ਕੀਤਾ ਹੋਵੇ ਜਾਂ ਕਿਸੇ ਨੇ ਵੀ ਗ਼ਬਨ ਕੀਤਾ ਹੋਵੇ, ਜਿਸ ਦੇ ਜ਼ਿੰਮੇ ਗ਼ਬਨ ਹੋਵੇਗਾ, ਉਸ ਦੀ ਇਨਕੁਆਇਰੀ ਹੋਵੇਗੀ ।

Names of Loanees of Kapurthala Land Mortgage Bank, Kapurthala

***122. Sardar Atma Singh** : Will the Chief Minister be pleased to:—

(a) lay on the Table of the House a list of the names of loanees of the Kapurthala Land Mortgage Bank, Kapurthala from whom the amount exceeding Rs. 25,000 was recoverable as on 31st May, 1980.

(b) state the action being taken by the Government to recover the amount mentioned in part (a) above ?

ਸਰਦਾਰ ਦਰਬਾਰਾ ਸਿੰਘ : (ੳ) ਇਹੋ ਜਿਹਾ ਇਕ ਹੀ ਬਾਕੀਦਾਰ ਹੈ । ਬੈਂਕ ਦੇ ਅਸੂਲਾਂ ਨੂੰ ਮੁੱਖ ਰੱਖਦੇ ਹੋਏ ਕਰਜ਼ਦਾਰ ਦਾ ਨਾਂ ਦੱਸਣਾ ਉਚਿਤ ਨਹੀਂ ।

(ਅ) ਵਸੂਲੀ ਕਰਨ ਦੀ ਜ਼ੁਮੇਵਾਰੀ ਬੈਂਕ ਦੀ ਹੈ, ਸਰਕਾਰ ਦੀ ਨਹੀਂ । ਰਜਿਸਟਰਾਰ ਨੇ ਆਪਣੇ ਨਿਗਰਾਨੀ ਤੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਬੈਂਕ ਨੂੰ ਵਸੂਲੀ ਕਰਨ ਦਾ ਆਦੇਸ਼ ਦਿੱਤਾ ਹੈ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਨੇ ਦਸਿਆ ਹੈ ਕਿ ਰਜਿਸਟਰਾਰ ਨੇ ਆਪਣੇ ਨਿਗਰਾਨੀ ਦੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਬੈਂਕ ਨੂੰ ਵਸੂਲੀ ਕਰਨ ਦਾ ਆਦੇਸ਼ ਦਿੱਤਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਹੁਕਮ ਕਦੋਂ ਦਿੱਤਾ ਗਿਆ ਅਤੇ ਬਾਕੀ ਜੋ ਰੁਪਿਆ ਹੈ ਉਹ ਵਸੂਲੇ ਨਾ ਕੀਤੇ ਜਾਣ ਦੇ ਕੀ ਕਾਰਨ ਹੈ ? ਇਨ੍ਹਾਂ ਨੇ ਕਰਜ਼ਦਾਰ ਦਾ ਨਾ ਨਹੀਂ ਦੱਸਿਆ, ਕੀ ਉਸ ਦਾ ਨਾਂ ਦੱਸਣਗੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਉਸ ਦਾ ਨਾਂ ਨਹੀਂ ਦਸਿਆ ਜਾ ਸਕਦਾ। ਉਸ ਨੇ ਜਿਹੜਾ ਟਰੈਕਟਰ ਅਤੇ ਦੂਸਰੀਆਂ ਚੀਜ਼ਾਂ ਲਈ ਕਰਜ਼ਾ ਲਿਆ ਸੀ, ਉਸ ਦੀ ਰਿਕਵਰੀ ਦਾ ਨੋਟਿਸ, ਕਿਉਂਕਿ ਉਹ ਮਰ ਗਿਆ ਹੈ, ਉਸ ਦੇ ਵਾਰਸ ਨੂੰ ਦਿੱਤਾ ਗਿਆ ਹੈ। ਲੇਕਿਨ ਜਿੰਨੀ ਦੇਰ ਤੱਕ ਜ਼ਮੀਨ ਉਨ੍ਹਾਂ ਦੇ ਨਾਂ ਨਹੀਂ ਹੁੰਦੀ ਉਤਨੀ ਦੇਰ ਤੱਕ ਰਿਕਵਰੀ ਰੁਕੀ ਹੋਈ ਹੈ। ਖਿਆਲ ਹੈ ਕਿ ਜਲਦੀ ਹੀ ਜ਼ਮੀਨ ਉਸ ਦੇ ਵਾਰਸ ਦੇ ਨਾਮ ਹੋ ਜਾਵੇਗੀ ਅਤੇ ਫਿਰ ਉਸ ਦੀ ਵਸੂਲੀ ਸ਼ੁਰੂ ਹੋਵੇਗੀ।

ਸਰਦਾਰ ਦਲੀਪ ਸਿੰਘ ਪਾਧੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਨੇ ਕਿਹਾ ਹੈ ਕਿ ਬੈਂਕ ਦੇ ਅਸੂਲਾਂ ਨੂੰ ਮੁੱਖ ਰਖਦੇ ਹੋਏ ਕਰਜ਼ਦਾਰ ਦਾ ਨਾਂ ਦੱਸਣਾ ਉਚਿਤ ਨਹੀਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਕਾਨੂੰਨ ਦੀ ਐਸੀ ਧਾਰਾ ਹੈ ਜਿਹੜੀ ਇਨ੍ਹਾਂ ਨੂੰ ਰੋਕਦੀ ਹੈ ਕਿ ਡਿਫਾਲਟਰ ਦਾ ਨਾਂ ਹਾਊਸ ਵਿਚ ਨਹੀਂ ਦਸਿਆ ਜਾ ਸਕਦਾ ?

ਮੁੱਖ ਮੰਤਰੀ : ਬੈਂਕ ਦੇ ਰੂਲਜ਼ ਹਨ, ਜੇ ਮੈਂਬਰ ਸਾਹਿਬ ਉਨ੍ਹਾਂ ਨੂੰ ਪੜ੍ਹ ਲੈਂਦੇ ਤਾਂ ਇਨ੍ਹਾਂ ਨੂੰ ਪਤਾ ਲੱਗ ਜਾਂਦਾ। ਇਸ ਗੱਲ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਤਾਂ ਨਹੀਂ ਮਗਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਮਿਸਾਲ ਵਜੋਂ ਕੋਈ ਰੇਪ ਦਾ ਕੇਸ ਹੋ ਜਾਂਦਾ ਹੈ। ਕਈ ਵਾਰੀ ਅਜਿਹੇ ਸਵਾਲ ਨੂੰ ਇਥੇ ਉਠਾਉਣ ਨਾਲ ਜੋ ਬਦਨਾਮੀ ਉਸ ਪਰਿਵਾਰ ਦੀ ਹੋ ਜਾਂਦੀ ਹੈ ਸ਼ਾਇਦ ਉਸ ਦਾ ਮੁੜਕੇ ਕੁਝ ਨਹੀਂ ਕੀਤਾ ਜਾ ਸਕਦਾ। ਇਸ ਗਲ ਦਾ ਇਸ ਨਾਲ ਤੁਅੱਲਕ ਤਾਂ ਨਹੀਂ ਮਗਰ ਮੈਂ ਦੱਸ ਰਿਹਾਂ ਹਾਂ ਕਿ ਜੇ ਅਜਿਹਾ ਕੇਸ ਜੱਜ ਨੇ ਸੁਣਨਾ ਹੁੰਦਾ ਹੈ ਤਾਂ ਉਹ ਵੀ ਉਸ ਨੂੰ ਕੈਮਰੇ ਵਿਚ ਜਾ ਕੇ ਸੁਣਦਾ ਹੈ। ਜਿਸ ਨਾਲ ਜ਼ਿਆਦਤੀ ਹੋਈ ਹੁੰਦੀ ਹੈ, ਉਹ ਸਾਰੀ ਗਲ ਨਿਰੱਪਖ ਦੱਸ ਸਕੇ ਅਤੇ ਉਸ ਦਾ ਬਾਹਿਰ ਕੋਈ ਪਰਚਾਰ ਨਾ ਹੋਵੇ। ਇਸ ਲਈ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੇ ਅੱਜ ਕਿਸੇ ਦਾ ਨਾਂ ਲੈ ਲਿਆ ਜਾਵੇ ਭਾਵੇਂ ਉਹ ਡਿਫਾਲਟਰ ਹੈ, ਤਾਂ ਉਸ ਦੇ ਸਾਰੇ ਸੋਸ਼ਲ ਕੰਮ ਕਾਰ ਤੇ ਠੱਪਾ ਵੱਜ ਜਾਵੇਗਾ। ਇਸ ਲਈ ਉਸ ਦਾ ਨਾਂ ਦਸਣਾ ਉਚਿਤ ਨਹੀਂ ਹੈ।

ਸਰਦਾਰ ਅਵਤਾਰ ਸਿੰਘ ਗਟਵਾਲੀ : ਮੈਂ ਮੁੱਖ ਮੰਤਰੀ ਸ਼੍ਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪ੍ਰਾਇਮਰੀ ਲੈਂਡ ਮਾਰਟਗੇਜ ਬੈਂਕ, ਬਠਿੰਡਾ ਨੂੰ ਜ਼ਮੀਨਾਂ ਦੇ ਕਰਜ਼ੇ ਦੇਣ ਵਾਸਤੇ ਰਕਮ ਰਿਜ਼ਰਵ ਬੈਂਕ ਤੋਂ ਮਿਲੀ ਹੈ ਉਹ ਬੋਰਡ ਆਫ ਡਇਰੈਕਟਰਜ਼ ਨੇ ਮਿਲਕੇ ਸਾਂਝੀ ਉਡਾ ਦਿੱਤੀ ਹੈ। ਇਸ ਤਰ੍ਹਾਂ 2--3 ਸਾਲਾਂ ਵਾਸਤੇ ਲੋਕਾਂ ਨੂੰ ਕਰਜ਼ਾ ਨਹੀਂ ਮਿਲ ਸਕਦਾ। ਕੀ ਉਸ ਦੀ ਇਨਕੁਆਇਰੀ ਕਰਾਉਣਗੇ ?

ਮੁੱਖ ਮੰਤਰੀ : ਮੈਂ ਤਾਂ ਪਹਿਲਾਂ ਕਿਹਾ ਹੈ ਕਿ ਅਗਰ ਮੈਂਬਰ ਸਾਹਿਬਾਨ ਕਿਸੇ ਵੀ ਇੰਦੈਜ਼ਲ-ਮੈਂਟ ਦਾ ਕੇਸ, ਕਿਸੇ ਨੇ ਕੋਤਾਹੀ ਕੀਤੀ ਹੋਵੇ ਅਜਿਹਾ ਕੇਸ ਜਾਂ ਕਿਸੇ ਵੀ ਡਿਫਾਲਟਰ ਦਾ ਕੇਸ ਨੋਟਿਸ ਵਿਚ ਲਿਆਉਣਗੇ ਤਾਂ ਉਸ ਦੀ ਛਾਣ ਬੀਣ ਜ਼ਰੂਰ ਕੀਤੀ ਜਾਵੇਗੀ।

ਵੇਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਹੁਣੇ ਕਿਹਾ ਹੈ ਕਿ ਉਸ ਦਾ ਨਾਂ ਹਾਊਸ ਵਿਚ ਲੈਣਾ ਸ਼ੋਭਦਾ ਨਹੀਂ ਹੈ ਕਿਉਂਕਿ ਇਸ ਨਾਲ ਬਦਨਾਮੀ ਹੋ ਜਾਂਦੀ ਹੈ। ਜਿਹੜੇ ਲੋਕੀਂ ਲੈਂਡ ਮਾਰਟਗੇਜ ਬੈਂਕ ਜਾਂ ਦੂਸਰੇ ਬੈਂਕਾਂ ਤੋਂ ਕਰਜ਼ੇ ਲੈਂਦੇ ਹਨ, ਉਨ੍ਹਾਂ ਵਿਚੋਂ ਜਿਹੜੇ ਡੀਫਾਲਟਰਜ਼ ਹੁੰਦੇ ਹਨ ਉਨ੍ਹਾਂ ਦੇ ਨਾਂ ਅਖਬਾਰਾਂ ਵਿਚ ਆਉਂਦੇ ਹਨ ਅਤੇ ਉਨ੍ਹਾਂ ਦੇ ਪ੍ਰਵਾਰ ਦਾ ਨਾਂ ਵੀ ਆਉਂਦਾ ਹੈ। ਇਸ ਦੇ ਵਿਚ ਬਦਨਾਮੀ ਦੀ ਕੀ ਗੱਲ ਹੈ ? ਰਜਿਸਟਰਾਰ ਸਾਹਿਬ ਨੂੰ ਲਿਖਿਆ ਜਾਂਦਾ ਹੈ ਕਿ ਉਹ ਇਸ ਦੇ ਖਿਲਾਫ ਐਕਸ਼ਨ ਲਵੇ। (ਵਿਘਨ) ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਦਾ ਨਾਂ ਦੱਸਣ ਵਿਚ ਕੀ ਹਰਜ਼ ਹੈ ? (ਵਿਘਨ) ਹਮੇਸ਼ਾ ਨਾਂ ਦੱਸਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਮੇਰੀ ਅਰਜ਼ ਹੈ ਕਿ ਇਸ ਦੇ ਵਿਚ ਗੁੱਸੇ ਵਾਲੀ ਕੋਈ ਗੱਲ ਨਹੀਂ ਹੈ। ਸਿਰਫ ਮੈਂ ਤਾਂ ਇੰਨੀ ਹੀ ਅਰਜ਼ ਕੀਤੀ ਸੀ ਕਿ ਨਾਂ ਲੈਣਾ ਠੀਕ ਨਹੀਂ । ਜੇ ਤੁਸੀਂ ਉਸ ਦਾ ਨਾਂ ਪੁੱਛਣ ਵਿਚ ਇਨਟ੍ਰੈਸਟਿਡ ਹੋ ਤਾਂ ਨਾਂ ਵੀ ਦੱਸ ਸਕਦੇ ਹਾਂ। ਪਰ ਨਾਂ ਦੱਸਣ ਨਾਲ ਸ਼ਾਇਦ ਸਾਨੂੰ ਤਾਂ ਕੋਈ ਫਾਇਦਾ ਨਹੀਂ ਹੋਵੇਗਾ ਪਰ ਉਸ ਨੂੰ ਜ਼ਰੂਰ ਨੁਕਸਾਨ ਹੋ ਜਾਵੇਗਾ। ਉਹ ਬੰਦਾ ਮਰ ਚੁੱਕਾ ਹੈ । (ਵਿਘਨ) ਉਸ ਦਾ ਫੈਸਲਾ ਕਰਾਂਗੇ , ਜੇ ਫੈਸਲਾ ਨਾਂ ਕਰਾਂਗੇ ਤਾਂ ਫਿਰ ਪੁੱਛ ਲੈਣਾ।

ਵੈਦ ਕਰਤਾਰ ਸਿੰਘ : ਅਖਬਾਰਾਂ ਦੇ ਵਿਚ ਡਿਫਾਲਟਰਜ਼ ਦਾ ਨਾਂ ਲਿਖਿਆ ਜਾਂਦਾ ਹੈ । (ਵਿਘਨ) ਹਾਉਸ ਵਿਚ ਨਾਂ ਨਾ ਦੱਸਣ ਦੇ ਕੀ ਕਾਰਨ ਹਨ ? (ਵਿਘਨ)

ਸ਼੍ਰੀ ਸਪੀਕਰ : ਇਹ ਲਾਅ ਦਾ ਪ੍ਰੋਸੀਜਰ ਹੈ। (ਵਿਘਨ)

ਸਰਦਾਰ ਸਰਵਣ ਸਿੰਘ ਫਿਲੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਚੀਫ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੈਂਕ ਜਿਹੜਾ ਹੈ ਉਹ ਫਾਰਮਰਜ਼ ਨੂੰ ਇੰਜਣ ਲੈਣ ਵਾਸਤੇ ਜਾਂ ਮੋਟਰ ਲੈਣ ਵਾਸਤੇ ਕਰਜ਼ੇ ਮਨਜ਼ੂਰ ਕਰ ਦਿੰਦਾ ਹੈ ਲੇਕਿਨ ਜਿਹੜੇ ਪ੍ਰਾਇਮਰੀ ਬੈਂਕਸ ਹਨ ਉਹ ਫਾਰਮਰਜ਼ ਨੂੰ ਕਮਪੈਲ ਕਰਦੇ ਹਨ ਕਿ ਉਹ ਫਲਾਣੀ ਦੁਕਾਨ ਤੋਂ ਸੌਦਾ ਜਾਂ ਇਹ ਮਾਲ ਖਰੀਦੇ ਕਿਉਂਕਿ ਉਨ੍ਹਾਂ ਦੀ ਕੋਈ ਕਮਿਸ਼ਨ ਵਗੈਰਾ ਇਸ ਦੇ ਵਿਚ ਬੰਨੀ ਹੁੰਦੀ ਹੈ। ਕਿਸਾਨ ਅਗੇ ਹੀ ਬਹੁਤ ਗਰੀਬ ਹੈ ਅਤੇ ਗਰੀਬ ਹੋਣ ਕਰਕੇ ਹੀ ਉਹ ਕਰਜ਼ਾ ਲੈਂਦਾ ਹੈ। ਜੇ ਉਹ ਕਰਜ਼ਾ ਲੈਂਦਾ ਹੈ ਤਾਂ ਉਸ ਦੀ ਇਸ ਤਰਾਂ ਐਕਸਪਲਾਇਟੇਸ਼ਨ ਹੁੰਦੀ ਹੈ। ਕੀ ਚੀਫ ਮਨਿਸਟਰ ਸਾਹਿਬ ਇਸ ਐਕਸਪਲਾਇਟੇਸ਼ਨ ਨੂੰ ਰੋਕਣ ਲਈ ਕੋਈ ਕਦਮ ਚੁਕਣਗੇ ?

ਮੁੱਖ ਮੰਤਰੀ : ਮੈਨੂੰ ਇਸ ਗੱਲ ਦਾ ਨਹੀਂ ਪਤਾ ਜੇ ਤੁਹਾਡੇ ਨੋਟਿਸ ਵਿਚ ਐਸੀ ਕੋਈ ਚੀਜ਼ ਹੈ ਤਾਂ ਤੁਸੀਂ ਸਾਨੂੰ ਜ਼ਰੂਰ ਦਸੋ (ਵਿਘਨ)

ਕੁੱਝ ਆਵਾਜ਼ਾਂ : ਇਹ ਸਾਰੇ ਹੀ ਬੈਂਕ ਇਸ ਤਰ੍ਹਾਂ ਕਰਦੇ ਹਨ।

ਇੱਕ ਹੋਰ ਆਵਾਜ਼ :ਇਹ ਰਜਿਸਟਰਾਰ ਸਾਹਿਬ ਦਾ ਹੁਕਮ ਹੈ।

ਮੁੱਖ ਮੰਤਰੀ : ਰਜਿਸਟਰਾਰ ਸਾਹਿਬ ਦਾ ਇਹੋ ਜਿਹਾ ਹੁਕਮ ਕਿਸੇ ਨੇ ਨਹੀਂ ਮੰਨਣਾ। ਜਿਹੜਾ ਕਿਸ਼ਾਨ ਕਰਜ਼ਾ ਲੈਂਦਾ ਹੈ ਉਸ ਦੀ ਯੂਟੇਲਾਈਜ਼ੇਸ਼ਨ ਉਸ ਨੇ ਆਪ ਦੇਖਣੀ ਹੈ। ਜੇ ਕੋਈ ਐਸਾ ਰੂਲ ਬਣਿਆ ਹੈ ਜਿਸ ਕਾਰਣ ਇਸ ਗੱਲ ਦੇ ਲਈ ਮਜ਼ਬੂਰ ਕੀਤਾ ਜਾਂਦਾ ਹੈ ਤਾਂ ਉਹ ਰੂਲ ਇਮੂਵ ਕਰ ਦਿੱਤਾ ਜਾਵੇਗਾ। (ਥੰਪਿੰਗ)

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਇਲਾਕਿਆਂ ਦੇ ਵਿਚ ਸੋਕੇ ਦੇ ਕਾਰਨ ਫਸਲ ਦੀ ਬਰਬਾਦੀ ਹੋ ਗਈ ਸੀ ਅਤੇ ਹੁਣ ਹੜ੍ਹਾਂ ਕਾਰਨ ਫਸਲ ਦੀ ਬਰਬਾਦੀ ਹੋਈ ਹੈ ਕੀ ਉਨ੍ਹਾਂ ਇਲਾਕਿਆਂ ਦੇ ਲੋਕਾਂ ਦੇ ਕਰਜ਼ਿਆਂ ਦੀਆਂ ਕਿਸਤਾਂ ਅਗੇ ਪਾਉਣ ਜਾਂ ਕਰਜ਼ੇ ਮੁਆਫ ਕਰਨ ਲਈ ਕੋਈ ਵਿਚਾਰ ਕਰ ਰਹੇ ਹਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਵੈਸੇ ਇਹ ਸਪਲੀਮੈਂਟਰੀ ਇਸ ਸਵਾਲ ਨਾਲ ਤਾਂ ਜੁੜਦਾ ਨਹੀਂ ਹੈ। ਜੇ ਇਹ ਮਲੌਮਲੀ ਜੋੜਨਾ ਚਾਹੁੰਦੇ ਹਨ ਤਾਂ ਇਸ ਦਾ ਜਵਾਬ ਇਹ ਹੈ ਕਿ ਅਗਰ ਸੋਕੇ ਜਾਂ ਹੜ੍ਹਾਂ ਨਾਲ ਕਿਧਰੇ ਕੋਈ ਨੁਕਸਾਨ ਹੋਇਆ ਹੈ ਤਾਂ ਇਹ ਨੋਟਿਸ ਵਿਚ ਲਿਆ ਦੇਣ, ਹਮਦਰਦੀ ਨਾਲ ਹੀ ਗੌਰ ਕਰਾਂਗੇ।

Original with;
Punjab Vidhan Sabha
Digitized by;
Panjab Digital Library

ਅਧਿਆਪਕਾਂ ਦੇ ਬੱਚਿਆਂ ਨੂੰ ਫ਼ੀਸ ਵਿਚ ਰਿਆਇਤ ਦੇਣ ਲਈ ਉਨ੍ਹਾਂ ਦੀਆਂ ਮੁਢਲੀ ਤਨਖਾਵਾਂ ਦੀ ਹੱਦ ਵਧਾਉਣਾ

*59. **ਮਾਸਟਰ ਬਾਬੂ ਸਿੰਘ** (ਕਾਮਰੇਡ ਬਲਦੇਵ ਸਿੰਘ ਲੂੰਬਾ ਵਲੋਂ ਪੇਸ਼ ਕੀਤਾ ਗਿਆ) : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਕੀ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਹੋਣ ਦੇ ਫਲਸਰੂਪ ਹਾਲ ਹੀ ਵਿਚ ਅਧਿਆਪਕਾਂ ਦੇ ਸਕੇਲਾਂ ਵਿਚ ਸੋਧ ਕਰਨ ਨਾਲ ਹੋਰ ਵਾਧਾ ਹੋ ਜਾਣ ਦੇ ਮੱਦੇ ਨਜ਼ਰ ਉਨ੍ਹਾਂ ਦੇ ਬੱਚਿਆਂ ਨੂੰ ਫੀਸਾਂ ਵਿਚ ਰਿਆਇਤ ਦੇਣ ਸਬੰਧੀ ਉਨ੍ਹਾਂ ਦੀ ਬੇਸਿਕ ਤਨਖਾਹ ਦੀ ਹੱਦ 250 ਰੁਪਏ ਤੋਂ 850 ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਵਿਦਿਅਕ ਸਾਲਾਂ 1978-79, 1979-80 ਅਤੇ 1980-81 (ਹੁਣ ਤੱਕ) ਦੇ ਦੌਰਾਨ ਰਾਜ ਦੇ ਸਰਕਾਰੀ ਸਕੂਲਾਂ ਵਿਚ ਜ਼ਿਲ੍ਹੇਵਾਰ ਅਧਿਆਪਕਾਂ ਦੇ ਕੁੱਲ ਕਿੰਨੇ ਕਿੰਨੇ ਬੱਚੇ ਨੌਵੀਂ, ਦਸਵੀਂ ਅਤੇ ਗਿਆਰਵੀਂ ਦੀਆਂ ਜਮਾਤਾਂ ਵਿਚ ਦਾਖਲ ਹੋਏ ;

(ਏ) ਉਪਰੋਕਤ ਭਾਗ (ਅ) ਵਿਚ ਵਰਣਿਤ ਵਿਦਿਆਰਥੀਆਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜਿਹੀ ਫੀਸ ਵਿਚ ਰਿਆਇਤ ਦਾ ਫਾਇਦਾ ਦਿੱਤਾ ਗਿਆ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਹਾਂ ਜੀ।

(ਅ) ਅਤੇ (ਏ) ਫੀਲਡ ਤੋਂ ਇਤਨੀ ਜ਼ਿਆਦਾ ਸੂਚਨਾਂ ਇਕੱਤਰ ਕਰਨ ਉਤੇ ਜਿਤਨੀ ਮਿਹਨਤ ਅਤੇ ਸਮਾਂ ਖਰਚ ਹੋਵੇਗਾ ਉਤਨਾਂ ਉਹ ਲੋਕ ਹਿੱਤ ਅਤੇ ਲਾਭ ਦੇ ਅਨਕੂਲ ਨਹੀਂ ਹੋਵੇਗਾ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਹੁਣ ਇਹ ਜਿਹੜੀ ਪੇ ਕਮਿਸ਼ਨ ਦੀ ਰਿਪੋਰਟ ਆਈ ਹੈ ਅਤੇ ਗਰੇਡ ਲਾਗੂ ਹੋਏ ਹਨ ਉਸ ਦੇ ਮੁਤਾਬਿਕ ਬੇਸਿਕ ਪੇ ਵਿਚ ਡੀ.ਏ. ਪਾ ਕੇ ਬੇਸਿਕ ਪੇ ਫਿਕਸ ਹੋਈ ਹੈ ਅਤੇ ਇਸ ਤਰ੍ਹਾਂ ਬੇਸਿਕ ਪੇ ਜਿਹੜੀ ਹੈ ਉਹ ਜ਼ਿਆਦਾ ਹੋ ਗਈ ਹੈ। ਜਿਹੜੀ ਫੀਸ ਮੁਆਫੀ ਵਾਸਤੇ 6 ਹਜ਼ਾਰ ਰੁਪਏ ਦੀ ਇਨਕਮ ਦੀ ਹੱਦ ਹੈ ਇਹ ਆਮਦਨ ਤਾਂ ਹੁਣ ਕਲਾਸ ਫੋਰ ਦੀ ਹੋ ਜਾਂਦੀ ਹੈ ਜਿਸ ਕਰਕੇ ਇਨ੍ਹਾਂ ਟੀਚਰਾਂ ਦੇ ਬੱਚਿਆਂ ਦੀਆਂ ਫੀਸਾਂ ਮੁਆਫ਼ ਨਹੀਂ ਹੋਣੀਆਂ। ਪਿੰਡਾਂ ਵਿਚ ਧਨੀ ਲੋਕ ਜੋ ਹਨ ਉਹ ਗਲਤ ਹਲਫੀਆ ਬਿਆਨ ਦੇ ਕੇ ਆਪਣੇ ਬੱਚਿਆਂ ਦੀਆਂ ਫੀਸਾਂ ਮੁਆਫ਼ ਕਰਵਾ ਲੈਂਦੇ ਹਨ। ਮਗਰ ਇਹ ਲਿਮਿਟ ਘੱਟ ਹੋਣ ਕਾਰਨ, ਕਿਉਂਕਿ ਅੱਜ ਕੱਲ ਟੀਚਰਾਂ ਦੀ ਬੇਸਿਕ ਪੇ ਵੱਧ ਗਈ ਹੈ, ਉਨ੍ਹਾਂ ਦੇ ਬੱਚਿਆਂ ਦੀ ਫੀਸ ਮੁਆਫ਼ ਨਹੀਂ ਹੁੰਦੀ। ਕੀ ਵਜ਼ੀਰ ਸਾਹਿਬ ਕੋਈ ਲਿਮਿਟ ਇਸ ਤੋਂ ਵਧਾਉਣਗੇ ਤਾਂਕਿ ਉਨ੍ਹਾਂ ਦੇ ਬੱਚਿਆਂ ਦੀ ਫੀਸ ਮੁਆਫ਼ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਜਿਹੜੀ ਇਨ੍ਹਾਂ ਨੇ ਇਹ ਇਨਫਰਮੇਸ਼ਨ ਦਿੱਤੀ ਹੈ ਕਿ 6 ਹਜ਼ਾਰ ਰੁਪਏ ਦੀ ਲਿਮਿਟ ਹੈ ਉਹ ਇਨ੍ਹਾਂ ਨੇ ਰੌਂਗ ਇਨਫਰਮੇਸ਼ਨ ਦਿੱਤੀ ਹੈ। ਸਿਰਫ 3 ਹਜ਼ਾਰ ਰੁਪਏ ਦੀ ਲਿਮਿਟ ਹੈ ਯਾਨੀ 250 ਰੁਪਏ ਮਹੀਨਾ।

ਦੂਸਰੀ ਅਰਜ਼ ਇਹ ਹੈ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਤਨਖਾਹਾਂ ਦੇ ਗਰੇਡ ਵਧੱਣ ਕਾਰਨ ਇਸ ਲਿਮਿਟ ਦੇ ਵਿਚ ਸੋਧ ਹੋਣੀ ਚਾਹੀਦੀ ਹੈ। ਇਸ ਦੇ ਲਈ ਮੈਂ ਪਹਿਲਾਂ ਹੀ ਜਵਾਬ ਵਿਚ ਕਹਿ ਚੁੱਕਾ ਹਾਂ ਕਿ ਇਹ ਵਿਚਾਰ ਅਧੀਨ ਹੈ। ਸਪੀਕਰ ਸਾਹਿਬ, ਮੈਂ ਹਾਊਸ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਹ ਗੌਰਮਿੰਟ ਬਣੀ ਤਾਂ ਸਾਰਿਆਂ ਨਾਲੋਂ ਪਹਿਲਾਂ ਇਸ ਗੱਲ ਦਾ ਇਸ ਨੇ ਧਿਆਨ ਕੀਤਾ ਕਿ ਕਿਉਂਕਿ ਇਨ੍ਹਾਂ ਟੀਚਰਜ਼ ਦੀਆਂ ਤਨਖਾਹਾਂ ਵੱਧ ਗਈਆਂ ਹਨ ਅਤੇ 250 ਰੁਪਏ ਦੀ

Original with;
Punjab Vidhan Sabha
Digitized by:
Panjab Digital Library

ਲਿਮਿਟ ਨਾਲ ਟੀਚਰਜ਼ ਕੱਵਰ ਨਹੀਂ ਹੁੰਦੇ, ਇਸ ਲਈ ਇਸ ਤੇ ਦੁਬਾਰਾ ਵਿਚਾਰ ਕੀਤਾ ਜਾ ਰਿਹਾ ਹੈ।

ਸਪੀਕਰ ਸਾਹਿਬ, ਮੈਂ ਹਾਊਸ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਫੀ ਕਨਸੈਸ਼ਨ ਕਾਂਗਰਸ ਰਿਜੀਮ ਵਿਚ ਹੀ ਦਿੱਤਾ ਗਿਆ ਸੀ ਅਤੇ ਜਦੋਂ 1965 ਵਿਚ ਲਿਮਿਟ ਵਧਾਈ ਤਾਂ ਵੀ ਕਾਂਗਰਸ ਰਿਜੀਮ ਹੀ ਸੀ ਅੱਤੇ ਹੁਣ ਜੋ ਟੀਚਰਾਂ ਦੇ ਹਿੱਤ ਵਿਚ ਕੀਤਾ ਹੈ ਉਹ ਵੀ ਕਾਂਗਰਸ ਰਿਜੀਮ ਵਿਚ ਹੀ ਕੀਤਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਇਹ ਤਾਂ ਵਜ਼ੀਰ ਸਾਹਿਬ ਨੇ ਚੰਗੀ ਗੱਲ ਕੀਤੀ ਹੈ ਕਿ ਜਵਾਬ 'ਹਾਂ ਜੀ' ਵਿਚ ਦਿੱਤਾ ਹੈ, 'ਨਹੀਂ ਜੀ' ਨਹੀਂ ਕਿਹਾ। ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ 'ਹਾਂ ਜੀ' ਕਿੰਨਾਂ ਕੁ ਚਿਰ ਰਹਿਣੀ ਹੈ, ਕੀ ਇਹ ਕੋਈ ਟਾਈਮ ਲਿਮਿਟ ਮੁਕੱਰਰ ਕਰਨਗੇ, 2 ਮਹੀਨੇ, 3 ਮਹੀਨੇ ਜਾਂ 4 ਮਹੀਨੇ, ਕਿਉਂਕਿ ਨੁਕਸਾਨ ਤਾਂ ਉਨ੍ਹਾਂ ਨੂੰ ਲਗਾਤਾਰ ਹੋ ਰਿਹਾ ਹੈ। ਕੀ ਵਜ਼ੀਰ ਸਾਹਿਬ ਕੋਈ ਟਾਈਮ ਦੱਸਣਗੇ ਕਿ ਇੰਨੇ ਚਿਰ ਵਿਚ ਇਹ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਜਵਾਬ ਵਿਚ ਮੈਂ ਕੇਵਲ ਇੰਨੀ ਅਰਜ਼ ਹੀ ਕਰਾਂਗਾ ਕਿ ਇਹ ਜਿਹੜਾ ਸਵਾਲ ਹੈ ਇਸ ਨੂੰ ਅਸੀਂ ਪ੍ਰਾਇਰਿਟੀ ਦੇ ਰਹੇ ਹਾਂ ਅਤੇ ਇਸ ਦਾ ਫੈਸਲਾ ਬਹੁਤ ਜਲਦੀ ਕਰਨ ਦਾ ਯਤਨ ਕਰਾਂਗੇ ਕਿ ਇਹ ਜਿਹੜੀ ਲਿਮਿਟ ਹੈ ਇਹ ਅਸੀਂ ਜ਼ਰੂਰ ਵਧਾਈਏ ਤਾਂਕਿ ਟੀਚਰਜ਼ ਜਿਹੜੇ ਹਨ ਉਨ੍ਹਾਂ ਦੇ ਬੱਚਿਆਂ ਨੂੰ ਅਸੀਂ ਮੁਫ਼ਤ ਤਾਲੀਮ ਦੇ ਸਕੀਏ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਟੀਚਰਜ਼ ਦੇ ਗਰੇਡ 1 ਜਨਵਰੀ, 1978 ਤੋਂ ਰਿਵਾਈਜ਼ ਕੀਤੇ ਗਏ ਹਨ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜਾ ਨਵਾਂ ਕਨਸੈਸ਼ਨ ਦੇਣਗੇ ਇਸ ਪੱਖ ਨੂੰ ਵੀ ਸਾਹਮਣੇ ਰੱਖ ਕੇ ਦੇਣਗੇ ਕਿਉਂਕਿ ਉਨ੍ਹਾਂ ਦੀ ਤਨਖਾਹ ਜਿਸ ਡੇਟ ਤੋਂ ਵੱਧੀ ਹੈ ਉਨ੍ਹਾਂ ਤੋਂ ਰੀਆਲਾਈਜ਼ੇਸ਼ਨ ਹੋ ਸਕਦੀ ਹੈ। ਕੀ ਵਜ਼ੀਰ ਸਾਹਿਬ ਇਹ ਲਿਮਿਟ ਵਧਾਉਣ ਵੇਲੇ ਇਸ ਪੱਖ ਨੂੰ ਵੀ ਸਾਹਮਣੇ ਰੱਖ ਕੇ ਫੈਸਲਾ ਲੈਣਗੇ ?

ਮੰਤਰੀ: ਸਪੀਕਰ ਸਾਹਿਬ, ਇਹ ਤਾਂ ਪੱਖ ਦੇਖਿਆ ਜਾ ਸਕਦਾ ਹੈ। ਲੇਕਿਨ ਹਰ ਚੀਜ਼ ਦੀ ਪ੍ਰੈਕਟੀਕਲ ਐਪਰੋਚ ਹੋਣੀ ਚਾਹੀਦੀ ਹੈ। ਜਦੋਂ ਕੋਈ ਚੀਜ਼ ਵਧਾਈ ਜਾਵੇ ਆਮ ਤੌਰ ਤੇ ਉਸੇ ਡੇਟ ਤੋਂ ਲਾਗੂ ਹੁੰਦੀ ਹੈ। ਜਿਸ ਵੇਲੇ ਸੋਧ ਹੋਵੇਗੀ ਉਸ ਵੇਲੇ ਇਸ ਪੱਖ ਨੂੰ ਦੇਖ ਲਿਆ ਜਾਵੇਗਾ। ਪਰ ਮੈਂ ਹਾਊਸ ਨੂੰ ਨਾ ਐਸ਼ੋਰੈਂਸ ਦੇ ਸਕਦਾ ਹਾਂ ਅਤੇ ਨਾ ਹੀ ਮੈਂ ਇਹ ਚੀਜ਼ ਰੂਲ ਆਊਟ ਕਰਦਾ ਹਾਂ। ਇਸ ਤੇ ਵਿਚਾਰ ਕਰ ਲਿਆ ਜਾਵੇਗਾ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ... (ਵਿਘਨ)

ਸ਼੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਕਿ ਉਹ ਇਹ ਪੱਖ ਵੀ ਵਿਚਾਰ ਲੈਣਗੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਟੀਚਰਜ਼ ਦੀ ਜਿਹੜੀ ਬੇਸਿਕ ਪੇ ਦੀ ਲਿਮਿਟ ਥੋੜ੍ਹੀ ਹੈ ਉਸ ਦੇ ਵਿਚ ਸੋਧ ਕੀਤੀ ਜਾਵੇਗੀ। ਲੇਕਿਨ ਮੈਂ ਚਾਹੁੰਦਾ ਹਾਂ ਕਿ ਇਸ ਦੇ ਵਿਚ ਇਕ ਐਡੀਸ਼ਨ ਕੀਤੀ ਜਾਵੇ ਕਿ ਸ਼ਡਿਊਲਡ ਕਾਸਟਸ ਜਿਹੜੇ ਅਸਲ ਮਾਅਨਿਆਂ ਵਿਚ ਔਨ ਕਾਸਟ ਬੇਸਿਜ਼ ਇਸ ਦੇ ਹੱਕਦਾਰ ਹਨ, ਜਿਨ੍ਹਾਂ ਨੂੰ ਜਾਤੀ ਦੇ ਤੌਰ ਤੇ ਰਿਆਇਤਾਂ ਦਿੱਤੀਆਂ ਗਈਆਂ ਹਨ ਅਤੇ ਜਿਹੜੇ ਜਾਤੀ ਦੇ ਤੌਰ ਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਥੜੇ ਪਿੱਛੇ ਹਨ, ਪਰ ਤੁਸੀਂ ਲਿਮਿਟ ਰਖ ਦਿੱਤੀ ਹੈ ਫੀਸ ਮੁਆਫੀ ਲਈ 6-7 ਹਜ਼ਾਰ ਰੁਪਿਆ। ਉਨ੍ਹਾਂ ਦੀਆਂ ਤਨਖਾਹਾਂ ਵੱਧ ਗਈਆਂ ਹਨ ਅਤੇ ਜਿਹੜੇ ਛੋਟੇ ਛੋਟੇ ਮੁਲਾਜ਼ਮ ਹਨ ਉਨ੍ਹਾਂ ਵਾਸਤੇ ਇਹ ਲਿਮਿਟ ਹੁਣ ਕਾਫੀ ਨਹੀਂ ਹੈ। ਕੀ ਵਜ਼ੀਰ ਸਾਹਿਬ, ਘਟੋ ਘੱਟ ਲਿਮਿਟ 10 ਹਜ਼ਾਰ ਰੁਪਿਆ ਕੀਤੀ ਜਾਵੇ, ਇਸ ਤੇ ਕੋਈ ਵਿਚਾਰ ਕਰਨਗੇ ?

ਮੰਤਰੀ : ਜਦੋਂ ਸਾਰੀ ਵਿਚਾਰ ਕੀਤੀ ਜਾਵੇਗੀ ਉਦੋਂ ਇਹ ਪੱਖ ਵੀ ਵਿਚ ਆ ਜਾਵੇਗਾ।

Proposal to dig out a new Minor named Akalia Minor from Distributary Rauta, Abohar Branch of Sarhind Canal

*123. **1. Comrade Saghar Singh**
2. Comrade Sarwan Singh } : Will the Chief Minister be pleased to state:—

(a) whether there is any proposal under the consideration of the Government to dig out a new minor named Akalia Minor from Distributary Rauta, Abohar Branch of Sarhind Canal ; if so, the present position thereof ;

(b) the time by which the said minor is likely to be completed ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ। ਸਕੀਮ ਵਿਚਾਰ ਅਧੀਨ ਹੈ।

(ਅ) ਜੇਕਰ ਇਹ ਸਕੀਮ ਤਕਨੀਕੀ ਪੱਖੋਂ ਸੰਭਵ ਹੋਈ ਤਾਂ ਇਸ ਨੂੰ ਫੰਡਜ਼ ਮਿਲਣ ਉਪਰੰਤ ਉਸਾਰੀ ਲਈ ਹੱਥ ਵਿਚ ਲਿਆ ਜਾਵੇਗਾ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਇਸ ਸੂਏ ਵਾਸਤੇ ਨਵੰਬਰ, 1979 ਵਿਚ ਸਰਵੇ ਹੋਇਆ ਸੀ। ਇਥੇ ਉਸ ਵੇਲੇ ਅਕਾਲੀ ਵੀਰਾਂ ਦੀ ਸਰਕਾਰ ਸੀ ਅਤੇ ਹੁਣ ਕਾਂਗਰਸ ਭਰਾਵਾਂ ਦੀ ਸਰਕਾਰ ਆ ਗਈ ਹੈ। ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਫੰਡਜ਼ ਆਉਣ ਤੇ ਬਣਾ ਦਿਆਂਗੇ। ਕੀ ਇਹ ਇਸ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਇਹ ਕਦੋਂ ਤੱਕ ਬਣ ਜਾਏਗੀ ? ਮੇਰੇ ਪਿੰਡ ਤੋਂ ਪਖਰਵਿੰਡ ਪਿੰਡ ਹੈ, ਉਹ ਬਰਾਨੀ ਇਲਾਕਾ ਹੈ। ਉਥੇ ਪਾਣੀ ਦੀ ਬੜੀ ਲੋੜ ਹੈ।

ਮੁੱਖ ਮੰਤਰੀ : ਇਹ ਜਿਹੜੀ ਸਕੀਮ ਹੈ ਇਹ ਡਿਵੀਜ਼ਨਲ/ਸਰਕਲ ਲੈਵਲ ਤੇ ਹੈ। ਇਸ ਨੂੰ ਟੈਕਨੀਕਲੀ ਅੰਦਰ ਫਿਜ਼ੀਕਲੀ ਵੇਖ ਰਹੇ ਹਾਂ, ਉਸ ਦੇ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ। ਅਸੀਂ ਥੋਹੀ ਇਲਾਕਾ ਇਸ ਕਰਕੇ ਨਹੀਂ ਛੱਡਣਾ ਕਿ ਉਹ ਰੇਤਲਾ ਹੈ ਜਾਂ ਉਥੇ ਡੂਮਜ਼ ਹਨ। ਕੋਸ਼ਿਸ਼ ਕਰਾਂਗੇ ਕਿ ਆਉਣ ਵਾਲੇ ਸਮੇਂ ਵਿਚ ਇਸ ਨੂੰ ਅਕਾਮੋਡੇਟ ਕੀਤਾ ਜਾਵੇ।

Priority for Tube-well connections

***106. Shri Balmukand Sharma :** Will the Chief Minister be pleased to state whether there is any scheme under the consideration of the Government to give priority for Tube-well connection for reclamation of Kallar Land in district Ferozepur ; if so, the details of the scheme ?

Original with;
Punjab Vidhan Sabha
Digitized by:
Panjab Digital Library

ਸਰਦਾਰ ਦਰਬਾਰਾ ਸਿੰਘ : ਸਮੁੱਚੇ ਰਾਜ ਵਿੱਚ ਕੱਲਰ ਭੂਮੀ ਲਈ ਟਿਊਬਵੈਲ ਕੁਨੈਕਸ਼ਨ ਪਹਿਲਾਂ ਹੀ ਪਹਿਲ ਦੇ ਆਧਾਰ ਤੇ ਮਿਲਣਯੋਗ ਹਨ ਬਸ਼ਰਤੇ ਕਿ ਭਾਵੀ ਖਪਤਕਾਰ ਹੇਠ ਲਿੱਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ;—

1. ਜਿਥੇ ਟਿਊਬਵੈਲ ਕੁਨੈਕਸ਼ਨ ਲਾਉਣਾ ਹੈ, ਉਹ ਜ਼ਮੀਨ ਉਸ ਦੇ ਨਾਂ ਹੋਵੇ ।

2. ਉਹ ਮੁੱਖ ਖੇਤੀਬਾੜੀ ਅਫ਼ਸਰ ਤੋਂ ਲੈ ਕੇ ਇਕ ਸਰਟੀਫਿਕੇਟ ਪੇਸ਼ ਕਰੇ ਕਿ ਪਾਵਰ ਕੁਨੈਕਸ਼ਨ ਅਸਲ ਵਿੱਚ ਕੱਲਰ ਭੂਮੀ ਦੀ ਰੀਕਲਾਮੇਸ਼ਨ ਲਈ ਹੀ ਲੋੜੀਂਦਾ ਹੈ ।

3. ਉਹ ਇਸ ਬਾਰੇ ਇਕ ਅੰਡਰਟੇਕਿੰਗ ਦੇਵੇ ਕਿ ਪਹਿਲੇ ਪੰਜ ਸਾਲਾਂ ਦੇ ਅੰਦਰ ਅੰਦਰ ਭੂਮੀ ਦੇ ਵੇਚਣ, ਪੱਟੇ ਤੇ ਦੇਣ ਜਾਂ ਮੁੰਤਕਿਲ ਕਰਣ ਦੀ ਸ਼ਕਲ ਵਿੱਚ ਪਹਿਲ ਦੀ ਕੀਤੀ ਗਈ ਕੁਵਰਤੋਂ ਵਜੋਂ ਉਸ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ ।

ਸ਼੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹਵਾਂਗਾ ਕਿ ਇਹ ਜਿਹੜੇ ਕੁਨੈਕਸ਼ਨਜ਼ ਰਿਕਲਾਮੇਸ਼ਨ ਆਫ਼ ਕੱਲਰ ਲੈਂਡ ਵਾਸਤੇ ਦੇਣੇ ਹਨ ਇਸ ਦੇ ਕੇਸਿਜ਼ ਬਹੁਤ ਸਾਰੇ ਪੈਂਡਿੰਗ ਪਏ ਹਨ ਅੱਰ ਲੋਕਾਂ ਨੂੰ ਮਿਲ ਨਹੀਂ ਰਹੇ। ਸਾਡੇ ਕੋਲ ਯੂ.ਬੀ.ਡੀ. ਕੈਨਾਲ ਹੈ ਉਸ ਦਾ ਸਾਰਾ ਪਾਣੀ ਪਾਕਿਸਤਾਨ ਵਿਚ ਜਾ ਰਿਹਾ ਹੈ। ਅਗਰ ਉਹ ਪਾਣੀ ਅਸੀਂ ਆਪਣੇ ਇਲਾਕੇ ਵਿਚ ਯੂਜ਼ ਕਰ ਲਈਏ ਤਾਂ ਸਾਡੇ ਕੋਲ ਕਾਫੀ ਇਲੈਕਟ੍ਰਿਸਿਟੀ ਵੱਧ ਜਾਏਗੀ। ਇਸ ਕੰਮ ਲਈ ਅਗਰ ਕੋਈ ਸਕੀਮ ਵਿਚਾਰ ਅਧੀਨ ਹੋਵੇ ਤਾਂ ਦੱਸ ਦੇਣ।

ਮੁੱਖ ਮੰਤਰੀ : ਇਹ ਅੱਛੀ ਸੁਜੈਸ਼ਨ ਹੈ, ਅਸੀਂ ਵੇਖ ਲਵਾਂਗੇ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਵੇਲੇ ਫੈਸਲਾ ਕੀਤਾ ਗਿਆ ਸੀ ਕਿ ਵੱਧ ਅਨਾਜ ਪੈਦਾ ਕਰਨ ਦੀ ਮੁਹਿੰਮ ਨੂੰ ਅਗੇ ਲਿਜਾਣ ਲਈ ਜਿਥੇ ਕੇਬਲ ਲਾ ਕੇ ਕੁਨੈਕਸ਼ਨ ਦਿੱਤੇ ਜਾ ਸਕਦੇ ਹਨ ਉਥੇ ਕੇਬਲ ਲਾਈ ਜਾਵੇ ਅੱਰ ਜਿਥੇ ਇਕ ਖੰਬਾ ਲਗਾ ਕੇ ਕੁਨੈਕਸ਼ਨ ਦਿੱਤੇ ਜਾ ਸ਼ਕਦੇ ਹਨ ਉਥੇ ਖੰਬੇ ਲਾਏ ਜਾਣ। ਜਿਹੜਾ ਧੁਸੀ ਬੰਧ ਹੈ ਉਸ ਦੀ ਜਿਹੜੀ 5,5 ਕਿਲੋਮੀਟਰ ਜ਼ਮੀਨ ਹੈ ਉਹ ਬੜੀ ਜ਼ਰਖੇਜ਼ ਹੈ। ਉਥੇ ਟਿਊਬਵੈਲ ਲਗਾਏ ਜਾਣ ਲਈ ਬਾਦਲ ਸਰਕਾਰ ਨੇ ਸਹੂਲਤ ਦਿੱਤੀ ਸੀ, ਉਹ ਵਾਪਸ ਲੈ ਲਈ ਗਈ। ਕੀ ਸੀ.ਐਮ. ਸਾਹਿਬ ਉਸ ਸਕੀਮ ਨੂੰ ਫਿਰ ਸ਼ੁਰੂ ਕਰਨਗੇ ?

ਮੁੱਖ ਮੰਤਰੀ : ਇਹ ਜਿਹੜਾ ਸੁਆਲ ਹੈ ਇਹ ਇਸ ਦੇ ਨਾਲ ਸਬੰਧ ਨਹੀਂ ਰਖਦਾ। ਇਸ ਦਾ ਜਵਾਬ ਮੈਂ ਸੈਪਰੇਟਲੀ ਦੇਵਾਂਗਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਹ ਸਕੀਮ ਜਿਹੜੀ ਸੀ ਇਸ ਨਾਲ ਕੱਲਰ ਵਾਲੀ ਜ਼ਮੀਨ ਨੂੰ ਰਿਕਲੇਮ ਕਰਨ ਵਾਸਤੇ ਟਿਊਬਵੈਲ ਕੁਨੈਕਸ਼ਨ ਵਿਚ ਪਹਿਲ ਦੇਣੀ ਸੀ ਅੱਰ ਇਹ ਸਕੀਮ ਲੋਕਾਂ ਵਿਚ ਬਹੁਤ ਪਾਪੂਲਰ ਹੋਈ ਸੀ। ਇਸ ਦੇ ਵਾਸਤੇ ਡਿਸਟ੍ਰਿਕਟ ਵਿਚ ਬਹੁਤ ਜ਼ਿਆਦਾ ਅਰਜ਼ੀਆਂ ਆਈਆਂ ਸਨ। ਕੀ ਇਹ ਟਿਊਬਵੈਲ ਕੁਨੈਕਸ਼ਨਜ਼ ਦੇਣ ਦੀ ਡੇਟ ਦੀ ਲਿਮਿਟ ਨੂੰ ਅਗੇ ਕਰਨਗੇ ਤਾਂਕਿ ਸਾਰੀਆਂ ਅਰਜ਼ੀਆਂ ਕਵਰ ਹੋ ਸਕਣ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਜਿਹੜੀਆਂ ਜ਼ਿਆਦਾ ਅਰਜ਼ੀਆਂ ਆਈਆਂ ਹਨ ਉਹ ਅਸੀਂ ਵੇਖ ਲਵਾਂਗੇ। ਜਿਹੜੀ ਅਰਜ਼ੀ ਪਹਿਲਾਂ ਆਈ ਹੋਵੇਗੀ ਉਸ ਨੂੰ ਪਹਿਲਾਂ ਅੰਰ ਜਿਹੜੀ ਬਾਅਦ ਵਿਚ ਆਈ ਹੋਵੇਗੀ ਉਸ ਨੂੰ ਬਾਅਦ ਵਿਚ ਕਨੈਕਸ਼ਨ ਦਿੱਤਾ ਜਾਏਗਾ।

Number of Cases of Dacoities Murders etc. in the State

***105. Comrade Raj Kumar :** Will the Chief Minister be pleased to state:—

(a) the number of cases of dacoities, murders, rape, death of women due to burning, firing and lathi charges on crowds/assemblies in the State during the years ending 31st of March, 1978, 1979 and 1980 and during the President's rule in 1980;

(b) the number of Superintendents of Police, DSPs. Inspectors of Police, Sub Inspectors of Police, Head Constables and Constables on the pay roll of the Police Department during the said period, year-wise and during the President's Rule, separately ?

ਸਰਦਾਰ ਦਰਬਾਰਾ ਸਿੰਘ : (ੳ) ਅਤੇ (ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

ਭਾਗ 'ੳ' ਦੀ ਸੂਚੀ

ਸਾਲ	ਡਾਕੇ	ਕਤਲ	ਜਬਰ ਜਨਾਹ	ਅੱਗ ਨਾਲ ਸੜਨ ਕਾਰਨ ਔਰਤਾਂ ਦੀ ਮੌਤ	ਭੀੜ/ਇਕੱਠ ਤੇ ਗੋਲੀ ਚਲਾਉਣ ਅਤੇ ਲਾਠੀ ਚਾਰਜ
31 ਮਾਰਚ ਤੱਕ					
1978 ...	2	618	109	16	1
1979 ...	1	570	77	12	3
1980 ...	...	609	71	27	3
ਰਾਸ਼ਟਰਪਤੀ ਦੇ ਰਾਜ ਦੌਰਾਨ	...	183	12	8	

ਭਾਗ 'ਅ' ਦੀ ਸੂਚੀ

	ਐਸ.ਪੀ	ਡੀ.ਐਸ.ਪੀ.	ਸਬ-ਇਨਸਪੈਕਟਰ	ਇਨਸਪੈਕਟਰ	ਹੈਡ ਕੰਸਟੇਬਲ	ਕੰਸਟੇਬਲ
ਸਾਲ 31 ਮਾਰਚ ਤੱਕ						
1978	49	118	191	924	3,655	20,572
1979 ...	49	121	212	939	3,473	20,205
1980 ...	51	123	221	953	4,102	20,894
ਰਾਸ਼ਟਰਪਤੀ ਦੇ ਰਾਜ ਦੌਰਾਨ	51	123	218	957	4,334	20,908

Original with;
Punjab Vidhan Sabha
Digitized by;
Panjab Digital Library

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜਵਾਬ ਦੇ ਨਾਲ ਦੋ ਸੂਚੀਆਂ ਲਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਇਕ ਤਾਂ ਵੱਖ ਵੱਖ ਜੁਰਮਾਂ ਦੀ ਹੈ ਅਤੇ ਦੂਜੀ ਪੁਲਿਸ ਫੋਰਸ ਬਾਰੇ ਹੈ। ਪੁਲਿਸ ਫੋਰਸ ਵਿਚ 1980 ਵਿਚ ਦੋ ਐਸ. ਪੀਜ਼., ਦੋ ਡੀ. ਐਸ. ਪੀਜ਼., 9 ਇਨਸਪੈਕਰਟਜ਼ ਅਤੇ 14 ਸੱਬ-ਇਨਸਪੈਕਟਰਜ਼ ਵਧਾਏ ਹਨ। 700 ਦੇ ਕਰੀਬ ਹੈਡ ਕਾਂਸਟੇਬਲ ਅਤੇ 600 ਕਾਂਸਟੇਬਲ ਵਧਾਏ ਹਨ। ਇਹ ਤਾਂ ਪੁਲਿਸ ਐਸਟੈਬਲਿਸ਼ਮੈਂਟ ਵਿਚ ਵਾਧਾ ਹੈ ਅਤੇ ਦੂਸਰੇ ਬੰਨੇ 1980 ਵਿਚ ਕਤਲ 507 ਤੋਂ 609 ਹੋ ਗਏ, ਅੱਗ ਨਾਲ ਸੜਨ ਦੇ ਕਾਰਣ ਔਰਤਾਂ ਦੀਆਂ ਮੌਤਾਂ ਦੇ ਕੇਸ 17 ਤੋਂ 27 ਹੋ ਗਏ ਤੇ ਇਸ ਦੇ ਇਲਾਵਾ, ਸਪੀਕਰ ਸਾਹਿਬ, ਕੁਝ ਐਸੇ ਜੁਰਮ ਹੋਏ ਹਨ ਜਿਨ੍ਹਾਂ ਦੀ ਅਖਬਾਰਾਂ ਵਿਚ ਤਾਂ ਰਿਪੋਰਟ ਹੋ ਗਈ ਹੈ ਪਰ ਥਾਣਿਆਂ ਵਿਚ ਰਿਪੋਰਟ ਨਹੀਂ ਹੋਈ। ਇਕ ਐਸਾ ਹੀ ਕੇਸ ਹੈ ਜਿਹੜਾ ਕਿ ਇਸ ਸਦਨ ਦੀ ਬਹਿਸ ਵਿਚ ਆ ਰਿਹਾ ਹੈ ਪਰ ਥਾਣੇ ਵਿਚ ਦਰਜ ਨਹੀਂ ਹੋਇਆ ਹੈ। ਪੁਲਿਸ ਫੋਰਸ ਵੀ ਵੱਧ ਰਹੀ ਹੈ ਔਰ ਨਾਲ ਦੀ ਨਾਲ ਜੁਰਮ ਵੀ ਵੱਧ ਰਹੇ ਹਨ। ਇਸ ਦੇ ਹੋਰ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਪਰ ਜੁਰਮਾਂ ਦੀ ਰੋਕ-ਥਾਮ ਵਾਸਤੇ ਐਸਟੈਬਲਿਸ਼ਮੈਂਟ ਵਿਚ ਵਾਧੇ ਦੀ ਮੰਗ ਕੀਤੀ ਜਾਂਦੀ ਹੈ। ਸਿਰਫ ਪੁਲਿਸ ਫੋਰਸ ਵੱਧਣ ਨਾਲ ਜੁਰਮਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ, ਕੀ ਇਸ ਵਿਚਾਰ ਨੂੰ ਛੱਡ ਕੇ ਕਿਸੇ ਹੋਰ ਪਾਸੇ ਇਹ ਵਿਚਾਰ ਕਰਨ ਦਾ ਯਤਨ ਕਰਨਗੇ ਔਰ ਪੰਜਾਬ ਦੇ ਇਨ੍ਹਾਂ ਮਾਮਲਿਆਂ ਨੂੰ ਨਜਿੱਠਣ ਲਈ ਜਾਣਕਾਰ ਲੋਕਾਂ ਦੀ ਕੋਈ ਚੰਗੀ ਸੋਚ ਕਮੇਟੀ ਬਣਾ ਕੇ ਵਿਚਾਰ ਕਰਨਗੇ ਤਾਂਕਿ ਉਹ ਦੱਸ ਸਕੇ ਕਿ ਇਹ ਜਿਹੜੇ ਜੁਰਮ ਵੱਧ ਰਹੇ ਹਨ ਇਨ੍ਹਾਂ ਦੀ ਰੋਕਥਾਮ ਕਿਵੇਂ ਹੋ ਸਕਦੀ ਹੈ ਔਰ ਜਿਹੜੇ ਕੇਸਿ ਜ਼ ਰਿਕਾਰਡ ਨਹੀਂ ਹੋਏ ਉਨ੍ਹਾਂ ਦਾ ਕੀ ਕੀਤਾ ਜਾਏ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਿਆਨ ਕੀਤਾ ਹੈ ਕਿ ਕੁਝ ਕੇਸਿਜ਼ ਰਿਕਾਰਡ ਨਹੀਂ ਹੋ ਰਹੇ ਔਰ ਉਨ੍ਹਾਂ ਨੇ ਇਹ ਵੀ ਪੁਛਿਆ ਹੈ ਕਿ ਕੀ ਜੁਰਮਾਂ ਦੀ ਰੋਕਥਾਮ ਪੁਲਿਸ ਵਧਾਉਣ ਨਾਲ ਜਾਂ ਹੋਰ ਕਾਰਨਾਂ ਕਰਕੇ ਹੋ ਸਕਦੀ ਹੈ। ਪੁਲਿਸ ਫੋਰਸ ਅਸੀਂ ਪੀ. ਏ. ਪੀ. ਤੋਂ ਬੰਦੇ ਲੈ ਕੇ ਹੁਣੇ ਹੁਣੇ ਵਧਾਈ ਹੈ ਤਾਂਕਿ ਜੁਰਮਾਂ ਦੀ ਰੋਕਥਾਮ ਕੀਤੀ ਜਾਵੇ। ਇਸ ਦੇ ਲਈ ਦੋਨੋਂ ਗੱਲਾਂ ਕਰਨੀਆਂ ਪੈਣਗੀਆਂ। ਪੁਲਿਸ ਫੋਰਸ ਵਧਾਉਣ ਦੇ ਨਾਲ ਨਾਲ ਪੁਲਿਸ ਅਫਸਰ ਨੂੰ ਜਿਹੜਾ ਅਲਾਟਿਡ ਵੱਰਕ ਹੈ ਉਸ ਦੀ ਅਕਾਉਂਟੇਬਿਲਿਟੀ ਵੀ ਉਸ ਲਈ ਅਸੀਂ ਵੇਖਾਂਗੇ ਤਾਂਕਿ ਪਤਾ ਲਗੇ ਕਿ ਉਸ ਦੀ ਪਰਫਾਰਮੈਂਸ ਸਰਟਨ ਕੇਸਿਜ਼ ਵਿਚ ਕਿਸ ਕਿਸਮ ਦੀ ਹੈ। ਇਹ ਆਈਟਮ ਉਸ ਦੇ ਨਾਲ ਸ਼ਾਮਲ ਹੋਵੇਗਾ। ਪੁਲਿਸ ਫੋਰਸ ਵਧਾਉਣ ਨਾਲ ਇਹ ਸਾਰਾ ਕੰਮ ਨਹੀਂ ਹੋ ਸਕਦਾ, ਇਹ ਮੈਂ ਮੰਨਦਾ ਹਾਂ ਲੇਕਿਨ ਅਸੀਂ ਕੋਸ਼ਿਸ਼ ਕਰਾਂਗੇ ਕਿ ਕਿਸੇ ਪੱਧਰ ਤੇ ਕੋਈ ਕਮੇਟੀ ਆਫੀਸ਼ੀਅਲਜ਼ ਦੀ ਬਣਾਈ ਜਾ ਸਕੇ। ਅਸੀਂ ਇਸ ਗੱਲ ਤੇ ਵਿਚਾਰ ਕਰ ਰਹੇ ਹਾਂ ਕਿ ਜਿਹੜੀ ਪਰੈਜ਼ੈਂਟ ਪੁਲਿਸ ਫੋਰਸ ਹੈ ਇਸ ਦੀ ਮੈਕਸੀਮਮ ਯੂਟੇਲਾਈਜ਼ੇਸ਼ਨ ਇਸ ਢੰਗ ਨਾਲ ਹੋਵੇ ਕਿ ਸਾਰੇ ਪੱਧਰ ਤੇ ਜਿੰਨੇ ਵੀ ਕਰਾਈਮਜ਼ ਹਨ ਉਨ੍ਹਾਂ ਨੂੰ ਕੰਟਰੋਲ ਕੀਤਾ ਜਾਵੇ ਔਰ ਜੁਰਮ ਥਲੇ ਲਿਆਂਦੇ ਜਾਣ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਬਰ ਜਿਨਾਹ, ਅੱਗ ਨਾਲ ਸਾੜਨ ਅਤੇ ਕਤਲ ਵਗੈਰਾ ਦੇ ਕੇਸ ਦਿਨ-ਬਦਿਨ ਵੱਧ ਰਹੇ ਹਨ। ਮੈਂ ਸਮਝਦਾ ਹਾਂ ਕਿ ਇਸ ਵਿਚ ਪੁਲਿਸ ਦੀ ਅਣਗਹਿਲੀ ਜ਼ਿਆਦਾ ਹੈ। ਪੁਲਿਸ ਦਾ ਜ਼ਿਆਦਾ ਇਸ ਵਿਚ ਹੱਥ ਹੁੰਦਾ ਹੈ। ਮੈਂ ਤੁਹਾਨੂੰ ਇਕ ਆਪਣੇ ਹਲਕੇ ਦਾ ਕੇਸ ਦੱਸਦਾ ਹਾਂ। ਪਿੰਡ ਸੂਈਆਂ, ਤਹਿਸੀਲ ਬਰਨਾਲਾ ਵਿਚ ਇਕ ਹਰੀਜਨ ਦਾ ਕਤਲ ਹੋ ਗਿਆ ਹੈ। ਉਥੇ ਐਸ. ਪੀ. ਅਤੇ ਡੀ. ਐਸ. ਪੀ. ਨੂੰ ਅਸੀਂ ਮਿਲੇ ਕਿ ਇਸ ਦੀ ਜਾਨ ਨੂੰ ਖਤਰਾ ਹੈ ਪਰ ਕੋਈ ਸਟੈਪਸ ਉਸ ਦੀ ਸੇਫਗਾਰਡ ਲਈ ਨਹੀਂ ਲਏ ਗਏ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਪੁਲਿਸ ਦੇ ਕਰਮਚਾਰੀ ਵਧੀਕੀਆਂ ਕਰ ਰਹੇ ਹਨ, ਕੀ ਉਨ੍ਹਾਂ ਉਤੇ ਕੋਈ ਆਲ-ਪਾਰਟੀਜ਼ ਦੀ ਨਿਗਰਾਨ ਕਮੇਟੀ ਬਣਾਉਣਗੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ: ਇਨ੍ਹਾਂ ਨੇ ਇਕ ਕੇਸ ਦਾ ਜ਼ਿਕਰ ਕੀਤਾ ਹੈ। ਮੈਂ ਇਸ ਨੂੰ ਵੇਖ ਲਵਾਂਗਾ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

*114. **ਸਰਦਾਰ ਦਰਸ਼ਨ ਸਿੰਘ** ਕੇ. ਪੀ. : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਜੂਨ, 1977 ਤੋਂ ਫਰਵਰੀ, 1980 ਤੱਕ ਦੇ ਸਮੇਂ ਦੇ ਦੌਰਾਨ ਕੁੱਲ ਕਿੰਨੇ ਪੁਲਿਸ ਸਿਪਾਹੀ ਭਰਤੀ ਕੀਤੇ ਗਏ ਅਤੇ ਉਨ੍ਹਾਂ ਵਿਚ ਵੱਖ ਵੱਖ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਣ ਵਾਲਿਆਂ ਦੀ ਗਿਣਤੀ ਅਤੇ ਪ੍ਰਤਿਸ਼ਤਤਾ ਕਿੰਨੀ ਕਿੰਨੀ ਹੈ ?

ਸਰਦਾਰ ਦਰਬਾਰਾ ਸਿੰਘ : ਰਾਜ ਵਿਚ ਜੂਨ, 1977 ਤੋਂ ਲੈ ਕੇ ਫਰਵਰੀ, 1980 ਤੁੱਕ ਦੇ ਸਮੇਂ ਦੇ ਦੌਰਾਨ ਕੁਲ 3,706 ਪੁਲਿਸ ਸਿਪਾਹੀ ਭਰਤੀ ਕੀਤੇ ਗਏ। ਇਨ੍ਹਾਂ ਭਰਤੀ ਕੀਤੇ ਪੁਲਿਸ ਸਿਪਾਹੀਆਂ ਵਿਚੋਂ 557 ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਦੇ ਹਨ ਅਤੇ 504 ਪੱਛਣੀਆਂ ਸ਼੍ਰੇਣੀਆਂ ਨਾਲ। ਅਨੁਸੂਚਿਤ ਜਾਤੀਆਂ ਦੀ ਪ੍ਰਤੀਸ਼ਤਤਾ 15 ਪ੍ਰਤੀਸ਼ਤ ਬਣਦੀ ਹੈ ਅਤੇ ਪੱਛੜੀਆਂ ਸ਼੍ਰੇਣੀਆਂ ਦੀ 13.6 ਪ੍ਰਤੀਸ਼ਤ ਬਣਦੀ ਹੈ ।

Nomination for P.C.S. (Executive)

***113. Sardar Darshan Singh K.P. :** Will the Chief Minister be pleased to state the number of persons who were nominated for P.C.S. (Executive) by the Government during the priod from June, 1977 to February, 1980 together with the number of those out of them who belonged to Scheduled Castes and/or Backward Classes.

ਸਰਦਾਰ ਦਰਬਾਰਾ ਸਿੰਘ : ਨਾਮਜ਼ਦਗੀਆਂ ਦੁਆਰਾ ਪੰਜਾਬ ਸਰਕਾਰ ਵਲੋਂ ਪੀ. ਸੀ. ਐਸ. (ਕਾਰਜਕਾਰੀ ਸ਼ਾਖਾ) ਵਿਚ ਜੂਨ, 1977 ਤੋਂ ਫਰਵਰੀ, 1980 ਦੇ ਸਮੇਂ ਦੌਰਾਨ ਕੀਤੀਆਂ ਗਈਆਂ ਨਿਯੁਕਤੀਆਂ ਦੀ ਗਿਣਤੀ 14 ਹੈ। ਇਨ੍ਹਾਂ ਵਿਚੋਂ ਕੋਈ ਵੀ ਅਨੁਸੂਚਿਤ ਜਾਤੀਆਂ ਜਾਂ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਨਹੀਂ ਰਖਦਾ।

QUESTION OF PRIVILEGE

ਸ਼੍ਰੀ ਸਪੀਕਰ : ਮੈਨੂੰ ਕਾਮਰੇਡ ਰਾਜ ਕੁਮਾਰ ਵੱਲੋਂ ਇੱਕ ਪ੍ਰਿਵਿਲਿਜ ਮੋਸ਼ਨ ਆਈ ਸੀ ਜਿਸ ਦੇ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਫਾਇਨਾਂਸ ਮਨਿਸਟਰ ਨੇ ਸਦਨ ਤੋਂ ਬਾਹਰ ਸਟੇਟਮੈਂਟ ਦਿੱਤੀ ਹੈ .....

ਕਾਮਰੇਡ ਰਾਜ ਕੁਮਾਰ : ਜਨਾਬ, ਪਹਿਲਾਂ ਮੈਨੂੰ ਅਰਜ਼ ਕਰ ਲੈਣ ਦਿਓ, ਫਿਰ ਰੂਲਿੰਗ ਦੇ ਦੇਣਾ।

ਸ਼੍ਰੀ ਸਪੀਕਰ : ਤੁਸੀਂ ਪਹਿਲਾਂ ਮੈਨੂੰ ਰੂਲਿੰਗ ਦੇ ਲੈਣ ਦਿਓ। ਮੈਂ ਇਹ ਫਾਇਨਾਂਸ ਮਨਿਸਟਰ ਨੂੰ ਭੇਜ ਦਿੱਤੀ ਸੀ। ਜਿਹੜਾ ਉਨ੍ਹਾਂ ਦਾ ਜਵਾਬ ਆਇਆ ਹੈ ਉਹ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ :

Original with;
Punjab Vidhan Sabha
Digitized by;
Panjab Digital Library

"I have carefully gone through the statements attributed to me in the 7th July, 1980 editions of the two aforementioned dailies (i.e. 'Nawan Zamana' and 'Hind Samachar') and I would like to clarify that on the 6th July, 1980, no correspondent of these Dailies met me. I also observe that the report containing the statement attributed to me has been filed from Dasuya. I would like to clarify that on the 6th July, 1980, I did not visit Dasuya at all. Therefore, the statements in these two Dailies have been wrongly attributed to me.

I have since presented annual Budget 1980-81 in the Punjab Vidhan Sabha on 11th July, 1980. It will be seen that neither of the two alleged items of Budget leakage viz. non-levy of taxes on the poor poeple and grant of heavy concessions to the farmers find any mention in the Budget proposals. It is thus obvious that the news items in question are no more than pre-Budget journalistic kite flying".

In view of the clarification given by the Minister, I do not give my consent to the question of privilege being raised.

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਮੈਂ 14 ਨੰਬਰ ਐਡਜਰਨਮੈਂਟ ਮੋਸ਼ਨ ਦਿੱਤੀ ਸੀ। ਤੁਸੀਂ ਇਸ ਬਿਨਾਂ ਤੇ ਇਸ ਨੂੰ ਰਿਜੈਕਟ ਕੀਤਾ ਹੈ ਕਿ ਇਹ ਮੈਟਰ ਰੀਸੈਂਟ ਅਕਰੰਸ ਦਾ ਨਹੀਂ ਹੈ। ਸਪੀਕਰ ਸਾਹਿਬ, ਇਸ ਬਜੱਟ ਵਿਚ ਇਸ ਦੇ ਲਈ 12 ਕਰੋੜ ਰੁਪਿਆ ਰਖਿਆ ਗਿਆ ਹੈ। ਥੀਨ ਡੈਮ ਦੇ ਸਵਾਲ ਤੇ ਬਹੁੱਤ ਵੱਡੇ ਪੈਮਾਨੇ ਤੇ ਇਸ ਸਦਨ ਵਿਚ ਵੀ ਤੇ ਪੰਜਾਬ ਵਿਚ ਵੀ ਇਤਰਾਜ਼ ਉਠ ਰਹੇ ਹਨ। ਉਥੇ ਦਾ ਜਿਹੜਾ ਡਾਇਰੈਕਟੋਰੇਟ ਹੈ ਉਹ ਇਹ ਕਹਿ ਰਿਹਾ ਹੈ ਕਿ ਅਗਰ ਇਸ ਲਈ 42 ਕਰੋੜ ਰੁਪਏ ਇਸ ਸਾਲ ਨਾ ਦਿੱਤੇ ਗਏ ਤਾਂ ਜੋ 55 ਕਰੋੜ ਰੁਪਏ ਖਰਚ ਹੋ ਚੁਕੇ ਹਨ ਉਹ ਵੀ ਬਰਬਾਦ ਹੋ ਜਾਣਗੇ। ਮੈਂ ਵਿਧਾਨ ਸਭਾ ਦੀ ਲਾਇਬ੍ਰੇਰੀ ਵਿਚੋਂ ਇਸ ਮਹੀਨੇ ਦੀਆਂ ਪ੍ਰੈਸ ਕਲਿਪਿੰਗਜ਼ ਮੰਗਵਾਈਆਂ ਹਨ। ਉਨ੍ਹਾਂ ਵਿਚ ਇਸ ਪ੍ਰਕਾਰ ਸੁਰਖੀਆਂ ਦਿੱਤੀਆਂ ਹੋਈਆਂ ਹਨ :

'ਥੀਨ ਡੈਮ ਕੀ ਤਾਮੀਰ ਸ਼ੁਰੂ ਕਰਕੇ ਵਰਕਰ ਛਾਂਟੀ ਕਰ ਦਿੱਯੇ ਗਏ'

'ਥੀਨ ਡੈਮ ਮਰਕਜ਼ ਦੀ ਸਰਕਾਰ ਸੇ ਇਮਦਾਦ ਨਾ ਮਿਲਨੇ ਪਰ ਅਮਲੀ ਤੌਰ ਪਰ ਬੰਦ ਹੋ ਗਯਾ'

'ਥੀਨ ਡੈਮ ਪਰ ਸੇ ਮੁਲਾਜ਼ਮੋਂ ਕੀ ਛਾਂਟੀ ਕੀ ਜਾ ਰਹੀ ਹੈ'

'ਵਰਕਰੋਂ ਕੇ ਮੁਜ਼ਾਰੇ, ਅਛਸਰ ਬਹੁਤ ਸਾਰੇ ਟਰਾਂਸਫਰਜ਼ ਕਰਾ ਰਹੇ ਹੈਂ।'

ਸਪੀਕਰ ਸਾਹਿਬ, ਇਹ ਅਖਬਾਰਾਂ ਦੀਆਂ ਸੁਰਖੀਆਂ ਹਨ। ਬਹੁਤ ਸਾਰੀਆਂ ਟੈਕਨੀਕਲ ਸੈਂਕਸ਼ਨਾਂ ਸੈਂਟਰ ਨਹੀਂ ਦੇ ਰਿਹਾ। ਪਲਾਨਿੰਗ ਕਮਿਸ਼ਨ ਕਲੀਅਰੈਂਸ ਨਹੀਂ ਦਿੰਦਾ। ਸਾਡੇ ਗਵਰਨਰ ਐਡਰੈਸ ਵਿਚ ਵੀ ਤੇ ਬਜੱਟ ਸਪੀਚ ਵਿਚ ਵੀ ਇਹ ਪ੍ਰੋਮਿਜ਼ ਕੀਤਾ ਗਿਆ ਹੈ ਕਿ ਥੀਨ ਡੈਮ ਵਾਰ-ਫੁਟਿੰਗ ਤੇ ਬਣਾਇਆ ਜਾਵੇਗਾ। ਕੀ ਇਸ ਦਾ ਮਤਲਬ ਇਹ ਹੈ ਕਿ ਵਰਕਰਜ਼ ਜਿਹੜੇ ਉਥੇ ਲਗੇ ਹਨ ਉਨ੍ਹਾਂ ਦੀ ਛਾਂਟੀ ਕਰ ਦਿੱਤੀ ਜਾਵੇ। ਇਸ ਲਈ ਕੇਵਲ 12 ਕਰੋੜ ਰੁਪਿਆ ਇਸ ਸਾਲ ਰਖਿਆ ਗਿਆ ਹੈ। ਇਸ ਮਾਮਲੇ ਤੇ ਪੰਜਾਬ ਵਿਚ ਕਾਫੀ ਚਰਚਾ ਹੈ। ਮੇਰੀ ਤੁਹਾਡੇ ਅਗੇ ਦਰਖਾਸਤ ਹੈ ਕਿ ਇਸ ਸੀਰੀਅਸ ਮਾਮਲੇ ਤੇ ਜਿਸ ਦਾ ਤੁਅੱਲਕ ਸਾਡੇ ਪੰਜਾਬ ਨਾਲ ਹੀ ਨਹੀਂ ਬਲਕਿ ਸਾਰੇ ਮੁਲਕ ਨਾਲ ਹੈ, ਡਿਸਕਸ਼ਨ ਕਰਾਈ ਜਾਵੇ। 100 ਕਰੋੜ ਰੁਪਿਆ ਅਸੀਂ 1970 ਤੋਂ ਪਾਕਿਸਤਾਨ ਨੂੰ ਦੇ ਚੁੱਕੇ ਹਾਂ। ਅੱਜ ਵੀ ਸਾਡਾ ਪਾਣੀ ਉਥੇ ਮੁਫਤ ਜਾ ਰਿਹਾ ਹੈ। ਥੀਨ ਡੈਮ ਦੇ ਸਬੰਧ ਵਿਚ ਜੋ ਕੁਝ ਹੁਣ ਤੱਕ ਹੋਇਆ ਹੈ ਉਸ ਤੇ ਇਸ ਹਾਊਸ ਵਿਚ ਡਿਸਕਸ਼ਨ ਹੋਣੀ ਚਾਹੀਦੀ ਹੈ। ਇਹ ਮੇਰੇ ਜ਼ਿਲ੍ਹੇ ਵਿਚ ਹੈ। ਉਥੇ ਸਿਰਫ ਚੰਦ ਮਕਾਨ ਬਣੇ ਹਨ (ਵਿਘਨ) ਹੋਰ ਕੋਈ ਚੀਜ਼ ਨਹੀਂ ਬਣੀ। ਸਾਰੇ ਪੰਜਾਬ ਨੂੰ ਮਿਸਲੀਡ ਨਹੀਂ ਕਰਨਾ ਚਾਹੀਦਾ ਕਿ ਥੀਨ ਡੈਮ ਤੇ ਕੰਮ ਵਾਰ-ਫੁਟਿੰਗ ਤੇ ਹੋ ਰਿਹਾ ਹੈ। ਇਸ ਲਈ ਬੇਸ਼ਕ ਅੱਧਾ ਘੰਟਾ ਜਾਂ ਇੱਕ ਘੰਟਾ ਡਿਸਕਸ਼ਨ ਲਈ ਮੁਕੱਰਰ ਕਰ ਦਿਓ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਕੱਲ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਆਏ ਸੀ । ਇਰੀਗੇਸ਼ਨ ਦੀ ਡਿਮਾਂਡ ਤੇ ਵੀ ਡਿਸਕਸ਼ਨ ਇਥੇ ਹੋਣੀ ਹੈ । ਅਪਰੋਪ੍ਰੀਏਸ਼ਨ ਬਿੱਲ ਤੇ ਵੀ ਡਿਸਕਸ਼ਨ ਹੋਣੀ ਹੈ । ਇਨ੍ਹਾਂ ਮੌਕਿਆਂ ਤੇ ਇਸ ਮਸਲੇ ਤੇ ਕਿਹਾ ਜਾ ਸਕਦਾ ਹੈ । ਫਿਰ ਵੀ ਅਗਰ ਤੁਸੀਂ ਸੰਤੁਸ਼ਟ ਨਹੀਂ ਤਾਂ ਮੇਰੇ ਚੈਂਬਰ ਵਿੱਚ ਆ ਜਾਣਾ, ਮੈਂ ਇਸ ਨੂੰ ਕੰਸਿਡਰ ਕਰ ਲਵਾਂਗਾ ।

(ਇਸ ਸਮੇਂ ਸਰਦਾਰ ਜਸਮਤ ਸਿੰਘ ਢਿਲੋਂ ਅਤੇ ਸਰਦਾਰ ਬਲਵੰਤ ਸਿੰਘ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਸਰਦਾਰ ਬਲਵੰਤ ਸਿੰਘ ਨੂੰ ਅਲਾਓ ਕੀਤਾ)

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਇੱਕ ਬੜੀ ਸੀਰੀਅਸ ਗੱਲ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਹੜੀ ਕਿ ਇਸ ਹਾਊਸ ਦੇ ਮੈਂਬਰ ਤੇ ਕਲੀਅਰ ਕੱਟ ਐਸਪਰਸ਼ਨ ਹੈ । ਮੈਂ ਇਸ ਹਾਊਸ ਵਿੱਚ ਕੱਲ ਬੈਠਾ ਨਹੀਂ ਸੀ । ਸ਼੍ਰੀ ਭਗਵਾਨ ਦਾਸ ਨੇ ਆਪਣੀ ਸਪੀਚ ਕਰਦੇ ਹੋਏ ਕਿਹਾ ਕਿ ਬਲਵੰਤ ਸਿੰਘ ਬੜਾ ਡਰਾਮੇਬਾਜ਼ ਹੈ ਤੇ ਧੋਖੇਬਾਜ਼ ਹੈ। 'ਹਿੰਦ ਸਮਾਚਾਰ' ਅਖਬਾਰ ਵਿਚ ਇਹ ਸੁਰਖੀ ਆਈ ਹੈ । ਸਪੀਕਰ ਸਾਹਿਬ, ਮੈਂ ਜਿਤਨੇ ਵੀ ਫੈਕਟਸ ਐਂਡ ਫਿਗਰਜ਼ ਇਸ ਹਾਊਸ ਵਿਚ ਬਜੱਟ ਦੇ ਸਿਲਸਿਲੇ ਵਿੱਚ ਪੇਸ਼ ਕੀਤੇ ਹਨ, ਉਹ ਸਾਰੇ ਮੈਂ ਰਿਕਾਰਡ ਦੇ ਮੁਤਾਬਿਕ ਹੀ ਪੇਸ਼ ਕੀਤੇ ਹਨ । ਮੈਂ ਅੱਜ ਵੀ ਚੈਲੰਜ ਕਰਦਾ ਹਾਂ ਕਿ ਫਾਇਨਾਂਸ ਮਨਿਸਟਰ ਨੇ ਫੈਕਟਸ ਐਂਡ ਫਿਗਰਜ਼ ਨੂੰ ਡਿਸਟਾਰਟ ਕੀਤਾ ਹੈ, ਝੂਠੀਆਂ ਫਿਗਰਜ਼ ਦਿੱਤੀਆਂ ਹਨ, ਤੋੜ ਮਰੋੜ ਕੇ ਦਿੱਤੀਆਂ ਹਨ ।

ਮੁੱਖ ਮੰਤਰੀ : ਬੈਠੇ ਬੈਠੇ ਅਨਪਾਰਲੀਮੈਂਟਰੀ ਲਫਜ਼ ਤਾਂ ਤੁਸੀਂ ਵੀ ਹੁਣ ਵਰਤਿਆ ਹੈ ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਲਫਜ਼ ਅਨਪਾਰਲੀਮੈਂਟਰੀ ਹੈ, ਰਾਂਗ ਹੈ । ਮੈਂ ਜੋ ਕੁਝ ਕਿਹਾ ਹੈ ਉਹ ਸਾਬਤ ਕਰਨ ਨੂੰ ਤਿਆਰ ਹਾਂ । ਬੇਸ਼ਕ ਹਾਊਸ ਦੀ ਕਮੇਟੀ ਬਣਾ ਲਈ ਜਾਵੇ । ਮੈਂ ਇਹ ਸਾਬਤ ਕਰਨ ਨੂੰ ਤਿਆਰ ਹਾਂ ਕਿ ਜਿਹੜੇ ਫੈਕਟਸ ਐਂਡ ਫਿਗਰਜ਼ ਫਾਇਨਾਂਸ ਮਨਿਸਟਰ ਨੇ ਦਿੱਤੇ ਹਨ ਉਹ ਤੋੜ ਮਰੋੜ ਕੇ ਦਿੱਤੇ ਹਨ । ਜੇ ਮੈਂ ਸਾਬਤ ਕਰ ਦਿਆਂ ਤਾਂ ਫਾਇਨਾਂਸ ਮਨਿਸਟਰ ਆਪਣੀ ਸੀਟ ਤੋਂ ਰਿਜ਼ਾਈਨ ਕਰਨ ਅਤੇ ਜੇ ਮੈਂ ਨਾ ਸਾਬਤ ਕਰ ਸਕਾਂ ਤਾਂ ਮੈਂ ਰਿਜ਼ਾਈਨ ਕਰਨ ਨੂੰ ਤਿਆਰ ਹਾਂ ।

ਸ਼੍ਰੀ ਸਪੀਕਰ : ਸਰਦਾਰ ਬਲਵੰਤ ਸਿੰਘ ਜੀ, ਤੁਹਾਡਾ ਮੈਨੂੰ ਸਵੇਰੇ ਇਸ ਗੱਲ ਦੇ ਬਾਰੇ ਟੈਲੀਫੋਨ ਆਇਆ ਸੀ। ਮੈਂ ਉਸ ਵਕਤ ਵੀ ਕਿਹਾ ਸੀ ਕਿ ਮੈਂ ਵਰਬੈਟਿਮ ਸਪੀਚ ਦੀ ਕਾਪੀ ਮੰਗਵਾ ਲਵਾਂਗਾ। ਮੈਂ ਉਹ ਵੇਖ ਰਿਹਾ ਹਾਂ। ਜੇ ਕੋਈ ਅਜਿਹੀ ਗੱਲ ਹੋਵੇਗੀ ਤਾਂ ਮੈਂ ਜ਼ਰੂਰ ਕੰਸਿਡਰ ਕਰ ਲਵਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਤੁਸੀਂ ਹੁਣੇ ਕਾਪੀ ਮਗਾ ਲਓ।

ਸ਼੍ਰੀ **ਸਪੀਕਰ** : ਮੰਗਵਾ ਲਵਾਂਗੇ। ਮੈਂਬਰ ਸਾਹਿਬ ਦੀ ਇਜ਼ਤ ਹਾਊਸ ਵਿਚ ਮਹਿਫੂਜ਼ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਥੀਨ ਡੈਮ ਤੇ ਡਿਸਕਸ਼ਨ ਕਰਨ ਦਾ ਮਸਲਾ ਉਠਾਇਆ ਗਿਆ ਹੈ। ਤੁਸੀਂ ਪਿਛਲੇ ਸਾਲਾਂ ਦੀਆਂ ਪ੍ਰੋਸੀਡਿਗਜ਼ ਵੀ ਵੇਖ ਲਓ। ਤਕਰੀਬਨ ਹਰ ਸੈਸ਼ਨ ਵਿਚ ਇੱਕ ਦੋ ਆਈਟਮਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਮੈਂਬਰ ਸਾਹਿਬਾਨ ਇਮਪਾਰਟੈਂਟ ਸਮਝਦੇ ਹਨ ਅਤੇ ਉਨ੍ਹਾਂ ਤੇ ਸਪੈਸ਼ਲ ਡਿਸਕਸ਼ਨ ਹੁੰਦੀ ਰਹੀ ਹੈ। ਮੈਂ ਸਮਝਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਪੰਜਾਬ ਦਾ ਅੱਜ ਸਭ ਤੋਂ ਜ਼ਿਆਦਾ ਭਖਵਾਂ ਮਸਲਾ ਥੀਨ ਡੈਮ ਦਾ ਹੈ। ਇਸ ਤੇ ਸਾਰੇ ਪੰਜਾਬ ਦੀ ਤਰੱਕੀ ਨਿਰਭਰ ਹੈ। ਜੋ ਕੁਝ ਬੱਜਟ ਸਪੀਚ ਵਿਚ ਆਇਆ ਹੈ ਉਸ ਤੋਂ ਪਤਾ ਲਗਦਾ ਹੈ ਕਿ ਰੋਪੜ ਥਰਮਲ ਪਲਾਂਟ ਅਤੇ ਥੀਨ ਡੈਮ, ਦੋ ਪ੍ਰਾਜੈਕਟ ਜਿਹੜੇ ਬੜੀ ਮਿਹਨਤ ਨਾਲ ਪਿਛਲੀ ਸਰਕਾਰ ਨੇ ਸੈਂਟਰ ਦੀ ਸਰਕਾਰ ਤੋਂ ਸੈਂਕਸ਼ਨ ਕਰਵਾਏ ਸਨ .....

(ਟਰੈਜ਼ਰੀ ਬੈਂਚਾਂ ਵੱਲੋਂ ਆਵਾਜ਼ਾਂ : ਕਾਮਰੇਡ ਰਾਜ ਕੁਮਾਰ ਤਾਂ ਕਹਿੰਦੇ ਹਨ ਕਿ ਟੈਕਨੀਕਲ ਸੈਂਕਸ਼ਨ ਨਹੀਂ ਆਈ)

Comrade Raj Kumar : Formal sanction is there. Only some technical sanction is not being cleared by the Planning Commission.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਇਹ ਵੇਖੋ ਕਿ ਇਸ ਸਮੇਂ ਇਤਨੇ ਇਪਾਰਟੈਂਟ ਮਸਲੇ ਸਾਡੇ ਸਾਹਮਣੇ ਹਨ। ਉਨ੍ਹਾਂ ਤੇ ਠੰਢੇ ਦਿਲ ਨਾਲ ਸੋਚਣਾ ਚਾਹੀਦਾ ਹੈ। ਸਪੀਕਰ ਸਾਹਿਬ, ਜਦੋਂ ਵੀ ਥੀਨ ਡੈਮ ਤੇ ਥਰਮਲ ਪਲਾਂਟ, ਰੋਪੜ ਦਾ ਮਸਲਾ ਆਉਂਦਾ ਹੈ ਇਹ ਮੇਰੇ ਸਾਹਮਣੇ ਬੈਠੇ ਵੀਰ ਅਲਰਜਿਕ ਹੋ ਜਾਂਦੇ ਹਨ। ਇਨ੍ਹਾਂ ਨੇ ਪਤਾ ਨਹੀਂ ਇਹ ਪਰਣ ਕਰ ਲਿਆ ਹੈ ਕਿ ਜੋ ਵੀ ਅਕਾਲੀ ਸਰਕਾਰ ਨੇ ਪੰਜਾਬ ਲਈ ਕੋਈ ਚੰਗਾ ਕੰਮ ਸ਼ੁਰੂ ਕੀਤਾ ਹੋਵੇ, ਕੋਈ ਵੀ ਤਰੱਕੀ ਦਾ ਕੰਮ ਸ਼ੁਰੂ ਕੀਤਾ ਹੋਵੇ ਇਨ੍ਹਾਂ ਨੇ ਉਹ ਕੰਮ ਨਹੀਂ ਹੋਣ ਦੇਣਾ ' (ਖੰਪਿਗ) ਸਪੀਕਰ ਸਾਹਿਬ, ਮੈਂ ਦੱਸਾਂਗਾ ਕਿ ਅਕਾਲੀ ਪਾਰਟੀ ਨੇ ਕੀ ਕੁਝ ਸੂਬੇ ਦੀ ਤਰੱਕੀ ਲਈ ਕੀਤਾ ਹੈ ਔਰ ਇਨ੍ਹਾਂ ਨੇ ਕੀ ਕੁਝ ਕੀਤਾ ਹੈ। ਮੈਂ ਇਹ ਚੀਜ਼ ਪਹਿਲਾਂ ਨਹੀਂ ਦੱਸਣਾ ਚਾਹੁੰਦਾ। (ਵਿਘਨ) ਇਸ ਲਈ ਮੈਂ ਤੁਹਾਡੇ ਕੋਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਜ ਸਿਰਫ ਇਹ ਮਸਲਾ ਹੀ ਨਹੀਂ ਕਿ ਬਿਜਲੀ ਪੈਦਾ ਕਰਨੀ ਹੈ ਔਰ ਉਸ ਤੋਂ ਉਪਜ ਵੱਧਣੀ ਹੈ ਬਲਕਿ ਇਹ ਵੀ ਇਕ ਬੜਾ ਹੀ ਅਹਿਮ ਮਸਲਾ ਹੈ ਕਿ ਪੰਜਾਬ ਕਿਸ ਤਰ੍ਹਾਂ ਪਾਣੀ ਲਈ ਅੱਜ ਤਰਸ ਰਿਹਾ ਹੈ ਔਰ ਉਹ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ, ਇਸ ਲਈ ਇਸ ਮਸਲੇ ਦੀ ਅਹਿਮੀਅਤ ਨੂੰ ਸਾਹਮਣੇ ਰੱਖ ਕੇ ਮੈਂ ਸਮਝਦਾ ਹਾਂ ਕਿ ਸਾਨੂੰ ਇਸ ਹਾਊਸ ਵਿਚ ਇਸ ਤਰ੍ਹਾਂ ਦੇ ਇੰਪਾਰਟੈਂਟ ਮਸਲਿਆਂ ਤੇ ਅੱਜ ਡਿਸਕਸ਼ਨ ਕਰਨੀ ਚਾਹੀਦੀ ਹੈ। ਉਸ ਦੇ ਵਾਸਤੇ ਅੱਜ ਚਾਹੇ ਇਕ ਘਟਾ ਦੇ ਦਿਓ, ਚਾਹੇ ਦੋ ਘੰਟੇ ਦੇ ਦਿਓ। ਸਪੀਕਰ ਸਾਹਿਬ, ਤੁਸੀਂ ਫਰਮਾਉਗੇ ਕਿ ਬੱਜਟ ਤੇ ਡਿਸਕਸ਼ਨ ਵੇਲੇ ਇਹ ਮਸਲੇ ਉਠਾ ਲੈਣਾ। ਸਪੀਕਰ ਸਾਹਿਬ, ਇਕ-ਅੱਧਾ ਘੰਟਾ ਟਾਈਮ ਮਿਲਦਾ ਹੈ। ਉਸ ਵਿਚ ਹੋਰ ਕਈ ਮਸਲਿਆਂ ਤੇ ਬੋਲਣਾ ਹੁੰਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਅੱਜ ਸਪੈਸ਼ਲ ਡਿਸਕਸ਼ਨ ਕਰਾ ਦਿਓ ਤਾਂਕਿ ਇਸ ਇੰਪਾਰਟੈਂਟ ਮਸਲੇ ਤੇ ਵਿਚਾਰ ਹੋ ਸਕੇ।

(ਇਸ ਸਮੇਂ ਮਾਸਟਰ ਚੰਦ ਸਿੰਘ ਜੀ ਖੜੇ ਹੋ ਕੇ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਆਗਿਆ ਮੰਗ ਰਹੇ ਸਨ।)

ਸ਼੍ਰੀ ਸਪੀਕਰ : ਠਹਿਰੋ ਜੀ। ਮੈਨੂੰ ਪਹਿਲਾਂ, ਚੋਪੜਾ ਸਾਹਿਬ, ਜਵਾਬ ਦੇ ਲੈਣ ਦਿਓ।

ਕੱਲ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ। ਇਹ ਮਸਲੇ ਸਾਡੇ ਸਾਹਮਣੇ ਆਏ ਸਨ। ਟਾਈਮ ਦੀ ਅਲਾਟਮੈਂਟ ਲਈ ਇਨ-ਡੈਪਥ ਡਿਸਕਸ਼ਨ ਕੀਤੀ ਗਈ ਸੀ। ਇਨ੍ਹਾਂ ਨੇ (ਮਾਨਯੋਗ ਮੈਂਬਰ ਕਾਮਰੇਡ ਰਾਜ ਕੁਮਾਰ ਜੀ ਵੱਲ ਇਸ਼ਾਰਾ) ਕਿਹਾ ਸੀ ਕਿ ਇਰੀਗੇਸ਼ਨ ਅੰਡ ਪਾਵਰ ਦਾ ਬੜਾ ਇੰਪਾਰਟੈਂਟ ਮਸਲਾ ਹੈ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਸੋ, 17 ਤਾਰੀਖ ਉਸ ਲਈ ਰੱਖੀ ਗਈ ਹੈ। ਉਸ ਦਿਨ 2.30 ਵਜੇ ਤੋਂ 7.00 ਵਜੇ ਤੱਕ ਡਿਸਕਸ਼ਨ ਕੀਤੀ ਜਾ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਮਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਂਸ਼ਨ ਮੋਸ਼ਨ ਦਿੱਤੀ ਸੀ ਜੀ .....

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਹ ਤਾਂ ਨਵਾਂ ਮਸਲਾ ਛਿੜ ਪਿਆ ਹੈ ਜੀ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਮੈਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿਗ ਵਿਚ ਹਾਜ਼ਰ ਸੀ। ਉਥੇ ਇਹ ਮਾਮਲਾ ਜ਼ਰੂਰ ਆਇਆ ਸੀ ਕਿ ਕਿਹੜੇ ਡਿਪਾਰਟਮੈਂਟਸ ਡਿਸਕਸ ਕਰਨੇ ਹਨ। ਲੇਕਿਨ ਇਹ ਜਿਹੜਾ ਤਿੰਨਾਂ ਸਟੇਟਾਂ ਦਾ ਮਾਮਲਾ ਹੈ ਇਸ ਬਾਰੇ ਇਨਡੈਪਥ ਡਿਸਕਸ਼ਨ ਉਥੇ ਨਹੀਂ ਹੋ ਸਕੀ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਅਸੀਂ ਬੀਂਨ ਡੈਮ ਦੇ ਮਸਲੇ ਨੂੰ ਇਗਨੋਰ ਨਹੀਂ ਕਰ ਸਕਦੇ। ਉਸ ਦੀ ਟੈਕਨੀਕਲ ਸੈਂਕਸ਼ਨ ਨਹੀਂ ਹੋਈ। ਪੇਪਰਜ਼ ਦੀਆਂ ਕੱਟਿੰਗਜ਼ ਮੈਂ ਆਪ ਨੂੰ ਪੜ੍ਹ ਕੇ ਸੁਣਾਈਆਂ ਹਨ। ਪੇਪਰ ਲਿਖਦੇ ਹਨ ਪ੍ਰਾਜੈਕਟ ਸ਼ੁਰੂ ਨਹੀਂ ਹੁਆ, ਸਕੈਂਡਲੋਂ ਕਾ ਦੌਰ ਸ਼ੁਰੂ ਹੋ ਗਯਾ ਹੈ। (ਵਿਘਨ) ਹੁਣ ਇਸ ਅਹਿਮ ਮਸਲੇ ਉਤੇ ਸੈਪੇਰੇਟ ਡਿਸਕਸ਼ਨ ਹੋਣੀ ਚਾਹੀਦੀ ਹੈ। ਤੁਸੀਂ ਹਾਊਸ ਦਾ ਟਾਈਮ 23 ਤਾਰੀਖ ਤਕ ਵਧਾਇਆ ਹੈ। 23 ਤਾਰੀਖ ਵਾਲੇ ਦਿਨ ਅਸੀਂ ਥੋੜ੍ਹਾ ਕੰਮ ਹੀ ਕਰਨਾ ਹੈ। ਥੋੜ੍ਹਾ ਜਿਹਾ ਹੀ ਲੈਜਿਸਲੇਟਿਵ ਬਿਜ਼ਨੈਸ ਹੈ। ਇਹ ਬੜਾ ਹੀ ਸੀਰੀਅਸ ਮਾਮਲਾ ਹੈ। ਮੇਰੇ ਪਾਸ ਅਖਬਾਰਾਂ ਦੀਆਂ ਕਲਿਪਿੰਗਜ਼ ਹਨ। ਇਹ ਤਿੰਨ-ਚਾਰ ਸਟੇਟਾਂ ਦਾ ਮਾਮਲਾ ਹੈ। ਪੰਜਾਬ ਨੇ ਇਸ ਦੀ ਕੰਸਟਰਕਸ਼ਨ ਦਾ ਜ਼ਿੰਮਾ ਆਪਣੇ ਸਿਰ ਲਿਆ ਹੋਇਆ ਹੈ। ਇਸ ਲਈ ਤੁਸੀਂ ਭਾਵੇਂ 23 ਤਾਰੀਖ ਵਾਲੇ ਦਿਨ ਹੀ ਇਕ ਘੰਟਾ ਜਾਂ ਦੋ ਘੰਟੇ ਦਾ ਟਾਈਮ ਇਸ ਦੀ ਡਿਸਕਸ਼ਨ ਲਈ ਰੱਖ ਲਵੋ, ਲੇਕਿਨ ਇਸ ਤੇ ਡਿਸਕਸ਼ਨ ਜ਼ਰੂਰ ਹੋਣੀ ਚਾਹੀਦੀ ਹੈ।

ਸ਼੍ਰੀ ਸਪੀਕਰ: ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। ਅਸੀਂ ਉਥੇ ਇਹ ਗਲ ਕਰ ਲਵਾਂਗੇ।

(ਇਸ ਸਮੇਂ ਕਈ ਮਾਨਯੋਗ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜ੍ਹੇ ਸਨ।)

ਢਿੱਲੋਂ ਸਾਹਿਬ, ਤੁਸੀਂ ਬੋਲੋ ਜੀ। (ਵਿਘਨ) ਮੈਂ ਢਿਲੋਂ ਸਾਹਿਬ ਨੂੰ ਇਜਾਜ਼ਤ ਦਿੱਤੀ ਹੈ, ਇਸ ਲਈ ਬਾਕੀ ਮੈਂਬਰ ਸਾਹਿਬਾਨ ਬੈਠ ਜਾਣ।

(ਇਸ ਸਮੇਂ ਮਾਨਯੋਗ ਮੈਂਬਰ ਮਾਸਟਰ ਚੰਦ ਸਿਘ ਜੀ ਆਪਣੀ ਸੀਟ ਤੇ ਖੜ੍ਹੇ ਸਨ)

ਚੋਪੜਾ ਸਾਹਿਬ, ਤੁਸੀਂ ਬੈਠੋ। ਮੈਂ ਢਿਲੋਂ ਸਾਹਿਬ ਨੂੰ ਟਾਈਮ ਦਿੱਤਾ ਹੈ।

ਮਾਸਟਰ ਚੰਦ ਸਿੰਘ: ਇਨ੍ਹਾਂ ਤੋਂ ਬਾਅਦ ਕੀ ਮੈਨੂੰ ਟਾਈਮ ਮਿਲ ਜਾਵੇਗਾ ?

ਸ਼੍ਰੀ ਸਪੀਕਰ: ਹਾਂ ਜੀ, ਮਿਲ ਜਾਵੇਗਾ। ਤੁਸੀਂ ਹੁਣ ਬੈਠੋ। (ਵਿਘਨ)

ਸਰਦਾਰ ਜਸਮਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਅਕਾਲੀ ਪਾਰਟੀ ਦੀ ਸਰਕਾਰ ਵੇਲੇ ਜ਼ਿਲ੍ਹਾ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ ਅਤੇ ਸੰਗਰੂਰ ਵਿਚ ਖਾਲੇ ਪੱਕੇ ਕਰਨ ਦਾ ਫੈਸਲਾ ਹੋਇਆ ਸੀ। ਇਹ ਕੰਮ ਭੂਮੀ ਰਖਿਆ ਵਿਭਾਗ ਕਰਦਾ ਸੀ। ਉਸ ਤੋਂ ਬਾਅਦ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਵੀ ਬਣਾਉਣ ਲਗ ਪਈ। ਪਿਛਲੀ ਗੌਰਮਿੰਟ ਨੇ 1 ਫਰਵਰੀ, 1980 ਨੂੰ ਇਹ ਫੈਸਲਾ ਕਰ ਦਿੱਤਾ ਕਿ ਭੂਮੀ ਰੱਖਿਆ ਵਿਭਾਗ ਇਹ ਖਾਲੇ ਨਹੀਂ ਬਣਾਏਗਾ, ਇਹ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਹੀ ਬਣਾਏਗਾ। ਉਸ ਨਾਲ ਖਰਚ ਬਹੁਤ ਵੱਧ ਗਿਆ ਹੈ। ਘੱਟੋ ਘੱਟ ਜੋ ਅੰਦਾਜ਼ਾ ਲਗਾਇਆ ਗਿਆ ਹੈ ਉਸ ਮੁਤਾਬਿਕ 127.2 ਕਰੋੜ ਰੁਪਿਆ ਖਰਚ ਵੱਧ ਆਵੇਗਾ ਅੌਰ 400 ਕਰਮਚਾਰੀ ਭੂਮੀ ਰੱਖਿਆ ਵਿਭਾਗ ਦਾ ਨੌਕਰੀ ਤੋਂ ਕੱਢਿਆ ਜਾਣਾ ਹੈ। ਟਿਊਬਵੈਲ ਕਾਰਪੋਰੇਸ਼ਨ ਠੇਕੇ-

Original with;
Punjab Vidhan Sabha
Digitized by;
Panjab Digital Library

ਦਾਰਾਂ ਰਾਹੀਂ ਪੱਕੇ ਖਾਲੇ ਬਣਵਾਉਂਦੀ ਹੈ ਅਤੇ ਉਹ ਇਸ ਕੰਮ ਵਲ ਪੂਰਾ ਧਿਆਨ ਨਹੀਂ ਦਿੰਦੇ, ਲੋਕਾਂ ਵਿਚ ਇਸ ਗੱਲ ਦੀ ਚਰਚਾ ਹੈ ਕਿ ਉਹ ਕੰਮ ਤਸੱਲੀਬਖਸ਼ ਨਹੀਂ ਹੁੰਦਾ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਬਿਆਨ ਦੇਵੇ ਕਿ ਜਿਹੜੇ ਇੰਪਲਾਈਜ਼ ਭੂਮੀ ਰੱਖਿਆ ਵਿਭਾਗ ਦੇ ਸਰਪਲੱਸ ਹੋ ਜਾਣੇ ਹਨ, ਉਨ੍ਹਾਂ ਦਾ ਕੀ ਬਣੇਗਾ ਅਤੇ ਜੋ ਲੋਕਾਂ ਤੇ 127.2 ਕਰੋੜ ਰੁਪਏ ਦਾ ਟਿਊਬ-ਵੈਲ ਕਾਰਪੋਰੇਸ਼ਨ ਰਾਹੀਂ ਕੰਮ ਕਰਵਾਉਣ ਕਾਰਣ ਵਾਧੂ ਖਰਚ ਦਾ ਭਾਰ ਪੈਣਾ ਹੈ, ਉਸ ਦੇ ਬਾਰੇ ਇਨ੍ਹਾਂ ਦਾ ਕੀ ਵਿਚਾਰ ਹੈ ?

ਸ਼੍ਰੀ ਸਪੀਕਰ : ਢਿੱਲੋਂ ਸਾਹਿਬ, ਇਸ ਬਾਰੇ ਤੁਹਾਡੀ ਕਾਲ ਅਟੈਂਸ਼ਨ ਮੋਸ਼ਨ ਵੀ ਸੀ। ਉਹ ਮੈਂ ਡਿਸਅਲਾਓ ਕਰ ਦਿੱਤੀ ਹੈ ਕਿਉਂਕਿ ਇਹ ਰੀਸੈਂਟ ਅਕਰੈਂਸ ਦਾ ਮਾਮਲਾ ਨਹੀਂ ਹੈ। ਇਹ 1 ਫਰਵਰੀ, 1980 ਦਾ ਮਾਮਲਾ ਹੈ।

(ਇਸ ਸਮੇਂ ਕਈ ਮਾਨਯੋਗ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਆਗਿਆ ਮੰਗ ਰਹੇ ਸਨ।)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਵੀ ਸੁਣ ਲਓ ਜੀ।

ਸਪੀਕਰ ਸਾਹਿਬ, ਸਾਡੇ ਸੂਬੇ ਵਿਚ ਪਾਣੀ ਤੇ ਬਿਜਲੀ ਦੀ ਬਹੁਤ ਹੀ ਥੁੜ੍ਹ ਹੈ। ਪਿਛਲੇ ਸਮੇਂ ਵਿਚ ਵੀ ਪਾਣੀ ਦੀ ਬਹਤ ਹੀ ਥੁੜ੍ਹ ਰਹੀ ਹੈ। ਠੀਕ ਹੈ, ਪਿੱਛੇ ਜਿਹੇ ਮੀਂਹ ਪੈ ਗਿਆ ਹੈ। ਪਰ ਉਸ ਮੀਂਹ ਨਾਲ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ। ਫਿਰ ਬੀਨ ਡੈਮ ਦਾ ਮਸਲਾ ਹੈ .....

ਸ਼੍ਰੀ ਸਪੀਕਰ : ਚੋਪੜਾ ਸਾਹਿਬ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ? (ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ)

ਮਾਸਟਰ ਚੰਦ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਆਗਿਆ ਮੰਗ ਰਹੇ ਸਨ। (ਹਾਊਸ ਵਿਚ ਕਾਫੀ ਸ਼ੋਰ ਸੀ)

ਕੋਈ ਵੀ ਗੱਲ ਮੇਰੀ ਇਜਾਜ਼ਤ ਤੋਂ ਬਗੈਰ ਕਹੀ ਹੋਈ ਰਿਕਾਰਡ ਨਹੀਂ ਹੋਵੇਗੀ। ਮੈਂ ਸਰਦਾਰ ਬਲਦੇਵ ਸਿੰਘ ਮਾਨ ਨੂੰ ਬੋਲਣ ਲਈ ਮੌਕਾ ਦਿੰਦਾ ਹਾਂ।

ਸਰਦਾਰ ਬਲਦੇਵ ਸਿੰਘ ਮਾਨ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

(ਇਸ ਸਮੇਂ ਸ਼੍ਰੀ ਚਮਨ ਲਾਲ ਅਤੇ ਹੋਰ ਕਈ ਮਾਨਯੋਗ ਮੈਂਬਰਜ਼ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਆਗਿਆ ਮੰਗ ਰਹੇ ਸਨ।)

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਚਮਨ ਲਾਲ ਜੀ, ਤੁਸੀਂ ਬੈਠੋ।

ਸ਼੍ਰੀ ਚਮਨ ਲਾਲ: ਸਪੀਕਰ ਸਾਹਿਬ, ਤੁਸੀਂ ਇਸ ਤਰ੍ਹਾਂ ਨਾ ਕਰੋ ਜੀ। ਮੇਰਾ ਪੁਆਇੰਟ ਆਫ਼ ਆਰਡਰ ਤਾਂ ਸੁਣ ਲਵੋ।

ਸ਼੍ਰੀ ਸਪੀਕਰ: ਹਾਂ ਜੀ, ਕੀ ਹੈ ਤੁਹਾਡਾ ਪੁਆਇੰਟ ਆਫ ਆਰਡਰ ?

ਸ਼੍ਰੀ ਚਮਨ ਲਾਲ : ** ** **

Mr. Speaker : This is no point of order.

Now I call upon Comrade Raj Kumar to read his Call Attention Notice No. 92.

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਖੜ੍ਹੇ ਸਨ ਅਤੇ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦੀ ਆਗਿਆ ਮੰਗ ਰਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ। ** **)

ਜਿਹੜਾ ਮੇਰੀ ਪਰਮਿਸ਼ਨ ਤੋਂ ਬਗੈਰ ਬੋਲ ਰਹੇ ਹਨ ਉਹ ਕੋਈ ਪਰੋਸਿਡਿੰਗਜ਼ ਦਾ ਹਿਸਾ ਨਹੀਂ ਬਣੇਗਾ। ਮੈਂ ਕਾਮਰੇਡ ਰਾਜ ਕੁਮਾਰ ਜੀ ਨੂੰ ਕਾਲ ਅਟੈਂਸ਼ਨ ਮੋਸ਼ਨ ਪੜ੍ਹਨ ਲਈ ਕਿਹਾ ਹੈ। ਤੁਸੀਂ ਸਾਰੇ ਬੈਠ ਜਾਓ।

(ਬਹੁਤ ਸਾਰੇ ਮੈਂਬਰਜ਼ ਆਪਣੀਆ ਸੀਟਾ ਤੇ ਡੈਸਕ ਖੜਕਾ ਰਹੇ ਸਨ ਅਤੇ ਪਆਇੰਟ ਆਫ ਆਰਡਰ ਤੇ ਬੋਲਣ ਲਈ ਜ਼ੋਰ ਨਾਲ ਆਗਿਆ ਮੰਗ ਰਹੇ ਸਨ।)

ਨੈਕਸਟ ਆਈਟਮ ਤੇ ਬੋਲ ਲੈਣਾ। ਕਾਲ ਅਟੈਨਸ਼ਨ ਮੋਸ਼ਨ ਨੰ: 92, ਕਾਮਰੇਡ ਰਾਜ ਕੁਮਾਰ ਜੀ। (ਵਿਘਨ) ਮੈਂ ਕਿਸੇ ਨੂੰ ਅਲਾਓ ਨਹੀਂ ਕਰਾਂਗਾ। ਤੁਸੀਂ ਬੈਠ ਜਾਓ।

(ਇਸ ਵੇਲੇ ਕਾਮਰੇਡ ਰਾਜ ਕੁਮਾਰ ਜੀ ਆਪਣੀ ਸੀਟ ਤੇ ਕਾਲ ਅਟੈਨਸ਼ਨ ਮੋਸ਼ਨ ਪੜ੍ਹਨ ਲਈ ਨਹੀਂ ਉਠੇ ਅਤੇ ਹੋਰ ਕਈ ਮੈਂਬਰਜ਼ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਜ਼ੋਰ ਨਾਲ ਮੰਗ ਕਰ ਰਹੇ ਸਨ)

ਤੁਸੀਂ ਬੈਠ ਜਾਓ। 30 ਮਿੰਟ ਜ਼ਾਇਆ ਹੋ ਗਏ ਹਨ, ਕੋਈ ਪੁਆਇੰਟ ਆਫ ਆਰਡਰ ਵੈਲਿਡ ਨਹੀਂ ਹੋਇਆ। (ਵਿਘਨ) ਕਾਮਰੇਡ ਰਾਜ ਕੁਮਾਰ ਜੀ ਤੁਸੀਂ ਆਪਣੀ ਕਾਲ ਅਟੈਂਸ਼ਨ ਮੋਸ਼ਨ ਪੜ੍ਹੋ ਨਹੀਂ ਤਾਂ ਮੈਂ ਅਗਲੀ ਮੋਸ਼ਨ ਪੁੱਟ ਕਰ ਲਵਾਂਗਾ। (ਵਿਘਨ)

(ਹਾਲੇ ਵੀ ਬਹੁਤ ਸਾਰੇ ਮੈਂਬਰਜ਼ ਇਕੱਠੇ ਹੀ ਬੋਲ ਰਹੇ ਸਨ।) (ਸ਼ੋਰ) ** **

ਮੈਂ ਅਲਾਓ ਨਹੀਂ ਕਰ ਰਿਹਾ। ਤੁਸੀਂ ਆਪਣਾ ਵਕਤ ਜ਼ਾਇਆ ਕਰ ਰਹੇ ਹੋ। ਕੁਝ ਵੀ ਰਿਕਾਰਡ ਤੇ ਨਹੀਂ ਆਏਗਾ। (ਵਿਘਨ) ਸਰਦਾਰ ਬਲਵਿੰਦਰ ਸਿੰਘ ਜੀ ਜੋ ਕੁਝ

**Expunged not recorded as ordered by the Chair.

Original with;
Punjab Vidhan Sabha
Digitized by;
Panjab Digital Library

ਤੁਸੀਂ ਕਹਿ ਰਹੇ ਹੋ ਉਹ ਰਿਕਾਰਡ ਤੇ ਨਹੀਂ ਆਏਗਾ। ਮੈਂ ਕਾਮਰੇਡ ਰਾਜ ਕੁਮਾਰ ਜੀ ਨੂੰ ਕਾਲ ਅਪਾਨ ਕਰ ਲਿਆ ਹੈ। ਹੋਰ ਮੈਂ ਕਿਸੇ ਨੂੰ ਇਜਾਜ਼ਤ ਨਹੀਂ ਦੇ ਰਿਹਾ। (ਵਿਘਨ) ਭੁੰਦੜ ਸਾਹਿਬ ਤੁਸੀਂ ਤਾਂ ਚੰਗੇ ਪਾਰਲੀਆਮੈਂਟੇਰੀਅਨ ਹੋ (ਵਿਘਨ) ਮੈਂ ਨੈਕਸਟ ਆਈਟਮ ਤੇ ਜਾ ਚੁੱਕਾ ਹਾਂ। I am very sorry.

ਸਰਦਾਰ ਬਲਵਿੰਦਰ ਸਿੰਘ ਭੁੰਦੜ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਕਰਨਾ ਤਾਂ ਸਾਡਾ ਹੱਕ ਹੈ। ਸਾਨੂੰ ਸੁਣ ਲਓ। ਜੇ ਅਸੀਂ ਇਥੇ ਆਪਣੀ ਗੱਲ ਨਾ ਕਰ ਸਕੀਏ ਤਾਂ ਫਿਰ ਸਾਡਾ ਇਥੇ ਆਉਣ ਦਾ ਕੀ ਫਾਇਦਾ ਹੈ ?

ਸ਼੍ਰੀ ਸਪੀਕਰ: ਤੁਸੀਂ ਬੈਠ ਜਾਓ। ਮੈਂ ਤੁਹਾਨੂੰ ਕਾਲ ਅਟੈਨਸ਼ਨ ਮੋਸ਼ਨਜ਼ ਤੋਂ ਬਅਦ ਅਲਾਓ ਕਰ ਦਿਆਂਗਾ।

CALL ATTENTION NOTICES UNDER RULE 66

(Serial No. 92)

Comrade Raj Kumar : Sir, I beg to draw the attention of the Government towards a matter of urgent public importance, namely, that the largest woollen manufacturing undertaking of the State namely New Egerton Woollen Mills of Dhariwal is on the verge of being closed due to short supply of coal and power. A fresh lay-off in the mills has rendered another 1500 woollen workers jobless causing anxiety among those 2000 who remain on the rolls. In view of the obvious importance of the matter, the Government may be asked to make a statement in this House.

Chief Minister (Sardar Darbara Singh) : M/s New Egerton Woollen Mills, Dhariwal is having total strength of 3393 workers. They have for the last so many months been laying off a number of wokers varying from 96 to 776 workers due to shortage of coal and power from December, 1979 to date. As per information which has been gathered, the management have laid off 633 workers due to shortage of coal on the 15th instant. It is also understood that the mill authorities would be taking the laid off workers on work as soon as the supply position regarding coal improves, as they have been doing during past and that they have no intention of closing the mill. It may be stated that in the past years also the mill has been laying off varying number of workers from time to time due to various types of shortages, including raw material and recalling the workers to work as soon as situation has been getting normalised. The mill has not resorted to any retrenchment and has been paying 50% of the wages to the workers in accordance with the provisions of the Industrial Disputes Act, 1947. Therefore, the contention of Comrade Raj Kumar, M.L.A., that 1,500 workers have recently been laid off due to shortage of coal is rather exaggerated. It may further be submitted that the mill management has stated that due to some adjustments which they were contemplating, the number of laid off workers would be reduced in the next few days.

ਕਾਮਰੇਡ ਰਾਜ ਕੁਮਾਰ: ਸਰ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ 96 ਤੋਂ 776 ਤਕ ਵਰਕਰਜ਼ ਲੇ ਆਫ ਹੋ ਗਏ ਹਨ ਅੱਤੇ ਹੁਣ 15 ਤਾਰੀਖ ਨੂੰ 633 ਵਰਕਰਜ਼ ਲੇ ਆਫ ਹੋਰ ਹੋ ਰਹੇ ਹਨ due to shortage of power

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

and coal. ਪਿਛਲੇ 8-9 ਮਹੀਨਿਆਂ ਤੋਂ ਲਗਾਤਾਰ ਵਰਕਰਜ਼ ਸਫਰ ਕਰ ਰਹੇ ਹੈਨ। ਇਹ ਠੀਕ ਹੈ ਕਿ ਅੰਡਰ ਇੰਡਸਟਰੀਅਲ ਡਿਸਪਿਊਟ ਐਕਟ ਉਨ੍ਹਾਂ ਨੂੰ 50% ਵੇਜਿਜ਼ ਮਿਲਦੇ ਹਨ। ਪਰ ਸਪੀਕਰ ਸਾਹਿਬ ਤੁਸੀਂ ਜਾਣਦੇ ਹੋ ਕਿ ਉਨ੍ਹਾਂ ਵਰਕਰਜ਼ ਦਾ ਇਨ੍ਹਾਂ ਮਿਨਿਮਮ ਵੇਜਿਜ਼ ਨਾਲ ਕੀ ਬਣਦਾ ਹੈ। ਉਨ੍ਹਾਂ ਦੇ 7-8 ਬੰਦਿਆਂ ਦਾ ਟੱਬਰ 100 ਜਾਂ 150 ਰੁਪਏ ਵਿਚ ਗੁਜ਼ਾਰਾ ਨਹੀਂ ਕਰ ਸਕਦਾ। ਪੰਜਾਬ ਗੌਰਮਿੰਟ ਦਾ ਇਕ ਪਰੈਸੀਡੈਂਟ ਕਾਇਮ ਕੀਤਾ ਹੋਇਆ ਹੈ ਕਿ ਜਦੋਂ ਵੀ ਕੋਈ ਅਜਿਹੀ ਕੈਲੇਮਿਟੀ ਇੰਡਸਟਰੀਜ਼ ਤੇ ਆਵੇ ਤਾਂ ਇੰਡਸਟਰੀਜ਼ ਨੂੰ ਹੈਲਪ ਦੀ ਸ਼ਕਲ ਵਿਚ ਪਾਵਰ ਵਗੈਰਾ ਤੇ ਕਨਸੈਸ਼ਨ ਦਿੱਤੀ ਜਾਂਦੀ ਹੈ। ਮੈਂ ਕਹਿੰਦਾ ਹਾਂ ਕਿ ਇਸੇ ਤਰ੍ਹਾਂ ਵਰਕਰਜ਼ ਨੂੰ ਵੀ ਕੁਝ ਕਨਸੈਸ਼ਨ ਦੇਣਾ ਚਾਹੀਦਾ ਹੈ। ਧਾਰੀਵਾਲ ਮਿੱਲ ਵਿਚ ਪਿਛਲੇ 8-9 ਮਹੀਨਿਆਂ ਤੋਂ 776 ਅਤੇ ਹੁਣ 633 ਹੋਰ ਵਰਕਰਜ਼ ਸਫਰ ਕਰ ਰਹੇ ਹਨ ਅੱਰ ਜੋ ਉਨ੍ਹਾਂ ਨੂੰ 100 ਜਾਂ 150 ਰੁਪਿਆ ਮਿਲਦਾ ਹੈ, ਇਸ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਦਾ। ਮੈਂ ਕਹਿੰਦਾ ਹਾਂ ਕਿ ਜਿਹੜਾ ਪਿੱਛੇ ਪਰੈਸੀਡੈਂਟ ਕਾਇਮ ਕੀਤਾ ਸੀ ਕਿ ਇਸ ਕਿਸਮ ਦੇ ਮੌਕੇ ਤੇ ਵਰਕਰਜ਼ ਦੀ ਹੈਲਪ ਲਈ ਕੁਝ ਗਰਾਂਟ-ਇਨ-ਏਡ ਜਾਂ ਕੋਈ ਹੋਰ ਸਬਸਿਡੀ ਦਿੱਤੀ ਜਾਵੇਗੀ, ਕਿ ਹੁਣ ਉਨ੍ਹਾਂ ਦੀ ਮੁਸ਼ਕਿਲ ਨੂੰ ਹਲ ਕਰਨ ਲਈ ਵੀ ਕੁਝ ਸੋਚਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਬਾਰੇ ਆਫ ਹੈਂਡ ਕੁਝ ਨਹੀਂ ਕਹਿ ਸਕਦਾ। ਇਸ ਤੇ ਵਿਚਾਰ ਕਰ ਲਿਆ ਜਾਵੇਗਾ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮਾਨਸਾ ਤਹਿਸੀਲ ਵਿਚ 2,200 ਬੰਦਿਆਂ ਦੇ ਵਾਰੰਟ ਕੱਢੇ ਗਏ ਹਨ ਕਿਉਂਕਿ ਉਹ ਖਾਲਿਆਂ ਦੇ ਪੈਸੇ ਨਹੀਂ ਦੇ ਸਕਦੇ। ਉਹ ਪੈਸੇ ਇਸ ਕਰਕੇ ਨਹੀਂ ਦੇ ਸਕਦੇ ਕਿਉਂਕਿ ਕਈ ਖਾਲੇ ਤਾਂ ਟੁੱਟ ਗਏ ਹਨ, ਜਿਸ ਕਰਕੇ ਉਨ੍ਹਾਂ ਦਾ ਹਿਸਾਬ ਕਿਤਾਬ ਨਹੀਂ ਲਗ ਸਕਦਾ। ਦੂਸਰਾ ਰੀਜ਼ਨ ਇਹ ਵੀ ਹੈ ਕਿ ਜਿਨ੍ਹਾਂ ਨੇ ਰਜਿਸਟਰੀਆਂ ਕਰਵਾ ਲਈਆਂ ਸਨ ਉਨ੍ਹਾਂ ਦਾ ਤਾਂ ਹਿਸਾਬ ਹੋ ਰਿਹਾ ਹੈ ਅੱਰ ਜਿਨ੍ਹਾਂ ਨੇ ਨਹੀਂ ਕਰਵਾਈਆਂ ਉਨ੍ਹਾਂ ਦਾ ਮਹਿਕਮਾ ਹਿਸਾਬ ਨਹੀਂ ਕਰ ਰਿਹਾ। ਇਹ ਦੋ ਮੇਨ ਰੀਜ਼ਨਜ਼ ਹਨ। ਸਪੀਕਰ ਸਾਹਿਬ, ਜੇ ਇਨ੍ਹਾਂ 2,200 ਬੰਦਿਆਂ ਨੂੰ ਅਰੈਸਟ ਕਰ ਲਿਆ ਤਾਂ ਐਜੀਟੇਸ਼ਨ ਸ਼ੁਰੂ ਹੋ ਜਾਵੇਗੀ। ਇਸ ਲਈ ਕੀ ਚੀਫ ਮਨਿਸਟਰ ਸਾਹਿਬ ਇਹ ਭਰੋਸਾ ਦਿਵਾਉਣਗੇ ਕਿ ਹਾਲੇ ਉਨ੍ਹਾਂ ਦੀਆਂ ਕਿਸ਼ਤਾਂ ਰੋਕ ਦਿੱਤੀਆਂ ਜਾਣਗੀਆਂ ਜਦੋਂ ਫੈਸਲਾ ਹੋ ਜਾਵੇ ਤਾਂ ਵਸੂਲੀ ਕਰ ਲੈਣਗੇ।

ਸ਼੍ਰੀ ਸਪੀਕਰ : ਭੁੰਦੜ ਜੀ ਤੁਸੀਂ ਇਸ ਬਾਰੇ ਸ਼ਾਰਟ ਨੋਟਿਸ ਕੁਐਸਚਨ ਦੇ ਦਿਉ ਤਾਂ ਤੁਹਾਨੂੰ ਜਵਾਬ ਮਿਲ ਜਾਵੇਗਾ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੈਂ ਤੁਹਾਡਾ ਭਰੋਸਾ ਚਾਹੁੰਦਾ ਹਾਂ। ਜੇਕਰ ਤੁਸੀਂ ਕਹੋ ਤਾਂ ਮੈਂ ਲਿਖ ਕੇ ਵੀ ਦੇ ਦਿਆਂਗਾ।

ਸ਼੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਨੰ : 93 ਕਾਮਰੇਡ ਦਰਸ਼ਨ ਸਿੰਘ ਝਬਾਲ ਜੀ।

ਸਰਦਾਰ ਦਲੀਪ ਸਿੰਘ ਪਾਧੀ : ** ** **
(ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਪਾਧੀ ਜੀ ਜੋ ਕੁਝ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਕਾਲ ਅਟੈਨਸ਼ਨ ਨੋਟਿਸ ਨੰ : 93।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 93)

ਕਾਮਰੇਡ ਦਰਸ਼ਨ ਸਿੰਘ ਝਬਾਲ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਵਿਚ ਮਰੀਜ਼ਾਂ ਲਈ ਐਕਸਰੇ ਫਿਲਮਾਂ ਨਹੀਂ ਮਿਲਦੀਆਂ। ਜਦੋਂ ਮਰੀਜ਼ ਹਸਪਤਾਲ ਆਉਂਦਾ ਹੈ ਡਾਕਟਰ ਉਸ ਨੂੰ ਐਕਸਰਾ ਕਰਾਉਣ ਲਈ ਕਹਿੰਦਾ ਹੈ। ਪਰ ਐਕਸਰੇ ਡਿਪਾਰਟਮੈਂਟ ਵਾਲੇ ਕਹਿੰਦੇ ਹਨ ਕਿ ਸੌਰੀ, ਸਾਡੇ ਪਾਸ ਐਕਸਰੇ ਫਿਲਮਾਂ ਨਹੀਂ ਹਨ ਤੇ ਤੁਸੀਂ ਬਜ਼ਾਰੋਂ ਫਿਲਮਾਂ ਲੈ ਆਓ। ਇਹ ਸੁਣ ਕੇ ਗਰੀਬ ਵਾਪਸ ਘਰਾਂ ਨੂੰ ਚਲੇ ਜਾਂਦੇ ਹਨ ਤੇ ਇਲਾਜ਼ ਕਰਾਉਣ ਤੋਂ ਰਹਿ ਜਾਂਦੇ ਹਨ। ਪੈਸੇ ਵਾਲੇ ਫਿਲਮਾਂ ਬਜ਼ਾਰ ਤੋਂ ਲੈ ਕੇ ਇਲਾਜ ਕਰਾ ਲੈਂਦੇ ਹਨ ਤੇ ਗਰੀਬ ਇਲਾਜ ਤੋਂ ਰਹਿ ਜਾਂਦੇ ਹਨ। ਲਗ ਭਗ 6 ਮਹੀਨੇ ਤੋਂ ਫਿਲਮਾਂ ਮੁਕੀਆਂ ਹਨ। ਇਸ ਹਾਲਤ ਵਿਚ ਗਰੀਬ ਲੋਕਾਂ ਵਿਚ ਭਾਰੀ ਬੇਚੈਨੀ ਹੈ। ਸਬੰਧਤ ਮੰਤਰੀ ਜਵਾਬ ਦੇਣ ਦੀ ਕਿਰਪਾਲਤਾ ਕਰਨ।

Health Minister (Shri Sardari Lal Kapur): It is incorrect that X-Ray films are not available for the last six months in the Sri Guru Tegh Bahadur Hospital, Amritsar. It is, however, correct that there has been some shortage of X-Ray films but efforts have been made to take care of all emergency cases particularly during the night. During the last six months X-Ray films worth Rs. 91,026·13 were received in three instalments in the months of March and April, 1980. The Sri Guru Tegh Bahadur Hospital including (associated Hospitals) at Amritsar constitute the premier hospital complex in the State and the daily requirement for the Hospital is about 300 films whereas within the Budget provision it has been possible to supply about 150 films a day. This shortfall in the supply of films has been mainly due to the following factors:—

(i) Inadequate budget provision.

(ii) Prices of X-Ray films have substantially gone up during the last two years.

(iii) The number of patients seeking X-Ray diagnosis have increased substantially.

2. Fresh orders have already been placed with the Firm for Rs. 2,10,023·70 for supply of X-Ray films and the films are likely to be received shortly. The overall position of supply of X-Ray films the entire State especially for the Hospitals attached to Medical Colleges will be reviewed keeping in view the factors mentioned above and efforts would be made to make higher provision of funds commensurate with our requirements.

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮੈਨੂੰ ਪਿਛਲੇ ਦਿਨਾਂ ਵਿਚ ਉਥੇ ਹਸਪਤਾਲ ਜਾਣ ਦਾ ਮੌਕਾ ਮਿਲਿਆ। ਉਥੇ, ਸਪੀਕਰ ਸਾਹਿਬ, ਮਰੀਜ਼ਾਂ ਦੀ ਹਾਲਤ ਬੜੀ ਗੰਭੀਰ ਹੈ। ਸਾਨੂੰ ਹਸਪਤਾਲ ਵਾਲਿਆਂ ਨੇ ਕਿਹਾ ਸੀ ਕਿ ਐਕਸਰੇ ਵਾਸਤੇ ਉਨ੍ਹਾਂ ਪਾਸ ਫੰਡਜ ਨਹੀਂ ਹਨ। ਇਸ ਬਾਰੇ ਉਨ੍ਹਾਂ ਨੇ ਚਿੱਠੀ ਵੀ ਲਿਖੀ ਹੋਈ ਹੈ ਕਿ ਸਾਡੇ ਕੋਲ ਬਜਟ ਨਹੀਂ ਹੈ। ਇਸ ਬਾਰੇ ਮੈਂ ਵੀ ਮਨਿਸਟਰ ਸਾਹਿਬ ਨੂੰ ਚਿੱਠੀ ਲਿਖੀ ਸੀ। ਪਰ ਉਸ ਦਾ ਜਵਾਬ ਮਨਿਸਟਰ ਸਾਹਿਬ ਨੇ ਇਹ ਦਿੱਤਾ ਕਿ ਇਹ ਮਸਲਾ ਸਾਰੇ ਪੰਜਾਬ ਦਾ ਹੈ। (ਵਿਘਨ) (ਸ਼ੋਰ) ਫਿਲਮਾਂ, ਸਪੀਕਰ ਸਾਹਿਬ, ਐਕਸਰੇ ਲਈ ਬਾਹਰੋਂ ਮਿਲ ਸਕਦੀਆਂ ਹਨ ਪਰ ਹਸਪਤਾਲਾਂ ਵਿਚ ਨਹੀਂ ਮਿਲਦੀਆਂ ਕਿਉਂਕਿ ਕੀਮਤਾਂ ਚੜ੍ਹ ਗਈਆਂ ਹਨ ਅਤੇ ਬਜਟ ਵਿਚ ਇਸ ਕੰਮ ਲਈ ਫੰਡ ਥੋੜੇ ਰਖੇ ਗਏ ਹਨ। ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਥੋੜ੍ਹੇ ਫੰਡ ਨਾਲ ਐਕਸਰੇ ਫਿਲਮਾਂ ਪੂਰੀਆਂ ਨਹੀਂ ਮਿਲ ਸਕਦੀਆਂ। ਕੀ ਮਨਿਸਟਰ ਸਾਹਿਬ, ਹੁਸ-ਪਤਾਲਾਂ ਵਿਚ ਹੋਰ ਫੰਡਜ਼ ਦਾ ਪਰੋਵੀਜ਼ਨ ਕਰਨਗੇ ਤਾਂ ਕਿ ਗਰੀਬਾਂ ਨੂੰ ਕੋਈ ਦਿਕਤ ਪੇਸ਼ ਨਾ ਆਵੇ ਅਤੇ ਉਹ ਆਪਣਾ ਇਲਾਜ ਕਰਵਾ ਸਕਣ?

ਮੰਤਰੀ: ਮੈਂ ਆਨਰੇਬਲ ਮੈਂਬਰ ਦੇ ਨਾਲ ਇਸ ਗਲ ਤੇ ਸਹਿਮਤ ਹਾਂ ਕਿ ਆਉਣ ਵਾਲੇ ਸਮੇਂ ਵਿਚ ਹਸਪਤਾਲਾਂ ਵਿਚ ਫਿਲਮਾਂ ਮਿਲ ਸਕਣ ਅਤੇ ਗਰੀਬਾਂ ਦਾ ਇਲਾਜ ਹੋ ਸਕੇ। ਇਸ ਲਈ ਮੈਂ ਐਫ. ਐਮ. ਸਾਹਿਬ ਨਾਲ ਗੱਲ ਵੀ ਕਰ ਲਈ ਹੈ। ਸਪੀਕਰ ਸਾਹਿਬ, ਕਿਸੇ ਹਸਪਤਾਲ ਵਿਚ ਐਕਸਰੇ ਫਿਲਮਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। (ਥੰਪਿੰਗ)

ਕਾਮਰੇਡ ਦਯਾ ਸਿੰਘ: ਸਪੀਕਰ ਸਾਹਿਬ, ਮੈਂ ਚਾਰ ਮੱਤੇ ਰੱਖੇ ਸਨ ਪਰ ਉਹ ਚਾਰੇ ਦੇ ਚਾਰੇ ਰੱਦ ਕਰ ਦਿੱਤੇ ਗਏ ਹਨ। ਮੈਂ ਤੁਹਾਨੂੰ ਮਿਲਣ ਲਈ, ਸਪੀਕਰ ਸਾਹਿਬ, ਚੈਂਬਰ ਵਿਚ ਵੀ ਗਿਆ ਸੀ। ਪੁਲਾਂ ਦੇ ਬਾਰੇ ਗੱਲ ਕਰਨੀ ਸੀ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਹੜ੍ਹ ਆ ਗਏ ਹਨ। ਪੁਲ ਨਾ ਬਣਨ ਕਰਕੇ ਲੋਕਾਂ ਦਾ ਨੁਕਸਾਨ ਹੋਇਆ ਹੈ। ਇਸ ਦੇ ਮੁਤੱਲਕ ਮੈਂ ਇਕ ਮਤਾ ਰੱਖਿਆ ਸੀ (ਵਿਘਨ) (ਸ਼ੋਰ) ਦੂਜਾ ਮਤਾ ਸਕੂਲਾਂ ਦੇ ਬਾਰੇ ਸੀ। ਇਹ ਇਸ ਕਰਕੇ ਰੱਦ ਕਰ ਦਿੱਤੇ ਗਏ ਕਿ ਇਹ ਮਤੇ ਪੁਰਾਣੇ ਹਨ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ: ਤੁਸੀਂ ਅੱਧੇ ਘੰਟੇ ਬਾਅਦ ਮੇਰੇ ਚੈਂਬਰ ਵਿਚ ਆ ਜਾਣਾ। ਫਿਰ ਗੱਲ ਕਰ ਲਵਾਂਗੇ। ਕਾਲ ਅਟੈਨਸ਼ਨ ਨੰ: 94।

(Serial No. 94)

Comrade Baldev Singh Loomba : Sir, I beg to draw the attention of the Government towards a matter of urgent public importance, namely, the Punjab State Tourism Development Corporation spent a lot of amount when its Chairman went to inaugurate the Coffee Shop at the International Hotel, Amritsar on 28th May, 1980. The Corporation spent a lot of amount on the travelling expenses of high officials of the Corporation, who went to Amritsar in connection with making arrangements for the visit of the Chairman of Corporation to Amritsar only for a small petty job of inauguration. At this juncture a lavish dinner for invitees as also a cultural programme was arranged and spent a lot of money whereas the Corporation dispensed with the services of class IV employees on economy ground. The concerned Minister is requested to make a statement in the House.

Chief Minister (Sardar Darbara Singh) : Sir, like other three star hotels, Amritsar International Hotel has to have a Coffee shop working round the clock. The original plan provided for this. The Coffee shop has only now been provided by converting a store room and thus putting this store room to a better commercial use.

2. A meeting was to be held at Amritsar by the Chairman of the Corporation, namely, the Chief Secretary with the Chairman Improvement Trust, the Commissioner, Municipal Corporation, D.C. and other concerned Officers to discuss proposals on environmental improvement, provision of roads, shifting of the Ashram for crippled persons to a better site, etc. The inauguration was fixed on the same day, for that reason and only the officers connected with the project participated in this meeting.

Original with;
Punjab Vidhan Sabha
Digitized by;
Panjab Digital Library

3. The expenditure incurred on the inauguration was as under :—

	Rs.
(i) Cost of material used for preparation of food/snacks	1,694
(ii) Hiring of Furniture, Lighting and other decorations ..	295
(iii) Traditional Punjabi Cultural show ..	1,500
Total ..	3,489

The cultural show was organised a principal item to attract good paying customers and as a measure of induced publicity.

As against this expenditure of Rs. 3,489 an income of Rs. 5,848 accrued as under :—

	Rs.
(1) Sale of Dinner's Cards ..	2,310
(2) Sale of proceeds of dinner etc. after the function ..	3,110
(3) Snacks and Coffee ..	428
Total ..	5,848

4. Thus, it is incorrect to say that infructuous expenditure was incurred on this inauguration. In fact, the Coffee shop is an essential amenity required to be provided at a three star hotel. Such an amenity is also *provided* at all similar hotels being operated under the auspices of the Union Minister of Tourism and Civil Aviation.

ਕਾਮਰੇਡ ਬਲਦੇਵ ਸਿੰਘ ਲੁੰਬਾ: ਸਪੀਕਰ ਸਹਿਬ, ਤੁਸੀਂ ਸਾਰਾ ਸੁਣ ਲਿਆ ਹੈ। ਇਸ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਇਹ ਗੱਲ ਠੀਕ ਨਹੀਂ। ਇਸ ਵਿਚ ਖਰਚਾ ਇਨ੍ਹਾਂ ਨੇ 1,694, 295 ਅੌਰ 1,500 ਦੱਸਿਆ ਹੈ। ਇੱਕ ਤਾਂ ਟਰੈਵਲਿੰਗ ਹੋਈ ਹੈ। ਉਹ ਸਿਰਫ ਉਦਘਾਟਨ ਦਾ ਪਰਬੰਧ ਕਰਨ ਲਈ ਉਥੇ ਗਏ। ਉਨ੍ਹਾਂ ਦਾ ਟੀ. ਏ., ਡੀ. ਏ. ਦੇ ਖਰਚ ਨੂੰ ਉਸ ਖਰਚੇ ਨਾਲ ਜੋੜਨ ਦੀ ਕੋਸ਼ਿਸ਼ ਨਹੀਂ ਕੀਤੀ। ਉਥੇ ਲੈਵਿਸ਼ ਤੌਰ ਤੇ ਡਿਨਰ ਕੀਤਾ ਗਿਆ, ਉਸ ਦਾ ਖਰਚਾ ਵੀ ਇਨ੍ਹਾਂ ਨੂੰ ਚੇਤੇ ਨਹੀਂ ਰਿਹਾ ਅਤੇ ਉਸ ਵਿਚ ਜੋੜਿਆ ਨਹੀਂ ਗਿਆ। ਮੈਂ ਸਮਝਦਾ ਹਾਂ ਕਿ ਜਾਂ ਤਾਂ ਇਹ ਇਸ ਗੱਲ ਨੂੰ ਕੋਈ ਮਾੜੀ ਗੱਲ ਨਹੀਂ ਸਮਝਦੇ ਕਿ ਅੈਨਾ ਖਰਚਾ ਹੋ ਗਿਆ ਹੈ ਜਾਂ ਫਿਰ ਗਲਤ ਇਨਫਰਮੇਸ਼ਨ ਦਿੱਤੀ ਗਈ ਹੈ। ਕਾਰਪੋਰੇਸ਼ਨ ਵਿਚ ਜਿਹੜੇ ਕਲਾਸ 4 ਦੇ ਮੁਲਾਜ਼ਮ ਹਨ ਉਨ੍ਹਾਂ ਤੇ ਕੁਲਹਾੜਾ ਚਲਾਇਆ ਜਾ ਰਿਹਾ ਹੈ ਕਿ ਪੈਸੇ ਦੀ ਘਾਟ ਹੈ। ਤੁਹਾਡੇ ਰਾਹੀਂ ਮੈਂ ਸੀ. ਐਮ. ਸਾਹਿਬ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅੈਡੇ ਵੱਡੇ ਖਰਚੇ ਤਾਂ ਕਾਰਪੋਰੇਸ਼ਨ ਕਰ ਸਕਦੀ ਹੈ ਪਰ ਕਲਾਸ 4 ਦੇ ਮੁਲਾਜ਼ਮਾਂ ਲਈ ਕੁਲਹਾੜਾ ਬਣਿਆ ਹੋਇਆ ਹੈ ਕਿ ਪੈਸੇ ਨਹੀਂ ਹਨ। ਕੀ ਇਸ ਬਾਰੇ ਕਲਾਸ 4 ਦੇ ਮੁਲਾਜ਼ਮਾਂ ਨੂੰ ਹਿਸਾਬ ਦਿਲਾਉਣ ਲਈ ਇਹ ਕੋਈ ਇਨਕੁਆਇਰੀ ਕਰਾਉਣ ਦਾ ਭਰੋਸਾ ਦਿਵਾਉਣਗੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਇਨ੍ਹਾਂ ਦੇ ਸਵਾਲ ਦੇ ਪਹਿਲੇ ਹਿੱਸੇ ਦਾ ਜਵਾਬ ਇਹ ਹੈ ਕਿ ਇਹ ਜਿਹੜਾ ਖਰਚਾ ਕੀਤਾ ਗਿਆ ਹੈ ਉਸ ਨਾਲੋਂ ਆਮਦਨ ਜ਼ਿਆਦਾ ਹੋਈ ਹੈ (ਵਿਘਨ) ਐਨੀ ਪੇਸ਼ੈਂਸ ਹੋਣੀ ਚਾਹੀਦੀ ਹੈ ਕਿ ਮੈਂਬਰ ਸਾਹਿਬ ਜਵਾਬ ਤਾਂ ਸਾਰਾ ਸੁਣ ਲੈਣ। ਮੇਰੀ ਅਰਜ਼ ਹੈ ਕਿ ਪਹਿਲਾ ਸਵਾਲ ਇਹ ਹੈ ਕਿ ਐਨਾ ਖਰਚਾ ਅਫਸਰਾਂ ਤੇ ਕੀਤਾ ਗਿਆ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਫਸਰ ਇਸ ਮੰਤਵ ਲਈ ਨਹੀਂ ਗਏ ਸੀ ਬਲਿਕ ਉਨ੍ਹਾਂ ਨੂੰ ਦੂਸਰੇ ਕੰਮ ਕਾਜ ਸਨ। ਉਸ ਦਿਨ ਉਹ ਉਦਘਾਟਨ ਵੀ ਰਖਿਆ ਗਿਆ ਤਾਂਕਿ ਇਸ ਗਲ ਲਈ ਹੋਰ ਕੋਈ ਖਰਚਾ ਨਾ ਹੋਵੇ। ਅਫਸਰ ਉਸ ਖਰਚੇ ਤੇ ਗਏ ਸੀ ਜੋ ਨਾਰਮਲੀ ਤੌਰ ਤੇ ਜਾਣ ਤੇ ਲਗਦਾ ਹੈ। ਇੰਟਰਨੈਸ਼ਨਲ ਹੋਟਲ ਹੈ, ਤੁਸੀਂ ਲਾਗਲੇ ਗਵਾਂਢੀ ਸੂਬੇ ਵਿਚ ਦੇਖ ਲਵੋ ਉਨ੍ਹਾਂ ਨੇ ਸਾਡੇ ਨਾਲੋਂ ਜ਼ਿਆਦਾ ਖਰਚਾ ਕਰਕੇ ਦੰਗੇ ਟੂਰਿਸਟ ਸਪਾਟਸ ਬਣਾਏ ਹਨ ਤਾਂਕਿ ਲੋਕ ਜ਼ਿਆਦਾ ਅੈਟ੍ਰੈਕਟ ਹੋ ਸਕਣ ਅੌਰ ਆਮਦਨ ਵੀ ਜ਼ਿਆਦਾ ਹੋ ਸਕੇ। ਇਨੀਸ਼ੀਅਲ ਖਰਚੇ ਕਰਨੇ ਪੈਂਦੇ ਹਨ। ਜੇ ਕਮਰਸ਼ੀਅਲ ਤੌਰ ਤੇ ਚਲਾਉਣਾ ਹੋਵੇ ਤਾਂ ਖਰਚੇ ਕਰਨੇ ਪੈਂਦੇ ਹਨ ।

6 ਸੱਜਣ ਹਨ ਜਿਨ੍ਹਾਂ ਨੂੰ ਆਪਣੀ ਨੌਕਰੀ ਤੋਂ ਹਟਾਇਆ ਗਿਆ ਹੈ। ਪਹਿਲਾਂ ਵੇਟਰ ਡਿਊਟੀ ਤੋਂ ਐਬਸੈਂਟ ਰਿਹਾ, ਤਾਂ ਹਟਾਇਆ ਗਿਆ ਹੈ। ਦੂਜਾ ਚੌਕੀਦਾਰ ਉਨ੍ਹਾਂ ਨੂੰ ਚਾਹੀਦਾ ਨਹੀਂ ਸੀ, ਉਹ ਸਰਪਲੱਸ ਸੀ। ਕੋਈ ਉਸ ਦੇ ਬਦਲੇ ਰਖਿਆ ਵੀ ਨਹੀਂ ਹੈ। ਤੀਜਾ ਚੌਕੀਦਾਰ ਐਬਸੈਂਟ ਰਿਹਾ। ਚੌਥੇ ਦੀ ਤਿੰਨ ਮਹੀਨਿਆਂ ਦੀ ਨੌਕਰੀ ਸੀ, ਉਸ ਤੋਂ ਬਾਅਦ ਉਸ ਨੂੰ ਰਿਲੀਵ ਕਰ ਦਿੱਤਾ ਗਿਆ। ਪੰਜਵਾਂ ਨੈਗਲੀਜੈਂਟ ਰਿਹਾ ਅੌਰ ਆਪਣੀ ਡਿਊਟੀ ਤੇ ਨਹੀਂ ਗਿਆ । ਛੇਵੇਂ ਨੇ ਅਨ-ਸੈਟਿਸਫੈਕਟਰੀ ਕੰਮ ਕੀਤਾ। ਅਗਰ ਕੋਈ ਹੋਰ ਹੋਵੇ ਜਾਂ ਇਨ੍ਹਾਂ ਨੂੰ ਕਿਸੇ ਹੋਰ ਬਹਾਨੇ ਨਾਲ ਕੱਢਿਆ ਗਿਆ ਹੋਵੇ ਤਾਂ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਲਿਆਉਣ, ਮੈਂ ਦੇਖ ਲਵਾਂਗਾ।

ਕਾਮਰੇਡ ਸਰਵਣ ਸਿੰਘ ਧਰਮਕੋਟ : ਸੀ. ਐਮ. ਸਾਹਿਬ ਨੇ ਇਹੋ ਜਿਹੇ ਅਦਾਰਿਆਂ ਤੇ ਖਰਚਾ ਕਰਨ ਬਾਰੇ ਦਸਿਆ ਹੈ ਕਿ ਇਹ ਖਰਚੇ ਹੁੰਦੇ ਰਹਿੰਦੇ ਹਨ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹੋ ਜਿਹੇ ਅਦਾਰੇ ਚੌਥੇ ਦਰਜੇ ਦੇ ਮੁਲਾਜ਼ਮਾਂ ਦੀਆਂ ਗੈਰ ਹਾਜ਼ਰੀਆਂ ਲਗਾਉਣ ਲਈ ਬੜੇ ਹੁਸ਼ਿਆਰ ਹਨ। ਮੈਂ ਬੇਨਤੀ ਕਰਾਂਗਾ ਕਿ ਕੀ ਇਸ ਸਬੰਧ ਵਿਚ ਇਹ ਕੋਈ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

ਮੁੱਖ ਮੰਤਰੀ : ਮੇਰੇ ਜਵਾਬ ਨੂੰ ਮੈਂਬਰ ਸਾਹਿਬ ਤਰੋੜ ਮਰੋੜ ਕੇ ਪੇਸ਼ ਨਾ ਕਰਨ। ਜੋ ਇਨ੍ਹਾਂ ਨੇ ਕਿਹਾ ਹੈ ਅਗਰ ਹੋਰ ਕੋਈ ਵਾਕਫੀਅਤ ਇਨ੍ਹਾਂ ਕੋਲ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆ ਦੇਣ, ਮੈਂ ਦੇਖ ਲਵਾਂਗਾ ।

THIRD REPORT OF THE BUSINESS ADVISORY COMMITTEE

Mr. Speaker : I have to present the Third Report of the Business Advisory Committee. The Report reads as under—

After some discussion, the Committee recommended that the following business be transacted at the sittings of the Vidhan Sabha from the 16th July, 1980 (2nd Sitting) to 23rd July, 1980 :—

Wednesday, the 16th July (2.30 P.M. to 7.00 P.M.) (2nd Sitting)	**Discussion and Voting on Demands for Grants in respect of Labour and Employment and Social Security and Welfare relating to Budget Estimates for the year 1980-81.**

Original with;
Punjab Vidhan Sabha
Digitized by;
Panjab Digital Library

Thursday, the 17th July (9.00 A.M.) (1st Sitting)	Discussion and Voting on Demands for Grants in respect of Civil Secretariat District Administration and Police relating to Budget Estimates for the year 1980-81.
Thursday, the 17th July (2.30 P.M. to 7.00 P.M.) (2nd Sitting)	Discussion and Voting on Demands for Grants in respect of Agriculture, Irrigation, Power and Co-operation relating to Budget Estimates for the year 1980-81.
Friday, the 18th July (9.00 A.M.) (1st Sitting)	Discussion and Voting on Demands for Grants in respect of Education and Road Transport relating to Budget Estimates for the year 1980-81; and guillotine will be applied in respect of the remaining Demands for Grants under the Rules.
Friday, the 18th July (2.30 P.M. to 7.00 P.M.) (2nd Sitting)	Appropriation Bill in respect of the Budget Estimates for the year 1980-81.
Saturday, the 19th July ..	Off day.
Sunday, the 20th July ..	Holiday
Monday, the 21st July (2.00 P.M.)	Legislative Business.
Tuesday, the 22nd July (9.00 A.M.)	Non-Official Business.
Wednesday, the 23rd July (9.00 A.M.)	Motions for discussion on the 25th Report of the Commissioner for Scheduled Castes and Scheduled Tribes for the year 1977-78 (Parts I and II).

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

Education Minister (Sardar Harcharan Singh Ajnala) : Sir I beg to move—

That this House agrees with the recommendations contained in the Third Report of the Business Advisory Committee.

Mr. Speaker : Motion moved—

That this House agrees with the recommendations contained in the Third Report of the Business Advisory Committee.

ਸ਼੍ਰੀ ਯਸ਼ : ਸਪੀਕਰ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਯੂਨੇਨੀਮਸ ਹੁੰਦੀ ਹੈ ਔਰ ਆਮ ਤੌਰ ਤੇ ਉਸ ਨੂੰ ਮੰਨ ਲੈਣਾ ਚਾਹੀਦਾ ਹੈ। ਲੇਕਿਨ ਇੰਜ ਜਾਪਦਾ ਹੈ ਕਿ ਜਿਸ ਵੇਲੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਇਹ ਰਿਪੋਰਟ ਤਿਆਰ ਕੀਤੀ ਤਾਂ ਇਨ੍ਹਾਂ ਨੂੰ ਇਸ ਗਲ਼ ਦਾ ਧਿਆਨ ਨਹੀਂ ਰਿਹਾ ਕਿ ਪੰਜਾਬ ਦੇ ਕਈ ਹਿੱਸਿਆਂ ਵਿਚ ਹੜ੍ਹ ਆਏ ਹੋਏ ਹਨ। ਪਾਣੀ ਸ਼ਹਿਰਾਂ ਵਿਚ ਅਤੇ ਪਿੰਡਾਂ ਵਿਚ ਆ ਗਿਆ ਹੈ ਜਿਸ ਨਾਲ ਕਈ ਮਕਾਨ ਢਹਿ ਗਏ ਹਨ, ਸੜਕਾਂ ਔਰ ਰੇਲਵੇ ਲਾਈਨਾਂ ਟੁੱਟ ਗਈਆਂ ਹਨ। ਮੈਂਬਰ ਸਾਹਿਬਾਨ ਨੂੰ ਆਪਣੀ ਆਪਣੀ ਕੰਸਟੀਚਿਊਐਂਸੀ ਵਿਚ ਹੋਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਲੋਕਾਂ ਦਾ ਹਾਲ ਚਾਲ ਪੁੱਛ ਸਕਣ ਔਰ ਗੌਰਮਿੰਟ ਵੀ ਉਨ੍ਹਾਂ ਨੂੰ ਰਿਲੀਫ ਦੇਣ ਵਾਲੇ ਪਾਸੇ ਧਿਆਨ ਦੇ ਸਕੇ। ਇਹ ਜਿਹੜਾ ਸੈਸ਼ਨ ਹੈ ਇਹ 23 ਤਾਰੀਖ ਤਕ ਰਖਿਆ ਹੈ। ਤਿੰਨ ਦਿਨ ਡਬਲ ਸਿਟਿੰਗਜ਼ ਰਖੀਆਂ ਹਨ ਇਸ ਨੂੰ ਅਮੈਂਡ ਕਰ ਲਿਆ ਜਾਏ । ਡਬਲ ਮਿਟਿੰਗਜ਼

Original with;
Punjab Vidhan Sabha
Digitized by;
Panjab Digital Library

[ਸ਼੍ਰੀ ਯਸ਼]

ਨਾ ਰੱਖੀਆਂ ਜਾਣ ਤਾਂਕਿ ਮੈਂਬਰ ਸਾਹਿਬਾਨ ਆਪਣੀ ਆਪਣੀ ਕੰਸਟੀਚਿਊਐਂਸੀ ਵਿਚ ਜਾ ਕੇ ਹੜ੍ਹ ਪੀੜਤ ਲੋਕਾਂ ਨਾਲ ਹਮਦਰਦੀ ਕਰ ਸਕਣ ।

ਸਰਦਾਰ ਆਤਮਾ ਸਿੰਘ : ਸਪੀਕਰ ਸ਼ਾਹਿਬ, ਮੈਂ ਇਸ ਦੀ ਤਾਈਦ ਕਰਦਾ ਹਾਂ।

ਸ਼੍ਰੀ ਸਪੀਕਰ : ਇਹ ਗੱਲ ਕੱਲ ਵੀ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਆਈ ਸੀ। ਪਰ ਇਸ ਤੇ ਕਾਫੀ ਸੋਚ ਵਿਚਾਰ ਕੇ ਇਹ ਫੈਸਲਾ ਕੀਤਾ ਗਿਆ ਹੈ। ਪਹਿਲਾਂ ਇਹ ਖਿਆਲ ਸੀ ਕਿ ਸ਼ਨਿਚਰਵਾਰ ਨੂੰ ਵੀ ਸਿਟਿੰਗ ਕਰ ਲਈ ਜਾਵੇ ਮਗਰ ਇਹ ਜੋ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਸੁਣਾਈ ਗਈ ਹੈ ਇਸ ਨੂੰ ਇਸੇ ਤਰ੍ਹਾਂ ਉਸ ਮੀਟਿੰਗ ਵਿਚ ਪਾਸ ਕੀਤਾ ਗਿਆ ਸੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਯਸ਼ ਜੀ ਨੇ ਬੜੀ ਅਛੀ ਸੁਜੈਸ਼ਨ ਦਿੱਤੀ ਹੈ। ਜਿਥੋਂ ਤੱਕ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਦਾ ਅਤੇ ਉਸ ਦੀ ਰਿਪੋਰਟ ਦਾ ਤੁਅੱਲਕ ਹੈ, ਹੋ ਸਕਦਾ ਹੈ ਉਦੋਂ ਉਨ੍ਹਾਂ ਦੇ ਸਾਹਮਣੇ ਇਹ ਹਾਲਾਤ ਨਾ ਹੋਣ। ਅਜ ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਧੂਸੀ ਬੰਧ ਦੇ ਟੁੱਟਣ ਦਾ ਖਤਰਾ ਹੈ। ਮੁਕਤਸਰ ਦੇ ਕੋਲ ਇਕ ਪਿੰਡ ਪਾਣੀ ਵਿਚ ਡੁੱਬ ਗਿਆ ਹੈ। ਉਸ ਪਿੰਡ ਦਾ ਕੋਈ ਘਰ ਨਹੀਂ ਬਚਿਆ । ਅਸੀਂ ਵੀ ਆਪਣੇ ਆਪਣੇ ਹਲਕਿਆਂ ਵਿਚ ਜਾ ਕੇ ਪਤਾ ਕਰਨਾ ਹੈ। ਚੀਫ਼ ਮਨਿਸਟਰ ਅਤੇ ਮਨਿਸਟਰਾਂ ਨੇ ਵੀ ਆਪਣੇ ਆਪਣੇ ਹਲਕਿਆਂ ਵਿਚ ਜਾਣਾ ਹੋਣਾ ਹੈ। ਇਸ ਲਈ ਮੈਂ ਕਹਾਂਗਾ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਅੱਜ ਸੱਦ ਲਵੋ ਅਤੇ ਉਸ ਵਿਚ ਫੈਸਲਾ ਕਰਕੇ ਇਸ ਰਿਪੋਰਟ ਨੂੰ ਅਮੈਂਡ ਕਰ ਲਵੋ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਇਹ ਅੱਛੀ ਸੁਜੈਸ਼ਨ ਹੈ, ਇਸ ਨੂੰ ਮਨ ਲੈਣਾ ਚਾਹੀਦਾ ਹੈ। ਬੜੀਆਂ ਮੌਤਾਂ ਹੋ ਰਹੀਆਂ ਹਨ। 17, 18, 19 ਅਤੇ 20 ਤਾਰੀਖ ਨੂੰ ਸਾਰੇ ਮੈਂਬਰ ਸਾਹਿਬਾਨ ਆਪਣੇ ਆਪਣੇ ਹਲਕਿਆਂ ਵਿਚ ਚਲੇ ਜਾਣ। ਫਲੱਡਜ਼ ਨਾਲ ਮੌਤਾਂ ਹੋ ਰਹੀਆਂ ਹਨ। ਅੱਜ ਅਖਬਾਰ ਵਿਚ ਆਇਆ ਹੈ ਕਿ ਇਕ ਪਰਿਵਾਰ ਦੇ ਸਾਰੇ ਪੰਜ ਦੇ ਪੰਜ ਜੀਅ ਮਰ ਗਏ ਹਨ।

ਵਿਦਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜਨਾਲਾ) : ਸਪੀਕਰ ਸਾਹਿਬ, ਇਹ ਜਿਹੜੀ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਹਾਊਸ ਦੇ ਸਾਹਮਣੇ ਪੇਸ਼ ਕੀਤੀ ਗਈ ਹੈ, ਇਸ ਕਮੇਟੀ ਦੀ ਮੀਟਿੰਗ ਵਿਚ ਉਦੋਂ ਤੁਹਾਡੇ ਤੋਂ ਇਲਾਵਾ ਬਰਨਾਲਾ ਜੀ, ਕਾਮਰੇਡ ਰਾਜ ਕੁਮਾਰ ਜੀ ਅਤੇ ਸੀ. ਪੀ. ਆਈ. (ਐਮ) ਦੀ ਤਰਫੋਂ ਮਾਸਟਰ ਚੰਦ ਸਿੰਘ ਜੀ ਉਥੇ ਸ਼ਨ। ਟਰੈਜ਼ਰੀ ਬੈਂਚਿਜ਼ ਦੇ ਹੋਰ ਵੀ ਮੈਂਬਰਜ਼ ਸਾਹਿਬਾਨ ਉਸ ਵਿਚ ਸ਼ਾਮਿਲ ਸਨ। ਇਹ ਸਾਰੀ ਸਿਚੂਏਸ਼ਨ ਉਸ ਦਿਨ ਸਾਹਮਣੇ ਸੀ ਹਰ ਪੱਖ ਤੋਂ ਇਸ ਨੂੰ ਵਿਚਾਰਿਆ ਗਿਆ ਸੀ ਅਤੇ ਯੂਨੈਨੀਮਸਲੀ ਫੈਸਲਾ ਹੋਇਆ ਸੀ ਕਿ ਜਿਸ ਤਰੀਕੇ ਨਾਲ ਸਦਨ ਦੀਆਂ ਸਿਟਿੰਗਜ਼ ਹੋ ਰਹੀਆਂ ਹਨ, ਇਹ ਹੋਣ ਅਤੇ ਬਜਟ ਪਾਸ ਕੀਤਾ ਜਾਵੇ। ਜਿਹੜਾ ਖਰਚ ਹੋਣਾ ਹੈ ਉਹ ਤਾਂ ਹੀ ਹੋਣਾ ਹੈ ਜੇ ਅਸੀਂ ਇਸ ਨੂੰ ਪਾਸ ਕਰਾਂਗੇ। ਰਿਲੀਫ ਵੀ ਬਜਟ ਪਾਸ ਕਰਕੇ ਦੇਣੀ ਹੈ। ਇਸ ਲਈ ਇਸ ਬਜਟ ਨੂੰ ਜਲਦੀ ਪਾਸ ਕਰਨਾ ਚਾਹੀਦਾ ਹੈ। ਇਨ੍ਹਾਂ ਸਾਰਿਆਂ ਪਹਿਲੂਆਂ ਤੇ ਵਿਚਾਰ ਕਰਕੇ ਡਬਲ ਸਿਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਸੀ ਤਾਂਕਿ ਬਜਟ ਜਲਦੀ ਪਾਸ ਹੋ ਸਕੇ। ਸਪੀਕਰ ਸਾਹਿਬ, ਪਹਿਲਾਂ ਵੀ ਡਬਲ ਸਿਟਿੰਗਜ਼ ਹੁੰਦੀਆਂ ਰਹੀਆਂ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਜੋ ਹਾਊਸ ਦੇ ਸਾਹਮਣੇ ਪੇਸ਼ ਹੋਈ ਹੈ ਉਸ ਨੂੰ ਉਸੇ ਤਰ੍ਹਾਂ ਪਾਸ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਆਤਮਾ ਸਿਘ : ਸਪੀਕਰ ਸਾਹਿਬ ਸਾਰੇ ਪੰਜਾਬ ਵਿਚ ਹੜ੍ਹ ਆਏ ਹੋਏ ਹਨ ਅਤੇ ਲੋਕ ਡੁਬ ਰਹੇ ਹਨ, ਮਰ ਰਹੇ ਹਨ। ਸਪੀਕਰ ਸਾਹਿਬ, ਬਜਟ ਪਾਸ ਕਰਨ ਵਿਚ ਕਾਫੀ ਦਿਨ ਲੱਗਣੇ ਹਨ। ਇਸ ਵਾਸਤੇ ਮੈਂ ਬੇਨਤੀ ਕਰਾਂਗਾ ਕਿ ਸੀ. ਐਮ. ਸਾਹਿਬ ਸਾਡੀ ਸੁਜੈਸ਼ਨ ਤੇ ਵਿਚਾਰ ਕਰ ਲੈਣ। ਮੈਂਬਰਾਂ ਨੇ ਆਪਣੇ ਆਪਣੇ ਹਲਕਿਆਂ ਨੂੰ ਜਾਣਾ ਹੈ। ਲੋਕੀਂ ਹੜ੍ਹਾਂ ਨਾਲ ਮਰ ਰਹੇ ਹਨ। ਇਸ ਲਈ ਅੱਜ ਦੀ ਸੈਕਿੰਡ ਸਿਟਿੰਗ ਨਾ ਕੀਤੀ ਜਾਵੇ।

Mr. Speaker : Question is—

That this House agrees with the recommendations contained in the Third Report of the Business Advisory Committee.

The Motion was carried.

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਫਲੱਡ, ਜਿਸ ਦੀ ਇਥੇ ਚਰਚਾ ਚੱਲ ਰਹੀ ਹੈ, ਉਸ ਬਾਰੇ ਸਾਰੇ ਜ਼ਿਲ੍ਹਿਆਂ ਤੋਂ ਮੇਰੇ ਪਾਸ ਰਿਪੋਰਟਾਂ ਆਈਆਂ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡੇਰਾ ਬਾਬਾ ਨਾਨਕ ਕੋਲੋਂ ਸ਼ੱਕ ਸੀ ਕਿ ਧੂਸੀ ਬੰਧ ਟੁਟੇਗਾ। ਅਸੀਂ ਬੀ. ਐਸ. ਐਫ. ਨੂੰ ਅਲਰਟ ਨਹੀਂ ਕੀਤਾ ਸਗੋਂ ਉਹ ਆਪਣੇ ਆਪ ਹੀ ਅਲਰਟ ਹੋ ਗਏ ਹਨ। ਡਰੇਨੇਜ ਡਿਪਾਰਟਮੈਂਟ ਵਾਲਿਆਂ ਨੇ ਜਾ ਕੇ ਕੰਮ ਸੰਭਾਲ ਲਿਆ ਹੈ। ਪਟਿਆਲਾ ਜ਼ਿਲ੍ਹੇ ਵਿਚ ਟਾਂਗਰੀ ਅਤੇ ਮਾਰਕੰਡਾ ਦੇ ਵਿਚਕਾਰ ਜਿਹੜੇ 6 ਪਿੰਡ ਪੈਂਦੇ ਹਨ ਉਹ ਪਾਣੀ ਦੀ ਲਪੇਟ ਵਿਚ ਆਏ ਹਨ। ਪਰ ਉਹ ਉਥੋਂ ਇਵੈਕਿਉਏਟ ਹੋਣ ਲਈ ਤਿਆਰ ਨਹੀਂ ਹਨ। ਉਥੇ ਡੀ. ਸੀ ਅਤੇ ਕਮਿਸ਼ਨਰ ਗਏ ਸਨ। (ਵਿਘਨ) ਪਰ ਉਹ ਲੋਕ ਇਵੈਕਿਉਏਟ ਹੋਣ ਲਈ ਤਿਆਰ ਨਹੀਂ ਹਨ। ਫਰੀਦਕੋਟ ਬਾਰੇ ਸਰਦਾਰ ਹਰਚੰਦ ਸਿੰਘ ਮੇਰੇ ਕੋਲ ਆਏ ਸਨ। ਉਨ੍ਹਾਂ ਨਾਲ ਗੱਲ ਹੋਈ ਸੀ। ਡੀ. ਸੀ., ਫਰੀਦਕੋਟ, ਨੂੰ ਕਿਹਾ ਹੈ ਕਿ ਬੰਧ ਨੂੰ ਤੋੜ ਕੇ ਪਾਣੀ ਕੱਢ ਦਿਉ ਤਾਕਿ ਲੋਕਾਂ ਨੂੰ ਨੁਕਸਾਨ ਨਾ ਹੋਵੇ। ਇਹ ਫਲਸ਼ ਫਲੱਡ ਹੈ। ਇਹ ਫਲੱਡ ਇਤਨੇ ਖਤਰਨਾਕ ਨਹੀਂ ਜਿਤਨਾ ਕਿਹਾ ਜਾ ਰਿਹਾ ਹੈ। ਇਥੇ ਇਕ ਪਰੀਵਾਰ ਦੇ 5 ਜੀਆਂ ਦੇ ਮਰਨ ਬਾਰੇ ਗੱਲ ਕੀਤੀ ਗਈ ਹੈ। ਉਸ ਬਾਰੇ ਪੁਜ਼ੀਸ਼ਨ ਇਸ ਤਰ੍ਹਾਂ ਹੈ ਕਿ ਇਕ ਹਾਊਸ ਕੁਲੈਪਸ ਹੋ ਗਿਆ ਜਿਸ ਨਾਲ ਇਕ ਫੈਮਿਲੀ ਦੇ 5 ਜੀਅ ਮਰ ਗਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਅਫਸਰ ਅਲਰਟ ਹਨ। ਅਸੀਂ ਕਿਸ਼ਤੀਆਂ ਤਿਆਰ ਕੀਤੀਆਂ ਹਨ। ਮੈਂ ਆਪ ਵਿਜ਼ਿਟ ਕਰ ਲਵਾਂਗਾ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਾਊਸ ਨੂੰ ਬੰਦ ਨਹੀਂ ਕਰਨਾ ਚਾਹੀਦਾ ਅਤੇ ਇਹ ਇਸੇ ਤਰ੍ਹਾਂ ਹੀ ਚਲਣਾ ਚਾਹੀਦਾ ਹੈ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੇਰਾ ਸਾਰਾ ਹਲਕਾ ਸਤਲੁਜ ਦਰਿਆ ਦੇ ਨਾਲ ਲਗਦਾ ਹੈ। ਜੇ ਦਰਿਆ ਦਾ ਬੰਧ ਟੁਟ ਗਿਆ ਤਾਂ ਸਾਰੇ ਲੋਕ ਉਜੜ ਜਾਣਗੇ। ਇਸ ਲਈ ਮੈਂ ਬੇਨਤੀ ਕਰਾਂਗਾ ਕਿ 17 ਅਤੇ 18 ਤਾਰੀਖ ਦੀ ਬਜਾਏ 24 ਅਤੇ 25 ਨੂੰ ਹਾਊਸ ਮੀਟ ਕਰ ਲਵੇ। ਇਸ ਤਰ੍ਹਾਂ ਐਡਜਸਟਮੈਂਟ ਕਰ ਲੈਣੀ ਚਾਹੀਦੀ ਹੈ।

RESUMPTION OF GENERAL DISCUSSION ON THE BUDGET ESTIMATES FOR THE YEAR 1980-81.

ਸ਼੍ਰੀ ਸਪੀਕਰ : ਹੁਣ ਬੱਜਟ ਤੇ ਡਿਸਕੱਸ਼ਨ ਰਿਜ਼ਿਊਮ ਹੋਵੇਗੀ। ਗਿਆਨੀ ਕੁੰਦਨ ਸਿੰਘ ਪਤੰਗ ਜੀ ਜੋ ਪਹਿਲੇ ਦਿਨ ਬੋਲ ਰਹੇ ਸਨ ਉਹ ਆਪਣੀ ਸਪੀਚ ਸ਼ੁਰੂ ਕਰਨਗੇ।

Original with;
Punjab Vidhan Sabha
Digitized by:
Panjab Digital Library

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ, ਐਸ. ਸੀ.) : ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦੀ ਹਾਂ ਕਿ ਬੜੇ ਭਾਰੀ ਜ਼ੋਰ ਸ਼ੋਰ ਤੋਂ ਬਾਅਦ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਸਭ ਤੋਂ ਪਹਿਲਾਂ ਮੈਂ ਦੱਸਦਾ ਹਾਂ ਕਿ ਇਕ ਅਖੌਤ ਹੈ ਕਿ :

ਜਿਸ ਦੇ ਘਰ ਦਾਣੇ ਉਸ ਦੇ ਕਮਲੇ ਵੀ ਸਿਆਣੇ ।

ਸਪੀਕਰ ਸਾਹਿਬ, ਖੇਤੀਬਾੜੀ ਦਾ ਕੰਮ ਸਭ ਤੋਂ ਜ਼ਿਆਦਾ ਪੰਜਾਬ ਵਿਚ ਹੈ । ਇਥੋਂ ਦੇ ਲੋਕਾਂ ਦਾ ਮੇਨ ਕਿਤਾ ਖੇਤੀਬਾੜੀ ਹੈ । ਇਸ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ । ਫਿਰ ਵੀ ਮੈਂ ਦੱਸਦਾ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਬੜੀਆਂ ਭਾਰੀ ਤਕਲੀਫਾਂ ਦਾ ਸ੍ਹਾਹਮਣਾ ਕਰਨਾ ਪੈ ਰਿਹਾ ਹੈ । ਉਸ ਨੂੰ ਖਾਦ ਨਹੀਂ ਮਿਲਦੀ । ਖਾਦ ਬੜੀ ਮਹਿੰਗੀ ਹੋ ਗਈ ਹੈ। ਜਿਹੜੀਆਂ ਕਿਸਾਨਾਂ ਨੂੰ ਚੀਜ਼ਾਂ ਲੈਣੀਆਂ ਪੈਂਦੀਆਂ ਹਨ ਉਹ ਉਸ ਨੂੰ ਮਹਿੰਗੀਆਂ ਮਿਲਦੀਆਂ ਹਨ ਪਰ ਜਿਹੜੀਆਂ ਚੀਜ਼ਾਂ ਉਹ ਵੇਚਦਾ ਹੈ ਉਨ੍ਹਾਂ ਦੀ ਉਸ ਨੂੰ ਪੂਰੀ ਕੀਮਤ ਨਹੀਂ ਮਿਲਦੀ । ਉਸ ਦੀ ਜਿਣਸ ਸੱਸਤੀ ਵਿਕਦੀ ਹੈ । ਉਸ ਨੂੰ ਤੇਲ ਨਹੀਂ ਮਿਲਦਾ । ਮੈਂ ਇਸ ਤੋਂ ਵੀ ਅੱਗੇ ਦੱਸਦਾ ਹਾਂ ਕਿ ਲੋਕਾਂ ਨੂੰ ਟਿਊਬ-ਵੈਲਾਂ ਤੇ ਕੋਠੇ ਪਾਉਣ ਲਈ ਸੀਮਿੰਟ ਨਹੀਂ ਮਿਲਦਾ । ਮਿੱਟੀ ਦਾ ਤੇਲ ਨਹੀਂ ਮਿਲਦਾ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਨ੍ਹਾਂ ਚੀਜ਼ਾਂ ਦੀ ਕਿਸਾਨ ਨੂੰ ਬਹੁਤ ਜ਼ਿਆਦਾ ਜ਼ਰੂਰਤ ਹੈ ਸਭ ਤੋਂ ਪਹਿਲਾਂ ਸਰਕਾਰ ਉਨ੍ਹਾਂ ਦਾ ਪ੍ਰਬੰਧ ਕਰੇ ।

10.58 ਸਵੇਰ | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਦੂਜਾ ਮੈਂ ਵਿਦਿਆ ਦੇ ਬਾਰੇ ਬੇਨਤੀ ਕਰਨਾ ਚਾਹੁੰਦਾ ਹਾਂ । ਇਹ ਜਿਹੜਾ ਵਿਦਿਆ ਦਾ ਢਾਂਚਾ ਹੈ ਅੰਗਰੇਜ਼ ਰਾਜ ਦੇ ਵੇਲੇ ਦਾ ਚਲਿਆ ਆਉਂਦਾ ਹੈ । ਸਾਨੂੰ ਆਜ਼ਾਦ ਹੋਇਆਂ ਨੂੰ 30—32 ਸਾਲ ਹੋ ਗਏ ਹਨ, ਪਰ ਇਹ ਢਾਂਚਾ ਉਸੇ ਤਰ੍ਹਾਂ ਹੀ ਚਲਿਆ ਆ ਰਿਹਾ ਹੈ। ਇਸ ਢਾਂਚੇ ਨੂੰ ਬਦਲਣਾ ਚਾਹੀਦਾ ਹੈ । ਵਿਦਿਆ ਦੇ ਨਾਲ ਨਾਲ ਮੁੰਡਿਆਂ ਨੂੰ ਕੋਈ ਦਸਤਕਾਰੀ ਦੀ ਵਿਦਿਆ ਵੀ ਦੇਣੀ ਚਾਹੀਦੀ ਹੈ ਤਾਕਿ ਉਹ ਪੜ੍ਹ ਕੇ ਆਪਣੀ ਰੋਟੀ ਕਮਾ ਕੇ ਖਾ ਸਕਣ ਅਤੇ ਉਹ ਪੜ੍ਹ ਕੇ ਆਪਣੇ ਮਾਪਿਆਂ ਤੇ ਬੋਝ ਨਾ ਬਣ ਕੇ ਰਹਿ ਜਾਣ। ਅੱਜ ਕੱਲ ਕੀ ਹੁੰਦਾ ਹੈ ਕਿ ਜਿਹੜਾ ਮੁੰਡਾ 8ਵੀਂ ਪੜ੍ਹਿਆ ਹੁੰਦਾ ਹੈ ਉਹ ਆਪਣੇ ਮਾਪਿਆਂ ਨਾਲ ਘਰ ਦਾ ਕੰਮ ਨਹੀਂ ਕਰਵਾ ਸਕਦਾ । ਇਸ ਲਈ ਸਾਨੂੰ ਚਾਹੀਦਾ ਹੈ ਕਿ ਵਿਦਿਆ ਦੇ ਢਾਂਚੇ ਵਿਚ ਤਬਦੀਲੀ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਕੋਈ ਦਸਤਕਾਰੀ ਦੀ ਵਿਦਿਆ ਵੀ ਜ਼ਰੂਰ ਦਿੱਤੀ ਜਾਵੇ । ਇਸ ਦੇ ਨਾਲ ਹੀ ਨਾਲ ਮੈਂ ਇਹ ਵੀ ਕਹਾਂਗਾ ਕਿ ਸਾਡੀ ਹਿੰਦੁਸਤਾਨ ਦੀ ਸੱਭਿਅਤਾ ਦੇ ਮੁਤਾਬਿਕ ਵਿਦਿਆ ਸਾਨੂੰ ਦੇਣੀ ਚਾਹੀਦੀ ਹੈ । ਲੜਕੇ ਤੇ ਲੜਕੀਆਂ ਨੂੰ ਵਿਦਿਆ ਵੱਖ ਵੱਖ ਦੇਣੀ ਚਾਹੀਦੀ ਹੈ । ਉਨ੍ਹਾਂ ਨੂੰ ਸਾਂਝੀ ਵਿਦਿਆ ਨਹੀਂ ਦੇਣੀ ਚਾਹੀਦੀ । ਸਾਂਝੀ ਵਿਦਿਆ ਦੇ ਜੋ ਸਿੱਟੇ ਨਿਕਲਦੇ ਹਨ ਉਹ ਤੁਹਾਡੇ ਸਾਰਿਆਂ ਦੇ ਸਾਹਮਣੇ ਹਨ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਲੜਕੇ ਅਤੇ ਲੜਕੀਆਂ ਨੂੰ ਸਕੂਲਾਂ ਵਿਚ ਅੱਡ ਅੱਡ ਵਿਦਿਆ ਦੇਣੀ ਚਾਹੀਦੀ ਹੈ । ਨਾਲ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨਸ਼ੇ ਦੀਆਂ ਚੀਜ਼ਾਂ ਵਰਤਦੇ ਹਨ। ਇਹ ਬੜੀ ਭੈੜੀ ਬਿਮਾਰੀ ਹੈ। ਇਸ ਪਾਸੇ ਵੀ ਸੁਧਾਰ ਕਰਨ ਦੀ ਲੋੜ ਹੈ । ਜਿਨ੍ਹਾਂ ਨੇ ਲੋਕਾਂ ਨੂੰ ਸਮਝਾਉਣਾ ਹੈ ਜੇ ਉਹ ਹੀ ਨਸ਼ੇ ਖਾਂਦੇ ਹੋਣ ਤਾਂ ਉਹ ਸਾਡੀ ਅਗਵਾਈ ਕਿਵੇਂ ਕਰ ਸਕਣਗੇ ? ਅਨਪੜ੍ਹ ਵੀ ਨਸ਼ੇ ਖਾਈ ਜਾਣ ਅਤੇ ਪੜ੍ਹੇ ਲਿਖੇ ਵੀ ਨਸ਼ੇ ਖਾਈ ਜਾਣ ਤਾਂ ਫਿਰ ਪੜ੍ਹੇ ਲਿਖੇ ਅਤੇ ਅਨਪੜ੍ਹ ਵਿਚ ਫਰਕ ਕੀ ਹੋਇਆ? ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਢਾਂਚੇ ਨੂੰ ਜ਼ਰੂਰ ਬਦਲਣ ਦੀ ਜ਼ਰੂਰਤ ਹੈ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਰਿਜ਼ਰਵੇਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਜੋ ਸਾਡੇ ਵਾਸਤੇ, ਸ਼ਡਿਊਲਡ ਕਾਸਟਸ ਵਾਸਤੇ ਰਿਜ਼ਰਵੇਸ਼ਨ ਦੀ ਪਾਲਿਸੀ ਬਣਾਈ ਹੋਈ ਹੈ ਉਸ ਵਿਚ ਸੈਂਟਰ ਨੇ ਸਮੇਂ ਸਮੇਂ ਹੋਰ ਵਾਧਾ ਕੀਤਾ ਹੈ ਪਰ ਇਥੇ ਪੰਜਾਬ ਵਿਚ ਜਾਂ ਹੋਰਨਾਂ ਰਾਜਾਂ ਵਿਚ ਕਈ ਗਲਾਂ ਦੇ ਘਾਟੇ ਹਨ । ਡਿਪਟੀ ਸਪੀਕਰ ਸਾਹਿਬ, ਜੇ ਇਹ ਰਿਜ਼ਰਵੇਸ਼ਨ ਨਾ ਹੁੰਦੀ ਤਾਂ ਨਾ ਤੁਸੀਂ ਇਸ ਕੁਰਸੀ ਤੇ ਹੋਣਾ ਸੀ ਅਤੇ ਨਾ ਅਸੀਂ ਇਥੇ ਆਉਣਾ ਸੀ। (ਵਿਘਨ) ਕਿਆ ਵਾਈਯਾਤ ਗਲ ਹੈ। ਮੈਂ ਤੁਹਾਨੂੰ ਕੋਈ ਮਾੜੀ ਗਲ ਕਹੀ ਹੈ, ਤੁਸੀਂ ਮੈਨੂੰ ਕਿਉਂ ਟੋਕਦੇ ਹੋ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਰਿਜ਼ਰਵੇਸ਼ਨ ਜਿਹੜੀ ਹੈ ਇਹ ਬੜੀ ਜ਼ਰੂਰੀ ਹੈ। ਮੈਂ ਕਿਹਾ ਹੈ ਕਿ ਸੈਂਟਰ ਨੇ ਇਸ ਦੇ ਵਿਚ 10 ਸਾਲ ਦਾ ਵਾਧਾ ਕਰ ਦਿੱਤਾ ਹੈ। ਜੇ ਕਿਤੇ ਰਿਜ਼ਰਵੇਸ਼ਨ ਨਾ ਹੁੰਦੀ, ਇਹ ਵੋਟਾਂ ਦਾ ਕੰਮ ਨਾ ਹੁੰਦਾ ਤਾਂ ਨਾ ਤੁਹਾਨੂੰ ਕਿਸੇ ਨੇ ਡਿਪਟੀ ਸਪੀਕਰ ਸਾਹਿਬ ਬਣਾਉਣਾ ਸੀ ਨਾ ਕਿਸੇ ਨੇ ਸਾਨੂੰ ਵਜ਼ੀਰ ਬਣਾਉਣਾ ਸੀ ਅਤੇ ਨਾ ਅਸੀਂ ਇਥੇ ਆਉਣਾ ਸੀ। ਮੈਨੂੰ ਇਕ ਗਲ ਯਾਦ ਆ ਗਈ ਕਿ ਕਿਸੇ ਸਰਦਾਰ ਸਾਹਿਬ ਦਾ ਲੜਕਾ, ਮੈਂ ਉਸ ਦਾ ਨਾਮ ਨਹੀਂ ਲੈਣਾ ਚਾਹੁੰਦਾ, ਪੰਜਾਬ ਦੀ ਅਸੈਂਬਲੀ ਦੀਆਂ ਚੋਣਾਂ ਵਾਸਤੇ ਖੜਾ ਹੋ ਗਿਆ। ਜਿਸ ਵੇਲੇ ਉਹ ਸਰਦਾਰ ਸਾਹਿਬ ਆਪਣੇ ਮਜ਼ਹਬੀ ਸਿੱਖਾਂ ਦੇ ਘਰੀਂ ਗਿਆ ਤਾਂ ਉਥੇ ਪਹੁੰਚ ਕੇ ਉਸ ਨੇ ਇਕ ਦੇ ਘਰ ਅਗੇ ਹੌਕਾ ਮਾਰਿਆ ਮਾਈ ਨੂੰ। ਉਸ ਵੇਲੇ ਮਾਈ ਵਿਚਾਰੀ ਦਾਣੇ ਪੀਹ ਰਹੀ ਸੀ। ਉਹ ਸਰਦਾਰ ਸਾਹਿਬ ਕਹਿਣ ਲਗੇ, ਚਾਚੀ ਜ਼ਰਾ ਆਈਂ ਬਾਹਰ ਨੂੰ। ਚਾਚੀ ਵਿਚਾਰੀ ਗਲ ਸੁਣਨ ਲਈ ਕਪੜਾ ਵਲੇਟ ਕੇ ਬਾਹਰ ਆਈ ਤਾਂ ਸਰਦਾਰ ਨੂੰ ਕਹਿਣ ਲਗੀ, ਕਿਉਂਕਿ ਸਰਦਾਰ ਬੜਾ ਤਗੜਾ ਸੀ 'ਸਰਦਾਰ ਜੀ ਤੁਸੀਂ ਕਿਵੇਂ ਆਏ।' ਅਗੋਂ ਸਰਦਾਰ ਕਹਿਣ ਲਗਾ, 'ਕੀ ਦਸਾਂ, ਆਪਣਾ ਮੁੰਡਾ ਵੋਟਾਂ ਲੈਣ ਵਾਸਤੇ ਖੜਾ ਹੋਇਆ ਹੈ ਤੁਸੀਂ ਵੋਟਾਂ ਉਸ ਨੂੰ ਪਾਉਣੀਆਂ।' ਮਾਈ ਕਹਿਣ ਲਗੀ, 'ਵੋਟਾਂ ਤਾਂ ਜ਼ਰੂਰ ਪਾਵਾਂਗੇ ਪਰ ਮੁੰਡਾ ਕਿਥੇ ਹੈ । ਪਹਿਲਾਂ ਆਪਣਾ ਮੁੰਡਾ ਵਿਖਾ।' ਸਰਦਾਰ ਕਹਿਣ ਲਗਾ 'ਉਹੀ ਮੁੰਡਾ ਜਿਹੜਾ ਇਥੇ ਖੇਡਦਾ ਹੁੰਦਾ ਸੀ ਅਤੇ ਉਹ ਮੈਜਿਸਟਰੇਟ ਬਣ ਗਿਆ ਸੀ'। ਮਾਈ ਕਹਿਣ ਲਗੀ 'ਨਹੀਂ ਪਹਿਲਾਂ ਮੁੰਡਾ ਦਿਖਾ ਦਿਉ।' ਉਹ ਕਹਿਣ ਲਗਾ ਗਲ ਕੀ ਹੈ ਤਾਂ ਮਾਈ ਕਹਿਣ ਲਗੀ 'ਗਲ ਤਾਂ ਸਿਰਫ ਇੰਨੀ ਹੈ ਕਿ ਮੈਂ ਉਸ ਮੁੰਡੇ ਦੇ ਪੈਰਾਂ ਨੂੰ ਹੱਥ ਲਾਉਣਾ ਹੈ। ਤੂੰ ਤਾਂ ਢੇਢਣੀ ਕਹਿੰਦਾ ਸੀ, ਚਾਚੀ ਤਾਂ ਮੁੰਡੇ ਨੇ ਕੁਹਾਇਆ ਹੈ।' ਇਸ ਲਈ ਡਿਪਟੀ ਸਪੀਕਰ ਸਾਹਿਬ, ਜੇ ਇਹ ਚੀਜ਼ ਨਾ ਹੁੰਦੀ ਤਾਂ ਸਾਨੂੰ ਕਿਸੇ ਨੇ ਵੋਟਾਂ ਨਹੀਂ ਸੀ ਪਾਉਣੀਆਂ ਅਤੇ ਸਾਡੀ ਤੇ ਤੁਹਾਡੀ ਕਿਸੇ ਨੇ ਨਹੀਂ ਸੁਣਨੀ ਸੀ। (ਥੰਪਿੰਗ) ਸਾਡੇ ਮੁਕਾਬਲੇ ਤੇ ਜੇ ਕੋਈ ਅਨਪੜ੍ਹ ਖੜਾ ਹੁੰਦਾ ਤਾਂ ਉਸ ਨੂੰ ਵੋਟਾਂ ਪਾਈ ਜਾਂਦੇ ਅਤੇ ਸਾਨੂੰ ਕਿਸੇ ਨੇ ਵੋਟਾਂ ਨਹੀਂ ਸੀ ਪਾਉਣੀਆਂ।

ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਨੌਕਰੀਆਂ ਦਾ ਮਾਮਲਾ ਹੈ। ਜਿਹੜੀ ਸਾਡੀ ਅਨੁਸੂਚਿਤ ਜਾਤੀਆਂ ਦੀ ਕਮੇਟੀ ਹਾਊਸ ਦੀ ਬਣਦੀ ਹੈ ਜਿਸ ਦੇ ਵਿਚ ਮੈਂ ਵੀ ਕਈ ਵਾਰੀ ਮੈਂਬਰ ਰਿਹਾ ਹੈਂ ਉਥੇ ਇਹ ਆਮ ਤੌਰ ਤੇ ਦੇਖਣ ਵਿਚ ਆਇਆ ਹੈ, ਦੇਖਣ ਵਿਚ ਕੀ ਸਾਡੇ ਸਾਹਮਣੇ ਆਉਂਦਾ ਰਿਹਾ ਹਾਂ ਕਿ ਜਿਹੜੇ ਸਾਡੇ ਅਫਸਰ ਹਨ, ਛੋਟੇ ਤੋਂ ਲੈ ਕੇ ਵੱਡੇ ਅਫਸਰ ਤਕ, ਉਹ ਜਦੋਂ ਸਾਡੇ ਕਿਸੇ ਬੰਦੇ ਨੂੰ ਤਰੱਕੀ ਦੇਣ ਦਾ ਮਾਮਲਾ ਉਠਦਾ ਹੈ ਤਾਂ ਉਸ ਵਿਚਾਰੇ ਦੀ ਰਿਪੋਰਟ ਖਰਾਬ ਕਰ ਦਿੰਦੇ ਹਨ ਤਾਕਿ ਉਹ ਉਪਰ ਹੀ ਨਾ ਉਠ ਸਕਣ। ਹੈਰਾਨੀ ਦੀ ਗਲ ਹੈ ਕਿ ਸਾਡੇ ਵਰਗਿਆਂ ਆਦਮੀਆਂ ਦੀਆਂ ਰਿਪੋਰਟਾਂ ਹੀ ਖ਼ਰਾਬ ਕਰਨ ਦਾ ਮੌਕਾ ਉਨ੍ਹਾਂ ਨੂੰ ਮਿਲਦਾ ਹੈ ਕਿਸੇ ਹੋਰ ਸਵਰਨ ਜਾਤੀਆਂ ਦੇ ਆਦਮੀਆਂ ਦੀ ਰਿਪੋਰਟ ਖਰਾਬ ਕਰਨ ਦਾ ਮੌਕਾ ਨਹੀਂ ਉਨ੍ਹਾਂ ਨੂੰ ਮਿਲਦਾ। ਇਸ ਕਰ ਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੋਈ ਨਾ ਕੋਈ ਕਾਨੂੰਨ ਵਿਚ ਸੋਧ ਕਰਨੀ ਚਾਹੀਦੀ ਹੈ, ਤਾਕਿ ਉਸ ਨੂੰ ਹਰ ਵਾਰੀ

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਤਰੱਕੀ ਕਰਨ ਦਾ ਮੌਕਾ ਮਿਲਦਾ ਰਹੇ ਅਤੇ ਉਸ ਦੇ ਨਾਲ ਕੋਈ ਜ਼ਿਆਦਤੀ ਨਾ ਹੋਵੇ । ਹੁਣੇ ਪਤਾ ਲਗਾ ਹੈ ਕਿ ਚੀਫ ਇੰਜੀਨੀਅਰਜ਼ ਦੀਆਂ ਅਦਲਾ ਬਦਲੀਆਂ ਹੋਈਆਂ ਹਨ। ਜਿਨ੍ਹਾਂ ਕੋਲ ਪਾਵਰਾਂ ਸਨ ਉਨ੍ਹਾਂ ਤੋਂ ਖੋਹ ਲਈਆਂ ਅਤੇ ਜਿਨ੍ਹਾਂ ਕੋਲ ਪਾਵਰਾਂ ਨਹੀਂ ਸਨ ਉਨ੍ਹਾਂ ਨੂੰ ਦਿੱਤੀਆਂ ਗਈਆਂ । ਇਹ ਪਰਦੇ ਵਿਚ ਗਲ ਹੈ ਕਿ ਜੋ ਸ਼ਡਿਊਲਡ ਕਾਸਟਸ ਅਫਸਰ ਹਨ ਉਨ੍ਹਾਂ ਦੀਆਂ ਤਰੱਕੀਆਂ ਨਾ ਹੋ ਸਕਣ । ਇਸ ਲਈ ਮੇਰੀ ਬੇਨਤੀ ਹੈ ਕਿ ਜੋ ਰਿਜ਼ਰਵੇਸ਼ਨ ਹੈ ਇਸ ਦੇ ਲਈ ਕਾਨੂੰਨ ਬਣਾਇਆ ਜਾਵੇ ਤਾਂਕਿ ਇਨ੍ਹਾਂ ਲੋਕਾਂ ਦੀਆਂ ਉਵੇਂ ਹੀ ਤਰੱਕੀਆਂ ਹੋਣ, ਇਨ੍ਹਾਂ ਲੋਕਾਂ ਨੂੰ ਉਵੇਂ ਹੀ ਤਰੱਕੀਆਂ ਆਪ ਦੇ ਆਪ ਮਿਲਦੀਆਂ ਰਹਿਣ ਜਿਸ ਤਰ੍ਹਾਂ ਸਵਰਨ ਜਾਤੀਆਂ ਦੇ ਲੋਕਾਂ ਨੂੰ ਮਿਲਦੀਆਂ ਹਨ । ਨਾਲ ਦੀ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਰਿਜ਼ਰਵੇਸ਼ਨ ਦੇ ਸਬੰਧ ਵਿਚ, ਮੈਨੂੰ ਮੁਆਫ ਕਰਨਾ, ਕਿ ਇਸ ਵੇਲੇ ਗੈਰ-ਸ਼ਡਿਊਲਡ ਕਾਸਟਸ ਜੋ ਸਰਕਾਰ ਦੇ ਮੁਲਾਜ਼ਮ ਹਨ ਉਹ ਸਾਨੂੰ ਬਾਹਰ ਬੁਰਾ ਭਲਾ ਕਹਿੰਦੇ ਹਨ, ਗਾਲ੍ਹਾਂ ਕੱਢਦੇ ਹਨ । ਇਥੋਂ ਤਕ ਕਿ ਉਹ ਸਾਨੂੰ ਚੂੜ੍ਹਾ ਕਹਿੰਦੇ ਹਨ, ਚਮਾਰ ਕਹਿੰਦੇ ਹਨ ਜਿਸ ਦੀ ਕਾਨੂੰਨ ਵਿਚ ਕਹਿਣ ਦੀ ਇਜਾਜ਼ਤ ਨਹੀਂ । ਜਿਥੇ ਉਹ ਬੋਲਦੇ ਹਨ ਉਹ ਸਾਨੂੰ ਚੂੜ੍ਹਾ ਬੋਲਦੇ ਹਨ, ਚਮਾਰ ਬੋਲਦੇ ਹਨ ਅਤੇ ਹੋਰ ਬੁਰਾ ਭਲਾ ਕਹਿੰਦੇ ਹਨ । ਮੈਂ ਤਾਂ ਇਹ ਕਹਾਂਗਾ ਕਿ ਚਾਹੇ ਗੌਰਮਿੰਟ ਕੋਈ ਵੀ ਹੋਵੇ ਜਿਸ ਦੇ ਵੀ ਸਮੇਂ ਵਿਚ ਇਹ ਗਲਾਂ ਹੁੰਦੀਆਂ ਹਨ ਉਸ ਦੇ ਵਿਚ ਗੌਰਮਿੰਟ ਦਾ ਹੱਥ ਹੁੰਦਾ ਹੈ । (ਵਿਘਨ)

ਇਕ ਆਵਾਜ਼ : ਅਕਾਲੀ ਜਨਤਾ ਪਾਰਟੀ ਦੀ ਗੌਰਮਿੰਟ ਵੇਲੇ ਇਹ ਗਲਾਂ ਹੁੰਦੀਆਂ ਸਨ । (ਵਿਘਨ) ।

ਗਿਆਨੀ ਕੁੰਦਨ ਸਿੰਘ ਪਤੰਗ : ਕਿਉਂ ਤੇਰੇ ਢਿਡ ਵਿਚ ਦਰਦ ਉਠਦਾ ਹੈ । (ਵਿਘਨ) ਜੇ ਇਨ੍ਹਾਂ ਦੀਆਂ ਗਲਾਂ ਕਰੀਏ ਤਾਂ ਵੀ ਦੁਖੀ, ਸਾਡੀਆਂ ਗਲਾਂ ਤੇ ਤਾਂ ਇਨ੍ਹਾਂ ਨੇ ਦੁਖੀ ਹੋਣਾ ਹੀ ਹੈ ।

ਤੋ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਲਾਟਾਂ ਦੀ ਗਲ ਲੈ ਲਓ । ਇਥੇ ਜਗਜੀਤ ਸਿੰਘ ਨੇ ਰੂੜੀਆਂ ਦੀ ਗਲ ਕੀਤੀ ਸੀ । ਰੂੜੀ ਦੀ ਗਲ ਤਾਂ ਇਥੇ ਪੈਪਸੂ ਦੇ ਵੇਲੇ ਜਦੋਂ ਸਰਦਾਰ ਗਿਆਨ ਸਿੰਘ ਰਾੜੇਵਾਲਾ ਚੀਫ ਮਨਿਸਟਰ ਹੁੰਦਾ ਸੀ ਤਾਂ ਉਸ ਵੇਲੇ ਹਰ ਇੱਕ ਨੂੰ ਰੂੜੀ ਲਈ ਜਗ੍ਹਾ ਦਿੱਤੀ ਹੋਈ ਸੀ । ਉਸ ਤੋਂ ਪਹਿਲਾਂ ਆਪ ਨੂੰ ਪਤਾ ਹੋਣਾ ਚਾਹੀਦਾ ਹੈ, ਡਿਪਟੀ ਸਪੀਕਰ ਸਾਹਿਬ, ਕਿ ਜਿਨ੍ਹਾਂ ਘਰਾਂ ਵਿਚ ਅਸੀਂ ਵਸਦੇ ਹਾਂ ਇਨ੍ਹਾਂ ਘਰਾਂ ਤੇ ਸਾਡਾ ਕੋਈ ਕਬਜ਼ਾ ਨਹੀਂ ਸੀ। ਜਦੋਂ ਪਿੰਡ ਦੇ ਨੰਬਰਦਾਰ ਦਾ ਚਿੱਤ ਕਰਦਾ ਸੀ ਸਾਨੂੰ ਘਰੋਂ ਬਾਹਰ ਕੱਢ ਦਿਦਾ ਸੀ । ਇਹ ਸਰਦਾਰ ਗਿਆਨ ਸਿੰਘ ਰਾੜੇਵਾਲਾ ਦੀ ਮਨਿਸਟਰੀ ਵੇਲੇ ਅਤੇ ਅਕਾਲੀ ਸਰਕਾਰ ਦੀ ਮਨਿਸਟਰੀ ਵੇਲੇ ਸਾਨੂੰ ਹੱਕ ਮਿਲੇ ਸਨ ਕਿ ਸਾਨੂੰ ਘਰਾਂ ਤੋਂ ਕੋਈ ਨਹੀਂ ਕੱਢ ਸਕਦਾ । ਅਕਾਲੀ ਸਰਕਾਰ ਦੀ ਮਨਿਸਟਰੀ ਵੇਲੇ ਹੀ ਸਾਡਾ ਘਰਾਂ ਤੇ ਪੱਕਾ ਕਬਜ਼ਾ ਹੋਇਆ ਹੈ । ਇਹ ਅਕਾਲੀ ਹੀ ਸੀ ਜਿਹੜੇ ਇਹ ਗਲ ਕਰ ਗਏ । ਇਨ੍ਹਾਂ ਨੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਤਾਂ ਸਾਡੇ ਲਈ ਕੁਝ ਨਹੀਂ ਕੀਤਾ। ਇਹ ਕਹਿੰਦੇ ਹਨ ਕਿ ਸ਼ਡਿਊਲਡ ਕਾਸਟਸ ਨੂੰ ਪਲਾਟ ਦਿੱਤੇ ਗਏ ਹਨ ਪਰ ਮੈਂ ਕਹਿੰਦਾ ਹਾਂ ਕਿ 32 ਸਾਲਾਂ ਵਿਚ ਸਾਨੂੰ ਕਿਸੇ ਗੌਰਮਿੰਟ ਨੇ ਘਰ ਨਹੀਂ ਬਣਾ ਕੇ ਦਿੱਤੇ। ਕੇਵਲ ਇਕ ਅਕਾਲੀ ਸਰਕਾਰ ਹੀ ਸੀ ਜਿਸ ਨੇ ਸਾਨੂੰ ਮਕਾਨ ਬਣਾ ਕੇ ਦਿਤੇ ਹਨ । ਇਹ ਕਹਿੰਦੇ ਹਨ ਕਿ ਅਸੀਂ ਪਲਾਟ ਦਿੱਤੇ ਹਨ । ਪਰ ਪਲਾਟ ਦਿੱਤੇ ਕਿਥੇ ? ਟੋਬਿਆਂ ਵਿਚ। ਜਿਨ੍ਹਾਂ ਨੂੰ ਅਸੀਂ ਤਾਂ ਨਹੀਂ ਭਰ ਸਕਦੇ, ਸਾਡੀ ਔਲਾਦ ਭਾਵੇਂ ਭਰ ਲਵੇ । ਫਿਰ ਪਲਾਟ ਹੋਰ ਕਿਥੇ ਦਿੱਤੇ ? ਸ਼ਮਸ਼ਾਨਾਂ ਵਿਚ, ਜਿਥੇ ਅਸੀਂ ਅਤੇ ਸਾਡਾ ਪ੍ਰਵਾਰ ਹਰ ਵੇਲੇ ਡਰੀ ਜਾਵੇ । ਡਿਪਟੀ ਸਪੀਕਰ ਸਾਹਿਬ, ਇਕ ਪਾਸੇ ਇਹ ਕਹਿੰਦੇ ਹਨ ਕਿ ਜ਼ਾਤ ਪਾਤ ਦੇ ਆਧਾਰ ਤੇ ਅਸੀਂ ਕੋਈ ਗਲ ਨਹੀਂ ਕਰਨੀ, ਛੂਆ ਛਾਤ ਨੂੰ ਖ਼ਤਮ

Original with;
Punjab Vidhan Sabha
Digitized by;
Panjab Digital Library

ਕਰਨਾ ਹੈ ਪਰ ਦੂਸਰੇ ਪਾਸੇ ਤੁਸੀਂ ਦੇਖੋ ਕਿ ਸਾਨੂੰ ਜਗ੍ਹਾ ਪਿੰਡਾਂ ਤੋਂ ਦੋ ਦੋ ਮੀਲ ਦੂਰ ਦਿੱਤੀ ਹੈ। ਜੇ ਛੂਆ-ਛੂਤ ਖਤਮ ਕਰਨੀ ਹੈ ਤਾਂ ਪਿੰਡ ਤੋਂ ਬਾਹਰ ਸਾਡੀਆਂ ਕਾਲੋਨੀਆਂ ਕਿਉਂ ਬਣਾਈਆਂ ਹਨ? ਇਨ੍ਹਾਂ ਨਾਲੋਂ ਤਾਂ ਫਿਰ ਨਾਭੇ ਵਾਲੇ ਦਾ ਹੀ ਰਾਜ ਚੰਗਾ ਸੀ। ਉਦੋਂ ਸਾਰੇ ਅਸੀਂ ਨੇੜੇ ਤਾਂ ਸੀ, ਤੁਸੀਂ ਤਾਂ ਦੂਰ ਹੀ ਰਹਿੰਦੇ ਹੋ। ਜੇ ਛੂਤ ਛਾਤ ਖਤਮ ਕਰਨੀ ਹੈ ਤਾਂ 2-2 ਮੀਲ ਦੂਰ ਸਾਡੀਆਂ ਕਾਲੋਨੀਆਂ ਕਿਉਂ ਬਣਾਈਆਂ ਜਾਂਦੀਆਂ ਹਨ ? ਮੈਂ ਆਪ ਦੇਖਿਆ ਹੈ। ਇਕ ਕਾਲੋਨੀ ਫਗੂਵਾਲੇ ਬਣਾਈ ਗਈ ਇਕ ਨਜ਼ਾਮ ਪੁਰ ਬਣਾਈ ਗਈ ਔਰ ਫਿਰ, ਡਿਪਟੀ ਸਪੀਕਰ ਸਾਹਿਬ, ਰਹਿਣ ਵਾਸਤੇ ਜਗ੍ਹਾ ਕਿੰਨੀ ਬਣਾ ਕੇ ਦਿੱਤੀ। ਇਕ ਛੋਟਾ ਜਿਹਾ ਕਮਰਾ। ਮੈਨੂੰ ਉਮੀਦ ਹੈ ਕਿ ਜੇ ਪਾਂਡੇ ਸਾਹਿਬ ਨੂੰ ਉਸ ਮਕਾਨ ਵਿਚ ਵੜਨਾ ਪਏ ਤਾਂ ਉਹ ਚੁਖਾਟ ਵਿਚੋਂ ਦੀ ਲੰਘ ਨਹੀਂ ਸਕਦੇ। (ਵਿਘਨ) (ਹਾਸਾ) ਮੈਂ ਤਾਂ ਭਾਵੇਂ ਉਸ ਵਿਚ ਦੀ ਲੰਘ ਜਾਵਾਂ। ਸਾਡੀ ਕੌਮ ਵੀ ਛੋਟੀ, ਸਾਡੇ ਘਰ ਵੀ ਛੋਟੇ। ਜਿਹੜਾ ਕਮਰਾ ਇਕ ਬਣਾ ਕੇ ਦਿੱਤਾ ਉਸ ਦੇ ਵਿਚ 2 ਮੰਜੀਆਂ ਵੀ ਨਹੀਂ ਵਿਛ ਸਕਦੀਆਂ। ਫਿਰ ਅਸੀਂ ਡੰਗਰ ਵੀ ਰਖਣਾ ਹੁੰਇਆ, ਆਇਆ ਗਿਆ ਵੀ ਕੋਈ ਰਹਿੰਦਾ ਹੈ। 2 ਢਾਈ ਮੰਜੀਆਂ ਦੇ ਕਮਰੇ ਤੋਂ ਬਾਅਦ ਇਕ ਰਸੋਈ ਹੈ ਅਤੇ ਉਹ ਵੀ ਛੋਟੀ ਜਿਹੀ ਅਤੇ ਉਸ ਰਸੋਈ ਦਾ ਦਰਵਾਜ਼ਾ ਵੀ ਅੰਦਰ ਨੂੰ ਹੈ। ਜੇ, ਡਿਪਟੀ ਸਪੀਕਰ ਸਾਹਿਬ, ਤੁਸੀਂ ਛੂਤ ਛਾਤ ਨਹੀਂ ਮੰਨਦੇ ਤਾਂ ਸਾਨੂੰ ਸ਼ਹਿਰਾਂ ਵਿਚ ਨਗਰਾਂ ਵਿਚ ਫਿਰ ਕਿਉਂ ਨਹੀਂ ਕਾਲੋਨੀਆਂ ਬਣਾ ਕੇ ਦਿੱਤੀਆਂ ਗਈਆਂ ?

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਗਿਆਨੀ ਕੁੰਦਨ ਸਿੰਘ ਪਤੰਗ : ਵਾਈਂਡ ਅੱਪ ਕਰ ਦਿੰਦਾ ਹਾਂ ਜੀ।

ਡਿਪਟੀ ਸਪੀਕਰ ਸਾਹਿਬ, ਮੈਂਨੂੰ ਇਕ ਗਲ ਯਾਦ ਆ ਗਈ ਕਿ ਕਿਸੇ ਆਦਮੀ ਦੀਆਂ ਘਰ ਵਿਚ 2 ਜ਼ਨਾਨੀਆਂ ਸਨ। ਇਕ ਜ਼ਨਾਨੀ ਸੀ ਚੁਸਤ ਤੇ ਚਲਾਕ ਅਤੇ ਦੂਸਰੀ ਸੀ ਵਿਚਾਰੀ ਸਿਧੀ ਸਾਧੀ। ਜਦੋਂ ਕੋਈ ਚੀਜ਼ ਚੰਗੀ ਹੋਣੀ ਅਤੇ ਘਰ ਵਾਲੇ ਨੇ ਪੁੱਛਣਾ ਕਿ ਇਹ ਕਿਸ ਨੇ ਬਣਾਈ ਹੈ ਤਾਂ ਚਲਾਕ ਜ਼ਨਾਨੀ ਕਹਿੰਦੀ ਸੀ ਕਿ ਮੈਂ ਬਣਾਈ ਹੈ ਅਤੇ ਜੇ ਕੋਈ ਗਲਤ ਚੀਜ਼ ਬਣ ਜਾਵੇ ਤਾਂ ਉਸ ਨੇ ਕਹਿ ਦੇਣਾ ਕਿ ਦੂਸਰੀ ਨੇ ਬਣਾਈ ਹੈ। ਇਸੇ ਤਰ੍ਹਾਂ ਇਕ ਵਾਰੀ ਕੋਈ ਚੀਜ਼ ਚੰਗੀ ਬਣ ਗਈ ਪਰ ਮਰਦ ਨੇ ਜ਼ਰਾ ਗੁਸੇ ਹੋ ਕੇ ਪੁਛਿਆ ਕਿ ਕਿਸ ਨੇ ਇਹ ਬਣਾਈ ਸੀ ਤਾਂ ਜਿਹੜੀ ਚੁਸਤ ਔਰਤ ਸੀ ਉਸ ਨੇ ਸਮਝਿਆ ਕਿ ਚੀਜ਼ ਖਰਾਬ ਬਣੀ ਹੋਣੀ ਹੈ: ਇਸ ਲਈ ਕਹਿਣ ਲਗੀ ਕਿ ਉਹ ਬੈਠੀ ਹੈ, ਉਸ ਨੇ ਬਣਾਈ ਸੀ। ਪਰ ਜਦੋਂ ਮਰਦ ਨੇ ਇਹ ਕਿਹਾ ਕਿ ਬਣੀ ਤਾਂ ਸੁਆਦ ਹੈ ਤਾਂ ਕਹਿਣ ਲਗੀ ਕਿ ਕੜਛੀ ਤਾਂ ਮੈਂ ਫੇਰੀ ਸੀ। ਮੈਂ ਕਹਿੰਦਾ ਹਾਂ ਕਿ ਸਾਡੀ ਜਿਹੜੀ ਸਾਰੀ ਚੰਗੀ ਗਲ ਹੈ ਉਹ ਤਾਂ ਚੰਗੀ ਨਹੀਂ ਪਰ ਜਿਹੜੀ ਇਨ੍ਹਾਂ ਨੇ ਕੜਛੀ ਫੇਰੀ ਸੀ ਉਹ ਚੰਗੀ ਹੋ ਗਈ। ਸੋ ਮੈਂ ਕਹਿੰਦਾ ਹਾਂ ਕਿ ਜਿਹੜਾ ਸਾਡਾ ਰਿਜ਼ਰਵੇਸ਼ਨ ਦਾ ਢਾਂਚਾ ਹੈ, ਵਿਦਿਆ ਦਾ ਮਿਆਰ ਉਚਾ ਕਰਨਾ ਹੈ ਜਾਂ ਪਛੜੀਆਂ ਸ਼੍ਰੇਣੀਆਂ ਦਾ ਸੁਧਾਰ ਕਰਨਾ ਹੈ ਇਨ੍ਹਾਂ ਸਭ ਲਈ ਕੋਈ ਚੰਗਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਤਾਂਕਿ ਹਰ ਇਕ ਦੀ ਤਰੱਕੀ ਵੀ ਹੋਵੇ ਅਤੇ ਕੋਈ ਚੀਜ਼ ਛੂਤ ਛਾਤ ਦੇ ਆਧਾਰ ਤੇ ਨਹੀਂ ਹੋਣੀ ਚਾਹੀਦੀ।

ਡਿਪਟੀ ਸਪੀਕਰ ਸਾਹਿਬ, ਪਲਾਟਾਂ ਲਈ ਸਿਰਫ਼ 25 ਲੱਖ ਰੁਪਿਆ ਰਖਿਆ ਗਿਆ ਹੈ। ਤੁਸੀਂ ਵੇਖ ਲਵੋ ਕਿ ਕਿੰਨੇ ਪਿੰਡ ਹਨ ਅਤੇ ਕਿੰਨੀ ਆਬਾਦੀ ਹੈ ਔਰ ਉਨ੍ਹਾਂ ਲਈ ਕਿੰਨਾ ਰੁਪਿਆ ਰਖਿਆ ਗਿਆ ਹੈ ? ਅਗਰ ਹਿਸਾਬ ਲਾਇਆ ਜਾਏ ਤਾਂ ਮਸਾਂ ਇਕ ਰੁਪਿਆ ਜੀਅ ਪ੍ਰਤੀ ਆਉਣਾ ਹੈ। ਇਹ ਸਾਡੇ ਨਾਲ ਹਮਦਰਦੀ ਹੈ, ਜਿਹੜੀ ਅੱਜ ਦੀ ਸਰਕਾਰ ਨੇ ਔਰ ਸਾਡੇ ਖਜ਼ਾਨਾ ਮੰਤਰੀ ਨੇ

Original with;
Punjab Vidhan Sabha
Digitized by;
Panjab Digital Library

[ਗਿਆਨੀ .ਕੁੰਦਨ ਸਿੰਘ ਪਤੰਗ]

ਥੀਤੀ ਹੈ । ਹੁਣ ਇਹ ਕਹਿੰਦੇ ਹਨ ਕਿ ਪਲਾਟ ਪਿੰਡਾਂ ਵਿਚ ਵੀ ਦਿਆਂਗੇ ਅਤੇ ਸ਼ਹਿਰਾਂ ਵਿਚ ਵੀ ਦਿਆਂਗੇ । ਅਸੀਂ ਵੇਖਦੇ ਹਾਂ ਕਿ 80 ਫੀ ਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਅਤੇ 20 ਫੀ ਸਦੀ ਆਬਾਦੀ ਸ਼ਹਿਰਾਂ ਵਿਚ ਹੈ। ਇਸ ਲਈ ਜਿਹੜੀ ਰਕਮ ਰਖੀ ਗਈ ਹੈ ਇਸ ਦਾ 80 ਫੀ ਸਦੀ ਪਿੰਡਾਂ ਵਿਚ ਅਤੇ 20 ਫੀ ਸਦੀ ਸ਼ਹਿਰਾਂ ਵਿਚ ਖਰਚ ਹੋਣਾ ਚਾਹੀਦਾ ਹੈ।

ਇਸ ਦੇ ਅਗੇ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਜਿਹੜੇ ਪੈਸੇ ਨਾਲ ਪਿੰਡਾਂ ਵਿਚ ਸੜਕਾਂ ਬਣੀਆਂ ਸਨ, ਵਪਾਰੀਆਂ ਨੇ ਉਠ ਕੇ ਉਸ ਪੈਸੇ ਤੇ ਰੋਕ ਲਗਵਾ ਦਿੱਤੀ। ਸੜਕਾਂ ਜਿਹੜੀਆਂ ਅਸੀਂ ਪਹਿਲੋਂ ਬਣਾ ਲਈਆਂ ਸਨ ਉਨ੍ਹਾਂ ਤੋਂ ਇਲਾਵਾ ਬਾਕੀ ਉਥੇ ਦੀਆਂ ਉਥੇ ਰਹਿ ਗਈਆਂ । ਮੈਂ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਵਿਚਾਲੇ ਪਈਆਂ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਇਕ ਸੜਕ ਬਰਨਾਲਾ-ਰਾਏਕੋਟ ਹੈ, ਬਠਿੰਡਾ-ਬਰਨਾਲਾ ਸੜਕ ਹੈ, ਬਰਨਾਲਾ-ਬਾਜੇਖਾਨਾ ਵਾਲੀ ਸੜਕ ਹੈ, ਇਹ ਸਾਰੀਆਂ ਵਿਚਾਲੇ ਪਈਆਂ ਹਨ। ਇਨ੍ਹਾਂ ਤੋਂ ਇਲਾਵਾ ਕਈ ਲਿੰਕ ਰੋਡਜ਼ ਹਨ। ਮੇਰੇ ਹਲਕੇ ਵਿਚ ਇਕ ਪਿੰਡ ਹਰਦਾਸਪੁਰ ਹੈ ਉਥੇ ਅਗੋਂ ਵੀ ਸੜਕ ਬਣ ਗਈ, ਪਿਛੋਂ ਵੀ ਬਣ ਗਈ ਪਰ ਜਿਹੜਾ ਆਲਾਦੁਆਲਾ ਸੀ ਉਧਰ ਰਹਿ ਗਈ। ਜਿਹੜੀਆਂ ਬੱਸਾਂ ਉਥੋਂ ਅਹਿਮਦਗੜ੍ਹ ਨੂੰ ਜਾਂਦੀਆਂ ਸਨ ਉਹ ਹੁਣ ਜਾਂਦੀਆਂ ਨਹੀਂ ਕਿਉਂਕਿ ਕੱਚੀ ਸੜਕ ਰਹਿ ਗਈ ਹੈ। ਇਹ ਸੜਕਾਂ ਪੂਰੀਆਂ ਕਰ ਦੇਣੀਆਂ ਚਾਹੀਦੀਆਂ ਹਨ। (ਘੰਟੀ) ਬਸ ਜੀ ਮੈਂ ਦੋ ਮਿੰਟਾਂ ਵਿਚ ਹੀ ਖਤਮ ਕਰ ਦਿਆਂਗਾ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਬੁਢਾਪਾ ਪੈਨਸ਼ਨਾਂ ਦੀ ਗਲ ਕਰਦਾ ਹਾਂ। ਸਾਡੇ ਮੰਤਰੀ ਸਾਹਿਬ ਬੈਠੇ ਹਨ। ਸਭ ਤੋਂ ਪਹਿਲਾਂ ਮੈਂ ਇਹ ਗਲ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਪੈਨਸ਼ਨ ਹੈ ਇਹ ਬੁਢਿਆਂ, ਕਮਜ਼ੋਰਾਂ, ਵਿਧਵਾਵਾਂ ਅਤੇ ਨਾਕਾਰਾ ਲੋਕਾਂ ਲਈ ਹੈ, ਪਰ ਜਿਹੜਾ ਇਨ੍ਹਾਂ ਦਾ ਦਫ਼ਤਰ ਹੈ ਉਹ ਚਾਰ ਮੰਜਲਾਂ ਤੇ ਹੈ। ਬੀਬੀ ਸਤਵੰਤ ਕੌਰ ਵਜ਼ੀਰ ਰਹੇ ਹਨ। ਮੈਂ ਇਨ੍ਹਾਂ ਨੂੰ ਵੀ ਕਹਿੰਦਾ ਰਿਹਾ ਹਾਂ। ਇਨ੍ਹਾਂ ਨੇ ਤਾਂ ਮੇਰੀ ਗੱਲ ਨਹੀਂ ਮੰਨੀ ਅੱਜ ਹੁਣ ਦੇ ਵਜ਼ੀਰ ਸਾਹਿਬ ਨੂੰ ਵੀ ਕਹਾਂਗਾ ਕਿ ਚੌਥੀ ਮੰਜ਼ਲ ਤੇ ਕੋਈ ਬੁੱਢਾ ਤਾਂ ਚੜ੍ਹ ਹੀ ਨਹੀਂ ਸਕਦਾ ਅਗਰ ਮੇਰੇ ਵਰਗਾ ਵੀ ਜਾਂਦਾ ਹੈ ਤਾਂ 3 ਵਾਰੀ ਦਮ ਲੈ ਕੇ ਚੜ੍ਹਦਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਤਾਂ ਨਹੀਂ ਥਲੇ ਲਾਹਿਆ। ਜੇ ਤੁਸੀਂ ਲਾਹ ਦਿਓ ਤਾਂ ਮੈਂ ਤੁਹਾਨੂੰ ਵਧਾਈ ਦਿਆਂਗਾ। ਜੇ ਨਹੀਂ ਲਾਹੋਗੇ ਤਾਂ ਜਿਹੋ ਜਿਹਾ ਇਨ੍ਹਾਂ ਨੇ ਸਰਟੀਫਿਕੇਟ ਲੈ ਲਿਆ ਹੈ ਉਹ ਜਿਹਾ ਤੁਸੀਂ ਵੀ ਲੈ ਲਵੋਗੇ।

'ਤੇਰੀਆਂ ਤਾਂ ਮੈਂ ਲੱਖ ਮੰਨੀਆਂ, ਮੇਰੀ ਇਕ ਵੀ ਮੰਨੇ ਤਾਂ ਜਾਣਾ।'

ਪੈਨਸ਼ਨ ਠੀਕ ਤਰ੍ਹਾਂ ਮਿਲਣੀ ਚਾਹੀਦੀ ਹੈ। ਜਦੋਂ ਵੀ ਰੌਲਾ ਪੈਂਦਾ ਹੈ ਕਿਹਾ ਜਾਂਦਾ ਹੈ ਕਿ ਪੈਨਸ਼ਨ ਨਹੀਂ ਮਿਲੀ। ਮੈਂ ਇਕ ਆਦਮੀ ਨੂੰ ਲੈ ਕੇ ਦਫ਼ਤਰ ਵਿਚ ਗਿਆ ਕਿ ਇਸ ਦੀ ਪੈਨਸ਼ਨ ਕਿਉਂ ਨਹੀਂ ਮਿਲੀ ਤਾਂ ਉਹ ਕਹਿਣ ਲਗੇ ਕਿ ਰਸੀਦ ਨਹੀਂ ਆਈ। ਮੈਂ ਕਹਿੰਦਾ ਹਾਂ ਕਿ ਰਸੀਦ ਭੇਜਣਾ ਤਾਂ ਡਾਕਘਰ ਦਾ ਕੰਮ ਹੈ, ਉਸ ਦਫ਼ਤਰ ਵਿਚ ਪੜਤਾਲ ਕੀਤੀ ਜਾਵੇ, ਇਹ ਆਦਮੀ ਕੀ ਕਰ ਸਕਦਾ ਹੈ । ਮੈਂ ਕਹਿੰਦਾ ਹਾਂ ਕਿ ਇਸ ਕੰਮ ਨੂੰ ਸੌਖਾ ਕੀਤਾ ਜਾਣਾ ਚਾਹੀਦਾ ਹੈ। ਜਿਹੜਾ ਇਸ ਦੇ ਲਈ ਫ਼ਾਰਮ ਹੈ ਉਹ ਵੀ ਛੋਟਾ ਹੋਣਾ ਚਾਹੀਦਾ ਹੈ। ਇਸ ਦੇ ਅਗੇ ਦਸਾਂ ਕਿ ਜਦੋਂ ਮਨੀਆਰਡਰ ਜਾਂਦਾ ਹੈ ਤਾਂ ਡਾਕੀਆ ਪਹਿਲੋਂ ਝਾਕ ਰਖਦਾ ਹੈ ਕਿ ਕੁਝ ਮਿਲੇਗਾ। ਉਹ ਵਿਚਾਰੇ ਕਮਜ਼ੋਰ ਬੰਦੇ ਹਨ। ਕਿਸੇ ਦੀ ਬਾਂਹ ਨਹੀਂ, ਕਿਸੇ ਦੀ ਲੱਤ ਨਹੀਂ, ਕੋਈ ਅੰਨ੍ਹਾ ਹੈ। ਪਰ ਡਾਕੀਆ ਅਵੱਲ ਤਾਂ 5 ਰੁਪਏ, ਨਹੀਂ ਤਾਂ ਦੋ ਰੁਪਏ ਤਾਂ ਜ਼ਰੂਰ ਲੈ ਲੈਂਦਾ ਹੈ। ਇਸ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ। ਡਾਕੀਆ ਪੈਸੇ ਕਿਉਂ ਲਵੇ, ਜਦੋਂ ਉਸ ਨੂੰ ਸਰਕਾਰ ਤੋਂ ਤਨਖਾਹ ਮਿਲਦੀ ਹੈ। ਦੂਜੀ ਗਲ ਇਹ ਹੈ ਕਿ ਪਿੰਡਾਂ ਵਿਚ ਕਈ

Original with;
Punjab Vidhan Sabha
Digitized by;
Panjab Digital Library

ਆਦਮੀ ਉਹ ਪੈਨਸ਼ਨ ਖਾ ਰਹੇ ਹਨ ਜਿਹੜੇ ਹੱਕਦਾਰ ਨਹੀਂ। ਉਹ ਬੱਚਿਆਂ ਵਾਲੇ ਹਨ ਉਨ੍ਹਾਂ ਦੇ ਕਈ ਕਈ ਬੱਚੇ ਹਨ, ਜਾਇਦਾਦ ਹੁੰਦੀ ਹੈ, ਪਤਾ ਨਹੀਂ ਕਿਸ ਢੰਗ ਨਾਲ ਪੈਨਸ਼ਨ ਲਗਵਾ ਲਈ ਹੈ। ਵਜ਼ੀਰ ਸਾਹਿਬ ਬੈਠੇ ਹਨ। ਉਹ ਭਾਵੇਂ ਜ਼ਿਲ੍ਹੇਵਾਰ ਜਾਂ ਪਿੰਡਵਾਰ ਚੈਕਿੰਗ ਕਰਾਉਣ ਤਾਂ ਕਿ ਉਨ੍ਹਾਂ ਦੀ ਪੈਨਸ਼ਨ ਬੰਦ ਹੋਵੇ ਅਤੇ ਜਿਹੜਾ ਗਰੀਬ ਹੈ ਉਹ ਉਸ ਦਾ ਫ਼ਾਇਦਾ ਉਠਾ ਲਵੇ। (ਘੰਟੀ)

ਹੁਣ ਮੈਂ ਨਸ਼ਿਆਂ ਦੀ ਬਾਬਤ ਅਰਜ਼ ਕਰਨੀ ਚਾਹੁੰਦਾ ਹਾਂ। ਪਿਡਾਂ ਵਿਚ ਨਸ਼ੇ ਬੰਦ ਕਰਨ ਦਾ ਬੰਦੋਬਸਤ ਕਰਨ। ਸਰਕਾਰ ਨੂੰ ਇਹ ਨਸ਼ੇ ਬੰਦ ਕਰਨੇ ਚਾਹੀਦੇ ਹਨ। ਨਸ਼ਾ ਭਾਵੇਂ ਅਫ਼ੀਮ ਦਾ ਹੈ, ਭਾਵੇਂ ਸ਼ਰਾਬ ਦਾ ਹੈ। ਹੁਣ ਆਦਮੀ ਨਸ਼ੇ ਨੂੰ ਨਹੀਂ ਖਾ ਰਿਹਾ ਬਲਕਿ ਨਸ਼ਾ ਆਦਮੀ ਨੂੰ ਖਾ ਰਿਹਾ ਹੈ।

ਇਸ ਦੇ ਇਲਾਵਾ ਇਕ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਿਪਾਹੀ ਨੂੰ, ਹਵਾਲਦਾਰ ਨੂੰ 13ਵੇਂ ਮਹੀਨੇ ਦੀ ਮੰਨੀ ਹੋਈ ਤਨਖਾਹ ਮਿਲ ਚੁਕੀ ਹੈ ਪਰ ਏ.ਐਸ.ਆਈ. ਨੂੰ, ਸਬ-ਇਨਸਪੈਕਟਰ ਨੂੰ, ਇਨਸਪੈਕਟਰ ਨੂੰ ਉਹ ਤਨਖਾਹ ਨਹੀਂ ਮਿਲੀ। ਉਨ੍ਹਾਂ ਨੂੰ ਵੀ ਮਿਲਣੀ ਚਾਹੀਦੀ ਹੈ। (ਵਿਘਨ)। ਇਹ ਕਦੇ ਤੁਹਾਡੇ ਗਲ, ਕਦੇ ਸਾਡੇ ਗਲ ਪੈਂਦੇ ਰਹਿੰਦੇ ਹਨ ਅੱਤ ਇਸ ਕਰਕੇ ਅਸੀਂ ਇਨ੍ਹਾਂ ਨਾਲ ਹਮਦਰਦੀ ਕਰਦੇ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਜੋ ਸੁਝਾਵ ਦਿੱਤੇ ਹਨ ਉਨ੍ਹਾਂ ਵਲ ਸਰਕਾਰ ਜ਼ਰੂਰ ਧਿਆਨ ਦੇਵੇ ਅੱਤ ਇਹ ਜਿਹੜਾ ਬਜਟ ਪੇਸ਼ ਹੋਇਆ ਹੈ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ। ਮੈ ਤੁਹਾਡੇ ਤੋਂ ਹੁਣ ਖਿਮਾ ਮੰਗਦਾ ਹਾਂ। ਮੈਂ ਤਹਾਡਾ ਧੰਨਵਾਦੀ ਹਾਂ। ਕੱਲ ਮੇਰਾ ਤੁਸੀਂ ਮੁਫ਼ ਬੰਨ ਗਏ ਸੀ, ਅਜ ਬੋਲਣ ਦਾ ਸਮਾਂ ਮਿਲ ਗਿਆ ਹੈ ।

ਸ਼੍ਰੀ ਡਿਪਟੀ ਸਪੀਕਰ : ਜਿਹੜਾ ਸਮਾਂ ਅਲਾਟ ਹੋਇਆ ਹੈ ਉਹ ਇਸ ਤਰ੍ਹਾਂ ਹੈ । ਕਾਂਗਰਸ (ਆਈ) ਦੋ ਘੰਟੇ 3 ਮਿੰਟ, ਸ਼੍ਰੋਮਣੀ ਅਕਾਲੀ ਦਲ 30 ਮਿੰਟ ਜਿਸ ਦੇ ਵਿਚੋਂ 22, 23 ਮਿੰਟ ਪਤੰਗ ਜੀ ਬੋਲ ਗਏ ਹਨ, ਸੀ.ਪੀ.ਆਈ. ਦਾ ਸਮਾਂ ਇਕ ਮਿੰਟ ਰਹਿੰਦਾ ਹੈ ਅਤੇ ਸੀ.ਪੀ.(ਐਮ.) ਦਾ 4 ਮਿੰਟ ਅਤੇ ਬੀ.ਜੇ.ਪੀ. ਦਾ 5 ਮਿੰਟ ਸਮਾਂ ਰਹਿੰਦਾ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ) : ਡਿਪਟੀ ਸਪੀਕਰ ਸਾਹਿਬ, ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਇਕ ਅਗਾਂਹ ਵੱਧੂ ਅਤੇ ਬੈਲੈਂਸਡ ਬਜਟ ਪੇਸ਼ ਕਰਨ ਤੇ ਵਧਾਈ ਦਿੰਦਾ ਹਾਂ । ਡਾਕਟਰ ਕੇਵਲ ਕ੍ਰਿਸ਼ਨ ਵਧਾਈ ਦੇ ਪਾਤਰ ਇਸ ਕਰਕੇ ਹੋਰ ਵੀ ਨੇ ਕਿਉਂਕਿ ਜੋ ਕੁਝ ਉਨ੍ਹਾਂ ਨੇ ਇਨਹੈਰਿਟ ਕੀਤਾ ਜੋ ਕੁਝ ਪਿਛਲੀ ਸਰਕਾਰ ਤੋਂ ਉਨ੍ਹਾਂ ਨੂੰ ਮਿਲਿਆ ਹੈ, ਜਿਸ ਢੰਗ ਦੇ ਨਾਲ ਪੰਜਾਬ ਦੀ ਦੁਰਦਸ਼ਾ ਹੋਈ ਪਿਛਲੇ 3 ਸਾਲਾਂ ਵਿਚ ਉਸ ਲਈ ਉਚੇਚੇ ਯਤਨ ਉਨ੍ਹਾਂ ਨੂੰ ਕਰਨੇ ਪੈਣਗੇ। ਪੰਜਾਬ ਨੂੰ ਉਨ੍ਹਾਂ ਲੀਹਾਂ ਤੇ ਲਿਆਉਣ ਲਈ ਜਿਨ੍ਹਾਂ ਲੀਹਾਂ ਤੇ 1977 ਤੋਂ ਪਹਿਲਾਂ ਚਲਦਾ ਸੀ ਉਨ੍ਹਾਂ ਨੂੰ ਹੋਰ ਵੀ ਯਤਨ ਕਰਨੇ ਪੈਣਗੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਤੁਹਾਨੂੰ ਇਹ ਦਸਦਿਆਂ ਮਾਣ ਪ੍ਰਾਪਤ ਹੁੰਦਾ ਹੈ ਕਿ ਪੰਜਾਬ ਦੀਆਂ ਨਹੀਂ, ਹਿੰਦਸਤਾਨ ਭਰ ਦੀਆਂ ਜੱਥੇਬੰਦੀਆਂ ਇਕ ਗਲ ਦੀ ਮੰਗ ਕਰਿਆ ਕਰਦੀਆਂ ਸਨ ਕਿ ਕਿਸੇ ਬਜਟ ਦਾ ਘੱਟ ਤੋਂ ਘੱਟ 20% ਹਿੱਸਾ ਜਿਹੜਾ ਹੈ ਉਹ ਸਿਖਿਆ ਤੇ ਖਰਚ ਹੋਣਾ ਚਾਹੀਦਾ ਹੈ। ਅੱਜ ਇਹ ਗੱਲ ਕਹਿਣੀ ਬੜੀ ਵਧਾਈ ਦੀ ਗਲ ਹੈ ਅੱਤ ਪੰਜਾਬ ਦੇ ਕਾਂਗਰਸ (ਆਈ) ਦੇ ਵਜ਼ੀਰ ਸਾਹਿਬ ਨੇ ਇਸ ਗਲ ਨੂੰ ਮੰਨਿਆ ਹੈ । ਉਨ੍ਹਾਂ ਨੇ ਬਜਟ ਦਾ 21% ਹਿੱਸਾ ਸਿਖਿਆ ਤੇ ਖਰਚ ਕਰਨ ਦਾ ਫ਼ੈਸਲਾ ਕੀਤਾ ਹੈ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ ਕਿਉਂਕਿ ਪੰਜਾਬ ਇੱਕ ਪੇਂਡੂ ਖੇਤਰ ਦਾ ਸੂਬਾ ਹੈ, ਇਸ ਲਈ ਇਨ੍ਹਾਂ ਨੇ 510 ਕਰੋੜ ਰੁਪਿਆ ਪ੍ਰੋਵਾਈਡ ਕੀਤਾ ਹੈ ਤਾਂ ਕਿ ਪੇਂਡੂ ਲੋਕਾਂ ਨੂੰ ਇਨਸੈਂਟਿਵ ਦਿੱਤੇ ਜਾਣ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਸ ਢੰਗ ਨਾਲ ਉਸ ਦਿਨ ਸਰਦਾਰ ਬਲਵੰਤ ਸਿੰਘ ਨੇ ਐਕਰੋਬੇਟਿਜ਼ਮ ਆਫ ਫਿਗਰਜ਼, ਸ਼ਬਦਾਂ ਦੇ ਹੇਰ ਫੇਰ ਨਾਲ ਕੁਝ ਦੱਸਣ ਦਾ ਯਤਨ ਕੀਤਾ ਸੀ। ਅਕਾਲੀ ਸਰਕਾਰ ਨੇ—ਗਲਤੀ ਨਾਲ ਮੂੰਹੋਂ ਨਿਕਲ ਗਿਆ ਹੈ, ਪੰਜਾਬ ਵਿਚ ਅਕਾਲੀ ਸਰਕਾਰ ਤਾਂ ਕਦੇ ਬਣੀ ਹੀ ਨਹੀਂ, ਇਥੇ ਅਕਾਲੀ-ਜਨਸੰਘ ਸਰਕਾਰ ਜਾਂ ਅਕਾਲੀ-ਜਨਤਾ ਸਰਕਾਰ ਰਹੀ ਹੈ, ਨਿਰੋਲ ਅਕਾਲੀ ਤਾਂ ਕਦੇ ਵਜ਼ਾਰਤ ਬਣਾ ਹੀ ਨਹੀਂ ਸਕੇ, ਅਜ ਤਕ ਬੜਾ ਇਸ ਗਲ ਦਾ ਰੌਲਾ ਪਾਇਆ ਕਿ ਇਨ੍ਹਾਂ ਦੇ ਰਾਜ ਵਿਚ ਸਾਡੀ ਸਟੇਟ ਦੀ ਇਨਕਮ ਵੱਧੀ ਸੀ। ਤੁਸੀਂ ਫਿਗਰਜ਼ ਵੇਖੀਆਂ ਹੋਣਗੀਆਂ। 1977-78 ਵਿਚ 1976-77 ਦੇ ਮੁਕਾਬਲੇ 7.6% ਸਟੇਟ ਦੀ ਇਨਕਮ ਵਿਚ ਵਾਧਾ ਹੋਇਆ। 1978-79 ਵਿਚ 7.5% ਅਤੇ 1979-80 ਵਿਚ 3.4% ਵਾਧਾ ਹੋਇਆ। ਇਸ ਤਰ੍ਹਾਂ ਤਾਂ ਡਿਪਟੀ ਸਪੀਕਰ ਸਾਹਿਬ, ਇਨਕਮ ਵਿੱਚ ਡਿਕਲਾਈਨ ਹੀ ਹੋਇਆ। 1977 ਦੇ ਮੁਕਾਬਲੇ 1978 ਵਿਚ ਘੱਟ ਇਨਕਮ ਸਟੇਟ ਦੀ ਵੱਧੀ ਅਤੇ ਇਸੇ ਤਰ੍ਹਾਂ ਹੀ 1979 ਅਤੇ 1980 ਵਿਚ ਸਟੇਟ ਦੀ ਇਨਕਮ ਘੱਟੀ। 1972-73 ਤੋਂ ਲੈ ਕੇ ਸਟੇਟ ਦੀ ਇਨਕਮ ਕਦੇ ਇਤਨੀ ਘਟ ਨਹੀਂ ਸੀ ਵਧੀ ਜਿਤਨੀ ਕਿ 1979-80 ਵਿਚ ਵੱਧੀ ਹੈ। ਗਿਆਨੀ ਕੁੰਦਨ ਸਿਘ ਜੀ ਨੇ ਇਕ ਗਲ ਸੁਣਾਈ ਸੀ। ਉਹ ਕਹਿੰਦੇ ਸਨ ਕਿ ਇਕ ਵਾਰੀ ਜਦੋਂ ਮੀਂਹ ਪਿਆ ਤਾਂ ਕਿਸੇ ਨੇ ਸਾਈਂਟਿਸਟ ਜਾਂ ਪੜ੍ਹੇ ਲਿਖੇ ਆਦਮੀ ਤੋਂ ਪੁਛਿਆ ਕਿ ਮੀਂਹ ਕਿਵੇਂ ਪੈਂਦਾ ਹੈ ਤਾਂ ਉਹ ਕਹਿਦਾ ਹੈ ਕਿ ਮੈਦਾਨਾਂ ਵਿਚ ਗਰਮੀ ਪਈ, ਸਮੁੰਦਰ ਤੋਂ ਠੰਡੀਆਂ ਹਵਾਵਾਂ ਚਲ ਪਈਆਂ, ਪਹਾੜਾਂ ਨਾਲ ਟਕਰਾ ਗਈਆਂ ਅਤੇ ਫਿਰ ਮੀਂਹ ਪੈ ਗਿਆ। ਜੇ ਕਿਸੇ ਭਗਤ ਨੂੰ ਪੁਛੋ ਤਾਂ ਉਹ ਕਹਿੰਦਾ ਹੈ ਕਿ ਵਾਹਿਗੁਰੂ ਦੀ ਕਿਰਪਾ ਹੋ ਗਈ ਹੈ, ਇੰਦਰ ਦੇਵਤਾ ਦੀ ਕਿਰਪਾ ਹੋ ਗਈ ਹੈ। ਮੀਂਹ ਪੈਣ ਤੋਂ ਬਾਅਦ ਹਰੇ ਪੀਲੇ ਡੱਡੂ ਵੀ ਬਾਹਰ ਨਿਕਲ ਆਉਂਦੇ ਹਨ। ਉਹ ਕਹਿੰਦੇ ਹਨ ਕਿ ਮੈਂ ਮੀਂਹ ਪਾਇਆ ਹੈ। ਇਹੀ ਹਾਲ ਅਕਾਲੀਆਂ ਦੀ ਸਰਕਾਰ ਦਾ ਹੈ। ਇਹ ਤਾਂ ਮੀਂਹ ਪੈਣ ਦੇ ਬਾਅਦ ਜਿਹੜੇ ਬਰਸਾਤੀ ਡੱਡੂ ਨਿਕਲਦੇ ਹਨ ਉਨ੍ਹਾਂ ਵਾਂਗ ਹਨ। 1972-73 ਤੋਂ ਚਲ ਕੇ 1977 ਤੱਕ ਪੰਜਾਬ ਦੀ ਪਲਾਨ ਆਊਟਲੇ ਦੁਗਣੀ ਹੋ ਗਈ। 98 ਕਰੋੜ ਰੁਪਏ ਤੋਂ ਵੱਧ ਕੇ ਇਹ 204 ਕਰੋੜ ਰੁਪਏ ਹੋ ਗਈ। ਫਿਰ ਅਕਾਲੀ ਯੋਧੇ ਆਏ। ਇਨ੍ਹਾਂ ਨੇ ਵੇਖੋ ਕੀ ਕੀਤਾ ? ਜਿਤਨੀ ਦੇਰ ਪਲਾਨਿੰਗ ਨਾ ਹੋਵੇ ਕਿਸੇ ਵੀ ਦੇਸ਼ ਦੀ ਇਕਾਨਮੀ ਤੇਜ਼ੀ ਨਾਲ ਅੱਗੇ ਨਹੀਂ ਵੱਧ ਸਕਦੀ। ਜਿਤਨੀ ਦੇਰ ਟੀਚੇ ਨਾ ਹੋਣ, ਟੀਚਿਆਂ ਤੇ ਪੁੱਜਣ ਲਈ ਸਾਧਨ ਦਾ ਉਪਰਾਲਾ ਨਾ ਕੀਤਾ ਜਾਵੇ, ਯਤਨ ਨਾ ਕੀਤਾ ਜਾਵੇ, ਉਤਨੀ ਦੇਰ ਤਰਕੀ ਨਹੀਂ ਹੋ ਸਕਦੀ। ਮੇਰੀ ਪਿਆਰੀ ਪਿਆਰੀ ਮਰਹੂਮ ਅਕਾਲੀ-ਜਨਤਾ ਸਰਕਾਰ ਦੀ ਪਲਾਨਿੰਗ ਬਾਰੇ ਮੈਂ ਦਸਦਾ ਹਾਂ। ਜਨਸੰਘੀਆਂ ਨੇ ਕਿਹਾ ਕਿ ਪਲਾਨ ਨੂੰ ਛੋਟਾ ਕਰੋ। ਇਸ ਦੀ ਥਾਂ ਰੋਲਿੰਗ ਪਲਾਨ ਬਣਾ ਲਵੋ। ਡਿਪਟੀ ਸਪੀਕਰ ਸਾਹਿਬ, ਇਸ ਲਈ ਦੋਸ਼ ਇਨ੍ਹਾਂ ਦਾ ਇਕੱਲਿਆਂ ਦਾ ਨਹੀਂ। ਫਿਰ ਵੀ ਦੱਸਣਾ ਪੈਂਦਾ ਹੈ ਕਿ 1972-73 ਵਿਚ ਇਕ ਪਲਾਨ ਆਊਟਲੇ, ਕਾਂਗਰਸ ਰਿਜੀਮ ਵਿਚ 99.80 ਕਰੋੜ ਰੁਪਏ ਸੀ ਜਿਹੜੀ ਕਿ ਵੱਧਦੀ ਵੱਧਦੀ 1976-77 ਵਿਚ 220.10 ਕਰੋੜ ਰੁਪਏ ਹੋ ਗਈ। 1977-78 ਵਿਚ ਇਹ 257.50 ਕਰੋੜ ਹੋਈ ਅਤੇ 1979-80 ਵਿਚ ਇਹ 260 ਕਰੋੜ ਹੋ ਗਈ। ਪਰ ਇਹ ਤਾਂ ਇਨ੍ਹਾਂ ਦੀ ਪਲੈਨ ਸੀ। ਜਦੋਂ ਤੁਸੀਂ ਇੰਪਲੀਮੈਂਟੇਸ਼ਨ ਦੇ ਬਾਰੇ ਸੁਣੋਗੇ ਤਾਂ ਹੈਰਾਨ ਹੋਵੋਗੇ। ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ 1977-78 ਦਾ ਪਲਾਨ 257.5 ਕਰੋੜ ਦਾ ਬਣਾਇਆ ਪਰ ਅਕਾਲੀ ਖਰਚ 204 ਕਰੋੜ ਰੁਪਿਆ ਕੀਤਾ। 1978-79 ਵਿਚ ਪਲਾਨ ਬਣਾਇਆ 260 ਕਰੋੜ ਰੁਪਏ ਦਾ ਪਰ ਖਰਚ ਕੀਤਾ 240 ਕਰੋੜ। ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਆ ਗਈ ਹੈ। ਕਾਂਗਰਸ ਸਰਕਾਰਾਂ ਨੇ 30

Original with;
Punjab Vidhan Sabha
Digitized by;
Panjab Digital Library

ਸਾਲਾਂ ਵਿਚ ਪਲੈਨਿੰਗ ਕਰਕੇ ਮੁਲਕ ਨੂੰ ਕਿਥੇ ਖੜਨ ਦਾ ਯਤਨ ਕੀਤਾ। ਹੁਣ ਉਨ੍ਹਾਂ ਨੇ ਫੌਰਨ ਤੌਰ ਤੇ ਇਸ ਪਲੈਨ ਨੂੰ 260 ਕਰੋੜ ਰੁਪਏ ਤੋਂ ਵਧਾ ਕੇ 300 ਕਰੋੜ ਰੁਪਏ ਦਾ ਕਰ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਸਭ ਤੋਂ ਵੱਡੀ ਮੰਗ, ਜਿਸ ਬਾਰੇ ਇਥੇ ਮੈਂਬਰ ਸਾਹਿਬਾਨ ਵੀ ਬੜੇ ਉਤਾਵਲੇ ਹਨ, ਪਾਵਰ ਐਂਡ ਇਰੀਗੇਸ਼ਨ ਹੈ ਅਤੇ ਇਨ੍ਹਾਂ ਦੋ ਮਦਾਂ ਲਈ 150 ਕਰੋੜ ਰੁਪਿਆ ਰਖਿਆ ਹੈ। ਜਦੋਂ ਇਹ ਪਲਾਨ ਸਿਰੇ ਚੜ੍ਹੀ ਤਾਂ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋਗੇ ਕਿ ਪੰਜਾਬ ਤਰੱਕੀ ਕਰਕੇ ਕਿਤੇ ਦਾ ਕਿਤੇ ਪਹੁੰਚ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਜਿਸ ਤਰ੍ਹਾਂ ਪਹਿਲਾਂ ਅਰਜ਼ ਕੀਤੀ ਸੀ, ਮੈਂ ਇਸ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ, ਡਾਕਟਰ ਕੇਵਲ ਕ੍ਰਿਸ਼ਨ ਦਾ ਅਤੇ ਸਾਰੀ ਕੈਬਨਿਟ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਐਜੂਕੇਸ਼ਨ ਲਈ ਬਜਟ ਦਾ 21% ਪੈਸਾ ਰਖਿਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਵਿਚ 14,497 ਪ੍ਰਾਇਮਰੀ ਸਕੂਲ ਹਨ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ 1977 ਵਿਚ ਕਾਂਗਰਸ ਸਰਕਾਰ ਨੇ 1,400 ਪ੍ਰਾਇਮਰੀ ਸਕੂਲ ਐਡ ਕੀਤੇ ਸਨ। ਇਨ੍ਹਾਂ ਨੇ ਆਪਣੇ ਤਿੰਨ ਸਾਲਾਂ ਦੇ ਰਾਜ ਵਿਚ ਕਿਤਨੇ ਪ੍ਰਾਇਮਰੀ ਸਕੂਲਾਂ ਦਾ ਵਾਧਾ ਕੀਤਾ ? ਸਿਰਫ 10। ਇਹ ਲੋਕਾਂ ਦੀ ਹਮਦਰਦ ਸਰਕਾਰ ਸਿਰਫ 10 ਸਕੂਲ ਹੀ ਐਡ ਕਰ ਸਕੀ। ਇਨ੍ਹਾਂ ਨੇ 275 ਸਕੂਲ ਬੰਦ ਕਰ ਦਿੱਤੇ। ਇਹ ਇਨ੍ਹਾਂ ਨੇ ਪ੍ਰਾਇਮਰੀ ਐਜੂਕੇਸ਼ਨ ਵਿਚ ਹਿੱਸਾ ਪਾਇਆ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ (ਬੈਠੇ, ਬੈਠੇ) : ਝੂਠ ਬੋਲਣਾ ਹੈ ਤਾਂ ਤਕੜਾ ਹੋ ਕੇ ਕਹਿ ਕਿ ਇੱਕ ਵੀ ਨਹੀਂ ਖੋਲ੍ਹਿਆ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੇ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਇਸ ਪਾਸੇ ਧਿਆਨ ਦਿਵਾਉਣਾ ਚਾਹੁੰਦਾ ਹਾਂ। ਅੱਜ ਪੰਜਾਬ ਦੇ ਹਰ ਸ਼ਹਿਰ ਵਿਚ ਟੀਚਿੰਗ ਸ਼ਾਪਸ ਖੁਲ੍ਹੀਆਂ ਹੋਈਆਂ ਹਨ, ਦੁਕਾਨਦਾਰੀਆਂ ਖੁਲ੍ਹੀਆਂ ਹਨ। ਇਹ ਬੱਚਿਆਂ ਨਾਲ, ਬੱਚਿਆਂ ਦੇ ਵਾਲਦੈਨ ਨਾਲ ਤੇ ਪੰਜਾਬ ਨਾਲ ਇੱਕ ਧੋਖਾ ਕੀਤਾ ਜਾਂਦਾ ਹੈ। ਮੈਨੂੰ ਬੜਾ ਅਫਸੋਸ ਹੈ ਕਿ ਇਨ੍ਹਾਂ ਦੇ ਪਿਛਲੇ ਤਿੰਨ ਸਾਲਾਂ ਦੇ ਰਾਜ ਵਿਚ ਇਸ ਦਾ ਬੜਾ ਵਾਧਾ ਹੋਇਆ। ਪਿਛਲੀ ਸਰਕਾਰ ਨੇ ਇਨ੍ਹਾਂ ਤੇ ਕੰਟਰੋਲ ਕਰਨ ਦਾ ਬਿਲਕੁਲ ਯਤਨ ਨਹੀਂ ਕੀਤਾ। ਇਹ ਨਵੀਆਂ ਦੁਕਾਨਦਾਰੀਆਂ ਇਨ੍ਹਾਂ ਦੇ ਭਾਈਵਾਲ ਜਨਸੰਘੀ ਚਲਾ ਰਹੇ ਸਨ। ਉਨ੍ਹਾਂ ਤੇ ਇਹ ਹੱਥ ਨਹੀਂ ਸਨ ਪਾਉਣਾ ਚਾਹੁੰਦੇ। ਹੁਣ ਪਾਣੀ ਸਿਰ ਤੋਂ ਲਘ ਗਿਆ ਹੈ। ਵਕਤ ਆ ਗਿਆ ਹੈ ਕਿ ਬੱਚਿਆਂ ਨੂੰ ਇਨ੍ਹਾਂ ਲੁਟੇਰਿਆਂ ਤੋਂ ਬਚਾਇਆ ਜਾਵੇ। ਡਿਪਟੀ ਸਪੀਕਰ ਸਾਹਿਬ, ਜੇ ਕਿਸੇ ਡਾਕਟਰ ਨੇ ਦੁਕਾਨ ਖੋਲ੍ਹਣੀ ਹੋਵੇ ਤਾਂ ਉਸ ਲਈ ਲਾਇਸੈਂਸ ਚਾਹੀਦਾ ਹੈ। ਜੇ ਕਿਸੇ ਡਰਾਈਵਰ ਨੇ ਬੱਸ ਚਲਾਉਣੀ ਹੋਵੇ ਤਾਂ ਉਸ ਲਈ ਵੀ ਲਾਇਸੈਂਸ ਚਾਹੀਦਾ ਹੈ। ਉਸ ਦੇ ਸਿਰ ਤੇ 50 ਸਵਾਰੀਆਂ ਦੀ ਜਾਨ ਦਾ ਜ਼ਿੰਮਾ ਹੁੰਦਾ ਹੈ। ਕਿਸੇ ਨੇ ਸਕੂਟਰ ਚਲਾਉਣਾ ਹੋਵੇ, ਭਾਵੇਂ ਇਸ ਵਿਚ ਉਸ ਦੀ ਆਪਣੀ ਜਾਨ ਦਾ ਹੀ ਖਤਰਾ ਹੈ, ਪਰ ਫਿਰ ਵੀ ਲਾਇਸੈਂਸ ਚਾਹੀਦਾ ਹੈ। ਲੇਕਿਨ ਇਥੇ ਦੇਸ਼ ਦੇ ਬੱਚਿਆਂ ਦੇ ਭਵਿਖ ਦਾ ਸਵਾਲ ਹੈ। ਜਿਹੜਾ ਮਰਜ਼ੀ ਉਠਦਾ ਹੈ, ਪਬਲਿਕ ਸਕੂਲ, ਆਦਰਸ਼ ਵਿਦਿਆ ਮੰਦਰ, ਹੀਰਾ ਵਿਦਿਆ ਮੰਦਰ, ਵਿਵੇਕਾਨੰਦ ਮੰਦਰ, ਗੁਰੂ ਗੋਬਿਦ ਸਿੰਘ ਪਬਲਿਕ ਸਕੂਲ, ਗੁਰੂ ਨਾਨਕ ਪਬਲਿਕ ਸਕੂਲ ਖੋਲ੍ਹ ਲੈਂਦਾ ਹੈ। ਮੇਰਾ ਕਹਿਣ ਦਾ ਮਤਲਬ ਹੈ ਕਿ ਅੱਜ ਵਕਤ ਆ ਗਿਆ ਹੈ ਕਿ ਇਸ ਬਾਰੇ ਕਾਨੂੰਨ ਬਣਾਇਆ ਜਾਵੇ। ਜਿਤਨੀ ਦੇਰ ਮਹਿਕਮੇ ਦੀ ਮਨਜ਼ੂਰੀ ਨਹੀਂ ਲੈ ਲਈ ਜਾਂਦੀ, ਕੋਈ ਵੀ ਸਕੂਲ ਨਾ ਖੋਲ੍ਹਿਆ ਜਾ ਸਕੇ। ਇਨ੍ਹਾਂ ਸਕੂਲਾਂ ਵਿਚ ਫੀਸ ਨਿਰਧਾਰਿਤ ਹੋਵੇ। ਉਥੇ ਫੀਸ 30, 40 ਰੁਪਏ ਮਹੀਨਾ ਹੁੰਦੀ ਹੈ ਅਤੇ ਅਧਿਆਪਕ ਦੀ ਤਨਖਾਹ 60 ਰੁਪਏ ਮਹੀਨਾ ਹੁੰਦੀ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਕੋਈ ਲੁਥੇਂਵੀ ਗੱਲ ਨਹੀਂ ਕਰ ਰਿਹਾ। ਇਹ ਪਾਲਿਟਿਕਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਦੇ ਪੱਖ ਤੋਂ ਵੇਖਣ ਵਾਲੀ ਗੱਲ ਨਹੀਂ ਹੈ। ਬੱਚਿਆਂ ਦੇ ਭਵਿਖ ਦਾ ਸਵਾਲ ਹੈ। ਇਸ ਕਰਕੇ ਹੀ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਇਆ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਪ੍ਰਾਇਮਰੀ ਐਜੂਕੇਸ਼ਨ ਦਾ ਵਖਰਾ ਡਾਇਰੈਕਟੋਰੇਟ ਬਣਾਉਣ ਦਾ ਫੈਸਲਾ ਹੋਇਆ। ਬੜਾ ਚੰਗਾ ਹੋਇਆ। ਟੀਚਰਜ਼ ਦੀ ਮੰਗ ਸੀ। ਤਕਰੀਬਨ 50,000 ਟੀਚਰ ਪ੍ਰਾਇਮਰੀ ਸਕੂਲਾਂ ਦੇ ਹੋ ਗਏ ਸਨ। 15 ਹਜ਼ਾਰ ਦੇ ਕਰੀਬ ਪ੍ਰਾਇਮਰੀ ਸਕੂਲ ਖੁਲ੍ਹ ਗਏ ਹਨ। ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਵੱਖਰਾ ਡਾਇਰੈਕਟੋਰੇਟ ਖੋਲ੍ਹਿਆ ਗਿਆ। ਪਰ ਕੀ ਇਕੱਲਾ ਡਾਇਰੈਕਟਰ ਮੁਕੱਰਰ ਕਰਨ ਨਾਲ, ਇਸ ਦਾ ਕੰਮ ਹੋ ਗਿਆ। ਡਿਪਟੀ ਸਪੀਕਰ ਸਾਹਿਬ, ਪ੍ਰਾਇਮਰੀ ਸਕੂਲ ਦਾ ਹੈਡਮਾਸਟਰ ਕੋਈ ਨਹੀਂ ਹੁੰਦਾ। ਇਸ ਚੀਜ਼ ਤੇ ਤਾਂ ਕੋਈ ਪੈਸਾ ਨਹੀਂ ਲਗਦਾ। ਹਰ ਸਕੂਲ ਵਿਚ ਬਕਾਇਦਾ ਤੌਰ ਤੇ ਹੈਡਮਾਸਟਰ ਦੀਆਂ ਪੋਸਟਾਂ ਬਣਾਓ। ਭਾਵੇਂ ਇਸ ਲਈ ਹੋਰ ਤਨਖਾਹ ਮਿਲੇ ਜਾਂ ਨਾ ਮਿਲੇ, ਇਸ ਦਾ ਕੋਈ ਸੁਆਲ ਨਹੀਂ ਲੇਕਿਨ ਇਕ ਪੋਸਟ ਹੋਣੀ ਚਾਹੀਦੀ ਹੈ। ਜਿਹੜੀ ਸੀਨੀਅਰ ਬੰਦਾ ਹੈ ਉਹ ਹੈਡਮਾਸਟਰ ਬਣੇ। ਡਿਪਟੀ ਸਪੀਕਰ ਸਾਹਿਬ, ਜਦੋਂ ਡਾਇਰੈਕਟੋਰੇਟ ਬਣਿਆ ਸੀ ਤਾਂ ਇਸ ਗੱਲ ਦਾ ਫੈਸਲਾ ਕੀਤਾ ਗਿਆ ਸੀ ਕਿ ਸੈਂਟਰਲ ਸਕੂਲ ਜੋ ਹਨ, ਉਨ੍ਹਾਂ ਲਈ ਸਪੈਸ਼ਲ ਗਰੇਡ ਬਣੇਗਾ ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਜਿਹੜੀ ਡਾਇਰੈਕਟੋਰੇਟ ਸੈਪੇਰੇਟ ਬਣਾਉਣ ਦੀ ਅਸਲ ਸਕੀਮ ਸੀ ਉਸ ਤੇ ਅਮਲ ਹੀ ਨਹੀਂ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਕਈ ਵਾਰੀ ਭਾਗਾਂ ਵਿਚ ਹੀ ਐਸਾ ਲਿਖਿਆ ਹੋਇਆ ਹੁੰਦਾ ਹੈ। ਇਹ ਕੰਮ ਸਾਹਮਣੇ ਬੈਠੇ ਵੀਰ ਨਹੀਂ ਕਰ ਸਕੇ। ਹੁਣ ਅਜਨਾਲਾ ਸਾਹਿਬ ਦੇ ਹੱਥੋਂ ਹੀ ਇਹ ਕੰਮ ਹੋਵੇਗਾ ਅੱਤੇ ਮੈਂ ਅਜਨਾਲਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਕੰਮ ਕਰ ਦੇਣ, ਪੰਜਾਬ ਦੇ ਅਧਿਆਪਕ ਇਸ ਲਈ ਇਨ੍ਹਾਂ ਦੇ ਬਹੁਤ ਬਹੁਤ ਧੰਨਵਾਦੀ ਹੋਣਗੇ ...

ਵੇਦ ਕਰਤਾਰ ਸਿੰਘ : ** ** **

Mr. Deputy Speaker : Please do not interrupt.

ਵੇਦ ਕਰਤਾਰ ਸਿੰਘ : ** ** **

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਹੈਡਮਾਸਟਰ ਨਹੀਂ ਬਣਾਏ।

ਵੇਦ ਕਰਤਾਰ ਸਿੰਘ : ** ** **

Mr. Deputy Speaker : This is no point of order

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਵੇਦ ਸਾਹਿਬ ਦੀ ਗਲਤ ਫਹਿਮੀ ਮੈਂ ਠੀਕ ਕਰ ਦਿੰਦਾ ਹਾਂ ਜੀ। ਤੁਹਾਨੂੰ ਅਡੱਲਟ ਐਜਕੇਸ਼ਨ ਲਈ ਸਕੂਲ ਖੋਲ੍ਹਣੇ ਚਾਹੀਦੇ ਸਨ ਉਹ ਤੁਸੀਂ ਨਹੀਂ ਖੋਲ੍ਹੇ (ਹਾਸਾ)।

ਇਹ ਪੜ੍ਹਾਈ ਲਿਖਾਈ ਦੀ ਗੱਲ ਹੋ ਰਹੀ ਹੈ, ਜ਼ਰਾ ਸੁਣ ਲਵੋ। ਤੁਸੀਂ ਪ੍ਰਾਇਮਰੀ ਤਕ ਹੀ ਪੜ੍ਹ ਲਵੋ, ਚੰਗਾ ਰਹੇਗਾ (ਹਾਸਾ),

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਪੰਜਾਬ ਵਿਚ 2,500 ਸਕੂਲ ਐਸੇ ਹਨ ਜਿਨ੍ਹਾਂ ਵਾਸਤੇ ਕੋਈ ਬਿਲਡਿੰਗ ਨਹੀਂ ਹੈ .....

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਵੇਦ ਕਰਤਾਰ ਸਿੰਘ: ਸੰਨ 1947 ਤੋਂ ਤੁਹਾਡੀ ਹਕੂਮਤ ਚਲੀ ਆਉਂਦੀ ਰਹੀ ਹੈ। ਤੁਸੀਂ 30 ਸਾਲ ਰਾਜ ਕੀਤਾ ਹੈ। ਉਸ ਵੇਲੇ ਚੇਤਾ ਨਹੀਂ ਆਇਆ। ... (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ: ਮੇਰੇ ਕੋਲੋਂ ਕੁਝ ਹੋਰ ਸੁਣ ਲਵੋਗੇ, ਚੁਪ ਕਰ ਜਾਓ .....

ਵੇਦ ਕਰਤਾਰ ਸਿੰਘ: ਤੂੰ ਇਹ ਕਿਹਾ ਹੈ ਕਿ ਇਕ ਵੀ ਸਕੂਲ ਦੀ ਬਿਲਡਿੰਗ ਨਹੀਂ ਹੈ, ਇਰਾਦਾ ਕਰਦਾ ਹੈ ਤਾਂ ਇਸ ਵਾਸਤੇ ਵੀ ਚੈਲੰਜਬਾਜ਼ੀ ਕਰ ਲੈ।

ਸ਼੍ਰੀ ਡਿਪਟੀ ਸਪੀਕਰ: ਵੈਦ ਸਾਹਿਬ, ਚੇਅਰ ਨੂੰ ਅੰਡਰੈਸ ਕਰੋ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਕੋਈ 2500 ਸਕੂਲ ਐਸੇ ਹਨ ਜਿਨ੍ਹਾਂ ਵਾਸਤੇ ਬਿਲਡਿੰਗ ਕੋਈ ਨਹੀਂ ਹੈ .....

ਵੇਦ ਕਰਤਾਰ ਸਿੰਘ: ਜਿਹੜੇ ਤੁਸੀਂ ਕਿੱਕਰਾਂ ਥੱਲੇ ਖੋਲ੍ਹੇ ਹਨ, ਉਨ੍ਹਾਂ ਦੀ ਬਿਲਡਿੰਗ ਨਹੀਂ ਹੈ, ਬਾਕੀ ਦਿਆਂ ਦੀ ਤਾਂ ਹੈ। (ਹਾਸਾ)

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ: ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਇਕ ਕਰੋੜ ਦਸ ਲੱਖ ਰੁਪਿਆ ਇਸ ਕੰਮ ਵਾਸਤੇ ਰੱਖਿਆ ਹੈ। ਪਰ ਇਸ ਦੇ ਨਾਲ ਹੀ ਮੈਂ ਇਹ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕਿਤਨਾਂ ਚੰਗਾ ਹੋਵੇ ਜੇਕਰ ਇਹ ਰੁਪਿਆ ਮੈਚਿੰਗ ਗਰਾਂਟ ਦੇ ਤੌਰ ਤੇ ਵਰਤਿਆ ਜਾਵੇ। ਇਕ ਪਲਾਨ ਬਣਾਈ ਜਾਵੇ। ਪਿੰਡ ਵਾਲੇ ਇਕ ਨਕਸ਼ਾ ਬਣਾ ਲੈਣ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਲਈ ਕਿ ਕਿਤਨੇ ਕਮਰੇ ਬਣਾਉਣੇ ਹਨ, ਇਸ ਤਰ੍ਹਾਂ ਦੀਆਂ ਕਈ ਪਿਡਾਂ ਦੀਆਂ ਪੰਚਾਇਤਾਂ ਹੋਣਗੀਆਂ ਜਿਹੜੀਆਂ ਕਿ ਆਫਰ ਕਰਨਗੀਆਂ ਕਿ ਅਸੀਂ ਵੀ ਪੈਸਾ ਖਰਚਦੇ ਹਾਂ, ਸਾਡੇ ਸਕੂਲ ਦੀ ਬਿਲਡਿੰਗ ਵਾਸਤੇ ਵੀ ਪੈਸੇ ਦਿਓ। ਇਸ ਤੋਂ ਇਲਾਵਾ ਇਕ ਬਿਲਡਿੰਗ ਫੰਡ ਵੀ ਹੁੰਦਾ ਹੈ। ਹਰ ਸਾਲ ਹਰ ਵਿਦਿਆਰਥੀ ਪਾਸੋਂ, ਇਕ ਇਕ ਰੁਪਿਆ, ਦੋ-ਦੋ ਰੁਪਏ ਜਾਂ ਪੰਜ ਪਜ ਰੁਪਏ ਲਏ ਜਾਂਦੇ ਹਨ। ਪ੍ਰਾਇਮਰੀ ਸਕੂਲ ਵਾਲਿਆਂ ਕੋਲੋਂ ਇਕ ਰੁਪਿਆ ਲਿਆ ਜਾਂਦਾ ਹੈ। ਇਹ ਪੈਸਾ ਵੀ ਹੁੰਦਾ ਹੈ। ਇਸ ਵਾਸਤੇ ਮੇਰੀ ਬੇਨਤੀ ਹੈ ਕਿ ਇਸ ਢੰਗ ਨਾਲ ਪਲਾਨ ਬਣਾਉਣੀ ਚਾਹੀਦੀ ਹੈ! ਇਸ ਤਰ੍ਹਾਂ ਦੀ ਸਕੀਮ ਬਣਾਉਣੀ ਚਾਹੀਦੀ ਹੈ ਕਿ ਆਉਣ ਵਾਲੇ ਪੰਜਾਂ ਸਾਲਾਂ ਦੇ ਦੌਰਾਨ ਸਕੂਲਾਂ ਦੀਆਂ ਬਿਲਡਿੰਗਜ਼ ਬਣਾਉਣੀਆਂ ਹਨ। ਅਜ ਕੀ ਹੁੰਦਾ ਹੈ ਕਿ ਜੇਕਰ ਬਾਰਸ਼ ਆਏ ਤਾਂ ਸਕੂਲ ਬੰਦ, ਜੇਕਰ ਹੜ੍ਹ ਆਏ ਤਾਂ ਸਕੂਲ ਬੰਦ, ਜੇਕਰ ਹਨੇਰੀ ਆਏ ਤਾਂ ਸਕੂਲ ਬੰਦ। ਇਸ ਲਈ ਇਨ੍ਹਾਂ ਆਫਤਾਂ ਤੋਂ ਬੱਚਿਆਂ ਨੂੰ ਬਚਾਉਣ ਲਈ ਸਕੂਲਾਂ ਦੀਆਂ ਬਿਲਡਿੰਗਾਂ ਹੋਣੀਆਂ ਬਹੁਤ ਹੀ ਜ਼ਰੂਰੀ ਹਨ। ਡਿਪਟੀ ਸਪੀਕਰ ਸਾਹਿਬ, ਇਹ ਕੋਈ ਕਿਸੇ ਤੇ ਕਟਾਖਸ਼ ਨਹੀਂ ਹੈ। ਪਰ ਇਹ ਮੈਂ ਕਹਿੰਦਾ ਹਾਂ ਕਿ ਇਸ ਪਾਸੇ ਪਹਿਲਾਂ ਪਲਾਨਿੰਗ ਨਹੀਂ ਹੋ ਸਕੀ। ਹੋਰ ਪਾਸੇ ਪੈਸਾ ਖਰਚ ਹੁੰਦਾ ਰਿਹਾ। ਮੈਂ ਇਨ੍ਹਾਂ ਵੀਰਾਂ ਨੂੰ ਕਹਾਂਗਾ ਕਿ ਅਗਰ ਸਰਕਾਰ ਹੁਣ ਇਹ ਕੰਮ ਕਰਨ ਲੱਗੀ ਹੈ ਤਾਂ ਤੁਸੀਂ ਇਨ੍ਹਾਂ ਨੂੰ ਵਧਾਈ ਦਿਓ।

ਡਿਪਟੀ ਸਪੀਕਰ ਸਾਹਿਬ, ਇਕ ਹਾਈ ਸਕੂਲ ਅੌਰ 50 ਮਿਡਲ ਸਕੂਲ ਖੋਲ੍ਹਣ ਵਾਸਤੇ ਫੈਸਲਾ ਕੀਤਾ ਹੈ। ਪਿਛਲੀ ਸਰਕਾਰ ਵੇਲੇ ਕੀ ਹੁੰਦਾ ਰਿਹਾ ਹੈ? ਇਕ ਐਮ. ਐਲ. ਏ. ਆਇਆ; ਉਸ ਨੂੰ ਕਿਹਾ ਗਿਆ ਕਿ ਚਾਹੇ ਉਹ ਦੋ ਮਿਡਲ ਸਕੂਲ ਲੈ ਲਵੇ ਅਤੇ ਚਾਹੇ ਇਕ ਹਾਈ ਸਕੂਲ ਲੈ ਲਵੇ। ਪਰ ਜਿਹੜੇ ਤਗੜੇ ਐਮ. ਐਲ. ਏਜ਼ ਸਨ ਉਨ੍ਹਾਂ ਨੇ ਕਿਹਾ ਕਿ ਨਹੀਂ ਮੈਂ ਤਾਂ ਦੋ ਮਿਡਲ ਸਕੂਲ ਅੌਰ ਇਕ ਹਾਈ ਸਕੂਲ ਵੀ ਲੈਣਾ ਹੈ। ਇਸ ਤਰ੍ਹਾਂ ਨਾਲ ਸਕੂਲਾਂ ਦੀ ਐਲੋਕੇਸ਼ਨ ਹੁੰਦੀ ਰਹੀ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਕਈ ਥਾਈਂ ਤਾਂ ਡੇਢ-ਡੇਢ, ਦੋ-ਦੋ ਮੀਲ ਦੇ ਫਾਸਲੇ ਤੇ ਮਿਡਲ ਸਕੂਲ ਖੁਲ੍ਹ ਗਏ ਪਰ ਦੂਜੇ ਪਾਸੇ ਕਈ ਐਸੀਆਂ ਥਾਵਾਂ ਰਹਿ ਗਈਆਂ ਜਿੱਥੇ ਕਿ ਆਸ ਪਾਸ ਪੰਜ-ਪੰਜ ਮੀਲ ਤੇ ਕੋਈ ਸਕੂਲ ਹੀ ਨਹੀਂ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕੋਈ ਪਲਾਨਿੰਗ ਕਰੋ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਕਿ ਇਤਨੇ ਕਿਲੋਮੀਟਰਾਂ ਵਿਚ ਇਹ ਸਕੂਲ ਜ਼ਰੂਰ ਬਣਾਉਣਾ ਹੈ। ਇਹ ਕਰਾਈਟੇਰੀਆ ਹੋਵੇ ਕਿ ਕਿਤਨੀ ਪਾਪੂਲੇਸ਼ਨ ਲਈ ਇਕ ਹਾਈ ਸਕੂਲ ਹੋਵੇ, ਕਿਤਨੀਂ ਵਾਸਤੇ ਮਿਡਲ ਸਕੂਲ ਹੋਵੇ । ਇਸ ਤਰ੍ਹਾਂ ਦੀ ਪਲਾਨਿੰਗ ਕਰਨੀ ਚਾਹੀਦੀ ਹੈ। ਭਾਵੇਂ ਆਪੋਜ਼ੀਸ਼ਨ ਦੇ ਐਮ. ਐਲ.ਏ. ਦਾ ਹਲਕਾ ਹੋਵੇ, ਭਾਵੇਂ ਕਾਂਗਰਸੀ ਐਮ. ਐਲ. ਏ. ਦਾ ਹਲਕਾ ਹੋਵੇ, ਤੇ ਭਾਵੇਂ ਸੀ.ਪੀ.ਆਈ. ਦੇ ਦੋਸਤਾਂ ਦਾ ਹਲਕਾ ਹੋਵੇ, ਜੇਕਰ ਉਥੇ ਉਸ ਕਰਾਈਟੇਰੀਏ ਦੇ ਮੁਤਾਬਿਕ ਸਕੂਲ ਖੋਲ੍ਹਣਾ ਜ਼ਰੂਰੀ ਹੋਵੇ ਤਾਂ ਖੋਲ੍ਹਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਪਾਸ ਪ੍ਰਾਇਮਰੀ ਸਕੂਲ ਖੋਲ੍ਹਣ ਲਈ ਫੰਡ ਨਹੀਂ ਸੀ ਕਿਉਂਕਿ ਉਸ ਹਕੂਮਤ ਤੇ ਫਿਊਡਰਾਲਿਸਟਸ ਲੋਕਾਂ ਦੀ ਡਾਮੀਨੇਸ਼ਨ ਸੀ। ਅਕਾਲੀ ਦਲ ਤੇ ਬਹੁ-ਗਿਣਤੀ ਵਿਚ ਵੱਡੇ ਵੱਡੇ ਜ਼ਿਮੀਂਦਾਰਾਂ ਦਾ, ਵੱਡੇ ਵੱਡੇ ਸਰਮਾਏਦਾਰਾਂ ਦਾ ਕੰਟ੍ਰੋਲ ਸੀ ਜਿਹੜੇ ਕਿ ਇਹ ਚਾਹੁੰਦੇ ਸੀ ਕਿ ਜਿਸ ਤਰ੍ਹਾਂ ਪਬਲਿਕ ਸਕੂਲਾਂ ਵਿਚ ਸ਼ਹਿਰੀ ਲੋਕਾਂ ਦੇ ਬੱਚੇ ਪੜ੍ਹਦੇ ਹਨ ਉਸ ਤਰ੍ਹਾਂ ਹੀ ਉਨ੍ਹਾਂ ਦੇ ਬਚੇ ਕਿਉਂ ਨਾ ਪੜ੍ਹਨ। ਇਸ ਲਈ ਉਨ੍ਹਾਂ ਲੋਕਾਂ ਨੇ ਇਹ ਫੈਸਲਾ ਕੀਤਾ ਕਿ ਇਸ ਤਰ੍ਹਾਂ ਦੇ 15 ਸਕੂਲ ਖੋਲ੍ਹਣੇ ਹਨ ਅੱਜ ਛੇ ਉਨ੍ਹਾਂ ਵਿਚੋਂ ਖੋਲ੍ਹੇ ਵੀ ਗਏ। ਉਨ੍ਹਾਂ ਛੇਆਂ ਵਿਚੋਂ ਚਾਰ ਕੰਮ ਕਰ ਰਹੇ ਹਨ। ਦੋ ਸ਼ਾਇਦ ਇਸ ਸਾਲ ਕੰਮ ਕਰਨ ਲਗ ਜਾਣਗੇ। ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਉਨ੍ਹਾਂ ਸਕੂਲਾਂ ਤੇ ਕਿਤਨਾ ਖਰਚ ਹੋਇਆ। ਇਕ ਕਰੋੜ 25 ਲੱਖ ਤੇ 49 ਹਜ਼ਾਰ ਰੁਪਿਆ ਖਰਚ ਕੀਤਾ ਗਿਆ। ਇਹ ਚਾਰ ਸਕੂਲਾਂ ਤੇ ਖਰਚ ਹੋਇਆ ਅੱਜ ਉਨ੍ਹਾਂ ਵਿਚ ਬੱਚੇ ਕਿਤਨੇ ਪੜ੍ਹਨਗੇ । ਪੰਜ-ਪੰਜ ਸੌ ਬੱਚੇ ਹਰ ਸਕੂਲ ਵਿਚ ਪੜ੍ਹਨਗੇ। ਇਹ ਦੋ ਹਜ਼ਾਰ ਬੱਚਿਆਂ ਲਈ ਇਤਨਾਂ ਰੁਪਿਆ ਖਰਚ ਕੀਤਾ ਗਿਆ ਹੈ। ਹੁਣ ਸਵਾਲ ਹੈ ਕਿ ਇਹ ਪੈਸਾ ਕਿਥੋਂ ਆਇਆ ? ਸੰਨ 1978 ਵਿਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਬੱਚਿਆਂ ਦੇ ਦਾਖਲੇ ਵਿਚ ਵਾਧਾ ਕੀਤਾ ਪੰਜ ਰੁਪਏ ਜਾਂ 7 ਰੁਪਏ ਦੇ ਹਿਸਾਬ ਨਾਲ ਵਾਧਾ ਕੀਤਾ ਗਿਆ। ਇਸ ਤਰ੍ਹਾਂ ਨਾਲ ਦੋ ਕਰੋੜ ਰੁਪਿਆ ਉਨ੍ਹਾਂ ਕੋਲੋਂ ਇਕਠਾ ਕੀਤਾ ਗਿਆ ਅੱਜ ਉਹ ਦੋ ਕਰੋੜ ਰੁਪਿਆ ਇਨ੍ਹਾਂ ਨੂੰ ਇਸ ਤਰ੍ਹਾਂ ਦੇ ਸਕੂਲਾਂ ਤੇ ਖਰਚ ਕਰਨ ਲਈ ਦੇ ਦਿਤਾ। ਇਨ੍ਹਾਂ ਨੇ ਅੱਗੋਂ ਕਹਿ ਦਿੱਤਾ ਕਿ 25 ਲੱਖ ਰੁਪਿਆ ਸਾਲਾਨਾ ਦੇ ਹਿਸਾਬ ਨਾਲ ਖਰਚ ਹੋਵੇਗਾ। ਮੈਨੂੰ, ਡਿਪਟੀ ਸਪੀਕਰ ਸਾਹਿਬ, ਦੁੱਖ ਹੁੰਦਾ ਹੈ ਕਿ ਦੋ ਕਰੋੜ ਰੁਪਿਆ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਰਾਹੀਂ ਗਰੀਬ ਲੋਕਾਂ ਦੇ ਬੱਚਿਆਂ ਤੋਂ ਇਕੱਠਾ ਕਰਕੇ ਆਪਣੇ ਬੱਚਿਆਂ ਵਾਸਤੇ ਬਣਾਏ ਗਏ ਸਕੂਲਾਂ ਤੇ ਲਗਾਇਆ ਗਿਆ। ਅੱਜ ਉਹ ਸਕੂਲ ਖੋਲ੍ਹੇ ਕਿੱਥੇ ਗਏ ? ਇਹ ਵੀ, ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ। ਇਕ ਤਾਂ ਫਰੀਦਕੋਟ ਖੋਲ੍ਹਿਆ ਗਿਆ ਜਿਹੜਾ ਕਿ ਬਾਦਲ ਸਾਹਿਬ ਦਾ ਹਲਕਾ ਹੈ ਅੱਜ ਦੂਸਰਾ ਖੋਲ੍ਹਿਆ ਗਿਆ ਸਰਦਾਰ ਉਮਰਾਨੰਗਲ ਜੀ ਦੇ ਹਲਕੇ ਵਿਚ । (ਵਿਘਨ) ਮੈਂ ਨਾਮ ਵੀ ਕਹੋ ਤਾਂ ਦੱਸ ਦਿੰਦਾ ਹਾਂ ਤਾਂਕਿ ਅਕਾਲੀ ਵੀਰਾਂ ਨੂੰ ਵੀ ਪਤਾ ਲਗ ਜਾਵੇ ਕਿ ਇਸ ਤਰ੍ਹਾਂ ਦੋ ਕਰੋੜ ਰੁਪਿਆ ਕਿਥੇ ਖਰਚ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਪਹਿਲੇ ਨੰਬਰ ਤੇ ਸਕੂਲ ਹੈ ਆਸਾ ਬੁੱਟਰ ਵਿਚ, ਇਹ ਫਰੀਦਕੋਟ ਜ਼ਿਲ੍ਹੇ ਵਿਚ ਹੈ, ਦੂਸਰਾ ਹੈ ਬੱਗੂ ਵਿਚ, ਇਹ ਵੀ ਫਰੀਦਕੋਟ ਜ਼ਿਲ੍ਹੇ ਵਿਚ ਹੈ। ਫਿਰ ਨੰਨਗੜ੍ਹ ਹੈ, ਇਹ ਬਠਿੰਡੇ ਵਿਚ ਹੈ। ਇਕ ਹੈ ਖਟਕੜ ਕਲਾਂ, ਇਹ ਜਲੰਧਰ ਵਿਚ ਹੈ ਤੇ ਇਕ ਹੈ ਸ਼ਹੀਦਾਂ, ਇਕ ਹੈ ਸੀੜਵਾਲ, ਭਾਗੋਵਾਲ, ਇਹ ਵੀ ਫਰੀਦਕੋਟ ਵਿਚ ਹੈ। ਮੈਂ, ਤਾਂ ਹੁਣ ਏਨੀ ਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਖਰਚ ਠੀਕ ਨਹੀਂ ਕੀਤਾ ਗਿਆ । ਉਹ ਸਕੂਲ ਠੀਕ ਥਾਂ ਤੇ ਨਹੀਂ ਖੋਲ੍ਹੇ ਗਏ .....

ਸਰਦਾਰ ਗੁਰਦੇਵ ਸਿੰਘ ਬਾਦਲ (ਬੈਠੇ ਬੈਠੇ) : ਜਿੱਥੇ ਇਹ ਸਕੂਲ ਖੋਲ੍ਹੇ ਗਏ ਹਨ ਉਥੇ ਪੰਦਰਾਂ ਪੰਦਰਾਂ ਮੀਲ ਤੇ ਸ਼ਹਿਰ ਕੋਈ ਨਹੀਂ ਹੈ। ਗੱਲਾਂ ਮਾਰਨ ਲੱਗਾ ਹੋਇਆ ਹੈਂ, ਜਾ ਕੇ ਵੇਖ ਲੈ। (ਹਾਸਾ) (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਬੈਠੇ ਬੈਠੇ ਗਲਾਂ ਕਰਨ ਦੀ ਆਦਤ ਛੱਡਣ ਦੀ ਕੋਸ਼ਿਸ਼ ਕਰਨ ਤੇ ਜਿਹੜੇ ਮੈਂਬਰ ਸਾਹਿਬ ਬੋਲ ਰਹੇ ਹਨ ਉਨ੍ਹਾਂ ਨੂੰ ਇੰਟਰਪੱਟ ਨਾ ਕਰਨ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਠੀਕ ਹੈ ਕਿ ਮੁਤਬੱਰਕ ਥਾਂ ਦੀ ਇਜ਼ਤ ਕਰਨੀ ਚਾਹੀਦੀ ਹੈ। ਪਰ ਇਹ ਨਹੀਂ ਹੋਣਾ ਚਾਹੀਦਾ ਕਿ 8 ਕਰੋੜ ਰੁਪਿਆ ਆਨੰਦਪੁਰ ਸਾਹਿਬ ਦੀ ਅਕਾਡਮੀ ਤੇ ਹੀ ਲਗਾ ਦਿੱਤਾ ਜਾਵੇ। ਇਹ ਵੀ ਕੋਈ ਬਾਤ ਹੈ ਕਿ ਜਿਤਨਾ ਮਰਜ਼ੀ ਜਿੱਥੇ ਮਰਜ਼ੀ ਪੈਸਾ ਲਾ ਦਿਓ। ਇਸ ਗੱਲ੍ਹ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਗਰੀਬ ਆਦਮੀਆਂ ਨਾਲ ਕਿਤਨਾਂ ਧੋਖਾ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੇ ਬੰਦਿਆਂ ਨੇ ਸੇਲਜ਼ ਟੈਕਸ ਤੇ ਇਤਰਾਜ਼ ਕੀਤਾ ਹੈ ਕਿ ਸੇਲਜ਼ ਟੈਕਸ 6% ਤੋਂ 7% ਹੋ ਗਿਆ ਹੈ, ਮੈਂ ਦੱਸਦਾ ਹਾਂ ਕਿ ਇਸ ਨਾਲ ਸਿਰਫ਼ 4 ਕਰੋੜ ਰੁਪਿਆ ਆਉਣਾ ਹੈ ਜਿਸ ਨਾਲ ਕਿ ਸਰਕਾਰ ਨੇ ਪ੍ਰਾਇਮਰੀ ਸਕੂਲ ਖੋਲ੍ਹਣੇ ਹਨ। ਪਰ ਇਨ੍ਹਾਂ ਨੇ ਤਾਂ 8 ਕਰੋੜ ਰੁਪਿਆ ਸਿਰਫ ਆਨੰਦਪੁਰ ਦੀ ਅਕੈਡਮੀ ਤੇ ਲਾ ਦਿੱਤਾ ਸੀ। ਅਸੀਂ ਕੋਈ ਅਕੈਡਮੀ ਨਹੀਂ ਖੋਲ੍ਹਣੀ। ਇਸ ਪੈਸੇ ਨਾਲ ਪ੍ਰਾਇਮਰੀ ਸਕੂਲ ਖੋਲ੍ਹੇ ਜਾਣਗੇ ਜਿਸ ਨੂੰ ਪੰਜਾਬ ਦੇ ਲੋਕ ਵੈਲਕਮ ਕਰਨਗੇ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਪੇ ਕਮਿਸ਼ਨ ਦੀ ਰਿਪੋਰਟ ਨੂੰ ਮੰਨ ਕੇ ਪੈਨਸ਼ਨਰਾਂ ਨੂੰ ਵੀ ਹੋਰ ਰਿਆਇਤ ਦੇਣ ਦਾ ਫੈਸਲਾ ਕੀਤਾ ਹੈ। ਡੀ.ਏ. ਦੀ ਇਨਸਟਾਲਮੈਂਟ ਵੀ ਦਿਤੀ ਹੈ। ਪਰ ਇਕ ਮਸਲਾ ਕੱਲ ਇਨ੍ਹਾਂ ਨੇ ਇਥੇ ਰੇਜ਼ ਕੀਤਾ ਸੀ ਅੱਰ ਸਰਕਾਰ ਤੋਂ ਪੁੱਛਣ ਦਾ ਯਤਨ ਕੀਤਾ ਸੀ। ਉਸ ਬਾਰੇ ਮੈਂ ਇਤਨਾ ਗਿਆਤ ਕਰਾ ਦੇਣਾ ਚਾਹੁੰਦਾ ਹਾਂ ਕਿ 23 ਜੁਲਾਈ, 1957 ਨੂੰ ਪੰਜਾਬ ਗੌਰਮਿੰਟ ਦੀ ਇਕ ਚਿੱਠੀ ਜਾਰੀ ਹੋਈ ਸੀ ਜਿਸ ਅਨੁਸਾਰ ਇਹ ਫੈਸਲਾ ਕੀਤਾ ਗਿਆ ਸੀ ਕਿ ਟੀਚਰਾਂ ਨੂੰ ਉਨ੍ਹਾਂ ਦੀ ਕੁਆਲੀਫਿਕੇਸ਼ਨ ਦੇ ਮੁਤਾਬਿਕ ਤਨਖਾਹ ਦਿੱਤੀ ਜਾਵੇਗੀ। ਪਰ ਉਸ ਵੇਲੇ ਦੀ ਸਰਕਾਰ ਨੇ ਇਹ ਨਾ ਦਿੱਤੀ। ਉਹ ਟੀਚਰਜ਼ ਹਾਈ ਕੋਰਟ ਵਿਚ ਚਲੇ ਗਏ। ਫਿਰ ਸੁਪਰੀਮ ਕੋਰਟ ਵਿਚ ਚਲੇ ਗਏ। ਫੈਸਲਾ ਹੋ ਗਿਆ ਕਿ ਉਨ੍ਹਾਂ ਟੀਚਰਾਂ ਨੂੰ ਸੈਂਟ ਪਰਸੈਂਟ ਬੀ.ਏ.ਬੀ.ਟੀ. ਦਾ ਗਰੇਡ ਦੇ ਦਿੱਤਾ ਜਾਵੇਗਾ। ਉਸ ਤੋਂ ਬਅਦ ਇਕ ਹੋਰ 'ਬੀ' ਕੈਟੇਗਰੀ ਟੀਚਰਜ਼ ਸੁਪਰੀਮ ਕੋਰਟ ਵਿਚ ਚਲੇ ਗਏ। ਉਨ੍ਹਾਂ ਦੇ ਵੀ ਹੱਕ ਵਿਚ ਫੈਸਲਾ ਹੋ ਗਿਆ ਕਿ ਉਨ੍ਹਾਂ ਨੂੰ ਵੀ ਕੁਆਲੀਫਿਕੇਸ਼ਨ ਦੇ ਮੁਤਾਬਿਕ ਤਨਖਾਹ ਦਿੱਤੀ ਜਾਵੇਗੀ। ਪਰ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਵਿਚ ਇਕ ਕੈਟੇਗਰੀ ਜਿਹੜੀ ਐਫ.ਏ.ਜੇ.ਬੀ.ਟੀ. ਅੱਰ ਬੀ.ਏ. ਜੇ.ਬੀ.ਟੀ. ਹਨ ਉਸ ਨੂੰ ਇਹ ਗਰੇਡ ਦੇਣ ਤੋਂ ਇਨਕਾਰ ਕੀਤਾ ਗਿਆ। ਉਹ ਇਨਕਾਰ ਕਿਸ ਨੇ ਕੀਤਾ ? ਉਹ ਇਨ੍ਹਾਂ ਦੀ ਸਰਕਾਰ ਨੇ ਹੀ ਕੀਤਾ ਸੀ ਜਿਹੜੇ ਕੱਲ ਇਥੋਂ ਵਾਕ ਆਉਟ ਕਰਕੇ ਉਨ੍ਹਾਂ ਦੇ ਨਾਲ ਅਥਰੂ ਵਹਾਣ ਗਏ ਸਨ। ਫਿਰ ਜਦੋਂ ਹਾਈਕੋਰਟ ਵਿਚ ਇਹ ਮੁਕੱਦਮਾ ਗਿਆ ਤਾਂ ਇਨ੍ਹਾਂ ਦੀ ਸਰਕਾਰ ਵਲੋਂ ਜਿਹੜੇ ਬੰਦੇ ਉਥੇ ਗਏ ਸਨ ਉਨ੍ਹਾਂ ਨੇ ਉਥੇ ਕਿਹਾ ਕਿ ਸਾਨੂੰ 3-4 ਦਿਨ ਦੇ ਦਿਓ ਅਸੀਂ ਟੀਚਰਜ਼ ਨੂੰ ਗਰੇਡ ਦੇ ਦਿਆਂਗੇ।

Mr. Deputy Speaker : Please wind up.

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਸਾਡੀ ਪਾਰਟੀ ਦਾ 2 ਘੰਟੇ ਟਾਈਮ ਰਹਿੰਦਾ ਹੈ। ਮੈਂ ਹਾਲੇ 15 ਮਿੰਟ ਹੋਰ ਬੋਲਾਂਗਾ। (ਵਿਘਨ)

Original with;
Punjab Vidhan Sabha
Digitized by
Panjab Digital Library

ਸਰਦਾਰ ਹਰਚੰਦ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਤੁਹਾਨੂੰ ਬੈਠੇ ਬੈਠੇ ਨਹੀਂ ਬੋਲਣਾ ਚਾਹੀਦਾ।

ਸਰਦਾਰ ਹਰਚੰਦ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਪੁਆਇੰਟ ਆਫ਼ ਆਰਡਰ ਪਰਮਿਸ਼ਨ ਤੋਂ ਬਿਨਾਂ ਨਹੀਂ ਹੋ ਸਕਦਾ। ਇਹ ਵਰਡ ਜੋ ਬੈਠੇ ਬੈਠੇ ਕਹੇ ਹਨ ਐਕਸਪੰਜ ਕਰ ਦਿੱਤੇ ਜਾਣ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਇਨ੍ਹਾਂ ਨੂੰ ਸਭ ਮਾਫ ਹੈ। ਇਹ ਜੋ ਮਰਜ਼ੀ ਆਏ ਕਹਿ ਲੈਣ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਉਹ ਸੁਪਰੀਮ ਕੋਰਟ ਵਿਚ ਜਿੱਤ ਗਏ ਪਰ ਇਨ੍ਹਾਂ ਦੀ ਸਰਕਾਰ ਨੇ 19 ਫਰਵਰੀ, 1979 ਨੂੰ ਇਕ ਚਿੱਠੀ ਕੱਢੀ ਅੱਜ ਤੋਂ ਬਾਅਦ ਕੋਈ ਵੀ ਅਧਿਆਪਕ ਅਗਰੇ ਕੁਆਲੀਫਿਕੇਸ਼ਨ ਵਧਾਏਗਾ ਤਾਂ ਸੰਨ 1957 ਦੀ ਚਿੱਠੀ ਦੇ ਮੁਤਾਬਿਕ ਉਸ ਨੂੰ ਗਰੇਡ ਨਹੀਂ ਮਿਲੇਗਾ। ਹੁਣ ਮੈਂ ਪੁੱਛਦਾ ਹਾਂ ਕਿ ਕੱਲ ਇਹ ਕਿਹੜੇ ਮੂੰਹ ਨਾਲ ਉਨ੍ਹਾਂ ਕੋਲ ਗਏ ਸਨ। ਜਿਨ੍ਹਾਂ ਨੂੰ ਇਹ ਕਹਿੰਦੇ ਸਨ ਕਿ ਤੁਹਾਨੂੰ ਗਰੇਡ ਨਹੀਂ ਮਿਲ ਸਕਦਾ। ਇਹ ਚਿੱਠੀ ਤੁਹਾਡੀ ਹੀ ਇਸ਼ੂ ਹੋਈ ਹੈ। ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਗਵਰਨਰੀ ਰਾਜ ਆ ਗਿਆ। ਮੁਕੱਦਮਾ ਚਲਦਾ ਰਿਹਾ। ਗਵਰਨਰੀ ਰਾਜ ਵਿਚ ਇਕ ਸੱਧ ਹੋਈ। ਉਸ ਅਨੁਸਾਰ ਜਿਹੜੇ ਐਫ.ਏ. ਜੇ.ਬੀ.ਟੀ ਅਤੇ ਬੀ.ਏ.ਜੇ.ਬੀ.ਟੀ. ਸਨ ਉਨ੍ਹਾਂ ਨੂੰ ਇਹ ਗਰੇਡ ਨਾ ਦੇਣ ਦਾ ਯਤਨ ਕੀਤਾ। ਇਹ ਜਦੋਂ ਸਾਡੀ ਸਰਕਾਰ ਆਈ ਤਾਂ ਅਸੀਂ ਟੀਚਰਜ਼ ਦਾ ਇਕ ਡੈਪੂਟੇਸ਼ਨ ਲੈ ਕੇ ਦੀਛ ਮਨਿਸਟਰ, ਐਜੂਕੇਸ਼ਨ ਮਨਿਸਟਰ, ਸੈਕਟਰੀ ਐਜੂਕੇਸ਼ਨ ਅਤੇ ਡੀ.ਪੀ. ਆਈ., ਨੂੰ ਮਿਲੇ। ਇਨ੍ਹਾਂ ਦੀ ਉਹ ਚਿਠੀ ਵਿਖਾਈ ਗਈ ਅੱਰ ਸਾਰੀ ਗਲ ਦਸੀ ਗਈ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਜਿਸ ਵਕਤ ਅਸੀਂ ਚੀਫ ਮਨਿਸਟਰ ਸਾਹਿਬ ਨੂੰ ਅਤੇ ਅਜਨਾਲਾ ਸਾਹਿਬ ਨੂੰ ਮਿਲੇ ਸੀ ਤਾਂ ਇਨ੍ਹਾਂ ਨੇ ਉਸ ਵੇਲੇ ਕਲੀਅਰ ਤੌਰ ਤੇ ਇਸ ਗਲ ਦੀ ਅਸ਼ਿਓਰੈਂਸ ਦਿੱਤੀ ਕਿ ਉਸ ਨਵੀਂ ਚਿੱਠੀ ਦੀ ਇੰਟਰਪਰੇਟੇਸ਼ਨ ਮੁਤਾਬਿਕ ਜੇ ਕਿਸੇ ਟੀਚਰ ਦੇ ਗਲਤ ਆਰਡਰ ਹੋਏ ਹਨ ਤਾਂ ਸਾਨੂੰ ਦਸੋ ਉਸ ਅਫਸਰ ਦੇ ਖਿਲਾਫ, ਜਿਸ ਨੇ ਇਹ ਐਕਸ਼ਨ ਲਿਆ ਹੋਵੇਗਾ, ਸਖਤ ਕਾਰਵਾਈ ਕੀਤੀ ਜਾਵੇਗੀ। ਮੈਂ ਸਮਝਦਾ ਹਾਂ ਕਿ ਇਹ ਸਾਡੀ ਸਰਕਾਰ ਨੇ ਬੜਾ ਚੰਗਾ ਕੰਮ ਕੀਤਾ। ਪਰ ਮੈਂ ਇਸ ਗਲ ਦਾ ਹਾਮੀ ਹਾਂ ਕਿ ਇਹ ਲੋਕਾਂ ਦੇ ਹੱਥ ਵਿਚ ਹਥਿਆਰ ਨਹੀਂ ਦੇਣਾ ਚਾਹੀਦਾ ਬਲਕਿ ਇਸ ਦੇ ਬਜਾਏ ਚੰਗੀ ਗਲ ਇਹ ਹੈ ਕਿ ਉਸ ਚਿੱਠੀ ਨੂੰ ਵਾਪਸ ਲੈ ਲਿਆ ਜਾਵੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਅਕਾਲੀ ਸਰਕਾਰ ਸੀ ਤਾਂ ਉਸ ਵੇਲੇ ਵਿਦਿਆਰਥੀਆਂ ਨੇ ਵੀ ਟੀਚਰਜ਼ ਦੇ ਹੱਕਾਂ ਦੀ ਵਿਰੋਧਤਾ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ 1957 ਦੀ ਚਿੱਠੀ ਦੇ ਮੁਤਾਬਿਕ ਤਨਖਾਹ ਨਹੀਂ ਮਿਲਣੀ ਚਾਹੀਦੀ।

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜਾ ਬੰਦਾ ਇਥੇ ਹਾਜ਼ਰ ਨਹੀਂ ਹੈ ਉਸ ਦਾ ਨਾਂ ਇਥੇ ਨਹੀਂ ਲਿਆ ਜਾਣਾ ਚਾਹੀਦਾ। ਤੁਸੀਂ ਤਾਂ ਇਸ ਬਾਰੇ ਬਿਲਕੁਲ ਚੁੱਪ ਹੋ। ਮੁਲਾਜ਼ਮ ਕੱਲ ਦਾ ਰੌਲਾ ਪਾ ਰਹੇ ਹਨ। ਇਹ ਬਿਲਕੁਲ ਗਲਤ ਕਹਿ ਰਹੇ ਹਨ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਾਡੀ ਸਰਕਾਰ ਨੇ ਟੀਚਰਜ਼ ਨੂੰ ਸਿਕਿਉਰਿਟੀ ਆਫ ਸਰਵਿਸ ਦੇਣ ਦਾ ਫੈਸਲਾ ਕੀਤਾ। ਅਸੀਂ ਇਸ ਦੇ ਮੁਤਲਕ ਜਦੋਂ ਅਜਨਾਲਾ ਸਾਹਿਬ ਨੂੰ ਮਿਲੇ ਤਾਂ ਜਿਹੜੇ ਕੰਮ ਅਕਾਲੀ ਸਰਕਾਰ ਨਹੀਂ ਕਰ ਸਕੀ ਉਹ ਕੰਮ ਅਜਨਾਲਾ ਸਾਹਿਬ ਨੇ ਕਰਨੇ ਮੰਨ ਲਏ। ਉਨ੍ਹਾਂ ਨੇ ਕਿਹਾ ਕਿ ਇਹ ਜਿਹੜੀ ਨੋਟੀਫਿਕੇਸ਼ਨ ਹੈ ਇਸ ਨਾਲ ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਨੂੰ ਸਿਕਿਉਰਿਟੀ

****Expunged as ordered by the Chair.**

Original with;
Punjab Vidhan Sabha
Digitized by;
Panjab Digital Library

ਆਫ ਸਰਵਿਸ ਦਾ ਹੱਕ ਮਿਲੇਗਾ ਅੌਰ ਇਸ ਦੇ ਨਾਲ ਜਿਹੜੀ ਕਾਲਜ ਟੀਚਰਜ਼ ਦੀ ਡੀਮਾਂਡ ਹੈ ਉਸ ਤੇ ਗੌਰ ਕਰਾਂਗੇ। ਆਖਿਰ ਵਿਚ ਮੈਂ ਇਕ ਗਲ ਕਹਾਂਗਾ ਕਿ 8 ਫਰਵਰੀ, 1978 ਨੂੰ ਪੰਜਾਬ ਦੇ ਸਮੂਹ ਮੁਲਾਜ਼ਮਾਂ ਨੇ ਆਪਣੀ ਜਦੋ ਜਹਿਦ ਵਿਚ ਆਪਣੇ ਗਰੇਡ ਸੋਧਣ ਦੀ ਮੰਗ ਕੀਤੀ ਅਤੇ ਇਸ ਦਾ ਨੋਟਿਸ ਦਿੱਤਾ। ਮੁਲਾਜ਼ਮਾਂ ਨੇ ਹੜਤਾਲ ਕੀਤੀ ਪਰ ਅਕਾਲੀ ਗੌਰਮਿੰਟ ਨੇ ਇਕ ਅਨਫੇਅਰ ਪਰੈਕਟਿਸ ਸ਼ੁਰੂ ਕਰ ਦਿੱਤੀ। ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਬੰਦਿਆਂ ਨੇ ਹੜਤਾਲ ਕੀਤੀ, ਉਨ੍ਹਾਂ ਨੂੰ ਕੋਈ ਇਨਕਰੀਮੈਂਟ ਨਹੀਂ ਦਿੱਤੀ ਗਈ ਪਰ ਜਿਹੜੇ ਬੰਦੇ ਹੜਤਾਲ ਤੇ ਨਹੀਂ ਗਏ, ਉਨ੍ਹਾਂ ਨੂੰ ਇਕ ਇਕ ਇਨਕਰੀਮੈਂਟ ਦੇ ਦਿਤੀ ਗਈ ਜਿਸ ਨੂੰ ਕਿ ਮੁਲਾਜ਼ਮ ਗਦਾਰੀ ਅਲਾਊਂਸ ਕਹਿੰਦੇ ਹਨ। (ਵਿਘਨ) ਜਿਨ੍ਹਾਂ ਬੰਦਿਆਂ ਨੇ ਹੜਤਾਲ ਕੀਤੀ ਸੀ ਉਨ੍ਹਾਂ ਨੂੰ ਇਹ ਤਰੱਕੀ ਨਹੀਂ ਦਿੱਤੀ ਗਈ। ਡਿਪਟੀ ਸਪੀਕਰ ਸਾਹਿਬ, ਸਾਡੇ ਵਿਧਾਨ ਵਿਚ ਇਹ ਪਰੋਵੀਜ਼ਨ ਹੈ। ਇਸ ਲਈ ਮੈਂ ਪੰਜਾਬ ਸਰਕਾਰ ਕੋਲੋਂ ਮੰਗ ਕਰਾਂਗਾ ਕਿ 8 ਫਰਵਰੀ, 1978 ਵਾਲੀ ਇਨਕਰੀਮੈਂਟ ਜਿਨ੍ਹਾਂ ਕਰਮਚਾਰੀਆਂ ਨੂੰ ਨਹੀਂ ਮਿਲੀ, ਉਹ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ। ਜਿਨ੍ਹਾਂ ਕਰਮਚਾਰੀਆਂ ਨੇ ਹੜਤਾਲ ਕੀਤੀ ਸੀ , ਉਨ੍ਹਾਂ ਨੂੰ ਵੀ ਇਹ ਇਨਕਰੀਮੈਂਟ ਮਿਲਣੀ ਚਾਹੀਦੀ ਹੈ। (ਥੰਪਿੰਗ) ਮੈਂ ਸੀ.ਪੀ. ਐਮ. ਵਾਲਿਆਂ ਨੂੰ ਵੀ ਕਹਿਣਾ ਚਾਹੁੰਦਾ ਹਾਂ। (ਵਿਘਨ) (ਸ਼ੋਰ) ਤੁਸੀਂ ਟਰੇਡ ਯੂਨੀਅਨ ਨੂੰ ਖਤਮ ਕਰਾਉਣ ਵਿਚ ਹਿਸਾ ਪਾਇਆ। (ਵਿਘਨ) (ਸ਼ੋਰ) ।

ਸ਼੍ਰੀ ਡਿਪਟੀ ਸਪੀਕਰ : ਚਤਰਥ ਜੀ, ਤੁਸੀਂ ਵਾਈਂਡ ਅੱਪ ਕਰੋ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਇਕ ਗਲ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੇਰਾ ਹਲਕਾ ਬਟਾਲਾ ਇਕ ਇੰਡਸਟਰੀਅਲ ਟਾਊਨ ਹੈ। ਇਥੇ 1,000 ਦੇ ਕਰੀਬ ਛੋਟੀਆਂ ਇੰਡਸਟਰੀਜ਼ ਹਨ। ਪਰ ਇਨ੍ਹਾਂ ਛੋਟੀਆਂ ਇੰਡਸਟਰੀਜ਼ ਨੂੰ ਰਅ ਮੈਟੀਰੀਅਲ ਨਹੀਂ ਮਿਲਦਾ। ਰਅ-ਮੈਟੀਰੀਅਲ ਦੇ ਰੇਟ ਅਸਮਾਨ ਨੂੰ ਛੂਹ ਰਹੇ ਹਨ। ਬਟਾਲੇ ਵਿਚ 20,000 ਮਜ਼ਦੂਰ ਕੰਮ ਕਰਦੇ ਹਨ। ਇਹ ਪੰਜਾਬ ਦੀ ਇੰਡਸਟਰੀ ਦਾ ਬਹੁਤ ਵੱਡਾ ਹਿਸਾ ਹੈ। ਇਸ ਲਈ ਪੰਜਾਬ ਦੀ ਇੰਡਸਟਰੀ ਤੇ ਹਿੰਦੁਸਤਾਨ ਨੂੰ ਮਾਣ ਹੈ। ਬਟਾਲੇ ਵਿਚ 1976-77 ਵਿਚ ਪੰਜ ਲੱਖ ਰੁਪਏ ਦੀ ਜ਼ਮੀਨ ਲਿਤੀ ਗਈ ਸੀ। ਡਿਪਟੀ ਸਪੀਕਰ ਸਾਹਿਬ, ਉਥੇ ਬਿਲਡਿੰਗ ਬਣ ਗਈ ਹੈ ਪਰ ਉਥੇ ਮਸ਼ੀਨ ਨਹੀਂ ਲਾਈ ਗਈ। ਇਹ ਮਸ਼ੀਨ ਉਥੇ ਕਦੋਂ ਆਵੇਗੀ । ਜੇਕਰ ਉਥੇ ਮਸ਼ੀਨ ਨਹੀਂ ਦੇਣੀ ਤਾਂ ਫਿਰ ਲੋਕਾਂ ਦਾ 10 ਲੱਖ ਰੁਪਿਆ ਕਿਉਂ ਖਰਚ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, 1977-78, 1978-79 ਅਤੇ 1979-80 ਵਿਚ ਅਕਾਲੀ-ਜਨਤਾ ਸਰਕਾਰ ਨੇ ਉਥੇ ਇਕ ਪਲਾਟ ਤਕ ਵੀ ਅਲਾਟ ਨਹੀਂ ਕੀਤਾ । ਇਸ ਲਈ ਪੰਜਾਬ ਸਰਕਾਰ ਨੂੰ ਮੈਂ ਕਹਾਂਗਾ ਕਿ ਹੁਣ ਤੁਸੀਂ ਇਸ ਪਾਸੇ ਵੱਲ ਕਦਮ ਚੁਕੋ। ਮੈਂ ਆਪਣੇ ਐਜਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਤਗੜੇ ਹੋ ਕੇ ਕਦਮ ਚੁਕਣ । ਮਿਤੀ 22 ਮਈ, 1980 ਅਤੇ 2 ਜੂਨ, 1980 ਦੀਆਂ ਨੋਟੀਫਿਕੇਸ਼ਨਾਂ ਵਾਪਸ ਕਰਾਉਣ। (ਥੰਪਿੰਗ) ਮੈਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਬਜਟ ਪੇਸ਼ ਕਰਨ ਦੀ ਵਧਾਈ ਦਿੰਦਾ ਹਾਂ ਅਤੇ ਮੁਬਾਰਕਬਾਦ ਦਿੰਦਾ ਹਾਂ।

ਸਰਦਾਰ ਜਗਦੇਵ ਸਿੰਘ ਜੱਸੋਵਾਲ (ਰਾਏਕੋਟ) : ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਮਾਨਯੋਗ ਮੈਂਬਰ ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਅਨੰਦਪੁਰ ਸਾਹਿਬ ਅਕੈਡਮੀ ਤੇ ਸਤ ਅੱਠ ਕਰੋੜ ਰੁਪਏ ਖਰਚ ਕਰਨ ਦਾ ਜ਼ਿਕਰ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਜੇ ਕਰ 7 ਕਰੋੜ ਰੁਪਏ ਦੀ ਥਾਂ 70 ਕਰੋੜ ਰੁਪਏ ਵੀ ਖਰਚ ਕੀਤਾ ਜਾਵੇ ਤਾਂ ਵੀ ਬਹੁਤ ਥੋੜ੍ਹਾ

Original with;
Punjab Vidhan Sabha
Digitized by:
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਹੈ। (ਥੰਪਿੰਗ)। ਪਰ ਮੈਨੂੰ ਇਕ ਗੱਲ ਦਾ ਇਤਰਾਜ਼ ਹੈ ਕਿ ਦਸ਼ਮੇਸ਼ ਅਕਾਡਮੀ ਦੀ ਉਸਾਰੀ ਵਾਸਤੇ ਜੋ ਰੁਪਿਆ ਰਖਿਆ ਗਿਆ ਸੀ। (ਵਿਘਨ) ਇਥੇ ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬਾਨ ਮੌਜੂਦ ਨਹੀਂ ਹਨ। ਮੈਂ ਉਨ੍ਹਾਂ ਦੀ ਮੌਜੂਦਗੀ ਵਿਚ ਇਹ ਗੱਲ ਕਹਿਣਾ ਚਾਹੁੰਦਾ ਸੀ ਕਿ ਉਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਨੇ ਕਿਹਾ ਕਿ ਚੰਡੀਗੜ੍ਹ ਸਾਡੀ ਕੋਠੀ ਏਂ ਜਾਵੇ ਭਾਵੇਂ ਦਸ਼ਮੇਸ਼ ਅਕੈਡਮੀ ਬਣੇ ਜਾਂ ਨਾ ਬਣੇ। (ਸ਼ੇਮ ਸ਼ੇਮ, ਦੀਆਂ ਆਵਾਜ਼ਾਂ) ਡਿਪਟੀ ਸਪੀਕਰ ਸਾਹਿਬ, ਮੈਨੂੰ ਵੜਾ ਅਫ਼ਸੋਸ ਹੈ ਕਿ ਵਰਕਿੰਗ ਕਮੇਟੀ ਵਿਚ ਜਿਹੜੇ ਮੈਂਬਰ ਸਨ, ਉਨ੍ਹਾਂ ਨੇ ਦਸ਼ਮੇਸ਼ ਅਕੈਡਮੀ ਨੂੰ ਨਹੀਂ ਪਾਲਿਆ ਸਗੋਂ ਆਪਣੇ ਪਰਿਵਾਰ ਨੂੰ ਹੀ ਪਾਲਿਆ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਇਸ ਟਰੱਸਟ ਵਿਚ ਇਕ ਪਾਰਟੀ ਦੇ ਮੈਂਬਰ ਨਹੀਂ ਹੋਣੇ ਚਾਹੀਦੇ। ਇਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਾਰੀਆਂ ਪਾਰਟੀਆਂ ਵਿਚੋਂ ਹੋਣੇ ਚਾਹੀਦੇ ਹਨ। ਇਹ ਉਚਿਤ ਨਹੀਂ ਹੈ ਕਿ ਇਕ ਪਾਰਟੀ ਦੇ ਹੀ ਉਥੇ ਮੈਂਬਰ ਹੋਣ। ਮੈਂ ਹੁਣ, ਡਿਪਟੀ ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਜੀ ਜੋ ਪਹਿਲੇ ਫਾਈਨਾਂਸ ਮਨਿਸਟਰ ਰਹੇ ਹਨ, ਦਾ ਜ਼ਿਕਰ ਕਰਦਾ ਹਾਂ। ਸਰਦਾਰ ਬਲਵੰਤ ਸਿੰਘ ਜੀ ਨੇ ਬੜੇ ਸ਼ਿਆਣੇ ਸੂਝਵਾਨ ਅਤੇ ਚੰਗੇ ਵਕੀਲ ਦੇ ਨਾਤੇ ਵਿਰੋਧੀ ਪਾਰਟੀ ਵਲੋਂ ਅੰਕੜੇ ਦੇ ਕੇ ਆਪਣਾ ਰੋਣ ਪੱਲੇ ਕੀਤਾ ਹੈ। ਮੈਨੂੰ ਇਨ੍ਹਾਂ ਦੀ ਗੱਲ ਸੁਣ ਕਿ ਇਕ ਗੱਲ ਯਾਦ ਆ ਗਈ ਹੈ ਕਿ ਇਕ ਵਾਰ ਦੋ ਮੁਸਲਮਾਨ ਇਕੱਠੇ ਰਹਿੰਦੇ ਸੀ ਅਤੇ ਜਦੋਂ ਉਨ੍ਹਾਂ ਦੋਨਾਂ ਨੂੰ 7-8 ਦਿਨ ਇਕੱਠੇ ਰਹਿੰਦਿਆਂ ਹੋ ਗਏ ਤਾਂ ਉਨ੍ਹਾਂ ਵਿਚੋਂ ਇਕ ਮੁਸਲਮਾਨ ਨੇ ਕਿਹਾ ਕਿ ਤੂੰ ਤਾਂ ਨਮਾਜ਼ ਪੜ੍ਹਦਾ ਹੀ ਨਹੀਂ। ਦੂਜੇ ਨੇ ਜਵਾਬ ਦਿਤਾ ਕਿ ਕੁਰਾਨ ਸ਼ਰੀਫ ਵਿਚ ਨਮਾਜ਼ ਪੜ੍ਹਨ ਵਾਸਤੇ ਮਨਾ ਕੀਤਾ ਗਿਆ ਹੈ। ਪਹਿਲੇ ਨੇ ਕਿਹਾ ਕਿ ਦਿਖਾ ਦੇ ਤਾਂ, ਦੂਜਾ ਕਹਿਣ ਲਗਾ ਕਿ ਦੇਖ ਕੁਰਾਨ ਸ਼ਰੀਫ ਵਿਚ ਇਕ ਥਾਂ ਲਿਖਿਆ ਹੋਇਆ ਹੈ ਕਿ "ਜਬ ਤਕ ਵਜੂ ਨਾ ਕਿਆ ਹੋ" (ਵਿਘਨ)

ਡਿਪਟੀ ਸਪੀਕਰ ਸਾਹਿਬ, ਜੇ ਕਰ ਪੰਜਾਬ ਦੀ ਇਕਾਨੌਮੀ ਨੂੰ ਬਾਰੀਕੀ ਦੇ ਨਾਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਪਿਛਲੇ ਦੋ ਤਿੰਨ ਸਾਲਾਂ ਦੇ ਦੌਰਾਨ ਇਮਾਨਦਾਰੀ ਦੇ ਨਾਲ ਕੰਮ ਨਹੀਂ ਕੀਤਾ ਗਿਆ। ਪੁਲੀਟੀਕਲ ਲਾਈਫ ਵਿਚ ਦਹਿਸ਼ਤ ਫੈਲਾਈ ਗਈ ਅਤੇ ਸੌਦੇਬਾਜ਼ੀ ਕੀਤੀ ਗਈ। ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਦਾ ਨਤੀਜਾ ਇਹ ਹੋਇਆ ਕਿ ਲੋਕ ਡਰ ਗਏ, ਘਬਰਾ ਗਏ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਹੋਰ ਗੱਲ ਯਾਦ ਆ ਗਈ ਹੈ ਇਕ ਵਨਜਾਰਾ ਥੈਲੇ ਵਿਚ ਵੰਗਾਂ ਲੈ ਕੇ ਤੁਰਿਆ ਜਾ ਰਿਹਾ ਸੀ। ਵਣਜਾਰੇ ਨੇ ਇਕ ਦਰਖਤ ਵੇਖਿਆ ਅਤੇ ਸੋਚਿਆ ਕਿ ਬੈਠ ਕੇ ਆਰਾਮ ਕਰੀਏ। ਕੁਝ ਦੇਰ ਬਾਅਦ ਇਕ ਦੂਸਰਾ ਆਦਮੀ ਆਇਆ ਅਤੇ ਉਸ ਨੇ ਉਸ ਨੂੰ ਡਾਂਗ ਮਾਰੀ ਅਤੇ ਕਿਹਾ ਕਿ ਕੱਢ ਇਸ ਵਿਚ ਕੀ ਹੈ ? ਡਿਪਟੀ ਸਪੀਕਰ ਸਾਹਿਬ, ਵਣਜਾਰੇ ਨੇ ਸੋਚਿਆ ਕਿ ਵੰਗਾਂ ਤਾਂ ਟੁੱਟ ਹੀ ਗਈਆਂ ਹਨ, ਇਸ ਲਈ ਉਸ ਨੇ ਕਿਹਾ ਹੋਰ ਇਕ ਵਾਰ ਡਾਂਗ ਮਾਰ ਦੇ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਜੇਕਰ ਅਕਾਲੀ-ਜਨਤਾ ਸਰਕਾਰ ਨੂੰ ਹੋਰ ਮੌਕਾ ਮਿਲ ਜਾਂਦਾ ਤਾਂ ਇੰਨ੍ਹਾਂ ਨੇ ਪੰਜਾਬ ਦੀ ਫਾਈਨੈਂਸਲ ਪੋਜ਼ੀਸ਼ਨ ਤਹਿਸ਼ ਤਹਿਸ਼, ਕਰ ਦੇਣੀ ਸੀ। (ਵਿਘਨ) ਮੇਰੇ ਵੀਰ ਸਰਦਾਰ ਬਲਵੰਤ ਸਿੰਘ ਜੀ ਇਹ ਗੱਲ ਕਹਿੰਦੇ ਹਨ ਕਿ ਅਸੀਂ ਫਾਈਨਾਂਸ਼ਲ ਅਟਾਨੌਮੀ ਦੀ ਮੰਗ ਕਰਦੇ ਹਾਂ ਅਤੇ ਛੇਵੇਂ ਫਾਈਨਾਂਸ ਕਮਿਸ਼ਨ ਅਤੇ ਗੈਡਗਿਲ ਫਾਰਮੂਲੇ ਰਾਹੀਂ ਜ਼ਿਆਦਾ ਰੁਪਿਆ ਲਿਆਉਣ ਦਾ ਯਤਨ ਕੀਤਾ ਹੈ। ਪਰ ਅਸਲ ਵਿਚ, ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ ਕਿ 1977-78 ਵਿਚ ਇਨ੍ਹਾਂ ਨੂੰ ਸੈਂਟਰ ਤੋਂ 51 ਕਰੋੜ ਰੁਪਿਆ ਮਿਲਿਆ ਸੀ ਯਾਨੀ 12.77% ਅਤੇ 1979-80 ਵਿਚ ਸੈਂਟਰ ਸਰਕਾਰ ਵੱਲੋਂ ਇਨ੍ਹਾਂ ਨੂੰ ਗਰਾਂਟ ਘੱਟ ਕੇ 35 ਕਰੋੜ ਰੁਪਏ ਦੀ ਮਿਲੀ ਸੀ ਮਤਲਬ ਕਿ 9.59 ਪੁਆਇੰਟ ਰਹਿ ਗਈ। ਇਸ ਦਾ ਮਤਲਬ ਹੈ ਕਿ ਸੈਂਟਰ ਦੀ ਸਰਕਾਰ ਤੋਂ ਇਨ੍ਹਾਂ ਨੇ ਕਿਹਾ ਹੈ ਕਿ ਰੁਪਿਆ ਜ਼ਿਆਦਾ ਲਿਆ ਹੈ ਪਰ ਅਸਲ ਵਿਚ ਰੁਪਿਆ ਅੱਧਾ ਲਿਆ ਹੈ। ਇਹ ਤਾਂ ਉਹ ਗਲ ਹੋਈ ਕਿ..... "ਰੋਜ਼ੇ ਬਖਵਾਉਣ ਗਏ ਸੀ ਤੇ ਨਿਮਾਜ਼ ਗਲੇ ਪੈ ਗਈ"।

Original with;
Punjab Vidhan Sabha
Digitized by;
Panjab Digital Library

ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਵਿਰੋਧੀ ਦਲ ਦੇ ਨਾਲ ਇਕ ਕਿਸਮ ਦੀ ਰਿਆਇਤ ਕੀਤੀ ਹੈ। ਇਨ੍ਹਾਂ ਨੇ ਕਿਹਾ ਕਿ ਪੰਜਾਬ ਦਾ ਪਿਛਲਾ ਪੰਜ ਸਾਲਾਂ ਦਾ ਬਜਟ ਸਟੈਟਿਕ ਰਿਹਾ ਹੈ। ਪਲੈਨ ਸਟੈਟਿਕ ਰਹੀ ਹੈ। ਪਰ ਅਸਲ ਵਿਚ ਇਹ ਗੱਲ ਨਹੀਂ ਇਹ ਜਿਉਂ ਦੀ ਤਿਉਂ ਨਹੀਂ ਬਲਕਿ ਜੇਕਰ ਪਲੈਨ ਦਾ ਸਾਈਜ਼ ਦੇਖਿਆ ਜਾਏ ਤਾਂ ਇਸ ਦੀ ਫੇਸ ਵੈਲਿਊ ਭਾਵੇਂ ਜਿਉਂ ਦੀ ਤਿਉਂ ਰਹੀ ਹੈ ਪਰ ਕੀਮਤਾਂ ਵਿਚ ਵਾਧੇ ਕਾਰਣ ਰੀਅਲ ਵੈਲੀਊ ਇਸ ਦੀ ਬਹੁਤ ਘੱਟ ਗਈ ਹੈ। ਇਹ ਹੀ ਵਜ੍ਹਾ ਹੈ ਕਿ ਪਿਛਲੀ ਪਲੈਨ ,ਮੈਂ ਕਹਿ ਸਕਦਾ ਹਾਂ ਕਿ ਔਸਤਨ ਸਵਾ ਦੋ ਸੌ ਕਰੋੜ ਦੀ ਸੀ। ਸਟੇਟ ਦੀ ਇਕਾਨੋਮੀ ਨੂੰ ਇਨ੍ਹਾਂ ਨੇ ਵੀਕ ਕੀਤਾ ਹੈ ਲੇਕਿਨ ਬਕਾਇਦਾ ਫੈਕਟਸ ਐਂਡ ਫਿਗਰਜ਼ ਬੋਲ ਕੇ ਇਹ ਯਤਨ ਕਰਦੇ ਹਨ ਔਰ ਇਹ ਵੀ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਮੈਂ ਹੀ ਯੋਗ ਹਾਂ, ਬੁਧੀਮਾਨ ਹਾਂ ਔਰ ਕਾਬਲ ਆਦਮੀ ਹਾਂ ਔਰ ਟਰੈਜ਼ਰੀ ਬੈਂਚਾਂ ਵਾਲਿਆਂ ਨੂੰ ਕਹਿੰਦੇ ਹਨ ਕਿ ਇਹ ਅਨਪੜ੍ਹਾਂ ਦਾ ਟੋਲਾ ਹੈ। ਐਸਾ ਹੰਕਾਰ ਇਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ। ਲੋਕਾਂ ਅੰਦਰ ਖਾਸ ਤੌਰ ਤੇ ਠੀਕ, ਉਚਿਤ, ਯੋਗ ਔਰ ਨਿਰੋਲ ਅੰਕੜੇ ਦੇ ਕੇ ਗੱਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਮੈਂ ਤੁਹਾਨੂੰ ਇੰਡਸਟਰੀਅਲ ਸੈਕਟਰ ਦੀ ਗਲ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਮੇਰੇ ਵੀਰਾਂ ਨੇ ਤੁਸੀਂ ਦੇਖੋਗੇ ਕਿ 1979-80 ਵਿਚ 1681 ਕਰੋੜ ਤੇ 65 ਲੱਖ ਰੁਪਏ ਪਲੈਨ ਅੰਦਰ ਰਖੇ ਸੀ। ਫਿਰ 1980-81 ਦੇ ਪਲੈਨ ਅੰਦਰ 997 ਕਰੋੜ 74 ਲੱਖ ਰੁਪਏ ਰਖੇ ਗਏ । ਇਹ ਰਕਮ ਘੱਟ ਕੇ ਇਥੇ ਆ ਗਈ । ਇਹ ਰਿਕਾਰਡ ਵਿਚ ਹੈ। ਇਹ ਜਿਹੜਾ ਮੇਰੇ ਕੋਲ ਐਨੂਅਲ ਪਲੈਨ ਹੈ ਇਹ ਇਸ ਦੇ ਮੁਤਾਬਿਕ ਹੈ। ਇਹੀ ਨਹੀਂ ਬਲਕਿ ਇੰਡਸਟਰੀਅਲ ਸੈਕਟਰ ਵਿਚ ਗਰੋਥ ਰੇਟ ਜਦੋਂ ਇਨ੍ਹਾਂ ਅਕਾਲੀ ਵੀਰਾਂ ਦੀ ਸ਼ਕਤੀ ਸੀ, ਇਥੇ ਇਨ੍ਹਾਂ ਦਾ ਰਾਜ ਭਾਗ ਸੀ, ਉਸ ਵੇਲੇ ਘੱਟ ਕੇ 12 ਫੀ ਸਦੀ ਰਹਿ ਗਈ ਸੀ ਜਦ ਕਿ ਕੌਮੀ ਲੈਵਲ ਤੇ ਇਹ 16 ਫੀਸਦੀ ਸੀ ਬਾਵਜੂਦ ਇਸ ਗੱਲ ਦੇ ਕਿ ਪੰਜਾਬ ਵਿਚ ਲੋਕਾਂ ਦੀ ਜੀਅ ਪ੍ਰਤੀ ਆਮਦਨ ਜ਼ਿਆਦਾ ਹੈ। ਉਸ ਦੇ ਬਾਵਜੂਦ ਇਸ ਸੈਕਟਰ ਅੰਦਰ ਕਮੀ ਆਈ ਹੈ। ਅਸੀਂ ਪਿਛੇ ਰਹੇ ਹਾਂ। ਜਿਸ ਤਰ੍ਹਾਂ ਚਤਰੱਥ ਜੀ ਨੇ ਕਿਹਾ ਹੈ ਕਿ ਓਵਰ-ਆਲ ਪਿਛਲੇ ਦਸਾਂ ਸਾਲਾਂ ਵਿਚ ਪੰਜਾਬ ਦੀ ਗਰੋਥ ਰੇਟ ਵਿਚ ਵੀ ਕਮੀ ਆਈ ਹੈ। ਪਹਿਲਾਂ ਇਸ ਦੀ ਦਰ 4.8% ਸੀ ਜੋ ਕਿ ਘੱਟ ਕੇ 3.4% ਤੇ ਆ ਗਿਆ ਹੈ। ਇਸ ਦਾ ਕਰਣ ਕੀ ਹੈ ? ਇਸ ਦਾ ਕਾਰਣ ਹੈ ਇਨ੍ਹਾਂ ਅਕਾਲੀ ਵੀਰਾਂ ਦੀ ਪਾਰਟੀ ਵਿਚ ਆਪਸ ਵਿਚ ਲੜਾਈ ਝਗੜੇ, ਆਪਸ ਵਿਚ ਗਾਲੀ ਗਲੋਚ ਔਰ ਅਫ਼ਸਰ ਸ਼ਾਹੀ ਤੇ ਕੰਟਰੋਲ ਨਾ ਹੋਣਾ, ਅਫ਼ਸਰ-ਸ਼ਾਹੀ ਦਾ ਮਨ-ਮਾਨੀ ਕਰਨਾ, ਜੋ ਲੋਕਾਂ ਨੂੰ ਵਚਨ ਦਿੱਤਾ ਹੋਇਆ ਸੀ ਕਿ ਚੰਗੀ ਐਡਮਨਿਸਟਰੇਸ਼ਨ ਦਿਆਂਗੇ ਉਸ ਤੇ ਵਚਨ ਬੱਧ ਨਾ ਰਹਿਣਾ। ਇਹੀ ਵਜ੍ਹਾ ਹੈ ਕਿ ਲੋਕਾਂ ਨੇ ਇਨ੍ਹਾਂ ਨੂੰ ਬੁਰੀ ਤਰ੍ਹਾਂ ਨਾਲ ਵੋਟਾਂ ਨਾ ਪਾ ਕੇ ਇਨ੍ਹਾਂ ਨੂੰ ਪਿਛੇ ਰਖਿਆ ਹੈ। ਬਹੁਤ ਸਾਰੇ ਸੱਜਣ ਜੋ ਇਥੇ ਹਾਊਸ ਵਿਚ ਹਨ, ਇਨ੍ਹਾਂ ਨੂੰ ਇਕ ਗੱਲ ਦੀ ਮੈਂ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਚੰਗੀ ਤਰ੍ਹਾਂ ਨਾਲ ਇਸ ਗਲ ਦਾ ਨਿਸ਼ਚੇ ਕਰਨਾ ਚਾਹੀਦਾ ਹੈ ਕਿ ਹਾਊਸ ਦੇ ਅੰਦਰ ਉਹ ਗੱਲਾਂ ਕਰੀਏ ਜੋ ਠੀਕ ਹਨ, ਯੋਗ ਹਨ ਔਰ ਉਚਿਤ ਹਨ। ਲੇਕਿਨ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀ ਭਾਸ਼ਾ ਦੇ ਨਾਂ ਤੇ, ਪੰਜਾਬੀ ਬੋਲੀ ਦੇ ਨਾਂ ਤੇ, ਇਨ੍ਹਾਂ ਵੀਰਾਂ ਨੇ ਲੋਕਾਂ ਤੋਂ ਵੋਟਾਂ ਲਈਆਂ । ਪੰਜਾਬ ਅੰਦਰ ਕਈ ਅੰਦੋਲਨ ਹੋਏ, ਮੋਰਚੇ ਚਲੇ ਔਰ ਪੰਜਾਬ ਅੰਦਰ ਬਹੁਤ ਟੈਨਸ਼ਨ ਹੋਈ ਜਿਸ ਤਰ੍ਹਾਂ ਕਿ ਮੈਂ ਅੱਗੇ ਵੀ ਕਿਹਾ ਸੀ ਇਨ੍ਹਾਂ ਨੇ ਇਸ ਮੱਦ ਲਈ ਸਿਰਫ 2 ਲੱਖ 35 ਹਜ਼ਾਰ ਰੁਪਿਆ ਰਖਿਆ। ਟੋਟਲ ਪੰਜਾਬੀ ਦੀ ਤਰਕੀ ਵਾਸਤੇ ਇਹ ਰੁਪਿਆ ਰਖਿਆ ਗਿਆ ਇਸ ਵਿੱਚੋਂ 2 ਲੱਖ ਐਡਮਨਿਸਟਰੇਸ਼ਨ ਵਾਸਤੇ ਔਰ ਕੇਵਲ 35 ਹਜ਼ਾਰ ਰੁਪਿਆ ਪੰਜਾਬੀ ਦੀ ਉਨਤੀ ਵਾਸਤੇ, ਇਸ ਦੇ ਵਿਕਾਸ ਵਾਸਤੇ, ਰਖਿਆ ਸੀ। ਇਹੀ ਨਹੀਂ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਪੰਜਾਬੀ ਮੀਡੀਅਮ ਆਫ ਇੰਸਟ੍ਰਕਸ਼ਨਜ਼ ਹੈ ਔਰ ਪੰਜਾਬ ਦੀ ਆਫੀਸ਼ੀਅਲ ਲੈਂਗੁਏਜ ਹੈ। ਇਸ ਕਰਕੇ ਸਾਡੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਕਿਹਾ ਕਿ ਜਦੋਂ ਮੀਡੀਅਮ ਆਫ ਇਸਟਰਕਸ਼ਨ ਪੰਜਾਬੀ ਹੈ ਤਾਂ ਦਸਵੀਂ ਜਮਾਤ ਤਕ ਪੰਜਾਬੀ ਵਿਚ ਹੀ ਉਹ ਪਰਚੇ ਦੇ ਸਕਦੇ ਹਨ। ਇਹ ਮਸਲਾ ਉਦੋਂ ਪੈਦਾ ਹੋਇਆ ਜਦੋਂ ਅਕਾਲੀ ਵੀਰਾਂ ਦੀ ਸਰਕਾਰ ਸੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਬਾਕਾਇਦਾ ਰੂਲਜ਼ ਐਂਡ ਰੈਗੂਲੇਸ਼ਨਜ਼ ਤਿਆਰ ਕੀਤੇ ਕਿ ਪੰਜਾਬੀ ਵਿਚ ਹੀ ਪਰਚੇ ਦੇਣੇ ਚਾਹੀਦੇ ਹਨ। ਉਸ ਮੌਕੇ ਤੇ ਸਰਦਾਰ ਸੁਖਜਿੰਦਰ ਸਿੰਘ, ਜੋ ਉਸ ਵੇਲੇ ਐਜੂਕੇਸ਼ਨ ਮਨਿਸਟਰ ਸਨ, ਨੇ ਆਪਣੀ ਰਿਕੁਮੈਂਡੇਸ਼ਨ ਭੇਜੀ ਕਿ ਸਕੂਲ ਐਜੂਕੇਸ਼ਨ ਬੋਰਡ ਦੇ ਰੂਲਜ਼ ਐਂਡ ਰੈਗੂਲੇਸ਼ਨਜ਼ ਜੋ ਗੌਰਮਿੰਟ ਨੂੰ ਭੇਜੇ ਹਨ ਉਹ ਮਨਜ਼ੂਰ ਕੀਤੇ ਜਾਣ। ਪਰ ਦੇਖਣ ਦੀ ਗੱਲ ਇਹ ਹੈ ਕਿ ਮੇਰੇ ਮਾਨਯੋਗ ਮਿੱਤਰ, ਜੋ ਕਿ ਉਸ ਵੇਲੇ ਮੁੱਖ ਮੰਤਰੀ ਸਨ, ਬਾਦਲ ਸਾਹਿਬ, ਅੱਜ ਮੇਰੇ ਸਾਹਮਣੇ ਅਪੋਜ਼ੀਸ਼ਨ ਦੀਆਂ ਬੈਂਚਾਂ ਤੇ ਬੈਠੇ ਹਨ, ਜਿਨ੍ਹਾਂ ਨੇ ਸਿੱਖ ਸੰਗਤ ਨੂੰ ਗੁਮਰਾਹ ਕਰਕੇ ਵੋਟਾਂ ਲਈਆਂ, ਗੁਰੂ ਘਰ ਦੇ ਨਾਂ ਤੇ ਵੋਟਾਂ ਲਈਆਂ, ਪੰਜਾਬੀ ਦੇ ਨਾਂ ਤੇ ਵੋਟਾਂ ਲਈਆਂ, ਇਨ੍ਹਾਂ ਨੇ ਉਸ ਵੇਲੇ ਬਾਕਾਇਦਾ ਤੌਰ ਤੇ ਇਨ੍ਹਾਂ ਰੂਲਜ਼ ਐਂਡ ਰੈਗੂਲੇਸ਼ਨਜ਼ ਨੂੰ ਅਪਰੂਵ ਨਹੀਂ ਕੀਤਾ। ਇਨ੍ਹਾਂ ਨੂੰ ਮਨਜ਼ੂਰੀ ਨਹੀਂ ਦਿੱਤੀ। ਇਹੀ ਵਜ੍ਹਾ ਹੈ ਕਿ ਪੰਜਾਬੀ ਨੂੰ ਪੰਜਾਬ ਦੇ ਅੰਦਰ ਲਾਗੂ ਨਾ ਕਰਨ ਦਾ ਜੋ ਕਾਲਾ ਟਿਕਾ ਹੈ, ਉਹ ਮੇਰੇ ਵਿਰੋਧੀ ਦਲ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੱਥੇ ਤੇ ਹੈ।

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਇਥੇ ਇਕ ਸੈਕੂਲਰ ਰੂਲਰ ਹੋਇਆ ਹੈ, ਉਹ ਹੈ ਮਹਾਰਾਜਾ ਰਣਜੀਤ ਸਿੰਘ, ਅੱਜ 1980 ਦੇ ਅੰਦਰ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਅੰਦਰ ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾ ਵਰ੍ਹੇ ਗੰਢ ਮਨਾਈ ਜਾ ਰਹੀ ਹੈ। ਉਹ ਪਹਿਲਾ ਸੈਕੂਲਰ ਰੂਲਰ ਸੀ ਜਿਸ ਨੇ ਪੰਜਾਬ ਨੂੰ ਹਜ਼ਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਸਵਤੰਤਰਤਾ ਦਿਵਾਈ। ਅਸੀਂ ਖੁਸ਼ਕਿਸਮਤ ਹਾਂ ਕਿ ਅਸੀਂ ਉਸ ਸਦੀ ਵਿਚ ਜੀਅ ਰਹੇ ਹਾਂ ਜਿਸ ਵਿਚ ਇਨ੍ਹਾਂ ਦੀ 200 ਸਾਲਾ ਵਰ੍ਹੇ ਗੰਢ ਮਨਾਈ ਜਾ ਰਹੀ ਹੈ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਸਦਨ ਸਮੁਚੇ ਤੌਰ ਤੇ ਮਤਾ ਪਰਵਾਨ ਕਰੇ ਕਿ ਉਨ੍ਹਾਂ ਦੀ 200 ਸਾਲਾ ਵਰ੍ਹੇ ਗੰਢ ਪੰਜਾਬ ਸਰਕਾਰ ਆਪਣੇ ਤੌਰ ਤੇ ਮਨਾਉਣ ਬਾਰੇ ਐਲਾਨ ਕਰੇ ਤਾਂ ਹੀ ਸਾਡੇ ਲੋਕਾਂ ਅੰਦਰ ਸੈਕੂਲਰਿਜ਼ਮ ਦੀ, ਦੇਸ਼ ਭਗਤੀ ਦੀ ਭਾਵਨਾ ਪੈਦਾ ਹੋ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਪਿਛਲੇ ਜੋ ਅੰਕੜੇ ਦਸਦੇ ਹਨ ਕਿ ਜਦੋਂ ਇਹ ਅਕਾਲੀ ਵੀਰ ਸ਼ਕਤੀ ਵਿਚ ਸਨ, ਉਦੋਂ ਇਹ ਜੋ 25 ਅਦਾਰੇ ਹਨ ਇਨ੍ਹਾਂ ਵਾਸਤੇ 68 ਕਰੋੜ ਰੁਪਏ ਦੀ ਪੂੰਜੀ ਲਗਾਈ ਗਈ ਸੀ। ਇਨ੍ਹਾਂ ਵਿਚੋਂ ਇਨ੍ਹਾਂ ਨੂੰ ਆਮਦਨ ਨਿਲ ਹੋਈ ਹੈ। 68 ਕਰੋੜ ਦਾ ਜੇਕਰ ਵਿਆਜ ਦਾ ਹਿਸਾਬ ਲਗਾਈਏ ਤਾਂ 68 ਲੱਖ ਰੁਪਿਆ ਬਣਦਾ ਹੈ। ਇਹ 68 ਲੱਖ ਦਾ ਘਾਟਾ ਸਾਨੂੰ ਪਿਆ ਹੈ।

ਪਿਛਲੀ ਕਾਂਗਰਸ ਸਰਕਾਰ ਨੇ ਸਬ-ਮਾਊਨੇਂਨੀਅਸ ਏਰੀਆ ਵਾਸਤੇ, ਬਾਰਡਰ ਏਰੀਆ ਵਾਸਤੇ ਬੇਟ ਏਰੀਆ ਵਾਸਤੇ ਇਨ੍ਹਾਂ ਏਰੀਆਜ਼ ਦੀ ਤਰੱਕੀ ਵਾਸਤੇ ਇਕ ਡਿਵੈਲਪਮੈਂਟ ਕੌਂਸਲ ਬਣਾਈ ਸੀ ਤਾ ਕਿ ਉਨ੍ਹਾਂ ਇਲਾਕਿਆਂ ਦੀ ਬਿਹਤਰੀ ਹੋ ਸਕੇ, ਉਨ੍ਹਾਂ ਇਲਾਕਿਆਂ ਦੀ ਤਰੱਕੀ ਹੋ ਸਕੇ ਅੌਰ ਹੋਰ ਵਿਕਾਸ ਦੇ ਕੰਮ ਉਥੇ ਹੋ ਸਕਣ। ਪਰ ਇਨ੍ਹਾਂ ਅਕਾਲੀ ਵੀਰਾਂ ਦੀ ਜਦੋਂ ਸਰਕਾਰ ਆਈ ਤਾਂ ਇਨ੍ਹਾਂ ਨੇ ਉਹ ਡਿਵੈਲਪਮੈਂਟ ਕੌਂਸਲ ਤੋੜ ਦਿੱਤੀ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਵਰਲਡ ਬੈਂਕ ਨੇ ਕੰਡੀ ਏਰੀਆ, ਬੇਟ ਏਰੀਆ ਨੂੰ ਡਿਵੈਲਪ ਕਰਨ ਵਾਸਤੇ 35% ਗਰਾਂਟ ਦੇਣ ਦਾ ਫੈਸਲਾ ਕੀਤਾ ਸੀ ਅੌਰ ਇਹ ਵੀ ਕਿਹਾ ਸੀ ਕਿ ਪੰਜਾਬ ਸਰਕਾਰ ਆਪਣੇ ਵੱਲੋਂ ਇਕ ਆਰਗੇਨਾਈਜ਼ੇਸ਼ਨ ਸੈਟ-ਅਪ ਕਰ ਲਵੇ ਤਾਂ ਅਸੀਂ 35 % ਗਰਾਂਟ ਦਿਆਂਗੇ। ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਵਰਲਡ ਬੈਂਕ ਤੋਂ ਇਕ ਰੁਪਿਆ ਵੀ ਕੰਡੀ ਏਰੀਆ ਨੂੰ ਡਿਵੈਲਪ ਕਰਨ ਵਾਸਤੇ ਇਹ ਮੇਰੇ ਅਕਾਲੀ ਵੀਰ ਨਹੀਂ ਲੈ ਸਕੇ।

Original with;
Punjab Vidhan Sabha
Digitized by;
Panjab Digital Library

ਹੁਣ ਮੌਜੂਦਾ ਸਰਕਾਰ ਨੇ 52 ਕਰੋੜ ਰੁਪਿਆ ਬੇਟ ਦੇ ਏਰੀਆ ਅਤੇ ਕੰਡੀ ਦੇ ਏਰੀਆ ਵਾਸਤੇ ਰੱਖਿਆ ਹੈ। ਇਸੇ ਲਈ 18 ਕਰੋੜ 10 ਲੱਖ ਰੁਪਿਆ ਸਾਨੂੰ ਵਰਲਡ ਬੈਂਕ ਤੋਂ ਮਿਲਿਆ ਹੈ। ਇਸ ਤਰ੍ਹਾਂ 25 ਹਜ਼ਾਰ ਟਨ ਵੱਧ ਕਣਕ ਪੈਦਾ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਇੰਸਟੀਚਿਊਸ਼ਨਲ ਫਾਈਨੈਂਸਿਜ਼ ਰੇਜ਼ ਕਰਨ ਵਾਸਤੇ ਲੋਨ ਲੈਣ ਦਾ ਪ੍ਰਬੰਧ ਕੀਤਾ ਹੈ। ਇਸ ਤਰ੍ਹਾਂ ਇਹ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਇਕ ਬੜਾ ਭਾਰੀ ਮੀਲ ਪੱਥਰ ਹੈ। 165 ਕਰੋੜ ਰੁਪਏ ਇਸ ਵਾਸਤੇ ਮਿਲੇ ਹਨ। ਇਸ ਲਈ ਮੈਂ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਨੂੰ ਅਤੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਆਸ ਕਰਦਾ ਹਾਂ ਕਿ ਇਹ ਜਿਹੜਾ ਬੱਜਟ ਹੈ ਇਹ ਕੇਵਲ ਇਕ ਅੰਕੜਿਆਂ ਦਾ ਦਿਖਾਵਾ ਹੀ ਨਹੀਂ ਬਲਕਿ ਇਹ ਲੋਕਾਂ ਦੀਆਂ ਇਛਾਵਾਂ ਦੇ ਮੁਤਾਬਿਕ ਹੈ। ਇਹ ਜਿਹੜੇ ਸਾਡੇ ਸਾਹਮਣੇ ਬੈਠੇ ਵੀਰ ਬੇਦਾਵਾ ਦੇ ਗਏ ਸਨ (ਵਿਘਨ) ਅਸੀਂ ਲੋਕਾਂ ਦੀਆਂ ਇਛਾਵਾਂ ਨੂੰ ਪੂਰਾ ਕਰਨਾ ਹੈ। ਇਸ ਵਿਚ ਲੋਕਾਂ ਨੂੰ ਨਵੀਂ ਦਿਸ਼ਾ ਦੇਣ ਦੇ ਬੜੇ ਭਾਰੀ ਉਪਰਾਲੇ ਕੀਤੇ ਗਏ ਹਨ। ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਬੱਜਟ ਨੂੰ ਜੀ ਆਇਆਂ ਆਖਦਾ ਹਾਂ, ਇਸ ਨੂੰ ਚੰਗਾ ਆਖਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਬੱਜਟ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ। (ਤਾੜੀਆਂ)

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ-ਪੂਰਬੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਵੜਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਇਹ ਬਜਟ ਜੋ ਡਾਕਟਰ ਕੇਵਲ ਕ੍ਰਿਸ਼ਨ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ ਮੈਂ ਇਸ ਨੂੰ ਵੈਲਕਮ ਕਰਦਾ ਹਾਂ ਅਤੇ ਇਸ ਦੀ ਉਨ੍ਹਾਂ ਨੂੰ ਮੁਬਾਰਕਬਾਦ ਵੀ ਦਿੰਦਾ ਹਾਂ। ਇਸ ਬੱਜਟ ਨਾਲ ਗਰੀਬ ਤੇ ਕੋਈ ਭਾਰ ਨਹੀਂ ਪਿਆ। ਆਮ ਆਦਮੀ ਤੇ ਭਾਰ ਨਹੀਂ ਪਿਆ। ਪਿਛਲੇ 3 ਸਾਲਾਂ ਵਿਚ ਜਿਹੜੇ ਬੱਜਟ ਪੇਸ਼ ਹੁੰਦੇ ਰਹੇ ਸਨ ਉਨ੍ਹਾਂ ਦੇ ਮੁਕਾਬਲੇ ਵਿਚ ਇਹ ਬਹੁਤ ਹੀ ਬਿਹਤਰ ਬੱਜਟ ਹੈ। ਮੇਰੇ ਸਾਥੀ ਸਰਦਾਰ ਬਲਵੰਤ ਸਿੰਘ ਨੇ ਇਸ ਤੇ ਟੀਕਾ-ਟਿੱਪਣੀ ਕੀਤੀ ਅੱਰ ਉਨ੍ਹਾਂ ਨੇ ਆਪਣੀ ਪਾਰਟੀ ਦਾ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਵੱਡੀ ਗੱਲ ਇਹ ਕਹੀ ਕਿ ਇਹ ਜਿਹੜਾ ਬਜਟ ਹੈ ਇਹ ਸਰਮਾਏਦਾਰਾਂ ਦਾ ਬੱਜਟ ਪੇਸ਼ ਕੀਤਾ ਗਿਆ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਬੱਜਟ ਦੇ ਉਤੇ ਅੰਕੜੇ ਪੇਸ਼ ਕਰਨ ਲੱਗਾ ਹਾਂ ਤਾਕਿ ਤੁਹਾਨੂੰ ਪਤਾ ਲੱਗ ਜਾਵੇ ਕਿ ਇਹ ਬਜਟ ਕਿਹੋ ਜਿਹਾ ਹੈ। ਇਸ ਸਾਲ ਦੇ ਬੱਜਟ ਨੂੰ ਹੀ ਲੈ ਲਵੋ। ਜਿੰਨਾਂ ਐਕਸਪੈਂਡੀਚਰ ਹੈ ਅਤੇ ਜਿੰਨਾਂ ਰੈਵੇਨਿਊ ਹੈ, ਉਸ ਦਾ ਮੈਂ ਜ਼ਿਕਰ ਕਰਨ ਲੱਗਾ ਹਾਂ। ਡਿਪਟੀ ਸਪੀਕਰ ਸਾਹਿਬ, ਜਿਹੜਾ ਟੋਟਲ ਰੈਵੇਨਿਓ ਆਉਂਦਾ ਹੈ ਉਹ ਸਾਰਾ ਸ਼ਹਿਰਾਂ ਤੋਂ ਆਉਂਦਾ ਹੈ ਅਤੇ ਸਿਰਫ ਐਗਰੀਕਲਚਰ ਦਾ ਰੈਵੇਨਿਊ ਜਿਹੜਾ ਕਿ 2 ਕਰੋੜ 60 ਲੱਖ ਰੁਪਏ ਹੈ ਉਹ ਪਿੰਡਾਂ ਵਿਚੋਂ ਆਉਂਦਾ ਹੈ। ਬਾਕੀ ਦਾ ਰੈਵੇਨਿਊ ਜੋ ਕਿ 544 ਕਰੋੜ ਰੁਪਏ ਬਣਦਾ ਹੈ ਇਹ ਸਾਰਾ ਸ਼ਹਿਰਾਂ ਤੋਂ ਆ ਰਿਹਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਦੀਆਂ ਕਾਂਗਰਸ ਸਰਕਾਰਾਂ ਬਣ ਰਹੀਆਂ ਹਨ ਉਦੋਂ ਦਾ ਇਹ ਜਿਹੜਾ ਰੈਵੇਨਿਊ ਸ਼ਹਿਰਾਂ ਤੋਂ ਆ ਰਿਹਾ ਹੈ ਇਹ ਦਿਹਾਤਾਂ ਦੀ ਡਿਵੈਲਪਮੈਂਟ ਤੇ ਖਰਚ ਹੋ ਰਿਹਾ ਹੈ। (ਵਿਘਨ) ਇਹ ਜਿਹੜਾ ਕਿਹਾ ਗਿਆ ਸੀ ਕਿ ਇਹ ਸਰਮਾਏਦਾਰਾਂ ਦਾ ਬੱਜਟ ਹੈ, ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਸਰਮਾਏਦਾਰਾਂ ਦਾ ਬੱਜਟ ਨਹੀਂ ਹੈ। (ਵਿਘਨ) ਇੰਡਸਟਰੀ ਵਾਸਤੇ 6 ਕਰੋੜ ਰੁਪਿਆ ਇਸ ਵਿਚ ਪ੍ਰੋਵਾਈਡ ਕੀਤਾ ਗਿਆ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਬੱਜਟ ਕਿਸਾਨਾਂ ਦਾ ਬਜਟ ਹੈ, ਇਹ ਖੇਤ ਮਜ਼ਦੂਰਾਂ ਦਾ ਬੱਜਟ ਹੈ, ਇਹ ਦਿਹਾਤੀਆਂ ਦਾ ਬਜਟ ਹੈ, ਇਹ ਪ੍ਰੋਗਰੈਸਿਵ ਬਜਟ ਹੈ। ਇਹ ਸਰਮਾਏਦਾਰਾਂ ਦਾ ਬੱਜਟ ਨਹੀਂ ਹੈ। ਇਸ ਵਿਚ ਸਰਮਾਏਦਾਰੀ ਦੀ ਇਕ ਵੀ ਗੱਲ ਨਜ਼ਰ ਨਹੀਂ ਆਉਂਦੀ। ਇਨ੍ਹਾਂ ਨੂੰ ਤਾਂ ਇਸ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਸੀ। ਪਰ ਮੈਂ ਦਸਣਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਚਾਹੁੰਦਾ ਹਾਂ ਕਿ ਇਹ ਇਸ ਦੀ ਪਛਾਣ ਨਹੀਂ ਕਰ ਸਕੇ ਕਿ ਆਇਆ ਇਹ ਬਜਟ ਗਰੀਬਾਂ ਲਈ ਹੈ ਜਾਂ ਸਰਮਾਏਦਾਰਾਂ ਲਈ ਹੈ। (ਵਿਘਨ) ਦਿਹਾਤਾਂ ਦੀ ਆਬਾਦੀ 85% ਜਾਂ 90% ਹੈ। ਕੋਈ ਸਿਆਣਾ ਆਦਮੀ ਇਹ ਨਹੀਂ ਕਹੇਗਾ ਕਿ 85% ਜਾਂ 90% ਦੀ ਡਿਵੈਲਪਮੈਂਟ ਨਾ ਕੀਤੀ ਜਾਵੇ। ਕਾਂਗਰਸ ਦੀ ਸਰਕਾਰ 30 ਸਾਲ ਰਹੀ ਹੈ ਅਤੇ ਉਨ੍ਹਾਂ 30 ਸਾਲਾਂ ਵਿਚ ਉਸ ਨੇ ਹਮੇਸ਼ਾਂ ਦਿਹਾਤੀ ਲੋਕਾਂ, ਐਗਰੀ-ਕਲਚਰਿਸਟਾਂ, ਮਦੂਜ਼ਰਾਂ ਅਤੇ ਕਿਸਾਨਾਂ ਦੀ ਮੱਦਦ ਕਰਨ ਦੀ ਕੋਸ਼ਿਸ਼ ਕੀਤੀ ਹੈ। (ਵਿਘਨ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

Mr. Deputy Speaker : This is no point of order.

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਦੱਸ ਦਿੰਦਾ ਹਾਂ ਕਿ ਸ਼ਹਿਰਾਂ ਵਾਲਿਆਂ ਤੇ ਕਿੰਨੇ ਟੈਕਸ ਲਗਦੇ ਹਨ (ਵਿਘਨ) ਸੇਲਜ਼ ਟੈਕਸ 150 ਕਰੋੜ ਰੁਪਏ ਹੈ ਜੋ ਕਿ ਸ਼ਹਿਰੀਆਂ ਤੇ ਲੱਗਦਾ ਹੈ ਪਰ ਲੈਂਡ ਰੈਵਿਨਿਊ ਸਾਰਾ ਹੀ 2 ਕਰੋੜ 60 ਲੱਖ ਰੁਪਿਆ ਹੈ। (ਵਿਘਨ) ਸਟੇਟ ਐਕਸਾਈਜ਼ ਤੋਂ 85 ਕਰੋੜ ਰੁਪਿਆ ਆਉਂਦਾ ਹੈ। ਇਹ ਪੈਸਾ ਸ਼ਹਿਰਾਂ ਤੋਂ ਆਉਂਦਾ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ: ਤੁਹਾਨੂੰ 7-8 ਮਿੰਟ ਮਿਲੇ ਹਨ, ਤੁਸੀਂ ਉਸ ਵਿਚ ਹੀ ਖ਼ਤਮ ਕਰਨਾ ਹੈ।

ਸਰਦਾਰ ਜਸਮਤ ਸਿੰਘ ਢਿੱਲੋਂ: ਆਨ ਏ ਪੁਆਇੰਟ ਆਫ ਆਰਡਰ, ਸਰ।

Mr. Deputy Speaker : Dhillon Sahib, please let him finish.

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਪਿਛਲੇ 3 ਸਾਲਾਂ ਵਿਚ ਸੈਂਟਰ ਦੀ ਜਨਤਾ ਸਰਕਾਰ ਅਤੇ ਪੰਜਾਬ ਦੀ ਅਕਾਲੀ-ਜਨਤਾ ਸਰਕਾਰ ਕੀ ਕਰਦੀ ਰਹੀ ਹੈ, ਉਸ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵੇਲੇ ਕਿੰਨੇ ਫਸਾਦ, ਫਿਰਕੇਦਾਰਾਨਾ ਫਸਾਦ ਹੋਏ ਸਨ। 1977 ਵਿਚ 188 ਫਸਾਦ ਹੋਏ ਅਤੇ 36 ਆਦਮੀ ਹਲਾਕ ਹੋਏ। 1978 ਵਿਚ 230 ਫਸਾਦ ਹੋਏ ਅਤੇ 94 ਆਦਮੀ ਹਲਾਕ ਹੋਏ। 1979 ਵਿਚ 304 ਫਸਾਦ ਹੋਏ ਅਤੇ 261 ਆਦਮੀ ਹਲਾਕ ਹੋਏ ਸਨ। ਇਹ ਇਥੇ ਪੰਜਾਬ ਵਿਚ ਵੀ ਆਪਸ ਵਿਚ ਲੜਦੇ ਰਹੇ ਅਤੇ ਉਧਰ ਦਿਲੀ ਵਿਚ ਉਨ੍ਹਾਂ ਦੀ ਆਪਸ ਵਿਚ ਲੜਾਈ ਹੁੰਦੀ ਰਹੀ। ਇਨ੍ਹਾਂ ਦੀ ਦਿਲੀ ਦੀ ਸਰਕਾਰ ਨਾਲ ਵਣਦੀ ਵੀ ਨਹੀਂ ਸੀ (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸੋਨਾ ਸਾਰਾ ਵੇਚ ਦਿਤਾ। ਇਨ੍ਹਾਂ ਨੇ ਸੋਨਾ 12 ਫੈਮਿਲੀਆਂ ਨੂੰ ਦੇ ਦਿੱਤਾ। ਕਰੋੜਾਂ ਰੁਪਿਆਂ ਦਾ ਸੋਨਾ ਮੁਰਾਰਜੀ ਦਾ ਮੁੰਡਾ ਖਾ ਗਿਆ। (ਵਿਘਨ) ਇਨ੍ਹਾਂ ਨੇ 600 ਕਰੋੜ ਰੁਪਏ ਦੇ ਟੈਕਸ ਲਾ ਦਿਤੇ। ਜੇ 600 ਕਰੋੜ ਰੁਪਏ ਦੇ ਟੈਕਸ ਲੱਗਦੇ ਹਨ ਤਾਂ 1200 ਕਰੋੜ ਰੁਪਏ ਦੀ ਵਸੂਲੀ ਹੁੰਦੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸੈਂਟਰ ਦੀ ਅਤੇ ਪੰਜਾਬ ਦੀ ਇਕਾਨੋਮੀ ਖਰਾਬ ਕਰ ਦਿੱਤੀ ਸੀ। ਡਿਪਟੀ ਸਪੀਕਰ ਸਾਹਿਬ, 800 ਕਰੋੜ ਰੁਪਏ ਦੀ ਫਾਰੇਨ ਐਕਸਚੇਂਜ ਦੇਸ਼ ਕੋਲ ਪਈ ਸੀ ਪਰ ਇਨ੍ਹਾਂ ਨੇ ਧੜਾ ਧੜ ਇੰਪੋਰਟ ਖੋਲ੍ਹ ਦਿੱਤੀ ਤਾਕਿ ਇਨ੍ਹਾਂ ਦੇ ਆਦਮੀ ਸਮਗਲਿੰਗ ਕਰ ਲੈਣ, ਲੁੱਟ ਲੈਣ। ਇਸ ਤਰ੍ਹਾਂ ਇਨ੍ਹਾਂ ਨੇ ਕਰੋੜਾਂ ਰੁਪਏ ਦੀ ਫਾਰੇਨ ਐਕਸਚੇਂਜ ਖਤਮ ਕਰ ਦਿਤੀ ਜਿਸ ਦਾ ਅਸਰ ਇਹ ਹੋਇਆ ਕਿ ਨਾ ਪੰਜਾਬ ਨੂੰ ਕੁਝ ਪੈਸਾ ਮਿਲਿਆ ਅਤੇ ਨਾ ਬਾਹਿਰੋਂ ਕੁਝ ਆਇਆ। ਇਨ੍ਹਾਂ ਨੇ ਪਜਾਬ ਦੀ ਡਿਵੈਲਪਮੈਂਟ ਨਹੀਂ ਕੀਤੀ। ਇਨ੍ਹਾਂ ਦੇ ਸੈਂਟਰ ਨਾਲ ਖਿਆਲਾਤ ਮਿਲਦੇ ਨਹੀਂ ਸਨ ਕਿਉਂਕਿ ਇਹ ਉਲ-ਟੀਆਂ ਗੱਲਾਂ ਕਰਦੇ ਹੁੰਦੇ ਸਨ। ਡਿਪਟੀ ਸਪੀਕਰ ਸਾਹਿਬ, ਇਕ ਗਲ ਸਰਦਾਰ ਬਲਵੰਤ ਸਿਘ ਜੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਨੇ ਹੋਰ ਕੀਤੀ ਸੀ। ਇਹ ਕਹਿੰਦੇ ਸਨ ਕਿ ਅਸੀਂ ਕਮਿਊਨਲ ਨਹੀਂ, ਬਲਕਿ ਡੈਮੋਕਰੇਟਿਕ ਅਤੇ ਸੈਕੂਲਰ ਹਾਂ। ਇਹ ਮੇਰੇ ਸਾਹਮਣੇ ਬੈਠੇ ਵੀਰ, ਆਨਰੇਬਲ ਮੈਂਬਰ ਬੈਠੇ ਹਨ ਇਨ੍ਹਾਂ ਵਿਚੋਂ ਇਕ ਮੈਂਬਰ ਨੇ ਵੀ ਚਿੱਟੀ ਪਗੜੀ ਨਹੀਂ ਬੰਨੀ ਹੋਈ। ਸਾਰਿਆਂ ਨੇ ਹੀ ਨੀਲੀਆਂ ਪਗਾਂ ਬੰਨੀਆਂ ਹੋਈਆਂ ਹਨ ਅਤੇ ਨਾ ਹੀ ਕੋਈ ਮੇਰੇ ਵਰਗਾ ਜਿਸਦਾ ਸਿਰ ਘਸਿਆ ਹੋਇਆ ਹੋਵੇ ਉਹ ਇਨ੍ਹਾਂ ਨਾਲ ਬੈਠਾ ਹੈ। ਇਹ ਕਹਿੰਦੇ ਹਨ ਕਿ ਅਸੀਂ ਸੈਕੂਲਰ ਹਾਂ। (ਵਿਘਨ)

ਇੱਕ ਆਵਾਜ਼: ਇਹ ਸਾਰੀਆਂ ਗਲਤ ਗੱਲਾਂ ਕਰੀ ਜਾਂਦੇ ਹਨ ਅੌਰ ਤੁਸੀਂ ਇਨ੍ਹਾਂ ਨੂੰ ਇਜਾਜ਼ਤ ਦੇ ਦਿੰਦੇ ਹੋ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਡਿਪਟੀ ਸਪੀਕਰ ਸਾਹਿਬ, ਜਦੋਂ ਇਨ੍ਹਾਂ ਦੀ ਸੈਂਟਰ ਦੇ ਵਿਚ ਸਰਕਾਰ ਹਾਰ ਗਈ ਅੌਰ ਇਨ੍ਹਾਂ ਨੂੰ ਕਿਹਾ ਗਿਆ ਕਿ ਅਸਤੀਫਾ ਦੇ ਦਿਉ ਤਾਂ ਇਨ੍ਹਾਂ ਨੇ ਕਿਹਾ ਕਿ ਅਸੀਂ ਅਸਤੀਫਾ ਨਹੀਂ ਦਿੰਦੇ। ਇਥੇ ਇਨ੍ਹਾਂ ਨੇ ਕਿਹਾ ਕਿ ਜੇ ਸਾਡੀ ਸਰਕਾਰ ਤੋੜੀ ਗਈ ਤਾਂ ਅਸੀਂ ਪੰਜਾਬ ਨੂੰ ਆਸਾਮ ਬਣਾ ਦਿਆਂਗੇ। ਇਹ ਇਨ੍ਹਾਂ ਸਾਡੇ ਸੂਰਬੀਰਾਂ ਨੇ ਕਿਹਾ ਕਿ ਅਸੀਂ ਇਥੇ ਆਸਾਮ ਬਣਾ ਦਿਆਂਗੇ, ਜਿਸ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਨੂੰ ਵੋਟਾਂ ਨਹੀਂ ਮਿਲੀਆਂ। ਆਸਾਮ ਤਾਂ ਇਨ੍ਹਾਂ ਨੇ ਕੀ ਬਣਾਉਣਾ ਸੀ,ਹੁਣ ਇਨ੍ਹਾਂ ਨੇ ਖਾਲਿਸਤਾਨ ਦਾ ਨਾਹਰਾ ਲਗਾ ਦਿੱਤਾ ਹੈ। (ਵਿਘਨ)ਮੈਂ ਤਹਾਡੇ ਰਾਹੀਂ ਆਪਣੀ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਸ਼ੋਸ਼ੇ ਛੱਡੇ ਹਨ, ਇਨ੍ਹਾਂ ਗੱਲਾਂ ਨਾਲ ਪੰਜਾਬ ਵਿਚ ਅੱਗ ਲਗੇਗੀ। 'ਹਿੰਦ ਸਮਾਚਾਰ ਇਨ੍ਹਾਂ ਦੀ ਅਖਬਾਰ ਹੈ ਜਿਹੜੀ ਇਨ੍ਹਾਂ ਦੇ ਨਾਲ ਚਲਦੀ ਹੈ। ਇਹ 3 ਜੁਲਾਈ 1980 ਦੀ ਅਖਬਾਰ ਹੈ ਜਿਸ ਦੇ ਵਿਚ ਲਿਖਿਆ ਹੈ 'ਪੰਜਾਬ ਮੇਂ ਅਕਾਲੀਓਂ ਕੀ ਤਰਫ਼ ਸੇ ਖਾਲਿਸਤਾਨ ਕੀ ਤਹਿਰੀਕ ਕੀ ਦਰ ਪਰਦਾ ਇਮਦਾਦ'। ਇਸੇ ਤਰ੍ਹਾਂ 'ਇੰਡੀਅਨ ਐਕਸਪਰੈਸ' ਅਖਬਾਰ ਹੈ 14 ਜੁਲਾਈ, 1980 ਦੀ।

ਵੇਦ ਕਰਤਾਰ ਸਿੰਘ: ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਡਿਪਟੀ ਸਪੀਕਰ: ਇਨ੍ਹਾਂ ਨੂੰ ਪਹਿਲਾਂ ਆਪਣੀ ਸਪੀਚ ਖਤਮ ਕਰ ਲੈਣ ਦਿਉ। 2-3 ਮਿੰਟ ਇਨ੍ਹਾਂ ਦੇ ਰਹਿੰਦੇ ਹਨ, ਇਨ੍ਹਾਂ ਨੂੰ ਪਹਿਲਾਂ ਖਤਮ ਕਰ ਲੈਣ ਦਿਉ।

ਵੇਦ ਕਰਤਾਰ ਸਿੰਘ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਤਾਂ ਖਾਲਿਸਤਾਨ ਦੀ ਗੱਲ ਨਹੀਂ ਕਰਦਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਅਕਾਲੀ ਪਾਰਟੀ, ਸੀ.ਪੀ.ਆਈ., ਸੀ.ਪੀ.ਐਮ. ਅਤੇ ਹੋਰ ਦੂਜੀਆਂ ਪਾਰਟੀਆਂ ਨੇ ਆਪਣਾ ਸਾਰਾ ਜ਼ੋਰ ਲਾ ਲਿਆ ਕਾਂਗਰਸ ਪਾਰਟੀ ਨੂੰ ਥੱਲੇ ਸੁਟਣ ਵਾਸਤੇ ਪਰ ਇਹ ਨਹੀਂ ਸੁੱਟ ਸਕੇ। ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਆਪਣੇ ਢਾਈ ਸਾਲ ਦੇ ਰਾਜ ਵਿੱਚ ਪੰਜਾਬ ਦੀ ਬੇਹਤਰੀ ਵਾਸਤੇ ਕੋਈ ਕੰਮ ਨਹੀਂ ਕੀਤਾ। ਜਿਹੜੀਆਂ ਪਿੱਛੇ ਅਸੀਂ ਲੀਕਾਂ ਪਾ ਗਏ ਸੀ ਉਨ੍ਹਾਂ ਤੇ ਹੀ ਥੋੜ੍ਹਾ ਬਹੁਤ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਉਹ ਵੀ ਕਈ ਕੰਮ ਇਨ੍ਹਾਂ ਨੇ ਖਰਾਬ ਕਰ ਦਿੱਤੇ।

ਇਕ ਆਵਾਜ਼: ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਜਿਹੜੇ ਮਾਨਯੋਗ ਮੈਂਬਰ ਬੈਠੇ ਬੈਠੇ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਐਡਰੈਸ ਦੀ ਚੇਅਰ, ਪਲੀਜ਼।

ਸ਼੍ਰੀ ਓਮ ਪ੍ਰਕਾਸ਼ ਗੁਪਤਾ: 'ਆਪਨੀ ਸਿਆਸਤ ਮੇਂ ਵੋ ਹੋ ਗਏ ਫੇਲ੍ਹ,
ਸਿਆਸਤ ਨਹੀਂ ਕੋਈ ਬਚੋਂ ਕਾ ਖੇਲ' (ਹਾਸਾ)

ਡਿਪਟੀ ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਜੀ ਨੇ ਫਾਈਨਾਂਸ਼ਲ ਅਟਾਨੋਮੀ ਦੀ ਗਲ ਕੀਤੀ ਹੈ।

ਸ਼੍ਰੀ ਡਿਪਟੀ ਸਪੀਕਰ: ਗੁਪਤਾ ਜੀ, ਹੁਣ ਤੁਸੀਂ ਵਾਈਂਡ ਅੱਪ ਕਰ ਦਿਉ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਤਾਂ ਜੀ ਅਜੇ 2 ਮਿੰਟ ਵੀ ਨਹੀਂ ਬੋਲਿਆ।

ਜਿੱਥੋਂ ਤਕ, ਡਿਪਟੀ ਸਪੀਕਰ ਸਾਹਿਬ, ਜ਼ਿਆਦਾ ਫਾਈਨਾਨਸਿਜ਼ ਲੈਣ ਦਾ ਨਾਹਰਾ ਹੈ, ਇਹ ਚੰਗਾ ਕੰਮ ਕੀਤਾ ਹੈ। (ਵਿਘਨ)

ਸਰਦਾਰ ਜਸਮਤ ਸਿੰਘ ਢਿੱਲੋਂ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਇਨ੍ਹਾਂ ਨੇ ਫਾਈਨਾਂਸ਼ਲ ਅਟਾਨੋਮੀ ਦੀ ਗੱਲ ਕੀਤੀ ਹੈ ਕਿ ਸਟੇਟ ਨੂੰ ਜ਼ਿਆਦਾ ਫਾਈਨਾਂਨਸਿਜ਼ ਮਿਲਣੇ ਚਾਹੀਦੇ ਹਨ। ਇਹ ਕਹਿੰਦੇ ਹਨ ਕਿ ਅਸੀਂ ਅਲੈਹਿਦਾ ਹੋ ਜਾਣਾ ਹੈ। ਇਹ ਕਹਿੰਦੇ ਹਨ ਕਿ ਸੈਂਟਰਲ ਸੇਲਜ਼ ਟੈਕਸ ਦਾ ਇਨਕਮ ਟੈਕਸ ਦਾ ਜੋ ਮਹਿਕਮਾ ਹੈ ਉਹ ਸਾਨੂੰ ਦੇ ਦਿਓ। ਜਿਹੜਾ ਸੈਂਟਰ ਦੀ ਸਰਕਾਰ ਨੇ ਕੰਮ ਕਰਨਾ ਹੈ, ਇਹ ਕਹਿੰਦੇ ਹਨ ਕਿ ਸਾਨੂੰ ਦੇ ਦਿਓ ਇਹ ਫਾਈਨਾਂਨਸ਼ਲ ਅਟਾਨੋਮੀ ਅਲੈਹਿਦਗੀ ਦੀ ਗੱਲ ਹੈ। ਫਾਈਨਾਂਸ਼ਲ ਅਟਾਨੋਮੀ ਇਸ ਦੇ ਲਈ ਬੁਨਿਆਦ ਰੱਖੀ ਗਈ ਹੈ । ਇਹ ਅਲੈਹਿਦਾ ਹੋਣ ਵਾਸਤੇ ਬੁਨਿਆਦ ਰੱਖ ਰਹੇ ਹਨ। ਇਹ ਗੱਲ ਨਹੀਂ ਹੋਣੀ ਚਾਹੀਦੀ। ਸੈਂਟਰ ਕੋਲ ਡੀਫੈਂਸ, ਰੇਲਵੇ, ਐਗਰੀਕਲਚਰ ਦਾ ਮਹਿਕਮਾ ਹੈ ਔਰ ਡੈਮਜ਼ ਬਣਾਉਣ ਦਾ ਕੰਮ ਹੈ ਜਾਂ ਸੈਂਟਰ ਦੀ ਸਰਕਾਰ ਨੇ ਸਟੀਲ ਪਲਾਂਟ ਲਗਾਣੇ ਹਨ। ਇਸ ਕਰਕੇ ਇਹ ਜਿਹੜੀ ਇਨ੍ਹਾਂ ਦੀ ਡੀਮਾਂਡ ਹੈ ਇਸ ਦੀ ਬੈਕਗਰਾਊਂਡ ਕੁਝ ਹੋਰ ਹੈ। ਇਹ ਡੀਮਾਂਡ ਇਨ੍ਹਾਂ ਦੀ ਪੂਰੀ ਨਹੀਂ ਹੋਈ। ਇਹ ਡਿਮਾਂਡ ਜਨਤਾ ਸਰਕਾਰ ਨੇ ਵੀ ਨਹੀਂ ਸੀ ਮੰਨੀ। (ਇਸ ਵਕਤ ਕੁਝ ਮੈਂਬਰ ਬੈਠੇ ਬੈਠੇ ਬੋਲ ਰਹੇ ਸਨ ** ** **)

ਸ਼੍ਰੀ ਡਿਪਟੀ ਸਪੀਕਰ: ਜੋ ਮਾਨਯੋਗ ਮੈਂਬਰ ਬੈਠੇ ਬੈਠੇ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਗੁਪਤਾ ਜੀ, ਹੁਣ ਤੁਸੀਂ ਇਕ ਮਿੰਟ ਵਿਚ ਹੀ ਵਾਈਂਡ ਅੱਪ ਕਰ ਦਿਉ। ਮਨਿਸਟਰ ਸਾਹਿਬ ਨੇ ਜਵਾਬ ਵੀ ਦੇਣਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਇਹ ਗੱਲ ਵੀ ਨਹੀਂ ਸੁਣਦੇ ਮੇਰੀ, ਬੈਠੇ ਬੈਠੇ ਬੋਲੀ ਜਾਂਦੇ ਹਨ। ਗਲ ਇਹ ਹੈ ਕਿ ਫਾਈਨਾਂਸ਼ਲ ਅਟਾਨੋਮੀ ਦੇ ਮਗਰ ਇਨ੍ਹਾਂ ਦੀ ਬੈਗਰਾਊਂਡ ਕੁਝ ਹੋਰ ਹੈ। (ਮਾਨਯੋਗ ਮੈਂਬਰ ਸ਼੍ਰੀ ਚਮਨ ਲਾਲ ਜੀ ਵਲੋਂ ਵਿਘਨ) ਵੱਡਾ ਭਰਾ ਹੈ ਮੇਰਾ, ਜੇ ਛੋਟੇ ਭਰਾ ਨੂੰ ਕੁਝ ਕਹਿ ਲਿਆ ਤਾਂ ਫਿਰ ਕੀ ਹੈ ? (ਵਿਘਨ) (ਸ਼ੋਰ)

ਇਕ ਆਵਾਜ਼: ਇਹ ਸ਼ਬਦ ਨਹੀਂ ਕਹਿਣੇ ਚਾਹੀਦੇ। ਜੇ ਕਹੇ ਹਨ ਤਾਂ ਐਕਸਪੰਜ ਕਰ ਦਿਉ ਜੀ।

**Expunged—Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਮੈਂ ਪਹਿਲਾਂ ਹੀ ਕਿਹਾ ਹੈ ਕਿ ਜੋ ਮਾਨਯੋਗ ਮੈਂਬਰ ਬੈਠੇ ਬੈਠੇ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਗੁਪਤਾ ਸਾਹਿਬ, ਹੁਣ ਵਾਈਂਡ' ਅੱਪ ਕਰ ਦਿਓ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਇਨ੍ਹਾਂ ਦੀ ਫਾਈਨਾਂਸ਼ਲ ਅਟਾਨੋਮੀ ਦੀ ਮੰਗ ਜੋ ਸੀ ਉਸ ਦੇ ਬਾਰੇ ਆਨੰਦਪੁਰ ਸਾਹਿਬ ਵਿਚ ਇਕ ਰੈਜ਼ੋਲਿਊਸ਼ਨ ਹੋਇਆ ਸੀ। ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਤੇ ਇਨ੍ਹਾਂ ਦੀ ਫਾਈਨਾਂਸ਼ਲ ਅਟਾਨੋਮੀ ਦੀ ਮੰਗ ਬੇਸ ਕਰਦੀ ਸੀ। ਮਗਰ ਇਹ ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਲੁਧਿਆਣੇ ਵਿਚ ਵੱਡਾ ਰੈਜ਼ੋਲਿਊਸ਼ਨ ਹੋ ਗਿਆ। ਜਿਹੜੀ ਸਿੱਖ ਸਟੇਟ ਬਣਾਉਣੀ ਹੈ ਉਸ ਦੀ ਇਹ ਬੈਕ-ਗਰਾਉਂਡ ਹੈ । ਅਜੇ ਤਕ ਉਹ ਰੈਜ਼ੋਲਿਊਸ਼ਨ ਵਿਦਡਰਾ ਨਹੀਂ ਕੀਤਾ ਗਿਆ। ਇਹ ਕਹਿੰਦੇ ਹਨ ਕਿ ਅਸੀਂ ਸਿੱਖ ਸਟੇਟ ਦੀ ਗੱਲ ਨਹੀਂ ਕਰਦੇ । ਜੇ ਇਹ ਗੱਲ ਨਹੀਂ ਕਰਦੇ ਤਾਂ ਕਿਉਂ ਨਹੀਂ ਉਹ ਰੈਜ਼ੋਲਿਊਸ਼ਨ ਵਿਦਡਰਾ ਕਰਦੇ । ਜੇ ਇਮਾਨਦਾਰੀ ਹੈ ਤੁਹਾਡੇ ਅੰਦਰ, ਜੇ ਇਹ ਚੀਜ਼ ਠੀਕ ਨਹੀਂ ਹੈ ਤਾਂ ਉਹ ਰੈਜ਼ੋਲਿਊਸ਼ਨ ਆਪਣੀ ਪਾਰਟੀ ਤੋਂ ਵਾਪਸ ਕਰਵਾਉ । ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਸੈਕੂਲਰ ਹੋ ਅਤੇ ਕਮਿਊਨਲ ਨਹੀਂ ਹੋ, ਜੇ ਤੁਹਾਡੀ ਡੀਮਾਂਡ ਸਹੀ ਹੈ ਤਾਂ ਕਰਾਓ ਆਪਣੀ ਪਾਰਟੀ ਵੱਲੋਂ ਉਹ ਰੈਜ਼ੋਲਿਊਸ਼ਨ ਵਾਪਸ।

ਆਵਾਜ਼: ਇਹ ਵਾਪਸ ਨਾ ਲਿਆ ਹੁਣ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਜੇ ਵਾਪਸ ਨਹੀਂ ਲੈਣਾ ਤਾਂ ਫਿਰ ਗੱਲ ਕੀ ਬਣੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਲਓ ਮੈਂ ਨਹੀਂ ਹੁਣ ਬੋਲਦਾ।

ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਥੋੜ੍ਹਾ ਜਿਹਾ ਵਧਾਇਆ ਹੈ। (ਵਿਘਨ) ਅਕਾਲੀ ਸਰਕਾਰ ਨੇ ਵਾਇਦਾ ਕੀਤਾ ਸੀ ਕਿ ਸੇਲਜ਼ ਟੈਕਸ ਹਟਾ ਦਿੱਤਾ ਜਾਵੇਗਾ, ਜਨਤਾ ਸਰਕਾਰ ਨੇ ਵੀ ਵਾਇਦਾ ਕੀਤਾ ਸੀ।

ਇਕ ਆਵਾਜ਼: ਅਕਾਲੀ ਸਰਕਾਰ ਨੇ ਕੋਈ ਵਾਇਦਾ ਨਹੀਂ ਸੀ ਕੀਤਾ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਚਲੋ ਜਨਤਾ ਸਰਕਾਰ ਨੇ ਹੀ ਵਾਇਦਾ ਕੀਤਾ ਸੀ । (ਵਿਘਨ) ਚਲੋ ਮੈਂ ਲਫ਼ਜ਼ ਵਾਪਸ ਲੈਂਦਾ ਹਾਂ ਕਿ ਅਕਾਲੀ ਸਰਕਾਰ ਨੇ ਵਾਇਦਾ ਕੀਤਾ ਸੀ। ਜਨਤਾ ਸਰਕਾਰ ਨੇ ਵਾਇਦਾ ਕੀਤਾ ਸੀ ਕਿ ਸੇਲਜ਼ ਟੈਕਸ ਹਟਾ ਦਿੱਤਾ ਜਾਵੇਗਾ । (ਵਿਘਨ) ਇਹ ਚਾਰ ਕਰੋੜ ਰੁਪਏ ਦੀ ਰਕਮ ਕੋਈ ਵੱਡੀ ਰਕਮ ਨਹੀਂ ਹੈ । ਲੇਕਿਨ ਇਸ ਦਾ ਜਿਹੜਾ ਅਸਰ ਪਵੇਗਾ ਔਰ ਇਹ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ)ਇਸ ਨੂੰ ਐਕਸਪਲਾਇਟ ਕਰਨਗੇ। ਸ਼ਹਿਰਾਂ ਵਿਚ ਇਸ ਦਾ ਕ੍ਰਿਟੀਸਿਜ਼ਮ ਹੋਏਗਾ। ਇਹ 4 ਕਰੋੜ ਰੁਪਿਆ ਤਾਂ ਸੇਲਜ਼ ਟੈਕਸ ਦੀ ਚੋਰੀ ਵਿਚੋਂ ਨਿਕਲ ਸਕਦਾ ਹੈ। ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ)। ਆਪਣੇ ਵੇਲੇ ਐਕਸਾਈਜ਼ ਦੇ ਐਡੀਸ਼ਨਲ ਠੇਕੇ ਦੇ ਕੇ ਆਪਣਾ ਖਜ਼ਾਨਾ ਪੂਰਾ ਕੀਤਾ ਸੀ। ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਹੋਰ ਐਕਸਾਈਜ਼

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਦੇ ਠੇਕੇ ਦੇਣ, ਲੋਕਾਂ ਨੇ ਸ਼ਰਾਬ ਤਾਂ ਬੰਦ ਕਰਨੀ ਹੀ ਨਹੀਂ। (ਵਿਘਨ) ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਪੈਸੰਜਰ ਟੈਕਸ ਦੀ ਚੋਰੀ ਹੁੰਦੀ ਹੈ। ਉਸ ਨੂੰ ਅਗਰ ਰੋਕਿਆ ਜਾਏ ਤਾਂ ਵੀ ਕਾਫ਼ੀ ਰੁਪਿਆ ਆ ਸਕਦਾ ਹੈ।

ਹੁਣ ਮੈਂ ਥੋਹੜੀ ਜਿਹੀ ਇੰਡਸਟਰੀ ਤੇ ਗੱਲ ਕਰਨੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਜਦੋਂ ਹਿੰਦੁਸਤਾਨ ਦੀ ਵੰਡ ਹੋਈ ਸੀ, 1947 ਵਿਚ ਤਾਂ ਉਸ ਵਕਤ ਪੰਜਾਬ ਵਿਚ ਕੁੱਲ 1,000 ਇੰਡਸਟਰੀ ਦੇ ਯੂਨਿਟਸ ਸਨ ਜਦੋਂ ਕਿ ਹਰਿਆਣਾ ਅਤੇ ਹਿਮਾਚਲ ਵੀ ਇਸ ਵਿਚ ਸ਼ਾਮਲ ਸਨ। ਫਿਰ ਇਨ੍ਹਾਂ ਦੀ ਮੇਹਰਬਾਨੀ ਹੋਈ ਛੋਟਾ ਪੰਜਾਬ ਹੋ ਗਿਆ। ਇੰਡਸਟਰੀ ਵੰਡੀ ਗਈ। ਫਿਰ ਵੀ 1967 ਤਕ 50000 ਯੂਨਿਟਸ ਹੋ ਗਏ ਸਨ। ਮਗਰ ਜਦੋਂ ਇਸ ਪੰਜਾਬ ਦੀ ਵੰਡ ਹੋਈ, ਫਿਰ 30 ਹਜ਼ਾਰ ਯੂਨਿਟਸ ਰਹਿ ਗਏ। ਕਾਂਗਰਸ ਨੇ ਮੇਹਨਤ ਕੀਤੀ ਅਤੇ ਉਹ ਯੂਨਿਟਸ 1977 ਤਕ 55000 ਹੋ ਗਏ। ਇਨ੍ਹਾਂ ਨੇ ਆਪਣੇ ਵੇਲੇ ਸ਼ਹਿਰਾਂ ਵਲ ਖਿਆਲ ਹੀ ਨਹੀਂ ਕੀਤਾ। ਫਿਰ ਤਰੱਕੀ ਤਾਂ ਹੋਣੀ ਹੀ ਕੀ ਸੀ। ਇਹ ਤਾਂ ਆਪਣੀ ਲੜਾਈ ਵਿਚ ਲਗੇ ਰਹੇ। ਇੰਡਸਟਰੀ ਦੀ ਹਾਲਤ ਬੁਰੀ ਹੋ ਗਈ ਸੀ ਕਿਉਂਕਿ ਬਿਜਲੀ ਬੰਦ ਸੀ। ਲੋਹਾ ਨਹੀਂ ਮਿਲਦਾ ਸੀ ਅਤੇ ਨਾ ਕੋਈ ਇਸ ਲਈ ਅਰੇਂਜਮੈਂਟ ਕੀਤਾ ਜਾ ਰਿਹਾ ਸੀ। ਬਾਦਲ ਸਾਹਿਬ ਨੇ ਇਕ ਵਾਰੀ ਸਟੇਟਮੈਂਟ ਦਿੱਤੀ ਸੀ ਕਿ ਬਿਜਲੀ ਇਕ ਮਿੰਟ ਲਈ ਬੰਦ ਨਹੀਂ ਹੋਵੇਗੀ। ਮਗਰ ਥੋਹੜੇ ਦਿਨਾਂ ਬਾਦ ਬਿਜਲੀ ਦੀ ਕੱਟ ਲਗ ਗਈ ਸੀ ਅੱਜ ਉਹੀ ਕੱਟ ਦੀ ਬੀਮਾਰੀ ਅੱਜ ਤਕ ਚਲੀ ਆਉਂਦੀ ਹੈ। (ਘੰਟੀ) ਤਰੱਕੀ ਤਾਂ ਕੀ ਹੋਣੀ ਸੀ। ਡਿਪਟੀ ਸਪੀਕਰ ਸਾਹਿਬ ਵਿਲੇਜ ਦੇ ਅੰਦਰ ਇੰਡਸਟਰੀ ਲਾਉਣ ਦਾ ਇਕ ਬੈਸਟ ਤਰੀਕਾ ਇਹ ਹੈ ਕਿ ਕਾਟੇਜ ਇੰਡਸਟਰੀ ਜਾਂ ਛੋਟੀ ਇੰਡਸਟਰੀ ਉਥੇ ਲਾਈ ਜਾਵੇ। ਉਥੇ ਹੈਂਡ ਲੂਮ ਇੰਡਸਟਰੀ ਲਾਉਣੀ ਚਾਹੀਦੀ ਹੈ। ਸਰਕਾਰ ਉਨ੍ਹਾਂ ਨੂੰ ਮਾਲ ਦੇਵੇ ਅਤੇ ਉਨ੍ਹਾਂ ਦਾ ਬਣਿਆ ਹੋਇਆ ਮਾਲ ਚੁੱਕੇ। ਸਮਾਲ ਸਕੇਲ ਇੰਡਸਟਰੀ ਦੀ ਡਿਵੈਲਪਮੈਂਟ ਪਿੰਡਾਂ ਵਿਚ ਹੋਣੀ ਚਾਹੀਦੀ ਹੈ ਅੱਜ ਇਥੇ ਜਿਹੜੀ ਸ਼ਹਿਰਾਂ ਦੀ ਆਬਾਦੀ ਇਨ੍ਹਾਂ ਕਰਕੇ ਵੱਧ ਰਹੀ ਹੈ ਉਹ ਨਾ ਵਧੇ ਅਤੇ ਇਹ ਪਿੰਡਾਂ ਤਕ ਹੀ ਮਹਿਦੂਦ ਰਹਿ ਜਾਵੇ।

(ਸ਼੍ਰੀ ਡਿਪਟੀ ਸਪੀਕਰ ਨੇ ਐਫ.ਐਮ. ਸਾਹਿਬ ਨੂੰ ਬੋਲਣ ਲਈ ਕਿਹਾ ਪਰ ਆਪੋਜ਼ੀਸ਼ਨ ਪਾਰਟੀਆਂ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਤੁਸੀਂ ਰਿਕਾਰਡ ਕੱਢਾ ਕੇ ਵੇਖ ਲਵੋ। ਸਾਰੀਆਂ ਪਾਰਟੀਆਂ ਨੂੰ ਜਿੰਨਾਂ ਟਾਈਮ ਅਲਾਟ ਹੋਇਆ ਸੀ ਅਗਰ ਉਨ੍ਹਾਂ ਦਾ ਸਾਰਾ ਸਮਾਂ ਐਗਜ਼ਾਸਟ ਨਹੀਂ ਹੋਇਆ ਤਾਂ ਉਨ੍ਹਾਂ ਨੂੰ ਬੋਲਣ ਦਾ ਸਮਾਂ ਜ਼ਰੂਰ ਮਿਲਣਾ ਚਾਹੀਦਾ ਹੈ, ਚਾਹੇ ਹਾਊਸ ਕਿਉਂ ਨਾ ਐਕਸਟੈਂਡ ਕਰਨਾ ਪਵੇ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਆਨਰੇਬਲ ਮੈਂਬਰਜ਼ ਡਿਮਾਂਡਜ਼ ਤੇ ਬੋਲ ਲੈਣਗੇ। ਅੱਜ ਬਾਅਦ ਦੁਪਹਿਰ ਵੀ ਡਿਮਾਂਡਜ਼ ਆਉਣੀਆਂ ਹਨ। ਕਲ ਸ਼ਾਮ ਨੂੰ ਵੀ ਆਉਣੀਆਂ ਹਨ। ਬੋਲਣ ਲਈ ਕਾਫੀ ਸਮਾਂ ਮਿਲੇਗਾ। ਉਸ ਸਮੇਂ ਇਹ ਆਪਣੇ ਵਿਚਾਰ ਰੱਖ ਲੈਣਗੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਅੱਜ ਤਕ ਕਦੇ ਇਸ ਤਰ੍ਹਾਂ ਨਹੀਂ ਹੋਇਆ। ਟਾਈਮ ਜਿੰਨਾ ਅਲਾਟ ਹੁੰਦਾ ਹੈ, ਦੇਣਾ ਪੈਂਦਾ ਹੈ।

EXTENSION OF TIME OF THE SITTING

Finance Minister (Dr. Kewal Krishan) : Sir, I request that the time of the sitting of the House may be extended by 15 minutes.

Original with;
Punjab Vidhan Sabha
Digitized by;
Panjab Digital Library

Mr. Deputy Speaker : Is it the pleasure of the House that the time of the sitting of the House may be extended by 15 minutes ?

(*Voices* ; Yes, yes.)

Mr. Deputy Speaker : The time of the House is extended up to 1·15 P.M.

WALK-OUT(S)

(ਇਸ ਸਮੇਂ ਸਰਦਾਰਨੀ ਸਤਵੰਤ ਕੌਰ ਸੰਧੂ, ਸਰਦਾਰ ਪ੍ਰੇਮ ਸਿੰਘ ਲਾਲਪੁਰਾ ਅਤੇ ਸਰਦਾਰ ਜਸਮਤ ਸਿੰਘ ਢਿੱਲੋਂ ਬੋਲਣ ਲਈ ਖੜੇ ਸਨ, ਪਰ ਸ਼੍ਰੀ ਡਿਪਟੀ ਸਪੀਕਰ ਨੇ ਸਰਦਾਰ ਪ੍ਰੇਮ ਸਿੰਘ ਲਾਲਪੁਰਾ ਨੂੰ ਬੋਲਣ ਲਈ ਕਿਹਾ ਜਿਸ ਦੇ ਰੋਸ ਵਜੋਂ ਸਰਦਾਰਨੀ ਸਤਵੰਤ ਕੌਰ ਸੰਧੂ ਅਤੇ ਸਰਦਾਰ ਜਸਮਤ ਸਿੰਘ ਢਿੱਲੋਂ ਸਦਨ ਵਿੱਚੋਂ ਵਾਕ ਆਊਟ ਕਰ ਗਏ)

GENERAL DISCUSSSION ON THE BUDGET ESTIMATES FOR THE YEAR 1980-81 (*Resumption*)

ਸਰਦਾਰ ਪ੍ਰੇਮ ਸਿੰਘ ਲਾਲਪੁਰਾ (ਤਰਨ ਤਾਰਨ) : ਡਿਪਟੀ ਸਪੀਕਰ ਸਾਹਿਬ, ਬਜਟ ਤੇ ਬਹਿਸ ਹੋ ਰਹੀ ਹੈ ਔਰ ਮੈਂ ਇਸ ਬਜਟ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਇਹ ਬਜਟ ਇਸ ਪੰਜਾਬ ਉਤੇ 70 ਕਰੋੜ ਰੁਪਏ ਦਾ ਘਾਟਾ ਲੈ ਕੇ ਆਇਆ ਹੈ। ਅੱਜ ਪੰਜਾਬ ਦੀ ਜਨਤਾ ਦੇ ਅੰਦਰ ਚਾਹੇ ਕੋਈ ਇਕ ਦਿਨ ਦਾ ਬੱਚਾ ਵੀ ਹੈ, ਉਸ ਤੇ ਵੀ ਇਸ ਸਰਕਾਰ ਨੇ 70 ਰੁਪਏ ਦਾ ਟੈਕਸ ਲਾਇਆ ਹੈ। ਇਸ ਬਜਟ ਰਾਹੀਂ ਔਰ ਜਿੱਥੋਂ ਤਕ ਇਸ ਪੰਜਾਬ ਵਿਚ ਟੈਕਸਿਜ਼ ਦਾ ਸਬੰਧ ਹੈ ਪਹਿਲੀ ਦਫ਼ਾ ਜੋ 70 ਕਰੋੜ ਰੁਪਏ ਦੇ ਘਾਟੇ ਦਾ ਬਜਟ ਪੇਸ਼ ਕੀਤਾ ਗਿਆ ਹੈ ਉਸ ਵਿਚ ਜਨਰਲ ਸੇਲਜ਼ ਟੈਕਸ ਰਾਹੀਂ 17 ਕਰੋੜ ਰੁਪਏ ਦੇ ਟੈਕਸਿਜ਼ ਇਸ ਪੰਜਾਬ ਦੀ ਜਨਤਾ ਦੇ ਉਤੇ ਲਾਏ ਹਨ ਔਰ ਇਸ ਵਜ਼ੀਰੇ ਖਜ਼ਾਨਾ ਨੇ ਹੀ ਲਾਏ ਹਨ। ਸੇਲਜ਼ ਟੈਕਸ ਇਸ ਪੰਜਾਬ ਦੀ ਸਾਰੀ ਜਨਤਾ ਤੇ ਲਗਣਾ ਹੈ, ਚਾਹੇ ਉਹ ਛੋਟੇ ਤੋਂ ਛੋਟਾ ਮਜ਼ਦੂਰ ਹੋਵੇ, ਚਾਹੇ ਛੋਟਾ ਕਿਸਾਨ ਹੋਵੇ, ਚਾਹੇ ਝੌਂਪੜੀ ਵਿਚ ਰਹਿਣ ਵਾਲਾ ਹੋਵੇ, ਉਸ ਨੂੰ ਵੀ ਇਸ ਸੇਲਜ਼ ਟੈਕਸ ਰਾਹੀਂ ਇਸ ਪੰਜਾਬ ਦੀ ਸਰਕਾਰ ਨੇ ਜੋ ਤੋਹਫ਼ਾ ਦਿੱਤਾ ਹੈ ਸੇਲਜ਼ ਟੈਕਸ ਵਧਾ ਕੇ ਇਸ ਤੋਂ ਭੈੜਾ ਬਜਟ ਕੋਈ ਇਸ ਅੰਸਬਲੀ ਵਿਚ ਪੇਸ਼ ਨਹੀਂ ਹੋ ਸਕਦਾ । ਜਦੋਂ ਬਜਟ ਸਪੀਚ ਵਜ਼ੀਰੇ ਖਜ਼ਾਨਾ ਨੇ ਪੜ੍ਹੀ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੀ ਗੌਰਮਿੰਟ ਦੇ ਬਿਜਲੀ ਦੇ ਪ੍ਰੋਜੈਕਟ, ਟਰਾਂਸਪੋਰਟ ਅਤੇ ਇਰੀਗੇਸ਼ਨ ਘਾਟੇ ਵਿਚ ਚਲ ਰਹੇ ਹਨ । ਅਨੁਮਾਨ ਹੈ ਕਿ ਇਨ੍ਹਾਂ ਤੋਂ ਰਾਜ ਨੂੰ ਹਰ ਸਾਲ ਲਗਭਗ 100ਕਰੋੜ ਰੁਪਏ ਦਾ ਘਾਟਾ ਪੈਂਦਾ ਹੈ। ਇਸ ਲਈ ਮੈਨੂੰ ਖਦਸ਼ਾ ਹੈ ਕਿ ਸਰਕਾਰ ਬਜਟ ਸੈਸ਼ਨ ਉਠ ਜਾਣ ਤੋਂ ਬਾਦ ਪੰਜਾਬ ਦੀ ਜਨਤਾ ਉਤੇ ਇਕ ਅਰਬ ਰੁਪਏ ਦੇ ਹੋਰ ਟੈਕਸ ਲਾਉਣ ਜਾ ਰਹੀ ਹੈ ਜਿਸ ਤਰ੍ਹਾਂ ਉਨ੍ਹਾਂ ਦੀ ਬਜਟ ਸਪੀਚ ਤੋਂ ਇਸ਼ਾਰਾ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਟਰਾਂਸਪੋਰਟ ਦੇ ਬੜੇ ਭਾਰੀ ਖਰਚ ਵਧੇ ਹਨ, ਡੀਜ਼ਲ ਦੀਆਂ ਕੀਮਤਾਂ ਵਧੀਆਂ ਹਨ ਇਸ ਕਰਕੇ ਇਹ ਪੈਸੰਜਰ ਟੈਕਸ ਵਧਾਉਣ ਦੀ ਸੋਚ ਰਹੇ ਹਨ। ਇਨ੍ਹਾਂ ਨੇ ਕਿਹਾ ਹੈ ਕਿ ਕੈਨਾਲਜ਼ ਦਾ ਪਾਣੀ ਦੇਣ ਵਿਚ ਵੀ ਸਰਕਾਰ ਨੂੰ ਬੜਾ ਘਾਟਾ ਪੈ ਰਿਹਾ ਹੈ।ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਆਬਿਆਨਾ ਵਧਾਉਣ ਦੀ ਅਤੇ ਬਿਜਲੀ ਦੇ ਰੇਟ ਵਧਾਉਣ ਦੀ ਗਲ ਕੀਤੀ ਹੈ। ਇਸ ਨਾਲੋਂ ਸ਼ਰਮਨਾਕ ਗੱਲ ਹੋਰ ਕੋਈ ਨਹੀਂ ਹੋ ਸਕਦੀ। 100 ਕਰੋੜ ਰੁਪਏ ਦਾ ਬੋਝ ਇਸ ਪੰਜਾਬ ਦੀ ਕਿਸਾਨੀ ਤੇ, ਪੰਜਾਬ ਦੀ ਜਨਤਾ ਤੇ ਪੰਜਾਬ ਦੀ ਸਰਕਾਰ ਪਾਉਣ ਜਾ ਰਹੀ ਹੈ। ਇਸ ਕਰਕੇ ਮੈਂ ਬੇਨਤੀ ਕਰਨੀ

Original with;
Punjab Vidhan Sabha
Digitized by:
Panjab Digital Library

[ਸਰਦਾਰ ਪ੍ਰੇਮ ਸਿੰਘ ਲਾਲਪੁਰਾ]

ਚਾਹੁੰਦਾ ਹਾਂ ਕਿ ਇਸ ਬਜਟ ਦੇ ਅੰਦਰ ਖਾਦ ਅਤੇ ਡੀਜ਼ਲ ਦੀਆਂ ਕੀਮਤਾਂ ਜੋ ਸੈਂਟਰ ਦੀ ਸਰਕਾਰ ਨੇ ਵਧਾਈਆਂ ਹਨ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਤਰ੍ਹਾਂ ਨਾਲ 165 ਕਰੋੜ ਰੁਪਿਆ ਪੰਜਾਬ ਦੇ ਕਿਸਾਨ ਦੀਆਂ ਜੇਬਾਂ ਵਿਚੋਂ ਕੱਢ ਕੇ ਦਿੱਲੀ ਦੀ ਸਰਕਾਰ ਦੇ ਖਜ਼ਾਨੇ ਵਿਚ ਪਾਇਆ ਜਾ ਰਿਹਾ ਹੈ। ਅਗਰ ਇਹ 165 ਕਰੋੜ ਰੁਪਏ ਪੰਜਾਬ ਦੇ ਖਜ਼ਾਨੇ ਵਿਚ ਜਾਂਦੇ ਤਾਂ ਸ਼ਾਇਦ ਮੈਨੂੰ ਇਸ ਦਾ ਥੋੜ੍ਹਾ ਅਫਸੋਸ ਹੁੰਦਾ। ਜੋ ਖਾਦ ਦੀ ਕੀਮਤ ਵਧਾਈ ਗਈ ਹੈ ਅਤੇ ਡੀਜ਼ਲ ਦੀ ਕੀਮਤ ਵਧਾਈ ਗਈ ਹੈ ਇਸ ਨਾਲ 1 ਅਰਬ 65 ਕਰੋੜ ਰੁਪਏ ਪੰਜਾਬ ਦੀ ਜੰਤਾ ਦੀ ਗਾੜੇ ਖੂਨ ਪਸੀਨੇ ਦੀ ਕਮਾਈ ਦਿਲੀ ਦੇ ਖਜ਼ਾਨੇ ਵਿਚ ਪਾਈ ਜਾ ਰਹੀ ਹੈ। ਪੰਜਾਬ ਦੇ ਖਜ਼ਾਨਾ ਮੰਤਰੀ ਨੇ ਆਪਣੀ ਬਜਟ ਸਪੀਚ ਵਿਚ ਇਸਦਾ ਕੋਈ ਜ਼ਿਕਰ ਨਹੀਂ ਕੀਤਾ। ਇਸ ਤੋਂ ਵੱਡੀ ਅਫਸੋਸਨਾਕ ਗਲ ਹੋਰ ਕੋਈ ਨਹੀਂ ਹੋ ਸਕਦੀ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਟਾਈਮ ਥੋੜ੍ਹਾ ਹੋਣ ਕਾਰਣ ਦੋ ਤਿੰਨ ਪੁਆਇੰਟਾਂ ਤੇ ਬੋਲਣ ਦੀ ਜ਼ਰੂਰ ਇਜਾਜ਼ਤ ਦਿੱਤੀ ਜਾਵੇ। (ਘੰਟੀ)

ਡਿਪਟੀ ਸਪੀਕਰ ਸਾਹਿਬ, ਜੋ ਅੱਜ ਪੰਜਾਬ ਦਾ ਸੱਭ ਤੋਂ ਮਹਾਨ ਮਸਲਾ ਹੈ ਜਿਸ ਦੇ ਸਬੰਧ ਵਿਚ ਟਰੇਜ਼ਰੀ ਬੈਂਚਿਜ਼ ਨੇ ਵੀ ਇਜ਼ਹਾਰ ਕੀਤਾ ਹੈ ਅਤੇ ਆਪੋਜ਼ੀਸ਼ਨ ਦੀਆਂ ਬੈਂਚਾਂ ਨੇ ਵੀ ਖੁਲ੍ਹ ਕੇ ਵਿਚਾਰ ਤੁਹਾਡੇ ਸਾਹਮਣੇ ਰਖੇ ਹਨ, ਉਹ ਮਸਲਾ ਹੈ ਐਮਰਜੰਸੀ ਦੇ ਦੌਰਾਨ ਜਦੋਂ ਸਾਡੇ ਸਾਰੇ ਦੋਸਤ ਹਿੰਦੁਸਤਾਨ ਦੀਆਂ ਜੇਲ੍ਹਾਂ ਵਿਚ ਕੈਦ ਸ਼ਨ ਤਾਂ ਹਿੰਦੁਸਤਾਨ ਦੀ ਸਰਕਾਰ ਨੇ ਅਤੇ ਉਸ ਵੇਲੇ ਦੀ ਪੰਜਾਬ ਸਰਕਾਰ ਨੇ, ਜਿਸ ਦੇ ਚੀਫ ਮਨਿਸਟਰ ਗਿਆਨੀ ਜ਼ੈਲ ਸਿੰਘ ਸਨ ਅਤੇ ਹਰਿਆਣੇ ਦੀ ਸਰਕਾਰ ਨੇ ਬੈਠ ਕੇ ਸਾਡੇ ਦਰਿਆਵਾਂ ਦੇ ਪਾਣੀ ਦੀ ਵੰਡ ਕਰ ਦਿੱਤੀ।ਐਮਰਜੰਸੀ ਵਿਚ ਪੰਜਾਬ ਨਾਲ ਜ਼ਿਆਦਤੀ ਕੀਤੀ ਗਈ। ਥੀਨ ਡੈਮ ਅਜੇ ਬਣਿਆ ਨਹੀਂ ਪਰ ਪਾਣੀ ਦੀ ਵੰਡ ਪਹਿਲਾਂ ਹੀ ਕਰ ਦਿੱਤੀ ਗਈ। ਰਾਵੀ, ਬਿਆਸ, ਸਤਲੁਜ, ਇਨ੍ਹਾਂ ਤਿੰਨਾਂ ਦਰਿਆਵਾਂ ਦਾ ਪਾਣੀ ਕੁੱਲ 150 ਕਰੋੜ ਏਕੜ ਫੀਟ ਬਣਦਾ ਹੈ। ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਵਿੱਚੋਂ 80 ਲੱਖ ਏਕੜ ਫੀਟ ਪਾਣੀ ਤਾਂ ਰਾਜਿਸਥਾਨ ਨੂੰ ਦਿੱਤਾ ਜਾ ਚੁਕਾ ਹੈ। ਬਾਕੀ ਦਾ 70 ਲੱਖ ਏਕੜ ਫੀਟ ਰਹਿ ਜਾਂਦਾ ਹੈ। ਉਸ ਨੂੰ ਵੀ ਪੰਜਾਬ ਅਤੇ ਹਰਿਆਣੇ ਵਿਚ ਵੰਡ ਦਿੱਤਾ ਗਿਆ। ਇਹ 50 ਫੀ ਸਦੀ ਬੇਸਿਜ਼ ਤੇ ਵੰਡਿਆ ਗਿਆ। 35 ਲੱਖ ਏਕੜ ਫੀਟ ਪਾਣੀ ਪੰਜਾਬ ਨੂੰ ਅਤੇ 35 ਲੱਖ ਏਕੜ ਫੀਟ ਪਾਣੀ ਹਰਿਆਣੇ ਨੂੰ ਦਿਤਾ ਗਿਆ। ਜਦੋਂ ਹਰਿਆਣਾ ਅਤੇ ਪੰਜਾਬ ਬਣੇ ਸੀ ਤਾਂ ਉਸ ਵੇਲੇ ਜਿਸ ਹਿਸਾਬ ਨਾਲ ਵੰਡ ਹੋਈ ਸੀ, ਯਾਨੀ 60:40 ਦੀ ਰੇਸ਼ੋ ਦੇ ਹਿਸਾਬ ਨਾਲ ਅਸੈਟਸ ਦੀ ਵੰਡ ਹੋਈ ਸੀ, ਉਸੇ ਲਿਹਾਜ਼ ਨਾਲ, ਪਾਣੀ ਦੀ ਵੰਡ ਕੀਤੀ ਜਾਂਦੀ । ਅੱਜ ਵੀ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਦੀ ਮੇਜ਼ ਤੇ ਇਹ ਫਾਇਲ ਪਈ ਹੈ। ਐਸਾ ਗਲਤ ਫੈਸਲਾ ਕਦੇ ਦੁਨੀਆਂ ਦੀ ਅਦਾਲਤ ਵਿਚ ਵੀ ਨਹੀਂ ਹੋਇਆ। ਪਹਿਲਾਂ ਤਾਂ ਪੰਜਾਬ ਦਾ ਪਾਣੀ ਵੰਡ ਕੇ ਅੱਧਾ ਹਰਿਆਣੇ ਨੂੰ ਦੇ ਦਿੱਤਾ ਗਿਆ। ਫਿਰ ਕਿਹਾ ਗਿਆ ਕਿ ਅਗਰ ਦਰਿਆਵਾਂ ਵਿਚ ਪਾਣੀ ਥੋੜ੍ਹਾ ਰਹਿ ਜਾਵੇ, ਬਰਫਾਂ ਨਾ ਪਿਗਲਣ,ਬਾਰਸ਼ਾਂ ਨਾ ਪੈਣ ਤਾਂ ਉਥੇ ਪਾਣੀ 50 ਲੱਖ ਏਕੜ ਫੀਟ ਰਹਿ ਜਾਂਦਾ ਹੈ ਤਾਂ ਉਸ ਵਿਚੋਂ ਹਰਿਆਣੇ ਨੂੰ 35 ਲੱਖ ਏਕੜ ਫੀਟ ਜ਼ਰੂਰ ਮਿਲੇਗਾ ਅਤੇ ਪੰਜਾਬ ਨੂੰ 15 ਲੱਖ ਏਕੜ ਫੀਟ ਮਿਲੇਗਾ। ਦੂਜੇ ਪਾਸੇ, ਅਗਰ ਦਰਿਆਵਾਂ ਅੰਦਰ ਬਾਰਸ਼ਾਂ ਨਾਲ ਪਾਣੀ ਜ਼ਿਆਦਾ ਹੋ ਜਾਵੇ, ਬਰਫਾਂ ਜ਼ਿਆਦਾ ਪਿਗਲ ਜਾਣ ਅਤੇ ਪਾਣੀ 70 ਲੱਖ ਏਕੜ ਫੀਟ ਤੋ ਵੱਧ ਕੇ 80 ਲੱਖ ਏਕੜ ਫੀਟ ਹੋ ਜਾਵੇ ਤਾਂ ਹਰਿਆਣੇ ਨੂੰ ਫਿਰ 50% ਦੇ ਬੇਸਿਜ਼ ਨਾਲ ਹਿੱਸਾ ਮਿਲੇਗਾ, ਯਾਨੀ 40 ਲੱਖ ਏਕੜ ਫੀਟ ਪਾਣੀ ਮਿਲੇਗਾ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਦਰਿਆਵਾਂ ਦੇ ਪਾਣੀ ਦਾ ਮਸਲਾ ਜਿਹੜਾ ਹੈ ਇਹ ਪੰਜਾਬ ਦੀ ਜ਼ਿੰਦਗੀ ਅਤੇ ਮੌਤ ਦਾ ਮਸਲਾ ਹੈ। ਇਹ ਪੰਜਾਬ ਦੇ ਕਿਸਾਨ, ਗਰੀਬ ਮਜ਼ਦੂਰ ਦਾ ਮਸਲਾ ਹੈ। ਇਥੇ ਮੇਰੇ ਭਰਾਵਾਂ ਨੇ ਬਾਦਲ ਸਾਹਿਬ ਦੀ ਸਪੀਚ ਤੋਂ ਬਾਅਦ ਕਿਹਾ ਸੀ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਅਸੀਂ ਕੀ ਕੀਤਾ ਸੀ ?

Original with;
Punjab Vidhan Sabha
Digitized by;
Panjab Digital Library

ਮੈਂ ਦਸਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਜਦੋਂ ਹਰਿਆਣੇ ਦੇ ਹਲਕੇ ਵਿਚ ਨਹਿਰ ਪੁੱਟੀ ਗਈ, ਆਨੰਦਪੁਰ ਸਾਹਿਬ ਤੋਂ ਨਹਿਰ ਪੁੱਟੀ ਗਈ ਤਾਂ ਉਸ ਤੋਂ ਬਾਅਦ ਸਾਡੀ ਸਰਕਾਰ ਬਣੀ ਤਾਂ ਇਹ ਕਰੈਡਿਟ ਸ਼੍ਰੋਮਣੀ ਅਕਾਲੀ ਦਲ ਨੂੰ ਜਾਂਦਾ ਹੈ ਜਿਸ ਨੇ ਇਹ ਨਹਿਰ ਪੰਜਾਬ ਵਿਚ ਪੁਟਵਾਣੀ ਬੰਦ ਕਰਵਾ ਦਿੱਤੀ ਅਤੇ ਦੁਨੀਆਂ ਦੀ ਕੋਈ ਤਾਕਤ ਇਸ ਨੂੰ ਪੰਜਾਬ ਵਿਚ ਪੁਟਵਾ ਵੀ ਨਹੀਂ ਸਕਦੀ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਹਾਊਸ ਸਾਰੇ ਪੰਜਾਬ ਦੀ ਅਗਵਾਈ ਕਰ ਰਿਹਾ ਹੈ। ਅੱਜ ਪੰਜਾਬ ਦੀ ਜੰਤਾ ਦੀ ਦਿਲ ਦੀ ਧੜਕਨ ਜਿਹੜੀ ਹੈ, ਉਹ ਇਸ ਹਾਊਸ ਵਲ ਵੇਖ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕੋ ਗੱਲ ਤੁਹਾਡੇ ਥਰੂ ਕਹਿਣਾ ਚਾਹੁੰਦਾ ਹਾਂ ਕਿ ਪਾਣੀ ਦੀ ਕਾਣੀ ਵੰਡ ਦਾ ਫੈਸਲਾ ਜੋ ਪੰਜਾਬ ਨਾਲ ਹੋਇਆ ਹੈ, ਇਹ ਪੰਜਾਬ ਦੀ ਜੰਤਾ ਨੂੰ ਕਦੇ ਮਨਜ਼ੂਰ ਨਹੀਂ ਹੋਵੇਗਾ ਅੌਰ ਜਦੋਂ ਤਕ ਪੰਜਾਬ ਨੂੰ ਪੂਰਾ ਹਿੱਸਾ ਪਾਣੀ ਦਾ ਨਹੀਂ ਮਿਲ ਜਾਂਦਾ, ਤਦ ਤਕ ਪੰਜਾਬ ਦੀ ਜੰਤਾ ਨਾਲ ਇਨਸਾਫ ਨਹੀਂ ਹੋਵੇਗਾ ਪੰਜਾਬ ਦੀ ਧਰਤੀ ਤੇ ਕੋਈ ਵੀ ਤਾਕਤ ਇਹ ਨਹਿਰ ਨਹੀਂ ਪੁੱਟ ਸਕੇਗੀ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਕਿਰਪਾ ਕਰਕੇ 1 ਮਿੰਟ ਵਿਚ ਫਾਈਂਡ ਅੱਪ ਕਰੋ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਅੱਜ ਵੀ, ਡਿਪਟੀ ਸਪੀਕਰ ਸਾਹਿਬ, ਇਥੇ ਬਹੁਤ ਕੁਝ ਕਿਹਾ ਗਿਆ ਹੈ। ਸਰਦਾਰ ਬਲਵੰਤ ਸਿੰਘ ਨੇ ਆਪਣੀ ਸਪੀਚ ਵਿਚ ਕਿਹਾ ਸ਼ੀ ਕਿ ਅਸੀਂ ਫਿਸਕਲ ਅਟਾਨੌਮੀ ਮੰਗਦੇ ਹਾਂ। ਲੇਕਿਨ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਜਿੱਥੋਂ ਤਕ ਪੰਜਾਬ ਦੇ ਮਸਲਿਆਂ ਦੇ ਹੱਲ ਹੋਣ ਦਾ ਸਵਾਲ ਹੈ, ਪੰਜਾਬ ਦੀ ਤਰੱਕੀ ਦਾ ਸਵਾਲ ਹੈ, ਪੰਜਾਬ ਦੀ ਡਿਵੈਲਪਮੈਂਟ ਦਾ ਸਵਾਲ ਹੈ, ਜਦੋਂ ਤਕ ਫਿਸਕਲ ਅਟਾਨੌਮੀ ਦੇ ਨਾਲ ਪੁਲੀਟੀਕਲ ਅਟਾਨੌਮੀ ਨਹੀਂ ਮਿਲਦੀ, ਪੰਜਾਬ ਉਤਨਾ ਚਿਰ ਤਰੱਕੀ ਨਹੀਂ ਕਰ ਸਕਦਾ। ਡਿਪਟੀ ਸਪੀਕਰ ਸਾਹਿਬ, ਮੈ ਟਰੈਜ਼ਰੀ ਬੈਂਚਿਜ਼ ਕੋਲੋਂ ਇੱਕੋ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਇਥੇ ਕਾਂਗਰਸ ਪਾਰਟੀ ਦੀ ਸਰਕਾਰ ਹੈ, ਪਰ ਕੀ ਦਿੱਲੀ ਦੀ ਮਨਜ਼ੂਰੀ ਤੋਂ ਬਗੈਰ ਪੰਜਾਬ ਦੇ ਅੰਦਰ ਕੀ ਕੋਈ ਕਾਰਖਾਨਾ ਲੱਗ ਸਕਦਾ ਹੈ। ਦਿਲੀ ਦੀ ਮਨਜ਼ੂਰੀ ਤੋਂ ਬਗੈਰ ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਫੈਸਲਾ ਨਹੀ ਹੋ ਸਕਦਾ, ਕਿਸੇ ਪਿੰਡ ਦਾ ਨਾਂ ਵੀ ਨਹੀਂ ਬਦਲਿਆ ਜਾ ਸਕਦਾ। ਮੈਂ ਪੁੱਛਦਾ ਹਾਂ ਕਿ ਇਨ੍ਹਾਂ ਕੋਲ ਪਾਵਰ ਕਿਹੜੀ ਹੈ ? ਇਹੀ ਕਾਰਣ ਹੈ ਕਿ ਇਹ ਆਏ ਦਿਨ ਦਿੱਲੀ ਚੱਕਰ ਮਾਰਦੇ ਰਹਿੰਦੇ ਹਨ।

ਸ਼੍ਰੀ ਡਿਪਟੀ ਸਪੀਕਰ : ਲਾਲਪੁਰਾ ਜੀ ਤੁਸੀਂ ਹੁਣ ਬੈਠ ਜਾਓ। ਕਾਮਰੇਡ ਦਯਾ ਸਿੰਘ ਜੀ ਤੁਸੀਂ ਹੁਣ ਪੰਜ ਮਿੰਟ ਲਈ ਬੋਲ ਲਓ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇਕ ਗਲ ਕਰਕੇ ਬੈਠ ਜਾਂਦਾ ਹਾਂ। ਇਥੇ ਬੈਠੇ ਵੀਰਾਂ ਨੇ ਡੈਮੋਕਰੇਸੀ ਦੇ ਬੜੇ ਜ਼ੋਰ ਨਾਲ ਨਾਹਰੇ ਮਾਰੇ ਹਨ।

Mr. Deputy Speaker : Your time is off. Comrade Daya Singh.

(At this stage Sardar Prem Singh Lalpura and Comrade Daya Singh were speaking ** ** simultaneously, and nothing was audible.)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

Mr. Deputy Speaker : Please do not record whatever is being said by Sardar Prem Singh Lalpura. Comrade Daya Singh, you please continue.

ਕਾਮਰੇਡ ਦਯਾ ਸਿੰਘ (ਕੁੰਮਕਲਾਂ, ਐਸ.ਸੀ.) : ਸਪੀਕਰ ਸਾਹਿਬ, ਮੈਂ ਬਜਟ ਦੀ ਕਾਪੀ ਪੜ੍ਹੀ ਹੈ ਅਤੇ ਸੁਣੀ ਹੈ। ਮੈਂ ਬਹੁਤ ਤਕਰੀਰਾਂ ਸੁਣੀਆਂ ਹਨ ਇਸ ਬੱਜਟ ਦੇ ਬਾਰੇ ਵਿਚ ਅੱਰ ਮੈਂ ਇਹ ਕਹਾਂਗਾ ਕਿ ਇਸ ਬੱਜਟ ਨਾਲ ਕਿਸਾਨਾ ਦਾ ਕਚੂਮਰ ਕੱਢਿਆ ਜਾ ਰਿਹਾ ਹੈ। ਜਿਸ ਵੇਲੇ ਪਿਛਲੀ ਫਰੰਟ ਦੀ ਸਰਕਾਰ ਸੀ ਤਾਂ ਉਸ ਨੇ ਕੁਝ ਕੀਮਤਾਂ ਖਾਦ ਦੀਆਂ ਘਟਾਈਆਂ ਸਨ, ਉਹ ਕੀਮਤਾਂ ਮੁੜਕੇ ਫਿਰ ਕਾਂਗਰਸ ਸਰਕਾਰ ਨੇ ਵਧਾ ਦਿੱਤੀਆਂ ਹਨ। ਇਸ ਤਰ੍ਹਾਂ ਨਾਲ ਕਿਸਾਨ ਤੇ ਬਹੁਤ ਭਾਰੀ ਬੋਝ ਪਿਆ ਹੈ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਜਿੱਥੇ ਡੀਜ਼ਲ ਦੀ ਕੀਮਤ ਵੱਧੀ ਹੈ, ਉਥੇ ਉਹ ਵੀ ਬਲੈਕ ਮਾਰਕਿਟ ਵਿਚ ਚਲਾ ਗਿਆ ਹੈ। ਅੱਜ ਡੀਜ਼ਲ ਬਲੈਕ ਵਿਚ ਜਿਤਨਾ ਮਰਜ਼ੀ ਲੈ ਲਵੋ, ਅੱਠ ਸੌ ਜਾਂ ਨੌਂ ਸੌ ਰੁਪਏ ਨੂੰ ਢੋਲ ਮਿਲਦਾ ਹੈ। ਜਦੋਂ ਉਸ ਦੀਆਂ ਕੀਮਤਾਂ ਵੀ ਵੱਧਾ ਦਿੱਤੀਆਂ ਹਨ ਤਾਂ ਆਰਾਮ ਨਾਲ ਮਿਲਣਾ ਚਾਹੀਦਾ ਹੈ ਪਰ ਉਹ ਮਿਲਦਾ ਨਹੀਂ ਹੈ, ਬਲੈਕ ਵਿਚ ਜਿਤਨਾ ਮਰਜ਼ੀ ਹੈ, ਲੈ ਲਵੋ। ਹੁਣ ਜੇਕਰ ਬਾਰਿਸ਼ ਨਾ ਪੈਂਦੀ ਤਾਂ ਪੰਜਾਬ ਦੇ ਕਿਸਾਨ ਦੀ ਹਾਲਤ ਬਹੁਤ ਹੀ ਬੁਰੀ ਹੋਣੀ ਸੀ। ਇਸ ਲਈ ਇਹ ਕਹਾਂਗਾ ਕਿ ਇਹ ਕਿਸਾਨ ਵਿਰੋਧੀ ਬਜਟ ਹੈ ਅੱਰ ਇਸ ਕਿਸਾਨ ਵਿਰੋਧੀ ਬਜਟ ਦੇ ਹੁੰਦੇ ਗਰੀਬਾਂ ਦਾ, ਕਿਸਾਨਾ ਦਾ, ਹਰੀਜਨਾਂ ਦਾ ਭਲਾ ਨਹੀਂ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਇਹ ਗੱਲਾਂ ਕਰਦੇ ਹਨ ਕਿ ਅਸੀਂ ਹਰੀਜਨਾਂ ਦੇ ਹੱਕ ਵਿਚ ਹਾਂ ਪਰ ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜਿਹੜੀਆਂ ਮੱਦਾਂ ਹਰੀਜਨਾਂ ਵਾਸਤੇ ਬਜਟ ਵਿਚ ਰੱਖੀਆਂ ਗਈਆਂ ਹਨ ਉਨ੍ਹਾਂ ਨਾਲ ਹਰੀਜਨਾਂ ਦਾ ਭਲਾ ਨਹੀਂ ਹੋ ਸਕਣਾ। ਉਸ ਰੁਪਏ ਵਿੱਚੋਂ ਅੱਧਾ-ਪਚੱਧਾ ਰੁਪਿਆ ਮੁਲਾਜ਼ਮ ਖਾ ਜਾਂਦੇ ਹਨ ਥੋਹੜਾ ਬਹੁਤ ਜਿਹੜਾ ਬਚਣਾ ਹੈ ਉਹ ਵੀ ਜਿਹੜਾ ਗਰੀਬ ਹਰੀਜਨ ਹੈ ਉਸ ਨੂੰ ਨਹੀਂ ਮਿਲਣਾ, ਉਹ ਵੀ ਸਰਦੇ-ਪੁਜਦੇ ਹਰੀਜਨਾਂ ਨੇ ਲੈ ਜਾਣਾ ਹੈ। ਇਸ ਲਈ ਹੀ ਮੈਂ ਕਹਿੰਦਾ ਹਾਂ ਕਿ ਹਰੀਜਨਾਂ ਦਾ, ਗਰੀਬਾਂ ਦਾ ਇਸ ਬਜਟ ਨਾਲ ਭਲਾ ਨਹੀਂ ਹੋ ਸਕਣਾ।

ਡਿਪਟੀ ਸਪੀਕਰ ਸਾਹਿਬ, 30 ਸਾਲ ਕਾਂਗਰਸ ਦਾ ਰਾਜ ਰਿਹਾ ਹੈ। ਇਹ ਗੱਲਾਂ ਕਰਦੇ ਆਏ ਹਨ ਕਿ ਅਸੀਂ ਹਰੀਜਨਾਂ ਨੂੰ ਜ਼ਮੀਨਾਂ ਲੈ ਕੇ ਦੇਣੀਆਂ ਹਨ। ਜਿਨ੍ਹਾਂ ਦੀਆਂ ਜ਼ਮੀਨਾਂ ਸੀਲਿੰਗ ਤੋਂ ਵੱਧ ਹਨ ਉਨ੍ਹਾਂ ਤੋਂ ਲੈਕੇ ਹਰੀਜਨਾਂ ਨੂੰ ਦੇਣੀਆਂ ਹਨ। ਪਰ ਹੋ ਕੀ ਰਿਹਾ ਹੈ ? ਹੋ ਇਸ ਦੇ ਉਲਟ ਰਿਹਾ ਹੈ। ਇਕ ਮੈਂ ਮਿਸਾਲ ਦਿੰਦਾ ਹਾਂ। ਨੂਰਪਰ ਵਿਚ ਹਰੀਜਨਾਂ ਤੋਂ ਜ਼ਮੀਨ ਖੋਹ ਲਈ ਗਈ ਹੈ (ਵਿਘਨ)। ਉਨ੍ਹਾਂ ਗਰੀਬ ਲੋਕਾਂ ਨੂੰ ਜ਼ਮੀਨ ਜੇਕਰ ਇਨ੍ਹਾਂ ਨੇ ਹੋਰ ਦੇਣੀ ਨਹੀਂ ਹੈ ਤਾਂ ਮੈਂ ਇਹ ਕਹਾਂਗਾ ਕਿ ਉਹਨਾਂ ਪਾਸ ਜਿਹੜੀ ਪਹਿਲਾਂ ਹੈ ਉਹ ਹੀ ਰਹਿਣ ਦੇਣ, ਉਹ ਤਾਂ ਨਾ ਖੋਹਣ। ਪਰ ਉਨ੍ਹਾਂ ਤੋਂ ਜ਼ਮੀਨ ਹੇਰਾ ਫੇਰੀ ਨਾਲ ਖੋਹ ਲਈ ਗਈ ਹੈ, ਧੋਖੇ ਨਾਲ ਖੋਹ ਲਈ ਗਈ ਹੈ।

12,52 ਬਾਦ ਦੁਪਹਿਰ | (ਇਸ ਸਮੇਂ ਸ਼੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਇਕ ਹਰੀਜਨ ਨਰੰਜਣ ਸਿੰਘ ਹੈ ਬੋੜਾ ਪਿੰਡ ਜ਼ਿਲ੍ਹਾ ਲੁਧਿਆਣਾ ਦਾ। ਪੁਲਿਸ ਇਸ ਹਰੀਜਨ ਕੋਲ ਗਈ ਉਸ ਪਾਸ ਕੋਰਟ ਦਾ ਸਟੇ ਸੀ ਪੁਲਿਸ ਉਹ ਵੀ ਖੋਹ ਲਿਆਈ ਹੈ। ਪੁਲੀਸ ਨੇ ਸਟੇ ਤੇ ਕੋਈ ਅਮਲ ਨਹੀਂ ਹੋਣ ਦਿੱਤਾ। ਜਿਹੜੀ ਜ਼ਮੀਨ ਲੋਕ ਪਾਕਿਸਤਾਨ ਵਿਚ ਛਡ ਕੇ ਆਏ ਸਨ ਅੱਰ ਇਧਰੋਂ ਮੁਸਲਮਾਨ ਲੋਕ ਛੱਡ ਕੇ ਗਏ ਸਨ, ਉਹ ਜ਼ਮੀਨ ਵੀ ਇਹ ਸਰਕਾਰ ਹਰੀਜਨਾਂ ਪਾਸ, ਗਰੀਬਾਂ ਪਾਸ ਨਹੀਂ ਰਹਿਣ ਦਿੰਦੀ। ਨਰੰਜਣ ਸਿੰਘ ਨਾਲ ਇਸ ਤਰ੍ਹਾਂ ਹੀ ਧੱਕਾ ਹੋਇਆ ਹੈ। ਸਪੀਕਰ ਸਾਹਿਬ, ਉਹ ਜ਼ਮੀਨ ਜਿਹੜੀ ਮੁਸਲਮਾਨਾਂ ਦੀ ਸੀ ਉਹ ਵੀ ਜਿਹੜੇ ਵੱਡੇ ਵੱਡੇ ਹਰੀਜਨ ਅਫਸਰ ਹਨ, ਜੋ ਕਾਂਗਰਸੀ ਹਨ, ਜਿਨ੍ਹਾਂ ਦੀ ਤਿੰਨ-ਤਿੰਨ ਚਾਰ-ਚਾਰ ਹਜ਼ਾਰ ਰੁਪਿਆ ਮਹੀਨਾ ਤਨਖਾਹ

Original with;
Punjab Vidhan Sabha
Digitized by;
Panjab Digital Library

ਹੈ ਉਹ ਹੀ ਲੈ ਗਏ ਹਨ। ਉਸ ਵੇਲੇ ਉਨ੍ਹਾਂ ਨੇ ਦੋ-ਦੋ ਸੌ ਰੁਪਿਆ ਪ੍ਰਤੀ ਕਿੱਲਾ ਦੇ ਹਿਸਾਬ ਨਾਲ ਜ਼ਮੀਨ ਲਈ ਹੋਈ ਹੈ। ਮਾਛੀਵਾੜੇ ਤੋਂ ਲੈ ਕੇ ਸਤਲੁਜ ਦਰਿਆ ਦੇ ਆਖੀਰ ਤਕ, ਫਿਰੋਜ਼ਪੁਰ ਤਕ ਵੇਖੋ ਦੋ-ਦੋ, ਤਿੰਨ-ਤਿੰਨ ਸੌ ਕਿੱਲੇ ਦੇ ਫਾਰਮ ਬਣਾਏ ਹੋਏ ਹਨ। ਉਹ ਦੋ ਦੋ ਤਿੰਨ ਤਿੰਨ ਸੌ ਕਿੱਲਾ ਤੁਸੀਂ ਅੱਜ ਵੀ ਵੇਖ ਸਕਦੇ ਹੋ। ਉਹ ਜ਼ਮੀਨ ਉਨ੍ਹਾਂ ਨੇ ਦੋ-ਦੋ ਸੌ ਰੁਪਿਆ ਕਿੱਲਾ ਦੇ ਭਾਅ ਨਾਲ ਅਫ਼ਸਰਾਂ ਨਾਲ ਰਲਕੇ ਲਈ ਸੀ ਅੱਜ ਉਸ ਦੀ ਕੀਮਤ 10, 15 ਹਜ਼ਾਰ ਰੁਪਿਆ ਕਿੱਲਾ ਹੋ ਗਈ ਹੈ। ਸਪੀਕਰ ਸਾਹਿਬ, ਮੈਂ ਦੋ ਧਿਆਨ ਦਿਵਾਊ ਮਤੇ ਵੀ ਦਸ ਤਾਰੀਖ ਨੂੰ ਦਿੱਤੇ ਸਨ। ਉਹ ਰੱਦ ਕਰ ਦਿੱਤੇ ਹਨ। ਖੈਰੇ ਪਿੰਡ ਦੇ ਵਿਚ 200 ਰੁਪਏ ਨੂੰ ਖਰੀਦੀ ਹੋਈ ਜ਼ਮੀਨ ਅਜ 15 ਹਜ਼ਾਰ ਰੁਪਏ ਦੀ ਬਣ ਗਈ ਹੈ। ਉਹ ਜ਼ਮੀਨ ਹੇਰਾ ਫੇਰੀ ਨਾਲ ਲਈ ਗਈ। ਫਿਰ. ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਉਸ ਇਲਾਕੇ ਲਈ ਐਲਾਨ ਕੀਤਾ ਸੀ ਕਿ ਪੰਜ ਪੁਲ ਦਰਿਆ ਤੇ ਬਣਾਉਣੇ ਹਨ ਉਨ੍ਹਾਂ ਵਿੱਚੋਂ ਇਕ ਪੁਲ ਬਣ ਗਿਆ ਔਰ ਪਤਾ ਹੈ ਉਹ ਵੀ ਕਿੱਥੇ ਬਣਿਆ ਹੈ ? ਜਿੱਥੇ ਇਹ ਬਹੁਤ ਵੱਡੇ ਕਾਂਗਰਸੀ ਦੀ ਜ਼ਮੀਨ ਹੈ ਉਹ ਉਥੇ ਬਣਿਆ ਹੈ। ਮੈਂ ਧਿਆਨ ਦਿਵਾਊ ਮਤਾ ਵੀ ਰੱਖਿਆ ਸੀ ਉਹ ਤੁਸੀਂ ਰਦ ਕਰ ਦਿੱਤਾ ਹੈ ਇਹ ਕਹਿਕੇ ਕਿ ਇਹ ਪੁਰਾਣੀ ਗੱਲ ਹੈ, ਹਾਲਾਂਕਿ 6 ਮਹੀਨੇ ਦੀ ਗਲ ਹੈ, ਪਿਛਲੇ ਸਾਲ ਦੀ ਗਲ ਹੈ ਉਹ ਪੁਲ ਤਾਂ ਬਣ ਗਿਆ ਹੈ ਪਰ ਇਸ ਤੇ ਕਿੰਨਾ ਖਰਚਹੋ ਇਆ, ਇਸ ਦਾ ਕਿਸ ਨੂੰ ਫ਼ਾਇਦਾ ਹੈ? ਸਪੀਕਰ ਸਾਹਿਬ ਪੰਜ ਪੁਲ ਬਣਾਨੇ ਸਨ ਇਕ ਬਣਿਆ ਹੈ (ਘੰਟੀ) ਬਾਕੀ ਚਾਰ ਰਹਿੰਦੇ ਸੀ ਜੋ ਠੇਕੇਦਾਰ ਛੱਡ ਕੇ 6 ਮਹੀਨੇ ਹੋਏ ਚਲਾ ਗਿਆ। ਇਹੋ ਪੁਛਣਾ ਸੀ ਕਿ ਕੀ ਕਾਰਨ ਹੈ? ਇਸ ਤਰ੍ਹਾਂ ਦੇ ਗਰੀਬਾਂ ਦੇ ਮਸਲੇ ਹਨ, ਮਜ਼ਦੂਰਾਂ ਦੇ ਮਸਲੇ ਹਨ। ਉਹ ਤੁਸੀਂ ਹੋਰ ਕਿਸੇ ਪਾਸੇ ਤਾਂ ਕੀ ਰੱਖਣ ਦੇਣੇ ਹਨ, ਪਲਿਸ ਪਾਸ ਤਾਂ ਕੀ ਰੱਖਣ ਦੇਣੇ ਹਨ, ਇਥੇ ਵੀ ਰੱਖਣ ਨਹੀਂ ਦਿੰਦੇ। ਮੈਂ ਸਪੀਕਰ ਸਾਹਿਬ, ਇਹ ਦੱਸਦਾ ਹਾਂ ਕਿ ਕਾਂਗ੍ਰਸ ਵਾਲੇ ਕਹਿੰਦੇ ਰਹੇ ਹਨ ਕਿ ਹਰੀਜਨਾਂ ਨੂੰ ਜ਼ਮੀਨਾਂ ਦੇਣੀਆਂ ਹਨ। ਇਕ ਕਾਕਾ ਸਿੰਘ ਹੈ ਨੂਰਪੁਰ ਖੈਹਰੇ ਦਾ। ਉਸ ਦੀ ਦਸ ਕਿੱਲੇ ਜ਼ਮੀਨ ਸੀ। ਉਹ ਜ਼ਮੀਨ ਚੰਡੀਗੜ ਦੇ ਅੱਠ ਸੈਕਟਰ ਵਿਚ ਰਹਿ ਰਹੇ ਇਕ ਆਦਮੀ ਨੂੰ ਜੋ ਉਸ ਫੌਜੀ ਦਾ ਲੜਕਾ ਹੈ ਉਸ ਨੂੰ ਦੇ ਦਿੱਤੀ ਹੈ ਔਰ ਉਸ ਹਰੀਜਨ ਨੂੰ ਉਥੋਂ ਉਜਾੜ ਦਿੱਤਾ ਗਿਆ। ਉਸ ਦਾ ਮਕਾਨ ਢਾਹ ਦਿੱਤਾ ਗਿਆ ਔਰ ਉਸ ਤੇ ਝੂਠਾ ਕੇਸ ਬਣਾ ਕੇ ਕੁੱਟ ਕੁੱਟ ਕੇ ਉਥੋਂ ਕੱਢ ਦਿੱਤਾ ਗਿਆ ਹੈ। ਉਹ ਆਪਣੀਆਂ ਲੜਕੀਆਂ ਦੇ ਵਿਆਹ ਕਰਨ ਦੀ ਖਾਤਰ ਪੈਸੇ ਤੋਂ ਬਗੈਰ, ਜਗਾਹ ਤੋਂ ਤਰਸਦਾ ਫਿਰਦਾ ਹੈ। ਆਖਿਰ ਲੋਕਾਂ ਨੇ ਉਸ ਦੀ ਮਦਦ ਕੀਤੀ ਹੈ। ਸਪੀਕਰ ਸਾਹਿਬ, ਇਕ ਕਾਕਾ ਸਿੰਘ ਦੀ ਹੀ ਨਹੀਂ ਬਲਕਿ ਹੋਰ ਵੀ ਕਈ ਇਸ ਤਰ੍ਹਾਂ ਦੀਆਂ ਮਿਸਾਲਾਂ ਹਨ ਜਿੱਥੇ ਹਰੀਜਨਾਂ ਨਾਲ ਧੱਕਾ ਹੋਇਆ ਹੈ। ਕਲ ਪਰਸੋਂ ਮੇਰੇ ਪਾਸ ਸੱਜਣ ਆਏ ਸਨ। ਉਨ੍ਹਾਂ ਨੈ ਕਿਹਾ ਕਿ ਦਸ ਸਾਲਾਂ ਦੀ ਜ਼ਮੀਨ ਉਸ ਦੇ ਕਬਜ਼ੇ ਵਿਚ ਹੈ, ਜ਼ਮਾਂਬੰਦੀਆਂ ਵੀ ਉਸ ਦੇ ਨਾਉਂ ਤੇ ਹਨ। ਪਰ ਉਹ ਇਕ ਫੌਜੀ ਨੂੰ ਅਲਾਟ ਕਰ ਦਿੱਤੀ ਗਈ। ਉਸ ਆਦਮੀ ਨੇ ਦੱਸਿਆ ਕਿ ਉਸ ਨੇ ਦੋ ਵਾਰ ਜ਼ਮੀਨ ਅਲਾਟ ਕਰਵਾਈ। ਪਰ ਫੌਜੀ ਨੂੰ ਦੋ ਥਾਂ ਤੇ ਜ਼ਮੀਨ ਅਲਾਟ ਕੀਤੀ ਗਈ ਹੈ। ਮੈਂ ਖੁਦ ਚੀਫ ਮਨਿਸਟਰ ਸਾਹਿਬ ਨੂੰ ਅਤੇ ਮਾਲ ਮੰਤਰੀ ਸਾਹਿਬ ਨੂੰ ਮਿਲਿਆ ਹਾਂ ਅਤੇ ਹਕੀਕਤ ਦੱਸੀ ਹੈ ਕਿ ਕਿਸ ਤਰ੍ਹਾਂ ਨਾਲ ਹਰੀਜਨਾਂ ਨੂੰ, ਗਰੀਬਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਔਰ ਦੂਸਰੇ ਪਾਸੇ ਇਕ ਇਕ ਆਦਮੀ ਨੂੰ ਦੋ ਦੋ ਥਾਂ ਤੇ ਜ਼ਮੀਨ ਦਿੱਤੀ ਜਾ ਰਹੀ ਹੈ। (ਘੰਟੀ) ਇਹ ਨਹੀਂ ਹੋਣਾ ਚਾਹੀਦਾ .....

ਸ਼੍ਰੀ ਸਪੀਕਰ : ਕਾਮਰੇਡ ਦਯਾ ਸਿੰਘ ਜੀ, ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਬੈਠ ਜਾਓ ਜੋ ਕੁਝ ਤੁਸੀਂ ਹੁਣ ਕਹੋਗੇ ਇਹ ਰਿਕਾਰਡ ਨਹੀਂ ਹੋਵੇਗਾ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਦਯਾ ਸਿੰਘ ਜੀ ਨੇ ਕੁਝ ** ** ** ਕਿਹਾ ਪ੍ਰੰਤੂ ਚੇਅਰ ਦੇ ਹੁਕਮ ਅਨੁਸਾਰ ਉਹ ਰਿਕਾਰਡ ਨਹੀਂ ਕੀਤਾ ਗਿਆ)।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ : ਸਨਮਾਨਯੋਗ ਸਪੀਕਰ ਸਾਹਿਬ, ਪਿਛਲੇ ਤਿੰਨ ਦਿਨਾਂ ਤੋਂ ਬਜਟ ਤੇ ਬਹਿਸ ਹੋ ਰਹੀ ਹੈ। ਮਾਨਯੋਗ ਮੈਂਬਰਾਂ ਨੇ ਬੜਾ ਹਿੱਸਾ ਲਿਆ ਹੈ। ਮੈਂ ਸਾਰੇ ਹੀ ਮਾਨਯੋਗ ਮੈਂਬਰਾਂ ਦਾ ਜਿਨ੍ਹਾਂ ਨੇ ਬਜਟ ਤੇ ਬਹਿਸ ਵਿਚ ਹਿੱਸਾ ਲਿਆ ਹੈ, ਧੰਨਵਾਦ ਕਰਦਾ ਹਾਂ। ਮੈਂ ਉਨ੍ਹਾਂ ਮੈਂਬਰਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਨੂੰ ਕ੍ਰਿਟੀਸਾਈਜ਼ ਕੀਤਾ ਹੈ। ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸ਼ਲਾਘਾ ਕੀਤੀ ਹੈ। ਮੈਂ ਖਾਸ ਤੌਰ ਤੇ ਸਰਦਾਰ ਬਲਵੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਨ੍ਹਾਂ ਬੈਂਚਾਂ ਤੋਂ ਉਠ ਕੇ ਉਨ੍ਹਾਂ ਬੈਂਚਾਂ ਤੇ ਉਧਰ ਬੈਠ ਕੇ ਪਹਿਲੀ ਸਪੀਚ ਇਸ ਹਾਊਸ ਵਿਚ ਕੀਤੀ ਹੈ। ਮੈਂ ਇਸ ਤੇ ਵੀ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ।

ਸਪੀਕਰ ਸਾਹਿਬ, ਮਾਨਯੋਗ ਮੈਂਬਰ ਖਾਸ ਤੌਰ ਤੇ ਬਰਨਾਲਾ ਜੀ, ਨੇ ਅੱਤ ਸਰਦਾਰ ਬਲਵੰਤ ਸਿੰਘ ਜੀ ਜਿਹੜੇ ਕਿ ਵਿੱਤ ਮੰਤਰੀ ਰਹੇ ਹਨ ਨੇ ਇਸ ਗੱਲ ਦਾ ਉਲਾਂਭਾ ਦਿੱਤਾ ਹੈ ਅੱਤ ਇਹ ਕਿਹਾ ਹੈ ਕਿ ਇਹ ਜਿਹੜੀ ਬਜਟ ਸਪੀਚ ਹੋਈ ਹੈ, ਇਹ ਪੁਲੀਟੀਕਲ ਸਪੀਚ ਹੈ, ਸਿਆਸੀ ਸਪੀਚ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਜਿਸ ਵੇਲੇ ਵੀ ਕੋਈ ਸਰਕਾਰ ਬਦਲਦੀ ਹੈ ਉਸ ਤੋਂ ਬਾਅਦ ਦੂਸਰੀ ਸਰਕਾਰ ਆਉਂਦੀ ਹੈ, ਉਹ ਆਪਣਾ ਬਜਟ ਪੇਸ਼ ਕਰਦੀ ਹੈ, ਉਸ ਨੂੰ ਕੋਈ ਨ ਕੋਈ ਪਿਛਲੀ ਸਰਕਾਰ ਦੇ ਬਾਰੇ ਗੱਲ ਕਹਿਣੀ ਪੈਂਦੀ ਹੈ ਅੱਤ ਇਹ ਜਿਹੜੀ ਰਵਾਇਤ ਹੈ, ਕੋਈ ਇਸ ਸਰਕਾਰ ਨੇ ਕਾਇਮ ਨਹੀਂ ਕੀਤੀ। ਸਰਦਾਰ ਬਲਵੰਤ ਸਿੰਘ ਹੋਰਾਂ ਦੀ ਤਕਰੀਰ, ਬਤੌਰ ਫਾਇਨਾਂਸ ਮਨਿਸਟਰ ਜਿਹੜੀ ਇਨ੍ਹਾਂ ਨੇ ਕੀਤੀ ਸੀ ਉਹ ਮੇਰੇ ਹੱਥ ਵਿਚ ਹੈ, ਜਿਹੜੀ ਕਿ ਮੈਂ ਪੜ੍ਹਕੇ ਸੁਣਾਣਾ ਚਾਹਵਾਂਗਾ ਕਿ ਕਿਸ ਤਰ੍ਹਾਂ ਪਹਿਲ ਇਨ੍ਹਾਂ ਵਲੋਂ ਹੋਈ ਹੈ, ਸਾਡੇ ਵਲੋਂ ਨਹੀਂ ਹੋਈ। ਇਹ ਸਪੀਚ ਇਨ੍ਹਾਂ ਦੀ 1978-79 ਦੀ ਹੈ। ਇਸ ਵਿਚ ਇਨ੍ਹਾਂ ਨੇ ਕਿਸ ਤਰ੍ਹਾਂ ਆਪਣੀ ਸਰਕਾਰ ਦਾ ਪਖ ਦੱਸਿਆ ਹੈ, ਅੱਤ ਦੂਜੇ ਪਾਸੇ ਦੀ ਗੱਲ ਨਹੀਂ ਦੱਸੀ। ਨਵੀਆਂ ਲੀਹਾਂ ਕਿਸ ਨੇ ਪਾਈਆਂ ਹਨ, ਇਸ ਦਾ ਇਸ ਵਿਚ ਜ਼ਿਕਰ ਆਉਂਦਾ ਹੈ। ਮੈਂ ਇਹ ਪੜ੍ਹਦਾ ਹਾਂ :

"The year we are leaving behind has seen a radical change in economic no less than in political climate. The overthrow of the Congress Party from power, both in the Centre and in the State, did not signify only a change of Government but it also signified that democracy has taken deeper roots in Indian politics."

ਸਿਰਫ ਇਹ ਹੀ ਨਹੀਂ, ਇਸ ਤੋਂ ਬਾਦ ਇਕ ਹੋਰ ਗੱਲ ਕੀਤੀ ਹੈ। ਇਹ ਬਹੁਤ ਜਬਰਦਸਤ ਗਲ ਹੈ, ਸ਼ਾਨਦਾਰ ਤਾਂ ਮੈਂ ਨਹੀਂ ਕਹਿੰਦਾ ਲੇਕਿਨ ਪਾਰਟੀ ਪੋਲਿਟਿਕਸ ਦੇ ਮੁਤਾਬਿਕ ਜ਼ੋ ਸਿਆਸੀ ਨਾਅਰਾ ਹੁਣੇ ਲਾਲਪੁਰਾ ਸਾਹਿਬ ਨੇ ਲਾਇਆ ਹੈ ਬਿਲਕੁਲ ਉਹੀ ਨਾਅਰਾ ਸਰਦਾਰ ਬਲਵੰਤ ਸਿੰਘ ਨੇ ਆਪਣੀ ਸਪੀਚ ਵਿਚ ਬੜੇ ਜ਼ੋਰ ਨਾਲ ਲਾਇਆ ਸੀ। ਇਹ ਸਫਾ 37 ਤੇ ਉਸ ਬਜਟ ਸਪੀਚ ਵਿਚ ਦਰਜ ਹੈ।

"That the federal character of our Constitution requires a drastic change in the sense that at least in the field of finance, States should be given greater autonomy and thus the content of the federal Constitution changed. The force of argument projected by me 7 years ago has acquired greater relevance with the passage of time so much so that the Janata Party, in its Election Manifesto, 1977, itself felt constrained to underline the fact that "a high degree of cenralisation or the concentration of power was inconsistent with democracy and, therefore, it envisaged a polity that ensures decentralisation of economic and political power."

Further it reads:—

"Over concentration of financial resources and economic decision making, especially in the field of planning and development, at the Centre, has greatly depressed local initiative and State level enterprise. The present Government therefore, believes that no major headway can be made in the matter of economic development till the initiative is restored to the States and the financial powers are radically decentralised.".

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਸਿਰਫ ਇਹੋ ਹੀ ਨਹੀਂ, ਇਨ੍ਹਾਂ ਨੇ ਜੋ ਤਰੀਕਾ ਅਖਤਿਆਰ ਕੀਤਾ ਜੋ ਸਲੋਗਨ ਲਾਇਆ ਉਸ ਦੇ ਬਾਰੇ ਵਿਚ ਇਨ੍ਹਾਂ ਨੇ 1978-79 ਵਿਚ ਮਾਰਚ ਦੇ ਮਹੀਨੇ ਜੋ ਬਜਟ ਸਪੀਚ ਕੀਤੀ ਉਸ ਵਿਚ ਆਪ ਲਿਖਿਆ ਹੈ। 18 ਮਾਰਚ ਨੂੰ ਸੈਂਟਰ-ਸਟੇਟ ਇਕਨੌਮਿਕ ਰਿਲੈਸ਼ਨਾਂ ਦੇ ਬਾਰੇ ਵਿਚ ਜਿਹੜੀ ਨੈਸ਼ਨਲ ਡਿਵੈਲਪਮੈਂਟ ਕੌਂਸਿਲ ਦੀ ਮੀਟਿੰਗ ਹੋਈ ਉਸ ਵਿਚ ਸਾਡੇ ਸਾਬਕਾ ਚੀਫ ਮਨਿਸਟਰ ਬਾਦਲ ਸਾਹਿਬ ਸ਼ਾਮਲ ਹੋਏ ਅੱਰ ਉਸ ਵਿਚ ਜੋ ਇਨ੍ਹਾਂ ਨੇ ਕਿਹਾ ਉਹ ਵੀ ਮੈਂ ਇਥੇ ਦੱਸਣਾ ਚਾਹੁੰਦਾ ਹਾਂ। ਅੱਜ ਲਾਲਪੁਰਾ ਸਾਹਿਬ ਤਾਂ ਬੜੇ ਖੁਲ ਕੇ ਬੋਲੇ ਹਨ ਮੈਨੂੰ ਖੁਸ਼ੀ ਹੈ ਕਿ ਉਨਾਂ ਨੇ ਸਾਫ ਮੰਨਿਆਂ ਹੈ ਕਿ ਪਲੀਟੀਕਲ ਅਟਾਨੋਮੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਆਪਣੀ ਸਪੀਚ ਕਰਦੇ ਹੋਏ ਆਪਣੀ ਪਾਰਟੀ ਦਾ ਪ੍ਰੋਗਰਾਮ ਰਖ ਦਿੱਤਾ ਹੈ। ਹੁਣ ਮੈਂ ਤੁਹਾਨੂੰ ਜੋ ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਸਫਾ 5 ਤੇ ਕਿਹਾ, ਉਹ ਪੜ੍ਹ ਕੇ ਦੱਸਦਾ ਹਾਂ :

"The growing dependence of the States on the Centre has severely undermined the autonomy of the States. The federal structure has been eroded, though without a formal constitutional amendment. The considerations in favour of a federal structure which weighed with the Constituent Assembly have become even more compelling now."

ਸਪੀਕਰ ਸਾਹਿਬ ਅੱਗੇ ਜਾ ਕੇ ਇਹ ਗੈਡਗਿਲ ਫਾਰਮੂਲੇ ਦੇ ਬਾਰੇ ਵਿਚ ਕਹਿੰਦੇ ਹਨ। ਇਸ ਬਾਰੇ ਇਨ੍ਹਾਂ ਦੇ ਚੀਫ ਮਨਿਸਟਰ ਸਾਹਿਬ ਇਹ ਫਰਮਾਉਂਦੇ ਹਨ :

"The Gadgil formula governing Central assistance for the Plans is also not development oriented. Finally the dependence on the Centre has led to misdirection of resources. It makes the States amenable to pressure with regard to allocation of funds among different sectors and programmes. Within their own sphere of development, the States should know better the requirements of the economy.

** ** **

For all these reasons, there is an urgent need to recast the Centre-State financial relations.".

ਤੋਂ, ਸਪੀਕਰ ਸਾਹਿਬ, ਜੋ ਕੁਝ ਮੈਂ ਅਰਜ਼ ਕੀਤੀ ਹੈ ਉਹ ਇਸ ਕਰਕੇ ਕੀਤੀ ਹੈ ਕਿਉਂਕਿ ਇਨ੍ਹਾਂ ਨੇ ਉਲਾਂਭਾ ਦਿੱਤਾ ਸੀ ਕਿ ਇਹ ਸਪੀਚ ਬਿਲਕੁਲ ਪੁਲੀਟੀਕਲ ਹੈ ਅੱਰ ਬੜੀ ਤਕਲੀਫ ਮਹਿਸੂਸ ਕੀਤੀ ਸੀ। ਇਸ ਕਰਕੇ ਮੈਂ ਇਹ ਸ਼ਾਰੀ ਗੱਲ ਕਲੀਅਰ ਕੀਤੀ ਹੈ। ਇਸ ਦੇ ਨਾਲ ਹੀ ਹੁਣ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੇਰੀ ਬਜਟ ਸਪੀਚ ਵਿਚ ਉਤਨਾ ਪੁਲੀਟੀਕਲ ਰੰਗ ਨਹੀਂ ਜਿਤਨਾ ਕਿ ਇਨ੍ਹਾਂ ਦੀ ਸਪੀਚ ਵਿਚ ਹੁੰਦਾ ਰਿਹਾ ਹੈ। ਸਰਦਾਰ ਬਲਵੰਤ ਸਿੰਘ ਜੀ ਨੇ ਜੋ ਬਜਟ ਸਪੀਚਾਂ ਕੀਤੀਆਂ ਉਸ ਨਾਲੋਂ ਹਜ਼ਾਰਵਾਂ ਹਿੱਸਾ ਵੀ ਇਸ ਸਪੀਚ ਵਿਚ ਉਹ ਰੰਗ ਨਹੀਂ ਦਿੱਤਾ ਗਿਆ। ਹਾਂ ਇਹ ਜ਼ਰੂਰ ਕਿਹਾ ਹੈ ਕਿ ਇਹ ਕੰਮ ਮਾੜਾ ਹੋਇਆ ਹੈ। ਇਨ੍ਹਾਂ ਨੇ ਜੋ ਖੁਦਮੁਖਤਾਰੀ ਬਾਰੇ ਗੱਲਾਂ ਕੀਤੀਆ, ਅਟਾਨੋਮੀ ਦਾ ਸਲੋਗਨ ਲਾਇਆ, ਫਾਈਨਾਂਸ਼ਿਅਲ ਪਾਵਰਜ਼ ਜ਼ਿਆਦਾ ਲੈਣ ਵਾਸਤੇ ਜੋ ਸਲੋਗਨ ਲਾਇਆ ਉਸ ਨਾਲ ਜੋ ਸਾਨੂੰ ਡਿਫੀਕਲਟੀ ਆਈ ਜਾਂ ਸਟੇਟ ਨੂੰ ਨੁਕਸਾਨ ਹੋਇਆ ਉਸ ਦਾ ਜ਼ਿਕਰ ਜ਼ਰੂਰ ਕੀਤਾ ਹੈ ਅੱਰ ਇਹ ਮੈਂ ਹੁਣ ਵੀ ਕਹਿੰਦਾ ਹਾਂ ਕਿ ਇਹ ਬਿਲਕੁਲ ਠੀਕ ਗੱਲ ਹੈ ਕਿ ਜੋ ਇਨ੍ਹਾਂ ਨੇ ਖੁਦ ਮੁਖਤਾਰੀ ਬਾਰੇ ਗੱਲਾਂ ਕੀਤੀਆਂ ਅੱਰ ਇਸ ਦੀ ਮੰਗ ਕੀਤੀ। ਇਸ ਦੇ ਕਾਰਣ ਹੀ ਗੈਡਗਿਲ ਫਾਰਮੂਲਾ, ਜਿਹੜਾ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਡਿਵਲਪਮੈਂਟ ਦੇ ਕੰਮਾਂ ਨੂੰ ਧਿਆਨ ਵਿਚ ਰਖਦੇ ਹੋਏ ਬਣਾਇਆ ਗਿਆ ਸੀ, ਜਿਸ ਨੂੰ ਆਈ.ਏ.ਟੀ.ਪੀ. ਫਾਰਮੂਲੇ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਵਿਚ ਇਨ੍ਹਾਂ ਨੇ ਤਰਮੀਮ ਕੀਤੀ ਜਿਸ ਕਾਰਣ ਰਾਜ ਨੂੰ ਨੁਕਸਾਨ ਉਠਾਉਣਾ ਪਿਆ। ਇਹ ਸਚਾਈ ਹੈ ਕਿ ਉਸ ਫਾਰਮੂਲੇ ਅਨੁਸਾਰ 1978-79 ਵਿਚ ਜੋ ਸਾਨੂੰ ਕੇਂਦਰ ਤੋਂ 51 ਕਰੋੜ ਰੁਪਏ ਮਿਲੇ ਸੀ। ਉਹ 1979-80 ਵਿਚ ਘੱਟ ਕੇ 34 ਕਰੋੜ 74 ਲੱਖ ਰਹਿ ਗਏ। 18 ਕਰੋੜ ਰੁਪਏ ਦਾ ਸਿਰਫ ਇਸ ਕਰਕੇ ਨੁਕਸਾਨ ਹੋਇਆ ਕਿਉਂਕਿ ਇਨ੍ਹਾਂ ਨੇ ਇਹ ਨਾਅਰਾ ਦਿੱਤਾ ਸੀ ਕਿ ਗੈਡਗਿਲ ਫਾਰਮੂਲੇ ਨੂੰ ਖਤਮ ਕਰ ਦਿੱਤਾ ਜਾਵੇ। ਇਸ ਨੁਕਸਾਨ ਦਾ ਜ਼ਿਕਰ ਇਸ ਬਜਟ ਸਪੀਚ ਵਿਚ ਮੈਂ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਫਿਰ ਇਥੇ ਜੋ ਸਪੀਚ ਸਰਦਾਰ ਬਲਵੰਤ ਸਿੰਘ ਜੀ ਨੇ ਕੀਤੀ ਉਸ ਤੋਂ ਬਾਅਦ ਸ੍ਰੀ ਯਸ਼ ਜੀ ਨੇ ਇਹ ਕਿਹਾ ਕਿ ਸਰਦਾਰ ਬਲਵੰਤ ਸਿੰਘ ਜੀ ਨੇ ਬੜੇ ਨਾਟਕੀਏ ਢੰਗ ਨਾਲ ਫਿਗਰਜ਼ ਕੋਟ ਕੀਤੀਆਂ ਹਨ। ਪਰ ਮੈਂ ਤਾਂ ਇਹ ਕਹਾਂਗਾ ਕਿ ਸਿਰਫ ਨਾਟਕੀਏ ਢੰਗ ਨਾਲ ਫਿਗਰਜ਼ ਹੀ ਕੋਟ ਨਹੀਂ ਕੀਤੀਆਂ ਬਲਕਿ ਇਨ੍ਹਾਂ ਨੇ ਜੋ ਟਰੀਬਿਊਨ ਅਖਬਾਰ ਨੂੰ ਕੋਟ ਕੀਤਾ ਸੀ ਉਹ ਵੀ ਬੜੇ ਨਾਟਕੀਏ ਢੰਗ ਨਾਲ ਕੋਟ ਕੀਤਾ ਸੀ। ਸਪੀਕਰ ਸਾਹਿਬ, ਟਰੀਬਿਊਨ ਅਖਬਾਰ ਨੇ ਜੋ ਕੁਝ ਇਨ੍ਹਾਂ ਦੇ ਬਾਰੇ ਕਿਹਾ ਸੀ ਉਹ ਇਨ੍ਹਾਂ ਨੇ ਮੇਰੇ ਲਈ ਕਹਿ ਦਿੱਤਾ। ਮੈਂ ਇਹ ਟਰੀਬਿਊਨ ਅਖਬਾਰ ਵੀ ਜੋ ਇਨ੍ਹਾਂ ਨੇ ਪੜ੍ਹੀ ਸੀ ਇਥੇ ਪੜ੍ਹ ਕੇ ਤਹਾਨੂੰ ਸੁਣਾਵਾਂਗਾ। ਇਸ ਵਿਚ ਲਿਖਿਆ ਹੈ :

> **'Opinion differed on whether it was wise or expedient to leave such a large deficit unbridged, but the Finance Minister laid down certain principles of sound fiscal management which were to be followed. The deficit of Rs. 70 crore the highest on record in recent years.'**

ਇਨ੍ਹਾਂ ਫਿਕਰਿਆਂ ਤੋਂ ਇਹ ਨਜ਼ਰ ਆਉਂਦਾ ਹੈ ਕਿ ਪਿਛਲੇ ਫਾਈਨਾਂਸ ਮਨਿਸਟਰ ਨੇ ਜੋ ਬਜਟ ਸਪੀਚਾਂ ਕੀਤੀਆਂ ਅੱਰ ਜੋ ਕੁੱਝ ਜ਼ਿਕਰ ਕੀਤਾ ਸੀ ਉਸ ਬਾਰੇ ਲਿਖਿਆ ਹੈ ਕਿ ਸਰਕਾਰ ਨੇ ਕੁਝ ਰਿਸੋਰਸਿਜ਼ ਮੋਬਲਾਈਜ਼ ਕਰਨ ਵਾਸਤੇ ਵਾਇਦਾ ਕੀਤਾ ਸੀ ਤਾਕਿ ਇਸ ਘਾਟੇ ਨੂੰ ਪੂਰਾ ਕੀਤਾ ਜਾ ਸਕੇ। ਪਰ ਉਹ ਨਹੀਂ ਕੀਤਾ ਅੱਰ ਇਸ ਕਾਰਣ ਇਹ ਜੋ 70 ਕਰੋੜ ਦਾ ਘਾਟਾ ਹੈ ਇਹ ਹੁਣ ਦੀ ਸਰਕਾਰ ਦਾ ਨਹੀਂ ਬਲਕਿ ਪਿਛਲੇ ਕਈ ਸਾਲਾਂ ਤੋਂ ਤੁਰਿਆ ਆਉਂਦਾ ਹੈ। ਇਸ ਕਰਕੇ ਹੀ ਹੁਣ ਵੀ ਇਹ ਘਾਟੇ ਦਾ ਬਜਟ ਪੇਸ਼ ਕਰਨਾ ਪਿਆ ਹੈ। ਇਹ ਜੋ ਟਰੀਬਿਊਨ ਦੇ ਵਰਡਜ਼ ਹਨ ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾਏ ਹਨ। (ਵਿਘਨ) ਸਪੀਕਰ ਸਾਹਿਬ ਹੁਣ ਇਹ ਜਿਹੜਾ 70 ਕਰੋੜ ਦਾ ਘਾਟਾ ਹੈ ਇਸ ਨੂੰ ਪੂਰਾ ਕਰਨਾ ਸਾਡੀ ਜ਼ਿਮੇਵਾਰੀ ਹੈ। ਅਗਰ ਸਾਡੀ ਸਰਕਾਰ ਇਸ ਘਾਟੇ ਨੂੰ ਪੂਰਾ ਨਹੀਂ ਕਰਦੀ ਤਾਂ ਮੈਂ ਸਮਝਦਾ ਹਾਂ ਕਿ ਆਪਣੀ ਜ਼ਿਮੇਵਾਰੀ ਤੋਂ ਪਿੱਛੇ ਹਟੇਗੀ।

(ਇਸ ਵੇਲੇ ਸਰਦਾਰ ਬਲਵੰਤ ਸਿੰਘ ਖੜੇ ਹੋ ਕੇ ਪਰਸ਼ਨਲ ਐਕਸਪਲੇਨੇਸ਼ਨ ਦੀ ਬਾਰ ਬਾਰ ਮੰਗ ਕਰ ਰਹੇ ਸਨ)।

Sardar Balwant Singh : On a point of Personal Explanation, Sir.

Mr. Speaker : Let the Finance Minister finish his speech.

Sardar Balwant Singh : Sir, I have a right for personal explanation.

Finance Minister : I do not give way. He should be allowed to speak after my speech.

ਸ਼੍ਰੀ ਸਪੀਕਰ : ਤੁਸੀਂ ਸਰਦਾਰ ਬਲਵੰਤ ਸਿੰਘ ਜੀ ਬਾਅਦ ਵਿਚ ਐਕਸਪਲੇਨੇਸ਼ਨ ਦੇ ਦੇਣਾ। ਜਦੋਂ ਵਿੱਤ ਮੰਤਰੀ ਜੀ ਬੋਲ ਰਹੇ ਹੋਣ ਤਾਂ ਤੁਸੀਂ ਨਹੀਂ ਬੋਲ ਸਕਦੇ। (ਵਿਘਨ) (ਸ਼ੋਰ)

ਵਿੱਤ ਮੰਤਰੀ : ਮੈਂ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹਾਂਗਾ ਕਿ ਅਸਲੀਅਤ ਕੀ ਹੈ ? 1977-78 ਵਿਚ ਜਿਹੜਾ ਬਜਟ ਪੇਸ਼ ਹੋਇਆ ਸੀ, ਉਸ ਵਿਚ ਟਾਰਗਟ ਫਾਰ ਰਿਸੋਰਸਿਜ਼ ਮੋਬਲਾਈਜ਼ੇਸ਼ਨ 20 ਕਰੋੜ ਰੁਪਿਆ ਰੱਖਿਆ ਸੀ। ਇਨ੍ਹਾਂ ਨੇ ਕਿਹਾ ਸੀ ਕਿ ਅਸੀਂ 20 ਕਰੋੜ ਰੁਪਿਆ ਮੋਬਲਾਈਜ਼ ਕਰਾਂਗੇ। ਸਪੀਕਰ ਸਾਹਿਬ, 8.70 ਕਰੋੜ ਰੁਪਏ ਦੇ ਹੋਰ ਰਿਲੀਫ ਦੇ ਦਿੱਤੇ ਪਰ ਕੋਈ ਰਿਸੋਰਸਿਜ਼ ਮੋਬਲਾਈਜ਼ ਨਹੀਂ ਕੀਤੇ ਗਏ। ਸਪੀਕਰ ਸਾਹਿਬ, ਇਸੇ ਤਰ੍ਹਾਂ 1978-79

Original with;
Punjab Vidhan Sabha
Digitized by;
Panjab Digital Library

ਵਿਚ ਇਨ੍ਹਾਂ ਨੇ ਇਸ ਹਾਊਸ ਵਿਚ ਵਾਅਦਾ ਕੀਤਾ ਸੀ ਕਿ 20 ਕਰੋੜ ਰੁਪਏ ਦਾ ਘਾਟਾ ਜਿਹੜਾ ਹੈ ਇਸ ਲਈ ਰਿਸੋਰਸਿਜ਼ ਮੋਬਲਾਈਜ਼ ਕਰਾਂਗੇ। ਪਰ ਸਿਰਫ 7.80 ਕਰੋੜ ਰੁਪਏ ਦੇ ਰਿਸੋਰਸਿਜ਼ ਮੋਬਲਾਈਜ਼ ਕੀਤੇ ਗਏ ਫਿਰ ਪਿਛਲੇ ਸਾਲ 8.70 ਕਰੋੜ ਰੁਪਏ ਦਾ ਰਿਲੀਫ ਦੇ ਕੇ ਘਾਟਾ ਹੋਰ ਜ਼ਿਆਦਾ ਕਰ ਦਿਤਾ। 1979-80 ਵਿਚ 20 ਕਰੋੜ ਦੇ ਰਿਸੋਰਸਿਜ਼ ਮੋਬਲਾਈਜ਼ ਇਨ੍ਹਾਂ ਨੇ ਕਰਨੇ ਸਨ ਪਰ ਮੈਨੂੰ ਇਹ ਦਸਦੇ ਹੋਏ ਦੁਖ ਹੁੰਦਾ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ 60 ਕਰੋੜ ਰੁਪਏ ਦਾ ਘਾਟਾ ਪੂਰਾ ਕਰਨ ਲਈ ਕੁਝ ਨਹੀਂ ਕੀਤਾ ਗਿਆ। ਪਿਛਲੀ ਸਰਕਾਰ ਵੱਲੋਂ ਕੋਈ ਕਦਮ ਇਸ ਸਬੰਧ ਵਿਚ ਨਹੀਂ ਪੁੱਟਿਆ ਗਿਆ ਜਿਸ ਕਰਕੇ ਟ੍ਰੀਬਿਊਨ ਵਿਚ ਇਹ ਆਰਟੀਕਲ ਛੱਪਿਆ ਸੀ। ਇਹ ਆਰਟੀਕਲ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਵਾਸਤੇ ਲਿਖਿਆ ਗਿਆ ਸੀ। (ਥੰਪਿੰਗ) ਦੂਸਰੀ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਅਸੀਂ 300 ਕਰੋੜ ਰੁਪਏ ਦਾ ਐਨੂਅਲ ਪਲਾਨ ਰੱਖਿਆ ਹੈ। ਜੇਕਰ ਕਿਸੇ ਵੀ ਸਟੇਟ ਦੀ ਡਿਵੈਲਪਮੈਂਟ ਦਾ ਅੰਦਾਜ਼ਾ ਲਗਾਉਣਾ ਹੋਵੇ ਤਾਂ ਐਨੂਅਲ ਪਲਾਨ ਇੱਕ ਬੈਰੋਮੀਟਰ ਹੁੰਦਾ ਹੈ। ਕਿਸੇ ਵੀ ਸਟੇਟ ਦੀ ਤਰੱਕੀ ਦਾ ਅੰਦਾਜ਼ਾ ਲਗਾਉਣਾ ਹੋਵੇ ਤਾਂ ਉਹ ਐਨੂਅਲ ਪਲਾਨ ਤੋਂ ਪਤਾ ਲੱਗ ਸਕਦਾ ਹੈ। ਇਸ ਬਾਰੇ ਸਾਰੇ ਮੈਂਬਰ ਸਾਹਿਬਾਨ ਜਾਣਦੇ ਹਨ ਕਿ ਹਰ ਸਾਲ ਖਰਚ ਵੱਧ ਜਾਂਦੇ ਹਨ। ਐਸਟੈਬਲਿਸ਼ਮੈਂਟ ਦਾ ਖਰਚ ਹੁੰਦਾ ਹੈ।ਹੋਰ ਤਨਖਾਹਾਂ ਆਦਿ ਦਿੱਤੀਆਂ ਜਾਂਦੀਆਂ ਹਨ। ਹੋਰ ਖਰਚ ਵੀ ਹੋ ਸਕਦੇ ਹਨ। ਪਰ, ਸਪੀਕਰ ਸਾਹਿਬ, ਪਲੈਨ ਐਕਸਪੈਂਡੀਚਰ ਠੀਕ ਚਲਣਾ ਚਾਹੀਦਾ ਹੈ। ਮੈਨੂੰ ਇਹ ਗੱਲ ਕਹਿੰਦੇ ਹੋਏ ਅਫਸੋਸ ਹੁੰਦਾ ਹੈ, ਸਪੀਕਰ ਸਾਹਿਬ, ਬੜਾ ਹੀ ਅਫਸੋਸ ਹੁੰਦਾ ਹੈ ਕਿ 1977-78 ਵਿਚ ਜਦੋਂ ਕਾਂਗਰਸ ਸਰਕਾਰ ਨੇ ਆਪਣਾ ਰਾਜ ਛੱਡਿਆ ਸੀ ਤਾਂ ਐਨੂਅਲ ਪਲੈਨ 257.55 ਕਰੋੜ ਰੁਪਏ ਦਾ ਸੀ ਪਰ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਇਨ੍ਹਾਂ ਨੇ ਉਸ ਐਨੂਅਲ ਪਲਾਨ ਵਿੱਚੋਂ 204 ਕਰੋੜ ਰੁਪਏ ਖਰਚ ਕੀਤੇ। ਜਿਤਨਾ ਰੁਪਿਆ ਐਨੂਅਲ ਪਲਾਨ ਲਈ ਰਖਿਆ ਗਿਆ ਸੀ, ਉਹ ਵੀ, ਸਪੀਕਰ ਸਾਹਿਬ, ਇਹ ਖਰਚ ਨਹੀਂ ਕਰ ਸਕੇ। ਇਸੇ ਤਰ੍ਹਾਂ ਹੀ 1978-79 ਲਈ ਐਨੂਅਲ ਪਲਾਨ 260 ਕਰੋੜ ਰੁਪਏ ਦੀ ਸੀ ਪਰ ਇਸ ਵਿੱਚੋਂ ਇਨ੍ਹਾਂ ਨੇ 221 ਕਰੋੜ ਰੁਪਏ ਖਰਚ ਕੀਤੇ ਐਨੂਅਲ ਪਲਾਨ ਪੂਰਾ ਖਰਚ ਨਹੀਂ ਕੀਤਾ ਗਿਆ ਅਤੇ ਇਸੇ ਤਰ੍ਹਾਂ ਹੀ 1979-80 ਵਿਚ 260 ਕਰੋੜ ਰੁਪਏ ਦਾ ਐਨੂਅਲ ਪਲਾਨ ਰਖਿਆ ਗਿਆ ਸੀ ਪਰ ਇਸ ਐਨੂਅਲ ਪਲਾਨ ਵਿਚੋਂ ਸਿਰਫ 240 ਕਰੋੜ ਰੁਪਿਆ ਹੀ ਖਰਚ ਕਰ ਸਕੇ ਹਨ। ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਐਨੂਅਲ ਪਲਾਨ ਦਾ ਰਖਿਆ ਹੋਇਆ ਪੈਸਾ ਵੀ ਪੂਰਾ ਖਰਚ ਨਹੀਂ ਕਰ ਸਕੇ। ਸਪੀਕਰ ਸਾਹਿਬ, ਤੁਸੀਂ ਹੁਣ ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਵੇਲੇ ਐਨੂਅਲ ਪਲਾਨਾਂ ਨੂੰ ਦੇਖੋ ਤਾਂ ਪਤਾ ਲਗੇਗਾ ਕਿ 1975-76 ਵਿਚ 163.45 ਕਰੋੜ ਰੁਪਏ ਦਾ ਐਨੂਅਲ ਪਲਾਨ ਸੀ ਪਰ ਕਾਂਗਰਸ ਰਾਜ ਨੇ ਖਰਚ ਕੀਤਾ 166.28 ਕਰੋੜ ਰੁਪਿਆ। ਪਲਾਨ ਤੋਂ, ਸਪੀਕਰ ਸਾਹਿਬ, ਤਿੰਨ ਕਰੋੜ ਰੁਪਿਆ ਵੱਧ ਖਰਚ ਕੀਤਾ ਗਿਆ ਸੀ। ਇਸੇ ਤਰ੍ਹਾਂ ਹੀ 1976-77 ਵਿਚ ਐਨੂਅਲ ਪਲਾਨ 219.47 ਕਰੋੜ ਰੁਪਏ ਦਾ ਸੀ ਪਰ 220 ਕਰੋੜ ਰੁਪਏ ਖਰਚ ਕੀਤੇ ਗਏ ਯਾਨੀ ਕਿ ਪਲੈਨ ਤੋਂ ਵੱਧ ਖਰਚ ਕੀਤਾ ਗਿਆ ਸੀ। ਸਪੀਕਰ ਸਾਹਿਬ, ਕੋਈ ਵੀ ਸਰਕਾਰ ਐਨੂਅਲ ਪਲਾਨ ਤੋਂ ਵੱਧ ਖਰਚ ਕਰਦੀ ਹੈ। ਘੱਟ ਖਰਚ ਨਹੀਂ ਕਰਦੀ। ਪਰ, ਸਪੀਕਰ ਸਾਹਿਬ, ਜੋ ਅਸਲੀਅਤ ਹੈ, ਉਹ ਤੁਹਾਡੇ ਸਾਹਮਣੇ ਹੈ। ਸਰਕਾਰ ਨੂੰ ਤਰੀਕੇ ਦੇ ਕੰਮ ਕਰਨੇ ਚਾਹੀਦੇ ਹਨ ਅਤੇ ਲੋਕ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ। ਪਰ ਮੈਂ ਸਮਝਦਾ ਹਾਂ ਕਿ, ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਲੋਕਾਂ ਦੇ ਨਾਲ ਧੋਖਾ ਕੀਤਾ ਅਤੇ ਲੋਕਾਂ ਦੇ ਨਾਲ ਫਰੇਬ ਕੀਤਾ। ਮੈਂ ਸਮਝਦਾ ਹਾਂ ਕਿ ਉਸ ਐਨੂਅਲ ਪਲਾਨ ਦੇ ਬੈਰੋਮੀਟਰ ਦੇ ਮੁਤਾਬਿਕ ਹੀ ਲੋਕ ਭਲਾਈ ਦੇ ਕੰਮ ਹੋ ਸਕਦੇ ਹਨ ਅਤੇ ਲੋਕਾਂ ਦੀ ਠੀਕ ਸੇਵਾ ਹੋ ਸਕਦੀ ਹੈ। ਪਰ ਸਾਹਮਣੇ ਬੈਠੇ ਭਰਾਵਾਂ ਨੇ ਕੁਝ ਵੀ ਲੋਕਾਂ ਦੀ ਭਲਾਈ ਲਈ ਨਹੀਂ ਕੀਤਾ ਜਿਸ ਕਰਕੇ ਹੀ ਅੱਜ ਉਨ੍ਹਾਂ ਨੂੰ ਆਪੋਜ਼ੀਸ਼ਨ ਵਿਚ ਬੈਠਣਾ ਪਿਆ ਹੈ। (ਥੰਪਿੰਗ) ਮੈਂ ਸਪੀਕਰ ਸਾਹਿਬ, ਦੱਸਣਾ

Original with;
Punjab Vidhan Sabha
Digitized by:
Panjab Digital Library

[ਵਿੱਤ ਮੰਤਰੀ]

ਚਾਹੁੰਦਾ ਹਾਂ ਕਿ ਨਾਨ-ਪਲਾਨ ਤੇ ਖਰਚ ਜ਼ਿਆਦਾ ਹੋਇਆ ਹੈ । ਪਿਛਲੀ ਸਰਕਾਰ ਨੇ ਨਾਨ-ਪਲਾਨ ਤੇ ਬਹੁਤ ਹੀ ਜ਼ਿਆਦਾ ਖਰਚ ਕਰ ਦਿੱਤਾ ਹੈ । ਮੈਂ ਸਪੀਕਰ ਸਾਹਿਬ, ਇਹ ਮੰਨਦਾ ਹਾਂ ਕਿ ਥੋੜਾ ਬਹੁਤ ਖਰਚ ਤਾਂ ਹੋ ਸਕਦਾ ਹੈ । ਪਰ ਪਿਛਲੀ ਸਰਕਾਰ ਨੇ 1978-79 ਵਿਚ ਨਾਨ-ਪਲੈਨ ਤੇ 15.45 ਕਰੋੜ ਰੁਪਿਆ ਖਰਚ ਕੀਤਾ ਜਿਹੜਾ ਕਿ ਪਹਿਲਾਂ ਮਿਥਿਆ ਨਹੀਂ ਗਿਆ ਸੀ ਅਤੇ 1979-80 ਵਿਚ 54.30 ਕਰੋੜ ਰੁਪਿਆ ਨਾਨ-ਪਲਾਨ ਤੇ ਖਰਚ ਕੀਤਾ ਗਿਆ ਜਿਸ ਬਾ ਰੇ ਹਾਊਸ ਨੂੰ ਨਹੀਂ ਦਸਿਆ ਗਿਆ। ਮਗਰ ਹੋ ਸਕਦਾ ਹੈ ਕਿ ਸਪਲੀਮੈਂਟਰੀ ਗਰਾਂਟਸ ਮਨਜ਼ੂਰ ਕਰਵਾ ਲਏ ਹੋਣਗੇ। ਇਹ ਦੋ ਸਾਲਾਂ ਦਾ ਨਾਨ-ਪਲਾਨ ਐਕਸਪੈਂਡੀਚਰ ਜਿਹੜਾ ਕਿ 69.75 ਕਰੋੜ ਰੁਪਏ ਬਣਦਾ ਹੈ ਖਰਚ ਕੀਤਾ ਗਿਆ ਹੈ । ਇਸ ਖਰਚੇ ਨੂੰ ਪੋਸਟ ਬਜਟ ਐਕਸਪੈਂਡੀਚਰ ਵੀ ਕਿਹਾ ਜਾਂਦਾ ਹੈ । ਹੋਰ ਵੀ ਇਸ ਤਰ੍ਹਾਂ ਦੇ, ਸਪੀਕਰ ਸਾਹਿਬ, ਇਨ੍ਹਾਂ ਨੇ ਖਰਚੇ ਕੀਤੇ ਸਨ ਜਿਸ ਦਾ ਕਿ ਆਮ ਲੋਕਾਂ ਨੂੰ ਪਤਾ ਹੀ ਨਹੀਂ ਹੈ। ਸਾਹਮਣੇ ਬੈਠੇ ਭਰਾ ਐਮਰਜੈਂਸੀ ਦੀ ਬੜੀ ਚਰਚਾ ਕਰਦੇ ਰਹੇ ਹਨ। ਐਮਰਜੈਂਸੀ ਸਫਰਰਜ਼ ਦੇ ਨਾਂ ਹੇਠ ਮੈਡੀਕਲ ਕਾਲਜਾਂ ਵਿਚ ਅਤੇ ਹੋਰ ਇੰਸਟੀਚੂਸ਼ਨਾਂ ਵਿਚ ਦਾਖਲੇ ਦਿੱਤੇ ਗਏ ਅਤੇ ਇਸ ਪੰਜਾਬ ਵਿਚ ਜਿਹੜੇ ਐਮਰਜੈਂਸੀ ਵੇਲੇ ਕੁਝ ਦੇਰ ਜੇਲ੍ਹਾਂ ਵਿਚ ਰਹੇ ਸਨ, ਉਨ੍ਹਾਂ ਨੂੰ ਪੈਨਸ਼ਨਾਂ ਨਾਲ ਨਿਵਾਜਿਆ ਗਿਆ ਸੀ । ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਬਹੁਤ ਵੱਡੇ ਵੱਡੇ ਦੇਸ਼ ਭਗਤ ਹੋਏ ਹਨ ਜਿਹੜੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖਾਤਰ ਲਗਾਤਾਰ ਜੇਲ੍ਹਾਂ ਵਿਚ ਰਹੇ ਅਤੇ ਕੁਰਬਾਨੀਆਂ ਦਿੱਤੀਆਂ । ਉਨ੍ਹਾਂ ਨੂੰ ਕੋਈ ਰਿਲੀਫ ਦਿੱਤਾ ਜਾਂਦਾ ਤਾਂ ਠੀਕ ਸੀ ਪਰ ਇਨ੍ਹਾਂ ਨੇ ਐਮਰਜੈਂਸੀ ਵੇਲੇ ਜੇਲ੍ਹਾਂ ਵਿਚ ਜਾਣ ਵਾਲਿਆਂ ਨੂੰ ਰਿਲੀਫ ਦੇ ਕੇ ਚੰਗਾ ਕੰਮ ਨਹੀਂ ਕੀਤਾ । ਸਪੀਕਰ ਸਾਹਿਬ, ਇਹੀ ਵਜ੍ਹਾ ਹੈ ਕਿ ਐਮਰਜੈਂਸੀ ਸਫਰਰਜ਼ ਦੇ ਨਾਂ ਤੇ ਜੋ ਰਿਆਇਤਾਂ ਦਿੱਤੀਆਂ ਗਈਆਂ ਸਨ, ਉਹ ਵਾਪਸ ਲੈ ਲਈਆਂ ਗਈਆਂ ਹਨ । (ਸ਼ੋਮ, ਸ਼ੋਮ)

ਇਨਕੁਆਇਰੀ ਕਮਿਸ਼ਨ ਜਿਹੜਾ ਅਮਰਜੈਂਸੀ ਦੀਆਂ ਜ਼ਿਆਦਤੀਆਂ ਸੁਣਨ ਵਾਸਤੇ ਬਿਠਾਇਆ ਗਿਆ ਸੀ, ਉਸ ਦਾ ਹਾਲ ਵੀ ਮੈਂ ਦੱਸਣਾ ਚਾਹੁੰਦਾ ਹਾਂ। ਉਦੋਂ ਗੁਰਦੇਵ ਸਿੰਘ ਕਮਿਸ਼ਨ ਬਿਠਾਇਆ ਗਿਆ ਤਾਂ ਕਿ ਕਾਂਗਰਸੀਆਂ ਤੇ ਮੁਕਦਮੇਂ ਬਣਾਏ ਜਾਣ। ਉਸ ਤੇ ਖਰਚ ਕਿੰਨਾ ਕੀਤਾ ਗਿਆ ਹੈ ? ਇਕ ਵਾਰੀ 5 ਲੱਖ 79 ਹਜ਼ਾਰ, ਫਿਰ 4 ਲੱਖ 72 ਹਜ਼ਾਰ ਅਤੇ ਫਿਰ 10 ਲੱਖ 51 ਹਜ਼ਾਰ ਰੁਪਿਆ ਖਰਚ ਕੀਤਾ ਗਿਆ। ਇਹ ਸਾਰਾ ਰੁਪਿਆ ਜ਼ਾਇਆ ਕੀਤਾ ਗਿਆ (ਵਿਘਨ) ਗੁਰਦੇਵ ਸਿੰਘ ਕਮਿਸ਼ਨ ਨੇ ਸਿਵਾਏ ਕਾਂਗਰਸੀਆਂ ਨੂੰ ਹੈਰਾਸ ਕਰਨ ਦੇ ਹੋਰ ਕੁਝ ਨਹੀਂ ਕੀਤਾ ।

(ਸਰਦਾਰ ਪ੍ਰੇਮ ਸਿੰਘ ਲਾਲਪੁਰਾ ਔਰ ਸਰਦਾਰ ਸੰਤ ਸਿੰਘ ਵਲੋਂ ਵਿਘਨ)

ਮੈਂ ਕਹਾਂਗਾ ਕਿ ਸਾਡੀ ਪਹਿਲੀ ਸਰਕਾਰ ਆਪਣੇ ਆਪ ਨੂੰ ਬੜੀ ਪ੍ਰੋਗਰੈਸਿਵ ਔਰ ਬਹੁਤ ਅਗਾਂਹ ਵਧੂ ਸਰਕਾਰ ਕਹਿੰਦੀ ਸੀ। ਪਰ ਪਹਿਲੇ ਚੀਫ ਮਨਿਸਟਰ, ਜੋ ਕਿ ਇਸ ਵੇਲੇ ਲੀਡਰ ਆਫ ਦੀ ਆਪੋਜ਼ੀਸ਼ਨ ਹਨ, ਨੇ ਇੰਪੋਰਟਿਡ ਕਾਰ ਮੰਗਵਾਉਣ ਲਈ ਸਿਰਫ 7 ਲੱਖ ਰੁਪਿਆ ਖਜ਼ਾਨੇ ਵਿਚੋਂ ਲਿੱਤਾ । ਚੰਗਾ ਹੁੰਦਾ ਜੇਕਰ ਪੰਜਾਬ ਦੇ ਸਕੂਲਾਂ ਤੇ ਇਹ ਰੁਪਿਆ ਖਰਚ ਕੀਤਾ ਜਾਂਦਾ ਤੁਹਾਡੇ ਦੁਆਰਾ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਦਸ਼ਮੇਸ਼ ਸਕੂਲ ਬਾਦਲ ਪਿੰਡ ਵਿਚ ਖੋਲ੍ਹਿਆ ਗਿਆ ਜਿਸ ਲਈ 5 ਲੱਖ ਰੁਪਿਆ ਸਰਕਾਰੀ ਖਜ਼ਾਨੇ ਵਿਚੋਂ ਦਿੱਤਾ ਗਿਆ (ਸ਼ੋਮ, ਸ਼ੋਮ) ਮੈਂ ਕਹਿਣਾ ਚਾਹੁੰਦਾ ਹਾਂ ਕਿ ਹੋਰ ਸਾਰਿਆਂ ਸਕੂਲਾਂ ਨੂੰ ਕਿਉਂ ਨਹੀਂ ਇਸ ਤਰ੍ਹਾਂ ਨਾਲ ਰੁਪਿਆ ਦਿੱਤਾ ਗਿਆ ਔਰ ਕੇਵਲ ਬਾਦਲ ਪਿੰਡ ਦੇ ਸਕੂਲ ਨੂੰ ਹੀ ਕਿਉਂ ਦਿੱਤਾ ਗਿਆ। (ਸਰਦਾਰ ਆਤਮਾ ਸਿੰਘ ਵਲੋਂ ਵਿਘਨ)।

Original with;
Punjab Vidhan Sabha
Digitized by;
Panjab Digital Library

ਸਾਡੇ ਮਾਨਯੋਗ ਮੈਂਬਰਾਂ ਨੇ ਬੜਾ ਖਦਸ਼ਾ ਜ਼ਾਹਿਰ ਕੀਤਾ ਹੈ । (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੀ ਖਦਸ਼ਾ ਜ਼ਾਹਿਰ ਕੀਤਾ ? ਉਹ ਇਹ ਹੈ ਕਿ ਫਾਈਨਾਂਸ ਮਨਿਸਟਰ ਨੇ ਆਪਣੀ ਬਜਟ ਸਪੀਚ ਵਿਚ ਟਰਾਂਸਪੋਰਟ ਵਿਚ ਘਾਟਾ ਦੱਸਿਆ, ਆਬਪਾਸ਼ੀ ਵਿਚ ਘਾਟਾ ਦਸਿਆ ਅੌਰ ਬਿਜਲੀ ਬੋਰਡ ਵਿਚ ਘਾਟਾ ਦੱਸਿਆ, ਇਸ ਲਈ ਸ਼ਕ ਇਹ ਪੈਦਾ ਹੁੰਦਾ ਹੈ ਕਿ ਬਾਅਦ ਵਿਚ ਟੈਕਸ ਲਗਾਉਣੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਪੰਜਾਬ ਸਰਕਾਰ ਕੋਈ ਗੱਲ ਵੀ, ਜਿਹੜੀ ਕਿ ਸਟੇਟ ਫਾਈਨਾਂਸਿਜ਼ ਨਾਲ ਸਬੰਧ ਰਖਦੀ ਹੈ, ਤਰੱਕੀ ਨਾਲ ਸਬੰਧ ਰਖਦੀ ਹੈ ਅੌਰ ਪੰਜਾਬ ਦੀ ਭਲਾਈ ਨਾਲ ਸਬੰਧ ਰਖਦੀ ਹੈ, ਉਹ ਮੈਂਬਰਾਂ ਦੇ ਸਾਹਮਣੇ ਰਖਣਾ ਚਾਹੁੰਦੀ ਹੈ। ਮੈਂ ਫੈਕਟਸ ਐਂਡ ਫਿਗਰਜ਼ ਮਾਨਯੋਗ ਮੈਂਬਰਾਂ ਦੇ ਸਾਹਮਣੇ ਰਖੇ ਹਨ ਕਿ ਪੰਜਾਬ ਦੀ ਹਾਲਤ ਕਿਸ ਤਰ੍ਹਾਂ ਦੀ ਹੈ । ਟਰਾਂਸਪੋਰਟ ਵਿਚ ਘਾਟਾ ਪੈ ਰਿਹਾ ਹੈ, ਆਬਪਾਸ਼ੀ ਵਿਚ 12 ਕਰੋੜ ਦਾ ਘਾਟਾ ਪੈ ਰਿਹਾ ਹੈ, 60 ਕਰੋੜ ਦਾ ਸਾਲਾਨਾ ਬਿਜਲੀ ਬੋਰਡ ਵਿਚ ਘਾਟਾ ਪੈ ਰਿਹਾ ਹੈ । ਇਹ 100 ਕਰੋੜ ਰੁਪਏ ਦੇ ਕਰੀਬ ਘਾਟਾ ਜਿਹੜਾ ਹੈ ਇਹ ਪੰਜਾਬ ਕਿਸ ਤਰ੍ਹਾਂ ਨਾਲ ਬਰਦਾਸ਼ਤ ਕਰੇਗਾ । ਮੈਂ ਚਾਹੁੰਦਾ ਸੀ ਕਿ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਇਸ ਬਾਰੇ ਆਪਣੇ ਸੁਝਾਓ ਦਿੰਦੇ (ਵਿਘਨ) ਕਿ ਬਿਜਲੀ ਬੋਰਡ ਦਾ ਸੁਧਾਰ ਇਸ ਤਰ੍ਹਾਂ ਨਾਲ ਕਰੋ । ਇਸੇ ਤਰ੍ਹਾਂ ਹੀ ਟਰਾਂਸਪੋਰਟ ਨੂੰ ਸੁਧਾਰਣ ਵਾਸਤੇ ਆਪਣੇ ਸੁਝਾਓ ਦਿੰਦੇ । ਇਸ ਤੋਂ ਇਲਾਵਾ ਜੋ ਆਬਪਾਸ਼ੀ ਦੇ ਬਾਰੇ ਘਾਟਾ ਪੈ ਰਿਹਾ ਹੈ, ਉਸ ਲਈ ਵੀ ਸੁਝਾਉ ਦਿੰਦੇ ਤਾਂ ਮੈਂ ਸਮਝਦਾ ਕਿ ਬਹਿਸ ਦਾ ਜ਼ਰੂਰ ਕੁਝ ਨਾ ਕੁਝ ਫਾਇਦਾ ਹੋਇਆ ਹੈ । ਇਥੇ ਕ੍ਰਿਟੇਸਿਜ਼ਮ ਤਾਂ ਹੋਇਆ ਹੈ ਪਰ ਸੁਝਾਓ ਕੋਈ ਕੰਸਟ੍ਰਕਟਿਵ ਆਏ ਨਹੀਂ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਫਰਟੇਲਾਈਜ਼ਰ ਦੀਆਂ ਕੀਮਤਾਂ ਵੱਧੀਆਂ ਹਨ। ਉਸ ਦੇ ਨਾਲ ਪੰਜਾਬ ਦੇ ਕਿਸਾਨ ਨੂੰ ਤਕਲੀਫ ਮਹਿਸੂਸ ਹੁੰਦੀ ਹੈ, ਸਾਨੂੰ ਵੀ ਹੁੰਦੀ ਹੈ । ਇਹੋ ਜਿਹੀ ਹਾਲਤ ਵਿਚ ਪੰਜਾਬ ਸਰਕਾਰ ਕੋਈ ਐਸਾ ਕਦਮ ਨਹੀਂ ਉਠਾਏਗੀ ਜਿਸ ਦੇ ਨਾਲ ਪੰਜਾਬ ਦਾ ਕਿਸਾਨ ਹੋਰ ਤਕਲੀਫ ਵਿਚ ਪਏ (ਥੰਪਿੰਗ) ਅਸੀਂ ਪਰਬੰਧ ਜ਼ਰੂਰ ਕਰਾਂਗੇ ਕਿ ਜਿਹੜਾ ਘਾਟਾ ਪੈ ਰਿਹਾ ਹੈ, ਉਸ ਲਈ ਕਿਥੇ ਪਲੈਨਿੰਗ ਹੋਣੀ ਚਾਹੀਦੀ ਹੈ। ਐਡਮਨਿਸਟੇਸ਼ਨ ਵਿਚ ਜੋ ਨੁਕਸ ਹਨ, ਟਾਪ ਹੈਵੀ ਐਡਮਨਿਸਟਰੇਸ਼ਨ ਹੈ, ਇਨ੍ਹਾਂ ਵਲ ਪੰਜਾਬ ਸਰਕਾਰ ਅੱਛੀ ਤਰ੍ਹਾਂ ਨਾਲ ਵੇਖੇਗੀ ਅੌਰ ਦਰੁਸਤੀ ਵਾਲੇ ਕਦਮ ਉਠਾਏਗੀ (ਥੰਪਿੰਗ)।

ਹੁਣ ਮੈਂ ਖਾਸ ਤੌਰ ਤੇ ਬਰਨਾਲਾ ਸਾਹਿਬ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਇਨ੍ਹਾਂ ਨੇ ਘੜੀ ਮੁੜੀ ਇਕਨਾਮਿਕ ਸਰਵੇ ਦਾ ਜ਼ਿਕਰ ਕੀਤਾ । ਮੈਂ ਉਸ ਬਾਰੇ ਵਿਚ ਜ਼ਰੂਰ ਕੁਝ ਸ਼ਬਦ ਕਹਾਂਗਾ । ਬਰਨਾਲਾ ਜੀ ਬਹੁਤ ਚੰਗੇ ਵਿਅਕਤੀ ਹਨ, ਸੈਂਟਰ ਵਿਚ ਵਜ਼ੀਰ ਵੀ ਰਹਿ ਚੁਕੇ ਹਨ ਅੌਰ ਮੈਂ ਇਨ੍ਹਾਂ ਦੀ ਇੱਜ਼ਤ ਕਰਦਾ ਹਾਂ । ਪਰ ਆਪੋਜ਼ੀਸ਼ਨ ਬੈਂਚਾਂ ਤੇ ਬੈਠ ਕੇ ਕੁਝ ਨਾ ਕੁਝ ਕਹਿਣਾ ਪੈਂਦਾ ਹੈ (ਵਿਘਨ) ਉਨ੍ਹਾਂ ਨੇ ਸਹੀ ਕਿਹਾ ਜਾਂ ਗਲਤ ਕਿਹਾ ਇਹ ਹਾਊਸ ਦੇਖੇਗਾ । ਉਨ੍ਹਾਂ ਨੇ ਇਕਨਾਮਿਕ ਸਰਵੇ ਦੇ ਪੇਜ ਨੰ: 6 ਤੇ ਲਿਖੀ ਹੋਈ ਗੱਲ ਦਾ ਜ਼ਿਕਰ ਕੀਤਾ ਹੈ ਜਿਹੜੀ ਕਿ ਆਈ. ਆਰ ਡੀ. ਪੀ. ਨਾਲ ਸਬੰਧ ਰਖਦੀ ਹੈ । ਇਨ੍ਹਾਂ ਨੇ ਕਿਹਾ ਕਿ ਤੱਥਾਂ ਨੂੰ ਤਰੋੜ ਮਰੋੜ ਕੇ ਕਿਹਾ ਗਿਆ ਹੈ। ਕੁਝ ਚੇਪੀਆਂ ਵੀ ਲਗਾਈਆਂ ਗਈਆਂ ਹਨ । ਇਹ ਠੀਕ ਹੈ ਅੌਰ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਸੱਭ ਕੁਝ ਹੋਇਆ । ਉਹ ਇਸ ਕਰਕੇ ਦੱਸਣਾ ਚਾਹੁੰਦਾ ਹਾਂ ਕਿ ਇਹ ਦਰੁਸਤੀ ਕਰ ਲੈਣ ਜੋ ਇਨ੍ਹਾਂ ਦੇ ਹੱਥ ਵਿਚ ਇਕਨਾਮਿਕ ਸਰਵੇ ਹੈ ਤਾਂ ਉਸ ਨੂੰ ਪੜ੍ਹ ਲੈਣ । ਕਨ-ਕਲੂਜ਼ਨ ਤੇ ਆ ਕੇ ਗੱਲ ਖਤਮ ਹੁੰਦੀ ਹੈ। ਅਗਰ ਜਿਸ ਤਰ੍ਹਾਂ ਇਹ ਕਹਿੰਦੇ ਸੀ ਉਸ ਤਰ੍ਹਾਂ ਹੋਇਆ ਤਾਂ ਕਨਫਿਊਜ਼ਨ ਨੂੰ ਦਰੁਸਠ ਕਰਨਾ ਬੜਾ ਜ਼ਰੂਰੀ ਸੀ। ਇਸ ਦੇ ਪੇਜ 7 ਤੇ ਲਿਖਿਆ ਹੈ :

"The crop-wise yield differentials in the two areas have, however, not been measured scientifically. It is a point for study as to whether the concentration of resources in some areas at the cost of others justifies the increase in production.

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

The IRDP was launched with the idea of accelerating economic growth in the rural sector. The success of the programme, has, however, been chequered due to faulty selection of focal points in some cases. The programme as at present needs to be streamlined to yield fruitful results."

ਇਸ ਚੀਜ਼ ਦਾ ਜ਼ਿਕਰ ਕਰਦਾ ਹੋਇਆ ਮੈਂ ਤੁਹਾਡਾ ਧਿਆਨ ਇਸ ਗਲ ਵਲ ਦਿਵਾਵਾਂਗਾ ਕਿ ਆਈ. ਆਰ. ਡੀ. ਪੀ. ਦੀ ਹਾਲਤ ਕੀ ਹੈ ? ਇਹ ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਸਕੀਮ 302 ਕਰੋੜ ਰੁਪਏ ਨਾਲ ਸ਼ੁਰੂ ਇਨ੍ਹਾਂ ਨੇ ਕੀਤੀ ਸੀ। ਪੈਰੇ ਦੀ ਗਲ ਘੱਟ ਸਮਝ ਆਉਂਦੀ ਹੈ ਪਰ ਜਿਹੜੀ ਗਲ ਮੈਂ ਕਹਾਂਗਾ ਉਹ ਸਾਰੇ ਮਾਨਯੋਗ ਮੈਂਬਰਾਂ ਨੂੰ ਸਮਝ ਆਵੇਗੀ। ਸਾਡੇ ਸਾਹਮਣੇ ਬੈਠੇ ਮੈਂਬਰਾਂ ਨੂੰ ਜ਼ਰੂਰ ਸਮਝ ਆਏਗੀ। ਗਲ ਇਹ ਸੀ ਕਿ 302 ਕਰੋੜ ਰੁਪਏ ਪੰਜ ਸਾਲਾਂ ਲਈ ਰੱਖ ਗਏ ਸੀ ਕਿ ਸਾਰੇ ਪੰਜਾਬ ਦੇ ਫੋਕਲ ਪੁਆਇੰਟਸ ਬਣਾਕੇ ਪੰਜ-ਪੰਜ ਪਿੰਡ ਲੈ ਕੇ ਪੰਜ ਸਾਲਾਂ ਵਿਚ ਸਾਰੇ ਪੰਜਾਬ ਦੇ ਪਿੰਡ ਜੋ ਕਿ 12,188 ਹਨ ਇਨ੍ਹਾਂ ਦੀ ਡਿਵੈਲਪਮੈਂਟ ਕਰਾਂਗੇ। ਆਈਡੀਆ ਬਹੁਤ ਅੱਛਾ ਸੀ, ਸੁਪਨਾ ਬਹੁਤ ਅੱਛਾ ਸੀ ਲੇਕਿਨ ਜੇ ਇਹ ਪੂਰਾ ਹੁੰਦਾ। ਅਸੀਂ ਜ਼ਰੂਰ ਇਸ ਪ੍ਰੋਗਰਾਮ ਨੂੰ ਤੇਜ਼ੀ ਨਾਲ ਲਾਗੂ ਕਰਦੇ। ਪਰ ਇਹ ਸੁਪਨਾ ਸੀ । ਇਹ ਇਕ ਐਸਾ ਖਿਆਲੀ ਮਹੱਲ ਸੀ ਜਿਸ ਦੀ ਬੁਨਿਆਦ ਕਮਜ਼ੋਰ ਸੀ । ਇਸ 302 ਕਰੋੜ ਵਿਚੋਂ 98 ਕਰੋੜ ਸਰਕਾਰ ਨੇ ਆਪਣੇ ਕੋਲੋਂ ਪਾਉਣਾ ਸੀ ਅਤੇ ਬਾਕੀ ਦੇ 204 ਕਰੋੜ ਰੁਪਏ ਬੈਂਕਾਂ ਤੋਂ ਲੈ ਕੇ ਇਨ੍ਹਾਂ ਪਿੰਡਾਂ ਦੀ ਡਿਵੈਲਪਮੈਂਟ ਕਰਨੀ ਸੀ। ਪਰ ਅਸਲੀਅਤ ਕੀ ਹੈ ? 1977-78, 1978-79 ਅੱਰ 1979-80 ਇਨ੍ਹਾਂ ਤਿੰਨਾਂ ਸਾਲਾਂ ਵਿਚ 58.60 ਕਰੋੜ ਰੁਪਿਆ ਸਰਕਾਰ ਨੂੰ ਖਰਚ ਕਰਨਾ ਚਾਹੀਦਾ ਸੀ ਅਤੇ ਬੈਂਕਾਂ ਤੋਂ 121.20 ਕਰੋੜ ਰੁਪਿਆ ਮਿਲਣਾ ਚਾਹੀਦਾ ਸੀ । ਇਹ ਤਿੰਨ ਸਾਲਾਂ ਦੀ ਸਕੀਮ ਪੂਰੀ ਕਰਨ ਵਾਸਤੇ ਐਨਾ ਰੁਪਿਆ ਚਾਹੀਦਾ ਸੀ (ਵਿਘਨ) ਪਰ ਹੋਇਆ ਕੀ ? ਇਹ ਜੋ ਮੋਤੀਆਂ ਵਾਲੀ ਸਰਕਾਰ ਸੀ, ਜੋ ਜਾਗੀਰਦਾਰਾਂ ਦੀ ਸਰਕਾਰ ਸੀ, ਉਸ ਸਰਕਾਰ ਨੇ ਜੋ 58.60 ਕਰੋੜ ਰੁਪਿਆ ਤਿੰਨ ਸ਼ਾਲਾਂ ਵਿਚ ਖਰਚਣਾ ਸੀ, ਉਸ ਦੀ ਬਜਾਏ ਸਿਰਫ 7.23 ਕਰੋੜ ਰੁਪਿਆ ਖਰਚਿਆ। ਬੈਂਕਾਂ ਤੋਂ 121.20 ਕਰੋੜ ਰੁਪਿਆ ਲੈਣਾ ਸੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਬੈਂਕਾਂ ਤੋਂ ਇਹ ਸਾਰਾ ਰੁਪਿਆ ਨਹੀਂ ਲਿਆ ਗਿਆ । ਬਲਕਿ ਕੋਆਪਰੇਟਿਵ ਸਸਾਇਟੀਆਂ ਤੋਂ ਲਿਆ ਗਿਆ । 121.20 ਕਰੋੜ ਦੀ ਬਜਾਏ ਸਿਰਫ 12.11 ਕਰੋੜ ਰੁਪਿਆ ਉਨ੍ਹਾਂ ਤੋਂ ਲਿਆ ਗਿਆ। ਇਸ ਤਰ੍ਹਾਂ ਕਲ 19.34 ਕਰੋੜ ਰੁਪਿਆ ਖਰਚ ਕੀਤਾ ਗਿਆ। ਇਨ੍ਹਾਂ ਨੇ ਤਿੰਨ ਫੇਜ਼ਿਜ਼ ਵਿਚ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਸੀ। ਪਹਿਲੇ ਫੇਜ਼ ਵਿਚ ਇਹ ਸਹੂਲਤਾਂ ਦਿਆਂਗੇ ਅਤੇ ਦੂਸਰੇ ਫੇਜ਼ ਵਿਚ ਇਹ ਸਹੂਲਤਾਂ ਦਿਆਂਗੇ। ਸਪੀਕਰ ਸਾਹਿਬ, ਜੇ ਮੈਂ ਇਸ ਦਾ ਸਾਰਾ ਜ਼ਿਕਰ ਕਰਾਂ ਤਾਂ ਬਹੁਤ ਟਾਈਮ ਲਗੇਗਾ ਅਤੇ ਉਨਾਂ ਨੂੰ ਸੁਣ ਕੇ ਮਾਨ ਯੋਗ ਮੈਂਬਰਾਂ ਨੂੰ ਸਦਮਾ ਹੋਵੇਗਾ। ਇਸ ਲਈ ਮੈਂ ਇਸ ਦਾ ਜ਼ਿਆਦਾ ਜ਼ਿਕਰ ਨਹੀਂ ਕਰਦਾ। ਸਪੀਕਰ ਸਾਹਿਬ, 19 ਸਹੂਲਤਾਂ ਦੇਣ ਦਾ ਟੀਚਾ ਸੀ । ਆਸਾ ਬੁਟਰ ਪਿੰਡ ਜਿਹੜਾ ਸੀ, ਜਿਸ ਦਾ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਮੁਰਾਰਜੀ ਡਿਸਾਈ ਨੇ ਆਪਣੇ ਹੱਥਾ ਨਾਲ ਨੀਂਹ ਪੱਥਰ ਰੱਖਿਆ ਸੀ, ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਦੀ ਸਰਕਾਰ ਉਸ ਪਿੰਡ ਨੂੰ ਵੀ 19 ਸਹੂਲਤਾਂ ਪੂਰੀਆਂ ਨਹੀਂ ਦੇ ਸਕੀ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਬਰਨਾਲਾ ਜੀ ਨੇ ਅਤੇ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਮੇਰੀ ਬੱਜਟ ਸਪੀਚ ਵਿਚੋਂ ਇਕ ਫਿਕਰਾ ਲੈ ਕੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਹਨ। (ਵਿਘਨ) ਤੁਸੀਂ ਹੁਣ ਧਿਆਨ ਨਾਲ ਸੁਣ ਤਾਂ ਲਵੋ। ਬਰਨਾਲਾ ਜੀ ਨੇ ਐਗਰੀਕਲਚਰਲ ਪਰੋਡਿਊਸ ਦਾ ਜ਼ਿਕਰ ਕੀਤਾ ਹੈ ਕਿ ਜਿਹੜੀ ਜ਼ੀਰੋ ਗਰੋਥ ਲਿਖੀ ਹੈ ਇਹ ਕੋਈ ਮੁਨਾਸਿਬ ਨਹੀਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬੱਜਟ ਸਪੀਚ ਵਿਚ ਜਿਹੜੀਆਂ ਫਿੱਗਰਜ਼ ਆਈਆਂ ਹਨ ਉਹ ਸਾਰੇ ਪੰਜਾਬ ਦੀਆਂ

Original with;
Punjab Vidhan Sabha
Digitized by;
Panjab Digital Library

ਟੋਟਲ ਪਰੋਡਿਊਸ ਦੀਆਂ ਫਿੱਗਰਜ਼ ਹਨ। ਉਨ੍ਹਾਂ ਨੇ ਇਕਨਾਮਿਕ ਸਰਵੇ ਵਿਚੋਂ ਦੱਸਿਆ ਹੈ। ਉਸ ਵਿਚ ਪੇਜ ਨੰ: 3 ਤੇ ਐਗਰੀਕਲਚਰ ਦੇ ਥੱਲੇ ਫੂਡ ਪਰੋਡਕਸ਼ਨ ਦੇ ਬਾਰੇ ਦੱਸਿਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ 116.71 ਲੱਖ ਟਨ ਤੋਂ 120 ਲੱਖ ਟਨ ਪਰੋਡਕਸ਼ਨ ਹੋਈ। (ਵਿਘਨ) ਇਹ ਜ਼ਰਾ ਇਸ ਨੂੰ ਪੜ੍ਹ ਲੈਣ। ਇਸ ਵਿਚ ਲਿਖਿਆ ਹੈ:—

In 1979-80, the foodgrains production is expected to have reached 120 lakh tonnes.

ਇਹ ਵੀ ਫੂਡ ਗਰੇਨਜ਼ ਦੇ ਬਾਰੇ ਵਿਚ ਹੈ। ਉਸ ਦੀਆਂ ਫਿਗਰਜ਼ ਵੀ ਮੈਂ ਦੱਸਦਾ ਹਾਂ। ਅੱਜ ਤੱਕ ਮੰਡੀਆਂ ਵਿਚ 120 ਲਖ ਟਨ ਕਣਕ ਹੀ ਨਹੀਂ ਬਲਕਿ ਇਸ ਤੋਂ ਘੱਟ ਕਣਕ ਆਈ ਹੈ। ਜਿਹੜੀ ਦੂਸਰੀ ਪਰੋਡਕਸ਼ਨ ਹੈ ਜਿਸ ਵਿਚ ਕਾਟਨ ਵੀ ਹੈ, ਸ਼ੂਗਰਕੇਨ ਵੀ ਹੈ, ਇਹ ਸਾਰੀਆਂ ਚੀਜ਼ਾਂ ਵੀ ਘੱਟ ਪੈਦਾ ਹੋਈਆਂ ਹਨ। ਉਨ੍ਹਾਂ ਦੇ ਘਾਟੇ ਨੂੰ ਲੈ ਕੇ ਨਾਲ ਬਿੱਗ ਜ਼ੀਰੋ ਦੀ ਗਲ ਮੈਂ ਕੀਤੀ ਹੈ। ਸਾਰੇ ਪੰਜਾਬ ਦੀ ਪਰੋਡਕਸ਼ਨ ਨੂੰ ਇਕੱਠਾ ਕਰਕੇ ਮੈਂ ਜ਼ਿਕਰ ਕੀਤਾ ਸੀ। ਕਣਕ 5 ਜੁਲਾਈ, ਤੱਕ 42.39 ਲੱਖ ਟਨ ਆਈ ਜਦ ਕਿ ਟੀਚਾ 45 ਲੱਖ ਟਨ ਦਾ ਸੀ। ਦਾਲਾਂ, ਤੇਲ ਕੱਢਣ ਦੇ ਬੀਜ ਅਤੇ ਸ਼ੂਗਰਕੇਨ ਦੀ ਪੈਦਾਵਾਰ 1979-80 ਵਿਚ 1976-77 ਦੇ ਮੁਕਾਬਲੇ ਵਿਚ 30% ਘੱਟ ਹੋਈ। ਤੇਲ ਦੇ ਬੀਜ 21.4% ਘੱਟ ਹੋਏ। ਹੁਣ ਸ਼ੂਗਰਕੇਨ ਬਾਰੇ ਲੈ ਲਵੋ। ਯੂ. ਪੀ. ਵਿਚ ਸ਼ੂਗਰਕੇਨ ਨੂੰ ਅੱਗ ਲਾਈ ਗਈ। ਇਹ ਕਹਿੰਦੇ ਹਨ ਕਿ ਅਸੀਂ ਢਾਈ ਰੁਪਏ ਤੋਂ ਵਧ ਸ਼ੂਗਰ ਦਾ ਰੇਟ ਨਹੀਂ ਹੋਣ ਦਿੱਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਸਾਨ ਨੂੰ ਉਸ ਦੀ ਗੰਨੇ ਦੀ ਫਸ਼ਲ ਦਾ ਠੀਕ ਭਾਅ ਨਹੀਂ ਦਿੱਤਾ ਜਿਸ ਕਰਕੇ ਕਿਸਾਨ ਨੇ ਗੰਨਾ ਨਹੀਂ ਬੀਜਿਆ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ: 1.45 ਤੱਕ ਹਾਊਸ ਦਾ ਸਮਾਂ ਹੈ। ਇਸ ਤਰ੍ਹਾਂ ਹੋਰ 12 ਮਿੰਟ ਰਹਿੰਦੇ ਹਨ।

ਵਿੱਤ ਮੰਤਰੀ: ਤੁਸੀਂ ਹਾਊਸ ਦਾ ਸਮਾਂ ਐਕਸਟੈਂਡ ਕਰ ਲਵੋ। ਹੁਣ ਮੈਂ ਇਕਨਾਮਿਕ ਸਰਵੇ ਦੇ ਪੇਜ 18 ਤੋਂ ਪੜ੍ਹਕੇ ਸਣਾਉਂਦਾ ਹਾਂ। ਇਥੇ ਸਰਦਾਰ ਬਲਵੰਤ ਸਿੰਘ ਨੇ ਕਿਹਾ ਸੀ ਕਿ ਕੀਮਤਾਂ ਹੁਣ ਬਹੁਤ ਵੱਧ ਗਈਆਂ ਹਨ ਹਾਲਾਂ ਕਿ ਸੈਂਟਰ ਦੀ ਸਰਕਾਰ ਨੂੰ ਬਣਿਆਂ ਕੋਈ ਦੇਰ ਨਹੀਂ ਹੋਈ। ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰਾਜ ਵਿਚ ਤਿੰਨ, ਪੌਣੇ ਤਿੰਨ ਸਾਲ ਜੋ ਕੁਝ ਹੋਇਆ ਉਸ ਦੀ ਮਿਹਰਬਾਨੀ ਹੈ ਕਿ ਕੀਮਤਾਂ ਐਨੀਆਂ ਵੱਧ ਗਈਆਂ ਹਨ। ਇਸ ਇਨਕਾਮਿਕ ਸਰਵੇ ਦੇ ਸਫ਼ਾ ਨੰ: 18 ਤੇ ਇਸ ਤਰ੍ਹਾਂ ਲਿਖਿਆ ਹੈ:—

'The index jumped up by 9 points from 364 in March, 1979 to 373 in April, 1979 a period of only one month immediately following the budget. The sharp rising trend continued unabated since then. By March, 1980, the index had shot up to 456. Thus the wholesale price index increased by 24.9 per cent by March, 1980 as compare to its level in April, 1979.'

ਸਪੀਕਰ ਸਾਹਿਬ, ਇਨ੍ਹਾਂ ਦੇ ਖਿਲਾਰੇ ਹੋਏ ਕੰਡੇ ਸਾਨੂੰ ਚੁਗਣੇ ਪੈ ਰਹੇ ਹਨ। (ਵਿਘਨ) ਤੁਸੀਂ ਚੌਧਰੀ ਚਰਨ ਸਿੰਘ ਨੂੰ ਕਾਰ ਵੀ ਦਿੱਤੀ ਸੀ। (ਵਿਘਨ) (ਸ਼ੋਰ)

ਸਰਦਾਰ ਹਰਚੰਦ ਸਿੰਘ: ਸਪੀਕਰ ਸਾਹਿਬ ਇਹ ਗਲਤ ਗੱਲਾਂ ਕਰ ਰਹੇ ਹਨ। ਇਨ੍ਹਾਂ ਨੂੰ ਗਲਤ ਗੱਲਾਂ ਕਰਨ ਤੋਂ ਰੋਕੋ। (ਵਿਘਨ) (ਸ਼ੋਰ) ਇਸ ਤਰ੍ਹਾਂ ਮੈਂ ਨਹੀਂ ਬੈਠਣਾ। (ਵਿਘਨ)

ਸ਼੍ਰੀ ਸਪੀਕਰ: ਕਿਸੇ ਨੂੰ ਇੰਟਰੱਪਸ਼ਨ ਕਰਨ ਦਾ ਅਖਤਿਆਰ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ: ਇਥੇ ਮਾਨਯੋਗ ਮੈਂਬਰ ਬਰਨਾਲਾ ਜੀ ਨੇ ਇਕਨਾਮਿਕ ਸਰਵੇ ਦਾ ਸਫਾ ਨੰ: 22 ਨੋਟ ਕੀਤਾ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਬਿਨਾਂ ਟੈਕਸਾਂ ਤੋਂ ਕੰਮ ਚਲਾਇਆ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਸਫਾ ਨੰ: 22 ਨੂੰ ਧਿਆਨ ਨਾਲ ਪੜ੍ਹ ਲੈਣ। (ਵਿਘਨ) ਜਿਹੜੀ ਚੀਜ਼ ਇਨ੍ਹਾਂ ਦੇ ਹੱਕ ਵਿਚ ਜਾਂਦੀ ਹੈ ਉਸ ਨੂੰ ਇਹ ਪੜ੍ਹਦੇ ਹਨ ਪਰ ਜਿਹੜੀ ਇਨ੍ਹਾਂ ਨੂੰ ਮੁਆਫਕ ਨਹੀਂ ਆਉਂਦੀ ਉਹ ਇਹ ਨਹੀਂ ਪੜ੍ਹਦੇ। ਮੈਂ ਇਨ੍ਹਾਂ ਦਾ ਧਿਆਨ ਸਫਾ ਨੰ: 22 ਦੇ ਹੇਠਾਂ ਪੈਰਾ 8.4 ਵੱਲ ਦਿਵਾਉਂਦਾ ਹਾਂ ਇਸ ਵਿਚ ਲਿਖਿਆ ਹੈ:—

"Sales Tax and State Excise Duty are the two major sources of revenue of the State Government. Out of the total estimated revenue of Rs. 53006.59 lakhs during the Year 1979-80 the Sales Tax and State Excise Duty contributed 24.92 and 11.32 percent respectively as against the percentage of 26.48 and 15.34 in 1977-78."

ਇਸ ਤਰ੍ਹਾਂ ਰੈਵੇਨਿਊ ਘੱਟਿਆ ਹੈ। (ਵਿਘਨ) ਇਨ੍ਹਾਂ ਦਾ ਕਹਿਣਾ ਠੀਕ ਨਹੀਂ ਹੈ ਕਿ ਅਸੀਂ ਕੋਈ ਟੈਕਸ ਨਹੀਂ ਲਗਾਇਆ ਅਤੇ ਉਸੇ ਤਰ੍ਹਾਂ ਹੀ ਕੰਮ ਚਲਾਇਆ ਸੀ। ਇਹ ਗਲ ਇਨਾ ਦੀ ਗਲਤ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ ਕੋਈ ਚੀਜ਼ ਕੱਟ ਕਰਨੀ ਹੋਵੇ ਤਾਂ ਪਹਿਲਾਂ ਉਹ ਸਾਰੀ ਪੜ੍ਹ ਲਿਆ ਕਰਨ ਅਤੇ ਫਿਰ ਕੱਟ ਕਰਿਆ ਕਰਨ। (ਵਿਘਨ) ਸਰਦਾਰ ਬਲਵੰਤ ਸਿੰਘ ਨੇ ਇੰਡਸਟਰੀ ਦੇ ਬਾਰੇ ਗੱਲ ਕੀਤੀ ਸੀ ਕਿ ਇੰਡਸਟਰੀ ਲਈ ਪੈਸਾ ਘੱਟ ਰੱਖਿਆ ਹੈ। ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਇਨ੍ਹਾਂ ਨੇ 11.95 ਕਰੋੜ ਰੁਪਿਆ ਰੱਖਿਆ ਸੀ ਪਰ ਅਸੀਂ ਉਸ ਦੇ ਮੁਕਾਬਲੇ ਵਿਚ 1980-81 ਵਿਚ 12.44 ਕਰੋੜ ਰੁਪਿਆ ਰੱਖਿਆ ਹੈ। (ਵਿਘਨ) 1979-80 ਵਿਚ ਸ਼ੂਗਰ ਮਿਲਜ਼ ਨੂੰ ਹਾਰਵੈਸਟਿੰਗ ਕੰਬਾਈਨਾਂ ਖਰੀਦਣ ਲਈ 7 ਕਰੋੜ ਰੁਪਿਆ ਕਰਜ਼ੇ ਦੇ ਤੌਰ ਤੇ ਦਿੱਤਾ ਗਿਆ ਸੀ। ਇਹ ਸ਼ਾਰਟ ਟਰਮ ਲੋਨ ਹਨ। (ਵਿਘਨ) ਇਨ੍ਹਾਂ ਨੇ ਸਾਰਾ ਐਡ ਕਰਕੇ 18 ਕਰੋੜ ਦੱਸਿਆ ਸੀ। (ਵਿਘਨ) ਸੋ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਛੀ ਗਲ ਕਰਨੀ ਚਾਹੀਦੀ ਹੈ ਅਤੇ ਗਲਤ ਗੱਲਾਂ ਕਰਕੇ ਹਾਊਸ ਨੂੰ ਮਿਸਲੀਡ ਨਹੀਂ ਕਰਨਾ ਚਾਹੀਦਾ।

ਐਕਸ-ਸਰਵਿਸਮੈਨ ਕਾਰਪੋਰੇਸ਼ਨ ਦੇ ਬਾਰੇ ਸਰਦਾਰ ਬਲਵੰਤ ਸਿੰਘ ਨੇ ਗੱਲ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਅਸੀਂ ਫੌਜੀਆਂ ਦੀ ਬਹੁਤ ਤਰੱਕੀ ਕੀਤੀ ਸੀ। ਮੈਂ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ 1979-80 ਵਿਚ ਐਕਸ-ਸਰਵਿਸਮੈਨ ਕਾਰਪੋਰੇਸ਼ਨ ਬਣਾਈ ਸੀ। ਉਸ ਵੇਲੇ ਇਨ੍ਹਾਂ ਨੇ ਕਿਹਾ ਸੀ ਕਿ 5 ਕਰੋੜ ਰੁਪਏ ਕੈਪੀਟਲ ਆਊਟ-ਲੇ ਹੋਵੇਗਾ। ਪੰਜ ਕਰੋੜ ਰੁਪਏ ਦੀ ਬਜਾਏ ਦਿੱਤੇ ਇਨ੍ਹਾਂ ਨੇ ਕਿੰਨੇ? ਸਿਰਫ 5 ਲੱਖ ਰੁਪਿਆ। ਔਰ 5 ਲੱਖ ਰੁਪਿਆ ਦੇਣ ਦੇ ਬਾਅਦ ਕੀ ਹੋਇਆ ਕਿ ਇਨ੍ਹਾਂ 5 ਲੱਖ ਰੁਪਏ ਵਿਚੋਂ 1 ਲੱਖ 4 ਹਜ਼ਾਰ ਰੁਪਏ ਫਰਨੀਚਰ ਤੇ ਖਰਚ ਹੋ ਗਏ 1 ਲੱਖ 80 ਹਜ਼ਾਰ ਰੁਪਿਆ ਤਨਖਾਹਾਂ ਤੇ ਖਰਚ ਹੋ ਗਿਆ ਅਤੇ 1 ਲੱਖ 30 ਹਜ਼ਾਰ ਰੁਪਿਆ ਜਿਹੜਾ ਹੈ ਉਹ ਬੈਂਕ ਵਿਚ ਹੈ। ਯਾਨੀ ਕੋਈ ਕੰਮ ਨਹੀਂ ਹੋਇਆ, ਐਕਸ ਸਰਵਿਸਮੈਨ ਦੀ ਕੋਈ ਮੱਦਦ ਨਹੀਂ ਹੋਈ। (ਮਾਨਯੋਗ ਮੈਂਬਰ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਵੱਲੋਂ ਵਿਘਨ: ਇਹ ਗਲਤ ਬਿਆਨੀ ਕੀਤੀ ਜਾ ਰਹੀ ਹੈ)

ਸਪੀਕਰ ਸਾਹਿਬ, ਪਿਛਲੀ ਸਰਕਾਰ ਦੀ ਇਸ ਕਾਰਪੋਰੇਸ਼ਨ ਦੇ ਬਾਰੇ ਵਿਚ ਇਕ ਹੋਰ ਗਲ ਮੈਂ ਦੱਸਣਾ ਚਾਹੁੰਦਾ ਹਾਂ। ਸਰਕਾਰ ਦਾ ਫਰਜ਼ ਹੁੰਦਾ ਹੈ ਕਿ ਜਦੋਂ ਕੋਈ ਉਹ ਕਾਰਪੋਰੇਸ਼ਨ ਬਣਾਵੇ ਤਾਂ ਉਨ੍ਹਾਂ ਵਾਸਤੇ ਕੋਈ ਸਰਵਿਸ ਰੂਲਜ਼, ਕੋਈ ਬਾਈ ਲਾਜ਼ ਅਤੇ ਕੋਈ ਫਾਈਨਾਂਸ਼ਲ ਰੂਲਜ਼ ਜੋ ਹਨ ਉਹ ਵੀ ਬਣਾ ਕੇ ਦਿੱਤੇ ਜਾਣ, ਉਹ ਅੱਪਰੂਵ ਕੀਤੇ ਜਾਣ। ਪਰ, ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਬੜਾ ਅਫਸੋਸ ਹੈ ਕਿ ਇਹ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਦਾ ਬੜਾ ਖਿਆਲ ਰਖਿਆ ਹੈ, ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਦੇ ਲਈ ਬੜਾ ਕੁਝ ਕੀਤਾ ਹੈ ਪਰ ਉਹ ਵਿਚਾਰੇ ਸਾਰਾ ਸਾਲ ਕਾਗਜ਼ ਭੇਜਦੇ ਭੇਜਦੇ ਮਰ ਗਏ ਪਰ ਉਨ੍ਹਾਂ ਦਾ ਕੁਝ ਨਹੀਂ ਕੀਤਾ। ਅਸੀਂ ਜੂਨ ਵਿਚ ਕੁਝ ਰੂਲਜ਼ ਦੀ ਐਪਰੂਵਲ ਦਿੱਤੀ ਵੀ ਹੈ। ਮੈਂ ਹਾਊਸ ਨੂੰ ਇਸ ਗਲ ਦੀ ਐਸ਼ੋਰੈਂਸ ਦੁਆਉਣਾ ਚਾਹੁੰਦਾ ਹਾਂ ਕਿ ਅਸੀਂ ਇਸ ਕਾਰਪੋਰੇਸ਼ਨ ਨੂੰ ਤੇਜ਼ੀ ਨਾਲ ਚਲਾਵਾਂਗੇ। (ਥੰਪਿੰਗ) ਜੋ ਉਹ ਚਾਹੁੰਦੇ ਹਨ ਉਹ ਐਗਜ਼ਾਮਿਨ ਕਰਕੇ ਉਸ ਦੀ ਮਨ-ਜ਼ੂਰੀ ਜਲਦੀ ਦੇਵਾਂਗੇ ।

ਸਪੀਕਰ ਸਾਹਿਬ, ਮੈਂ ਥੀਨ ਡੈਮ ਦੇ ਬਾਰੇ ਦੱਸਣਾ ਚਾਹੁੰਦਾ ਹਾਂ। ਸਾਬਕਾ ਮੁੱਖ ਮੰਤਰੀ, ਸ਼ਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਜਦੋਂ ਇਧਰ ਬੈਠੇ ਸਨ ਤਾਂ ਬੜੇ ਜ਼ੋਰ ਜ਼ੋਰ ਨਾਲ ਇਹ ਗਲ ਇਥੇ ਹਾਊਸ ਵਿਚ ਕਹਿੰਦੇ ਸਨ ਕਿ ਥੀਨ ਡੈਮ ਦਾ ਮਾਮਲਾ ਬੜੀ ਦੇਰ ਤੋਂ ਉਲਝਿਆ ਹੋਇਆ ਸੀ ਅੱਜ ਅਸੀਂ ਸਟੇਟਾਂ ਦੇ ਹੈਡਜ਼ ਇਕੱਠੇ ਹੋਏ ਅਤੇ ਅੱਧੀ ਪਿਆਲੀ ਚਾਹ ਦੀ ਹਾਲੀਂ ਖਤਮ ਨਹੀਂ ਸੀ ਹੋਈ ਕਿ ਥੀਨ ਡੈਮ ਦਾ ਮਾਮਲਾ ਹੱਲ ਹੋ ਗਿਆ। (ਹਾਸਾ) (ਵਿਘਨ) ('ਵਾਹ ਬਈ ਵਾਹ' ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਸ਼੍ਰੀ ਸ਼ਾਂਤਾ ਕੁਮਾਰ ਜੋ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸਨ ਉਨ੍ਹਾਂ ਨੇ ਵੀ ਇੱਕ ਜਗ੍ਹਾ ਨਹੀਂ ਕਈ ਜਗ੍ਹਾ ਕਿਹਾ ਅੱਜ ਅਖਬਾਰਾਂ ਵਿਚ ਵੀ ਇਹ ਗੱਲ ਆਈ ਕਿ ਚਾਹ ਦੀ ਅੱਧੀ ਪਿਆਲੀ ਖਤਮ ਨਹੀਂ ਹੋਈ ਕਿ ਥੀਨ ਡੈਮ ਦਾ ਮਸਲਾ ਹੱਲ ਹੋ ਗਿਆ। ਸਾਨੂੰ ਬਹੁਤ ਖਸ਼ੀ ਹੁੰਦੀ ਜੇ ਇਹ ਇਥੇ ਦੱਸਦੇ ਕਿ ਕਲੀਅਰੈਂਸ ਹੋ ਗਈ ਹੈ। (ਵਿਘਨ) (ਸ਼ੋਰ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ਼੍ਰੀ ਸਪੀਕਰ : ਜੋ ਕੁਝ ਉਮਰਾਨੰਗਲ ਜੀ ਨੇ ਕਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ ਕਿਉਂਕਿ ਇਹ ਬਗੈਰ ਪਰਮਿਸ਼ਨ ਕਿਹਾ ਗਿਆ ਹੈ।

ਵਿੱਤ ਮੰਤਰੀ : ਅਸੀਂ ਹਣ ਬੜੀ ਸੋਚ ਸਮਝ ਕੇ ਲਿਖਿਆ ਹੈ। ਥੀਨ ਡੈਮ ਦਾ ਕੰਮ ਪੰਜਾਬ ਦੀ ਇਕ ਬਹੁਤ ਜ਼ਰੂਰਤ ਹੈ ਅੱਜ ਅਸੀਂ ਇਸ ਨੂੰ ਜੰਗੀ ਪੱਧਰ ਤੇ ਚਲਾਵਾਂਗੇ।

ਇਕ ਆਵਾਜ਼ : ਪਹਿਲਾਂ 15 ਸਾਲ ਕਿਉਂ ਨਹੀਂ ਬਣਾਇਆ, ਇਸ ਦਾ ਜਵਾਬ ਦਿਉ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਢਾਈ ਸਾਲਾਂ ਦੇ ਰਾਜ ਵਿਚ ਸਾਰਾ 18-ਜਾਂ 20 ਕਰੋੜ ਰੁਪਿਆ ਖਰਚ ਕੀਤਾ ਹੈ, ਅਸੀਂ ਇਸ ਤੇ ਇਕੋ ਸਾਲ ਵਿਚ 12 ਕਰੋੜ ਰੁਪਏ ਖਰਚਣ ਦਾ ਫੈਸਲਾ ਕੀਤਾ ਹੈ। ਅਗਰ ਕਲੀਅਰੈਂਸ ਹੋ ਗਈ ਤਾਂ ਅਸੀਂ ਜਿੰਨੇ ਵੀ ਜ਼ਿਆਦਾ ਤੋਂ ਜ਼ਿਆਦਾ ਪੈਸੇ ਖਰਚਣੇ ਜ਼ਰੂਰੀ ਹੋਏ ਉਹ ਥੀਨ ਡੈਮ ਵਾਸਤੇ ਖਰਚ ਕਰਾਂਗੇ। (ਥੰਪਿੰਗ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ਼੍ਰੀ ਸਪੀਕਰ : ਜੋ ਕੁਝ ਉਮਰਾਨੰਗਲ ਜੀ ਬਗੈਰ ਪਰਮਿਸ਼ਨ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗਾ..... (ਵਿਘਨ)

Mr. Speaker : Please wind up.

**Not recorded as ordered by the Chair.

Original with;
Punjab Vidhan Sabha
Digitized by
Panjab Digital Library

EXTENSION OF TIME OF THE SITTING

Finance Minister : Please extend the time by 10 minutes.

Mr. Speaker : Is it the pleasure of the House that the time of the sitting of the House be extended by another 10 minutes?

(*Voices* : yes, yes.)

The time of the sitting of the House is extended up to 1 ·55 P.M.

GENERAL DISCUSSION ON THE BUDGET ESTIMATES FOR THE YEAR 1980-81 (*Resumption.*)

ਵਿੱਤ ਮੰਤਰੀ : ਸਪੀਕਰ ਸਾਹਿਬ, ਸਕੂਲਾਂ ਦੇ ਮੁਤੱਲਕ ਮੈਂ ਹੁਣ ਦੱਸਣਾ ਚਾਹਾਂਗਾ। ਅਸੀਂ ਪਿਛਲੀ ਕਾਂਗਰਸ ਦੀ ਸਰਕਾਰ ਵੇਲੇ ਬਹੁਤ ਸਕੂਲ ਖੋਲ੍ਹੇ ਸੀ ਅਤੇ ਬਹੁਤ ਸਕੂਲ ਅੱਪ-ਗਰੇਡ ਕੀਤੇ ਲੇਕਿਨ ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਬਹੁਤ ਘੱਟ ਸਕੂਲ ਅੱਪ-ਗਰੇਡ ਕੀਤੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਕਾਂਗਰਸ ਦੀ ਸਰਕਾਰ ਦੀ ਜਿਹੜੀ 1972 ਤੋਂ 1977 ਤੱਕ ਰਹੀ, ਉਸ ਨੇ ਇਹ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਸਾਰੇ ਬੱਚੇ ਜਿਹੜੇ 6 ਸਾਲ ਤੋਂ 11 ਸਾਲ ਦੀ ਉਮਰ ਦੇ ਹਨ ਉਹ ਪੜ੍ਹਨ ਵਾਸਤੇ ਜਾਣ ਅਤੇ ਕੋਈ ਬੱਚਾ ਵੀ ਅਨਪੜ੍ਹ ਨਾ ਰਹੇ। ਇਸ ਲਈ ਪਿਛਲੀ ਕਾਂਗਰਸ ਦੀ ਸਰਕਾਰ ਨੇ ਪੰਜਾਬ ਵਿਚ 12,188 ਪਿੰਡਾਂ ਵਿਚ, ਪੰਜਾਬ ਦੇ ਵਸਦੇ ਸਾਰੇ ਪਿੰਡਾਂ ਵਿਚ 7 ਹਜ਼ਾਰ ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਸਨ। (ਥੰਪਿੰਗ) (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, 700 ਰੁਪਏ ਇਕ ਸਕੂਲ ਦੇ ਹਿੱਸੇ ਆਉਂਦਾ ਹੈ ਅਤੇ 700 ਰੁਪਏ ਨੂੰ ਤਾਂ ਟਾਟ ਵੀ ਨਹੀਂ ਆਉਂਦਾ। (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਸਕੀਮ ਬਣਾਈ ਆਦਰਸ਼ ਸਕੂਲ ਖੋਲ੍ਹਣ ਦੀ। ਸਕੀਮਾਂ ਤਾਂ ਇਹ ਬਹੁਤ ਬਣਾਉਂਦੇ ਰਹੇ ਪਰ ਉਹ ਸਾਰੀਆਂ ਲਿਫਾਫਾ ਸਕੀਮਾਂ ਹੀ ਰਹੀਆਂ। ਤਸਵੀਰ ਤਾਂ ਚਿੱਤਰ ਕੇ ਬਹੁਤ ਸੋਹਣੀ ਸਾਹਮਣੇ ਰਖਦੇ ਰਹੇ ਹਨ ਪਰ ਕੰਮ ਕੁਝ ਨਹੀਂ ਕੀਤਾ। ਪਿਛਲੀ ਅਕਾਲੀ-ਜਨਤਾ ਸਰਕਾਰ ਨੇ ਜਦੋਂ ਉਹ ਇਥੇ ਇਧਰ ਬੈਠੇ ਸਨ ਤਾਂ ਆਦਰਸ਼ ਸਕੂਲਾਂ ਦੇ ਬਾਰੇ ਸਰਦਾਰ ਬਲਵੰਤ ਸਿੰਘ ਜੀ ਨੇ ਜੋ ਕਿਹਾ ਸੀ ਉਨ੍ਹਾਂ ਦੀ ਉਹ ਸਪੀਚ ਮੇਰੇ ਪਾਸ ਹੈ। ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਹਰ ਜ਼ਿਲ੍ਹੇ ਵਿਚ ਆਦਰਸ਼ ਸਕੂਲ ਖੋਲ੍ਹਾਂਗੇ, 2, 3 ਸਕੂਲ ਜਿਹੜੇ ਹਨ ਉਹ ਅੱਪ-ਗਰੇਡ ਕਰਾਂਗੇ ਅਤੇ 1 ਸਕੂਲ ਨਵਾਂ ਖੋਲ੍ਹਾਂਗੇ। ਇਹ ਵੀ ਕਿਹਾ ਸੀ ਕਿ ਆਦਰਸ਼ ਸਕੂਲਾਂ ਵਾਸਤੇ 20 ਏਕੜ ਜ਼ਮੀਨ ਹੋਵੇਗੀ ਅਤੇ ਜਿੱਥੇ 2 ਲੱਖ ਰੁਪਿਆ ਪਿੰਡ ਵਾਲੇ ਜਾਂ ਲੋਕਲ ਆਦਮੀ ਇਕੱਠਾ ਕਰਕੇ ਦੇਣਗੇ ਉਥੇ ਆਦਰਸ਼ ਸਕੂਲ ਬਣਾਵਾਂਗੇ। ਅਸੀਂ ਪੁੱਛਿਆ ਕਿ ਦਾਖਲਾ ਕਿਸ ਤਰ੍ਹਾਂ ਹੋਵੇਗਾ ਤਾਂ ਬਾਦਲ ਸਾਹਿਬ ਕਹਿਣ ਲੱਗੇ ਕਿ ਦਾਖਲੇ ਲਈ ਕੰਪੀਟੀਸ਼ਨ ਹੋ ਜਾਵੇਗਾ। (ਵਿਘਨ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਪੰਜਾਬ ਦੇ ਵਿਚ ਆਦਰਸ਼ ਸਕੂਲ ਜਿਹੜੇ ਹਨ ਉਹ 36 ਨਹੀਂ ਬਲਕਿ ਸਿਰਫ 6 ਹੀ ਖੋਲ੍ਹੇ ਗਏ ਹਨ। (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ। ਸ਼ੋਰ ਜ਼ਿਆਦਾ ਹੋਣ ਕਰਕੇ ਕੋਈ ਚੀਜ਼ ਸਾਫ ਸੁਣਾਈ ਨਹੀਂ ਸੀ ਦਿੰਦੀ।)

ਸ਼੍ਰੀ ਸਪੀਕਰ : ਮੈਨੂੰ ਇਹ ਵੇਖ ਕੇ ਬੜਾ ਅਫਸੋਸ ਹੁੰਦਾ ਹੈ ਕਿ ਮਾਨਯੋਗ ਮੈਂਬਰ ਰੂਲਜ਼ ਦੀ ਉਲੰਘਣਾ ਕਰ ਰਹੇ ਹਨ।

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਸਾਡੀ ਪਿਛਲੀ ਸਰਕਾਰ ਨੇ, ਕਾਂਗਰਸ ਸਰਕਾਰ ਨੇ ਇਕ ਸਕੀਮ ਬਣਾਈ ਸੀ ਵੋਕੇਸ਼ਨਲਾਈਜ਼ੇਸ਼ਨ ਆਫ ਐਜੂਕੇਸ਼ਨ ਦੀ ਅੱਰ 150 ਸਕੂਲਾਂ ਵਿਚ ਇਹ ਸਿਲਸਿਲਾ ਸ਼ੁਰੂ ਕੀਤਾ ਸੀ। ਪਰ ਇਨ੍ਹਾਂ ਨੇ ਆਉਂਦੇ ਹੀ ਉਹ ਸਕੀਮ ਛੱਡ ਦਿੱਤੀ ਸੀ। ਅਸੀਂ ਹੁਣ ਫੇਰ ਫੈਸਲਾ ਕੀਤਾ ਹੈ ਕਿ 100 ਹੋਰ ਸਕੂਲਾਂ ਵਿਚ ਵੋਕੇਸ਼ਨਲਾਈਜ਼ੇਸ਼ਨ ਆਫ ਐਜੂਕੇਸ਼ਨ ਦੀ ਸਕੀਮ ਸ਼ੁਰੂ ਕਰਾਂਗੇ ਇਸ ਲਈ ਬਜਟ ਸਪੀਚ ਵਿਚ ਕਿਹਾ ਗਿਆ ਹੈ ਕਿ 100 ਸਕੂਲ ਮਿਡਲ ਤੋਂ ਹਾਈ ਅਤੇ 50 ਸਕੂਲ ਪ੍ਰਾਇਮਰੀ ਤੋਂ ਮਿਡਲ ਕਰਾਂਗੇ। ਸਬੰਧਤ ਵਜ਼ੀਰ ਸਾਹਿਬ 250 ਸਕੂਲਾਂ ਨੂੰ ਅਪਗਰੇਡ ਕਰਨ ਬਾਰੇ ਕਹਿੰਦੇ ਹਨ ਅੱਰ ਮੈਂ ਚਾਹੁੰਦਾ ਹਾਂ ਕਿ ਉਸ ਮੁਤਾਬਿਕ ਯਤਨ ਕੀਤਾ ਜਾਏ।

ਮੈਂ ਹੁਣ, ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਲਾਲ ਕਿਤਾਬ ਹੈ ਜਿਸ ਨੂੰ ਲਹਿਰਾ ਲਹਿਰਾ ਕੇ ਦੱਸਿਆ ਗਿਆ ਸੀ ਅੱਰ ਇਸ ਦਾ ਬੜਾ ਮਜ਼ਾਕ ਉਡਾਇਆ ਸੀ, ਇਹ ਸਾਡੀ ਕਾਂਗਰਸ (ਆਈ) ਦੀ ਜਾਨ ਹੈ। ਇਹ ਸਾਡਾ ਸੋਸ਼ੋ-ਅਕਨਾਮਿਕ ਪ੍ਰੋਗਰਾਮ ਹੈ। ਇਸ ਵਿਚ ਛੱਪੇ ਹੋਏ ਉਹ 20 ਨੁਕਾਤੀ ਪ੍ਰੋਗਰਾਮ ਹਨ ਜਿਹੜੇ ਸਾਡੀ ਪ੍ਰਾਈਮ ਮਨਿਸਟਰ, ਸ਼੍ਰੀਮਤੀ ਇੰਦਰਾ ਗਾਂਧੀ, ਨੇ ਸ਼ੁਰੂ ਕੀਤੇ ਸਨ। ਇਨ੍ਹਾਂ ਪ੍ਰੋਗਰਾਮਾਂ ਨੂੰ ਪੂਰਾ ਕਰਨ ਲਈ ਸਾਡੀ ਸਰਕਾਰ ਵਚਨ ਬੱਧ ਹੈ। ਇਹੀ ਨਹੀਂ ਕਿ ਅਸੀਂ ਇਸ 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨਾ ਹੈ ਬਲਕਿ ਉਹ 5 ਪੁਆਇੰਟ ਜਿਹੜੇ ਸਾਡੇ ਯੂਥ ਦੇ ਨੇਤਾ ਸ਼੍ਰੀ ਸੰਜੇ ਗਾਂਧੀ ਨੇ ਦਿੱਤੇ ਸਨ ਉਨਾਂ ਨੂੰ ਵੀ ਅਸੀਂ ਉਨ੍ਹਾਂ ਦੀ ਯਾਦ ਵਿਚ ਹੋਰ ਉਤਸ਼ਾਹ ਲੈ ਕੇ ਪੂਰੇ ਕਰਾਂਗੇ। ਇਨ੍ਹਾਂ ਦੀਆਂ (ਆਪੋਜੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਅੱਖਾਂ ਦਾ ਇਲਾਜ ਕਰਾਉਣ ਦੀ ਲੋੜ ਹੈ ਕਿਉਂਕਿ ਇਨ੍ਹਾਂ ਨੂੰ 50 ਹਜ਼ਾਰ ਤਾਂ ਨਜ਼ਰ ਆਇਆ ਪਰ ਇਹ 250 ਕਰੋੜ, 1.94 ਲੱਖ ਅਤੇ 54 ਹਜ਼ਾਰ ਨਜ਼ਰ ਨਹੀਂ ਆਇਆ ਜਿਹੜਾ ਮੋਟੇ ਹਿੰਸਿਆਂ ਵਿਚ ਲਿਖਿਆ ਹੋਇਆ ਸੀ। ਸਰਦਾਰ ਬਲਵੰਤ ਸਿੰਘ ਨੂੰ 50 ਹਜ਼ਾਰ ਤਾਂ ਨਜ਼ਰ ਆ ਗਿਆ ਪਰ ਇਸ ਦੇ ਨਾਲ ਹੀ ਜਿਹੜਾ 42.17 ਲੱਖ ਰੁਪਿਆ ਦਸਿਆ ਹੋਇਆ ਸੀ ਉਹ ਬਿਲਕੁਲ ਨਜ਼ਰ ਨਹੀਂ ਆਇਆ। ਇਹ ਉਪਰਲੀ ਗੱਲ ਪੜ੍ਹ ਗਏ, ਨਿਚਲੀ ਛੱਡ ਗਏ। ਬਰਨਾਲਾ ਸਾਹਿਬ ਨੇ ਸਾਡੇ ਪੁਆਇੰਟ---continuance of steps to bring down prices of essential commodities---ਦਾ ਜ਼ਿਕਰ ਕੀਤਾ ਸੀ। ਉਸ ਦੇ ਬਾਰੇ, ਸਪੀਕਰ ਸਾਹਿਬ, ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਤੋਂ ਪਹਿਲਾਂ ਕਿਸੇ ਸਰਕਾਰ ਨੇ ਨਹੀਂ ਵੇਖਿਆ ਕਿ ਜਿਹੜੀਆਂ ਚੀਜ਼ਾਂ ਸੱਬਸਿਡੀ ਤੇ ਦਿੰਦੇ ਹਾਂ ਭਾਵੇਂ ਘੀ ਹੈ ਜਾਂ ਕਪੜਾ ਹੈ ਜਾਂ ਦਾਲਾਂ ਹਨ ਉਹ ਪੱਨਸਪ ਤੇ ਸੱਪ ਬਣ ਕੇ ਤਾਂ ਨਹੀਂ ਉੜ ਜਾਂਦੀਆਂ? ਸਰਦਾਰ ਦਰਬਾਰਾ ਸਿੰਘ ਦੇ ਥੱਲੇ ਬਣੀ ਸਰਕਾਰ ਯਕੀਨ ਦਿਲਾਉਂਦੀ ਹੈ ਕਿ ਇਹ ਜੋ ਲੱਗ ਭੱਗ 3 ਕਰੋੜ ਰੁਪਿਆ ਇਸ ਕੰਮ ਲਈ ਰੱਖਿਆ ਗਿਆ ਹੈ ਉਹ ਸਬਸਿੱਡੀ ਪੰਜਾਬ ਦੇ ਵੀਕਰ ਅੱਰ ਜੈਨੂਅਨ ਸੈਕਸ਼ਨ ਕੋਲ ਜਾਏਗੀ ਅੱਰ ਰੈਗੂਲਰਲੀ ਜਾਏਗੀ ਅੱਰ ਅਸੀਂ ਵੇਖਾਂਗੇ ਕਿ ਕਿਸ ਤਰ੍ਹਾਂ ਪੈਸੇ ਵਾਲੇ ਉਹ ਸੱਬਸਿਡਾਈਜ਼ਡ ਮਾਲ ਲੈ ਜਾਂਦੇ ਹਨ। ਅਸੀਂ ਇਸ ਗਲ ਦੀ ਪੂਰੀ ਨਿਗਰਾਨੀ ਰੱਖਾਂਗੇ ਕਿ ਉਹ ਸਪਲਾਈ ਵੀਕਰ ਸੈਕਸ਼ਨ ਨੂੰ ਮਿਲੇ। (ਘੰਟੀ) ਅਸੀਂ ਪੰਚਾਇਤਾਂ ਦੀ ਰਿਕੁਮੈਂਡੇਸ਼ਨ ਨਾਲ ਪਿੰਡਾਂ ਵਿਚ ਡੀਪੂ ਖੋਲ੍ਹਾਂਗੇ ਅੱਰ ਹਰ ਪਿੰਡ ਵਿਚ ਸਪਲਾਈ ਦਾ ਪ੍ਰਬੰਧ ਕੀਤਾ ਜਾਏਗਾ। ਸਪੀਕਰ ਸਾਹਿਬ, ਮੈਂ ਬਹੁਤ ਕੁਝ ਕਹਿਣਾ ਸੀ ਪਰ ਮੈਂ ਸਮਝਦਾ ਹਾਂ ਕਿ ਇਸ ਪ੍ਰੋਗਰਾਮ ਵਿਚ ਸਾਰੀਆਂ ਚੀਜ਼ਾਂ ਆ ਜਾਂਦੀਆਂ ਹਨ।

ਕੁਝ ਚੀਜ਼ਾਂ ਵੱਲ ਬਰਨਾਲਾ ਜੀ ਨੇ ਇਸ਼ਾਰਾ ਕੀਤਾ ਸੀ। ਮੈਂ ਦੱਸਦਾ ਹਾਂ ਕਿ ਉਨ੍ਹਾਂ ਦਾ ਸਬੰਧ ਸੈਂਟਰ ਦੀ ਸਰਕਾਰ ਨਾਲ ਸੀ, ਇਸ ਲਈ ਅਸੀਂ ਆਪਣੇ ਬਜਟ ਵਿਚ ਐਡ ਨਹੀਂ ਸੀ ਕਰ ਸਕਦੇ। ਅਸੀਂ ਬਾਕੀ ਸਾਰੀਆਂ ਚੀਜ਼ਾਂ ਵਲ ਧਿਆਨ ਦਿੱਤਾ ਹੈ ਅੱਰ ਅਸੀਂ ਪੰਜਾਬ ਦੇ ਲੋਕਾਂ ਨੂੰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਯਕੀਨ ਦਿਲਾਉਂਦੇ ਹਾਂ ਕਿ ਅਸੀਂ ਪੂਰੀ ਤਰ੍ਹਾਂ ਉਨ੍ਹਾਂ ਪ੍ਰਆਇੰਟਾਂ ਤੇ ਚੱਲਾਂਗੇ। ਮੈਂ ਸਪੀਕਰ ਸਾਹਿਬ, ਦੋ ਗੱਲਾਂ ਹੋਰ ਕਹਿਣਾ ਚਾਹਾਂਗਾ। ਇਹ 70 ਕਰੋੜ ਰੁਪਏ ਦਾ ਜਿਹੜਾ ਘਾਟਾ ਹੈ ਉਸ ਨੂੰ ਅਸੀਂ ਪੂਰਾ ਕਰਨਾ ਹੈ। ਉਸ ਦੇ ਲਈ ਅਸੀਂ ਵਚਨ ਬੱਧ ਹਾਂ, ਚਾਹੇ ਸੈਂਟਰ ਤੋਂ ਫਾਇਨਾਂਸ਼ਲ ਅਸਿਸਟੈਂਸ ਲੈ ਕੇ ਆਈਏ। ਸੈਂਟਰ ਦੀ ਸਰਕਾਰ ਔਰ ਸਾਡੀ ਸਰਕਾਰ ਵਿਚ ਕੋਈ ਫਰਕ ਨਹੀਂ, ਅਸੀਂ ਇੱਕ ਹਾਂ। ਚਾਹੇ ਜਿਹੜੀ ਟੈਕਸਾਂ ਦੀ ਚੋਰੀ ਹੁੰਦੀ ਹੈ, ਉਥੇ ਪਲੱਗ ਲਗਾਈਏ, ਜਾਂ ਹੋਰ ਜਿੱਥੇ ਕਿਤੇ ਲੀਕੇਜ ਹੁੰਦੀ ਹੈ ਉਹ ਬੰਦ ਕਰੀਏ, ਅਸੀਂ ਉਹ ਗੈਪ ਪੂਰਾ ਕਰਨਾ ਹੈ। ਇਸ ਦੇ ਨਾਲ ਹੀ ਮੈਂ ਸਪੀਕਰ ਸਾਹਿਬ, ਦੱਸਣਾ ਚਾਹਾਂਗਾ ਕਿ ਅਸੀਂ ਸੋਚ ਰਹੇ ਹਾਂ ਕਿ ਕਿਸ ਤਰ੍ਹਾਂ ਅਮੀਰਾਂ ਤੇ ਟੈਕਸ ਲਗਾਏ ਜਾਣ ਅਤੇ ਕਿਸ ਤਰ੍ਹਾਂ ਗਰੀਬਾਂ ਨੂੰ ਰਾਹਤ ਦਿੱਤੀ ਜਾਏ। ਅਸੀਂ 8 ਕਰੋੜ ਰੁਪਏ ਦੀ ਰਾਹਤ ਦਿੱਤੀ ਹੈ ਔਰ 18 ਪ੍ਰੋਗਰਾਮ ਨਵੇਂ ਸ਼ੁਰੂ ਕੀਤੇ ਹਨ। 1% ਸੇਲਜ਼ ਟੈਕਸ ਵਧਾ ਕੇ ਲੱਗ ਭੱਗ ਸਾਲ ਵਿਚ 6 ਕਰੋੜ ਰੁਪਏ ਦੀ ਆਮਦਨੀ ਦਾ ਪ੍ਰਬੰਧ ਕੀਤਾ ਹੈ ਔਰ ਇਹ 7% ਇਸ ਕਰਕੇ ਕੀਤਾ ਹੈ (ਵਿਘਨ) ਹਿਮਾਚਲ ਵਿਚ 7% ਹੈ, ਹਰਿਆਣਾ ਵਿਚ 7% ਹੈ ਔਰ ਰਾਜਿਸਥਾਨ ਜਿਹੜਾ ਗਰੀਬ ਪ੍ਰਦੇਸ਼ ਹੈ, ਉਸ ਵਿਚ 8% ਹੈ। ਇਸ ਲਈ ਇਹ ਇਥੇ ਵਧਾਇਆ ਸੀ। ਕੁਝ ਮੈਂਬਰ ਸਾਹਿਬਾਨ ਇਸ ਪਾਸਿਉਂ ਵੀ ਅਤੇ ਉਸ ਪਾਸਿਉਂ ਵੀ ਕਹਿੰਦੇ ਸੀ ਕਿ ਇਹ ਬੋਝ ਵਪਾਰੀਆਂ ਤੇ ਨਹੀਂ ਬਲਕਿ ਕਨ-ਜ਼ਿਊਮਰ ਤੇ ਹੈ, ਪਰ ਮੈਂ ਬਜਟ ਸਪੀਚ ਵਿਚ ਸਪੱਸ਼ਟ ਤੌਰ ਤੇ ਕਿਹਾ ਹੈ ਕਿ ਸੇਲਜ਼ ਟੈਕਸ ਦੇ ਸਟਰੱਕਚਰ ਨੂੰ (ਘੰਟੀ)

EXTENSION OF TIME OF THE SITTING

Mr. Speaker : Is it the pleasure of the House that the time of the sitting of the House may be extended up to 2·00 P.M?

(*Voices* : **Yes, yes**)

The time of the sitting of the House is extended upto 2·00 P.M.

GENERAL DISCUSSION ON THE BUDGET ESTIMATES FOR THE YEAR 1980-81 (*Resumption*)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਸੇਲਜ਼ ਟੈਕਸ ਦੇ ਮੁਤੱਲਕ ਜ਼ਿਕਰ ਕਰ ਰਿਹਾ ਸੀ। ਬਜਟ ਸਪੀਚ ਵਿਚ ਲਿਖਿਆ ਹੈ ਕਿ ਇਸ ਸੇਲਜ਼ ਟੈਕਸ ਦੇ ਸਟਰੱਕਚਰ ਨੂੰ ਠੀਕ ਕਰਨਾ ਹੈ। ਇਸ ਵੇਲੇ ਕਿਸੇ ਚੀਜ਼ ਤੇ 2% ਕਿਸੇ ਤੇ 3% ਕਿਸੇ ਤੇ 4% ਅਤੇ ਕਿਸੇ ਤੇ 5% ਅਤੇ ਕਿਸੇ ਤੇ 10% ਹੈ। ਇਸ ਦੇ ਨਾਲ ਕਨਫਿਊਜ਼ਨ ਪੈਦਾ ਹੁੰਦਾ ਹੈ। ਵਪਾਰੀਆਂ ਨੂੰ ਅਤੇ ਸਰਕਾਰੀ ਕਰਮਚਾਰੀਆਂ ਨੂੰ ਵੀ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਦੇ ਬਾਰੇ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਸਟਰਕਚਰ ਨੂੰ ਸਿੰਪਲੀਫਾਈ ਕਰਾਂਗੇ। ਉਸ ਵਾਇਦੇ ਨੂੰ ਪੂਰਾ ਕਰਨ ਵਾਸਤੇ ਇਹ 1% ਲਗਾਇਆ ਹੈ ਔਰ ਸੱਭ ਕੁਝ ਸੋਚ ਕੇ ਸਿੰਪਲੀਫਿਕੇਸ਼ਨ ਦਾ ਫੈਸਲਾ ਕਰਾਂਗੇ। (ਥੰਪਿੰਗ)

ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਜੀ ਨੇ ਬੜੇ ਗੁੱਸੇ ਵਿਚ ਆ ਕੇ ਪਤਾ ਨਹੀਂ ਮਜ਼ਾਕ ਵਿਚ ਕਿਹਾ ਸੀ ਕਿ ਜਾਂ ਤਾਂ ਇਸ ਬਜਟ ਨੂੰ ਬਾਹਰ ਸੁੱਟ ਦਿਓ ਨਹੀਂ ਤਾਂ ਲੋਕ ਇਨ੍ਹਾਂ ਨੂੰ ਬਾਹਰ ਸੱਟ ਦੇਣਗੇ..... (ਵਿਘਨ)

ਸ਼੍ਰੀ ਸਪੀਕਰ : ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ ਬਾਅਦ ਦੁਪਹਿਰ ਵਾਲੀ ਸਿਟਿੰਗ 2.30 ਵਜੇ ਦੀ ਬਜਾਏ 3.00 ਵਜੇ ਕਰ ਦਿੱਤੀ ਜਾਏ।

Original with;
Punjab Vidhan Sabha
Digitized by;
Panjab Digital Library

(**ਆਵਾਜ਼ਾਂ** : ਠੀਕ ਹੈ ਜੀ, 3.00 ਵਜੇ ਕਰ ਦਿਓ)

ਹਾਊਸ ਦੀ ਬਾਅਦ ਦੁਪਹਿਰ ਵਾਲੀ ਸਿਟਿੰਗ ਹਾਊਸ ਦੀ ਮਰਜ਼ੀ ਨਾਲ 2.30 ਵਜੇ ਦੀ ਬਜਾਏ 3.00 ਵਜੇ ਹੋਵੇਗੀ ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਬਜਟ ਬੜਾ ਸੇਕਰਡ ਡਾਕੂਮੈਂਟ ਹੁੰਦਾ ਹੈ। ਸਾਰੀ ਸਟੇਟ ਨੇ ਇਸ ਦੀ ਰੌਸ਼ਨੀ ਵਿਚ ਅੱਗੇ ਵਧਣਾ ਹੈ । ਅਸੀਂ ਵੀ ਹਮੇਸ਼ਾ ਆਪੋਜੀਸ਼ਨ ਵਿਚ ਬੈਠ ਕੇ ਇਸ ਡਾਕੂਮੈਂਟ ਦੀ ਕਦਰ ਕਰਦੇ ਰਹੇ ਹਾਂ। ਲੇਕਿਨ ਸਾਬਕਾ ਵਿੱਤ ਮੰਤਰੀ ਨੇ ਇਹ ਕਿਹਾ ਕਿ ਇਸਨੂੰ ਫਾੜ ਦਿਓ, ਬਾਹਰ ਸੁੱਟ ਦਿਓ, ਨਹੀਂ ਤਾਂ ਲੋਕ ਇਸਨੂੰ ਚੁੱਕ ਕੇ ਬਾਹਰ ਸੁੱਟ ਦੇਣਗੇ। ਇਹ ਮੁਨਾਸਿਬ ਨਹੀਂ। ਮੈਂ ਇਸ ਬਾਰੇ ਸਿਰਫ ਇਤਨਾ ਕਹਿ ਸਕਦਾ ਹਾਂ ਕਿ ਡਰਾਮਾ ਕਰਨ ਦੀ ਉਨ੍ਹਾਂ ਦੀ ਪੁਰਾਣੀ ਆਦਤ ਹੈ। ਮੈਨੂੰ ਉਨ੍ਹਾਂ ਦਾ ਪੁਰਾਣਾ ਕੀਤਾ ਹੋਇਆ ਡਰਾਮਾ ਯਾਦ ਆ ਗਿਆ ਹੈ। ਜਦੋਂ 1970-71 ਦਾ ਬਜਟ ਪੇਸ਼ ਕੀਤਾ ਸੀ, ਉਦੋਂ ਬਤੌਰ ਵਿੱਤ ਮੰਤਰੀ ਇਨ੍ਹਾਂ ਨੇ ਇਹ ਡਰਾਮਾ ਕੀਤਾ ਸੀ। ਸਪੀਕਰ ਸਾਹਿਬ, ਅਫਸੋਸ ਦੀ ਗੱਲ ਹੈ ਕਿ ਕੋਈ ਵਿੱਤ ਮੰਤਰੀ ਸਟੇਟ ਦਾ ਬਜਟ ਪੇਸ਼ ਕਰ ਦੇਵੇ, ਬਜਟ ਤੇ ਬਹਿਸ ਹੋ ਜਾਵੇ, ਡੀਮਾਂਡਜ਼ ਫਾਰ ਗਰਾਂਟਸ ਤੇ ਬਹਿਸ ਹੋ ਜਾਵੇ, ਇਹ ਪਾਸ ਹੋ ਜਾਣ। ਪਰ ਜਦੋਂ ਐਪ੍ਰੋਪ੍ਰੀਏਸ਼ਨ ਬਿਲ ਪੇਸ਼ ਕਰਨ ਦਾ ਵੇਲਾ ਆਇਆ ਤਾਂ ਉਦੋਂ ਇਨ੍ਹਾਂ ਨੇ ਕੀ ਕਿਹਾ ਸੀ ਉਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ :

"Mr. Speaker : The next item on agenda is the Punjab Appropriation (No.2) Bill 1970.

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁਦਾ ਹਾਂ ਕਿ ਮੇਰੀ ਪਾਰਟੀ ਦਾ ਮੈਨਡੇਟ ਹੈ ਕਿ ਮੈਂ ਐਪ੍ਰੋਪ੍ਰੀਏਸ਼ਨ ਬਿਲ ਇੰਟਰੋਡਿਊਸ ਨਾ ਕਰਾਂ"

(ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਸਪੀਕਰ ਸਾਹਿਬ, ਉਸ ਵੇਲੇ ਕਾਮਰੇਡ ਡਾਂਗ ਨੇ ਜੋ ਕਿਹਾ ਉਹ ਵੀ ਮੈਂ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ :

"Comrade Satya Pal Dang : Sir, do we take that Sardar Balwant Singh does not belong to the party of Sardar Gurnam Singh, who is the Leader of the House."

ਸਪੀਕਰ ਸਾਹਿਬ, ਇਨ੍ਹਾਂ ਨੂੰ ਡਰਾਮਾ ਕਰਨ ਦੀ ਬਜਾਏ ਉਸ ਵੇਲੇ ਵਿੱਤ ਮੰਤਰੀ ਦੇ ਪੱਦ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਸੀ। ਇਹ ਕਦੇ ਵੀ ਪੰਜ ਸਾਲ ਵਿੱਤ ਮੰਤਰੀ ਬਣ ਕੇ ਟਿੱਕ ਕੇ ਨਹੀਂ ਰਹਿ ਸਕੇ। ਮੈਂ ਤੁਹਾਡੇ ਰਾਹੀਂ ਕਹਾਂਗਾ ਕਿ ਇਨ੍ਹਾਂ ਨੂੰ ਇਹ ਡਰਾਮਾ ਕਰਨ ਦੀ ਆਦਤ ਛੱਡ ਦੇਣੀ ਚਾਹੀਦੀ ਹੈ। ਅਜਿਹੇ ਸੇਕਰਡ ਡਾਕੂਮੈਂਟ ਦੀ ਇੱਜ਼ਤ ਕਰਨੀ ਚਾਹੀਦੀ ਹੈ।

ਸਪੀਕਰ ਸਾਹਿਬ, ਮੈਂ ਸਾਰੇ ਆਨਰੇਬਲ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਬਜਟ ਦੀ ਬਹਿਸ ਵਿਚ ਹਿੱਸਾ ਪਾਇਆ ਹੈ ਅਤੇ ਚੰਗੇ ਸੁਝਾਉ ਦਿੱਤੇ ਹਨ ।

Mr. Speaker : The House stands adjourned till 3·00 P.M. to-day, the 16th July, 1980.


*

*2·00 P.M. | (*The Sabha then adjourned till* 3·00 *P. M. on the* 16*th July,* 1980).

43448/P.V.—Govt. Press, Chd.

Original with;
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library



Original with
Punjab Vidhan Sabha
Digitized by
Panjab Digital Library

© 1980

Published under the authority of the Punjab Vidhan Sabha and Printed by the C. P. & S., U.T., Chandigarh.

Original with
Punjab Vidhan Sabha
Digitized by
Panjab Digital Library

Punjab Vidhan Sabha Debates

16th July, 1980

(Afternoon Sitting)

Vol. I—No. 14

OFFICIAL REPORT

CONTENTS

Wednesday, the 16th July, 1980


(Afternoon Sitting)

	Page
Starred Questions and Answers ..	(14)1
Points of Order *Re.* Their Dam and Damage caused by Floods etc. ..	(14)16
Discussion and Voting of Demands for Grants for the year 1980-81 ..	(14)19

Punjab Vidhan Sabha Secretariat, Chandigarh.

Price : Rs. 2000 P.

Original with;
Punjab Vidhan Sabha
Digitized by;
Panjab Digital Library



Original with
Punjab Vidh Sabha
Digitized by
Panjab Digi Library

PUNJAB VIDHAN SABHA

Wednesday, the 16th July, 1980

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 3.00 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

ਰਾਜ ਵਿਚ ਸਰਕਾਰੀ ਸਕੂਲਾਂ ਵਿਚ ਅੰਸ਼ਕਾਲੀ ਮੈਡੀਕਲ ਅਫ਼ਸਰਾਂ ਦੀ ਨਿਯੁਕਤੀ

*80. ਮਾਸਟਰ ਬਾਬੂ ਸਿੰਘ: ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਸਿਹਤ ਨੂੰ ਲਗਾਤਾਰ ਪਰਖਣ ਲਈ ਅੰਸ਼ਕਾਲੀ ਮੈਡੀਕਲ ਅਫਸਰ ਨਿਯੁਕਤ ਕਰਨ ਵਾਸਤੇ ਸਰਕਾਰ ਦੀ ਕੋਈ ਤਜਵੀਜ਼ ਹੈ;

(ਅ) ਸਰਕਾਰੀ ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਵਿਚ ਵਿਦਿਆਰਥੀਆਂ ਤੋਂ ਕਿਸ ਦਰ ਦੇ ਹੈਲਥ ਫੰਡ ਵਸੂਲ ਕੀਤਾ ਜਾਂਦਾ ਹੈ;

(ਏ) ਰਾਜ ਵਿਚ (ਜ਼ਿਲ੍ਹਾਵਾਰ ਵਿਦਿਅਕ ਸਾਲ 1978-79, 1979-80 ਅਤੇ 1980-81 ਦੇ ਦੌਰਾਨ (ਹੁਣ ਤਕ) ਵਿਦਿਆਰਥੀਆਂ ਤੋਂ ਹੈਲਥ ਫੰਡ ਦੀ ਕੁੱਲ ਕਿੰਨੀ ਰਕਮ ਵਸੂਲ ਕੀਤੀ ਹੈ;

(ਸ) ਉਪਰੋਕਤ ਭਾਗ (ਏ) ਵਿਚ ਵਰਣਿਤ ਹੈਲਥ ਫੰਡ ਵਿਚੋਂ ਕੁੱਲ ਕਿੰਨੀ ਰਕਮ ਦਵਾਈਆਂ ਖਰੀਦਣ ਲਈ ਰਖੀ ਗਈ ਸੀ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਨਹੀਂ ਜੀ।

(ਅ) ਹੈਲਥ ਫੰਡ ਦੀ ਦਰ ਹੇਠ ਲਿਖੇ ਅਨੁਸਾਰ ਹੈ:—

(1) ਪਹਿਲੀ ਤੋਂ ਪੰਜਵੀਂ ਸ਼੍ਰੇਣੀ ਤੀਕ ... ਨਿੱਲ

(2) ਛੇਵੀਂ ਤੋਂ ਦਸਵੀਂ ... 25 ਪੈਸੇ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ।

(ਏ) ਤੇ (ਸ) ਹੈਲਥ ਫੰਡ ਦਾ ਹਿਸਾਬ ਕਿਤਾਬ ਹਰ ਇਕ ਸਕੂਲ ਆਪ ਰਖਦਾ ਹੈ। ਵਿਦਿਆਰਥੀਆਂ ਤੋਂ 1978-79, 1979-80 ਤੇ 1980-81 (ਅਪ-ਟੂ-ਡੇਟ) ਵਿੱਚ ਜੋ ਹੈਲਥ ਫੰਡ ਦੀ ਕੁਲ ਰਕਮ ਵਸੂਲ ਕੀਤੀ ਗਈ, ਉਸ ਰਕਮ ਦੀ ਸੂਚਨਾ ਡਾਇਰੈਕਟੋਰੇਟ ਵਿਚ ਉਪਲੱਬਧ ਨਹੀਂ ਹੈ। ਇਹ ਸੂਚਨਾ ਰਾਜ ਦੇ ਹਰ ਇਕ ਸਕੂਲ ਤੋਂ ਇਕੱਠੀ ਕਰਨ ਵਿਚ ਜੋ ਸਮਾ ਤੇ ਮਿਹਨਤ ਲਗੇਗੀ ਤੇ ਉਸ ਨਾਲ ਜੋ ਲੋਕ ਫਾਇਦਾ ਪ੍ਰਾਪਤ ਹੈ, ਉਸਦੇ ਅਨੁਕੂਲ ਨਹੀਂ ਹੋਵੇਗੀ। ਇਹ ਵੀ ਦੱਸਿਆ ਜਾਂਦਾ ਹੈ ਕਿ ਦਵਾਈਆਂ ਖਰੀਦਣ ਲਈ ਕੋਈ ਨਿਸ਼ਚਿਤ ਰਕਮ ਇਸ ਫੰਡ ਵਿਚੋਂ ਰਾਖਵੀਂ ਨਹੀਂ ਰੱਖੀ ਜਾਂਦੀ ਹੈ।

Original with:
Punjab Vidhan Sabha
Digitized by:
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਪਹਿਲੀ ਤੋਂ ਪੰਜਵੀਂ ਸ਼੍ਰੇਣੀ ਤਕ ਕੋਈ ਫੰਡ ਇਕੱਠਾ ਨਹੀਂ ਕੀਤਾ ਜਾਂਦਾ ਅੱਠ ਛੇਵੀਂ ਤੋਂ ਦਸਵੀਂ ਤਕ 25 ਪੈਸੇ ਦੇ ਹਿਸਾਬ ਨਾਲ ਪੈਸੇ ਇਕੱਠੇ ਕੀਤੇ ਜਾਂਦੇ ਹਨ। ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਫੰਡ ਇਕੱਠਾ ਕੀਤਾ ਜਾਂਦਾ ਹੈ ਜਦ ਇਸ ਦੀ ਈਅਰ ਮਾਰਕਿੰਗ ਨਹੀਂ ਕੀਤੀ ਜਾਂਦੀ ਤਾਂ ਫਿਰ ਇਹ ਪੈਸਾ ਕਿੱਥੇ ਖਰਚ ਕੀਤਾ ਜਾਂਦਾ ਹੈ ? ਇਸ ਦੇ ਵਾਸਤੇ ਇਹ ਸਪੈਸੀਫੀਕਲੀ ਦੱਸਣ।

ਦੂਸਰਾ ਇਹ ਵੀ ਦੱਸਣ ਕਿ ਕੀ ਬੱਚਿਆਂ ਦੀ ਸਿਹਤ ਦਾ ਜਿਸ ਦੇ ਵਾਸਤੇ ਇਹ ਫੰਡ ਇਕੱਠਾ ਕੀਤੀ ਜਾਂਦਾ ਹੈ, ਆਇਆ ਕੋਈ ਪੀਰੀਆਡੀਕਲੀ, ਛੇ ਮਹੀਨੇ ਬਾਅਦ ਜਾਂ ਤਿੰਨ ਮਹੀਨੇ ਬਾਅਦ ਮੈਡੀਕਲ ਚੈਕ ਅੱਪ ਕਰਵਾਇਆ ਜਾਂਦਾ ਹੈ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਮੈਂ ਇਹ ਦੱਸਿਆ ਹੈ ਕਿ 25 ਪੈਸੇ ਦੇ ਹਿਸਾਬ ਨਾਲ ਛੇਵੀਂ ਤੋਂ ਦਸਵੀਂ ਸ਼੍ਰੇਣੀ ਦੇ ਹਰ ਇਕ ਬੱਚੇ ਤੋਂ ਫੰਡ ਇਕੱਠਾ ਕੀਤਾ ਜਾਂਦਾ ਹੈ। ਇਹ ਪੋਵੀਜ਼ਨ ਹੈ ਕਿ ਸਕੂਲ ਦਾ, ਜਿਹੜਾ ਹੈਡ ਆਫ ਦੀ ਇੰਸਟੀਚਿਊਸ਼ਨ ਹੋਵੇ, ਉਹ ਪੈਸੇ ਇਕੱਠੇ ਕਰਕੇ, ਚਾਹੇ ਉਹ ਪਾਰਟ-ਟਾਈਮ ਕੰਪਾਊਂਡਰ ਜਾਂ ਕੋਈ ਮੈਡੀਕਲ ਅਫਸਰ ਰੱਖ ਲਵੇ। ਇਸ ਦਾ ਉਸ ਨੇ ਆਪ ਇੰਤਜ਼ਾਮ ਕਰਨਾ ਹੁੰਦਾ ਹੈ। ਇਸ ਦੇ ਲਈ ਉਸ ਇੰਸਟੀਚਿਊਸ਼ਨ ਦਾ ਆਪਣਾ ਖਾਤਾ ਹੁੰਦਾ ਹੈ। ਇਸ ਤੋਂ ਇਲਾਵਾ ਜਿਹੜੀਆਂ ਗੱਲਾਂ ਤੇ ਹੈਲਥ ਫੰਡ ਖਰਚ ਕੀਤਾ ਜਾ ਸਕਦਾ ਹੈ ਉਸ ਦੇ ਬਾਰੇ ਇਨਸਟਰੱਕਸ਼ਨਜ਼ ਦਿੱਤੀਆਂ ਹੋਈਆਂ ਹਨ। ਮੈਂ ਉਹ, ਸਪੀਕਰ ਸਾਹਿਬ, ਤੁਹਾਡੇ ਨਾਲੀਂ ਦੱਸ ਦਿੰਦਾ ਹਾਂ :-

(1) ਮਾਈਨਰ ਏਲਮੈਂਟਸ ਦੇ ਵਾਸਤੇ ਖਰਚ ਕੀਤਾ ਜਾ ਸਕਦਾ ਹੈ। ਜਿਹੜੀ ਕੋਈ ਘਟਨਾ ਸਕੂਲ ਵਿਚ ਵਾਪਰ ਜਾਵੇ, ਉਨ੍ਹਾਂ ਤੇ ਖਰਚ ਕੀਤਾ ਜਾਂਦਾ ਹੈ।

(2) ਦੁੱਧ ਵਗੈਰਾ ਵਾਸਤੇ ਖਰਚ ਕੀਤਾ ਜਾ ਸਕਦਾ ਹੈ। ਅਗਰ ਇੰਸਟੀਚਿਊਸ਼ਨ ਵਾਲੇ ਸਮਝਣ ਕਿ ਕੋਈ ਬੱਚਾ ਹੈਂਡੀਕੈਪਡ ਹੈ, ਉਥੇ ਇਹ ਖਰਚ ਕੀਤਾ ਜਾ ਸਕਦਾ ਹੈ।

(3) ਮੈਡੀਕਲ ਇਨਸਪੈਕਸ਼ਨਜ਼ ਤੇ ਖਰਚ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ, ਪੀਰੀਆਡੀਕਲੀ ਚੈਕ ਅੱਪ ਤੇ ਖਰਚ ਕੀਤਾ ਜਾ ਸਕਦਾ ਹੈ, ਤਿੰਨ ਮਹੀਨੇ ਬਾਅਦ ਜਾਂ ਛੇ ਮਹੀਨੇ ਬਾਅਦ ਹੋਵੇ, ਇਸੇ ਫੰਡ ਵਿਚੋਂ ਖਰਚ ਹੋ ਸਕਦਾ ਹੈ।

(4) ਛੋਟੀ ਮੋਟੀ ਡਿਸਪੈਂਸਰੀ ਜਿੱਥੇ ਫਸਟ-ਏਡ ਦਾ ਸਾਮਾਨ ਹੋਵੇ, ਉਥੇ ਵੀ ਇਹ ਫੰਡ ਵਰਤਿਆ ਜਾ ਸਕਦਾ ਹੈ।

(5) ਬੱਚਿਆਂ ਦੇ ਭਾਰ ਵਗੈਰਾ ਤੋਲਣ ਦੀ ਕੋਈ ਮਸ਼ੀਨ ਖਰੀਦਣੀ ਹੋਵੇ, ਉਸ ਵਾਸਤੇ ਵੀ ਖਰਚ ਕੀਤਾ ਜਾ ਸਕਦਾ ਹੈ।

ਸਪੀਕਰ ਸਾਹਿਬ, ਇਹ ਸਾਰੀਆਂ ਚੀਜ਼ਾਂ ਹੈਲਥ ਫੰਡ ਵਿਚੋਂ ਹੀ ਆਉਂਦੀਆਂ ਹਨ। ਬਾਕੀ, ਸਪੀਕਰ ਸਾਹਿਬ, ਮੈਂ ਜਵਾਬ ਵਿਚ ਵੀ ਦੱਸਿਆ ਹੈ ਕਿ ਪੰਜਾਬ ਵਿਚ ਵੇਖ ਲਓ ਕਿਤਨੇ ਪ੍ਰਾਇਮਰੀ ਸਕੂਲ ਹਨ, ਕਿਤਨੇ ਮਿਡਲ ਸਕੂਲ ਹਨ, ਕਿਤਨੇ ਹਾਈ ਸਕੂਲ ਹਨ ਅੱਤੇ ਕਿਤਨੇ ਹਾਇਰ ਸੈਕੰਡਰੀ ਸਕੂਲ ਹਨ। ਉਨ੍ਹਾਂ ਦੇ ਵੱਖਰੇ ਵੱਖਰੇ ਅਕਾਊਂਟ ਹਨ, ਵੱਖਰਾ ਵੱਖਰਾ ਹਿਸਾਬ ਕਿਤਾਬ ਹੈ। ਇਹ ਇਨਫਰਮੇਸ਼ਨ ਇਕੱਠੀ ਕਰਨ ਵਾਸਤੇ ਕਿ ਕਿਤਨੇ ਪੈਸੇ ਇਕੱਠੇ ਕੀਤੇ ਗਏ ਹਨ it definitely involves a lot of labour which is not commensurate with the public good and you know the results which will come out of it.

Original with;
Punjab Vidhan Sabha
Digitized by:
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਇਹ ਰਕਮ ਜਿਹੜੀ ਹੈਲਥ ਫੰਡ ਦੀ ਹੋਵੇ ਉਸ ਵਿਚੋਂ ਪਾਰਟ ਟਾਈਮ ਕੰਪਾਊਂਡਰ ਵਾਸਤੇ ਜਾਂ ਡਾਕਟਰ ਵਾਸਤੇ ਖਰਚ ਕੀਤੀ ਜਾਂਦੀ ਹੈ। ਸਪੀਕਰ ਸਾਹਿਬ, ਸਵਾਲ ਦੇ ਪਾਰਟ 'ਓ' ਵਿਚ ਇਹ ਸਪੈਸੀਫਿਕ ਪੁੱਛਿਆ ਗਿਆ ਸੀ ਕਿ ਕੀ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਸਿਹਤ ਨੂੰ ਲਗਾਤਾਰ ਪਰਖਣ ਲਈ ਅੰਸ਼ਕਾਲੀ ਮੈਡੀਕਲ ਅਫਸਰ ਨਿਯਕਤ ਕਰਨ ਵਾਸਤੇ ਸਰਕਾਰ ਦੀ ਕੋਈ ਤਜਵੀਜ਼ ਹੈ ? ਇਨ੍ਹਾਂ ਨੇ ਰਿਪਲਾਈ ਵਿਚ ਸਪੈਸਿਫਿਕਲੀ 'ਨਹੀਂ ਜੀ' ਕਿਹਾ ਹੈ। ਜਿਹੜਾ ਹੁਣ ਜਵਾਬ ਦਿੱਤਾ ਹੈ ਉਸ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਇਸ ਫੰਡ ਵਿਚੋਂ ਪਾਰਟ ਟਾਈਮ ਡਾਕਟਰ ਜਾਂ ਕੰਪਾਊਂਡਰ ਨੂੰ ਕੁਝ ਰਕਮ ਦਿੱਤੀ ਜਾਂਦੀ ਹੈ। ਇਹ ਦੱਸਣ ਕਿ ਮੈਂ ਇਨ੍ਹਾਂ ਦੀ ਕਿਹੜੀ ਗੱਲ ਨੂੰ ਠੀਕ ਮੰਨਾ ?

ਮੰਤਰੀ : ਸਪੀਕਰ ਸਾਹਿਬ, ਜੋ ਮੈਂ ਹਾਊਸ ਵਿਚ ਜਵਾਬ ਪੜ੍ਹਿਆ ਹੈ ਉਸ ਤੇ ਮੈਂ ਹੁਣ ਵੀ ਕਾਇਮ ਹਾਂ। ਮੈਂ ਹੁਣ ਇਹ ਕਿਹਾ ਹੈ ਕਿ ਸਕੂਲਾਂ ਦੇ ਜਿਹੜੇ ਪੈਸੇ ਇਕੱਠੇ ਹੁੰਦੇ ਹਨ ਜੇਕਰ ਉਹ ਚਾਹੁਣ ਤਾਂ ਡਾਕਟਰ ਜਾਂ ਕੰਪਾਊਂਡਰ ਦਾ ਇੰਤਜ਼ਾਮ ਕਰ ਸਕਦੇ ਹਨ। ਸਿਖਿਆ ਵਿਭਾਗ ਦਾ ਉਸ ਵਿਚ ਕੋਈ ਸਬੰਧ ਨਹੀਂ ਹੈ। ਨਾ ਅਸੀਂ ਹੋਲ-ਟਾਈਮ ਤੇ ਨਾ ਹੀ ਪਾਰਟ-ਟਾਈਮ ਇਸ ਤਰ੍ਹਾਂ ਦਾ ਕੋਈ ਪ੍ਰਬੰਧ ਕਰਦੇ ਹਾਂ। ਇਹ ਸਕੂਲਾਂ ਦਾ ਆਪਣਾ ਪ੍ਰਬੰਧ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜਿਹੜੇ 25 ਪੈਸੇ ਫੀ ਸਟੂਡੈਂਟ ਸਕੂਲਾਂ ਵਿਚ ਲਿਆ ਜਾਂਦਾ ਹੈ ਉਸ ਵਿਚ ਸਰਕਾਰ ਵੀ ਜ਼ਰੂਰ ਕੁਝ ਹਿੱਸਾ ਪਾਉਂਦੀ ਹੋਵੇਗੀ? ਇਹ ਪੈਸਾ ਬੜੇ ਚਿਰ ਤੋਂ ਜਮ੍ਹਾ ਹੁੰਦਾ ਆ ਰਿਹਾ ਹੈ ਅੱਜ ਕਿਤੇ ਖਰਚ ਨਹੀਂ ਕੀਤਾ ਜਾਂਦਾ। ਇਨ੍ਹਾਂ ਨੇ ਕਿਹਾ ਹੈ ਕਿ ਬੱਚਿਆਂ ਨੂੰ ਦੁੱਧ ਦਿੰਦੇ ਹਾਂ ਪਰ ਸਾਨੂੰ ਤਾਂ ਇਕ ਵੀ ਮਿਸਾਲ ਐਸੀ ਨਹੀਂ ਮਿਲ ਸਕਦੀ ਜਿੱਥੇ ਕਿ ਦੁੱਧ ਵਗੈਰਾ ਇਸ ਤਰ੍ਹਾਂ ਬੱਚਿਆਂ ਨੂੰ ਦਿੰਦੇ ਹੋਣਗੇ। ਇਹ ਦੱਸਣ ਕਿ ਇਸ ਫੰਡ ਵਿਚ ਸਰਕਾਰ ਕਿਤਨਾਂ ਹਿੱਸਾ ਪਾਉਂਦੀ ਹੈ ? ਸਰਕਾਰ ਦੀ ਵੀ ਤਾਂ ਜ਼ਿਮੇਵਾਰੀ ਬਣਦੀ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਾਂਗਾ ਕਿ 25 ਪੈਸੇ ਦੇ ਹਿਸਾਬ ਨਾਲ ਕੋਈ ਖਾਸ ਫੰਡ ਇਕੱਠਾ ਨਹੀਂ ਹੁੰਦਾ ਅੱਜ ਫਿਰ ਇਸੇ ਫੰਡ ਵਿਚੋਂ ਸਕੂਲਾਂ ਵਾਲੇ ਮਾਈਨਰ ਏਲਸੈਂਟਸ ਵਾਸਤੇ ਖਰਚ ਕਰਦੇ ਹਨ। ਇਸ ਦੇ ਲਈ ਮੈਂ ਸਮਝਦਾ ਹਾਂ ਕਿ ਜਿਮੇਵਾਰੀ ਸਰਕਾਰ ਤੇ ਨਹੀਂ ਆਉਂਦੀ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਇੰਤਜ਼ਾਮ ਉਹ ਇਨਸਟੀਚਿਊਸ਼ਨ ਵਾਲੇ ਆਪ ਹੀ ਕਰਦੇ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਇੰਤਜ਼ਾਮ ਸਰਕਾਰ ਨਹੀਂ ਕਰ ਸਕੇਗੀ।

ਸ੍ਰੀ ਸਪੀਕਰ : ਉਨ੍ਹਾਂ ਨੇ ਸਵਾਲ ਕੀਤਾ ਸੀ ਕਿ ਕੀ ਸਰਕਾਰ ਵੀ ਇਸ ਫੰਡ ਵਿਚ ਕੰਟ੍ਰੀਬਿਊਟ ਕਰਦੀ ਹੈ ? ਉਸ ਦਾ ਜਵਾਬ ਤੁਸੀਂ ਨਹੀਂ ਦਿੱਤਾ।

ਮੰਤਰੀ : ਸਪੀਕਰ ਸਾਹਿਬ, ਸਰਕਾਰ ਇਸ ਫੰਡ ਵਿਚ ਕੋਈ ਕੰਟ੍ਰੀਬਿਊਟ ਨਹੀਂ ਕਰਦੀ ਜੀ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਪੁਆਇੰਟ ਹੈ। ਇਹ ਬੱਚਿਆਂ ਤੋਂ ਤਾਂ ਚਾਰ ਚਾਰ ਆਨੇ ਇਕੱਠੇ ਕਰਦੇ ਹਨ ਪਰ ਸਰਕਾਰ ਦਾ ਵੀ ਤਾਂ ਬੱਚਿਆਂ ਦੀ ਸਿਹਤ ਬਾਰੇ ਫਰਜ਼ ਬਣਦਾ ਹੈ। ਇਸ ਲਈ ਸਰਕਾਰ ਨੂੰ ਵੀ ਤਾਂ ਕੰਟ੍ਰੀਬਿਊਟ ਕਰਨਾ ਚਾਹੀਦਾ ਹੈ।

ਮੰਤਰੀ : ਤੁਹਾਡੀ ਸੁਜੈਸ਼ਨ ਅੱਛੀ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਜਿਹੜੇ ਪ੍ਰਾਈਵੇਟ ਸਕੂਲ ਔਰ ਕਾਲਜ ਹਨ ਜਿਨ੍ਹਾਂ ਨੂੰ ਸਰਕਾਰ ਗ੍ਰਾਂਟ ਦਿੰਦੀ ਹੈ, ਉਨ੍ਹਾਂ ਵਿਚ ਪੜ੍ਹ ਰਹੇ ਬੱਚਿਆਂ ਦਾ ਕੋਈ ਮੈਡੀਕਲ ਚੈਕ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਅੱਪ ਨਹੀਂ ਕਰਾਉਂਦਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪ੍ਰੋਵੀਜ਼ਨ ਉਨ੍ਹਾਂ ਵਾਸਤੇ ਨਹੀਂ ਹੈ ? ਸਿਹਤ ਅੱਤੇ ਐਜੂਕੇਸ਼ਨ ਦੀ ਸਰਕਾਰ ਦੀ ਜਿਮੇਵਾਰੀ ਹੈ, ਇਸ ਲਈ ਕੀ ਇਸ ਪਾਸੇ ਇਹ ਧਿਆਨ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਨੇ ਫੁਰਮਾਇਆ ਹੈ, ਮੈਂ ਉਸ ਬਾਰੇ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਗੱਲ ਉਨ੍ਹਾਂ ਸਕੂਲਾਂ ਤੇ ਵੀ ਲਾਗੂ ਹੁੰਦੀ ਹੈ ਜੋ ਪ੍ਰਾਈਵੇਟਲੀ ਮੈਨੇਜਡ ਗੌਰਮਿੰਟ ਏਡਿਡ ਸਕੂਲ ਹਨ। ਜੇਕਰ ਕਿਤੇ ਇਹ ਸਹੂਲਤ ਨਾ ਦਿੱਤੀ ਜਾਂਦੀ ਹੋਵੇ ਤਾਂ ਇਹ ਮੈਨੂੰ ਦੱਸ ਦੇਣ, ਜੋ ਐਕਸ਼ਨ ਕਹਿਣਗੇ ਲੈ ਲਵਾਂਗੇ।

National Transport Permits

*116. **Sardar Darshan Singh K. P.** : Will the Chief Minister be pleased to state the total number of persons to whom National Transport Permits were given during the period from June, 1977 to February, 1980 together with the number of these out of them who belong to Scheduled Castes and Backward Classes ?

ਸਰਦਾਰ ਦਰਬਾਰਾ ਸਿੰਘ : 1 ਜੂਨ, 1977 ਤੋਂ 29 ਫਰਵਰੀ, 1980 ਤੱਕ ਦੇ ਸਮੇਂ ਦੇ ਦੌਰਾਨ 153 ਨੈਸ਼ਨਲ ਪਰਮਿਟਸ ਦਿੱਤੇ ਗਏ ਸਨ। ਇਨ੍ਹਾਂ ਵਿਚੋਂ 150 ਪਰਮਿਟ ਜੂਨ, 1977 ਨੂੰ ਅਤੇ 3 ਪਰਮਿਟ 23 ਅਕਤੂਬਰ, 1979 ਨੂੰ ਦਿੱਤੇ ਗਏ ਸਨ। ਇਹ ਸੂਚਨਾ ਉਪਲਬਧ ਨਹੀਂ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਕਿੰਨੇ ਕਿੰਨੇ ਨੈਸ਼ਨਲ ਪਰਮਿਟ ਦਿੱਤੇ ਗਏ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਵੇਲੇ ਇਹ ਜਿਹੜੇ ਕੋਟੇ ਦਿੱਤੇ ਗਏ ਸਨ ਇਨ੍ਹਾਂ ਵਿਚੋਂ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਉਨ੍ਹਾਂ ਦੀ ਰਿਜ਼ਰਵੇਸ਼ਨ ਦੇ ਮੁਤਾਬਿਕ ਪਰਮਿਟ ਨਹੀਂ ਦਿੱਤੇ ਗਏ ਸਨ, ਕੀ ਹੁਣ ਮੁੱਖ ਮੰਤਰੀ ਸਾਹਿਬ ਉਨ੍ਹਾਂ ਨੂੰ ਨੈਸ਼ਨਲ ਪਰਮਿਟਸ ਦਿਵਾਉਣਗੇ ?

ਮੁੱਖ ਮੰਤਰੀ : ਜਿੰਨੀ ਰਿਜ਼ਰਵੇਸ਼ਨ 25% ਮੁਤਾਬਿਕ ਬਣਦੀ ਹੈ, ਉਹ ਪੂਰੀ ਕੀਤੀ ਜਾਵੇਗੀ।

ਮਾਸਟਰ ਬਾਬੂ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਹੁਣੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਪਰਮਿਟ ਦਿੱਤੇ ਜਾਣਗੇ , ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਸੇ ਤਰ੍ਹਾਂ ਹੀ ਫੌਜੀਆਂ ਨੂੰ ਵੀ ਕੁਝ ਪਰਮਿਟਸ ਦੇਣਗੇ ?

ਮੁੱਖ ਮੰਤਰੀ : ਫੌਜੀਆਂ ਦੇ ਕੇਸ ਐਸੇ ਕੋਈ ਹੋਣਗੇ ਤਾਂ ਜ਼ਰੂਰ ਹਮਦਰਦੀ ਨਾਲ ਗੌਰ ਕੀਤਾ ਜਾਵੇਗਾ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ ਕਿਉਂਕਿ ਮੁੱਖ ਮੰਤਰੀ ਜੀ ਨੇ ਹੁਣੇ ਕਿਹਾ ਹੈ ਕਿ ਹਰੀਜਨਾਂ ਨੂੰ 25% ਪਰਮਿਟ ਜ਼ਰੂਰ ਦਿੱਤੇ ਜਾਣਗੇ, ਇਹ ਪਰਮਿਟ ਤਾਂ ਪੁਰਾਣੇ ਦਿੱਤੇ ਹੋਏ ਹਨ, ਕੀ ਇਹ ਹੁਣ ਹੋਰ ਨਵੇਂ ਪਰਮਿਟ ਦੇਣਗੇ ? ਜੇ ਨਵੇਂ ਪਰਮਿਟ ਦੇਣਗੇ ਤਾਂ ਹੀ ਇਹ ਕੋਟਾ ਪੂਰਾ ਹੋ ਸਕਦਾ ਹੈ।

ਮੁੱਖ ਮੰਤਰੀ : ਪੂਰੇ ਕਰਾਂਗੇ, ਮੈਂ ਇਹ ਨਹੀਂ ਕਹਿ ਸਕਦਾ ਕਿ ਕਿਸ ਤਰ੍ਹਾਂ ਪੂਰੇ ਕਰਾਂਗੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੀ ਇਹ ਨੈਸ਼ਨਲ ਪਰਮਿਟ ਐਜੂਕੇਟਿਡ ਔਰ ਅਨ-ਐਜੂਕੇਟਿਡ ਅਨਇੰਪਲਾਇਡ ਨੂੰ ਵੀ ਦਿੱਤੇ ਜਾਣਗੇ ਜਾਂ ਪਹਿਲੇ ਕੁਝ ਦਿੱਤੇ ਗਏ ਹਨ ?

ਮੁੱਖ ਮੰਤਰੀ : ਮੈਂ ਇਹ ਤਾਂ ਇਸ ਵੇਲੇ ਨਹੀਂ ਦੱਸ ਸਕਦਾ ਕਿ ਐਜੂਕੇਟਿਡ ਜਾਂ ਅਨ-ਐਜੂਕੇਟਿਡ ਅਨਇੰਪਲਾਇਡ ਨੂੰ ਕਿਤਨੇ ਪਰਮਿਟ ਦਿੱਤੇ ਗਏ ਹਨ ਪਰ ਇਤਨਾ ਜ਼ਰੂਰ ਕਹਿ ਸਕਦਾ ਹਾਂ ਕਿ ਜ਼ਿਆਦਾਤਰ ਇਹ ਉਨ੍ਹਾਂ ਨੂੰ ਹੀ ਦਿੱਤੇ ਗਏ ਹਨ ਜਿਹੜੇ ਖੁਦ ਅਪਲਾਈ ਕਰਦੇ ਹਨ।

Starred Question No. 108*

Mr. Speaker : Extension has been asked for in respect of Starred Question No. 108.

Election to Market Committees in the State

***151. 1. Comrade Saghar Singh**
2. Comrade Sarwan Singh Dharamkot } : Will the Minister for Agriculture and Forests be pleased to state whether the Government propose to conduct elections to the Market Committees in the State; if so when?

ਚੌਧਰੀ ਕਾਂਸ਼ੀ ਰਾਮ : ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ। ਮੈਂ ਉਨ੍ਹਾਂ ਤੋਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਜਿਹੜੀਆਂ ਕਮੇਟੀਆਂ ਵਿਚ ਐਡਮਨਿਸਟਰੇਟਰ ਲਗੇ ਹਨ, ਉਹ ਕਾਫੀ ਦੇਰ ਤੋਂ ਲੱਗੇ ਹੋਏ ਹਨ, ਹੁਣ ਉਨ੍ਹਾਂ ਕਮੇਟੀਆਂ ਦੇ ਇਲੈਕਸ਼ਨ ਕਦੋਂ ਤਕ ਕਰਾ ਦੇਣਗੇ ?

ਮੰਤਰੀ : ਇਨ੍ਹਾਂ ਕਮੇਟੀਆਂ ਦੀ ਸੁਪਰਸੈਸ਼ਨ ਦੀ ਤਾਰੀਖ 25 ਨਵੰਬਰ, 1980 ਹੈ, ਇਸ ਤੋਂ ਪਹਿਲੇ ਕੁਝ ਨਾ ਕੁਝ ਫੈਸਲਾ ਕਰ ਲਿਆ ਜਾਵੇਗਾ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਕੀ ਮਨਿਸਟਰ ਸਾਹਿਬ ਇਹ ਭਰੋਸਾ ਦਿਵਾਉਣਗੇ ਕਿ ਇਹ ਇਲੈਕਸ਼ਨ ਹੋਣਗੇ ਜ਼ਰੂਰ ?

ਮੰਤਰੀ : ਮੈਂ ਮਾਨਯੋਗ ਮੈਂਬਰ ਦੀ ਜਾਣਕਾਰੀ ਲਈ ਦੱਸਿਆ ਹੈ ਕਿ ਇਹ ਮਾਮਲਾ ਵਿਚਾਰ ਅਧੀਨ ਹੈ। (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਇਹ ਕਹਿੰਦੇ ਰਹੇ ਹਨ ਕਿ ਅਸੀਂ ਬੜੇ ਡੈਮੋਕਰੇਟਿਕ ਹਾਂ। ਹੁਣ ਚੀਫ਼ ਮਨਿਸਟਰ ਸਾਹਿਬ ਹੀ ਇਹ ਦੱਸ ਦੇਣ ਕਿ ਇਹ ਮਾਰਕਿਟ ਕਮੇਟੀਆਂ ਦੇ ਚੁਣਾਓ ਕਰਾਉਣਗੇ ਜਾਂ ਨਹੀਂ ? (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਅਸੀਂ ਕੋਈ ਆਪਣੇ ਬੰਦੇ ਨਾਮੀਨੇਟ ਨਹੀਂ ਕਰਨੇ। ਸਿਰਫ਼ ਇਹੀ ਦੱਸ ਦੇਣ ਕਿ ਇਹ ਇਲੈਕਸ਼ਨ ਕਰਵਾਉਣਗੇ ਜਾਂ ਨਹੀਂ ?

---

*For Starred Question No. 108 and reply thereto, please see Debate dated 23rd July, 1980.

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਖਾਲਸਾ ਜੀ ਦਿੱਲੀ ਤੋਂ ਆਏ ਹਨ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਥੇ ਕੀ ਹੁੰਦਾ ਰਿਹਾ ਹੈ। ਮੈਂ ਇਨ੍ਹਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਪਿਛਲੇ 2 ਸਾਲਾਂ ਵਿਚ, ਸੰਨ 1975 ਵਿਚ ਚੇਅਰਮੈਨ ਨਾਮੀਨੇਟ ਹੋਏ ਸਨ ਅੱਤ ਮਈ, 1977 ਵਿਚ ਇਹ ਕਮੇਟੀਆਂ ਸੁਪਰਸੀਡ ਹੋ ਗਈਆਂ ਸਨ, ਇਹ ਇਨ੍ਹਾਂ ਦੇ ਇਲੈਕਸ਼ਨ ਨਹੀਂ ਕਰਵਾ ਸਕੇ। ਹੁਣ ਮੈਂ ਕਿਹਾ ਹੈ ਕਿ 25 ਨਵੰਬਰ, 1980 ਤੋਂ ਪਹਿਲਾਂ ਪਹਿਲਾਂ ਫੈਸਲਾ ਕਰਾਂਗੇ ਤਾਂ ਇਹ ਇਤਨਾ ਵੀ ਇੰਤਜ਼ਾਰ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਮੈਂ ਕੁਝ ਹੋਰ ਵੀ ਇਸ ਤੋਂ ਅਗੇ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ 2 ਸਾਲ ਇਹ ਮਾਮਲਾ ਐਗਰੀਕਲਚਰ ਮਨਿਸਟਰ ਦੇ ਵਿਚਾਰ ਅਧੀਨ ਰਿਹਾ ਪਰੰਤੂ ਉਹ ਕੋਈ ਫੈਸਲਾ ਨਾ ਕਰ ਸਕੇ। 16 ਫਰਵਰੀ, 1980 ਨੂੰ ਉਨ੍ਹਾਂ ਨੇ ਇਸ ਬਾਰੇ ਇਕ ਨੋਟ ਲਿਖਿਆ। 16 ਫਰਵਰੀ, 1980 ਤੋਂ ਇਹ ਡੈਮੋਕਲੇਟ ਹੋ ਗਏ ਸਨ, ਜਦੋਂ ਕਿ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਹੋ ਚੁੱਕੀਆਂ ਸਨ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਕੁਝ ਬੰਦੇ ਨਾਮੀਨੇਟ ਕੀਤੇ ਸਨ। ਉਸ ਤੋਂ ਬਾਅਦ ਕਈ ਕਮੇਟੀਆਂ ਵਿਚ ਵਡੇ ਵਡੇ ਘੱਪਲੇ ਹੋਏ। ਮੈਂ ਦੱਸਦਾ ਹਾਂ ਕਿ 1500 ਡ੍ਰਿਲਾਂ ਮੋਗੇ ਦੀ ਮਾਰਕਿਟ ਕਮੇਟੀ ਵਿਚ ਹਾਲੇ ਵੀ ਪਈਆਂ ਹਨ, ਕੀ ਮਨਿਸਟਰ ਸਾਹਿਬ ਇਹੋ ਜਿਹੇ ਸਕੈਂਡਲਾਂ ਦੀ ਜਾਂਚ ਕਰਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਦੀ ਗਿਆਤ ਲਈ ਕਹਿੰਦਾ ਹਾਂ ਕਿ ਪਿਛਲੀ ਵਾਰ ਵੀ ਇਹ ਇਸ ਹਾਊਸ ਦੇ ਮੈਂਬਰ ਸਨ ਅਤੇ ਟਰੈਜ਼ਰੀ ਬੈਂਚਿਜ਼ ਤੇ ਬੈਠਦੇ ਸਨ ਔਰ ਦਿੱਲੀ ਦੀ ਸਰਕਾਰ ਨਾਲ ਇਨ੍ਹਾਂ ਦਾ ਭਾਈਚਾਰਾ ਸੀ। ਉਸ ਵੇਲੇ ਇਹ ਹੁਕਮ ਚਲਦਾ ਸੀ ਕਿ ਜਿਹੜਾ ਕਾਂਗਰਸੀ ਲਭੇ ਉਸ ਨੂੰ ਅੰਦਰ ਕਰ ਦਿਓ, ਜੇ ਇਹੋ ਜਿਹੀ ਗਲ ਹੁੰਦੀ ਤਾਂ ਜਿਹੜੇ ਨਾਮੀਨੇਟ ਹੋਏ ਸਨ ਉਹ ਬੱਚ ਨਹੀਂ ਸਨ ਸਕਦੇ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪੰਚਾਇਤ ਸੰਮਿਤੀਆਂ ਦੀਆਂ ਇਲੈਕਸ਼ਨਾਂ ਤੋਂ ਪਹਿਲੇ ਇਨ੍ਹਾਂ ਕਮੇਟੀਆਂ ਦੀਆਂ ਚੋਣਾਂ ਕਰਵਾ ਦੇਣਗੇ ਜਾਂ ਬਾਅਦ ਵਿਚ ਕਰਵਾਉਣਗੇ ?

ਮੰਤਰੀ : ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਕੋਈ ਫਾਈਲ ਤੇ ਦਿੱਤੇ ਹੋਏ ਨੋਟ ਦੇ ਮੁਤਾਬਿਕ ਦੱਸ ਸਕਦੇ ਹਨ ਕਿ ਪਿਛਲੀ ਸਰਕਾਰ ਨੇ ਇਨ੍ਹਾਂ ਕਮੇਟੀਆਂ ਦੀਆਂ ਚੋਣਾਂ ਕਿਉਂ ਨਹੀਂ ਕਰਵਾਈਆਂ ?

ਮੁੱਖ ਮੰਤਰੀ : ਫਾਈਲ ਦੀ ਗਲ ਤਾਂ ਫਿਰ ਕਰਾਂਗੇ। ਮੇਰੀ ਅਰਜ਼ ਹੈ ਕਿ ਜਿਸ ਵੇਲੇ ਇਹ ਆਪ ਸਰਕਾਰ ਵਿਚ ਸਨ ਤਾਂ ਕੀ ਇਨ੍ਹਾਂ ਨੂੰ ਨਹੀਂ ਪਤਾ ਕਿ ਇਹ ਇਲੈਕਸ਼ਨ ਕਿਉਂ ਨਹੀਂ ਕਰਵਾਏ ?

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਨੋਟ ਫਾਰ ਪੈਡ ਦੀਆਂ 2—4 ਲਾਈਨਾਂ ਪੜ੍ਹ ਕੇ ਸੁਣਾਉਂਦਾ ਹਾਂ—

'During the last time when the priod of supersession was extended upto 12th May, 1980, it was also proposed that the number of the members of the Market Committees,

Original with;
Punjab Vidhan Sabha
Digitized by;
Panjab Digital Library

including the Chairman, Vice Chairman, should be nominated for a period of two years as was done during the year 1975. But this scheme also did not materialise as the former Agriculture and Forests Minister, Punjab ordered on 16th February, 1980 that it would be better to have elected persons on the Committees.'

ਸਪੀਕਰ ਸਾਹਿਬ, 16 ਫਰਵਰੀ, 1980 ਨੂੰ ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਹੁਕਮ ਕੀਤਾ ਸੀ। ਇਹ ਜਨਵਰੀ ਵਿਚ ਪੂਰੇ ਡੈਮੋਕਰੇਟ ਹੋ ਗਏ ਸਨ। (ਵਿਘਨ) ਸੋ, ਸਪੀਕਰ ਸਾਹਿਬ, ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਪਿਛਲੇ ਤਿੰਨ ਸਾਲਾਂ ਵਿਚ ਜਿਹੜੇ ਐਡਮਨਿਸਟਰੇਟਰ ਲਗੇ ਰਹੇ ਹਨ ਉਨ੍ਹਾਂ ਕੋਈ ਕਨਸਟਰਕਸ਼ਨ ਦਾ ਕੰਮ ਨਹੀਂ ਕੀਤਾ। ਜਦੋਂ ਤਕ ਨਵੀਆਂ ਪੰਚਾਇਤ ਸੰਮਿਤੀਆਂ ਦੀਆਂ ਚੋਣਾਂ ਨਹੀਂ ਹੁੰਦੀਆਂ ਕੀ ਉਦੋਂ ਤਕ ਮਨਿਸਟਰ ਸਾਹਿਬ ਐਡਮਨਿਸਟਰੇਟਰਜ਼ ਨੂੰ ਕੋਈ ਇਸ ਬਾਰੇ ਹਦਾਇਤਾਂ ਕਰਨਗੇ ਤਾਕਿ ਉਥੇ ਕੰਮ ਜਿਹੜਾ ਬੰਦ ਹੈ, ਉਹ ਚਲ ਸਕੇ।

ਮੰਤਰੀ : ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਜੀ, ਤੁਹਾਨੂੰ ਤਾਂ ਸਾਰਾ ਪਤਾ ਹੈ ਅਤੇ ਤੁਸੀਂ ਬਹੁਤ ਸਿਆਣੇ ਹੋ। ਸਰਕਾਰ ਦੀ ਐਡਮਨਿਸਟਰੇਸ਼ਨ ਚੀਫ਼ ਤੋਂ ਚਲਦੀ ਹੈ। ਘੋੜੇ ਨੂੰ ਵੀ ਜੇਕਰ ਪਤਾ ਲਗਦਾ ਹੈ (ਵਿਘਨ) (ਸ਼ੋਰ) ਇਹ ਤਾਂ ਬੰਦੇ ਹਨ। These are civil servants and they realise very much and what the Government proposes and what the intentions they are having. ਸੋ ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਜੀ, ਹਦਾਇਤ ਕਰਨ ਦੀ ਲੋੜ ਨਹੀਂ। 25 ਨਵੰਬਰ, 1980 ਤੋਂ ਟਾਈਮ ਨਹੀਂ ਵਧੇਗਾ।

Installation of X-Ray Plant and E.C.G. Equipment in the Civil Hospital, Rampura Phul

***61. Master Babu Singh** : Will the Minister for Health and Family Welfare be pleased to state :—

(a) the names of Government Hospitals at sub-divisional level in the State, district-wise, as on 1st June, 1980;

(b) the names of such Hospitals of those mentioned in part (a) above which are without X-ray plant and E.C.G. Equipment;

(c) whether there is any proposal under the active consideration of the Government to instal X-ray Plant and E.C.G. Equipment at the Civil Hospital, Rampura Phul (Bhatinda District) ?

Shri Sardari Lal Kapoor : (a) The requisite information is laid on the Table of the House.

(b) Out of the hospitals mentioned in part (a) X-ray facilities are not available at Civil Hospital, Zira (Ferozepur), Kharar (Ropar), Rampura Phul and Talwandi Sabo (Bhatinda).

E.C.G. facilities are not available at Civil Hospitals Rampura Phul and Talwandi Sabo (Bhatinda), Samana and Bassi Pathana (Patiala) Anandpur Sahib (Ropar), Phillaur (Jullundur) and Muktsar (Faridkot).

(c) Yes, Sir.

Original with;
Punjab Vidhan Sabha
Digitized by;
Panjab Digital Library

[Minister for Health and Family Welfare]

Names of Government Hospitals at Sub-Divisional Level in the State District-wise, as on 1st June, 1980 :—

Name of the District	Name of Sub-Division	Name of Hospital at Sub-Division Level
(1) Amritsar ..	1. Patti	1. Civil Hospital, Patti
	2. Tarn Taran	2. Civil Hospital, Tarn Taran
	3. Baba Bakala	1. Rural Hospital, Baba Bakala
	4. Ajnala	1. Rural Hospital, Ajnala
(2) Jullundur ..	1. Nawan Shahar	Civil Hospital, Nawan Shahar
	2. Nakodar	Civil Hospital, Nakodar
	3. Phillaur	Civil Hospital, Phillaur
(3) Ludhiana ..	1. Samrala	Civil Hospital, Samrala
	2. Jagraon	Civil Hospital, Jagraon
	3. Khanna	Civil Hospital, Khanna
(4) Kapurthala ..	1. Phagwara	Civil Hospital, Phagwara
	2. Sultanpur Lodhi	Civil Hospital, Sultanpur Lodhi
(5) Ferozepur ..	1. Fazilka	Civil Hospital, Fazilka
	2. Zira	Civil Hospital, Zira
(6) Bhatinda ..	1. Mansa	(i) Civil Hospital, Mansa (ii) Women Hospital, Mansa
	2. Rampura Phul	Civil Hospital, Rampura Phul
	3. Talwandi Sabo	Rural Hospital, Talwandi Sabo
(7) Faridkot ..	1. Mukatsar	Civil Hospital, Mukatsar
	2. Moga	Mathura Dass Civil Hospital, Moga
(8) Patiala ..	1. Nabha	(i) General Shiv Dev Singh Civil Hospital, Nabha (ii) Women Hospital, Nabha
	2. Rajpura	Ajit Parshad Jail Civil Hospital, Rajpura
	3. Samana	Civil Hospital, Samana
	4 Fatehgarh Sahib	Civil Hospital, Bassi Pathana
(9) Rupnagar ..	1. Kharar	Civil Hospital, Kharar
	2. Anandpur Sahib	Bhai Jaita Ji Civil Hospital, Anandpur Sahib.
(10) Sangrur ..	1. Barnala	Civil Hospital, Barnala
	2. Malerkotla	Civil Hospital, Malerkotla
	3. Sunam	Shaheed Udham Singh Civil Hospital, Sunam
(11) Gurdaspur	1. Pathankot	Civil Hospital, Pathankot
	2. Batala	Civil Hospital, Batala
(12) Hoshiarpur	1. Dasuya	Civil Hospital, Dasuya
	2. Garh Shankar	Civil Hospital, Garh Shankar
	3. Balachaur	Rural Hospital, Balachaur.

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਚਾਰ ਸਬ-ਡਿਵੀਜ਼ਨਾਂ ਵਿਚ ਐਕਸਰੇ ਦੀਆਂ ਸਹੂਲਤਾਂ ਮੁਹੱਈਆ ਨਹੀਂ ਹਨ ਅਤੇ ਕਈ ਥਾਵਾਂ ਤੇ ਈ.ਸੀ.ਜੀ. ਦੀਆਂ ਸਹੂਲਤਾਂ ਉਪਲੱਬਧ ਨਹੀਂ ਹਨ। ਕੀ ਇਨ੍ਹਾਂ ਥਾਵਾਂ ਤੇ ਜਿਥੇ ਐਕਸਰੇ ਪਲਾਂਟ ਅਤੇ ਈ.ਸੀ.ਜੀ. ਦਾ ਪ੍ਰਬੰਧ ਨਹੀਂ ਹੈ, ਰਾਮਪੁਰਾ ਫੂਲ ਹਸਪਤਾਲ ਵਿਚ ਵੀ ਕੋਈ ਪਰਬੰਧ ਨਹੀਂ ਹੈ, ਹਾਰਟ-ਅਟੈਕ ਦੇ ਮਰੀਜ਼ ਹਸਪਤਾਲਾਂ ਵਿਚ ਆਉਂਦੇ ਹਨ ਤਾਂ ਫਿਰ ਉਨ੍ਹਾਂ ਵਾਸਤੇ ਈ.ਸੀ.ਜੀ. ਅਤੇ ਐਕਸਰੇ ਦੀ ਲੋੜ ਪੈਂਦੀ ਹੈ, ਕੀ ਮਨਿਸਟਰ ਸਾਹਿਬ ਜਲਦੀ ਤੋਂ ਜਲਦੀ ਇਨ੍ਹਾਂ ਦਾ ਪਰਬੰਧ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਰਾਮਪੁਰਾ ਫੂਲ ਦੇ ਹਸਪਤਾਲ ਤੇ ਬੜਾ ਜ਼ੋਰ ਦਿੱਤਾ ਹੈ, ਬਾਕੀਆਂ ਬਾਰੇ ਜ਼ੋਰ ਕਿਉਂ ਨਹੀਂ ਦਿੱਤਾ ? ਸਪੀਕਰ ਸਾਹਿਬ, ਰਾਮਪੁਰਾ ਫੂਲ ਹਸਪਤਾਲ ਵਿਚ ਈ.ਸੀ.ਜੀ. ਅਤੇ ਐਕਸਰੇ ਦਾ 15 ਸਤੰਬਰ ਤੋਂ ਪਹਿਲਾਂ ਪਹਿਲਾਂ ਇੰਤਜ਼ਾਮ ਕਰ ਦਿੱਤਾ ਜਾਵੇਗਾ। (ਥੰਪਿੰਗ) ਬਾਕੀ ਜਿਹੜੇ ਥਾਂ ਰਹਿ ਗਏ ਹਨ, ਉਥੇ ਵੀ ਈ.ਸੀ.ਜੀ. ਅਤੇ ਐਕਸਰੇ ਦਾ ਇੰਤਜ਼ਾਮ ਕਰ ਦਿੱਤਾ ਜਾਵੇਗਾ । (ਵਿਘਨ) (ਥੰਪਿੰਗ) ਜਿਹੜਾ ਸਵਾਲ ਮੈਂਬਰ ਸਾਹਿਬ ਨੇ ਪੁੱਛਿਆ ਸੀ, ਉਸ ਦਾ ਜਵਾਬ ਦੇ ਦਿੱਤਾ ਗਿਆ ਹੈ। ਆਰਡਰ ਹੋ ਗਏ ਹਨ ਅਤੇ 15 ਸਤੰਬਰ ਤੋਂ ਪਹਿਲਾਂ ਪਹਿਲਾਂ ਲਗ ਜਾਣਗੇ। (ਥੰਪਿੰਗ)

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 33 ਸਬ-ਡਿਵੀਜ਼ਨ ਐਸੇ ਹਨ ਜ਼ਿਨ੍ਹਾਂ ਵਿਚ ਲੇਡੀਜ਼ ਲਈ ਹਸਪਤਾਲ ਵਿਚ ਕੋਈ ਇੰਤਜ਼ਾਮ ਨਹੀਂ ਹੈ। (ਵਿਘਨ) ਜਿਥੇ ਹਸਪਤਾਲਾਂ ਵਿਚ ਲੇਡੀਜ਼ ਨਹੀਂ ਹਨ ਕੀ ਮਨਿਸਟਰ ਸਾਹਿਬ ਉਥੇ ਲੇਡੀਜ਼ ਦਾ ਪ੍ਰਬੰਧ ਕਰਨਗੇ ?

ਮੰਤਰੀ : ਤੁਸੀਂ ਇੰਨੇ ਪੁਰਾਣੇ ਲੈਜਿਸਲੇਚਰ ਹੋ ਇਸ ਦਾ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ। ਤੁਸੀਂ ਇਸ ਬਾਰੇ ਇਕ ਹੋਰ ਸਵਾਲ ਦੇ ਦਿਓ ਤਾਂ ਮੈਂ ਉਸ ਦਾ ਜਵਾਬ ਦੇ ਦੇਵਾਂਗਾ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਮਨਿਸਟਰ ਸਾਹਿਬ ਨੇ ਜਵਾਬ ਨਹੀਂ ਦਿੱਤਾ। ਇਹ ਰੈਲੇਵੈਂਟ ਸਵਾਲ ਹੈ ਕਿ ਕੀ ਹਸਪਤਾਲਾਂ ਵਿਚ ਲੇਡੀਜ਼ ਦਾ ਪ੍ਰਬੰਧ ਕਰਨ ਲਈ ਸਰਕਾਰ ਤਿਆਰ ਹੈ ਤਾਕਿ ਇਸਤਰੀਆਂ ਨੂੰ ਸਹੂਲਤ ਮਿਲ ਸਕੇ ? (ਵਿਘਨ)

(ਕੋਈ ਉੱਤਰ ਨਹੀਂ ਦਿੱਤਾ ਗਿਆ)।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਜਲੰਧਰ ਸ਼ਹਿਰ ਵਿੱਚ ਪਿਛਲੇ ਢਾਈ ਸਾਲਾਂ ਵਿਚ ਅਕਾਲੀ-ਜਨਤਾ ਸਰਕਾਰ ਨੇ ਐਕਸਰੇ ਫਿਲਮ ਦਾ ਕੋਈ ਪਰਬੰਧ ਨਹੀਂ ਕੀਤਾ, ਕੀ ਹੁਣ ਉਥੇ ਵਜ਼ੀਰ ਸਾਹਿਬ ਐਕਸਰੇ ਫਿਲਮ ਦਾ ਪ੍ਰਬੰਧ ਕਰਾਉਣਗੇ ?

ਮੰਤਰੀ : ਅਕਾਲੀ-ਜਨਤਾ ਸਰਕਾਰ ਨੇ ਕੀ ਕੀਤਾ ਹੈ, ਇਸ ਬਾਰੇ ਤੁਸੀਂ ਮੈਨੂੰ ਕੀ ਪੁੱਛਦੇ ਹੋ। ਇਹ ਪੁਰਾਣੀ ਗੱਲ ਹੋ ਗਈ ਹੈ। ਕੋਈ ਨਵੀਂ ਗੱਲ ਕਰੋ।

ਸ਼੍ਰੀ ਸਪੀਕਰ : ਕਪੂਰ ਸਾਹਿਬ, ਸੈਣੀ ਜੀ ਨੇ ਪੁੱਛਿਆ ਹੈ ਕਿ ਕੀ ਜਲੰਧਰ ਸ਼ਹਿਰ ਵਿਚ ਐਕਸਰੇ ਫਿਲਮ ਦਾ ਕੋਈ ਪ੍ਰਬੰਧ ਕੀਤਾ ਜਾਵੇਗਾ ?

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਅਕਾਲੀ-ਜਨਤਾ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ, ਕੀ ਹੁਣ ਤੁਸੀਂ ਜਲੰਧਰ ਸ਼ਹਿਰ ਵਿਚ ਐਕਸਰੇ ਫਿਲਮ ਦਾ ਪ੍ਰਬੰਧ ਕਰੋਗੇ ? ਇਹ ਰੈਲੇਵੈਂਟ ਸਵਾਲ ਹੈ, ਇਸ ਦਾ ਮਨਿਸਟਰ ਸਾਹਿਬ ਨੇ ਜਵਾਬ ਨਹੀਂ ਦਿੱਤਾ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮਨਿਸਟਰ ਸਾਹਿਬ ਇਸ ਸਵਾਲ ਦਾ ਜਵਾਬ ਤੁਹਾਨੂੰ ਨਵਾਂ ਸਵਾਲ ਪੁੱਛਣ ਤੇ ਦੇ ਦੇਣਗੇ ।

ਸ਼੍ਰੀ ਸੰਤ ਰਾਮ ਸਿੰਗਲਾ : ਮੈਂ ਮਨਿਸਟਰ ਸਾਹਿਬ ਦਾ ਬਹੁਤ ਸ਼ਕੂਰ ਹਾਂ ਕਿ ਉਹਨਾਂ ਨੇ ਸਮਾਣਾ ਸਿਵਲ ਹਸਪਤਾਲ ਵਿਖੇ ਈ.ਸੀ.ਜੀ. ਅਤੇ ਐਕਸਰੇ ਪਲਾਂਟ ਛੇਤੀ ਲਾਉਣ ਦਾ ਵਿਸ਼ਵਾਸ ਦਿਵਾਇਆ ਹੈ। ਕੀ ਮਨਿਸਟਰ ਸਾਹਿਬ ਸਮਾਣਾ ਸਿਵਲ ਹਸਪਤਾਲ ਦੀ ਬੈਂਡ ਕਪੈਸਿਟੀ ਵੀ ਵਧਾਉਣ ਦੀ ਖੇਚਲ ਕਰਨਗੇ ?

ਮੰਤਰੀ : ਬੈਂਡ ਕਪੈਸਿਟੀ ਤਾਂ ਵਧਾਵਾਂਗੇ ਜੇਕਰ ਸਾਨੂੰ ਪੈਸੇ ਜ਼ਿਆਦਾ ਆ ਜਾਣਗੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਗੋਬਿੰਦਗੜ੍ਹ ਵਿਖੇ 50 ਬੈਡ ਦਾ ਇਕ ਬਹੁਤ ਵੱਡਾ ਹਸਪਤਾਲ ਹੈ। ਲੋਕਾਂ ਨੇ ਆਪਣੀ ਹਿੰਮਤ ਨਾਲ ਉਥੇ ਐਕਸਰੇ ਪਲਾਂਟ ਲਗਾਇਆ ਹੈ। ਕੀ ਮਨਿਸਟਰ ਸਾਹਿਬ ਉਥੇ ਈ.ਸੀ.ਜੀ. ਦਾ ਵੀ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਜੋ ਗੋਬਿੰਦਗੜ੍ਹ ਦੀ ਗੱਲ ਕੀਤੀ ਹੈ ਉਸ ਦੇ ਵਿਚ ਵਜ਼ਨ ਹੈ ਅਤੇ ਜਲਦੀ ਕਰਾਂਗੇ । (ਥੰਪਿੰਗ)

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਕਈ ਹਸਪਤਾਲਾਂ ਵਿਚ ਐਕਸਰੇ ਅਤੇ ਈ.ਸੀ.ਜੀ. ਦਾ ਪ੍ਰਬੰਧ ਕੀਤਾ ਜਾਵੇਗਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਰੀਆਂ ਥਾਵਾਂ ਤੇ ਇਕੋ ਸਮੇਂ ਹੀ ਕੰਮ ਹੋਵੇਗਾ ਜਾਂ ਕਿਸ ਤਰੀਕੇ ਦੇ ਨਾਲ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਜਦੋਂ ਇਸ ਸਬੰਧੀ ਟਿਪੋਟਾਂ ਸਾਡੇ ਕੋਲ ਆ ਜਾਣਗੀਆਂ ਤਾਂ ਉਸ ਦੇ ਮੁਤਾਬਿਕ ਹੀ ਪ੍ਰਬੰਧ ਕੀਤਾ ਜਾਵੇਗਾ।

ਸ਼੍ਰੀ ਚਮਨ ਲਾਲ : ਸਾਡੇ ਇਲਾਕੇ ਵਿਚ ਬਰਾਏਨਾਮ ਹਸਪਤਾਲ ਹੈ, ਨਾ ਉਥੇ ਕੋਈ ਚਾਰ ਦਿਵਾਰੀ ਹੈ ਅਤੇ ਨਾ ਕੋਈ ਹੋਰ ਚੀਜ਼ ਹੈ, ਕੀ ਉਸ ਹਸਪਤਾਲ ਦੀ ਬਿਲਡਿੰਗ ਨੂੰ ਠੀਕ ਕਰਾਉਣ ਦੀ ਕ੍ਰਿਪਾ ਕਰਨਗੇ ?

ਮੰਤਰੀ : ਜਿਹੜੀ ਗਲ ਤੁਸੀਂ ਕਹੀ ਹੈ, ਉਸ ਤੇ ਸਿੰਪੇਥੈਟੀਕਲੀ ਕੰਸਿਡਰ ਕਰਾਂਗੇ ।

ਪਟਵਾਰੀਆਂ ਦੀ ਭਰਤੀ

*115. **ਸਰਦਾਰ ਦਰਸ਼ਨ ਸਿੰਘ ਕੇ.ਪੀ.** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੂਨ, 1977 ਤੋਂ ਫਰਵਰੀ, 1980 ਤੱਕ ਦੇ ਸਮੇਂ ਦੇ ਦੌਰਾਨ ਕੁੱਲ ਕਿੰਨੇ ਪਟਵਾਰੀ ਭਰਤੀ ਕੀਤੇ ਗਏ ਅਤੇ ਉਨ੍ਹਾਂ ਵਿਚੋਂ, ਵੱਖ ਵੱਖ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਣ ਵਾਲਿਆਂ ਦੀ ਗਿਣਤੀ ਅਤੇ ਪ੍ਰਤਿਸ਼ਤਤਾ ਕਿੰਨੀ ਕਿੰਨੀ ਹੈ ?

ਸਰਦਾਰ ਬੇਅੰਤ ਸਿੰਘ : ਇਸ ਸਮੇਂ ਵਿਚ 168 ਪਟਵਾਰੀਆਂ ਦੀ ਭਰਤੀ ਕੀਤੀ ਗਈ । ਇਨ੍ਹਾਂ ਵਿਚੋਂ 63 ਪਟਵਾਰੀ ਅਨੁਸੂਚਿਤ ਜਾਤੀਆਂ ਨਾਲ ਅਤੇ 7 ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰਖਦੇ ਹਨ ਅਤੇ ਇਨ੍ਹਾਂ ਦੀ ਕ੍ਰਮਵਾਰ ਪ੍ਰਤਿਸ਼ਤ 37.5 ਤੇ 4 ਬਣਦੀ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਸ਼ਨ ਸਿੰਘ ਕੇ.ਪੀ: ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 168 ਪਟਵਾਰੀ ਭਰਤੀ ਕੀਤੇ ਗਏ, ਉਨ੍ਹਾਂ ਵਿਚੋਂ 63 ਸ਼ਡਿਊਲਡ ਕਾਸਟਸ ਦੇ ਸਨ ਅੱਰ 7 ਪਛੜੀਆਂ ਸ਼੍ਰੇਣੀਆਂ ਦੇ ਸਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 6 ਮਾਰਚ, 1974 ਨੂੰ ਇਥੇ ਹਾਊਸ ਵਿਚ ਗਿਆਨੀ ਜ਼ੈਲ ਸਿੰਘ ਜੀ ਜਦੋਂ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਪਟਵਾਰੀ ਅੱਰ ਸਿਪਾਹੀ 50 ਪ੍ਰਤੀਸ਼ਤ ਲਏ ਜਾਣਗੇ, ਜਿਨ੍ਹਾਂ ਵਿਚੋਂ 10 ਪ੍ਰਤੀਸ਼ਤ ਬੈਕਵਾਰਡ ਕਲਾਸ ਦੇ ਅੱਰ 40 ਪ੍ਰਤੀਸ਼ਤ ਸ਼ਡਿਊਲਡ ਕਾਸਟਸ ਦੇ ਹੋਣਗੇ। ਇਸ ਕਰਕੇ ਇਹ ਜੋ ਘਾਟ ਰਹਿ ਗਈ ਹੈ, ਇਸ ਸਬੰਧ ਵਿਚ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਆਇੰਦਾ ਇਹ 50 ਪ੍ਰਤੀਸ਼ਤ ਭਰਤੀ ਵਿਚ ਜੋ ਘਾਟ ਰਹਿ ਗਈ ਹੈ, ਇਹ ਪੂਰੀ ਕੀਤੀ ਜਾਏਗੀ ?

ਮੰਤਰੀ: ਗਿਆਨੀ ਜੀ ਨੇ ਹਰੀਜਨਾਂ ਵਾਸਤੇ 40 ਪ੍ਰਤੀਸ਼ਤ ਕਿਹਾ ਸੀ ਅੱਰ ਬੈਕਵਰਡ ਕਲਾਸਿਜ਼ ਵਾਸਤੇ 10 ਪ੍ਰਤੀਸ਼ਤ ਪਰ ਬੈਕਵਰਡ ਕਲਾਸਿਜ਼ ਦੇ ਪਟਵਾਰੀ ਅੱਗੇ ਹੀ ਕਾਫੀ ਜ਼ਿਆਦਾ ਹਨ। ਸ਼ਡਿਊਲਡ ਕਾਸਟਸ ਵਾਸਤੇ ਜੋ ਰਿਜ਼ਰਵੇਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ ਉਸ ਵਿਚ ਹਾਲੇ ਵੀ ਕਾਫੀ ਘਾਟ ਹੈ। 1200 ਬੰਦੇ ਹੋਰ ਟਰੇਨਿੰਗ ਲੈ ਰਹੇ ਹਨ ਅੱਰ ਜਦੋਂ ਇਹ ਟਰੇਨਿੰਗ ਲੈ ਚੁੱਕਣਗੇ ਤਾਂ ਫਿਰ ਦੇਖਾਂਗੇ। ਸ਼ਡਿਊਲਡ ਕਾਸਟਸ ਕੈਂਡੀਡੇਟਸ ਕਾਫੀ ਘੱਟ ਹਨ, ਇਹ ਪੂਰਾ ਕਰਨ ਦਾ ਯਤਨ ਕਰਾਂਗੇ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਜੋ ਰਿਜ਼ਰਵੇਸ਼ਨ ਦੀ ਪਾਲਿਸੀ 50 ਫੀ ਸਦੀ ਦੀ ਹੈ ਜਿਸ ਵਿਚ 40:10 ਦੀ ਰੇਸ਼ੋ ਹੈ, ਇਸ ਪਾਲਿਸੀ ਦਾ ਐਲਾਨ ਮਿਤੀ 6 ਮਾਰਚ, 1974 ਨੂੰ ਕੀਤਾ ਗਿਆ ਸੀ। ਕੀ ਇਸ ਮੁਤਾਬਿਕ ਅਮਲ ਕੀਤਾ ਜਾਏਗਾ ?

ਮੰਤਰੀ: ਬੈਕਵਰਡ ਕਲਾਸਿਜ਼ ਦੇ ਬੰਦੇ ਅੱਗੇ ਹੀ ਜ਼ਿਆਦਾ ਹਨ। ਬਾਕੀ ਸ਼ਡਿਊਲਡ ਕਾਸਟਸ ਲਈ 40 ਪ੍ਰਤੀਸ਼ਤ ਭਰਤੀ ਕਰਨ ਦਾ ਵਾਇਦਾ ਜੋ ਗਿਆਨੀ ਜ਼ੈਲ ਸਿੰਘ ਜੀ ਨੇ ਕੀਤਾ ਹੋਇਆ ਹੈ, ਉਹ ਜ਼ਰੂਰ ਪੂਰਾ ਕਰਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ: ਪਿਛੇ ਜਿਹੇ ਪਟਵਾਰੀਆ ਦੀ ਕਲਾਸ ਚਲਾਈ ਸੀ। ਉਨ੍ਹਾਂ ਵਿਚੋਂ ਕੁਝ ਸਿਲੈਕਟ ਵੀ ਕੀਤੇ ਗਏ ਸੀ ਅੱਰ ਬਹੁਤ ਸਾਰੇ ਮੁੰਡਿਆਂ ਕੋਲ ਸਿਲੈਕਸ਼ਨ ਲੈਟਰਜ਼ ਵੀ ਪਹੁੰਚ ਗਏ ਸੀ ਪਰ ਬਾਅਦ ਵਿਚ ਉਨ੍ਹਾਂ ਦੇ ਸਿਲੈਕਸ਼ਨ ਲੈਟਰਜ਼ ਰਿਜੈਕਟ ਕਰ ਦਿੱਤੇ ਗਏ। ਉਨ੍ਹਾਂ ਦੀਆਂ ਅਪੀਲਾਂ ਹਾਈ ਕੋਰਟ ਵਿਚ ਹੋਈਆਂ। ਐਸੀਆਂ ਅਪੀਲਾਂ ਜੋ ਹਾਈ ਕੋਰਟ ਵਿਚ ਪੈਂਡਿੰਗ ਹਨ, ਕੀ ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਏਗਾ ?

ਮੰਤਰੀ: ਕੋਈ ਅਪੀਲ ਪੈਂਡਿੰਗ ਨਹੀਂ ਹੈ। ਜੇ ਕੋਈ ਇਨਫਰਮੇਸ਼ਨ ਇਨ੍ਹਾਂ ਕੋਲ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ, ਮੈਂ ਦੇਖ ਲਵਾਂਗਾ। 1200 ਕੈਂਡੀਡੇਟ ਭਰਤੀ ਕੀਤੇ ਗਏ ਸਨ ਅੱਰ ਉਨ੍ਹਾਂ ਨੂੰ ਤਿੰਨ ਸੈਂਟਰਜ਼ ਵਿਚ ਟਰੇਨਿੰਗ ਦਿੱਤੀ ਜਾ ਰਹੀ ਹੈ। ਇਹ ਤਿੰਨ ਸੈਂਟਰਜ਼ ਜਲੰਧਰ, ਮੁਕਤਸਰ ਅੱਰ ਮੋਹਾਲੀ ਵਿਖੇ ਹਨ ਜਿਥੇ ਕਿ ਉਹ ਟਰੇਨਿੰਗ ਲੈ ਰਹੇ ਹਨ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਜਿਸ ਤਰ੍ਹਾਂ ਨਾਲ ਸ਼ਡਿਊਲਡ ਕਾਸਟਸ ਅੱਰ ਬੈਕਵਰਡ ਕਲਾਸਿਜ਼ ਵਾਸਤੇ ਰਿਜ਼ਰਵੇਸ਼ਨ ਦੀ ਦਰ 40 : 10 ਹੈ, ਕੀ ਉਸੇ ਤਰ੍ਹਾਂ ਜੋ ਇਕਨਾਮੀਕਲੀ ਵੀਕਰ ਸੈਕਸ਼ਨ ਹੈ, ਉਸ ਵਾਸਤੇ ਵੀ ਰਿਜ਼ਰਵੇਸ਼ਨ ਦੀ ਪਾਲਿਸੀ ਬਣਾਈ ਜਾਏਗੀ ?

ਮੰਤਰੀ: ਇਸ ਵੇਲੇ ਕਈ ਸਕੀਮਾਂ ਐਸੀਆਂ ਹਨ ਜੋ ਕਿ ਵੀਕਰ ਸੈਕਸ਼ਨ ਲਈ ਹਨ। ਜੋ ਮੈਂਬਰ ਸਾਹਿਬ ਨੇ ਵੀਕਰ ਸੈਕਸ਼ਨ ਬਾਰੇ ਕਿਹਾ ਹੈ, ਇਸ ਤੇ ਵਿਚਾਰ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਜੀਤ ਸਿੰਘ : ਜਿਹੜੇ ਪਟਵਾਰੀ ਇਸ ਵੇਲੇ ਟਰੇਨਿੰਗ ਲੈ ਰਹੇ ਹਨ, ਕੀ ਇਨ੍ਹਾਂ ਵਿਚ 50 ਪ੍ਰਤੀਸ਼ਤ ਦੀ ਰਿਜ਼ਰਵੇਸ਼ਨ ਪੂਰੀ ਹੈ ?

ਮੰਤਰੀ : 40 ਪ੍ਰਤੀਸ਼ਤ ਸ਼ਡਿਊਲਡ ਕਾਸਟ ਲਏ ਗਏ ਸੀ। ਇਸ ਤੋਂ ਇਲਾਵਾ ਹੋਰ ਵੀ ਜੋ ਬੈਕਵਰਡ ਕਲਾਸਿਜ਼ ਦੀ ਰਿਜ਼ਰਵੇਸ਼ਨ ਹੈ, ਉਹ ਵੀ ਪੂਰੀ ਕੀਤੀ ਗਈ ਸੀ। ਜੇ ਕੋਈ ਇਨ੍ਹਾਂ ਦੀ ਨਜ਼ਰ ਵਿਚ ਕਮੀ ਹੈ ਵੀ ਤਾਂ ਉਸ ਬਾਰੇ ਮੈਂ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ ਕਿ ਹਾਲੇ ਵੀ ਕਾਫੀ ਇਸ ਵਿਚ ਘਾਟ ਹੈ । 484 ਅਜਿਹੇ ਕੈਂਡੀਡੇਟ ਸੀ ਜੋ ਦਾਖਲ ਹੋਏ ਸੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ 40 ਪ੍ਰਤੀਸ਼ਤ ਸ਼ਡਿਊਲਡ ਕਾਸਟਸ ਵਾਸਤੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਫੈਸਲਾ ਹੋਇਆ ਸੀ ਕਿ ਇਸ ਵਿਚੋਂ ਅਧੇ ਬਾਲਮੀਕੀ ਭਰਤੀ ਕੀਤੇ ਜਾਣਗੇ ਅੱਧ ਬਾਕੀ ਦੇ ਅੱਧੇ ਮਜ਼ਹਬੀ ਭਰਤੀ ਕੀਤੇ ਜਾਣਗੇ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਲਮੀਕੀ ਕਿੰਨੇ ਭਰਤੀ ਕੀਤੇ ਹਨ ਅੱਰ ਮਜ਼ਹਬੀ ਕਿੰਨੇ ਭਰਤੀ ਕੀਤੇ ਹਨ ?

ਮੰਤਰੀ: ਇਹ ਸਵਾਲ ਇਸ ਵਿਚੋਂ ਉਠਦਾ ਨਹੀਂ ਹੈ।

Dharamshalas for Scheduled Castes in Ferozepur City Constituency

***109. Shri Balmukand Sharma :** Will the Minister for Welfare be pleased to state :—

(a) the number of Dharamshalas for the Scheduled Castes sanctioned upto 1977 for the Ferozepur City Assembly Constituency;

(b) the number of Dharamshalas out of those referred to in part (a) above which have since been constructed in the said constituency alongwith the amount spent thereon ?

ਚੌਧਰੀ ਜਗਤ ਰਾਮ ; (ੳ) 61

(ਅ) 39 ਧਰਮਸ਼ਾਲਾਂ 2,40,000 ਰੁਪਏ ਦੇ ਖਰਚੇ ਨਾਲ ਮੁਕੰਮਲ ਕੀਤੀਆਂ ਗਈਆਂ ਹਨ ।

ਸ਼੍ਰੀ ਬਾਲਮੁਕੰਦ ਸਰਮਾ : ਜਿਹੜਾ ਇਨ੍ਹਾਂ ਨੇ ਦਸਿਆ ਹੈ ਕਿ 61 ਧਰਮਸ਼ਾਲਾਂ ਫਿਰੋਜ਼ਪੁਰ ਸਿਟੀ ਦੇ ਹਲਕੇ ਲਈ ਸੈਂਕਸ਼ਨ ਹੋਈਆਂ ਸਨ ਅਤੇ ਉਨ੍ਹਾਂ ਵਿਚੋਂ 39 ਕੰਪਲੀਟ ਹੋ ਗਈਆਂ ਹਨ, ਮੰਤਰੀ ਜੀ ਨੇ ਜੋ ਇਹ ਰਿਪੋਰਟ ਵਿਧਾਨ ਸਭਾ ਵਿਚ ਦਿੱਤੀ ਹੈ, ਇਹ ਮੈਨੂੰ ਕੁਝ ਠੀਕ ਨਹੀਂ ਲਗਦੀ। ਕਈ ਧਰਮਸ਼ਾਲਾਂ ਕੰਪਲੀਟ ਨਹੀਂ ਹੋਈਆਂ, ਕਿਸੇ ਧਰਮਸ਼ਾਲਾ ਦੀ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਵੇਲੇ ਕੋਈ ਇੱਟਾਂ ਚੁਕ ਕੇ ਲੈ ਗਏ, ਇਸੇ ਦੀ ਛੱਤ ਨਹੀਂ ਹੈ ਅੱਰ ਕਿਸੇ ਦਾ ਕੋਈ ਫਰਸ਼ ਨਹੀਂ ਹੈ। ਕੀ ਇਹ ਪੜਤਾਲ ਕਰਕੇ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਪਿਛਲੀ ਸਰਕਾਰ ਵੇਲੇ ਉਹ ਚੀਜ਼ਾਂ ਕਿਥੇ ਗਈਆਂ, ਕੌਣ ਲੈ ਗਿਆ ?

ਮੰਤਰੀ: ਮੈਂ ਤਾਂ ਆਨਰੇਬਲ ਮੈਂਬਰ ਨੂੰ ਅਗੇ ਵੀ ਦੱਸਿਆ 'ਸੀ ਕਿ ਜਿਹੜੇ ਮਾਲ ਛੱਕ ਗਏ, ਉਸ ਬਾਰੇ ਜ਼ਰੂਰ ਇਨਕੁਆਇਰੀ ਕਰਾਵਾਂਗੇ ਅੱਰ ਚੰਗੇ ਢੰਗ ਨਾਲ ਕਰਾਵਾਂਗੇ । ਅਗਰ ਇਸ ਬਾਰੇ ਕੋਈ ਸਪੈਸੇਫਿਕ ਚੀਜ਼ ਮੇਰੇ ਨੋਟਿਸ ਵਿਚ ਲਿਆਂਦੀ ਜਾਏਗੀ ਤਾਂ ਕੋਈ ਵੀ ਸਪੇਅਰ ਨਹੀਂ ਕੀਤਾ ਜਾਏਗਾ ।

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਕੀ ਮੰਤਰੀ ਜੀ ਦੱਸਣਗੇ ਕਿ ਇਤਨੀ ਮਹਿੰਗਾਈ ਦੇ ਜ਼ਮਾਨੇ ਵਿਚ ਧਰਮਸ਼ਾਲਾਂ ਬਣਾਉਣ ਵਾਸਤੇ ਕੁਝ ਜ਼ਿਆਦਾ ਰੁਪਏ ਦੀ ਪ੍ਰੋਵੀਜ਼ਨ ਕੀਤੀ ਜਾਵੇਗੀ ?

ਮੰਤਰੀ: ਪਹਿਲਾਂ 5,500 ਰੁਪਏ ਸੀ, ਫਿਰ 7,000 ਰੁਪਏ ਦੀ ਪ੍ਰੋਵੀਜ਼ਨ ਕੀਤੀ ਗਈ ਅੱਤ ਹੁਣ 10,000 ਰੁਪਏ ਦੀ ਪ੍ਰੋਵੀਜ਼ਨ ਕਰ ਦਿਤੀ ਗਈ ਹੈ ।

ਸਰਦਾਰਨੀ ਸਤਵੰਤ ਕੌਰ ਸੰਧੂ: ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਪਰੈਫ਼ੈਟ ਡਾਇਰੈਕਟਰ, ਸੋਸ਼ਲ ਵੈਲਫੇਅਰ, ਕੌਣ ਹੈ ?

ਮੰਤਰੀ: ਸਪੀਕਰ ਸਾਹਿਬ, ਵੈਸੇ ਠੀਕ ਹੈ ਹਾਊਸ ਦੀ ਕਾਰਵਾਈ ਹਾਊਸ ਦੇ ਮੁਤਾਬਿਕ ਚਲਣੀ ਚਾਹੀਦੀ ਹੈ, ਉਸੇ ਢੰਗ ਨਾਲ ਚਲਣੀ ਚਾਹੀਦੀ ਹੈ। ਆਨਰੇਬਲ ਮੈਂਬਰ ਬੜੇ ਸੁਚੱਜੇ ਔਰ ਸੁਲਝੇ ਹੋਏ ਹਨ (ਵਿਘਨ) ਠੀਕ ਹੈ, ਬੀਬੀ ਜੀ ਮਨਿਸਟਰ ਰਹੇ ਹਨ ਪਰ ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਵਾਲ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ ।

ਸਰਦਾਰਨੀ ਸਤਵੰਤ ਕੌਰ ਸੰਧੂ : ਮੈਂ ਤਾਂ ਸਿਰਫ ਐਨਾ ਹੀ ਪੁੱਛਿਆ ਹੈ ਕਿ ਡਾਇਰੈਕਟਰ, ਸੋਸ਼ਲ ਵੈਲਫੇਅਰ ਦਾ ਨਾਂ ਕੀ ਹੈ ? ਇਹ ਉਹ ਵੀ ਨਹੀਂ ਦੱਸ ਸਕੇ। ਮੈਂ ਤਾਂ ਡਾਇਰੈਕਟਰ, ਸੋਸ਼ਲ ਵੈਲਫੇਅਰ ਦਾ ਨਾਂ ਜਾਣਨਾ ਚਾਹੁੰਦੀ ਹਾਂ।

ਮੰਤਰੀ: ਇਹ ਸਵਾਲ ਬਣਦਾ ਨਹੀਂ ਹੈ। ਬੀਬੀ ਜੀ ਨਾਲ ਮੇਰੀ ਕੋਈ ਐਸੀ ਗਲ ਨਹੀਂ ਹੈ। ਮੈਂ ਆਪਣੀ ਭੈਣ ਨੂੰ ਦੱਸਣ ਨੂੰ ਤਿਆਰ ਹਾਂ , ਇਹ ਮਨਿਸਟਰ ਰਹੇ ਹਨ। ਵੈਸੇ ਮੈਂ ਆਪਣੀ ਭੈਣ ਨੂੰ ਕਹਾਂਗਾ ਕਿ ਸਵਾਲ ਬਣਦਾ ਨਹੀਂ ਹੈ, ਨਹੀਂ ਤਾਂ ਜਵਾਬ ਦੇਣ ਵਿਚ ਮੈਨੂੰ ਕੋਈ ਗੁਰੇਜ਼ ਨਹੀਂ ਹੈ।

ਸਰਦਾਰ ਗੁਰਬਚਨ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਇਸ ਕੰਮ ਲਈ 7,000 ਰੁਪਏ ਦਿੰਦੇ ਸੀ। ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਮਹਿੰਗਾਈ ਕਾਫੀ ਵੱਧ ਗਈ ਹੈ, ਕੀ 3,000 ਰੁਪਏ ਹੋਰ ਗਰਾਂਟ ਦੇਣ ਲਈ ਤਿਆਰ ਹੋਣਗੇ ਤਾਕਿ ਧਰਮਸ਼ਾਲਾਂ ਮੁਕੰਮਲ ਹੋ ਸਕਣ ?

ਮੰਤਰੀ: ਸਪੀਕਰ ਸਾਹਿਬ, ਕੁਝ ਐਸੀਆਂ ਧਰਮਸ਼ਾਲਾਂ ਵੀ ਹਨ ਜਿਨ੍ਹਾਂ ਦੀ ਮੁਰੰਮਤ ਲਈ ਅਸੀਂ 3 ਹਜ਼ਾਰ ਰੁਪਿਆ ਕਰ ਦਿੱਤਾ ਹੈ। (ਬੰਪਿੰਗ)

ਸਰਦਾਰ ਪ੍ਰਿਥੀਪਾਲ ਸਿੰਘ : ਅੰਮ੍ਰਿਤਸਰ ਸ਼ਹਿਰ ਦੇ ਲਾਗੇ ਲਾਗੇ ਹਰੀਜਨਾਂ ਦੀ ਬੜੀ ਆਬਾਦੀ ਹੈ। ਕੀ ਉਥੇ ਵੀ ਕੋਈ ਧਰਮਸ਼ਾਲਾਂ ਦੇਣਗੇ ?

ਮੰਤਰੀ : ਬਿਲਕੁਲ ਪੱਕੀ ਗੱਲ ਹੈ ਧਰਮਸ਼ਾਲਾਂ ਹਰੀਜਨਾਂ ਨੂੰ ਹੀ ਦੇਣੀਆਂ ਹਨ (ਵਿਘਨ)

ਸ਼੍ਰੀ ਭਗਵਾਨ ਦਾਸ: ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਫਰੀਦਕੋਟ ਜ਼ਿਲ੍ਹੇ ਵਿਚ ਵੀ ਕੋਈ ਹਰੀਜਨਾਂ ਵਾਸਤੇ ਧਰਮਸ਼ਾਲਾ ਦੇਣਗੇ ?

ਮੰਤਰੀ: ਇਹ ਸਕੀਮ ਹੀ ਹਰੀਜਨਾਂ ਲਈ ਹੈ, ਇਸ ਲਈ ਜ਼ਰੂਰ ਦਿਆਂਗੇ। ਇਹ ਹਰੀਜਨਾਂ ਲਈ ਹੀ ਸਕੀਮ ਹੈ ਅਤੇ ਉਨ੍ਹਾਂ ਨੂੰ ਧਰਮਸ਼ਾਲਾਂ ਜ਼ਰੂਰ ਦਿਆਂਗੇ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਧਰਮਸ਼ਾਲਾਂ ਦੀ ਗਲ ਚੱਲ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਧਰਮਸ਼ਾਲਾ ਲਈ ਪੈਸੇ ਮਨਜ਼ੂਰ ਹੋ ਜਾਂਦੇ ਹਨ, ਪਰ ਕਈ ਵਾਰੀ ਜ਼ਮੀਨ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਝਗੜਾ ਪੈ ਜਾਣ ਕਾਰਨ ਕੰਮ ਨਹੀਂ ਹੁੰਦਾ। ਬਲਾਕ ਬੱਸੀ ਵਿਚ ਇਕ ਪਿੰਡ ਪੀਰ ਜ਼ਾਮ ਹੈ। ਉਥੇ ਪਿੰਡ ਵਾਲਿਆਂ ਨੇ ਸਕੂਲ ਲਈ ਪਲਾਟ ਦਿੱਤਾ ਸੀ, ਪਰ ਸਕੂਲ ਵਾਸਤੇ ਜ਼ਮੀਨ ਕਿਸੇ ਹੋਰ ਆਦਮੀ ਨੇ ਦੇ ਦਿੱਤੀ। ਕੀ ਉਹ ਜਿਹੜੀ ਪਿੰਡ ਵਾਲਿਆਂ ਨੇ ਸਕੂਲ ਲਈ ਜ਼ਮੀਨ ਰੱਖੀ ਸੀ ਉਹ ਹਰੀਜਨਾਂ ਦੀ ਧਰਮਸ਼ਾਲਾ ਲਈ ਦੇ ਦੇਣਗੇ ? ਇਸ ਤੇ ਪਿੰਡ ਵਾਲਿਆਂ ਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਹਰੀਜਨਾਂ ਨੂੰ ਵੀ ਕੋਈ ਇਤਰਾਜ਼ ਨਹੀਂ ਹੈ ਲੇਕਿਨ ਐਜੂਕੇਸ਼ਨ ਮਹਿਕਮੇ ਵਾਲਿਆਂ ਨੂੰ ਇਹ ਗੱਲ ਮਨਜ਼ੂਰ ਨਹੀਂ ਹੈ। ਉਨ੍ਹਾਂ ਨੇ ਇਸ ਦੇ ਖਿਲਾਫ ਇਕ ਦਰਖਾਸਤ ਦੇ ਕੇ ਸਟੇਅ ਲੈ ਲਈ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇ ਕੇ, ਐਜੂਕੇਸ਼ਨ ਮਹਿਕਮੇ ਨਾਲ ਗੱਲ ਬਾਤ ਕਰਕੇ, ਇਸ ਮਾਮਲੇ ਨੂੰ ਸੁਲਝਾਉਣਗੇ ਅਤੇ ਉਥੇ ਧਰਮਸ਼ਾਲਾ ਬਣਾਉਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਇਹ ਮੈਂਬਰ ਸਾਹਿਬ ਬੜੇ ਸਿਆਣੇ ਆਦਮੀ ਹਨ ਇਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਸਲਾਹ ਮਸ਼ਵਰਾ ਕਰਕੇ ਇਸ ਨੂੰ ਸੁਲਝਾ ਲੈਂਦੇ (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੋਸ਼ਿਸ਼ ਕਰਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, 1971 ਤੋਂ 1976 ਤੱਕ ਬਠਿੰਡਾ ਜ਼ਿਲ੍ਹੇ ਵਿੱਚ 69 ਧਰਮਸ਼ਾਲਾਂ ਨੂੰ ਗਰਾਂਟਾਂ ਦਿਤੀਆਂ ਗਈਆਂ ਜਿਨ੍ਹਾਂ ਵਿਚ ਗਬਨ ਹੋਇਆ, ਪੜਤਾਲ ਹੋਈ ਅਤੇ ਮਾਮਲਾ ਗਰੀਵੈਂਸਿਜ਼ ਕਮੇਟੀ ਵਿਚ ਆਇਆ। ਉਨ੍ਹਾਂ 69 ਵਿਚੋਂ 42 ਦੇ ਪਰਚੇ ਦਰਜ ਹੋ ਗਏ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਨ੍ਹਾਂ 42 ਧਰਮਸ਼ਾਲਾ ਤੋਂ ਜਿਨ੍ਹਾਂ ਦੇ ਖਿਲਾਫ ਪਰਚੇ ਦਰਜ ਹੋਏ, ਪੈਸੇ ਵਸੂਲ ਕਰਕੇ ਬਾਕੀ ਧਰਮਸ਼ਾਲਾਂ ਦੇ ਕੰਮ ਨੂੰ ਨੇਪਰੇ ਚਾੜ੍ਹਨਗੇ ?

ਮੰਤਰੀ : ਮੈਂ ਦੱਸਣਾ ਚਾਹੁਦਾ ਹਾਂ ਕਿ ਇਹ ਸਵਾਲ ਸਿਰਫ ਜ਼ਿਲ੍ਹਾ ਫਿਰੋਜ਼ਪੁਰ ਦੇ ਬਾਰੇ ਵਿਚ ਸੀ ਪਰ ਮਾਨਯੋਗ ਮੈਂਬਰ ਤਾਂ ਸਾਰਿਆਂ ਜ਼ਿਲ੍ਹਿਆਂ ਬਾਰੇ ਸਵਾਲ ਪੁੱਛਣ ਲੱਗ ਗਏ ਹਨ। ਇਸ ਸਵਾਲ ਨਾਲ ਇਸ ਸਪਲੀਮੈਂਟਰੀ ਦਾ ਕੋਈ ਤੁਅੱਲਕ ਨਹੀਂ ਹੈ।

ਸ਼੍ਰੀ ਪਿਆਰਾ ਰਾਮ ਧਨੋਵਾਲੀਆ : ਸਪਲੀਮੈਂਟਰੀ, ਸਰ। (ਵਿਘਨ) ਸਪੀਕਰ ਸਾਹਿਬ, ਤੁਸੀਂ ਸਾਨੂੰ ਸਪਲੀਮੈਂਟਰੀ ਸਵਾਲ ਕਰਨ ਲਈ ਟਾਈਮ ਨਹੀਂ ਦਿੰਦੇ। (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਿਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੀ ਸਰਕਾਰ ਨੇ ਜ਼ਿਲ੍ਹਾ ਫਰੀਦਕੋਟ ਵਿਚ ਧਰਮਸ਼ਾਲਾਂ ਦੇ ਪੈਸੇ ਮਨਜ਼ੂਰ ਕਰਕੇ ਭੇਜ ਦਿੱਤੇ ਸਨ ਪਰ ਇਲੈਕਸ਼ਨਾਂ ਹੋਣ ਕਰਕੇ ਰੁਕ ਗਏ ਕੀ ਵਜ਼ੀਰ ਸਾਹਿਬ ਜ਼ਿਲ੍ਹਾ ਭਲਾਈ ਅਫਸਰ ਨੂੰ ਹਦਾਇਤ ਕਰਨਗੇ ਕਿ ਜਿਹੜੇ ਪੈਸੇ ਮਨਜ਼ੂਰ ਹੋਏ ਹਨ ਉਹ ਪੈਸੇ ਉਥੇ ਵੰਡ ਕੇ ਉਨ੍ਹਾਂ ਧਰਮਸ਼ਾਲਾਂ ਦਾ ਕੰਮ ਮੁਕੰਮਲ ਕਰਾਉਣਗੇ ?

ਮੰਤਰੀ : ਤੁਸੀਂ ਦੱਸ ਦਿਓ, ਅਸੀਂ ਦੇਖ ਲਵਾਂਗੇ। (ਵਿਘਨ) ਮੈਂ ਜ਼ਰੂਰ ਜਵਾਬ ਦਿਆਂਗਾ ਜੇ ਹਾਊਸ ਦੇ ਢੰਗ ਨਾਲ ਦੱਸ ਦਿਓ। (ਵਿਘਨ) (ਸ਼ੋਰ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਕਹਿੰਦੇ ਹਨ ਕਿ ਮੈਂ ਜ਼ਰੂਰ ਜਵਾਬ ਦਿਆਂਗਾ ਜੇ ਹਾਊਸ ਦੇ ਢੰਗ ਨਾਲ ਦੱਸੋ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਊਸ ਦਾ ਕਿਹੜਾ ਢੰਗ ਹੈ ?

ਮੰਤਰੀ : ਮੈਂ ਬੇਨਤੀ ਕਰਾਂਗਾ ਕਿ ਇਹ ਨੋਟਿਸ ਦੇ ਦੇਣ, ਮੈਂ ਦੱਸ ਦਿਆਂਗਾ (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਪਿਆਰਾ ਰਾਮ ਧਨੋਵਾਲੀਆ : ਵਜ਼ੀਰ ਸਾਹਿਬ ਨੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਸੀ ਕਿ ਪਹਿਲਾਂ ਧਰਮਸ਼ਾਲਾਂ ਬਣਾਉਣ ਲਈ 5 ਹਜ਼ਾਰ ਅਤੇ ਫਿਰ 7 ਹਜ਼ਾਰ ਰੁਪਏ ਦਿੱਤੇ ਜਾਂਦੇ ਸਨ ਅਤੇ ਹੁਣ 10 ਹਜ਼ਾਰ ਰੁਪਿਆ ਕਰ ਦਿੱਤਾ ਹੈ। 3 ਹਜ਼ਾਰ ਰੁਪਿਆ ਰਿਪੇਅਰ ਵਾਸਤੇ ਦਿੰਦੇ ਹਨ। ਸਪੀਕਰ ਸਾਹਿਬ, ਇਨ੍ਹਾਂ ਕੋਲ ਵੈਲਫੇਅਰ ਦਾ ਮਹਿਕਮਾ ਹੈ, ਇਹ ਸਰਵੇ ਕਰਾ ਲੈਣ ਅਤੇ ਜਿਥੇ ਪਹਿਲਾਂ 5 ਹਜ਼ਾਰ ਅਤੇ ਫਿਰ 7 ਹਜ਼ਾਰ ਰੁਪਿਆ ਦਿੱਤਾ ਗਿਆ ਸੀ ਉਹ ਸਾਰੀਆਂ ਧਰਮਸ਼ਾਲਾਂ ਨਾ ਮੁਕੰਮਲ ਪਈਆਂ ਹਨ ਕੀ ਉਨ੍ਹਾਂ ਨੂੰ 3 ਹਜ਼ਾਰ ਰੁਪਏ ਹੋਰ ਗਰਾਂਟ ਦੇ ਕੇ ਮੁਕੰਮਲ ਕਰਾਉਣਗੇ ?

ਮੰਤਰੀ : ਮੈਂ ਤਾਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਤਿੰਨ ਸਾਲਾਂ ਵਿੱਚ ਜੇ ਕੋਈ ਐਸੀ ਗਲ ਹੋਈ ਹੈ ਅਤੇ ਜੇ ਕਿਸੇ ਨੂੰ ਕੋਈ ਕਿਸੇ ਕਿਸਮ ਦਾ ਡਾਊਟ ਹੈ ਤਾਂ ਇਹ ਦੱਸਣ ਅਸੀਂ ਉਸ ਦੀ ਇਨਕੁਆਇਰੀ ਕਰਵਾ ਲਵਾਂਗੇ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਪਲੀਮੈਂਟਰੀ ਸਵਾਲ ਕਰਨ ਲਈ ਖੜੇ ਸਨ)

ਸ਼੍ਰੀ ਸਪੀਕਰ : ਇਸ ਸਵਾਲ ਤੇ ਬਹੁਤ ਸਾਰੇ ਸਪਲੀਮੈਂਟਰੀਜ਼ ਹੋ ਗਏ ਹਨ।

ਆਵਾਜ਼ਾਂ : ਅਸੀਂ ਹਾਲੇ ਸਵਾਲ ਪੁੱਛਣੇ ਹਨ ਜੀ ।

ਸ਼੍ਰੀ ਸਪੀਕਰ : ਰੂਲਜ਼ ਦੇ ਮੁਤਾਬਿਕ ਇਕ ਸਵਾਲ ਤੇ 5 ਸਪਲੀਮੈਂਟਰੀ ਕੁਐਸਚਨਜ਼ ਅਲਾਊਡ ਹਨ । ਜੇ ਹਰ ਇਕ ਮੈਂਬਰ ਨੇ ਸਪਲੀਮੈਂਟਰੀ ਕਰਨਾ ਹੋਵੇ ਤਾਂ ਫਿਰ ਇਸ ਤਰ੍ਹਾਂ 117 ਸਪਲੀ-ਮੈਂਟਰੀਜ਼ ਹੋਣਗੀਆਂ । (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਸਪਲੀਮੈਂਟਰੀ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਅਸੀਂ ਧਰਮਸ਼ਾਲਾਂ ਦੀ ਰਿਪੇਅਰ ਵਾਸਤੇ ਪੈਸੇ ਦਿਆਂਗੇ ਲੇਕਿਨ ਦੂਜੇ ਪਾਸੇ ਗੱਲ ਇਹ ਹੈ ਕਿ ਬਹੁਤ ਸਾਰੀਆਂ ਧਰਮਸ਼ਾਲਾਂ ਇਨਕੰਪਲੀਟ ਪਈਆਂ ਹਨ। ਉਨ੍ਹਾਂ ਦਾ ਕੰਮ ਕੰਧਾਂ ਤੱਕ ਪਹੁੰਚਿਆ ਹੈ ਅਤੇ ਛੱਤਾਂ ਵੀ ਨਹੀਂ ਪਈਆਂ। ਇਸ ਲਈ ਕੀ ਵਜ਼ੀਰ ਸਾਹਿਬ ਕੋਈ ਐਸਾ ਨਵਾਂ ਪ੍ਰੋਗਰਾਮ ਬਣਾਉਣਗੇ ਜਿਸ ਨਾਲ ਇਨਕੰਪਲੀਟ ਪਈਆਂ ਧਰਮਸ਼ਾਲਾਂ ਕੰਪਲੀਟ ਹੋ ਸਕਣ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਸਵਾਲ ਤਾਂ ਕਰ ਲਿਆ, ਠੀਕ ਹੈ। ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਮੈਨੂੰ ਦਸਿਆ ਸੀ ਕਿ 2,3 ਧਰਮਸ਼ਾਲਾਂ ਦੇ ਪੈਸੇ ਖਾਧੇ ਗਏ ਹਨ । ਉਹ ਆਪਣੇ ਬੰਦੇ ਹਨ, ਜੇ ਖਾ ਗਏ ਤਾਂ ਕੋਈ ਗੱਲ ਨਹੀਂ ਹੈ। (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ ।

ਸ਼੍ਰੀ ਸਪੀਕਰ : ਵਜ਼ੀਰ ਸਾਹਿਬ, ਢੀਂਡਸਾ ਸਾਹਿਬ ਨੇ ਬੜਾ ਸਪੈਸਿਫਕ ਸਵਾਲ ਕੀਤਾ ਸੀ ਕਿ ਜਿਥੇ ਧਰਮਸ਼ਾਲਾਂ ਕੰਪਲੀਟ ਨਹੀਂ ਹੋਈਆਂ ਕੀ ਉਨ੍ਹਾਂ ਨੂੰ ਕੰਪਲੀਟ ਕਰਾਉਣਗੇ ? ਇਸ ਦਾ ਜਵਾਬ ਦਿਓ।

Original with;
Punjab Vidhan Sabha
Digitized by;
Panjab Digital Library

ਮੰਤਰੀ : ਇਸ ਤੇ ਵਿਚਾਰ ਕਰ ਲਵਾਂਗੇ ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜ਼ਮੀਨਾਂ ਬਹੁਤ ਹਨ ਪਰ ਸਰਕਾਰ ਨੇ ਇਕ ਗਲ ਕੀਤੀ ਹੈ ਕਿ ਜੇ 18 ਮਰਲੇ ਤੋਂ ਘੱਟ ਜ਼ਮੀਨ ਹੋਵੇ ਤਾਂ ਉਥੇ ਧਰਮਸ਼ਾਲਾ ਨਹੀਂ ਬਣ ਸਕਦੀ । ਸ਼ਹਿਰਾਂ ਵਿਚ ਬਾਣਮੀਕੀਆਂ ਦੇ ਮਹੱਲਿਆਂ ਵਿਚ 18 ਮਰਲੇ ਜ਼ਮੀਨ ਨਹੀਂ ਹੋ ਸਕਦੀ । ਇਸ ਲਈ ਕੀ ਅਜਿਹੀਆਂ ਥਾਵਾਂ ਤੇ ਜਿਥੇ 18 ਮਰਲੇ ਤੋਂ ਘੱਟ ਜ਼ਮੀਨ ਹੈ ਉਥੇ ਧਰਮਸ਼ਾਲਾ ਬਣਾਉਣਗੇ ?

ਮੰਤਰੀ : ਇਸ ਤੇ ਵਿਚਾਰ ਕਰ ਲਿਆ ਜਾਵੇਗਾ ।

ਸਰਦਾਰ ਅਵਤਾਰ ਸਿੰਘ ਰਾਟਵਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਈ ਪਿੰਡਾਂ ਵਿਚ ਧਰਮਸ਼ਾਲਾ ਨੂੰ ਜਿਹੜੀ ਜਗ੍ਹਾ ਦਿੱਤੀ ਗਈ ਹੈ ਉਹ ਪੰਚਾਇਤ ਦੀ ਸ਼ਾਮਲਾਤ ਜ਼ਮੀਨ ਸੀ ਅਤੇ ਉਸ ਜ਼ਮੀਨ ਦਾ ਇੰਤਕਾਲ ਪੰਚਾਇਤ ਦੇ ਨਾਮ ਨਹੀਂ ਹੋ ਸਕਦਾ। ਇਸ ਲਈ ਕੀ ਵਜ਼ੀਰ ਸਾਹਿਬ ਉਨ੍ਹਾਂ ਵਾਸਤੇ ਕੋਈ ਗਰਾਂਟ ਦਿਵਾਉਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਡੀ ਸਰਕਾਰ ਦਾ ਇਹ ਫੈਸਲਾ ਹੈ ਕਿ ਜਿਹੜੀ ਜਗ੍ਹਾ ਧਰਮਸ਼ਾਲਾ ਦੇ ਨਾਮ ਤੇ ਹੈ ਉਹ ਹਰੀਜਨਾਂ ਕੋਲ ਆ ਜਾਵੇ ਅਤੇ ਉਥੇ ਹੀ ਖਰਚ ਕੀਤਾ ਜਾਵੇ। ਜਿਹੜਾ ਇਨ੍ਹਾਂ ਦਸਿਆ ਹੈ, ਵਿਚਾਰ ਲਿਆ ਜਾਵੇਗਾ ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਉਹ ਜਵਾਬ ਦੇਣ ਵਿਚ ਕਾਫੀ ਤਗੜੇ ਲਗਦੇ ਹਨ, ਪਹਿਲਾਂ 5 ਹਜ਼ਾਰ ਰੁਪਿਆ ਸੀ ਫਿਰ 7 ਹਜ਼ਾਰ ਰੁਪਿਆ ਇਸ ਕਰਕੇ ਹੋਇਆ ਕਿ ਮੈਟੀਰੀਅਲ ਦੀ ਕੀਮਤ ਵੱਧ ਗਈ ਸੀ, ਫਿਰ 7 ਹਜ਼ਾਰ ਤੋਂ 10 ਹਜ਼ਾਰ ਰੁਪਿਆ ਵੀ ਇਸ ਕਰਕੇ ਹੋਇਆ ਕਿ ਮੈਟੀਰੀਅਲ ਦੀ ਕੀਮਤ ਵੱਧ ਗਈ ਹੈ ਲੇਕਿਨ 10 ਹਜ਼ਾਰ ਰੁਪਿਆ ਕਰਨ ਦੇ ਬਾਅਦ ਇੱਟਾਂ ਦਾ ਭਾਅ ਜਿਹੜਾ ਹੈ ਉਹ ਦੁੱਗਣਾ ਹੋ ਗਿਆ ਹੈ ਅਤੇ ਇਸੇ ਤਰ੍ਹਾਂ ਲੋਹੇ ਆਦਿ ਦਾ ਭਾਅ ਵੀ ਦੁੱਗਣਾ ਤੇ ਢਾਈ ਗੁਣਾਂ ਹੋ ਗਿਆ ਹੈ । ਕੀ ਮਨਿਸਟਰ ਸਾਹਿਬ ਇਸ ਗਲ ਨੂੰ ਮੁੱਖ ਰਖਦੇ ਹੋਏ ਕਿ 10 ਹਜ਼ਾਰ ਰੁਪਿਆ ਕਰਨ ਦੇ ਬਾਅਦ ਕੀਮਤਾਂ ਦੁੱਗਣੀਆਂ ਤਿੱਗਣੀਆਂ ਹੋ ਗਈਆਂ ਹਨ ਕੀ ਹੁਣ ਇਹ 10 ਹਜ਼ਾਰ ਰੁਪਏ ਦੀ ਥਾਂ ਵੱਧਾ ਕੇ 15 ਹਜ਼ਾਰ ਰੁਪਿਆ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਇਹ ਗਲ ਕਹਾਂਗਾ ਕਿ ਸਰਕਾਰ ਦੀ ਹਮਦਰਦੀ ਹਰੀਜਨਾਂ ਨਾਲ ਹੈ। ਇਸ ਤੇ ਵਿਚਾਰ ਕੀਤਾ ਜਾਵੇਗਾ।

Mr. Speaker : Questions are over.

POINTS OF ORDER *Re.* THEIN DAM AND DAMAGE CAUSED BY FLOODS ETC.

ਸ਼੍ਰੀ ਬਾਲ ਮੁਕੰਦ ਸਰਮਾ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਕਾਫੀ ਕੋਸ਼ਿਸ਼ ਕੀਤੀ ਹੈ ਕਿ ਮੈਂ ਸਵਾਲ ਤੇ ਆਪਣੀ ਦੂਸਰੀ ਸਪਲੀਮੈਂਟਰੀ ਕਰ ਸਕਾਂ ਕਿਉਂਕਿ ਕੁਐਸਚਨ ਮੇਰਾ ਸੀ ਅੋਰ ਮੇਰਾ ਰਾਈਟ ਵੀ ਬਣਦਾ ਸੀ ਕਿ ਮੈਂ ਦੂਸਰੀ ਸਪਲੀਮੈਂਟਰੀ ਪੁੱਟ ਕਰ ਸਕਾਂ ਪਰ ਤੁਸੀਂ ਮੈਨੂੰ ਮੌਕਾ ਨਹੀਂ ਦਿੱਤਾ। ਮੈਂ ਹੁਣ ਇਸ ਤੇ ਕੋਈ ਚੈਲਾ ਨਹੀਂ ਪਾਉਣਾ, ਕੋਈ ਗਲ ਨਹੀਂ ਕਹਿੰਦਾ ਪਰ ਆਇੰਦਾ ਵਾਸਤੇ ਮੇਰਾ ਖਿਆਲ ਜ਼ਰੂਰ ਰਖਿਆ ਜਾਵੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਠੀਕ ਹੈ ਜੀ।

ਕਾਮਰੇਡ ਰਾਜ ਕੁਮਾਰ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਸਵੇਰ ਇਕ ਪੁਆਇੰਟ ਆਫ਼ ਆਰਡਰ ਦੇ ਉਤੇ ਤੁਸੀਂ ਇਹ ਸੁਝਾ ਦਿੱਤੀਓ ਸੀ ਕਿ ਥੀਨ ਡੈਮ ਦੇ ਬਾਰੇ ਮੇਰੇ ਨਾਲ ਚੈਂਬਰ ਵਿਚ ਗਲ ਕਰ ਲੈਣਾ। ਮੈਂ ਉਸ ਅਨੁਸਾਰ ਤੁਹਾਡੇ ਕੋਲ ਗਿਆ ਸੀ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੋ ਪ੍ਰੋਪੋਜ਼ਲ ਅਸੀਂ ਉਥੇ ਦਿੱਤਾ ਸੀ ਕਿ ਇਸ ਈਸ਼ੂ ਨੂੰ ਡਿਸਕਸ ਕੀਤਾ ਜਾਵੇਗਾ ਕੀ ਤੁਸੀਂ ਹੁਣ ਇਸ ਪੋਜ਼ੀਸ਼ਨ ਵਿਚ ਹੋ ਕਿ ਇਥੇ ਹਾਊਸ ਵਿਚ ਅਨਾਊਂਸ ਕਰ ਸਕੋ ?

ਸ਼੍ਰੀ ਸਪੀਕਰ : ਮੈਨੂੰ ਇਸ ਹਾਊਸ ਨੂੰ ਦੱਸ ਕੇ ਬੜੀ ਖੁਸ਼ੀ ਹੈ ਕਿ ਮੈਂ ਥੀਨ ਡੈਮ ਦੇ ਮਾਮਲੇ ਬਾਰੇ ਚੀਫ਼ ਮਨਿਸਟਰ ਸਾਹਿਬ ਨਾਲ ਗਲ ਬਾਤ ਕੀਤੀ ਸੀ ਤੇ ਉਨ੍ਹਾਂ ਨੇ ਕਿਹਾ ਕਿ ਇਹ ਵਾਕਿਆਈ ਬੜਾ ਇਮਪਾਰਟੈਂਟ ਮਸਲਾ ਹੈ ਔਰ ਮੈਂ ਆਪੋਜ਼ੀਸ਼ਨ ਦੇ ਲੀਡਰਾਂ ਨਾਲ ਬੈਠ ਕੇ ਜ਼ਰੂਰ ਗਲ ਬਾਤ ਕਰਾਂਗਾ ਕਿਉਂਕਿ ਇਹ ਸਾਰੇ ਪੰਜਾਬ ਦਾ ਮਸਲਾ ਹੈ। 23 ਤਾਰੀਖ ਨੂੰ ਚੀਫ ਮਨਿਸਟਰ ਸਾਹਿਬ ਅਤੇ ਲੀਡਰਜ਼ ਆਫ ਦੀ ਆਪੋਜ਼ੀਸ਼ਨ ਪਾਰਟੀਜ਼ ਦੀ ਡਿਸਕਸ਼ਨ ਹੋਵੇਗੀ । ਜਿੰਨੇ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਸਕੇ ਉਹ ਕਰਨ ਦੀ ਕੋਸ਼ਿਸ਼ ਕਰਨਗੇ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਜੇ ਕੋਈ ਗਲ ਕਰਨਾ ਚਾਹੋ ਤਾਂ ਮੇਰੇ ਚੈਂਬਰ ਵਿਚ ਆ ਕੇ ਕਰ ਲੈਣਾ।

ਮਾਸਟਰ ਬਾਬੂ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਬੜਾ [illegible] ਹੈ ਅਤੇ ਇਸ ਟੈਲੀਗ੍ਰਾਮ ਵੀ ਇਸ ਸਬੰਧ ਵਿੱਚ ਮੈਨੂੰ ਮਿਲੀ ਹੈ। ਸਰਦਾਰ ਹਰਚੰਦ ਸਿੰਘ ਨੇ ਵੀ ਪਹਿਲਾਂ ਇਹ ਮਸਲਾ ਰੇਜ਼ ਕੀਤਾ ਸੀ। ਮੁਕਤਸਰ ਵਿਚ ਇਕ ਭੁਲਰ, ਪਿੰਡ ਹੈ ਜਿਥੇ ਨਹਿਰ ਵੀ ਟੁੱਟੀ ਪਈ ਹੈ ਅਤੇ ਡਰੇਨ ਵੀ ਟੁੱਟੀ ਪਈ ਹੈ। ਪਿੰਡ ਵਾਲੇ ਐਸ. ਡੀ. ਓ. ਕੋਲ ਵੀ ਗਏ ਸੀ। ਪਿੰਡ ਦੀ ਸਾਰੀ ਫਸਲ ਤਬਾਹ ਹੋ ਗਈ ਹੈ, ਫਸਲ ਤਾਂ ਕੀ ਸਾਰਾ ਪਿੰਡ ਹੀ ਡੁੱਬਣ ਵਾਲਾ ਹੈ। ਉਸ ਦੇ ਬਾਰੇ ਕੋਈ ਕਦਮ ਨਹੀਂ ਚੁੱਕਿਆ ਗਿਆ। ਦੋ ਦਿਨ ਹੋ ਗਏ ਸਾਡੇ ਆਨਰੇਬਲ ਮੈਂਬਰ ਨੇ ਪੁਆਇੰਟ ਰੇਜ਼ ਕਰਕੇ ਤੁਹਾਡੀ ਇਸ ਪਾਸੇ ਵਲ ਅਟੈਨਸ਼ਨ ਦੁਆਈ ਸੀ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਜ਼ਰੂਰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਠੀਕ ਹੈ ਰੈਵਨਿਯੂ ਮਨਿਸਟਰ ਸਾਹਿਬ ਨੇ ਐਸ਼ੋਅਰ ਕਰਵਾ ਦਿੱਤਾ ਸੀ ਕਿ ਜਿਥੇ ਕਿਤੇ ਕੋਈ ਨੁਕਸਾਨ ਹੁੰਦਾ ਹੈ, ਅਸੀਂ ਕੁਝ ਕਰਾਂਗੇ। ਇਸੇ ਤਰ੍ਹਾਂ ਦਾਵੀ ਜਾਂ ਖਿਮਾਸ ਦਾ ਪਾਣੀ ਜੋ ਹੈ, ਜਲੰਧਰ ਅਤੇ ਗੁਰਦਾਸਪੁਰ ਚੋਆਂ ਨਾਲ ਭਰਿਆ ਪਿਆ ਹੈ। ਇਸ ਦੇ ਲਈ ਸਪੈਸ਼ਲੀਕਰਨ ਜ਼ਰੂਰੀ ਹੈ ।

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਗਲਾਂ ਇਥੇ ਹੁੰਦੀਆਂ ਹਨ ਉਨ੍ਹਾਂ ਨਾਲ ਇਕ ਗਲਤ ਪ੍ਰੰਪਰਾ ਪੈ ਜਾਵੇਗੀ। ਕਾਲ ਅਟੈਨਸ਼ਨ ਮੋਸ਼ਨ ਜਾਂ ਐਡਜਰਨਮੈਂਟ ਮੋਸ਼ਨ ਦੀ ਗਲ ਹੈ। ਮੈਂ ਮੈਂਬਰ ਸਾਹਿਬਾਨ ਨੂੰ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਜਿਥੋਂ ਤਕ ਕਾਲ ਅਟੈਨਸ਼ਨ ਮੋਸ਼ਨ ਦਾ ਤਲੱਕ ਹੈ ਉਸ ਤੇ ਸਿਰਫ ਇਕ ਹੀ ਸਵਾਲ ਹੋ ਸਕਦਾ ਹੈ ਜਿਸ ਮੈਂਬਰ ਸਾਹਿਬ ਵਲੋਂ ਇਹ ਦਿੱਤੀ ਗਈ ਹੋਵੇ । ਸਾਡੇ ਆਨਰੇਬਲ ਮੈਂਬਰਜ਼, ਕਈ ਤਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

ਬਹੁਤ ਪੁਰਾਣੇ ਮੈਂਬਰਜ਼ ਹਨ, ਉਹ ਕਈ ਕਈ ਸਵਾਲ ਕਰ ਦਿੰਦੇ ਹਨ। ਮੈਂ ਸਪੈਸਿਫਿਕ ਗਲ ਕਰਨਾ ਚਾਹੁੰਦਾ ਹਾਂ ਕਿ ਕਾਮਰੇਡ ਰਾਜ ਕੁਮਾਰ ਦੀ ਕੋਈ ਕਾਲ ਅਟੈਨਸ਼ਨ ਮੋਸ਼ਨ ਸੀ ਉਨ੍ਹਾਂ ਨੇ ਸਵਾਲ ਕੀਤਾ ਅਤੇ ਉਨ੍ਹਾਂ ਤੋਂ ਮਗਰੋਂ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਸਵਾਲ ਕੀਤਾ।

ਸ਼੍ਰੀ ਸਪੀਕਰ : ਹੁਣ ਕੋਈ ਕਾਲ ਅਟੈਨਸ਼ਨ ਮੋਸ਼ਨ ਹਾਊਸ ਦੇ ਸਾਹਮਣੇ ਨਹੀਂ ਹੈ। (ਵਿਘਨ)

ਮਾਲ ਮੰਤਰੀ: ਹੁਣ ਵੀ ਐਡਜਰਨਮੈਂਟ ਮੋਸ਼ਨ ਤੇ ਤੁਹਾਡੀ ਰੂਲਿੰਗ ਆ ਗਈ ਹੈ ਅਤੇ ਤੁਹਾਡੀ ਰੂਲਿੰਗ ਤੋਂ ਬਾਅਦ ਕੋਈ ਮੈਂਬਰ ਇਸ ਤਰ੍ਹਾਂ ਇਥੇ ਕਹਿ ਦੇਵੇ ਤਾਂ ਇਹ ਪ੍ਰੰਪਰਾ ਠੀਕ ਨਹੀਂ ਹੈ। ਤੁਸੀਂ ਆਪਣੀ ਰੂਲਿੰਗ ਦੇ ਦਿੱਤੀ ਅਤੇ ਕਾਲ ਅਟੈਨਸ਼ਨ ਮੋਸ਼ਨ ਜਾਂ ਐਡਜਰਨਮੈਂਟ ਮੋਸ਼ਨ ਰਿਜੈਕਟ ਕਰ ਦਿੱਤੀ ਔਰ ਉਸ ਤੋਂ ਬਾਅਦ ਪਾਂਧੀ ਸਾਹਿਬ ਨੇ ਸਾਰੀ ਗਲ ਤਾਂ ਇਥੇ ਕਹਿ ਲਈ। ਜੇ ਤੁਸੀਂ ਰੂਲਿੰਗ ਪਹਿਲਾਂ ਆਪਣੀ ਦੇ ਦਿੱਤੀ ਤਾਂ ਇਥੇ ਫਿਰ ਗਲ ਕਰਨ ਦੀ ਕੋਈ ਸੈਨਸ ਨਹੀਂ ਰਹਿ ਜਾਂਦੀ। (ਵਿਘਨ) ਰੂਲਜ਼ ਦੇ ਮੁਤਾਬਕ ਇਹ ਹਾਊਸ ਚਲਣਾ ਚਾਹੀਦਾ ਹੈ। ਬੜੇ ਅਫਸੋਸ ਦੀ ਗਲ ਹੈ ਕਿ ਆਨਰੇਬਲ ਮੈਂਬਰਜ਼ ਇਸ ਤਰ੍ਹਾਂ ਬੋਲਣ ਲਈ ਖੜੇ ਹੋ ਜਾਂਦੇ ਹਨ। ਮੈਂ ਲੀਡਰ ਆਫ਼ ਦੀ ਅਪੋਜ਼ੀਸ਼ਨ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਹਾਊਸ ਵਿਚ ਅੱਜ ਸਵੇਰੇ ਹੋਇਆ ਹੈ ਉਹ ਨਹੀਂ ਸੀ ਹੋਣਾ ਚਾਹੀਦਾ। ਜਦੋਂ ਸਵੇਰੇ ਵਿੱਤ ਮੰਤਰੀ ਸਾਹਿਬ ਬੋਲ ਰਹੇ ਸਨ ਤਾਂ ਉਧਰੋਂ ਮੈਂਬਰ ਬੈਠੇ ਬੈਠੇ ਉਨ੍ਹਾਂ ਨੂੰ ਇਨਟ੍ਰੱਪਟ ਕਰ ਰਹੇ ਸਨ। ਮੈਂ ਲੀਡਰ ਆਫ਼ ਦੀ ਅਪੋਜ਼ੀਸ਼ਨ ਨੂੰ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਇਹ ਪ੍ਰੰਪਰਾ ਸਾਨੂੰ ਇਥੇ ਨਹੀਂ ਕਾਇਮ ਕਰਨੀ ਚਾਹੀਦੀ। ਜਦੋਂ ਸਰਦਾਰ ਬਲਵੰਤ ਸਿੰਘ ਬੋਲੇ ਸਨ ਜਾਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਬੋਲੇ ਸਨ ਤਾਂ ਸਾਡੇ ਮੈਂਬਰਾਂ ਨੇ ਉਸ ਵੇਲੇ ਕੋਈ ਨੁਕਤਾਚੀਨੀ ਜਾਂ ਇੰਟਰਪੱਸ਼ਨ ਨਹੀਂ ਸੀ ਕੀਤੀ। ਇਸ ਲਈ ਮੈਂ ਹੱਥ ਬੰਨ੍ਹ ਕੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਪ੍ਰੰਪਰਾਵਾਂ ਕਾਇਮ ਨਾ ਕਰੋ ਅਤੇ ਹਾਊਸ ਨੂੰ ਠੀਕ ਤਰੀਕੇ ਨਾਲ ਚਲਣ ਦੇਣਾ ਚਾਹੀਦਾ ਹੈ। ਇਧਰ ਵੀ ਖੱਪ ਪੈਂਦੀ ਹੈ, ਉਧਰ ਵੀ ਖੱਪ ਪੈਂਦੀ ਹੈ। ਸੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਪ੍ਰੰਪਰਾ ਨੂੰ ਬੰਦ ਕਰੋ।

ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਰਦਾਰ ਹਰਚੰਦ ਸਿੰਘ ਨੇ ਮੇਰੇ ਨੋਟਿਸ ਵਿਚ ਕੱਲ ਲਿਆਂਦਾ ਸੀ। ਮੈਂ ਫ਼ਰੀਦਕੋਟ ਦੇ ਡੀ. ਸੀ. ਨੂੰ ਗਲ ਕੀਤੀ ਅਤੇ ਭੁਲਰਾਂ ਪਿੰਡ ਦੇ ਕੋਲ ਜਿਹੜਾ ਬੰਨ੍ਹ ਲਗਾਇਆ ਹੋਇਆ ਸੀ ਉਹ ਮੈਂ ਕਹਿ ਕੇ ਖੁਲ੍ਹਵਾ ਦਿੱਤਾ ਹੈ ਔਰ ਉਨ੍ਹਾਂ ਦਾ ਬੰਦੋਬਸਤ ਕਰ ਦਿੱਤਾ ਹੈ। ਅਸੀਂ ਉਸ ਦੇ ਬਾਰੇ ਪੂਰੇ ਅੱਲਰਟ ਹਾਂ। ਸਾਡੇ ਐਫ. ਸੀ. ਆਰ. ਸਵੇਰੇ ਹੀ ਆ ਕੇ ਦਫ਼ਤਰ ਵਿਚ ਬੈਠ ਜਾਂਦੇ ਹਨ ਅਤੇ ਡੀ. ਸੀਜ਼. ਨਾਲ ਆਪਣਾ ਸਬੰਧ ਕਾਇਮ ਰਖਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਕੋਲ ਟੈਲੀਗ੍ਰਾਮ ਲੇਟ ਆਈ ਹੋਵੇ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਆ ਕੇ ਮੇਰੇ ਨਾਲ ਡਿਸਕਸ ਕਰ ਲੈਣ, ਅਗਰ ਕੋਈ ਐਸੀ ਗਲ ਹੋਵੇਗੀ ਚਾਹੇ ਮੈਨੂੰ ਆਪ ਕਿਉਂ ਨਾ ਜਾਣਾ ਪਵੇ ਮੈਂ ਜਾਵਾਂਗਾ ਅਤੇ ਉਸ ਦਾ ਪ੍ਰਬੰਧ ਜ਼ਰੂਰ ਕਰਾਂਗਾ।

ਸ਼੍ਰੀ ਸਪੀਕਰ : ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਸਟਰ ਬਾਬੂ ਸਿੰਘ ਹੋਰੀ ਪੁਆਇੰਟ ਆਫ ਆਰਡਰ ਤੇ ਉਠੇ ਸਨ। ਨਾ ਕੋਈ ਕਾਲ ਅਟੈਨਸ਼ਨ ਮੋਸ਼ਨ ਸੀ ਅਤੇ ਨਾ ਹੀ ਕੋਈ ਐਡਜਰਨਮੈਂਟ ਮੋਸ਼ਨ ਸੀ ਲੇਕਿਨ ਉਸ ਦਾ ਰੈਵੇਨਿਊ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ, ਬੜਾ ਚੰਗਾ ਕੰਮ ਕੀਤਾ ਹੈ। ਮੈਂ ਹੁਣ ਮਾਸਟਰ ਜੀ ਨੂੰ ਕਹਿਣ ਲਗਾ ਹਾਂ ਕਿ ਸਵੇਰੇ ਮਨਿਸਟਰ ਮੁਤੱਲਕਾ ਨੇ ਇਸ ਬਾਰੇ ਜਵਾਬ ਦੇ ਦਿੱਤਾ ਸੀ ਲੇਕਿਨ ਹੁਣ ਫਿਰ ਉਨ੍ਹਾਂ ਨੇ ਉਠ ਕੇ ਕਲੈਰੀਫਿਕੇਸ਼ਨ ਦੇ ਦਿੱਤੀ ਹੈ, ਬੜਾ ਚੰਗਾ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਜਿੰਦਰ ਸਿੰਘ ਖੇੜਾ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਇਸ ਮੱਸਲੇ ਬਾਰੇ ਐਡਜਰਨਮੈਂਟ ਮੋਸ਼ਨ ਅਤੇ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਕਰ ਦਿੱਤੀ ਹੈ। ਹੁਣ ਸਰਦਾਰ ਬੇਅੰਤ ਸਿੰਘ ਹੋਰੀਂ ਕਿਸ ਗਲ ਦਾ ਜਵਾਬ ਦੇ ਰਹੇ ਸੀ ? ਤੁਸੀਂ ਸਰਦਾਰ ਬੇਅੰਤ ਸਿੰਘ ਜੀ ਦਾ ਜਵਾਬ ਤਾਂ ਸੁਣਨਾ ਚਾਹੁੰਦੇ ਹੋ ਪਰ ਕੋਈ ਕਾਲ ਅਟੈਨਸ਼ਨ ਮੋਸ਼ਨ ਬਰਦਾਸ਼ਤ ਨਹੀਂ ਕਰ ਸਕਦੇ। ਸਰਦਾਰ ਬੇਅੰਤ ਸਿੰਘ ਦਾ ਸਟੇਟਮੈਂਟ ਐਕਸੈਪਟ ਕਰ ਲੈਣਾ ਅਤੇ ਕਾਲ ਅਟੈਨਸ਼ਨ ਨੋਟਿਸ ਨੂੰ ਰਿਜੈਕਟ ਕਰ ਦੇਣਾ ਕੰਟਰਾਡਿਕਸ਼ਨ ਹੈ। ਉਹ ਸਾਨੂੰ ਪ੍ਰੰਪਰਾ ਦੱਸਣ ਲੱਗੇ ਹੋਏ ਹਨ ਅਤੇ ਆਪ ਗਲਤ ਪ੍ਰੰਪਰਾ ਕਾਇਮ ਕਰ ਰਹੇ ਹਨ। ਚੰਗਾ ਹੁੰਦਾ ਅਗਰ ਇਹ ਉਨ੍ਹਾਂ ਦਾ ਜਵਾਬ ਕਾਲ ਅਟੈਨਸ਼ਨ ਨੋਟਿਸ ਤੇ ਆ ਜਾਂਦਾ।

ਸ਼੍ਰੀ ਸਪੀਕਰ: ਸਰਦਾਰ ਸੁਖਜਿੰਦਰ ਸਿੰਘ ਜੀ, ਮੈਂ ਦੱਸਿਆ ਹੈ ਕਿ ਨਾ ਕਾਲ ਅਟੈਨਸ਼ਨ ਨੋਟਿਸ ਸੀ ਅਤੇ ਨਾ ਹੀ ਐਡਜਰਨਮੈਂਟ ਮੋਸ਼ਨ ਸੀ। ਮਾਸਟਰ ਬਾਬੂ ਸਿੰਘ ਨੇ ਪੁਆਇੰਟ ਆਫ਼ ਆਰਡਰ ਕੀਤਾ ਸੀ, ਜਿਸ ਨੂੰ ਮੈਂ ਓਵਰ ਰੂਲ ਕਰਨਾ ਸੀ .. (ਵਿਘਨ)

ਮਾਲ ਮੰਤਰੀ : ਸਪੀਕਰ ਸਾਹਿਬ, ਜਿਹੜੀ ਗਲ ਸਰਦਾਰ ਸੁਖਜਿੰਦਰ ਸਿੰਘ ਨੇ ਕਹੀ ਹੈ ਉਹੀ ਮੈਂ ਕਹੀ ਸੀ। ਮੈਂ ਜਵਾਬ ਆਊਟ ਆਫ ਸ਼ੀਅਰ ਕਰਟਸੀ ਦਿੱਤਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਡਜਰਨਮੈਂਟ ਮੋਸ਼ਨ ਜਾਂ ਕਾਲ ਅਟੈਨਸ਼ਨ ਮੋਸ਼ਨ ਤੇ ਤੁਹਾਡੀ ਰੂਲਿੰਗ ਅਗਰ ਕੋਈ ਆ ਜਾਵੇ ਤਾਂ ਸਾਨੂੰ ਉਸ ਤੇ ਫਿਰ ਹਾਊਸ ਵਿਚ ਬੋਲਣਾ ਨਹੀਂ ਚਾਹੀਦਾ। ਮੈਂ ਸਰਦਾਰ ਸੁਖਜਿੰਦਰ ਸਿੰਘ ਵਾਲੀ ਹੀ ਗਲ ਕਹੀ ਸੀ ਕਿ ਸਾਨੂੰ ਹਾਊਸ ਦੀ ਪ੍ਰੰਪਰਾ ਨੂੰ ਕਾਇਮ ਰਖਣਾ ਚਾਹੀਦਾ ਹੈ ਅਤੇ ਹਾਊਸ ਦਾ ਸਮਾਂ ਖਰਾਬ ਨਹੀਂ ਕਰਨਾ ਚਾਹੀਦਾ।

DISCUSSION AND VOTING OF DEMANDS FOR GRANTS FOR THE YEAR 1980-81

Mr. Speaker : There are two demands for grants, i.e., Demand No. 22 and Demand No. 23 relating to Labour and Employment and Social Security and Welfare respectively for discussion. If the House agrees, these may be deemed to have been read and moved.

Voices : Yes, Yes.

Mr. Speaker : Some cut motions to these Demands have also been received, If the House agrees these may also be deemed to have been read and moved.

Voices : Yes, Yes.

DEMAND No. 22

A Minister to move that a sum not exceeding Rs. 3,8[illegible],21,[illegible]00 on Revenue Account and Rs. 10,00,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Labour, Employment and Industrial Training.

DEMAND No. 23

A Minister to move that a sum not exceeding Rs. 11,86,71,[illegible]00 on Revenue Account and Rs. 96,67,000 on Capital Account be granted to the Governor to defray the charges that will come in course of payment for the year 1980.81 (excluding the amount already voted on Account) in respect of Social Security and Welfare.

DEMAND No. 22

(Labour, Employment and Industrial Training)

1. Sardar Dalip Singh Pandhi (Amloh S. C.): That the demand be reduced by *Re*, 1.

Original with;
Punjab Vidhan Sabha
Digitized by;
Panjab Digital Library

DEMAND No. 23
(Social Security and Welfare)

1. Sardar Dalip Singh Pandhi : That the demand be reduced Rs. 1.

ਸਰ, ਮੈਂ ਤੁਹਾਡੀ ਇਜਾਜ਼ਤ ਨਾਲ ਡਿਮਾਂਡ ਨੰ: 22 ਅੌਰ ਡਿਮਾਂਡ ਨੰ: 23 ਤੇ, ਜਿਹੜੀ ਹਾਊਸ ਦੇ ਵਿਚਾਰ ਅਧੀਨ ਹੈ, ਬੋਲਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਪਿਛੇ ਬਜਟ ਤੇ ਸਾਰਾ ਵਿਚਾਰ ਵਟਾਂਦਰਾ ਹੋਇਆ ਹੈ । ਸ਼ਡਿਊਲਡ ਕਾਸਟਸ ਦੀ ਸੰਖਿਆ 1971 ਦੀ ਸੈਨਸਿਜ਼ ਦੇ ਮੁਤਾਬਿਕ 24.7% ਹੈ ਅੌਰ ਇਹ ਸੰਖਿਆ 38,48,217 ਹੈ। ਉਸ ਦੇ ਮੁਤਾਬਿਕ ਕੰਸਟੀਚਿਊਸ਼ਨ ਵਿਚ ਪ੍ਰੋਵੀਜ਼ਨ ਹੈ ਕਿ ਸਰਕਾਰ ਉਨ੍ਹਾਂ ਦੀ ਬੇਹਤਰੀ ਲਈ ਕਾਨੂੰਨ ਬਣਾ ਸਕਦੀ ਹੈ, ਵੱਧ ਰਿਆਇਤਾਂ ਦੇ ਸਕਦੀ ਹੈ। ਆਰਟੀਕਲ 15 (4) ਆਫ ਦੀ ਕੰਸਟੀਚਿਊਸ਼ਨ ਪ੍ਰੋਵਾਈਡ ਕਰਦਾ ਹੈ ਕਿ ਸਰਕਾਰ ਨੂੰ ਕੋਈ ਰੁਕਾਵਟ ਨਹੀਂ ਹੈ ਅਗਰ ਇਹ ਵੀਕਰ ਸੈਕਸ਼ਨ ਲਈ ਕੋਈ ਕਾਨੂੰਨ ਬਣਾਵੇ ਤਾਂ ਬਣਾ ਸਕਦੀ ਹੈ, ਸ਼ਪੈਸ਼ਲ ਰਿਆਇਤਾਂ ਦੇ ਸਕਦੀ ਹੈ ਅੌਰ ਉਸ ਦੇ ਲਈ ਖਾਸ ਪੈਸੇ ਦਾ ਪ੍ਰਬੰਧ ਕਰ ਸਕਦੀ ਹੈ। ਇਸੇ ਤਰ੍ਹਾਂ ਹੀ ਆਰਟੀਕਲ 335 ਹੈ । ਵੀਕਰ ਸੈਕਸ਼ਨ ਦੀ ਪੁਲੀਟੀਕਲ ਜਾਂ ਇਕਨਾਮਿਕ ਐਕਸਪਲਾਇਟੇਸ਼ਨ ਨਾ ਹੋਵੇ ਉਸ ਲਈ ਵੀ 16 (3) ਪ੍ਰੋਵਾਈਡ ਕਰਦਾ ਹੈ ਕਿ ਅਗਰ ਉਨ੍ਹਾਂ ਨੂੰ ਨੌਕਰੀਆਂ ਵਿਚ ਪੂਰੀ ਰਿਪ੍ਰੈਜੈਂਟੇਸ਼ਨ ਨਾ ਮਿਲਦੀ ਹੋਵੇ ਤਾਂ ਸਰਕਾਰ ਕਾਨੂੰਨ ਬਣਾ ਕੇ ਉਨ੍ਹਾਂ ਲਈ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰ ਸਕਦੀ ਹੈ। ਮੈਂ ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਸ ਪਾਸੇ ਕੋਈ ਤਵੱਜੋ ਨਹੀਂ ਦਿੱਤੀ। ਵਜ਼ੀਰ ਸਾਹਿਬ ਦੀ ਗਲ ਸੁਣ ਲਈ ਧਰਮਸ਼ਾਲਾਵਾਂ ਦਾ ਮਾਮਲਾ ਅਕਾਲੀ ਜਨਤਾ ਸਰਕਾਰ ਨੇ ਸ਼ੁਰੂ ਕੀਤਾ ਸੀ (ਵਿਘਨ) ਪਰ ਹੁਣ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੋਈ ਫ਼ਸਟ ਕਲਾਸ ਇੱਟ ਨਹੀਂ ਮਿਲਦੀ, ਸੀਮਿੰਟ ਦਾ ਕੋਈ ਰੇਟ ਨਹੀਂ ਕਿਉਂਕਿ ਅਵੇਲੇਬਲ ਨਹੀਂ ਹੈ, ਲੇਬਰ ਦੇ ਰੇਟ ਬਹੁਤ ਜ਼ਿਆਦਾ ਚੜ੍ਹ ਗਏ ਹਨ। ਇਨ੍ਹਾਂ ਲਈ ਪੈਸੇ ਥੋੜੇ ਹਨ। ਕੀ ਸਰਕਾਰ ਉਨ੍ਹਾਂ ਲਈ 20 ਜਾਂ 15 ਹਜ਼ਾਰ ਰੁਪਏ ਦਾ ਪ੍ਰਬੰਧ ਕਰੇਗੀ ਤਾਂ ਕਿ ਉਹ ਕੰਪਲੀਟ ਹੋ ਸਕਣ ? ਉਨ੍ਹਾਂ ਧਰਮਸ਼ਾਲਾਵਾਂ ਦੀ ਸੰਭਾਲ ਦਾ ਕੋਈ ਪ੍ਰਬੰਧ ਨਹੀਂ ਹੈ। ਉਹ ਟੁੱਟ ਜਾਂਦੀਆਂ ਹਨ, ਉਨ੍ਹਾਂ ਦੀਆਂ ਤਾਕੀਆਂ ਟੁੱਟੀਆਂ ਹੋਈਆਂ ਹਨ, ਦਰਵਾਜ਼ੇ ਤਾਂ ਬਣੇ ਹੀ ਨਹੀਂ । ।ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦਾ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ ।

ਇਸੇ ਤਰ੍ਹਾਂ ਹੀ ਬਸਤੀ ਸੁਧਾਰ ਦੀ ਸਕੀਮ ਹੈ। ਉਹ ਇਕ ਚੰਗੀ ਸਕੀਮ ਹੈ ਪਰ ਉਸ ਦੇ ਲਈ ਪੈਸੇ ਬੜੇ ਘੱਟ ਰਖੇ ਹਨ । ਸੰਭਾਲ ਦਾ ਪ੍ਰਬੰਧ ਨਹੀਂ ਅੌਰ ਤਰੀਕਾ ਵੀ ਠੀਕ ਨਹੀਂ। ਵੈਲਫੇਅਰ ਡਿਪਾਰਟਮੈਂਟ ਪੈਸੇ ਜਮ੍ਹਾਂ ਕਰਵਾਉਂਦਾ ਹੈ ਅਤੇ ਪਬਲਿਕ ਹੈਲਥ ਵਾਲੇ ਖ਼ਰਚਾ ਦੇ ਦਿੰਦੇ ਹਨ। ਉਨ੍ਹਾਂ ਦੀ ਕੋਈ ਸੁਪਰਵੀਜ਼ਨ ਜਾਂ ਚੈਕਿੰਗ ਨਹੀਂ ਹੈ। ਨੁਕਸਾਨ ਹੁੰਦਾ ਹੈ। ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਵਿਡੋ ਅਤੇ ਓਲਡ ਏਜ ਪੈਨਸ਼ਨ ਹੈ ਉਸ ਦਾ ਕੋਈ ਸੁਚੱਜਾ ਪ੍ਰਬੰਧ ਨਹੀਂ। ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਅਸੀਂ ਡਿਸਟ੍ਰਿਕਟ ਲੈਵਲ ਤੇ ਇਸ ਦਾ ਪ੍ਰਬੰਧ ਕਰਾਂਗੇ, ਉਹ ਨਹੀਂ ਹੋਇਆ। ਅਗਰ ਕੋਈ ਉਥੋਂ ਚਿੱਠੀ ਭੇਜਦਾ ਹੈ ਤਾਂ ਦਫਤਰ ਵਾਲੇ ਇਕ 10 ਪੈਸੇ ਦਾ ਕਾਰਡ ਤਕ ਨਹੀਂ ਭੇਜਦੇ ਕਿ ਤੁਹਾਡੀ ਅਰਜ਼ੀ ਪਹੁੰਚ ਗਈ ਹੈ। ਕਿਥੇ ਚੰਡੀਗੜ੍ਹ, ਕਿਥੇ ਫਰੀਦਕੋਟ। ਇਸ ਦਫ਼ਤਰ ਦੀ ਇਨਐਫੀਸ਼ੈਂਸੀ ਦੀ ਹੱਦ ਕੋਈ ਨਹੀਂ। ਅਫ਼ਸੋਸ ਦੀ ਗਲ ਹੈ ਕਿ ਇਸ ਮਹਿਕਮੇ ਨੂੰ ਵੇਖਣ ਵਾਲਾ ਕੋਈ ਨਹੀਂ । **ਮਹਿਕਮੇ ਦਾ ਕੋਈ ਡਾਇਰੈਕਟਰ ਨਹੀਂ (ਵਿਘਨ)

ਸ਼੍ਰੀ ਸਪੀਕਰ : ਪਾਂਧੀ ਸਾਹਿਬ ਨੇ ਜਿਹੜੇ ਇਹ ਲਫਜ਼ ਕਹੇ ਹਨ, ਇਹ ਐਸਪਰਸ਼ਨ ਹੈ, ਇਹ ਐਕਸਪੰਜ ਕਰ ਦਿੱਤੇ ਜਾਣ ।

**Expunged as ordered by the Chair.

Original with;
Punjab Vidhan Sabha
Digitised by;
Panjab Digital Library

(ਇਸ ਵਕਤ ਸਰਕਾਰੀ ਬੈਂਚਾਂ ਤੇ ਕਈ ਆਨਰੇਬਲ ਮੈਂਬਰਜ਼ ਖੜੇ ਸਨ ਅਤੇ ਸਰਦਾਰ ਦਲੀਪ ਸਿੰਘ ਪਾਂਧੀ ਜੀ ਵੀ ਬੋਲ ਰਹੇ ਸਨ । ਸ੍ਰੀ ਸਪੀਕਰ ਨੇ ਸਰਦਾਰ ਬੀਰਦਵਿੰਦਰ ਸਿੰਘ ਨੂੰ ਪੁਆਇੰਟ ਆਫ਼ ਆਰਡਰ ਤੇ ਬੋਲਣ ਲਈ ਆਗਿਆ ਦਿੱਤੀ ।)

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਾਂਧੀ ਸਾਹਿਬ ਨੇ ਬੋਲਦਿਆਂ ਹੋਇਆਂ ਵਜ਼ੀਰ ਸਾਹਿਬ ਦੇ ਖਿਲਾਫ਼ ਬੜੇ ਸਖ਼ਤ ਤੇ ਤਿਖੇ ਸ਼ਬਦ ਇਸਤੇਮਾਲ ਕੀਤੇ ਹਨ ਅੌਰ ਬੜੇ ਘੱਟੀਆਂ ਅਤੇ ਸ਼ਰਮਨਾਕ ਲਫ਼ਜ਼ ਵਰਤੇ ਹਨ। ਇਹ ਲਫ਼ਜ਼ ਫੌਰੀ ਤੌਰ ਤੇ ਐਕਸਪੰਜ ਕੀਤੇ ਜਾਣ। ਐਸੇ ਲਫ਼ਜ਼ ਸਦਨ ਵਿਚ ਅਗੇ ਨੂੰ ਇਹ ਨਾ ਇਸਤੇਮਾਲ ਕਰਨ ਅੌਰ ਹੁਣ ਮਾਫ਼ੀ ਮੰਗਣ ।

ਸ੍ਰੀ ਸਪੀਕਰ : ਮੈਂ ਤੁਹਾਡੇ ਤੋਂ ਪਹਿਲਾਂ ਪਾਂਧੀ ਸਾਹਿਬ ਨੂੰ ਕਹਿ ਦਿੱਤਾ ਹੈ ਉਨ੍ਹਾਂ ਨੂੰ ਵਜ਼ੀਰ ਸਾਹਿਬ ਤੇ ਐਸਪਰਸ਼ਨ ਨਹੀਂ ਕਥਨੀ ਚਾਹੀਦੀ ਅੌਰ ਉਹ ਲਫ਼ਜ਼ ਐਕਸਪੰਜ ਕਰਾ ਦਿੱਤੇ ਹਨ । ਪਾਂਧੀ ਜੀ, ਤੁਸੀਂ ਕਿਸੇ ਵਜ਼ੀਰ ਤੇ ਇਸ ਤਰ੍ਹਾਂ ਐਸਪਰਸ਼ਨ ਨਹੀਂ ਕਰ ਸਕਦੇ। ਅੱਗੇ ਤੋਂ ਇਸ ਗਲ ਦਾ ਖਿਆਲ ਰਖਣਾ ।

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਕਿਸੇ ਮਨਿਸਟਰ ਤੇ ਐਸਪਰਸ਼ਨ ਨਹੀਂ ਕਾਸਟ ਕਰਨੀ ਚਾਹੀਦੀ । ਮੈਂ ਕਹਿੰਦਾ ਹਾਂ ਕਿ ਇਹ ਚਿਗਰੈਟ ਸ਼ੋਅ ਕਰਨ ।

ਸ੍ਰੀ ਸਪੀਕਰ : ਮੈਂ ਤਾਂ ਉਨ੍ਹਾਂ ਦੇ ਚਿਮਾਰਕਸ ਐਕਸਪੰਜ ਕਥ ਸਕਦਾ ਹਾਂ। ਉਹ ਮੈਂ ਕਰ ਦਿੱਤੇ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਸਥਕਾਰ ਨੂੰ ਕਹਿੰਦਾ ਹਾਂ, ਕਿਸੇ ਵਜ਼ੀਰ ਨੂੰ ਕੁਝ ਨਹੀਂ ਕਹਿੰਦਾ। ਭਾਵੇਂ ਇਹ 100 ਸਾਲ ਦੇ ਨੂੰ ਬਣਾਉਣ ਜਾਂ 2 ਸਾਲ ਦੇ ਨੂੰ ਬਣਾਉਣ, ਇਸ ਨਾਲ ਮੇਰਾ ਕੋਈ ਤੁਅਲਕ ਨਹੀਂ ਹੈ ।

ਸਪੀਕਰ ਸਾਹਿਬ, ਕੰਸਟੀਚਿਊਸ਼ਨ ਵਿਚ ਹਰੀਜਨ ਸ਼ਬਦ ਕੋਈ ਨਹੀਂ ਹੈ। ਆਰਟੀਕਲ 343 ਪ੍ਰੋਵਾਈਡ ਕਰਦਾ ਹੈ । ਇਹ 30 ਸਾਲ ਤੋਂ ਸਾਨੂੰ ਹਰੀਜਨ ਕਹਿੰਦੇ ਆ ਰਹੇ ਹਨ। ਡਾਕਟਰ ਅੰਬੇਦਕਰ ਨੇ ਸ਼ਡਿਊਲਡ ਕਾਸਟਸ, ਡਿਪਰੈਸਡ ਕਲਾਸ ਦਾ ਨਾਂ ਕਰਵਾਇਆ ਸੀ। ਇਸ ਲਈ ਹਰੀਜਨ ਸ਼ਬਦ ਦਾ ਇਸਤੇਮਾਲ ਬੰਦ ਕਰਨਾ ਚਾਹੀਦਾ ਹੈ। ਪਤਾ ਨਹੀਂ ਅਫ਼ਸਰ ਕੀ ਕਰਦੇ ਹਨ। ਇਹ ਸਰਕਾਰ ਦੇ ਆਰਡਰਜ਼ ਤੇ ਕਿਉਂ ਨਹੀਂ ਅਮਲ ਕਰਦੇ। ਰਿਜ਼ਰਵੇਸ਼ਨ ਗਲਾਂ ਨਾਲ ਨਹੀਂ ਰਹਿ ਸਕਦੀ। ਸਰਕਾਰ ਦੀਆਂ ਹਦਾਇਤਾਂ ਹਨ। ਮੈਂ ਕਹਿੰਦਾ ਹਾਂ ਕਿ ਚੀਫ਼ ਸੈਕਟਰੀ ਪੰਜਾਬ ਸਰਕਾਰ ਦਾ ਹੁਕਮ ਕਿਉਂ ਨਹੀਂ ਲਾਗੂ ਕਰਾਉਂਦਾ। ਜੇਕਰ ਇਹ ਨਹੀਂ ਕਰਾਉਂਦਾ ਤਾਂ ਫਿਰ ਇਹ ਚੀਫ ਸੈਕਟਰੀ ਕਿਉਂ ਲਗਿਆ ਹੋਇਆ ਹੈ। 31 ਮਾਰਚ, 1978 ਨੂੰ ਪੰਜਾਬ ਸਰਕਾਰ ਨੇ ਆਰਡਰ ਕਰ ਦਿੱਤੇ ਕਿ ਕੋਈ ਹਰੀਜਨ ਲਫ਼ਜ਼ ਨਹੀਂ ਵਰਤਿਆ ਜਾਵੇਗਾ ਪਰ ਇਥੇ ਜੋ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ ਅਤੇ ਜੋ ਬਜਟ ਸਪੀਚ ਆਈ ਹੈ ਉਸ ਦੇ ਵਿਚ ਵੀ ਇਹ ਲਫ਼ਜ਼ ਆਉਂਦਾ ਹੈ। ਇਸ ਦੇ ਵਿਚ ਹਰੀਜਨ ਧਰਮਸ਼ਾਲਾ ਲਿਖਿਆ ਹੈ। ਅਸੀਂ ਰਾਮਦਾਸੀਏ ਹਾਂ, ਮਜ਼ਹਬੀ ਹਾਂ, ਬਾਲਮੀਕੀਏ ਹਾਂ। ਜਦੋਂ ਬ੍ਰਾਹਮਣ ਆਪਣੇ ਆਪ ਨੂੰ ਬ੍ਰਾਹਮਣ ਤੇ ਜੱਟ ਆਪਣੇ ਆਪ ਨੂੰ ਜੱਟ ਕਹਾ ਕੇ ਖੁਸ਼ ਹੁੰਦਾ ਹੈ ਤਾਂ ਅਸੀਂ ਆਪਣੇ ਆਪ ਨੂੰ ਕਿਉਂ ਨਾ ਰਾਮਦਾਸੀਏ ਕਹਾਈਏ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਜਨਾਬ, ਟਿਕ ਰਿਜ਼ਰਵੇਸ਼ਨ ਦੀ ਸਰਕਾਰ ਦੀ ਪਾਲਿਸੀ ਹੈ। ਉਸ ਮੁਤਾਬਿਕ 25% ਸ਼ਡਿਊਲਡ ਕਾਸਟਸ ਲਈ ਅਤੇ 5% ਬੈਕਵਰਡ ਕਲਾਸਿਜ਼ ਲਈ ਰਿਜ਼ਰਵੇਸ਼ਨ ਹੈ ਪਰ ਇਸ ਪਾਲਿਸੀ ਦੇ ਮੁਤਾਬਿਕ ਸਾਰੇ ਮਹਿਕਮਿਆਂ ਵਿਚ ਰਿਜ਼ਰਵੇਸ਼ਨ ਪੂਰੀ ਨਹੀਂ ਹੈ । ਨਾ ਹੀ ਸ਼ਡਿਊਲਡ ਕਾਸਟਸ ਦੀ ਅਤੇ ਨਾ ਹੀ ਬੈਕਵਰਡ ਕਲਾਸਿਜ਼ ਦੀ ਰਿਜ਼ਰਵੇਸ਼ਨ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਪੂਰੀ ਹੈ। ਮੈਂ ਕਹਿੰਦਾ ਹਾਂ ਕਿ ਸਰਕਾਰ ਇਕ ਐਕਟ ਬਣਾ ਦੇਵੇ ਤਾਂ ਕਿ ਕੋਈ ਸੱਜਣ ਉਸ ਨੂੰ ਹਾਈ ਕੋਰਟ ਵਿਚ ਚੈਲੰਜ ਹੀ ਨਾ ਕਰ ਸਕੇ। ਅਸੀਂ ਆਪਣੀ ਸਰਕਾਰ ਵਿਚ ਵੀ ਕੋਸ਼ਿਸ਼ ਕੀਤੀ ਕਿ ਐਕਟ ਬਣਾ ਦੇਈਏ ਅਤੇ ਹੁਣ ਗਵਰਨਰ ਸਾਹਿਬ ਦੀ ਪ੍ਰਵਾਨਗੀ ਲਈ ਵੀ ਮੈਂ ਮੂਵ ਕੀਤਾ ਹੈ ਕਿ ਇਹ ਐਕਟ ਬਣਾ ਦੇਣ। ਉਸ ਦੇ ਨਾਲ ਗਰੀਬ ਲੋਕਾਂ ਦਾ ਭਲਾ ਹੋ ਜਾਵੇਗਾ ਅਤੇ ਉਨ੍ਹਾਂ ਨਾਲ ਜੋ ਬੇਇਨਸਾਫੀਆਂ ਹੁੰਦੀਆਂ ਹਨ ਉਹ ਦੂਰ ਹੋ ਜਾਣਗੀਆਂ। ਜੇ ਕਿਸੇ ਦੀ ਪਰਮੋਸ਼ਨ ਨਾ ਹੋਵੇ ਤਾਂ ਉਹ ਅਦਾਲਤ ਵਿਚ ਜਾਵੇ ਜਾਂ ਨਾ ਜਾਵੇ ਪਰ ਉਸ ਦੀ ਪਰਮੋਸ਼ਨ ਜ਼ਰੂਰ ਹੋਵੇ। ਰੋਜ਼ ਨਵੀਆਂ ਨਵੀਆਂ ਪ੍ਰਾਬਲਮਜ਼ ਆ ਰਹੀਆਂ ਹਨ। ਅੱਗੇ ਜਿਹੜੀਆਂ ਪਿੰਡਾਂ ਦੀਆਂ ਜ਼ਮੀਨਾਂ ਹੁੰਦੀਆਂ ਸਨ, ਲੋਕ ਉਨ੍ਹਾਂ ਤੇ ਖੇਤੀ ਕਰਦੇ ਸਨ ਪਰ ਹੁਣ ਇਥੇ ਬਾਹਰਲੇ ਸੂਬਿਆਂ ਵਿਚੋਂ ਲੇਬਰ ਆ ਗਈ ਹੈ ਅਤੇ ਸਟੇਟ ਵਿਚ ਅਨਇੰਪਲਾਇਮੈਂਟ ਹੋ ਗਈ ਹੈ । ਅਸੀਂ ਪੈਪਸੂ ਰਿਆਸਤ ਦੇ ਰਹਿਣ ਵਾਲੇ ਲੋਕ ਹਾਂ। ਅਸੀਂ ਸਾਰੇ ਐਗਰੀਕਲਚਰ ਤੇ ਹੀ ਮੁਨਹੱਸਰ ਸੀ। ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਇਸ ਤੇ ਮਤਾ ਆਇਆ ਹੈ, ਉਹ ਰਿਜੈਕਟ ਕਰ ਦਿੱਤਾ। ਮੈਂ ਸਕੱਤਰੇਤ ਨੂੰ ਪੁੱਛਾਂਗਾ ਕਿ ਕੀ ਇਸ ਤਰ੍ਹਾਂ ਹੋ ਸਕਦਾ ਹੈ ? ਸਰਕਾਰ ਦੇ ਕਹੇ ਤੇ ਕੀ ਕੋਈ ਮਤਾ ਰੱਦ ਕੀਤਾ ਜਾ ਸਕਦਾ ਹੈ ? ਵੀਕਰ ਸੈਕਸ਼ਨਜ਼ ਦਾ ਕੋਈ ਰੁਜ਼ਗਾਰ ਬਣ ਜਾਵੇ। ਬਾਹਰਲੇ ਸੂਬਿਆਂ ਤੋਂ ਜਿਹੜੇ ਲੋਕ ਇਥੇ ਆਉਂਦੇ ਹਨ ਉਹ ਗੱਡੀਆਂ ਉਤੇ ਬੈਠ ਕੇ ਆਉਂਦੇ ਹਨ, ਰੋਜ਼ ਹਾਦਸੇ ਹੁੰਦੇ ਹਨ। ਪੈਪਸੂ ਅਤੇ ਪੰਜਾਬ ਦੇ ਇਲਾਕੇ ਦੇ ਵੀਕਰ ਸੈਕਸ਼ਨਜ਼ ਦਾ ਗੁਜ਼ਾਰਾ ਐਗਰੀਕਲਚਰ ਤੇ ਮੁਨਹੱਸਰ ਸੀ। ਹੁਣ ਉਹ ਸ਼ਹਿਰਾਂ ਵਿਚ ਜਾ ਰਹੇ ਹਨ, ਕਲਾਸਵਾਰ ਹੋਣ ਦਾ ਡਰ ਹੈ। ਸ਼ਹਿਰਾਂ ਵਿਚ ਜਿਹੜੇ ਗਰੀਬ ਬਾਲਮੀਕੀਏ ਰਹਿੰਦੇ ਹਨ ਉਨ੍ਹਾਂ ਵਾਸਤੇ ਤਾਂ ਲੈਟਰਿਨਜ਼ ਅਤੇ ਯੂਰੀਨਲਜ਼ ਦਾ ਪ੍ਰਬੰਧ ਹੈ, ਇਸੇ ਤਰ੍ਹਾਂ ਪਿੰਡਾਂ ਵਿਚ ਵੀ ਇਨ੍ਹਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਸ਼ਹਿਰਾਂ ਵਿਚ ਮਕਾਨਾਂ ਦੀ ਪ੍ਰਾਬਲਮ ਹੈ। ਵੀਕਰ ਸੈਕਸ਼ਨਜ਼ ਲਈ ਸ਼ਹਿਰਾਂ ਵਿਚ ਇਨ੍ਹਾਂ ਦੀ ਸਹਕਾਰ ਨੇ ਪਲਾਟ ਦਿੱਤੇ ਸਨ। ਉਹ ਇਨਕੰਪਲੀਟ ਰਹਿ ਗਏ। ਸਾਡੀ ਸਰਕਾਰ ਨੇ ਕਮੇਟੀ ਬਣਾਈ ਸੀ । 100, 100 ਗਜ਼ ਦੇ ਪਲਾਟ ਜਿਹੜੇ ਦੇਣੇ ਹਨ ਇਹ ਆਬਾਦੀਆਂ ਦੇ ਨੇੜੇ ਦੇਣ ਭਾਵੇਂ ਇਸ ਨਾਲ ਕਿਤਨਾ ਵੀ ਪੈਸਾ ਸਟੇਟ ਐਕਸਚੈਕਰ ਤੇ ਖਰਚ ਆਵੇ। ਇਹ ਕਹਿੰਦੇ ਹਨ ਕਿ ਅਸੀਂ ਲੋਕਾਂ ਦੇ ਹਮਦਰਦ ਹਾਂ ਪਰ ਇਸ ਸਕੀਮ ਲਈ ਬਹੁਤ ਘੱਟ ਪੈਸੇ ਇਨ੍ਹਾਂ ਨੇ ਦਿੱਤੇ ਹਨ। ਵਜ਼ੀਰ ਵੀ ਸਾਡਾ ਇੱਕੋ ਬਣਾਇਆ ਹੈ। ਇਸ ਕਰਕੇ ਗਰੀਬਾਂ ਦਾ ਸਰਕਾਰ ਨੂੰ ਬਹੁੱਤ ਖਿਆਲ ਰਖਣਾ ਚਾਹੀਦਾ ਹੈ। ਗਰੀਬਾਂ ਲਈ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ। ਜਿਹੜੇ ਹੁੱਡਕੋ ਦੇ ਰਾਹੀਂ ਪੰਜਾਬ ਹਾਊਸਿੰਗ ਬੋਰਡ ਨੇ ਮਕਾਨ ਬਣਾ ਕੇ ਦੇਣੇ ਸਨ ਉਹ ਵੀ ਪੂਰੇ ਨਹੀਂ ਬਣਾਏ। ਜਿਹੜੇ ਬਣਾਏ ਵੀ ਹਨ ਉਹ ਮਦਚਾਸ ਅਤੇ ਕੈਚਲਾ ਟਾਈਪ ਦੇ ਮਕਾਨ ਹਨ। ਸਾਡੇ ਲੋਕ ਉਥੇ ਜਾਣਾ ਨਹੀਂ ਚਾਹੁੰਦੇ। ਆਬਾਦੀਆਂ ਦੇ ਨੇੜੇ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ।

4.13 (ਬਾਅਦ ਦੁਪਹਿਰ)

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਇਸ ਕਮਿਊਨਿਟੀ ਨਾਲ ਸਬੰਧ ਰਖਦੇ ਹੋ। ਪਟਵਾਰੀਆਂ ਅਤੇ ਸਿਪਾਹੀਆਂ ਦੇ ਕੇਸ ਵਿਚ 40% ਰਿਜ਼ਰਵੇਸ਼ਨ ਸਰਕਾਰ ਨੇ ਵੀ ਕੀਤੀ ਹੈ ਲੇਕਿਨ ਅਜੇ ਤਕ ਵੀ ਰਿਜ਼ਰਵੇਸ਼ਨ ਉਥੇ ਪੂਰੀ ਨਹੀਂ ਹੁੰਦੀ। ਸਵੀਪਰਾਂ ਦੀ ਕੈਟੇਗਰੀ ਵਿਚ, ਜਿਥੇ ਕਿ ਹੋਰ ਕੋਈ ਲਗਣਾ

Original with;
Punjab Vidhan Sabha
Digitized by;
Panjab Digital Library

ਨਹੀਂ ਚਾਹੁੰਦਾ, ਉਥੇ ਜ਼ਰੂਰ ਰਿਜ਼ਰਵੇਸ਼ਨ ਪੂਰੀ ਹੈ। ਵੱਡੀਆਂ ਨੌਕਰੀਆਂ ਵਿਚ ਬਿਲਕੁਲ ਪੂਰੀ ਨਹੀਂ। ਇਸ ਵਾਸ਼ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਲਈ ਕਾਨੂੰਨੀ ਸ਼ੈਲਟਰ ਦੇਣੀ ਚਾਹੀਦੀ ਹੈ। ਵੀਕਰ ਸੈਕਸ਼ਨਜ਼ ਦੇ ਨਾਂ ਤੇ ਚੰਦ ਬੜੇ ਬੜੇ ਲੋਕ ਲਾਭ ਉਠਾ ਰਹੇ ਹਨ। ਗਲਤ ਹਲਫੀਆ ਬਿਆਨ ਦੇ ਕੇ, , ਜਾਲ੍ਹੀ ਸ਼ਡਿਊਲਡ ਕਾਸਟਸ ਬਣ ਕੇ ਐਮ. ਬੀ. ਬੀ. ਐਸ ਵਿਚ ਦਾਖਲ ਹੋ ਕੇ ਡਾਕਟਰ ਬਣ ਗਏ ਹਨ। ਪਟਿਆਲੇ ਐਸੇ ਵਾਕਿਆਤ ਹੋਏ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਦੀ ਇਨਕੁਆਇਰੀ ਕਰਵਾਈ ਜਾਵੇ। ਰਿਜ਼ਰਵੇਸ਼ਨ ਹੋਣ ਕਾਰਨ ਆਮ ਲੋਕਾਂ ਨੂੰ ਸੀਟਾਂ ਨਹੀਂ ਮਿਲਦੀਆਂ। ਉਹ ਮੁਤਬੰਨੇ ਬਣ ਕੇ ਇਸ ਤਰ੍ਹਾਂ ਐਡਮਿਸ਼ਨ ਲੈ ਜਾਂਦੇ ਹਨ। ਪਿਛਲੀ ਐਸ਼ੋਰੈਂਸ ਕਮੇਟੀ ਨੇ 17 ਲੜਕਿਆਂ ਦੇ ਖਿਲਾਫ ਰਿਮਾਰਕਸ ਦਿੱਤੇ ਸਨ। ਪਰ ਇਸ ਬਾਰੇ ਕੁਝ ਨਹੀਂ ਹੋਇਆ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਵੀਕਰ ਸੈਕਸ਼ਨਜ਼ ਨੂੰ ਕਾਰਖਾਨਿਆਂ ਵਿਚ ਟਰੇਨਿੰਗ ਦਿਓ, ਛੋਟੇ ਮੋਟੇ ਕੰਮ ਕਰਾਓ। ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਹੈ। ਅਸੀਂ 10 ਕਰੋੜ ਰੁਪਿਆ ਉਸ ਲਈ ਦਿੱਤਾ। ਹੁਣ ਇਹ ਵੀ 10 ਕਰੋੜ ਰੁਪਏ ਦੇ ਦੇਣ। ਇਨ੍ਹਾਂ ਦੀ ਬਲੇ ਬਲੇ ਹੋ ਜਾਵੇਗੀ। ਸਾਨੂੰ ਕੋਈ ਵੋਟਾਂ ਨਹੀਂ ਪਾਵੇਗਾ। ਅਸੀਂ ਪਹਿਲਾਂ ਪੰਜ ਕਰੋੜ ਰੁਪਿਆ ਦਿੱਤਾ, ਫਿਰ 5 ਕਰੋੜ ਰਪਿਆ ਹੋਰ ਦਿੱਤਾ। ਤੁਸੀਂ, ਡਿਪਟੀ ਸਪੀਕਰ ਸਾਹਿਬ, ਵਿਧਾਨ ਸਭਾ ਦੀਆਂ ਪ੍ਰੋਸੀਡਿੰਗਜ਼ ਪੜ੍ਹ ਕੇ ਵੇਖ ਲਓ। ਅਸੀਂ ਵਾਇਦੇ ਅਨੁਸਾਰ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਨੂੰ ਵੀ 5 ਕਰੋੜ ਰੁਪਿਆ ਦਿੱਤਾ। ਮੂੰਹ-ਜ਼ਬਾਨੀ ਹਮਦਰਦੀ ਕਰਨ ਦਾ ਫਾਇਦਾ ਨਹੀਂ, ਕੁਝ ਕਰਕੇ ਵਿਖਾਉਣਾ ਚਾਹੀਦਾ ਹੈ। ਪੈਸੇ ਤੋਂ ਬਿਨਾਂ ਇਨ੍ਹਾਂ ਗਰੀਬਾਂ ਦਾ ਸੁਧਾਰ ਨਹੀਂ ਹੋ ਸਕਦਾ। ਗਲਾਂ ਬਾਤਾਂ ਨਾਲ ਕੁਝ ਫਾਇਦਾ ਨਹੀਂ ਹੋਣਾ। ਅਮਲੀ ਤੌਰ ਤੇ ਕੁਝ ਕਰਨਾ ਪਵੇਗਾ। ਮੈਂ ਬੜੇ ਅੱਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਬਿਲਕੁਲ ਬੰਦ ਹੈ। ਉਥੇ ਕੋਈ ਆਈ. ਏ. ਐਸ. ਅਫ਼ਸਰ ਨਹੀਂ ਲਗਣਾ ਚਾਹੁੰਦੇ। ਕਿਸੇ ਪੀ. ਸੀ. ਐਸ. ਅਫ਼ਸਰ ਨੂੰ ਲਗਾ ਦਿਓ। ਕਿਉਂਕਿ ਇਹ ਕਲਰਕ ਦੀ ਪੋਸਟ ਵਰਗੀ ਹੈ। ਗਵਰਨਰੀ-ਰਾਜ ਵੇਲੇ ਐਸੇ ਫੈਸਲੇ ਕੀਤੇ ਗਏ ਕਿ ਲੋਕਾਂ ਦੀਆਂ ਅਰਜ਼ੀਆਂ ਪਾਈਲ ਅੱਪ ਹੋਈਆਂ ਪਈਆਂ ਹਨ। ਸਟਾਫ ਬਹੁੱਤ ਘੱਟ ਹੈ। ਡਿਪਟੀ ਸਪੀਕਰ ਸਾਹਿਬ, ਇਹ ਫੈਸਲਾ ਹੋਇਆ ਸੀ ਕਿ ਬੈਂਕਾਂ ਤੋਂ ਪੈਸਾ ਲੈ ਕੇ ਉਸ ਨੂੰ ਸਬਸੀਡਾਈਜ਼ ਕਰਕੇ ਘੱਟ ਰੇਟ ਆਫ ਇੰਟਰੈਸਟ ਤੇ ਗਰੀਬ ਲੋਕਾਂ ਨੂੰ ਲੋਨ ਦਿੱਤੇ ਜਾਣਗੇ। ਪਰ ਐਸਾ ਨਹੀਂ ਹੋ ਰਿਹਾ। ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਜੇ ਇਹ ਵੀਕਰ ਸੈਕਸ਼ਨਸ਼ ਦੇ ਹਮਦਰਦ ਹਨ ਤਾਂ ਇਸ ਕਾਰਪੋਰੇਸ਼ਨ ਦੇ ਸਾਰੇ ਪੈਸੇ ਖਰਚ ਕਰਾਉਣ। ਇੰਡਸਟਰੀਆਂ ਲਾ ਕੇ ਦੇਣ, ਸਿਨਮੇ ਲਾ ਕੇ ਦੇਣ, ਪਬਲਿਕ ਸੈਕਟਰ ਵਿਚ ਕੰਮ ਚਲਾ ਕੇ ਦੇਣ ਤਾਂਕਿ ਲੋਕਾਂ ਨੂੰ ਰਜ਼ਗਾਰ ਮਿਲੇ। ਇਥੇ ਇਹ ਫੈਸਲਾ ਕੀਤਾ ਗਿਆ ਸੀ ਕਿ ਜਿਹੜੇ ਸ਼ਡਿਊਲਡ ਕਾਸਟਸ ਬਾਹਰਲੇ ਮੁਲਕਾਂ ਵਿਚ ਜਾਣਗੇ ਉਨ੍ਹਾਂ ਦੀ ਮਦਦ ਕਰਾਂਗੇ, ਪਰ ਇਹ ਮਦਦ ਦੇ ਨਹੀਂ ਸਕੇ। ਸਾਨੂੰ ਇਹ ਕਹਿੰਦੇ ਹਨ ਕਿ ਅਸੀਂ ਘੱਟ ਹਮਦਰਦ ਹਾਂ। ਅਸੀਂ ਕਹਿੰਦੇ ਹਾਂ ਕਿ ਇਹੀ ਕਰਕੇ ਵੇਖ ਲੈਣ। ਡਿਪਟੀ ਸਪੀਕਰ ਸਾਹਿਬ, ਪੈਪਸੂ ਦਾ ਇਲਾਕਾ, ਬੈਕਵਰਡ ਇਲਾਕਾ ਹੈ। ਲੋਕ ਇਥੇ ਜ਼ਿਆਦਾ ਅਨਪੜ੍ਹ ਹਨ। ਅਸੀਂ ਲੋਕ ਰਾਜਿਆਂ ਦੇ ਗੁਲਾਮ ਸਾਂ। ਦੁਆਬੇ ਵਾਲੇ, ਠੀਕ ਹੈ, ਪੜ੍ਹੇ ਲਿਖੇ ਹਨ। ਪੈਪਸੂ ਦੇ ਲੋਕਾਂ ਲਈ, ਗਰੀਬ ਅਤੇ ਵੀਕਰ ਸੈਕਸ਼ਨਜ਼ ਦੇ ਲੋਕਾਂ ਲਈ ਖਾਸ ਤੌਰ ਤੇ ਪ੍ਰਬੰਧ ਕਰਨੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਅੱਜ ਵਾਢੀ, ਕਟਾਈ, ਗਹਾਈ ਸਭ ਮੈਕੇਨਾਈਜ਼ਡ ਹੋ ਗਈਆਂ ਹਨ। ਵੀਕਰ ਸੈਕਸ਼ਨਜ਼ ਦੇ ਲੋਕ ਐਗਰੀਕਲਚਰ ਤੇ ਮਨਹੱਸਰ ਹਨ। ਬਠਿੰਡੇ ਵਿਚ ਕਈ ਗਰੀਬ ਰਾਮਦਾਸੀਏ ਕਾਮਿਆਂ ਦੇ ਹੱਥ ਕੱਟੇ ਜਾਂਦੇ ਹਨ। ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲਦੀ। ਹਸਪਤਾਲਾਂ ਵਿਚ ਉਨ੍ਹਾਂ ਨੂੰ ਕੋਈ ਦਵਾਈ ਨਹੀਂ ਮਿਲਦੀ। ਪੰਜਾਬ ਵਿਚ ਇੱਕ ਮਰੀਜ਼ ਨੂੰ 14 ਪੈਸੇ ਦੇ ਹਿਸਾਬ ਨਾਲ ਦਵਾਈ ਮਿਲਦੀ ਹੈ। ਲੋਕ ਟੈਟਨਸ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਹਨ। ਉਹ ਸਾਰੀ ਜ਼ਿੰਦਗੀ ਤੋਂ ਮਹਿਰੂਮ ਰਹਿ ਜਾਂਦੇ ਹਨ। ਸਰਕਾਰ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਇਸ ਪਾਸੇ ਵੀ ਤਵੱਜੋ ਦੇਣੀ ਚਾਹੀਦੀ ਹੈ। ਇਸ ਲਈ ਗਰੀਬ ਲੋਕਾਂ ਦੀਆਂ ਪ੍ਰਾਬਲਮਜ਼ ਦਾ ਹੱਲ ਹੋਣਾ ਚਾਹੀਦਾ ਹੈ। ਮਜ਼ਦੂਰਾਂ ਦਾ ਬੀਮਾ ਹੋਣਾ ਚਾਹੀਦਾ ਹੈ । ਅਗਰ ਉਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਦਾ ਤਾਂ ਜਿਸ ਤਰ੍ਹਾਂ ਪੜ੍ਹੇ ਲਿਖਿਆਂ ਨੂੰ ਅਲਾਊਂਸ ਮਿਲਦਾ ਹੈ ਇਸੇ ਤਰ੍ਹਾਂ ਉਨ੍ਹਾਂ ਨੂੰ ਵੀ ਅਨ-ਇੰਪਲਾਇਮੈਂਟ ਅਲਾਊਂਸ ਮਿਲਣਾ ਚਾਹੀਦਾ ਹੈ। ਨਵੇਂ ਰੋਜ਼ਗਾਰ ਦੇ ਸਾਧਨ ਖੋਲ੍ਹਣੇ ਚਾਹੀਦੇ ਹਨ। ਮੈਨੂੰ ਖੁਸ਼ੀ ਹੈ, ਡਿਪਟੀ ਸਪੀਕਰ ਸਾਹਿਬ, ਸੰਜੇ ਗਾਂਧੀ ਨੇ ਫੈਮਿਲੀ ਪਲੈਨਿੰਗ ਦਾ ਪਗਰਾਮ ਚਲਾਇਆ ਸੀ। ਉਹ ਵਿਚਾਰੇ ਤਾਂ ਇਸ ਦਨੀਆਂ ਤੋਂ ਚਲੇ ਗਏ ਹਣ ਇਹ ਇਸ ਕੰਮ ਨੂੰ ਠੀਕ ਢੰਗ ਨਾਲ ਚਲਾਉਣ, 20 ਨੁਕਾਤੀ ਪ੍ਰੋਗਰਾਮ ਆ ਗਿਆ ਹੈ, ਇਸ ਨੂੰ ਚਲਾਉਣ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜੇਕਰ ਫੈਮਿਲੀ ਪਲੈਨਿੰਗ ਪ੍ਰੋਗਰਾਮ ਚਲਾਉਣਾ ਹੈ ਤਾਂ ਕਾਨੂੰਨ ਬਣਾ ਕੇ ਚਲਾਉਣ, ਧੱਕੇਸ਼ਾਹੀ ਨਾ ਕਰਨ ਕਿਉਂਕਿ ਇਸ ਦਾ ਸ਼ਿਕਾਰ ਵੀ ਅਸੀਂ ਵੀਕਰ ਸੈਕਸ਼ਨਜ਼ ਨੇ ਹੀ ਹੋਣਾ ਹੈ। ਇਹ ਧੱਕੇਸ਼ਾਹੀ ਨਾ ਕਰਨ। ਪਹਿਲਾਂ ਵਾਂਗ ਨਹੀਂ ਕਿ ਕਿਸੇ ਦੀ ਪ੍ਰੋਮੋਸ਼ਨ ਨਹੀਂ ਹੋਣੀ ਚਾਹੀਦੀ ਜੇਕਰ ਉਹ ਓਪਸ਼ਨ ਨਾ ਕਰਾਵੇ। ਮੈਂ ਜਾਤੀ ਤੌਰ ਤੇ ਇਸ ਗੱਲ ਵਿਚ ਖੁਸ਼ ਹਾਂ ਕਿ ਫੈਮਿਲੀ ਪਲੈਨਿੰਗ ਹੋਣੀ ਚਾਹੀਦੀ ਹੈ ਕਿਉਂਕਿ ਅਨਪੜ੍ਹਤਾ ਵੀ ਜ਼ਿਆਦਾ ਸਾਡੇ ਵਿਚ ਹੀ ਹੈ ਅਤੇ ਬੱਚੇ ਵੀ ਜ਼ਿਆਦਾ ਸਾਡੇ ਲੋਕਾਂ ਦੇ ਹੀ ਹੁੰਦੇ ਹਨ।

ਇਕ, ਡਿਪਟੀ ਸਪੀਕਰ ਸਾਹਿਬ, ਕੰਪਲਸਰੀ ਐਜੂਕੇਸ਼ਨ ਐਕਟ ਬਣਿਆ ਹੋਇਆ ਹੈ ਪਰ ਉਹ ਐਕਟ ਵੀ ਕਾਗਜ਼ਾਂ ਵਿਚ ਹੀ ਹੈ, ਉਸ ਤੇ ਅਮਲ ਨਹੀਂ ਹੋ ਰਿਹਾ। ਅੱਜ ਵੀ ਸ਼ਡਿਊਲਡ ਕਾਸਟ ਮੁੰਡਾ ਸਕੂਲ ਵਿਚ ਨਹੀਂ ਪੜ੍ਹ ਰਿਹਾ ਸਗੋਂ ਸੀਰੀ ਲਗਾ ਹੋਇਆ ਹੈ। ਐਜੂਕੇਸ਼ਨ ਡਿਪਾਰਟਮੈਂਟ ਇਸ ਬਾਰੇ ਸੁੱਤਾ ਪਿਆ ਹੈ। ਅੱਜ ਕਿਸੇ ਐਜੂਕੇਸ਼ਨ ਅਫਸਰ ਦੀ ਤਾਕਤ ਨਹੀਂ ਹੈ ਕਿ ਉਹ ਜਾ ਕੇ ਚੈਕ ਕਰੇ। ਕੰਸਟੀਚਿਊਸ਼ਨ ਦੀ ਧਾਰਾ 45 ਹੈ ਜਿਸ ਦੇ ਬੱਲੇ ਦਸ ਸਾਲਾਂ ਤੋਂ ਬਾਅਦ ਸਰਕਾਰ ਨੇ ਫਰੀ ਐਜੂਕੇਸ਼ਨ ਕਰਨੀ ਸੀ ਪਰ ਉਹ ਨਹੀਂ ਹੋਈ ਕਿਉਂਕਿ ਸਰਕਾਰ ਦੀ ਸੋਚ ਹੈ ਕਿ ਜਿਤਨੇ ਵੀ ਸ਼ਾਡਿਊਲਡ ਕਾਸਟ ਲੋਕ ਗਰੀਬ ਰਹਿਣਗੇ, ਪੜ੍ਹ ਲਿਖ ਨਹੀਂ ਸਕਣਗੇ, ਉਤਨਾਂ ਹੀ ਇਨ੍ਹਾਂ ਦਾ ਰਾਜ ਪੱਕਾ ਹੁੰਦਾ ਜਾਏਗਾ। ਸਾਡੀ ਤੇ ਸਾਡੇ ਹਿੰਦੁਸਤਾਨ ਦੇ ਪੰਜਾਬ ਦੇ ਸੂਬੇ ਦੀ ਬਦਕਿਸਮਤੀ ਹੈ ਕਿ ਇਥੇ ਕਾਂਗਰਸ ਦੀ ਸਰਕਾਰ ਬਣ ਗਈ ਹੈ। ਇਹ ਕਦੇ ਵੀ ਸਾਡੀ ਹਮਦਰਦੀ ਨਹੀਂ ਕਰਦੀ, ਵੀਕਰ ਸੈਕਸ਼ਨਜ਼ ਦਾ ਕਦੇ ਵੀ ਖਿਆਲ ਨਹੀਂ ਕਰਦੀ। ਲੜਕੀਆਂ ਰੇਪ ਹੁੰਦੀਆਂ ਹਨ। ਪਿੰਡ ਗੋਬਾਗ, ਅਮਰ ਮੁੜਬਾਣੇ ਵਿਚ ਨਰੰਜਣ ਕੌਰ ਦਾ ਰੇਪ ਹੋਇਆ, 20 ਤਾਰੀਖ ਨੂੰ ਉਸ ਨੂੰ ਰੇਪ ਕਰ ਦਿੱਤਾ। ਕੀ ਇਹ ਵੀ ਰਾਜਾ ਭੂਪਿੰਦਰ ਸਿੰਘ ਦਾ ਰਾਜ ਹੈ ਜਿਥੇ ਕਿ ਪੁਲਿਸ ਨੂੰ ਅਖਤਿਆਰ ਨਹੀਂ ਹੈ ਜਿਸ ਲੜਕੀ ਨੂੰ ਮਰਜ਼ੀ ਫੜ ਕੇ ਰੇਪ ਕਰ ਦਿਓ। ਡਿਪਟੀ ਸਪੀਕਰ ਸਾਹਿਬ, ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਵੇਗਾ ਕਿ ਉਥੇ ਗਰੀਬ ਵਿਚਾਰੇ ਦਸ ਦਿਨਾਂ ਤੋਂ ਧਰਨਾ ਮਾਰ ਰਹੇ ਹਨ, ਅੱਜ ਲੋਕਾਂ ਦਾ ਕਤਲੇ ਆਮ ਹੋ ਰਿਹਾ ਹੈ। ਪੁਲਿਸ ਦੇ ਬੰਦੇ ਸਫੈਦ ਕੱਪੜਿਆਂ ਵਿਚ ਇਨ੍ਹਾਂ ਦੀ ਮੱਦਦ ਕਰਦੇ ਹਨ। ਅੱਜ ਚੀਫ ਮਨਿਸਟਰ ਸਾਹਿਬ ਨੇ ਬਿਆਨ ਕਿਉਂ ਨਹੀਂ ਦਿੱਤਾ ? ਤੀਜੇ ਦਿਨ ਦਿੱਲੀ ਨੱਠ ਜਾਂਦੇ ਹਨ ਕਿਉਂਕਿ ਕੁਰਸੀ ਡੋਲਦੀ ਹੈ, ਕੁਰਸੀ ਦਾ ਡਰ ਲਗਿਆ ਹੋਇਆ ਹੈ... (ਵਿਘਨ) (ਥੈਪਿੰਗ)

ਇਕ ਆਵਾਜ਼ : ਇਹ ਲਫਜ਼ ਐਕਸਪੰਜ ਹੋਣਾ ਚਾਹੀਦਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਅੱਜ ਸਾਡੇ ਪੜ੍ਹਨ ਵਾਲੇ ਬੱਚਿਆਂ ਦਾ ਕੀ ਹਾਲ ਹੈ। ਵੈਲਫੇਅਰ ਡਿਪਾਰਟਮੈਂਟ ਦੀਆਂ ਕਿਤਾਬਾਂ, ਕਾਪੀਆਂ ਬੱਚਿਆਂ ਨੂੰ ਨਹੀਂ ਮਿਲ ਰਹੀਆਂ। ਕਿਉਂ ਨਹੀਂ ਮਿਲ ਰਹੀਆਂ ? ਕਿਉਂਕਿ ਇਹ ਨਹੀਂ ਚਾਹੁੰਦੇ ਕਿ ਸਾਡੇ ਬੱਚਿਆਂ ਨੂੰ ਵਿਦਿਆ ਮਿਲ ਸਕੇ ।

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੂੰ ਡਰ ਹੈ ਕਿ ਜੇਕਰ ਅਸੀਂ ਪੜ੍ਹ ਲਿਖ ਗਏ ਤਾਂ ਕਿੱਤੇ ਅਸੀਂ ਵੀ ਉਚੀ ਥਾਂ ਤੇ ਨਾ ਆ ਜਾਈਏ। ਡਿਪਟੀ ਸਪੀਕਰ ਸਾਹਿਬ, ਅੱਜ ਜੇਕਰ ਤੁਸੀਂ ਪੜ੍ਹੇ ਲਿਖੇ ਨਾ ਹੁੰਦੇ ਤਾਂ ਇਥੇ ਇਸ ਕੁਰਸੀ ਤੇ ਨਹੀਂ ਸੀ ਬੈਠ ਸਕਦੇ। ਇਹ ਸਾਰੀ ਪੜ੍ਹਾਈ ਕਰਨ ਦੀ ਹੀ ਮੇਹਰਬਾਨੀ ਹੈ। ਇਸ ਲਈ ਮੈਂ ਕਹਾਂਗਾ ਕਿ ਬੱਚਿਆਂ ਨੂੰ ਵੈਲਫੇਅਰ ਮਹਿਕਮਾ ਕਿਤਾਬਾਂ, ਕਾਪੀਆਂ ਦੇਵੇ। ਜੋ ਸਰਕਾਰ ਦਾ ਮੌਜੂਦਾ ਸਿਸਟਮ ਹੈ ਇਸ ਨੂੰ ਇਹ ਬਦਲਣ। ਮੈਂ ਕਹਿੰਦਾ ਹਾਂ ਕਿ ਮਨਿਸਟਰ ਸਾਹਿਬ ਅੱਜ ਹੀ ਦਿਆਲਪੁਰ ਸਕੂਲ ਦੀ ਇਨਕੁਆਇਰੀ ਕਰਨ। ਉਥੇ ਦੀ ਜੋ ਹੈਡਮਿਸਟ੍ਰਸ ਹੈ, ਉਹ ਮੁੰਡਿਆ ਦੇ ਵਜ਼ੀਫੇ ਖਾ ਗਈ ਹੈ ਅੱਰ ਉਲਟਾ ਮੁੰਡਿਆਂ ਤੋਂ ਦਾਨ ਮੰਗਿਆ ਜਾ ਰਿਹਾ ਹੈ। ਫਿਰ 9 ਵੀਂ ਵਿੱਚ ਬਚਿਆਂ ਨੂੰ ਪੜ੍ਹਾਉਣ ਨੂੰ ਕੋਈ ਤਿਆਰ ਨਹੀਂ ਹੈ। ਜਿਹੜੇ ਬੱਚੇ ਪੜ੍ਹਾਈ ਵਿਚ ਕਮਜ਼ੋਰ ਹੋਣ ਉਨ੍ਹਾਂ ਨੂੰ ਐਕਸਟਰਾ ਕੋਚਿੰਗ ਵਾਸਤੇ ਸਰਕਾਰ ਦੀ ਸਕੀਮ ਹੈ। ਬੱਚੇ ਪੜ੍ਹਨ ਨੂੰ ਤਿਆਰ ਹਨ ਪਰ ਉਨ੍ਹਾਂ ਨੂੰ ਕੋਈ ਪੜ੍ਹਾਉਣ ਵਾਲਾ ਨਹੀਂ ਹੈ। ਇਸ ਤਰ੍ਹਾਂ ਹੀ ਸਰਕਾਰ ਪਾਸ ਸਾਡੇ ਲੋਕਾਂ ਵਾਸਤੇ ਸਕੀਮਾਂ ਤਾਂ ਬਹੁਤ ਹਨ ਪਰ ਲਾਗੂ ਨਹੀਂ ਕੀਤੀਆਂ ਜਾਂਦੀਆਂ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ। ਹੋਰ ਮੈਂਬਰ ਸਾਹਿਬਾਨ ਨੇ ਵੀ ਬੋਲਣਾ ਹੈ। ਠਹਿਰੋ, ਪਹਿਲਾਂ ਮੈਨੂੰ ਟਾਈਮ ਦੀ ਅਲਾਟਮੈਂਟ ਦੱਸ ਲੈਣ ਦਿਓ। ਇਹ ਇਸ ਪ੍ਰਕਾਰ ਹੈ :–

ਕਾਂਗਰਸ ਪਾਰਟੀ : 1 ਘੰਟਾ 35 ਮਿੰਟ
ਸ਼੍ਰੋਮਣੀ ਅਕਾਲੀ ਦਲ : 53 ਮਿੰਟ
ਸੀ. ਪੀ. ਆਈ. : 13 ਮਿੰਟ
ਸੀ. ਪੀ. ਆਈ. (ਐਮ.) : 7 ਮਿੰਟ
ਇੰਡੀਪੈਂਡੈਂਟ: ਤਿੰਨ ਮਿੰਟ
ਬੀ. ਜੇ. ਪੀ.: 2 ਮਿੰਟ ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਅੱਜ ਤੁਸੀਂ ਵੇਖ ਲਵੋ ਕਿ ਹਾਈ ਕੋਰਟ ਵਿਚ ਕੋਈ ਸ਼ਡਿਊਲਡ ਕਾਸਟ ਜੱਜ ਨਹੀਂ ਹੈ, ਸੁਪ੍ਰੀਮ ਕੋਰਟ ਵਿਚ ਕੋਈ ਸ਼ਡਿਊਲਡ ਕਾਸਟ ਜੱਜ ਨਹੀਂ ਹੈ। ਇਥੋਂ ਤਕ ਕਿ ਕਲਰਕਾਂ ਤੇ ਚਪੜਾਸੀਆਂ ਦੀ ਭਰਤੀ ਵਿੱਚ ਵੀ ਰਿਜ਼ਰਵੇਸ਼ਨ ਦੇ ਮੁਤਾਬਿਕ ਸ਼ਡਿਊਲਡ ਕਾਸਟ ਨਹੀਂ ਹਨ। ਮੈਂ ਇਹ ਬੇਨਤੀ ਕਰੂੰਗਾ ਕਿ ਤੁਹਾਡੀ ਡਿਪਟੀ ਸਪੀਕਰੀ ਦੇ ਦੌਰਾਨ ਹਾਈਕੋਰਟ ਦਾ ਜੱਜ ਕੋਈ ਸ਼ਡਿਊਲਡ ਕਾਸਟ ਲੱਗ ਜਾਵੇ। ਮੈਨੂੰ ਪਤਾ ਹੈ ਕਿ ਤੁਹਾਨੂੰ ਸਾਡੇ ਵਾਸਤੇ ਕਾਫੀ ਹਮਦਰਦੀ ਹੈ। ਪੰਜਾਬ ਦੀਆਂ ਲੋਕਲ ਬਾਡੀਜ਼ ਵਿਚ, ਕਾਰਪੋਰੇਸ਼ਨਜ਼ ਵਿਚ ਅਸੀਂ ਕਾਫੀ ਕੋਸ਼ਿਸ਼ ਕੀਤੀ ਹੈ ਕਿ ਸ਼ਡਿਊਲਡ ਕਾਸਟਸ ਦੀ ਭਰਤੀ ਪੂਰੀ ਹੋ ਜਾਵੇ। ਇਸ ਤਰ੍ਹਾਂ ਦੇ ਹੋਰ ਵੀ ਅਦਾਰੇ ਹਨ ਜਿਵੇਂ ਪੰਜਾਬ ਦੀਆਂ ਯੂਨੀਵਰਸਿਟੀਆਂ ਹਨ, ਇਲੈਕਟ੍ਰਿਸਿਟੀ ਬੋਰਡ ਹੈ, ਇਨ੍ਹਾਂ ਸਭਨਾਂ ਵਿਚ ਰਿਜ਼ਰਵੇਸ਼ਨ ਦੀ ਪਾਲਿਸੀ ਨੂੰ ਇਹ ਠੋਸ ਤਰੀਕੇ ਨਾਲ ਲਾਗੂ ਕਰਨ ।

ਇਸ ਦੇ ਇਲਾਵਾ, ਡਿਪਟੀ ਸਪੀਕਰ ਸਾਹਿਬ, ਇਕ ਹੋਰ ਸਾਡੇ ਨਾਲ ਧੱਕਾ ਹੋ ਰਿਹਾ ਹੈ। ਅੱਜ ਵੀ ਤਸੀਂ ਵੱਡੇ ਵੱਡੇ ਅਫਸਰਾਂ ਦੇ ਘਰਾਂ ਵਿਚ ਵੇਖ ਲਵੋ ਕਿ ਸਾਡੇ ਆਦਮੀ ਕੰਮ ਕਰਦੇ ਹਨ। ਪਿਛਲੇ ਸਦਨ ਦਾ ਰਿਕਾਰਡ ਕਢਵਾ ਕੇ ਵੇਖ ਲਵੋ, ਉਸ ਵੇਲੇ ਵੀ ਇਹ ਸਵਾਲ ਉਠਾਇਆ ਗਿਆ ਸੀ ਕਿ ਸਾਡੇ ਨਾਲ ਵੱਡੇ ਵੱਡੇ ਅਫਸਰ ਬਹੁਤ ਬੇਇਨਸਾਫੀ ਕਰ ਰਹੇ ਹਨ। ਉਹ ਸਾਡੇ ਲੋਕਾਂ ਪਾਸੋਂ ਪ੍ਰਾਈਵੇਟ ਤੌਰ ਤੇ ਵਗਾਰ ਕਰਵਾਉਂਦੇ ਹਨ, ਇਹ ਵੀ ਬੰਦ ਹੋਣੀ ਚਾਹੀਦੀ ਹੈ। ਲਾਅ ਐਂਡ ਆਰਡਰ ਦੀ ਮਿੱਟੀ ਪਲੀਤ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਹਸਨਪੁਰ ਦੇ ਵਾਕਿਆ ਬਾਰੇ ਦਸਦਾ ਹਾਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਹਸਨਪੁਰ ਦਾ ਜੋ ਵਾਕਿਆ ਹੋਇਆ ਹੈ, ਜਨਾਬ, ਉਸ ਦੇ ਬਾਰੇ ਮੈਂ ਐਸ. ਐਸ. ਪੀ. ਨੂੰ ਵੀ ਕਿਹਾ। ਉਸ ਇਲਾਕੇ ਦਾ ਡੀ. ਸੀ. ਵੀ ਸ਼ਡਿਊਲਡ ਕਾਸਟ ਹੈ ਲੇਕਿਨ ਉਹ ਕਮਜ਼ੋਰ ਇਤਨਾ ਹੈ ਕਿ ਸਰਕਾਰ ਦੇ ਬਲੇ ਪੈ ਜਾਂਦਾ ਹੈ ਉਹ ਵੀ ਸਾਡਾ ਹੀ **ਭਰਾ ਹੈ ਪਰ 'ਭੱਠ ਪਿਆ ਉਹ ਸੋਨਾ ਜਿਹੜਾ ਕੰਨ ਪਾੜੇ' । ਉਹ **ਨੂੰਦਾ ਹੋਇਆ ਵੀ ਸਾਡੇ ਲੋਕਾਂ ਦੀ ਰਾਖੀ ਨਹੀਂ ਕਰਦਾ...(ਵਿਘਨ)

ਸਰਦਾਰ ਬੀਰ ਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਦੋ ਤਿੰਨ ਵਾਰ **ਦਾ ਲਫਜ਼ ਵਰਤਿਆ ਹੈ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿ **ਕਹਿਣ ਤੇ ਤਿੰਨ ਸਾਲਾਂ ਦੀ ਕੈਦ ਹੋ ਜਾਂਦੀ ਹੈ।

ਸ਼੍ਰੀ ਡਿਪਟੀ ਸਪੀਕਰ : ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਸੋਚਦਾ ਹਾਂ ਕਿ ਲਾਅ ਐਂਡ ਆਰਡਰ ਦਾ ਬਣੇਗਾ ਕੀ ? ਇਕ ਮੋਗਾ ਸਬ-ਡਵੀਜ਼ਨ ਦਾ ਲਾਲ ਸਿੰਘ ਜਿਹੜਾ ਕਿ ਰਾਮਦਾਸੀਆ ਸੀ, ਉਸ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਇਸ ਕਰਕੇ ਮੈਂ ਇਹ ਕਹਿ ਰਿਹਾ ਹਾਂ ਕਿ ਸਾਡੇ ਤੇ, ਡਿਪਟੀ ਸਪੀਕਰ ਸਾਹਿਬ, ਬਹੁਤ ਜ਼ਿਆਦਤੀ ਹੋ ਰਹੀ ਹੈ। ਇਸ ਦੇ ਨਾਲ ਨਾਲ ਜਿਹੜੀਆਂ ਚੀਜ਼ਾਂ ਸਾਨੂੰ ਖਾਣ ਲਈ ਚਾਹੀਦੀਆਂ ਹਨ ਉਹ ਨਹੀਂ ਮਿਲਦੀਆਂ, ਖੰਡ ਨਹੀਂ ਮਿਲਦੀ, ਘੀ ਨਹੀਂ ਮਿਲਦਾ, ਆਟਾ ਨਹੀਂ ਮਿਲਦਾ, ਦਾਲਾਂ ਨਹੀਂ ਮਿਲਦੀਆਂ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ।

ਸਰਦਾਰ ਦਲੀਪ ਸਿੰਘ ਪਾਂਧੀ : ਬੱਸ ਜੀ, ਦੋ ਮਿੰਟ ਹੋਰ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਨਵੇਂ ਆਏ ਹੋ। ਇਕ ਹਰਚੰਦ ਸਿੰਘ ਕਮੇਟੀ ਬਣੀ ਸੀ। ਉਸ ਕਮੇਟੀ ਦੀ ਰਿਪੋਰਟ ਵਿਚ ਕਈ ਅਫਸਰ ਸ਼ਾਂਗੇ ਸਨ ਪਰ ਉਸ ਤੇ ਵੀ ਕੋਈ ਅਮਲ ਨਹੀਂ ਹੋਇਆ । ਜਿਹੜੇ ਨਾਨ-ਸ਼ਡਿਊਲਡ ਕਾਸਟਸ ਸਨ ਉਨ੍ਹਾਂ ਵਜ਼ੀਰਾਂ ਨੂੰ ਵੀ ਅੰਗਜ਼ਾਨਰੇਟ ਕਰ ਦਿੱਤਾ ਗਿਆ ਅੱਜ ਜਿਹੜੇ ਸ਼ਡਿਊਲਡ ਕਾਸਟਸ ਸਨ ਉਨ੍ਹਾਂ ਨੂੰ ਤੰਗ ਕੀਤਾ ਗਿਆ। ਇਥੇ ਮੈਂ ਅਨੋਖ ਸਿੰਘ ਵਗੈਰਾ ਦਾ ਨਾਮ ਦੱਸਣਾ ਚਾਹੁੰਦਾ ਹਾਂ । ਇਸ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਸੋਚ ਸਾਨੂੰ ਦਬਾਈ ਰੱਖਣ ਦੀ ਹੀ ਹੈ। ਲੈਂਡ ਰਿਫਾਰਮਜ਼ ਅੱਜ ਬਿਲਕੁਲ ਲਾਗੂ ਨਹੀਂ ਹੋਏ ਅੱਜ ਉਹ ਇਨ੍ਹਾਂ ਦੇ ਆਰਡੀਨੈਂਸ ਰੁਲਦੇ ਫਿਰਦੇ ਹਨ। ਸਾਡੀ ਕਾਨੂੰਨ ਵੀ ਰਕਸ਼ਾ ਨਹੀਂ ਕਰਦਾ, ਕਾਨੂੰਨ ਬੜੇ ਡਿਫੈਕਟਿਵ ਹਨ। ਇਸ ਵਾਸਤੇ ਮੈਂ ਇਹ ਵੀ ਕਹਾਂਗਾ ਕਿ ਜਿਹੜੀ ਕਾਨੂੰਨੀ ਸਹਾਇਤਾ ਲਈ ਰਕਮ ਰੱਖੀ ਹੈ ਇਹ ਜ਼ਿਆਦਾ ਰੱਖਣੀ ਚਾਹੀਦੀ ਹੈ । ਇਨ੍ਹਾਂ ਨੇ ਸੌ ਰੁਪਿਆ, ਰੱਖਿਆ ਹੋਇਆ , ਦੇਣਾ ਹੁੰਦਾ ਹੈ ਪਰ ਸੌ ਰੁਪਏ ਨੂੰ ਕਿਹੜਾ ਵਕੀਲ ਮੁਕੱਦਮਾਂ ਲੜੇਗਾ। ਦੂਸਰੇ ਪਾਸਿਉਂ ਅਗਲਾ ਹਜ਼ਾਰ ਰੁਪਿਆ ਲੈ ਲੈਂਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਕਮ ਵਧਾਓ। ਡਿਪਟੀ ਸਪੀਕਰ ਸਾਹਿਬ, ਸੰਨ 1947 ਵਿਚ ਰੁਪਏ ਦੀ ਕੀਮਤ 90.09 ਸੀ ਪਰ ਹੁਣ ਇਹ ਘੱਟ ਕੇ 22.12 ਰਹਿ ਗਈ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਇਸ ਦੇ ਮੁਤਾਬਿਕ ਹੀ ਸਾਨੂੰ ਵੀ ਸਹਾਇਤਾ ਮਿਲਣੀ ਚਾਹੀਦੀ ਹੈ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਮਪਲਾਇਮੈਂਟ ਐਕਸਚੇਂਜ਼ ਵਿਚ ਵੀ ਸਾਡੇ ਨਾਲ ਬੜੀ ਹੇਰਾ ਫੇਰੀ ਹੁੰਦੀ ਹੈ। ਉਥੇ ਵੀ ਸਿਫਾਰਸ਼ਾਂ ਨਾਲ ਨਾਮ ਕਢੇ ਜਾਂਦੇ ਹਨ।

ਮੈਂ ਇਨ੍ਹਾਂ ਨੂੰ ਕਹਾਂਗਾ ਕਿ ਸਾਨੂੰ ਰੁਜ਼ਗਾਰ ਦਿਓ, ਸਾਨੂੰ ਕੰਮ ਦਿਓ। ਠੀਕ ਹੈ ਆਸੀਂ ਬੱਚੇ ਤਾਂ ਬਹੁਤ ਬਣਾ ਲਏ ਹਨ। (ਹਾਸਾ) ਸੰਜੇ ਗਾਂਧੀ ਨੇ ਫੈਮਿਲੀ ਪਲੈਨਿੰਗ ਦਾ ਪ੍ਰੋਗਰਾਮ ਚਲਾਇਆ ਸੀ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੈਂ ਕਹਿੰਦਾ ਹਾਂ ਕਿ ਠੀਕ ਹੈ ਮੈਂ ਵੀ ਫੈਮਿਲੀ ਪਲੈਨਿੰਗ ਦੇ ਹੱਕ ਵਿਚ ਹਾਂ ਔਰ ਮੈਂ ਖੁਸ਼ ਹਾਂ ਕਿ ਇਹ ਫੈਮਿਲੀ ਪਲੈਨਿੰਗ ਹੋਣੀ ਚਾਹੀਦੀ ਹੈ ਪਰ ਇਹ ਕਾਨੂੰਨ ਬਣਾ ਕੇ ਕੰਮ ਕਰਨ। ਜ਼ੋਰ ਧੱਕਾ ਨਾ ਕਰਨ। ਜ਼ੋਰ ਧੱਕਾ ਵੀ, ਡਿਪਟੀ ਸਪੀਕਰ ਸਾਹਿਬ, ਸਾਡੇ ਹੀ ਗਰੀਬਾਂ ਤੇ ਹੋਣਾ ਹੈ, ਹੋਰ ਵੱਡਿਆਂ ਵੱਡਿਆ ਤੇ ਨਹੀਂ ਹੋਣਾ । ਅਜ ਦੇਸ਼ ਮੁੜ ਕੇ ਡਿਕਟੇਟਰਸ਼ਿਪ ਵੱਲ ਨੂੰ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਇਜਾਜ਼ਤ ਦਿਓ ਤਾਂ ਮੈਂ ਦੱਸ ਦੇਵਾਂ ਕਿ ਖੁਸ਼ਾਮਦ ਦੀ ਇੰਰਹਾ ਹੋ ਗਈ ਹੈ। ਠੀਕ ਹੈ, ਸੰਜੇ ਗਾਂਧੀ ਵਿਚਾਰਾ ਮਰ ਗਿਆ , ਇਸ ਦੁਨੀਆਂ ਵਿਚ ਨਹੀਂ ਰਿਹਾ ** ** ਇਨ੍ਹਾਂ ਵਿਚ ਇਤਨੀ ਖੁਸ਼ਾਮਦੀ ਵੱਧ ਗਈ ਹੈ ।

Mr. Deputy Speaker ; Please expunge the words about Sanjay Gandhi's son.

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ। ਕਈ ਵਿਰੋਧੀ ਧਿਰ ਦੇ ਮਾਨਯੋਗ ਮੈਂਬਰ ਆਪਣੀਆਂ ਬੈਂਚਾਂ ਖੜਕਾ ਰਹੇ ਸਨ)

ਸਰਦਾਰ ਦਲੀਪ ਸਿੰਘ ਪਾਂਧੀ : ਇਸ ਕਰਕੇ ਇਹ ਆਪਣੇ ਕਾਨੂੰਨ ਵਿਚ ਸੋਧ ਕਰ ਲੈਣ ਔਰ ਇਹ ਕਹਿਣ ਕਿ ਇਹੋ ਜਿਹਾ ਹੋਰ ਕੋਈ ਲੀਡਰ ਨਹੀਂ ਆ ਸਕਦਾ (ਵਿਘਨ) ਇਸ ਕਰਕੇ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ। **(ਵਿਘਨ) ਜਿਹੜੀ ਲੋਕਾਂ ਨੂੰ ਕੁਝ ਨਹੀਂ ਦੇ ਸਕੀ । (ਵਿਘਨ)

ਕਈ ਆਵਾਜ਼ਾਂ : ਇਹ ਲਫਜ਼ ਐਕਸਪੰਜ ਕਰਾ ਦਿਓ ।

ਸ਼੍ਰੀ ਡਿਪਟੀ ਸਪੀਕਰ : ਇਹ ਐਕਸਪੰਜ ਕਰ ਦਿੱਤੇ ਜਾਂਦੇ ਹਨ ।

ਸਰਦਾਰ ਬੀਰਦਵਿੰਦਰ ਸਿੰਘ : ਇਨ੍ਹਾਂ ਨੇ ਜੋ ਕੁਝ ਸਵਰਗੀ ਸੰਜੇ ਗਾਂਧੀ ਔਰ ਉਨ੍ਹਾਂ ਦੇ ਮਾਸੂਮ ਬੱਚੇ ਬਾਰੇ ਕਿਹਾ ਹੈ, ਇਹ ਠੀਕ ਗਲ ਨਹੀਂ ਹੈ। ਇਨ੍ਹਾਂ ਨੂੰ ਇਹੋ ਜਿਹੀਆਂ ਤਕਰੀਰਾਂ ਕਰਨੀਆਂ ਸ਼ੋਭਾ ਨਹੀਂ ਦਿੰਦੀਆਂ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਲਫਜ਼ ਮੈਂ ਆਲਰੈਡੀ ਐਕਸਪੰਜ ਕਰਵਾ ਦਿੱਤੇ ਹਨ। ਹੁਣ ਰਿਪੀਟ ਨਾ ਕਰੋ । (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਲਫਜ਼ ਜ਼ਰੂਰ ਐਕਸਪਜ ਕਰਵਾ ਦਿਓ। (ਵਿਘਨ) ਇਹ ਬਹੁਤ ਗਲਤ ਤਕਰੀਰ ਕੀਤੀ ਹੈ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਆਪਸ ਵਿਚ ਬੋਲ ਰਹੇ ਸਨ, ਕਈ ਬੈਠੇ ਹੋਏ ਬੋਲ ਰਹੇ ਸਨ ਅਤੇ ਕਈ ਖੜ੍ਹੇ ਹੋ ਕੇ ਆਪਸ ਵਿਚ ਬੋਲ ਰਹੇ ਸਨ।)

ਸ਼੍ਰੀ ਡਿਪਟੀ ਸਪੀਕਰ : ਰਿਪੀਟ ਨਾ ਕਰੋ। ਉਹ ਲਫਜ਼ ਮੈਂ ਐਕਸਪੰਜ ਕਰਵਾ ਦਿੱਤੇ ਹਨ। (ਵਿਘਨ) ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਬੋਲ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

ਆਵਾਜ਼ਾਂ : ** ** **

ਸ਼੍ਰੀ ਡਿਪਟੀ ਸਪੀਕਰ : ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਬੈਠ ਜਾਓ।(ਵਿਘਨ) ਇਹ ਰਿਕਾਰਡ ਨਾ ਕੀਤਾ ਜਾਵੇ ।

**Expunged not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਦਵਿੰਦਰ ਸਿੰਘ : ਸਰ, ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਉਹ ਲਫਜ਼ ਐਕਸਪੰਜ ਕੀਤੇ ਗਏ ਹਨ ਜਾਂ ਨਹੀਂ ?

ਸ਼੍ਰੀ ਡਿਪਟੀ ਸਪੀਕਰ : ਉਹ ਲਫਜ਼ ਐਕਸਪੰਜ ਕਰਵਾ ਦਿੱਤੇ ਹਨ। (ਵਿਘਨ) ਮੈਂ ਬੇਨਤੀ ਕਰਦਾ ਹਾਂ ਕਿ ਇਹ ਜੋ ਮਾਨਯੋਗ ਮੈਂਬਰਜ਼ ਬੈਠੇ ਬੈਠੇ ਇਕ ਦੂਜੇ ਨਾਲ ਗਲ ਬਾਤ ਕਰ ਰਹੇ ਹਨ ਉਹ ਨਾ ਕਰਨ। ਹੁਣ ਗਲ ਨੂੰ ਰਿਪੀਟ ਨਾ ਕਰੋ। (ਵਿਘਨ)

ਸ਼੍ਰੀ ਸੇਵਾ ਰਾਮ (ਅੰਮ੍ਰਿਤਸਰ ਪੱਛਮੀ) : ਡਿਪਟੀ ਸਪੀਕਰ ਸਾਹਿਬ, ਲੇਬਰ ਔਰ ਅਨਇੰਪਲਾਇਮੈਂਟ ਦੇ ਸਿਲਸਿਲੇ ਵਿਚ ਜੋ ਬਜਟ ਐਸਟੀਮੇਟ ਪੇਸ਼ ਕੀਤਾ ਗਿਆ ਹੈ, ਮੈਂ ਉਸ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਂਬਰਜ਼ ਸਾਹਿਬਾਨ ਨੂੰ ਬੈਠੇ ਬੈਠੇ ਨਹੀਂ ਬੋਲਣਾ ਚਾਹੀਦਾ ।

ਸ਼੍ਰੀ ਸੇਵਾ ਰਾਮ : ਮੈਂ ਬੇਨਤੀ ਕਰਦਾ ਹਾਂ ਕਿ ਕਿਸੇ ਵੇਲੇ ਇਹ ਪੰਜਾਬ ਲੇਬਰ ਡਿਪਾਰਟਮੈਂਟ ਹਿੰਦੁਸਤਾਨ ਦੇ ਡਿਪਾਰਟਮੈਂਟਸ ਦਾ ਬੇਹਤਰੀਨ ਕਾਰਕਰਦਗਾ ਡਿਪਾਰਟਮੈਂਟ ਮੰਨਿਆਂ ਜਾਂਦਾ ਸੀ। ਇਸ ਦੀ ਇਕ ਵਜ੍ਹਾ ਸੀ ਕਿ ਪੰਜਾਬ ਦਾ ਲੇਬਰ ਡਿਪਾਰਟਮੈਂਟ ਉਸ ਵੇਲੇ ਬੜਾ ਸਰਗਰਮ ਸੀ। ਮਜ਼ਦੂਰਾਂ ਦੇ ਕਾਜ਼ ਲਈ, ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਔਰ ਉਨ੍ਹਾਂ ਦੇ ਮਸਲੇ ਸੁਲਝਾਉਣ ਲਈ ਇਹ ਵਿਭਾਗ ਬੜੇ ਕੰਮ ਕਰਦਾ ਸੀ। ਲੇਕਿਨ ਪਿਛਲੇ 2 ਸਾਲਾਂ ਵਿਚ ਜਦੋਂ ਅਕਾਲੀ-ਜਨਤਾ ਸਰਕਾਰ ਆਈ ਤਾਂ ਉਸ ਨੇ ਇਕ ਐਸੇ ਸ਼ਖਸ ਨੂੰ ਲੇਬਰ ਡੀਪਾਰਟਮੈਂਟ ਦਾ ਰਾਜ ਮੰਤਰੀ ਲਾ ਦਿੱਤਾ ਜੋ ਕਹਿਣ ਨੂੰ ਤਾਂ ਗਰੀਬ ਘਰ ਦਾ ਸੀ ਲੇਕਿਨ ਜਿਸ ਢੰਗ ਨਾਲ ਉਨ੍ਹਾਂ ਨੇ ਲੇਬਰ ਡਿਪਾਰਟਮੈਂਟ ਵਿਚ ਕੰਮ ਕੀਤੇ ਉਸ ਨਾਲ ਲੇਬਰ ਡਿਪਾਰਟਮੈਂਟ ਵਿਚ ਮਾਯੂਸੀ ਛਾ ਗਈ ਹੈ। ਇਕ ਸਾਲ ਤਕ ਮਿਨੀਮਮ ਵੇਜਿਜ਼ ਵਧਾਏ ਨਹੀਂ ਗਏ। ਉਸ ਵਕਤ 187 ਰੁਪਏ ਮਿਨੀਮਮ ਵੇਜਿਜ਼ ਹੁੰਦੇ ਸਨ । ਫਿਰ ਇਸ ਦੇ ਵਧਾਉਣ ਲਈ ਕਈ ਹੜਤਾਲਾਂ ਹੋਈਆਂ ਔਰ ਕਈ ਐਜੀਟੇਸ਼ਨਾਂ ਹੋਈਆਂ ਉਸ ਤੋਂ ਬਾਅਦ ਕਿਤੇ ਜਾ ਕਿ ਮੰਤਰੀ ਜੀ ਨੇ ਇਹ ਮਿਨੀਮਮ ਵੇਜਿਜ਼ ਵਧਾਏ ਔਰ ਇਹ 201 ਰੁਪਏ ਮੁਕੱਰਰ ਕੀਤੇ ਗਏ। ਪਰ ਇਹ ਵੇਜਿਜ਼ ਮੁਕਰਰ ਹੋਣ ਤੋਂ ਬਾਅਦ ਵੀ ਡਿਸਟਿਲਰੀਜ਼ ਔਰ ਕੈਮੀਕਲਜ਼ ਦੀਆਂ ਫੈਕਟਰੀਜ਼ ਨੂੰ ਇਸ ਨੋਟੀਫੀਕੇਸ਼ਨ ਦੀ ਕਾਪੀ ਇਸ਼ੂ ਨਹੀਂ ਕੀਤੀ ਗਈ। ਬਾਕੀ ਫੈਕਟਰੀਆਂ ਨੂੰ ਤਾਂ ਇਹ ਕਾਪੀ ਮਿਲ ਗਈ ਪਰ ਇਨ੍ਹਾਂ ਦੋ ਫੈਕਟਰੀਆਂ ਵਾਲਿਆਂ ਨੇ ਮਿਲ ਮਿਲਾ ਕੇ ਇਹ ਨੋਟੀਫਿਕੇਸ਼ਨ ਦੀ ਕਾਪੀ ਰੁਕਵਾ ਦਿੱਤੀ ਔਰ ਫਿਰ ਕਾਫੀ ਝਗੜਾ ਹੋਣ ਤੋਂ ਬਾਅਦ, ਕੋਈ ਡੇਢ ਸਾਲ ਬਾਅਦ, ਉਨ੍ਹਾਂ ਫੈਕਟਰੀਆਂ ਨੂੰ ਵੀ ਇਹ ਨੋਟੀਫੀਕੇਸ਼ਨ ਦੀ ਕਾਪੀ ਇਸ਼ੂ ਕੀਤੀ ਗਈ। ਇਕ ਸਾਲ ਤਕ ਲੇਬਰ ਡਿਪਾਰਟਮੈਂਟ ਵਿਚ ਕਮੇਟੀ ਦੀ ਕੋਈ ਮੀਟਿੰਗ ਨਹੀਂ ਬੁਲਾਈ ਗਈ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਲ ਨਾਲ ਬਿਲਕੁਲ ਸਹਿਮਤ ਨਹੀਂ ਕਿ ਹਰ ਗੱਲ ਵਿਚ ਤਾਕਤ ਦਾ ਇਸਤੇਮਾਲ ਕੀਤਾ ਜਾਵੇ ਲੇਕਿਨ ਪਿਛਲੇ ਸਾਲਾਂ ਵਿਚ ਜੋ ਕੁਝ ਇਸ ਡਿਪਾਰਟਮੈਂਟ ਵਿਚ ਹੋਇਆ ਉਸ ਨੂੰ ਦੱਸਦੇ ਹੋਏ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਉਸ ਵੇਲੇ ਦੇ ਮੰਤਰੀ ਜੀ ਨੇ ਇਸ ਲੇਬਰ ਡਿਪਾਰਟਮੈਂਟ ਦੇ ਅੰਦਰ 2 ਲੇਬਰ ਕਮਿਸ਼ਨਰਜ਼ ਨੂੰ ਬੜਾ ਪਰੇਸ਼ਾਨ ਕੀਤਾ ਅਤੇ ਉਹ ਦੋਨੋਂ ਲੇਬਰ ਕਮਿਸ਼ਨਰ ਡਿਪਾਰਟਮੈਂਟ ਛੋੜ ਕੇ ਚਲੇ ਗਏ। ਉਨ੍ਹਾਂ ਨੇ ਦਸਿਆ ਕਿ ਉਹ ਇਸ ਲਈ ਮਹਿਕਮੇ ਛੋੜ ਗਏ ਹਨ ਕਿ ਮੰਤਰੀ ਜੀ ਨਾਜਾਇਜ਼ ਡੀਮਾਂਡ ਕਰਦੇ ਸਨ। ਇਕ ਵਾਰ ਤਾਂ ਇਸ ਤਰ੍ਹਾਂ ਹੋਇਆ ਕਿ ਮੰਤਰੀ ਜੀ 10 ਵਜੇ ਜਾ ਕੇ ਲੇਬਰ ਕਮਿਸ਼ਨਰ ਦੀ ਕੁਰਸੀ ਤੇ ਬੈਠ ਗਏ ਔਰ ਇਹ ਕਹਿਣ ਲਗੇ ਕਿ ਇਨ੍ਹਾਂ ਦੋਨੋਂ ਲੇਬਰ ਕਮਿਸ਼ਨਰਜ਼ ਨੂੰ ਮੈਂ ਸਸਪੈਂਡ ਕਰਕੇ ਹੀ ਛੋੜਾਂਗਾ। ਇਕ ਵਾਰ ਮੰਤਰੀ ਸਾਹਿਬ ਨੇ ਲੇਬਰ ਡਿਪਾਰਟਮੈਂਟ ਦੀ ਇਕ ਲੜਕੀ ਨੂੰ ਸ਼ਰੇ ਆਮ ਲੇਬਰ ਡੀਪਾਰਟਮੈਂਟ ਦੇ ਅੰਦਰ ਪਕੜ ਲਿਆ ।

Original with;
Punjab Vidhan Sabha
Digitized by;
Panjab Digital Library

ਉਹ ਲੜਕੀ ਬੇਹੋਸ਼ ਹੋ ਗਈ ਅਤੇ ਇਸ ਤੋਂ ਬਾਅਦ ਉਹ ਮੰਤਰੀ ਸਾਹਿਬ ਉਥੋਂ ਭੱਜ ਗਏ। ਉਸ ਲੜਕੀ ਨੂੰ ਪੀ.ਜੀ.ਆਈ ਲਿਆਂਦਾ ਗਿਆ ਅੱਰ ਬੜੀ ਮੁਸ਼ਕਲ ਨਾਲ ਉਸ ਦੀ ਜਾਨ ਬੱਚੀ। ਫਿਰ ਇਕ ਵਾਰ ਮੰਤਰੀ ਜੀ ਨੇ ਇਕ ਕੰਨਸੋਲੀਡੇਸ਼ਨ ਅਫ਼ਸਰ ਨੂੰ ਟੈਲੀਫੂਨ ਕੀਤਾ ਕਿ ਜੋ ਲੜਕੀ ਸਟੈਨੋ ਉਨ੍ਹਾਂ ਦੇ ਕੋਲ ਹੈ ਉਸ ਨੂੰ ਮੇਰੇ ਪਾਸ ਭੇਜ ਦਿਓ ਪਰ ਮੈਂ ਉਸ ਕੰਸੋਲੀਡੇਸ਼ਨ ਅਫ਼ਸਰ ਦੀ ਬੜੀ ਦਾਦ ਦਿੰਦਾ ਹਾਂ ਕਿ ਉਸ ਨੇ ਸਾਫ਼ ਕਹਿ ਦਿੱਤਾ ਕਿ ਮੇਰੇ ਕੋਲ ਹੋਰ ਵੀ ਸਟੈਨੋ ਹੈ, ਉਸ ਨੂੰ ਮੈਂ ਭੇਜਣ ਲਈ ਤਿਆਰ ਹਾਂ ਪਰ ਉਸ ਲੜਕੀ ਸਟੈਨੋ ਨੂੰ ਮੈਂ ਨਹੀਂ ਭੇਜ ਸਕਦਾ। ਇਸ ਤੋਂ ਬਾਅਦ ਮੈਂ ਦੱਸਣਾ ਚਾਹੁੰਦਾ ਹਾਂ ਕਿ ਇੰਟਕ ਅਤੇ ਹੋਰ ਟਰੇਡ ਯੂਨੀਅਨਜ਼ ਨੇ ਕਈ ਐਜੀਟੇਸ਼ਨਾਂ ਕੀਤੀਆਂ, ਬਾਦਲ ਸਾਹਿਬ ਨੂੰ ਵੀ ਕਿਹਾ ਕਿ ਇਸ ਦੀ ਇਨਕੁਆਇਰੀ ਕਰਵਾਈ ਜਾਣੀ ਚਾਹੀਦੀ ਹੈ। ਲੇਕਿਨ ਇਹ ਇਨਕੁਆਇਰੀ ਨਹੀਂ ਕਰਵਾਈ ਗਈ। ਇਸ ਤੋਂ ਬਾਅਦ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿਉਂਕਿ ਲੇਬਰ ਮੰਤਰੀ ਜੀ ਗਰੀਬ ਘਰ ਦੇ ਸਨ ਉਨ੍ਹਾਂ ਨੇ ਪੰਜਾਬ ਦੇ ਇਕ ਲੇਬਰ ਅਫ਼ਸਰ ਨੂੰ ਕਿਹਾ ਕਿ ਮੈਂ ਕੋਠੀ ਬਣਾਉਣੀ ਹੈ ਅਤੇ ਮੈਨੂੰ ਕੋਠੀ ਲਈ ਪੈਸਾ ਇਕੱਠਾ ਕਰਕੇ ਦਿਓ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਨਾਲ ਕੋਠੀ ਬਣਾਉਣ ਦੇ ਲਈ ਉਨ੍ਹਾਂ ਨੇ ਪੈਸਾ ਇਕੱਠਾ ਕੀਤਾ। ਉਨ੍ਹਾਂ ਦੇ ਵਕਤ ਪੰਜਾਬ ਦੀ ਲੇਬਰ ਮਾਯੂਸ ਹੋ ਗਈ। ਲੇਬਰ ਡਿਪਾਰਟਮੈਂਟ ਕਿਸ ਤਰੀਕੇ ਦੇ ਨਾਲ ਕੰਮ ਕਰ ਸਕਦਾ ਸੀ ? ਇਨ੍ਹਾਂ ਦੀ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਲੇਬਰ ਪਾਲਿਸੀ ਕੀ ਸੀ ? ਮੈਂ ਅਰਜ਼ ਕਰਨੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਹੌਲੀਡੇ-ਹੋਮ ਵਿਚ ਜੇਕਰ ਇੰਡਸਟਰੀਅਲ ਵਰਕਰ 15 ਦਿਨ ਲਈ ਕੋਈ ਜਾਂਦਾ ਹੈ ਤਾਂ ਉਸ ਦੇ ਲਈ ਕੁਝ ਹਿੱਸਾ ਲੇਬਰ ਡੀਪਾਰਟਮੈਂਟ ਦਿੰਦਾ ਹੈ ਅਤੇ ਕੁਝ ਹਿਸਾ ਮਾਲਕ ਦਿੰਦਾ ਹੈ। ਡਿਪਟੀ ਸਪੀਕਰ ਸਾਹਿਬ, ਹੌਲੀਡੇ ਹੋਮ ਵਿਚ ਛੱਤਾਂ ਚੋ ਰਹੀਆਂ ਹਨ, ਪਾਣੀ ਦਾ ਠੀਕ ਇੰਤਜ਼ਾਮ ਨਹੀਂ ਹੈ ਅਤੇ ਗੰਦੀਆਂ ਚਾਰਪਾਈਆਂ ਪਈਆਂ ਹਨ। ਮੈਂ ਇਸ ਬਾਰੇ ਕਈ ਦਫ਼ਾ ਕਿਹਾ ਕਿ ਇਸ ਬਿਲਡਿੰਗ ਨੂੰ ਇਥੋਂ ਬਦਲ ਦਿੱਤਾ ਜਾਵੇ ਅਤੇ ਉਸ ਦੀ ਥਾਂ ਤੇ ਨਵੀਂ ਬਿਲਡਿੰਗ ਲੈ ਲਿੱਤੀ ਜਾਵੇ ਪਰ ਮੰਤਰੀ ਜੀ ਨੇ ਇਸ ਵਲ ਕੋਈ ਧਿਆਨ ਨਹੀਂ ਦਿੱਤਾ। ਜਦੋਂ ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੀ ਸਰਕਾਰ ਆਈ ਤਾਂ ਉਸ ਨੇ ਫੈਸਲਾ ਕੀਤਾ ਕਿ ਲੇਬਰ ਦੀ ਵੈਲਫੇਅਰ ਲਈ ਲੇਬਰ ਐਡਵਾਈਜ਼ਰੀ ਬੋਰਡ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਵਿਖੇ ਬਣਾ ਦਿੱਤੇ ਜਾਣ ਅਤੇ ਉਨ੍ਹਾਂ ਵਾਸਤੇ ਕਮਿਊਨਿਟੀ ਹਾਲ ਵਗੈਰਾ ਦਾ ਵੀ ਇੰਤਜ਼ਾਮ ਕੀਤਾ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਗਰੀਬਾਂ ਵਾਸਤੇ ਬਸਤੀਆਂ ਬਣਾ ਦਿੱਤੀਆਂ ਜਾਣ। ਡਿਪਟੀ ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਜਲੰਧਰ ਵਿਚ ਮੈਂ ਰਿਕੁਐਸਟ ਕੀਤੀ ਸੀ ਅਤੇ ਉਥੇ ਪਲਾਟ ਮਿਲੇ ਸੀ। ਪਲਾਟ ਸੈਂਕਸ਼ਨ ਵੀ ਹੋ ਗਏ ਸੀ ਪਰ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਨੇ ਇਸ ਫੈਸਲੇ ਨੂੰ ਪਿੱਛੇ ਸੁਟ ਦਿੱਤਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ ਦੀ ਐਂਟੀ ਲੇਬਰ ਪਾਲਿਸੀ ਰਹੀ ਹੈ। ਇਸ ਲਈ ਮੇਰੀ ਇਹ ਗੁਜ਼ਾਰਿਸ਼ ਹੈ ਕਿ ਹੌਲੀਡੇਹੋਮ ਨੂੰ ਉਥੋਂ ਉਠਾਇਆ ਜਾਵੇ। ਉਸ ਵਾਸਤੇ ਜਗ੍ਹਾ ਠੀਕ ਨਹੀਂ ਹੈ ਅਤੇ ਬਿਲਡਿੰਗ ਵੀ ਠੀਕ ਨਹੀਂ ਹੈ। ਇਸ ਵਾਸਤੇ ਤੁਸੀਂ ਉਸ ਨੂੰ ਨੰਗਲ, ਸ਼ਿਮਲਾ ਅਤੇ ਚੰਡੀਗੜ੍ਹ ਲੈ ਆਓ।

ਫਿਰ, ਡਿਪਟੀ ਸਪੀਕਰ ਸਾਹਿਬ, ਜੋ ਲੇਬਰ ਲਾਅ 15 ਦਿਨ ਦੀ ਛੁੱਟੀ ਲਈ ਬਣਿਆ ਹੋਇਆ ਹੈ ਉਸ ਦੇ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਤਾਂ ਟਰੇਡ ਯੂਨੀਅਨ ਹੈ, ਉਥੇ ਇਹ ਲੇਬਰ ਲਾਅ ਇੰਪਲੀਮੈਂਟ ਹੋ ਜਾਂਦਾ ਹੈ ਅਤੇ 15 ਦਿਨਾਂ ਦੀਆਂ ਛੁੱਟੀਆਂ ਦਾ ਫਾਇਦਾ ਉਠਾ ਲਿਆ ਜਾਂਦਾ ਹੈ, ਪਰ ਜਿਥੇ ਟਰੇਡ ਯੂਨੀਅਨ ਨਹੀਂ ਹੈ ਅਤੇ ਛੋਟੇ ਛੋਟੇ ਕਾਰਖਾਨਿਆਂ ਵਿਚ ਆਮ ਮਜ਼ਦੂਰ ਕੰਮ ਕਰਦੇ ਹਨ, ਉਥੇ ਇਹ ਲੇਬਰ ਲਾਅ ਮੁਤਾਬਿਕ ਛੁਟੀਆਂ ਤੋਂ ਵਾਂਝੇ ਰਹਿ ਜਾਂਦੇ ਹਨ। ਮਜਦੂਰਾਂ ਨੂੰ ਇਸ ਬਾਰੇ ਪਤਾ ਵੀ ਨਹੀਂ ਚਲਦਾ। ਇਸ ਲਈ ਪੰਜਾਬ ਸਰਕਾਰ ਨੂੰ ਇਸ ਬਾਰੇ ਕੋਈ ਹਦਾਇਤ ਕਰਨੀ ਚਾਹੀਦੀ ਹੈ ਤਾਕਿ ਉਹ ਗਰੀਬ ਮਜ਼ਦੂਰ ਵੀ ਇਸ ਦਾ ਫਾਇਦਾ ਉਠਾ ਸਕਣ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੇਵਾ ਰਾਮ]

ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇੰਡਸਟਰੀਅਲ ਏਰੀਏ ਵਿਚ ਲੇਬਰ ਕਾਲੋਨੀਜ਼ ਵਸਾਉਣੀਆਂ ਚਾਹੀਦੀਆਂ ਹਨ। ਇਕ ਵਾਰ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵੇਲੇ ਫੈਸਲਾ ਕੀਤਾ ਗਿਆ ਸੀ ਕਿ ਵੱਡੀਆਂ ਫੈਕਟਰੀਆਂ ਦੇ ਲਾਇਸੈਂਸ ਉਨ੍ਹਾਂ ਨੂੰ ਹੀ ਦਿੱਤੇ ਜਾਣਗੇ ਜਿਹੜੇ ਵੱਡੀਆਂ ਫੈਕਟਰੀਆਂ ਦੇ ਨਾਲ ਨਾਲ ਲੇਬਰ ਕਾਲੋਨੀਜ਼ ਬਣਾਉਣਗੇ, ਇੰਡਸਟਰੀਅਲ ਕੱਟੇ ਉਨ੍ਹਾਂ ਨੂੰ ਦਿੱਤੇ ਜਾਣਗੇ ਜਿਹੜੇ ਲੇਬਰ ਕਾਲੋਨੀਜ਼ ਬਣਾਉਣਗੇ। ਇਹ ਬਹੁਤ ਚੰਗਾ ਫੈਸਲਾ ਲੇਬਰ ਕਾਲੋਨੀਜ਼ ਬਾਰੇ ਕੀਤਾ ਗਿਆ ਸੀ ਪਰ ਬਾਦਲ ਸਾਹਿਬ ਦੀ ਸਰਕਾਰ ਨੇ ਇਸ ਫੈਸਲੇ ਨੂੰ ਬਦਲ ਦਿੱਤਾ। ਡਿਪਟੀ ਸਪੀਕਰ ਸਾਹਿਬ, ਲੇਬਰ ਲਈ ਮਿਨੀਮਮ ਵੇਜਿਜ਼ ਸਰਕਾਰ ਵਲੋਂ ਮੁਕੱਰਰ ਕੀਤੇ ਗਏ ਹਨ। ਲੇਕਿਨ ਜਿਥੇ ਟਰੇਡ ਯੂਨੀਅਨਾਂ ਹਨ ਉਥੇ ਤਾਂ ਸ਼ਾਇਦ ਇਹ ਐਕਟ ਇੰਪਲੀਮੈਂਟ ਹੋ ਜਾਂਦਾ ਹੋਵੇਗਾ ਜਾਂ ਟਰੇਡ ਯੂਨੀਅਨਾਂ ਵਾਲੇ ਮਿਨੀਮਮ ਵੇਜਿਜ਼ ਮੁਕੱਰਰ ਕਰਵਾ ਲੈਂਦੇ ਹੋਣਗੇ ਪਰ ਛੋਟੇ ਛੋਟੇ ਕਾਰਖਾਨਿਆਂ ਵਿਚ ਜਿਥੇ ਕਿ ਮਜ਼ਦੂਰ ਕੰਮ ਕਰਦਾ ਹੈ ਅਤੇ ਟਰੇਡ ਯੂਨੀਅਨ ਨਹੀਂ ਹੈ ਉਥੇ ਮਿਨੀਮਮ ਵੇਜਿਜ਼ ਮੁਕੱਰਰ ਨਹੀਂ ਕੀਤੇ ਗਏ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਰਕਾਰ ਵਲੋਂ ਫਲਾਇੰਗ ਸਕੁਐਡ ਬਣਾਇਆ ਹੋਇਆ ਹੈ ਪ੍ਰੰਤੂ ਫਲਾਇੰਗ ਸਕੁਐਡ ਨੇ ਅੱਜ ਤਕ ਕੋਈ ਵੀ ਕੇਸ ਫੜ੍ਹ ਕੇ ਨਹੀਂ ਦਿੱਤਾ। ਜਿਥੇ ਵੀ ਫਲਾਇੰਗ ਸਕੁਐਡ ਨੇ ਜਾਣਾ ਹੁੰਦਾ ਹੈ ਉਥੇ ਇਨਫਰਮੇਸ਼ਨ ਪਹਿਲਾਂ ਹੀ ਪਹੁੰਚ ਜਾਂਦੀ ਹੈ ਅਤੇ ਫਿਰ ਰਿਪੋਰਟ ਵਿਚ ਸਭ ਕੁਝ ਠੀਕ ਠਾਕ ਕਰ ਦਿੱਤਾ ਜਾਂਦਾ ਹੈ। ਪਹਿਲੇ ਕਾਂਗਰਸ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਫਲਾਇੰਗ ਸਕੁਐਡ ਦੀ ਰਿਪੋਰਟ ਮੰਤਰੀ ਪਾਸ ਆਵੇ ਤਾਂ ਉਦੋਂ, ਡਿਪਟੀ ਸਪੀਕਰ ਸਾਹਿਬ, ਕੰਮ ਠੀਕ ਚਲਦਾ ਸੀ ਪਰ ਜਦੋਂ ਅਕਾਲੀ-ਜਨਤਾ ਸਰਕਾਰ ਆਈ ਤਾਂ ਇਸ ਫੈਸਲੇ ਨੂੰ ਬਦਲ ਦਿੱਤਾ ਗਿਆ ਅਤੇ ਇਕ ਕੇਸ ਵੀ ਫਲਾਇੰਗ ਸਕੁਐਡ ਨੇ ਨਹੀਂ ਫੜਿਆ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੇਬਰ ਲਾਅ ਬਣਿਆ ਹੋਇਆ ਹੈ ਲੇਕਿਨ ਅੱਜ ਜ਼ਰੂਰਤ ਹੈ ਕਿ ਲੇਬਰ ਲਾਅ ਨੂੰ ਸਖਤੀ ਦੇ ਨਾਲ ਲਾਗੂ ਕੀਤਾ ਜਾਵੇ। ਜੇਕਰ ਮਜ਼ਦੂਰ ਨੂੰ ਤੁਸੀਂ ਉੱਚਾ ਚੁੱਕਣਾ ਹੈ ਤਾਂ ਲੇਬਰ ਕੋਰਟਸ ਕਾਇਮ ਕਰੋ ਕਿਉਂਕਿ ਕੋਰਟਸ ਕੋਲ ਬਹੁਤ ਸਾਰੇ ਕੇਸ ਪੈਂਡਿੰਗ ਪਏ ਹੁੰਦੇ ਹਨ। ਉਨ੍ਹਾਂ ਕੋਲ ਬਹੁਤ ਜ਼ਿਆਦਾ ਕੰਮ ਪਹਿਲਾਂ ਹੀ ਹੁੰਦਾ ਹੈ, ਇਸ ਲਈ ਡਿਪਟੀ ਸਪੀਕਰ ਸਾਹਿਬ, ਹਰ ਜ਼ਿਲ੍ਹੇ ਵਿਚ ਲੇਬਰ ਕੋਰਟ ਬਣਾਈ ਜਾਵੇ। (ਇਸ ਸਮੇਂ ਮਾਈਕ ਬੰਦ ਸੀ) ਵਰਕਰਜ਼ ਨੂੰ ਪੂਰਾ ਇਨਸਾਫ ਮਿਲੇ। ਜੇਕਰ ਲੇਬਰ ਡਿਪਾਰਟਮੈਂਟ ਉਸ ਦੇ ਕੇਸ ਨੂੰ ਰਿਜੈਕਟ ਕਰ ਦਿੰਦਾ ਹੈ ਤਾਂ ਉਹ ਲੇਬਰ ਕੋਰਟਸ ਵਿਚ ਜਾ ਕੇ ਇਨਸਾਫ ਲੈ ਸਕੇ। ਇਸ ਵੇਲੇ ਇਕ ਇੰਡਸਟਰੀਅਲ ਟ੍ਰਿਬਿਊਨਲ ਹੈ, ਦੋ ਇੰਡਸਟਰੀਅਲ ਟ੍ਰਿਬਿਊਨਲ ਬਣਾਏ ਜਾਣ। ਮੈਂ, ਡਿਪਟੀ ਸਪੀਕਰ ਸਾਹਿਬ, ਬਾਹਰ ਘੁੰਮਿਆ ਹਾਂ ਅਤੇ ਬਾਹਰ ਜਾ ਕੇ ਦੇਖਿਆ ਹੈ ਕਿ ਲੇਬਰ ਲਈ ਪੰਚਾਇਤ ਭਵਨ ਜਾਂ ਲੇਬਰ ਹੋਸਟਲ ਬਣੇ ਹੋਏ ਹਨ ਪਰ ਸਾਡੇ ਪੰਜਾਬ ਵਿਚ ਕੋਈ ਵੀ ਲੇਬਰ ਹੋਸਟਲ ਨਹੀਂ ਹੈ ਜਿਥੇ ਕਿ ਮਜ਼ਦੂਰ ਰਹਿ ਸਕਣ। ਇਸ ਲਈ ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਜਾਂ ਚੰਡੀਗੜ੍ਹ ਵਿਚ ਲੇਬਰ ਹੋਸਟਲ ਬਣਾਉਣਾ ਚਾਹੀਦਾ ਹੈ ਤਾਕਿ ਪੰਜਾਬ, ਹਿਮਾਚਲ ਤੇ ਹਰਿਆਣੇ ਵਿਚੋਂ ਮਜ਼ਦੂਰ ਚੰਡੀਗੜ੍ਹ ਆ ਕੇ ਕੰਮ ਕਰਕੇ, ਇਥੇ ਹੋਸਟਲ ਵਿਚ ਠਹਿਰ ਸਕਣ ਅਤੇ ਮਜ਼ਦੂਰਾਂ ਨੂੰ ਵੀ ਇਸ ਗੱਲ ਦੀ ਸੁਵਿਧਾ ਮਿਲੇ।

ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਐਗਰੀਕਲਚਰਲ ਵਰਕਰਜ਼ ਦੇ ਜੋ ਵੇਜਿਜ਼ ਹਨ, ਇਸ ਦੀ ਇੰਪਲੀਮੈਂਟੇਸ਼ਨ ਦੇ ਸਾਧਨ ਨਹੀਂ ਹਨ। ਜਦੋਂ ਵੀ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਇਸ ਦੇ ਲਈ ਕੋਈ ਵੀ ਮਸ਼ੀਨਰੀ ਨਹੀਂ ਹੈ। ਕਾਂਗਰਸ ਸਰਕਾਰ ਨੇ ਫੈਸਲਾ ਕੀਤਾ ਸੀ ਕਿ 12 ਲੇਬਰ ਅਫਸਰ ਮੁਕੱਰਰ ਕੀਤੇ ਜਾਣ ਜੋ ਕਿ ਐਗਰੀਕਲਚਰ ਲੇਬਰ ਨੂੰ ਡੀਲ ਕਰਨ ਤਾਕਿ ਮਿਨੀਮਮ ਵੇਜਿਜ਼ ਦੇ ਕੇਸਾਂ ਦਾ ਛੇਤੀ ਨਿਪਟਾਰਾ ਹੋ ਸਕੇ ਅਤੇ ਇਹ ਅਫਸਰ ਐਗਰੀਕਲਚਰਲ ਲੇਬਰ ਦੇ ਮਿਨੀਮਮ ਵੇਜਿਜ਼ ਲਈ ਐਕਟ ਦੀ ਇੰਪਲੀਮੈਂਟੇਸ਼ਨ ਕਰਨਗੇ। ਇਸ ਲਈ,

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਜੇਕਰ ਮੈਂ ਗਲਤੀ ਨਹੀਂ ਕਰਦਾ ਤਾਂ ਸਾਰੇ ਸਰਕਾਰੀ ਅਫ਼ਸਰ ਸਿਲੈਕਟ ਹੋ ਗਏ ਸਨ। ਜਿਹੜੀ ਪਿਛੇ ਤਿੰਨ ਸਾਲ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਰਹੀ ਸੀ, ਜਿਸ ਨੂੰ ਮਜ਼ਦੂਰਾਂ ਦਾ ਜਾਂ ਗਰੀਬਾਂ ਦਾ ਖਿਆਲ ਨਹੀਂ ਸੀ, ਉਨ੍ਹਾਂ ਦੇ ਸਮੇਂ ਜੇਕਰ ਕਿਸੇ ਲੇਬਰ ਅਫ਼ਸਰ ਦੀ ਪਰਮੋਸ਼ਨ ਦੀ ਵਾਰੀ ਆਉਂਦੀ ਸੀ ਤਾਂ ਉਸ ਦੀ ਪਰਮੋਸ਼ਨ ਨਹੀਂ ਸੀ ਕੀਤੀ ਜਾਂਦੀ। ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਈ.ਐਸ.ਆਈ.. ਪ੍ਰੋਵੀਡੈਂਟ ਫੰਡ ਦਾ ਅਤੇ ਲੇਬਰ ਅਫ਼ਸਰ ਦਾ ਇਕੋ ਜਗ੍ਹਾ ਹੀ ਦਫਤਰ ਕਰਨਾ ਚਾਹੀਦਾ ਹੈ। ਇਸ ਵੇਲੇ ਲੇਬਰ ਅਫ਼ਸਰ ਕਿਤੇ ਹੋਰ ਬੈਠਾ ਹੈ ਅਤੇ ਪ੍ਰੋਵੀਡੈਂਟ ਫੰਡ ਦਾ ਦਫਤਰ ਕਿਤੇ ਹੋਰ ਹੈ ਅਤੇ ਈ.ਐਸ.ਆਈ. ਦਾ ਦਫਤਰ ਕਿਤੇ ਹੋਰ ਜਗ੍ਹਾ ਹੈ ਅਤੇ ਇਹ ਤਿੰਨ ਦਫ਼ਤਰ ਕਿਰਾਏ ਦੀਆਂ ਬਿਲਡਿੰਗਾਂ ਵਿਚ ਹਨ। ਮੈਂ ਆਪਣੀ ਸਰਕਾਰ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜੇਕਰ ਇਹ ਤਿੰਨੇ ਦਫਤਰ ਇੱਕੋ ਜਗ੍ਹਾ ਹੋਣ ਤਾਂ ਠੀਕ ਹੈ। ਇਸ ਨਾਲ ਮਜ਼ਦੂਰਾਂ ਨੂੰ ਪਰੇਸ਼ਾਨੀ ਨਹੀਂ ਹੋਵੇਗੀ। ਬੇਸ਼ਕ ਇਹ ਦਫਤਰ ਇੰਡਸਟਰੀਅਲ ਏਰੀਏ ਦੇ ਨਜ਼ਦੀਕ ਹੋਣ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁਦਾ ਹਾਂ ਕਿ ਪੰਜਾਬ ਦੇ ਅੰਦਰ ਚਾਹੇ ਮੁਲਾਜ਼ਮ ਹੋਣ ਜਾਂ ਹੋਰ ਦੂਜੀਆਂ ਸ਼੍ਰੇਣੀਆਂ ਦੇ ਲੋਕ ਹੋਣ ਉਨ੍ਹਾਂ ਲਈ ਸਿਕਿਉਰਟੀ ਆਫ ਸਰਵਿਸ ਦੇ ਕਾਨੂੰਨ ਤਾਂ ਹਨ ਪਰ ਮਜ਼ਦੂਰਾਂ ਲਈ ਇਹ ਚੀਜ਼ ਨਹੀਂ ਹੈ। ਇੰਡਸਟਰੀਅਲ ਵਰਗ ਇਕ ਅਜਿਹਾ ਵਰਗ ਹੈ ਜਿਸ ਦੇ ਵਰਕਰਾਂ ਲਈ ਸਿਕਿਉਰਟੀ ਆਫ ਸਰਵਿਸ ਦਾ ਕਾਨੂੰਨ ਕੋਈ ਨਹੀਂ ਹੈ। ਫੈਕਟਰੀ ਐਕਟ ਜੋ ਹੈ, ਉਹ ਕਮਜ਼ੋਰ ਹੈ ਅੱਜ ਪੂਰੀ ਤਰ੍ਹਾਂ ਨਾਲ ਉਨ੍ਹਾਂ ਨੂੰ ਸਪੋਰਟ ਨਹੀਂ ਕਰਦਾ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀਅਲ ਵਰਕਰਾਂ ਲਈ ਇਕ ਕਾਨੂੰਨ ਬਣਾਉਣਾ ਚਾਹੀਦਾ ਹੈ ਤਾਂ ਕਿ ਮਜ਼ਦੂਰ ਜੋ ਕਿ ਮਸ਼ੀਨਾਂ ਤੇ ਖੜਾ ਹੋ ਕੇ ਆਪਣੇ ਖੂਨ ਪਸੀਨੇ ਦੀ ਕਮਾਈ ਕਰਦਾ ਹੈ ਅੱਜ ਇਸ ਤਰ੍ਹਾਂ ਕਰਦਾ ਹੋਇਆ ਉਹ ਟੀ.ਬੀ ਦੀ ਬੀਮਾਰੀ ਦੇ ਨਜ਼ਦੀਕ ਪਹੁੰਚ ਜਾਂਦਾ ਹੈ, ਇਸ ਲਈ ਉਸ ਦੀ ਸਰਵਿਸ ਲਈ ਸਿਕਿਉਰਟੀ ਦਾ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡੀ ਵਸ਼ਾਤ ਨਾਲ ਮੈਂ ਇਹ ਗੁਜ਼ਾਰਿਸ਼ ਕਰਨੀ ਚਾਹੁਦਾ ਹਾਂ ਕਿ ਇਕ ਹੀ ਫੈਕਟਰੀ ਹੁੰਦੀ ਹੈ ਇਕ ਹੀ ਮਸ਼ੀਨਰੀ ਹੁੰਦੀ ਹੈ ਅੱਤੇ ਇਕ ਹੀ ਇਲੈਕਟ੍ਰਿਕ ਦਾ ਕੁਨੈਕਸ਼ਨ ਹੁੰਦਾ ਹੈ ਲੇਕਿਨ ਲੇਬਰ ਡਿਪਾਰਟਮੈਂਟ ਵੱਲੋਂ ਇਕ ਹੀ ਮਸ਼ੀਨਰੀ ਲਈ, ਇਕ ਹੀ ਮਾਲਕ ਲਈ, ਇਕ ਹੀ ਬਿਜਲੀ ਦੇ ਕੁਨੈਕਸ਼ਨ ਲਈ ਮਜ਼ਦੂਰਾਂ ਦਾ ਦੋ ਦੋ ਫੈਕਟਰੀਆਂ ਵਿਚ ਨਾ ਲਿਖਿਆ ਹੁੰਦਾ ਹੈ। ਜਦੋਂ ਮਜ਼ਦੂਰ ਨੂੰ ਕੱਢ ਦਿੱਤਾ ਜਾਂਦਾ ਹੈ ਤਾਂ ਮਾਲਕ ਕਹਿੰਦਾ ਹੈ ਕਿ ਉਹ ਮਜ਼ਦੂਰ ਉਸ ਦੀ ਫੈਕਟਰੀ ਵਿਚ ਕੰਮ ਨਹੀਂ ਕਰਦਾ ਹੈ। ਇਕ ਹੀ ਬਿਲਡਿੰਗ ਵਿਚ, ਇਕ ਹੀ ਮਸ਼ੀਨਰੀ ਲਈ, ਇਕ ਹੀ ਲਈ, ਇਕ ਹੀ ਇੰਡਸਟਰੀ ਲਈ ਇਕ ਹੀ ਲਾਈਸੈਂਸ ਦੇਣਾ ਚਾਹੀਦਾ ਹੈ ਤਾਂ ਕਿ ਅਨ ਫੇਅਰ ਲੇਬਰ ਪ੍ਰੈਕਟਿਸ ਸ਼ੁਰੂ ਨਾ ਹੋਏ ਜਿਸ ਦੇ ਨਾਲ ਲੇਬਰ ਦਾ ਨੁਕਸਾਨ ਹੋਏ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਈ.ਐਸ.ਆਈ. ਹਸਪਤਾਲਾਂ ਦੀ ਹਾਲਤ ਬਾਰੇ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਹਸਪਤਾਲਾਂ ਦੀ ਬਹੁਤ ਬਰੀ ਹਾਲਤ ਹੈ। ਉਥੇ ਕੋਈ ਦਵਾਈ ਨਹੀਂ ਹੈ। ਦੋ ਸਾਲ ਤਕ ਈ.ਐਸ. ਆਈ. ਦਾ ਜੋ ਐਡਵਾਇਜ਼ਰੀ ਬੋਰਡ ਬਣਿਆ ਹੋਇਆ ਸੀ, ਉਸ ਐਡਵਾਇਜ਼ਰੀ ਬੋਰਡ ਦੀ, ਜਿਸ ਵਿਚ ਕਿ ਇੰਪਲਾਈਜ਼ ਦੇ ਨੁਮਾਇੰਦੇ ਵੀ ਹੁੰਦੇ ਹਨ, ਮਿਆਦ ਖਤਮ ਹੋ ਗਈ ਸੀ। ਅਕਾਲੀ-ਜਨਤਾ ਸਰਕਾਰ ਨੂੰ ਫੁਰਸਤ ਨਹੀਂ ਮਿਲੀ ਕਿ ਮੁੜ ਕੇ ਉਸ ਐਡਵਾਇਜ਼ਰੀ ਬੋਰਡ ਨੂੰ ਬਣਾਇਆ ਜਾਏ। ਫਿਰ ਜਦੋਂ ਅਸੀਂ ਸ਼ੋਰ ਪਾਇਆ ਤਾਂ ਇਕ ਸਾਲ ਬਾਅਦ ਬੋਰਡ ਬਣਾਇਆ ਗਿਆ। ਫਿਰ ਉਸ ਦੇ ਬਾਅਦ ਵੀ ਬਾਦਲ ਸਰਕਾਰ ਨੂੰ ਫੁਰਸਤ ਨਹੀਂ ਮਿਲੀ ਕਿ ਬੋਰਡ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੇਵਾ ਰਾਮ]

ਦੀ ਮੀਟਿੰਗ ਬੁਲਾਈ ਜਾਏ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਈ. ਐਸ.ਆਈ. ਬੋਰਡ ਦੇ ਚੇਅਰਮੈਨ ਵੀ ਹਨ। ਇਨ੍ਹਾਂ ਨੂੰ ਇਸ ਬੋਰਡ ਦੀ ਮੀਟਿੰਗ ਬੁਲਾਉਣੀ ਚਾਹੀਦੀ ਹੈ ਅਤੇ ਹੋਰ ਜਿਹੜੀਆਂ ਕਮੇਟੀਆਂ ਬਣਨੀਆਂ ਹਨ ਉਹ ਕੰਸਟੀਚਿਊਟ ਕਰਨੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਵਿਚ ਸਰਕਾਰ ਦੀ ਨੀਤੀ ਦੇ ਮੁਤਾਬਿਕ ਮਜ਼ਦੂਰਾਂ ਦੇ ਅਤੇ ਹੋਰ ਮੁਲਾਜ਼ਮਾ ਦੇ ਨੁਮਾਇੰਦੇ ਲੈਣੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਈ.ਐਸ.ਆਈ. ਹਸਪਤਾਲਾਂ ਲਈ ਤਿੰਨ ਚਾਰ ਜਗ੍ਹਾ ਦਿੱਤੇ ਫੰਡਜ਼ ਤੇ ਗਏ ਹਨ। ਸੈਂਟਰਲ ਗੌਰਮਿੰਟ ਵੀ ਹਸਪਤਾਲਾਂ ਲਈ ਪੈਸਾ ਦਿੰਦੀ ਹੈ। ਤਿੰਨ ਚਾਰ ਜਗ੍ਹਾ ਪਲਾਂਟਸ ਖਰੀਦੇ ਜਾ ਚੁਕੇ ਹਨ ਪਰ ਬਿਲਡਿੰਗਾਂ ਨਹੀਂ ਬਣੀਆਂ ਹਨ। ਜਦੋਂ ਪੀ.ਡਬਲਿਊ. ਡੀ. ਨੂੰ ਉਥੇ ਬਿਲਡਿੰਗਾਂ ਬਣਾਉਣ ਲਈ ਲਿਖਿਆ ਜਾਂਦਾ ਹੈ ਤਾਂ ਉਹ ਜਵਾਬ ਦਿੰਦੇ ਹਨ ਕਿ ਉਨ੍ਹਾਂ ਕੋਲ ਇਸ ਕੰਮ ਲਈ ਕੋਈ ਟਾਈਮ ਨਹੀਂ ਹੈ। ਈ.ਐਸ.ਆਈ. ਨੂੰ ਕਿਹਾ ਗਿਆ ਹੈ ਕਿ ਉਹ ਆਪਣੀ ਮਸ਼ੀਨਰੀ ਵਗੈਰਾ ਬਣਾ ਲੈਣ ਲੇਕਿਨ ਉਸ ਫੈਸਲੇ ਨੂੰ ਬਦਲ ਦਿੱਤਾ ਗਿਆ। ਇਕ ਪਲਾਂਟ ਜੋ ਕਿ ਖੰਨਾ ਦੇ ਵਾਸਤੇ ਦਿੱਤਾ ਗਿਆ ਸੀ, ਉਥੇ ਦੀ ਬਿਲਡਿੰਗ ਦੇ ਵਾਸਤੇ ਪੰਜਾਬ ਸਰਕਾਰ ਕੋਲ ਪੈਸੇ ਡਿਪਾਜ਼ਿਟ ਹਨ। ਉਥੇ ਇਕ ਪੈਟਰੋਲ ਪੰਪ ਲਗ ਚੁੱਕਾ ਹੈ। ਇਸ ਬਾਰੇ ਸਰਕਾਰ ਨੂੰ ਵੀ ਲਿਖਿਆ ਜਾ ਚੁੱਕਾ ਹੈ ਕਿ ਜਿਥੇ ਪਿਛੇ ਹਸਪਤਾਲ ਹੋਵੇਗਾ ਉਥੇ ਅੱਗੇ ਪੈਟਰੋਲ ਪੰਪ ਲਗਣ ਨਾਲ ਕਾਫੀ ਸ਼ੋਰ ਸ਼ਰਾਬਾ ਰਹੇਗਾ ਜੋ ਕਿ ਠੀਕ ਨਹੀਂ ਹੈ। ਹਰਿਆਣਾ ਵਾਲਿਆਂ ਨੂੰ ਜੋ ਈ. ਐਸ. ਆਈ ਲਈ ਰੁਪਿਆ ਮਿਲਿਆ ਸੀ, ਉਹ ਯੂਟੇਲਾਈਜ਼ ਕਰ ਲਿਆ ਹੈ ਲੇਕਿਨ ਪੰਜਾਬ ਵਿਚ ਪਿਛਲੀ ਅਕਾਲੀ-ਜਨਤਾ ਸਰਕਾਰ ਦੀ ਵਜ੍ਹਾ ਕਰਕੇ ਰੁਪਿਆ ਲੈਪਸ ਹੋ ਗਿਆ।

ਪ੍ਰੋਫੈਸਰ ਬਲਵੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ਼੍ਰੀ ਡਿਪਟੀ ਸਪੀਕਰ : ਪਹਿਲਾ ਇਨ੍ਹਾਂ ਨੂੰ ਖਤਮ ਕਰ ਲੈਣ ਦਿਓ। ਸ਼੍ਰੀ ਸੇਵਾ ਰਾਮ ਜੀ, ਤੁਸੀਂ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

ਸ਼੍ਰੀ ਸੇਵਾ ਰਾਮ : ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇੰਡਸਟਰੀਅਲ ਹਾਊਸਿਜ਼ ਵਿਚ ਸੀਵਰੇਜ ਨਹੀਂ ਹੈ। ਕਿੰਨੀ ਬਦਕਿਸਮਤੀ ਦੀ ਗਲ ਹੈ ਕਿ ਮਜ਼ਦੂਰਾ ਲਈ ਕਾਲੋਨੀਆਂ ਬਣਨ ਪਰ ਉਥੇ ਸੀਵਰੇਜ ਸਿਸਟਮ ਨਾ ਹੋਵੇ ? ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਵਜਾਰਤ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀਅਲ ਬਸਤੀਆਂ ਵਿਚ ਸੀਵਰੇਜ ਦਾ ਪ੍ਰਬੰਧ ਜ਼ਰੂਰੀ ਹੋਣਾ ਚਾਹੀਦਾ ਹੈ। ਸੀਵਰੇਜ ਨਾ ਹੋਣ ਕਰਕੇ ਮੈਂ ਉਥੇ ਦੇਖਿਆ ਹੈ ਕਿ ਉਥੇ ਬਦਬੂ ਆਉਂਦੀ ਹੈ ਅੱਤ ਹਰ ਇਕ ਨੂੰ ਇਹ ਇਸ ਤਰ੍ਹਾਂ ਲਗਦਾ ਹੈ ਕਿ ਉਥੇ ਮਜ਼ਦੂਰਾਂ ਦੀਆਂ ਬਸਤੀਆਂ ਹੀ ਹਨ।

ਡਿਪਟੀ ਸਪੀਕਰ ਸਾਹਿਬ, ਰੁਜ਼ਗਾਰ ਦੀ ਹਾਲਤ ਪਿਛਲੇ ਦੋ ਤਿੰਨ ਸਾਲਾਂ ਵਿਚ ਅੱਛੀ ਨਹੀਂ ਰਹੀ ਹੈ। ਇਸ ਸਬੰਧ ਵਿਚ ਮੇਰੇ ਕੋਲ ਕਈ ਇਨਸਟਾਂਸਿਜ਼ ਹਨ। ਪਿਛਲੇ ਦੋ ਤਿੰਨ ਸਾਲਾਂ ਵਿੱਚ ਇਸ ਸਬੰਧੀ ਫੇਵਰੇਟਿਜ਼ਮ ਐਂਡ ਨੈਪੋਟਿਜ਼ਮ ਹੀ ਚਲਦੀ ਰਹੀ ਹੈ। ਮੈਨੂੰ ਖੁਸ਼ੀ ਹੈ ਕਿ ਪੰਜਾਬ ਵਿੱਚ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਮਜ਼ਦੂਰਾ ਨੂੰ ਪੰਜਾਬ ਦੇ ਗਰੀਬਾਂ ਨੂੰ ਉਪਰ ਚੁਕਣ ਲਈ ਪੰਜਾਬ ਦੇ ਲੇਬਰ ਡਿਪਾਰਟਮੈਂਟ ਨੂੰ ਫਿਰ ਨਵੇਂ ਢੰਗ ਨਾਲ ਆਰਗੇਨਾਈਜ਼ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਵਿਚ ਜੋ ਲੇਬਰ ਮਨਿਸਟਰ ਬਣਾਇਆ ਗਿਆ ਹੈ, ਉਸ ਦਾ ਸਬੰਧ

Original with;
Punjab Vidhan Sabha
Digitized by;
Panjab Digital Library

ਗਰੀਬ ਘਰਾਣੇ ਨਾਲ ਹੈ ਅੱਰ ਉਹ ਮਜ਼ਦੂਰਾਂ ਦੀਆਂ ਤਕਲੀਫਾਂ ਨੂੰ ਸਮਝਦਾ ਹੈ। ਕਿਉਂਕਿ ਸਰਦਾਰ ਦਰਬਾਰਾ ਸਿੰਘ ਜੀ ਖੁਦ ਇਕ ਵਰਕਰ ਹਨ, ਇਸ ਲਈ ਇਨ੍ਹਾਂ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਲੇਬਰ ਡਿਪਾਰਟਮੈਂਟ ਦੀ ਕਾਰਕਰਦਗੀ ਨੂੰ ਬਿਹਤਰ ਬਣਾਇਆ ਜਾਏ, ਪਿਛਲਾ ਸਟੇਟਸਕੋ ਬਹਾਲ ਕੀਤਾ ਜਾਏ ਤਾ ਕਿ ਮਜ਼ਦੂਰਾਂ ਦੇ ਮਸਲੇ ਹੱਲ ਹੋ ਸਕਣ । ਧੰਨਵਾਦ ।

ਕਾਮਰੇਡ ਸੱਘੜ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਲੇਬਰ ਦੇ ਬਾਰੇ ਵਿਚ ਮੈਨੂੰ ਬੋਲਣ ਲਈ ਜੋ ਤੁਸੀਂ ਸਮਾਂ ਦਿੱਤਾ ਹੈ, ਉਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ । ਜਿਥੋਂ ਤਕ ਲੇਬਰ ਦੀ ਭਲਾਈ ਦਾ ਸਵਾਲ ਹੈ, ਇਸ ਸਬੰਧ ਵਿਚ ਟਰੈਜ਼ਰੀ ਬੈਂਚਾਂ ਤੋਂ ਕਾਫੀ ਸਾਥੀਆਂ ਨੇ ਲੈਕਚਰ ਕੀਤੇ। ਪਰ ਹਕੀਕਤ ਕੀ ਹੈ, ਇਸ ਬਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਪਿੰਡਾਂ ਵਿਚ ਰਹਿਣ ਵਾਲੀ ਲੇਬਰ ਹੈ । ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਾਂਗੇ । ਦਿਹਾੜੀ-ਦਾਰ ਨੂੰ ਦਿਹਾੜੀ ਦਿਵਾਉਣ ਦਾ ਯਤਨ ਕੀਤਾ ਜਾਏਗਾ । ਇਹ ਇਨ੍ਹਾਂ ਦੇ ਲੈਕਚਰ ਯਤਨਸ਼ੀਲ ਰਹਿਣਗੇ ਕਿਉਂਕਿ ਅੱਜ ਤਕ ਇਨ੍ਹਾਂ ਨੇ ਸਦਨ ਨੂੰ ਮਿਸਲੀਡ ਹੀ ਕੀਤਾ ਹੈ । ਇਥੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਇਨ੍ਹਾਂ ਵਲੋਂ ਕਿਹਾ ਗਿਆ ਸੀ ਕਿ ਐਗਰੀਕਲਚਰ ਦੇ 12 ਅਫ਼ਸਰ ਲਗਾ ਦਿੱਤੇ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਕ ਵੀ ਅਫਸਰ ਨਹੀਂ ਲਗਿਆ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨ ਦਾ ਸਵਾਲ ਤਾਂ ਇਕ ਪਾਸੇ ਰਿਹਾ । ਚਾਹੇ ਕਿਸੇ ਦਾ ਹੱਥ ਕਟਿਆ ਜਾਏ ਜਾਂ ਕੋਈ ਹੋਰ ਅੰਗ ਕਟਿਆ ਜਾਵੇ ਪਰ ਕੋਈ ਸੰਜੀਦਗੀ ਨਾਲ ਉਸ ਵਲ ਖਿਆਲ ਨਹੀਂ ਕੀਤਾ ਜਾਂਦਾ ਭਾਵੇਂ ਹਾਉਸ ਵਿਚ ਇਹ ਬੜਾ ਦਾਅਵਾ ਕਰਦੇ ਹਨ ਕਿ ਉਸ ਲਈ ਫੰਡਜ਼ ਰਖੇ ਗਏ ਹਨ ।

ਡਿਪਟੀ ਸਪੀਕਰ ਸਾਹਿਬ, ਲੇਬਰ ਡਿਪਾਰਟਮੈਂਟ ਵਿਚ ਲੇਬਰ ਕਮਿਸ਼ਨਰ ਅਜੇ ਤਕ ਲੇਬਰ ਡਿਪਾ◦ਟਮੈਂਟ ਵਿਚੋਂ ਨਹੀਂ ਲਿਆ ਗਿਆ । ਇਸ ਲਈ ਇਨ੍ਹਾਂ ਨੂੰ ਲੇਬਰ ਡਿਪਾਰਟਮੈਂਟ ਦੇ ਕਾਨੂੰਨਾਂ ਤੋਂ ਕੋਈ ਵਾਕਫੀਅਤ ਨਹੀਂ ਹੁੰਦੀ, ਨਾ ਹੀ ਇਹ ਉਨ੍ਹਾਂ ਦੇ ਝਗੜੇ ਸਮਝ ਸਕਦੇ ਹਨ ਅੱਰ ਉਨ੍ਹਾਂ ਨੂੰ ਸੰਜੀਦਗੀ ਨਾਲ ਹੱਲ ਕਰਨ ਵਿਚ ਮਦਦਗਾਰ ਹੋ ਸਕਦੇ ਹਨ।

ਇਨ੍ਹਾਂ ਨੇ ਲੇਬਰ ਡਿਪਾਰਟਮੈਂਟ ਨੂੰ ਇਕੋ ਜਗ੍ਹਾ ਇੱਕਠਾ ਕਰ ਕੇ ਰੱਖਿਆ ਹੋਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਡਿਪਾਰਟਮੈਂਟ ਨੂੰ ਜ਼ਿਲ੍ਹਾ ਹੈਡਕੁਆਰਟਰਜ਼ ਤੇ ਡੀਸੈਂਟਰੇਲਾਈਜ਼ ਕੀਤਾ ਜਾਵੇ ਜਿਸ ਤਰ੍ਹਾਂ ਮਹਾਰਾਸ਼ਟਰ ਅਤੇ ਗੁਜਰਾਤ ਵਿਚ ਕੀਤਾ ਗਿਆ ਹੈ। ਜਦੋਂ ਤਕ ਡਿਪਟੀ ਲੇਬਰ ਕਮਿਸ਼ਨਰ ਇਕੱਲੇ ਇਕੱਲੇ ਡਵੀਜ਼ਨ ਵਿੱਚ ਨਹੀਂ ਲਾਏ ਜਾਂਦੇ ਉਦੋਂ ਤਕ ਇਹ ਮਸਲਾ ਹੱਲ ਨਹੀਂ ਹੋਣਾ । ਇਸ ਤਰ੍ਹਾਂ ਕੀਤਾ ਜਾ ਸਕਦਾ ਹੈ ਅਤੇ ਇਸ ਵਾਸਤੇ ਬਹੁਤੇ ਪੈਸੇ ਦੀ ਵੀ ਲੋੜ ਨਹੀਂ ਹੈ। ਇੰਡਸਟਰੀਅਲ ਡਿਸਪਿਊਟਸ ਵਾਸਤੇ ਸਰਕਾਰ ਨੇ ਵੱਖਰੇ ਵੱਖਰੇ ਕਾਨੂੰਨ ਬਣਾਏ ਹੋਏ ਹਨ ਪਰ ਕੀ ਉਨ੍ਹਾਂ ਕਾਨੂੰਨਾਂ ਦੀ ਕੋਈ ਪਾਲਣਾ ਹੁੰਦੀ ਹੈ ? ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਕਾਨੂੰਨਾਂ ਦੀ ਕੋਈ ਪਾਲਣਾ ਨਹੀਂ ਹੁੰਦੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਕਾਨੂੰਨ 25 ਫੀਸਦੀ ਵੀ ਲਾਗੂ ਹੋ ਜਾਣ ਤਾਂ ਫਿਰ ਕਿਸੇ ਕਿਸਮ ਦੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਹੜਤਾਲ ਨਹੀਂ ਹੋਵੇਗੀ ਅਤੇ ਇੰਡਸਟਰੀਅਲ ਪੀਸ ਡਿਸਟਰਬ ਨਹੀਂ ਹੋਵੇਗੀ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀਆਂ ਉਥੇ ਹਿੱਸੇ ਪੱਤੀਆਂ ਪਈਆਂ ਹੁੰਦੀਆਂ ਹਨ, ਜਿਸ ਕਰਕੇ ਇਹ ਕੋਈ ਕਾਰਵਾਈ ਨਹੀਂ ਕਰਦੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਲੇਬਰ ਮਹਿਕਮੇਂ ਦਾ ਨਾਮ ਬਦਲ ਕੇ ਐਂਟੀ ਲੇਬਰ ਮਹਿਕਮਾ ਰੱਖ ਦੇਣਾ ਚਾਹੀਦਾ ਹੈ । ਇਨ੍ਹਾਂ ਨੇ ਕਦੇ ਕੋਈ ਲੇਬਰ ਦੇ ਹੱਕ ਦੀ ਗੱਲ ਨਹੀਂ ਕੀਤੀ। ਵਰਕਰਾਂ ਨੂੰ ਖੱਜਲ ਨਹੀਂ ਕੀਤਾ ਜਾਂਦਾ। ਕਾਨੂੰਨ ਬਣੇ ਹੋਏ ਹਨ ਪਰ ਲਾਗੂ ਨਹੀਂ ਕੀਤੇ ਜਾਂਦੇ । ਕਾਨੂੰਨਾਂ ਨੂੰ ਲਾਗੂ ਕਰਾਉਣ ਵਾਸਤੇ ਜੇ ਲੇਬਰ ਆਪਣੀ ਆਵਾਜ਼ ਉਠਾਉਂਦੀ ਹੈ ਭਾਵੇਂ ਉਹ ਹੋਮ ਮਨਿਸਟਰ ਗਿਆਨੀ ਜ਼ੈਲ ਸਿੰਘ ਦੇ ਹਲਕੇ ਵਿਚ ਸੰਧੂਆਂ ਦੀ ਫੈਕਟਰੀ ਹੋਵੇ ਅਤੇ ਭਾਵੇਂ ਮਹਾਰਾਜਾ ਪਟਿਆਲਾ ਦੀ ਰਾਜਪੁਰੇ ਵਿਚ ਫੈਕਟਰੀ ਹੋਵੇ ਜੇ ਲੇਬਰ ਕੋਈ ਆਵਾਜ਼ ਉਠਾਉਂਦੀ ਹੈ ਤਾਂ ਉਨ੍ਹਾਂ ਨੂੰ ਗੋਲੀਆਂ ਨਾਲ ਮਾਰਿਆ ਜਾਂਦਾ ਹੈ। ਪੁਲਿਸ ਵਾਲੇ ਆਪਣੀ ਮਨ ਮਰਜ਼ੀ ਕਰਦੇ ਹਨ । ਕੋਈ ਪੁੱਛਣ ਵਾਲਾ ਨਹੀਂ ਹੈ । ਲੇਬਰ ਦੇ ਖੂਨ ਨਾਲ ਹੋਲੀ ਖੇਡੀ ਜਾਂਦੀ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਸ ਵਿੱਚ ਹਿੱਸਾ ਪਤੀ ਹੁੰਦੀ ਹੈ ਜਿਸ ਕਰ ਕੇ ਮਿਲ ਮਾਲਕਾਂ ਅਤੇ ਫੈਕਟਰੀਆਂ ਦੇ ਮਾਲਿਕਾਂ ਨੂੰ ਕੁਝ ਨਹੀਂ ਕਿਹਾ ਜਾਂਦਾ । ਉਹ ਆਪਣੀ ਮਨ ਮਰਜ਼ੀ ਕਰਦੇ ਪਏ ਹਨ। ਕੋਈ ਪੁਛੱਣ ਵਾਲਾ ਨਹੀਂ ਹੈ । ਇਹ ਫੈਕਟਰੀਆਂ ਦੇ ਮਾਲਕਾਂ ਨੂੰ ਆਪ ਕਹਿੰਦੇ ਹਨ ਕਿ ਐਸ਼ ਕਰੋ । (ਵਿਘਨ)ਸ਼ੈਲਰਾਂ ਵਿਚ 24 ਘੰਟੇ ਕੰਮ ਚਲਦਾ ਰਹਿੰਦਾ ਹੈ। ਕਦੇ ਉਨ੍ਹਾਂ ਦਾ ਕੋਈ ਚਲਾਨ ਨਹੀਂ ਹੋਇਆ । ਵਰਕਰਾਂ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ । ਇਹ ਸਮਝਦੇ ਹਨ ਕਿ ਸਰਕਾਰੀ ਦਫਤਰ ਮਿਲੇ ਹੋਏ ਹਨ, ਟੈਲੀਫੋਨ ਮਿਲੇ ਹੋਏ ਹਨ, ਕੋਠੀ ਮਿਲੀ ਹੋਈ ਹੈ ਅਤੇ ਝੰਡੀ ਮਿਲੀ ਹੋਈ ਹੈ, ਇਸ ਕਰਕੇ ਕੰਮ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ। ਇਹ ਐਸ਼ ਕਰ ਰਹੇ ਹਨ ।

Mr. Deputy Speaker: Please try to wind up.

ਪ੍ਰੋਫੈਸਰ ਬਲਵੰਤ ਸਿੰਘ : ਮੇਰਾ ਹਾਲਾਂ ਟਾਈਮ ਨਹੀਂ ਹੋਇਆ । ਜਦ ਟਾਈਮ ਹੋ ਗਿਆ ਤਾਂ ਮੈਂ ਬੋਲਣ ਤੋਂ ਆਪੇ ਹੱਟ ਜਾਵਾਂਗਾ । ਇਹ ਜਿਹੜੀ ਫਲਾਇੰਗ ਸਕੁਐਡ ਦੀ ਗਲ ਕੀਤੀ ਗਈ ਹੈ ਕੀ ਕਦੇ ਇਨ੍ਹਾਂ ਦੇ ਫਲਾਇੰਗ ਸਕੁਐਡ ਨੇ ਛਾਪੇ ਮਾਰੇ ਹਨ ? ਫੈਕਟਰੀਆਂ ਵਿਚ 30–30 ਰੁਪਏ ਮਹੀਨੇ ਦੀ ਵੇਜਿਜ਼ ਤੇ ਬੱਚੇ ਰੱਖੇ ਹੋਏ ਹਨ ਪਰ ਉਨ੍ਹਾਂ ਬਾਰੇ ਕੋਈ ਰਿਕਾਰਡ ਨਹੀਂ ਹੈ। ਕੇਵਲ ਕਾਗਜ਼ੀ ਪੜ-ਤਾਲ ਕਰ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ।

ਜਿਥੋਂ ਤੱਕ ਕੋਰਟਾਂ ਦੀ ਗੱਲ ਕੀਤੀ ਗਈ ਹੈ ਕਿ ਉਹ ਲੇਬਰ ਦਾ ਭਲਾ ਕਰਨਗੀਆਂ, ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ 12–12 ਸਾਲ ਕੇਸ ਨਹੀਂ ਨਿਬੜਦੇ। ਪਹਿਲਾਂ ਕੇਸ ਲੇਬਰ ਇਨ-ਸਪੈਕਟਰ ਕੋਲ ਜਾਂਦਾ ਹੈ, ਫਿਰ ਲੇਬਰ ਅਫਸਰ ਕੋਲ ਜਾਂਦਾ ਹੈ, ਉਸ ਦੇ ਬਾਅਦ ਕੇਸ ਲੇਬਰ ਕਨਸੀ-ਲੀਏਸ਼ਨ ਅਫਸਰ ਕੋਲ ਜਾਂਦਾ ਹੈ ਅਤੇ ਫਿਰ ਲੇਬਰ ਕਮਿਸ਼ਨਰ ਨੂੰ ਕੇਸ ਰੈਫਰ ਹੋ ਜਾਂਦਾ ਹੈ। ਕੋਰਟ ਮੰਨ ਲੈਂਦੀ ਹੈ ਅਤੇ ਡਿਗਰੀ ਕਰ ਦਿੰਦੀ ਹੈ । ਰਿਕਵਰੀ ਵਾਸਤੇ ਆਰਡਰ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਕੇਸ ਤਹਿਸੀਲਦਾਰ ਕੋਲ ਚਲਾ ਜਾਂਦਾ ਹੈ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਇਤਨਾ ਲੰਬਾ ਪ੍ਰਾਸੈਸ ਹੈ ਕਿ 12–12 ਸਾਲ ਲੰਘ ਜਾਂਦੇ ਹਨ ਪਰ ਬਣਦਾ ਕੁਝ ਨਹੀਂ। (ਵਿਘਨ) ਇਹ ਇਤਨਾ ਬੜਾ ਭਾਰ ਹੈ ਕਿ ਮੇਰਾ ਖਿਆਲ ਹੈ ਕਿ ਸਾਡੇ ਮਨਿਸਟਰ ਸਾਹਿਬ ਇਸ ਐਡੇ ਭਾਰ ਨੂੰ ਚੁੱਕ ਨਹੀਂ ਸਕਣਗੇ । (ਵਿਘਨ)

ਫਿਰ ਇਥੇ ਵਰਕਮੈਨ ਕੰਪਨਸੇਸ਼ਨ ਐਕਟ ਦੀ, ਡਿਪਟੀ ਸਪੀਕਰ ਸਾਹਿਬ, ਗੱਲ ਕੀਤੀ ਗਈ ਹੈ। ਜਿਹੜੀਆਂ ਫੈਕਟਰੀਆਂ ਵਿਚ ਭੈਣਾਂ ਕੰਮ ਕਰਦੀਆਂ ਹਨ ਉਨ੍ਹਾਂ ਬਾਰੇ ਮੈਟਰਨਿਟੀ ਬੈਨਿਫਿਟ ਐਕਟ ਇੰਪਲੀਮੈਂਟ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਮੈਟਰਨਿਟੀ ਬੈਨਿਫਿਟ ਮਿਲਣੇ ਚਾਹੀਦੇ ਹਨ। ਇਹ ਐਕਟ

Original with;
Punjab Vidhan Sabha
Digitized by;
Panjab Digital Library

ਉਥੇ ਲਾਗੂ ਹੋਣਾ ਚਾਹੀਦਾ ਹੈ, ਪਰ ਇਸ ਬਾਰੇ ਇਸ ਸਰਕਾਰ ਨੇ ਕਦੇ ਨਹੀਂ ਸੋਚਿਆ । ਜਿਹੜੀਆਂ ਭੈਣਾਂ ਉਥੇ ਕੰਮ ਕਰਦੀਆਂ ਹਨ, ਕੀ ਉਨ੍ਹਾਂ ਵਾਸਤੇ ਉਥੇ ਕੋਈ ਕਮਰਿਆਂ ਦਾ ਇੰਤਜ਼ਾਮ ਕੀਤਾ ਹੈ ਜਿਥੇ ਕਿ ਉਹ ਆਪਣੇ ਬੱਚਿਆਂ ਨੂੰ ਦੁੱਧ ਪਿਲਾ ਸਕਣ ? ਉਨ੍ਹਾਂ ਲਈ ਕੋਈ ਕਮਰੇ ਨਹੀਂ ਹਨ, ਉਨ੍ਹਾਂ ਦੇ ਆਰਾਮ ਵਾਸਤੇ ਕੋਈ ਜਗ੍ਹਾ ਦਾ ਪ੍ਰਬੰਧ ਨਹੀਂ ਹੈ । ਇਹ ਸਾਡੇ ਵਜ਼ੀਰ ਸਾਹਿਬ ਜਿਹੜੇ ਆਪਣੇ ਆਪ ਨੂੰ ਗਰੀਬ ਕਹਾਉਂਦੇ ਹਨ, ਮੈਂ ਸਮਝਦਾ ਹਾਂ ਕਿ ਉਹ ਗਰੀਬ ਲਗਦੇ ਨਹੀਂ ਹਨ। ਜੇ ਉਹ ਗਰੀਬ ਹੁੰਦੇ ਤਾਂ ਉਨ੍ਹਾਂ ਦਾ ਜ਼ਰੂਰ ਇਸ ਪਾਸੇ ਧਿਆਨ ਜਾਂਦਾ। ਉਨ੍ਹਾਂ ਲੋਕਾਂ ਦੇ ਰਹਿਣ ਲਈ ਜਿਹੜੀਆਂ ਕਾਲੋਨੀਆਂ ਬਣਾਈਆਂ ਗਈਆਂ ਹਨ ਉਹ ਇਤਨੀ ਗੰਦੀ ਜਗ੍ਹਾ ਵਿਚ ਹਨ ਕਿ ਉਥੇ ਉਨ੍ਹਾਂ ਦਾ ਰਹਿਣਾ ਬੜਾ ਮੁਸ਼ਕਿਲ ਹੈ। ਇਹ ਆਪ ਉਥੇ 15 ਦਿਨ ਠਹਿਰ ਕੇ ਦਿਖਾਉਣ ਤਾਂ ਅਸੀਂ ਇਨ੍ਹਾਂ ਨੂੰ ਮੰਨ ਜਾਵਾਂਗੇ। ਜਿਹੜੀ ਉਨ੍ਹਾਂ ਲੋਕਾਂ ਨੂੰ ਰਹਿਣ ਲਈ ਜਗ੍ਹਾ ਦਿੱਤੀ ਗਈ ਹੈ, ਜਿਥੇ ਉਨ੍ਹਾਂ ਨੂੰ ਰੱਖਿਆ ਜਾ ਰਿਹਾ ਹੈ ਉਥੇ ਤਾਂ ਸੂਰ ਵੀ ਨਹੀਂ ਰਹਿ ਸਕਦੇ। ਕਾਲੋਨੀਆਂ ਵਿਚ ਜਿਹੜੇ ਕਮਰੇ ਹਨ ਉਹ 12 ਫੁਟ ਦੇ ਕਮਰੇ ਹਨ ਪਰ ਉਥੇ ਇਕ ਇਕ ਕਮਰੇ ਵਿਚ 18—18 ਮਜ਼ਦੂਰ ਰਹਿੰਦੇ ਹਨ। ਉਥੇ ਮੱਛਰ ਬਹੁਤ ਹੈ ਅਤੇ ਬੜੀ ਬਦਬੂ ਆਉਂਦੀ ਹੈ। ਪਰ ਦੂਜੇ ਪਾਸੇ ਲੇਬਰ ਕਾਲੋਨੀਆਂ ਦੇ ਨੇੜੇ ਬੜੇ ਤਕੜੇ ਤਕੜੇ ਮਹਿਲ ਬਣੇ ਹੋਏ ਹਨ ਅਤੇ ਉਨ੍ਹਾਂ ਮਹਿਲਾਂ ਵਿਚ ਮਾਲਕ ਬੜੀ ਸ਼ਾਨ ਨਾਲ ਰਹਿੰਦੇ ਹਨ, ਉਹ ਉਥੇ ਆਰਾਮ ਨਾਲ ਸੁਤੇ ਰਹਿੰਦੇ ਹਨ ਪਰ ਜਿਹੜੇ ਗਰੀਬ ਲੋਕ ਮਹਿਲਾਂ ਨੂੰ ਉਸਾਰਨ ਵਾਲੇ ਹਨ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਕਰਦਾ ।

Mr. Deputy Speaker : Please wind up.

ਪ੍ਰੋਫੈਸਰ ਬਲਵੰਤ ਸਿੰਘ: ਹੁਣ ਮੈਂ ਪ੍ਰਾਈਵੇਟ ਟਰਾਂਸਪੋਰਟਰਜ਼ ਦੀ ਗੱਲ ਕਰਦਾ ਹਾਂ। ਪਟਿਆਲਾ ਬੱਸ ਸਰਵਿਸ ਵਾਲੇ ਜੋ ਹਨ ਉਨ੍ਹਾਂ ਦਾ ਕਦੇ ਚਲਾਨ ਨਹੀਂ ਹੁੰਦਾ ਅਤੇ ਨਾ ਹੀ ਉਨ੍ਹਾਂ ਦੀ ਇਨਸਪੈਕਸ਼ਨ ਹੁੰਦੀ ਹੈ। ਉਨ੍ਹਾਂ ਨੇ ਵਰਕਰਾਂ ਨੂੰ ਪ੍ਰਾਵੀਡੈਂਟ ਫੰਡ ਦੇ ਪੈਸੇ ਨਹੀਂ ਦਿੱਤੇ । ਵਰਕਰਾਂ ਦੇ ਪੈਸੇ ਉਹ ਆਪ ਹੜੱਪ ਕਰ ਜਾਂਦੇ ਹਨ। ਇਸੇ ਤਰ੍ਹਾਂ ਹੀ ਅੰਬਾਲਾ ਬੱਸ ਸਿੰਡੀਕੇਟ ਵਾਲੇ ਹਨ। ਉਨ੍ਹਾਂ ਨੇ ਕਦੇ ਪ੍ਰਾਵੀਡੈਂਟ ਫੰਡ ਦਾ ਪੈਸਾ ਜਮ੍ਹਾ ਨਹੀਂ ਕਰਾਇਆ । ਉਹ ਵਰਕਰਾਂ ਦੇ ਪੈਸੇ ਆਪ ਹੀ ਹੜੱਪ ਕਰੀ ਜਾਂਦੇ ਹਨ। ਇਹ ਸਾਡੀ ਸਰਕਾਰ ਇਸ ਪਾਸੇ ਧਿਆਨ ਨਹੀਂ ਦੇ ਰਹੀ।

Mr. Deputy Speaker: Please wind up.

ਪ੍ਰੋਫੈਸਰ ਬਲਵੰਤ ਸਿੰਘ : ਫਿਰ ਈ. ਐਸ. ਆਈ. ਦੀ ਗੱਲ ਆਉਂਦੀ ਹੈ । ਕਾਰਖਾਨਿਆਂ ਦੇ ਮਾਲਿਕ ਡਾਕਟਰਾਂ ਨਾਲ ਮਿਲ ਕੇ ਮਜ਼ਦੂਰਾਂ ਨੂੰ ਛੁੱਟੀ ਨਹੀਂ ਦਿੰਦੇ। ਮਜ਼ਦੂਰਾਂ ਨੂੰ ਦਵਾਈ ਠੀਕ ਨਹੀਂ ਦਿੱਤੀ ਜਾਂਦੀ। ਭਾਵੇਂ ਕੋਈ ਕਿਸੇ ਵੀ ਬਿਮਾਰੀ ਦਾ ਮਰੀਜ਼ ਹੋਵੇ ਪਰ ਉਹ ਹਰ ਇਕ ਨੂੰ ਇਕੋ ਹੀ ਪੁੜੀ ਫੜਾ ਦਿੰਦੇ ਹਨ । ਭਾਵੇਂ ਕੋਈ ਦਮੇਂ ਦਾ ਮਰੀਜ਼ ਹੋਵੇ ਜਾਂ ਕਿਸੇ ਹੋਰ ਬਿਮਾਰੀ ਦਾ ਮਰੀਜ਼ ਹੋਵੇ, ਹਰ ਇਕ ਨੂੰ ਏ. ਪੀ. ਸੀ. ਦੇ ਦਿੱਤੀ ਜਾਂਦੀ ਹੈ। ਇਹ ਜਿਹੜੇ ਈ. ਐਸ. ਆਈ. ਹਸਪਤਾਲ ਹਨ ਇਹ ਮਜ਼ਦੂਰਾਂ ਵਾਸਤੇ ਹਨ, ਇਸ ਲਈ ਉਨ੍ਹਾਂ ਵੱਲ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ ਅਤੇ ਮਜ਼ਦੂਰਾਂ ਨੂੰ ਠੀਕ ਦਵਾਈ ਮਿਲਣੀ ਚਾਹੀਦੀ ਹੈ। ਫੈਕਟਰੀਆਂ ਵਿਚ ਹਜ਼ਾਰਾਂ ਵਰਕਰ ਹਨ ਉਨ੍ਹਾਂ ਨੂੰ ਠੀਕ ਦਵਾਈ ਮਿਲਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਅਨਇੰਪਲਾਇਮੈਂਟ ਦੇ ਬਾਰੇ ਮੈਂ ਇਕ ਗਲ ਕਰਨਾ ਚਾਹੁੰਦਾ ਹਾਂ । ਜਿਥੋਂ ਤਕ ਅਨਇੰਪਲਾਇਮੈਂਟ ਅਲਾਊਂਸ ਦੇਣ ਦਾ ਤੁਅੱਲਕ ਹੈ, ਇਨ੍ਹਾਂ ਪੜ੍ਹਿਆਂ ਲਿਖਿਆਂ ਦੀ ਗਲ ਤਾਂ ਕਰ ਦਿੱਤੀ ਜਿਹੜੇ ਆਪਣਾ ਆਪਣਾ ਨਾਮ ਇਮਪਲਾਇਮੈਂਟ ਐਕਸਚੇਂਜਾਂ ਵਿਚ ਦਰਜ ਕਰਵਾ ਲੈਂਦੇ ਹਨ ਪਰ ਪਿੰਡਾਂ ਵਿਚ ਜਿਹੜੇ ਅਨਪੜ੍ਹ ਹਨ ਜਿਨ੍ਹਾਂ ਨੂੰ ਪਤਾ ਹੀ ਨਹੀਂ ਕਿ ਕਿਥੇ ਨਾਮ ਰਜਿਸਟਰ ਕਰਵਾਉਣੇ ਹਨ ਉਨ੍ਹਾਂ ਨੂੰ ਅਨਇਮਪਲਾਇਮੈਂਟ ਅਲਾਊਂਸ ਦੇਣ ਬਾਰੇ ਕੀ ਕੀਤਾ ਜਾ ਰਿਹਾ ਹੈ। ਉਨ੍ਹਾਂ ਬਾਰੇ ਵੀ ਜਿਹੜੇ ਅਸਲ ਵਿਚ ਬੇਰੁਜ਼ਗਾਰ ਹਨ, ਸੋਚਿਆ ਜਾਣਾ ਚਾਹੀਦਾ ਹੈ ਅਤੇ ਜਿਹੜੇ ਇਹ ਨਹੀਂ ਜਾਣਦੇ ਕਿ

Original with;
Punjab Vidhan Sabha
Digitized by;
Panjab Digitization Project

[ਪ੍ਰੋਫੈਸਰ ਬਲਵੰਤ ਸਿੰਘ]

ਕਿਥੇ ਨਾਮ ਦਰਜ ਕਰਵਾਉਣਾ ਹੈ ਉਨ੍ਹਾਂ ਬਾਰੇ ਸੋਚਿਆ ਜਾਣਾ ਚਾਹੀਦਾ ਹੈ। (ਵਿਘਨ) ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਲੰਧਰ ਦੱਖਣ) : ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਿਹਰਬਾਨੀ ਹੋਈ ਹੈ ਜਿਹੜਾ ਤੁਸੀਂ ਮੈ ਨੂੰ ਟਾਈਮ ਦਿਤਾ ਹੈ ਤਾਂ ਕਿ ਅਸੀਂ ਵੀ ਗਰੀਬਾਂ ਦੇ ਜੋ ਮਸਲੇ ਹਨ, ਹਰੀਜਨਾਂ ਦੇ ਜੋ ਮਸਲੇ ਹਨ, ਸਮਾਜ ਭਲਾਈ ਦੇ ਜੋ ਮਸਲੇ ਹਨ, ਉਨ੍ਹਾਂ ਦੇ ਬਾਰੇ ਆਪਣੀ ਸਰਕਾਰ ਨੂੰ ਕੁਝ ਗਲਾਂ ਕਹਿ ਸਕੀਏ। ਪੰਜਾਬ ਗੁਰੂਆਂ ਦੀ ਧਰਤੀ ਹੈ, ਰਿਸ਼ੀਆਂ ਮੁੰਨੀਆਂ ਦੀ ਧਰਤੀ ਹੈ ਔਰ ਸਾਰੇ ਗੁਰੂਆਂ, ਰਿਸ਼ੀਆਂ, ਮੁੰਨੀਆਂ ਨੇ ਇਨਸਾਨ ਨਾਲ ਪਿਆਰ ਕੀਤਾ ਹੈ। ਜੋ ਅਨੁਸੂਚਿਤ ਜਾਤੀਆਂ ਦੇ ਲੋਕ ਹਨ ਉਨ੍ਹਾਂ ਨੂੰ ਰਾਜਨੀਤੀ ਤੌਰ ਤੇ ਪਿਛਾਂਹ ਸੁੱਟਿਆ ਗਿਆ ਹੈ ਪਰ ਗੁਰੂਆਂ, ਰਿਸ਼ੀਆਂ, ਮੁੰਨੀਆਂ ਨੇ ਉਨ੍ਹਾਂ ਨੂੰ ਪਿਆਰ ਕੀਤਾ ਹੈ। ਅਨੁਸੂਚਿਤ ਜਾਤੀਆਂ ਦੇ ਲੋਕਾਂ ਦਾ ਭਲਾ ਕਰਨਾ ਸਰਕਾਰ ਦੀ ਜ਼ਿਮੇਵਾਰੀ ਹੈ। ਇਸ ਕਰ ਕੇ ਇਹ ਜੋ ਕੁਝ ਵੀ ਅਨੁਸਚਿਤ ਜਾਤੀਆਂ ਵਾਸਤੇ ਦਿਤਾ ਗਿਆ ਹੈ ਉਸ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਮਿਹਰਬਾਨੀ ਹੈ ਪਰ ਜਿੰਨੀ ਵੀ ਅਸੀਂ ਉਨ੍ਹਾਂ ਦੀ ਮਦਦ ਕਰ ਸਕੀਏ ਉਹ ਥੋੜੀ ਹੈ ਕਿਉਂਕਿ ਇਹ ਲੋਕ ਸਦੀਆਂ ਤੋਂ ਪਛਾੜੇ ਗਏ ਹਨ । ਇਸ ਦਾ ਇਲਾਜ ਸਰਕਾਰ ਹੀ ਕਰ ਸਕਦੀ ਹੈ। ਸਮਾਜ ਵੀ ਕਰ ਸਕਦਾ ਹੈ ਪਰ ਸਮਾਜ ਵਿਚ ਜੇ ਦਇਆ ਹੋਵੇ ਤਾਂ ਉਹ ਹੀ ਸਭ ਕੁਝ ਕਰ ਸਕਦਾ ਹੈ ਲੇਕਿਨ ਸਮਾਜ ਵਿਚ ਦਇਆ ਬਹੁਤ ਘੱਟ ਹੈ। ਸਰਕਾਰ ਦੀ ਮਿਹਰਬਾਨੀ ਹੈ ਅਤੇ ਜੋ ਸਰਕਾਰ ਅੱਜ ਪੰਜਾਬ ਵਿਚ ਹੈ ਉਹ ਬੜੀ ਦਇਆਵਾਨ ਹੈ। ਸਾਡੀ ਸਰਕਾਰ ਦੇ ਜਿੰਨੇ ਵੀ ਆਗੂ ਹੋਏ ਹਨ ਉਨ੍ਹਾਂ ਨੇ ਆਜ਼ਾਦੀ ਲਈ ਘੋਲ ਕੀਤਾ, ਗਰੀਬ ਲੋਕਾਂ ਦੇ ਭਲੇ ਲਈ ਲੜਾਈ ਕੀਤੀ । ਆਜ਼ਾਦੀ ਤੋਂ ਪਹਿਲਾਂ ਵੀ ਅਤੇ ਆਜ਼ਾਦੀ ਮਿਲਣ ਤੋਂ ਬਾਅਦ ਵੀ ਮਹਾਤਮਾ ਗਾਂਧੀ ਨੇ ਆਪਣੇ ਤਨ ਨੂੰ, ਆਪਣੇ ਜਿਸਮ ਨੂੰ ਨਹੀਂ ਢੱਕਿਆ । ਕਿਉਂ ਨਹੀਂ ਢੱਕਿਆ ? ਉਹ ਚਾਹੁੰਦੇ ਸਨ ਕਿ ਜਿਹੜੇ ਸਾਡੇ ਦੇਸ਼ ਦੇ ਗਰੀਬ ਲੋਕ ਹਨ, ਜਿਹੜੇ 17-18 ਕਰੋੜ ਦੇ ਕਰੀਬ ਸਾਡੇ ਸ਼ਡਿਊਲਡ ਕਾਸਟਸ ਹਨ ਜਦੋਂ ਤਕ ਉਨ੍ਹਾਂ ਦਾ ਤਨ ਨਹੀਂ ਢੱਕਿਆ ਜਾਂਦਾ, ਜਦੋਂ ਤਕ ਉਨ੍ਹਾਂ ਨੂੰ ਰੱਜਕੇ ਰੋਟੀ ਨਹੀਂ ਮਿਲਦੀ, ਮੇਰੇ ਤਨ ਢੱਕਣ ਦਾ ਕੋਈ ਫਾਇਦਾ ਨਹੀਂ ਹੈ। ਉਹ ਫਾਰਨ ਕੰਟਰੀਜ਼ ਵਿਚ ਵੀ ਇਸੇ ਤਰ੍ਹਾਂ ਹੀ ਗਏ, ਲੋਕਾਂ ਨੇ ਉਥੇ ਉਨ੍ਹਾਂ ਨੂੰ ਬੜੇ ਤਾਨੇ ਅਤੇ ਬੋਲੀਆਂ ਵੀ ਮਾਰੀਆਂ ਪਰ ਉਨ੍ਹਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ। ਲੇਕਿਨ ਅੱਜ ਕੀ ਹੋ ਰਿਹਾ ਹੈ ਕਿ 32 ਸਾਲ ਹੋ ਗਏ ਹਨ ਆਜ਼ਾਦੀ ਮਿਲੇ ਨੂੰ ਪਰ ਅਸੀਂ ਗੰਦੀਆਂ ਬਸਤੀਆਂ ਵਿਚੋਂ ਨਹੀਂ ਉਠ ਸਕੇ। ਸਾਡੇ ਸਾਹਮਣੇ ਇਸ ਤਰ੍ਹਾਂ ਮਹੱਲਿਆਂ, ਗਲੀਆਂ ਵਿਚ ਗੰਦਾ ਪਾਣੀ ਚਲ ਰਿਹਾ ਹੈ। ਬਸਤੀਆਂ ਦੀ ਹਾਲਤ ਇਸ ਵੇਲੇ ਇਹ ਹੈ ਕਿ ਉਥੇ ਲੰਘਣ ਨੂੰ ਵੀ ਮੁਸ਼ਕਿਲ ਪੇਸ਼ ਆਉਂਦੀ ਹੈ, ਉਥੇ ਇਤਨੀ ਭੈੜੀ ਹਾਲਤ ਹੈ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਇਹ ਬੜਾ ਜ਼ਰੂਰੀ ਹੈ ਕਿ ਬਸਤੀ ਸੁਧਾਰ ਕੀਤਾ ਜਾਵੇ ਅਤੇ ਇਸ ਸਰਕਾਰ ਨੇ ਜਿਹੜਾ ਬਸਤੀ ਸੁਧਾਰ ਲਈ 74 ਲੱਖ ਰੁਪਿਆ ਰਖਿਆ ਹੈ ਇਹ ਬੜਾ ਚੰਗਾ ਕੰਮ ਕੀਤਾ ਹੈ, ਮੈਂ ਤਾਂ ਕਹਾਂਗਾ ਕਿ ਜੇ ਹੋਰ ਵੀ ਪੈਸਾ ਇਸ ਕੰਮ ਦੇ ਲਈ ਵਧਾ ਸਕਣ ਤਾਂ ਇਨ੍ਹਾਂ ਦੀ ਮਿਹਰਬਾਨੀ ਹੋਵੇਗੀ । ਇਸ ਦੇ ਨਾਲ ਹੀ ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਰੈਸ਼ ਪ੍ਰੋਗਰਾਮ ਦੇ ਨਾਲ ਸੜਕਾਂ ਬਣਾਉਣੀਆਂ ਹਨ, ਇਸੇ ਤਰ੍ਹਾਂ ਇਸ ਦੇ ਲਈ ਵੀ ਕਰੈਸ਼ ਪ੍ਰੋਗਰਾਮ ਚਾਲੂ ਕਰਕੇ ਕਮ-ਅਜ਼-ਕਮ ਸਾਨੂੰ ਗੰਦੀਆਂ ਬੱਸਤੀਆਂ ਤੋਂ ਤਾਂ ਉਪਰ ਉਠਾਉਣਾ ਚਾਹੀਦਾ ਹੈ। ਮੈਨੂੰ ਆਪਣੇ ਲੀਡਰ ਤੇ ਫਖਰ ਹੈ, ਸਰਦਾਰ ਦਰਬਾਰਾ ਸਿੰਘ ਜੀ ਜਿਹੜੇ ਵਰਕਰ ਹਨ ਉਨ੍ਹਾਂ ਨੇ ਇਸ ਗੱਲ ਦਾ ਵਿਸ਼ਵਾਸ਼ ਦਿਵਾਇਆ ਹੈਕਿ ਜੋ ਗੰਦ ਹੈ ਪੁਰਾਣਾ, ਇਸ ਨੂੰ ਅਸੀਂ ਸਾਫ਼ ਕਰਵਾ ਦੇਵਾਂਗੇ। ਅੱਜ ਜੋ ਗਰੀਬ ਲੋਕ ਹਨ, ਜੋ ਗਰੀਬ ਯਤੀਮ ਬੱਚੇ ਹਨ ਉਨ੍ਹਾਂ ਨੂੰ ਕਾਫੀ ਸਹਾਇਤਾ ਦੇਣ ਦੀ ਲੋੜ ਹੈ। ਜੋ ਗਰੀਬ ਯਤੀਮ ਬੱਚੇ ਹਨ ਉਨ੍ਹਾਂ ਦੇ ਲਈ ਇਕ ਗਾਂਧੀ ਵੈਲ ਆਸ਼ਰਮ ਦੀ ਸਥਾਪਿਤ ਹੈ

Original with;
Punjab Vidhan Sabha
Digitized by;
Panjab Digital Library

ਅਤੇ ਸਰਕਾਰ ਨੇ ਹੋਰ ਵੀ ਕਾਫੀ ਮਦਦ ਦਿੱਤੀ ਹੈ ਮਗਰ ਪਿਛਲੇ 3 ਸਾਲਾਂ ਵਿਚ ਉਹ ਇਸ ਤਰ੍ਹਾਂ ਦੇ ਅਦਾਰੇ ਬਣ ਗਏ ਹਨ ਕਿ ਜੋ ਗਰਾਂਟ ਉਥੇ ਗਰੀਬ ਬੱਚਿਆਂ ਲਈ ਜਾਂਦੀ ਹੈ, ਜੋ ਗਰਾਂਟ ਗਰੀਬ ਬੱਚਿਆਂ ਦੀ ਸਹੂਲਤ ਲਈ ਜਾਂਦੀ ਹੈ ਉਸ ਦੇ ਵਿਚ ਕੁਰੱਪਸ਼ਨ ਹੋ ਰਹੀ ਹੈ। ਗਾਂਧੀ ਵੰਤ ਆਸ਼ਰਮ ਜਲੰਧਰ ਵਿਚ ਹੈ। ਅਤੇ ਉਥੇ ਪਿਛਲੇ ਤਿੰਨ ਸਾਲਾਂ ਵਿਚ ਬਹੁਤ ਕੁਰੱਪਸ਼ਨ ਹੋਈ ਹੈ। ਇਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਬੱਚਿਆਂ ਨੂੰ ਵਜ਼ੀਫੇ ਦੇਣ ਦਾ ਸਬੰਧ ਹੈ, ਗਿਆਨੀ ਜ਼ੈਲ ਸਿੰਘ ਜੀ ਨੇ ਇਕ ਸਕੀਮ ਚਲਾਈ ਸੀ ਅਤੇ ਉਸ ਸਕੀਮ ਅਨੁਸਾਰ ਛੇਵੀਂ ਕਲਾਸ ਦੇ ਬੱਚਿਆਂ ਨੂੰ ਵਜ਼ੀਫੇ ਲਾ ਦਿੱਤੇ ਗਏ ਸਨ। ਅੱਜ ਇਸ ਸਕੀਮ ਨੂੰ 6 ਸਾਲ ਹੋ ਗਏ ਹਨ ਅਤੇ 6 ਸਾਲ ਪਹਿਲਾਂ ਜੋ ਹਾਲਾਤ ਸਨ ਉਹ ਹੁਣ ਨਹੀਂ ਰਹੇ, ਇਨ੍ਹਾਂ ਸਾਲਾਂ ਵਿਚ ਮਹਿੰਗਾਈ ਹੋਰ ਜ਼ਿਆਦਾ ਹੋ ਗਈ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਵਜ਼ੀਫਿਆਂ ਦੀ ਦਰ ਕੁਝ ਥੋੜੀ ਜਿਹੀ ਹੋਰ ਵਧਾ ਦੇਣੀ ਚਾਹੀਦੀ ਹੈ ਅੱਰ ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਜੇ ਸਾਡੇ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਹੀ ਵਜ਼ੀਫਾ ਦਿੱਤਾ ਜਾਵੇ ਤਾਂ ਇਹ ਹੋਰ ਵੀ ਚੰਗਾ ਹੋਵੇਗਾ।

ਫਿਰ ਰਿਜ਼ਰਵੇਸ਼ਨ ਦੇ ਮੁਤੱਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਇੰਡਸਟਰੀ ਨਵੀਂ ਲਗਾਈ ਜਾਂਦੀ ਹੈ, ਫੋਕਲ ਪਆਇੰਟ ਬਣਾਏ ਜਾਂਦੇ ਹਨ ਜਾਂ ਹੋਰ ਕੋਈ ਕੰਮ ਕੀਤਾ ਜਾਂਦਾ ਹੈ ਉਸ ਦੇ ਵਿਚ ਸਾਨੂੰ ਪਰਸੈਂਟੇਜ ਦੇ ਹਿਸਾਬ ਨਾਲ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ ਤਾਂਕਿ ਸਰਕਾਰ ਦੀ ਮਦਦ ਨਾਲ ਹਰੀਜਨ ਭਰਾ ਤਰੱਕੀ ਕਰ ਸਕਣ। ਬੇਰੁਜ਼ਗਾਰੀ ਬਾਰੇ ਕਈ ਕਿਸਮ ਦੀਆਂ ਇਥੇ ਗਲਾਂ ਕੀਤੀਆਂ ਜਾਂਦੀਆਂ ਹਨ, ਕਈ ਕਿਸਮ ਦੀਆਂ ਗਲਾਂ ਮਹਿਕਮੇ ਵਿੱਚ ਹੋ ਰਹੀਆਂ ਹਨ। ਜਿਸ ਤਰ੍ਹਾਂ ਇਥੇ ਸਵਾਲ ਆਇਆ ਗਰਾਮ ਸੇਵਕਾ, ਮੁੱਖ ਸੇਵਕਾਵਾਂ ਨੂੰ ਟ੍ਰੇਨਿੰਗ ਦਿੱਤੀ ਹੋਈ ਹੈ, ਜਗ੍ਹਾ ਵੀ ਹੈ ਅਤੇ ਸਰਕਾਰ ਨੂੰ ਲੋੜ ਵੀ ਹੈ ਪਰ ਸਰਕਾਰ ਨੇ ਉਹ ਨਹੀਂ ਲਾਈਆਂ। ਇਨ੍ਹਾਂ ਦੇ ਵਿਚ ਸ਼ਡਿਊਲਡ ਕਾਸਟਸ ਵੀ ਹਨ ਅਤੇ ਦੂਸਰੇ ਵੀ ਹਨ ਮਗਰ ਉਨ੍ਹਾਂ ਨੂੰ ਰਖਿਆ ਨਹੀਂ ਗਿਆ। ਇਸੇ ਤਰ੍ਹਾਂ ਦੂਸਰਿਆਂ ਮਹਿਕਮਿਆਂ ਵਿਚ ਪੂਰੀ ਪਰਸੈਂਟੇਜ ਸ਼ਡਿਊਲਡ ਕਾਸਟਸ ਦੀ ਨਹੀਂ ਹੋ ਰਹੀ। ਮੈਂ ਇਹ ਪੁਲਿਸ ਦੇ ਸਿਪਾਹੀਆਂ ਦੇ ਸਬੰਧ ਵਿਚ ਸਵਾਲ ਵੀ ਪੁੱਛਿਆ ਸੀ ਕਿ 1977 ਤੋਂ ਲੈ ਕੇ 1980 ਤਕ ਕਿੰਨੀ ਪੁਲਿਸ ਵਿਚ ਭਰਤੀ ਕੀਤੀ ਗਈ ਹੈ ਅਤੇ ਉਨ੍ਹਾਂ ਵਿਚ ਸ਼ਡਿਊਲਡ ਕਾਸਟਸ ਕਿੰਨੇ ਹਨ ? ਇਸ ਦਾ ਜਵਾਬ ਦਿੱਤਾ ਗਿਆ ਕਿ 3706 ਪੁਲਿਸ ਦੇ ਕੰਸਟੇਬਲ ਰਖੇ ਗਏ ਹਨ ਮਗਰ ਉਨ੍ਹਾਂ ਵਿਚ ਸ਼ਡਿਊਲਡ ਕਾਸਟ ਕਿੰਨੇ ਲਗੇ, ਉਨ੍ਹਾਂ ਦੇ ਬਾਰੇ ਦੱਸਿਆ ਹੈ ਕਿ 557 ਸ਼ਡਿਊਲਡ ਕਾਸਟ ਦੇ ਬੰਦੇ ਲਗੇ ਹਨ। ਇਹ 15% ਰਿਜ਼ਰਵੇਸ਼ਨ ਸਿਪਾਹੀਆਂ ਦੀ ਬਣਦੀ ਹੈ। ਇਹ ਬੜੇ ਅਫ਼ਸੋਸ ਦੀ ਗਲ ਹੈ ਕਿ ਸ਼ਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਪਾਲਿਸੀ ਦੇ ਮੁਤਾਬਿਕ ਪਰਸੈਂਟੇਜ ਪੂਰੀ ਨਹੀਂ ਕੀਤੀ ਜਾਂਦੀ ਤਾਂ ਫਿਰ ਗਰੀਬ ਇਹ ਤਰੱਕੀ ਕਿਸ ਤਰ੍ਹਾਂ ਕਰਨਗੇ ? ਪੰਜਾਬ ਸਰਕਾਰ ਨੇ ਤਾਂ ਸਿਪਾਹੀਆਂ ਦੀ ਭਰਤੀ ਵਾਸਤੇ 50% ਰਿਜ਼ਰਵੇਸ਼ਨ ਰਖੀ ਹੋਈ ਹੈ ਪਰ ਉਨ੍ਹਾਂ ਦੀ ਪਰਸੈਂਟੇਜ ਪੂਰੀ ਨਹੀਂ ਕੀਤੀ ਜਾਂਦੀ। ਇਹ ਨਹੀਂ ਕਿ ਬੰਦੇ ਮਿਲਦੇ ਨਹੀਂ ਬੰਦੇ ਵੀ ਮਿਲਦੇ ਹਨ ਹੋਰ ਸਭ ਗਲਾਂ ਵੀ ਹਨ ਪਰ ਇਨ੍ਹਾਂ ਨਾਲ ਇਸ ਤਰ੍ਹਾਂ ਦੀ ਬੇਇਨਸਾਫੀ ਜਿਹੜੀ ਹੈ ਇਹ ਠੀਕ ਨਹੀਂ ਹੈ ਅਤੇ ਇਹ ਉਨ੍ਹਾਂ ਨਾਲ ਧੱਕਾ ਹੈ। ਇਹ ਤਾਂ ਮੈਂ ਇਕੱਲੇ ਸਿਪਾਹੀਆਂ ਦੀ ਗਲ ਦੱਸੀ ਹੈ। ਬਾਕੀ ਮਹਿਕਮਿਆਂ ਵਿਚ ਵੀ ਇਸੇ ਤਰ੍ਹਾਂ ਦਾ ਹਾਲ ਹੈ। ਇਹ ਸਰਕਾਰ ਦਾ ਫਰਜ਼ ਬਣਦਾ ਹੈ ਅਤੇ ਅਸੀਂ ਲੋਕਾਂ ਨਾਲ ਇਹ ਵਾਇਦਾ ਵੀ ਕਰਕੇ ਆਏ ਹਾਂ ਕਿ ਕਮਜ਼ੋਰ ਹੱਕਾਂ ਦੀ ਰਾਖੀ ਕਰਾਂਗੇ, ਉਨ੍ਹਾਂ ਲੋਕਾਂ ਦੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ। ਫਿਰ 1977 ਤੋਂ 1980 ਤਕ ਜੋ ਪੀ.ਸੀ.ਐਸ. ਵਾਸਤੇ ਨਾਮਜ਼ਦਗੀ ਕੀਤੀ ਗਈ ਹੈ ਉਹ

Original with;
Punjab Vidhan Sabha
Digitized by;
Panj... Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਮੈਂ ਦੱਸਣਾ ਚਾਹੁੰਦਾ ਹਾਂ ਕਿ 14 ਬੰਦਿਆਂ ਦੇ ਨਾਮ ਨਾਮਜ਼ਦ ਕੀਤੇ ਗਏ ਮਗਰ ਉਨ੍ਹਾਂ ਵਿਚ ਸ਼ਡਿਊਲਡ ਕਾਸਟ ਕਿੰਨੇ ਹਨ ? ਸ਼ਡਿਊਲਡ ਕਾਸਟ ਇਨ੍ਹਾਂ 14 ਵਿਚੋਂ ਇਕ ਵੀ ਨਹੀਂ। ਇਨ੍ਹਾਂ ਨੂੰ ਇਹੋ ਜਿਹੀਆਂ ਗਲਾਂ ਦਾ ਜਵਾਬ ਦੇਣਾ ਚਾਹੀਦਾ ਸੀ। ਅਸੈਂਬਲੀ ਦੇ ਭਰਾਵਾਂ ਨੇ ਮੇਰੇ ਇਸ ਕਿਸਮ ਦੇ ਸਵਾਲਾਂ ਨੂੰ ਪਿੱਛੇ ਕਰ ਦਿੱਤਾ ਹੈ। ਜੇ ਉਹ ਪਿਛੇ ਨਾ ਕਰਦੇ ਤਾਂ ਚੀਫ਼ ਮਨਿਸਟਰ ਸਾਹਿਬ ਸੁਣ ਤਾਂ ਲੈਂਦੇ ਕਿ ਇਹ ਹਾਲਾਤ ਹਨ। ਰਿਜ਼ਰਵੇਸ਼ਨ ਲਈ ਕਈ ਮੇਰੇ ਵੀਰ ਕਹਿੰਦੇ ਕਿ ਸ਼ਡਿਊਲਡ ਕਾਸਟ ਹੁਣ ਤਾਂ ਬੜੇ ਤਗੜੇ ਹੋ ਗਏ ਹਨ। ਹੁਣ ਤਾਂ ਰਿਜ਼ਰਵੇਸ਼ਨ ਪਾਲਿਸੀ ਦੀ ਲੋੜ ਨਹੀਂ ਰਹੀ। ਕੋਈ ਇਕ, ਦੋ ਭਾਵੇਂ ਕਿਧਰੇ ਬਣ ਗਏ ਹੋਣ ਪਰ ਉਸ ਦੇ ਨਾਲ ਸਾਰੀ ਕੌਮ ਨਹੀਂ ਬਣ ਜਾਂਦੀ। ਇਸ ਕਰਕੇ ਮੇਰੀ ਬੇਨਤੀ ਹੈ ਕਿ ਸ਼ਡਿਊਲਡ ਕਾਸਟਸ ਨੂੰ ਪੂਰੀ ਪੂਰੀ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਜਿਥੇ ਕਿਧਰੇ ਕੋਈ ਨਵੀਂ ਇੰਡਸਟਰੀ ਲਾਉਣੀ ਹੈ, ਫੋਕਲ ਪੁਆਇੰਟ ਬਣਾਉਣੇ ਹਨ ਜਾਂ ਕੋਈ ਰੂਟ ਪਰਮਿਟਸ ਦੇਣੇ ਹਨ ਜਾਂ ਹੋਰ ਕੋਈ ਕੰਮ ਕਰਨੇ ਹਨ ਤਾਂ ਉਥੇ ਸਰਕਾਰ ਨੂੰ ਸ਼ਡਿਊਲਡ ਕਾਸਟਸ ਨੂੰ ਪੂਰੀ ਪਰਸੈਂਟੇਜ ਦੇਣੀ ਚਾਹੀਦੀ ਹੈ ਅਤੇ ਨੌਕਰੀਆਂ ਵਿਚ ਵੀ, ਸਰਵਿਸ ਵਿਚ ਵੀ ਜੋ ਸਾਡੇ ਸ਼ਡਿਊਲਡ ਕਾਸਟਸ ਦੀ ਪਰਸੈਂਟੇਜ ਦੀ ਕਮੀ ਹੈ ਉਸ ਨੂੰ ਫੌਰੀ ਤੌਰ ਤੇ ਪੂਰਾ ਕਰਨਾ ਚਾਹੀਦਾ ਹੈ। ਚਾਹੇ ਕੋਈ ਉਨ੍ਹਾਂ ਨੂੰ ਟਰੇਨਿੰਗ ਵਗੈਰਾ ਦੇ ਕੇ ਵੀ ਪੂਰੀ ਕਰਨੀ ਹੋਵੇ ਤਾਂ ਵੀ ਪੂਰੀ ਕਰਨੀ ਚਾਹੀਦੀ ਹੈ। ਜਿਸ ਤਰ੍ਹਾਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵੇਲੇ 2 ਹਜ਼ਾਰ ਟੀਚਰਜ਼ ਨੂੰ ਟਰੇਂਡ ਕੀਤਾ ਗਿਆ ਸੀ, 500 ਬੀ.ਐਡ. ਅਤੇ 1500 ਜੇ.ਬੀ.ਟੀਜ਼ ਨੂੰ ਸਪੈਸ਼ਲ ਟਰੇਨਿੰਗ ਦਿਤੀ ਗਈ ਲੇਕਿਨ ਬਾਅਦ ਵਿਚ ਅਤਾਲੀ ਜਨਤਾ ਸਰਕਾਰ ਆ ਗਈ ਉਨ੍ਹਾਂ ਨੂੰ ਲਗਾਇਆ ਨਹੀਂ ਗਿਆ। ਉਹ ਟੀਚਰ ਵੇਹਲੇ ਬੇ-ਰੁਜ਼ਗਾਰ ਫਿਰਦੇ ਹਨ। ਸਕੂਲ ਬਹੁਤ ਖੋਲ੍ਹੇ ਹਨ, ਟੀਚਰਜ਼ ਦੀ ਲੋੜ ਵੀ ਹੈ ਮਗਰ ਇਨ੍ਹਾਂ ਦੇ (ਆਪੋ-ਜ਼ੀਸ਼ਨ ਪਾਰਟੀ ਵਲ ਇਸ਼ਾਰਾ) ਰਾਜ ਵਿਚ ਉਨ੍ਹਾਂ ਨੂੰ ਲਾਇਆ ਨਹੀਂ ਗਿਆ। ਇਹ ਬੜੇ ਦੁੱਖ ਦੀ ਗਲ ਹੈ। ਇਹ ਘਾਟ ਪੂਰੀ ਕਰਨੀ ਚਾਹੀਦੀ ਹੈ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਗਜ਼ਟਿਡ ਅਫ਼ਸਰ, ਕਲਾਸ ਵੰਨ ਅਤੇ ਟੂ ਦੀ ਗਲ ਕਰਨੀ ਚਾਹੁੰਦਾ ਹਾਂ ਭਾਵੇਂ ਉਹ ਆਈ.ਏ.ਐਸ. ਹਨ ਭਾਵੇਂ ਪੀ.ਸੀ.ਐਸ. ਹਨ ਤੇ ਭਾਵੇਂ ਆਈ.ਪੀ. ਐਸ. ਹਨ। ਉਨ੍ਹਾਂ ਵਿਚ ਸ਼ਡਿਊਲਡ ਕਾਸਟਸ ਦੀ ਇਤਨੀ ਘਾਟ ਹੈ ਕਿ ਸਮਝ ਨਹੀਂ ਆਉਂਦੀ ਕਿ ਕਿਵੇਂ ਪੂਰੀ ਕਰਾਈ ਜਾਵੇ। ਕਈ ਵਾਰੀ ਸਵਾਲ ਕਢਦੇ ਰਹੇ ਹਾਂ, ਚੌਧਰੀ ਜਗਤ ਰਾਮ ਜੀ ਜੋ ਹੁਣ ਮਨਿਸਟਰ ਹਨ, ਬੜੇ ਸਿਆਣੇ ਹਨ ਉਸ ਵੇਲੇ ਬਤੌਰ ਮੈਂਬਰ ਇਹ ਵੀ ਸਾਡੇ ਨਾਲ ਸਵਾਲ ਕਰਦੇ ਰਹੇ ਹਨ, ਪਰ ਸ਼ਡਿਊਲਡ ਕਾਸਟਸ ਵੱਲ ਕੋਈ ਧਿਆਨ ਨਹੀਂ । ਚੀਫ਼ ਸੈਕਟਰੀ ਸਾਹਿਬ ਨੇ ਵੀ ਪਬਲਿਕ ਸਰਵਿਸ ਕਮਿਸ਼ਨ ਨੂੰ ਲਿਖਿਆ ਕਿ ਸਾਨੂੰ ਸ਼ਡਿਊਲਡ ਕਾਸਟਸ ਡੀ. ਐਸ. ਪੀਜ਼, ਚਾਹੀਦੇ ਹਨ ਪਰ ਉਸ ਨਾਲ ਉਹ ਕਮੀ ਪੂਰੀ ਨਹੀਂ ਹੋ ਸਕਦੀ। ਗਲ ਇਹ ਹੈ ਕਿ ਇਕ ਜਿਹੜੇ ਇੰਨਸਪੈਕਟਰਜ਼ ਹਨ ਉਨ੍ਹਾਂ ਦੀਆਂ ਪਰਮੋਸ਼ਨਾਂ ਬਤੌਰ ਡੀ.ਐਸ.ਪੀ. ਕਰ ਦਿੰਦੇ ਹਨ ਤੇ ਸ਼ਡਿਊਲਡ ਕਾਸਟਸ ਦਾ ਹੱਕ ਮਾਰਿਆ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਰਿਜ਼ਰਵ ਪੁਆਇੰਟ ਜਿਹੜਾ ਹੈ ਉਹ ਸ਼ਡਿਊਲਡ ਕਾਸਟਸ ਦੇ ਬੰਦੇ ਨਾਲ ਹੀ ਭਰਨਾ ਚਾਹੀਦਾ ਹੈ।

ਹੁਣ ਮੈਂ ਹਾਈ ਕੋਰਟ ਦੇ ਜੱਜਾਂ ਦੀ ਗਲ ਕਰਦਾ ਹਾਂ । ਸਾਡਾ ਹਾਈ ਕੋਰਟ ਵਿਚ ਜੱਜ ਬਣਾਉਣਾ ਚਾਹੀਦਾ ਹੈ। ਅਗਰ ਕੋਈ ਸਾਡਾ ਜੱਜ ਹੋਵੇਗਾ ਤਾਂ ਲੇਬਰ ਦੇ ਫੈਸਲੇ ਜਲਦੀ ਕਰੇਗਾ। ਸ਼੍ਰੀ ਸੇਵਾ ਰਾਮ ਨੇ ਬੜੀਆਂ ਚੰਗੀਆਂ ਗਲਾਂ ਲੇਬਰ ਦੇ ਬਾਰੇ ਕੀਤੀਆਂ ਹਨ ਅਤੇ ਕਿਹਾ ਹੈ ਕਿ ਮਾਲਕ ਹਾਈ ਕੋਰਟ ਵਿਚ ਚਲੇ ਜਾਂਦੇ ਹਨ ਔਰ ਮਾਮਲਾ ਲਮਕ ਜਾਂਦਾ ਹੈ। ਕੋਰਟਾਂ ਦੇ ਇਲਾਵਾ ਟ੍ਰਿਬਿਊਨਲ ਵੀ ਹਨ। ਮੈਂ ਕਹਿੰਦਾ ਹਾਂ ਕਿ ਜਦ ਤਕ ਸ਼ਡਿਊਲਡ ਕਾਸਟਸ ਦਾ ਕੋਈ ਜੱਜ ਨਹੀਂ ਬਣਦਾ

Original with;
Punjab Vidhan Sabha
Digitized by;
Panjab Digital Library

ਉਦੋਂ ਤਕ ਸਾਡੀ ਲੇਬਰ ਦੇ ਫੈਸਲੇ ਸਲਦੀ ਨਹੀਂ ਹੋ ਸਕਦੇ। ਵੈਦ ਜੀ ਤਾਂ ਬੜਾ ਜ਼ੋਰ ਲਾਉਂਦੇ ਰਹੇ ਪਰ ਉਹ ਲਵਾ ਨਹੀਂ ਸਕੇ ਔਰ ਨਾ ਹੀ ਲਗਵਾ ਸਕਦੇ ਸੀ । ਚੌਧਰੀ ਜਗਤ ਰਾਮ ਜੀ ਬੜੇ ਸਿਆਣੇ ਹਨ ਇਹ ਜ਼ਰੂਰ ਕੋਈ ਨਾ ਕੋਈ ਜੱਜ ਲਗਵਾਉਣਗੇ । ਹਾਈ ਕੋਰਟ ਨੇ ਸਾਡੇ 9 ਸਬ ਜੱਜ ਕੱਢ ਦਿਤੇ , ਸਿਰਫ ਪੰਜਾਬ ਦੇ ਔਰ ਉਨ੍ਹਾਂ ਨੂੰ ਐਵੇਂ ਹੀ ਕਢਿਆ ਗਿਆ ਕਿਸੇ ਤੇ ਕੋਈ ਇਲਜ਼ਾਮ ਲਗਾ ਦਿਤਾ, ਕਿਸੇ ਤੇ ਕੋਈ। ਸਰਕਾਰ ਨੂੰ ਹਾਈ ਕੋਰਟ ਨੂੰ ਕਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਕੇਸਿਜ਼ ਤੇ ਉਹ ਗੌਰ ਕਰੇ ਅਗਰ ਨਹੀਂ ਕਰਦੀ ਤਾਂ ਹੋਰ ਜਿਹੜੇ ਲਾਉਣੇ ਹਨ ਉਹ ਵੀ ਸ਼ਡਿਊਲਡ ਕਾਸਟਸ ਵਿਚੋਂ ਹੀ ਲਾਉਣੇ ਚਾਹੀਦੇ ਹਨ । ਇਹ ਜਿਹੜੀਆਂ ਕਮੀਆਂ ਹਨ ਇਨ੍ਹਾਂ ਨੂੰ ਅਸੀਂ ਪੂਰਾ ਕਰਨਾ ਹੈ, ਅਸੀਂ ਵਾਇਦੇ ਕਰਕੇ ਆਏ ਹਾਂ।

ਇਸੇ ਤਰ੍ਹਾਂ ਹੀ ਜੋ ਸਮਾਜੀ ਤੌਰ ਤੇ ਪੱਛੜੇ ਹੋਏ ਲੋਕ ਹਨ ਸਾਡਾ ਫਰਜ਼ ਬਣ ਜਾਂਦਾ ਹੈ ਕਿ ਉਨ੍ਹਾਂ ਨੂੰ ਉਪਰ ਚੁਕਿਆ ਜਾਏ। ਪਿਛਲੀ ਸਾਡੀ ਸਰਕਾਰ ਹਰੀਜਨਾਂ ਨੂੰ ਪਲਾਟ ਦੇ ਗਈ ਸੀ ਪਰ ਮੇਰੇ ਅਕਾਲੀ ਵੀਰਾਂ ਦੀ ਸਰਕਾਰ ਨੇ ਹੋਰਾਂ ਦੇ ਕਬਜ਼ੇ ਕਰਵਾ ਦਿਤੇ। ਸਾਡੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਕਰੈਸ਼ ਪਰੋਗਰਾਮ ਦੇ ਤਹਿਤ ਪੁਲ ਵਗੈਰਾ ਬਣਾਉਣੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਹਰੀਜਨਾਂ ਨੂੰ ਵੀ ਪਰੋਗਰਾਮ ਦੇ ਅਧੀਨ ਮਕਾਨ ਬਣਾ ਕੇ ਦਿਓ ਔਰ ਉਨ੍ਹਾਂ ਦੀ ਕੁਝ ਮਦਦ ਕਰੋ।

ਇਥੇ ਹਾਊਸ ਵਿਚ ਰਿਜ਼ਰਵੇਸ਼ਨ ਦੇ ਬਾਰੇ ਵਿਚ ਰੋਜ਼ ਰੌਲਾ ਪੈਂਦਾ ਹੈ। ਕਮੇਟੀਆਂ ਵੀ ਬੜੀਆਂ ਬਣੀਆਂ ਹਨ ਪਰ ਅਫਸਰ ਸਾਹਿਬਾਨ ਰੋਸਟਰ ਠੀਕ ਤਰ੍ਹਾਂ ਮੇਨਟੇਨ ਨਹੀਂ ਕਰਦੇ। ਕਮੇਟੀ ਵਿਚ ਅਫਸਰ ਲੋਕ ਆਉਂਦੇ ਹਨ, ਅਸੀਂ ਉਨ੍ਹਾਂ ਨੂੰ ਸਵਾਲ ਕਰਦੇ ਹਾਂ ਅਤੇ ਉਹ ਸਾਰੀ ਗਲ ਇਥੇ ਮੰਨ ਕੇ ਚਲੇ ਜਾਂਦੇ ਹਨ। ਪਰ ਪਤਾ ਨਹੀਂ ਫਿਰ ਕਿਹੜੀ ਕਹਾਣੀ ਪੈਂਦੀ ਹੈ ਕਿ ਉਹ ਉਨ੍ਹਾਂ ਗਰੀਬਾਂ ਦਾ ਨੁਕਸਾਨ ਕਰ ਦਿੰਦੇ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਕਲਰਕ ਸਰਦਾਰ ਚੰਦ ਜਿਹੜਾ ਉਪ-ਮੰਡਲ ਪੱਟੀ ਵਿਚ ਹਰੀਜਨਾਂ ਨੂੰ ਪਲਾਟ ਅਲਾਟ ਕਰਾਉਣ ਤੇ ਲਗਾ ਹੋਇਆ ਹੈ, ਉਸ ਦੀ 18 ਸਾਲਾਂ ਦੀ ਸਰਵਿਸ ਹੈ। ਉਸ ਨੂੰ ਐਸ.ਡੀ.ਐਮ. ਨੇ ਪੁਛਿਆ ਕਿ ਉਹ ਚੂੜ੍ਹਿਆ ਦੱਸ ਕਿੰਨੇ ਪਲਾਟ ਚੂੜ੍ਹਿਆਂ ਨੂੰ ਦਿਤੇ ਅਤੇ ਕਿੰਨੇ ਚਮਾਰਾਂ ਨੂੰ ਅਲਾਟ ਕਰਾਏ ਹਨ ? ਉਸ ਨੇ ਕਿਹਾ ਕਿ ਤੁਸੀਂ ਵੀ ਸਰਕਾਰੀ ਮੁਲਾਜ਼ਮ ਹੋ ਅਤੇ ਮੈਂ ਵੀ ਸਰਕਾਰੀ ਮੁਲਾਜ਼ਮ ਹਾਂ ਪਰ ਇਸ ਤਰ੍ਹਾਂ ਕਹਿਣਾ ਠੀਕ ਨਹੀਂ । ਉਸ ਨੇ ਉਸ ਨੂੰ ਠੁਡੇ ਮਾਰ ਕੇ ਬੱਚ ਦਿਤਾ ਉਹ ਡਿਪਟੀ ਕਮਿਸ਼ਨਰ ਕੋਲ ਗਿਆ ਅਤੇ ਉਸ ਨੇ ਵੀ ਉਸੇ ਤਰ੍ਹਾਂ ਕੀਤਾ ਫਿਰ ਉਸ ਨੂੰ ਸਰਵਿਸ ਵਿਚੋਂ ਕੱਢ ਦਿਤਾ। ਉਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ, ਉਹ ਉਨ੍ਹਾਂ ਕੋਲ ਵੀ ਗਿਆ ਅਤੇ ਵੈਲਫੇਅਰ ਮੰਤਰੀ, ਬੀਬੀ ਜੀ, ਕੋਲ ਵੀ ਗਿਆ ਪਰ ਕੋਈ ਫਰਕ ਨਹੀਂ ਪਿਆ। ਉਹ ਬੰਦਾ 18 ਸਾਲਾਂ ਤੋਂ ਕੰਮ ਕਰ ਰਿਹਾ ਸੀ, ਸਾਰੀ ਜ਼ਿਆਦਤੀ ਐਸ.ਡੀ.ਐਮ. ਦੀ ਸੀ ਪਰ ਉਸ ਨੂੰ ਕਿਸੇ ਨੇ ਨਹੀਂ ਪਛਿਆ । ਅਜੇ ਤਕ ਉਸ ਨੂੰ ਮੁੜ ਨੌਕਰੀ ਵਿਚ ਲਗਾਇਆ ਨਹੀਂ ਗਿਆ। ਇਹ ਜਿਹੜੀ ਅਕਾਲੀ ਰਾਜ ਵਿਚ ਧੱਕੇਸ਼ਾਹੀ ਹੋਈ ਉਹ ਹੁਣ ਦੂਰ ਹੋਣੀ ਚਾਹੀਦੀ ਹੈ। ਹੋਰ ਵੀ ਇਸ ਤਰ੍ਹਾਂ ਦੀਆਂ ਕਈ ਜ਼ਿਆਦਤੀਆਂ ਹੋਈਆਂ ਹਨ। 7 ਅਫਸਰ ਐਸੇ ਹਨ ਜਿਨ੍ਹਾਂ ਵਿਚ ਇੰਜੀਨੀਅਰਜ਼ ਵੀ ਹਨ ਅਤੇ ਦੂਸਰੇ ਵੀ ਹਨ ਜਿਹੜੇ ਕਿ ਸਸਪੈਂਡ ਕੀਤੇ ਹੋਏ ਹਨ। ਕਿਸੇ ਨੂੰ ਇਹ ਕਹਿ ਕੇ ਸਸਪੈਂਡ ਕਰ ਦਿਤਾ ਕਿ ਤੂੰ ਸਿਧਾ ਮੇਰੇ ਪਾਸ ਕਿਉਂ ਆਇਆ ਹੈ ਔਰ ਕਿਸੇ ਨੂੰ ਇਹ ਕਹਿ ਕੇ ਕਿ ਤੂੰ ਹੈਡ ਆਫ ਦੀ ਡਿਪਾਰਟਮੈਂਟ ਦੇ ਥਰੂ ਅਰਜ਼ੀ ਕਿਉਂ ਨਹੀਂ ਭੇਜੀ ? ਇਸ ਲਈ ਉਹ ਸਸਪੈਂਡ ਕੀਤੇ ਹੋਏ ਹਨ। ਵੈਲਫੇਅਰ ਮਹਿਕਮੇ ਵਾਸਤੇ ਸਿਰਫ 11, 12 ਕਰੋੜ ਰੁਪਏ ਰੱਖੇ ਹਨ। ਸਾਰੀ ਸਟੇਟ ਦੇ ਸਾਡੇ ਲੋਕਾਂ ਦੀ ਵੈਲਫੇਅਰ ਕਰਨੀ ਹੈ ਔਰ ਸਾਰੇ ਗਰੀਬਾਂ ਦੇ ਮਸਲੇ ਆਉਂਦੇ ਹਨ ਇਸ ਕਰਕੇ ਇਨ੍ਹਾਂ ਦੇ ਲਈ ਹੋਰ ਰੁਪਿਆ ਰਖਣਾ ਚਾਹੀਦਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਬੋਸਟਰਜ਼ ਮੇਨਟੇਨ ਕਰਾਉਣ ਵਾਸਤੇ ਵੈਲਫੇਅਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਕਮੇਟੀ ਸੈਂਟਰਲ ਗੌਰਮਿੰਟ ਦੀ ਵੀ ਬਣੀ ਹੋਈ ਹੈ ਅਤੇ ਪੰਜਾਬ ਗੌਰਮਿੰਟ ਦੀ ਵੀ ਹੈ। ਜਿਹੜੇ ਰਿਜ਼ਰਵੇਸ਼ਨ ਦੇ ਨੁਕਤੇ ਹਨ ਉਹ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ। ਮੇਰੇ ਵੀਰ ਰਿਜ਼ਰਵੇਸ਼ਨ ਦੇ ਬਾਰੇ ਕਹਿੰਦੇ ਫਿਰਦੇ ਹਨ ਕਿ ਇਸ ਤਰ੍ਹਾਂ ਹੋ ਗਿਆ, ਉਸ ਤਰ੍ਹਾਂ ਹੋ ਗਿਆ, ਕਿਸੇ ਦਾ ਦਿਤਾ ਹੋਇਆ ਕਿਸੇ ਨੇ ਨਹੀਂ ਖਾਣਾ ਜਿਹੜੇ ਸਮਾਜੀ ਤੌਰ ਤੇ ਸਦੀਆਂ ਤੋਂ ਦੱਬੇ ਆ ਰਹੇ ਹਨ ਉਨ੍ਹਾਂ ਦਾ ਜ਼ਰੂਰ ਕੁਝ ਸੰਵਾਰਨਾ ਚਾਹੀਦਾ ਹੈ। ਦਸਵੰਧ ਬੱਦਣ ਦਾ ਮਤਲਬ ਇਹ ਨਹੀਂ ਕਿ ਦਸਵੰਧ ਕੱਢ ਲਿਆ ਅਤੇ ਕੜਾਹ ਖਾ ਗਿਆ। ਦਸਵੰਧ ਇਹ ਹੈ ਕਿ ਗਰੀਬਾਂ ਦੇ ਹੱਕਾਂ ਦੀ ਰਖਸ਼ਾ ਕਰੋ ਤਾਂ ਕਿ ਉਨ੍ਹਾਂ ਦਾ ਸੁਧਾਰ ਹੋ ਸਕੇ (ਘੰਟੀ)।

ਬਸ ਜੀ, ਡਿਪਟੀ ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਰਿਜ਼ਰਵੇਸ਼ਨ ਸ਼ਾਨੂੰ 1949 ਵਿਚ ਦਿਤੀ ਗਈ ਸੀ। 1963 ਵਿਚ ਰੋਸਟਰ ਮੇਨਟੇਨ ਕਰਨ ਵਾਸਤੇ ਕਿਹਾ ਗਿਆ, ਇਤਨੇ ਵਿਚ 1966 ਵਿਚ ਗਵਰਨਰ ਰਾਜ ਆ ਗਿਆ ਤਾਂ ਉਸ ਨੇ ਇਹ ਬੰਦ ਕਰ ਦਿਤਾ। ਫਿਰ ਪੰਜਾਬ ਸਰਕਾਰ ਨੇ ਇਹ ਚੀਜ਼ ਮਹਿਸੂਸ ਕੀਤੀ ਅਤੇ 6 ਮਾਰਚ, 1974 ਨੂੰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਰਿਜ਼ਰਵੇਸ਼ਨ ਦਾ ਐਲਾਨ ਕੀਤਾ ਅਤੇ ਵੈਲਫੇਅਰ ਕਮੇਟੀ ਬਣਾਈ। ਰੋਸਟਰਜ਼ ਮੇਨਟੇਨ ਕਰਨ ਵਾਸਤੇ ਕਿਹਾ ਗਿਆ। ਉਸ ਨੂੰ ਮੁੱਖ ਰਖਦਿਆਂ ਸਰਦਾਰ ਹਰਚੰਦ ਸਿੰਘ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ। ਮੈਂ ਕਹਿੰਦਾ ਹਾਂ ਕਿ ਉਸ ਕਮੇਟੀ ਦੀਆਂ ਜਿਹੜੀਆਂ ਸਿਫਾਰਸ਼ਾਂ ਹਨ ਉਨ੍ਹਾਂ ਨੂੰ ਲਾਗੂ ਕਰਨਾ ਚਾਹੀਦਾ ਹੈ। ਜਿਹੜੀਆਂ ਰਿਆਇਤਾਂ ਦਿਤੀਆਂ ਹੋਈਆਂ ਹਨ ਉਨ੍ਹਾਂ ਨੂੰ ਬਹਾਲ ਹੀ ਨਹੀਂ ਰਖਣਾ ਚਾਹੀਦਾ ਬਲਕਿ ਉਨ੍ਹਾਂ ਤੇ ਅਮਲਦਰਾਮਦ ਕਰਨਾ ਚਾਹੀਦਾ ਹੈ। ਜਿਹੜੇ ਅਫਸਰ ਰੁਕਾਵਟਾਂ ਪਾਉਂਦੇ ਹਨ ਉਨ੍ਹਾਂ ਨੂੰ ਉਥੋਂ ਕੱਢਣਾ ਚਾਹੀਦਾ ਹੈ ਤਾਂ ਕਿ ਗੌਰਮਿੰਟ ਦੀ ਪਾਲਿਸੀ ਤੇ ਇਮਾਨਦਾਰੀ ਨਾਲ ਅੱਜ ਸਹੀ ਤਰੀਕੇ ਨਾਲ ਅਮਲ ਹੋ ਸਕੇ। ਅਸੀਂ ਇਥੇ ਇਹ ਹਲਫ਼ ਲੈਂਦੇ ਹਾਂ ਕਿ ਲੋਕਾਂ ਦੇ ਹੱਕਾਂ ਦੀ ਰਖਸ਼ਾ ਕਰਾਂਗੇ, ਸਾਨੂੰ ਲੋਕਾਂ ਦੇ ਹੱਕਾਂ ਦੀ ਰਖਸ਼ਾ ਕਰਨੀ ਚਾਹੀਦੀ ਹੈ। ਗਰੀਬਾਂ ਦਾ ਮਜ਼ਾਕ ਨਹੀਂ ਉੜਾਉਣਾ ਚਾਹੀਦਾ। ਅਗਰ ਅਸੀਂ ਗਰੀਬਾਂ ਨਾਲ ਮਖੌਲ ਕਰਾਂਗੇ ਤਾਂ ਪਰਮਾਤਮਾਂ ਨਾਲ ਮਖੌਲ ਕਰਾਂਗੇ। ਇਹ ਜਿਹੜਾ ਪਿਛਲੇ ਤਿੰਨਾ ਸਾਲਾਂ ਵਿਚ ਸਾਡੇ ਨਾਲ ਵਿਤਕਰਾ ਹੋਇਆ ਹੈ ਉਹ ਦੂਰ ਕਰਨਾ ਚਾਹੀਦਾ ਹੈ। ਇਨ੍ਹਾਂ ਨੇ ਧੰਨਵਾਦ ਬੋਰਡ ਲਗਾ ਦਿਤੇ ਅਤੇ ਉਨ੍ਹਾਂ ਤੇ ਦੋ ਕਰੋੜ ਰੁਪਿਆ ਖਰਚ ਆਇਆ ਹੈ। ਉਸ ਨੇ ਸਾਨੂੰ ਘਾਟਾ ਪਾਇਆ ਹੈ। ਉਸ ਪੈਸੇ ਨਾਲ ਸ਼ਡਿਊਲਡ ਕਾਸਟਸ ਦੀ ਮਦਦ ਕਰਨੀ ਚਾਹੀਦੀ ਸੀ, ਲੇਬਰ ਦੀ ਮਦਦ ਕਰਨੀ ਚਾਹੀਦੀ ਸੀ।

ਇਥੇ ਐਕਟ ਦਾ ਬੜਾ ਰੌਲਾ ਪਾਉਂਦੇ ਹਨ। ਠੀਕ ਹੈ 3, 4 ਸਟੇਟਾਂ ਨੇ ਐਕਟ ਬਣਾ ਵਿਤੇ ਹਨ ਗਰੀਬ ਆਦਮੀ ਕੋਰਟਾਂ ਵਿਚ ਨਹੀਂ ਜਾ ਸਕਦੇ, ਉਸ ਨੂੰ ਬੜੀਆਂ ਮੁਸ਼ਕਿਲਾਂ ਆਉਂਦੀਆਂ ਹਨ ਇਹ ਜਿਹੜਾ ਐਕਟ ਹੈ ਇਹ ਕਾਫੀ ਦੇਰ ਤੋਂ ਬਣਿਆ ਹੋਇਆ ਹੈ। ਇਹ ਸਿਲੈਕਟ ਕਮੇਟੀ ਕੋਲ ਵੀ ਗਿਆ ਅਤੇ ਹੁਣ ਐਲ. ਆਰ ਕੋਲ ਪਿਆ ਹੈ। ਮੈਂ ਮਨਿਸਟਰ ਸਾਹਿਬ ਨੂੰ ਕਹਾਗਾ ਕਿ ਅਗਰ ਹੁਣ ਸਮਾਂ ਥੋੜ੍ਹਾ ਹੈ ਤਾਂ ਸੈਸ਼ਨ ਦੇ ਬਾਅਦ ਆਰਡੀਨੈਂਸ ਕਰ ਦੇਣ ਅਤੇ ਅਗਲੇ ਸੈਸ਼ਨ ਵਿਚ ਉਸ ਨੂੰ ਪਾਸ ਕਰਵਾ ਲੈਣ। ਇਹ ਜਿਹੜੇ ਵਿਚਾਰੇ ਗਰੀਬ ਲੋਕ ਹਨ ਇਨ੍ਹਾਂ ਦੀ ਹਮਦਰਦੀ ਕੀਤੀ ਜਾਣੀ ਚਾਹੀਦੀ ਹੈ, ਉਨ੍ਹਾਂ ਨੂੰ ਤਾਕਤ ਦੇਣੀ ਚਾਹੀਦੀ ਹੈ (ਘੰਟੀ) ਮੈਂ ਸਿਰਫ ਦੋ ਗੱਲਾਂ ਐਪਲਾਈਜ਼ ਦੀਆਂ ਕਰਨੀਆਂ ਹਨ ਇਹ ਜਿਹੜੇ ਭੱਠਿਆ ਦੇ ਕੰਮ ਕਰਨ ਵਾਲੇ ਮਜ਼ਦੂਰ ਹਨ ਜਾਂ ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰ ਹਨ, ਹਾਲਾਂਕਿ ਸਰਕਾਰ ਦਾ ਐਕਟ ਬਣਿਆ ਹੋਇਆ ਹੈ ਪਰ, ਉਨ੍ਹਾਂ ਵਿਚਾਰਿਆਂ ਨੂੰ ਬੜੀਆਂ ਤਕਲੀਫਾਂ ਪੇਸ਼ ਆ ਰਹੀਆਂ ਹਨ। ਇਹ ਜਿਹੜੇ ਇੱਟਾਂ ਪੱਥਣ ਵਾਲੇ ਹਨ ਉਹ ਆਪਣੇ ਬਚਿਆਂ ਨੂੰ ਗਲ ਨਾਲ ਲਾਈ ਫਿਰਦੇ ਹਨ। ਠੀਕ ਹੈ ਉਹ ਗਰੀਬ ਲੋਕ ਹਨ ਕੁਝ ਐਡਵਾਂਸ ਲੈ ਲੈਂਦੇ

Original with;
Punjab Vidhan Sabha
Digitized by;
Panjab Digital Library

ਹੋਣਗੇ, ਪਰ ਜਿਹੜੇ ਮਾਲਕ ਹਨ ਉਹ ਉਨ੍ਹਾਂ ਨੂੰ ਪੁਰਾਣੇ ਰੇਟਾਂ ਤੇ ਪੈਸੇ ਦਿੰਦੇ ਹਨ। ਮੈਂ ਕਹਿੰਦਾ ਹਾਂ ਕ ਗੌਹਮਿੰਟ ਦੇ ਜੋ ਲੇਬਰ ਦੇ ਰੇਟਸ ਹਨ ਉਹ ਉਨ੍ਹਾਂ ਨੂੰ ਦਿਲਾਉਣੇ ਚਾਹੀਦੇ ਹਨ। ਮਨਿਸਟਰ ਸਾਹਿਬ ਨੂੰ ਭੱਠਿਆਂ ਦੀ ਲੇਬਰ ਕੋਲ ਜਾਣਾ ਚਾਹੀਦਾ ਹੈ ਅਤੇ ਪੁੱਛਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਆਪਣੇ ਹੱਕ ਮਿਲਦੇ ਹਨ ਜਾਂ ਨਹੀਂ ਮਿਲਦੇ। ਜੇ ਨਹੀਂ ਮਿਲਦੇ ਤਾਂ ਮਨਿਸਟਰ ਸਾਹਿਬ ਨੂੰ ਉਨ੍ਹਾਂ ਦੇ ਹੱਕ ਦਿਵਾਉਣੇ ਚਾਹੀਦੇ ਹਨ। ਇਸੇ ਤਰ੍ਹਾਂ ਟ੍ਰਿਬਊਨਲ ਦੇ ਕੰਮਾਂ ਵਿਚ ਝਗੜੇ ਹੋ ਜਾਂਦੇ ਹਨ। ਵੱਡੇ ਲੋਕ ਟ੍ਰਿਬਊਨਲ ਨਾਲ ਮਿਲ ਕੇ ਉਲਟ ਫੈਸਲੇ ਕਰਵਾ ਦਿੰਦੇ ਹਨ। ਕਿਸੇ ਗਰੀਬ ਨੂੰ ਕੀ ਲੋੜ ਹੈ ਕਿ ਉਹ ਆਪਣੀ ਦਿਹਾੜੀ ਛੱਡ ਕੇ ਟ੍ਰਿਬਊਨਲ ਕੋਲ ਆਵੇ। ਇੰਡਸਟਰੀ ਵਾਲੇ ਬਲੈਕ ਵਿਚ ਆਪਣਾ ਕੋਲਾ ਵੇਚ ਦਿੰਦੇ ਹਨ ਤਾਂ ਇੰਡਸਟਰੀ ਬੰਦ ਹੋ ਜਾਂਦੀ ਹੈ। ਗਰੀਬ ਵਿਹਲੇ ਫਿਰਦੇ ਹਨ। ਭੱਠੇ ਵਾਲੇ ਵੀ ਬਲੈਕ ਵਿਚ ਕੋਲਾ ਲੈ ਕੇ ਭੱਠੇ ਚਲਾਉਂਦੇ ਹਨ। ਕੰਟਰੋਲ ਰੇਟ ਤੇ ਕੋਈ ਕੋਲਾ ਲੈਂਦਾ ਨਹੀਂ। ਪਿਛਲੇ ਤਿੰਨ ਸਾਲਾਂ ਦੇ ਵਿਚ ਐਸੀ ਪ੍ਰੰਪਰਾ ਪਾਈ ਹੈ। ਭੱਠੇ ਵੀ ਨਹੀਂ ਚਲਦੇ, ਇੰਡਸਟਰੀ ਵੀ ਨਹੀਂ ਚਲਦੀ ਪਰ ਬਹਾਨਾ ਬਿਜਲੀ ਦਾ ਲਾਉਂਦੇ ਹਨ। ਲੇਬਰ ਵਿਹਲੀ ਫਿਰਦੀ ਪਈ ਹੈ। ਭੱਠਿਆਂ ਵਾਲਿਆਂ ਨੂੰ ਕੰਟਰੋਲ ਰੇਟ ਤੇ ਕੋਲਾ ਲੈਣਾ ਚਾਹੀਦਾ ਹੈ। ਸਰਕਾਰ ਨੂੰ ਇਸਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇੰਡਸਟਰੀ ਦਾ ਕੋਲਾ ਜਿਹੜਾ ਬਲੈਕ ਵਿਚ ਵਿਕਦਾ ਹੈ, ਉਹ ਫੜਨਾ ਚਾਹੀਦਾ ਹੈ। ਇੰਡਸਟਰੀ ਅਫਸਰ ਨੂੰ ਇਹ ਵੇਖਣਾ ਚਾਹੀਦਾ ਹੈ। ਜਿਹੜੀ ਕਾਮਿਆਂ ਨੂੰ ਪਿਛਲੇ ਤਿੰਨ ਸਾਲਾਂ ਵਿਚ ਮਾਰ ਪਈ ਹੈ, ਸਰਦਾਰ ਦਰਬਾਰਾ ਸਿੰਘ ਖੁਦ ਇਕ ਵਰਕਰ ਹਨ, ਉਹ ਸਾਰੀਆਂ ਗਲਾਂ ਜਾਣਦੇ ਹਨ, ਉਨ੍ਹਾਂ ਦਾ ਹੱਲ ਲੱਭਣਾ ਚਾਹੀਦਾ ਹੈ। ਸਾਡੇ ਵੈਲਫੇਅਰ ਮਨਿਸਟਰ ਵੀ ਬੜੇ ਸੁਲਝੇ ਹੋਏ ਹਨ। ਮੈਨੂੰ ਉਮੀਦ ਹੈ ਕਿ ਉਹ ਸਾਰੀਆਂ ਗਲਾਂ ਵੱਲ ਧਿਆਨ ਦੇ ਕੇ ਕਾਮਿਆਂ ਦੀਆਂ ਮੰਗਾਂ ਪੂਰੀਆਂ ਕਰਨਗੇ (ਵਿਘਨ)।

ਸ੍ਰੀ ਡਿਪਟੀ ਸਪੀਕਰ : ਕਾਮਰੇਡ ਸੱਘੜ ਸਿੰਘ ਜੀ, ਤੁਸੀਂ ਆਪਣੀ ਪਾਰਟੀ ਵੱਲੋਂ ਬੋਲਣਾ ਹੈ। ਤੁਹਾਡੀ ਪਾਰਟੀ ਦੇ 13 ਮਿੰਟ ਹਨ। ਇਸ ਟਾਈਮ ਵਿਚ ਹੀ ਤੁਸੀਂ ਖਤਮ ਕਰ ਦੇਣਾ।

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਨੰਬਰ 22 ਅਤੇ 23 ਤੇ ਬੋਲਣ ਲਈ ਖੜਾ ਹੋਇਆ ਹਾਂ। ਅਸੀਂ ਵਿਚਾਲੇ ਬੈਠੇ ਹਾਂ, ਇਸ ਲਈ ਟਾਈਮ ਵੀ ਵਿਚਾਲੇ ਵਾਲਾ ਮਿਲਦਾ ਹੈ। ਡਿਪਟੀ ਸਪੀਕਰ ਸਾਹਿਬ, ਪਿਛੇ ਮਾਰਕੀਟਿੰਗ ਬੋਰਡ ਨੇ ਅਕਾਲੀ ਸਰਕਾਰ ਵੇਲੇ ਫੈਸਲਾ ਕੀਤਾ ਸੀ ਕਿ ਜਿਹੜੇ ਐਗਰੀਕਲਚਰ ਵਰਕਰ ਦਾ ਇੱਕ ਹੱਥ ਕੱਟਿਆ ਜਾਵੇ ਤਾਂ ਉਸਨੂੰ ਕੁਝ ਰੁਪਿਆ ਮਿਲੇਗਾ। ਜੇ ਦੋਵੇਂ ਹੱਥ ਕੱਟੇ ਜਾਣ, ਕੁਦਰਤ ਦੀ ਮਾਰ ਪੈ ਜਾਵੇ, ਤਾਂ 5,000 ਰੁਪਿਆ ਮਿਲੇਗਾ ਅਤੇ ਜੇ ਮੌਤ ਹੋ ਜਾਵੇ ਤਾਂ 10 ਹਜ਼ਾਰ ਰੁਪਿਆ ਮਿਲੇਗਾ। ਪਰ ਕੁਝ ਦਿਨ ਮਗਰੋਂ ਇਹ ਪੈਸਾ ਮਿਲਣਾ ਬੰਦ ਹੋ ਗਿਆ। ਕੋਈ ਸੁਪਰੀਮ ਕੋਰਟ ਵਿਚ ਰਿੱਟ ਲੈ ਕੇ ਚਲਾ ਗਿਆ। ਰੌਲਾ ਕੋਈ ਹੋਰ ਸੀ ਪਰ ਮਾਰ ਇਨ੍ਹਾਂ ਗਰੀਬਾਂ ਤੇ ਪਾਈ। ਉਦੋਂ ਤੋਂ ਇਹ ਪੈਸੇ ਨਹੀਂ ਮਿਲ ਰਹੇ। ਸੁਪਰੀਮ ਕੋਰਟ ਵੱਲੋਂ ਇਹ ਰੋਕ ਲੱਗੀ ਹੈ ਕਿ ਪੈਸੇ ਇਸ ਕੰਮ ਵਾਸਤੇ ਹੀ ਖਰਚ ਕੀਤੇ ਜਾ ਸਕਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਕੈਬਨਿਟ ਵਿਚ ਦੁਬਾਰਾ ਸਰਕਾਰ ਡਿਸੀਜ਼ਨ ਲਵੇ। ਜਿਹੜਾ ਸੁਪਰੀਮ ਕੋਰਟ ਨੇ ਕਿਹਾ ਹੈ ਉਸਨੂੰ ਸਿਰ ਮੱਥੇ ਮੰਨਣ। ਗਰੀਬਾਂ ਦੀ ਭਲਾਈ ਲਈ ਆਪਣੀ ਕੈਬਨਿਟ ਦੇ ਅੰਦਰ ਦੁਬਾਰਾ ਡਿਸੀਜ਼ਨ ਲੈ ਕੇ ਗਰੀਬ ਲੋਕਾਂ ਦੇ ਹੱਕਾਂ ਦੀ ਹਿਫਾਜ਼ਤ ਕਰਨ।

ਡਿਪਟੀ ਸਪੀਕਰ ਸਾਹਿਬ, ਮਾਡਲ ਗਰਾਮ ਬਣੇ। ਇਹ ਖਾਸ ਕਰਕੇ ਕਿਨ੍ਹਾਂ ਲੋਕਾਂ ਵਾਸਤੇ ਬਣੇ, ਕਸ ਪ ਸਪਜ਼ ਵਾਸਤੇ ਬਣੇ ? ਇਹ ਜਿਹੜੀਆਂ ਗਰੀਬ ਲੋਕਾਂ ਦੀਆਂ ਬਸਤੀਆਂ ਸਨ ਉਥੇ ਨਾਲੀਆਂ ਅਤੇ

Original with;
Punjab Vidhan Sabha
Digitized by:
Panjab Digital Library

[ਕਾਮਰੇਡ ਸੱਘੜ ਸਿੰਘ]

ਗਲੀਆਂ ਪੱਕੀਆਂ ਹੋ ਜਾਣ, ਇਸ ਪਰਪਜ਼ ਨਾਲ ਬਣੇ ਸਨ। ਅੱਜ 100 ਵਿਚੋਂ 95 ਫੀ ਸਦੀ ਪੰਜਾਬ ਵਿਚ ਬਸਤੀਆਂ ਐਨੀਆਂ ਗੰਦੀਆਂ ਹਨ ਕਿ ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਪਾਣੀ ਉਥੋਂ ਨਿਕਲ ਨਹੀਂ ਰਿਹਾ। ਜੇ ਫਿਰਨੀਆਂ ਬਣੀਆਂ ਹੋਣ ਤਾਂ ਉਸ ਤੋਂ ਵੀ ਜ਼ਿਆਦਾ ਮੁਸ਼ਕਿਲ ਹੋ ਜਾਂਦੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਰੰਧਾਵਾ ਸਾਹਿਬ ਇਸ ਪਾਸੇ ਵੱਲ ਧਿਆਨ ਦੇਣ। ਇਨ੍ਹਾਂ ਦੀ ਸਰਕਾਰ ਵੇਲੇ ਅੱਗੇ ਵੀ ਸਕੀਮ ਚਲਾਈ ਗਈ ਸੀ। ਹਣ ਦੁਬਾਰਾ ਇਹ ਸਕੀਮ ਬਣਾਉਣ। ਗਰੀਬ ਲੋਕਾਂ ਦੀਆਂ ਬਸਤੀਆਂ ਨੂੰ ਬਿਮਾਰੀ ਦੀ ਹਾਲਤ ਤੋਂ ਬਚਾਇਆ ਜਾਵੇ। ਜਦੋਂ ਬਾਰਸ਼ਾਂ ਪੈਂਦੀਆਂ ਹਨ ਤਾਂ ਮੱਛਰ ਅਤੇ ਮੱਖੀਆਂ ਦਾ ਹੜ੍ਹ ਆ ਜਾਂਦਾ ਹੈ ਅਤੇ ਉਥੇ ਜੀਣਾ ਦੂਭਰ ਹੋ ਜਾਂਦਾ ਹੈ। ਉਨ੍ਹਾਂ ਬਸਤੀਆਂ ਦਾ ਸੁਧਾਰ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਧਰਮਸ਼ਾਲਾਂ ਦਾ ਹੁਣੇ ਸਵਾਲ ਆਇਆ ਸੀ। ਮੈਂ ਸਪਲੀਮੈਂਟਰੀ ਕਰਨ ਲਈ ਉਠਿਆ ਸੀ ਪਰ ਮੈਨੂੰ ਮੌਕਾ ਨਹੀਂ ਮਿਲਿਆ। ਧਰਮਸ਼ਾਲਾਂ ਬੜੀਆਂ ਬਣੀਆਂ ਹੋਈਆਂ ਹਨ। ਸਾਡਾ ਇਹ ਸੁਝਾਓ ਸੀ ਕਿ ਜਿਤਨੀਆਂ ਬਸਤੀਆਂ ਹਨ ਉਨ੍ਹਾਂ ਵਿਚ ਧਰਮਸ਼ਾਲਾਂ ਬਣਾ ਦਿੱਤੀਆਂ ਜਾਣ। ਭਾਵੇਂ ਅਕਾਲੀ ਪਾਰਟੀ ਵਾਲਿਆਂ ਦੀ ਸਰਕਾਰ ਸੀ ਜਾਂ ਕਾਂਗਰਸ ਦੀ ਸਰਕਾਰ ਸੀ, ਜਿਹੜੀ ਕੀ ਪਾਲਿਸੀ ਬਣਾਈ ਗਈ, ਉਸਦੇ ਵਿਚ ਇੱਕ ਨੁਕਸ ਰਿਹਾ ਜਾਹਰਾ ਕਿ ਬੁਨਿਆਦੀ ਨੁਕਸ ਸੀ। ਉਹ ਇਹ ਸੀ ਕਿ ਜਿਸ ਵੇਲੇ 10, 11 ਹਜ਼ਾਰ ਰੁਪਿਆ ਮਨਜ਼ੂਰ ਕਰ ਦਿੰਦੇ ਸੀ ਤਾਂ ਉਹ ਇਕ ਕਮੇਟੀ ਬਣਾ ਦਿੰਦੇ। ਹੁੰਦਾ ਕੀ ਹੈ ਕਿ ਇੱਟਾਂ ਮਿਲਦੀਆਂ ਨਹੀਂ, ਸੀਮੈਂਟ ਮਿਲਦਾ ਨਹੀਂ, ਗਰੀਬ ਲੋਕ ਪੈਸਾ ਖਾ ਜਾਂਦੇ ਹਨ। ਜਦੋਂ ਫੈਅਰ ਅਫਸਰ ਨੂੰ ਪਤਾ ਚਲਦਾ ਹੈ ਕਿ ਉਹ ਪੈਸੇ ਖਾ ਗਏ ਹਨ ਤਾਂ ਅੱਧੇ ਪਚੱਦੇ ਪੈਸੇ ਫਿਰ ਉਹ ਖਾ ਜਾਂਦਾ ਹੈ। ਮੇਰੇ ਨੋਟਿਸ ਵਿਚ ਕਈ ਕੇਸ ਹਨ ਜਿਥੇ ਧਰਮਸ਼ਾਲਾਂ ਬਣੀਆਂ ਨਹੀਂ, ਪੈਸੇ ਖੁਰਦ ਬੁਰਦ ਹੋ ਗਏ ਹਨ। ਮੈਂ ਮੰਤਰੀ ਸਾਹਿਬ ਨੂੰ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਰਾਹੀਂ ਅਰਜ਼ ਕਰਾਂਗਾ ਕਿ ਅੱਗੇ ਤੋਂ ਜਦੋਂ ਪੈਸੇ ਮਨਜ਼ੂਰ ਕਰਨ ਤਾਂ ਉਸ ਦੇ ਨਾਲ ਹੀ ਇੱਟਾਂ ਅਤੇ ਸੀਮੈਂਟ ਦਾ ਵੀ ਪਰਮਿਟ ਦੇਣ। ਪੈਸੇ ਉਨਾ ਚਿਰ ਨਾ ਮਿਲਣ ਜਿਤਨਾ ਚਿਰ ਇਨ੍ਹਾਂ ਚੀਜ਼ਾਂ ਦੇ ਪਰਮਿਟ ਨਹੀਂ ਮਿਲ ਜਾਂਦੇ। ਅੱਜ 70 ਰਪਏ ਦਾ ਸੀਮੈਂਟ ਦਾ ਥੈਲਾ ਮਿਲਦਾ ਹੈ। ਜਿਹੜੇ ਮੁਲਾਜ਼ਮ ਹਨ ਉਹ ਵੀ ਪੈਸੇ ਖਾ ਜਾਂਦੇ ਹਨ। ਇਹ ਇੱਕ ਕੁਰੱਪਸ਼ਨ ਦਾ ਸੌਮਾ ਬਣਿਆ ਹੋਇਆ ਹੈ। ਇਸ ਲਈ ਮੈਂ ਕਹਾਂਗਾ ਕਿ ਜਦੋਂ ਵੀ ਧਰਮਸ਼ਾਲਾਂ ਲਈ ਪੈਸੇ ਦੇਣ ਤਾਂ ਨਾਲ ਹੀ ਸੀਮੈਂਟ ਅਤੇ ਇੱਟਾਂ ਵੀ ਕੰਟਰੋਲ ਰੇਟ ਤੇ ਦੇਣ ਦਾ ਪ੍ਰਬੰਧ ਕਰਨ। ਇਸ ਲਈ ਬਕਾਇਦਾ ਰਿਜ਼ਰਵੇਸ਼ਨ ਰਖਣ, ਪਹਿਲ ਰਖਣ।

ਡਿਪਟੀ ਸਪੀਕਰ ਸਾਹਿਬ, 1975 ਵਿਚ ਮੇਰੇ ਵਲੋਂ ਗਰੀਬ ਲੋਕਾਂ ਲਈ ਅਤੇ ਕਿਸਾਨਾਂ ਲਈ ਇੱਕ ਰੈਜ਼ੋਲਿਊਸ਼ਨ ਇਸੇ ਵਿਧਾਨ ਸਭਾ ਵਿਚ ਮੂਵ ਕੀਤਾ ਗਿਆ ਸੀ। ਪਿੰਡਾਂ ਵਿਚ ਜੱਟ ਅਤੇ ਗੈਰ-ਜੱਟ ਦਾ ਸਵਾਲ ਪੈਦਾ ਕਰਕੇ ਗਰੀਬ ਮਜ਼ਦੂਰਾਂ ਅਤੇ ਜੱਟਾਂ ਨੂੰ ਭੜਕਾ ਦਿੰਦੇ ਹਨ ਅਤੇ ਇਸ ਨਾਲ ਲਾਕਾਬੰਦੀਆਂ ਹੋ ਜਾਂਦੀਆਂ ਹਨ, ਸੋਸ਼ਲ ਬਾਈਕਾਟ ਹੋ ਜਾਂਦੇ ਹਨ। 9 ਜਨਵਰੀ, 1975 ਨੂੰ ਉਹ ਰੈਜ਼ੋਲਿਊਸ਼ਨ ਆਇਆ ਸੀ। ਉਸ ਵੇਲੇ 104 ਮੈਂਬਰਾਂ ਦੀ ਅਸੈਂਬਲੀ ਸੀ। 16 ਜਨਵਰੀ, 1975 ਨੂੰ ਸਰਵਸੰਮਤੀ ਨਾਲ ਸਾਰੇ ਹਾਊਸ ਦੇ ਮੈਂਬਰਾਂ ਨੇ ਉਸ ਨੂੰ ਪਾਸ ਕਰਕੇ ਭੇਜਿਆ ਸੀ। ਇਹ ਸਿਫਾਰਸ਼ ਕੀਤੀ ਗਈ ਸੀ ਕਿ ਜਿਹੜਾ ਵੀ ਕੋਈ ਜੱਟ, ਗੈਰ-ਜੱਟ ਦਾ ਸਵਾਲ ਪਿੰਡਾਂ ਵਿਚ ਪੈਦਾ ਕਰੇਗਾ ਉਹ ਸਜ਼ਾ ਯਾਫਤਾ ਹੋਵੇਗਾ। ਇਸ ਜੁਰਮ ਦੇ ਖਿਲਾਫ ਪਰਚਾ ਦਰਜ ਹੋਇਆ ਕਰੇਗਾ। ਪਰ ਹੋਇਆ ਕੀ ? ਅੱਜ ਵੀ ਉਸੇ ਤਰ੍ਹਾਂ ਪਿੰਡਾਂ ਵਿਚ ਲਾਕਾਬੰਦੀਆਂ ਹੁੰਦੀਆਂ ਹਨ, ਸੋਸ਼ਲ ਬਾਈਕਾਟ ਹੁੰਦੇ ਹਨ। ਉਸ ਵੇਲੇ ਗੌਰਮਿੰਟ ਨੇ ਕਿਹਾ ਸੀ ਕਿ ਅਸੀਂ ਇਹੋ ਜਿਹਾ ਸੈਲ ਕਾਇਮ ਕਰਾਂਗੇ ਜਿਹੜਾ ਜਿਥੇ ਵੀ ਕੋਈ ਅਜਿਹਾ ਝਗੜਾ ਹੋਵੇਗਾ, ਉਥੇ ਜਾ ਕੇ ਦੋਹਾਂ ਧਿਰਾਂ ਨੂੰ ਬਹਾਲ ਕੇ ਪਿੰਡ ਵਿਚ ਅਮਨ ਕਰਾਏਗਾ। ਪਰ ਉਹ ਸੈਲ ਕਾਇਮ ਨਹੀਂ ਹੋਇਆ। ਲਾਕਾਬੰਦੀਆਂ

Original with;
Punjab Vidhan Sabha
Digitized by;
Panjab Digital Library

ਅੱਜ ਵੀ ਹੁੰਦੀਆਂ ਹਨ। ਡੀ. ਸੀ. ਕੋਲ ਜਾਂਦੇ ਹਾਂ ਤਾਂ ਉਹ ਕਹਿੰਦਾ ਹੈ ਕਿ ਐਸ. ਪੀ. ਕੋਲ ਜਾਓ। ਐਸ. ਪੀ. ਕੋਲ ਜਾਂਦੇ ਹਾਂ ਤਾਂ ਉਹ ਕਹਿੰਦਾ ਹੈ ਕਿ ਡੀ. ਐਸ. ਪੀ. ਕੋਲ ਜਾਓ। ਡੀ. ਐਸ. ਪੀ. ਕੋਲ ਜਾਂਦੇ ਹਾਂ ਤਾਂ ਉਹ ਕਹਿੰਦਾ ਹੈ ਕਿ ਐਸ. ਐਚ. ਓ. ਕੋਲ ਜਾਓ। ਐਸ. ਐਚ. ਓ. ਵਿਚਾਰਾ ਜ਼ਿਸ ਦੇ ਘਰ ਚੰਗੀ ਰੋਟੀ ਮਿਲੇ ਉਸਦੀ ਗਲ ਮੰਨਦਾ ਹੈ, ਗਰੀਬ ਆਦਮੀ ਦੀ ਗਲ ਕੋਈ ਨਹੀਂ ਮੰਨਦਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਹ ਸੈਲ ਕਾਇਮ ਕਰਨਾ ਚਾਹੀਦਾ ਹੈ। ਜਿਹੜੇ ਲੋਕ ਜੱਟ, ਗੈਰ-ਜੱਟ ਦਾ ਸਵਾਲ ਪੈਦਾ ਕਰਕੇ ਸੋਸ਼ਲ ਬਾਈਕਾਟ ਕਰਾਉਂਦੇ ਹਨ, ਨਾਕਾਬੰਦੀਆਂ ਕਰਾਉਂਦੇ ਹਨ ਉਨ੍ਹਾਂ ਨੂੰ ਕਰੜੀ ਤੋਂ ਕਰੜੀ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਕਿਸਾਨ ਅਤੇ ਮਜ਼ਦੂਰ ਦੋਵੇਂ ਇਕਠੇ ਹੋ ਕੇ ਕੰਮ ਕਰਨ ਅਤੇ ਆਪਣੇ ਘਰਾਂ ਨੂੰ ਖਸ਼ਹਾਲ ਬਣਾਉਣ।

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਰਕਮ ਰਖੀ ਗਈ ਹੈ ਇਹ ਗੌਰਮਿੰਟ ਨੇ ਆਪਣਾ ਪੱਲਾ ਵੇਖ ਕੇ ਰਖੀ ਹੈ। ਮੈਂ ਉਮੀਦ ਰਖਦਾ ਹਾਂ ਕਿ ਉਹ ਇਸ ਦੇ ਪੈਸੇ ਵਧਾ ਦੇਣਗੇ। ਇਹ ਬੜੀ ਚੰਗੀ ਗਲ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਸਰਕਾਰ ਬੁਢਾਪਾ ਪੈਨਸ਼ਨ ਦੇ ਰਹੀ ਹੈ। ਬੜੀ ਚੰਗੀ ਗਲ ਹੈ। ਨਿਆਸਰੇ ਲੋਕਾਂ ਲਈ ਅਤੇ ਗਰੀਬ ਬੱਚਿਆਂ ਲਈ ਪੈਨਸ਼ਨ ਦੇਣ ਦੀ ਸਕੀਮ ਸਰਕਾਰ ਨੇ ਬਣਾਈ ਸੀ। ਜਿਹੜੀਆਂ ਵਿੱਧਵਾਂ ਭੈਣਾਂ ਹਨ ਅਤੇ ਜਿਨ੍ਹਾਂ ਦੇ ਬੱਚੇ 10 ਸਾਲ ਦੀ ਉਮਰ ਤੋਂ ਘੱਟ ਹਨ ਉਨ੍ਹਾਂ ਨੂੰ 50 ਰੁਪਏ ਪੈਨਸ਼ਨ ਦੇ ਮਿਲ ਸਕਦੇ ਹਨ। ਅਸੀਂ ਬੜੇ ਫਾਰਮ ਭਰਾ ਕੇ ਭੇਜੇ ਹਨ। ਪਰ ਹੋਇਆ ਕੀ ? ਉਹ ਸਾਰੇ ਦੇ ਸਾਰੇ ਫਾਰਮ ਬੁਢਾਪਾ ਪੈਨਸ਼ਨ ਦੇ ਦਫਤਰ ਵਿਚ ਹੀ ਪਏ ਹਨ। ਉਹ ਪੈਨਸ਼ਨਾਂ ਚਾਲੂ ਨਹੀਂ ਹੋ ਰਹੀਆਂ। ਦਫਤਰ ਵਾਲੇ ਕਹਿੰਦੇ ਹਨ ਕਿ ਉਥੇ ਕੋਈ ਡਾਇਰੈਕਟਰ ਨਹੀਂ ਹੈ। ਜਿਤਨੀ ਦੇਰ ਡਾਇਰੈਕਟਰ ਨਹੀਂ ਲਗਦਾ, ਉਨ੍ਹਾਂ ਦੇ ਸਾਈਨ ਨਹੀਂ ਹੁੰਦੇ, ਇਹ ਪੈਨਸ਼ਨਾਂ ਮਨਜ਼ੂਰ ਨਹੀਂ ਹੋ ਸਕਦੀਆਂ। ਇਸ ਪਾਸੇ ਮੰਤਰੀ ਸਾਹਿਬ ਧਿਆਨ ਦੇਣ। ਨਿਆਸਰੇ ਬੱਚਿਆਂ ਦੀ ਪੈਨਸ਼ਨ ਲਈ 7 ਲੱਖ ਰੁਪਿਆ ਪਿਆ ਸੀ। ਉਹ ਲੈਪਸ ਨਾ ਹੋ ਜਾਵੇ, ਇਸ ਕਰਕੇ ਅਸੀਂ ਪਿੰਡਾਂ ਵਿਚ ਜਾ ਕੇ ਐਪਲੀਕੇਸ਼ਨਾਂ ਭਿਜਵਾਈਆਂ। ਇਸ ਪਾਸੇ ਵੀ ਜ਼ਰੂਰ ਮੰਤਰੀ ਜੀ ਧਿਆਨ ਦੇਣ। ਵਿਧਵਾਵਾਂ ਨੂੰ ਪੈਂਸ਼ਨ ਮਿਲਦੀ ਹੈ, ਇਹ ਬੜੀ ਚੰਗੀ ਗਲ ਹੈ। ਪਰ ਬਹੁਤ ਸਾਰਿਆਂ ਨੂੰ ਇਸ ਦੇ ਮਿਲਣ ਵਿਚ ਬੜੀਆਂ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਕਾਰਨ ਕੀ ਹੈ ? ਪੈਨਸ਼ਨ ਜਾਂਦੀ ਹੈ ਪਰ ਪਿੰਡਾਂ ਦੇ ਡਾਕੀਏ ਉਨ੍ਹਾਂ ਲੋਕਾਂ ਨੂੰ ਖਰਾਬ ਕਰਦੇ ਹਨ। ਇਕ ਮੇਰੇ ਹਲਕੇ ਦਾ ਪਿੰਡ ਹੈ ਉਸ ਦੀ ਮੈਂ ਮਿਸਾਲ ਦੇ ਸਕਦਾ ਹਾਂ। ਕਹੋ ਤਾਂ ਮੈਂ ਉਸ ਬੰਦੇ ਵਲੋਂ ਲਿਖਾ ਕੇ ਵੀ ਦੇ ਸਕਦਾ ਹਾਂ। ਦੋ ਮਹੀਨਿਆਂ ਦੀ ਪੈਨਸ਼ਨ ਡਾਕੀਆ ਖਾ ਗਿਆ ਹੈ। ਉਸ ਬੰਦੇ ਨੂੰ ਇਸ ਬਾਰੇ ਪਤਾ ਇਸ ਤਰ੍ਹਾਂ ਲੱਗਾ ਕਿ ਉਸ ਨੂੰ ਦਫਤਰ ਤੋਂ ਕੋਈ ਚਿੱਠੀ ਗਈ ਕਿ ਭਈ ਜਿਹੜੇ ਪੈਸੇ ਤੈਨੂੰ ਮਿਲੇ ਹਨ ਉਨ੍ਹਾਂ ਦੀ ਤੂੰ ਰਸੀਦ ਭੇਜ ਜਿੰਨਾਂ ਚਿਰ ਇਹ ਨਹੀਂ ਭੇਜੇਗਾ, ਪੈਨਸ਼ਨ ਤੁਹਾਡੀ ਬੰਦ ਰਹੇਗੀ। ਉਸ ਗਰੀਬ ਨੇ ਕਿਸੇ ਤੋਂ ਉਹ ਚਿਠੀ ਪੜ੍ਹਾਈ, ਫਿਰ ਉਸ ਨੇ ਦਫਤਰ ਵਾਲਿਆਂ ਨੂੰ ਲਿਖ ਦਿੱਤਾ ਕਿ ਪੈਨਸ਼ਨ ਮੈਨੂੰ ਮਿਲੀ ਹੀ ਨਹੀਂ ਹੈ ਮੈਂ ਕਿਸ ਦੀ ਰਸੀਦ ਭੇਜਾਂ। ਜਦੋਂ ਇਹ ਗੱਲ ਡਾਕੀਏ ਨੂੰ ਪਤਾ ਲਗਾ ਤਾਂ ਉਹ ਦੋ, ਚਾਰ ਬੰਦੇ ਇਕਠੇ ਕਰਕੇ ਕਹਿਣ ਲਗਾ ਕਿ ਪੈਨਸ਼ਨ ਇਸ ਦੀ ਆਈ ਸੀ ਅੱਤ ਉਸ ਵੇਲੇ ਇਹ ਇਥੇ ਨਹੀਂ ਸੀ, ਅਸੀਂ ਵਾਪਿਸ ਕਰ ਦਿੱਤੀ ਸੀ। ਅਸਲ ਵਿਚ ਉਹ ਦੋ ਮਹੀਨਿਆਂ ਦੀ ਪੈਨਸ਼ਨ ਖਾ ਗਿਆ। ਐਕਸ਼ਨ ਪਤਾ ਨਹੀਂ ਹੈ ਕਿ ਉਸ ਦੇ ਖਿਲਾਫ ਕੀ ਹੋਇਆ ਹੈ ? ਇਸ ਤਰ੍ਹਾਂ ਅੱਜ ਜੇ ਕੋਈ ਦੋ ਚਾਰ ਰੁਪਏ ਡਾਕੀਏ ਨੂੰ, ਪੈਨਸ਼ਨ ਲਿਆਉਣ ਵਾਲੇ ਨੂੰ ਨਾ ਦੇਵੇ ਤਾਂ ਉਹ ਲਿਖ ਦਿੰਦਾ ਹੈ ਕਿ ਸਬੰਧਤ ਬੰਦਾ ਹਾਜ਼ਰ ਨਹੀਂ ਜਾਂ ਉਸ ਦੀ ਰਸੀਦ ਹੀ ਨਹੀਂ ਭੇਜਦਾ। ਦਫਤਰ ਵਾਲੇ ਕਹਿੰਦੇ ਹਨ ਕਿ ਰਸੀਦ ਨਹੀਂ ਆਈ, ਇਸ ਲਈ ਪੈਨਸ਼ਨ ਬੰਦ ਕੀਤੀ ਜਾਂਦੀ ਹੈ। ਜੇ ਪੈਸੇ ਨਾ ਦੇਵੋ ਤਾਂ ਡਾਕੀਆ ਪੈਸੇ ਆਪਣੇ ਕੋਲ ਰੱਖ ਸਕਦਾ ਹੈ। ਅੱਠ ਦਿਨ ਉਸ ਨੂੰ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਹੁੰਦੀ ਹੈ। ਬਾਅਦ ਵਿਚ ਲਿਖ ਦਿੰਦਾ ਹੈ ਕਿ ਇਹ ਬੰਦਾ ਇਥੇ ਹੀ ਨਹੀਂ। ਇਸੇ ਤਰ੍ਹਾਂ ਮਾਨੋਕੇ ਪਿੰਡ ਮੇਰੇ ਹਲਕੇ ਵਿਚ ਹੈ। ਉਥੇ ਦੇ ਇਕ ਬੁਢੇ ਬਾਰੇ ਲਿਖ ਦਿੱਤਾ ਕਿ ਉਹ ਮਰ ਚੁਕਿਆ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਇਸ ਲਈ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਪੈਨਸ਼ਨਾਂ ਦਾ ਸਿਸਟਮ ਹੈ ਇਹ ਬਹੁਤ ਚੰਗਾ ਹੈ ਪਰ ਡਾਕੀਏ ਉਨ੍ਹਾਂ ਲੋਕਾਂ ਨੂੰ ਇਸ ਤਰ੍ਹਾਂ ਨਾਲ ਖਰਾਬ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਖਿਚ ਕੇ ਰੱਖਿਆ ਜਾਵੇ ਤਾਕਿ ਗਰੀਬ ਲੋਕਾਂ ਨੂੰ ਪੈਨਸ਼ਨ ਮਿਲ ਸਕੇ।

ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਬੇਘਰਿਆਂ ਨੂੰ ਘਰ ਦੇਣ ਦੇ ਐਲਾਨ ਕਾਂਗਰਸ ਸਰਕਾਰ ਵਲੋਂ ਹੁੰਦੇ ਰਹੇ। ਪਿਛਲੀ ਕਾਂਗਰਸ ਦੀ ਸਰਕਾਰ ਦੇ ਸਮੇਂ ਕਾਂਗਰਸੀ ਭਰਾਵਾਂ ਨੇ ਕਿਹਾ ਕਿ ਤਿੰਨ ਲੱਖ ਪਲਾਟ ਦੇ ਦਿੱਤੇ ਹਨ। ਅਸੀਂ ਇਸੇ ਹਾਊਸ ਵਿਚ ਸੰਨ 1977 ਵਿਚ ਕਿਹਾ ਸੀ ਕਿ ਇਕ ਲੱਖ ਪਲਾਟ ਵੀ ਬੇਘਰਿਆਂ ਨੂੰ ਨਹੀਂ ਦਿੱਤੇ ਗਏ ਅੰਰ ਵਾਕਿਆ ਹੀ ਨਹੀਂ ਦਿੱਤੇ ਗਏ। ਜੇਕਰ ਦਿੱਤੇ ਵੀ ਗਏ ਹਨ ਤਾਂ ਉਹ ਵੀ ਛੱਪੜਾਂ ਵਿਚ ਜਾਂ ਸਿਵਿਆਂ ਵਿਚ ਦਿੱਤੇ ਗਏ ਹਨ। ਉਹ ਲੋਕ ਉਥੇ ਜਾਣਾ ਨਹੀਂ ਸਨ ਚਾਹੁੰਦੇ । ਇਥੇ ਇਕ ਸਕੀਮ ਇਹ ਵੀ ਰੱਖੀ ਗਈ ਕਿ ਜਿਨ੍ਹਾਂ ਨੂੰ ਪਲਾਟ ਦਿੱਤੇ ਗਏ ਹਨ, ਸੋਸਾਇਟੀਆਂ ਬਣਾ ਕੇ ਚਾਰ, ਚਾਰ ਹਜ਼ਾਰ ਰੁਪਿਆ ਫੀ ਸੁਸਾਇਟੀ ਦੇ ਹਿਸਾਬ ਨਾਲ ਉਨ੍ਹਾਂ ਨੂੰ ਦੇਣਾ ਹੈ ਅਤੇ ਇਸ ਨਾਲ ਉਹ ਆਪਣੇ ਸਿਰ ਲੁਕਾਉਣ ਲਈ ਘਰ ਬਣਾ ਲੈਣਗੇ। ਪਰ ਜਿਹੜੀਆਂ ਸੋਸਾਇਟੀਆਂ ਬਣੀਆਂ ਉਹ ਵੀ ਝੂਠੀਆਂ ਸਨ। ਦੋ, ਚਾਰ ਹਜ਼ਾਰ ਰੁਪਿਆ ਜਿਨ੍ਹਾਂ ਨੂੰ ਮਿਲਿਆ ਹੈ ਉਹ ਉਨ੍ਹਾਂ ਨੇ ਉਥੇ ਨਹੀਂ ਲਗਾਇਆ। ਉਹ ਸੋਸਾਇਟੀਆਂ ਚੱਲੀਆਂ ਹੀ ਨਹੀਂ। ਮੈਂ ਮੰਤਰੀ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਉਨ੍ਹਾਂ ਲੋਕਾਂ ਨੂੰ ਪਲਾਟ ਦਿਓ, ਜਿਨ੍ਹਾਂ ਪਾਸ ਇਸ ਵੇਲੇ ਕੋਈ ਪਲਾਟ ਨਹੀਂ ਹੈ, ਕੋਈ ਘਰ ਨਹੀਂ ਹੈ। ਤੁਸੀਂ ਵੀਹ ਨੁਕਾਤੀ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਫੇਰ ਲਾਗੂ ਕਰੋ। ਉਸ ਵੀਹ ਨੁਕਾਤੀ ਪ੍ਰੋਗਰਾਮ ਵਿਚ ਗਰੀਬ ਲੋਕਾਂ ਲਈ ਇਕ ਨੁਕਤਾ ਆਉਂਦਾ ਹੈ। ਉਨ੍ਹਾਂ ਗਰੀਬਾਂ ਨੂੰ ਘਰਾਂ ਵਾਸਤੇ ਸਹਾਇਤਾ ਦਿਓ, ਭਾਵੇਂ ਠੀਕ ਤਰ੍ਹਾਂ ਦੀਆਂ ਕੋਈ ਸੋਸਾਇਟੀਆਂ ਹੀ ਚਲਾਓ ਪਰ ਉਨ੍ਹਾਂ ਨੂੰ ਘਰ ਮੁਹੱਈਆ ਕਰੋ ਤਾਕਿ ਉਹ ਵੀ ਆਪਣਾ ਸਿਰ ਲੁਕਾ ਸਕਣ।

ਇਸੇ ਤਰ੍ਹਾਂ ਹੀ ਜੋ ਮਿੱਲਾਂ ਦੇ ਵਿਚ ਕੰਮ ਕਰ ਰਹੇ ਮਜ਼ਦੂਰ ਹਨ, ਉਨ੍ਹਾਂ ਵਿਚਾਰਿਆਂ ਨੂੰ ਪੱਕਿਆਂ ਹੀ ਨਹੀਂ ਕੀਤਾ ਜਾਂਦਾ। ਪੱਕੇ ਕਰਨ ਦੀ ਬਜਾਏ ਉਨ੍ਹਾਂ ਤੇ ਇਤਨਾ ਤਸ਼ੱਦਦ ਹੁੰਦਾ ਹੈ ਕਿ ਤੁਹਾਡੇ ਸਾਹਮਣੇ ਸੰਧਵਾਂ ਦੀ ਮਿਸਾਲ ਹੈ। ਤੁਸੀਂ ਉਥੇ ਦੇ ਵਾਕਿਆ ਬਾਰੇ ਸੁਣਿਆ ਹੋਵੇਗਾ। 48 ਬੰਦਿਆਂ ਤੇ ਕੇਸ ਬਣਾਏ ਗਏ ਅੱਠ ਬੰਦੇ ਫੱਟੜ ਹੋਏ, ਦੋਵਾਂ ਤੇ ਗੋਲੀਆਂ ਚੱਲੀਆਂ ਅੰਰ ਐਸ. ਪੀ. ਕੀ ਕਹਿੰਦਾ ਹੈ ? ਉਹ ਕਹਿੰਦਾ ਹੈ ਕਿ ਸੰਧਵਾਂ ਮਿਲ ਵਿਚ ਕੋਈ ਗੋਲੀ ਨਹੀਂ ਚੱਲੀ ਹਾਲਾਂਕਿ ਜਿਨ੍ਹਾਂ ਦੇ ਗੋਲੀਆਂ ਵਜੀਆਂ ਹਨ ਉਹ ਵੀ ਉਥੇ ਹਨ। ਉਲਟਾ ਉਨ੍ਹਾਂ ਲੋਕਾਂ ਤੇ ਹੀ 107/151 ਲਗਾ ਕੇ ਉਨ੍ਹਾਂ ਤੇ ਹੀ ਕੇਸ ਬਣਾ ਦਿੱਤਾ ਅੰਰ ਇਸ ਤਰ੍ਹਾਂ ਮਿਲ ਮਾਲਕਾਂ ਦੀ ਮੱਦਦ ਕੀਤੀ। ਸਰਕਾਰ ਨੇ ਕਿਸੇ ਨੂੰ ਪੁਛਿਆ ਤਕ ਨਹੀਂ। ਮੁੱਖ ਮੰਤਰੀ ਨੂੰ, ਡੀ. ਸੀ. ਨੂੰ ਅੰਰ ਉਸ ਇਲਾਕੇ ਦੇ ਐਸ. ਐਸ. ਪੀ. ਨੂੰ ਵੀ ਲੋਕ ਮਿਲੇ ਪਰ ਇਥੋਂ ਤਕ ਕਿ ਕੋਈ ਇਨਕੁਆਇਰੀ ਨਹੀਂ ਕਰਵਾਈ ਗਈ। ਉਥੇ ਹੋ ਕੀ ਰਿਹਾ ਹੈ? ਇਕ ਤਾਂ ਬੰਦਿਆਂ ਨੂੰ ਮਾਰਿਆ ਗਿਆ ਅੰਰ ਫਿਰ ਉਨ੍ਹਾਂ ਬੰਦਿਆਂ ਦੇ ਸਿਰ ਝੂਠੇ ਕੇਸ ਬਣਾ ਕੇ ਉਨ੍ਹਾਂ ਦੀ ਨੌਕਰੀ ਤੋਂ ਛੁੱਟੀ ਕੀਤੀ ਜਾ ਰਹੀ ਹੈ। 31 ਜਨਵਰੀ, 1980 ਤੋਂ ਛੁੱਟੀ ਕਰ ਦਿੱਤੀ ਅੰਰ ਅਜੇ ਤਕ ਉਨ੍ਹਾ ਨੂੰ ਬਹਾਲ ਕਰਨ ਲਈ ਓਪਰਾਲਾ ਨਹੀਂ ਕੀਤਾ ਗਿਆ। ਇਸ ਲਈ ਮੈਂ ਕਹਾਂਗਾ ਕਿ ਉਸ ਦੀ ਮੈਨੇਜਮੈਂਟ ਨੂੰ ਸੁਧਾਰਨ ਵਾਸਤੇ ਐਕਸ਼ਨ ਲੈਣਾ ਚਾਹੀਦਾ ਹੈ, ਉਸ ਦੀ ਮੈਨੇਜਮੈਂਟ ਨੂੰ ਸੱਸਪੈਂਡ ਕਰਨਾ ਚਾਹੀਦਾ ਹੈ ਅੰਰ ਜਿਹੜੇ ਝੂਠੇ ਕੇਸ ਮਜ਼ਦੂਰਾਂ ਅਤੇ ਵਰਕਰਾਂ ਤੇ ਬਣਾਏ ਗਏ ਹਨ ਉਹ ਵਾਪਿਸ ਲੈਣੇ ਚਾਹੀਦੇ ਹਨ, ਜਿਹੜੇ ਮਜ਼ਦੂਰ ਛਾਂਟੀ ਕੀਤੇ ਗਏ ਹਨ ਉਹ ਵਾਪਸ ਲੈਣੇ ਚਾਹੀਦੇ ਹਨ। ...

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਕਾਮਰੇਡ ਸੱਘੜ ਸਿੰਘ : ਨਹੀਂ ਜੀ, ਅਜੇ ਟਾਈਮ ਰਹਿੰਦਾ ਹੈ ।

Original with;
Punjab Vidhan Sabha
Digitized by;
Panjab Digital Library

ਸੋ, ਡਿਪਟੀ ਸਪੀਕਰ ਸਾਹਿਬ, ਜਿਹੜੇ ਮਿੱਲ ਦੇ ਮਜ਼ਦੂਰ ਹਨ, ਜਿਨ੍ਹਾਂ ਵਾਸਤੇ ਕਿ ਗੌਰਮਿੰਟ ਕਹਿੰਦੀ ਹੈ ਕਿ ਅਸੀਂ ਕਰਜ਼ੇ ਦੇਣੇ ਹਨ, ਉਨ੍ਹਾਂ ਮਜ਼ਦੂਰਾਂ ਦੀ ਇਹ ਹਾਲਤ ਹੋ ਰਹੀ ਹੈ। ਮੈਂ ਕਹਾਂਗਾ ਕਿ ਜਿਹੜੇ ਪੈਸੇ ਅਕਾਲੀ ਸਰਕਾਰ ਨੇ ਐਲਾਨ ਕੀਤੇ ਸਨ ਸ਼ਡਿਊਲਡ ਕਾਸਟਸ ਲਈ, 25 ਕਰੋੜ ਰੁਪਿਆ ਰੱਖਿਆ ਹੈ, 15 ਕਰੋੜ ਰੁਪਿਆ ਸ਼ਡਿਊਲਡ ਕਾਸਟਸ ਜਾਤੀਆਂ ਲਈ ਅੌਰ 10 ਕਰੋੜ ਰੁਪਿਆ ਬੈਕਵਰਡ ਕਲਾਸਾਂ ਲਈ, ਉਹੀ ਪੈਸੇ ਤੁਸੀਂ ਦੇ ਦਿਓ। ਡਿਪਟੀ ਸਪੀਕਰ ਸਾਹਿਬ, ਦਰਖਾਸਤਾਂ ਕਰ-ਜ਼ਿਆਂ ਲਈ ਮੰਗ ਲਈਆਂ ਜਾਂਦੀਆਂ ਹਨ ਪਰ ਅਮਲ ਕੀ ਹੁੰਦਾ ਹੈ, ਮੇਰਾ ਖਿਆਲ ਹੈ ਕਿ ਚੰਦ ਲੋਕਾਂ ਨੂੰ ਹੀ ਉਹ ਕਰਜ਼ੇ ਦੀ ਰਕਮ ਮਿਲਦੀ ਹੋਵੇਗੀ ਬਾਕੀ ਤਾਂ ਗਰੀਬ ਲੋਕ ਹੇਠਾਂ ਉਪਰ ਕੀੜੀਆਂ ਵਾਂਗ ਤੁਰੇ ਫਿਰਦੇ ਹਨ, ਕੋਈ ਨਹੀਂ ਪੁੱਛਦਾ। ਜਿਹੜਾ ਤਕੜਾ ਬੰਦਾ ਹੋਵੇਗਾ ਉਹੀ ਪੈਸੇ ਲੈ ਲੈਂਦਾ ਹੋਵੇਗਾ ਨਹੀਂ ਤਾਂ ਕੋਈ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਹੈ। ਵੀਹ-ਵੀਹ, ਚਾਲੀ-ਚਾਲੀ ਦੀਆਂ ਟੋਲੀਆਂ ਫਿਰਦੀਆਂ ਹਨ।...

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਸੱਘੜ ਸਿੰਘ ਜੀ, ਵਾਈਂਡ ਅੱਪ ਕਰੋ।

ਕਾਮਰੇਡ ਸੱਘੜ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਸ ਹਿਸਾਬ ਨਾਲ ਇਹ ਕਰਜ਼ੇ ਮਿਲ ਰਹੇ ਹਨ ਤੁਸੀਂ ਆਪ ਹੀ ਇਸ ਦਾ ਹਿਸਾਬ ਲਗਾ ਲਵੋ ਕਿ ਇਸ ਨਾਲ ਗਰੀਬਾਂ ਨੂੰ ਕਿਤਨੀ ਕੁ ਰਾਹਤ ਮਿਲ ਸਕਦੀ ਹੈ। ਇਕ ਹੋਰ ਕਰਜ਼ਾ ਮਿਲਦਾ ਹੈ ਜਿਸ ਦੀ 33% ਸਬਸਿੱਡੀ ਵਜੋਂ ਰਕਮ ਮਿਲਦੀ ਹੈ। ਜਦੋਂ ਸਬਸਿੱਡੀ ਵਾਲੇ ਕੇਸ ਤਿਆਰ ਕਰ ਲੈਂਦੇ ਹਨ ਤਾਂ ਉਹ ਕਾਗਜ਼ ਬੈਂਕ ਪਾਸ ਚਲੇ ਜਾਂਦੇ ਹਨ। ਇਸ ਤਰ੍ਹਾਂ ਅਫਸਰ ਤਾਂ ਕਰਜ਼ਾ ਮਨਜ਼ੂਰ ਕਰਕੇ ਪੰਜਾਬ ਐਂਡ ਸਿੰਧ ਬੈਂਕ ਜਾਂ ਦੂਜੀਆਂ ਬੈਂਕਾਂ ਨੂੰ ਭੇਜ ਦਿੰਦੇ ਹਨ। ਫਿਰ ਬੈਂਕ ਵਾਲੇ ਕੀ ਕਰਦੇ ਹਨ ? ਉਹ ਕਹਿੰਦੇ ਹਨ ਕਿ ਜੇਕਰ ਤਾਂ ਸਬਸਿੱਡੀ ਵਿਚੋਂ ਅੱਧੀ ਰਕਮ ਸਾਨੂੰ ਦੇਵੋਂਗਾ ਤਾਂ ਤੇ ਤੈਨੂੰ ਪੈਸੇ ਦੇ ਦਿੰਦੇ ਹਾਂ ਨਹੀਂ ਤਾਂ ਸਾਡੇ ਪਾਸ ਕੋਈ ਪੈਸਾ ਨਹੀਂ ਹੈ, ਜਿੱਥੇ ਮਰਜ਼ੀ ਹੈ ਤੁਰਿਆ ਫਿਰ। ਇਸ ਵਿਚ ਮੈਂ ਇਹ ਕਹਿ ਸਕਦਾ ਹਾਂ ਕਿ ਦਫ਼ਤਰ ਵਾਲਿਆਂ ਦੇ ਕਰਮਚਾਰੀਆਂ ਦੀ ਕੋਈ ਅਣਗਹਿਲੀ ਨਹੀਂ ਹੈ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ, ਤੁਹਾਡਾ ਟਾਈਮ ਹੋ ਚੁਕਾ ਹੈ।

ਕਾਮਰੇਡ ਸੱਘੜ ਸਿੰਘ : ਇਸ ਲਈ ਮੈਂ ਇਹ ਕਹਾਂਗਾ ਕਿ ਇਸ ਕਰਜ਼ੇ ਵੱਲ ਵੀ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ਤਾਕਿ ਬੈਂਕਾਂ ਵਾਲੇ ਗਰੀਬਾਂ ਨੂੰ ਤੰਗ ਨਾ ਕਰ ਸਕਣ ਅਤੇ ਜਿਹੜੀ 33% ਸਬਸਿੱਡੀ ਮਿਲਦੀ ਹੈ ਉਹ ਗਰੀਬ ਨੂੰ ਪੂਰੀ ਦੀ ਪੂਰੀ ਮਿਲ ਜਾਵੇ। ਮੈਂ, ਡਿਪਟੀ ਸਪੀਕਰ ਸਾਹਿਬ, ਜ਼ਿਆਦਾ ਸਮਾਂ ਨਹੀਂ ਲੈਂਦਾ ਕਿਉਂਕਿ ਤੁਸੀਂ ਕਹਿੰਦੇ ਹੋ ਕਿ ਟਾਈਮ ਜ਼ਿਆਦਾ ਹੋ ਗਿਆ ਹੈ, ਇਸ ਲਈ ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਮਾਨਯੋਗ ਮੈਂਬਰ ਜੱਥੇਦਾਰ ਉਜਾਗਰ ਸਿੰਘ ਸੇਖਵਾਂ ਨੂੰ ਬੋਲਣ ਲਈ ਆਗਿਆ ਦਿੱਤੀ)

ਸ਼੍ਰੀ ਗੋਪਾਲ ਕ੍ਰਿਸ਼ਨ ਭਤਰਥ : ਡਿਪਟੀ ਸਪੀਕਰ ਸਾਹਿਬ, ਇਹ ਅਸੂਲ ਹੈ ਕਿ ਇਕ ਮਾਨਯੋਗ ਮੈਂਬਰ ਉਧਰੋਂ ਬੋਲੇ ਅੌਰ ਇਕ ਸਾਡੀ ਪਾਰਟੀ ਵਲੋਂ ਬੋਲੇ। ਸਾਡੇ ਬੰਦੇ 63 ਹਨ ਅੌਰ ਇਨ੍ਹਾਂ ਦੇ ਬੰਦੇ 53 ਹਨ, ਇਸ ਲਈ ਹੁਣ ਸਾਡੀ ਵਾਰੀ ਬੋਲਣ ਦੀ ਬਣਦੀ ਹੈ ਜੀ।

ਸ਼੍ਰੀ ਡਿਪਟੀ ਸਪੀਕਰ : ਜਿਤਨਾ ਟਾਈਮ ਤੁਹਾਡੀ ਪਾਰਟੀ ਦਾ ਪਿਆ ਹੈ ਉਤਨਾ ਤੁਹਾਨੂੰ ਮਿਲ ਜਾਵੇਗਾ। ਮਨਿਸਟਰ ਸਾਹਿਬ ਨੇ ਰਿਪਲਾਈ ਵੀ ਦੇਣਾ ਹੈ। ਇਸ ਲਈ ਤੁਸੀਂ ਬੈਠੋ। ਟਾਈਮ ਦੀ ਐਡਜਸਟਮੈਂਟ ਹੋ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਜੱਥੇਦਾਰ ਉਜਾਗਰ ਸਿੰਘ ਸੇਖਵਾਂ (ਕਾਹਨੂੰਵਾਂ) : ਡਿਪਟੀ ਸਪੀਕਰ ਸਾਹਿਬ, ਇਹ ਬੜਾ ਹੀ ਵੱਡਾ ਮਸਲਾ ਹੈ ਜਿਸ ਉਤੇ ਬਹਿਸ ਸ਼ੁਰੂ ਹੋਈ ਹੈ, ਪਰ ਸਹੀ ਮਾਅਨਿਆਂ ਵਿਚ ਤਾਂ ਜਿਹੜਾ ਅਸਲ ਮਸਲਾ ਹੈ, ਲੇਬਰ ਦਾ, ਮਜ਼ਦੂਰਾਂ ਦਾ, ਉਸ ਨੂੰ ਟੱਚ ਨਹੀਂ ਕੀਤਾ ਗਿਆ, ਇਸ ਦੇ ਉਤੇ ਬਹਿਸ ਨਹੀਂ ਹੋਈ। ਬਦਕਿਸਮਤੀ ਦੀ ਗੱਲ ਜਾਪਦੀ ਹੈ ਕਿ ਉਨ੍ਹਾਂ ਲੋਕਾਂ ਦਾ ਕੌਣ ਰਾਖਾ ਬਣੇਗਾ, ਉਨ੍ਹਾਂ ਦੀ ਕੌਣ ਰਾਖੀ ਕਰੇਗਾ, ਮੇਰੇ ਖਿਆਲ ਦੇ ਮੁਤਾਬਿਕ ਤਾਂ ਇਹ ਗਲ ਹੈ ਕਿ ਅਸੀਂ ਆਪਣੀਆਂ ਮਤਲਬ ਦੀਆਂ ਗੱਲਾਂ ਕਰੀ ਜਾਂਦੇ ਹਾਂ ਕਿ ਅਸੀਂ ਕਿਵੇਂ ਲੋਕਾਂ ਨੂੰ ਚੰਗੇ ਲੱਗੀਏ ਪਰ ਉਸ ਮਸਲੇ ਵੱਲ, ਡਿਪਟੀ ਸਪੀਕਰ ਸਾਹਿਬ, ਸਾਡਾ ਕੋਈ ਧਿਆਨ ਨਹੀਂ। ਮੈਂ ਮਜ਼ਦੂਰ ਦਾ, ਕੇਵਲ ਮਜ਼ਦੂਰ ਦਾ ਮਸਲਾ ਜਿਹੜਾ ਹੈ, ਉਸ ਤੇ ਹੀ ਹਾਊਸ ਵਿਚ ਕਹਿਣਾ ਚਾਹਵਾਂਗਾ। ਬੜੀਆਂ ਬੜੀਆਂ ਮਿੱਲਾਂ ਜੋ ਪੰਜਾਬ ਦੇ ਅੰਦਰ ਹਨ, ਤੁਸੀਂ ਵੇਖਿਆ ਹੋਵੇਗਾ ਕਿ ਇਹ ਕਿਸ ਤਰ੍ਹਾਂ ਕੰਮ ਕਰਦੀਆਂ ਹਨ। ਜੇ ਤੁਸੀਂ ਉਨ੍ਹਾਂ ਮਿੱਲਾਂ ਵਿਚ ਵਰਕਰਾਂ ਦੀ ਹਾਜ਼ਰੀ ਲਗੀ ਵੇਖੋ ਤਾਂ ਇਹ ਲਿਖਿਆ ਹੋਵੇਗਾ ਕਿ ਇਥੇ 3,600 ਵਰਕਰਜ਼ ਕੰਮ ਕਰਦੇ ਹਨ ਪਰ ਜੇ ਤੁਸੀਂ ਆਪ ਜਾ ਕੇ ਅਸਲ ਰੂਪ ਵਿਚ ਪੁੱਛੋ ਕਿ ਤੁਹਾਡੀ ਮਿੱਲ ਵਿਚ ਕਿੰਨੇ ਮਜ਼ਦੂਰ ਕੰਮ ਕਰਦੇ ਹਨ ਤਾਂ ਪਤਾ ਲਗੇਗਾ ਕਿ ਉਥੇ 600 ਜਾਂ 800 ਮਜ਼ਦੂਰ ਹੀ ਕੰਮ ਕਰਦੇ ਹਨ। ਇਸ ਦਾ ਮਤਲਬ ਸਾਫ਼ ਹੈ ਕਿ ਮਜ਼ਦੂਰਾਂ ਦੇ ਸਾਲਾਂ ਸਾਲ ਕੰਮ ਕਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਪੱਕੇ ਮਜ਼ਦੂਰਾਂ ਦੀ ਲਿਸਟ ਵਿਚ ਸ਼ਾਮਲ ਨਹੀਂ ਕੀਤਾ ਗਿਆ। ਮੇਰਾ ਜਿਹੜਾ ਦੇਸ਼ ਹੈ ਇਸ ਵਿਚ ਸਮਾਜਵਾਦ ਦਾ ਪ੍ਰਚਾਰ ਹੁੰਦਾ ਹੈ। ਛੋਟੇ ਲੋਕਾਂ ਨੂੰ ਅਤੇ ਵਡੇ ਲੋਕਾਂ ਨੂੰ ਬਰਾਬਰ ਕਰਨ ਦਾ ਪ੍ਰਚਾਰ ਕੀਤਾ ਜਾਂਦਾ ਹੈ ਔਰ ਇਹ ਪ੍ਰਚਾਰ ਹੁਣ ਤੋਂ ਨਹੀਂ ਹੋ ਰਿਹਾ ਬਲਕਿ ਜਦੋਂ ਤੋਂ ਸਾਡੇ ਦੇਸ਼ ਨੂੰ ਅਜ਼ਾਦੀ ਮਿਲੀ ਹੈ ਉਦੋਂ ਤੋਂ ਹੀ ਇਹ ਪ੍ਰਚਾਰ ਚਲ ਰਿਹਾ ਹੈ। ਹਰ ਪਾਰਟੀ ਨੇ ਚਾਹੇ ਉਹ ਗੌਰਮਿੰਟ ਦੇ ਬੈਂਚਾਂ ਤੇ ਬੈਠੀ ਹੈ ਜਾਂ ਆਪੋਜ਼ੀਸ਼ਨ ਵਿਚ ਬੈਠੀ ਹੈ ਉਸ ਨੇ ਇਸ ਦਾ ਪ੍ਰਚਾਰ ਕੀਤਾ ਹੈ, ਸਮਾਜਵਾਦ ਦੀ ਅਤੇ ਬਰਾਬਰਤਾ ਦੀ ਗਲ ਕੀਤੀ ਹੈ। ਮਿੱਲਾਂ ਦੇ ਅੰਦਰ ਜਿਹੜੇ ਮਜ਼ਦੂਰਾਂ ਦੇ ਮੱਸਲੇ ਹਨ ਉਨ੍ਹਾਂ ਵਾਸਤੇ ਉਹ ਕੋਰਟਾਂ ਵਿਚ ਜਾਂਦੇ ਹਨ ਪਰ ਮੇਰੀ ਪੰਜਾਬ ਗੌਰਮਿੰਟ ਵੇਖੇ ਕਿ ਉਨ੍ਹਾਂ ਮਸਲਿਆਂ ਦਾ ਕੀ ਹਾਲ ਹੁੰਦਾ ਹੈ। ਇਸ ਤੇ ਤੁਹਾਨੂੰ ਪਤਾ ਲਗ ਜਾਵੇਗਾ ਕਿ ਪੰਜਾਬ ਦੇ ਅੰਦਰ ਮਜ਼ਦੂਰਾਂ ਵਾਸਤੇ, ਗਰੀਬਾਂ ਵਾਸਤੇ, ਕਿਸੇ ਨੂੰ ਕੋਈ ਹਮਦਰਦੀ ਨਹੀਂ ਹੈ। ਅੱਜ ਵੀ ਜਿਹੜੀ ਬਹਿਸ ਹੋਈ ਹੈ ਉਸ ਵਿਚ ਹਾਈਕੋਰਟ ਦੇ ਜੱਜ ਦੀ ਮੰਗ ਹੋਈ ਹੈ ਪਰ ਕਿਸੇ ਕਾਰਖਾਨੇ ਦੇ ਮਜ਼ਦੂਰ ਦੀ ਮੰਗ ਨਹੀਂ ਕੀਤੀ ਗਈ। ਮੇਰੇ ਇਕ ਕਾਮਰੇਡ ਵੀਰ ਨੇ ਆਖਿਆ ਕਿ ਜਿਨ੍ਹਾਂ ਮਜ਼ਦੂਰਾਂ ਦੇ ਹੱਥ ਵੱਢੇ ਜਾਂਦੇ ਹਨ ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ ਲੇਕਿਨ ਉਸ ਪਾਸੇ ਕੁਝ ਕਰਨ ਵਾਸਤੇ ਅਸੀਂ ਤਿਆਰ ਨਹੀਂ। ਇਹ ਸਾਡੇ ਮੁਲਕ ਦੀ ਬਦਕਿਸਮਤੀ ਹੈ ਕਿ ਅੱਜ ਤਕ ਸਾਡਾ ਮੁਲਕ ਉਠ ਨਹੀਂ ਸਕਿਆ। ਜਦ ਤਕ ਅਸੀਂ ਨੇਕਨੀਯਤ ਨਾਲ ਲਤਾੜੇ ਹੋਏ ਲੋਕਾਂ ਬਾਰੇ ਨਹੀਂ ਸੋਚਾਂਗੇ ਸਾਡਾ ਦੇਸ਼ ਉੱਚਾ ਨਹੀਂ ਉਠ ਸਕਦਾ। ਸਾਡੇ ਅੰਦਰ ਪਾਰਟੀ ਬਾਜ਼ੀ ਵੜੀ ਹੋਈ ਹੈ। ਮੈਂ ਚਾਹੁੰਦਾ ਹਾਂ ਕਿ ਕੋਈ ਵੀ ਆਦਮੀ ਚਾਹੇ ਉਹ ਉਸ ਪਾਰਟੀ ਦਾ ਹੋਵੇ ਜਾਂ ਇਸ ਪਾਰਟੀ ਦਾ ਹੋਵੇ ਜਿਹੜਾ ਟੋਕਰੀ ਚੁੱਕਦਾ ਹੈ, ਟੱਟੀ ਚੁੱਕਦਾ ਹੈ ਉਸ ਨੂੰ ਜ਼ਰੂਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਜਿਨ੍ਹਾਂ ਲੋਕਾਂ ਦਾ ਕੋਈ ਸਹਾਰਾ ਨਹੀਂ, ਉਨ੍ਹਾਂ ਵਾਸਤੇ ਸਾਡੀਆਂ ਸਭਾਵਾਂ ਵਿਚ, ਪਾਰਲੀਮੈਂਟ ਵਿਚ ਅਤੇ ਅਸੈਂਬਲੀ ਵਿਚ ਕਿਸੇ ਨੇ ਕੋਈ ਗਲ ਨਹੀਂ ਕਰਨੀ ਜਦ ਕਿ ਮਹਾਰਾਜੇ ਅਤੇ ਵਡੇ ਵਡੇ ਲੋਕਾਂ ਦੀਆਂ ਗਲਾਂ ਇਥੇ ਕੀਤੀਆਂ ਜਾਂਦੀਆਂ ਹਨ। ਹਰ ਆਦਮੀ ਨੇ ਇਥੇ ਆਪਣੇ ਫਾਇਦੇ ਦੀ ਹੀ ਗਲ ਕਰਨੀ ਹੈ, ਆਪਣੀ ਜਾਇਦਾਦ ਸੰਭਾਲਣ ਦੀ ਗਲ ਕਰਨੀ ਹੈ ਪਰ ਇਥੇ ਜੇ ਕੋਈ ਮਜ਼ਦੂਰ ਮਰ ਜਾਵੇਗਾ ਤਾਂ ਉਸ ਦੇ ਹਿੱਤ ਦੀ ਗਲ ਕਿਸੇ ਨੇ ਨਹੀਂ ਕਰਨੀ।

ਡਿਪਟੀ ਸਪੀਕਰ ਸਾਹਿਬ, ਸਰਵਿਸ ਵਿਚ ਬਹੁਤ ਭਾਰੀ ਪਾੜਾ ਸੀ। ਪਿੱਛੇ ਜਿਹੇ ਅਸੀਂ ਕੁਝ ਅਜਿਹੇ ਫੈਸਲੇ ਕੀਤੇ ਜਿਸ ਨਾਲ ਇਸ ਪਾੜੇ ਨੂੰ ਘਟਾਇਆ। ਇਹ ਜਿਹੜਾ ਪਾੜਾ ਪਹਿਲੇ 1–10

Original with;
Punjab Vidhan Sabha
Digitized by;
Panjab Digital Library

ਦਾ ਚਲਿਆ ਆ ਉਂਦਾ ਸੀ ਉਸ ਨੂੰ ਘਟਾ ਕੇ 1–7ਦਾ ਪਾੜਾ ਕੀਤਾ ਗਿਆ। ਕੁਝ ਉਪਰ ਵਾਲਿਆਂ ਨੂੰ ਥੱਲੇ ਅਤੇ ਕੁਝ ਥਲੇ ਵਾਲਿਆਂ ਨੂੰ ਉਪਰ ਚੁਕਿਆ ਗਿਆ। ਪਰ ਮੈਂ ਸਮਝਦਾ ਹਾਂ ਕਿ ਇਹ ਪਾੜਾ 1–5 ਦਾ ਕੀਤਾ ਜਾਣਾ ਚਾਹੀਦਾ ਹੈ। ਪਿਛੇ ਇਕ ਫੈਸਲਾ ਹੋਇਆ ਸੀ ਕਿ ਸਾਡੀ ਸਟੇਟ ਦੇ ਅੰਦਰ ਕੋਈ ਵੀ ਗੌਰਮਿੰਟ ਸਰਵਿਸ ਕਰਨ ਵਾਲਾ ਵਿਅਕਤੀ ਹੋਵੇ ਉਸ ਦੀ ਘੱਟੋ ਘੱਟ ਤਨਖਾਹ 305 ਰੁਪਏ ਹੋਵੇਗੀ। ਪਰ, ਡਿਪਟੀ ਸਪੀਕਰ ਸਾਹਿਬ, ਬਦਕਿਸਮਤੀ ਇਸ ਗਲ ਦੀ ਹੈ ਕਿ ਸੜਕਾਂ ਤੇ ਕੰਮ ਕਰਨ ਵਾਲੇ ਵਿਅਕਤੀ, ਜੰਗਲਾਤ ਵਿਚ ਕੰਮ ਕਰਨ ਵਾਲੇ ਵਿਅਕਤੀ, ਡਰੇਨਾਂ ਤੇ ਕੰਮ ਕਰਨ ਵਾਲੇ ਵਿਅਕਤੀ ਜਿਨ੍ਹਾਂ ਨੂੰ 17–17 ਸਾਲ ਕੰਮ ਕਰਦੇ ਨੂੰ ਹੋ ਗਏ ਹਨ ਉਹ ਬੇਲਦਾਰ ਅੱਜ ਵੀ ਕੱਚੇ ਹਨ ਅੱਰ ਉਹ ਡੇਲੀ ਵੇਜਿਜ਼ ਤੇ ਕੰਮ ਕਰ ਰਹੇ ਹਨ। ਜਦ ਤਕ ਉਨ੍ਹਾਂ ਨੂੰ ਸਰਵਿਸ ਵਿਚ ਪੱਕਾ ਨਹੀਂ ਕੀਤਾ ਜਾਂਦਾ ਉਹ 305 ਰੁਪਏ ਹਰ ਇਕ ਮੁਲਾਜ਼ਮ ਨੂੰ ਨਹੀਂ ਮਿਲ ਸਕਦੇ। ਉਨ੍ਹਾਂ ਨੂੰ ਇਸ ਦਾ ਬਿਲਕੁਲ ਕੋਈ ਫਾਇਦਾ ਨਹੀਂ ਹੋਇਆ। ਜਿਨ੍ਹਾਂ ਵਿਅਕਤੀਆਂ ਨੂੰ 15–15, 20–20 ਸਾਲ ਰੋੜੀ ਕੁਟਦੇ ਹੋਏ, ਟੋਕਰੀ ਚੁਕਦੇ ਹੋਏ, ਜੰਗਲਾਤ ਦੇ ਬੂਟੇ ਲਾਉਂਦੇ ਹੋਏ ਅਤੇ ਵਰਕਸ਼ਾਪਾਂ ਵਿਚ ਕੰਮ ਕਰਦੇ ਹੋਏ ਬੀਤ ਗਏ ਹਨ ਉਨ੍ਹਾਂ ਨੂੰ ਅੱਜੇ ਤਕ ਇਹ 305 ਰੁਪਏ ਮਿਲਣ ਵਾਲੀ ਸਹੂਲਤ ਨਹੀਂ ਮਿਲ ਸਕੀ। ਮੈਂ ਇਹ ਗਲ ਕਹਿੰਦਾ ਹਾਂ ਕਿ ਸਾਡੀ ਪਾਰਟੀ ਦੀ ਸੋਚ ਹੈ ਸ਼ਡਿਊਲਡ ਕਾਸਟਸ ਵਾਸਤੇ, ਹੋਰ ਗਰੀਬ ਲੋਕਾਂ ਵਾਸਤੇ ਪਰ ਜਿਹੜੀਆਂ ਸਹੂਲਤਾਂ ਉਨ੍ਹਾਂ ਨੂੰ ਮਿਲਣੀਆਂ ਚਾਹੀਦੀਆਂ ਹਨ ਉਹ ਨਹੀਂ ਮਿਲ ਰਹੀਆਂ। ਮੈਂ ਇਹ ਕਹਿੰਦਾ ਹਾਂ ਕਿ ਸਾਨੂੰ ਗਰੀਬਾਂ ਦੀ ਮਦਦ ਕਰਨ ਵਾਲੇ ਪਾਸੇ ਆਪਣੀ ਸੋਚ ਕਰਨੀ ਚਾਹੀਦੀ ਹੈ। ਇਨ੍ਹਾਂ ਮਜ਼ਦੂਰਾਂ ਦੇ ਜਿਹੜੇ ਮਸਲੇ ਲੇਬਰ ਕੋਰਟਾਂ ਵਿਚ ਪੈਂਡਿੰਗ ਪਏ ਹਨ ਉਨ੍ਹਾਂ ਦਾ ਕੋਈ ਫੈਸਲਾ ਨਹੀਂ ਹੁੰਦਾ। ਉਹ ਮਜ਼ਦੂਰ ਪਰੇਸ਼ਾਨ ਹੋ ਜਾਂਦੇ ਹਨ। ਫਿਰ ਜਦੋਂ ਕਿਤੇ ਜਾ ਕੇ ਇਨ੍ਹਾਂ ਮਸਲਿਆਂ ਦਾ ਫੈਸਲਾ ਹੁੰਦਾ ਹੈ ਤਾਂ ਮਿੱਲਾਂ ਵਾਲੇ ਇਸ ਤੇ ਅਮਲ ਨਹੀਂ ਕਰਦੇ। ਸਾਡੀ ਸਰਕਾਰ ਨੂੰ ਇਸ ਪਾਸੇ ਫੌਰਨ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਕੇਸ ਦੱਸਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਇਕ ਧਾਰੀਵਾਲ ਮਿੱਲ ਦਾ ਕੇਸ ਆ ਗਿਆ। ਉਸ ਕੇਸ ਵਿਚ ਲੇਬਰ ਕੋਰਟ ਨੇ ਫੈਸਲਾ ਕਰ ਦਿੱਤਾ ਪਰ ਉਹ ਫੈਸਲਾ ਲਾਗੂ ਨਾ ਹੋਇਆ। ਮਜ਼ਦੂਰਾਂ ਨੇ ਮੁੜ ਕੇ ਗਲ ਸ਼ੁਰੂ ਕੀਤੀ ਕਿ ਲੇਬਰ ਕੋਰਟ ਦਾ ਫੈਸਲਾ ਲਾਗੂ ਕੀਤਾ ਜਾਵੇ। ਅਸੀਂ ਉਸ ਮਿੱਲ ਵਿਚ ਗਏ। ਅਸੀਂ ਜਾ ਕੇ ਕਿਹਾ ਕਿ ਕੋਰਟ ਦੇ ਫੈਸਲੇ ਨੂੰ ਲਾਗੂ ਕਰੋ, ਇਹ ਪੈਸਾ ਉਨ੍ਹਾਂ ਨੂੰ ਦਿਓ ਤਾਂ ਉਹ ਮਿਲ ਵਾਲੇ ਕਹਿਣ ਲਗੇ ਕਿ ਜੇ ਇਹ ਇਤਨਾ ਪੈਸਾ ਉਨ੍ਹਾਂ ਮਜ਼ਦੂਰਾਂ ਨੂੰ ਇਸ ਮਿੱਲ ਨੇ ਦੇ ਦਿੱਤਾ ਤਾਂ ਸਵੇਰੇ ਮਿੱਲ ਨੂੰ ਜੰਦਰੇ ਲਗ ਜਾਣਗੇ। ਫਿਰ 5–6 ਸਾਲ ਦਾ ਹਿਸਾਬ ਕਿਤਾਬ ਲਾਇਆ ਗਿਆ ਅੱਰ ਇਹ ਵੇਖਿਆ ਗਿਆ ਕਿ ਹਰ ਇਕ ਮਜ਼ਦੂਰ ਦੇ 86 ਰੁਪਏ 50 ਪੈਸੇ ਵੱਧ ਤਨਖਾਹ ਦੇ ਬਣਦੇ ਹਨ ਜਿਸ ਦੀ ਕਿ ਕੁਲ ਰਕਮ ਇਕ ਕਰੋੜ 44 ਲੱਖ ਰੁਪਏ ਬਣਦੀ ਹੈ ਪਰ ਮਿੱਲ ਵਾਲੇ ਇਹ ਰਕਮ ਦੇਣ ਨੂੰ ਤਿਆਰ ਨਹੀਂ ਸਨ। ਡਿਪਟੀ ਸਪੀਕਰ ਸਾਹਿਬ, ਮੈਂ ਉਸ ਵੇਲੇ ਵੀ ਕਿਹਾ ਸੀ ਅਤੇ ਹੁਣ ਵੀ ਕਹਿੰਦਾ ਹਾਂ, ਆਪਣੀਆਂ ਬਾਹਾਂ ਖੜੀਆਂ ਕਰਕੇ ਕਹਿੰਦਾ ਹਾਂ, ਆਪਣੇ ਦਿਲ ਤੇ ਹੱਥ ਰਖ ਕੇ ਕਹਿੰਦਾ ਹਾਂ, ਕਿ ਇਹ ਜਿਹੜੇ ਲੇਬਰ ਕੋਚਟ ਦੇ ਫੈਸਲੇ ਹਨ ਇਹ ਜ਼ਰੂਰ ਲਾਗੂ ਹੋਣੇ ਚਾਹੀਦੇ ਹਨ। ਅਸੀਂ ਧਾਰੀਵਾਲ ਮਿੱਲ ਵਾਲਿਆਂ ਨਾਲ ਇਸ ਗਲ ਦਾ ਫੈਸਲਾ ਕਰਵਾਇਆ ਕਿ ਇਹ ਜਿਹੜੇ ਪੈਸੇ ਦੇਣੇ ਹਨ, ਦਿਓ ਫਿਰ ਕਿਸ਼ਤਾਂ ਦਾ ਫੈਸਲਾ ਹੋ ਗਿਆ। ਜਿਸ ਵੇਲੇ ਕਿਸ਼ਤਾਂ ਕਰ ਦਿੱਤੀਆਂ ਅਤੇ ਜਿਸ ਦਿਨ ਪਹਿਲੀ ਕਿਸ਼ਤ ਦਾ ਪੈਸਾ ਉਨ੍ਹਾਂ ਨੂੰ ਮਿਲਿਆ, ਇਹ ਕੋਈ 42–43 ਲੱਖ ਰੁਪਿਆ ਵਰਕਰਜ਼ ਨੂੰ ਮਿਲਿਆ, ਤਾਂ ਜਿਹੜੇ ਉਥੋਂ ਦੇ ਦੁਕਾਨਦਾਰ ਸਨ ਉਨ੍ਹਾਂ ਦੇ ਗਲ੍ਹਿਆਂ ਵਿਚ ਨਵੇਂ ਨਵੇਂ ਨੋਟ ਆਏ ਅੱਰ ਉਨ੍ਹਾਂ ਦਾ ਜਿਹੜਾ ਕਈ ਸਾਲਾਂ ਦਾ ਮਜ਼ਦੂਰਾਂ ਵਲ ਉਧਾਰ ਪਿਆ ਸੀ ਉਹ ਪੈਸੇ ਉਨ੍ਹਾਂ ਨੂੰ ਮਿਲੇ। ਉਹ ਦੁਕਾਨਦਾਰ ਕਹਿਣ ਲਗੇ ਕਿ ਸਾਨੂੰ ਹੁਣ ਉਧਾਰ ਦੇ ਪੈਸੇ ਮਿਲੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਹੋ ਜਿਹੇ ਕਿਤਨੇ ਹੀ ਫੈਸਲੇ ਹਨ ਜਿਹੜੇ ਕਿ ਕੋਰਟਾਂ ਵਿਚ ਹੋ ਚੁੱਕੇ ਹਨ, ਪਏ ਹਨ ਪਰ ਉਨ੍ਹਾਂ ਨੂੰ ਲਾਗੂ ਨਹੀਂ ਕਰਵਾਇਆ ਗਿਆ। ਸਰਮਾਇਦਾਰ ਆਪਣੀ ਸ਼ਕਤੀ ਨਾਲ ਉਹ ਫੈਸਲੇ ਲਾਗੂ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਨਹੀਂ ਹੋਣ ਦਿੰਦਾ। ਅਸੀਂ ਚਾਹੁੰਦੇ ਹਾਂ ਕਿ ਸਾਡੀ ਸਰਕਾਰ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ। ਮੈਨੂੰ ਖੁਸ਼ੀ ਹੈ ਕਿ ਅੱਜ ਹਾਊਸ ਵਿਚ ਲੇਬਰਰਜ਼ ਦੇ ਬਾਰੇ ਗਲ ਚਲੀ ਹੈ। ਡਿਪਟੀ ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਪ੍ਰਾਰਥਨਾ ਹੈ ਕਿ ਇਸ ਦੀ ਦੇਖ ਭਾਲ ਕਰੋ ਕਿ ਕਿਥੇ ਕਿਥੇ ਕਿਹੜਾ ਕਿਹੜਾ ਮਜ਼ਦੂਰ ਦੁਖੀ ਹੈ। ਜਿਹੜੇ ਬੇਲਦਾਰ ਲਗੇ ਹੋਏ ਹਨ ਜਾਂ ਸੜਕਾਂ ਤੇ ਮਿੱਟੀ ਪਾਉਣ ਵਾਲੇ ਮਜ਼ਦੂਰ ਹਨ ਜਾਂ ਨਹਿਰਾਂ ਦੇ ਕੰਢਿਆਂ ਤੇ ਬੂਟੇ ਲਾਉਣ ਵਾਲੇ ਮਜ਼ਦੂਰ ਹਨ, ਉਹ ਲੋਕ ਕਿਤਨੀ ਉਮਰ ਦੇ ਹਨ। ਜੇਕਰ ਤੁਸੀਂ ਸਮਾਜ ਦਾ ਭਲਾ ਕਰਨਾ ਹੈ ਤਾਂ ਉਨ੍ਹਾਂ ਲੋਕਾਂ ਦਾ ਪਤਾ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਜਿਹੜੇ ਭੇਲੀ ਵੇਜਿਜ਼ ਤੇ ਮਜ਼ਦੂਰ ਕੰਮ ਕਰਦੇ ਹਨ, ਉਨ੍ਹਾਂ ਦੀ ਗੱਲ ਇਥੇ ਕੀਤੀ ਜਾਵੇ ਅਤੇ ਸਹੀ ਤੌਰ ਤੇ ਦਿਲੋਂ ਉਨ੍ਹਾਂ ਦੀ ਭਲਾਈ ਕੀਤੀ ਜਾਵੇ।

ਡਿਪਟੀ ਸਪੀਕਰ ਸਾਹਿਬ, ਇਥੇ ਹਾਊਸ ਵਿਚ ਇਕ ਗੱਲ ਕਹੀ ਗਈ ਹੈ ਕਿ ਪੰਜਾਬ ਵਿਚ ਲੇਬਰ ਬਾਹਰੋਂ ਆਉਂਦੀ ਹੈ ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਮਜ਼ਦੂਰ ਜਿਹੜਾ ਬਾਹਰੋਂ ਆ ਕੇ ਇਥੇ ਕੰਮ ਕਰਦਾ ਹੈ ਅਤੇ ਕੰਮ ਕਰਕੇ ਰੋਟੀ ਖਾਂਦਾ ਹੈ ਉਹ ਮਜ਼ਦੂਰ ਵੀ ਤਾਂ ਸਾਡੇ ਭਾਰਤ ਦਾ ਹੀ ਹੈ। ਸਟੇਟ ਦੀ ਇਕਨੌਮਿਕ ਪੋਜ਼ੀਸ਼ਨ ਦੇਖਣ ਵਾਲੀ ਹੁੰਦੀ ਹੈ। ਦੇਖਣਾ ਇਹ ਹੁੰਦਾ ਹੈ ਕਿ ਸਟੇਟ ਦੇ ਅੰਦਰ ਕੋਈ ਭੁੱਖਾ ਮਰ ਰਿਹਾ ਹੈ ਜਾਂ ਕਿਥੇ ਖੜ੍ਹਾ ਹੈ ? (ਵਿਘਨ) ਹਾਂ, ਮੈਂ ਇਹ ਮੰਨਦਾ ਹਾਂ ਕਿ ਪੰਜਾਬ ਦੂਸਰੀਆਂ ਸਟੇਟਾਂ ਨਾਲੋਂ ਅਜੇ ਚੰਗਾ ਹੈ। ਮੈਂ ਦੂਜੀਆਂ ਸਟੇਟਾਂ ਵਿਚ ਵੀ, ਬਾਹਰਲੇ ਸੂਬਿਆਂ ਵਿਚ ਵੀ ਗਿਆ ਹਾਂ ਅਤੇ ਉਥੋਂ ਦੀ ਪੋਜ਼ੀਸ਼ਨ ਨੂੰ ਵੀ ਵੇਖਿਆ ਹੈ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬ ਲੇਬਰ ਦੀ ਬੇਇਜ਼ਤੀ ਨਹੀਂ ਹੋਣੀ ਚਾਹੀਦੀ, ਇਸ ਨੇ ਭਾਰਤ ਨੂੰ ਅਨਾਜ ਦੇ ਸੰਕਟ ਵਿਚੋਂ ਕਢਿਆ ਹੈ। ਮਜ਼ਦੂਰਾਂ ਲਈ ਕੰਮ ਕਰਨ ਦੀ ਕੋਈ ਟਾਈਮ ਲਿਮਿਟ ਨਹੀਂ ਹੈ। ਇੱਕ ਮਜ਼ਦੂਰ 12 ਘੰਟੇ ਵੀ ਕੰਮ ਕਰਦਾ ਹੈ, 18 ਘੰਟੇ ਵੀ ਕੰਮ ਕਰਦਾ ਹੈ, 20 ਘੰਟੇ ਵੀ ਕੰਮ ਕਰਦਾ ਹੈ ਅਤੇ 23 ਘੰਟੇ ਵੀ ਕੰਮ ਕਰਦਾ ਹੈ ਸਿਰਫ ਇਕ ਘੰਟਾ ਸੌਂ ਕੇ ਵੀ ਗੁਜ਼ਾਰਾ ਕਰਦਾ ਹੈ। ਜਿਸ ਕੋਲ ਡੇਢ ਕਿਲਾ ਜ਼ਮੀਨ ਹੈ, ਉਹ ਵੀ ਮਜ਼ਦੂਰੀ ਕਰਦਾ ਹੈ। ਮੈਂ ਅੱਜ ਇਹ ਗੱਲ ਕਹਿੰਦਾ ਹਾਂ ਕਿ ਦਫ਼ਤਰ ਵਿੱਚ ਬੈਠਣ ਵਾਲੇ ਅਫ਼ਸਰਾਂ ਨੇ, ਪੁਲਿਟੀਕਲ ਲੋਕਾਂ ਨੇ, ਬਿਜ਼ਨੈਸ ਕਰਨ ਵਾਲੇ ਲੋਕਾਂ ਨੇ ਪੰਜਾਬ ਦੀ ਸ਼ਕਤੀ ਨੂੰ ਘਟਾਇਆ ਹੈ ਪਰ ਮਜ਼ਦੂਰ ਵਿਚਾਰਾ ਜਿਹੜਾ ਪੰਜਾਲੀ ਲੈ ਕੇ ਨੰਗੇ ਪੈਰੀਂ ਤੁਰਦਾ ਹੈ, ਕਣਕ ਦੀ ਫਸਲ ਬੀਜਦਾ ਹੈ, (ਵਿਘਨ) ਉਸ ਨੇ ਕਣਕ ਦੀ ਪੈਦਾਵਾਰ ਕਰਕੇ ਹਿੰਦੁਸਤਾਨ ਨੂੰ ਆਪਣੀ ਭੁੱਖ ਵਿਚੋਂ ਕਢਿਆ ਹੈ। 60% ਅਨਾਜ ਦਾ ਭੰਡਾਰ ਉਹ ਇਸ ਵੇਲੇ ਸੈਂਟਰਲ ਗੌਰਮਿੰਟ ਨੂੰ ਦੇ ਰਿਹਾ ਹੈ। ਇਸ ਨੇ ਸਾਰੀ ਦੁਨੀਆਂ ਵਿਚ ਹਿੰਦੁਸਤਾਨ ਦਾ ਸਿਰ ਉੱਚਾ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਜੋ ਅਨਾਜ ਸਾਡਾ ਭਾਰਤ ਦੇਸ਼ ਬਾਹਰੋਂ ਮੰਗਦਾ ਸੀ, ਭੁੱਖਾ ਸੀ, ਅੱਜ ਸਾਡੇ ਮਜ਼ਦੂਰ ਨੇ, ਕਿਸਾਨ ਨੇ ਭਾਰਤ ਨੂੰ ਇਜ਼ਤ ਦਿੱਤੀ ਹੈ ਕਿ ਉਹ ਅਨਾਜ ਕਿਸੇ ਹੋਰ ਮੁਲਕ ਤੋਂ ਨਾ ਮੰਗੇ। ਸਾਡੇ ਕੋਲ ਪਹਿਲਾਂ ਰੋਟੀ ਵੀ ਖਾਣ ਨੂੰ ਨਹੀਂ ਸੀ ਬੇਸ਼ਕ ਤੁਸੀਂ ਰਿਕਾਰਡ ਚਾ ਕੇ ਵੇਖ ਲਓ, ਅੰਕੜੇ ਮੌਜੂਦ ਹਨ। ਲੇਕਿਨ ਅੱਜ ਤੁਸੀਂ ਦੇਖੋ ਕਿ ਗਰੀਬ ਮਜ਼ਦੂਰ ਨੇ, ਕਿਸਾਨ ਨੇ, ਸੈਂਟਰਲ ਪੂਲ ਵਿਚ ਕਿਤਨਾ ਅਨਾਜ ਦਾ ਭੰਡਾਰ ਦਿੱਤਾ ਹੈ। ਮੈਂ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਜੀ ਨੂੰ ਵੀ ਕਿਹਾ ਸੀ ਕਿ ਭਾਵੇਂ ਕੋਈ ਵੀ ਗੌਰਮਿੰਟ ਹੋਵੇ, ਕਿਸੇ ਪਾਰਟੀ ਦੀ ਵੀ ਗੌਰਮਿੰਟ ਹੋਵੇ, ਜੇਕਰ ਤਸੀਂ ਚੰਗਾ ਕੰਮ ਕਰੋਗੇ ਤਾਂ ਤੁਹਾਡਾ ਰਿਕਾਰਡ ਰਹੇਗਾ। (ਥੰਪਿੰਗ) (ਆਵਾਜ਼ਾਂ : ਠੀਕ ਹੈ ਜੀ) ਇਹ ਬੜੀ ਫਖਰ ਵਾਲੀ ਗਲ ਹੈ ਕਿ ਹੁਣ ਅਸੀਂ ਅਨਾਜ ਬਾਹਰੋਂ ਨਹੀਂ ਮੰਗਾਉਂਦੇ। ਅਸੀਂ ਹੁਣ ਕਿਸੇ ਦੇਸ਼ ਤੇ ਨਿਰਭਰ ਨਹੀਂ ਹਾਂ ਅਤੇ ਲੋੜ ਨਾਲੋਂ ਵੱਧ ਅਨਾਜ ਪੈਦਾ ਕਰਦੇ ਹਾਂ। ਇਹ ਸਾਡੇ ਦੇਸ਼ ਲਈ ਇਜ਼ਤ ਵਾਲੀ

Original with;
Punjab Vidhan Sabha
Digitized by;
Panjab Digital Library

ਗੱਲ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਪਾਰਟੀ ਕੋਈ ਵੀ ਹੋਵੇ, ਪਾਰਟੀਆਂ ਰਹਿਣਗੀਆਂ ਵੀ, ਟੁੱਟਣਗੀਆਂ ਵੀ ਅਤੇ ਨਵੀਆਂ ਪਾਰਟੀਆਂ ਵੀ ਬਣਨਗੀਆਂ, ਲੀਡਰ ਵੀ ਮਰਨਗੇ ਅਤੇ ਨਵੇਂ ਵੀ ਬਣਨਗੇ ਲੇਕਿਨ ਭਾਰਤ ਦੇਸ਼ ਇਕ ਹੈ ਅਤੇ ਇਹ ਇਕ ਹੀ ਰਹੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਹਾਊਸ ਬੜਾ ਪਵਿੱਤਰ ਹੈ ਅਤੇ ਸਤਿਕਾਰ ਵਾਲਾ ਹੈ। ਅਸੀਂ ਡੇਢ, ਡੇਢ ਲੱਖ ਲੋਕਾਂ ਦੇ ਨੁਮਾਇੰਦੇ ਹਾਂ, ਇਸ ਲਈ ਇਥੇ ਸਾਰੇ ਮੈਂਬਰਾਂ ਨੂੰ ਹਾਊਸ ਦੀ ਇਜ਼ਤ ਕਰਨੀ ਚਾਹੀਦੀ ਹੈ। ਜੇਕਰ ਅਸੀਂ ਇੱਕ ਦੂਜੇ ਨੂੰ ਚਾਰ ਗਾਲ੍ਹਾਂ ਕਢਾਂਗੇ ਜਾਂ ਇੱਕ ਦੂਜੇ ਨੂੰ ਬੁਰਾ ਭਲਾ ਕਹਾਂਗੇ ਤਾਂ ਇਸ ਤਰ੍ਹਾਂ ਕਹਿਣਾ ਮੈਂ ਸਮਝਦਾ ਹਾਂ ਕਿ ਚੰਗੀ ਗੱਲ ਨਹੀਂ ਹੈ। ਮੇਰੀ ਸਾਰੇ ਮਾਨਯੋਗ ਮੈਂਬਰਾਂ ਅਗੇ ਬੜੇ ਅਦਬ ਨਾਲ ਬੇਨਤੀ ਹੈ ਕਿ ਸਾਨੂੰ ਸਾਰਿਆਂ ਨੂੰ ਇਕ ਦੂਜੇ ਉਤੇ ਨੁਕਤਾਚੀਨੀ ਜਰੂਰ ਕਰਨੀ ਚਾਹੀਦੀ ਹੈ। ਹਾਊਸ ਤੋਂ ਬਾਹਰ ਤੁਸੀਂ ਬੇਸ਼ਕ ਜਲਸੇ, ਜਲੂਸ ਕੱਢ ਲਓ, ਬਾਹਰ ਕਿਸੇ ਨੇ ਡਿਪਟੀ ਸਪੀਕਰ ਸਾਹਿਬ ਜਾਂ ਸਪੀਕਰ ਸਾਹਿਬ ਨਹੀਂ ਕਹਿਣਾ ਭਾਵੇਂ ਜੋ ਕੁਝ ਮਰਜ਼ੀ ਹੈ ਕਰੀ ਜਾਓ ਲੇਕਿਨ ਇਥੇ ਜ਼ਿਮੇਵਾਰੀ ਦੇ ਨਾਲ ਕੰਮ ਕਰਨਾ ਚਾਹੀਦਾ ਹੈ। ਇਥੇ ਗਲਤ ਗਲਾਂ ਕਰਕੇ ਹਾਊਸ ਦਾ ਅੱਧਾ, ਅੱਧਾ ਘੰਟਾ ਟਾਈਮ ਖਰਾਬ ਕੀਤਾ ਜਾਂਦਾ ਹੈ। ਲੜਾਈ ਝਗੜੇ ਵਿਚ ਇੱਕ ਅੱਖਰ ਵੀ ਪੱਲੇ ਨਹੀਂ ਪੈਂਦਾ। ਮੈਂ ਵੀ ਸਪਲੀਮੈਂਟਰੀ ਕਰਨ ਲਈ ਕਈ ਵਾਰ ਖੜਾ ਹੋਣਾ ਚਾਹੁੰਦਾ ਹਾਂ ਪਰ ਫਿਰ ਬੈਠ ਜਾਂਦਾ ਹਾਂ ਕਿ ਸ਼ਾਇਦ ਗੱਲ ਨਾ ਕਰਨ ਦਿੱਤੀ ਜਾਵੇ (ਹਾਸਾ) ਜਾਂ ਟਾਈਮ ਨਾ ਮਿਲੇ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਤੁਹਾਨੂੰ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਇਨਸਾਫ ਦੀ ਕੁਰਸੀ ਤੇ ਬੈਠੇ ਹੋ ਅਤੇ ਜੇਕਰ ਤੁਸੀਂ ਤਰੱਕੀ ਕਰਨਾ ਚਾਹੁੰਦੇ ਹੋ ਤਾਂ ਇਸ ਕੁਰਸੀ ਤੇ ਬੈਠ ਕੇ ਆਪਣੀ ਡਿਊਟੀ ਨੂੰ ਇਮਾਨਦਾਰੀ ਦੇ ਨਾਲ ਨਿਭਾਵੋ। ਚਾਹੇ ਕੋਈ ਉਧਰ ਬੈਠਾ ਹੈ ਜਾਂ ਇਧਰ ਬੈਠਾ ਹੈ, ਤੁਹਾਡੇ ਵਾਸਤੇ ਸਭ ਬਰਾਬਰ ਹਨ। ਤੁਸੀਂ ਭਾਵੇਂ ਕਿਸੇ ਵੀ ਪਾਰਟੀ ਦੀ ਟਿਕਟ ਤੋਂ ਜਿੱਤ ਕੇ ਆਏ ਹੋਵੇ। ਤੁਸੀਂ, ਡਿਪਟੀ ਸਪੀਕਰ ਸਾਹਿਬ, ਕਾਂਗਰਸ ਦੀ ਟਿਕਟ ਤੋਂ ਜਿੱਤ ਕੇ ਆਏ ਹੋ ਅਤੇ ਇਸ ਦੇ ਵਿਚ ਕੋਈ ਸ਼ੱਕ ਨਹੀਂ ਹੈ ਲੇਕਿਨ ਮੈਂ ਕਹਿੰਦਾ ਹਾਂ ਕਿ ਤੁਸੀਂ ਕਾਹਦੀ ਸੰਹੁ ਖਾਧੀ ਹੈ ? ਅਸੀਂ ਸਾਰਿਆਂ ਨੇ ਸੰਹੁ ਖਾਧੀ ਹੈ ਕਿ ਅਸੀਂ ਦੇਸ਼ ਦੇ ਵਫਾਦਾਰ ਰਹਾਂਗੇ ਅਤੇ ਆਪਣੀ ਡਿਊਟੀ ਨੂੰ ਸਹੀ ਤਰੀਕੇ ਨਾਲ ਨਿਭਾਵਾਂਗੇ। ਅਸੀਂ ਆਪੋਜ਼ੀਸ਼ਨ ਵਿਚ ਹਾਂ, ਸਰਕਾਰ ਦੇ ਕੰਮਾਂ ਵਿਚ ਅਸੀਂ ਰੁਕਾਵਟ ਨਹੀਂ ਪਾਉਣੀ, ਅਸੀਂ ਸਰਕਾਰ ਨੂੰ ਠੀਕ ਸੁਝਾਓ ਦੇਵਾਂਗੇ ਤਾਕਿ ਸਾਡੇ ਦੇਸ਼ ਦਾ ਸਿਰ ਉੱਚਾ ਹੋਵੇ। ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਸਾਡੀਆਂ ਨੁਕਤਾਚੀਨੀਆਂ ਹਨ ਉਨ੍ਹਾਂ ਦੇ ਨਾਲ ਤੁਸੀਂ ਠੀਕ ਕੰਮ ਕਰਦੇ ਹੋ, ਤੁਸੀਂ ਤਕੜੇ ਹੁੰਦੇ ਹੋ ? ਮੈਂ ਬਿਲਕੁਲ ਸੱਚੀ ਗਲ ਕਹਿੰਦਾ ਹਾਂ ਅਤੇ ਕਿਸੇ ਦੀ ਸਪੋਰਟ ਨਹੀਂ ਕਰਦਾ। (ਵਿਘਨ) (ਸ਼ੋਰ)

Mr. Deputy Speaker : Try to wind up, please.

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਡੇਢ ਮਿੰਟ ਹੋਰ ਲਵਾਂਗਾ।

ਵੱਡੀਆਂ ਵੱਡੀਆਂ ਮਿੱਲਾਂ ਵਿਚ ਸਿਹੜੀ ਮੈਂ ਮਜ਼ਦੂਰਾਂ ਦੀ ਗਲ ਕੀਤੀ ਹੈ ਕਿ ਉਥੇ ਬੜੀ ਭਾਰੀ ਗਿਣਤੀ ਵਿਚ ਕੰਮ ਮਜ਼ਦੂਰ ਲੋਕ ਕਰਦੇ ਹਨ, ਮਜ਼ਦੂਰ ਉਥੇ 800 ਹੋਣਗੇ ਪਰ ਉਨ੍ਹਾਂ ਦੀ ਹਾਜ਼ਰੀ 3600 ਹੋਵੇਗੀ, ਇਹ ਪੁਆਇੰਟ ਜ਼ਰੂਰ ਨੋਟ ਕਰਨਾ ਚਾਹੀਦਾ ਹੈ। ਦੂਜਾ ਇਹ ਵੀ ਵੇਖਣਾ ਚਾਹੀਦਾ ਹੈ ਕਿ ਬਹੁਤ ਸਾਰੇ ਕੇਸਾਂ ਵਿਚ ਲੇਬਰ ਕੋਰਟਾਂ ਦੇ ਫੈਸਲੇ ਹੋਏ ਹੋਏ ਹਨ ਪਰ ਉਹ ਲਾਗੂ ਨਹੀਂ ਹੋਏ। ਉਸ ਨਾਲ ਲੇਬਰ ਪਰੇਸ਼ਾਨ ਰਹਿੰਦੀ ਹੈ। ਉਨ੍ਹਾਂ ਵਲ ਧਿਆਨ ਦੇ ਕੇ ਉਨ੍ਹਾਂ ਫੈਸਲਿਆਂ ਨੂੰ ਲਾਗੂ ਕਰਾਉਣਾ ਚਾਹੀਦਾ ਹੈ। ਹਰ ਮਹਿਕਮੇ ਵਿਚ ਬੇਲਦਾਰ ਵਗੈਰਾ ਅੱਛਾ ਕੰਮ ਕਰਦੇ ਹਨ। ਪਰ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਹਕੀਕਤ ਦੇਖ ਲਓ ਸੜਕਾਂ ਤੇ ਕੌਣ ਕੰਮ ਕਰਦਾ ਹੈ ? ਇਸੇ ਤਰ੍ਹਾਂ ਹੀ ਵਰਕਸ਼ਾਪਾਂ ਵਿਚ ਕੌਣ ਕੰਮ ਕਰਦਾ ਹੈ ? ਇਨ੍ਹਾਂ ਮਜ਼ਦੂਰਾਂ ਨੂੰ ਵੀ ਉਹੀ ਸਹੂਲਤਾਂ ਮਿਲਣ ਜੋ ਸਰਕਾਰ ਵਲੋਂ ਅਜਿਹੇ ਲੋਕਾਂ ਨੂੰ ਮਿਲਦੀਆਂ ਹਨ। ਇਨ੍ਹਾਂ ਨੂੰ ਵੀ 305 ਰੁਪਏ ਮਹੀਨਾ ਮਿਲਣ ਤਾਕਿ ਇਹ ਮਜ਼ਦੂਰ ਵੀ ਸੌਖੀ ਰੋਟੀ ਖਾ ਸਕਣ। ਬਾਹਰਲੀ ਲੇਬਰ ਤੇ ਗੌਰ ਜ਼ਰੂਰ ਕਰਨਾ ਚਾਹੀਦਾ ਹੈ। ਮੈਂ ਧਾਰੀਵਾਲ ਮਿੱਲ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਹੋਰ ਵੀ ਕਈ ਮਿੱਲਾਂ ਹੋਣਗੀਆਂ। ਰਾਜ ਕੁਮਾਰ ਜੀ ਨੂੰ ਇਸ ਬਾਰੇ ਜ਼ਿਆਦਾ ਪੜ੍ਹਾ ਹੋਵੇਗਾ। ਉਨ੍ਹਾਂ ਮਜ਼ਦੂਰਾਂ ਦੀ ਮਜ਼ਦੂਰੀ ਦੇ ਰੁਪਏ ਰੋਕੇ ਗਏ ਹਨ। ਇਹ ਪੁਆਇੰਟਸ ਜੋ ਮੈਂ ਪੇਸ਼ ਕੀਤੇ ਹਨ, ਇਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ, ਸਾਰੇ ਹਾਊਸ ਦਾ ਦਿਲੋਂ ਧੰਨਵਾਦੀ ਹਾਂ ਕਿਉਂਕਿ ਮੈਨੂੰ ਆਪਣੀ ਗਲ ਕਰਨ ਦਾ ਪੂਰਾ ਸੰਭਲ ਕੇ ਮੌਕਾ ਦਿੱਤਾ ਗਿਆ ਹੈ। ਅੰਤ ਵਿਚ ਫਿਰ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰ: 23 ਤੇ ਬੋਲਣਾ ਚਾਹੁੰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਧੰਨੋਵਾਲੀਆ ਜੀ, ਤੁਸੀਂ ਦਸ ਮਿੰਟਾਂ ਵਿਚ ਹੀ ਖ਼ਤਮ ਕਰਨ ਦੀ ਕੋਸ਼ਿਸ਼ ਕਰਨਾ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਡੀਮਾਂਡ ਨੰ: 23 ਤੇ ਮੈਂ ਆਪਣੇ ਵਿਚਾਰ ਪੇਸ਼ ਕਰਨਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਸ ਡੀਮਾਂਡ ਵਿਚ ਸੋਸ਼ਲ ਸਿਕਿਉਰਿਟੀ ਅਤੇ ਵੈਲਫੇਅਰ ਲਈ ਪੈਸੇ ਮੰਗੇ ਗਏ ਹਨ। ਇਥੇ ਮੇਰੇ ਮੋਹਤਰਮ ਦੋਸਤ, ਇਸ ਹਾਊਸ ਦੇ ਮਾਨਯੋਗ ਮੈਂਬਰ, ਪਾਂਧੀ ਸਾਹਿਬ ਬੜੇ ਜ਼ੋਰ ਜ਼ੋਰ ਨਾਲ ਬੋਲ ਰਹੇ ਸਨ, ਸ਼ਾਇਦ ਉਨ੍ਹਾਂ ਨੇ ਇਹ ਕਿਤਾਬ ਦੇਖਣ ਦੀ ਖੇਚਲ ਨਹੀਂ ਕੀਤੀ।

6-12 ਸ਼ਾਮ

(ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਇਹ ਕਿਤਾਬਾਂ ਸ਼ਾਇਦ ਉਨ੍ਹਾਂ ਨੇ ਪੜ੍ਹੀਆਂ ਹੀ ਨਹੀਂ। ਪਲੈਨਿੰਗ ਡਿਪਾਰਟਮੈਂਟ ਦੇ ਪਲੈਨ 1980-81 ਨੂੰ ਧਿਆਨ ਨਾਲ ਜੇਕਰ ਇਹ ਪੜ੍ਹਦੇ ਤਾਂ ਇਸ ਤਰ੍ਹਾਂ ਦੀਆਂ ਗਲਾਂ ਨਾ ਕਰਦੇ। ਇਸ ਕਿਤਾਬ ਦੇ ਸਫਾ ਨੰ: 139, ਚੈਪਟਰ ਨੰ: 13, ਵੈਲਫੇਅਰ ਆਫ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼, ਅਤੇ ਨਾਲ ਹੀ ਸੋਸ਼ਲ ਵੈਲਫੇਅਰ, ਚੈਪਟਰ ਨੰ: 14, ਸਫਾ ਨੰ: 142-143 ਅਗਰ ਇਹ ਗੌਰ ਨਾਲ ਇਨ੍ਹਾਂ ਨੂੰ ਪੜ੍ਹਦੇ ਤਾਂ ਇਨ੍ਹਾਂ ਨੂੰ ਮਾਲੂਮ ਹੁੰਦਾ, ਪਰ ਇਹ ਐਵੇਂ ਅਟਕਲ ਪਚੂ ਉਠ ਕੇ ਦੇਣ ਲਗ ਪਏ ਕਿ ਇਸ ਵਿਚ ਕਿੰਨੀਆਂ ਸਕੀਮਾਂ ਹਨ, ਲੱਖਾਂ ਨਹੀਂ ਕਰੋੜਾਂ ਰੁਪਏ, ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਲੋਕਾਂ ਲਈ, ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਅਤੇ ਹੋਰ ਵੱਖ ਵੱਖ ਸਕੀਮਾਂ ਲਈ ਰਖੇ ਗਏ ਹਨ ਜਿਨ੍ਹਾਂ ਨਾਲ ਉਹ ਸੋਸ਼ਲੀ ਤੌਰ ਤੇ ਤਕੜੇ ਹੋ ਸਕਦੇ ਹਨ। ਇਹ ਸਾਰੀਆਂ ਸਕੀਮਾਂ ਇਸ ਦੇ ਅੰਦਰ ਹਨ।

ਸਪੀਕਰ ਸਾਹਿਬ, ਐਜੂਕੇਸ਼ਨ ਸਭ ਤੋਂ ਵੱਡੀ ਚੀਜ਼ ਹੈ। ਸ਼ਡਿਊਲਡ ਕਾਸਟਸ ਲੋਕਾਂ ਦੀ ਇਸ ਸੂਬੇ ਵਿਚ 25 ਫੀ ਸਦੀ ਆਬਾਦੀ ਹੈ। ਉਨ੍ਹਾਂ ਵਿਚ ਹਾਲੇ ਤਕ ਬਹੁਤ ਸਾਰੀ ਅਨਪੜ੍ਹਤਾ ਹੈ। ਸਰਕਾਰ ਧੀਰੇ ਧੀਰੇ ਉਨ੍ਹਾਂ ਨੂੰ ਰਿਆਇਤਾਂ ਦੇ ਕੇ, ਫੀਸਾਂ ਮੁਆਫ ਕਰਕੇ, ਵਜ਼ੀਫੇ ਦੇ ਕੇ ਤਾਕਿ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਦੇ ਬੱਚੇ ਜ਼ਿਆਦਾ ਤਾਦਾਦ ਵਿਚ ਪੜ੍ਹ ਸਕਣ, ਉਸ ਲਈ ਆਪਣੇ ਬਜਟ ਵਿਚ ਹਰ ਸਾਲ ਵਾਧਾ ਕਰ ਰਹੀ ਹੈ। ਇਸ ਸਾਲ ਦੇ ਬਜਟ ਵਿਚ 65 ਲੱਖ 10 ਹਜ਼ਾਰ ਰੁਪਏ ਰਖੇ ਗਏ ਹਨ ਜਿਸ ਦੇ ਨਾਲ 31,000 ਬੱਚੇ ਜੋ ਨੌਵੀਂ ਤੋਂ ਗਿਆਰਵੀਂ ਜਮਾਤ ਤਕ ਯਾਨੀ ਕਿ ਜੋ ਹਾਇਰ ਸਕੈਂਡਰੀ ਤਕ ਪੜ੍ਹਦੇ ਹਨ ਉਨ੍ਹਾਂ ਦੀਆਂ ਫੀਸਾਂ ਮੁਆਫ਼ ਕਰਕੇ ਅਤੇ ਹੋਰ ਸਹੂਲਤਾ ਦੇ ਕੇ ਉਨ੍ਹਾਂ ਦੀ ਮਦਦ ਕਰਨੀ ਹੈ। ਇਨ੍ਹਾਂ ਉਤੇ 65 ਲੱਖ 10 ਹਜ਼ਾਰ ਰੁਪਏ ਦੀ ਰਕਮ ਖਰਚ ਕਰਨੀ ਹੈ, ਇਸ ਪਾਸੇ ਪਾਂਧੀ ਸਾਹਿਬ ਦੀ ਨਿਗਾਹ ਨਹੀਂ ਗਈ।

ਇਸ ਤੋਂ ਅੱਗੇ ਹਰੀਜਨ ਬਸਤੀ ਸੁਧਾਰ ਸਕੀਮ ਹੈ। ਪਿੰਡਾਂ ਵਿਚ ਜਦੋਂ ਪੰਚਾਇਤੀ ਰਾਜ ਚਾਲੂ ਹੋਇਆ ਤਾਂ ਉਸ ਵੇਲੇ ਪੰਚਾਇਤਾਂ ਵਿਚ ਕੋਈ ਰਿਜ਼ਰਵੇਸ਼ਨ ਨਹੀਂ ਸੀ ਹੁੰਦੀ (ਕਿੰਨੇ ਮੈਂਬਰ ਸ਼ਡਿਊਲਡ ਕਾਸਟਸ ਦੇ ਲੈਣੇ ਹਨ)। ਪਿਛਲੀ ਕਾਂਗਰਸ ਸਰਕਾਰ ਨੇ ਹਰ ਪੰਚਾਇਤ ਵਿਚ ਇਕ ਮੈਂਬਰ ਹਰੀਜਨ ਦਾ ਹੋਣਾ ਲਾਜ਼ਮੀ ਕਰ ਦਿੱਤਾ ਸੀ ਅੌਰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਉਨ੍ਹਾਂ ਦੀ ਗਿਣਤੀ ਦੋ ਹੋ ਗਈ ਅਤੇ ਚੁਣ ਕੇ ਜਿੰਨੇ ਮਰਜ਼ੀ ਆ ਜਾਣ। ਜਦੋਂ ਰਿਜ਼ਰਵੇਸ਼ਨ ਨਹੀਂ ਸੀ , ਤਕੜੇ ਲੋਕ ਪੰਚਾਇਤਾਂ ਦੇ ਮੈਂਬਰ ਬਣ ਜਾਂਦੇ ਸਨ ਅੌਰ ਜਿੰਨਾ ਫੰਡ ਹੁੰਦਾ ਸੀ ਪੰਚਾਇਤ ਦਾ ਜ਼ਮੀਨ ਦੀ ਜਿੰਨੀ ਆਮਦਨੀ ਹੁੰਦੀ ਸੀ ਜਾਂ ਸਰਕਾਰ ਵਲੋਂ ਕੋਈ ਏਡ ਮਿਲਦੀ ਸੀ ਤਾਂ ਉਹ ਸਾਰੇ ਦੇ ਸਾਰੇ ਪੈਸੇ ਤਕੜੇ ਲੋਕ ਆਪਣੇ ਮੁਹੱਲਿਆਂ ਤੇ ਖਰਚ ਕਰ ਲੈਂਦੇ ਸਨ ਅਤੇ ਹਰੀਜਨਾਂ ਦੇ ਵਿਹੜੇ ਉਸੇ ਤਰ੍ਹਾਂ ਗੰਦੇ ਹੀ ਰਹਿ ਜਾਂਦੇ ਸਨ। ਜੋ ਲੋਕ ਗੰਦਗੀ ਵਿਚ ਰਹਿੰਦੇ ਸਨ, ਜਿਨ੍ਹਾਂ ਦੀਆਂ ਗਲੀਆਂ ਕੱਚੀਆਂ ਹੁੰਦੀਆਂ ਸਨ, ਉਹ ਉਸੇ ਤਰ੍ਹਾਂ ਹੀ ਰਹਿ ਜਾਂਦੇ ਸਨ । ਪੰਜਾਬ ਦੇ 12,188 ਪਿੰਡ ਹਨ । ਇਸ ਸਾਲ ਇਸ ਮੰਤਵ ਲਈ 70 ਲੱਖ ਰੁਪਿਆ ਰਖਿਆ ਗਿਆ ਹੈ ਅੌਰ ਉਸ ਨਾਲ 132 ਪਿੰਡ ਕਵਰ ਹੋਣੇ ਹਨ। ਇਹ ਅੱਛੀ ਸਕੀਮ ਹੈ ਪਰ ਮੈਂ ਤੁਹਾਡੇ ਦੁਆਰਾ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਮੱਦ ਲਈ 1 ਕਰੋੜ ਰੁਪਿਆ ਰਖਿਆ ਜਾਣਾ ਚਾਹੀਦਾ ਹੈ। 30 ਲੱਖ ਰੁਪਿਆ ਪਤ ਨਹੀਂ ਕਿਉਂ ਘੱਟ ਰਖਿਆ ਹੈ ? ਜੇ 70 ਲੱਖ ਦੀ ਬਜਾਏ ਹੋਰ ਵੱਧ ਰਕਮ ਰਖੀ ਜਾਏ ਤਾਂ ਹੋਰ ਕਈ ਪਿੰਡ ਕਵਰ ਹੋ ਸਕਦੇ ਹਨ।

ਇਸੇ ਤਰ੍ਹਾਂ ਹੀ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਅੈਂਡ ਫਾਈਨਾਂਸ ਕਾਰਪੋਰੇਸ਼ਨ ਹੈ ਇਸ ਰਾਹੀਂ ਸ਼ਡਿਊਲਡ ਕਾਸਟਸ ਨੂੰ ਕੰਮ ਕਾਜ ਕਰਨ ਲਈ, ਜ਼ਮੀਨ ਖਰੀਦਣ ਲਈ, ਮਕਾਨ ਬਣਾਉਣ ਲਈ, ਜਿਸ ਨਾਲ ਉਹ ਇਕਨਾਮੀਕਲੀ ਤਕੜੇ ਹੋ ਸਕਣ, ਉਸ ਵਿਚੋਂ ਕਰਜ਼ਾ ਦਿੱਤਾ ਜਾਂਦਾ ਹੈ। ਇਹ ਕਾਰਪੋਰੇਸ਼ਨ 5 ਕਰੋੜ ਰੁਪਏ ਨਾਲ ਸ਼ੁਰੂ ਹੋਈ ਸੀ। ਉਸ ਵਿਚ ਮੈਂ ਸਮਝਦਾ ਹਾਂ ਕਿ ਹੁਣ ਸਰਕਾਰ ਨੇ ਕਾਫੀ ਪੈਸੇ ਰਖੇ ਹਨ। ਇਸ ਵਿਚ ਇੱਕ ਲਕੂਨਾ ਹੈ, ਇਸ ਦੇ ਲਈ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਫਰੀ ਇੰਟਰੈਸਟ ਲੋਨ ਉਹ 3,000 ਰੁਪਏ ਦਿੰਦੇ ਹਨ , ਇਸ ਦੇ ਲਈ ਘੱਟ ਰਕਮ ਰੱਖੀ ਗਈ ਹੈ। ਇਸ ਲਈ ਜ਼ਿਆਦਾ ਰਕਮ ਰਖੀ ਜਾਣੀ ਚਾਹੀਦੀ ਹੈ। 5,000 ਰੁਪਿਆ ਪਰਸਨਲ ਸਿਕਿਉਰਿਟੀ ਤੇ ਮਿਲਦਾ ਹੈ, ਉਹ ਵੀ ਮੈਂ ਸਮਝਦਾ ਹਾਂ ਕਿ ਇਸ ਦੀ ਰਕਮ ਵੀ ਵਧਾ ਦੇਣੀ ਚਾਹੀਦੀ ਹੈ। ਮੈਨੂੰ ਹੁਕਮ ਹੋਇਆ ਹੈ ਕਿ ਦਸ ਮਿੰਟਾਂ ਵਿਚ ਮੈਂ ਆਪਣੀ ਸਪੀਚ ਖਤਮ ਕਰਨੀ ਹੈ। ਇਸ ਲਈ ਟਾਈਮ ਦਾ ਮੈਂ ਖਿਆਲ ਰਖਣਾ ਹੈ। ਸ਼ਡਿਊਲਡ ਕਾਸਟਸ ਦੇ ਬਾਰੇ ਬਹੁਤ ਗਲਾਂ ਮੇਰੇ ਮੋਹਤਰਮ ਸਾਥੀ ਚੌਧਰੀ ਜਗਜੀਤ ਸਿੰਘ ਨੇ ਕਵਰ ਕਰ ਲਈਆਂ ਹਨ। ਇਸੇ ਤਰ੍ਹਾਂ ਕੇ.ਪੀ. ਸਾਹਿਬ ਨੇ ਵੀ ਸ਼ਡਿਊਲਡ ਕਾਸਟਸ ਲਈ ਕਾਫੀ ਪੁਆਇੰਟਸ ਕਵਰ ਕੀਤੇ ਹਨ। ਇਸ ਲਈ ਸ਼ਡਿਊਲਡ ਕਾਸਟਸ ਲਈ ਮੈਂ ਸਿਰਫ ਐਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਨਾਲ ਸਰਵਿਸਿਜ਼ ਵਿਚ ਜੋ ਧੱਕੇ ਹੋਏ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਇਕ ਲੇਜਿਸਲੇਸ਼ਨ ਬਣਾਉਣੀ ਚਾਹੀਦੀ ਹੈ । ਸਪੀਕਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਸਾਹਿਬ, ਮੈਂ 1967-68 ਵਿਚ ਜਿਸ ਵੇਲੇ ਸੋਸ਼ਲ ਵੈਲਫੇਅਰ ਦਾ ਵਜ਼ੀਰ ਸੀ, ਉਦੋਂ ਰਿਜ਼ਰਵੇਸ਼ਨ ਦੇ ਖਿਲਾਫ ਮੈਥੋਂ ਬਾਅਦ 1971 ਵਿਚ ਸੁਪਰੀਮ ਕੋਰਟ ਨੇ ਜੋ ਫੈਸਲਾ ਦਿੱਤਾ ਕਿ (ਵਿਘਨ) ਇਹ ਰਿਜ਼ਰਵੇਸ਼ਨ ਕੰਸਟੀਚਿਊਸ਼ਨਲ ਹੈ। ਅੰਡਰ ਆਰਟੀਕਲ 16(41) ਸਟੇਟ ਸਰਕਾਰ ਹਰ ਤਰ੍ਹਾਂ ਨਾਲ ਸ਼ਡਿਊਲਡ ਕਾਸਟਸ ਦੀ ਤਰੱਕੀ ਲਈ ਕੋਈ ਵੀ ਤਰੀਕਾ ਅਪਣਾ ਸਕਦੀ ਹੈ। ਹੁਣ ਰਿੱਟਾਂ ਹੁੰਦੀਆਂ ਹਨ, ਉਨ੍ਹਾਂ ਨਾਲ ਬੇਇਨਸਾਫੀ ਹੁੰਦੀ ਹੈ। ਇਹ ਸਾਡੇ, ਇਲਮ ਵਿਚ ਹੈ ਕਿ ਉਨ੍ਹਾਂ ਦੀਆਂ ਤਰੱਕੀਆਂ ਨਹੀਂ ਕੀਤੀਆਂ ਜਾਂਦੀਆਂ। ਉਨ੍ਹਾਂ ਦੀਆਂ ਏ.ਸੀ. ਆਰਜ਼ ਖਰਾਬ ਕੀਤੀਆਂ ਜਾਂਦੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਇਸ ਦਾ ਇਕ ਹੀ ਇਲਾਜ ਹੋਣਾ ਹੈ। ਉਹ ਇਹ ਕਿ ਇਸ ਲਈ ਐਕਟ ਬਣਾਇਆ ਜਾਵੇ, ਇਨ੍ਹਾਂ ਦੀ ਰਿਜ਼ਰਵੇਸ਼ਨ ਲਈ ਵੀ ਇੱਕ ਐਕਟ ਬਣਾਇਆ ਜਾਏ ਜਿਸ ਨਾਲ ਉਹ ਆਟੋਮੈਟੀਕਲੀ ਤਰੱਕੀਆਂ ਲੈ ਸਕਣ। ਜਿਸ ਨਾਲ ਬੇਇਨਸਾਫੀ ਹੋਵੇ ਉਹ ਕੋਰਟਾਂ ਤੋਂ ਇਨਸਾਫ ਲੈ ਸਕੇ। ਇਸ ਵੇਲੇ ਇਨ੍ਹਾਂ ਲੋਕਾਂ ਨੂੰ ਇਨਸਾਫ ਮਿਲਣ ਵਿਚ ਮਹਿਕਮੇ ਤਿੰਨ ਤਿੰਨ ਚਾਰ ਚਾਰ ਸਾਲ ਉੱਝ ਹੀ ਲੰਘਾ ਦਿੰਦੇ ਹਨ।

ਬਹੁਤ ਸਾਰੀਆਂ ਧਰਮਸ਼ਾਲਾਂ ਬਣ ਚੁੱਕੀਆਂ ਹਨ ਲੇਕਿਨ ਜਿਹੜੇ 300 ਪਿੰਡ ਰਹਿੰਦੇ ਹਨ, ਉਹ ਵੀ ਕਵਰ ਹੋਣੇ ਚਾਹੀਦੇ ਹਨ। ਉਹਨਾਂ ਪਿੰਡਾਂ ਦੀਆਂ ਧਰਮਸ਼ਾਲਾਂ ਜਿਨ੍ਹਾਂ ਨੂੰ 5,000 ਜਾਂ 7,000 ਰੁਪਏ ਗਰਾਂਟ ਮਿਲੀ ਸੀ ਉਨ੍ਹਾਂ ਨੂੰ 3,000 ਰੁਪਏ ਹੋਰ ਦੇ ਕੇ ਮੁਕੰਮਲ ਕਰਵਾਈਆਂ ਜਾਣ।

ਸਪੀਕਰ ਸਾਹਿਬ, ਪਿੰਡਾਂ ਵਿਚੋਂ ਇਹ ਡੀਮਾਂਡ ਵੀ ਆਉਂਦੀ ਸੀ ਕਿ ਸਾਡੇ ਸ਼ਮਸ਼ਾਨ ਘਾਟ ਨਹੀਂ ਹਨ। ਇਸ ਬਾਰੇ ਵੀ ਪ੍ਰਬੰਧ ਕੀਤਾ ਜਾਵੇ। (ਵਿਘਨ) ਇਸੇ ਤਰ੍ਹਾਂ ਪਿੰਡਾਂ ਵਿਚ ਲੈਟਰਿਨਜ਼ ਵੀ ਬਣਾਈਆਂ ਜਾਣ। (ਵਿਘਨ) ਸਪੀਕਰ ਸਾਹਿਬ, ਜਿਸ ਵੇਲੇ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਸਭ ਤੋਂ ਪਹਿਲਾਂ ਅਸੀਂ ਉਥੇ ਕੂੜੀਆਂ ਦੇ ਢੇਰ ਲੱਗੇ ਹੋਏ ਦੇਖਦੇ ਹਾਂ। ਉਨ੍ਹਾਂ ਦੀ ਬੜੀ ਬਦਬੂ ਆਉਂਦੀ ਹੈ। ਇਸ ਬਾਰੇ ਸਰਕਾਰ ਨੇ ਬੜੀ ਅੱਛੀ ਸਕੀਮ ਤਿਆਰ ਕੀਤੀ ਹੈ। ਇਸ ਦੇ ਵਾਸਤੇ 25 ਲੱਖ ਰੁਪਿਆ ਰੱਖਿਆ ਹੈ, ਹੁਣ ਢੇਰ, ਕੂੜਾ ਖੱਡੇ ਖੋਦ ਕੇ ਸੁੱਟੇ ਜਾਣਗੇ। ਇਹ ਬਹੁਤ ਅੱਛੀ ਸਕੀਮ ਹੈ।

ਹੁਣ ਮੈਂ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਸ ਪਾਸੇ ਪਹਿਲਾਂ ਬਹੁਤ ਘੱਟ ਧਿਆਨ ਦਿਤਾ ਗਿਆ ਸੀ। ਇਸ ਮਹਿਕਮੇ ਵਿਚ ਬੜੀਆਂ ਸਕੀਮਾਂ ਹਨ ਜਿਸ ਤਰ੍ਹਾਂ ਵਿਡੋਜ਼ ਪੈਨਸ਼ਨ ਸਕੀਮ ਅਤੇ ਓਲਡ ਏਜ ਪੈਨਸ਼ਨ ਸਕੀਮ ਆਦਿ। (ਘੰਟੀ)

ਸ਼੍ਰੀ ਸਪੀਕਰ: ਤੁਸੀਂ ਜਲਦੀ ਖਤਮ ਕਰੋ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ: ਵਿਡੋਜ਼ ਪੈਨਸ਼ਨ ਲਈ 20 ਲੱਖ ਰੁਪਿਆ ਇਸ ਬੱਜਟ ਵਿਚ ਰੱਖਿਆ ਗਿਆ ਹੈ ਤਾਕਿ 4500 ਹੋਰ ਬੈਨੀਫਿਸ਼ਿਰੀਜ਼ ਇਸ ਤੋਂ ਫਾਇਦਾ ਲੈ ਸਕਣ। ਸਪੀਕਰ ਸਾਹਿਬ, ਇਹ ਬਹੁਤ ਅੱਛੀ ਸਕੀਮ ਹੈ। ਇਹ ਬੇਸਹਾਰਿਆਂ ਨੂੰ ਸਹਾਰਾ ਦੇਣ ਦੀ ਸਕੀਮ ਹੈ। ਮੈਂ ਕਹਾਂਗਾ ਕਿ ਇਸ ਲਈ ਹੋਰ ਵੀ ਜ਼ਿਆਦਾ ਪੈਸਾ ਰੱਖਣਾ ਚਾਹੀਦਾ ਹੈ। ਬੇਸਹਾਰਿਆਂ ਦੀ ਸੇਵਾ ਕਰਨੀ ਬਹੁਤ ਅੱਛੀ ਨੇਸ਼ਨ ਦੀ ਸੇਵਾ ਕਰਨੀ ਹੈ। ਇਥੇ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਵਲੋਂ ਬਹੁਤ ਕਿਹਾ ਗਿਆ ਕਿ ਅਸੀਂ ਤਿੰਨ ਸਾਲਾਂ ਵਿਚ ਇਤਨੀਆਂ ਪੈਨਸ਼ਨਾਂ ਲਗਾ ਦਿੱਤੀਆਂ ਸਨ। ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਤਾਂ ਜਿਹੜੀਆਂ ਪੈਨਸ਼ਨਾਂ ਲੱਗੀਆਂ ਹੋਈਆਂ ਸਨ ਉਹ ਵੀ ਬੰਦ ਕਰ ਦਿੱਤੀਆਂ। ਉਨ੍ਹਾਂ ਦੇ ਵੇਲੇ ਤਾਂ ਇਸ ਤਰ੍ਹਾਂ ਹੁੰਦਾ ਰਿਹਾ ਹੈ ਕਿ ਜਿਹੜੀਆਂ ਪਹਿਲੀਆਂ ਪੈਨਸ਼ਨਾਂ ਲੱਗੀਆਂ ਹੋਈਆਂ ਸਨ ਉਨ੍ਹਾਂ ਨੂੰ ਬੰਦ ਕਰਕੇ ਹੋਰ ਨਵੇਂ ਆਦਮੀਆਂ ਨੂੰ ਸ਼ੁਰੂ ਕਰ ਦਿੱਤੀਆਂ ਗਈਆਂ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਕੰਮ ਲਈ ਹੋਰ ਪੈਸਾ ਰੱਖਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਸਾਡੀ ਸਰਕਾਰ ਨੇ ਪੰਜਾਬ ਵੋਮੈਨ ਐਂਡ ਚਿਲਡਰਨ ਡਿਵੈਲਪਮੈਂਟ ਦੀ ਵੈਲਫੇਅਰ ਲਈ ਕਾਰਪੋਰੇਸ਼ਨ ਲਈ 5 ਕਰੋੜ ਰੁਪਿਆ ਰੱਖਿਆ ਹੈ । ਇਹ ਬਹੁਤ ਅੱਛੀ ਸਕੀਮ ਹੈ। ਇਸ ਵਾਸਤੇ 5 ਕਰੋੜ ਰੁਪਿਆ ਰੱਖਕੇ ਬੜਾ ਅੱਛਾ ਕੰਮ ਕੀਤਾ ਗਿਆ ਹੈ। ਇਸ ਤਰ੍ਹਾਂ ਵੋਮੈਨ ਅਤੇ ਬੱਚਿਆਂ ਦੀ ਡਿਵੈਲਪਮੈਂਟ ਹੋਵੇਗੀ।

ਇਸ ਤਰ੍ਹਾਂ ਐਕਸ-ਸਰਵਿਸਮੈਨ ਕਾਰਪੋਰੇਸ਼ਨ ਲਈ ਵੀ ਰੁਪਿਆ ਰੱਖਿਆ ਹੈ। ਇਹ ਵੀ ਅੱਛੀ ਸਕੀਮ ਹੈ। ਇਸੇ ਤਰ੍ਹਾਂ ਹੀ ਹੋਰ ਵੀ ਬਹੁਤ ਸਾਰੀਆਂ ਵੈਲਫੇਅਰ ਦੀਆਂ ਸਕੀਮਾਂ ਹਨ । (ਘੰਟੀ)

ਸਪੀਕਰ ਸਾਹਿਬ, ਆਖਿਰ ਵਿਚ ਮੈਂ ਇਨਵਾਇਰਨਮੈਂਟਲ ਸਕੀਮ , ਜੋ ਕਿ ਹਰੀਜਨ ਬਸਤੀ ਸੁਧਾਰ ਸਕੀਮ ਨਾਲ ਜੁੜਦੀ ਹੈ, ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਫਗਵਾੜੇ ਦੇ ਮੁੱਹਿਆਂ ਦੇ ਵਿਚ ਹਰੀਜਨਾਂ ਦੀ ਆਬਾਦੀ ਹੈ। ਉਥੇ ਡੱਡਲ ਮਹੱਲਾ ਅਤੇ ਪਲਾਰੀ ਗੇਟ ਵਿਖੇ ਹਰੀਜਨ ਬਸਤੀ ਸੁਧਾਰ ਸਕੀਮ ਚੱਲ ਰਹੀ ਸੀ । ਪਰ ਅਕਾਲੀ ਸਰਕਾਰ ਨੇ ਆਉਂਦਿਆਂ ਹੀ ਇਕ ਕਮੇਟੀ ਬਣਾਈ । ਉਸ ਕਮੇਟੀ ਦੇ ਮੈਂਬਰ ਵੈਦ ਕਰਤਾਰ ਸਿੰਘ ਉਥੇ ਗਏ ਅਤੇ ਉਨ੍ਹਾਂ ਨੇ ਇਹ ਸਕੀਮ ਬੰਦ ਕਰ ਦਿਤੀ। ਇਹ ਵੀ ਕਿਹਾ ਗਿਆ ਕਿ ਉਥੇ ਜੋ ਮਿੱਟੀ ਪਈ ਹੈ ਉਹ ਵੀ ਚੁੱਕ ਲਓ। ਅਜਿਹੀਆਂ ਗੱਲਾਂ ਇਹ ਆਪਣੇ ਵੇਲੇ ਹਰੀਜਨਾਂ ਲਈ ਕਰਦੇ ਰਹੇ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਰਾਜ ਵੇਲੇ ਜ਼ਾਤ ਪਾਤ ਦੇ ਝਗੜੇ ਪਾਈ ਰੱਖੇ। ਸ਼ਡਿਊਲਡ ਕਾਸਟਸ ਅਤੇ ਨਾਨ-ਸ਼ਡਿਊਲਡ ਕਾਸਟਸ ਦੇ ਆਪਸੀ ਝਗੜੇ ਕਰਵਾ ਦਿਤੇ । ਤੁਹਾਨੂੰ ਪਤਾ ਹੈ ਕਿ ਇਨ੍ਹਾਂ ਦੇ ਵੇਲੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਲੰਚ ਵੇਲੇ ਸੈਕਟਰੀਏਟ ਦੇ ਸਾਹਮਣੇ ਅਤੇ 17 ਸੈਕਟਰ ਵਿਚ ਨਾਨ-ਸ਼ਡਿਊਲਡ ਕਾਸਟਸ ਰਿਜ਼ਰਵੇਸ਼ਨ ਦੇ ਖਿਲਾਫ ਸ਼ਿਆਪਾ ਕਰਦੇ ਰਹੇ ਹਨ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਿਜ਼ਰਵੇਸ਼ਨ ਹੈ ਇਸ ਨੂੰ ਇਨੈਕਟ ਕਰਾਉਣਾ ਚਾਹੀਦਾ ਹੈ । ਸ਼ਡਿਊਲਡ ਕਾਸਟਸ ਦੇ ਚੌਥੀ ਸ਼੍ਰੇਣੀ ਦੇ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਲਈ ਜਿਹੜੀ 6 ਹਜ਼ਾਰ ਆਮਦਨ ਦੀ ਲਿਮਿਟ ਰਖੀ ਗਈ ਹੈ। ਇਸ ਆਮਦਨ ਦੀ ਲਿਮਿਟ ਨੂੰ ਵਧਾ ਕੇ 12 ਹਜ਼ਾਰ ਰੁਪਿਆ ਕਰ ਦੇਣਾ ਚਾਹੀਦਾ ਹੈ ਕਿਉਂਕਿ ਸਰਕਾਰੀ ਮੁਲਾਜ਼ਮ ਜਿਹੜੇ ਹਨ ਉਨ੍ਹਾਂ ਦੀ ਤਾਂ ਫਿਕਸਡ ਪੇ ਹੁੰਦੀ ਹੈ ਅਤੇ ਉਹ ਆਪਣੀ ਆਮਦਨ ਛੁਪਾ ਨਹੀਂ ਸਕਦੇ ਪਰ ਉਸ ਦੇ ਦੂਸਰੇ ਪਾਸੇ ਜਿਹੜੇ ਬਿਜ਼ਨੈਸਮੈਨ ਹੁੰਦੇ ਹਨ ਉਨ੍ਹਾਂ ਦੀ ਆਮਦਨ ਦਾ ਕੋਈ ਪਤਾ ਨਹੀਂ ਲਗ ਸਕਦਾ ਅਤੇ ਉਹ 6 ਹਜ਼ਾਰ ਰੁਪਏ ਤੋਂ ਘੱਟ ਦੀ ਆਮਦਨ ਦਾ ਸਰਟੀਫਿਕੇਟ ਦੇ ਸਕਦੇ ਹਨ । (ਘੰਟੀ) ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਲਾਸ ਥਰੀ ਅਤੇ ਫੋਰ ਦੇ ਮੁਲਾਜ਼ਮਾਂ ਦੀ ਜਿਹੜੀ 6 ਹਜ਼ਾਰ ਰੁਪਏ ਦੀ ਆਮਦਨ ਦੀ ਲਿਮਿਟ ਰੱਖੀ ਗਈ ਹੈ ਇਸ ਨੂੰ ਵਧਾ ਕੇ 12 ਹਜ਼ਾਰ ਰੁਪਿਆ ਕਰ ਦੇਣਾ ਚਾਹੀਦਾ ਹੈ।

ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ 3 ਸਾਲਾਂ ਦੇ ਟਾਈਮ ਵਿਚ ਜਿਹੜੇ ਹਰੀਜਨ ਮੁਲਾਜ਼ਮ ਸਸਪੈਂਡ ਕੀਤੇ ਗਏ ਸਨ ਉਨ੍ਹਾਂ ਨੂੰ ਬਹਾਲ ਕੀਤਾ ਜਾਵੇ। ਮੈਂ ਇਹ ਵੀ ਕਹਾਂਗਾ ਕਿ ਐਗ-ਜ਼ੈਕਟਿਵ ਵਿਚ ਤਾਂ ਫਿਰ ਵੀ ਸ਼ਡਿਊਲਡ ਕਾਸਟਸ ਲਈ ਕੁਝ ਰਿਜ਼ਰਵੇਸ਼ਨ ਹੈ ਪਰ ਜੁਡੀਸ਼ਰੀ ਵਿਚ ਨਹੀਂ ਹੈ । ਜੁਡੀਸ਼ਰੀ ਵਿਚ ਸ਼ਡਿਊਲਡ ਕਾਸਟ ਲਈ ਰਿਜ਼ਰਵੇਸ਼ਨ ਨਾ ਮਾਤਰ ਹੈ । ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਪਿਛਲੇ 3 ਸਾਲਾਂ ਵਿਚ 11 ਜੁਡੀਸ਼ਲ ਮੈਜਿਸਟਰੇਟ ਕੱਢ ਦਿਤੇ। ਉਹ ਅਫਸਰ ਇਨ੍ਹਾਂ ਦੀ ਹੈਂਕੜ ਥੱਲੇ ਨਹੀਂ ਸੀ ਆਉਂਦੇ । ਉਹ ਇਨਸਾਫ ਕਰਦੇ ਸਨ। ਉਹ ਇਨ੍ਹਾਂ ਨੂੰ ਚੰਗੇ ਨਹੀਂ ਲਗੇ ਅਤੇ ਇਨ੍ਹਾਂ ਨੇ ਉਨ੍ਹਾਂ ਤੇ ਕੁਰੱਪਸ਼ਨ ਦੇ ਇਲਜ਼ਾਮ ਲਗਾ ਕੇ ਕੱਢ ਦਿਤੇ । ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਦੇ ਕੇਸਾਂ ਉਤੇ ਵੀ ਗੌਰ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਸਾਹਿਬ, ਮੈਂ ਆਪ ਦਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ । ਮੈਂ ਡਿਮਾਂਡ ਨੰ. 23 ਜਿਸ ਵਿਚ 11,86,71,000 ਰੁਪਏ ਹਨ, ਦੀ ਪਰੋੜਤਾ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ ।

ਸਮਾਜ ਭਲਾਈ ਮੰਤਰੀ (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਡਿਮਾਂਡ ਨੰ: 22 ਜੋ ਕਿ 3,80,21,000 ਰੁਪਏ ਦੀ ਹੈ ਅਤੇ ਡਿਮਾਂਡ ਨੰ. 23 ਜੋ ਕਿ 11,86,71,000 ਰੁਪਏ ਦੀ ਹੈ, ਦੇ ਉਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲੇ ਹਨ ਅਤੇ ਬਹੁਤ ਸੁਚੱਜੇ ਢੰਗ ਨਾਲ ਉਨ੍ਹਾਂ ਨੇ ਆਪਣੀਆਂ ਦਲੀਲਾਂ ਦਿਤੀਆਂ ਹਨ। ਕਾਮਰੇਡ ਦੋਸਤਾਂ ਨੇ ਮੇਰੇ ਬਾਰੇ ਕੁੱਝ ਗੱਲਾਂ ਕਹੀਆਂ ਹਨ। ਇਸ ਵਿਚ ਸ਼ੱਕ ਵਾਲੀ ਗੱਲ ਨਹੀਂ ਹੈ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਬਣੀ ਨੂੰ ਬਹੁਤੀ ਦੇਰ ਨਹੀਂ ਹੋਈ। ਸਮਾਜ ਭਲਾਈ ਦਾ ਮਹਿਕਮਾ ਮੇਰੇ ਪਾਸ ਹੈ। ਮੈਂ ਮੈਂਬਰ ਸਾਹਿਬਾਨ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਜਿਹੜਾ ਗਰੀਬ ਵਰਗ ਹੈ ਅਤੇ ਜਿਸ ਦੇ ਸਿਰ ਦੇ ਉਤੇ ਹਿੰਦੁਸਤਾਨ ਬਿਲਕੁਲ ਨਿਰਭਰ ਹੈ ਉਨ੍ਹਾਂ ਦੀ ਬਿਹਤਰੀ ਲਈ ਸਾਡੀ ਸਰਕਾਰ ਹਰ ਢੰਗ ਨਾਲ ਵਚਨਬੱਧ ਹੈ । ਸਰਦਾਰ ਦਰਬਾਰਾ ਸਿੰਘ ਨੇ ਪਹਿਲੇ ਦਿਨ ਹੀ ਕਿਹਾ ਸੀ ਕਿ ਸਾਡੀ ਸਰਕਾਰ ਗਰੀਬਾਂ ਲਈ ਹੈ ਅਤੇ ਅਸੀਂ ਕਮਜ਼ੋਰ ਵਰਗ ਦੇ ਖਿਲਾਫ ਲੜਾਈ ਲੜਨੀ ਹੈ। ਸਰਦਾਰ ਉਜਾਗਰ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਗੱਲਾਂ ਕੀਤੀਆਂ ਹਨ। ਉਨ੍ਹਾਂ ਨੇ ਬੜੀਆਂ ਸਿਆਣੀਆਂ ਗੱਲਾਂ ਕੀਤੀਆਂ ਹਨ। ਸਾਡੀ ਸਰਕਾਰ ਦੇ ਬੱਜਟ ਦੇ ਬਾਰੇ ਸਾਡੇ ਕੁੱਝ ਦੋਸਤਾਂ ਨੇ ਜਿਸ ਢੰਗ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਦਾ ਖਿਆਲ ਉਨ੍ਹਾਂ ਨੂੰ ਮੁਬਾਰਕ (ਵਿਘਨ) ਮੈਨੂੰ ਬਹੁਤ ਫਿਗਰਜ਼ ਦੇਣ ਦੀ ਲੋੜ ਨਹੀਂ ਹੈ । ਤੁਸੀਂ ਜ਼ਰਾ ਧਿਆਨ ਨਾਲ ਸੁਣ ਲਵੋ। (ਵਿਘਨ) ਪਾਂਧੀ ਜੀ, ਤੁਹਾਡਾ ਖਿਆਲ ਤੁਹਾਨੂੰ ਮੁਬਾਰਕ। (ਵਿਘਨ) ਇਥੇ ਧੰਨੋਵਾਲੀਆ ਜੀ ਨੇ ਬਸਤੀ ਸੁਧਾਰ ਸਕੀਮ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਇਸ ਪਾਸੇ ਹੋਰ ਪੈਸਾ ਦੇਣਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਜਿਹੜਾ ਵੀ ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਜਾਵੇਗਾ ਉਹ ਹਰੀਜਨਾਂ ਤੋਂ ਸ਼ੁਰੂ ਕੀਤਾ ਜਾਵੇਗਾ । (ਥੰਪਿੰਗ) ਜਿੰਨੇ ਕੰਮ ਸ਼ੁਰੂ ਕੀਤੇ ਜਾਣਗੇ ਉਹ ਹਰੀਜਨਾਂ ਤੋਂ ਸ਼ੁਰੂ ਕੀਤੇ ਜਾਣਗੇ । (ਥੰਪਿੰਗ) ਮੈਂ ਬੜੇ ਅਦੱਬ ਨਾਲ ਅਤੇ ਪਿਆਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਥੇ ਪਾਂਧੀ ਜੀ ਜਦ ਬੋਲਦੇ ਸਨ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਮੈਂ ਵਕੀਲ ਹਾਂ। ਪਰ, ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਇਹ ਜਿਹੜਾ ਬੱਜਟ ਪੇਸ਼ ਕੀਤਾ ਗਿਆ ਹੈ ਇਸ ਬਾਰੇ ਉਹ ਕਹਿੰਦੇ ਹਨ ਕਿ ਇਹ ਪੈਸਾ ਕਿਥੇ ਲਗੇਗਾ। ਇਸ ਕਿਸਮ ਦੀ ਤਾਂ ਇਨ੍ਹਾਂ ਦੀ ਸੂਝ ਬੂਝ ਹੈ । (ਵਿਘਨ) ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ 3 ਸਾਲ ਕੀ ਕੀਤਾ। (ਵਿਘਨ) ਮੈਂ ਇਕ ਮਿੰਟ ਵਿਚ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਆਜ਼ਾਦੀ ਆਉਣ ਤੋਂ ਪਹਿਲਾਂ ਮੇਰਾ ਖਿਆਲ ਹੈ ਕਿ ਆਨਰੇਬਲ ਮੈਂਬਰਜ਼ ਨੂੰ ਪਤਾ ਹੀ ਹੈ ਕਿ ਜਿਨਸ ਕਿੰਨੀ ਹੁੰਦੀ ਸੀ ਪਰ ਆਜ਼ਾਦੀ ਆਉਣ ਤੋਂ ਬਾਅਦ ਜੋ ਅਸੀਂ ਕੰਮ ਕੀਤਾ ਉਹ ਪਹਿਲੇ ਨੰਬਰ ਤੇ ਇਹ ਕੰਮ ਕੀਤਾ ਕਿ ਭਾਖੜਾ ਡੈਮ ਬਣਾ ਕੇ ਬਿਜਲੀ ਪੈਦਾ ਕੀਤੀ ਅਤੇ ਬਿਜਲੀ ਦੇ ਕੇ ਖੇਤਾਂ ਨੂੰ ਪਾਣੀ ਡੱਟ ਕੇ ਲਵਾਇਆ ਅਤੇ ਦੱਬ ਕੇ ਫਸਲ ਪੈਦਾ ਕੀਤੀ। ਫਿਰ ਪਹਿਲਾਂ ਸਨਮਾ ਖੇਤੀ ਹੁੰਦੀ ਸੀ । ਪਹਿਲਾਂ ਇਕ ਫਸਲ ਹੁੰਦੀ ਸੀ ਲੇਕਿਨ ਫਿਰ ਅਸੀਂ ਸਕੀਮਾਂ ਬਣਾ ਬਣਾ ਕੇ ਇਕ ਫਸਲ ਦੀ ਬਜਾਏ ਤਿੰਨ ਤਿੰਨ ਫਸਲਾਂ ਕਰਵਾ ਦਿਤੀਆਂ। ਇਹ ਅਸੀਂ 30 ਸਾਲਾਂ ਦੇ ਰਾਜ ਵਿਚ ਕੀਤਾ ਹੈ। ਮੇਰੇ ਕਹਿਣ ਦਾ ਭਾਵ ਹੈ:-

'ਇਲਮ ਵੋ ਜਿਸ ਪਰ ਅਮਲ ਹੋ, ਜਿਸ ਪਰ ਅਮਲ ਨਹੀਂ ਵੋ ਇਲਮ ਨਹੀਂ'

ਗਲ ਉਹ ਕਰਨੀ ਚਾਹੀਦੀ ਹੈ ਜਿਸ ਤੇ ਅਮਲ ਕਰਨਾ ਚਾਹੀਦਾ ਹੈ। ਕਾਂਗਰਸ ਸਰਕਾਰ ਨੇ ਅਮਲੀ ਰੂਪ ਵਿਚ ਕੰਮ ਕੀਤਾ ਹੈ। (ਵਿਘਨ) ਜਿਹੜੇ ਭਾਈ ਜੈਤੋਂ ਜੀ ਸਨ ਜਾਂ ਭਾਈ ਸੰਤਾ ਜੀ ਸਨ ਉਦੋਂ ਸਾਡੀ

Original with;
Punjab Vidhan Sabha
Digitized by;
Panjab Digital Library

ਸ਼ਕਲ ਮਿਲਦੀ ਸੀ ਪਰ ਹੁਣ ਸਾਡੀ ਸ਼ਕਲ ਨਹੀਂ ਮਿਲਦੀ ਹੁਣ ਤੁਹਾਡੀ ਸ਼ਕਲ ਮਿਲਦੀ ਹੈ ? ਜਿਨ੍ਹਾਂ ਨੇ ਬਦਾਵੇ ਲਿਖ ਕੇ ਦਿਤੇ ਸੀ, ਉਨ੍ਹਾਂ ਬੇਦਾਵੇ ਲਿਖ ਕੇ ਦੇਣ ਵਾਲਿਆਂ ਦੀ ਗਲ ਕਰਦੇ ਹੋ ? ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਜਾਨ ਮੰਗੀ ਤਾਂ ਪੰਜ ਆਦਮੀ ਸਾਡੇ ਨਿਤਰੇ ਸਨ (ਵਿਘਨ) ਉਧਰ ਬਾਦਲ ਸਾਹਿਬ ਬੈਠੇ ਹਨ, ਖਾਲਸਾ ਜੀ ਬੈਠੇ ਹਨ, ਪਾਂਧੀ ਸਾਹਿਬ ਵੀ ਬੈਠੇ ਹਨ ਭਾਵੇਂ ਉਹ ਇਧਰ ਬੈਠੇ ਜਾ ਉਧਰ ਬੈਠੇ ਹੋਣ ਮੈਂ ਇਕ ਗਲ ਦੱਸ ਦੇਣੀ ਚਾਹੁੰਦਾ ਹਾਂ ਕਿ ਗੁਰੂ ਸਾਹਿਬ ਨੇ ਕਿਹਾ ਹੈ ਕਿ ਜੋ ਭੇਖ ਦਿਖਾ ਕੇ ਹੇਰਾ ਫੇਰੀ ਕਰੇਗਾ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਦੇ ਸਪੈਅਰ ਨਹੀਂ ਕਰਨਗੇ ।

ਸਪੀਕਰ ਸਾਹਿਬ, ਇਧਰ ਇਸ ਪਾਸੇ ਵਲ ਨੂੰ ਜਾ ਕੇ ਕੁਝ ਟਾਈਮ ਮੈਂ ਲੈ ਲਿਆ ਹੈ, ਮੈਂ ਡੀਮਾਂਡਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਡੀਮਾਂਡਾਂ ਹਨ ਹਰੀਜਨ ਵਰਗ ਲਈ ਹਨ, ਗਰੀਬ ਵਰਗ ਲਈ ਹਨ ਲੇਕਿਨ ਤੁਸੀਂ ਦੇਖੋ ਕਿ ਇਸ ਵੇਲੇ ਇਨ੍ਹਾਂ ਦੇ ਪਾਸ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕਿੰਨੇ ਹਰੀਜਨ ਬੈਠੇ ਹਨ ਅਤੇ ਸਾਡੇ ਪਾਸੇ ਵਲ ਨੂੰ ਕਿੰਨੇ ਬੈਠੇ ਹਨ । ਤੁਸੀਂ ਇਸ ਗੱਲ ਤੋਂ ਹੀ ਅੰਦਾਜ਼ਾ ਲਗਾ ਲਓ ਕਿ ਇਹ ਕਿੰਨੀ ਕੁ ਹਰੀਜਨਾਂ ਦੀ ਭਲਾਈ ਚਾਹੁੰਦੇ ਹਨ। (ਵਿਘਨ) ਸੋ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੜ੍ਹੇ ਲਿਖੇ ਬੇਕਾਰ ਨੌਜਵਾਨ ਬੱਚੇ ਹਨ ਉਨ੍ਹਾਂ ਦਾ 2,800 ਦਾ ਵਾਧਾ ਕੀਤਾ ਹੈ ਯਾਨੀ ਉਨ੍ਹਾਂ ਨੂੰ 6,500 ਤਕ ਅਸੀਂ ਪਹੁੰਚਾ ਦਿਤਾ ਹੈ ।

ਇਥੇ, ਸਪੀਕਰ ਸਾਹਿਬ, ਕਿਹਾ ਗਿਆ ਕਿ ਪੰਜਾਬ ਵਿਚ ਕੁੱਝ ਬਾਹਰਲੇ ਸੂਬਿਆਂ ਤੋਂ ਮਜ਼ਦੂਰੀ ਕਰਨ ਵਾਸਤੇ ਲੋਕ ਆਉਂਦੇ ਹਨ। ਪੰਜਾਬ ਦੇ ਵਾਸਤੇ ਇਹ ਫਖ਼ਰ ਵਾਲੀ ਗੱਲ ਹੈ ਕਿ ਬਾਹਰਲੇ ਸੂਬਿਆਂ ਤੋਂ ਇਥੇ ਮਜ਼ਦੂਰੀ ਕਰਨ ਵਾਸਤੇ ਲੋਕ ਆਉਂਦੇ ਹਨ। ਪੰਜਾਬ ਇਕ ਰਜ਼ਿਆ ਪੁੱਜਿਆ ਸੂਬਾ ਹੈ। ਜੋ ਇਥੇ ਮਜ਼ਦੂਰੀ ਕਰਦਾ ਹੈ ਉਸ ਮਜ਼ਦੂਰ ਨੂੰ ਕਿਸ ਢੰਗ ਨਾਲ ਦੇਖਿਆ ਜਾਂਦਾ ਹੈ, ਜੇ ਉਸ ਨੂੰ ਵਾਜਬ ਮਜ਼ਦੂਰੀ ਨਹੀਂ ਮਿਲਦੀ ਜਾ ਉਸ ਨਾਲ ਕੋਈ ਧੱਕਾ ਹੁੰਦਾ ਹੈ ਤਾਂ ਮੈਂ ਦਾਅਵੇ ਨਾਲ ਕਹਿੰਦਾ ਹਾਂ, ਪਾਂਧੀ ਸਾਹਿਬ ਆਪਣੇ ਵੀਰ ਆਨਰੇਬਲ ਮੈਂਬਰ ਨੂੰ, ਕਿ ਉਹ ਮੇਰੇ ਸਰੀਰ ਨੂੰ ਨਾ ਦੇਖਣ, ਕੋਈ ਵਡੇ ਤੋਂ ਵਡੇ ਫਨੇ ਖਾਂ ਕਿਉਂ ਨਾ ਹੋਵੇ ਅਗਰ ਮਜ਼ਦੂਰ ਨਾਲ ਕੋਈ ਧੱਕਾ ਕਰੇਗਾ ਤਾਂ ਅਸੀਂ ਉਸ ਨੂੰ ਸਪੈਅਰ ਨਹੀਂ ਹੋਣ ਦੇਵਾਂਗੇ। ਮੇਰੇ ਆਨਰੇਬਲ ਮੈਂਬਰ ਨੇ ਇਕ ਦੋ ਗਲਾਂ ਮੇਰੇ ਨੋਟਿਸ ਵਿਚ ਲਿਆਂਦੀਆਂ । ਕਾਮਰੇਡ ਬਲਵੰਤ ਸਿੰਘ ਜੋ ਸਾਡੇ ਹਾਊਸ ਦੇ ਐਮ.ਐਲ.ਏ. ਹਨ ਉਨ੍ਹਾਂ ਨੇ ਵੀ ਇਕ ਗਲ ਆ ਕੇ ਦੱਸੀ ਸੀ। ਮੈਂ ਉਨ੍ਹਾਂ ਦੇ ਸਾਹਮਣੇ ਮਜ਼ਦੂਰਾਂ ਨੂੰ ਅਤੇ ਮਾਲਕਾਂ ਨੂੰ ਬੁਲਾ ਕੇ ਗਲ ਬਾਤ ਕੀਤੀ। ਮਾਲਕਾਂ ਨੂੰ ਮੈਂ ਇਗਨੋਰ ਕੀਤਾ ਅਤੇ ਮਾਲਕਾਂ ਨੂੰ ਕਿਹਾ ਕਿ ਮੈਂ ਮਜ਼ਦੂਰਾਂ ਦੇ ਨਾਲ ਹਾਂ। (ਵਿਘਨ) (ਥੰਪਿੰਗ) ਮੈਂ ਤੁਹਾਡੇ ਨਾਲ ਹਾਂ, ਜੇ ਤੁਹਾਡੀ ਸਹੀ ਗਲ ਹੋਵੇਗੀ, ਜੇ ਤੁਹਾਡੀ ਕੋਈ ਸਹੀ ਸਕੀਮ ਹੋਵੇਗੀ ਤਾਂ ਮੈਂ ਅਤੇ ਸਾਡੀ ਸਰਕਾਰ ਤੁਹਾਡੇ ਨਾਲ ਹੈ, ਸਾਡਾ ਚੀਫ ਮਨਿਸਟਰ ਉਥੇ ਤੁਹਾਡੇ ਨਾਲ ਖੜਾ ਹੋਵੇਗਾ ਕਿਉਂਕਿ ਉਹ ਲੈਂਡ ਲਾਰਡ ਨਹੀਂ ਲੇਕਿਨ ਜੇ ਤੁਹਾਡੀ ਗਲ ਸਹੀ ਨਹੀਂ ਹੋਵੇਗੀ, ਤੁਹਾਡੀ ਕੋਈ ਸਹੀ ਸਕੀਮ ਨਹੀਂ ਹੋਵੇਗੀ ਉਥੇ ਅਸੀਂ ਤੁਹਾਡਾ ਸਾਥ ਨਹੀਂ ਦੇ ਸਕਦੇ।

ਇਥੇ ਮੈਨੀਫੈਸਟੋ ਦੀ ਗਲ ਕੀਤੀ ਗਈ। ਮੈਨੀਫੈਸਟੋ ਕੀ ਹੈ? ਇਕ ਵਾਰ ਸਿਕੰਦਰ ਨੇ ਭਗਤ ਰਵਿਦਾਸ ਨੂੰ ਪੁਛਿਆ ਕਿ ਤੁਹਾਡਾ ਮੈਨੀਫੈਸਟੋ ਕੀ ਹੈ? ਭਗਤ ਰਵਿਦਾਸ ਨੇ ਕਿਹਾ ਕਿ–

'ਬੇਗਮਪੁਰਾ ਸ਼ਹਿਰ ਕਾ ਨਾਮ'

Original with;
Punjab Vidhan Sabha
Digitized by;
Panjab Digital Library

[ਸਮਾਜ ਭਲਾਈ ਮੰਤਰੀ]

ਸਿਕੰਦਰ ਵੀ ਤੁਹਾਡੇ ਵਾਂਗ ਹੀ ਸੀ, ਉਹ ਡਿਕਟੇਟਰ ਸੀ ਉਸ ਨੇ ਵਿਚੇ ਹੀ ਟੋਕ ਦਿਤਾ ਤੇ ਭਗਤ ਰਵਿਦਾਸ ਨੂੰ ਆਪਣੀ ਪੂਰੀ ਗਲ ਨਹੀਂ ਕਹਿਣ ਦਿਤੀ। ਉਨ੍ਹਾਂ ਨੂੰ ਕਹਿਣ ਲਗੇ ਮੈਂ ਤੇਰੇ ਨਾਲ ਤਾਂ ਕੋਈ ਹੈ ਨਹੀਂ ਤਾਂ ਭਗਤ ਰਵਿਦਾਸ ਜੀ ਕਹਿੰਦੇ ਹਨ :-

'ਕਹਿ ਰਵਿਦਾਸ ਹਮਾਰੇ, ਜੋ ਹਮ ਸ਼ਹਿਰੀ ਸੋ ਮੀਤ ਹਮਾਰੇ'

ਇਹ ਭਗਤ ਰਵਿਦਾਸ ਦਾ ਸੋਸ਼ਲਿਜ਼ਮ ਹੈ। ਸੋ 30 ਕਰੋੜ ਰੁਪਿਆ ਜਿਹੜਾ ਵੀਕਰ ਸੈਕਸ਼ਨ ਲਈ ਰਖਿਆ ਹੈ ਉਹ ਖਰਚ ਕੀਤਾ ਜਾਵੇਗਾ। ਤੁਸੀਂ ਮੈਨੂੰ ਉਸ ਪੈਮਾਨੇ ਨਾਲ ਨਾ ਨਾਪੋ। ਮੇਰੀ ਸੋਚ ਕੁੱਝ ਹੋਰ ਹੈ, ਮੇਰੇ ਸੋਚਣ ਦਾ ਢੰਗ ਜਿਹੜਾ ਹੈ ਉਹ ਗਰੀਬ ਵਾਸਤੇ ਹੈ। ਇਕ ਦਿਨ ਇਥੇ ਬਾਹਰ ਸੈਕਟਰੀਏਟ ਦੇ ਨਾਨ-ਸ਼ਡਿਊਲਡ ਕਾਸਟਸ ਦਾ ਮੁਜ਼ਾਹਰਾ ਹੋ ਰਿਹਾ ਸੀ। ਮੈਂ ਕੁਦਰਤੀ ਉਥੇ ਚਲਾ ਗਿਆ। ਉਸ ਵੇਲੇ ਨਾ ਮੈਂ ਕੋਈ ਐਮ.ਐਲ.ਏ. ਸੀ ਅਤੇ ਨਾ ਸਾਡੀ ਸਰਕਾਰ ਸੀ। ਮੈਨੂੰ ਉਥੇ ਕੁੱਝ ਲੋਕ ਜਾਣਦੇ ਸਨ ਉਹ ਮੇਰੇ ਪਾਸ ਆ ਗਏ ਤੇ ਕਹਿਣ ਲਗੇ ਕਿ ਇਥੇ ਕੁੱਝ ਲਫ਼ਜ਼ ਕਹਿ ਜਾਓ। ਸੋਚਣ ਲਗੇ ਕਿ ਜੇ ਹੁਣ ਕਹਿ ਦਿਤਾ ਸਾਡੇ ਹੱਕ ਵਿਚ ਤਾਂ ਹਰੀਜਨ ਇਨ੍ਹਾਂ ਦੇ ਖਿਲਾਫ ਅਤੇ ਹਰੀਜਨਾਂ ਦੇ ਹੱਕ ਵਿਚ ਕਹਿ ਦਿਤਾ ਤਾਂ ਵੀ ਠੀਕ ਨਹੀਂ। ਮੈਂ ਕਿਹਾ ਕਿ ਗਲ ਹੀ ਕੋਈ ਨਹੀਂ। ਮੈਂ ਕਿਹਾ ਕਿ ਰਿਜ਼ਰਵੇਸ਼ਨ ਹਰੀਜਨਾਂ ਦੀ 25 ਫੀ ਸਦੀ ਆਉਂਦੀ ਹੈ ਅਤੇ ਜੋ 75 ਪ੍ਰਤੀਸ਼ਤ ਬਾਕੀ ਦੀ ਹੈ ਉਹ ਅਸੀਂ ਕਿਧਰੇ ਟਾਟੇ ਬਿਰਲਿਆਂ ਦੇ ਪੁਤਾਂ ਨੂੰ ਛੱਡ ਦੇਣੀ ਹੈ। (ਵਿਘਨ) ਸੋ 30 ਕਰੋੜ ਰੁਪਿਆ ਜਿਹੜਾ ਬਗੈਰ ਸੂਦ ਤੋਂ ਦੇਣਾ ਹੈ ਉਹ ਲਾਭਮੀ ਇਸ ਢੰਗ ਨਾਲ ਖਰਚ ਹੋਵੇਗਾ ਜਿਸ ਨਾਲ ਗਰੀਬਾਂ ਨੂੰ ਫਾਇਦਾ ਹੋਵੇ ਅਤੇ ਉਹ ਇਹ ਰੁਪਿਆ ਅਸੀਂ ਖਰਚਾਵਾਂਗੇ। (ਥੰਪਿੰਗ) ਚੌਕੀਦਾਰ ਦੀ ਤਨਖਾਹ ਪਹਿਲਾਂ 60 ਰੁਪਏ ਸੀ ਉਹ ਅਸੀਂ 60 ਰੁਪਏ ਤੋਂ ਵਧਾ ਕੇ 100 ਰੁਪਏ ਮਹੀਨਾ ਕਰ ਦਿੱਤੀ। 40 ਫੀ ਸਦੀ ਉਸ ਦੀ ਤਨਖਾਹ ਵਿਚ ਵਾਧਾ ਕੀਤਾ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਇਹ ਬਜਟ ਪ੍ਰੋਵੀਜ਼ਨ ਵਿਚ ਆਵੇਗਾ 30 ਕਰੋੜ ਰੁਪਿਆ? (ਵਿਘਨ) ਜੇ ਤਾਂ ਇਸ ਨੂੰ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ ਕਾਰਪੋਰੇਸ਼ਨ ਦਾ ਕੈਪੀਟਲ ਅਮਾਊਂਟ ਬਣਾ ਦਿਓ ਤਾਂ ਉਸ ਦੇ ਨਾਲ ਤਾਂ ਫਾਇਦਾ ਹੈ ਪਰ ਜੇ ਤੁਸੀਂ ਬੈਂਕਾਂ ਤੋਂ ਲਿਆ ਅੱਗੇ ਤੁਸੀਂ ਕੋਈ ਸੀਕਿਓਰਿਟੀ ਵਗੈਰਾ ਦਿਤੀ ਤਾਂ ਫਿਰ ਇਸ ਦਾ ਕੋਈ ਫਾਇਦਾ ਨਹੀਂ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਗੱਲ ਕਲੀਅਰ ਕਰ ਦਿਆਂ। ਇਹ ਜਿਹੜਾ 30 ਕਰੋੜ ਰੁਪਿਆ ਹੈ ਇਹ ਬਿਨਾਂ ਸੂਦ ਦੇ ਵੀਕਰ ਸੈਕਸ਼ਨ ਨੂੰ ਮਿਲਣਾ ਹੈ, ਉਹ ਦੇਣਾ ਬੈਂਕਸ ਨੇ ਹੀ ਹੈ ਪਰ ਉਸ ਦੇ ਉਤੇ ਜੋ 4 ਪ੍ਰਤੀਸ਼ਤ ਸੂਦ ਹੈ ਉਹ ਭੀ,ਆਈ ਆਰ, ਥਲੇ ਗੌਰਮਿੰਟ ਨੇ ਦੇਣਾ ਹੈ।

ਸਮਾਜ ਭਲਾਈ ਮੰਤਰੀ : ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਵੀ ਚੰਗੀ ਚੀਜ਼ ਕਹੋਗੇ ਅਸੀਂ ਤੁਹਾਡੀ ਹਰ ਚੰਗੀ ਗਲ ਨੂੰ ਮੰਨਾਂਗੇ ਅੱਗੇ ਜਿਹੜੀ ਕੋਈ ਐਸੀ ਵੈਸੀ ਹੋਈ ਉਸ ਨੂੰ ਇਗਨੋਰ ਕਰਾਂਗੇ।

ਇਥੇ, ਸਪੀਕਰ ਸਾਹਿਬ, ਧੰਨੋਵਾਲੀਆ ਜੀ ਅਤੇ ਕੇ.ਪੀ. ਸਾਹਿਬ ਨੇ ਕਿਹਾ ਕਿ ਜਦੋਂ ਬਾਦਲ ਸਾਹਿਬ ਚੀਫ ਮਾਨਸ਼ਟਰ ਹੁੰਦੇ ਸਨ ਤਾਂ ਉਨ੍ਹਾਂ ਨੂੰ ਉਹ ਮਿਲੇ ਸਨ। ਚੀਫ ਮਨਿਸਟਰ ਕੋਈ ਵੀ ਹੋਵੇ, ਚਾਹੇ ਚੀਫ ਮਨਿਸ਼ਟਰ ਕਾਂਗਰਸ ਪਾਰਟੀ ਦਾ ਹੋਵੇ, ਚਾਹੇ ਅਕਾਲੀ ਪਾਰਟੀ ਦਾ ਹੋਵੇ ਅਤੇ ਚਾਹੇ ਕਿਸੇ ਹੋਰ ਪਾਰਟੀ ਦਾ ਚੀਫ ਮਨਿਸਟਰ ਹੋਵੇ ਲੇਕਿਨ ਚੀਫ ਮਨਿਸ਼ਟਰ ਇਜ਼.ਏ. ਚੀਫ ਮਨਿਸਟਰ। ਜਦੋਂ ਇਨ੍ਹਾਂ ਨੇ ਅਰਜ਼ੀ, ਜਿਵੇਂ ਇਹ ਕਹਿੰਦੇ ਹਨ, ਬਾਦਲ ਸਾਹਿਬ ਨੂੰ ਦਿਖਾਈ ਤਾਂ ਬਾਦਲ ਸਾਹਿਬ ਦੇ

Original with;
Punjab Vidhan Sabha
Digitized by;
Panjab Digital Library

ਤਾਂ ਰੌਂਗਟੇ ਖੜੇ ਹੋ ਜਾਣੇ ਚਾਹੀਦੇ ਸਨ, ਜਿਸ ਤਰ੍ਹਾਂ ਦੇ ਹਾਲਾਤ ਇਨ੍ਹਾਂ ਨੇ ਦਸੇ ਹਨ। ਤੁਸੀਂ ਮੈਨੂੰ ਅਰਜ਼ੀ ਦੇਣਾ, ਮੈਂ ਐਗਜ਼ਾਮਿਨ ਕਰਾਂਗਾ ਅਤੇ ਆਪਣੇ ਚੀਫ ਮਨਿਸਟਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ, ਨਾਲ ਗਲ ਬਾਤ ਕਰਕੇ ਜੇ ਉਸ ਦੇ ਵਿਚ ਕੋਈ ਇਨਕੁਆਇਰੀ ਕਰਾਉਣ ਵਾਲੀ ਗਲ ਹੋਈ ਤਾਂ ਲਾਜ਼ਮੀ ਤੌਰ ਤੇ ਕਰਵਾਵਾਂਗਾ।

ਸਪੀਕਰ ਸਾਹਿਬ, ਜਿਹੜਾ ਪੈਨਸ਼ਨਾਂ ਦਾ ਸਵਾਲ ਸੀ ਜਦੋਂ ਮੇਰੇ ਦੋਸਤਾਂ ਨੇ ਮੈਨੂੰ ਦਸਿਆ ਤਾਂ ਮੈਂ ਉਸੇ ਵੇਲੇ ਸਰਦਾਰ ਦਰਬਾਰਾ ਸਿੰਘ ਜੀ ਨਾਲ ਗਲ ਕੀਤੀ। ਮੇਰੇ ਦੋਸਤਾਂ (ਵਿਰੋਧੀ ਪਾਰਟੀ ਵਲ ਇਸ਼ਾਰਾ) ਦੇ ਰਾਜ ਵਿਚ 6,6 ਮਹੀਨਿਆਂ ਤੋਂ ਪੈਨਸ਼ਨਾਂ ਨਹੀਂ ਜਾ ਰਹੀਆਂ ਸਨ ਲੇਕਿਨ ਸਰਦਾਰ ਦਰਬਾਰਾ ਸਿੰਘ ਨੇ ਅਫਸਰਾਂ ਨੂੰ ਹਦਾਇਤ ਕੀਤੀ ਅਤੇ ਇਕ ਹਫਤੇ ਦੇ ਅੰਦਰ ਅੰਦਰ ਇਹ ਰਿਲੀਜ਼ ਹੋ ਗਈਆਂ। ਅਗਰ ਕਿਸੇ ਐਮ.ਐਲ.ਏ. ਸਾਹਿਬ ਦੀ ਕੋਈ ਸ਼ਿਕਾਇਤ ਹੋਵੇ ਤਾਂ ਉਹ ਮੈਨੂੰ ਵੱਖਰੇ ਮਿਲ ਲੈਣ ਅਤੇ ਜੇ ਪੈਨਸ਼ਨਾਂ ਕਿਸੇ ਦੇ ਹਲਕੇ ਵਿਚ ਨਹੀਂ ਗਈਆਂ ਹੋਣਗੀਆਂ ਤਾਂ ਮੈਂ ਇਨਕੁਆਇਰੀ ਕਰਾ ਲਵਾਂਗਾ।

ਮੈਨੂੰ ਬੜੀ ਖੁਸ਼ੀ ਹੁੰਦੀ ਹੈ ਜਦੋਂ ਸਰਦਾਰ ਦਲੀਪ ਸਿੰਘ ਜੀ ਪਾਂਧੀ ਉਠ ਕੇ ਬੋਲਦੇ ਹਨ। ਉਹ ਵਕੀਲ ਹਨ। ਮੈਂ ਕਹਿੰਦਾ ਹਾਂ ਕਿ ਇਹ 1947 ਤੋਂ ਬਾਅਦ ਹੀ ਬਣੇ ਹਨ ਇਸ ਦਾ ਕਰੈਡਿਟ ਇਹ ਆਪ ਹੀ ਦੱਸ ਦੇਣ ਕਿ ਕਿਸ ਨੂੰ ਜਾਂਦਾ ਹੈ ? (ਆਵਾਜ਼ਾਂ : ਕਾਂਗਰਸ ਨੂੰ) ਸਪੀਕਰ ਸਾਹਿਬ, ਕਲ੍ਹ ਮੈਂ ਮੀਟਿੰਗ ਵਿਚ ਗਿਆ ਸੀ ਤਾਂ ਉਥੇ ਆਈ.ਏ.ਐਸ. ਅਫਸਰਾਂ ਨੂੰ ਵੇਖ ਕੇ ਬੜਾ ਮਨ ਖੁਸ਼ ਹੋਇਆ। (ਵਿਘਨ)

ਚੇਤ ਕਰਤਾਰ ਸਿੰਘ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ 1947 ਤੋਂ ਬਾਅਦ ਵਕੀਲ ਬਣੇ ਅੌਰ ਪਹਿਲਾਂ ਕੋਈ ਨਹੀਂ ਸੀ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦਾ ਵਿਧਾਨ ਬਣਾਉਣ ਵਾਲੇ ਡਾਕਟਰ ਅੰਬੇਦਕਰ ਸਨ.. (ਵਿਘਨ)

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਬੜੇ ਅਦਬ ਦੇ ਨਾਲ ਕਹਿੰਦਾ ਹਾਂ ਕਿ ਉਹ ਸ਼ਾਇਦ ਹੀ ਇਹ ਲਫਜ਼ ਕਹਿਣ ਜਿਹੜੇ ਮੈਂ ਕਹਿਣ ਲਗਾ ਹਾਂ। ਮੈਂ ਡਾਕਟਰ ਅੰਬੇਦਕਰ ਨੂੰ ਆਪਣਾ ਬਾਪੂ ਸਮਝਦਾ ਹਾਂ (ਵਿਘਨ) ਸਪੀਕਰ ਸਾਹਿਬ, ਜਿਸ ਵੇਲੇ 1947 ਵਿਚ ਅਸੀਂ ਰਾਜ ਸੰਭਾਲਿਆ ਜਿਸ ਵੇਲੇ ਅੰਗਰੇਜ਼ ਹਿੰਦੁਸਤਾਨ ਨੂੰ ਛੱਡ ਕੇ ਗਏ, ਉਸ ਵੇਲੇ ਮੈਜਾਰਟੀ ਕਾਂਗਰਸ ਦੀ ਸੀ ਅਤੇ ਕਾਂਗਰਸ ਨੇ ਉਸ ਨੂੰ ਕਿਹਾ ਕਿ ਹਰੀਜਨ ਭਰਾਵਾਂ ਲਈ ਤੂੰ ਆ, ਜਿਸ ਤਰ੍ਹਾਂ ਦਾ ਮਰਜ਼ੀ ਹਰੀਜਨਾਂ ਲਈ ਕਾਨੂੰਨ ਬਣਾ। ਇਹ ਕਰੈਡਿਟ ਕਾਂਗਰਸ ਨੂੰ ਜਾਂਦਾ ਹੈ। (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਉਹ ਆਪਣੀ ਕਾਬਲੀਅਤ ਨਾਲ ਬਣੇ ਸਨ।

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਸਰਦਾਰ ਬਸੰਤ ਸਿੰਘ ਖਾਲਸਾ ਕਹਿੰਦੇ ਹਨ ਕਿ ਉਹ ਆਪਣੀ ਕਾਬਲੀਅਤ ਨਾਲ ਬਣੇ ਸਨ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਕਿਸੇ ਵੀ ਇੰਟਰਵਿਊ ਤੇ ਬਾਦਲ ਸਾਹਿਬ ਅਤੇ ਸਰਦਾਰ ਬਸੰਤ ਸਿੰਘ ਖਾਲਸਾ ਨੂੰ ਭੇਜ ਦਿਓ ਤਾਂ ਸਰਦਾਰ ਬਸੰਤ ਸਿੰਘ ਜੀ ਖਾਲਸਾ ਕਾਬਲ ਨਿਕਲਣਗੇ ਅੌਰ ਹਨ ਵੀ , ਪਰ ਇਨ੍ਹਾਂ ਨੂੰ ਕਾਬਲੀਅਤ ਦੇ ਆਧਾਰ ਤੇ ਕਿਉਂ ਨਹੀਂ ਸੀ ਚੀਫ ਮਨਿਸਟਰ ਬਣਾਇਆ ? (ਵਿਘਨ)

ਸਪੀਕਰ ਸਾਹਿਬ, ਹਰੀਜਨ ਬਚਿਆਂ ਦੇ ਵਜ਼ੀਫੇ, ਇਨ੍ਹਾਂ ਦੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਬੈਂਚਾਂ ਦੇ, ਖਾਲਸਾ ਜੀ ਤਾਂ ਉਦੋਂ ਇਥੇ ਨਹੀਂ ਸੀ ਇਹ ਦਿੱਲੀ ਚਲੇ ਗਏ ਸੀ, ਉਨ੍ਹਾਂ ਨੂੰ ਨਹੀਂ ਦਿਤੇ

Original with;
Punjab Vidhan Sabha
Digitized by:
Panjab Digital Library

[ਸਮਾਜ ਭਲਾਈ ਮੰਤਰੀ]

ਗਏ, ਪਰ ਕਰੋੜਾਂ ਰੁਪਏ ਦੇ ਹਿਸਾਬ ਨਾਲ ਬਜਟ ਲੈਪਸ ਹੋ ਗਿਆ ਅਤੇ ਬੱਚਿਆਂ ਦੇ ਫਾਰਮ ਤਕ ਨਹੀਂ ਜਾ ਸਕੇ । ਪਤਾ ਨਹੀਂ ਉਸ ਵੇਲੇ ਇਨ੍ਹਾਂ ਦੀ ਕੀ ਸੋਚ ਸੀ ? ਜਿਸ ਪਾਰਟੀ ਦੀ ਸੋਚ ਗਰੀਬ ਨਾਲ ਹੈ ਉਹੀ ਪਾਰਟੀ ਗਰੀਬਾਂ ਨੂੰ ਉਚਾ ਚੁੱਕ ਸਕਦੀ ਹੈ। (ਵਿਘਨ)

'ਭੇਖ ਦਿਖਾਊਨ ਜਗਤ ਕੋ ਲੋਕਨ ਕੋ ਬਸ ਕੀਨ'

ਸ੍ਰੀ ਸਪੀਕਰ : ਮੈਂ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ 6.45 ਵਜੇ ਉਹ ਖਤਮ ਕਰ ਦੇਣ।

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਕਾਬਲੀਅਤ ਨਾਲ ਲੋਕ ਜਾਇਦਾਦਾਂ ਬਣਾ ਲੈਂਦੇ ਹਨ, ਰਾਜ ਲੈ ਲੈਂਦੇ ਹਨ ਪਰ ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਕਮਲੇਪਣ ਵਿਚ ਢਾਈ ਸਾਲਾਂ ਵਿਚ ਰਾਜ ਤਬਾਹ ਕਰ ਦਿਤਾ। ਜੇ ਕਰ ਇਨ੍ਹਾਂ ਨੇ (ਕਾਂਗਰਸ ਪਾਰਟੀ ਵਲ ਇਸ਼ਾਰਾ) 30 ਸਾਲ ਰਾਜ ਕੀਤਾ ਤਾਂ ਸਿਆਣਪ ਨਾਲ ਕੀਤਾ। ਮਰਹੂਮ ਸੰਜੇ ਗਾਂਧੀ ਜੀ ਦਾ ਨਾਂ ਇਥੇ ਲਿਆ ਗਿਆ। ਉਨ੍ਹਾਂ ਨੇ ਕਦੇ ਨਹੀਂ ਸੀ ਕਿਹਾ ਕਿ ਬਸਾ ਸਾੜ ਦਿਓ, ਸਾੜ ਦਿਓ ਗੌਰਮਿੰਟ ਦੀਆਂ ਬਿਲਡਿੰਗਾਂ। ਉਨ੍ਹਾਂ ਨੇ ਆਵਾਜ਼ ਦਿਤੀ ਆਓ ਮੇਰੇ ਦੇਸ਼ ਦੇ ਨੌਜਵਾਨੋ ਡਿਵੈਲਪਮੈਂਟ ਦੇ ਕੰਮ ਕਰੀਏ। (ਥੰਪਿੰਗ)

ਸਰਦਾਰ ਬਲਵੰਤ ਸਿੰਘ ਜੀ ਬੜੇ ਸਿਆਣੇ ਹਨ, ਉਨ੍ਹਾਂ ਨੇ ਕਿਹਾ ਕਿ ਇਹ ਜਿਹੜੇ ਸਾਈਕਲਾਂ ਦੇ ਪੁਰਜ਼ੇ ਹਨ ਇਹ ਹੀਰੋ ਵਾਲੇ ਬਣਾਉਂਦੇ ਹਨ ਅਤੇ ਇਹ ਗਰੀਬ ਆਦਮੀ ਚਲਾਉਂਦਾ ਹੈ। ਮੈਂ ਤਾਂ ਉਨ੍ਹਾਂ ਨੂੰ ਜਾਣਦਾ ਵੀ ਨਹੀਂ ਕਿ ਕੌਣ ਹਨ ? ਉਨ੍ਹਾਂ ਦਾ ਕੋਈ ਭਾਈਵਾਲ ਹੋਣਾ ਹੈ, ਉਨ੍ਹਾਂ ਨੂੰ ਹੀ ਕੋਈ ਫਾਇਦਾ ਪਹੁੰਚਦਾ ਹੋਣਾ ਹੈ, ਮੈਨੂੰ ਕੋਈ ਫਾਇਦਾ ਨਹੀਂ ਪਹੁੰਚ ਸਕਦਾ । (ਵਿਘਨ)

ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਨਾਲ ਚੁਹਾਡਾ ਧੰਨਵਾਦ ਕਰਦਾ ਹਾਂ ਅਤੇ ਅਰਜ਼ ਕਰਦਾ ਹਾਂ ਕਿ ਇਹ ਡਿਮਾਂਡ ਪਾਸ ਕਰ ਦਿਤੀਆਂ ਜਾਣ।

DEMAND NO. 22

Mr. Speaker : Now I put the cut motion to Demand No. 22 by Sardar Dalip Singh Pandhi, M.L.A., to the vote of the House.

Mr. Speaker : Question is—

That the Demand be reduced by Re. 1.

The Motion was lost.

Mr. Speaker : Question is—

That a sum not exceeding Rs. 3,80,21,000 on Revenue Account and Rs 10,00,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Labour, Employment and Industrial Training.

The Motion was carried.

DEMAND NO. 23

Mr. Speaker : Now I put the cut motion to Demand No. 23 by Sardar Dalip Singh Pandhi, M.L.A., to the vote of the House.

Original with;
Punjab Vidhan Sabha
Digitized by;
Panjab Digital Library

Mr. Speaker : Question is—

That the demand be reduced by Re. 1.

The Motion was lost.

Mr. Speaker : Question is—

That a sum not exceeding Rs. 11,86,71,000 on Revenue Account and Rs. 96,67,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Social Security and Welfare.

The Motion was carried.


Mr. Speaker : The House stands adjourned till 9.00 A.M. on Thursday, the 17th July, 1980,

*6-50 P.M. (*The Sabha then* **adjourned till* 9.00 *A.M. on Thursday, the 17th July*, 1980)

43285/FVS.—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

© 1980

Published under the authority of the Punjab Vidhan Sabha and
Printed by the Controller, Printing & Stationery Deptt., Chandigarh.

Original with;
Punjab Vidhan Sabha
Digitized by;
Panjab Digital Library

PUNJAB VIDHAN SABHA

DEBATES

17th July, 1980

(Forenoon Sitting)

Vol. I—No. 15

OFFICIAL REPORT

CONTENTS

Thursday, the 17th July, 1980

(Forenoon Sitting)

	Pages
Starred Questions and Answers ..	(15)1
Walk-out(s) ..	(15)21
Written Answers to Starred Questions Laid on the Table of the House under Rule 38 ..	(15)21
Unstarred Questions and Answers ..	(15)24
Discussion and Voting of Demands for Grants for the year 1980-81 ..	(15)27
Raising of Slogan and throwing of leaf-lets by Strangers from the Visitors' Gallery ..	(15)42

Punjab Vidhan Sabha Secretariat, Chandigarh.

Price Rs. 27.00 P.

Original with;
Punjab Vidhan Sabha
Digitized by;
Panjab Digital Library

Discussion and Voting of Demands for Grants for the year 1980-81 (*Resumption*) .. (15)42

Personal Explanation by Sardar Balwinder Singh Bhunder M. L. A. .. (15)56

Discussion and Voting of Demands for Grants for the year 1980-81 (*Resumption*) .. (15)58

Personal Explanation by Doctor Kewal Krishan, Finance Minister .. (15)63

Raising of Slogan and throwing of leaflets by strangers from the Visitors' Gallery (*Resumption*) .. (15)64

Extension of Time of the Sitting .. (15)65

Discussion and Voting of Demands for Grants for the year 1980-81 (*Resumption*) .. (15)65

Appendix (i)8

Original with
Punjab Vidhan Sabha
Digitized by
Panjab Digital Library

PUNJAB VIDHAN SABHA

Thursday, the 17th July, 1980

(Forenoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 a.m. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

(ਇਸ ਸਮੇਂ ਮਾਨਯੋਗ ਸਪੀਕਰ ਸਾਹਿਬ ਸਦਨ ਦੀ ਕੁਰਸੀ ਤੇ ਬਰਾਜਮਾਨ ਹੋਣ ਲਈ ਆਏ। ਇਸ ਸਮੇਂ ਕੋਈ ਵੀ ਮਾਨਯੋਗ ਮੰਤਰੀ ਸਾਹਿਬ ਸਦਨ ਵਿਚ ਹਾਜ਼ਰ ਨਹੀਂ ਸੀ।)

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮਨਿਸਟਰ ਤਾਂ ਕੋਈ ਵੀ ਨਹੀਂ ਆਇਆ ਜੀ।

ਸ੍ਰੀ ਸਪੀਕਰ : ਤੁਹਾਡੀ ਗੱਲ ਠੀਕ ਹੈ, ਜਵਾਬ ਤਾਂ ਟ੍ਰੈਜ਼ਰੀ ਬੈਂਚਿਜ਼ ਨੇ ਦੇਣਾ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਅੱਜ ਦੀ ਛੁੱਟੀ ਕਰ ਦਿਓ ਜੀ। (ਹਾਸਾ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਵਿਰੋਧੀ ਬੈਂਚਾਂ ਵੱਲੋਂ ਖੜੇ ਸਨ।) (ਵਿਘਨ)

Sardar Surjit Singh Barnala : It is contempt of the House.

ਆਵਾਜ਼ਾਂ : ਇਹ ਬੜੀ ਮਾੜੀ ਗੱਲ ਹੈ ਜੀ। (ਇਸ ਸਮੇਂ ਸਦਨ ਵਿਚ ਕਾਫੀ ਰੌਲਾ ਸੀ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਬਿਲਕੁਲ ਹੀ ਅਣਗਹਿਲੀ ਕਰਦੇ ਹਨ ਜੀ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਇਹ ਤਾ ਹਾਊਸ ਦੀ ਕੰਟੈਪਟ ਹੈ। ਇਸ ਲਈ ਸਖਤ ਵਾਰਨਿੰਗ ਹੋਣੀ ਚਾਹੀਦੀ ਹੈ ਜੀ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੂੰ ਵਾਰਨਿੰਗ ਦਿਓ ਜੀ। (ਇਸ ਸਮੇਂ ਮਾਨਯੋਗ ਮੰਤਰੀ ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਸਦਨ ਵਿਚ ਹਾਜ਼ਰ ਹੋਏ।)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂਬਰਜ਼ ਦੀ ਐਂਗਜ਼ਾਇਟੀ ਜਸਟੀਫਾਈਡ ਹੈ। ਅਸੀਂ ਤਾਂ ਐਕਸਪੈਕਟਿਡ ਹਾਂ ਕਿ ਪੰਜ ਮਿੰਟ ਪਹਿਲਾਂ ਇਥੇ ਹੋਈਏ ਲੇਕਿਨ ਗੌਰਮਿੰਟ ਲੋਕਾਂ ਦੇ ਮਸਲਿਆਂ ਬਾਰੇ ਕਿਤਨਾਂ ਕੁ ਸੀਰੀਅਸ ਹੈ, ਸੈਂਸ ਆਫ ਰਿਸਪਾਂਸੇਬਿਲੀਟੀ ਕਿੰਨੀ ਹੈ, ਇਹ ਇਨ੍ਹਾਂ ਦੀ ਅਬਸੈਂਸ ਤੋਂ ਪਤਾ ਲਗਦਾ ਹੈ। ਸਪੀਕਰ ਸਾਹਿਬ, ਹੁਣ ਜਦੋਂ ਹਾਊਸ ਵਿਚ ਰੌਲਾ ਪਿਆ ਤਾਂ ਰੰਧਾਵਾ ਸਾਹਿਬ ਬਾਹਰੋਂ ਉਠ ਕੇ ਆ ਗਏ ਹਨ। (ਇਸ ਸਮੇਂ ਮਾਨਯੋਗ ਮੁੱਖ ਮੰਤਰੀ ਜੀ ਸਦਨ ਵਿਚ ਹਾਜ਼ਰ ਹੋਏ।)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਇਥੇ ਬਾਹਾਂ ਖੜੀਆਂ ਕਰਕੇ ਮੁਆਫੀ ਮੰਗਣ। ...

Original with
Punjab Vidhan Sabha
Digitized by
Panjab Digital Library

ਮੁੱਖ ਮੰਤਰੀ (ਬੈਠੇ ਬੈਠੇ) : ਬਾਹਾ ਤੁਸੀਂ ਖੜੀਆਂ ਕਰ ਦਿਓ, ਮੁਆਫੀ ਅਸੀਂ ਮੰਗ ਲੈਂਦੇ ਹਾਂ। (ਹਾਸਾ)

(ਵਿਘਨ)

ਸ਼੍ਰੀ ਸਪੀਕਰ : ਮੈਂ ਟ੍ਰੈਜ਼ਰੀ ਬੈਂਚਿਜ਼ ਨੂੰ, ਮਨਿਸਟਰ ਮਹੋਦਯ ਨੂੰ ਰਿਕੁਐਸਟ ਕਰਦਾ ਹਾਂ ਕਿ ਬਿਲਕੁਲ ਪੰਕਚੁਅਲ ਹੋਣ ਅੰਰ ਇਥੇ ਹਾਊਸ ਵਿਚ ਇਕ ਮਿੰਟ ਪਹਿਲਾਂ ਪੁੱਜਿਆ ਕਰਨ। ਪਾਂਧੀ ਸਾਹਿਬ, ਤੁਸੀਂ ਆਪਣਾ ਸਵਾਲ ਪੁੱਟ ਕਰੋ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅਨੁਸੂਚਿਤ ਜਾਤੀਆਂ ਦੀਆਂ ਨਾ-ਬਾਲਗ ਲੜਕੀਆਂ ਨਾਲ ਬਲਾਤਕਾਰ

* 152. **ਸਰਦਾਰ ਦਲੀਪ ਸਿੰਘ ਪਾਂਧੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੂਨ, 1980 ਦੇ ਮਹੀਨੇ ਦੇ ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਕਿਸੇ ਨਾ-ਬਾਲਗ ਲੜਕੀ/ਲੜਕੀਆਂ ਨਾਲ ਬਲਾਤਕਾਰ ਕੀਤਾ ਗਿਆ ਸੀ ; ਜੇਕਰ ਅਜਿਹਾ ਹੋਵੇ ਤਾਂ ਇਸ ਦਾ ਵੇਰਵਾ ਕੀ ਹੈ ਅਤੇ ਇਸ ਮਾਮਲੇ ਵਿੱਚ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਦੋਸ਼ੀਆਂ ਨੂੰ ਕੀ ਕੀ ਸਜ਼ਾਵਾਂ ਦਿੱਤੀਆਂ ਗਈਆਂ ?

ਸਰਦਾਰ ਦਰਬਾਰਾ ਸਿੰਘ : 24 ਜੂਨ, 1980 ਨੂੰ ਪਿੰਡ ਚੱਕ ਗੁਜਰਾਨ, ਥਾਣਾ, ਸਦਰ ਹੁਸ਼ਿਆਰਪੁਰ ਦੀ ਕੇਵਲ ਇਕ ਹਰੀਜਨ ਨਾ-ਬਾਲਗ ਲੜਕੀ ਨਾਲ ਉੱਪਰ ਦੱਸੇ ਪਿੰਡ ਦੇ ਦੋ ਹਰੀਜਨ ਵਿਅਕਤੀਆਂ ਨੇ ਜ਼ਬਰ ਜ਼ਨਾਹ ਕੀਤਾ ਸੀ। ਇਸ ਸੰਬੰਧੀ ਮੁਕੱਦਮਾ ਨੰ: 97 ਮਿਤੀ 28 ਜੂਨ, 1980 ਅ/ਧ 376/363 ਆਈ· ਪੀ. ਸੀ., ਥਾਣਾ ਸਦਰ ਹੁਸ਼ਿਆਰਪੁਰ ਦਰਜ਼ ਕੀਤਾ ਗਿਆ ਸੀ। ਮੁਕੱਦਮੇ ਵਿੱਚ ਸਾਰੇ ਦੋਸ਼ੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਇਸ ਸਮੇਂ ਉਹ ਅਦਾਲਤੀ ਹਿਰਾਸਤ ਵਿੱਚ ਹਨ। ਮੁਕੱਦਮਾ ਅੱਜੇ ਤਰਤੀਸ਼ ਅਧੀਨ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਨੂੰ ਅਰਜ਼ ਕਰਾਂਗਾ ਕਿ ਮੈਂ ਆਪਣੇ ਸਵਾਲ ਵਿਚ ਹਰੀਜਨਾ ਦਾ ਲਫਜ਼ ਨਹੀਂ ਵਰਤਿਆ। ਮੈਂ ਅਨੁਸੂਚਿਤ ਜਾਤੀਆਂ ਯਾਨੀ ਸ਼ਡਿਊਲਡ ਕਾਸਟਸ ਬਾਰੇ ਪੁੱਛਿਆ ਸੀ। ਸਪੀਕਰ ਸਾਹਿਬ, ਮੈਂ ਜਨਾਬ ਨੂੰ ਕੱਲ੍ਹ ਵੀ ਅਰਜ਼ ਕੀਤੀ ਸੀ ਕਿ ਸਰਕਾਰ ਆਪਣੇ ਹੀ ਹੁਕਮਾਂ ਦੀ ਪਰਵਾਹ ਨਹੀਂ ਕਰਦੀ। ਸ਼ਡਿਊਲਡ ਕਾਸਟਸ ਹੋਰ ਵੀ ਹੋ ਸਕਦੇ ਹਨ। ਕੱਲ੍ਹ ਇਨ੍ਹਾਂ ਨੇ ਫਰਮਾਇਆ ਸੀ ਕਿ ਜਿਹੜੀ ਪ੍ਰਾਸੀਕਿਊਟਰਿਕਸ ਐਸੇ ਮਾਮਲਿਆਂ ਵਿਚ ਹੋਇਆ ਕਰੇਗੀ ਉਹ ਕੈਮਰੇ ਅੰਦਰ ਹੋਇਆ ਕਰੇਗੀ। ਪਤਾ ਨਹੀਂ ਕੀ ਕਾਰਨ ਹੈ, ਸਪੀਕਰ ਸਾਹਿਬ, ਜਦੋਂ ਦੀ ਪੰਜਾਬ ਵਿਚ ਮੌਜੂਦਾ ਸਰਕਾਰ ਆਈ ਹੈ ਜ਼ਬਰ ਜ਼ਨਾਹ ਦੇ ਕੇਸ ਵੱਧਦੇ ਜਾ ਰਹੇ ਹਨ ਅੰਰ ਇਸ ਮੁਕਦਮੇ ਦੀ ਰਿਪੋਰਟ ਵੀ ਪਹਿਲਾਂ ਦਰਜ਼ ਨਹੀਂ ਸੀ ਹੋਈ।

(ਇਸ ਸਮੇਂ ਸਰਦਾਰ ਉਜਾਗਰ ਸਿੰਘ ਅਤੇ ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਜੀ ਖੜੇ ਸਨ।)

(ਵਿਘਨ)

ਆਵਾਜ਼ : ਲੈਕਚਰ ਸ਼ੁਰੂ ਹੋ ਗਿਆ ਹੈ ਜੀ।

ਸ਼੍ਰੀ ਸਪੀਕਰ : ਤੁਸੀਂ ਸਵਾਲ ਪੱਛੋ। ਇਸ ਤਰ੍ਹਾਂ ਨਾ ਕਰੋ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਧੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਵਾਕਿਆ ਹੋਇਆ ਇਸ ਦੀ ਉਸ ਦਿਨ ਰਿਪੋਰਟ ਨਹੀਂ ਦਰਜ ਹੋਈ। ਮੈਂ ਇਸ ਕਰਕੇ ਹੀ ਪੁੱਛਿਆ ਸੀ ਕਿ ਜੇਕਰ ਅਜੇਹਾ ਹੋਵੇ ਤਾਂ ਇਸ ਕੇਸ ਦਾ ਵੇਰਵਾ ਕੀ ਹੈ ? Who is the accused ? How the case happened? ਇਸ ਤੇ ਸਰਕਾਰ ਨੇ ਜਵਾਬ ਨਹੀਂ ਦਿੱਤਾ। ਕੀ ਇਹ ਦੱਸਣਗੇ ਕਿ ਇਸ ਕੇਸ ਵਿਚ ਦੋਸ਼ੀਆਂ ਦੇ ਕਦੋਂ ਤਕ ਚਲਾਨ ਕਰ ਦੇਣਗੇ ? ਕੀ ਇਹ ਵੀ ਦੱਸਣਗੇ ਕਿ ਮੌਨ ਐਕਿਊਜ਼ਡ ਕੌਣ ਕੌਣ ਹਨ ? ਸਾਰਾ ਵੇਰਵਾ ਦੱਸਣ ਕਿ ਵਾਕਿਆ ਕਿੱਥੇ ਹੋਇਆ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਤਾਂ ਇਹ ਦੱਸ ਦਿਤਾ ਹੈ ਕਿ ਇਹ ਕੇਸ ਰੇਪ ਦਾ ਹੈ ਅੌਰ ਇਹ ਵੀ ਦੱਸਿਆ ਹੈ ਕਿ ਜਿਹੜੇ ਸੱਜਣ ਇਸ ਕੇਸ ਵਿਚ ਇਨਵਾਲਡ ਹਨ, ਉਹ ਜੁਡੀਸ਼ੀਅਲ ਲਾਕ-ਅੱਪ ਵਿਚ ਹਨ। ਪਰ ਇਸ ਵੇਲੇ ਉਨ੍ਹਾਂ ਦੇ ਨਾਮ ਮੇਰੇ ਪਾਸ ਨਹੀਂ ਹਨ। ਇਹ ਮੈਂ ਫਿਰ ਦੱਸ ਦਿੰਦਾ ਹਾਂ ਕਿ ਐਕਿਊਜ਼ਡ ਜਿਹੜੇ ਹਨ, ਉਹ ਫੜ ਲਏ ਗਏ ਹਨ ਅੌਰ ਉਹ ਜੁਡੀਸ਼ੀਅਲ ਲਾਕ-ਅੱਪ ਵਿਚ ਹਨ। ਛੇਤੀ ਹੀ ਚਲਾਨ ਪੇਸ਼ ਕਰ ਦਿਆਂਗੇ।

ਸਰਦਾਰ ਦਲੀਪ ਸਿੰਘ ਪਾਧੀ : ਸਪੀਕਰ ਸਾਹਿਬ, ਸਰਕਾਰ ਨੂੰ ਐਕਿਊਜ਼ਡ ਦੇ ਨਾਮ ਦੇਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ। ਮੈਂ ਤਾਂ ਸਵਾਲ ਵਿਚ ਇਹ ਗੱਲ ਸਪੈਸੇਫਿਕ ਪੁੱਛੀ ਸੀ ਕਿ 'ਜੇਕਰ ਅਜੇਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ'। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਐਸੇ ਕੇਸਾਂ ਦੇ ਫੈਸਲੇ ਛੇਤੀ ਹੋ ਜਾਇਆ ਕਰਨ ਕੀ ਇਹ ਕੋਈ ਸਪੈਸ਼ਲ ਅਦਾਲਤਾਂ ਬਣਾਉਣ ਵਾਸਤੇ ਕਾਨੂੰਨ ਬਨਾਉਣ ਲਈ ਤਿਆਰ ਹਨ ? ਕੀ ਸਰਕਾਰ ਇਸ ਮਾਮਲੇ ਤੇ ਸੋਚ ਰਹੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਕਾਨੂੰਨ ਹੈ, ਉਸ ਨੂੰ ਪਾਸ ਕਰਨਾ ਤਾਂ ਪਾਰਲੀਮੈਂਟ ਦਾ ਕੰਮ ਹੈ। ਇਸ ਕਾਨੂੰਨ ਨੂੰ ਤਬਦੀਲ ਕਰਨਾ ਵੀ ਉਨ੍ਹਾਂ ਦਾ ਹੀ ਕੰਮ ਹੈ ਲੇਕਿਨ ਅਸੀਂ ਆਪਣੇ ਵੱਲੋਂ ਇਹ ਜ਼ਰੂਰ ਗੌਰਮਿੰਟ ਆਫ ਇੰਡੀਆ ਨੂੰ ਰਿਕੁਮੈਂਡ ਕਰ ਰਹੇ ਹਾਂ ਕਿ ਐਸੇ ਮੁਕੱਦਮੇਂ ਕੈਮਰੇ ਵਿਚ ਹੋਣ ਤਾਕਿ ਬਾਹਰ ਇਸ ਨੂੰ ਕੋਈ ਐਕਸਪਲਾਇਟ ਨਾ ਕਰ ਸਕੇ। ਆਪੋਜ਼ਿਟ ਫੋਰਸ ਜਿਹੜੀ ਹੈ ਉਹ ਪ੍ਰੈਸ਼ਰ ਪਾ ਕੇ ਮੰਨ ਮਨੌਤੀ ਨਾ ਕਰ ਸਕਣ। ਬਿਲਕੁਲ ਜਿਸ ਤਰ੍ਹਾਂ ਨਾਰਮਲ ਕੋਰਸ ਹੈ, ਉਸ ਤਰ੍ਹਾਂ ਹੀ ਕੇਸ ਚੱਲੇ। ਜਿਹੜੇ ਬਿਆਨ ਵਗੈਰਾ ਹੋਣ ਉਨ੍ਹਾਂ ਨੂੰ ਹੋਰ ਲੋਕ ਐਕਸਪਲਾਇਟ ਨਾ ਕਰ ਸਕਣ। ਬਾਕੀ ਜਿੱਥੋਂ ਤਕ ਨਾਵਾਂ ਦਾ ਤੁਅੱਲਕ ਹੈ, ਉਹ ਮੈਂ ਬਾਅਦ ਵਿਚ ਮੈਂਬਰ ਸਾਹਿਬ ਨੂੰ ਭੇਜ ਦੇਵਾਂਗਾ।

ਵੇਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਦੋਸ਼ੀ ਫੜ ਲਏ ਗਏ ਹਨ, ਪਰ ਉਨ੍ਹਾਂ ਨੂੰ ਦੋਸ਼ੀਆਂ ਦੇ ਨਾਵਾਂ ਦਾ ਪਤਾ ਨਹੀਂ ਹੈ। ਇਹ ਕਹਿੰਦੇ ਹਨ ਕਿ ਪੜਤਾਲ ਹੋ ਰਹੀ ਹੈ, ਜੇਕਰ ਪੜਤਾਲ ਹੋ ਰਹੀ ਹੈ ਅੌਰ ਦੋਸ਼ੀ ਫੜੇ ਜਾ ਚੁਕੇ ਹਨ ਤਾਂ ਇਹ ਉਨ੍ਹਾਂ ਦੇ ਨਾਉਂ ਦੇਣ। ਜਦ ਉਨ੍ਹਾਂ ਨੂੰ ਨਾਉਂ ਦਾ ਪਤਾ ਹੀ ਨਹੀਂ ਤਾਂ ਫਿਰ ਉਨਾਂ ਨੂੰ ਫੜ ਕਿਸ ਤਰ੍ਹਾਂ ਲਿਆ ?

ਸ਼੍ਰੀ ਸਪੀਕਰ : ਉਹ ਤਾਂ ਕਹਿੰਦੇ ਹਨ ਕਿ ਨਾਮ ਬਾਅਦ ਵਿਚ ਦੇ ਦੇਵਾਂਗੇ। ਇਸ ਵੇਲੇ ਉਨ੍ਹਾਂ ਪਾਸ ਕੈਲੇਫੈਂਟ ਫਾਈਲ ਨਹੀਂ ਹੈ।

Original with;
Punjab Vidhan Sabha
Digitized by:
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਇਹ ਕਰਾਈਮ ਬਹੁਤ ਹੀ ਦੇਸ਼ ਵਿਚ ਵੱਧ ਰਿਹਾ ਹੈ ਅੱਜ ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਭਟਵਾਲੀ ਵਿਚ ਬੜਾ ਭਾਰੀ ਕਰਾਈਮ ਹੋਇਆ ਹੈ। ਇਹ ਹੀਨੀਅਸ ਕਰਾਈਮ ਵੱਧਦਾ ਜਾ ਰਿਹਾ ਹੈ। ਮੈਂ ਇਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਕੀ ਕੋਈ ਐਸੇ ਥਦਮ ਚੁੱਕੇ ਜਾਣਗੇ ਕਿ ਇਹ ਕ੍ਰਾਈਮ ਘਟੇ ਅੌਰ ਕੀ ਚੀਫ ਮਨਿਸਟਰ ਸਾਹਿਬ, ਪੰਜਾਬ ਸਰਕਾਰ ਵੱਲੋਂ ਇਹ ਰਿਕੁਮੈਂਡ ਕਰਨਗੇ ਕਿ ਇਸ ਕ੍ਰਾਈਮ ਵਾਸਤੇ ਸਜ਼ਾਏ ਮੌਤ ਹੋਵੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਨੂੰ ਨਹੀਂ ਪਤਾ, ਹੁਣ ਇਨ੍ਹਾਂ ਨੂੰ ਕਿਸ ਤਰ੍ਹਾਂ ਇਹ ਖਿਆਲ ਆ ਗਿਆ ਹੈ ਸਜ਼ਾਏ ਮੌਤ ਦਾ। ਮੈਂ ਐਪ੍ਰੀਸ਼ੀਏਟ ਕਰਦਾ ਹਾਂ ਕਿ ਇਨ੍ਹਾਂ ਨੇ ਇਸ ਨੂੰ ਹੀਨੀਅਸ ਕ੍ਰਾਈਮ ਦੱਸਿਆ ਹੈ ਅੌਰ ਮੈਂ ਸਮਝਦਾ ਹਾਂ ਕਿ ਇਸ ਕ੍ਰਾਈਮ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਹੋਣੀ ਚਾਹੀਦੀ ਹੈ। ਪਰ ਇਹ ਤਾਂ ਤੁਹਾਨੂੰ ਵੀ ਯਾਦ ਹੋਵੇਗਾ ਕਿ ਜਿਤਨੇ ਵੀ ਮਰਡਰਜ਼ ਹੁੰਦੇ ਹਨ, ਉਨ੍ਹਾਂ ਬਾਰੇ ਵੀ ਸੋਚ ਇਹ ਹੈ ਕਿ ਆਇਆ ਉਨ੍ਹਾਂ ਦੋਸ਼ੀਆਂ ਨੂੰ ਫਾਂਸੀ ਦਿੱਤੀ ਜਾਵੇ ਜਾਂ ਉਮਰ ਕੈਦ ਦਿੱਤੀ ਜਾਵੇ । ਇਨ੍ਹਾਂ ਹਾਲਾਤ ਵਿਚ ਇਹ ਅੱਛਾ ਨਹੀਂ ਹੋਵੇਗਾ ਕਿ ਸਜ਼ਾਏ ਮੌਤ ਦਿੱਤੀ ਜਾਵੇ ਅੌਰ ਇਸ ਸਜ਼ਾ ਵਾਸਤੇ ਜੇਕਰ ਅਸੀਂ ਸੈਂਟਰ ਨੂੰ ਰਿਕੁਮੈਂਡ ਕਰੀਏ ਤਾਂ ਮੇਰਾ ਖਿਆਲ ਹੈ ਕਿ ਉਹ ਇਲ-ਲਾਜਿਕ ਹੋਵੇਗਾ। ਲੇਕਿਨ ਅਸੀਂ ਇਹ ਰਿਕੁਮੈਂਡ ਕਰਾਂਗੇ ਕਿ ਇਸ ਕ੍ਰਾਈਮ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਹੋਣੀ ਚਾਹੀਦੀ ਹੈ, ਪਨਿਸ਼ਮੈਂਟ ਜ਼ਿਆਦਾ ਹੋਣੀ ਚਾਹੀਦੀ ਹੈ ਤਾਂ ਕਿ ਅੱਗੇ ਨੂੰ ਕੋਈ ਇਸ ਤਰ੍ਹਾਂ ਦਾ ਕ੍ਰਾਈਮ ਕਰਨ ਦਾ ਹੀਆ ਨਾ ਕਰੇ ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਬਠਿੰਡੇ ਵਿਚ ਜੂਨ, 1980 ਵਿਚ ਝੁਗੀਆਂ ਵਾਲੇ ਇਕ ਗਰੀਬ ਦੀ ਲੜਕੀ ਨਾਲ ਪੁਲਿਸ ਨੇ ਧੱਕਾ ਸ਼ਾਹੀ ਕੀਤੀ ਅੌਰ ਉਸ ਦੀ ਰਿਪੋਰਟ ਦਰਜ ਨਹੀਂ ਹੋਈ। ਕੀ ਮੁੱਖ ਮੰਤਰੀ ਜੀ ਉਸ ਕੇਸ ਦੀ ਪੜਤਾਲ ਕਰਵਾਉਣਗੇ ਕਿ ਕਿਉਂ ਕੇਸ ਰਜਿਸਟਰ ਨਹੀਂ ਹੋਇਆ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਮੈਨੂੰ ਡਿਟੇਲ ਵਿਚ ਦੱਸ ਦੇਣ ਕਿ ਕੇਸ ਕਿਉਂ ਦਰਜ ਨਹੀਂ ਹੋਇਆ , ਅਸੀਂ ਇਹ ਸੱਭ ਕੁਝ ਵੇਖਾਂਗੇ ।

Arrest of a person posing himself to be a Legislator

*153 **Sardar Dalip Singh Pandhi**: Will the Chief Minister be pleased to state whether any person, who was posing himself to be a legislator and defrauding the public was arrested in District Gurdaspur, during the last year, if so, the details thereof, the action taken in the matter so far and the details of acts of deception/fraud reported to have been committed by him ?

ਸਰਦਾਰ ਦਰਬਾਰਾ ਸਿੰਘ: ਹਾਂ ਜੀ। ਪਿਛਲੇ ਸਾਲ, ਜ਼ਿਲ੍ਹਾ ਗੁਰਦਾਸਪਰ ਵਿਚ ਇਕ ਆਦਮੀ ਜਿਸ ਦਾ ਨਾਂ ਦਲੀਪ ਸਿੰਘ ਪੁੱਤਰ ਤਾਰਾ ਸਿੰਘ ਜੱਟ ਵਾਸੀ ਬਰਨਾਲਾ, ਜ਼ਿਲ੍ਹਾ ਸੰਗਰੂਰ , ਆਪਣੇ ਆਪ ਨੂੰ ਸਰਦਾਰ ਦਲੀਪ ਸਿੰਘ ਪਾਂਧੀ, ਵਿਧਾਇਕ ਹੋਣ ਦਾ ਦਾਅਵਾ ਕਰਨ ਅਤੇ ਜਨਤਾ ਨੂੰ ਧੋਖਾ ਦੇਣ ਕਾਰਨ

Original with;
Punjab Vidhan Sabha
Digitized by;
Panjab Digital Library

ਗ੍ਰਿਫਤਾਰ ਕੀਤਾ ਗਿਆ ਸੀ। ਇਹ ਆਦਮੀ 21 ਅਗਸਤ, 1979 ਨੂੰ ਸ਼੍ਰੀ ਕੇ. ਐਲ. ਕੈਲ, ਸੁਪਰਡੈਂਟ ਪੁਲਿਸ, ਗੁਰਦਾਸਪੁਰ, ਡਿਟੈਕਟਿਵ ਦੇ ਦਫਤਰ ਵਿਚ ਗਿਆ ਤੇ ਆਪਣੇ ਆਪ ਨੂੰ ਸਰਦਾਰ ਦਲੀਪ ਸਿੰਘ ਪਾਂਧੀ, ਵਿਧਾਇਕ ਦੱਸਿਆ ਅਤੇ ਹਵਾਲਦਾਰ ਰਘਬੀਰ ਸਿੰਘ ਦਾ ਤਬਾਦਲਾ ਕਰਨ ਲਈ ਕਿਹਾ। ਸਪਰਡੈਂਟ ਪੁਲਿਸ ਨੇ ਉਸ ਨੂੰ ਸ਼ਰਾਬ ਦੇ ਨਸ਼ੇ ਵਿਚ ਪਾਇਆ। ਇਸ ਲਈ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ ਗਿਆ। ਕਿਉਂਜੋ ਉਹ ਵਿਧਾਇਕ ਹੋਣ ਦਾ ਝੂਠਾ ਦਾਅਵਾ ਕਰ ਰਿਹਾ ਸੀ, ਇਸ ਲਈ ਉਸ ਦੇ ਖਿਲਾਫ ਮੁ: ਨ: 80 ਮਿਤੀ 21 ਅਗੱਸਤ, 1979 ਅ/ਧ 170/420 ਭ: ਦੇ ਥਾਣਾ ਸਿਟੀ ਗੁਰਦਾਸਪੁਰ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਮੁਕੱਦਮੇ ਵਿਚ ਮਿਤੀ 9 ਮਈ, 1980 ਨੂੰ ਸੀ. ਸੀ. ਜੇ. ਐਮ ਗੁਰਦਾਸਪੁਰ ਦੀ ਅਦਾਲਤ ਵਿਚੋਂ ਉਸ ਨੂੰ ਇਕ ਸਾਲ ਦੀ ਸਖਤ ਕੈਦ ਦੀ ਸਜ਼ਾ ਹੋਈ ਸੀ।

ਸਰਦਾਰ ਦਲੀਪ ਸਿੰਘ ਪਾਂਧੀ: ਜਨਾਬ ਮੈਂ ਤੁਹਾਡੀ ਮਾਰਫ਼ਤ ਸੀ. ਐਮ. ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਵਾਲ ਮੈਂ ਇਹ ਪਛਿਆ ਸੀ ਕਿ ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ । ਮੈਂ ਇਸ ਸਬੰਧ ਵਿਚ ਹੁਣ ਵੀ ਪੂਰਾ ਵੇਰਵਾ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵਿਅਕਤੀ ਨੇ ਬਠਿੰਡੇ ਵਿਚ ਅਤੇ ਅੰਮ੍ਰਿਤਸਰ ਵਿਚ ਵੀ ਇਸੇ ਤਰ੍ਹਾਂ ਦੀ ਧੋਖੇਬਾਜ਼ੀ ਕੀਤੀ ਸੀ ਅੱਰ ਕੀ ਉਸ ਦੇ ਚਲਾਨ ਕੀਤੇ ਗਏ ਸਨ ? ਜੇਕਰ ਅਜਿਹਾ ਹੋਵੇ ਤਾਂ ਕੀ ਸੀ. ਐਮ. ਸਾਹਿਬ ਇਸ ਸਾਰੇ ਵੇਰਵੇ ਦਾ ਪਤਾ ਕਰਨ ਦਾ ਯਤਨ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਉਸ ਬੰਦੇ ਨੂੰ ਸਜ਼ਾ ਹੋ ਗਈ ਹੈ, ਜਿਸ ਨੇ ਧੋਖੇਬਾਜ਼ੀ ਕੀਤੀ ਸੀ ਅੱਰ ਅਗਰ ਉਸ ਦੇ ਖਿਲਾਫ ਕੋਈ ਹੋਰ ਵੀ ਮੁਕੱਦਮਾ ਜਾਂ ਸ਼ਿਕਾਇਤ ਹੋਵੇਗੀ ਤਾਂ ਉਹ ਵੀ ਚਲਦੀ ਰਹੇਗੀ। ਜੇ ਉਹ ਇਸੇ ਤਰ੍ਹਾਂ ਦੇ ਕੰਮ ਕਰਦਾ ਰਿਹਾ ਹੈ ਤਾਂ ਹੁਣ ਨਾਲ ਦੀ ਨਾਲ ਜੇਲ੍ਹ ਦੀ ਸੇਵਾ ਵੀ ਕਰੇਗਾ ।

ਪ੍ਰੋਫੈਸਰ ਦਰਬਾਰੀ ਲਾਲ: ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਇਕ ਐਮ. ਐਲ. ਏ. ਜੋ ਕਿ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧ ਰਖਦਾ ਸੀ, ਉਸ ਨੇ ਆਪਣੇ ਭਰਾ ਨੂੰ ਜਾਲ੍ਹੀ ਸਰਟੀਫਿਕੇਟ ਦੇਕੇ ਸਰਵਿਸ ਦਿਵਾਈ ਸੀ, ਕੀ ਉਸ ਤੇ ਕੋਈ ਐਕਸ਼ਨ ਲੈਣਗੇ ?

ਮੁੱਖ ਮੰਤਰੀ: ਇਹ ਸਵਾਲ ਤਾਂ ਇਸ ਵਿਚੋਂ ਅਰਾਈਜ਼ ਨਹੀਂ ਹੁੰਦਾ। ਇਹ ਲਿਖ ਕੇ ਦੇ ਦੇਣ, ਅਸੀਂ ਪਤਾ ਕਰਕੇ ਉਸ ਨੂੰ ਵੀ ਜੇਲ੍ਹ ਵਿਚ ਪਾਵਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ: ਕੀ ਸੀ. ਐਮ. ਸਾਹਿਬ ਕ੍ਰਿਪਾ ਕਰਕੇ ਇਹ ਦੱਸਣਗੇ ਕਿ ਉਸ ਨੇ ਕਿਥੇ ਕਿਥੇ, ਕਿਸ ਕਿਸ ਬੰਦੇ ਨਾਲ ਫਰੇਬ ਕੀਤਾ ਅੱਰ ਜਿਹੜੀਆਂ ਉਸ ਕੋਲੋਂ ਦਰਖ਼ਾਸਤਾਂ ਮਿਲੀਆਂ ਹਨ ਕੀ ਉਹ ਹੁਣ ਇਨ੍ਹਾਂ ਦੇ ਰਿਕਾਰਡ ਵਿਚ ਹਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਪਾਂਧੀ ਸਾਹਿਬ ਜੋ ਸਵਾਲ ਕਰਦੇ ਹਨ, ਉਹ ਪਹਿਲੇ ਕਟਾਕਸ਼ ਕਰਦੇ ਹਨ ਅਤੇ ਫਿਰ ਸਵਾਲ ਕਰਦੇ ਹਨ। ਇਹ ਸਵਾਲ ਸ਼ਿੱਧਾ ਕਰਿਆ ਕਰਨ। ਇਸ ਸਵਾਲ ਦੇ ਸਬੰਧ ਵਿਚ ਮੈਂ ਇਸ ਦਾ ਜਵਾਬ ਤਾਂ ਪਹਿਲਾਂ ਹੀ ਦੇ ਚਕਾ ਹਾਂ।

House Rent Allowance

*163 **Sardar Dilbag Singh:**—Will the Minister for Finance be pleased to state :—

(a) whether the employees posted at Ropar, Phillaur, Anandpur Sahib and Nawan Shehar are getting House Rent Allowance; if so, the rate thereof :

b) if the employees posted at any of the places mentioned in part (a) above are getting the said allowance, the names of such places and the reasons therefor ?

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ : (ਓ) ਕੇਵਲ ਰੋਪੜ ਵਿਖੇ ਨਿਯੁਕਤ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਦਿੱਤਾ ਜਾਂਦਾ ਹੈ। ਹੁਣ ਇਹ ਭੱਤਾ ਸਲੈਬ ਸਿਸਟਮ ਦੇ ਆਧਾਰ ਤੇ ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ :—

ਤਨਖਾਹ ਰੇਂਜ		ਭੱਤਾ ਰੁਪਏ
1. 400 ਰੁ: ਤੱਕ	...	20
2. 400 ਰੁ: ਤੋਂ ਵੱਧ ਪਰ 600 ਰੁ: ਤੋਂ ਵੱਧ ਨਹੀਂ	...	25
3. 600 ਰੁ: ਤੋਂ ਵੱਧ ਪਰ 800 ਰ: ਤੋਂ ਵੱਧ ਨਹੀਂ	...	50
4. 800 ਰੁ: ਤੋਂ ਵੱਧ ਪਰ 1000 ਰੁ: ਤੋਂ ਵੱਧ ਨਹੀਂ	...	75
5. 1000 ਰੁ: ਤੋਂ ਵੱਧ ਪਰ 1300 ਰੁ: ਤੋਂ ਵੱਧ ਨਹੀਂ	...	125
6. 1300 ਰੁ: ਤੋਂ ਵੱਧ ਪਰ 1800 ਰੁ: ਤੋਂ ਵੱਧ ਨਹੀਂ	..	175
7. 1800 ਰ: ਤੋਂ ਵੱਧ ਪਰ 2250 ਰੁ: ਤੋਂ ਵੱਧ ਨਹੀਂ	...	200
8. 2250 ਰੁ: ਤੋਂ ਵੱਧ	...	250

(ਅ) ਫਿਲੌਰ, ਅਨੰਦਪੁਰ ਸਾਹਿਬ ਅਤੇ ਨਵਾਂ ਸ਼ਹਿਰ ਵਿਖੇ ਨਿਯੁਕਤ ਕਰਮਚਾਰੀਆਂ ਨੂੰ ਇਹ ਭੱਤਾ ਨਹੀਂ ਦਿੱਤਾ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚੋਂ ਹਰ ਇਕ ਕਸਬੇ ਦੀ ਆਬਾਦੀ 1971 ਦੀ ਮਰਦਮਸ਼ੁਮਾਰੀ ਮੁਤਾਬਿਕ 25,000 ਤੋਂ ਘੱਟ ਹੈ ਜਦੋਂ ਕਿ ਇਹ ਭੱਤਾ ਕੇਵਲ ਉਨ੍ਹਾਂ ਸ਼ਹਿਰਾਂ /ਕਸਬਿਆਂ ਵਿਚ ਮਿਲਣ ਯੋਗ ਹੈ ਜਿਨ੍ਹਾਂ ਦੀ ਆਬਾਦੀ 25,000 ਜਾਂ ਇਸ ਤੋਂ ਵੱਧ ਹੋਵੇ।

ਸਰਦਾਰ ਦਿਲਬਾਗ ਸਿੰਘ : ਮੈਂ ਵਿੱਤ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਰੇ ਪੰਜਾਬ ਵਿਚ 1971 ਦੀ ਆਬਾਦੀ ਦੇ ਹਿਸਾਬ ਨਾਲ ਹੀ ਹਾਊਸ ਰੈਂਟ ਦਿੱਤਾ ਜਾਂਦਾ ਹੈ ਜਾਂ ਕੋਈ ਫ਼ਰਕ ਹੈ ?

ਮੰਤਰੀ : ਸਪੀਕਰ ਸਾਹਿਬ, 1971 ਦੀ ਆਬਾਦੀ ਦੇ ਮੁਤਾਬਿਕ ਹੀ ਫੈਸਲਾ ਹੋਇਆ ਸੀ। ਪਰ ਇਸ ਵਿਚ ਰੋਪੜ ਦਾ ਜੋ ਫੈਸਲਾ ਹੋਇਆ ਹੈ, ਉਹ ਬਾਅਦ ਵਿਚ ਕੈਬਨਿਟ ਨੇ ਖ਼ਾਸ ਤੌਰ ਤੇ ਡਿਸਟ੍ਰਿਕਟ ਹੈਡਕੁਆਟਰਜ਼ ਹੋਣ ਕਰਕੇ ਰੋਪੜ ਨੂੰ ਇਹ ਸਪੈਸ਼ਲ ਰਿਆਇਤ ਦਿੱਤੀ ਸੀ, ਜਿਸ ਮੁਤਾਬਿਕ ਇਹ ਹਾਊਸ ਰੈਂਟ ਦਿੱਤਾ ਗਿਆ ਸੀ ।

ਮਾਸਟਰ ਚੰਦ ਸਿੰਘ : ਇਨ੍ਹਾਂ ਨੇ ਦਸਿਆ ਹੈ ਕਿ ਜਿਥੇ 25 ਹਜ਼ਾਰ ਤੋਂ ਵੱਧ ਦੀ ਅਬਾਦੀ ਹੈ, ਉਥੇ ਹਾਊਸ ਰੈਂਟ ਦਿੱਤਾ ਜਾਂਦਾ ਹੈ। ਪਰ ਬਹੁਤ ਥੋੜੀਆਂ ਜਗ੍ਹਾ ਐਸੀਆਂ ਹਨ ਜਿਥੇ ਹਾਊਸ ਰੈਂਟ ਨਹੀਂ ਦਿੱਤਾ ਜਾਂਦਾ। ਕੀ ਵਜ਼ੀਰ ਸਾਹਿਬ ਸਾਰੇ ਕਰਮਚਾਰੀਆਂ ਨੂੰ ਫਲੈਟ ਰੇਟ ਤੇ ਹੀ ਹਾਊਸ ਰੈਂਟ ਦੇਣ ਤੇ ਵਿਚਾਰ ਕਰਨ ਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮਾਨਯੋਗ ਮੈਂਬਰ ਸਾਹਿਬ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਫੈਸਲਾ ਹੈ ਉਹ 25 ਹਜ਼ਾਰ ਤੋਂ ਵੱਧ ਵਾਲੀ ਆਬਾਦੀ ਤੇ ਇਹ ਭੱਤਾ ਦੇਣ ਬਾਰੇ ਹੈ। ਪਰ ਹੁਣ 1981 ਵਿਚ ਫਿਰ ਸੈਨਸਿਜ਼ ਹੋ ਰਹੀਆਂ ਹਨ। ਇਸ ਮੁਤਾਬਿਕ ਜਿਹੜੇ ਕਸਬੇ ਇਸ ਵਿਚ ਸ਼ਾਮਲ ਹੋ ਜਾਣਗੇ, ਉਨ੍ਹਾਂ ਨੂੰ ਇਹ ਹਾਊਸ ਰੈਂਟ ਮਿਲੇਗਾ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰਾ ਕੁਐਸਚਨ ਇਹ ਸੀ ਕਿ ਕੀ ਸਾਰੇ ਕਰਮਚਾਰੀਆਂ ਨੂੰ ਫਲੈਟ ਰੇਟ ਤੇ ਹਾਊਸ ਰੈਂਟ ਦੇਣ ਬਾਰੇ ਵਿਚਾਰ ਕਰਨਗੇ ?

ਮੰਤਰੀ : ਇਸ ਤੇ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਪਿੰਡਾਂ ਵਿਚ ਜਾ ਕੇ ਮੁਲਾਜ਼ਮ ਰਾਜ਼ੀ ਨਹੀਂ ਹੁੰਦੇ ਬਲਕਿ ਉਹ ਇਸ ਨੂੰ ਇਕ ਸਜ਼ਾ ਸਮਝਦੇ ਹਨ। ਪਿੰਡਾਂ ਦੀ ਡਿਵੈਲਪਮੈਂਟ ਦਾ ਧਿਆਨ ਰਖਦੇ ਹੋਏ ਕੀ ਸਰਕਾਰ ਦੇ ਇਹ ਪਰੋਪੋਜ਼ਲ ਅੰਡਰ ਕੰਸਿਡਰੇਸ਼ਨ ਹੈ ਕਿ ਪਿੰਡਾਂ ਵਿਚ ਵੀ ਹਾਊਸ ਰੈਂਟ ਦਿੱਤਾ ਜਾਵੇ ? ਪਿੰਡਾਂ ਵਿਚ ਇਸੇ ਕਰਕੇ ਹੀ ਮੁਲਾਜ਼ਮ ਜਾਣ ਨੂੰ ਤਿਆਰ ਨਹੀਂ ਹੁੰਦੇ ਕਿਉਂਕਿ ਉਥੇ ਹਾਊਸ ਰੈਂਟ ਨਹੀਂ ਮਿਲਦਾ । ਉਹ ਸੋਚਦੇ ਹਨ ਕਿ ਸ਼ਹਿਰਾਂ ਵਿਚ ਵੱਧ ਸਹੂਲਤਾਂ ਹਨ। ਕੀ ਪਿੰਡਾਂ ਦੀ ਬੇਹਤਰੀ ਕਰਨ ਵਾਸਤੇ ਸਾਰੇ ਪੰਜਾਬ ਵਿਚ ਔਟ ਪਾਰ ਹਾਊਸ ਰੈਂਟ ਦਿੱਤਾ ਜਾਵੇਗਾ ?

ਮੰਤਰੀ : ਵਿਚਾਰ ਬਹੁਤ ਅੱਛਾ ਹੈ। ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਕੰਡੀ ਏਰੀਆ ਵਿਚ, ਡੇਰਾਬੱਸੀ, ਲਾਲੜੂ, ਬਨੂੜ ਅਤੇ ਰੋਪੜ ਵਿਚ ਤਾਂ ਇਹ ਭੱਤਾ ਮਿਲਦਾ ਹੈ, ਪਰ ਮੇਰੇ ਇਲਾਕੇ ਬਲਾਚੌਰ, ਗੜ੍ਹਸ਼ੰਕਰ ਜੋ ਕਿ ਬੇਟ ਦਾ ਏਰੀਆ ਹੈ, ਇਨ੍ਹਾਂ ਨੂੰ ਇਹ ਭੱਤਾ ਨਾ ਦੇ ਕੇ ਵਿਤਕਰਾ ਕੀਤਾ ਜਾ ਰਿਹਾ ਹੈ । ਕੀ ਬਲਾਚੌਰ ਅਤੇ ਗੜ੍ਹਸ਼ੰਕਰ ਵਿਚ ਵੀ ਹਾਊਸ ਰੈਂਟ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਇਥੇ ਅਰਾਈਜ਼ ਤਾਂ ਨਹੀਂ ਹੁੰਦਾ , ਕਿਉਂਕਿ ਇਹ ਸਵਾਲ ਰੋਪੜ, ਫਿਲੌਰ, ਨਵਾਂ ਸ਼ਹਿਰ ਆਦਿ ਨਾਲ ਤੁਅਲਕ ਰਖਦਾ ਹੈ। ਜੇ ਕੋਈ ਇਸ ਤੋਂ ਇਲਾਵਾ ਸਵਾਲ ਹੋਵੇ ਤਾਂ ਇਹ ਨਵਾਂ ਨੋਟਿਸ ਦੇ ਸਕਦੇ ਹਨ ।

ਸਰਦਾਰ ਅਵਤਾਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਰੋਪੜ ਦੇ ਮੁਲਾਜ਼ਮਾਂ ਨੂੰ ਇਹ ਭੱਤਾ ਦੇਣ ਵਾਸਤੇ ਕੰਡੀਸ਼ਨ ਵੇਵ ਕੀਤੀ ਹੈ, ਕੀ ਇਸੇ ਤਰ੍ਹਾਂ ਹੀ ਤਲਵੰਡੀ ਸਾਬੋ ਜਿਹੜੀ ਕਿ ਨਵੀਂ ਸਬ-ਡਿਵੀਜ਼ਨ ਬਣੀ ਹੈ, ਉਥੋਂ ਦੇ ਮੁਲਾਜ਼ਮਾਂ ਨੂੰ ਵੀ ਇਹ ਕੰਡੀਸ਼ਨ ਵੇਵ ਕਰਕੇ ਭੱਤਾ ਦੇਣਗੇ?

ਮੰਤਰੀ : ਮੈਂ ਦਸਿਆ ਹੈ ਕਿ ਰੋਪੜ ਜ਼ਿਲ੍ਹਾ ਹੈਡ ਕੁਆਟਰਜ਼ ਹੋਣ ਕਰਕੇ ਇਹ ਰੀਲੈਕਸੇਸ਼ਨ ਦਿੱਤੀ ਹੈ। ਇਹ ਤਲਵੰਡੀ ਸਾਬੋ ਜ਼ਿਲ੍ਹਾ ਹੈਡਕੁਆਟਰਜ਼ ਨਹੀਂ ਹੈ, ਇਸ ਕਰਕੇ ਹਾਲੇ ਵਿਚਾਰ ਨਹੀਂ ਕੀਤਾ ਜਾ ਸਕਦਾ।

ਸ੍ਰੀ ਸੁਖਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਇਹ ਪੱਛਣਾ ਚਾਹੁੰਦਾ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਬਠਿੰਡਾ ਸ਼ਹਿਰ ਦੀ ਆਬਾਦੀ ਜੋ ਇਕ ਲੱਖ ਤੋਂ ਵੱਧ ਹੋ ਚੁੱਕੀ ਹੈ, ਪਿਛਲੀ ਸਰਕਾਰ ਨੇ ਹਾਊਸ ਰੈਂਟ ਸਬੰਧੀ ਮੁਲਾਜ਼ਮਾਂ ਨੂੰ ਵਾਧੂ ਭੱਤਾ ਦੇਣ ਦਾ ਫੈਸਲਾ ਕੀਤਾ ਸੀ। ਕੀ ਹੁਣ ਵਿੱਤ ਮੰਤਰੀ ਸਾਹਿਬ ਇਹ ਫੈਸਲਾ ਲਾਗੂ ਕਰਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਫੈਸਲੇ ਨਾਲ ਇਸ ਸਵਾਲ ਦਾ ਕੋਈ ਸਬੰਧ ਨਹੀਂ ਹੈ । ਪਰ ਫਿਰ ਵੀ ਇਨ੍ਹਾਂ ਨੇ ਇਹ ਜੋ ਨੋਟਿਸ ਵਿਚ ਲਿਆਂਦਾ ਹੈ, ਅਸੀਂ ਇਹ ਫਾਈਲ ਮੰਗਵਾ ਲਵਾਂਗੇ ਅਤੇ ਵਿਚਾਰ ਕਰਾਂਗੇ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਕੁਝ ਕੰਡੀ ਦੇ ਏਰੀਏ ਅਤੇ ਬੇਟ ਦੇ ਏਰੀਏ ਵਿਚ ਹਾਊਸ ਰੈਂਟ ਦਿੰਦੇ ਹਨ। ਕੀ ਸਰਕਾਰ ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਹੋਰ ਵੀ ਕਰਮਚਾਰੀ ਇਸ ਸਹੂਲਤ ਦਾ ਫਾਇਦਾ ਉਠਾ ਸਕਣ, ਸਾਰੇ ਕਰਮਚਾਰੀਆਂ ਨੂੰ ਫਲੈਟ ਰੇਟ ਤੇ ਹਾਊਸ ਰੈਂਟ ਦੇਣਗੇ ?

ਸ਼੍ਰੀ ਸਪੀਕਰ : ਇਹ ਸਪਲੀਮੈਂਟਰੀ ਪਹਿਲੇ ਹੋ ਚੁੱਕੀ ਹੈ।

ਸਰਦਾਰ ਚਿਲਬਾਂਕ ਸਿੰਘ : ਜਿਸ ਤਰ੍ਹਾਂ ਰੋਪੜ ਨੂੰ ਡਿਸਟ੍ਰਿਕਟ ਹੈਡ-ਕੁਆਟਰਜ਼ ਬਣਾ ਕੇ ਹਾਊਸ ਰੈਂਟ ਅਲਾਊਂਸ ਦੇਣ ਵਿਚ ਕੁਝ ਕਨਸੈਸ਼ਨ ਦਿਤਾ ਗਿਆ ਸੀ, ਉਸੇ ਤਰ੍ਹਾਂ ਸਬ-ਡਵੀਜ਼ਨ ਜਿਹੜੇ ਨਵੇਂ ਬਣਾਏ ਹਨ ਜਾਂ ਪਹਿਲਾਂ ਹੀ ਬਣੇ ਹੋਏ ਹਨ ਅਤੇ ਉਥੇ ਆਬਾਦੀ ਵੀ ਵਧੀ ਹੈ, ਕੀ ਮਨਿਸਟਰ ਸਾਹਿਬ, ਉਥੇ ਦੇ ਮੁਲਾਜ਼ਮਾਂ ਨੂੰ ਵੀ ਰੋਪੜ ਦੀ ਤਰ੍ਹਾਂ ਹਾਊਸ ਰੈਂਟ ਅਲਾਊਂਸ ਦੇਣਗੇ ?

ਮੰਤਰੀ : ਮਾਨਯੋਗ ਮੈਂਬਰ ਨੇ ਜੋ ਸਵਾਲ ਕੀਤਾ ਹੈ, ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਤਲਵੰਡੀ ਸਾਬੋ ਦੇ ਜਵਾਬ ਵਿਚ ਕਹਿ ਚੁੱਕਾ ਹਾਂ ਕਿ ਵਿਚਾਰ ਕੀਤਾ ਜਾ ਸਕਦਾ ਹੈ, ਸੁਝਾਓ ਚੰਗਾ ਹੈ ।

Mr. Speaker : Next Question.

WAYS AND MEANS POSITION OF THE STATE

***128. Sardar Balwant Singh**: Will the Minister for Finance be pleased to state the ways and means position of the State as on 20th February, 1980?

ਡਾਕਟਰ ਕੇਵਲ ਕ੍ਰਿਸ਼ਨ : 20 ਫਰਵਰੀ, 1980 ਨੂੰ ਰਾਜ ਦੇ ਭਾਰਤੀ ਰਿਜ਼ਰਵ ਬੈਂਕ ਨਾਲ ਖਾਤੇ ਵਿੱਚ 21.72 ਕਰੋੜ ਰੁਪਏ ਦਾ ਵਾਧਾ ਸੀ, ਪਰ ਇਹ ਵਾਧਾ ਰਾਜ ਦੀ ਅਸਲੀ ਵਿੱਤੀ ਹਾਲਤ ਨੂੰ ਨਹੀਂ ਦਰਸਾਉਂਦਾ। ਇਸ ਵਿੱਚ 20 ਫਰਵਰੀ, 1980 ਤੋਂ 31 ਮਾਰਚ, 1980 ਤੱਕ ਹੋਣ ਵਾਲੇ ਨਾ ਟਾਲੇ ਜਾਣ ਵਾਲੇ ਖਰਚੇ ਜੋ ਕਿ ਤਕਰੀਬਨ 50 ਕਰੋੜ ਰੁਪਏ (ਨਿਰੋਲ) ਬਨ, ਨਹੀਂ ਦਰਸਾਏ ਗਏ। ਇਹ ਹੀ ਕਾਰਨ ਸੀ ਕਿ ਇਸ ਵਾਧੇ ਦੇ ਬਾਵਜੂਦ ਵੀ ਵਿੱਤੀ ਸਾਲ 1979-80 ਮਹਾਂ ਲੇਖਾਕਾਰ, ਪੰਜਾਬ, ਵਲੋਂ ਦਿੱਤੇ ਅੰਕੜੇ ਅਨੁਸਾਰ 28.04 ਕਰੋੜ ਰੁਪਏ ਦੇ ਘਾਟੇ ਨਾਲ ਬੰਦ ਹੋਇਆ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਜਦੋਂ ਸਾਡੀ ਸਰਕਾਰ ਸੀ ਅਤੇ 20 ਫਰਵਰੀ, 1980 ਨੂੰ 22 ਕਰੋੜ ਰੁਪਏ ਜਮ੍ਹਾਂ ਸੀ ਅਤੇ ਪੰਜਾਬ ਦੇ ਬਜਟ ਵਿਚ ਕੋਈ ਘਾਟਾ ਨਹੀਂ ਸੀ। ਇਸ ਲਈ ਮੈਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 20 ਫਰਵਰੀ, 1980 ਤੋਂ ਲੈ ਕੇ 31 ਮਾਰਚ, 1980 ਤਕ ਸਾਡੇ ਜਾਣ ਤੋਂ ਬਾਅਦ ਕਿਤਨੀ ਲਾਇਬਿਲਿਟੀਜ਼ ਆਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਜੀ ਪਹਿਲੇ ਵਿੱਤ ਮੰਤਰੀ ਰਹਿ ਚੁਕੇ ਹਨ ਅਤੇ ਸਭ ਕੁਝ ਜਾਣਦੇ ਹਨ। ਜੇਕਰ ਕੋਈ ਹੋਰ ਮੈਂਬਰ ਸਾਹਿਬ ਸਵਾਲ ਪੁਛਦਾ ਤਾਂ ਗੱਲ ਹੋਰ ਸੀ। ਸਪੀਕਰ ਸਾਹਿਬ, ਖਰਚੇ ਅੰਦਾਜ਼ ਆਮਦਨ ਰਿਜ਼ਰਵ ਬੈਂਕ ਦੇ ਨਾਲ ਸਾਰਾ ਸਾਲ ਹੀ ਖੁਲ੍ਹੇ ਰਹਿੰਦੇ ਹਨ। ਸਾਲ ਦੇ ਅਖੀਰ ਵਿਚ 11 ਮਾਰਚ ਤੋਂ ਬਾਅਦ ਹੀ ਮਹਾਂ ਲੇਖਾਕਾਰ ਛਾਣ ਬੀਣ ਕਰਦਾ ਹੈ ਅਤੇ ਸਾਲ ਦੇ ਅੰਤ ਵਿਚ ਹੀ ਘਾਟੇ ਵਾਧੇ ਦਾ ਪਤਾ ਲਗਦਾ ਹੈ। ਕਿਸੇ ਪਰਟੀਕੁਲਰ ਤਾਰੀਖ ਵੇਲੇ ਮਾਈਨਸ ਵੀ ਹੋ ਸਕਦਾ ਹੈ ਅਤੇ ਪਲੱਸ ਵੀ ਹੋ ਸਕਦਾ ਹੈ । ਸਾਲ 1979-80 ਵਿਚ ਮਹਾਂ ਲੇਖਾਕਾਰ ਪੰਜਾਬ ਵਲੋਂ ਦਿੱਤੇ ਅੰਕੜੇ ਅਨੁਸਾਰ 28.04 ਕਰੋੜ ਰੁਪਏ ਦੇ ਘਾਟੇ ਨਾਲ ਬੰਦ ਹੋਇਆ ਹੈ । ਸੋ, ਸਪੀਕਰ ਸਾਹਿਬ, ਮੈਂ ਪੁਰਾਣੇ ਵਿੱਤ ਮੰਤਰੀ ਜੀ ਨੂੰ ਅਰਜ਼ ਕਰਾਂਗਾ ਕਿ ਉਨ੍ਹਾਂ ਨੂੰ ਸਾਰਾ ਪਤਾ ਹੀ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਵਿੱਤ ਮੰਤਰੀ ਜੀ ਨੇ ਜਵਾਬ ਨਹੀਂ ਦਿੱਤਾ। ਮੈਂ ਸਪੈਸੇਫਿਕ ਸਵਾਲ ਕੀਤਾ ਸੀ। ਮੈਨੂੰ ਪਤਾ ਹੈ ਕਿ ਵੇਜ਼ ਐਂਡ ਮੀਨਜ਼ ਫਾਈਨੈਂਸ਼ਿਅਲ ਪੁਜ਼ੀਸ਼ਨ ਦੇ ਇਨਡੀਕੇਟਰ ਹੁੰਦੇ ਹਨ ਅਤੇ ਓਵਰ ਡਰਾਫਟ ਵੀ ਫਾਈਨੈਂਸ਼ਿਅਲ ਪੁਜ਼ੀਸ਼ਨ ਦਾ ਇਨਡੀਕੇਟਰ ਹੁੰਦਾ ਹੈ। ਜਦੋਂ ਅਸੀਂ ਗਏ ਸੀ ਤਾਂ, ਸਪੀਕਰ ਸਾਹਿਬ, 20 ਫਰਵਰੀ, 1980 ਨੂੰ 22 ਕਰੋੜ ਰੁਪਿਆ ਸਾਡੇ ਖਜ਼ਾਨੇ ਵਿਚ ਜਮ੍ਹਾਂ ਸੀ ਅਤੇ ਕੋਈ ਘਾਟਾ ਨਹੀਂ ਸੀ। ਹੁਣ ਮੈਂ ਪੁੱਛਣਾ ਚਾਹੁੰਦਾ ਹਾਂ ਕਿ 20 ਫਰਵਰੀ, 1980 ਤੋਂ ਲੈ ਕੇ 31 ਮਾਰਚ 1980 ਤਕ ਇਨ੍ਹਾਂ ਨੇ ਕੀ ਖਰਚ ਕੀਤਾ, ਜਿਸ ਕਰਕੇ ਸਾਨੂੰ ਘਾਟਾ ਪਿਆ ਹੈ ? (ਵਿਘਨ) ਅਸੀਂ ਪਲੱਸ ਵਿਚ ਛੱਡ ਕੇ ਗਏ ਸੀ ਤਾਂ ਫਿਰ ਮਾਈਨਸ ਵਿਚ ਹੁਣ ਕਿਉਂ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਖਰਚੇ ਦਾ ਵੇਰਵਾ ਬਜਟ ਪਰੋਪੋਜ਼ਲਜ਼ ਵਿਚ ਦਿੱਤਾ ਜਾ ਚੁਕਾ ਹੈ। ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਇਸ ਨੂੰ ਪੜ੍ਹਨ ਦੀ ਕੋਸ਼ਿਸ਼ ਕਰਨ। ਜੇਕਰ ਪੁਰਾਣੇ ਵਿਤ ਮੰਤਰੀ ਜੀ ਗੌਰ ਨਾਲ ਪੜ੍ਹਨ ਤਾਂ ਉਹਨਾਂ ਨੂੰ ਸਾਰਾ ਪਤਾ ਲਗ ਜਾਵੇਗਾ। ਇਹ ਕਹਿਣਾ ਕਿ ਫਲਾਣੀ ਤਾਰੀਖ ਨੂੰ ਕਿਤਨਾ ਫਾਲਤੂ ਖਰਚ ਹੋਇਆ ਹੈ .....(ਵਿਘਨ) (ਸ਼ੋਰ) ਸਪੀਕਰ ਸਾਹਿਬ, ਖਰਚ ਦੀ ਪੁਜ਼ੀਸ਼ਨ ਓਵਰ-ਆਲ 31 ਮਾਰਚ ਨੂੰ ਹੀ ਦੇਖਣੀ ਪੈਂਦੀ ਹੈ। ਸਾਲ ਦੇ ਵਿਚਕਾਰ ਤਾਂ ਪਲੱਸ ਵੀ ਹੋ ਸਕਦਾ ਹੈ ਅਤੇ ਮਾਈਨਸ ਵੀ ਹੋ ਸਕਦਾ ਹੈ। ਮੈਂਬਰ ਸਾਹਿਬ ਕਹਿਣਾ ਚਾਹੁੰਦੇ ਹਨ ਕਿ ਅਸੀਂ ਵਾਧਾ ਕਰਕੇ ਛੱਡਕੇ ਗਏ ਸੀ ਅਤੇ ਬਾਅਦ ਵਿਚ ਘਾਟਾ ਪੈ ਗਿਆ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਸਵਾਲ ਦਾ ਜਵਾਬ ਦੇ ਚੁੱਕਾ ਹਾਂ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਸਵਾਲ ਬੜਾ ਹੀ ਸਾਦਾ ਸੀ ਲੇਕਿਨ ਉਸ ਨੂੰ ਈਵੇਡ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਰਿਪਲਾਈ ਇਨ੍ਹਾਂ ਕੋਲ ਹੈ ਨਹੀਂ। (ਵਿਘਨ) (ਵਿਘਨ) ਸਪੀਕਰ ਸਾਹਿਬ, 20 ਫਰਵਰੀ, 1980 ਨੂੰ 22 ਕਰੋੜ ਰੁਪਏ ਖਜ਼ਾਨੇ ਵਿਚ ਪੰਜਾਬ ਸਰਕਾਰ ਦੇ ਜਮ੍ਹਾਂ ਸਨ ਅਤੇ ਹੁਣ ਸਵਾਲ ਸਿੱਧਾ ਹੈ ਕਿ 20 ਫਰਵਰੀ, 1980 ਤੋਂ ਲੈ ਕੇ 31 ਮਾਰਚ ਤਕ ਕਿਤਨਾ ਖਰਚਾ ਹੋਇਆ ? ਵਿੱਤ ਮੰਤਰੀ ਜੀ ਬੜੇ ਸਿਆਣੇ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਜਵਾਬ ਚੇਲਾ ਚਾਹੀਦਾ ਹੈ। (ਵਿਘਨ)

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਕਾਇਦਾ ਜੋ ਬਜਟ ਦਾ ਹਿਸਾਬ ਕਿਤਾਬ ਹੈ, ਉਹ ਬਜਟ ਹਾਊਸ ਵਿਚ ਪੇਸ਼ ਕੀਤਾ ਜਾ ਚੁੱਕਾ ਹੈ। ਕਿਸ ਕਿਸ ਡਿਪਾਰਟਮੈਂਟ ਤੇ ਕਿਤਨਾ ਕਿਤਨਾ ਖਰਚਾ ਹੋਇਆ ਹੈ ਅਤੇ ਕਿਸ ਕਿਸ ਡਿਪਾਰਟਮੈਂਟ ਵਿਚ ਕਿਤਨਾ ਕਿਤਨਾ ਘਾਟਾ ਹੋਇਆ ਹੈ, ਇਹ ਸਾਰਾ ਕੁਝ ਬਜਟ ਵਿਚੋਂ ਵੇਖ ਸਕਦੇ ਹਨ। (ਵਿਘਨ) (ਸ਼ੋਰ) ਇਹ ਠੀਕ ਹੈ ਕਿ 20 ਫਰਵਰੀ, 1980 ਨੂੰ ਵਾਧਾ ਸੀ ਲੇਕਿਨ ਉਸ ਤੋਂ ਬਾਅਦ ਸਾਰੇ ਸਾਲ ਦੇ ਰਸੀਟਸ ਅਤੇ ਐਕਸਪੈਂਡੀਚਰ ਨੂੰ ਮੁੱਖ ਰਖਦੇ ਹੋਏ ਖਰਚਾ ਕਢਿਆ ਅਤੇ ਹੋਰ ਖਰਚੇ ਹੋਏ ਜੋ ਕਿ 50 ਕਰੋੜ ਰੁਪਏ ਦੇ ਬਣ ਗਏ। ਇਸ ਦੇ ਨਾਲ ਹੀ, ਸਪੀਕਰ ਸਾਹਿਬ, 1979-80 ਦਾ ਬਜਟ 28.04 ਕਰੋੜ ਰੁਪਏ ਦੇ ਘਾਟੇ ਨਾਲ ਬੰਦ ਹੋਇਆ। ਇਹ ਚੀਜ਼ ਮੈਂ, ਸਪੀਕਰ ਸਾਹਿਬ, ਸਪੈਸੇਫਿਕ ਤੌਰ ਤੇ ਦਸ ਦਿਤੀ ਹੈ। ਇਹ ਚੀਜ਼ ਪਹਿਲੇ ਸਵਾਲ ਦੇ ਜਵਾਬ ਵਿਚ ਵੀ ਦੱਸ ਦਿਤੀ ਸੀ। ਇਹ ਸਾਲ ਦੇ ਅਖੀਰ ਵਿਚ ਰਸੀਟਸ ਅਤੇ ਐਕਸਪੈਂਡੀਚਰ ਨੂੰ ਮੁੱਖ ਰੱਖਕੇ ਹੀ ਕਢਿਆ ਜਾਂਦਾ ਹੈ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਵਿੱਤ ਮੰਤਰੀ ਜੀ ਨੇ ਦਸਿਆ ਹੈ ਕਿ 31 ਮਾਰਚ ਤਕ 28 ਕਰੋੜ ਰੁਪਏ ਦਾ ਘਾਟਾ ਸੀ। 20 ਫਰਵਰੀ, 1980 ਤੋਂ ਲੈ ਕੇ 31 ਮਾਰਚ, 1980 ਤਕ 50 ਕਰੋੜ ਰੁਪਏ ਹੋਰ ਖਰਚ ਹੋਏ ਹਨ। ਇਸ ਤਰ੍ਹਾਂ ਕਰਕੇ ਆਨਰੇਬਲ ਮੈਂਬਰ ਸਾਹਿਬ ਨੂੰ ਉਨ੍ਹਾਂ ਦੇ ਸਵਾਲ ਦਾ ਜਵਾਬ ਮਿਲ ਗਿਆ ਹੈ।

Original with;
Punjab Vidhan Sabha
Digitized by:
Panjab Digital Library

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਅਸੀਂ ਇਹੀ ਗਲ ਤਾਂ ਇਨ੍ਹਾਂ ਕੋਲੋਂ ਕਹਾਉਣਾ ਚਾਹੁੰਦੇ ਹਾਂ, ਜੋ ਕਿ ਇਹ ਕਹਿ ਨਹੀਂ ਰਹੇ।

ਵਿੱਤ ਮੰਤਰੀ : ਸਪੀਕਰ ਸਾਹਿਬ, 20 ਫਰਵਰੀ ਤੋਂ 31 ਮਾਰਚ, 1980 ਤਕ ਜਿਹੜੇ ਨਾ ਟਾਲਣ ਵਾਲੇ ਖਰਚੇ ਸਨ, ਉਹ 50 ਕਰੋੜ ਰੁਪਏ ਦੇ ਸਨ ਅਤੇ ਹੋਰ ਖਰਚੇ ਵੀ ਹੋਏ। (ਵਿਘਨ) ਸਾਲ 1979-80 ਦਾ ਬਜਟ 28.04 ਕਰੋੜ ਰੁਪਏ ਦੇ ਘਾਟੇ ਨਾਲ ਬੰਦ ਹੋਇਆ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਇਹ ਤਾਂ ਤੁਹਾਡੀ ਗਲ ਤੇ ਵੀ ਸਟਰਿਕਚਰ ਕਰੀ ਜਾਂਦੇ ਹਨ। (ਵਿਘਨ)

Number of Farmers/Farm Labourers in Verka Assembly Constituency who lost their limbs

*118. **Comrade Raj Kumar :** Will the Minister for Agriculture and Forests be pleased to state—

(a) the number of farmers/farm labourers in Verka Assembly Constituency who lost their limbs while operating thrashers or tubewells during the period from 1st April, 1978 to 31st March, 1980 ;

(b) whether the Government is considering any proposal to pay compensation to such farmers/farm labourers as is done in the case of industrial workers ; if so, the details thereof ?

ਚੌਧਰੀ ਕਾਬਲ ਰਾਮ : (ੳ) ਥਰੈਸ਼ਰ ਹਾਦਸਿਆਂ ਬਾਰੇ ਸੂਚਨਾ ਵਿਧਾਨ ਸਭਾ ਹਲਕਾ-ਵਾਰ ਨਹੀ ਰਖੀ ਜਾਂਦੀ ।

(ਅ) ਨਹੀਂ ਜੀ ।

ਕਾਮਰੇਡ ਰਾਜ ਕੁਮਾਰ : ਮੰਤਰੀ ਜੀ ਤੋਂ ਪੁਛਿਆ ਸੀ ਕਿ ਮਿਤੀ 1 ਅਪੈਲ, 1978 ਤੋਂ 31 ਮਾਰਚ, 1980 ਤਕ ਥਰੈਸ਼ਰਜ਼ ਵਿਚ ਆਉਣ ਕਰਕੇ ਕਿੰਨਿਆਂ ਫਾਰਮ ਲੇਬਰਜ਼ ਦੇ ਵੇਰਕਾ ਅਸੈਂਬਲੀ ਕੰਸਟੀਚਿਊਐਂਸੀ ਵਿਚ ਅੰਗ ਕੱਟੇ ਗਏ ਹਨ। ਇਨ੍ਹਾਂ ਨੇ ਜਵਾਬ ਦਿੱਤਾ ਕਿ ਕੰਸਟੀਚਿਊਐਂਸੀ-ਵਾਈਜ਼ ਇਸ ਬਾਰੇ ਜਵਾਬ ਨਹੀਂ ਹੈ। ਇਸ ਦਾ ਮਤਲਬ ਹੋਇਆ ਕਿ ਅਦਰਵਾਈਜ਼ ਡੇਟਾ ਇਨ੍ਹਾਂ ਕੋਲ ਅਵੇਲੇਬਲ ਹੈ। ਇਸ ਲਈ ਤੁਸੀਂ ਉਸ ਹਿਸਾਬ ਨਾਲ ਹੀ ਦੱਸ ਦਿਓ।

ਦੂਜਾ ਮੇਰਾ ਇਹ ਸਵਾਲ ਹੈ ਕਿ ਜੋ ਐਗਰੀਕਲਚਰ ਦੇ ਸਿਲਸਿਲੇ ਵਿਚ ਮੈਕੇਨਾਈਜ਼ੇਸ਼ਨ ਹੋ ਰਹੀ ਹੈ, ਉਸ ਬਾਰੇ ਜੋ ਐਕਸੀਡੈਂਟਸ ਵੱਧ ਰਹੇ ਹਨ, ਕੀ ਮੰਤਰੀ ਜੀ ਉਸ ਬਾਰੇ ਕੁਝ ਸੋਚ ਰਹੇ ਹਨ ? ਮੈਂ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਸਰਕਾਰ ਇਸ ਗਲ ਤੋਂ ਜਾਣੂ ਹੈ ਅੱਜ ਬਹੁਤ ਰਿਜਨੇਬਲ ਹਰਜਿਨਲ ਅੰਡਰ ਵੀਕਰ ਸੈਕਸ਼ਨ ਦੀ ਇਸ ਵਿਚ ਇਨਵਾਲਵਡ ਹੈ, ਇਸ ਨੂੰ ਮੁੱਖ ਰੱਖਦੇ ਹੋਏ ਕੀ ਇਹ ਕੋਈ ਐਸੀ ਤਜਵੀਜ਼ ਉਤੇ ਵਿਚਾਰ ਕਰਨ ਲਈ ਤਿਆਰ ਹਨ ਕਿ ਐਗਰੀਕਲਚਰਲ ਲੇਬਰ ਵਾਸਤੇ ਕੰਪਨਸੇਸ਼ਨ ਦੇਣ ਵਾਸਤੇ ਕੋਈ ਕਾਨੂੰਨ ਬਣਾਇਆ ਜਾਏਗਾ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਜਿਹੜਾ ਹੁਣ ਸਵਾਲ ਕੀਤਾ ਹੈ ਅਗਰ ਇਹ ਪਹਿਲਾਂ ਕਹਿ ਦਿੰਦੇ ਤਾਂ ਬੜਾ ਠੀਕ ਜੀ । ਸਪੀਕਰ ਸਾਹਿਬ, ਸਰਕਾਰ ਨੂੰ ਹਰ ਵੇਲੇ ਇਸ ਗਲ ਦੀ

Original with;
Punjab Vidhan Sabha
Digitized by;
Panjab Digital Library

ਚਿੰਤਾ ਰਹਿੰਦੀ ਹੈ ਕਿ ਫਾਰਮ ਲੇਬਰ ਦੇ ਜਿਹੜੇ ਐਕਸੀਡੈਂਟਸ ਹੁੰਦੇ ਹਨ, ਇਹ ਘਟ ਤੋਂ ਘਟ ਹੋਣ। ਜੋ ਐਕਸੀਡੈਂਟਸ ਇਸ ਸਿਲਸਿਲੇ ਵਿਚ ਸਟੇਟ ਵਿਚ ਅੱਕਰ ਹੋਏ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :—

1976	...	235
1977	...	238
1978	...	278
1979	...	425

ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਦੂਜਾ ਸਪਲੀਮੈਂਟਰੀ ਕੀਤਾ ਹੈ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਲੈਜਿਸਲੇਸ਼ਨ ਲਿਆਉਣ ਬਾਰੇ ਜੋ ਮੈਂਬਰ ਸਾਹਿਬ ਨੇ ਸੁਜੈਸ਼ਨ ਦਿਤੀ ਹੈ, ਉਸ ਬਾਰੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਕਿਸਾਨਾਂ ਦੇ ਹਿੱਤਾਂ ਵਾਸਤੇ ਹਮਦਰਦਾਨਾ ਤੌਰ ਤੇ ਵਿਚਾਰ ਕਰੇਗੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਕੈਨੀਕਲ ਫਾਰਮਿੰਗ ਸਿਸਟਮ ਆਇਆ ਹੈ, ਇਹ ਵੱਡੇ ਵੱਡੇ ਜ਼ਿਮੀਦਾਰਾਂ ਵਿਚ ਇਹ ਸਿਸਟਮ ਆਇਆ ਹੈ (ਵਿਘਨ) ਅੱਜ ਕੱਲ ਸੀ.ਪੀ. ਆਈ. ਔਰ. ਸੀ.ਪੀ.ਐਮ. ਵਾਲੇ ਇਨ੍ਹਾਂ ਨਾਲ ਲਗੇ ਹੋਏ ਹਨ। ਲੇਬਰ ਵਾਸਤੇ ਕਾਨੂੰਨ ਅਗੇ ਹੀ ਬਣਿਆ ਹੋਇਆ ਹੈ ਅਤੇ ਉਸ ਲਈ ਸਿਰਫ ਲੇਬਰ ਏਜੈਂਸੀ ਹੀ ਮੁਕੱਰਰ ਕਰਨੀ ਸੀ। ਇਹ ਕਿਸੇ ਸਰਕਾਰ ਨੇ ਨਹੀਂ ਕੀਤੀ। ਇਕ ਤਾਂ ਇਹ ਕਿ 12 ਐਗਰੀਕਲਚਰਲ ਅਫਸਰ ਮੁਕੱਰਰ ਕਰਨੇ ਹਨ ਔਰ ਦੂਜੇ ਇਨ੍ਹਾਂ ਲਈ ਸਟਾਫ ਜੋ ਮੁਕਰੱਰ ਕਰਨਾ ਹੈ, ਕੀ ਇਹ ਇਕ ਮਹੀਨੇ ਦੇ ਅੰਦਰ ਅੰਦਰ ਇਹ ਕੰਮ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਗਲ ਦੋਵੇਂ ਸਾਈਡਜ਼ ਤੋਂ ਕੀਤੀ ਜਾ ਰਹੀ ਹੈ। ਦਿਹਾਤੀ ਲੇਬਰ ਲਈ 1923 ਵਿਚ ਐਕਟ ਬਣਿਆ ਸੀ, ਜੋ ਕਿ ਬੜਾ ਕੰਪਲੀਕੇਟਿਡ ਹੈ। ਰਾਜ ਕੁਮਾਰ ਜੀ ਨੇ ਜੋ ਸੁਝਾਓ ਦਿਤਾ ਹੈ, ਉਹ ਠੀਕ ਹੈ ਔਰ ਸਰਕਾਰ ਮਜ਼ਦੂਰਾਂ ਦੇ ਹਿੱਤਾਂ ਨੂੰ ਮੁੱਖ ਰਖਦੇ ਹੋਏ, ਉਸ ਉਤੇ ਹਮਦਰਦਾਨਾ ਗੌਰ ਕਰੇਗੀ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਾਰ ਬਾਰ ਕਹਿੰਦੇ ਹਨ ਕਿ ਸਾਡੀ ਸਰਕਾਰ ਨੂੰ ਮਜ਼ਦੂਰਾਂ ਦੀ ਚਿੰਤਾ ਬਹੁਤ ਹੈ। ਇਹ ਚੰਗੀ ਗਲ ਹੈ ਅਤੇ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ । ਪਰ ਪਹਿਲਾਂ ਜਦੋਂ ਕਿਸੇ ਦੀ ਬਾਂਹ ਕੱਟੀ ਜਾਂਦੀ ਸੀ ਜਾਂ ਹੱਥ ਕੱਟਿਆ ਜਾਂਦਾ ਸੀ ਤਾਂ ਉਸ ਨੂੰ ਕੰਪਨਸੇਸ਼ਨ ਮਿਲਦਾ ਸੀ। ਮਾਰਕਿਟ ਕਮੇਟੀਆਂ ਵੱਲੋਂ ਉਨ੍ਹਾਂ ਨੂੰ ਕੰਪਨਸੇਸ਼ਨ ਮਿਲਦਾ ਸੀ। ਸੁਪਰੀਮ ਕੋਰਟ ਵਿਚ ਵਪਾਰੀਆਂ ਵਲੋਂ ਰਿੱਟ ਕਰਨ ਤੇ, ਉਹ ਪੈਸਾ ਦੇਣਾ ਬੰਦ ਕਰ ਦਿੱਤਾ ਗਿਆ, ਜਿਹੜੀ ਕਿ ਬੜੀ ਮਾੜੀ ਗਲ ਹੋਈ। ਸਰਕਾਰ ਨੇ ਇਸ ਲਈ ਦੁਬਾਰਾ ਇਸ ਬਾਰੇ ਕੋਈ ਪਰਬੰਧ ਨਹੀਂ ਕੀਤਾ। ਮੈਂ ਪੁੱਛਣਾ ਚਾਹੁੰਦਾ ਕਿ ਜੇ ਮੰਡਰੀ ਜੀ ਨੂੰ ਬਹੁਤ ਚਿੰਤਾ ਹੈ ਤਾਂ ਇਸ ਸਵਾਲ ਨੂੰ ਟਾਲ ਮਟੋਲ ਕਿਉਂ ਕੀਤਾ ਜਾ ਰਿਹਾ ਹੈ। ਕਿਉਂ ਨਹੀਂ ਇਹ ਆਸ਼ਵਾਸਨ ਦਿੰਦੇ ਕਿ ਐਨੇ ਸਮੇਂ ਵਿਚ ਅਮੈਂਡਮੈਂਟ ਕਰਕੇ ਕੋਈ ਲੈਜਿਸਲੇਸ਼ਨ ਲਿਆ ਕੇ ਇਸ ਲਈ ਪਰਬੰਧ ਕਰਾਂਗੇ ਤਾ ਕਿ ਜਿਨ੍ਹਾਂ ਦੇ ਹੱਥ ਜਾਂ ਬਾਂਹ ਕੱਟੀ ਜਾਂਦੀ ਹੈ, ਉਸ ਨੂੰ ਮੁਆਵਜ਼ਾ ਮਿਲ ਸਕੇ।

ਮੁੱਖ ਮੰਤਰੀ : ਮੇਰੀ ਅਰਜ਼ ਹੈ ਕਿ ਇਹ ਜਿਹੜਾ ਪੈਸਾ ਦਿੱਤਾ ਜਾਂਦਾ ਸੀ, ਇਹ ਮਾਰਕਿਟ ਕਮੇਟੀ ਦੇ ਪੈਸੇ ਵਿਚੋਂ ਦਿੱਤਾ ਜਾਂਦਾ ਸੀ। ਉਹ ਸੁਪਰੀਮ ਕੋਰਟ ਨੇ ਸਟਰਾਈਕ ਆਫ ਕਰ ਦਿੱਤਾ ਹੈ । ਨਵੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਲੈਜਿਸਲੇਸ਼ਨ ਜ਼ਰੂਰ ਲਿਆਵਾਂਗੇ ਅੱਰ (ਬੰਪਿੰਗ) ਜਲਦੀ ਲਿਆਉਣ ਦੀ ਕੋਸ਼ਿਸ਼ ਕਰਾਂਗੇ ਤਾ ਕਿ ਇਸ ਪੀਰੀਅਡ ਵਿਚ ਜੋ ਰੁਪਿਆ ਬਲਾਕ ਹੋਇਆ ਪਿਆ ਹੈ, ਉਸ ਦੀ ਯੂਟੇਲਾਈਜ਼ੇਸ਼ਨ ਹੋ ਸਕੇ। ਲੇਕਿ ਨ ਸਾਡੇ ਸਾਹਮਣੇ ਬਹੁਤ ਮੁਸ਼ਕਿਲ ਹੈ ਕਿ ਸੁਪਰੀਮ ਕੋਰਟ ਨੇ ਇਕ ਜੋ ਇੰਡੈਕਸ ਮੁਕੱਰਰ ਕੀਤਾ ਹੈ, ਉਸ ਅਨੁਸਾਰ ਅਸੀਂ ਇਸ ਵਿਚ ਕੋਈ ਚੇਂਜ ਨਹੀਂ ਕਰ ਸਕਦੇ ।ਇ ਸ ਲਈ ਔਖਿਆਈ ਆਈ ਹੈ। ਅਸੀਂ ਚਾਹੁੰਦੇ ਸੀ ਕਿ ਕਿਸੇ ਢੰਗ ਨਾਲ ਹੁਣੇ ਹੀ ਤੁਹਾਡੇ ਸਾਹਮਣੇ ਰਖ ਦਿੰਦੇ, ਪਰ ਇਸ ਵਿਚ ਪੇਚੀਦਗੀ ਹੈ। ਕੋਈ ਹੋਰ ਰਸਤਾ ਅਖਤਿਆਰ ਕਰਨਾ ਪਏਗਾ ਤਾਂਕਿ ਉਸ ਰੁਪਏ ਦੀ ਵਰਤੋਂ ਸਾਡੇ ਹੱਥ ਵਿਚ ਆ ਸਕੇ। ਅਸੀਂ ਇਸ ਤੋਂ ਨਹੀਂ ਭੱਜਦੇ ਅਤੇ ਅਸੀਂ ਚਾਹੁੰਦੇ ਹਾਂ ਕਿ ਜਿਹੜੇ ਪੈਸੇ ਅਜਿਹੇ ਬੰਦਿਆਂ ਨੂੰ ਅਗੇ ਮਿਲਿਆ ਕਰਦੇ ਸਨ, ਉਹ ਜਾਰੀ ਰਹਿਣ।

ਸ਼੍ਰੀ ਸਪੀਕਰ : ਮੈਂ ਵੀ ਸੁਜੇਸ਼ਨ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਇਹੋ ਜਿਹੇ ਥਰੈਸ਼ਰਜ਼ ਰਖਦੇ ਹਨ, ਉਨ੍ਹਾਂ ਨੂੰ ਇਨਸ਼ਿਉਰੈਂਸ ਵਾਸਤੇ ਮਜ਼ਬੂਰ ਕੀਤਾ ਜਾਏ ਅੱਰ ਇਨਸ਼ਿਉਰੈਂਸ ਵਾਲਿਆਂ ਵਲੋਂ ਉਨ੍ਹਾਂ ਨੂੰ ਪੈਸੇ ਦਿਤੇ ਜਾਣ।

ਸਰਦਾਰ ਬਲਵਿੰਦਰ ਸਿੰਘ ਭੁੰਦੜ: ਸੀ. ਐਮ. ਸਾਹਿਬ ਨੇ ਜੋ ਕੁੱਝ ਕਿਹਾ ਹੈ, ਠੀਕ ਹੈ। ਪਰ ਸੁਪਰੀਮ ਕੋਰਟ ਦੇ ਫੈਸਲੇ ਆਏ ਨੂੰ ਤਾਂ 8, 9 ਮਹੀਨੇ ਹੋ ਗਏ ਹਨ। ਲੇਕਿੰਨ ਕੋਈ ਹਲ ਨਹੀਂ ਨਿਕਲਿਆ। ਇਹ ਗਰੀਬ ਲੋਕਾਂ ਦੇ ਜਿਨ੍ਹਾਂ ਦੇ ਅੰਗ ਕੱਟੇ ਜਾਂਦੇ ਹਨ, ਕੀ ਇਨ੍ਹਾਂ ਲਈ 10 ਲੱਖ ਦੀ ਪ੍ਰੋਵੀਜ਼ਨ ਬਜਟ ਵਿਚ ਕੀਤੀ ਜਾਏਗੀ ਅੱਰ ਇਨ੍ਹਾਂ ਲੋਕਾਂ ਨੂੰ ਕੰਪਨਸੇਸ਼ਨ ਦਿੱਤੀ ਜਾਏਗੀ ?

ਮੁੱਖ ਮੰਤਰੀ : ਮੇਰੀ ਅਰਜ਼ ਹੈ ਕਿ ਪੈਸੇ ਦੀ ਘਾਟ ਕਰਕੇ ਸਾਨੂੰ ਕੋਈ ਤਕਲੀਫ ਹੋ ਸਕਦੀ ਹੈ। ਵੈਸੇ ਇਹ ਜਿਹੜਾ ਇਸ਼ੂ ਹੈ ਇਹ ਇਗਨੋਰ ਨਹੀਂ ਕੀਤਾ ਜਾ ਸਕਦਾ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਇਥੇ ਦਸਿਆ ਗਿਆ ਹੈ ਕਿ ਮਾਰਕਿਟ ਕਮੇਟੀਆਂ ਨੇ ਕੰਪਨਸੇਸ਼ਨ ਲਈ ਪੈਸੇ ਦੇਣੇ ਸੀ। (ਵਿਘਨ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਥਰੈਸ਼ਰ ਵਗੈਰਾ ਬੜੇ ਜ਼ਿਮੀਦਾਰ ਰਖਦੇ ਹਨ, ਜਦੋਂ ਕਿਸੇ ਫਾਰਮ ਲੇਬਰਰ ਦਾ ਕੋਈ ਅੰਗ ਕਟਿਆ ਜਾਂਦਾ ਹੈ ਤਾਂ ਕਿਉਂ ਨਹੀਂ ਉਸ ਨੂੰ ਕੰਪਨਸੇਸ਼ਨ ਦੇਣ ਬਾਰੇ ਉਸ ਦਾ ਭਾਰ ਉਸ ਜ਼ਿਮੀਦਾਰਾਂ ਤੇ ਪਾਇਆ ਜਾਂਦਾ ? ਸਰਕਾਰ ਨੂੰ ਇਹ ਭਾਰ ਬਰਦਾਸ਼ਤ ਨਹੀਂ ਕਰਨਾ ਚਾਹੀਦਾ।

(ਕੋਈ ਉੱਤਰ ਨਹੀਂ ਆਇਆ)

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਪੈਸੇ ਦਿੱਤੇ ਜਾਂਦੇ ਸੀ, ਪਰ ਹੁਣ ਦਿਤੇ ਨਹੀਂ ਜਾ ਸਕਦੇ, ਇਸ ਨਾਲ ਅਸੀਂ ਸਹਿਮਤ ਹਾਂ ਪਰ ਸੋਸ਼ਲ ਵੈਲਫੇਅਰ-ਡਿਪਾਰਟਮੈਂਟ ਵਲੋਂ ਫਿਜ਼ੀਕਲੀ ਡਿਸਏਬਲਡ ਬੰਦਿਆਂ ਲਈ ਜੇ ਕਿਸੇ ਦੀ ਬਾਂਹ ਕਟੀ ਗਈ, ਕੋਈ ਫਿਜ਼ੀਕਲੀ ਡਿਸਏਬਲਡ ਹੋ ਜਾਏ ਤਾਂ ਉਸ ਦੀ ਪੈਨਸ਼ਨ ਦੇ ਲਈ 55 ਸਾਲ ਦੀ ਉਮਰ ਰਖੀ ਹੋਈ ਹੈ। ਕੀ ਇਹ ਇਨ੍ਹਾਂ ਲੋਕਾਂ ਵਾਸਤੇ ਉਮਰ ਦੀ ਸੀਮਾਂ ਘਟਾ ਕੇ ਇਸ ਮਹਿਕਮੇ ਵਲੋਂ ਉਨ੍ਹਾਂ ਨੂੰ ਪੈਨਸ਼ਨ ਦੇਣ ਦਾ ਪ੍ਰਬੰਧ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਪਰਪੋਜ਼ਲ ਹੈ, ਇਸ ਤੇ ਵਿਚਾਰ ਕੀਤਾ ਜਾਵੇਗਾ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਇਹ ਗੱਲ ਬੜੀ ਇੰਪਾਰਟੈਂਟ ਹੈ ਅਤੇ ਇਹ ਸਾਡੀ ਸਰਕਾਰ ਦੇ ਸਾਹਮਣੇ ਵੀ ਗੱਲ ਆਈ ਸੀ। ਇਸ ਬਾਰੇ ਹੁਣ ਵੀ ਮੇਰੇ ਸਾਥੀਆਂ ਨੇ ਜ਼ਿਕਰ

Original with;
Punjab Vidhan Sabha
Digitized by;
Panjab Digital Library

ਥੀਤਾ ਹੈ। ਮੈਂ ਫਿਰ ਉਸੇ ਗੱਲ ਤੇ ਸਟਰੈਸ ਕਰਨਾ ਚਾਹੁੰਦਾ ਹਾਂ। ਮੈਂ ਸੀ. ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਐਗਰੀਕਲਚਰਲ ਲੇਬਰ ਹੈ, ਇਸ ਵਿਚ ਇਕੱਲੇ ਪੰਜਾਬ ਦੀ ਹੀ ਲੇਬਰ ਨਹੀਂ ਹੈ ਬਲਕਿ ਇਸ ਵਿਚ ਯੂ.ਪੀ. ਦੇ ਭੱਈਏ ਵੀ ਹਨ, ਜਿਨ੍ਹਾਂ ਦੇ ਅੰਗ ਕੱਟੇ ਜਾਂਦੇ ਹਨ, ਉਹ ਅੰਗਹੀਣ ਹੋ ਜਾਂਦੇ ਹਨ ਅਤੇ ਉਹ ਨਕਾਰਾ ਹੋ ਜਾਂਦੇ ਹਨ। ਇਸ ਲਈ ਕੀ ਸੀ.ਐਮ.ਸਾਹਿਬ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਕੀ ਉਹ ਮਾਰਕਿਟਿੰਗ ਬੋਰਡ ਵੱਲੋਂ ਇਨ੍ਹਾਂ ਅੰਗਹੀਣ ਹੋਏ ਮਜ਼ਦੂਰਾਂ ਦੀਆਂ ਪੈਨਸ਼ਨਾਂ ਲਗਾਉਣਗੇ ਜਾਂ ਵੈਲਫੇਅਰ ਬੋਰਡ ਵਿਚ ਇਕ ਕਲਾਜ਼ ਪਾਉਣਗੇ, ਜਿਸ ਨਾਲ ਕਿ ਅੰਗਹੀਣਾਂ ਨੂੰ ਪੈਨਸ਼ਨ ਦਿੱਤੀ ਜਾਵੇ ?

ਸ਼੍ਰੀ ਸਪੀਕਰ : ਇਸ ਦਾ ਜਵਾਬ ਮਾਨ ਸਾਹਿਬ ਦੇ ਸਵਾਲ ਦੇ ਜਵਾਬ ਵਿਚ ਸੀ.ਐਮ.ਸਾਹਿਬ ਨੇ ਦੇ ਚਿਤਾ ਹੈ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਜਦੋਂ ਅਸੀਂ ਕਿਸਾਨਾਂ ਦੀ ਗੱਲ ਕਰਦੇ ਹਾਂ ਤਾ ਇਹ ਕਹਿੰਦੇ ਹਨ ਕਿ ਪੈਸੇ ਨਹੀਂ ਹਨ ਅਤੇ ਜੇ ਅਸੀਂ ਹਰੀਜਨਾਂ ਦੀ ਗੱਲ ਕਰਦੇ ਹਾਂ ਤਾਂ ਵੀ ਇਹ ਕਹਿੰਦੇ ਹਨ ਕਿ ਪੈਸੇ ਨਹੀਂ ਹਨ। ਸਪੀਕਰ ਸਾਹਿਬ, ਇਹ ਸਭ ਤੋਂ ਵੱਡੀ ਦੁੱਖ ਦੀ ਗੱਲ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੀਆਂ ਬਾਹਾਂ ਕੱਟੀਆਂ ਜਾਂਦੀਆਂ ਹਨ, ਇਸ ਤੋਂ ਆਖਰੀ ਤਾਂ ਫਿਰ ਮੌਤ ਹੀ ਹੁਦੀ ਹੈ, ਉਨ੍ਹਾਂ ਵਾਸਤੇ ਅਗਰ ਕਿਹਾ ਜਾਵੇ ਕਿ ਬਜੱਟ ਵਿਚ ਪੈਸਾ ਨਹੀਂ ਹੈ ਤਾਂ ਫਿਰ ਇਸ ਤੋਂ ਪਤਾ ਲਗ ਜਾਂਦਾ ਹੈ ਕਿ ਇਸ ਸਰਕਾਰ ਦੀ ਉਨ੍ਹਾਂ ਪ੍ਰਤੀ ਕਿੰਨੀ ਹਮਦਰਦੀ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜੱਟ ਵਿਚ ਪਰੋਵੀਜ਼ਨ ਕਰਕੇ ਇਸ ਕੰਮ ਵਾਸਤੇ ਪੈਸੇ ਰਖੇ ਜਾਣ ਅਤੇ ਉਨ੍ਹਾਂ ਦੀ ਪੂਰੀ ਮੱਦਦ ਕੀਤੀ ਜਾਵੇ।

ਸ਼੍ਰੀ ਸਪੀਕਰ : ਇਸ ਦਾ ਜਵਾਬ ਪਹਿਲਾਂ ਆ ਗਿਆ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪਿਛਲੇ ਸਾਲ ਜਦੋਂ ਮਾਰਕਿਟਿੰਗ ਬੋਰਡ ਨੇ ਪੈਸੇ ਦੇਣ ਦਾ ਐਲਾਨ ਕੀਤਾ ਸੀ ਤਾਂ ਉਦੋਂ ਬਹੁਤ ਸਾਰੀਆਂ ਅਰਜ਼ੀਆਂ ਮਾਰਕਿਟਿੰਗ ਬੋਰਡ ਨੂੰ ਆਈਆਂ ਸਨ। ਲੋਕਾਂ ਨੇ ਬੜੀ ਤਕਲੀਫ ਉਠਾ ਕੇ ਅਰਜ਼ੀਆਂ ਪੂਰੀਆਂ ਕਰਕੇ ਭੇਜੀਆਂ ਸਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤਕ ਸੁਪਰੀਮ ਕੋਰਟ ਦਾ ਫੈਸਲਾ ਅਮੈਂਡ ਨਹੀਂ ਕਰਦੇ, ਕੀ ਉਦੋਂ ਤੱਕ ਪੰਜਾਬ ਸਰਕਾਰ ਕਿਸੇ ਹੋਰ ਫੰਡ ਵਿਚੋਂ ਉਨ੍ਹਾਂ ਨੂੰ ਪੈਸੇ ਦੇ ਕੇ ਉਨ੍ਹਾਂ ਦੀ ਮਦੱਦ ਕਰੇਗੀ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਪਹਿਲਾਂ ਹੀ ਕਿਹਾ ਹੈ ਕਿ ਅਸੀਂ ਇਸ ਨੂੰ ਸਿੰਪੇਥੈਟੀਕਲੀ ਕੰਸਿਡਰ ਕਰਾਂਗੇ ।

ਸਰਦਾਰ ਅਵਤਾਰ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਅਗੇ ਵੀ ਕਈ ਸੁਝਾਉ ਆਏ ਹਨ ਕਿ ਜਿਨ੍ਹਾਂ ਦੇ ਥਰੈਸ਼ਰ ਨਾਲ ਹੱਥ ਕਟੇ ਜਾਂਦੇ ਹਨ ਉਨ੍ਹਾਂ ਨੂੰ ਜਿਨ੍ਹਾਂ ਜ਼ਿਮੀਦਾਰਾਂ ਦੇ ਟਰੈਕਟਰ ਨਾਲ ਉਨ੍ਹਾਂ ਦੇ ਹੱਥ ਕਟੇ ਜਾਂਦੇ ਹਨ, ਉਹ ਉਨ੍ਹਾਂ ਨੂੰ ਕੰਪਨਸੇਸ਼ਨ ਦੇਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਟਰੈਕਟਰ ਇਕੱਲੇ ਜ਼ਿਮੀਦਾਰਾਂ ਦੇ ਹੀ ਨਹੀਂ ਹੁੰਦੇ ਸਗੋਂ ਕਈ ਗਰੀਬ ਲੋਕ ਵੀ ਟਰੈਕਟਰ ਕਰਜ਼ੇ ਤੇ ਲੈ ਕੇ ਇਹ ਧੰਦਾ ਚਲਾਉਂਦੇ ਹਨ । ਕਈ ਛੋਟੇ ਜ਼ਿਮੀਦਾਰ ਥਰੈਸ਼ਰ ਕਿਰਾਏ ਤੇ ਚਲਾਉਂਦੇ ਹਨ ਪਰ ਉਹ ਕੰਪਨਸੇਸ਼ਨ ਨਹੀਂ ਦੇ ਸਕਦੇ। ਇਸ ਲਈ ਮੇਰੀ ਬੇਨਤੀ ਇਹ ਹੈ ਕਿ ਅਗਰ ਮਾਰਕਿਟ ਕਮੇਟੀ ਦੇ ਫੰਡ ਵਿਚੋਂ ਉਨ੍ਹਾਂ ਨੂੰ ਪੈਸੇ ਨਹੀਂ ਮਿਲ ਸਕਦੇ ਤਾਂ ਸਾਨੂੰ ਬੱਜਟ ਵਿਚ ਪਰੋਵੀਜ਼ਨ ਕਰਨੀ ਚਾਹੀਦੀ ਹੈ ਤਾਕਿ ਉਨ੍ਹਾਂ ਨੂੰ ਰਿਲੀਫ ਦੇ ਸਕੀਏ। (ਥੰਪਿੰਗ) ।

Original with;
Punjab Vidhan Sabha
Digitized by;
Panjab Digital Library

ਖੇਤੀਬਾੜੀ ਅਤੇ ਜੰਗਲਾਤ ਮੰਤਰੀ: ਸਪੀਕਰ ਸਾਹਿਬ, ਇਹ ਜਿਹੜੀ ਹਾਊਸ ਦੇ ਸਾਹਮਣੇ ਥਰੈਸ਼ਰਾਂ ਨਾਲ ਅੰਗ ਕੱਟੇ ਜਾਣ ਦੀ ਗੱਲ ਚੱਲ ਰਹੀ ਹੈ ਅਤੇ ਜਿਸ ਬਾਰੇ ਜਨਾਬ ਨੇ ਵੀ ਉਨ੍ਹਾਂ ਦੀ ਇਨਸ਼ਿਓਰੈਂਸ ਬਾਰੇ ਫ਼ਰਮਾਇਆ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਦਿਹਾਤੀ ਲੋਕ ਬੜੇ ਲਾਪਰਵਾਹ ਹੁੰਦੇ ਹਨ। ਇਹੋ ਜਿਹੀਆਂ ਕਾਗਜ਼ੀ ਕਾਰਵਾਈਆਂ ਉਨ੍ਹਾਂ ਕੋਲੋਂ ਨਹੀਂ ਹੋਣੀਆਂ । (ਵਿਘਨ) ਬਾਕੀ ਜਿਹੜੀ ਗੱਲ ਮੇਰੇ ਦੋਸਤਾਂ ਨੇ ਕੀਤੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਗਲੇ ਥਰੈਸ਼ਿੰਗ ਸੀਜ਼ਨ ਤੋਂ ਪਹਿਲਾਂ ਸਾਡੀ ਸਰਕਾਰ ਇਸ ਗੱਲ ਦਾ ਬੰਦੋਬਸਤ ਕਰ ਦੇਵੇਗੀ। (ਥੰਪਿੰਗ)

Letter written by any Ex-Legislator of the Communist Party regarding Firing/Murdering of Leaders of Palledars of F. C. I. in district Amritsar

***117. Comrade Raj Kumar : Will the Chief Minister be pleased to state whether any ex-Legislator of the Communist Party wrote a letter to the Secretary to Government, Punjab, Home Department, a few days ago about the firing/murder of leaders of Palledars of F.C.I. in district Amritsar and also registering cases against them; if so, the details thereof and the action, if any, taken thereon?**

ਸਰਦਾਰ ਦਰਬਾਰਾ ਸਿੰਘ: ਹਾਂ ਜੀ, ਮੈਮੋਰੰਡਮ ਮਿਤੀ 3 ਜੂਨ, 1980 ਵਲੋਂ ਸ਼੍ਰੀ ਸਤਪਾਲ ਡੰਗ, ਸਾਬਕਾ ਐਮ. ਐਲ. ਏ., ਵਲੋਂ ਅੰਮ੍ਰਿਤਸਰ ਵਿਖੇ ਐਫ. ਸੀ. ਆਈ. ਦੇ ਕਾਮਿਆਂ ਅਤੇ ਗਲਾ ਮਜ਼ਦੂਰ ਯੂਨੀਅਨ, ਛੇਹਰਟਾ ਦੇ ਕਾਮਿਆਂ ਵਿਚਕਾਰ ਹੋਏ ਝਗੜੇ ਬਾਰੇ 10 ਜੂਨ, 1980 ਨੂੰ ਪ੍ਰਾਪਤ ਹੋਇਆ । ਇਸ ਬਾਰੇ ਐਸ. ਪੀ. ਸਿਕਿਉਰਿਟੀ, ਸੀ, ਆਈ. ਡੀ., ਪੰਜਾਬ, ਨੇ ਮੌਕੇ ਤੇ ਜਾ ਕੇ ਪੜਤਾਲ ਕੀਤੀ । ਹਾਲਾਤ ਇਸ ਪ੍ਰਕਾਰ ਹਨ ਕਿ ਛੇਹਰਟਾ ਦੇ ਇਕ ਠੇਕੇਦਾਰ ਸ਼੍ਰੀ ਸਤਪਾਲ ਭਰੇ ਹੋਏ 11 ਟਰੱਕਾਂ ਸਮੇਤ ਛੇਹਰਟਾ ਦੇ ਗੱਲਾ ਮਜ਼ਦੂਰਾਂ ਦੇ, ਰੇਲਵੇ ਸਟੇਸ਼ਨ ਟਾਂਗਰਾਂ ਪਹੁੰਚਿਆ ਅਤੇ ਟਰੱਕਾਂ ਦਾ ਮਾਲ ਉਤਾਰਨ ਲੱਗੇ । ਇਤਨੇ ਚਿਰ ਵਿਚ ਐਫ. ਸੀ. ਆਈ. ਦੇ 150/200 ਕਾਮੇ ਉਥੇ ਪੁੱਜੇ ਅਤੇ ਮਾਲ ਲਾਹੁਣ ਦੇ ਕੰਮ ਵਿਚ ਦਖਲ ਅੰਦਾਜ਼ੀ ਕਰਨ ਲਗੇ । ਉਹ ਮੰਗ ਕਰ ਰਹੇ ਸਨ ਕਿ ਮਾਲ ਉਨ੍ਹਾਂ ਨੂੰ ਲਾਹੁਣ ਦਿਤਾ ਜਾਵੇ ਜਾਂ ਅਧੋ ਆਧ ਕਰ ਲੈਣਾ ਚਾਹੀਦਾ ਹੈ। ਸ਼੍ਰੀ ਨਰੰਜਣ ਸਿੰਘ, ਗੱਲਾ ਮਜ਼ਦੂਰ ਯੂਨੀਅਨ, ਛੇਹਰਟਾ ਦੇ ਪ੍ਰਧਾਨ ਜੋ ਕਿ ਟਰੱਕਾਂ ਨਾਲ ਆਏ ਸਨ, ਨੇ ਐਫ. ਸੀ. ਆਈ. ਦੇ ਕਾਮਿਆਂ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਠੇਕੇਦਾਰ ਆਪਣੇ ਮਜ਼ਦੂਰ ਛੇਹਰਟਾ ਤੋਂ ਲੈ ਕੇ ਆਏ ਹਨ ਤੇ ਉਹੋ ਹੀ ਮਾਲ ਉਤਾਰਨਗੇ । ਪਰੰਤੂ ਦਿਆਲ ਸਿੰਘ ਤੇ ਐਫ. ਸੀ. ਆਈ. ਦੇ ਹੋਰ ਕਾਮਿਆਂ ਨੇ ਉਸ ਦੀ ਗਲਬਾਤ ਵੱਲ ਧਿਆਨ ਨਾ ਦਿਤਾ ਅਤੇ ਦੂਸਰੇ ਮਜ਼ਦੂਰਾਂ ਤੇ ਹਮਲਾ ਕਰ ਦਿਤਾ, ਜਿਸ ਕਰਕੇ ਨਰੰਜਣ ਸਿੰਘ, ਰਾਮ ਪ੍ਰਕਾਸ਼, ਦਰਸ਼ਨ ਸਿੰਘ ਅਤੇ ਅਮਰੀਕ ਸਿੰਘ ਆਦਿ ਨੂੰ ਕ੍ਰਿਪਾਨਾ ਅਤੇ ਗੰਡਾਸਿਆਂ ਤੋਂ ਗੰਭੀਰ ਚੋਟਾਂ ਆਈਆਂ । ਸ਼੍ਰੀ ਜਗੀਰ ਸਿੰਘ ਛੇਹਰਟਾ ਟਰੱਕ ਯੂਨੀਅਨ ਦੇ ਪ੍ਰਧਾਨ ਜੋ ਟਰੱਕਾਂ ਨਾਲ ਆਏ ਸਨ ਅਤੇ ਜਿਸ ਪਾਸ ਆਪਣੀ ਲਾਇਸੰਸੀ ਬੰਦੂਕ ਸੀ, ਨੇ ਹਾਲਾਤ ਤੇ ਕਾਬੂ ਪਾਉਣ ਲਈ ਹਵਾਈ ਫਾਇਰ ਕੀਤੇ। ਜਦੋਂ ਐਫ. ਸੀ. ਆਈ. ਦੇ ਕਾਮੇ ਪਿਛਾਹ ਨਾ ਹਟੇ ਤੇ ਹਮਲਾ ਕਰਦੇ ਰਹੇ, ਸ਼੍ਰੀ ਜਗੀਰ ਸਿੰਘ ਨੇ ਸਿੱਧੇ ਫਾਇਰ ਕੀਤੇ, ਜਿਸ ਨਾਲ ਐਫ. ਸੀ. ਆਈ. ਦੇ 25/30 ਮਜ਼ਦੂਰਾਂ ਨੂੰ ਛੁਰਿਆਂ ਨਾਲ ਜ਼ਖਮ ਆਏ। ਉਨ੍ਹਾਂ ਵਿਚੋਂ ਇਕ ਸ਼੍ਰੀ ਤੋਤਾ ਸਿੰਘ 11 ਅਪ੍ਰੈਲ, 1980 ਨੂੰ ਹਸਪਤਾਲ ਵਿਚ ਮਰ ਗਿਆ। ਇਸ ਸਬੰਧ ਵਿਚ ਜੀ. ਆਰ. ਪੀ. ਦੇ ਥਾਣਾ ਅੰਮ੍ਰਿਤਸਰ ਵਿਖੇ ਮੁਕਦਮਾ ਨੰ: 92 ਮਿਤੀ 10 ਅਪ੍ਰੈਲ, 1980 ਅਧੀਨ ਧਾਰਾ 307/379/148/149/188 ਆਈ. ਪੀ, ਸੀ; ਅਤੇ 27/54/59 ਅਸਲਾ ਐਕਟ ਐਫ, ਸੀ. ਆਈ. ਦੇ ਕਾਮਿਆਂ ਦੇ ਵਿਰੁਧ ਦਰਜ ਹੋਇਆ । ਭਾਵੇਂ ਛੇਹਰਟਾ ਗਲਾ ਮਜ਼ਦੂਰ ਯੂਨੀਅਨ ਦੇ

Original with;
Punjab Vidhan Sabha
Digitized by;
Panjab Digital Library

ਕਾਮਿਆਂ ਵਲੋਂ ਗੋਲੀ ਚਲਾਈ ਗਈ ਸੀ ਪਰੰਤੂ ਪੜਤਾਲ ਤੋਂ ਐਫ. ਸੀ. ਆਈ. ਦੇ ਕਾਮੇ ਦੋਸ਼ੀ ਸਾਬਤ ਹੋਏ ਕਿਉਂਕਿ ਛੋਹਰਟਾ ਦੇ ਕਾਮਿਆਂ ਨੇ ਕੇਵਲ ਆਪਣੀ ਸੁਰੱਖਿਆ ਲਈ ਗੋਲੀ ਚਲਾਈ ਸੀ। ਇਸ ਲਈ ਇਸ ਕੇਸ ਵਿਚ ਐਫ. ਸੀ. ਆਈ. ਦੇ 72 ਮੁਲਜ਼ਮ ਪਕੜੇ ਗਏ। ਇਨ੍ਹਾਂ ਵਿਚੋਂ 63 ਜ਼ਮਾਨਤ ਤੇ ਹਨ ਅਤੇ 9 ਜਡੀਸ਼ੀਅਲ ਜੇਲ੍ਹ ਵਿਚ ਹਨ। ਇਸ ਮੁਕਦਮੇ ਦੀ ਤਫਤੀਸ਼ ਦੀ ਪੜਤਾਲ ਫਿਰੋਜ਼ਪੁਰ, ਪਟਿਆਲਾ ਅਤੇ ਜਲੰਧਰ ਦੇ ਸੀ. ਆਰ. ਪੀ. ਦੇ ਡੀ. ਐਸ. ਪੀਆਂ ਵਲੋਂ ਵੀ ਪੜਤਾਲ ਕਰਵਾਈ ਸੀ। ਇਸ ਕੇਸ ਦਾ ਚਲਾਨ ਤਿਆਰ ਹੈ। ਪਰੰਤੂ ਐਫ. ਸੀ. ਆਈ. ਦੇ ਕਾਮਿਆਂ ਵਲੋਂ ਛੋਹਰਟਾ ਮਜ਼ਦੂਰ ਯੂਨੀਅਨ ਦੇ 15 ਕਾਮਿਆਂ ਦੇ ਵਿਰੁਧ ਅਦਾਲਤ ਵਿਚ ਇਸਤਗਾਸਾ ਦਾਇਰ ਕਰ ਦਿੱਤਾ। ਜਿਸ ਵਿਚ 2 ਗਵਾਹ ਭੁਗਤੇ ਜਾ ਚੁਕੇ ਹਨ ਅਤੇ ਇਸਤਗਾਸਾ ਅਦਾਲਤ ਵਿਚ ਚਲ ਰਿਹਾ ਹੈ। ਕਿਉਂਕਿ ਪੜਤਾਲ ਤੋਂ ਇਹ ਪਾਇਆ ਗਿਆ ਹੈ ਕਿ ਜ਼ਗੀਰ ਸਿੰਘ ਨੇ ਗੱਲਾ ਮਜ਼ਦੂਰ ਯੂਨੀਅਨ ਦੇ ਕਾਮਿਆਂ ਅਤੇ ਆਪਣੀ ਸੁਰੱਖਿਆ ਲਈ ਗੋਲੀ ਚਲਾਈ ਸੀ। ਉਸ ਦੇ ਤੇ ਉਸ ਦੇ ਸਾਥੀਆਂ ਦੇ ਵਿਰੁਧ ਕੋਈ ਮੁਕੱਦਮਾ ਦਰਜ ਨਹੀਂ ਕੀਤਾ ਗਿਆ।

ਇਥੇ ਇਹ ਵੀ ਵਰਨਣ ਕੀਤਾ ਜ਼ਾਂਦਾ ਹੈ ਕਿ ਐਸ. ਪੀ. ਸਿਕਿਉਰਿਟੀ, ਸੀ. ਆਈ. ਡੀ, ਪੰਜਾਬ ਦੀ ਪੜਤਾਲ ਚੋਂ ਵੀ ਐਫ. ਸੀ. ਆਈ. ਦੇ ਕਾਮੇ ਦੋਸ਼ੀ ਪਾਏ ਗਏ ਅਤੇ ਉਹ ਮੁਲਜ਼ਮ ਪਾਰਟੀ ਹੈ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਸੀ. ਐਮ. ਦੇ ਲੰਬੇ ਜਵਾਬ ਵਿਚੋਂ ਇਕ ਗਲ ਬੜੀ ਸਪੱਸ਼ਟ ਹੁੰਦੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਟਾਂਗਰਾ ਐਫ. ਸੀ. ਆਈ. ਦੇ ਵਰਕਰ ਜਿਹੜੇ ਕਿ ਠੇਕੇਦਾਰ ਸੱਤਪਾਲ ਦੇ ਮੁਲਾਜ਼ਮ ਸਨ ਅਤੇ ਜਿਹੜੇ ਕਿ ਕਾਫੀ ਸਮੇਂ ਤੋਂ ਕੰਟਰੈਕਟ ਲੇਬਰ ਰੈਗੂਲੇਸ਼ਨ ਐਂਡ ਐਬੋਲੀਸ਼ਨ ਐਕਟ, 1970 ਦੇ ਅਧੀਨ ਕੁਝ ਮੰਗਾਂ ਕਰ ਰਹੇ ਸਨ, ਉਨ੍ਹਾਂ ਦੀ ਉਸ ਸਟਰਗਲ ਨੂੰ ਦੇਣ ਲਈ ਟਾਂਗਰਾ ਤੋਂ ਛੋਹਰਟਾ ਤੱਕ ਟਰੱਕ ਵਿਚ ਲਿਆਂਦਾ ਗਿਆ। ਉਨ੍ਹਾਂ ਦਾ ਉਥੇ ਕਲੈਸ਼ ਹੋਇਆ। ਸ਼੍ਰੀ ਜ਼ਾਗੀਰ ਸਿੰਘ, ਜੋ ਕਿ ਛੋਹਰਟਾ ਟਰੱਕ ਯੂਨੀਅਨ ਦਾ ਪ੍ਰਧਾਨ ਸੀ ਅਤੇ ਜਿਸ ਪਾਸ ਆਪਣੀ ਲਾਇਸੰਸੀ ਬੰਦੂਕ ਸੀ, ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ 25/30 ਵਰਕਰਾਂ ਨੂੰ ਜ਼ਖਮੀ ਕਰ ਦਿੱਤਾ ਅਤੇ ਇਕ ਮਰ ਗਿਆ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੇਸ ਵੀ 307/379/148/149/188 ਅਧੀਨ ਦਰਜ ਹੋਇਆ, ਜਿਸ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ, ਕੀ ਇਨ੍ਹਾਂ ਵਲੋਂ ਜਿਨ੍ਹਾਂ ਨੂੰ ਆਰਮਜ਼ ਮਿਲੇ ਹਨ, ਉਨ੍ਹਾਂ ਨੂੰ ਆਗਿਆ ਦਿੱਤੀ ਹੋਈ ਹੈ ਕਿ ਉਹ ਆਪਣੀ ਮਰਜ਼ੀ ਨਾਲ ਹੀ ਵਰਕਰਾਂ ਨੂੰ ਗੋਲੀਆਂ ਨਾਲ ਮਾਰ ਦੇਣ? ਕੀ ਇਨ੍ਹਾਂ ਨੇ ਉਸ ਫਾਇਰਿੰਗ ਦੀ ਇਨਕੁਆਇਰੀ ਕੀਤੀ ਹੈ? ਇਕ ਤੋਤਾ ਸਿੰਘ ਨਾਮ ਦਾ ਆਦਮੀ ਮਰ ਗਿਆ। ਕੀ ਉਸ ਕਾਤਲ ਦੇ ਖਿਲਾਫ ਕੋਈ ਪਰਚਾ ਦਰਜ ਕੀਤਾ ਗਿਆ?

ਮੁੱਖ ਮੰਤਰੀ: ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਐਫ. ਸੀ. ਆਈ. ਦੇ ਕਰਮਚਾਰੀ ਜਿਹੜੇ ਹਨ ਉਨ੍ਹਾਂ ਨੂੰ ਇਹ ਕੰਮ ਕਰਨ ਵਾਸਤੇ ਕਿਹਾ ਸੀ। ਸਾਡਾ ਇਸ ਦੇ ਵਿਚ ਕੋਈ ਦਖਲ ਨਹੀਂ ਹੈ। ਕੰਟਰੈਕਟਰ ਦੇ ਬੰਦੇ ਅਨਲੋਡ ਕਰਨ ਵਾਸਤੇ 11 ਟਰੱਕ ਲੈ ਕੇ ਗਏ ਉਥੇ 100-150 ਵਰਕਰਜ਼ ਐਫ, ਸੀ. ਆਈ. ਦੇ ਪਹੁੰਚ ਗਏ ਅਤੇ ਉਹ ਮਾਲ ਅਨਲੋਡ ਕਰਨ ਦੇ ਕੰਮ ਵਿਚ ਦਖਲ ਅੰਦਾਜ਼ੀ ਕਰਨ ਲਗੇ। ਉਹ ਕਹਿਣ ਲਗੇ ਕਿ ਜਾਂ ਤਾਂ ਮਾਲ ਉਨ੍ਹਾਂ ਨੂੰ ਲਾਹੁਣ ਦਿੱਤਾ ਜਾਵੇ ਜਾਂ ਅਧੋ ਅੱਧ ਕਰ ਲੈਣਾ ਚਾਹੀਦਾ ਹੈ। ਮਜ਼ਦੂਰ ਯੂਨੀਅਨ ਛੋਹਰਟਾ ਦੇ ਪ੍ਰਧਾਨ ਜੋ ਕਿ ਟਰੱਕਾਂ ਨਾਲ ਆਏ ਸਨ, ਉਨ੍ਹਾਂ ਨੇ ਐਫ, ਸੀ, ਆਈ, ਦੇ ਕਾਮਿਆਂ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਠੇਕੇਦਾਰ ਆਪਣੇ ਮਜ਼ਦੂਰ ਲੈ ਕੇ ਆਇਆ ਹੈ ਅਤੇ ਉਹੀ ਮਾਲ ਉਤਾਰਨਗੇ। ਲੇਕਿਨ ਉਨ੍ਹਾਂ ਦੇ ਸਮਝਾਉਣ ਦੇ ਬਾਵਜੂਦ ਵੀ ਉਨ੍ਹਾਂ ਨੇ ਮਜ਼ਦੂਰਾਂ ਤੇ ਕਿਰਪਾਨਾਂ ਅਤੇ ਗੰਡਾਸਿਆਂ ਨਾਲ ਹਮਲਾ ਕਰ ਦਿਤਾ, ਫਿਰ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਆਪਣੀ ਸੈਲਫ ਡੀਫੈਂਸ ਇਸ ਤਰ੍ਹਾਂ ਕੀਤੀ । ਸਾਰੀ ਇਨਕੁਆਇਰੀ ਤੋਂ ਬਾਅਦ ਭਾਵੇਂ ਉਹ ਇਧਰੋਂ ਹੋਈ ਹੈ ਜਾਂ ਸੀ. ਆਈ. ਡੀ. ਵਲੋਂ ਜਾਂ ਰੇਲਵੇ ਪੁਲਿਸ ਵਲੋਂ ਹੋਈ ਹੈ, ਉਹ ਸਾਰੇ ਇਕੋ ਗਲ ਤੇ ਪਹੁੰਚੇ ਹਨ ਕਿ ਸੈਲਫ ਡੀਫੈਂਸ ਵਿਚ ਸਭ ਕੁਝ ਕੀਤਾ ਗਿਆ ਹੈ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜੋ ਹੁਣ ਜਵਾਬ ਦਿੱਤਾ ਹੈ, ਉਸ ਦੇ ਨਾਲ ਮਾਮਲਾ ਹੋਰ ਉਲਝਾ ਦਿੱਤਾ ਹੈ । ਜਵਾਬ ਵਿਚ ਕਿਧਰੇ ਥੋੜ੍ਹਾ ਜਿਹਾ ਵੀ ਜ਼ਿਕਰ ਨਹੀਂ ਕਿ, ਜਿਹੜੇ ਛੇਹਰਟਾ ਤੋਂ 11 ਟਰੱਕ ਭਰ ਕੇ ਵਰਕਰਜ਼ ਦੇ ਆਏ ਅੌਰ ਜਿਨ੍ਹਾਂ ਬੰਦਿਆਂ ਨੇ ਕਤਲ ਕੀਤਾ ਹੈ ਗੋਲੀ ਦੇ ਛੁਰਿਆਂ ਨਾਲ, ਛੁਰਿਆਂ ਨਾਲ ਕਤਲ ਨਹੀਂ ਹੋਇਆ, ਉਨ੍ਹਾਂ ਨੂੰ ਕਿਧਰੇ ਝਰੀਟ ਤਕ ਨਹੀਂ ਆਈ । ਮੁੱਖ ਮੰਤਰੀ ਸਾਹਿਬ ਹੁਣ ਕਹਿੰਦੇ ਹਨ ਕਿ ਇਸ ਦੀ ਇਨਕੁਆਇਰੀ ਕੀਤੀ ਹੈ ਅਤੇ ਇਹ ਸਾਰਾ ਕੁਝ ਸੈਲਫ ਡੀਫੈਂਸ ਵਿਚ ਹੋਇਆ ਹੈ। ਮੈਂ ਮੁੱਖ ਮੰਤਰੀ ਜੀ ਤੋਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜਾ ਸੀਰੀਅਸ ਮਾਮਲਾ ਹੈ ਅਤੇ ਇਸ ਦੇ ਵਿਚ 35 ਹਜ਼ਾਰ ਐਫ. ਸੀ. ਆਈ. ਦੇ ਵਰਕਰਜ਼ ਇਨਵਾਲਵਡ ਹਨ ਅਤੇ ਉਨ੍ਹਾਂ ਵਿਚ ਸਖਤ ਬੇਚੈਨੀ ਹੈ, ਕੀ ਮੁੱਖ ਮੰਤਰੀ ਸਾਹਿਬ ਇਸ ਸਾਰੇ ਮਾਮਲੇ ਦੀ ਜੁਡੀਸ਼ੀਅਲ ਇਨਕੁਆਇਰੀ ਕਰਾਉਣ ਲਈ ਆਰਡਰ ਕਰਨ ਵਾਸਤੇ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਉਨ੍ਹਾਂ ਮਜ਼ਦੂਰਾਂ ਬਾਰੇ ਮੈਂ ਆਪਣੇ ਜਵਾਬ ਵਿਚ ਕੁਝ ਨਹੀਂ ਕਿਹਾ ਲੇਕਿਨ ਮੈਂ ਆਪਣੇ ਉੱਤਰ ਵਿਚ ਕਿਹਾ ਹੈ ਕਿ ਐਫ ਸੀ. ਆਈ. ਦੇ ਹੋਰ ਕਾਮਿਆਂ ਨੇ ਉਸ ਦੀ ਗਲ ਬਾਤ ਵੱਲ ਧਿਆਨ ਨਾ ਦਿੱਤਾ ਅਤੇ ਦੂਸਰੇ ਮਜ਼ਦੂਰਾਂ ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਨਰੰਜਣ ਸਿੰਘ, ਰਾਮ ਪ੍ਰਕਾਸ਼, ਦਰਸ਼ਨ ਸਿੰਘ ਅਤੇ ਅਮਰੀਕ ਸਿੰਘ ਆਦਿ ਨੂੰ ਕਿਰਪਾਨਾਂ ਅਤੇ ਗੰਡਾਸਿਆਂ ਤੋਂ ਗੰਭੀਰ ਚੋਟਾਂ ਆਈਆਂ । ਮੈਂ ਇਸ ਗਲ ਦਾ ਵਰਨਣ ਕੀਤਾ ਹੈ, ਪਰ ਇਹ ਕਹਿੰਦੇ ਹਨ ਕਿ ਮੈਂ ਕੋਈ ਜ਼ਿਕਰ ਹੀ ਨਹੀਂ ਕੀਤਾ । ਉਨ੍ਹਾਂ ਤੇ ਗੰਡਾਸਿਆਂ ਅਤੇ ਕਿਰਪਾਨਾਂ ਨਾਲ ਹਮਲਾ ਕੀਤਾ ਗਿਆ ਅਤੇ ਉਹ ਬੰਦੇ ਜ਼ਖਮੀ ਹੋਏ, ਜਿਸ ਕਰਕੇ ਸੈਲਫ ਡੀਫੈਂਸ ਵਿਚ ਉਨ੍ਹਾਂ ਨੇ ਕੀਤਾ । ਰੇਲਵੇ ਅਥਾਰਿਟੀ ਜੋ ਹੈ, ਉਸ ਨੇ ਇਹ ਕੇਸ ਦਰਜ ਕਰਵਾਇਆ ਹੈ, ਉਨ੍ਹਾਂ ਨੈ ਆਪ ਇਨਕੁਆਇਰੀ ਕੀਤੀ ਹੈ, ਹੋਰ ਦੂਸਰਿਆਂ ਨੇ ਕੀਤੀ ਹੈ। ਇਸ ਦੇ ਵਿਚ ਜੁਡੀਸ਼ੀਅਲ ਇਨਕੁਆਇਰੀ ਦੀ ਕਾਹਦੇ ਲਈ ਜ਼ਰੂਰਤ ਹੈ। ਜੇ ਇਹ ਕੋਈ ਨੋਟਿਸ ਵਿਚ ਲਿਆਉਣ ਕਿ ਕੋਈ ਡੀਮਾਂਡਜ਼ ਹਨ, ਉਨ੍ਹਾਂ ਬਾਰੇ ਅਸੀਂ ਐਫ. ਸੀ. ਆਈ. ਵਾਲਿਆਂ ਨੂੰ ਕਹਿ ਸਕਦੇ ਹਾਂ, ਆਪਣੇ ਆਪ ਕੋਈ ਫੈਸਲਾ ਨਹੀਂ ਲੈ ਸਕਦੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣੇ ਜਵਾਬ ਵਿਚ ਇਹ ਮੰਨਿਆ ਹੈ ਕਿ ਉਨ੍ਹਾਂ ਨੇ ਗੋਲੀ ਚਲਾਈ । ਜਿਹੜੇ ਐਫ. ਸੀ ਆਈ ਦੇ ਮਜ਼ਦੂਰ ਹਨ, ਸਪੀਕਰ ਸਾਹਿਬ, ਉਨ੍ਹਾਂ ਦਾ ਐਗਰੀਮੈਂਟ ਹੈ ਕਿ ਉਹ ਆਪ ਭਰਦੇ ਅਤੇ ਲਾਹੁੰਦੇ ਹਨ ਜੇਕਰ ਬਾਹਰੋਂ ਆ ਕੇ ਕੋਈ ਇਸ ਤਰ੍ਹਾਂ ਕਰਦਾ ਹੈ ਤਾਂ ਉਹ ਗਲਤ ਚੀਜ਼ ਹੈ । ਜੇ ਉਥੇ ਮਾਲ ਲਾਹੁਣ ਦਾ ਬਾਹਰੋਂ ਕੋਈ ਇੰਤਜ਼ਾਮ ਕੀਤਾ ਗਿਆ ਸੀ ਤਾਂ ਉਹ ਗਲਤ ਸੀ। (ਵਿਘਨ) ਇਹ ਕਹਿੰਦੇ ਹਨ ਕਿ ਝਗੜਾ ਨਿਪਟਾਉਣ ਲਈ ਉਨ੍ਹਾਂ ਨੇ ਆਪਣੀ ਰਾਖੀ ਲਈ ਗੋਲੀ ਚਲਾਈ, ਜਿਸ ਦੇ ਕਾਰਨ ਇਕ ਵਰਕਰ ਮਾਰਿਆ ਗਿਆ ਜਿਸ ਦੇ ਬਾਰੇ ਇਹ ਆਪ ਮੰਨਦੇ ਹਨ ਅਤੇ ਫਿਰ ਐਫ. ਸੀ. ਆਈ. ਦੇ ਵਰਕਰਾਂ ਤੇ ਹੀ ਕੇਸ ਦਰਜ ਕੀਤਾ ਗਿਆ, ਜਿਨ੍ਹਾਂ ਦਾ ਬੰਦਾ ਮਾਰਿਆ ਗਿਆ । ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੋਗਲੀ ਗਲ ਕਿਉਂ ਹੈ ? ਜਿਨ੍ਹਾਂ ਨੇ ਗੋਲੀ ਚਲਾਈ ਅਤੇ ਬੰਦਾ ਮਾਰਿਆ ਉਨ੍ਹਾਂ ਦੇ ਖਿਲਾਫ ਕਿਉਂ ਨਹੀਂ ਕੇਸ ਦਰਜ ਹੋਇਆ ? ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਇਹ ਜਿਹੜੀ ਗਲ ਕਹੀ ਹੈ ਉਹ ਕਿਉਂ ਇਸ ਗਲ ਨੂੰ ਛੱਡ ਜਾਂਦੇ ਹਨ ਕਿ ਅਟੈਕ ਜਿਹੜਾ ਹੈ ਉਹ ਪਹਿਲਾਂ ਉਨ੍ਹਾਂ ਨੇ ਕੀਤਾ। ਐਫ. ਸੀ. ਆਈ. ਵਾਲੇ ਇਕਲੇ ਇਹ ਕੰਮ ਨਹੀਂ ਸੀ ਕਰ ਸਕਦੇ, ਇਸ ਲਈ ਉਨ੍ਹਾਂ ਨੇ ਇਹ ਕੰਮ ਕੰਟਰੈਕਟਰ ਨੂੰ ਦੇ ਦਿੱਤਾ, ਜੋ ਬਾਅਦ ਵਿਚ ਆਪਣੇ ਬੰਦੇ ਅਨਲੋਡਿੰਗ ਲਈ ਲਿਆਇਆ, ਉਹ 11 ਟਰੱਕ ਲੈ ਕੇ ਪਹੁੰਚਿਆ ਅਤੇ ਉਸ ਨੂੰ ਮਾਲ ਲਾਹੁਣ ਤੋਂ ਰੋਕਿਆ ਗਿਆ । ਇਸ ਤੇ ਉਨ੍ਹਾਂ ਨੇ ਐਫ. ਸੀ. ਆਈ. ਦੇ ਮਜ਼ਦੂਰਾਂ ਨੂੰ ਸਮਝਾਇਆ ਪਰ ਸਮਝਾਉਣ ਦੇ ਬਾਵਜੂਦ ਵੀ ਉਨ੍ਹਾਂ ਨੇ ਕੰਟਰੈਕਟਰ ਦੇ ਬੰਦਿਆਂ ਤੇ ਕਿਰਪਾਨਾਂ ਅਤੇ ਗੰਡਾਸਿਆਂ ਨਾਲ ਹਮਲਾ ਕਰ ਦਿੱਤਾ, ਜਿਸ ਤੇ ਉਨ੍ਹਾਂ ਨੇ ਸੈਲਫ ਡੀਫੈਂਸ ਵਿਚ ਫ਼ਾਇਰ ਕੀਤਾ । (ਵਿਘਨ) (ਸ਼ੋਰ)

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਪ੍ਰਿਥੀਪਾਲ ਸਿੰਘ ਜੀ ਸਪਲੀਮੈਂਟਰੀ ਕਰਨ ਲਈ ਖੜੇ ਸਨ ਲੇਕਿਨ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਵੀ ਬੋਲਣ ਲਈ ਖੜੇ ਸਨ ਅਤੇ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ) (ਇਸ ਵਕਤ ਸ਼੍ਰੀ ਸਪੀਕਰ ਵੀ ਖੜੇ ਸਨ) (ਆਵਾਜ਼ਾਂ ਆ ਰਹੀਆਂ ਸਨ, ਕੀ ਉਹ ਮੈਂਬਰ ਨਹੀਂ ਹਨ ?)

ਸ਼੍ਰੀ ਸਪੀਕਰ: ਮੈਨੂੰ ਅਫਸੋਸ ਹੈ ਕਿ ਮੈਂ ਖੜਾ ਹਾਂ ਅੋਰ ਮੈਂਬਰ ਸਾਹਿਬਾਨ ਬਿਨਾ ਪਰਮਿਸ਼ਨ ਬੋਲ ਰਹੇ ਹਨ । (ਵਿਘਨ) ਮੈਂ ਮਹਿਸੂਸ ਕਰਦਾ ਹਾਂ ਕਿ ਇਸ ਸਵਾਲ ਤੇ ਹਾਊਸ ਦੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਆਪਣੇ ਜਜ਼ਬਾਤ ਦੱਸਣਾ ਚਾਹੁੰਦੇ ਹਨ । ਇਸ ਲਈ ਮੈਂ ਸਭ ਨੂੰ ਮੌਕਾ ਦੇਵਾਂਗਾ। (ਵਿਘਨ) (ਸ਼ੋਰ) ਸਰਦਾਰ ਪ੍ਰਿਥੀਪਾਲ ਸਿੰਘ ਜੀ ਨੂੰ ਪਹਿਲਾਂ ਕਹਿ ਲੈਣ ਦਿਓ । (ਵਿਘਨ) (ਸ਼ੋਰ)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਐਫ. ਸੀ. ਆਈ. ਲੇਬਰ ਲਈ ਕੰਟਰੈਕਟ ਦਿੰਦੀ ਹੈ, ਤਾਂ ਉਸ ਦੇ ਲਈ ਟੈਂਡਰ ਮੰਗਦੀ ਹੈ ਅਤੇ ਜਿਸ ਦਾ ਟੈਂਡਰ ਅੋਪਰੂਵ ਹੁੰਦਾ ਹੈ, ਉਸ ਨੂੰ ਮਾਲ ਲਾਹੁਣ ਚੜ੍ਹਾਉਣ ਲਈ ਠੇਕਾ ਦਿਤਾ ਜਾਂਦਾ ਹੈ । ਇਹ ਠੇਕੇਦਾਰ ਨੂੰ ਹੱਕ ਹਾਸਲ ਹੈ ਕਿ ਉਹ ਬਾਹਰੋਂ ਲੇਬਰ ਲਿਆ ਕੇ ਕੰਮ ਕਰੇ ਤਾਕਿ ਕੋਈ ਡੈਮਰੇਜ ਵਗੈਰਾ ਉਸ ਤੇ ਨਾ ਪਵੇ । (ਵਿਘਨ)

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਝਗੜੇ ਵਿਚ ਕਿਸ ਨੇ ਵਾਧਾ ਕੀਤਾ ਅਤੇ ਕਿਸ ਨੇ ਨਹੀਂ ਲੇਕਿਨ ਇਕ ਬੰਦਾ ਕਤਲ ਕੀਤਾ ਗਿਆ । ਆਇਆ ਇਹ ਕਾਤਲ ਤੇ ਕੋਈ ਮੁਕਦਮਾ ਚਲਾਉਣ ਨੂੰ ਤਿਆਰ ਹਨ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜੋ ਕੁਝ ਹਾਲਾਤ ਸਨ, ਉਹ ਸਾਰੇ ਦੱਸ ਦਿਤੇ ਹਨ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਐਫ. ਸੀ. ਆਈ. ਵਲੋਂ ਇਕ ਕੰਟਰੈਕਟਰ ਨੂੰ ਠੇਕਾ ਦੇ ਦਿਤਾ ਗਿਆ ਤਾਂ ਉਸ ਦੇ ਬਾਅਦ ਕੀ ਹੱਕ ਹੈ ਕਿਸੇ ਨੂੰ ਕਾਨੂੰਨ ਆਪਣੇ ਹਥ ਵਿਚ ਲੈ ਕੇ ਕੋਈ ਕਾਰਵਾਈ ਕਰੇ ?

ਦੂਸਰੀ ਗਲ ਇਹ ਕਿ ਮੈਂ ਸਮਝਦਾ ਹਾਂ ਕਿ ਕੁਝ ਲੀਡਰਜ਼ ਨੇ ਜਿਨ੍ਹਾਂ ਨੇ ਉਥੇ ਭੜਕਾਊ ਤਕਰੀਰਾਂ ਕੀਤੀਆਂ ਤਾਂ ਇਹ ਹਾਲਾਤ ਪੈਦਾ ਹੋਏ। ਕੀ ਉਨ੍ਹਾਂ ਲੀਡਰਾਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਕਾਰ ਲਈ ਦੋਨੋਂ ਪਕਸ਼ ਵਾਜ਼ੇਹ ਤੌਰ ਤੇ ਰਖਣੇ ਹੁੰਦੇ ਹਨ। ਇਹ ਠੀਕ ਹੈ ਕਿ ਐਫ. ਸੀ. ਆਈ. ਜਿਹੜੀ ਹੈ, ਉਸ ਨੇ ਕੰਟਰੈਕਟ ਦਿੱਤਾ ਅੋਰ ਜਿਹੜਾ ਕੰਟਰੈਕਟ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੈ, ਉਹ ਲੋਡਿੰਗ ਔਰ ਅਨਲੋਡਿੰਗ ਦਾ ਜ਼ਿਮੇਵਾਰ ਹੈ। ਜਿਹੜਾ ਵੀ ਕੰਮ ਉਸ ਨੂੰ ਮਿਲਿਆ ਹੈ, ਉਸ ਨੂੰ ਪੂਰਾ ਕਰੇ ਨਹੀਂ ਤਾਂ ਉਸ ਤੇ ਕਟੌਤੀ ਵੀ ਹੁੰਦੀ ਹੈ ਅਤੇ ਉਹ ਬਲੈਕ ਲਿਸਟ ਵੀ ਹੁੰਦਾ ਹੈ ਜਦੋਂ ਐਫ. ਸੀ. ਆਈ. ਨੇ ਫੈਸਲਾ ਕੀਤਾ ਹੈ ਕਿ ਕੰਟਰੈਕਟਰ ਦੇ ਥਰੂ ਕਰਨਾ ਹੈ ਤਾਂ ਕਿਸੇ ਮਜ਼ਦੂਰ ਦਾ ਕੋਈ ਹੱਕ ਨਹੀਂ ਬਣਦਾ ਕਿ ਉਹ ਦਖਲ ਦੇਵੇ। ਜਿੰਨੀ ਦੇਰ ਤਕ ਉਸ ਦੇ ਹੱਕ ਵਿਚ ਫੈਸਲਾ ਨਹੀਂ ਹੁੰਦਾ ਐਫ. ਸੀ.ਆਈ. ਦੇ ਮਜ਼ਦੂਰ ਕੰਮ ਕਰਨਗੇ, ਉਨੀਂ ਦੇਰ ਤਕ ਕੰਟਰੈਕਟਰ ਆਪਣੀ ਲੇਬਰ ਲਿਆ ਕੇ ਕੰਮ ਕਰਨਗੇ।

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ, ਸ਼ੋਰ ਬਹੁਤ ਜ਼ਿਆਦਾ ਸੀ ਸੁਣਾ ਈ ਕੁਝ ਨਹੀਂ ਸੀ ਦਿੰਦਾ ਅਤੇ ਮਾਈਕ ਵੀ ਬੰਦ ਸੀ।)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ਼੍ਰੀ ਸਪੀਕਰ : ਜੋ ਕੁਝ ਬੋਲਿਆ ਜਾ ਰਿਹਾ ਹੈ, ਨੋਟ ਨਾ ਹੋਵੇ। (ਸ਼ੋਰ) (ਵਿਘਨ)

ਮੈਂ ਇਹ ਸਮਝਦਾ ਹਾਂ ਕਿ ਇਸ ਕੁਐਸਚਨ ਦੇ ਮੁਤੱਲਕ ਬਹੁਤ ਸਪਲੀਮੈਂਟਰੀ ਹੋ ਚੁਕੇ ਹਨ ਪਰ ਮੈਂ ਸਮਝਦਾ ਹਾਂ ਕਿ ਕੋਈ ਚੀਜ਼ ਮੈਂਬਰਾਂ ਦੀ ਆਨਸਥ ਨਹੀਂ ਹੋਈ। ਇਸ ਲਈ ਤੁਸੀਂ ਸ਼ਾਰਟ ਨੋਟਿਸ ਕੁਐਸਚਨ ਦੇ ਦਿਓ, ਐਡਮਿਟ ਕਰ ਲਵਾਂਗਾ। (ਵਿਘਨ) (ਸ਼ੋਰ)

ਵਿੱਤ ਮੰਤਰੀ : ਸਪੀਕਰ ਸਾਹਿਬ, ਸ਼ਾਰਟ ਨੋਟਿਸ ਕੁਐਸਚਨ ਦੀ ਕੋਈ ਲੋੜ ਤਾਂ ਹੈ ਨਹੀਂ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਭਾਵੇਂ ਕੁਐਸਚਨ ਆਵਰ ਓਵਰ ਹੋ ਗਿਆ ਹੈ ਪਰ ਦੁਪਹਿਰ ਦੇ ਬਾਅਦ ਜਿਹੜੀ ਸਿਟਿੰਗ ਹੋਣੀ ਹੈ, ਉਸ ਦੇ ਵਿਚ ਇਸ ਦੇ ਸਪਲੀਮੈਂਟਰੀ ਅਲਾਓ ਕਰ ਦਿਓ। (ਵਿਘਨ)

ਸ਼੍ਰੀ ਸਪੀਕਰ : ਮੈਂ ਸੈਕਟਰੀ ਸਾਹਿਬ ਨੂੰ ਪੁਛਿਆ ਹੈ ਔਰ ਉਨ੍ਹਾਂ ਨੇ ਕਿਹਾ ਹੈ ਕਿ ਇਕ ਸਿਟਿੰਗ ਦੇ ਸਪਲੀਮੈਂਟਰੀ ਦੂਸਰੀ ਸਿਟਿੰਗ ਵਿਚ ਨਹੀਂ ਜਾ ਸਕਦੇ। (ਵਿਘਨ) ਮੈਂ ਹਾਊਸ ਨਾਲ ਫੁਲੀ ਕੁਆਪਰੇਟ ਕਰਦਾ ਹਾਂ ਪਰ ਜਿਸ ਢੰਗ ਨਾਲ ਹਾਊਸ ਚਲਦਾ ਹੈ ਮੈਂਬਰ ਸਾਹਿਬ ਆਪਣੇ ਪਰਪਜ਼ ਆਪ ਫੌਂਤ ਕਰ ਰਹੇ ਹਨ .....(ਵਿਘਨ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਸ ਹਾਊਸ ਵਿਚ ਅਨਯੂਯੂਅਲ ਜਵਾਬ ਦਿੱਤੇ ਗਏ ਹਨ, ਜਿਨ੍ਹਾਂ ਨਾਲ ਹਾਊਸ ਦੀ ਤਸੱਲੀ ਨਹੀਂ ਹੋਈ। ਤੁਹਾਡੇ ਕੋਲ ਪਾਵਰਜ਼ ਹਨ ਤੁਸੀਂ ਇਸ ਕੁਐਸਚਨ ਤੇ ਨਾ ਸਿਰਫ ਸਪਲੀਮੈਂਟਰੀ ਅਗਲੇ ਦਿਨ ਅਲਾਓ ਕਰ ਸਕਦੇ ਹੋ ਬਲਕਿ ਡਿਸਕਸ਼ਨ ਲਈ ਆਰਡਰ ਵੀ ਕਰ ਸਕਦੇ ਹੋ। ਇਹ ਬੜਾ ਸੀਰੀਅਸ ਮਾਮਲਾ ਹੈ। ਸਰਦਾਰ ਬਲਵੰਤ ਸਿੰਘ ਨੇ ਕਿਹਾ ਹੈ ਕਿ ਇਕ ਆਦਮੀ ਮਰ ਗਿਆ ਔਰ ਉਹ ਕੌਣ ਹੈ ਇਹ ਵੀ ਚੀਫ ਮਨਿਸਟਰ ਸਾਹਿਬ ਵਲੋਂ–

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਐਡਮਿਟਿਡ ਹੈ। ਸਪੀਕਰ ਸਾਹਿਬ, ਟਰੱਕ ਓਪਰੇਟਰਜ਼ ਯੂਨੀਅਨ ਦੇ ਪ੍ਰਧਾਨ ਨੇ ਮਾਰਿਆ। ਜਵਾਬ ਵਿਚ ਲਿਖਿਆ ਹੈ ਕਿ ਉਹ ਬੰਦਾ ਛੁਟਿਆਂ ਨਾਲ ਮਰਿਆ ਹੈ। ਅਗਰ ਕੋਈ ਆਦਮੀ ਮਰ ਗਿਆ ਹੈ ਤਾਂ ਨਾਰਮਲ ਕੋਰਸ ਵਿਚ ਕਾਨੂੰਨ ਦੇ ਤਹਿਤ 302 ਵਿਚ ਕੇਸ ਦਰਜ ਹੋਣਾ ਚਾਹੀਦਾ ਹੈ ਅੱਤੇ ਫਿਰ ਅਦਾਲਤ ਉਸ ਦਾ ਫੈਸਲਾ ਕਰਦੀ ਹੈ। ਕੀ ਚੀਫ਼ ਮਨਿਸਟਰ ਸਾਹਿਬ ਇਸ ਗਲ ਦਾ ਸਾਫ ਜਵਾਬ ਦੇਣ ਨੂੰ ਤਿਆਰ ਹਨ ਕਿ ਜਿਹੜਾ ਮਰ ਗਿਆ ਹੈ, ਉਸ ਦਾ ਮੁਕਦਮਾ ਦਰਜ ਕਰਨਗੇ ਜਾਂ ਨਹੀਂ। ਜੇਕਰ ਅਸੀਂ ਮੌਜੂਦਾ ਪੋਜ਼ੀਸ਼ਨ ਐਕਸੈਪਟ ਕਰ ਲਈਏ ਤਾਂ ਇਹ 35 ਹਜ਼ਾਰ ਵਰਕਰਜ਼ ਜਿਹੜੇ ਐਫ. ਸੀ. ਆਈ. ਦੇ ਹਨ ਉਹ ਸਾਰੇ ਇਸ ਵਿਚ ਇਨਵਾਲਵਡ ਹਨ। (ਵਿਘਨ) (ਸ਼ੋਰ) ਕੀ ਇਹ ਕੋਈ ਕਮਿਸ਼ਨ ਬਿਠਾ ਕੇ ਇਸ ਗਲ ਦੀ ਇਨਕੁਆਇਰੀ ਕਰਨਗੇ ? (ਵਿਘਨ)

ਸ਼੍ਰੀ ਯਸ਼ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਅਗਰ ਤੁਸੀਂ ਕਿਸੇ ਨੂੰ ਐਸਚਨ ਨੂੰ ਇਤਨਾ ਇੰਪਾਰਟੈਂਟ ਸਮਝੋ, ਤੁਸੀਂ ਡਿਸਕਸ਼ਨ ਅਲਾਓ ਕਰ ਸਕਦੇ ਹੋ। ਤੁਸੀਂ ਸਪਲੀਮੈਂਟਰੀ ਪੋਸਟਪੋਨ ਕਰ ਕੇ ਕਲ੍ਹ ਨੂੰ ਅਲਾਓ ਕਰ ਸਕਦੇ ਹੋ। ਪਰ, ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਕੇਸ ਸਬਜੂਡਿਸ ਹੈ। ਇਸ ਤੇ ਡਿਸਕਸ਼ਨ ਹੋ ਹੀ ਨਹੀਂ ਸਕਦੀ। ਜਿਤਨੀ ਹੁਣ ਤਕ ਡਿਸਕਸ਼ਨ ਹੋਈ ਹੈ, ਮੇਰੀ ਰਾਏ ਵਿਚ ਕਾਇਦੇ ਮੁਤਾਬਿਕ ਨਹੀਂ ਹੋਈ। ਚੀਫ਼ ਮਨਿਸਟਰ ਸਾਹਿਬ ਤੋਂ ਵੀ ਵੈਰੀਫਾਈ ਕਰ ਲਓ, ਇਹ ਕੇਸ ਅਗਰ ਅਦਾਲਤ ਦੇ ਜ਼ੇਰੇ ਗੌਰ ਹੈ ਤਾਂ ਅਸੈਂਬਲੀ ਵਿਚ ਇਸ ਤੇ ਡਿਸਕਸ਼ਨ ਨਹੀਂ ਹੋ ਸਕਦੀ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਸਵਾਲ ਦਾ ਜਵਾਬ ਦੇ ਦਿੱਤਾ ਸੀ ਅੱਤੇ ਇਸ ਤੇ ਸਪਲੀਮੈਂਟਰੀਜ਼ ਵੀ ਹੋਏ। ਵੈਸੇ ਅੰਗਰੀਵਡ ਪਾਰਟੀ ਨੇ ਅਦਾਲਤ ਵਿਚ ਇਸਤਗਾਸਾ ਕੀਤਾ ਹੈ। ਦੋ ਗਵਾਹ ਭੁਗਤ ਚੁਕੇ ਹਨ। ਮੇਰੀ ਅਰਜ਼ ਇਹ ਹੈ ਕਿ ਬਾਰ ਬਾਰ ਇਸ ਬਾਰੇ ਮੇਰੇ ਕੋਲੋਂ ਸਵਾਲ ਪੁੱਛਣ ਦੀ ਬਜਾਏ ਅਦਾਲਤ ਦਾ ਫੈਸਲਾ ਆ ਲੈਣ ਦਿਓ।

(ਇਸ ਸਮੇਂ ਮਾਸਟਰ ਚੰਦ ਸਿੰਘ ਅਤੇ ਸਰਦਾਰ ਸੁਖਜਿੰਦਰ ਸਿੰਘ ਖੈਰਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਮਾਸਟਰ ਚੰਦ ਸਿੰਘ ਨੂੰ ਇਜਾਜ਼ਤ ਦਿਤੀ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਵੇਲੇ ਹਨੇਰ ਪੈ ਗਿਆ ਹੈ। ਕਤਲ ਹੋਏ।

(ਟਰੈਜ਼ਰੀ ਬੈਂਚਾਂ ਵਲੋਂ ਵਿਘਨ : ਜਿਨ੍ਹਾਂ ਦੇ ਕਤਲ ਹੋਏ ਹਨ, ਉਸ ਦਾ ਨਵਾਂ ਕੇਸ ਦਰਜ ਕਰ ਕੇ ਟਰੱਕ ਮਾਲਕ ਤੇ ਕੇਸ ਚਲਾਓ।) (ਸ਼ੋਰ)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਰੂਲਜ਼ ਆਫ ਪ੍ਰੋਸੀਜ਼ਰ ਐਂਡ ਕੰਡਕਟ ਆਫ ਬਿਜ਼ਨਸ ਦੇ ਸਫਾ 33, ਰੂਲ 46 ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ--

(1) "No discussion shall be Permitted during the time for questions under rule 28, in respect of any question or of any answer given to a question.

(2) Any member when called by the Speaker may put a supplementary question for the purpose of further elucidating any matter of fact regarding which an answer has been given."

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹੁਣੇ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਇਹ ਮਾਮਲਾ ਸਬ-ਜੂਡਿਸ ਹੈ। ਇਸ ਲਈ ਇਸ ਬਾਰੇ ਮੈਂਬਰਾਂ ਨੂੰ ਕੁਝ ਨਹੀਂ ਕਹਿਣਾ ਚਾਹੀਦਾ । ਜੋ ਦਿਖਾਈ ਉਨ੍ਹਾਂ ਨੇ ਦੇ ਦਿੱਤਾ ਹੈ ਉਹ ਸਫੀਸ਼ੈਂਟ ਹੈ । ਇਸ ਕਰਕੇ ਇਸ ਤੇ ਹੁਣ ਹੋਰ ਡਿਸਕਸ਼ਨ ਨਹੀਂ ਹੋਣੀ ਚਾਹੀਦੀ । ਇਸ ਮਾਮਲੇ ਬਾਰੇ ਮੈਂਬਰਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਕੇ ਉਸ ਮੁਕਦਮੇ ਨੂੰ ਕਿਸੇ ਤਰ੍ਹਾਂ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ।

ਸ਼੍ਰੀ ਸਪੀਕਰ : ਮੈਂ ਇਸ ਤੇ ਹੁਣ ਹੋਰ ਡਿਸਕਸ਼ਨ ਅਲਾਓ ਨਹੀਂ ਕਰਾਂਗਾ ।

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਪੁਆਇੰਟ ਆਫ ਆਰਡਰ ਦੀ ਮਗ ਕਰ ਰਹੇ ਸਨ ਅਤੇ ਸ਼੍ਰੀ ਸਪੀਕਰ ਨੇ ਉਨ੍ਹਾਂ ਨੂੰ ਆਗਿਆ ਦੇ ਦਿੱਤੀ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਇਸ ਸਵਾਲ ਤੇ 15 ਮਿੰਟ ਸਵਾਲ ਜਵਾਬ ਹੁੰਦੇ ਰਹੇ ਹਨ । ਚੀਫ ਮਨਿਸਟਰ ਸਾਹਿਬ ਨੇ ਹੁਣ ਕਹਿ ਦਿਤਾ ਹੈ ਕਿ ਇਹ ਮਾਮਲਾ ਸਬ-ਜੂਡਿਸ ਹੈ (ਟਰੈਜ਼ਰੀ ਬੈਂਚਾਂ ਵਲੋਂ ਵਿਘਨ) ਸਪੀਕਰ ਸਾਹਿਬ, ਇਨਾਂ ਨੂੰ ਚੁਪ ਕਰਾਓ। .....

(ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ)

ਸ਼੍ਰੀ ਸਪੀਕਰ : ਇਹ ਜੋ ਕੁਝ ਮੇਰੀ ਪਰਮਿਸ਼ਨ ਤੋਂ ਬਗੈਰ ਕਿਹਾ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਦਿੱਤੀ ਹੈ। ਇਹ ਦਖਲ ਦੇ ਰਹੇ ਹਨ। ਇਨ੍ਹਾਂ ਨੂੰ ਚੁਪ ਕਰਾਓ । ਸਪੀਕਰ ਸਾਹਿਬ, ਆਖਿਰ ਵਿਚ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਮੈਟਰ ਸਬ ਜੂਡਿਸ ਹੈ।

(ਇਸ ਸਮੇਂ ਟਰੈਜ਼ਰੀ ਬੈਂਚਾਂ ਤੋਂ ਕਈ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ)

ਸ਼੍ਰੀ ਸਪੀਕਰ : ਬੜੇ ਅਫਸੋਸ ਦੀ ਗਲ ਹੈ ਕਿ ਇਨ੍ਹਾਂ ਦੇ ਪੁਆਇੰਟ ਆਫ ਆਰਡਰ ਦਾ ਜਵਾਬ ਮੈਂ ਦੇਣਾ ਹੈ। ਤੁਸੀਂ ਇਸ ਦਾ ਜਵਾਬ ਨਹੀਂ ਦੇ ਸਕਦੇ । ਕਿਰਪਾ ਕਰ ਕੇ ਆਪਣੀਆਂ ਸੀਟਾਂ ਤੇ ਬਠ ਜਾਓ ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਨੋਮ ਕਰ ਕੇ ਬਾਦ ਭੇਜੋ। ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਸਾਰੀ ਗਲ ਦਾ ਜਵਾਬ ਦੇ ਦਿੱਤਾ ਕਿ ਫਲਾਣੇ ਨੇ ਪਹਿਲ ਕੀਤੀ, ਫਲਾਣੇ ਨੇ ਜ਼ਿਆਦਤੀ ਕੀਤੀ। ਇਹ ਤਾਂ ਕੰਟੈਂਪਟ ਆਫ ਦੀ ਕੋਰਟ ਬਣਦਾ ਹੈ । ਇਨ੍ਹਾਂ ਨੂੰ ਤਾ ਸਿਰਫ ਇਹ ਗਲ ਕਹਿਣੀ ਚਾਹੀਦੀ ਸੀ ਕਿ ਇਹ ਮਾਮਲਾ ਸਬ-ਜੂਡਿਸ ਹੈ। ਇਨ੍ਹਾਂ ਨੂੰ ਇਕ ਪਖ ਪੇਸ਼ ਨਹੀਂ ਸੀ ਕਰਨਾ ਚਾਹੀਦਾ। ਜਦੋਂ ਮਾਮਲਾ ਅਦਾਲਤ ਵਿਚ ਚਲਾ ਜਾਵੇ ਫਿਰ ਪਖ ਪੇਸ਼ ਨਹੀਂ ਇਥੇ ਕਰਨਾ ਚਾਹੀਦਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਨੂੰ ਐਕਸਪਲੇਨ ਕਰਨਾ ਚਾਹਾਂਗਾ । ਮੈਂ ਤਾ ਇਨ੍ਹਾਂ ਦੇ ਸਵਾਲ ਦਾ ਠੀਕ ਜਵਾਬ ਦਿੱਤਾ ਹੈ। ਮੈਂ ਕੋਈ ਐਸੀ ਬਾਤ ਨਹੀਂ ਕਹੀ ਜਿਸ ਦਾ ਅਸਰ ਮੁਕਦਮੇ ਤੇ ਪਵੇ । ਬਾਕੀ ਹੁਣ ਜਿਹੜੇ ਇਹ ਸਵਾਲ ਕਰ ਰਹੇ ਹਨ, ਇਨ੍ਹਾਂ ਦਾ ਅਸਰ ਮੁਕਦਮੇ ਤੇ ਪੈ ਸਕਦਾ ਹੈ । ਦੋ ਗਵਾਹ ਭੁਗਤ ਚੁਕੇ ਹਨ। ਇਸ ਕਰਕੇ ਇਸ ਮਾਮਲ ਤੇ ਡਿਸਕਸ਼ਨ ਨਹੀਂ ਹੋਣੀ ਚਾਹੀਦੀ।

Original with;
Punjab Vidhan Sabha
Digitized by;
Panjab Digital Library

Mr. Speaker : I would not allow any further discussion (Noise). There are Budget Estimates for the year 1980-81. There are three Demands for Grants. (Noise) I shall not allow any further discussion.

WALK-OUT(S)

(At this stage all the members of the Shiromani Akali Dal, C.P.I., C.P.I. (M) and the lone member of Bhartiya Janata Party present in the House staged a walk out. They were also raising slogans)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ । ਵਾਕ ਆਊਟ ਕਰਨ ਵਾਲੇ ਮਾਨ ਯੱਗ ਮੈਂਬਰਾਂ ਵੱਲੋਂ ਵੀ ਪ੍ਰਾਂਤ ਦੇ ਨਾਹਰੇ ਲਗਾਏ ਜਾ ਰਹੇ ਸਨ ** ** **

ਸ੍ਰੀ ਸਪੀਕਰ : ਕੋਈ ਚੀਜ਼ ਰਿਕਾਰਡ ਨਹੀਂ ਹੋਵੇਗੀ । ਨਾ ਸਲੋਗਨ ਰਿਕਾਰਡ ਹੋਣਗੇ ਅੌਰ ਨਾ ਜੋ ਕੁਝ ਮੈਂਬਰ ਸਾਹਿਬਾਨ ਇਸ ਸਮੇਂ ਕਹਿ ਰਹੇ ਹਨ, ਉਹ ਰਿਕਾਰਡ ਹੋਵੇਗਾ ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Cases of suspected poisoning in the State

***62. Master Babu Singh :** Will the Chief Minister be pleased to state :—

(a) the names and addresses of persons who died of suspected poisoning in the State, district-wise during the Calendar years 1979 and 1980 (up-to-date);

(b) the total number of cases registered of suspected poisoning in the State during the said period, year-wise ?

ਸਰਦਾਰ ਦਰਬਾਰਾ ਸਿੰਘ : (ੳ) ਅਤੇ (ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

(ੳ) ਕਲੰਡਰੀ ਸਾਲ 1979 ਅਤੇ 1980 (23 ਜੂਨ, 1980 ਤੱਕ) ਵਿਚ ਜ਼ਹਿਰ ਦੇ ਸ਼ੱਕ ਨਾਲ ਮਰੇ ਵਿਅਕਤੀਆਂ ਦੇ ਨਾ ਤੇ ਪਤੇ ਜ਼ਿਲ੍ਹਾ-ਵਾਰ ਹੇਠ ਅਨੁਸਾਰ ਹਨ :—

ਜ਼ਿਲ੍ਹਾ ਪਟਿਆਲਾ

1979

(1) ਪਰਮਜੀਤ ਕੌਰ ਪਤਨੀ ਅਮਰਜੀਤ ਸਿੰਘ, ਜੱਟ ਵਾਸੀ ਪਿੰਡ ਚਲਣਾ ਥਾਣਾ ਮੂਲੇ ਪੁਰ ਜ਼ਿਲ੍ਹਾ ਪਟਿਆਲਾ ।

1980

(2) ਜੱਗਾ ਖਾਂ ਸਪੁੱਤਰ ਅਕਸੀਰ ਮੁਹੰਮਦ ਵਾਸੀ ਚੌਦਾ ਥਾਣਾ ਅਮਰ-ਗੜ੍ਹ ਜ਼ਿਲ੍ਹਾ ਸੰਗਰੂਰ। (ਪਿੰਡ ਮੂੰਡ ਖਜ਼ਰਾ ਥਾਣਾ ਸਦਰ ਪਟਿਆਲਾ, ਜ਼ਿਲ੍ਹਾ ਪਟਿਆਲਾ ਵਿਚ ਮਰਿਆ) ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

{ਮੁੱਖ ਮੰਤਰੀ]

ਜ਼ਿਲ੍ਹਾ ਲੁਧਿਆਣਾ

1979

(3) ਉਦੇਸ਼ ਚੰਦਰ ਸਪੁਤਰ ਸ਼੍ਰੀ ਭਾਨੁ, ਜਾਤ ਪੂਰਬੀਆ ਵਾਸੀ ਲਖਨਊ ।

(4) ਰਾਮਪਾਲ ਸਪੁਤਰ ਪੰਚਾਇਤੀ ਰਾਮ, ਖੱਤਰੀ, ਵਾਸੀ ਕਿਲ੍ਹਾ ਮੁਹਲਾ, ਲੁਧਿਆਣਾ ।

(5) ਚੰਦਰ ਕੁਮਾਰ ਸਪੁਤਰ ਰਾਮ ਲਾਲ ਖੱਤਰੀ ਵਾਸੀ ਨੇੜੇ ਮੰਜੂ ਸਿਨੇਮਾ, ਲੁਧਿਆਣਾ।

(6) ਸ਼ਿਵ ਕੁਮਾਰ ਸਪੁਤਰ ਕਰਮ ਚੰਦ ਖੱਤਰੀ ਵਾਸੀ ਨੇੜੇ ਮੰਜੂ ਸਿਨੇਮਾ, ਲੁਧਿਆਣਾ।

ਜ਼ਿਲ੍ਹਾ ਗੁਰਦਾਸਪੁਰ

1979

(7) ਅਮਰਜੀਤ ਕੌਰ ਪਤਨੀ ਸੁਖਪਾਲ ਸਿੰਘ ਜੱਟ ਵਾਸੀ ਪਿੰਡ ਸ਼ੀਸ਼ ਏਵਲ, ਥਾਣਾ ਫਰਿਹ ਜੜ੍ਹ ਚੂੜੀਆਂ ।

ਜ਼ਿਲ੍ਹਾ ਕਪੂਰਥਲਾ

1980

(8) ਨਰਿੰਦਰ ਪਾਲ ਕੌਰ ਪਤਨੀ ਪਾਲ ਸਿੰਘ ਵਾਸੀ ਮੁਰਾਦ ਪੁਰ ਥਾਣਾ ਕੋਤਵਾਲੀ, ਕਪੂਰਥਲਾ ।

ਜ਼ਿਲ੍ਹਾ ਸੰਗਰੂਰ

1979

(9) ਛਿੰਦਰ ਸਿੰਘ ਸਪੁਤਰ ਮੁਨਸ਼ੀ ਰਾਮ ਬਾਜੀਗਰ, ਵਾਸੀ ਹੰਢਿਆਇਆ ।

(10) ਨਾਜ਼ਰ ਸਿੰਘ ਸਪੁਤਰ ਸੁਚਾ ਸਿੰਘ ਜੱਟ ਵਾਸੀ ਸ਼ਹਿਣਾ (ਹੁਣ ਬਰਨਾਲਾ) ।

(11) ਜੋਗਿੰਦਰ ਸਿੰਘ ਸਪੁਤਰ ਕਾਟੂ ਸਿੰਘ ਜੱਟ ।

(12) ਜੀਤ ਸਿੰਘ ਸਪੁਤਰ ਸ: ਦਾਨਾ ਸਿੰਘ ।

(13) ਜ਼ੈਲਾ ਸਿੰਘ ਸਪੁਤਰ ਗੋਤਾ ਸਿੰਘ ਵਾਸੀ ਸਿਹਾਲ ।

1980

(14) ਨਿਕਾ ਸਿੰਘ ਸਪੁਤਰ ਮੇਹਰ ਸਿੰਘ ਜੱਟ ਵਾਸੀ ਘਰਾਚੋਂ ।

(15) ਧੰਨਾ ਰਾਮ ਦਾਸੀਆ ਵਾਸੀ ਸੰਧੂ ਕਲਾਂ ।

Original with;
Punjab Vidhan Sabha
Digitized by;
Punjab Digital Library

ਜ਼ਿਲ੍ਹਾ ਰੋਪੜ

1979

(16) ਅਦਰਸ਼ ਖੰਨਾ ਸਪੁਤਰ ਹੰਸ ਰਾਜ, ਮਕਾਨ ਨੰ: 608, ਫੇਜ਼ ਨੰ: 1, ਮੁਹਾਲੀ ।

(17) ਸਵਰਨ ਕੌਰ ਉਰਫ ਸਵਰਨੋ ਪਤਨੀ ਮਹਿੰਦਰ ਸਿੰਘ ਵਾਸੀ ਰੋਲੀ ਥਾਣਾ ਮੋਰਿੰਡਾ।

(18) ਸੁਸਮਾ ਪਤਨੀ ਦੇਵਿੰਦਰ ਸਿੰਘ, ਫੇਜ਼ ਨੰ: 4, ਮੁਹਾਲੀ ।

(ਅ) ਕਲੰਡਰੀ ਸਾਲ 1979 ਦੇ ਦੌਰਾਨ ਜ਼ਹਿਰ ਦੇ ਸ਼ੱਕ ਵਾਲੇ 7 ਕੇਸ ਦਰਜ ਹੋਏ ਅਤੇ ਕਲੰਡਰੀ ਸਾਲ 1980 (23 ਜੂਨ, 1980 ਤਕ) ਵਿਚ 5 ਕੇਸ ਦਰਜ ਹੋਏ ।

ਰਾਮਪੁਰਾ ਫੂਲ ਦੀਆਂ ਮਿਉਂਸਪਲ ਹੱਦਾਂ ਵਿਚ ਆਵਾਰਾ ਪਸ਼ੂ

*63. **ਮਾਸਟਰ ਬਾਬੂ ਸਿੰਘ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਰਾਮਪੁਰਾ ਫੂਲ (ਬਠਿੰਡਾ) ਦੀਆਂ ਮਿਉਂਸਪਲ ਹੱਦਾਂ ਦੇ ਅੰਦਰ ਆਵਾਰਾ ਪਸ਼ੂਆਂ ਦੀ ਸਮੱਸਿਆ ਬਾਰੇ ਜੇ ਕਰ ਪਤਾ ਹੈ, ਤਾਂ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਗਈ ਹੈ ?

ਡਾਕਟਰ ਕੇਵਲ ਕ੍ਰਿਸ਼ਨ : ਹਾਂ ਜੀ । ਗਊਸ਼ਾਲਾ ਦਾ ਪ੍ਰਬੰਧ ਪਹਿਲਾਂ ਹੀ ਉਪਲੱਬਧ ਹੈ। ਜਿਨ੍ਹਾਂ ਵਲੋਂ ਆਵਾਰਾ ਗਊਆਂ ਫੜੀਆਂ ਜਾਂਦੀਆਂ ਹਨ । ਨਗਰ ਪਾਲਿਕਾ ਕੋਲ ਇਸ ਸਮੇਂ ਇਸ ਮੰਤਵ ਲਈ ਕੋਈ ਵੱਖਰਾ ਪ੍ਰਬੰਧ ਨਹੀਂ ਹੈ।

Amalgamation of Agricultural Co-operative Societies

*162. **Sardar Dilbag Singh :** Will the Chief Minister be pleased to state : —

(a) whether the previous Ministry had reduced the number of village Agricultural Co-operative Societies by amalgamating them ; if so, the number thereof prior to amalgamation and thereafter ;

(b) whether the Government is aware of the fact that due to amalgamation of the village Agricultural Co-operative Societies, the poor villagers have to cover long distances to go to other concerned villages to get Sugar, Ghee, Fertilizer and Loans etc. and consequently face inconvenience and hardships ;

(c) whether the Government proposes to restore the old system or amend the system keeping in view the hardships and inconvenience being faced by the public so that they may get Sugar, Ghee, Fertilizer and Loans ; in their own villages ; if so, the time by which it is likely to be done ?

ਸਰਦਾਰ ਦਰਬਾਰਾ ਸਿੰਘ: (ੳ) ਭਾਗ (1) ਹਾਂ ਜੀ ।

ਭਾਗ (2) 10942

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਭਾਗ (3) 2581

(ਅ) ਖੰਡ ਅਤੇ ਘਿਓ ਦੀ ਸਪਲਾਈ ਬਾਰੇ ਆਮ ਸੁਭਾਵਿਕ ਖੇਚਲ ਦੇ ਕੁਝ ਕੇਸ ਸਰਕਾਰ ਦੇ ਧਿਆਨ ਵਿਚ ਆਏ ਹਨ । ਪਰੰਤੂ ਲਿਖਤੀ ਰੂਪ ਵਿਚ ਕੋਈ ਵੀ ਸ਼ਿਕਾਇਤ ਪ੍ਰਾਪਤ ਨਹੀਂ ਹੋਈ ।

(ਏ) ਸਰਕਾਰ ਨੇ ਹੁਣ ਤਕ ਫੈਸਲਾ ਨਹੀਂ ਕੀਤਾ ਹੈ । ਜ਼ਰੂਰੀ ਵਸਤਾਂ ਜਿਵੇਂ ਕਿ ਖੰਡ, ਵੈਜੀਟੇਬਲ ਘੀ ਆਦਿ ਦੀ ਸਪਲਾਈ ਬਾਰੇ ਵਾਜੂ ਨਿਕਾਸਾਂ ਦੀ ਯੋਜਨਾਬੰਦੀ ਕੀਤੀ ਜਾ ਰਹੀ ਹੈ ਤਾਂ ਜੋ ਕੁਝ ਦੂਰ ਦੇ ਪਿੰਡਾਂ ਨੂੰ ਨਜਾਇਜ਼ ਖੇਚਲ ਤੋਂ ਬਚਾਇਆ ਜਾ ਸਕੇ । ਇਹ ਆਸ ਕੀਤੀ ਜਾਂਦੀ ਹੈ ਕਿ ਵਰਤਮਾਨ ਸਾਲ ਦੇ ਅੰਤ ਤੀਕਰ ਪਿੰਡਾਂ ਵਿਚ ਕੰਮ ਕਰ ਰਹੇ ਪਰਚੂਨ ਨਿਕਾਸਾਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ। ਇਸ ਤਰ੍ਹਾਂ ਹੁਣ ਜੇ ਕੁਝ ਪਿੰਡਾਂ ਨੂੰ ਕੋਈ ਮੁਸ਼ਕਲ ਹੈ ਤਾਂ ਉਹ ਪੂਰੀ ਤਰ੍ਹਾਂ ਨਿਵਾਰਨ ਹੋ ਜਾਵੇਗੀ ।

UNSTARRED QUESTIONS AND ANSWERS

Unstarred Question No. 2*

(Extension has been asked for in respect of Unstarred Question No. 2.)

Sub-Soil Water in Muktsar and Faridkot Towns

3. Sardar Harchand Singh : Will the Chief Minister be pleased to state :—

(a) whether the sub-soil water in and near Muktsar and Faridkot Towns has risen during the current year, if so, to what extent ;

(b) whether any scheme has been drawn up for draining out water in the towns referred to in part (a) above, if so, the present stage of the scheme ?

Sardar Darbara Singh : (a) No.

(b) Muktsar Town.

The following schemes will cover drainage of Muktsar Town and the surrounding area :—

1. **Muktsar Town Outfall Drain.**—This will drain out water from Muktsar Town. Construction of this drain has been completed.

2. **Bura Gujjar Drain.**—This scheme has been sanctioned and work has been taken in hand. This drain will serve the surrounding

*For Unstarred Question No. 2 and reply there to please see Appendix to this Debate.

Original with;
Punjab Vidhan Sabha
Digitized by;
Panjab Digital Library

villages such as Bura, Gujjar, Lambi Dhab, Gulabwala, Saddarwala Maur, Ramgarh, Chak Janisar and Chak Madrasa.

3. **Jhabelwali Link Drain.**—This scheme will serve to Drain out water from village Jhabelwal (work is complete).

4. **Dadanwali Link Drain.**—This scheme has been prepared and is under process of sanction. This will serve to drain out water from village Dodanwal.

5. **Kotli Dewan Link Drain.**—This scheme has been prepared and submitted for sanction. This will serve to drain out water from village Kotli Dewan.

Three link drains mentioned above will out fall into Bura Gujjar Drain.

FARIDKOT TOWN

The following schemes will serve to drain out water around Faridkot town —

1. **Pacca Diversion Drain.**—Construction of this drain has been completed.

2. **Faridkot Link Drain.**—Construction of this drain has been mentioned.

3. **Seepage drain along Sirhind Feeder** / **Seepage drain along Rajasthan Feeder** } These schemes have been sanctioned and the land acquisition formalities are being pursued. These drains will be dug as soon as the land is acquired.

Drainage Scheme for Hithar Area of District Faridkot

4. **Sardar Harchand Singh** : Will the Chief Minister be pleased to state :—

(a) the details of the Drainage Scheme drawn up for Hithar area of District Faridkot.

(b) the amount earmarked for the execution of the scheme referred to in part (a) above together with its present stage of progress ?

ਸਰਦਾਰ ਚਰਬਾਰਾ ਸਿੰਘ : (ੳ) 21 ਨੰਬਰ ਸੇਮ ਨਾਲੇ ਦੀਆਂ ਸਕੀਮਾਂ ਫਰੀਦਕੋਟ ਜ਼ਿਲ੍ਹੇ ਦੇ ਹਿਥਾੜ ਰਕਬੇ ਲਈ ਬਣਾਈਆਂ ਗਈਆਂ ਹਨ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) 32.70 ਲੱਖ ਰੁਪਏ ਇਨ੍ਹਾਂ ਸਕੀਮਾਂ ਲਈ ਰਾਖਵੇਂ ਰਖੇ ਗਏ ਹਨ। ਹਰ ਇਕ ਦੀ ਸਥਿਤੀ ਵਿਸਥਾਰ ਪੂਰਵਕ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

ਸੂਚੀ

ਫਰੀਦਕੋਟ ਜ਼ਿਲ੍ਹੇ ਦੇ ਹਿਥਾੜ ਰਕਬੇ ਲਈ ਹੇਠ ਲਿਖੀਆਂ ਸਕੀਮਾਂ ਬਣਾਈਆਂ ਗਈਆਂ ਹਨ:—

1. ਸਾਦਿਕ ਡਰੇਨ—ਮੁਕੰਮਲ
2. ਪਕਾ ਡਾਇਵਰਸ਼ਨ ਡਰੇਨ--ਮੁਕੰਮਲ
3. ਲੁਬਾਨਿਆ ਵਾਲੀ ਡਰੇਨ--ਮੁਕੰਮਲ
4. ਝਬੇਲਵਾਲੀ ਲਿੰਕ ਡਰੇਨ--ਮੁਕੰਮਲ
5. ਫਬੇਨਵਾਲਾ ਲਿੰਕ ਡਰੇਨ--ਮੁਕੰਮਲ
6. ਮਚਾਕੀ ਮਲ ਸਿੰਘ ਡਰੇਨ--ਮੁਕੰਮਲ
7. ਮੁਕੰਦ ਸਿੰਘ ਵਾਲਾ ਲਿੰਕ ਡਰੇਨ--ਮੁਕੰਮਲ
8. ਫਰੀਦਕੋਟ ਲਿੰਕ ਡਰੇਨ—ਮੁਕੰਮਲ
9. ਬੁੜਾ ਗੁਜ਼ਰ ਡਰੇਨ—ਕੰਮ ਸ਼ੁਰੂ ਹੈ।
10. ਐਕਸਟੈਨਸ਼ਨ ਆਫ ਜਡਵਾਲਾ ਡਰੇਨ—ਕੰਮ ਸ਼ੁਰ ਹੈ।
11. ਡਗੋਰੂਮਾਨਾ ਲਿੰਕ ਡਰੇਨ—ਭੂਮੀ ਗ੍ਰਹਿਣ ਹੋਣੀ ਹੈ।
12. ਡੋਗਰ ਬਸਤੀ ਲਿੰਕ ਡਰਨ—ਭੂਮੀ ਗ੍ਰਹਿਣ ਹੋਣੀ ਹੈ।
13. ਸੰਗਤਪੁਰਾ ਲਿੰਕ ਡਰੇਨ—ਭੂਮੀ ਗ੍ਰਹਿਣ ਹੋਣੀ ਹੈ।
14. ਸੀਪੇਜ਼ ਡਰੇਨ ਅਲਾਂਗ ਸਰਹੰਦ ਫੀਡਰ—ਭੂਮੀ ਗ੍ਰਹਿਣ ਹੋਣੀ ਹੈ।
15. ਸੀਪਜ਼ ਡਰੇਨ ਅਲਾਂਗ ਰਾਜਿਸਥਾਨ ਫੀਡਰ—ਭੂਮੀ ਗ੍ਰਹਿਣ ਹੋਣੀ ਹੈ।
16. ਫੀਡਾ ਕਲਾਂ ਲਿੰਕ ਡਰੇਨ--ਮਨਜ਼ੂਰ ਹੋਣੀ ਹੈ।
17. ਫਤੇਹਗੜ ਲਿੰਕ ਡਰੇਨ—ਮਨਜ਼ੂਰ ਹੋਣੀ ਹੈ।
18. ਡੋਡਾ ਵਾਲੀ ਲਿੰਕ ਡਰੇਨ—ਮਨਜ਼ੂਰ ਹੋਣੀ ਹੈ।
19. ਕੋਟਲੀ ਦਿਵਾਨ ਲਿੰਕ ਡਰੇਨ—ਮਨਜ਼ੂਰ ਹੋਣੀ ਹੈ।
20. ਝੋਟੀ ਵਾਲਾ ਲਿੰਕ ਡਰੇਨ--ਮਨਜ਼ੂਰ ਹੋਣੀ ਹੈ।
21. ਪਿਪਲੀ ਫੀਡ ਡਰੇਨ—ਮਨਜ਼ੂਰ ਹੋਣੀ ਹੈ।

Original with;
Punjab Vidhan Sabha
Digitized by;
Panjab Digital Library

DISCUSSION AND VOTING OF DEMANDS FOR GRANTS FOR THE YEAR 1980-81

Mr. Speaker : There are three demands for grants, i.e., Demand No. 9 in respect of Civil Secretariat, Demand No. 10 in respect of District Administration and Demand No. 11 in respect of Police, for discussion. If the House agrees, all the demands may be deemed to have been read and moved. (Voices : Yes, yes). However, I would request the hon. Members that they may kindly indicate the demand number while raising discussion.

There are some notices of cut motions from some hon. Members. If the House agrees, these may also be deemed to have been read and moved. (Voices : Yes, yes).

Demand No. 9

A Minister to move that a sum not exceeding Rs. 1,82,73,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Civil Secretariat.

Demand No. 10

A Minister to move that a sum not exceeding Rs. 2,61,89,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of District Administration.

Demand No. 11

A Minister to move that a sum not exceeding Rs. 17,16,05,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Police.

Demand No. 9

(Civil Secretariat)

1. **Sardar Dalip Singh Pandhi** : That the demand be reduced by Re 1.

Demand No. 9
(Civil Secretariat)

2. **Master Babu Singh** : That the demand be reduced by Re 1.

Demand No. 10
(District Administration)

1. **Sardar Dalip Singh Pandhi** : That the demand be reduced by Re 1.

Demand No. 10
(District Administration)

2. **Master Babu Singh** : That the demand be reduced by Re 1.

Demand No. 11
(Police)

1. **Sardar Dalip Singh Pandhi** : That the demand be reduced by Re 1.

Original with;
Punjab Vidhan Sabha
Digitized by;
Panjab Digital Library

Demand No. 11
(*Police*)

2. Master Babu Singh : That the demand be reduced by Re 1.

Chief Minister (Sardar Darbara Singh) : Is there anybody to move the cut motions ? These should not be deemed to have been read and moved.

ਸ਼੍ਰੀ ਸਪੀਕਰ : ਮਤਲਬ ਇਹ ਹੈ ਕਿ ਨੋਟਿਸ ਇਥੇ ਆਏ ਹੋਏ ਹਨ। These have been deemed to have been read and moved.

ਸ਼੍ਰੀ ਜੋਗਿੰਦਰ ਪਾਲ ਪਾਂਡੇ (ਲੁਧਿਆਣਾ ਪੱਛਮ) : ਸਪੀਕਰ ਸਾਹਿਬ, ਮੈਂ ਪਹਿਲਾਂ ਡਿਮਾਂਡ ਨੰ: 11 ਲੈਂਦਾ ਹਾਂ। ਇਸ ਦੇ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਇਹ ਪੁਲਿਸ ਦੇ ਸਿਲਸਿਲੇ ਵਿਚ ਹੈ।

ਸਪੀਕਰ ਸਾਹਿਬ, ਪੁਲਿਸ ਦਾ, ਸਰਕਾਰ ਦਾ ਕੰਮ, ਆਜ਼ਾਦ ਹਿੰਦੁਸਤਾਨ ਦੇ ਅੰਦਰ ਜੋ ਸ਼ਹਿਰੀਆਂ ਦੇ ਕਾਨੂੰਨੀ ਹਕੂਕ ਹਨ, ਉਨ੍ਹਾਂ ਦੀ ਹਿਫਾਜ਼ਤ ਕਰਨਾ ਹੈ। ਪਰ ਪੁਲਿਸ ਨੂੰ ਜੋ ਉਸ ਦਾ ਤਰੀਕਾਕਾਰ ਹੈ, ਇਹ ਜਿਹੜੀ ਪਹਿਲਾਂ ਇਥੇ ਅੰਗਰੇਜ਼ ਸਰਕਾਰ ਸੀ ਉਸ ਦੇ ਕੋਲੋਂ ਮਿਲਿਆ ਹੈ। ਜਿੱਥੇ ਪੁਲਿਸ ਦਾ ਕੰਮ ਹੈ ਕਿ ਲੋਕਾਂ ਦੇ ਹੱਕਾਂ ਦੀ ਰਾਖੀ ਕਰਨਾ, ਉਥੇ ਨਾਲ ਹੀ ਉਸ ਦਾ ਕੰਮ ਹੈ ਅਮਨ–ਅਮਾਨ ਕਾਇਮ ਰੱਖਣਾ। ਪੁਲਿਸ ਦਾ ਇਹ ਵੀ ਕੰਮ ਹੈ ਕਿ ਸਮਾਜ ਦੇ ਅੰਦਰ ਕੋਈ ਜ਼ਿਆਦਤੀਆਂ ਨਾ ਕਰੇ ਅੌਰ ਨਾਲ ਹੀ ਆਪਣੇ ਆਪ ਨੂੰ ਡਿਸਿਪਲਿਨ ਵਿਚ ਵੀ ਰੱਖਣਾ ਹੁੰਦਾ ਹੈ। ਪੁਰਾਣੇ ਵਕਤਾਂ ਵਿਚ ਆਮ ਤੌਰ ਤੇ ਜੋ ਅੰਗਰੇਜ਼ਾਂ ਨੇ ਸਿਸਟਮ ਕਾਇਮ ਕੀਤਾ ਹੋਇਆ ਸੀ ਇਨਫਰਮੇਸ਼ਨ ਲੈਣ ਦਾ, ਉਹ ਸੀ ਸਫੈਦਪੋਸ਼ਾਂ ਦਾ, ਨੰਬਰਦਾਰਾਂ ਦਾ ਜ਼ੈਲਦਾਰਾਂ ਵਗੈਰਾ ਦਾ। ਉਸ ਵੇਲੇ ਉਨ੍ਹਾਂ ਲੋਕਾਂ ਨੂੰ ਜੋ ਸਰਕਾਰ ਨਾਲ ਸਹਿਮਤੀ ਰਖਦੇ ਸਨ, ਉਸ ਦੀ ਮਦਦ ਕਰਦੇ ਸਨ, ਗੁਲਾਮ ਹਿੰਦੁਸਤਾਨ ਦੇ ਅੰਦਰ ਜੋ ਡਿਕਟੇਟਰਸ਼ਿਪ ਚਲਦੀ ਸੀ ਉਸ ਦੇ ਖਿਲਾਫ ਜੋ ਲੋਕ ਆਵਾਜ਼ ਉਚੀ ਕਰਦੇ ਸਨ ਉਨਾਂ ਨੂੰ ਚੰਗੀ ਨਿਗਾਹ ਨਾਲ ਨਹੀਂ ਸੀ ਵੇਖਿਆ ਜਾਂਦਾ। ਜਦੋਂ ਮੁਲਕ ਆਜ਼ਾਦ ਹੋ ਗਿਆ ਤਾਂ ਪੁਲਿਸ ਦਾ ਰੋਲ ਬਦਲ ਗਿਆ, ਨਵਾਂ ਵਿਧਾਨ ਲਾਗੂ ਹੋਣ ਨਾਲ ਪੁਲਿਸ ਦੀ ਜ਼ਿਮੇਵਾਰੀ ਬਦਲ ਗਈ। ਉਸ ਨਾਲ ਪੁਲਿਸ ਦੀ ਲੋਕਾਂ ਨਾਲ ਮਿਲਵਰਤਣ ਵਿਚ ਤਬਦੀਲੀ ਆਉਣੀ ਲਾਜ਼ਮੀ ਸੀ ਅੌਰ ਮੈਂ, ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਹਿੰਦੁਸਤਾਨ ਆਜ਼ਾਦ ਹੋਣ ਤੋਂ ਬਾਅਦ ਜੋ ਪੁਲਿਸ ਦਾ ਸਹੀ ਰੋਲ ਹੋਣਾ ਚਾਹੀਦਾ ਸੀ ਉਹ ਪੈਦਾ ਨਹੀਂ ਹੋਇਆ। ਇਸ ਦੀ ਵਜ੍ਹਾ ਜਾਂ ਤਾਂ ਇਹ ਹੋ ਸਕਦੀ ਹੈ ਕਿ ਜੋ ਅੰਗਰੇਜ਼ਾਂ ਦੇ ਵੇਲੇ ਦੀ ਟ੍ਰੇਨਿੰਗ ਦਿੱਤੀ ਜਾਂਦੀ ਸੀ, ਉਹ ਹਾਲੇ ਮੁਕੰਮਲ ਤੌਰ ਤੇ ਤਬਦੀਲ ਨਹੀਂ ਕਰ ਸਕੇ ਜਾਂ ਮੈਂ ਸਮਝਦਾ ਹਾਂ ਕਿ ਪੁਲਿਸ ਦੇ ਅੰਦਰ ਜੋ ਰਿਫਾਰਮਜ਼ ਲਿਆਂਦੇ ਜਾਂਦੇ ਸਨ, ਉਨ੍ਹਾਂ ਤੇ ਅਮਲ ਨਹੀਂ ਹੋਇਆ। ਸਪੀਕਰ ਸਾਹਿਬ, ਸਾਡੀ ਪੁਲਿਸ ਜਿਹੜੀ ਹੈ, ਇਹ ਸਹੀ ਮਾਅਨਿਆਂ ਵਿਚ ਮਾਡਰਨ ਪੁਲਿਸ ਬਣ ਸਕਦੀ ਹੈ ਜੇਕਰ ਅਸੀਂ ਉਨ੍ਹਾਂ ਵੱਲ ਪੂਰਾ ਪੂਰਾ ਧਿਆਨ ਦੇਈਏ ਅੌਰ ਇਸ ਕੰਮ ਲਈ ਜੋ ਜੋ ਚੀਜ਼ਾਂ ਚਾਹੀਦੀਆਂ ਹਨ, ਉਹ ਮੁਹੱਈਆ ਕਰੀਏ। ਸਪੀਕਰ ਸਾਹਿਬ, ਸਾਡੇ ਪਾਸ ਟ੍ਰੇਨਿੰਗ ਸੈਂਟਰ ਹਨ। ਪਰ ਉਸ ਇਨਸਟੀਚਿਊਸ਼ਨ ਦਾ ਹੈਡ ਉਸ ਅਫਸਰ ਨੂੰ ਨਹੀਂ ਲਗਾਇਆ ਜਾਂਦਾ ਜਿਹੜਾ ਕਿ ਚੰਗਾ ਰਿਕਾਰਡ ਰਖਦਾ ਹੋਵੇ। ਉਹ ਪੁਲਿਸ ਵਿਚੋਂ ਹੀ ਲਗਾਏ ਜਾਂਦੇ ਹਨ ਪਰ ਲਗਾਇਆ ਉਸ ਨੂੰ ਜਾਂਦਾ ਹੈ ਜਿਸ ਨੂੰ ਹੋਰ ਪਾਸੇ ਠੀਕ ਨਾ ਸਮਝਿਆ ਜਾਂਦਾ ਹੋਵੇ, ਜਿਸ ਤੇ ਨਜ਼ਲਾ ਗਿਰਦਾ ਹੋਵੇ ਜਾਂ ਜਿਸ ਨੂੰ ਪੁਲਿਸ ਪਨਿਸ਼ ਕਰਨਾ ਹੋਵੇ। ਉਸ ਨੂੰ ਉਸ ਕੰਮ ਤੇ ਲਗਾਇਆ ਜਾਂਦਾ ਹੈ। ਕਿਸੇ ਵੀ ਅਫਸਰ ਨੂੰ ਟ੍ਰੇਨਿੰਗ ਦੇਣ ਲਈ, ਪੁਲਿਸ ਦੇ ਕੰਮ ਨੂੰ ਅੱਗੇ ਵਧਾਉਣ ਲਈ, ਇਹ ਜ਼ਰੂਰੀ ਹੈ ਕਿ ਉਸ ਨੂੰ ਟ੍ਰੇਨਿੰਗ ਸੈਂਟਰਾਂ ਵਿਚ ਚੰਗਾ ਰੈਪੂਟੇਸ਼ਨ ਰੱਖਣ ਵਾਲੇ ਅਫਸਰਾਂ ਨੂੰ ਲਗਾਇਆ ਜਾਵੇ। ਉਸ ਨਾਲ ਉਹ ਅਫਸਰ ਵੀ ਫਖਰ ਮਹਿਸੂਸ ਕਰੇਗਾ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਸਾਡੇ ਪਾਸ ਇਸ ਵੇਲੇ ਕੋਈ ਸਾਇੰਟੇਫਿਕ ਇਨਵੈਸਟੀਗੇਸ਼ਨ ਸੈਂਟਰ ਨਹੀਂ ਜਿੱਥੇ ਕਿ ਇਨਵੈਸਟੀਗੇਸ਼ਨ ਕਰਨ ਦੇ ਮਾਡਰਨ ਤਰੀਕੇ ਦਸ ਸਕੀਏ। ਇਸ ਵੇਲੇ ਪੰਜਾਬ, ਹਰਿਆਣਾ ਅੱਤ ਚੰਡੀਗੜ ਤਿੰਨੇ ਹੀ ਇਕ ਹੀ ਸੈਂਟਰ ਨੂੰ ਵਰਤਦੇ ਹਨ। ਜਦੋਂ ਇਹ ਤਿੰਨੇ ਇੱਕਠੇ ਸਨ, ਉਸ ਵੇਲੇ ਦਾ ਇਹ ਸੈਂਟਰ ਕਾਇਮ ਹੈ। ਇਹ ਉਸ ਸੈਂਟਰ ਨੂੰ ਤਿੰਨੇ ਹੀ ਇਸਤੇਮਾਲ ਕਰਦੇ ਹਨ। ਮੇਰੀ ਇਨਫਰਮੇਸ਼ਨ ਹੈ ਕਿ ਇਸ ਕਿਸਮ ਦਾ ਸੈਂਟਰ ਕਾਇਮ ਕਰਨ ਵਾਸਤੇ ਸ਼ਾਇਦ ਫਿਲੌਰ ਨੂੰ ਚੁਣਿਆ ਹੈ, ਪਰ ਇਕ ਸਾਲ ਦੇ ਅਰਸੇ ਵਿਚ ਅਕਾਲੀ ਸਰਕਾਰ ਵੇਲੇ ਇਸ ਫੈਸਲੇ ਤੇ ਅਮਲ ਨਹੀਂ ਹੋਇਆ ਬਾਵਜੂਦ ਇਸ ਗੱਲ ਦੇ ਕਿ ਗੌਰਮਿੰਟ ਆਫ ਇੰਡੀਆ ਨੇ ਮੱਦਦ ਵੀ ਦਿੱਤੀ ਸੀ, ਜਿਹੜੀ ਕਿ ਲੱਖਾਂ ਦੀ ਤਾਦਾਦ ਵਿੱਚ ਸੀ। ਅਕਾਲੀ ਸਰਕਾਰ ਨੇ ਉਸ ਰਕਮ ਨੂੰ ਇਸਤੇਮਾਲ ਨਹੀਂ ਕੀਤਾ ਅੱਤ ਇਸ ਤਰ੍ਹਾਂ ਦਾ ਕੋਈ ਇਨਸਟੀਚਿਊਸ਼ਨ ਖੋਲ੍ਹਣ ਵਾਸਤੇ ਕੋਸ਼ਿਸ਼ ਨਹੀਂ ਕੀਤੀ। ਨਾ ਹੀ ਕਿਸੇ ਨੂੰ ਇਸ ਕੰਮ ਵਾਸਤੇ ਮੁਕੱਰਰ ਕੀਤਾ ਗਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਪਾਸ ਸਾਇੰਟੇਫਿਕ ਇਨਵੈਸਟੀਗੇਸ਼ਨ ਸੈਂਟਰ ਹੋਵੇਗਾ। ਉਸ ਵਿਚ ਫਿੰਗਰ ਪ੍ਰਿੰਟ ਦੀ ਟ੍ਰੇਨਿੰਗ ਦਿਤੀ ਜਾਣੀ ਹੈ ਅੱਤ ਜਿਹੜੇ ਇਨਵੈਸਟੀਗੇਸ਼ਨ ਦੇ ਨਵੇਂ ਢੰਗ ਹਨ, ਉਨ੍ਹਾਂ ਬਾਰੇ ਟ੍ਰੇਨਿੰਗ ਦੇਣੀ ਹੈ। ਉਸ ਤੋਂ ਇਹ ਵੀ ਪਤਾ ਲਗਣਾ ਹੈ ਕਿ ਇਹ ਪ੍ਰਿੰਟ ਕਿਸ ਦਾ ਹੈ, ਮਰਦ ਦਾ ਹੈ ਜਾਂ ਔਰਤ ਦਾ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਟ੍ਰੇਨਿੰਗ ਉਥੇ ਦਿੱਤੀ ਜਾਣੀ ਹੈ। ਪੁਲਿਸ ਦੀਆਂ ਹੋਰ ਡਿਊਟੀਆਂ ਜਿਹੜੀਆਂ ਹਨ ਉਨ੍ਹਾਂ ਦੇ ਨਿਭਾਉਣ ਵਿੱਚ ਵੀ ਮੱਦਦ ਮਿਲੇਗੀ। ਮੈਂ ਚੀਫ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਸ ਕਿਸਮ ਦੀ ਮਾਡਰੇਨਾਈਜ਼ਡ ਲੈਬਾਰੇਟਰੀ ਖੋਲ੍ਹਣੀ ਚਾਹੀਦੀ ਹੈ। ਅਸੀਂ ਅਜ ਜਦੋਂ ਕਿ ਪੁਲਿਸ ਨੂੰ ਮਾਡਰੇਨਾਈਜ਼ ਕਰਨ ਜਾ ਰਹੇ ਹਾਂ, ਨਵੇਂ ਕਾਇਦੇ ਅਡਾਪਟ ਕਰਨ ਜਾ ਰਹੇ ਹਾਂ ਤਾਂ ਇਸ ਤਰ੍ਹਾਂ ਦੀ ਲੈਬਾਰੇਟਰੀ ਜ਼ਰੂਰੀ ਹੈ।

ਸਪੀਕਰ ਸਾਹਿਬ, ਕਈ ਦਫਾ ਅਸੀਂ ਆਪਣੀ ਪੁਲਿਸ ਦਾ ਮੁਕਾਬਲਾ ਬਾਹਰਲੇ ਦੇਸ਼ਾਂ, ਜਿਸ ਤਰ੍ਹਾਂ ਕਿ ਯੂਰਪ ਦੇ ਦੇਸ਼ ਹਨ, ਸਕਾਟਲੈਂਡ ਹੈ, ਉਨ੍ਹਾਂ ਦੀ ਪੁਲਿਸ ਨਾਲ ਕਰਦੇ ਹਾਂ। ਹਿਦੁਸਤਾਨ ਵਿਚ ਅਸੀਂ ਬੰਬਈ ਦੀ ਪੁਲਿਸ ਨਾਲ ਮੁਕਾਬਲਾ ਕਰਦੇ ਹਾਂ। ਪਰ ਨਾਲ ਇਹ ਵੀ ਚੀਜ਼ ਹੈ ਕਿ ਪੰਜਾਬ ਦੀ ਪੁਲਿਸ ਜਿਹੜੀ ਹੈ ਉਸ ਨੂੰ ਜਨਰਲ ਤੌਰ ਤੇ ਕਈ ਤਕਲੀਫਾਂ ਵੀ ਸਮਾਜਕ ਤੌਰ ਤੇ ਹੋਣੀਆਂ ਹਨ। ਬੇਸ਼ਕ ਸਾਨੂੰ ਵੀ ਕਈ ਕਿਸਮ ਦੀਆਂ ਸ਼ਿਕਾਇਤਾਂ ਹੋਣਗੀਆਂ, ਪਰ ਇਹ ਜ਼ਰੂਰ ਹੈ ਕਿ ਪੰਜਾਬ ਦੀ ਪੁਲਿਸ ਤੇ ਹਿੰਦੁਸਤਾਨ ਵਿਚ ਇਹ ਕਿਹਾ ਜਾਂਦਾ ਹੈ ਕਿ ਪੰਜਾਬੀਆਂ ਨੂੰ ਫਖਰ ਹੈ। ਜੋ ਟਾਸਕ ਸਾਡੀ ਪੁਲਿਸ ਲੈਂਦੀ ਹੈ, ਉਸ ਨੂੰ ਪੂਰਾ ਕਰਦੀ ਹੈ। ਇਸ ਦੇ ਬਾਵਜੂਦ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਇਲਾਕਿਆਂ ਨਾਲ ਮੁਕਾਬਲਾ ਨਹੀਂ ਕਰ ਸਕਦੇ ਜਿਹੜੇ ਲੋਕਾਂ ਦੀਆਂ ਇਨਵਾਇਰਨਮੈਂਟਸ ਅੱਤ ਜਿਨ੍ਹਾਂ ਦਾ ਰਹਿਣਾ ਸਹਿਣਾ ਸਾਡੇ ਤੋਂ ਜੁਦਾ ਹੈ। ਉਨ੍ਹਾਂ ਲੋਕਾਂ ਦਾ ਉਨ੍ਹਾਂ ਬਾਹਰਲੇ ਮੁਲਕਾਂ ਦਾ ਰਹਿਣ ਸਹਿਣ ਸਾਡੇ ਤੋਂ ਮੁਖਤਲਿਫ ਹੈ। ਪਰ ਇਸ ਗਲ ਦੇ ਬਾਵਜੂਦ ਵੀ ਮੈਂ ਅਰਜ਼ ਕਰਦਾ ਹਾਂ ਕਿ ਸੁਧਾਰ ਹੋਣਾ ਚਾਹੀਦਾ ਹੈ। ਅਕਾਲੀ ਰਾਜ ਦੇ ਵੇਲੇ ਪੰਜਾਬ ਵਿਚ ਪੁਲਿਸ ਸਟਰਾਈਕ ਹੋਈ ਸੀ। ਪੁਲਿਸ ਵਾਲਿਆਂ ਨੇ ਕਿਹਾ ਸੀ ਕਿ ਸਾਨੂੰ ਵਰਦੀਆਂ ਪੂਰੀਆਂ ਨਹੀਂ ਮਿਲਦੀਆਂ, ਸਾਡੀਆਂ ਤਨਖਾਹਾਂ ਘੱਟ ਹਨ, ਸਾਡੀ ਬਦਲੀ ਦਾ ਸਿਸਟਮ ਠੀਕ ਹੋਣਾ ਚਾਹੀਦਾ ਹੈ। ਟਰੇਡ ਯੂਨੀਅਨ ਨੇ ਇਹ ਵੀ ਕਿਹਾ ਸੀ ਕਿ ਸਾਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਤਾਕਿ ਅਸੀਂ ਆਪਣੇ ਮੁਤਾਲਬੇ ਸਹਕਾਰ ਪਾਸ ਰੱਖ ਸਕੀਏ। ਉਸ ਸਟਰਾਈਕ ਨੇ ਇਕ ਵਾਰੀ ਐਡਮਨਿਸਟਰੇਸ਼ਨ ਨੂੰ ਹਿਲਾ ਕੇ ਰਖ ਦਿਤਾ ਸੀ। ਮੈਂ ਸਮਝਦਾ ਹਾਂ ਕਿ ਇਸ ਦਾ ਵੱਡਾ ਕਾਰਨ ਇਹ ਵੀ ਸੀ ਕਿ ਜਿਹੜੇ ਉਸ ਵੇਲੇ ਆਈ. ਜੀ. ਸਨ, ਉਨ੍ਹਾਂ ਨੇ ਆਪਣੇ ਹੇਠ ਜੋ ਕਰਮਚਾਰੀ ਕੰਮ ਕਰ ਰਹੇ ਸਨ, ਉਨ੍ਹਾਂ ਦਾ ਖਿਆਲ ਨਹੀਂ ਕੀਤਾ। ਸ਼ਾਇਦ ਉਨ੍ਹਾਂ ਦੀ ਦਿਮਾਗੀ ਸੋਚ ਹੀ ਇਸ ਤਰ੍ਹਾਂ ਦੀ ਸੀ, ਜਿਸ ਦਾ ਨਤੀਜਾ ਐਜੀਟੇਸ਼ਨ ਸੀ। ਇਸ ਦੇ ਬਾਵਜੂਦ ਵੀ ਸਾਡੇ ਸਾਹਮਣੇ ਇਕ ਹੋਰ ਬਿਮਾਰੀ ਸੀ। ਇੰਤਜ਼ਾਮ ਕਰਨ ਵਾਲੀ ਫੋਰਸ ਨੇ ਜਿਸ ਢੰਗ ਨਾਲ ਮੁਜ਼ਾਹਰਾ ਕੀਤਾ, ਉਹ ਪੰਜਾਬ ਸਰਕਾਰ ਦਾ ਉਸ ਵੇਲੇ ਲੋਕਾਂ ਦੇ ਸਾਹਮਣੇ ਇਕ ਜਨਾਜ਼ਾ ਨਿਕਲ ਗਿਆ ਸੀ। ਸਪੀਕਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੋਗਿਦਰ ਪਾਲ ਪਾਂਡੇ]

ਸਾਹਿਬ, ਉਸ ਪੰਜਾਬ ਦੇ ਲੋਕ ਇਹ ਕਹਿੰਦੇ ਸਨ ਕਿ ਜਿਹੜਾ ਰਾਜ ਆਪਣੀ ਪੁਲਿਸ ਫੋਰਸ ਨੂੰ ਨਹੀਂ ਸੰਭਾਲ ਸਕਦਾ, ਉਹ ਰਾਜ ਕਿਸ ਤਰ੍ਹਾਂ ਚਲ ਸਕਦਾ ਹੈ। ਪਰ ਮੈਨੂੰ ਖੁਸ਼ੀ ਹੈ ਕਿ ਉਸ ਵੇਲੇ ਜਿਹੜੇ ਪੁਲਿਸ ਦੇ ਬੰਦੇ ਪਨਿਸ਼ ਕੀਤੇ ਗਏ ਸਨ, ਜਿਨ੍ਹਾਂ ਮੁਲਾਜ਼ਮਾਂ ਨੂੰ ਕਢਿਆ ਗਿਆ ਸੀ, ਉਨ੍ਹਾਂ ਨੂੰ ਇਸ ਸਰਕਾਰ, ਦਰਬਾਰਾ ਸਿੰਘ ਦੀ ਸਰਕਾਰ ਨੇ ਜਿਸ ਤਰ੍ਹਾਂ ਇਲੈਕਸ਼ਨਾਂ ਤੋਂ ਪਹਿਲਾਂ ਇਹ ਵਾਇਦਾ ਕੀਤਾ ਸੀ ਕਿ ਅਸੀਂ ਉਨ੍ਹਾਂ ਨੂੰ ਮੁੜ ਕੰਮ ਤੇ ਵਾਪਸ ਲਵਾਂਗੇ, ਉਸ ਮੁਤਾਬਿਕ ਕੋਈ 800 ਮੁਲਾਜ਼ਮਾਂ ਨੂੰ ਵਾਪਸ ਕੰਮ ਤੇ ਲੈ ਲਿਆ ਹੈ । ਅੱਜ ਜਿਹੜੇ ਕੇਸ ਅਜੇ ਚਲਦੇ ਪਏ ਹਨ, ਮੇਰਾ ਖਿਆਲ ਹੈ ਕਿ ਉਨ੍ਹਾਂ ਕੇਸਾਂ ਦਾ ਵੀ ਜਲਦੀ ਨਿਪਟਾਰਾ ਕਰਕੇ ਉਨ੍ਹਾਂ ਨੂੰ ਵਾਪਸ ਲੈ ਲਿਆ ਜਾਵੇਗਾ। ਸਪੀਕਰ ਸਾਹਿਬ, ਇਕ ਗਲ ਅੱਜ ਸਾਡੇ ਸਾਹਮਣੇ ਜ਼ਰੂਰ ਆਉਂਦੀ ਹੈ ਕਿ ਅੱਜ ਜੋ ਸਮਾਜ ਦੇ ਅੰਦਰ ਤਕਲੀਫਾਂ ਹਨ, ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਜੇ ਅਸੀਂ ਸਮਾਜ ਨੂੰ ਬੁਲੰਦ ਕਰਨਾ ਚਾਹੁੰਦੇ ਹਾਂ, ਕਰੈਕਟਰ ਨੂੰ ਉੱਚਾ ਚੁਕਣਾ ਚਾਹੁੰਦੇ ਹਾਂ, ਗੁਰਬਤ ਨੂੰ ਦੂਰ ਕਰਨਾ ਚਾਹੁੰਦੇ ਹਾਂ ਤਾਂ ਪੁਲਿਸ ਵਿਭਾਗ ਦੇ ਜਿਹੜੇ ਹੇਠਲੇ ਕਰਮਚਾਰੀ ਹਨ, ਕਾਂਸਟੇਬਲ ਹਨ, ਹਵਾਲਦਾਰ ਹਨ, ਏ. ਐਸ. ਆਈ. ਜਾਂ ਸਬ-ਇਨਸਪੈਕਟਰ ਹਨ, ਇਨ੍ਹਾਂ ਨੂੰ ਸਹੂਲਤਾਂ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ। ਮੈਂ ਸਮਝਦਾ ਹਾਂ ਕਿ ਜਿਹੜੀਆਂ ਤਨਖਾਹਾਂ ਜਾਂ ਸਹੂਲਤਾਂ ਉਨ੍ਹਾਂ ਨੂੰ ਹੜਤਾਲ ਕਰਨ ਤੋਂ ਬਾਅਦ ਦਿੱਤੀਆਂ ਗਈਆਂ ਹਨ, ਜੇ ਇਨ੍ਹਾਂ ਦਾ ਖਿਆਲ ਇਸ ਤੋਂ ਪਹਿਲਾਂ ਕਰ ਲੈਂਦੇ ਤਾਂ ਉਨ੍ਹਾਂ ਨੂੰ ਇਹ ਐਜੀਟੇਸ਼ਨਾਂ ਕਰਨ ਦੀ ਲੋੜ ਨਹੀਂ ਸੀ ਪੈਣੀ ' ਅੱਤ ਠੀਕ ਤਰ੍ਹਾਂ ਨਾਲ ਕੰਮ ਚਲ ਸਕਦਾ ਸੀ। ਜੇ ਅਸੀਂ ਉਨ੍ਹਾਂ ਦਾ ਖਿਆਲ ਅੱਜ ਵੀ ਨਾ ਕਰੀਏ, ਜੇ ਇਸੇ ਤਰ੍ਹਾਂ ਵੱਡੇ ਅਫਸਰ ਛੋਟੇ ਅਫਸਰਾਂ ਨਾਲ ਵਤੀਰਾ ਕਰਦੇ ਰਹੇ, ਉਨ੍ਹਾਂ ਨੂੰ ਆਦਰਮਾਨ ਨਾ ਦਿਤਾ ਗਿਆ, ਉਨ੍ਹਾਂ ਦੇ ਤਬਾਦਲੇ ਛੇਤੀ ਛੇਤੀ ਕੀਤੇ ਗਏ ਅੱਤ ਉਨ੍ਹਾਂ ਨੂੰ ਟਿਕਣ ਨਾ ਦਿੱਤਾ ਗਿਆ ਤਾਂ ਉਹ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਸਕਣਗੇ। ਮੈਂ ਸਮਝਦਾ ਹਾਂ ਕਿ ਹਾਲੇ ਵੀ ਪੁਲਿਸ ਦੇ ਛੋਟੇ ਕਰਮਚਾਰੀਆਂ ਨੂੰ ਅਫਸਰਾਂ ਵਲੋਂ ਉਹ ਆਦਰਮਾਨ ਨਹੀਂ ਮਿਲਦਾ। ਪੁਲਿਸ ਵਾਲਿਆਂ ਨੂੰ ਆਪਣੇ ਅਫਸਰ ਦੀ ਜੀ ਹਜ਼ੂਰੀ ਕਰਨੀ ਪੈਂਦੀ ਹੈ ਅਤੇ ਉਨ੍ਹਾਂ ਦੇ ਮੁਤਾਬਿਕ ਹੀ ਕੰਮ ਕਰਨੇ ਪੈਂਦੇ ਹਨ। ਸਾਡੇ ਸਾਹਮਣੇ ਇਸ ਦੀਆਂ ਕਈ ਮਿਸਾਲਾਂ ਹਨ। ਪਿਛਲੀ ਸਰਕਾਰ ਵੇਲੇ ਜਿਸ ਨੇ ਢਾਈ 3 ਸਾਲ ਇਥੇ ਰਾਜ ਕੀਤਾ, ਉਸ ਨੇ ਡਿਸਟ੍ਰਿਕਟ ਲੈਵਲ ਤੇ ਉਸੇ ਅਫਸਰ ਨੂੰ ਰਹਿਣ ਦਿੱਤਾ , ਜਿਹੜਾ ਉਨ੍ਹਾਂ ਦੀ ਜੀ ਹਜ਼ੂਰੀ ਕਰਦਾ ਸੀ। ਅੱਤ ਹਰ ਵੇਲੇ ਕਿਹਾ ਮੰਨਣ ਵਾਲੇ ਸਨ ਅੱਤ ਜੋ ਕਿਹਾ ਨਹੀਂ ਸਨ ਮੰਨਦੇ, ਉਨ੍ਹਾਂ ਨੂੰ ਡਿਸਟ੍ਰਿਕਟ ਲੈਵਲ ਤੇ ਰਹਿਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਪੁਲਿਸ ਦੇ ਅਦਰ ਅਸੀਂ ਰਿਫਾਰਮ ਕਰਨਾ ਚਾਹੁੰਦੇ ਹਾਂ ਤਾਂ ਸਾਡੇ ਜਿਹੜੇ ਆਦਰਸ਼ ਹਨ, ਉਨ੍ਹਾਂ ਨੂੰ ਪੂਰੇ ਤੌਰ ਤੇ ਕਾਇਮ ਕਰਨਾ ਪਵੇਗਾ। ਪੁਲਿਸ ਦੇ ਕਰਮਚਾਰੀਆਂ ਨੂੰ ਕੁਝ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਸਭ ਤੋਂ ਵਡੀ ਸਹੂਲਤ ਜੋ ਪੁਲਿਸ ਨੂੰ ਦੇਣੀ ਹੈ ਉਹ ਇਹ ਹੈ ਕਿ ਅੱਜ ਦੇ ਯੁਗ ਦੇ ਅੰਦਰ ਜੋ ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਰਹਿਣ ਵਾਲੇ ਹਨ, ਉਨ੍ਹਾਂ ਨੂੰ ਇਕੋ ਜਿਹੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਅੱਜ ਦੇ ਜਵਾਨ ਨੂੰ ਚਾਹੇ ਉਹ ਪਿੰਡ ਵਿਚ ਰਹਿੰਦਾ ਹੈ, ਉਸ ਨੂੰ ਰੇਡੀਓ ਦੀ ਵੀ ਲੋੜ ਹੁੰਦੀ ਹੈ, ਪੁਲਿਸ ਲਾਈਨਜ਼ ਵਿਚ ਟੈਲੀਵੀਜ਼ਨ ਦੀ ਵੀ ਲੋੜ ਹੁੰਦੀ ਹੈ ਤਾਕਿ ਉਨ੍ਹਾਂ ਦਾ ਕੁਝ ਮਨੋਰੰਜਨ ਹੋ ਸਕੇ। ਜੇ ਅਸੀਂ ਚਾਹੁੰਦੇ ਹਾਂ ਕਿ ਪੁਲਿਸ ਵਾਲੇ ਸਮਝਦਾਰ ਹੋਣ, ਇਮਾਨਦਾਰ ਹੋਣ ਤਾਂ ਸਾਨੂੰ ਉਨ੍ਹਾਂ ਦੇ ਬਚਿਆਂ ਵਾਸਤੇ ਅੱਤ ਉਨ੍ਹਾਂ ਵਾਸਤੇ ਰੇਡੀਓ, ਟੈਲੀਵੀਜ਼ਨ ਆਦਿ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਜੇ ਉਨ੍ਹਾਂ ਕੋਲ ਟੈਲੀਵੀਜ਼ਨ ਹੋਵੇਗਾ ਤਾਂ ਉਨ੍ਹਾਂ ਦੇ ਬਚੇ ਉਥੇ ਕਈ ਤਰ੍ਹਾਂ ਦੀਆਂ ਫਿਲਮਾਂ ਵੇਖ ਕੇ, ਕਈ ਤਸਵੀਰਾਂ ਵੇਖ ਕੇ, ਬੁਧੀਮਾਨ ਹੋ ਸਕਦੇ ਹਨ। ਇਸ ਕਰਕੇ ਜਿਹੜੇ ਪੁਲਿਸ ਕਰਮਚਾਰੀ ਪਿੰਡਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਜਿਸ ਤਰ੍ਹਾਂ ਅੱਜ ਸਵੇਰੇ ਹਾਊਸ ਰੈਂਟ ਦਾ ਸਵਾਲ ਉਠਾਇਆ ਗਿਆ ਸੀ, ਇਹੋ ਜਿਹੀਆਂ ਸਭ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਜਿਸ ਨਾਲ ਉਹ ਆਪਣੇ ਆਪ ਨੂੰ ਅੱਖਾ ਮਹਿਸੂਸ ਨਾ ਕਰ ਸਕਣ। ਮੈਨੂੰ ਪਤਾ ਹੈ ਕਿ ਪਿਛੇ ਆਈ. ਜੀ. ਨੇ ਇਨ੍ਹਾਂ ਪੁਲਿਸ ਵਾਲਿਆਂ ਲਈ ਕੁਝ ਖਾਣ ਪੀਣ ਦਾ ਪ੍ਰਬੰਧ ਕੀਤਾ ਸੀ। ਪਰ ਪੁਲਿਸ ਦੇ ਥਾਣੇ ਜਿਹੜੇ ਸ਼ਹਿਰਾਂ ਵਿਚ ਹਨ, ਉਥੇ ਤਾਂ

Original with;
Punjab Vidhan Sabha
Digitized by;
Panjab Digital Library

ਇਹ ਇੰਤਜ਼ਾਮ ਕਾਮਯਾਬ ਹੋ ਸਕਦਾ ਸੀ ਪਰ ਪਿੰਡਾਂ ਵਿਚ ਇਹ ਇੰਤਜ਼ਾਮ ਨਾ ਕਾਮਯਾਬ ਹੋਇਆ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਐਸਾ ਇੰਤਜ਼ਾਮ ਕੀਤਾ ਜਾਵੇ, ਜਿਸ ਨਾਲ ਉਨ੍ਹਾਂ ਨੂੰ ਇਹ ਸਹੂਲਤਾਂ ਮਿਲ ਸਕਣ।

ਸਪੀਕਰ ਸਾਹਿਬ, ਪੁਰਾਣੇ ਵਕਤਾਂ ਦੇ ਅੰਦਰ ਛੋਟੇ ਕਰਮਚਾਰੀਆਂ ਨੂੰ ਕੋਈ ਖਾਸ ਸਹੂਲਤਾਂ ਨਹੀਂ ਸਨ ਮਿਲਦੀਆਂ। ਥਾਣਿਆਂ ਅੰਦਰ ਕੋਈ ਖਾਸ ਇੰਤਜ਼ਾਮ ਨਹੀਂ ਸੀ ਹੁੰਦਾ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ 1972–77 ਦੇ ਰਾਜ ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ ਤਾਂ ਉਸ ਨੇ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਸਨ। ਥਾਣਿਆਂ ਵਿਚ ਜੀਪਾਂ ਦਿਤੀਆਂ ਸਨ, ਵਾਇਰਲੈਸ ਸੈਟਸ ਦਿਤੇ ਸਨ, ਮੋਟਰ ਸਾਈਕਲ ਤਕ ਦਿੱਤੇ ਸਨ ਤਾਕਿ ਜਿਹੜੀ ਇਨਵੈਸਟੀਗੇਸ਼ਨ ਹੈ, ਉਹ ਠੀਕ ਤਰ੍ਹਾਂ ਨਾਲ ਹੋ ਸਕੇ ਅੱਤ ਲੋਕਾਂ ਨੂੰ ਇਨਸਾਫ ਜਲਦੀ ਮਿਲ ਸਕੇ। ਪਰ ਇਹ ਇੰਤਜ਼ਾਮ ਕਈ ਥਾਣਿਆਂ ਵਿਚ ਉਸ ਵੇਲੇ ਨਹੀਂ ਸੀ ਹੋ ਸਕਿਆ। ਉਸ ਤੋਂ ਬਾਅਦ ਅਕਾਲੀ ਸਰਕਾਰ ਆ ਗਈ ਉਸ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ ਅੱਤ ਉਨ੍ਹਾਂ ਥਾਣਿਆਂ ਵਿਚ ਕੋਈ ਇੰਤਜ਼ਾਮ ਨਹੀਂ ਕੀਤਾ। ਪਰ ਮੈਂ ਹੁਣ ਕਹਿੰਦਾ ਹਾਂ ਕਿ ਹੁਣ ਫਿਰ ਕਾਂਗਰਸ ਦੀ ਸਰਕਾਰ ਆਈ ਹੈ, ਇਸ ਲਈ ਜਿਹੜੇ ਥਾਣੇ ਉਸ ਵੇਲੇ ਰਹਿ ਗਏ ਸਨ, ਜਿਥੇ ਇਹ ਚੀਜ਼ਾਂ ਪਰੋਵਾਈਡ ਨਹੀਂ ਸਨ ਹੋ ਸਕੀਆਂ, ਉਥੇ ਹੁਣ ਪਰੋਵਾਈਡ ਕਰਨੀਆਂ ਚਾਹੀਦੀਆਂ ਹਨ।

ਮੈਂ, ਸਪੀਕਰ ਸਾਹਿਬ, ਇਹ ਵੀ ਅਰਜ਼ ਕਰਾਂਗਾ ਕਿ ਪੁਰਾਣੇ ਵਕਤਾਂ ਅੰਦਰ ਸਾਡੇ ਸਾਹਮਣੇ ਬਹੁਤ ਸਾਰੇ ਕੇਸਿਜ਼ ਆਏ ਹਨ, ਉਹ ਇਸ ਕਿਸਮ ਦੇ ਕੇਸ ਹਨ ਕਿ ਪੰਜਾਬ ਦੇ ਅੰਦਰ ਜਿਹੜੇ ਲੋਕ ਸਮਾਜ ਵਿਰੋਧੀ ਸਨ, ਸਮਾਜ ਵਿਰੋਧੀ ਕੰਮ ਕਰਦੇ ਸਨ, ਜਿਸ ਤਰ੍ਹਾਂ ਅਫੀਮ ਦੀ ਸਮੱਗਲਿੰਗ ਕਰਨ ਵਾਲੇ, ਪੋਸਤ ਦੀ ਸਮੱਗਲਿਗ ਕਰਨ ਵਾਲੇ, ਉਨ੍ਹਾਂ ਨੂੰ ਕੋਈ ਹੱਥ ਨਹੀਂ ਪਾਉਂਦਾ ਸੀ। ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ ਸੀ। ਮੈਂ ਦੱਸਦਾ ਹਾਂ ਕਿ ਬਾਦਲ ਸਾਹਿਬ ਦੇ ਰਾਜ ਦੇ ਅੰਦਰ ਡਿਸਟ੍ਰਿਕਟ ਲੁਧਿਆਣਾ ਦੇ ਅੰਦਰ ਇਕ ਐਸਾ ਵੱਡਾ ਅਕਾਲੀ ਲੀਡਰ ਸੀ ਜੋ ਸਮੱਗਲਿੰਗ ਕਰਦਾ ਸੀ। ਉਸ ਸਰਕਾਰ ਵੇਲੇ ਉਸ ਨੂੰ ਅਰੈਸਟ ਤਾਂ ਕੀ ਕਰਨਾ ਸੀ, ਉਸ ਵੇਲੇ ਥਾਣੇਦਾਰ ਦੀ ਇਹ ਜੁਰਤ ਨਹੀਂ ਸੀ ਪੈਂਦੀ ਕਿ ਉਸ ਨੂੰ ਪੁੱਛ ਵੀ ਸਕੇ। ਐਸੀਆਂ ਹੋਰ ਵੀ ਕਈ ਮਿਸਾਲਾਂ ਸਾਡੇ ਸਾਹਮਣੇ ਹਨ। ਇਸ ਕੇਸ ਦਾ ਰਿਕਾਰਡ ਮੌਜੂਦ ਹੈ। ਉਸ ਵੇਲੇ ਦੇ ਡਿਪਟੀ ਕਮਿਸ਼ਨਰ ਮਿਸਟਰ ਰਤਨ ਜਿਸ ਨੇ ਕਾਨਫੀਡੈਂਸ਼ੀਅਲ ਰਿਪੋਰਟ ਵਿਚ ਇਸ ਦੇ ਬਾਰੇ ਲਿਖਿਆ ਸੀ..... (ਵਿਘਨ) ਸਪੀਕਰ ਸਾਹਿਬ, ਜੇ ਇਹ ਇਤਰਾਜ਼ ਕਰਦੇ ਹਨ ਤਾਂ ਮੈਂ ਨਾ ਨਹੀਂ ਲੈਂਦਾ, ਡਿਪਟੀ ਕਮਿਸ਼ਨਰ ਹੀ ਕਹਿ ਦਿੰਦਾ ਹਾਂ। ਉਸ ਦੀ ਰਿਪੋਰਟ ਤੇ ਕਿ ਸਰਕਾਰ ਉਸ ਨੂੰ ਕੋਈ ਸ਼ਾਬਾਸ਼ ਦਿੰਦੀ, ਪਰ ਕਿਉਂਕਿ ਉਹ ਲੀਡਰ ਅਕਾਲੀ ਪਾਰਟੀ ਨਾਲ ਤੁਅੱਲਕ ਰਖਦਾ ਸੀ, ਇਸ ਕਰਕੇ ਉਸ ਡਿਪਟੀ ਕਮਿਸ਼ਨਰ ਨੂੰ ਹੀ ਉਥੋਂ ਬਦਲ ਦਿੱਤਾ। ਮੈਂ ਦੱਸਦਾ ਹਾਂ ਕਿ (ਵਿਘਨ) ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਹ ਸਿਰਫ ਇਹੋ ਹੀ ਕੇਸ ਨਹੀਂ, ਹੋਰ ਵੀ ਕੇਸ ਹਨ। ਸਮਾਲੇ ਦੇ ਕੋਲ ਇਕ ਜੀਪ ਦਾ ਕਾਰ ਨਾਲ ਐਕਸੀਡੈਂਟ ਹੋਇਆ ਅੱਤ ਉਸ ਐਕਸੀਡੈਂਟ ਨਾਲ [illegible] ਸਨ। ਪਰ ਕਿਉਂਕਿ ਉਹ ਕਾਰ ਸ਼ਰੋਮਣੀ ਅਕਾਲੀ ਦਲ ਦੇ ਇਕ ਵੱਡੇ ਲੀਡਰ ਦੀ ਸੀ ਅੱਤ ਜਿਹੜਾ ਡਰਾਈਵਰ ਉਸ ਨੂੰ ਚਲਾ ਰਿਹਾ ਸੀ, ਉਹ ਸ਼ਰਾਬ ਦੇ ਨਸ਼ੇ ਵਿਚ ਸੀ, ਇਸ ਤੇ ਵੀ ਉਸ ਸਦਕਾਦ ਨੇ ਕੋਈ ਐਕਸ਼ਨ ਨਹੀਂ ਲਿਆ ਅਤੇ ਕੇਸ ਨੂੰ ਠੱਪ ਕਰ ਦਿੱਤਾ। ਜਦ ਉਸ ਕਾਰ ਨੂੰ ਇਥੇ ਲਿਆਂਦਾ ਗਿਆ ਤਾਂ ਉਸ ਕਾਰ ਦੀ ਡਿੱਗੀ ਦੇ ਅੰਦਰ ਕੁਇੰਟਲ ਅਫੀਮ ਨਿਕਲੀ। ਸੋ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਇਹੋ ਜਿਹੇ ਕੇਸਾਂ ਦੀ ਇਨਵੈਸਟੀਗੇਸ਼ਨ ਕਰਾਉਣੀ ਚਾਹੀਦੀ ਹੈ। ਇਹ ਕੇਸ ਸਿਰਫ ਲੁਧਿਆਣਾ ਦੇ ਅੰਦਰ ਹੀ ਨਹੀਂ ਹੋਇਆ ਬਲਕਿ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਹੋਰ ਜ਼ਿਲ੍ਹਿਆਂ ਦੇ ਅਦਰ ਵੀ ਇਹੋ ਜਿਹੇ ਕੇਸ ਹੋਏ ਹਨ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਪੁਲਿਸ ਨੂੰ ਚੰਗਾ ਬਣਾਉਣਾ ਚਾਹੀਦਾ ਹੈ ਅਤੇ ਉਸ ਨੂੰ ਇਨਵੈਸਟੀਗੇਸ਼ਨ ਕਰਨ ਵੇਲੇ ਪੂਰੀ ਛੂਟ ਦੇਣੀ ਚਾਹੀਦੀ ਹੈ। ਸਪੀਕਰ ਸਾਹਿਬ, ਜਦੋਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੋਗਿੰਦਰ ਪਾਲ ਪਾਂਡੇ]

ਅਕਾਲੀ ਜਨਤਾ ਰਾਜ ਇਥੇ ਸੀ ਤਾਂ ਉਸ ਨੇ ਰਾਜ ਸੰਭਾਲਦੇ ਹੀ ਸਭ ਤੋਂ ਪਹਿਲਾਂ ਕੰਮ ਕੀ ਕੀਤਾ ? ਉਸ ਨੇ ਸਰਦਾਰ ਦਰਬਾਰਾ ਸਿੰਘ ਦੀ ਤਰ੍ਹਾਂ ਸਮੱਗਲਰਾਂ ਨੂੰ ਗ੍ਰਿਫਤਾਰ ਨਹੀਂ ਕੀਤਾ।

ਸਪੀਕਰ ਸਾਹਿਬ, ਬਲੈਕ ਮਾਰਕੀਟੀਏ ਅਤੇ ਮਾਲ ਸਟੋਰ ਕਰਨ ਵਾਲੇ ਜਾਂ ਜੂਏਬਾਜ਼ ਗ੍ਰਿਫਤਾਰ ਨਹੀਂ ਕੀਤੇ ਬਲਕਿ ਪੋਲੀਟੀਕਲ ਪਾਰਟੀ ਦੇ ਲੀਡਰ ਕਾਂਗਰਸਮੈਨ ਨੂੰ ਗ੍ਰਿਫਤਾਰ ਕੀਤਾ ਗਿਆ (ਵਿਘਨ) (ਸ਼ੋਰ)। ਸਪੀਕਰ ਸਾਹਿਬ, ਭਗਤ ਸਿੰਘ ਦੇ ਸਾਥੀ ਜਿਹੜੇ ਐਮ. ਐਲ. ਏ. ਵੀ ਰਹੇ ਹਨ ਅਤੇ ਸਾਡੇ ਪੁਰਾਣੇ ਮਨਿਸਟਰ ਵੀ ਰਹੇ ਹਨ, ਉਨ੍ਹਾਂ ਨੂੰ ਸਿਰਫ ਗ੍ਰਿਫਤਾਰ ਹੀ ਨਹੀਂ ਕੀਤਾ ਗਿਆ ਬਲਕਿ ਪੁਲਿਸ ਕੋਲੋਂ ਉਨ੍ਹਾਂ ਨੂੰ ਪੁੱਠਾ ਵੀ ਕਰਾਇਆ ਗਿਆ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, ਪਾਂਡੇ ਜੀ ਜਿਸ ਕੇਸ ਦਾ ਜ਼ਿਕਰ ਕਰ ਰਹੇ ਹਨ, ਉਹ ਕੇਸ ਅੱਜ ਅਦਾਲਤ ਵਿਚ ਮੌਜੂਦ ਹੈ ਅਤੇ ਉਹ ਸਬਜੂਡਿਸ ਮੈਟਰ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਸ ਬਾਰੇ ਰੂਲ 52 ਬੜਾ ਕਲੀਅਰ ਹੈ। ਡਿਸਕਸ਼ਨ ਹੋ ਸਕਦੀ ਹੈ। ਮੈਂ ਲਿਖ ਕੇ ਵੀ ਦਿੱਤਾ ਸੀ ਅਤੇ ਤੁਸੀਂ ਉਸ ਨੂੰ ਅਲਾਓ ਕਰੋ। (ਵਿਘਨ) ਇਸ ਦਾ ਫੈਸਲਾ ਕਰੋ।

ਸ਼੍ਰੀ ਸਪੀਕਰ : ਅਜੇ ਪਾਂਧੀ ਜੀ ਤੁਹਾਡੀ ਮੋਸ਼ਨ ਮੇਰੇ ਕੋਲ ਆਈ ਨਹੀਂ। ਮੈਂ ਦੇਖ ਲੈਂਦਾ ਹਾਂ। (ਵਿਘਨ) ਹਰ ਇਕ ਪਾਰਟੀ ਦੇ ਮੈਂਬਰਾਂ ਨੇ ਬੋਲਣਾ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਹਰ ਇਕ ਮੈਂਬਰ 15, 15 ਮਿੰਟ ਜਾਂ 18, 18 ਮਿੰਟ ਸਪੀਚ ਕਰ ਲਏ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਚੌਧਰੀ ਜਗਜੀਤ ਸਿੰਘ ਜੋ ਕਿ ਮੈਂਬਰ ਬਣ ਕੇ ਇਥੇ ਆਏ ਹਨ ਅਤੇ ਸਾਬਕਾ ਮਨਿਸਟਰ ਸਰਦਾਰ ਗੁਰਬੰਤਾ ਸਿੰਘ ਜੀ ਨਾਲ ਵੀ ਬੁਰਾ ਸਲੂਕ ਕੀਤਾ ਗਿਆ ਹੈ। ਉਨ੍ਹਾਂ ਨਾਲ ਥਰਡ ਡਿਗਰੀ ਵਾਲਾ ਸਲੂਕ ਕਰਦੇ ਰਹੇ ਹਨ। (ਵਿਘਨ) ਪੁਲਿਸ ਵਾਲਿਆਂ ਨੇ ਇਥੋਂ ਤਕ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਕਿਹਾ ਗਿਆ ਕਿ ਸਾਡੀ ਮਰਜ਼ੀ ਦੇ ਮੁਤਾਬਿਕ ਲਿਖ ਕੇ ਦੇ ਦਿਓ ਨਹੀਂ ਤਾਂ ਤੁਹਾਨੂੰ ਨਹਿਰ ਵਿਚ ਡਬੋ ਦਿਆਂਗੇ ਅਤੇ ਤੁਹਾਨੂੰ ਜਾਨੋਂ ਮਾਰ ਦਿਆਂਗੇ। ਸ਼੍ਰੀ ਓਂਕਾਰ ਚੰਦ ਜੀ ਜਿਹੜੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਵੀ ਰਹੇ ਹਨ, ਉਨ੍ਹਾਂ ਨਾਲ ਵੀ ਉਹੀ ਸਲੂਕ ਕੀਤਾ ਗਿਆ ਜੋ ਸ਼੍ਰੀ ਯਸ਼ ਅਤੇ ਜਗਜੀਤ ਸਿੰਘ ਨਾਲ ਕੀਤਾ ਗਿਆ ਸੀ। (ਸ਼ੋਰ ਸ਼ੋਰ) ਪੁਰਾਣੇ ਚੀਫ ਮਨਿਸਟਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਜੀ ਨੇ ਪੁਲਿਸ ਨੂੰ ਆਪਣੇ ਹੱਥਾਂ ਵਿਚ ਰਖਿਆ ਹੋਇਆ ਸੀ। (ਵਿਘਨ) ਇਕ ਆਈ. ਜੀ. ਪੁਲਿਸ, ਸਪੀਕਰ ਸਾਹਿਬ, ਜੋ ਕਿ ਇਨ੍ਹਾਂ ਦੀ ਬੜੀ ਖੁਸ਼ਾਮਦ ਕਰਦਾ ਸੀ ਅਤੇ ਪਤਾ ਨਹੀਂ ਕਿਉਂ ਕਰਦਾ ਸੀ। ਹੋ ਸਕਦਾ ਹੈ ਕਿ ਉਸ ਨੇ ਕੋਈ ਤਰੱਕੀ ਲੈਣੀ ਹੋਵੇ ਜਾਂ ਪਰਮਾਣ ਪੱਤਰ ਲੈਣਾ ਹੋਵੇ। ਉਸ ਨੇ ਪੁਲਿਸ ਤੇ ਬਹੁਤ ਦਬਾਅ ਪਾਇਆ ਅਤੇ ਅਕਾਲੀਆਂ ਦੇ ਕਹਿਣ ਤੇ ਸਾਰੀ ਕਾਰਵਾਈ ਗਲਤ ਕਰਦਾ ਰਿਹਾ। ਹੁਣ ਜਦੋਂ, ਸਪੀਕਰ ਸਾਹਿਬ, ਕਾਂਗਰਸ ਦਾ ਰਾਜ ਆਇਆ ਅਤੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਵਾਗ ਡੋਰ ਸੰਭਾਲੀ ਤਾਂ ਉਹ ਆਈ ਜੀ ਪੁਲਿਸ ਛੁੱਟੀ ਲੈ ਕੇ, ਰੀਜ਼ਾਈਨ ਕਰਕੇ ਚਲਾ ਗਿਆ ਹੈ ਕਿਉਂਕਿ ਉਸ ਆਈ. ਜੀ. ਪੁਲਿਸ ਨੂੰ ਸਾਰਾ ਪਤਾ ਸੀ ਕਿ ਹੁਣ ਕਾਂਗਰਸ ਦਾ ਰਾਜ ਆ ਗਿਆ ਹੈ ਅਤੇ ਮੈਨੂੰ ਹੱਥ ਪਾਉਣਗੇ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਅਕਾਲੀ ਰਾਜ ਵੇਲੇ ਜਿਹੜਾ ਪਹਿਲਾਂ ਪੁਰਾਣਾ ਪ੍ਰੋਗਰਾਮ ਬਣਿਆ ਸੀ ਕਿ ਹਰ ਵੱਡੇ ਆਦਮੀ ਨੂੰ ਥਾਣਿਆਂ ਵਿਚ ਰਿਸਪੈਕਟ ਦਿੱਤੀ ਜਾਵੇਗੀ, ਕੁਰਸੀ ਅਤੇ ਬੈਂਚ ਆਦਿ ਮਿਲੇਗਾ, ਅਕਾਲੀਆਂ ਦੇ ਰਾਜ ਵਿਚ ਨਵੀਆਂ ਕੁਰਸੀਆਂ, ਬੈਂਚ ਆਦਿ ਤਾਂ ਕੀ ਆਉਣੇ ਸੀ, ਬਲਕਿ ਪੁਰਾਣੀਆਂ ਕੁਰਸੀਆਂ ਅਤੇ ਬੈਂਚ ਵੀ ਉਥੋਂ ਚੁੱਕ ਕੇ ਲੈ ਗਏ।

Original with;
Punjab Vidhan Sabha
Digitized by;
Panjab Digital Library

ਮੈਂ ਸਮਝਦਾ ਹਾਂ ਕਿ ਪੁਲਿਸ ਸਟੇਸ਼ਨਾਂ ਵਿਚ ਸੁਧਾਰ ਹੋਣਾ ਚਾਹੀਦਾ ਹੈ। ਪੁਲਿਸ ਵਾਲਿਆਂ ਦਾ ਵਤੀਰਾ ਠੀਕ ਹੋਣਾ ਚਾਹੀਦਾ ਹੈ ਅਤੇ ਹੁਣ ਪੁਰਾਣੇ ਵਤੀਰੇ ਨੂੰ ਬਦਲਣਾ ਚਾਹੀਦਾ ਹੈ। ਇਨਵੈਸਟੀਗੇਸ਼ਨ ਦੇ ਪੁਰਾਣੇ ਮੈਥਡ ਨੂੰ ਬਦਲਣਾ ਚਾਹੀਦਾ ਹੈ। ਸਪੀਕਰ ਸਾਹਿਬ, ਹੁਣ ਪੁਰਾਣੇ ਵਕਤਾਂ ਦੀ ਤਰ੍ਹਾਂ ਚੋਰ ਨਹੀਂ ਰਹੇ, ਪੁਰਾਣੇ ਚੋਰ ਤਾਂ ਹੁਣ ਕੋਈ ਕੰਮਕਾਰ ਲਗ ਗਏ ਹਨ ਅਤੇ ਨਵੇਂ ਚੋਰ ਪੜ੍ਹੇ ਲਿਖੇ ਪੈਦਾ ਹੋ ਗਏ ਹਨ। ਉਨ੍ਹਾਂ ਦਾ ਚੋਰੀ ਕਰਨ ਦਾ ਤਰੀਕਾ ਵੀ ਨਵਾਂ ਹੈ। ਇਸ ਬਾਰੇ ਰੋਜ਼ ਅਖਬਾਰਾਂ ਵਿਚ ਵੀ ਆਉਂਦਾ ਹੈ ਕਿ ਅਦਾਲਤ ਵਿਚ ਕੇਸ ਜਾਂਦੇ ਹਨ। ਨਵੇਂ ਚੋਰਾਂ ਵਿਚ ਪੜ੍ਹੇ ਲਿਖੇ ਨੌਜਵਾਨ ਵੀ ਮੌਜੂਦ ਹਨ। ਮੈਂ, ਸਪੀਕਰ ਸਾਹਿਬ, ਕਹਾਂਗਾ ਕਿ ਸਾਡੀ ਪੁਲਿਸ ਦਾ ਮੈਥਡ ਵੀ ਪੁਰਾਣਾ ਹੀ ਚਲਿਆ ਆ ਰਿਹਾ ਹੈ, ਜੋ ਕਿ ਹੁਣ ਬਦਲਣ ਦੀ ਲੋੜ ਹੈ। (ਵਿਘਨ) ਇਸ ਨੂੰ ਮੌਡਰਨਾਈਜ਼ ਕਰੋ।

ਸਪੀਕਰ ਸਾਹਿਬ, ਇੱਕ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਇਕ ਪੁਲਿਸ ਕਮਿਸ਼ਨ ਬਣਿਆ ਸੀ। ਇਹ ਬਹੁਤ ਪੁਰਾਣੀ ਗੱਲ ਹੋ ਗਈ ਹੈ। ਜੋ ਪੁਲਿਸ ਕਮਿਸ਼ਨ ਨੇ ਸਿਫਾਰਸ਼ਾਂ ਕੀਤੀਆਂ ਸਨ, ਉਨ੍ਹਾਂ ਵਿਚੋਂ ਕੁਝ ਕੁ ਲਾਗੂ ਹੋ ਗਈਆਂ ਸਨ ਅਤੇ ਕੁਝ ਕੁ ਬਾਕੀ ਰਹਿ ਗਈਆਂ ਸਨ। ਇੱਕ ਨੈਸ਼ਨਲ ਪੱਧਰ ਉਤੇ ਪੁਲਿਸ ਕਮਿਸ਼ਨ ਬਣਾਇਆ ਗਿਆ ਹੈ ਜਿਸ ਨੇ ਆਪਣੀ ਸਿਫਾਰਸ਼ਾਂ ਭੇਜ ਦਿੱਤੀਆਂ ਹਨ। ਮੈਂ ਉਮੀਦ ਕਰਾਂਗਾ ਕਿ ਕਾਂਗਰਸ ਸਰਕਾਰ ਉਨ੍ਹਾਂ ਸਿਫਾਰਸ਼ਾਂ ਵੱਲ ਧਿਆਨ ਦੇਵੇਗੀ। ਮੇਰੇ ਮਨ ਅੰਦਰ ਪੁਲਿਸ ਨੂੰ ਸੁਧਾਰਨ ਦਾ ਖਿਆਲ ਸੀ, ਜਿਸ ਨੇ ਸਾਰੀ ਰੂਪਰੇਖਾ ਸਾਹਮਣੇ ਰਖਣੀ ਹੈ। ਅਸੀਂ, ਸਪੀਕਰ ਸਾਹਿਬ, ਪੁਲਿਸ ਤੋਂ ਕਿਸ ਤਰ੍ਹਾਂ ਕੰਮ ਲੈਣਾ ਹੈ ਤਾਕਿ ਪੁਲਿਸ ਵਲੋਂ ਸਾਰੇ ਸਹੀ ਕੰਮ ਹੋਣ। ਪੁਲਿਸ ਵਿਚ ਸਹੀ ਤੌਰ ਤੇ ਸੁਧਾਰ ਲਿਆਉਣ ਦੀ ਜ਼ਰੂਰਤ ਹੈ। (ਘੰਟੀ) ਇਸ ਲਈ ਮੈਂ ਪੰਜਾਬ ਸਰਕਾਰ ਨੂੰ ਅਪੀਲ ਕਰਾਂਗਾ ਕਿ ਉਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰੋ। ਬੱਸ ਇਕ ਗੱਲ ਹੋਰ ਕਰਨੀ ਹੈ, ਸਪੀਕਰ ਸਾਹਿਬ, ਇਕ ਪਰੰਪਰਾ ਚਲੀ ਆ ਰਹੀ ਹੈ ਕਿ ਭਾਵੇਂ ਕਾਂਗਰਸ ਦਾ ਰਾਜ ਹੋਵੇ, ਅਕਾਲੀਆਂ ਦਾ ਰਾਜ ਹੋਵੇ ਜਾਂ ਕਿਸੇ ਹੋਰ ਦਾ ਰਾਜ ਹੋਵੇ, ਸਾਡੇ ਅਫਸਰ ਐਸੇ ਹੋਣ ਜਿਨ੍ਹਾਂ ਤੋਂ ਅਸੀਂ ਕੰਮ ਲੈ ਸਕੀਏ। ਅਫਸਰਾਂ ਨੂੰ ਅਸੀਂ ਬਾਹਰ ਭੇਜ ਨਹੀਂ ਸਕਦੇ। ਅਸੀਂ ਉਨ੍ਹਾਂ ਨੂੰ ਕਿਤੇ ਟਰਾਂਸਪੋਰਟ ਦਾ ਮੈਨੇਜਰ ਜਾਂ ਇੰਪੋਰਟ ਐਕਸਪੋਰਟ ਦੇ ਦਫਤਰ ਵਿਚ ਲਗਾ ਦਿੰਦੇ ਹਾਂ ਅਤੇ ਪਰਸਨਲ ਸਟਾਫ ਪੀ. ਏ. ਵਗੈਰਾ ਦੇ ਦਿੰਦੇ ਹਾਂ ਅਤੇ ਕੰਮ ਪੂਰਾ ਹੋ ਜਾਂਦਾ ਹੈ। ਜਿਸ ਨੇ ਚੰਗੀ ਟ੍ਰੇਨਿਗ ਲਈ ਹੁੰਦੀ ਹੈ ਤਾਂ ਅਸੀਂ ਉਸ ਅਫਸਰ ਤੋਂ ਜੋ ਕੰਮ ਲੈਣਾ ਹੁੰਦਾ ਹੈ, ਉਹ ਲੈ ਨਹੀਂ ਸਕਦੇ। ਇਸ ਲਈ, ਸਪੀਕਰ ਸਾਹਿਬ, ਮੈਂ ਆਪਣੀ ਗੌਰਮਿੰਟ ਨੂੰ ਕਹਾਂਗਾ ਕਿ ਇਸ ਸਿਸਟਮ ਨੂੰ ਬਦਲਣਾ ਚਾਹੀਦਾ ਹੈ ਅਤੇ ਐਗਜ਼ਾਮਿਨ ਕਰਨਾ ਚਾਹੀਦਾ ਹੈ ਕਿ ਇਤਨੇ ਅਫਸਰ ਚਾਹੀਦੇ ਹਨ ਅਤੇ ਇਤਨੀਆਂ ਪੋਸਟਾਂ ਸਾਡੇ ਕੋਲ ਹਨ ਅਤੇ ਹੋਰ ਕਿਤਨੀਆਂ ਦੀ ਲੋੜ ਹੈ ਜਾਂ ਘਟਾਉਣ ਦੀ ਲੋੜ ਹੈ। ਉਸ ਦੇ ਮੁਤਾਬਿਕ ਹੀ ਕੰਮ ਕਰਨਾ ਚਾਹੀਦਾ ਹੈ। (ਵਿਘਨ) ਬੱਸ ਜੀ, ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ (ਮਜੀਠਾ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਅੱਜ ਜੋ ਡੀਮਾਂਡਜ਼ ਹਨ, ਉਨ੍ਹਾਂ ਤੇ ਕੁਝ ਕਹਿਣ ਵਾਸਤੇ ਮੈਂ ਖੜ੍ਹਾ ਹੋਇਆ ਹਾਂ। ਸਿਵਲ ਸੈਕਰੇਟੇਰੀਏਟ, ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਅਤੇ ਪੁਲਿਸ ਦੀ ਬਾਬਤ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕੁਝ ਕਹਿਣਾ ਚਾਹਾਂਗਾ। ਸੀ. ਐਮ. ਸਾਹਿਬ ਨੇ ਬਾਰ ਬਾਰ ਹਾਊਸ ਵਿਚ ਇਹ ਕਿਹਾ ਹੈ ਕਿ ਮੇਰੀ ਪਰਫਾਰਮੈਂਸ ਤੋਂ ਪਤਾ ਲਗੇਗਾ। ਸਪੀਕਰ ਸਾਹਿਬ ਪਰਫਾਰਮੈਂਸ ਦਾ ਤਾਂ ਵਕਤ ਤੋਂ ਬਾਅਦ ਹੀ ਪਤਾ ਲਗੇਗਾ ਕਿ ਪਰਫਾਰਮੈਂਸ ਕੀ ਹੈ ? ਸੀ ਐਮ ਸਾਹਿਬ, ਪੰਜਾਬ ਵਾਸਤੇ ਕੀ ਕਰਦੇ ਹਨ ? ਮੈਂ ਜ਼ਿਆਦਾ ਟੀਕਾ–ਟਿੱਪਣੀ ਵਿਚ ਨਹੀਂ ਜਾਣਾ ਅਤੇ ਨਾ ਹੀ ਮੈਂ ਜ਼ਿਆਦਾ ਟੀਕਾ–ਟਿੱਪਣੀ ਵਿਚ ਬਿਲੀਵ ਕਰਦਾ ਹਾਂ। ਗਵਰਨਰ ਸਾਹਿਬ ਦੇ ਭਾਸ਼ਣ ਉਤੇ ਅਤੇ ਵਿੱਤ ਮੰਤਰੀ ਜੀ ਦੇ ਬਜਟ ਉਤੇ ਦੋਹਾਂ ਧਿਰਾਂ ਨੇ ਬੜੇ ਸੁਨਹਿਰੀ ਪੱਖ ਪੇਸ਼ ਕੀਤੇ ਹਨ। ਸਪੀਕਰ ਸਾਹਿਬ, ਮੇਰੇ ਦੇਖਣ ਵਿਚ ਇਹ ਗੱਲ ਆਈ ਹੈ ਕਿ ਕੋਈ ਵੀ ਧਿਰ ਇੱਕ ਦੂਜੇ ਦੀ ਗੱਲ ਸਣਨ ਲਈ ਤਿਆਰ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਮੈਂ ਸਮਝਦਾ ਹਾਂ ਕਿ ਸਰਕਾਰ ਕਿਸੇ ਦੀ ਹੋਵੇ ਪਰ ਇਹ ਸਰਕਾਰ ਪੰਜਾਬ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਹੁੰਦੀ ਹੈ, ਪਾਪੂਲਰ ਸਰਕਾਰ ਹੁੰਦੀ ਹੈ ਭਾਵੇਂ ਉਹ ਅਕਾਲੀ ਸਰਕਾਰ ਹੋਵੇ, ਭਾਵੇਂ ਕਾਂਗਰਸ ਦੀ ਸਰਕਾਰ ਹੋਵੇ, ਭਾਵੇਂ ਉਹ ਮੁਸ਼ਤਰਕਾ ਮੁਹਾਜ਼ ਦੀ ਸਰਕਾਰ ਹੋਵੇ, ਉਸ ਨੂੰ ਮਿਲਵਰਤਣ ਦੇਣਾ, ਉਸ ਦੇ ਕੰਸਟ੍ਰਕਟਿਵ ਕੰਮਾਂ ਉਤੇ ਆਪੋਜ਼ੀਸ਼ਨ ਦਾ ਕਿਰਦਾਰ ਹੋਣਾ ਚਾਹੀਦਾ ਹੈ। ਔਰ ਜੋ ਸਰਕਾਰੀ ਬੈਂਚਾਂ ਤੇ ਬੈਠੇ ਹਨ, ਉਨ੍ਹਾਂ ਨੂੰ ਆਪੋਜ਼ੀਸ਼ਨ ਕੋਲੋਂ ਵੱਧ ਤੋਂ ਵੱਧ ਮਿਲਵਰਤਨ ਲੈਣੀ ਚਾਹੀਦੀ ਹੈ, ਨਾ ਕਿ ਰੌਜ਼ ਇਥੇ ਕੋਈ ਬੁਲਾਰਾ ਬੋਲਦਾ ਹੈ, ਉਹ ਸੁਝਾਓ ਦਿੰਦਾ ਹੈ ਤਾਂ ਅਸੀਂ ਉਸ ਨੂੰ ਇਥੇ ਇਸ ਢੰਗ ਨਾਲ ਰੌਲਾ ਰੱਪਾ ਪਾ ਕੇ ਡਿਜ਼ਾ ਨੂੰ ਖਰਾਬ ਕਰ ਦਿੰਦੇ ਹਾਂ, ਮੇਰਾ ਇਸ ਵਿਚ ਕਤੱਅਨ ਕੋਈ ਇਤਕਾਦ ਨਹੀਂ ਹੈ। ਜੋ ਵੀ ਸਰਕਾਰ ਏਥੇ ਆਉਂਦੀ ਹੈ, ਉਸ ਦੀ ਪਹਿਲੀ ਸਟੇਟਮੈਂਟ ਆਉਂਦੀ ਹੈ ਕਿ ਅਸੀਂ ਸਾਫ ਸੁਥਰੀ ਐਡਮਨਿਸਟ੍ਰੇਸ਼ਨ ਦੇਣੀ ਹੈ। ਪਹਿਲਾਂ ਸਕੱਤਰੇਤ ਦੇ ਅਫਸਰ ਸਾਹਿਬਾਨ ਨੂੰ ਚੀਫ ਮਨਿਸਟਰ ਐਡਰੈਸ ਕਰਦਾ ਹੈ। ਮੈਂ ਸਮਝਦਾ ਹੈ ਕਿ ਕਈ ਸਰਕਾਰਾਂ ਇਨ੍ਹਾਂ ਨੇ ਦੇਖੀਆਂ ਹਨ, ਕਈ ਚੀਫ ਮਨਿਸਟਰ ਆਏ ਔਰ ਇਹੋ ਗਲ ਹਰ ਇੱਕ ਨੇ ਆਖੀ। ਇਹ ਦਿਲ ਵਿਚ ਹਸਦੇ ਹੋਣਗੇ ਕਿ ਕਈ ਆਏ ਔਰ ਕਈ ਚਲੇ ਗਏ ਅਤੇ ਤੁਹਾਡੀ ਵੀ ਕਲੀਨ ਐਡਮ-ਨਿਸਟ੍ਰੇਸ਼ਨ ਦੇਖ ਲਵਾਂਗੇ। ਮੈਂ ਸਰਦਾਰ ਦਰਬਾਰਾ ਸਿੰਘ ਨੂੰ ਬੇਨਤੀ ਕਰਾਂਗਾ ਕਿ ਸਿਵਿਲ ਸਕੱਤਰੇਤ ਤੋਂ ਅਗਰ ਕਿਸੇ ਨੇ ਕੰਮ ਲਿਆ ਹੈ ਤਾਂ ਉਹ ਸਵਰਗੀਯ ਸਰਦਾਰ ਪ੍ਰਤਾਪ ਸਿੰਘ ਨੇ ਲਿਆ ਔਰ ਇਸ ਸਕੱਤਰੇਤ ਤੋਂ ਅਗਰ ਹੋਰ ਕਿਸੇ ਨੇ ਕੰਮ ਲਿਆ ਤਾਂ ਉਹ ਸਵਰਗੀਯ ਸਰਦਾਰ ਲੱਛਮਣ ਸਿੰਘ ਗਿੱਲ ਨੇ ਲਿਆ ਹੈ। ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਅਗਰ ਕੋਈ ਤੀਸਰਾ ਚੀਫ ਮਨਿਸਟਰ ਦਾ ਨਾਂ ਸਤਿਕਾਰ ਨਾਲ ਲਿਆ ਜਾਂਦਾ ਹੈ ਤਾਂ ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੈ, ਜਿਸ ਦਾ ਨਾਂ ਸਕੱਤਰੇਤ ਵਿਚ ਵੀ ਲਿਆ ਜਾਂਦਾ ਹੈ ਔਰ ਬਾਹਰ ਸ਼ਹਿਰਾਂ ਵਿਚ ਔਰ ਦਿਹਾਤਾਂ ਵਿਚ ਗਰੀਬ ਔਰ ਅਮੀਰ ਹਰ ਇੱਕ ਦੇ ਮਨ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਲਈ ਬੜੀ ਇਜ਼ਤ ਔਰ ਮਾਣ ਹੈ। ਸਰਦਾਰ ਦਰਬਾਰਾ ਸਿੰਘ ਜੀ ਜੋ ਮੁੱਖ ਮੰਤਰੀ ਜੀ ਹਨ, ਇਹ ਇਕ ਵਰਕਰ ਤੋਂ ਉਠੇ ਹਨ, ਪਿੰਡਾਂ ਤੋਂ ਆਏ ਹਨ। ਇਨ੍ਹਾਂ ਨੇ ਪੰਜਾਬ ਦੇ ਉਤਰਾ ਚੜ੍ਹਾ ਬਹੁਤ ਦੇਖੇ ਹਨ। ਮੈਂ ਆਸ ਕਰਦਾ ਹਾਂ ਕਿ ਉਹ ਚੰਗੇ ਮਨ ਨਾਲ, ਤਕੜੇ ਇਰਾਦੇ ਨਾਲ ਇਸ ਪੰਜਾਬ ਨੂੰ ਸਾਫ ਸੁਥਰੀ ਐਡਮਨਿਸਟ੍ਰੇਸ਼ਨ ਦੇਣਗੇ ਔਰ ਇਸ ਸਕੱਤਰੇਤ ਤੋਂ ਜੋ ਵੀ ਤੁਹਾਡੀ ਪਲੈਨਿੰਗ ਸੀ, ਅਗਰ ਇਹ ਸਕੱਤਰੇਤ ਚੰਗੀ ਤਰ੍ਹਾਂ ਤੁਹਾਨੂੰ ਮਿਲਵਰਤਣ ਦੇਵੇਗਾ, ਅਗਰ ਉਨ੍ਹਾਂ ਤੋਂ ਤੁਸੀਂ ਕੰਮ ਲੈ ਸਕੋਗੇ ਤਾਂ ਤੁਹਾਡੀਆਂ ਭਾਵਨਾਵਾਂ ਜ਼ਰੂਰ ਪੂਰੀਆਂ ਹੋਣਗੀਆਂ। ਮੈਨੂੰ ਕਿਸੇ ਪਾਰਟੀ ਦੇ ਰਾਜ ਦਾ ਦੁੱਖ ਨਹੀਂ। ਸਾਡਾ ਨਜ਼ਰੀਆ ਆਪਣਾ ਹੈ। ਮੇਰਾ ਨਜ਼ਰੀਆ ਮੇਰੀ ਪਾਰਟੀ ਦਾ ਨਜ਼ਰੀਆ ਹੈ। ਇਨ੍ਹਾਂ ਨੂੰ ਨਜ਼ਰੀਆ ਆਪਣਾ ਮੁਬਾਰਕ ਹੋਵੇ। ਅਸੀਂ ਸਾਰੇ ਮੈਨੀਫੈਸਟੋ ਲੈ ਕੇ ਆਉਂਦੇ ਹਾਂ ਕਿ ਅਸੀਂ ਪੰਜਾਬ ਨੂੰ ਉਸਾਰਨਾ ਹੈ, ਇਸ ਦੀ ਡਿਵੈਲਪਮੈਂਟ ਕਰਨੀ ਹੈ। ਪੰਜਾਬ ਦੇ ਗਰੀਬ, ਆਰਥਿਕਤਾ ਤੌਰ ਤੇ ਪਛੜੇ ਹੋਏ ਹਰੀਜਨ ਲੋਕਾਂ ਨੂੰ, ਉਨ੍ਹਾਂ ਦੀ ਆਰਥਿਕ ਦਿਸ਼ਾ ਨੂੰ ਸੁਧਾਰਨਾ, ਇਹ ਭਾਵਨਾਂ ਸਾਰੇ ਲੈਕੇ ਆਉਂਦੇ ਹਨ। ਪਰ ਉਹ ਕੰਮ ਮੈਂ ਸਮਝਦਾ ਹਾਂ ਕਿ ਜਿਹੜਾ ਵੀ ਚੀਫ ਮਨਿਸਟਰ ਹੈ, ਜਿਸ ਪਾਰਟੀ ਦੀ ਸਰਕਾਰ ਹੈ, ਉਹ ਅਗਰ ਚਾਰ ਕਦਮ ਅੱਗੇ ਪੁਟਦਾ ਹੈ ਤਾਂ ਲੋਕ ਉਸ ਦੀ ਪਰਸ਼ੰਸਾ ਜ਼ਰੂਰ ਕਰਦੇ ਹਨ। ਇਸ ਲਈ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਪਾਸ 12 ਜੁਲਾਈ ਦੀ ਟ੍ਰਿਬਿਊਨ ਹੈ। ਬੇਸ਼ਕ ਤੁਹਾਨੂੰ ਮੌਕਾ ਨਹੀਂ ਮਿਲਿਆ ਹੋਣਾ ਔਰ ਉਸ ਵਿਚ ਜੋ ਹੈਡ ਲਾਈਨ ਦਿੱਤੀ ਹੈ, ਉਹ ਇਸ ਪ੍ਰਕਾਰ ਹੈ "ਸਰਕਾਰੀ ਦਫਤਰਾਂ ਵਿਚ ਬੇਰੌਣਕੀ"। ਤੁਸੀਂ ਹੁਣ ਝੰਡੀਆਂ ਲਗਵਾ ਲਈਆਂ ਹਨ ; ਭਾਵੇਂ ਅਸੀਂ ਮਨਿਸਟਰ ਰਹੇ ਔਰ ਭਾਵੇਂ ਹੁਣ ਤੁਹਾਡੀ ਮਨਿਸਟਰੀ ਹੈ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਆਪਣੀ ਕੈਬਨਿਟ ਉਤੇ ਕੋਈ ਪਾਬੰਦੀ ਜ਼ਰੂਰ ਲਗਾਉਣ ਤਾਕਿ ਸਕੱਤਰੇਤ ਵਿਚ ਬੈਠ ਕੇ ਜ਼ਿਆਦਾ ਕੰਮ ਕਰ ਸਕਣ ਨਾ ਕਿ ਬਾਹਰ ਐਵੇਂ ਆਪਣੇ ਹਲਕਿਆਂ ਵਿਚ ਜਾ ਕੇ ਆਪਣਾ ਵਕਤ ਜ਼ਾਇਆ ਕਰਦੇ ਫਿਰਨ। ਇਸ ਤਰ੍ਹਾਂ ਕਰਨ ਨਾਲ ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦਾ ਭਲਾ ਕਰ ਸਕਣਗੇ।

Original with;
Punjab Vidhan Sabha
Digitized by;
Panjab Digital Library

ਮੈਂ ਸਰਦਾਰ ਦਰਬਾਰਾ ਸਿੰਘ ਦੇ ਇੱਕ ਉਘੇ ਕੰਮ ਦੀ ਸ਼ਲਾਘਾ ਕਰਦਾ ਹਾਂ। ਇਨ੍ਹਾਂ ਨੇ ਜੋ ਪੰਜਾਬ ਵਿਚ ਤਿੰਨ ਵੱਡੇ ਸ਼ਹਿਰਾਂ ਵਿਚ ਬੈਡ ਐਲੀਮੈਂਟ ਨੂੰ ਹਿਰਾਸਤ ਵਿਚ ਲਿਆ ਜਿਸ ਨਾਲ ਲੋਕਾਂ ਨੂੰ ਸੁਖ ਦਾ ਜੋ ਸਾਹ ਮਿਲਿਆ ਉਨ੍ਹਾਂ ਨੇ ਕੋਈ ਪਰਵਾਹ ਨਹੀਂ ਕੀਤੀ ਭਾਵੇਂ ਅੰਮ੍ਰਿਤਸਰ ਵਿਚ ਕਾਂਗਰਸੀ ਸਪੋਰਟਰਜ਼ ਕਿੰਨੇ ਵੱਡੇ ਸਨ, ਉਨ੍ਹਾਂ ਨੇ ਇਹ ਕਦਮ ਚੁਕਿਆ ਹੈ, ਇਹ ਪਰਸ਼ੰਸਾ ਦੇ ਹੱਕਦਾਰ ਹਨ। ਪਰ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹਾਂਗਾ ਕਿ ਅਖਬਾਰਾਂ ਵਿਚ ਜਲੰਧਰ ਦੇ ਕੇਸ ਬਾਰੇ ਬੜਾ ਚਰਚਾ ਹੋਇਆ ਹੈ, ਹੁਸ਼ਿਆਰਪੁਰ ਦਾ ਚਰਚਾ ਚਲਦਾ ਹੈ। ਉਹ ਐਡਾ ਵੱਡਾ ਅੱਡਾ ਸੀ ਜਿਥੇ ਜਾਸੂਸੀ ਹੁੰਦੀ ਸੀ, ਬਦਕਾਰੀ ਹੁੰਦੀ ਸੀ, ਜੂਆ ਖੇਡਿਆ ਜਾਂਦਾ ਸੀ। ਇਹ ਅਖਬਾਰਾਂ ਵਿਚ ਆਇਆ ਸੀ। ਪੁਲਿਸ ਅਫਸਰ ਦੀ ਸਟੇਟਮੈਂਟ ਹੈ ਕਿ ਜਿਹੜੇ ਬਦਕਾਰ ਲੋਕ ਉਥੇ ਪਕੜੇ ਗਏ, ਉਨ੍ਹਾਂ ਦਾ ਬੜਾ ਅਸਰ ਰਸੂਖ ਹੈ ਔਰ ਉਨ੍ਹਾਂ ਨੇ ਸਿਆਸੀ ਬੰਦਿਆਂ ਦੇ ਨਾਂ ਲਏ ਹਨ। ਅਫਸਰਾਂ ਦੇ ਨਾਂ ਲਏ ਹਨ। ਮੈਂ ਅਪੀਲ ਕਰਾਂਗਾ ਕਿ ਕ੍ਰਿਪਾ ਕਰਕੇ ਇਥੋਂ ਵਿਹਲੇ ਹੁੰਦੇ ਹੀ ਉਨ੍ਹਾਂ ਲੋਕਾਂ ਨੂੰ ਜ਼ਰੂਰ ਉਨ੍ਹਾਂ ਮੁਜਰਮਾਂ ਦੀ ਕਤਾਰ ਵਿਚ ਖੜੇ ਕਰ ਦੇਣ ਤਾਕਿ ਲੋਕਾਂ ਨੂੰ ਪਤਾ ਲਗ ਜਾਏ ਕਿ ਪੰਜਾਬ ਵਿਚ ਸਾਫ ਸੁਥਰੀ ਐਡਮਨਿਸਟ੍ਰੇਸ਼ਨ ਮਿਲੇਗੀ।

10.55 ਸਵੇਰੇ (ਇਸ ਵੇਲੇ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਔਰ ਪੁਲਿਸ ਦਾ ਬੜਾ ਅਹਿਮ ਰੋਲ ਹੈ। ਲੋਕਾਂ ਨੂੰ ਇਨਸਾਫ ਦੇਣ ਵਾਸਤੇ ਪਿੰਡਾਂ ਤੋਂ ਲੋਕ ਸਬ-ਡਵੀਜ਼ਨਾਂ ਨੂੰ ਭੱਜਦੇ ਹਨ, ਥਾਣਿਆਂ ਨੂੰ ਭੱਜਦੇ ਹਨ, ਕਚਹਿਰੀਆਂ ਨੂੰ ਭੱਜਦੇ ਹਨ, ਐਸ. ਐਸ. ਪੀ. ਔਰ ਡੀ ਸੀ. ਸਾਹਿਬਾਨ ਕੋਲ ਆਉਂਦੇ ਹਨ। ਇਸ ਲਈ ਮੈਂ ਤੁਹਾਡੇ ਜ਼ਰੀਏ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਸਹੂਲਤਾਂ ਦੇਣ ਵਾਸਤੇ, ਇਨਸਾਫ ਦੇਣ ਵਾਸਤੇ, ਉਥੋਂ ਦੀ ਐਡਮਨਿਸਟ੍ਰੇਸ਼ਨ ਨੂੰ ਚੰਗੀ ਤਰ੍ਹਾਂ ਤਾੜਨਾ ਕੀਤੀ ਜਾਏ ਤਾਂ ਜੋ ਇਹ ਜੋ ਐਮ. ਐਲ. ਏਜ਼. ਹੋਸਟਲ ਅੱਗੇ ਜਾਂ ਸਕੱਤਰੇਤ ਵਿਚ ਲੋਕਾਂ ਦੀਆਂ ਲਾਈਨਾਂ ਲਗੀਆਂ ਹੋਈਆਂ ਹਨ, ਇਹ ਨਾ ਲਗਣ ਔਰ ਇਨ੍ਹਾਂ ਨੂੰ ਇਨਸਾਫ ਜ਼ਿਲਾ ਪੱਧਰ ਤੇ ਮਿਲ ਸਕੇ! ਇਹੋ ਜਿਹੀਆਂ ਗਲਾਂ ਤਾਂ ਹਰ ਸਰਕਾਰ ਕਰਦੀ ਆਈ ਹੈ ਕਿ ਅਸੀਂ ਲੋਕਾਂ ਨੂੰ ਇਨਸਾਫ ਲੈਣ ਵਾਸਤੇ ਚੱਕਰ ਨਹੀਂ ਮਾਰਨ ਦਿਆਂਗੇ ਔਰ ਇਨਸਾਫ ਇਨ੍ਹਾਂ ਨੂੰ ਜ਼ਿਲ੍ਹਾ ਹੈਡਕੁਆਰਟਰਜ਼ ਤੇ ਹੀ ਮਿਲੇਗਾ। ਮੈਂ ਆਸ ਕਰਦਾ ਹਾਂ ਔਰ ਮੈਨੂੰ ਪੂਰਾ ਯਕੀਨ ਵੀ ਹੈ ਕਿ ਜਿਸ ਜੁੱਰਤ ਔਰ ਦਲੇਰੀ ਨਾਲ ਇਨ੍ਹਾਂ ਨੇ ਇਹ ਤਿੰਨ ਸ਼ਹਿਰਾਂ ਵਿਚ ਗੁੰਡਿਆਂ ਔਰ ਬਦਮਾਸ਼ ਲੋਕਾਂ ਨੂੰ ਪਕੜਿਆ ਹੈ, ਉਸੇ ਤਰ੍ਹਾਂ ਇਹ ਆਪਣੀ ਗੌਰਮਿੰਟ ਦੇ ਅਹਿਲਕਾਰਾਂ ਨੂੰ ਜੋ ਜ਼ਿਲ੍ਹਾ ਹੈਡਕੁਆਰਟਰਜ਼ ਤੇ ਹਨ, ਉਨ੍ਹਾਂ ਵਲ ਵੀ ਧਿਆਨ ਦੇਣਗੇ ਤਾਕਿ ਲੋਕਾਂ ਨੂੰ ਸਸਤਾ ਇਨਸਾਫ ਮਿਲ ਸਕੇ।

ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਪੁਲਿਸ ਦਾ ਮਹਿਕਮਾ ਹੈ, ਇਸ ਦੇ ਬਾਰੇ ਮੈਂ ਬਹੁਤ ਵਿਸਥਾਰ ਨਾਲ ਨਹੀਂ ਕਹਿਵਾ ਚਾਹੁੰਦਾ, ਜਿਸ ਤਰ੍ਹਾਂ ਕਿ ਪਾਂਡੇ ਸਾਹਿਬ ਨੇ ਕਿਹਾ ਹੈ ਕਿ ਇਥੇ ਪੁਲਿਸ ਕਮਿਸ਼ਨ ਬਣਾਉਣਾ ਚਾਹੀਦਾ ਸੀ। ਬਾਦਲ ਸਰਕਾਰ ਵੇਲੇ ਜੋ ਨੈਸ਼ਨਲ ਪੱਧਰ ਤੇ ਪੁਲਿਸ ਕਮਿਸ਼ਨ ਬਣਾਇਆ ਸੀ, ਉਸ ਵਾਸਤੇ ਪੰਜਾਬ ਵਿਚ ਇਕ ਸਟੱਡੀ ਗਰੁਪ ਬਣਿਆ ਸੀ, ਜਿਸ ਨੇ ਆਪਣੀਆਂ ਰਿਕੁਮੈਂਡੇਸ਼ਨਜ਼ ਦੇਣੀਆਂ ਸਨ ਕਿ ਪੁਲਿਸ ਨੂੰ ਕੀ ਚਾਹੀਦਾ ਹੈ ਔਰ ਕਿਸ ਤਰ੍ਹਾਂ ਨਾਲ ਇਸ ਨੂੰ ਮੌਡਰਨਾਈਜ਼ ਕਰਨਾ ਹੈ, ਕਿੰਨੀ ਇਨ੍ਹਾਂ ਦੀ ਪਿੰਡਾਂ ਵਿਚ ਸਟ੍ਰੈਂਗਥ ਹੋਣੀ ਚਾਹੀਦੀ ਹੈ, ਕਿਸ ਤਰ੍ਹਾਂ ਕਰਾਈਮਜ਼ ਨੂੰ ਕੰਟ੍ਰੋਲ ਕਰ ਸਕਦੇ ਹਨ, ਕਿਸ ਤਰ੍ਹਾਂ ਇਨ੍ਹਾਂ ਨੂੰ ਮੌਡਰਨ ਤਰੀਕੇ ਨਾਲ ਲੈਸ ਕਰਨਾ ਚਾਹੀਦਾ ਹੈ ਉਨ੍ਹਾਂ ਜੰਤਰਾਂ ਨਾਲ ਜਿਨ੍ਹਾਂ ਦੀ ਮੱਦਦ ਨਾਲ ਇਹ ਕਰਾਈਮ ਕਰਨ ਵਾਲੇ ਤੇ ਕਾਬੂ ਪਾ ਸਕਣ, ਉਸ ਸਟੱਡੀ ਗਰੁਪ ਦਾ ਮੈਂ ਮੈਂਬਰ ਸੀ। ਉਸ ਦੀ ਰਿਪੋਰਟ ਰਿਕਾਰਡ ਤੇ ਹੈ ਔਰ ਮੈਂ ਉਸ ਨੂੰ ਰਪੀਟ ਨਹੀਂ ਕਰਨਾ ਚਾਹੁੰਦਾ। ਪਰ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਹ ਪੁਲਿਸ ਦੇ ਮਹਿਕਮੇ ਦਾ ਚੰਗਾ ਪਕਸ਼ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਹੈ ਅੱਜ ਇਸ ਦਾ ਮਾੜਾ ਪਕਸ਼ ਵੀ ਹੈ। ਬਦਕਿਸਮਤੀ ਦੀ ਗਲ ਹੈ ਕਿ ਜਿਸ ਪੁਲਿਸ ਕਰਮਚਾਰੀ ਨੇ ਖੇਤ ਦੀ ਰਾਖੀ ਕਰਨੀ ਹੈ, ਉਹ ਵਾੜ ਖੇਤ ਨੂੰ ਖਾਣ ਲਗ ਪਈ ਹੈ। ਇਸ ਤੋਂ ਹੋਰ ਮਾੜੀ ਗਲ ਕੀ ਹੋ ਸਕਦੀ ਹੈ। ਇਸ ਵਲ ਧਿਆਨ ਦੇਣਾ ਚਾਹੀਦਾ ਹੈ। ਜੋ ਇਸ ਕਿਸਮ ਦੇ ਅਫਸਰ ਹਨ ਜਾਂ ਛੋਟੇ ਕਰਮਚਾਰੀ ਹਨ, ਜਦ ਥਾਨਿਆਂ ਵਿਚ ਲੋਕ ਆਉਂਦੇ ਹਨ ਅੱਰ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਕਦੇ ਬਰਦਾਸ਼ਤ ਨਹੀਂ ਕਰਨਾ ਚਾਹੀਦਾ ਹੈ।

ਇਸ ਦੇ ਨਾਲ ਪੰਜਾਬ ਦੇ ਲੋਕਾਂ ਨੂੰ ਇਨਸਾਫ ਮਿਲੇਗਾ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਨੇਕ ਅਫਸਰ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਨੇਕ ਕੰਮ ਦੀ ਪ੍ਰਸ਼ੰਸਾ ਮਿਲਣੀ ਚਾਹੀਦੀ ਹੈ ਅਤੇ ਜਿਹੜੇ ਬੁਰੇ ਅਫਸਰ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਮਿਲਣੀ ਚਾਹੀਦੀ ਹੈ। ਮੈਂ ਬਹੁਤ ਜ਼ਿਆਦਾ ਨਾ ਕਹਿੰਦਾ ਹੋਇਆ ਪੁਲਿਸ ਬਾਰੇ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਮੇਰੇ ਹਲਕੇ ਵਿਚ ਜਿਹੜੇ ਵਾਕਿਆਤ ਹੋਏ ਹਨ, ਉਹ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਇਹ ਗਲਾਂ ਮੈਂ ਕੋਈ ਨੁਕਤਾਚੀਨੀ ਕਥਨ ਦੀ ਖਾਤਰ ਨਹੀਂ ਕਰ ਰਿਹਾ। ਅਜਿਹੀ ਵਾਕਿਆਤ ਤੁਹਾਡੇ ਸਾਹਮਣੇ ਰੱਖਾਂਗਾ। ਗਵਰਨਰੀ ਰਾਜ ਦੇ ਪਹਿਲੇ ਦਿਨਾਂ ਵਿਚ ਹੀ ਮੇਰੇ ਹਲਕੇ ਵਿਚ ਦੋ ਥਾਣੇਦਾਰ ਬਦਲ ਦਿੱਤੇ ਗਏ। ਮੇਰੇ ਹਲਕੇ ਵਿਚ ਦੋ ਥਾਣੇ ਪੈਂਦੇ ਹਨ। ਇਕ ਕੱਥੂ ਨੰਗਲ ਅਤੇ ਦੂਜਾ ਮਜੀਠਾ ਥਾਣਾ ਹੈ। ਉਥੇ ਦੇ ਦੋਨੋਂ ਥਾਣੇਦਾਰ ਬਦਲ ਦਿੱਤੇ ਗਏ। ਮੈਂ ਦੱਸਣਾ ਚਾਹੁੰਦਾ ਹਾਂ ਕਿ ਥਾਣੇਦਾਰ ਨਾ ਕਿਸੇ ਦਾ ਵਕਾਰ ਬਣਾ ਸਕਦੇ ਹਨ ਅਤੇ ਨਾ ਹੀ ਕਿਸੇ ਦਾ ਵਿਗਾੜ ਸਕਦੇ ਹਨ। ਮੈਂ ਸ਼ੀ. ਐਮ. ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਤੋਂ ਪਹਿਲਾਂ ਮੇਰੇ ਮਕਾਨ ਤੇ ਕੁਝ ਮਸੱਲਾ ਗੁੰਡਿਆਂ ਨੇ ਗਾਲੀ ਗੁਲੋਚ ਕੀਤੀ। ਉਸ ਦੇ ਨਤੀਜੇ ਵਜੋਂ ਮੇਰਾ ਲੜਕਾ ਘਰ ਵਿਚ ਸੀ, ਉਸ ਨੇ 19 ਅਪਰੈਲ, 1980 ਨੂੰ ਰਪਟ ਦਰਜ ਕਰਾਈ। ਇਸ ਬਾਰੇ 22 ਤਾਰੀਖ ਦੀਆਂ ਅਖਬਾਰਾਂ ਵਿਚ ਵੀ ਆਇਆ ਕਿ ਇਕ ਸਾਬਕਾ ਵਿਧਾਇਕ ਦੇ ਘਰ ਉਤੇ ਗੁੰਡਿਆਂ ਨੇ ਹਮਲਾ ਕੀਤਾ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਤੱਕ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਜੇ ਮੈਂ ਗਲਤ ਹੋਵਾਂ ਜਾਂ ਮੇਰੇ ਲੜਕੇ ਦੀ ਰਪਟ ਗਲਤ ਹੋਵੇ ਤਾਂ ਇਸ ਦੀ ਬੇਸ਼ੱਕ ਸਾਨੂੰ ਸਜ਼ਾ ਦਿੱਤੀ ਜਾਵੇ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਕੋਈ ਕਾਰਵਾਈ ਨਹੀਂ ਕੀਤੀ ਗਈ। ਪਹਿਲਾਂ ਤਾਂ ਪੁਲਿਸ ਵਾਲੇ ਲਾਰਾ ਲਾਉਂਦੇ ਰਹੇ ਕਿ ਇਲੈਕਸ਼ਨਾਂ ਦੇ ਦਿਨ ਹਨ। ਇਸ ਤਰ੍ਹਾਂ ਕਰਕੇ ਟਾਲ ਮਟੋਲ ਕੀਤੀ ਜਾਂਦੀ ਰਹੀ ਹੈ। ਅੱਜ ਤਕ ਉਸ ਕੇਸ ਉਤੇ ਕੋਈ ਕਾਰਵਾਈ ਨਹੀਂ ਹੋਈ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ 117 ਮੈਂਬਰਾਂ ਦੇ ਹਾਊਸ ਵਿਚੋਂ ਜੇ ਇਕ ਵਿਧਾਇਕ ਦੇ ਮਕਾਨ ਉਤੇ ਜਾਂ ਸਾਬਕਾ ਵਿਧਾਇਕ ਦੇ ਮਕਾਨ ਦੇ ਉਤੇ ਐਸਾ ਹਮਲਾ ਹੋ ਸਕਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਬਾਕੀ ਸ਼ਹਿਰੀ ਕਿਸ ਤਰ੍ਹਾਂ ਮਹਿਫੂਜ਼ ਰਹਿਣਗੇ ? ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਇਸ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਮੈਂ ਤੁਹਾਡੇ ਨੋਟਿਸ ਵਿਚ ਹੋਰ ਗੱਲਾਂ ਲਿਆਉਣਾ ਚਾਹੁੰਦਾ ਹਾਂ। ਇਲੈਕਸ਼ਨਾਂ ਦੇ ਦਿਨਾਂ ਦੀ ਮੈਂ ਹੋਰ ਗੱਲ ਦੱਸਦਾ ਹਾਂ। ਮੇਰੇ ਹਲਕੇ ਵਿਚ ਇਕ ਪਿੰਡ ਕੋਟਲਾ ਸੁਲਤਾਨ ਸਿੰਘ ਹੈ, ਉਥੇ ਬਾਦਲ ਸਾਹਿਬ ਦੀ ਸਰਕਾਰ ਨੇ ਦਸ਼ਮੇਸ਼ ਅਕਾਡਮੀ ਬਣਾਈ ਸੀ। ਮੈਂ 27 ਮਈ, 1980 ਨੂੰ ਉਸ ਪਿੰਡ ਦੇ ਲੋਕਾਂ ਕੋਲ ਗਿਆ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਅਸੀਂ ਤੁਹਾਨੂੰ ਵੋਟਾਂ ਪਾਵਾਂਗੇ। ਫਿਰ ਸਚੋਂ ਮੈਂ ਉਥੇ ਹਰੀਜਨਾਂ ਦੀ ਪੱਤੀ ਵਿਚ ਗਿਆ ਤਾਂ ਉਨ੍ਹਾਂ ਨੇ ਵੀ ਮੇਰਾ ਬੜਾ ਮਾਣ ਕੀਤਾ ਅਤੇ ਸਤਿਕਾਰ ਕੀਤਾ। ਪਰ ਡਿਪਟੀ ਸਪੀਕਰ ਸਾਹਿਬ, ਉਸ ਦਾ ਉਨ੍ਹਾਂ ਨੂੰ ਇਹ ਇਵਜ਼ਾਨਾ ਮਿਲਿਆ ਕਿ 29 ਮਈ, 1980 ਨੂੰ ਉਨ੍ਹਾਂ ਹਰੀਜਨਾਂ ਦੇ ਮਕਾਨ ਕਹੀਆਂ ਨਾਲ ਢਾਹ ਦਿਤੇ। ਇਸ ਤੇ ਉਨ੍ਹਾਂ ਨੇ ਪੁਲਿਸ ਨੂੰ ਰਿਪੋਰਟ ਦਿੱਤੀ ਕਿ ਸਾਡੇ ਨਾਲ ਜ਼ਿਆਦਤੀ ਹੋਈ ਹੈ। ਪੁਲਿਸ ਨੂੰ

Original with;
Punjab Vidhan Sabha
Digitized by;
Panjab Digital Library

ਕਿਹਾ ਕਿ ਲਿਖ ਕੇ ਦੇ ਦਿਓ। ਉਨ੍ਹਾਂ ਨੇ ਉਥੇ ਹੀ ਲਿਖ ਕੇ ਦੇ ਦਿੱਤਾ। ਡਿਪਟੀ ਸਪੀਕਰ ਸਾਹਿਬ, ਇਕ ਦਿਨ ਨਹੀਂ, ਦੋ ਦਿਨ ਨਹੀਂ ਸਗੋਂ ਕਈ ਹਫਤੇ ਉਨ੍ਹਾਂ ਦੀ ਕੋਈ ਸੁਣੀ ਨਹੀਂ ਗਈ। ਮੈਂ ਐਸ. ਐਚ. ਪੀ. ਕੋਲ ਗਿਆ। ਉਨ੍ਹਾਂ ਨੇ ਕਿਹਾ ਕਿ ਮੈਂ ਪੁਲਿਸ ਵਾਲਿਆਂ ਨੂੰ ਕਹਿ ਦਿੰਦਾ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਜਿਹੜੀ ਡਿਲੇਅ ਹੈ, ਇਸ ਨੂੰ ਕਿਸ ਤਰ੍ਹਾਂ ਕਵਰ ਕਰੋਗੇ। ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਕੋਲ ਪੁਲਿਸ ਦੀ ਰਪਟ ਦੀ ਨਕਲ ਹੈ। ਸੀ. ਐਮ. ਸਾਹਿਬ ਜੇ ਕਹਿਣ ਤਾਂ ਮੈਂ ਉਨ੍ਹਾਂ ਨੂੰ ਇਹ ਦੇ ਦਿਆਂਗਾ। ਮੇਰੇ ਕੋਲ ਹਰੀਜਨਾਂ ਦੇ ਮਕਾਨ ਢਠਿਆਂ ਦੀਆਂ ਫੋਟੋਆਂ ਵੀ ਹਨ। ਉਨ੍ਹਾਂ ਨਾਲ ਉਥੇ ਦੇ ਇਕ ਦੋ ਜ਼ਿਮੀਦਾਰਾਂ ਨੇ ਬੜੀ ਦੁਰਦਸ਼ਾ ਕੀਤੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਸਾਨੂੰ ਵੋਟ ਪਾਉਂਦਾ ਹੈ ਭਾਵੇਂ ਉਹ ਹਰੀਜਨ ਹੈ ਜਾਂ ਕਈ ਹੋਰ, ਕੀ ਉਹ ਸ਼ਰੀਫ ਆਦਮੀ ਨਹੀਂ ? ਡਿਪਟੀ ਸਪੀਕਰ ਸਾਹਿਬ, ਇਹ ਵਾਕਿਆ 29 ਮਈ, 1980 ਦਾ ਹੈ ਪਰ ਉਸ ਉਤੇ ਕਾਰਵਾਈ 19 ਜੂਨ, 1980 ਨੂੰ ਕੀਤੀ ਗਈ। ਇਸ ਰਿਪੋਰਟ ਵਿਚ ਪੁਲਿਸ ਨੇ ਬੜੀ ਹੁਸ਼ਿਆਰੀ ਵਰਤੀ ਹੈ। ਪੁਲਿਸ ਨੇ ਆਪਣੀ ਕਮਜ਼ੋਰੀ ਨੂੰ ਛੁਪਾਉਣ ਵਾਸਤੇ ਉਨ੍ਹਾਂ ਗਰੀਬ ਲੋਕਾਂ ਕੋਲੋਂ ਲਿਖਵਾ ਲਿਆ ਕਿ ਅਸੀਂ ਅੱਜ ਤੱਕ ਪੰਚਾਇਤ ਕੋਲ ਸ਼ਿਕਾਇਤ ਕਰਦੇ ਰਹੇ ਹਾਂ ਅਤੇ ਪੰਚਾਇਤ ਨੇ ਕੋਈ ਫੈਸਲਾ ਨਹੀਂ ਕੀਤਾ। ਇਸ ਕਰਕੇ ਅਸੀਂ ਹੁਣ ਤੁਹਾਡੇ ਕੋਲ ਆਏ ਹਾਂ । ਡਿਪਟੀ ਸਪੀਕਰ ਸਾਹਿਬ, ਇਹ ਸਰਾਸਰ ਗਲਤ ਹੈ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਲੋਕਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਫਿਰ ਉਥੇ ਏ. ਐਸ. ਪੀ. ਮੌਕੇ ਤੇ ਗਿਆ ਅਤੇ ਉਨ੍ਹਾਂ ਨੇ ਉਥੇ ਇਹ ਆਵਾਜ਼ ਉਠਾਈ ਕਿ ਮਜੀਠਾ ਸਾਹਿਬ ਨੇ ਮਕਾਨ ਢਾਏ ਹਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਖਤਰਾ ਹੈ ਅਤੇ ਸਾਨੂੰ ਪਿੰਡ ਦਾ ਸਰਪੰਚ ਅਤੇ ਸਾਬਕਾ ਸਰਪੰਚ ਮਾਰ ਦੇਣਗੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਥੇ ਪੁਲਿਸ ਨੂੰ ਇਨਸਾਫ ਦੇਣਾ ਚਾਹੀਦਾ ਸੀ। ਝਗੜਾ ਹੋਇਆ ਜਿਸ ਤੇ ਗਰੀਬ ਹਰੀਜਨਾਂ ਦੇ ਮਕਾਨ ਢਾਹ ਦਿੱਤੇ, ਉਨ੍ਹਾਂ ਦੇ ਘਰ ਢਾਹ ਦਿੱਤੇ, ਖੁਰਲੀਆਂ ਢਾਹ ਦਿਤੀਆਂ ਅਤੇ ਮੂਸਲੀਆਂ ਜਿਨ੍ਹਾਂ ਵਿਚ ਤੂੜੀ ਪਾਈਦੀ ਹੈ, ਉਨ੍ਹਾਂ ਨੂੰ ਖੇਰੂੰ ਖੇਰੂੰ ਕਰ ਦਿੱਤਾ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਜਿਹੜੇ ਉਨ੍ਹਾਂ ਗਰੀਬ ਲੋਕਾਂ ਨਾਲ ਹਮਦਰਦੀ ਕਰਦੇ ਸਨ, ਉਨ੍ਹਾਂ ਨੂੰ 107/151 ਅਧੀਨ ਸਰਪੰਚ ਅਤੇ ਸਾਬਕਾ ਸਰਪੰਚ ਨੂੰ ਅੰਦਰ ਦੇਣ ਦਾ ਹੁਕਮ ਦੇ ਦਿੱਤਾ। ਇਹ ਚੰਗਾ ਕੀਤਾ ਕਿ ਏ. ਐਸ. ਪੀ. ਨੇ ਥਾਣੇ ਜਾਣ ਤੋਂ ਪਹਿਲਾਂ ਸਰਪੰਚ ਨੂੰ ਛੱਡ ਦਿੱਤਾ ਪਰ ਸਾਬਕਾ ਸਰਪੰਚ ਨੂੰ ਦੂਸਰਿਆਂ ਆਦਮੀਆਂ ਦੇ ਨਾਲ ਅੰਦਰ ਦੇ ਦਿੱਤਾ। ਪੁਲਿਸ ਆਪ ਭੜਕਾਉਣ ਵਾਲੀਆਂ ਹਰਕਤਾਂ ਕਰਦੀ ਹੈ ਅਤੇ ਹਾਲਾਤ ਨੂੰ ਖਰਾਬ ਕਰਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਥੇ ਥਾਣੇ ਦੀ ਕੰਧ ਨਾਲ ਲੱਗ ਕੇ ਗੈਸਟ ਹਾਊਸ ਵਿਚ 5 ਬੰਦਿਆਂ ਨੇ ਸ਼ਰਾਬ ਪੀਤੀ। ਪੁਲਿਸ ਨੇ ਛਾਪਾ ਮਾਰਿਆ। 2 ਬੰਦੇ ਭੱਜ ਗਏ, 3 ਕਾਬੂ ਆ ਗਏ ਅਤੇ ਉਨ੍ਹਾਂ ਦੇ 107/151 ਧਾਰਾ ਅਧੀਨ ਚਲਾਨ ਕੀਤਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੁਲਿਸ ਕੇਸਾਂ ਵਿਚ ਬੜੀ ਡਿਲੇਅ ਕਰਦੀ ਹੈ, ਜਿਸ ਕਾਰਨ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ। Delay breeds corruption. ਡਿਲੇਅ ਨਾਲ ਕੁਰੱਪਸ਼ਨ ਵਧਦੀ ਹੈ। ਮੈਂ ਸਰਦਾਰ ਦਰਬਾਰਾ ਸਿੰਘ ਹੋਰਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਜਿਹੜਾ ਮੈਂ ਉਪਰ ਹਰੀਜਨਾਂ ਦੇ ਮਕਾਨ ਢਾਹੁਣ ਦੀ ਗੱਲ ਕੀਤੀ ਹੈ ਇਸ ਵਿਚ ਜ਼ਰੂਰ ਪੁਲਿਸ ਦੇ ਕਰਮਚਾਰੀਆਂ ਦਾ ਹੱਥ ਹੋਵੇਗਾ। ਜਿਹੜਾ ਇਨ੍ਹਾਂ ਦਾ ਆਦਮੀ ਦੋ ਦਿਨ ਪਹਿਲਾਂ ਤਫਤੀਸ਼ ਤੇ ਗਿਆ, ਉਸ ਨੇ ਟਾਲ ਮਟੋਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਮੈਂ ਹੋਰ ਗਲਾਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਇਲੈਕਸ਼ਨਾਂ ਦੇ ਦਿਨਾਂ ਵਿਚ ਜਿਸ ਦਿਨ ਪੋਲਿੰਗ ਹੋ ਰਹੀ ਸੀ ਤਾਂ ਮੇਰੇ ਹਲਕੇ ਦੇ ਇਕ ਪਿੰਡ ਖਿਦੋ ਵਾਲੀ ਵਿਚ ਪੋਲਿੰਗ ਬੂਥ ਤੇ ਗੁੰਡਿਆਂ ਨੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਉਥੇ ਗੋਲੀ ਚਲਾਈ। ਇਸ ਬਾਰੇ ਪੁਲਿਸ ਕੋਲ ਰਪਟ ਦਰਜ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਖਾਲੀ ਕਾਰਤੂਸ ਮਿਲੇ ਉਹ ਪੁਲਿਸ ਕੋਲ ਹਨ ਪਰ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਨਾ ਤਫ-

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਤੀਸ਼ ਹੋਈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਪਾਸੇ ਜ਼ਰੂਰ ਧਿਆਨ ਕਰਨ ਅਤੇ ਇਸ ਮਾਮਲੇ ਨੂੰ ਨਿਪਟਾਉਣ ਵਾਸਤੇ ਉਨ੍ਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ। ਮੈਂ ਇਹ ਗੱਲਾਂ ਇਨ੍ਹਾਂ ਦੇ ਨੋਟਿਸ ਵਿਚ ਇਸ ਕਰਕੇ ਲਿਆਉਣਾ ਚਾਹੁੰਦਾ ਹਾਂ ਕਿਉਂਕਿ ਸੀ. ਐਮ. ਸਾਹਿਬ ਨੇ ਇਸ ਹਾਊਸ ਵਿਚ ਕਿਹਾ ਸੀ ਕਿ ਜਿਥੇ ਕੋਈ ਐਸੀ ਦੁਖਦਾਈ ਘਟਨਾ ਹੁੰਦੀ ਹੈ ਭਾਵੇਂ ਉਹ ਕਿਸੇ ਕਿਸਮ ਦੀ ਹੋਵੇ ਤਾਂ ਉਹ ਮੇਰੇ ਨੋਟਿਸ ਵਿਚ ਲਿਆਓ। ਇਸੇ ਕਰਕੇ ਮੈਂ ਇਹ ਵਾਕਿਆਤ ਉਨ੍ਹਾਂ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਥਾਣੇਦਾਰਾਂ ਦੇ ਤਬਾਦਲੇ ਐਡਮਨਿਸਟਰੇਸ਼ਨ ਕਰਦੀ ਹੈ, ਇਹ ਉਨ੍ਹਾਂ ਨੂੰ ਤਬਾਦਲੇ ਕਰਨ ਦੇਣੇ ਚਾਹੀਦੇ ਹਨ ਅਤੇ ਇਸ ਵਿਚ ਮਨਮਾਨੀ ਨਹੀਂ ਕਰਨੀ ਚਾਹੀਦੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਦੋ ਥਾਣੇਦਾਰਾਂ ਨੂੰ ਸਿੱਧਾ ਹੀ ਆਈ. ਜੀ. ਦੇ ਹੁਕਮ ਨਾਲ ਫਤਹਿਗੜ੍ਹ ਚੂੜੀਆਂ ਅਤੇ ਡੇਰਾ ਬਾਬਾ ਨਾਨਕ ਵਿੱਚ ਲਗਾ ਦਿੱਤਾ ਗਿਆ ਤਾਂ ਕਿ ਜਿਵੇਂ ਅੰਮ੍ਰਿਤਸਰ ਵਿੱਚ ਵਧੀਕੀਆਂ ਹੋਈਆਂ ਹਨ, ਉਸੇ ਤਰ੍ਹਾਂ ਹੀ ਉਨ੍ਹਾਂ ਕੋਲੋਂ ਵਧੀਕੀਆਂ ਕਰਵਾਈਆਂ ਜਾ ਸਕਣ। ਮੈਂ ਸਮਝਦਾ ਹਾਂ ਕਿ ਇਸ ਨਾਲ ਕਿਸੇ ਨੂੰ ਕੋਈ ਲਾਭ ਨਹੀਂ ਪੁੱਜ ਸਕੇਗਾ। ਐਸੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਤੁਹਾਡੀ ਸਰਕਾਰ ਹੈ, ਤੁਸੀਂ ਮਨਿਸਟਰ ਹੋ, ਚੀਫ ਮਨਿਸਟਰ ਹੋ ਤੁਹਾਨੂੰ ਦੇਖਣਾ ਚਾਹੀਦਾ ਹੈ ਕਿ ਅਗਰ ਕੋਈ ਅਫਸਰ ਜ਼ਿਆਦਤੀ ਕਰਦਾ ਹੈ ਤਾਂ ਉਸ ਤੇ ਫੌਰਨ ਐਕਸ਼ਨ ਲੈਣਾ ਚਾਹੀਦਾ ਹੈ। ਇਹ ਜਿਹੜੇ ਦੋ ਥਾਣਿਆਂ ਵਿਚ ਥਾਣੇਦਾਰ ਬਦਲ ਗਏ ਹਨ, ਇਸ ਤਰ੍ਹਾਂ ਕਰਕੇ ਉਨ੍ਹਾਂ ਕੋਲੋਂ ਵਧੀਕੀਆਂ ਕਰਵਾਈਆਂ ਜਾਣਗੀਆਂ। ਇਹ ਠੀਕ ਨਹੀਂ ਕੀਤਾ ਗਿਆ। ਸੀ. ਐਮ. ਸਾਹਿਬ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਮੈਂ ਹੋਰ ਗੱਲਾਂ ਇਨ੍ਹਾਂ ਦੇ ਨੋਟਿਸ ਵਿਚ ਲਿਆਉਣੀਆਂ ਚਾਹੁੰਦਾ ਹਾਂ। ਥਾਣੇ ਮਜੀਠੇ ਦੇ ਇਕ ਪਿੰਡ ਲਸ਼ਕਰੀ ਨੰਗਲ ਵਿੱਚ ਇਕ ਫੌਜੀ ਦਾ ਕਤਲ ਹੋ ਗਿਆ। ਇਹ ਗਵਰਨਰੀ ਰਾਜ ਦੀ ਗੱਲ ਹੈ। ਇਹ ਬੜਾ ਸੰਗੀਨ ਵਾਕਿਆ ਸੀ। ਇਕ ਪਾਰਟੀ ਤਾਰੀਖ ਭੁਗਤਣ ਆਈ। ਉਨ੍ਹਾਂ ਉਤੇ ਕੁਝ ਬੰਦਿਆਂ ਨੇ ਸੈਸ਼ਨ ਕੋਰਟ ਵਿਚ ਹਮਲਾ ਕਰ ਦਿੱਤਾ। ਉਥੇ ਸੈਸ਼ਨ ਕੋਰਟ ਨੇ ਪੁਲਿਸ ਬੁਲਾਈ ਅਤੇ ਹਮਲਾਆਵਰ ਭੱਜ ਗਏ। ਫਿਰ ਉਨ੍ਹਾਂ ਬੰਦਿਆਂ ਨੇ ਅੰਮ੍ਰਿਤਸਰ ਦੀ ਜੇਲ੍ਹ ਕੋਲ ਨਾਕਾਬੰਦੀ ਕੀਤੀ। ਪਰ ਝਗੜਾ ਹੋਣ ਤੋਂ ਟੱਲ ਗਿਆ। ਪੁਲਿਸ ਕੋਈ ਕਾਰਵਾਈ ਨਹੀਂ ਕਰਦੀ। ਇਸ ਪਾਸੇ ਵੀ ਸੀ. ਐਮ. ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ। ਫਿਰ ਉਨ੍ਹਾਂ ਪਿੰਡ ਵਿਚ ਇਕ ਫੌਜੀ ਜੋ ਆਪਣੇ ਪੱਠੇ ਵੱਢ ਰਿਹਾ ਸੀ, ਉਸ ਨੂੰ ਗੋਲੀ ਮਾਰੀ ਅਤੇ ਗੋਲੀ ਮਾਰ ਕੇ ਉਹ ਮਾਰ ਦਿੱਤਾ। ਜੋ ਮੈਂ ਦੱਸਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਕਾਤਲਾਂ ਵਿਚੋਂ ਉਹ ਮਫਰੂਰ ਹੈ ਲੇਕਿਨ ਉਹ ਅਸਲ ਵਿਚ ਮਫਰੂਰ ਨਹੀਂ ਹੈ। ਪੁਲਿਸ ਨੇ ਉਸ ਨੂੰ ਮਫਰੂਰ ਸ਼ੋ ਕੀਤਾ ਹੋਇਆ ਹੈ ਲੇਕਿਨ ਇਲੈਕਸ਼ਨਾਂ ਵਿਚ ਉਸ ਨੇ ਨੰਗੇ ਚਿੱਟੇ ਦਿਨ ਦਿਹਾੜੇ ਇਲਾਕੇ ਵਿਚ ਬੜੇ ਜ਼ੋਰ ਸ਼ੋਰ ਨਾਲ ਉਸ ਨੇ ਕਿਸੇ ਦੀ ਮੱਦਦ ਕੀਤੀ। ਇਥੋਂ ਤੱਕ ਹੀ ਨਹੀਂ ਸਰਦਾਰ ਜੀ ਜਦੋਂ ਤੁਹਾਡਾ ਮਨਿਸਟਰ ਪਹਿਲੇ ਦੌਰੇ ਤੇ ਅੰਮ੍ਰਿਤਸਰ ਗਿਆ ਅੰਦਰ ਸਰਕੱਟ ਹਾਊਸ ਵਿਚ ਜਿਹੜਾ ਬੰਦਾ ਮਫਬੂਰੀ ਦੀ ਹਾਲਤ ਵਿਚ ਦੱਸਿਆ ਗਿਆ ਹੈ ਉਹ ਦਰਸ਼ਨਾਂ ਲਈ ਉਨ੍ਹਾਂ ਦੇ ਉਥੇ ਗਿਆ। ਪੁਲਿਸ ਅਫਸਰ ਉਸ ਨੂੰ ਫੜ ਨਹੀਂ ਸਕਦੇ। ਸੋ ਇਹ ਗੱਲਾਂ ਜੋ ਮੈਂ ਨੋਟਿਸ ਵਿਚ ਲਿਆਂਦੀਆਂ ਹਨ, ਮੇਰਾ ਕੋਈ ਨੁਕਤਾਚੀਨੀ ਕਰਨ ਤੋਂ ਭਾਵ ਨਹੀਂ ਹੈ ਜੇ ਇਨ੍ਹਾਂ ਵਿਚੋਂ ਕੋਈ ਗਲ ਝੂਠੀ ਹੋਵੇ ਤਾਂ ਹਾਊਸ ਜੋ ਸਜ਼ਾ ਦੇਵੇ ਉਹ ਮੈਂ ਭੁਗਤਣ ਨੂੰ ਤਿਆਰ ਹਾਂ। (ਘੰਟੀ) ਇਸੇ ਤਰ੍ਹਾਂ , ਡਿਪਟੀ ਸਪੀਕਰ ਸਾਹਿਬ, ਇਕ ਹੋਰ ਕਤਲ ਹੋਇਆ। ਨੂਸ਼ਿਹਰਾ ਪੰਨੂਆਂ ਦੇ ਹਲਕੇ ਵਿਚ, ਮਈ ਦੀ 20 ਤਾਰੀਖ ਨੂੰ ਇਕ ਜਲਸਾ ਹੋਇਆ ਸੀ, ਉਥੇ ਗੋਲੀ ਚਲੀ ਅੰਦਰ ਗੋਲੀ ਚਲਣ ਨਾਲ ਇਕ ਬੰਦਾ ਉਥੇ ਮਰ ਗਿਆ। ਪੁਲਿਸ ਨੇ ਉਸ ਕੇਸ ਦੇ ਵਿਚ ਜੋ ਕਾਰਵਾਈ ਕੀਤੀ ਹੈ ਉਹ ਸ਼ਾਇਦ ਤੁਹਾਨੂੰ ਜ਼ਿਆਦਾ ਪਤਾ ਹੋਵੇਗਾ ਲੇਕਿਨ ਜਿੰਨੀ ਚੀਜ਼ ਮੇਰੇ ਇਲਮ ਵਿਚ ਹੈ, ਉਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੂਨ ਦੀ 13 ਤਾਰੀਖ ਨੂੰ ਜਿਹੜਾ ਉਥੇ ਦਾ ਚੀਫ ਐਕਿਊਜ਼ਡ ਹੈ ਉਸ ਦੇ ਬਾਪ ਨੂੰ

Original with;
Punjab Vidhan Sabha
Digitized by;
Panjab Digital Library

ਸਰਿਆਲੀ ਥਾਣੇ ਵਿਚ ਸਰਦਾਰ ਕਰਤਾਰ ਸਿੰਘ ਇਨਸਪੈਕਟਰ ਉਸ ਨੂੰ ਮੁਸ਼ਤਬਾ ਦੇ ਤੌਰ ਤੇ ਲੈ ਆਇਆ। ਉਥੇ ਤੁਹਾਡੇ ਕਿਸੇ ਵਿਧਾਇਕ ਨੇ ਸ਼ਰਾਬ ਦੀ ਮਸਤੀ ਵਿਚ ਜੋ ਉਥੇ ਦਾ ਥਾਣੇਦਾਰ ਸੀ, ਇੰਸਪੈਕਟਰ ਸੀ, ਉਸ ਦੀ ਬੇਇਜ਼ਤੀ ਕੀਤੀ ਅੌਰ ਉਥੇ ਦੇ ਥਾਣੇ ਦਾ ਫਰਨੀਚਰ ਤੋੜਿਆ ਗਿਆ ਅਤੇ ਉਥੇ ਸਟਾਫ ਨੂੰ ਮਾਵਾਂ, ਭੈਣਾਂ ਦੀਆਂ ਗਾਲ੍ਹਾਂ ਕੱਢੀਆਂ। ਜੋ ਮੁਸ਼ਤਬਾ ਉਥੇ ਬੈਠਾ ਸੀ, ਉਸ ਨੂੰ ਕਿਹਾ ਗਿਆ ਕਿ ਤੂੰ ਗੱਡੀ ਵਿਚ ਬੈਠ, ਉਸ ਨੂੰ ਗੱਡੀ ਵਿਚ ਬੈਠਾ ਲਿਆ ਅਤੇ ਉਸ ਤੋਂ ਬਾਅਦ ਹੈਡਕੁਆਟਰਜ਼ ਤੇ ਵਾਇਰਲੈਸ ਕੀਤੀ ਗਈ। ਲੇਖੀ ਸਾਹਿਬ ਜੋ ਐਸ. ਪੀ. ਹਨ ਉਹ ਵੀ ਮੌਕੇ ਤੇ ਪਹੁੰਚੇ ਲੇਕਿਨ ਉਸ ਵੇਲੇ ਉਹ ਉਥੋਂ ਜਾ ਚੁਕਾ ਸੀ । ਇਹ ਰਿਕਾਰਡ ਦੀਆਂ ਗਲਾਂ ਹਨ ਜੋ ਮੈਂ ਦੱਸ ਰਿਹਾ ਹਾਂ। ਫਿਰ ਉਸ ਵੇਲੇ ਰੋਜ਼ਨਾਮਚੇ ਵਿਚ ਦਰਜ ਕੀਤਾ ਗਿਆ। ਇਹ ਚੀਜ਼ ਅੌਸ. ਅੌਸ. ਪੀ. ਦੇ ਇਲਮ ਵਿਚ ਵੀ ਹੈ ਅਤੇ ਆਈ. ਜੀ. ਦੇ ਨੋਟਿਸ ਵਿਚ ਵੀ ਹੈ। ਇਨ੍ਹਾਂ ਕੋਲ ਸਾਰੀ ਰਿਪੋਰਟ ਆ ਚੁਕੀ ਹੈ। ਮੈਂ ਆਸ ਕਰਾਂਗਾ ਕਿ ਇਨਸਾਫ ਦਿੱਤਾ ਜਾਵੇਗਾ। ਇਨਸਾਫ ਦੇ ਅਗੇ ਭਾਵੇਂ ਕੋਈ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ, ਉਹ ਕਾਨੂੰਨ ਦੀ ਨਿਗਾਹ ਵਿਚ ਕਦੇ ਵੀ ਨਹੀਂ ਬਚਣਾ ਚਾਹੀਦਾ, ਜਿਹੜਾ ਕਸੂਰਵਾਰ ਹੋਵੇ ਭਾਵੇਂ ਉਹ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ ? ਇਹ ਮੈਂ ਥੋੜੇ ਜਿਹੇ ਕੇਸ ਤੁਹਾਡੇ ਨੋਟਿਸ ਵਿਚ ਲਿਆਂਦੇ ਹਨ, ਇਨ੍ਹਾਂ ਵੱਲ ਧਿਆਨ ਦਿੱਤਾ ਜਾਵੇ।

ਹੁਣ, ਮੈਂ ਡਿਪਟੀ ਸਪੀਕਰ ਸਾਹਿਬ, ਵਿਜੀਲੈਂਸ ਦੀ ਗਲ ਕਰਨਾ ਚਾਹੁੰਦਾ ਹਾਂ। ਵਿਜੀਲੈਂਸ ਦਾ ਇਕ ਅੌਸਾ ਡਿਪਾਰਟਮੈਂਟ ਹੈ, ਜਿਸ ਦੇ ਕੋਲ 10-10 ਸਾਲ ਦੇ ਪੁਰਾਣੇ ਕੇਸਜ਼ ਪਏ ਹਨ ਅੌਰ ਉਹ ਉਨ੍ਹਾਂ ਅਫ਼ਸਰਾਂ ਦੇ ਕੇਸਜ਼ ਚਲ ਰਹੇ ਹਨ ਜਿਹੜੇ ਦੋਸ਼ੀ ਕਰਾਰ ਦਿੱਤੇ ਗਏ ਹਨ। ਉਨ੍ਹਾਂ ਦੀਆਂ ਇਨਕੁਆਇਰੀਜ਼ ਚਲ ਰਹੀਆਂ ਹਨ ਅਤੇ ਉਹ ਇਨਕੁਆਇਰੀਆਂ 10-10 ਸਾਲ ਹੋ ਗਏ ਹਨ ਕਿਸੇ ਬੰਨੇ ਨਹੀਂ ਲਗੀਆਂ। ਅੌਰ ਫਿਰ ਉਨ੍ਹਾਂ ਅਫ਼ਸਰਾਂ ਨੂੰ ਤਰੱਕੀਆਂ ਮਿਲ ਗਈਆਂ। ਕਈ ਅੌਸ. ਡੀ. ਓ. ਤੋਂ ਅੌਕਸੀਅਨ. ਬਣ ਗਏ ਅਤੇ ਕੋਈ ਅੌਕਸੀਅਨ. ਤੋਂ ਅੌਸ. ਈ. ਬਣ ਗਿਆ ਹੈ। ਇਸ ਤਰ੍ਹਾਂ ਦੇ ਸੈਂਕੜੇ ਕੇਸਜ਼ ਹਨ, ਜਿਨ੍ਹਾਂ ਬਾਰੇ ਮੈਂ ਚਾਹਾਂਗਾ ਕਿ ਵਿਜੀਲੈਂਸ ਡਿਪਾਰਟਮੈਂਟ ਤੋਂ ਰਿਪੋਰਟ ਮੰਗੀ ਜਾਵੇ ਕਿ ਕਿੰਨੇ ਕੇਸਜ਼ ਪੈਂਡਿੰਗ ਹਨ ਜਿਹੜੇ 10 ਸਾਲ ਤੋਂ ਪੈਂਡਿੰਗ ਹਨ ਅਤੇ ਕਿੰਨੇ ਕੇਸਜ਼ ਹਨ ਜੋ 5 ਸਾਲ ਤੋਂ ਪੈਂਡਿੰਗ ਹਨ ਅਤੇ ਕਿੰਨੇ ਕੇਸਜ਼ ਹਨ ਜੋ 2 ਸਾਲ ਤੋਂ ਪੈਂਡਿੰਗ ਹਨ। ਮੈਂ ਥੋੜੇ ਜਿਹੇ ਕੇਸਾਂ ਦਾ ਜ਼ਿਕਰ ਕਰਨਾ ਚਾਹਾਂਗਾ ਜਿਹੜੇ ਵਿਜੀਲੈਂਸ ਡਿਪਾਰਟਮੈਂਟ ਵਿਚ ਕੁਰੱਪਸ਼ਨ ਦੇ ਕੇਸਜ਼ ਗਏ, ਜਿਹੜੇ ਸੈਕਟਰੀਏਟ ਦੀ ਅੌਡਮਨਿਸਟਰੇਸ਼ਨ ਅਤੇ ਡਿਸਟ੍ਰਿਕਟ ਅੌਡਮਨਿਸਟਰੇਸ਼ਨ ਕੋਲ ਇਨਕੁਆਇਰੀ ਵਾਸਤੇ ਗਏ। ਇਨ੍ਹਾਂ ਵਿਚੋਂ ਬਹੁਤ ਸਾਰੇ ਕੇਸਜ਼ ਮੈਂ ਚੀਫ਼ ਮਨਿਸਟਰ ਸਾਹਿਬ ਕੋਲੋਂ ਉਦੋਂ ਡੇਟ ਬਾਊਂਡ ਕਰਵਾ ਕੇ ਆਪ ਭਿਜਵਾਏ ਲੇਕਿਨ ਕੋਈ ਰਿਜ਼ਲਟ ਨਹੀਂ ਨਿਕਲਿਆ। ਡਿਪਟੀ ਸਪੀਕਰ ਸਾਹਿਬ, ਇਕ ਅੌਸਾ ਕਰਮਚਾਰੀ ਹੈ, ਜਿਸ ਨੇ ਸਰਕਾਰ ਦਾ ਲੱਖਾਂ ਰੁਪਏ ਦਾ ਨੁਕਸਾਨ ਕੀਤਾ ਹੈ। ਇਹ ਕਰਮਚਾਰੀ ਸਾਡੀ ਸਰਕਾਰ ਦੀ ਵੀ ਪਟਰਾਣੀ ਸੀ ਅਤੇ ਜਦੋਂ ਸਾਡੀ ਸਰਕਾਰ ਟੁੱਟ ਗਈ ਤਾਂ ਹੁਣ ਉਧਰ ਚਾਦਰ ਪਾ ਲਈ ਅਤੇ ਹੁਣ ਤੁਹਾਡੀ ਪਟਰਾਣੀ ਬਣੀ ਬੈਠੀ ਹੈ। ਉਸ ਨੇ ਹੁਣ ਤੁਹਾਡੇ ਵਾਲੇ ਪਾਸੇ ਪੀਂਘਾਂ ਪਾ ਲਈਆਂ ਹਨ। ਗਵਰਨਰੀ ਰਾਜ ਵਿਚ ਉਸ ਦਾ ਤਬਾਦਲਾ ਹੋਇਆ ਤਾਂ ਉਸ ਨੇ ਉਹ ਤਬਾਦਲਾ ਰੁਕਵਾ ਲਿਆ। ਫਿਰ ਜਦੋਂ ਬਦਲਿਆ ਤਾਂ ਉਸ ਨੇ ਇਕ ਕਾਂਗਰਸੀ ਵਿਧਾਇਕ ਨੂੰ ਹਵਾਈ ਜਹਾਜ਼ ਤੇ ਨਾਲ ਲੈ ਕੇ ਅਤੇ ਦਿਲੀ ਜਾ ਕੇ ਆਪਣਾ ਤਬਾਦਲਾ ਰੁਕਵਾ ਲਿਆ। ਮੈਂ ਥੋੜੇ ਬਹੁਤ ਜੋ ਕੁਰੱਪਸ਼ਨ ਦੇ ਕੇਸਜ਼ ਹਨ, ਉਹ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਕੇਸਾਂ ਦੀਆਂ ਫਾਈਲਾਂ ਤੁਸੀਂ ਵਿਜੀਲੈਂਸ ਡਿਪਾਰਟਮੈਂਟ ਤੋਂ ਮੰਗਵਾ ਲਓ, ਏ. ਡੀ. ਸੀ. ਅੰਮ੍ਰਿਤਸਰ ਤੋਂ ਮੰਗਵਾ ਲਓ, ਉਥੇ ਦੀ ਅੌਡਮਨਿਸਟਰੇਸ਼ਨ ਤੋਂ ਮੰਗਵਾ ਲਓ। ਉਹ ਫਾਈਲਾਂ ਖੂਹ ਵਿਚ ਪੈ ਗਈਆਂ ਹਨ। ਉਸ ਤੇ ਬੜੇ ਸੰਗੀਨ ਇਲਜ਼ਾਮ ਹਨ ਅੌਰ ਡਾਕੂਮੈਂਟਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਪਰੂਫ ਹਨ, ਇਨ੍ਹਾਂ ਇਲਜ਼ਾਮਾਂ ਦੇ। ਮੈਂ ਚੀਫ਼ ਮਨਿਸ਼ਟਰ, ਸਰਦਾਰ ਦਰਬਾਰਾ ਸਿੰਘ, ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਐਸ. ਈ. ਪੀ. ਡਬਲਿਯੂ. ਡੀ./ਬੀ. ਐਂਡ. ਆਰ ਸ਼ੀ ਵੀ. ਕੇ. ਜੈਨ ਹਨ, ਉਨ੍ਹਾਂ ਦੇ ਰਿਸ਼ਤੇਦਾਰ ਅੰਮ੍ਰਿਤਸਰ ਦੇ ਵਿਚ ਹਨ। ਇਥੇ ਅੰਮ੍ਰਿਤਸਰ ਦੇ ਰਹਿਣ ਵਾਲੇ ਸੱਜਣ ਵੀ ਹਨ...(ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜਾ ਅਫ਼ਸਰ ਇਥੇ ਹਾਊਸ ਵਿਚ ਹਾਜ਼ਰ ਨਹੀਂ ਹੁੰਦਾ, ਉਸ ਦਾ ਨਾਮ ਨਹੀਂ ਲਿਆ ਜਾਣਾ ਚਾਹੀਦਾ ਕਿਉਂਕਿ ਉਹ ਆਪਣੇ ਆਪ ਨੂੰ ਇਥੇ ਡਿਫੈਂਡ ਨਹੀਂ ਕਰ ਸਕਦਾ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਠੀਕ ਹੈ ਜੀ, ਨਾਮ ਨਹੀਂ ਲੈਣਾ ਚਾਹੀਦਾ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਚਲੋ ਮੈਂ ਨਾਮ ਨਹੀਂ ਉਸ ਦਾ ਲੈਂਦਾ। ਮੈਂ ਐਸ.ਈ.ਪੀ. ਡਬਲਿਯੂ. ਡੀ. (ਬੀ. ਐਂਡ ਆਰ.) ਕਹਿ ਦਿੰਦਾ ਹਾਂ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਵੇਲੇ ਜੋ ਸਾਡੀ ਕਮਜ਼ੋਰੀ ਸੀ, ਉਹ ਵੀ ਮੈਂ ਨਹੀਂ ਛੁਪਾਉਣਾ ਚਾਹੁੰਦਾ। ਸਾਡੀ ਸਰਕਾਰ ਵੇਲੇ ਉਸ ਨੂੰ ਡਿਊਲ ਚਾਰਜ ਦੇ ਦਿੱਤਾ, ਉਹ ਐਕਸੀਅਨ ਵੀ ਸੀ ਅਤੇ ਐਸ.ਈ.ਵੀ. ਸੀ। ਸਾਡੀ ਸਰਕਾਰ ਵੀ ਉਸ ਤੇ ਮਿਹਰਬਾਨ ਹੋ ਗਈ ਸੀ ਅਤੇ ਹੁਣ ਤੁਹਾਡੀ ਸਰਕਾਰ ਵੀ ਮਿਹਰਬਾਨ ਹੈ। ਮੈਂ ਸਰਦਾਰ ਦਰਬਾਰਾ ਸਿੰਘ ਜੀ ਦੇ ਨੋਟਿਸ ਵਿਚ ਉਸ ਦੇ ਖਿਲਾਫ਼ ਕੇਸਿਜ਼ ਲਿਆਉਂਦਾ ਹਾਂ, ਉਹ ਇਸ ਦੀ ਇਨਕੁਆਇਰੀ ਕਰਵਾ ਕੇ ਦੇਖ ਲੈਣ। ਅੰਮ੍ਰਿਤਸਰ ਵਿਚ ਇਕ ਅਪਸਰਾ ਸਾੜੀ ਹਾਊਸ ਹੈ ਇਹ ਦੁਕਾਨ ਜੋ ਹੈ, ਉਸ ਦੇ ਬਰਦਰ-ਇਨ-ਲਾਅ ਦੀ ਹੈ। ਉਸ ਨੇ ਕੋਈ ਠੇਕੇਦਾਰੀ ਦਾ ਕੰਮ ਨਹੀਂ ਕੀਤਾ। ਇਕ ਬੋਗਸ ਫਰਮ ਬਣਾ ਕੇ 69 ਹਜ਼ਾਰ ਰੁਪਏ ਦੀ ਬੋਗਸ ਪੇਮੈਂਟ ਉਸ ਨੂੰ ਕੀਤੀ। ਉਨ੍ਹਾਂ ਨੇ ਮੁਨੀਮ ਦੇ ਨਾਮ ਤੇ ਇਕ ਬੋਗਸ ਫਰਮ ਬਣਾਈ ਅਤੇ ਉਸ ਨੂੰ 69 ਹਜ਼ਾਰ ਰੁਪਏ ਦੀ ਬੋਗਸ ਪੇਮੈਂਟ ਕੀਤੀ। ਇਹ ਕੇਸ ਮੈਂ ਇਸ ਕਰਕੇ ਦੱਸ ਰਿਹਾ ਹਾਂ ਕਿਉਂਕਿ ਇਹ ਕੇਸ ਵਿਜੀਲੈਂਸ ਡਿਪਾਰਟਮੈਂਟ ਨਾਲ ਸਬੰਧ ਰਖਦਾ ਹੈ। ਇਸ ਤੋਂ ਬਾਅਦ ਇੰਡੋ-ਪਾਕਿ ਸਰਹੱਦ ਤੇ ਬਾਊਂਡਰੀ ਪਿਲਰਜ਼ ਬਣਾਏ ਗਏ। 12/77 ਤੋਂ ਪਹਿਲਾਂ ਜਦੋਂ ਇਹ ਇਨਚਾਰਜ ਸੀ ਤਾਂ ਉਦੋਂ 8 ਹਜ਼ਾਰ ਵਿਚ ਪਿਲਰ ਬਣਦਾ ਸੀ ਮਗਰ ਜਦੋਂ ਦੂਸਰਾ ਐਕਸੀਅਨ ਉਸ ਤੋਂ ਬਾਅਦ ਆ ਗਿਆ ਤਾਂ ਉਹੀ ਪਿੱਲਰ 6 ਹਜ਼ਾਰ ਰੁਪਏ ਵਿਚ ਬਣਾਇਆ ਗਿਆ। ਕਿੰਨੀ ਹੈਰਾਨੀ ਦੀ ਗਲ ਹੈ ਕਿ ਇਕ ਪਿੱਲਰ ਪਹਿਲਾਂ 8 ਹਜ਼ਾਰ ਰੁਪਏ ਨੂੰ ਬਣਦਾ ਹੈ ਅਤੇ ਫਿਰ ਉਹੀ ਪਿੱਲਰ ਕੋਈ ਦੂਸਰਾ ਐਕਸੀਅਨ ਜਦੋਂ ਆ ਜਾਂਦਾ ਹੈ ਤਾਂ 6 ਹਜ਼ਾਰ ਰੁਪਏ ਨੂੰ ਬਣਾਉਂਦਾ ਹੈ। ਇਹ ਇਨਕੁਆਇਰੀ ਕਰਾਉਣ ਦੀ ਗਲ ਹੈ, ਇਸ ਦੇ ਵਿਚ ਬਹੁਤ ਭਾਰੀ ਘੱਪਲਾ ਲਗਦਾ ਹੈ। ਇਸ ਭਾਰੀ ਘੱਪਲੇ ਦੀ ਇਨਕੁਆਇਰੀ ਕਰਾਉਣੀ ਚਾਹੀਦੀ ਹੈ । ਫਿਰ ਜਲਾਲਾਬਾਦ ਸੜਕ ਤੇ ਬਜਰੀ ਸੁੱਟੀ ਗਈ । ਉਥੇ 26 ਰੁਪਏ ਕਿਊਬਿਕ ਫੱਟ ਵੱਧ ਪੇਮੈਂਟ ਦੇ ਕੇ ਉਥੇ ਘੱਪਲਾ ਕੀਤਾ ਗਿਆ। ਇਸੇ ਤਰਾਂ ਚੰਡ-ਬੀੜ ਸੜਕ ਲਈ 148 ਰੁਪਏ ਕਿਊਬਿਕ ਫੁਟ ਦੀ ਐਫਰ ਚੀਫ ਇੰਜੀਨੀਅਰ ਨੇ ਰਿਜੈਕਟ ਕਰ ਦਿੱਤੀ ਅਤੇ ਆਪਣੀ ਮਰਜ਼ੀ ਨਾਲ 158 ਰੁਪਏ ਕਿਊਬਿਕ ਫੁੱਟ ਦੀ ਐਫਰ ਐਕਸੈਪਟ ਕਰ ਲਈ। (ਵਿਘਨ)

ਇੱਕ ਆਵਾਜ਼ : ਇਹ ਕਿਹੜੇ ਰਾਜ ਦੀ ਗੱਲ ਹੈ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਇਹ ਮੈਂ ਆਪਣੇ ਰਾਜ ਦੀ ਗਲ ਕਰਦਾ ਹਾਂ। ਮੈਂ ਕੋਈ ਗਲ ਲੁਕਾਉਣਾ ਨਹੀਂ ਚਾਹੁੰਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਅਫ਼ਸਰਾਂ ਦੀ

Original with;
Punjab Vidhan Sabha
Digitized by;
Panjab Digital Library

ਪ੍ਰੋਟੈਕਸ਼ਨ ਨਾ ਕਰੋ । ਜੇ ਉਹ ਸਾਡੇ ਕੋਲੋਂ ਠੀਕ ਨਹੀਂ ਹੋਏ ਤਾਂ ਤੁਸੀਂ ਉਨ੍ਹਾਂ ਨੂੰ ਠੀਕ ਕਰ ਦਿਓ ਅਤੇ ਤੁਸੀਂ ਪ੍ਰਸ਼ੰਸਾ ਲੈ ਲਓ। (ਵਿਘਨ) ਜੋ ਸਾਡਾ ਮੁਦੱਈ ਸੀ ਹੁਣ ਤੁਹਾਡਾ ਮੁਦੱਈ ਬਣ ਗਿਆ ਹੈ। ਕਿਧਰੇ ਹਵਾਈ ਜਹਾਜ਼ ਵਿਚ ਸੈਰ ਕਰਕੇ ਤੁਸੀਂ ਚੀਫ ਮਨਿਸਟਰ ਸਾਹਿਬ ਨੂੰ ਇਹ ਨਾ ਕਹਿ ਦੇਣਾ ਕਿ ਛੱਡੋ ਜੀ ਇਹ ਮੇਰਾ ਬੰਦਾ ਹੈ। ਮੈਂ ਸਮਝਦਾ ਹਾਂ ਕਿ ਕੋਈ ਵੀ ਕਸੂਰਵਾਰ ਹੋਵੇ, ਉਸ ਨੂੰ ਮੁਆਫ ਨਹੀਂ ਕਰਨਾ ਚਾਹੀਦਾ। ਭਾਵੇਂ ਉਹ ਕੋਈ ਵੀ ਹੋਵੇ। ਭਾਵੇਂ ਤੁਹਾਡਾ ਸੱਜਣ ਮਿੱਤਰ ਜਾਂ ਸਾਂਝ-ਵਾਲ ਵੀ ਗਲਤੀ ਕਰਦਾ ਹੈ ਤਾਂ ਉਸ ਨੂੰ ਮੁਆਫ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਡਾ ਕਿਰਦਾਰ ਲੋਕਾਂ ਦਾ ਭਲਾ ਕਰਨਾ ਹੈ। ਮੈਂ ਮੰਨਦਾ ਹਾਂ ਕਿ ਆਸੀਂ ਆਪਣੇ ਵੇਲੇ ਉਸ ਸੱਜਣ ਨੂੰ ਸਜ਼ਾ ਨਹੀਂ ਦਿਵਾ ਸਕੇ।

ਇਸੇ ਤਰ੍ਹਾਂ, ਚੀਫ ਮਨਿਸਟਰ ਸਾਹਿਬ, ਉਥੇ ਕੋਈ 4 ਲੱਖ ਰੁਪਏ ਦਾ ਸਟੀਲ ਖਰੀਦਿਆ ਗਿਆ ਔਰ ਉਹ ਵੀ ਕਾਇਦੇ ਕਾਨੂੰਨ ਦੇ ਉਲਟ। ਅੰਮ੍ਰਿਤਸਰ ਮਾਰਕਿਟ ਵਿਚ ਜਾ ਕੇ ਆਨ ਦੀ-ਸਪਾਟ ਕੋਟੇਸ਼ਨਜ਼ ਲਈਆਂ ਗਈਆਂ, ਇਹ ਚੀਜ਼ ਫਾਈਲ ਦੱਸੇਗੀ ਮੰਗਵਾ ਕੇ ਵੇਖ ਲੈਣਾ । ਮੈਸਰਜ਼ ਸਟੀਲ ਲਿਮਿਟਿਡ, ਚੰਡੀਗੜ੍ਹ ਨੇ ਇਸ ਬਾਰੇ ਇਕ ਚਿੱਠੀ ਵੀ ਲਿਖੀ ਹੈ ਔਰ ਬੜਾ ਭਾਰੀ ਔਬਜੈਕਸ਼ਨ ਕੀਤਾ ਹੈ। ਇਸ ਵਿਚ ਵੀ ਬੜਾ ਭਾਰੀ ਘੱਪਲਾ ਹੋਇਆ ਹੈ, ਤੁਸੀਂ ਇਨਕੁਆਇਰੀ ਕਰੋਗੇ ਤਾਂ ਵੇਖੋਗੇ ਕਿ ਕਿੰਨੇ ਰੁਪਏ ਦਾ ਘੱਪਲਾ ਹੈ।

ਇਸ ਤੋਂ ਅਗੇ ਮੈਂ ਦੱਸਦਾ ਹਾਂ ਕਿ ਇਕ ਬੋਗਸ ਪੇਮੈਂਟ ਦਾ ਰੌਲਾ ਪੈ ਗਿਆ । ਸੁਪਰਡੈਂਟ, ਐਸ.ਈ. ਨੇ ਕਿਹਾ ਕਿ ਫਲਾਂ ਪੇਮੈਂਟ ਬੋਗਸ ਹੋਈ ਹੈ। ਜਿਹੜਾ ਐਸ.ਈ. ਦਾ ਸੁਪਰਡੈਂਟ ਸੀ, ਉਸ ਨੇ ਸਬੰਧਤ ਐਕਸੀਅਨ ਨਾਲ ਸ਼ਰੇਆਮ ਦੋ ਗਜ਼ਟਿਡ ਅਫ਼ਸਰਾਂ ਦੇ ਸਾਹਮਣੇ ਸ਼ਰਤ ਲਗਾਈ । ਸੁਪਰਡੈਂਟ ਨੇ ਚੈਲੰਜ ਕੀਤਾ ਕਿ ਬੋਗਸ ਪੇਮੈਂਟ ਹੋਈ ਹੈ । ਐਕਸੀਅਨ ਨੇ ਕਿਹਾ ਕਿ ਨਹੀਂ ਹੋਈ। ਲਿਖਤੀ ਰੂਪ ਵਿਚ ਦੋਨਾਂ ਦੀ 5 ਹਜ਼ਾਰ ਰੁਪਏ ਦੀ ਸ਼ਰਤ ਲਗ ਗਈ। ਉਨ੍ਹਾਂ ਦੋ ਅਫ਼ਸਰਾਂ ਨੂੰ ਦੋਨਾਂ ਨੇ ਸਾਲਸ ਮੰਨਿਆ। ਇਹ ਰਿਟਨ ਡਾਕੂਮੈਂਟ ਹੈ, ਜਿਸ ਦੀ ਫੋਟੋਸਟੈਟ ਕਾਪੀ ਮੇਰੇ ਕੋਲ ਹੈ ਉਨ੍ਹਾਂ ਨੇ ਸਾਰਾ ਰਿਕਾਰਡ ਚੈਕ ਅੱਪ ਕਰਕੇ ਫੈਸਲਾ ਕਰ ਦਿੱਤਾ ਕਿ ਇਹ ਵਾਕਿਅਈ ਕਾਂਨਟਰੈਕਟਰ ਨੂੰ ਬੋਗਸ ਪੇਮੈਂਟ ਕੀਤੀ ਗਈ ਹੈ । ਐਕਸੀਅਨ ਨੇ ਬੋਗਸ ਪੇਮੈਂਟ ਕੀਤੀ ਸੀ, ਉਹ ਐਕਸੀਅਨ ਹੁਣ 5 ਹਜ਼ਾਰ ਰੁਪਏ ਸੁਪਰਡੰਟ ਨੂੰ ਦੇਵੇ। ਅਗਰ ਚੀਫ ਮਨਿਸਟਰ ਸਾਹਿਬ ਮੈਨੂੰ ਕਹਿਣਗੇ ਤਾਂ ਮੈਂ ਫੋਟੋਸਟੈਟ ਕਾਪੀਆਂ ਵੀ ਉਨ੍ਹਾਂ ਨੂੰ ਦੇ ਦਿਆਂਗਾ।

ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਇਸੇ ਅਫ਼ਸਰ ਨੇ 3.65 ਲੱਖ ਰੁਪਏ ਦਾ ਪੇਂਟ ਖਰੀਦ ਕੀਤਾ। ਇਸ ਦੇ ਲਈ ਰਿਕੁਆਇਰਮੈਂਟ ਸਿਰਫ 60 ਹਜ਼ਾਰ ਰੁਪਏ ਦੇ ਮਾਲ ਦੀ ਸੀ। ਇਹ 60 ਹਜ਼ਾਰ ਰੁਪਏ ਦੇ ਵਿਚ ਵੀ ਘੱਪਲਾ ਸੀ ਪਰ ਉਸ ਨੇ ਐਡੀ ਵੱਡੀ ਬੋਗਸ ਪਰਚੇਜ਼ ਕਰ ਲਈ। ਮੈਂ ਦਸੱਦਾ ਹਾਂ ਕਿ ਮਹਿਕਮੇ ਦੇ ਕਰਮਚਾਰੀ ਦਾ ਐਫੀਡੈਵਿਟ ਹੈ, ਇਸ ਤੇ ਕੋਈ ਇਨਕੁਆਇਰੀ ਨਹੀਂ ਹੋਈ। ਉਸ ਨੇ ਐਮਪਲਾਈ ਤੇ ਦਬਾਅ ਪਾਇਆ ਅਤੇ ਕੁਝ ਨਾ ਕੁਝ ਲਿਖਾਉਣ ਦੀ ਕੋਸ਼ਿਸ਼ ਕੀਤੀ।

ਇਸੇ ਤਰ੍ਹਾਂ ਵਿਜੀਲੈਂਸ ਡਿਪਾਰਟਮੈਂਟ ਨੇ ਐਸ.ਡੀ.ਓ. ਤੇ ਰੇਡ ਕੀਤਾ ਔਰ 58 ਹਜ਼ਾਰ ਰੁਪਏ ਦਾ ਘੱਪਲਾ ਪਾਇਆ ਗਿਆ। ਉਸ ਦੀ ਸਪੋਰਟ ਕਰਦਾ ਹੈ ਉਥੇ ਦਾ ਐਗਜ਼ੈਕਟਿਵ ਇੰਜੀਨੀਅਰ, ਜਿਸ ਨੇ ਵਿਜੀਲੈਂਸ ਡਿਪਾਰਟਮੈਂਟ ਦੇ ਸਾਹਮਣੇ ਸਟੇਟਮੈਂਟ ਦਿੱਤੀ ਔਰ ਉਸ ਨੂੰ ਬਚਾਉਣ ਦੇ ਵਾਸਤੇ ਕੀ ਕੁਝ ਕੀਤਾ ਜਾਂਦਾ ਹੈ। ਜੋ ਉਥੇ ਦਾ ਐਸ.ਓ. ਰਾਜਿੰਦਰ ਕੁਮਾਰ ਹੈ ਉਸ ਨੂੰ ਸਾਰੇ ਬਿਲ ਤਿਆਰ ਕਰਨ ਵਾਸਤੇ ਮਜ਼ਬੂਰ ਕੀਤਾ ਜਾਂਦਾ ਹੈ। ਨਵੀਂ ਐਮ. ਬੀ. ਤਿਆਰ ਕੀਤੀ ਅਤੇ ਬਾਕੀ ਸਾਰੇ ਕਾਗ਼ਜ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਤਿਆਰ ਕਰਾਏ ਗਏ। ਉਸ ਐਸ.ਓ. ਨੇ. ਹਲਫੀਆ ਬਿਆਨ ਦਿੱਤਾ ਹੈ, ਜੋ ਮੇਰੇ ਪਾਸ ਮੌਜੂਦ ਹੈ। ਉਸ ਵਿਚ ਉਸ ਨੇ ਕਿਹਾ ਹੈ ਕਿ ਮੈਨੂੰ ਮਜ਼ਬੂਰ ਕਰਕੇ ਕਾਰਵਾਈ ਕਰਾਈ ਗਈ ਹੈ। ਇਸ ਦੇ ਇਲਾਵਾ ਹੋਰ ਵੀ ਕਈ ਕੇਸਿਜ਼ ਹਨ ਅੌਰ ਇਸੇ ਸੱਬ ਡਿਵੀਜ਼ਨ ਵਿਚ ਘੱਟੋ ਘੱਟ 15 ਲੱਖ ਰੁਪਏ ਦਾ ਘੱਪਲਾ ਕੀਤਾ ਗਿਆ ਹੈ। ਇਥੇ ਦੇ ਐਸ.ਡੀ.ਸੀ., ਜਿਸ ਦਾ ਨਾਂ ਬਲਦੇਵ ਰਾਜ ਹੈ, ਉਸ ਨੇ ਹਲਫੀਆ ਬਿਆਨ ਦਿੱਤਾ ਹੈ, ਉਸ ਦੀ ਫੋਟੋਸਟੈਟ ਕਾਪੀ ਮੇਰੇ ਕੋਲ ਮੌਜੂਦ ਹੈ। ਉਸ ਨੂੰ ਪਰੈਸ਼ਰਾਈਜ਼ ਕੀਤਾ ਗਿਆ ਹੈ। 8 ਅਫ਼ਸਰ ਮੁਅੱਤਲ ਹਨ। ਉਹ ਕੇਸ ਸਿਰੇ ਤਾਂ ਚੜ੍ਹਾ ਸਕਦੇ ਹੋ ਜੇਕਰ ਉਸ ਨੂੰ ਵਿਚਾਰ ਕੇ ਸਬੰਧਤ ਅਫ਼ਸਰ ਨੂੰ ਸਸਪੈਂਡ ਕਰੋ ਜਾਂ ਉਸ ਨੂੰ ਦੂਰ ਟਰਾਂਸਫਰ ਕਰੋ, ਫਿਰ ਇਨਕੁਆਇਰੀ ਬਠੋ ਲਖਾਂ ਰੁਪਏ ਦਾ ਘੱਪਲਾ ਨਿਕਲੇਗਾ। ਪੰਜਾਬ ਦੀਆਂ ਜੋ ਸੜਕਾਂ ਬਣਦੀਆਂ ਹਨ ਜਾਂ ਪੰਜਾਬ ਵਿਚ ਜੋ ਡਿਵੈਲਪਮੈਂਟ ਦੇ ਕੰਮ ਹੁੰਦੇ ਹਨ, ਮੈਂ ਸਾਫ਼ ਤੌਰ ਤੇ ਦੱਸ਼ ਲਾਉਂਦਾ ਹਾਂ ਕਿ ਇਹ ਜਿਹੜੇ ਕਰਮਚਾਰੀ ਹਨ ਸਭ ਕੁਝ ਹੱੜਪ ਕਰ ਜਾਂਦੇ ਹਨ, ਜੇਕਰ ਚੀਫ਼ ਮਨਿਸਟਰ ਸਾਹਿਬ, ਤੁਸੀਂ ਉਨ੍ਹਾਂ ਤੇ ਕੰਟਰੋਲ ਕਰੋਗੇ ਤਾਂ ਤੁਸੀਂ ਪਰਸ਼ੰਸਾ ਦੇ ਹੱਕਦਾਰ ਹੋਵੋਗੇ ਅੌਰ ਇਸ ਵਿਚ ਪੰਜਾਬ ਦਾ ਭਲਾ ਹੋਵੇਗਾ।

ਅੰਤ ਵਿਚ ਮੈਂ ਇਹ ਕਹਿੰਦਾ ਹਾਂ ਕਿ ਜਿਹੜੀਆਂ ਜ਼ਿਆਦਤੀਆਂ ਮੈਂ ਤੁਹਾਡੇ ਨੋਟਿਸ ਵਿਚ ਲਿਆਂਦੀਆਂ ਹਨ, ਉਨ੍ਹਾਂ ਦੀ ਇਨਕੁਆਇਰੀ ਕਰਾਉਣ ਲਈ ਤੁਸੀਂ ਧਿਆਨ ਦਿਉਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

ਸ਼੍ਰੀ ਡਿਪਟੀ ਸਪੀਕਰ: ਸਾਰੇ ਮੈਂਬਰ ਸਾਹਿਬਾਨ, ਪਾਰਟੀਆਂ ਨੂੰ ਜਿਹੜਾ ਸਮਾਂ ਅਲਾਟ ਹੋਇਆ ਹੈ, ਸੁਣ ਲੈਣ। ਕਾਂਗਰਸ ਇਕ ਘੰਟਾ 33 ਮਿੰਟ, ਸ਼੍ਰੋਮਣੀ ਅਕਾਲੀ ਦਲ 55 ਮਿੰਟ, ਜਿਸ ਵਿਚੋਂ ਤਕਰੀਬਨ ਅੱਧਾ ਘੰਟਾ ਲੈ ਚੁੱਕੇ ਹਨ। ਸੀ.ਪੀ.ਆਈ. 13 ਮਿੰਟ, ਸੀ.ਪੀ.ਐਮ. 7 ਮਿੰਟ, ਇੰਡੀਪੈਂਡੈਂਟ 3 ਮਿੰਟ ਅੌਰ ਭਾਰਤੀਆ ਜਨਤਾ ਪਾਰਟੀ 2 ਮਿੰਟ।

ਸਰਦਾਰ ਉਜਾਗਰ ਸਿੰਘ (ਬਲੂਆਨਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਸਟੇਟ ਦੀ ਸ਼ੋਭਾ ਇਸ ਵਿਚ ਹੁੰਦੀ ਹੈ ਅਤੇ ਕੋਈ ਸਟੇਟ ਚੰਗੀ ਜਾਂ ਪ੍ਰੋਗਰੈਸਿਵ ਤਦ ਮੰਨੀ ਜਾਂਦੀ ਹੈ, ਜੇ ਉਸ ਸਟੇਟ ਦਾ ਐਡਮਨਿਸਟਰੇਟਰ ਤਕੜਾ ਹੋਵੇ। (ਵਿਘਨ)

RAISING OF SLOGANS AND THROWING OF LEAFLETS BY STRANGERS FROM THE VISITORS' GALLERY

(ਇਸ ਵੇਲੇ ਵਿਜ਼ਿਟਰ ਗੈਲਰੀ ਵਿਚੋਂ ਕੁਝ ਵਿਅੱਕਤੀਆਂ ਨੇ ਉਠ ਕੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਕੁਝ ਪੈਂਫਲਿਟ ਸੁੱਟੇ। ਪੁੱਛੂ ਵਾਚ ਅੈਂਡ ਵਾਰਡ ਸਟਾਫ਼ ਨੇ ਉਨ੍ਹਾਂ ਦਾ ਮੂੰਹ ਬੰਦ ਕੀਤਾ ਅੌਰ ਉਨ੍ਹਾਂ ਨੂੰ ਗੈਲਰੀ ਤੋਂ ਬਾਹਰ ਲੈ ਗਏ।)

DISCUSSION AND VOTING OF DEMANDS FOR GRANTS FOR THE YEAR 1980-81 (*Resumption*)

ਸਰਦਾਰ ਉਜਾਗਰ ਸਿੰਘ: ਇਸ ਬਾਰੇ ਮੈਂ ਤੁਹਾਨੂੰ ਮਿਸਾਲ ਦੇਣਾ ਚਾਹੁੰਦਾ ਹਾਂ। ਅਮਰੀਕਾ ਦਾ ਇਕ ਰਾਈਟਰ ਹੈ, ਉਸ ਨੇ ਇਕ ਕਿਤਾਬ ਲਿਖੀ ਮੈਨ ਅੈਂਡ ਪਾਲੇਟਿਕਸ। ਇਕ ਦਫ਼ਾ ਅਮਰੀਕਾ ਦੇ ਕੁਝ ਜਰਨਾਲਿਸਟਸ ਵਗੈਰਾ ਸਟਾਲਨ ਨੂੰ ਮਿਲਣ ਗਏ, ਉਦੋਂ ਅੱਜੇ ਇਨਕਲਾਬ ਦੀਆਂ ਜੜ੍ਹਾਂ ਪੱਕੀਆਂ ਨਹੀਂ ਹੋਈਆਂ ਸਨ ਅੌਰ ਮਿਸਟਰ ਟਰਸਟਥਲ ਸਟਾਲਿਨ ਦਾ ਵਿਰੋਧੀ ਸੀ ਅਤੇ ਉਹ ਵੀ ਅਜੇ ਜਿਉਂਦਾ ਸੀ। ਮਗਰਬੀ ਮੁਮਾਲਿਕ ਨੇ ਉਨ੍ਹਾਂ ਦਾ ਸੋਸ਼ਲ ਅਤੇ ਅੈਕਨਾਮਿਕ ਬਾਈਕਾਟ ਕੀਤਾ ਹੋਇਆ ਸੀ। ਉਹ ਜਿਹੜਾ ਵਫ਼ਦ ਸਟਾਲਿਨ ਨੂੰ ਮਿਲਣ ਗਿਆ ਅਤੇ 3 ਘੰਟੇ ਤਕ ਸੁਆਲ ਜਵਾਬ

Original with;
Punjab Vidhan Sabha
Digitized by;
Panjab Digital Library

ਹੁੰਦੇ ਰਹੇ। ਉਸ ਦੇ ਬਾਅਦ ਜਦੋਂ ਉਹ ਜਾਣ ਲਗੇ ਤਾਂ ਸਟਾਲਿਨ ਨੇ ਕਿਹਾ ਜ਼ਰਾ ਤੁਸੀਂ ਮੇਰੀ ਵੀ ਗੱਲ ਸੁਣ ਜਾਓ। ਉਹ ਡੇਢ ਘੰਟਾ ਸੁਆਲ ਪੁੱਛਦਾ ਰਿਹਾ ਕਿ ਅਮਰੀਕਾ ਵਿਚ ਕਿਸ ਤਰ੍ਹਾਂ ਦੀ ਐਡਮਨਿਸਟਰੇਸ਼ਨ ਚਲਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਸੁਭਾ ਤੋਂ ਲੈ ਕੇ ਸ਼ਾਮ ਤਕ ਗਰੀਵੈਂਸਿਜ਼ ਨਿਪਟਾਉਣ ਤੇ ਲਗੇ ਰਹਿੰਦੇ ਹਨ। ਸੂਬੇ ਦਾ ਪਤਾ ਨਹੀਂ ਕੀ ਹੋ ਰਿਹਾ ਹੈ ਅਤੇ ਸਾਰਾ ਦਿਨ ਉਸ ਵਿਚ ਲਗੇ ਰਹਿੰਦੇ ਹਨ। ਮੈਂ ਦੱਸਦਾ ਹਾਂ ਤੁਸੀਂ ਹੈਰਾਨ ਹੋਵੋਗੇ ਕਿ ਸਟਾਲਿਨ ਨੇ ਜੋ ਸਾਡੇ ਤਿੰਨ ਜਾਂ 4 ਘੰਟੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਉਸ ਦੌਰਾਨ ਸਟਾਲਨ ਨੂੰ ਨਾ ਕੋਈ ਟੈਲੀਫੂਨ ਆਇਆ, ਨਾ ਕੋਈ ਚਪੜਾਸੀ ਕੋਈ ਚੀਜ਼ ਲੈ ਕੇ ਆਇਆ ਨਾ ਕੋਈ ਕੰਨ ਵਿਚ ਖੁਸਰ ਖੁਸਰ ਕਰਨ ਵਾਸਤੇ ਅਫ਼ਸਰ ਆਇਆ। ਉਹ ਬਿਲਕੁਲ ਆਈਸੋਲੇਟਿਡ ਹੋ ਕੇ ਬੈਠੇ ਸਨ। ਉਹ ਕਿਉਂ ਆਈਸੋਲੇਟਿਡ ਹੋ ਕੇ ਬੈਠੇ ਸਨ ਅੱਜ ਕਿਉਂ ਉਸੀ ਤਰ੍ਹਾਂ ਬੈਠੇ ਸਨ ਕਿਉਂਕਿ ਉਸ ਨੇ ਇਕ ਗਲ ਕਹੀ ਸੀ। Select your friends, colleagues and officers very carefully and keep a sound faith upon them. ਸਰਦਾਰ ਦਰਬਾਰਾ ਸਿੰਘ ਜੀ, ਆਪਣੀ ਟੀਮ ਅੱਛੀ ਚੁਣੋ ਅਤੇ ਉਸ ਦੇ ਬਾਅਦ ਉਸ ਤੇ ਵਿਸ਼ਵਾਸ ਰੱਖੋ। ਜੇਕਰ ਕਿਸੇ ਨਾਲ ਕੋਈ ਜ਼ਿਆਦਤੀ ਹੁੰਦੀ ਹੈ ਜਾਂ ਧੱਕਾ ਹੁੰਦਾ ਹੈ ਤਾਂ ਇਕ ਹੀ ਅਸੂਲ ਤੇ ਅਮਲ ਕਰੋ। Neither mercy to the poor nor favour to mighty. ਕਿਸੇ ਅਮੀਰ ਨਾਲ ਕੋਈ ਰਿਆਇਤ ਨਾ ਕਰੋ ਅਤੇ ਗਰੀਬ ਨਾਲ ਧੱਕਾ ਨਾ ਕਰੋ। ਇਸੇ ਤਰ੍ਹਾਂ ਸਾਫ਼ ਸੁਥਰੀ ਐਡਮਨਿਸਟਰੇਸ਼ਨ ਦਿੱਤੀ ਜਾ ਸਕਦੀ ਹੈ।

ਮੈਂ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਇਸ ਪੰਜਾਬ ਵਿਚ ** ** ** ਬੜੇ ਸੂਝਵਾਨ, ਇਮਾਨਦਾਰ ਔਰ ਬਹੁਤ ਸਖ਼ਤ ਐਡਮਨਿਸਟਰੇਟਰ ਸਨ। ਲੇਕਿਨ ਇਕ ਬਾਤ ਸੀ। ਉਹ ਐਨਾ ਸਖਤ ਸੀ ਕਿ ਐਡਮਨਿਸਟਰੇਸ਼ਨ ਦਾ ਟਾਈਰਾਡ ਬਿਲਕੁਲ ਜਾਮ ਕਰਕੇ ਉਸ ਨੇ ਰੱਖ ਦਿੱਤਾ ਸੀ। ਕੀ ਮਜਾਲ ਜੇ ਕੋਈ ਪੱਤਾ ਵੀ ਉਸ ਦੇ ਹੁਕਮ ਬਗੈਰ ਹਿੱਲ ਜਾਵੇ। ਐਡਮਨਿਸਟਰੇਸ਼ਨ ਇਤਨੀ ਦਹਿਸ਼ਤਜ਼ਦਾ ਹੋ ਗਈ ਸੀ ਕਿ ਇੱਕ ਅਫ਼ਸਰ ਡਰ ਦੇ ਮਾਰੇ ਝੀਲ ਵਿਚ ਡੁੱਬ ਕੇ ਮਰ ਗਿਆ ਅਤੇ ਇੱਕ ਰਾਜਪੂਰੇ ਦੇ ਰੈਸਟ ਹਾਊਸ ਵਿਚ ਗੋਲੀ ਖਾ ਕੇ ਮਰ ਗਿਆ। ਨਾ ਐਨਾ ਸਖਤ ਹੋਣਾ ਚਾਹੀਦਾ ਹੈ ਅਤੇ ਨਾ ਹੀ ** ** ਵਾਂਗ ਢਿਲਾ ਹੋਣਾ ਚਾਹੀਦਾ ਹੈ।

ਸ਼੍ਰੀ ਗੁਰਦਿਆਲ ਸੋਨੀ : ਡਿਪਟੀ ਸਪੀਕਰ ਸਾਹਿਬ, ਜਿਹੜਾ ਆਦਮੀ ਹਾਊਸ ਵਿਚ ਜਵਾਬ ਨਹੀਂ ਦੇ ਸਕਦਾ ਉਸ ਦਾ ਨਾ ਨਹੀਂ ਲੈਣਾ ਚਾਹੀਦਾ।

ਸ਼੍ਰੀ ਡਿਪਟੀ ਸਪੀਕਰ : ਠੀਕ ਹੈ, ਨਾਂ ਐਕਸਪੰਜ ਕਰ ਦਿਓ।

ਸਰਦਾਰ ਉਜਾਗਰ ਸਿੰਘ : ਸਪੀਕਰ ਸਾਹਿਬ, ਇੱਕ ਮੁੱਖ ਮੰਤਰੀ ਸੀ ਜਿਸ ਨੇ ਐਡਮਨਿਸਟਰੇਸ਼ਨ ਦਾ ਟਾਈਰਾਡ ਹੀ ਲੂਜ਼ ਕਰ ਦਿੱਤਾ। ਉਹ ਓਪਨਲੀ ਕਹਿੰਦਾ ਸੀ ਕਿ ਮੇਰੇ ਮੈਂਬਰਾਂ ਦੀ ਕੋਈ ਗੱਲ ਨਾ ਸੁਣੋ। ਇਥੋਂ ਤੱਕ ਹੋ ਗਿਆ ਕਿ ਸਟੇਟ ਵਿਚ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਰਾਜ ਭਾਗ ਕਿਸ ਦਾ ਹੈ, ਕੀ ਹੋ ਰਿਹਾ ਹੈ? ਡਿਪਟੀ ਸਪੀਕਰ ਸਾਹਿਬ ਤੁਸੀਂ ਸਰਦਾਰ ਪ੍ਰਤਾਪ ਸਿਘ ਕੈਰੋਂ ਦਾ ਜ਼ਮਾਨਾ ਵੀ ਵੇਖਿਆ ਹੋਵੇਗਾ। ਇਸ ਲਈ ਮੈਂ ਤੁਹਾਡੇ ਰਾਹੀਂ ਸਰਦਾਰ ਦਰਬਾਰਾ ਸਿੰਘ ਨੂੰ ਬੇਨਤੀ ਕਰਾਂਗਾ ਕਿ ਨਾ ਤਾਂ ਐਨੇ ਸਖਤ ਹੋਣ ਕਿ ਐਡਮਨਿਸਟਰੇਸ਼ਨ ਹੀ ਦਹਿਸ਼ਤਜ਼ਦਾ ਹੋ ਜਾਵੇ ਅਤੇ ਨਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਉਜਾਗਰ ਸਿੰਘ]

ਹੀ ਇਤਨੇ ਚਿੱਲੇ ਹੋਣ ਕਿ ਐਡਮਨਿਸਟਰੇਸ਼ਨ ਦਾ ਟਾਈਰਾਡ ਵੀ ਲੂਜ਼ ਹੋ ਜਾਵੇ। ਇਹ ਆਪਣੀ ਟੀਮ ਇਸ ਤਰ੍ਹਾਂ ਚੁਣਨ ਕਿ ਆਪ ਸੁਪਰਵਾਈਜ਼ਰ ਬਣ ਕੇ ਬੈਠ ਜਾਣ। ਉਹ ਆਦਮੀ ਐਡਮਨਿਸਟਰੇਸ਼ਨ ਚਲਾਉਣ ਅਤੇ ਇਨ੍ਹਾਂ ਨੂੰ ਪਤਾ ਹੋਵੇ ਕਿ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਚਲ ਰਹੀ ਹੈ।

ਸ੍ਰੀ ਬਾਲਮੁਕੰਦ ਸ਼ਰਮਾ: ਡਿਪਟੀ ਸਪੀਕਰ ਸਾਹਿਬ, ਅੱਜ ਪੁਲਿਸ, ਸੈਕਰੇਟੇਰੀਅਟ ਅਤੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਦੀਆਂ ਡਿਮਾਂਡਜ਼ ਤੇ ਬਹਿਸ ਹੋ ਰਹੀ ਹੈ। ਇਨ੍ਹਾਂ ਨੂੰ ਰੈਲੇਵੈਂਟ ਬੋਲਣਾ ਚਾਹੀਦਾ ਹੈ।

ਸਰਦਾਰ ਉਜਾਗਰ ਸਿੰਘ: ਡਿਪਟੀ ਸਪੀਕਰ ਸਾਹਿਬ, ਅਕਾਲੀ ਰਾਜ ਵਿਚ ਸਾਡੀ ਸਟੇਟ ਦੀ ਇਕਾਨੋਮੀ ਇਨ੍ਹਾਂ ਨੇ ਬਿਲਕੁਲ ਤਬਾਹ ਕਰਕੇ ਰੱਖ ਦਿੱਤੀ। ਇਨ੍ਹਾਂ ਨੇ ਡਿਸਿਪਲਨਡ ਫੋਰਸ ਦਾ ਵੀ ਮਾਰੇਲ ਡਾਊਨ ਕਰ ਦਿੱਤਾ। ਕਿਸੇ ਵੀ ਜ਼ਮਾਨੇ ਵਿਚ ਇਹ ਨਹੀਂ ਸੀ ਸੁਣਿਆ ਕਿ ਡਿਸਿਪਲਨਡ ਫੋਰਸ ਵੀ ਹੜਤਾਲ ਕਰਦੀ ਹੈ। ਇਨ੍ਹਾਂ ਦੇ ਜ਼ਮਾਨੇ ਵਿਚ ਡਿਸਿਪਲਨਡ ਫੋਰਸ ਨੇ ਵੀ ਹੜਤਾਲ ਕਰ ਦਿੱਤੀ, ਜਿਸ ਦੇ ਕਾਰਨ ਪੰਜਾਬ ਦਾ ਲਾਅ ਐਂਡ ਆਰਡਰ ਖਰਾਬ ਹੋ ਗਿਆ। ਮੈਂ ਬੇਨਤੀ ਕਰਾਂਗਾ ਕਿ ਪੁਲਿਸ ਕਮਿਸ਼ਨ ਦੀਆਂ ਜੋ ਸਿਫਾਰਸ਼ਾਤ ਹਨ, ਉਹ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਕਿ ਜਿਹੜੇ ਪੁਲਿਸ ਦੇ ਕਰਮਚਾਰੀ ਹਨ, ਉਨ੍ਹਾਂ ਦੇ ਖਦਸ਼ਾਤ ਦੂਰ ਹੋ ਜਾਣ।

ਡਿਪਟੀ ਸਪੀਕਰ ਸਾਹਿਬ, ਪਹਿਲਾਂ ਬੀ–1 ਅਤੇ ਬੀ–2 ਵਿਚ ਹਰੀਜਨ ਮੁੰਡਿਆਂ ਨੂੰ ਰਿਜ਼ਰਵੇਸ਼ਨ ਦੇ ਮੁਤਾਬਿਕ ਸਿਲੈਕਟ ਕਰਦੇ ਹੁੰਦੇ ਸੀ। ਲੇਕਿਨ ਅਕਾਲੀ ਰਾਜ ਵੇਲੇ ਇਹ ਬੰਦ ਕਰ ਦਿਤਾ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇ ਰਿਜ਼ਰਵੇਸ਼ਨ ਕਰਕੇ ਹਰੀਜਨਾਂ ਦੇ ਬੱਚਿਆਂ ਨੂੰ ਸਿਲੈਕਟ ਕਰਕੇ ਫਿਲੋਰ ਟਰੇਨਿੰਗ ਵਾਸਤੇ ਨਾ ਭੇਜਿਆ ਗਿਆ ਤਾਂ ਕੋਈ ਵੀ ਹਰੀਜਨ ਲੜਕਾ ਤਰੱਕੀ ਕਰਕੇ ਸਬ-ਇਨਸਪੈਕਟਰ ਜਾਂ ਇਨਸਪੈਕਟਰ ਨਹੀਂ ਬਣ ਸਕੇਗਾ। ਮੈਂ ਬੇਨਤੀ ਕਰਾਂਗਾ ਕਿ ਇਹ ਰਿਜ਼ਰਵੇਸ਼ਨ ਇਸ ਵਿਚ ਹੋਣੀ ਚਾਹੀਦੀ ਹੈ। ਅਸੀਂ ਆਪਣੇ ਰਾਜ ਵਿਚ ਪੁਲਿਸ ਦੀ ਭਰਤੀ ਵਿਚ 50% ਰਿਜ਼ਰਵੇਸ਼ਨ ਕੀਤੀ ਸੀ। ਲੇਕਿਨ ਅਕਾਲੀਆਂ ਦੇ ਰਾਜ ਵਿਚ 3,706 ਪੁਲਿਸ ਦੇ ਸਿਪਾਹੀ ਭਰਤੀ ਕੀਤੇ ਗਏ ਉਨ੍ਹਾਂ ਵਿਚ ਹਰੀਜਨ ਕੇਵਲ 503 ਸਨ। ਬਾਕੀ ਇਹ ਆਪਣੇ ਬੰਦੇ ਭਰਤੀ ਕਰ ਗਏ। ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਦਰਬਾਰਾ ਸਿੰਘ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪੁਲਿਸ ਦੇ ਐਸ.ਐਸ.ਪੀਜ਼ ਨੇ ਜ਼ਿਲ੍ਹਿਆਂ ਵਿਚ ਆਪਣੇ ਜ਼ਿਲ੍ਹਿਆਂ ਦੇ ਬੰਦੇ ਲਿਆ ਕੇ ਭਰਤੀ ਕੀਤੇ ਹਨ। ਉਸ ਜ਼ਿਲ੍ਹੇ ਦੇ ਨੌਜਵਾਨ ਬੇਕਾਰ ਫਿਰ ਰਹੇ ਹਨ, ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਗਿਆ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ। ਪੁਲਿਸ ਦੇ ਕਰਮਚਾਰੀਆਂ ਵਾਸਤੇ ਇੱਕ ਵੈਲਫੇਅਰ ਬੋਰਡ ਬਣਾਇਆ ਜਾਵੇ। ਡਵੀਜ਼ਨ ਵਿਚ ਇੱਕ ਡੀ.ਐਸ.ਪੀ. ਹੋਵੇ ਜਿਹੜਾ ਹਮੇਸ਼ਾ ਇਨ੍ਹਾਂ ਦੀ ਜ਼ਰੂਰਤ ਮੌਕੇ ਸਿਰ ਵੇਖਦਾ ਰਹੇ ਕਿ ਪੁਲਿਸ ਨੂੰ ਕਿਨ੍ਹਾਂ ਕਿਨ੍ਹਾਂ ਚੀਜ਼ਾਂ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਹਰੀਜਨਾਂ ਦੇ ਮਸਲੇ ਤੇ ਥੋੜ੍ਹਾ ਜਿਹਾ ਬੋਲਣਾ ਹੈ। ਇਹ ਐਡਮਨਿਸਟਰੇਸ਼ਨ ਨਾਲ ਹੀ ਸਬੰਧਤ ਹੈ। ਸਾਰੇ ਮੁਲਕ ਦੇ ਲੀਡਰ, ਇਥੋਂ ਤੱਕ ਕਿ ਸਾਡੇ ਦੇਸ਼ ਦੀ ਪ੍ਰਾਈਮ ਮਨਿਸਟਰ ਤੋਂ ਲੈ ਕੇ ਸਾਡੇ ਲੋਕਲ ਮਨਿਸਟਰ ਤੱਕ ਸਾਰੇ ਹਰੀਜਨਾਂ ਦੀ ਭਲਾਈ ਵਾਸਤੇ ਕਹਿੰਦੇ ਹਨ। ਮੇਰੇ ਸਾਹਮਣੇ ਬੈਠੇ ਭਰਾ (ਅਕਾਲੀ ਪਾਰਟੀ ਵੱਲ ਇਸ਼ਾਰਾ) ਵੀ ਹਰੀਜਨਾਂ ਦੀ ਭਲਾਈ ਵਾਸਤੇ ਕਹਿੰਦੇ ਹਨ। ਕਮਿਊਨਿਸਟਾਂ ਨੇ ਤਾਂ ਠੇਕਾ ਲਿਆ ਹੋਇਆ ਹੈ ਇਨ੍ਹਾਂ ਦੀ ਭਲਾਈ ਦਾ। ਇਹ ਤਾਂ

Original with;
Punjab Vidhan Sabha
Digitized by;
Panjab Digital Library

ਆਪਣੇ ਆਪ ਨੂੰ ਲੇਬਰ ਦੀ ਭਲਾਈ ਦੇ ਠੇਕੇਦਾਰ ਸਮਝਦੇ ਹਨ। ਡਿਪਟੀ ਸਪੀਕਰ ਸਾਹਿਬ, ਹਾਲੀ ਕੋਰਟ ਦਾ ਕੋਈ ਵੀ ਜੱਜ ਅਜੇ ਹਰੀਜਨ ਨਹੀਂ ਬਣਿਆ। ਮੈਂ ਕਹਿੰਦਾ ਹਾਂ ਕਿ ਕੋਈ ਪਰਮਾਨੈਂਟ ਕਮਿਸ਼ਨ ਹੋਣਾ ਚਾਹੀਦਾ ਹੈ ਜਿਹੜਾ ਕਿ ਪੜਤਾਲ ਕਰੇ ਕਿ ਕਿਸੇ ਜਗ੍ਹਾ ਹਰੀਜਨ ਮੁਲਾਜ਼ਮਾਂ ਨਾਲ ਧੱਕਾ ਤਾਂ ਨਹੀਂ ਹੋਇਆ; ਪ੍ਰੋਮੋਸ਼ਨ ਵਿਚ ਧੱਕੇਸ਼ਾਹੀ ਤਾਂ ਨਹੀਂ ਹੋਈ, ਕਿਸੇ ਜਗ੍ਹਾ ਰਿਜ਼ਰਵੇਸ਼ਨ ਪੂਰੀ ਕੀਤੀ ਗਈ ਹੈ ਜਾਂ ਨਹੀਂ। ਜਿਹੜੇ ਸੀਨੀਅਰ ਅਫ਼ਸਰ ਹਰੀਜਨਾਂ ਦੀਆਂ ਸਾਲਾਨਾ ਰਿਪੋਰਟਾਂ ਖਰਾਬ ਕਰਦੇ ਹਨ, ਉਸ ਨੂੰ ਵੇਖਣਾ ਚਾਹੀਦਾ ਹੈ। ਉਸ ਕਮਿਸ਼ਨ ਦਾ ਚੇਅਰਮੈਨ ਕੋਈ ਹਾਈ ਕੋਰਟ ਦਾ ਜਜ ਹੋਵੇ ਅਤੇ ਉਹ ਬਹੁਤ ਹੀ ਇਮਾਨਦਾਰ ਆਦਮੀ ਹੋਵੇ ਉਸ ਦੀ ਜਿਹੜੀ ਰਿਪੋਰਟ ਹੋਵੇ ਉਸ ਨੂੰ ਇੰਪਲੀਮੈਂਟ ਕਰਨ ਦੀ ਜ਼ਿਮੇਵਾਰੀ ਸਰਕਾਰ ਦੀ ਹੋਵੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਪਿਛਲੀ ਸਰਕਾਰ ਦੇ ਵਕਤ ਦੀ ਇਕ ਰਿਪੋਰਟ ਦਾ ਜ਼ਿਕਰ ਕਰਦਾ ਹਾਂ। That is First Report of the working of State Public Undertakings. (1979-80) ਡਿਪਟੀ ਸਪੀਕਰ ਸਾਹਿਬ, ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਤੇ ਸਰਦਾਰ ਬਲਵੰਤ ਸਿੰਘ ਬੜੀਆਂ ਲੱਛੇਦਾਰ ਤਕਰੀਰਾਂ ਕਰਦੇ ਰਹੇ ਹਨ। ਜੇ ਇਸ ਰਿਪੋਰਟ ਨੂੰ ਪੜ੍ਹਿਆ ਜਾਵੇ ਤਾਂ ਬੰਦਾ ਪਸ਼ੇਮਾਨ ਜ਼ਰੂਰ ਹੁੰਦਾ ਹੈ। ਇਤਨਾ ਘਾਟਾ ਇਨ੍ਹਾਂ 25,26 ਕਾਰਪੋਰੇਸ਼ਨਾਂ ਵਿਚ ਵਿਖਾਇਆ ਗਿਆ ਹੈ, ਜਿਸ ਦਾ ਕੋਈ ਅੰਤ ਹੀ ਨਹੀਂ (ਘੰਟੀ)। ਉਸ ਘਾਟੇ ਦੀ ਤਰਫ ਇਨ੍ਹਾਂ ਨੇ ਧਿਆਨ ਨਹੀਂ ਦਿੱਤਾ। ਇਸ ਕਰਕੇ ਧਿਆਨ ਨਹੀਂ ਦਿੱਤਾ ਕਿਉਂਕਿ ਅਕਾਲੀਆਂ ਦੀ ਸਰਕਾਰ ਪਿਛੇਖਿਚੂ ਸਰਕਾਰ ਸੀ। ਇਹ ਨਹੀਂ ਸੀ ਚਾਹੁੰਦੇ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ। ਇਹ ਚਾਹੁੰਦੇ ਸੀ ਕਿ ਇਸ ਦੇ ਵਿਚ ਲੁਟ ਮਚਾਈ ਜਾਵੇ, ਇਸ ਲਈ ਇਸ ਵਲ ਕੋਈ ਧਿਆਨ ਨਹੀਂ ਦਿੱਤਾ। ਮੈਂ ਬੇਨਤੀ ਕਰਾਂਗਾ ਕਿ ਸੈਂਟਰ ਦੇ ਵਿਚ ਵੀ ਪਬਲਿਕ ਸੈਕਟਰ ਵਿਚ ਡਿਫੈਂਸ ਦੇ ਕਾਰਖਾਨੇ ਹਨ। ਅਸੀਂ ਪਾਕਿਸਤਾਨ ਨਾਲ ਦੋ ਲੜਾਈਆਂ ਲੜੀਆਂ ਹਨ, 1965 ਵਿਚ ਅਤੇ 1971 ਵਿਚ। ਕਦੇ ਵੇਖਿਆ ਹੈ ਕਿ ਸਾਡੇ ਕਾਰਖਾਨਿਆਂ ਵਿੱਚ ਬਣੀਆਂ ਬੰਦੂਕਾਂ ਉਥੇ ਨਾ ਚਲੀਆਂ ਹੋਣ ਜਾਂ ਸਾਡੇ ਟੈਂਕ ਅੱਗੇ ਨਾ ਵਧੇ ਹੋਣ ਜਾ ਸਾਡੇ ਹੰਟਰ ਹਵਾਈ ਜਹਾਜ਼ਾਂ ਨੇ ਦੁਸ਼ਮਨ ਦੇ ਜਹਾਜ਼ਾਂ ਦਾ ਮੂੰਹ ਨਾ ਤੋੜਿਆ ਹੋਵੇ। ਅਗਰ ਸਾਡੇ ਇਹ ਕਾਰਖਾਨੇ ਅੱਛੀ ਪ੍ਰੋਡਕਸ਼ਨ ਤੇ ਮੁਨਾਫਾ ਦਿਖਾ ਸਕਦੇ ਹਨ ਤਾਂ ਸਾਡੀਆਂ ਪਬਲਿਕ ਅੰਡਰਟੇਕਿੰਗਜ਼ ਨੂੰ ਕੀ ਮਾਰ ਪਈ ਹੈ।

ਸ਼੍ਰੀ ਡਿਪਟੀ ਸਪੀਕਰ: ਸਰਦਾਰ ਉਜਾਗਰ ਸਿੰਘ ਜੀ, ਵਾਈਂਡ ਅੱਪ ਕਰੋ।

ਸਰਦਾਰ ਉਜਾਗਰ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇਕ ਮਿੰਟ ਹੀ ਬੋਲਾਂਗਾ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਤੇ ਐਮ.ਡੀ. ਜਿਹੜੇ ਹਨ ਇਨ੍ਹਾਂ ਨੇ ਇਤਨਾ ਘਾਟਾ ਪਾਇਆ ਹੈ ਕਿ ਇਹ ਪੰਜਾਬ ਦੀ ਜਨਤਾ ਦੇ ਮੁਜ਼ਰਮ ਤੇ ਗੁਨਾਹਗਾਰ ਹਨ। ਇਸ ਘਾਟੇ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਹਰੀਜਨਾਂ ਦੀ ਇੱਕ ਹੋਰ ਗਲ ਕਹਾਂਗਾ। ਜਿਸ ਸਟੇਟ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੋਵੇ, ਉਸ ਨੂੰ ਤੁਸੀਂ ਤਰਕੀ-ਯਾਫਤਾ ਸਟੇਟ ਸਮਝਦੇ ਹੋ। ਲੇਕਿਨ ਜਿਹੜੇ ਇਨਡਾਇਰੈਕਟ ਟੈਕਸ ਲਗਾਏ ਜਾਂਦੇ ਹਨ, ਉਹ ਬੀਲੋਅ ਦੀ ਪਾਵਰਟੀ ਲਾਈਨ ਵਾਲੇ ਬੰਦਿਆਂ ਤੇ ਹੀ ਲਗਾਏ ਜਾਂਦੇ ਹਨ।

ਜੇ ਅਸੀਂ ਉਨ੍ਹਾਂ ਤੇ ਟੈਕਸ ਲਗਾਉਂਦੇ ਹਾਂ ਤਾਂ ਸਪੈਸ਼ਲ ਰਿਆਇਤ ਜਿਹੜੀ ਹੈ, ਉਹ ਅਸੀਂ ਇੰਡੈਮਨੀਫਿਕੇਸ਼ਨ ਨੂੰ ਦੇ ਚਿੰਦੇ ਹਾਂ। ਬਜਟ ਦਾ ਬਹੁਤਾ ਹਿੱਸਾ ਉਨ੍ਹਾਂ ਨੂੰ ਦੇ ਚਿੰਦੇ ਹਾਂ ਜਾਂ ਵੱਡੇ ਵੱਡੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਉਜਾਗਰ ਸਿੰਘ]

ਐਗਰੀਕਲਚਰਿਸਟਾਂ ਨੂੰ ਦੇ ਚਿੰਦੇ ਹਾਂ ਪਰ ਹਰੀਜਨਾਂ ਦੇ ਹਿੱਸੇ ਕੁਝ ਨਹੀਂ ਆਉਂਦਾ, ਉਨ੍ਹਾਂ ਦੇ ਹਿੱਸੇ ਬਹੁਤ ਘੱਟ ਹਿੱਸਾ ਆਉਂਦਾ ਹੈ । ਇਹ ਤਾਂ ਉਹ ਗੱਲ ਹੈ:

"ਜੋ ਜ਼ਰਫ਼ੇ ਮੇਂ ਹੈ ਸਾਕੀ ਕੀ ਨਜ਼ਰ ਉਨ ਪੇ ਹੈ,
ਯਹ ਫੈਜ਼ ਘਟਾ ਹੈ ਜੋ ਸਮੁੰਦਰ ਪੇ ਬਰਸਤੀ ਹੈ।"

ਸੋ, ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਦੇ ਹਿੱਸੇ ਕੁਝ ਨਹੀਂ ਆਉਂਦਾ । ਇਹ ਠੀਕ ਹੈ ਕਿ ਹਮਦਰਦੀ ਉਨ੍ਹਾਂ ਨਾਲ ਸਾਰੇ ਹੀ ਸ਼ੋ ਕਰਦੇ ਹਨ। ਇਸ ਲਈ ਮੈਂ ਇਹ ਕਹਾਂਗਾ ਕਿ ਜਿਹੜੇ ਸਰਕਾਰੀ ਅਦਾਰੇ ਹਨ, ਕਾਰਪੋਰੇਸ਼ਨਾਂ ਦੀਆਂ ਚੇਅਰਮੈਨੀਆਂ ਹਨ, ਉਨ੍ਹਾਂ ਵਿਚੋਂ ਵੀ ਸਾਡੇ ਆਦਮੀਆਂ ਨੂੰ ਹਿੱਸਾ ਦਿੱਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਚੀਫ਼ ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਆਪਣੇ ਕੰਮ ਨੂੰ ਤੇਜ਼ੀ ਨਾਲ ਕਰਨ ਵਾਸਤੇ ਜੋ ਉਨ੍ਹਾਂ ਦਾ ਆਪਣਾ ਸਟਾਫ ਹੈ, ਉਸ ਦੇ ਵਿਚ ਇਕ ਜਾਂ ਦੋ ਹੋਰ ਆਈ.ਏ.ਐਸ. ਅਫਸਰ ਰੱਖ ਲੈਣ ਤਾਕਿ ਕੇਸਾਂ ਦਾ ਮੌਕੇ ਸਿਰ ਨਿਪਟਾਰਾ ਹੋ ਸਕੇ। ਉਨ੍ਹਾਂ ਦਾ ਕੰਮ ਸਿਰਫ ਸੁਪਰਵਾਈਜ਼ ਕਰਨ ਦਾ ਹੀ ਰਹੇ। ਜਿਵੇਂ ਉਹ ਮਿਹਨਤ ਨਾਲ, ਇਮਾਨਦਾਰੀ ਨਾਲ ਕੰਮ ਕਰ ਰਹੇ ਹਨ, ਉਸ ਦਾ ਹੋਰ ਵੀ ਗਰੀਬ ਲੋਕਾਂ ਨੂੰ ਲਾਭ ਹੋ ਸਕੇ।

"ਐ ਦਾਨਾ ਤੁਮੇਂ ਵਸਲ ਕੀ ਤਦਬੀਰ ਬਤਾ ਦੀ,
ਤਕਦੀਰ ਕਾ ਜ਼ਿੰਮਾ ਤੋ ਯਹਾਂ ਲੀਆ ਨਹੀਂ ਜਾਤਾ"।

(ਥੰਪਿੰਗ)

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿਚ ਦੋ ਚਾਰ ਗੱਲਾਂ ਲਿਆਉਣੀਆਂ ਹਨ। ਸਾਡੇ ਨਵੇਂ ਮੁੱਖ ਮੰਤਰੀ ਜਿਹੜੇ ਬਣੇ ਹਨ, ਇਹ ਸੰਨ 1962 ਵਿਚ ਸਾਡੇ ਕੁਲੀਗ ਰਹੇ ਹਨ। ਮੇਰੇ ਤੋਂ ਪਹਿਲਾਂ ਇਕ ਚੀਫ਼ ਮਨਿਸਟਰ ਦਾ ਨਾਮ ਲਿਆ ਗਿਆ ਸੀ, ਜਿਹੜਾ ਕਿ ਮੈਂ ਨਹੀਂ ਲੈਂਦਾ। ਸਾਡੇ ਚੀਫ਼ ਮਨਿਸਟਰ ਸਾਹਿਬ ਬੜੇ ਤਜਰਬੇਕਾਰ ਹਨ। ਇਨ੍ਹਾਂ ਨੇ ਹੋਮ ਮਨਿਸਟਰੀ ਕੀਤੀ ਹੋਈ ਹੈ। ਇਹ ਵੀ ਕਹਿੰਦੇ ਹਨ ਕਿ ਬਹੁਤ ਹੀ ਸਾਫ ਸੁਥਰਾ, ਕਰਿਸਟਲ ਕਲੀਅਰ ਐਡਮਨਿਸਟਰੇਸ਼ਨ ਚਲਾਵਾਂਗੇ। ਮੈਂ ਚੀਫ਼ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਅੱਜ ਸਾਡੀ ਐਡਮਨਿਸਟ੍ਰੇਸ਼ਨ ਦਾ ਤਾਂ ਭੱਠਾ ਹੀ ਬੈਠਾ ਹੋਇਆ ਹੈ। ਕਿਸੇ ਵੀ ਦਫ਼ਤਰ ਵਿਚ ਚੀਫ਼ ਮਨਿਸਟਰ ਸਾਹਿਬ ਭੇਸ ਬਦਲ ਕੇ ਚਲੇ ਜਾਣ. ਕਿਸੇ ਵੀ ਥਾਣੇ ਵਿਚ ਚਲੇ ਜਾਣ, ਬਗੈਰ ਪੈਸੇ ਲਿਆਂ ਕੋਈ ਵੀ ਮੁਣਸ਼ੀ ਪਰਚਾ ਦਰਜ਼ ਨਹੀਂ ਕਰਦਾ, ਕੋਈ ਵੀ ਪਟਵਾਰੀ ਅੱਜ ਪੈਸੇ ਲਿਆਂ ਬਗੈਰ ਜ਼ਮੀਨ ਦਾ ਨੰਬਰ ਨਹੀਂ ਦਿੰਦਾ। ਮੈਂ ਤਾਂ ਸਮਝਦਾ ਹਾਂ ਕਿ ਕੁਰੱਪਸ਼ਨ ਤਾਂ ਅੱਜ ਕਲ ਲੀਗੇਲਾਈਜ਼ ਹੀ ਹੋ ਗਈ ਹੈ। ਲੋਕ ਵੀ ਇਹ ਮਹਿਸੂਸ ਕਰਨ ਲਗ ਪਏ ਹਨ ਕਿ ਇਤਨੇ ਕੁ ਪੈਸੇ ਦੇ ਦਿਓ ਤਾਂ ਹੀ ਕੰਮ ਹੋਣਾ ਹੈ। ਜਿਤਨਾ ਰੈਡ ਟੇਪਿਜ਼ਮ ਦਾ ਦੈਂਤ ਸੈਕਰੇਟੇਰੀਏਟ ਵਿਚ ਹੈ, ਹੋਰ ਕਿਸੇ ਪਾਸੇ ਨਹੀਂ। ਇਕ ਨੈਨੇਵਾਲ ਪਤੰਗ ਸਾਹਿਬ ਦੇ ਹਲਕੇ ਵਿਚ ਪਿੰਡ ਹੈ। ਉਥੇ ਸਕੂਲ ਦੀ ਗਰਾਊਂਡ ਬਣਾਉਣ ਵਾਸਤੇ ਪਿੰਡ ਵਾਲਿਆਂ ਨੇ ਜਗ੍ਹਾ ਦਾ ਫਟਾਂਦਰਾ ਕਰ ਲਿਆ। ਮੇਰਾ ਖਿਆਲ ਹੈ ਕਿ ਘੱਟੋ ਘੱਟ 15 ਵਾਰੀ ਉਹ ਕਾਗਜ਼ ਸੰਗਰੂਰ ਤੋਂ ਪਟਿਆਲੇ, ਪਟਿਆਲੇ ਤੋਂ ਚੰਡੀਗੜ੍ਹ ਅਤੇ ਫਿਰ ਇਸ ਤਰ੍ਹਾਂ ਹੀ ਵਾਪਿਸ ਗਏ ਹੋਣਗੇ। ਤਿੰਨ ਚਾਰ ਵਾਰੀ ਮੈਂ ਵੀਜ਼ਾ ਕੇ ਆਇਆ ਹਾਂ. ਪਰ ਕੋਈ ਗੱਲ ਨਹੀਂ ਬਣੀ। ਉਥੇ ਉਸ ਅਸਿਸਟੈਂਟ ਨੂੰ ਜਾਂ ਸੁਪਰਡੰਟ ਨੂੰ ਬਹੁਤ ਹੁਸ਼ਿਆਰ ਸਮਝਿਆ ਜਾਂਦਾ ਹੈ. ਜੋ ਕਿ ਉਲਟਾ ਨੋਟ ਲਿਖੇ। ਉਹ ਕਹਿੰਦੇ ਹਨ ਕਿ ਇਹ ਠੀਕ ਹੈ, ਇਹ ਠੀਕ ਨੋਟ ਲਿਆਂਦਾ ਹੈ। ਇਸ ਤਰ੍ਹਾਂ ਉਹ ਕਿਸੇ ਕੇਸ ਨੂੰ ਸਿਰੇ ਨਹੀਂ ਚੜ੍ਹਨ ਦਿੰਦੇ। ਇਸ ਤਰ੍ਹਾਂ ਦਾ

Original with;
Punjab Vidhan Sabha
Digitized by;
Panjab Digital Library

ਮਾਹੌਲ ਸੈਕਰੇਟੇਰੀਏਟ ਦਾ ਬਣਿਆ ਹੋਇਆ ਹੈ। ਕੋਈ ਨਾ ਕੋਈ ਲੇਮ ਐਕਸਕਿਊਜ਼ ਲਗਾ ਕੇ ਕੰਮ ਰੋਕ ਦਿੱਤਾ ਜਾਂਦਾ ਹੈ ਅੱਰ ਕਿਸੇ ਸਿਰੇ ਨਹੀਂ ਲੱਗਣ ਦਿੱਤਾ ਜਾਂਦਾ। ਸਾਨੂੰ ਤਾਂ ਸਮਝ ਨਹੀਂ ਆਉਂਦੀ ਕਿ ਜਿਤਨਾ ਵੀ ਕੋਈ ਸਰਕਾਰ ਜ਼ੋਰ ਦਿੰਦੀ ਹੈ ਕਿ ਵਾਤਾਵਰਣ ਠੀਕ ਹੋਵੇ, ਉਤਨਾ ਹੀ ਉਹ ਖਰਾਬ ਹੁੰਦਾ ਜਾ ਰਿਹਾ ਹੈ।

ਸਰਦਾਰ ਉਜਾਗਰ ਸਿੰਘ ਜੀ ਨੇ ਵੀ ਕਿਹਾ ਹੈ ਅੱਰ ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਦੀ ਅੱਰ ਸਰਕਾਰ ਦੀ ਕਾਮਯਾਬੀ ਉਨ੍ਹਾਂ ਦੇ ਅਫਸਰਾਂ ਤੇ ਨਿਰਭਰ ਹੁੰਦੀ ਹੈ। ਪਰ ਮੈਂ ਵੇਖਿਆ ਹੈ ਕਿ ਜਿਹੜੇ ਚੀਫ ਮਨਿਸਟਰ ਸਾਹਿਬ ਦੇ ਆਪਣੇ ਆਦਮੀ ਹਨ, ਜਦੋਂ ਦੀ ਇਨ੍ਹਾਂ ਨੇ ਸੋਂਹ ਚੁੱਕੀ ਹੈ, ਉਹ ਉਸ ਵੇਲੇ ਦੇ ਹੀ ਇਨ੍ਹਾਂ ਦੇ ਆਸ ਪਾਸ ਬੈਠੇ ਹਨ ਪਤਾ ਨਹੀਂ ਹੈ ਕਿ ਉਹ ਕੀ ਵਿਯੂਜ਼ ਦਿੰਦੇ ਹਨ. ਇਹ ਤਾਂ ਚੀਫ ਮਨਿਸਟਰ ਸਾਹਿਬ ਨੂੰ ਹੀ ਪਤਾ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਮਿਸਾਲ ਦਿੰਦਾ ਹਾਂ। ਬਚਨ ਸਿੰਘ ਪੱਖੋ ਸਾਡੇ ਸੰਗਰੂਰ ਜ਼ਿਲ੍ਹੇ ਦਾ ਪ੍ਰਧਾਨ ਹੈ। ਉਨ੍ਹਾਂ ਨੇ ਬੜੀ ਜ਼ੋਰ ਦਾ ਨਾਹਰਾ ਲਗਾਇਆ ਸੀ ਕਿ ਹਾਜੀ ਮਸਤਾਨ ਬਰਨਾਲੇ ਵਾਲੇ ਨੂੰ ਫੜੋ। ਐਡਾ ਵਡਾ ਉਹ ਸਮੱਗਲਰ ਹੈ, ਜਿਸ ਦਾ ਨਾਮ ਆਲ ਇੰਡੀਆ ਲੈਵਲ ਤੇ ਆਇਆ ਹੈ ਉਸ ਦੇ ਬਾਰੇ ਕਲ੍ਹ ਜੱਗ ਬਾਣੀ ਵਿਚ ਇਹ ਖਬਰ ਛਪੀ ਹੈ ਕਿ ਉਸ ਦੇ ਕੇਸ ਵਾਪਸ ਲਏ ਜਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਕੀ ਇਹ ਕੁਰੱਪਸ਼ਨ ਖਤਮ ਕਰਨ ਦਾ ਤਰੀਕਾ ਹੈ। ਇਸ ਤਰ੍ਹਾਂ ਦੇ ਹੋਰ ਵੀ ਕਈ ਕੇਸ ਹਨ, ਨੌ ਲੱਖ ਕੁਝ ਰੁਪਏ ਦਾ ਇਕ ਹੈ। ਉਹ ਸਾਰੇ ਕੇਸ ਵਾਪਸ ਕੀਤੇ ਜਾ ਰਹੇ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਖਬਰਾਂ ਵਿਚ ਕੁਝ ਨਾ ਕੁਝ ਤਾਂ ਸਚਾਈ ਜ਼ਰੂਰ ਹੁੰਦੀ ਹੈ। It might be under consideration. ਫਿਰ ਕੁਰੱਪਸ਼ਨ ਖਤਮ ਕਿਵੇਂ ਹੋਵੇਗੀ? ਉਹ ਤਾਂ ਵਧੇਗੀ। ਇਹ ਗੱਲ ਇਨ੍ਹਾਂ ਦੇ ਆਦਮੀ ਨੇ ਹੀ ਕਹੀ ਹੈ ਜੇਕਰ ਕਿਸੇ ਹੋਰ ਪਾਰਟੀ ਦੇ ਆਦਮੀ ਨੇ ਕਹੀ ਹੁੰਦੀ ਤਾਂ ਉਸ ਤੇ ਇਲਜ਼ਾਮ ਲੱਗ ਜਾਣਾ ਸੀ ਕਿ ਇਹ ਗਲਤ ਕਹਿ ਰਿਹਾ ਹੈ। ਪਰ ਉਹ ਕਾਂਗਰਸੀ ਹੈ। ਇਸ ਤਰ੍ਹਾਂ ਹੀ ਇਕ ਲਾਇਬ੍ਰੇਰੀ ਹੈ, ਗੁਰੂ ਨਾਨਕ ਲਾਇਬ੍ਰੇਰੀ, ਜਲੰਧਰ। ਉਥੇ ਡੀ. ਸੀ. ਸਾਹਿਬ ਨੇ ਆਪ ਰੇਡ ਕੀਤਾ ਅੱਰ ਬੜੇ ਸਕੈਂਡਲ ਫੜੇ। ਪਰ ਹੋਇਆ ਕੀ ਕਿ ਲਾਇਬ੍ਰੇਰੀਅਨ ਤਾਂ ਉਥੇ ਫਿਰਦਾ ਹੈ ਅੱਰ ਲਾਇਬ੍ਰੇਰੀ ਬੰਦ ਪਈ ਹੈ। ਇਸ ਲਈ ਮੈਂ ਕਹਾਂਗਾ ਕਿ ਕਮ- ਅਜ਼-ਕਮ ਲਾਇਬ੍ਰੇਰੀ ਤਾਂ ਲੋਕਾਂ ਲਈ ਖੋਲ੍ਹ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਹੀ ਇਕ ਹੋਰ ਆਦਮੀ ਦਾ ਗੁਜ਼ ਫੜ ਲਿਆ। ਮੈਂ ਸਮਝਦਾ ਹਾਂ ਕਿ ਅਸੀਂ ਤਾਂ ਖੰਡ ਵਿਚ ਇਸ ਹਾਲਾਤ ਵਿਚ ਨਹੀਂ ਫੜ ਸਕਦੇ ਪਰ ਏ. ਐਸ. ਆਈ. ਨੇ ਉਸ ਦਾ ਗੁਜ਼ ਫੜ ਲਿਆ ਅੱਰ ਦੋ ਹਜ਼ਾਰ ਰੁਪਿਆ ਉਸ ਏ. ਐਸ. ਆਈ. ਨੇ ਲੈ ਲਿਆ। ਉਸ ਤੋਂ ਬਾਅਦ ਜਦੋਂ ਡੀ. ਐਸ. ਪੀ. ਥਾਣੇ ਜਾਂਦੇ ਹਨ ਤਾਂ ਉਹ ਏ. ਐਸ. ਆਈ. ਸ਼ਰਾਬ ਨਾਲ ਲੱਥ ਪੱਥ ਹੋਇਆ ਪਿਆ ਹੈ। ਏ. ਐਸ. ਆਈ. ਤੇ ਤਾਂ ਕੋਈ ਐਕਸ਼ਨ ਨਹੀਂ ਹੋਇਆ ਅੱਰ ਮੁਣਸ਼ੀ ਤੇ ਐਕਸ਼ਨ ਹੋ ਗਿਆ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੇਸ਼ ਦਾ ਕੀ ਬਣੇਗਾ ? ਐਡਮਨਿਸਟ੍ਰੇਸ਼ਨ ਦਾ ਕੀ ਬਣੇਗਾ ?

ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਵੀਕਰ ਸੈਕਸ਼ਨ ਬਾਰੇ ਗਲ ਚਲਦੀ ਰਹੀ ਹੈ। ਸੈਂਟਰ ਵਿਚ ਵੀ ਚਲ ਰਹੀ ਹੈ। ਕੁਝ ਅਮੈਂਡਮੈਂਟਸ ਦੀ ਲੋੜ ਹੈ, ਉਸ ਪਾਸੇ ਮੈਂ ਬਾਅਦ ਵਿਚ ਆਵਾਂਗਾ। ਸਾਡੇ ਸੀ. ਐਮ. ਸਾਹਿਬ ਨੇ ਆਪ ਹੀ ਕਿਹਾ ਹੈ ਕਿ ਉਹ ਪੀਨਲ ਕੋਡ ਵਿਚ ਅੱਰ ਕ੍ਰਿਮੀਨਲ ਪ੍ਰੋਸੀਜਰ ਕੋਡ ਵਿਚ ਤਬਦੀਲੀ ਕਰਨ ਲਈ ਰਿਕੁਮੈਂਡੇਸ਼ਨ ਕਰਨਗੇ ਤਾਕਿ ਵੀਕਰ ਸੈਕਸ਼ਨ ਦੀ ਮੱਦਦ ਹੋ ਸਕੇ। ਉਨ੍ਹਾਂ ਨੇ ਇਹ ਗੱਲ ਠੀਕ ਕਹੀ ਹੈ ਕਿ ਦੇਸ਼ ਦੀ ਅੱਰ ਜੱਜਾਂ ਦੀ ਇਸ ਪਾਸੇ ਸੋਚ ਜਾ ਰਹੀ ਹੈ ਕਿ ਫਾਂਸੀ ਦੀ ਸਜ਼ਾ ਨਾ ਦਿੱਤੀ ਜਾਵੇ, ਕਿਸੇ ਹੋਰ ਤਰ੍ਹਾਂ ਨਾਲ ਮਆਵਜ਼ੇ ਵਜੋਂ ਸਖਤ ਤੇ ਤਕੜੀ ਸਜ਼ਾ ਦਿੱਤੀ ਜਾਇਆ ਕਰੇ। ਮੈਂ ਸਮਝਦਾ ਹਾਂ ਕਿ ਕਾਨੂੰਨ ਬਣਨੇ ਚਾਹੀਦੇ ਹਨ, ਜਿਹੜੇ ਕਿ ਲਾਅ ਐਂਡ ਆਰਡਰ ਨੂੰ ਠੀਕ ਰੱਖ ਸਕਣ। ਅੱਜ ਦੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਹਾਲਾਤ ਨੂੰ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੁਸਤਾਨ ਦੇ ਵਿਚ ਕੋਈ ਰਾਜ ਹੀ ਨਹੀਂ ਚਲ ਰਿਹਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖ ਲਵੋ ਜਿੱਥੇ ਕਿਸੇ ਦੀ ਮਰਜ਼ੀ ਹੁੰਦੀ ਹੈ ਰਾਹ ਜਾਂਦੀ ਲੜਕੀ ਨੂੰ ਫੜ ਲੈਂਦਾ ਹੈ ਅਤੇ ਰੇਪ ਕਰ ਦਿੰਦਾ ਹੈ। ਕਿਸੇ ਦੀ ਸੁਣੱਖੀ ਲੜਕੀ ਅਗਰ ਜਾ ਰਹੀ ਹੁੰਦੀ ਹੈ ਤਾਂ ਉਸ ਨੂੰ ਕਿਡਨੈਪ ਕਰ ਲਿਆ ਜਾਂਦਾ ਹੈ। ਡਾਊਰੀ ਦੀ ਖਾਤਰ ਸੈਂਕੜੇ ਹੀ ਲੜਕੀਆਂ ਤੇ ਤੇਲ ਪਾ ਪਾ ਕੇ ਜਲਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਹੀ ਹਰੀਜਨਾਂ ਦਾ ਕੇਸ ਹੈ। ਹਸਨਪੁਰ ਦਾ ਮਸਲਾ ਹੈ। ਹੁਣੇ ਹੀ ਅੰਮ੍ਰਿਤਸਰ ਦਾ ਕੇਸ ਹੋਇਆ ਹੈ। ਇਕ ਬੰਦਾ, ਡਿਪਟੀ ਸਪੀਕਰ ਸਾਹਿਬ, ਮਾਰਿਆ ਗਿਆ। ਉਹ ਤਿੰਨ ਚਾਰ ਘੰਟੇ ਜਿਉਂਦਾ ਰਿਹਾ ਹੋਵੇਗਾ ਔਰ ਬਾਅਦ ਵਿਚ ਮਰਿਆ ਹੋਵੇਗਾ, ਪਰ ਕੋਈ ਕੇਸ ਨਹੀਂ ਹੈ। ਪਹਿਲਾਂ 304 ਦਾ ਕੇਸ ਹੁੰਦਾ ਜਦੋਂ ਉਹ ਜੀਉਂਦਾ ਸੀ ਫਿਰ ਖਰ ਗਿਆ ਤਾਂ 302 ਦਾ ਕੇਸ ਕੀਤਾ ਜਾਂਦਾ ਪਰ ਕੁਝ ਨਹੀਂ ਹੋਇਆ।

Chief Minister : I would like to make a statement at this juncture. I may be excused for this. ਜਿਹੜਾ ਇਥੇ ਸਵਾਲ ਉਠਾਇਆ ਗਿਆ ਸੀ, ਮੈਂ ਉਸ ਦੀ ਆਪ ਘੋਖ ਕਰਾਂਗਾ ਉਸ ਨੂੰ ਨਵੇਂ ਸਿਰਿਉ ਵੇਖਾਂਗਾ ਕਿ ਕਿਸ ਕਾਰਨ ਉਸ ਦਾ ਚਲਾਨ ਨਹੀਂ ਕੀਤਾ ਗਿਆ।

~~ਮਾਸਟਰ ਬਾਬੂ ਸਿੰਘ :~~ ਮੈਂ ਸੀ. ਐਮ. ਸਾਹਿਬ ਦੇ ਗੋਸ਼ੇਗਵਾਰ ਇਹ ਕਹਿਣਾ ਚਾਹੁੰਦਾ ਹਾਂ ਕਿ ਯੂ. ਪੀ. ਦਾ ਜਿਹੜਾ ਜੱਜ ਸੀ, ਉਸ ਨੇ ਆਪਣੀ ਰਿਪੋਰਟ ਵਿਚ ਇਹ ਰਿਮਾਰਕਸ ਦਿੱਤੇ ਹਨ ਕਿ ਪੁਲਿਸ ਇਕ ਗੁੰਡਿਆਂ ਦਾ ਹਥਿਆਰ-ਬੰਦ ਗਰੁਹ ਹੈ। ਇਹ ਪੁਲਿਸ ਦੇ ਬਾਰੇ ਜਸਟਿਸ ਮੁਲਾਂ ਦੇ ਵਰਡਜ਼ ਹਨ। ਸਾਡੀ ਸਟੇਟ ਵਿਚ ਇਹ ਹਾਲਤ ਹੋ ਗਈ ਹੈ ਕਿ ਹੁਣ ਕੋਈ ਕਤਲ ਹੋ ਜਾਂਦਾ ਹੈ, ਅਸੀਂ ਸਰਕਾਰ ਦੀ ਨਿੰਦਾ ਕਰਦੇ ਹਾਂ, ਪਰ ਉਹ ਕਤਲ ਆਪਸ ਵਿਚ ਗਾਲ ਗਲੋਚ ਹੋਣ ਕਾਰਨ ਜਾਂ ਪੁਰਾਣੀ ਦੁਸ਼ਮਣੀ ਕਾਰਣ ਹੁੰਦਾ ਹੈ। ਉਸ ਵਿਚ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਕੋਈ ਹੱਥ ਨਹੀਂ ਹੁੰਦਾ ਔਰ ਸਰਕਾਰ ਨੂੰ ਨਹੀਂ ਨਿੰਦਣਾ ਚਾਹੀਦਾ ਲੇਕਿਨ ਦੂਜੇ ਪਾਸੇ ਪੁਲਿਸ ਵਾਲੇ ਏ. ਐਸ. ਆਈ. ਔਰ ਐਸ. ਆਈ. ਉਨ੍ਹਾਂ ਦੇ ਨਾਲ ਜ਼ਰੂਰ ਮਿਲੇ ਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਜਿੰਨੇ ਵੀ ਰੇਪ ਦੇ ਕੇਸ ਹੋਏ ਹਨ, ਉਨ੍ਹਾਂ ਵਿਚ ਪੁਲਿਸ ਇਨਵਾਲਵਡ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਤਾਂ ਡੈਮੋਕਰੇਸੀ ਤੇ ਇਕ ਸਲੱਰ ਹੈ ਕਿ ਇੰਤਜ਼ਮ ਕਰਨ ਵਾਲੇ ਹੀ ਲੜਕੀਆਂ ਨਾਲ ਖਰਾਬੀਆਂ ਕਰਨ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਬੜੀ ਸਖਤੀ ਨਾਲ ਨਜਿਠਣਾ ਚਾਹੀਦਾ ਹੈ। ਜਿੰਨੇ ਵੀ ਕੇਸ ਹੋਏ ਹਨ, ਚਾਹੇ ਉਹ ਮੀਰਾਂ ਕਾਂਡ ਹੈ, ਧੂਰੀ ਵਾਲਾ ਕੇਸ ਹੈ ਜਾਂ ਬਠਿੰਡੇ ਵਾਲਾ ਕੇਸ ਹੈ, ਹੁਸ਼ਿਆਰਪੁਰ ਵਿਚ ਤਾਂ ਹਰ ਤੀਜੇ ਦਿਨ ਹੀ ਅਜਿਹਾ ਕੇਸ ਹੋ ਜਾਂਦਾ ਹੈ ਔਰ ਉਸ ਵਿਚ ਪੁਲਿਸ ਇਨਵਾਲਵਡ ਹੁੰਦੀ ਹੈ। ਇਸ ਲਈ ਮੈਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਹੀ ਬਲੈਕ ਦੀ ਗਲ ਹੈ। ਅੱਜ ਹਰ ਚੀਜ਼ ਵਿਚ ਬਲੈਕ ਹੋ ਰਹੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਬਲੈਕ ਹਟਾਵਾਂਗੇ, ਬੜੀ ਚੰਗੀ ਗਲ ਹੈ, ਪਰ ਮੈਂ ਸਮਝਦਾ ਹਾਂ ਕਿ ਇਹ ਬਲੈਕ ਹੱਟ ਨਹੀਂ ਰਹੀ। ਅੱਜ ਬੱਚਿਆਂ ਦੀਆਂ ਕਿਤਾਬਾਂ ਔਰ ਕਾਪੀਆਂ ਤੇ ਵੀ ਬਲੈਕ ਹੈ। ਕੱਲ ਜਲੰਧਰ ਦਾ ਇਕ ਡੈਪੂਟੇਸ਼ਨ ਇਨ੍ਹਾਂ ਨੂੰ ਮਿਲ ਗਿਆ ਹੈ, ਉਹ ਦਸਦੇ ਹਨ ਕਿ ਬਲੈਕ ਕਾਲਜਾਂ ਵਿਚ ਵੀ ਚਲਦੀ ਹੈ। ਸੋ ਅੱਜ ਹਰ ਚੀਜ਼ ਤੇ ਬਲੈਕ ਹੋ ਰਹੀ ਹੈ, ਚਾਹੇ ਉਹ ਫਰਟੇਲਾਈਜ਼ਰ ਹੈ ਜਾਂ ਸਿਨਮੇ ਦੀਆਂ ਟਿਕਟਾਂ ਹਨ। ਇਹ ਬਲੈਕ ਕਿਵੇਂ ਖਤਮ ਹੋ ਸਕਦੀ ਹੈ, ਇਸ ਦਾ ਪਤਾ ਲਗਦਾ ਹੈ ਪੁਲਿਸ ਦੇ ਐਕਸ਼ਨ ਤੋਂ। ਜੇ ਪੁਲਿਸ ਨੂੰ ਪੂਰੀਆਂ ਸਹੂਲਤਾਂ ਮਿਲਣਗੀਆਂ ਅਤੇ ਉਨ੍ਹਾਂ ਦਾ ਕਨੈਕਟਰ ਉੱਚਾ ਹੋਵੇਗਾ ਤਾਂ ਉਹ ਇਸ ਦਾ ਪ੍ਰਬੰਧ ਕਰ ਸਕਦੇ ਹਨ। ਇਹ ਠੀਕ ਹੈ ਕਿ ਅੱਜ ਇਧਰ ਬੈਂਚਾਂ ਵਾਲੇ ਰਾਜ ਭਾਗ ਦੇ ਮਾਲਕ ਹਨ ਔਰ ਉਧਰ ਵਾਲਿਆਂ ਨੂੰ ਕੰਡੈਮ ਕਰਦੇ ਹਨ। ਅੱਜ ਇਹ ਕਹਿੰਦੇ ਹਨ ਕਿ ਪੁਲਿਸ ਵਾਲਿਆਂ ਨੇ ਹੀ ਐਜੀਟੇਸ਼ਨ ਕੀਤੀ। ਪਰ ਮੈਂ ਇਹ ਸਮਝਦਾ ਹਾਂ ਕਿ ਇਹ ~~ਐਜੀ~~ਟੇਸ਼ਨ ਉਨ੍ਹਾਂ ਨੇ ਮਜ਼ਬੂਰ ਹੋ ਕੇ ਕੀਤੀ। ਉਹ ਮਜ਼ਬੂਰ ਕਿਉਂ ਹੋਏ ? ਸਾਨੂੰ ਇਸ ਤੇ ਸੋਚਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ। ਕਿਉਂਕਿ ਜਿਹੜੀ ਕਮਿਸ਼ਨ ਦੀ ਰਿਪੋਰਟ ਸੀ, ਉਹ ਕੁਝ ਹਿੱਸਿਆ ਵਿਚ ਲਾਗੂ ਕਰ ਦਿਤੀ ਸੀ ਅੱਜ ਕੁਝ ਵਿਚ ਨਹੀਂ ਲਾਗੂ ਕੀਤੀ ਸੀ। ਅੱਜ ਇਸ ਮਹਿੰਗਾਈ ਦੇ ਯੁਗ ਵਿਚ ਜਦ ਕਿ 70—80 ਰੁਪਏ ਤੋਂ ਘੱਟ ਕੋਈ ਬੂਟ ਨਹੀਂ ਮਿਲਦਾ, 12—13 ਰੁਪਏ ਤੋਂ ਘੱਟ ਬਨਿਆਨ ਨਹੀਂ ਆਉਂਦੀ, ਸਿਪਾਹੀਆਂ ਦੇ ਗੁਜ਼ਾਰੇ ਕਿਸ ਤਰ੍ਹਾਂ ਹੋ ਸਕਦੇ ਹਨ। ਇਨ੍ਹਾਂ ਹਾਲਾਤ ਵਿਚ ਹੀ ਉਹ ਰਿਸ਼ਵਤ ਲੈਣ ਨੂੰ ਮਜਬੂਰ ਹੋ ਜਾਂਦੇ ਹਨ । ਪਿੰਡਾਂ ਵਿਚ ਰਹਿਣ ਵਾਲਿਆ ਨੂੰ ਹਾਊਸ ਰੈਂਟ ਨਹੀਂ ਮਿਲਦਾ, ਉਨ੍ਹਾਂ ਦੇ ਡਿਊਟੀ ਆਵਰਜ਼ ਠੀਕ ਨਹੀਂ, 10—10 ਅਤੇ 12—12 ਘੰਟੇ ਦੀ ਡਿਊਟੀ ਦੇਣੀ ਪੈਂਦੀ ਹੈ। ਇਸ ਤੋਂ ਇਲਾਵਾ ਟਰਾਂਸਫਰਾਂ ਦਾ ਝਗੜਾ ਹੈ। ਮੈਂ ਸਮਝਦਾ ਹਾਂ ਕਿ ਟਰਾਂਸਫਰਾਂ ਬਾਰੇ ਸੀ. ਐਮ. ਸਾਹਿਬ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਮੈਂ ਸੁਜੈਸਟ ਕਰਾਂਗਾ ਕਿ ਅੱਜ ਕੋਈ ਵੀ ਐਸ. ਆਈ., ਏ. ਐਸ. ਆਈ. ਜਾਂ ਹਵਾਲਦਾਰ ਕਿਤੇ ਵੀ 6 ਮਹੀਨੇ ਤੋਂ ਵੱਧ ਨਹੀਂ ਰਹਿ ਸਕਦਾ। ਹਰ 6 ਮਹੀਨੇ ਬਾਅਦ ਉਸ ਦੀ ਤਬਦੀਲੀ ਹੋ ਜਾਂਦੀ ਹੈ। ਇਨ੍ਹਾਂ ਹਾਲਾਤ ਵਿਚ ਉਸ ਦੇ ਘਰ ਦੀ ਹਾਲਤ ਕੀ ਹੋ ਜਾਂਦੀ ਹੈ ? ਉਸ ਦੇ ਬੱਚੇ ਪੜ੍ਹ ਨਹੀਂ ਸਕਦੇ। ਮੈਂ ਤਾਂ ਇਹ ਚਾਹੁੰਦਾ ਹਾਂ ਕਿ ਜੇ ਕਿਸੇ ਦੇ ਖਿਲਾਫ ਕੋਈ ਕੇਸ ਬਣ ਜਾਂਦਾ ਹੈ ਤਾਂ ਉਸਦੀ ਇਨਕੁਆਇਰੀ ਕਰਵਾ ਕੇ ਉਸ ਨੂੰ ਸਜ਼ਾ ਦਿਓ। ਟਰਾਂਸਫਰ ਕਰ ਦੇਣਾ ਇਹ ਤਾਂ ਕੋਈ ਸਜ਼ਾ ਨਹੀਂ। ਟਰਾਂਸਫਰ ਹੋਣ ਨਾਲ ਉਨ੍ਹਾਂ ਦੇ ਬੱਚੇ ਪੜ੍ਹਾਈ ਵਿਚ ਪਿੱਛੇ ਰਹਿ ਜਾਂਦੇ ਹਨ, ਉਹ ਪੜ੍ਹ ਨਹੀਂ ਸਕਦੇ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਬੱਚੇ ਨਾ ਪੜ੍ਹਨ ਦੀ ਟਰਾਂਸਫਰ ਇਕ ਮੇਨ ਵਜ੍ਹਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਪਿਛੇ ਪੁਲਿਸ ਦੇ ਸਿਪਾਹੀਆਂ ਨੂੰ ਸਰਕਾਰ ਨੇ ਇਕ ਮਹੀਨੇ ਦੀ ਤਨਖਾਹ ਦੇ ਦਿੱਤੀ ਸੀ। ਇਸ ਨਾਲ ਜਿਹੜੇ ਏ. ਐਸ. ਆਈ. ਜਾਂ ਹਵਾਲਦਾਰ ਹਨ, ਉਨ੍ਹਾਂ ਦੇ ਦਿਲਾਂ ਵਿਚ ਹਾਰਟ ਬਰਨਿੰਗ ਹੋ ਗਈ ਹੈ। ਉਹ ਸੋਚਦੇ ਹਨ ਕਿ ਜੇ ਅਸੀਂ ਵੀ ਹੜਤਾਲ ਕਰ ਲੈਂਦੇ ਤਾਂ ਸਾਨੂੰ ਵੀ ਇਕ ਮਹੀਨੇ ਦੀ ਤਨਖਾਹ ਮਿਲ ਜਾਣੀ ਸੀ ਕਿਉਂਕਿ ਉਹ ਸਿਪਾਹੀ ਉਨ੍ਹਾਂ ਨਾਲੋਂ ਵੱਧ ਤਨਖਾਹ ਲੈ ਗਏ ਹਨ।

Mr Deputy Speaker : Please wind up.

ਮਾਸਟਰ ਬਾਬੂ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਥਾਣਿਆਂ ਵਿਚ ਟੈਲੀਫੂਨ ਦਾ ਇੰਤਜ਼ਾਮ ਵੀ ਕਰਨਾ ਚਾਹੀਦਾ ਹੈ। ਦਿਆਲਪੁਰਾ ਥਾਣਾ ਹੈ, ਉਥੇ ਕੋਈ ਟੈਲੀਫੂਨ ਨਹੀਂ ਹੈ। ਰਾਮਪੁਰਾ ਫੂਲ ਤੋਂ ਵਾਇਰਲੈਸ ਮੈਸੇਜ ਤਾਂ ਜਾਂਦੇ ਹਨ, ਪਰ ਦਿਆਲਪੁਰਾ ਵਿਖੇ ਇਸ ਬਾਰੇ ਕੋਈ ਇੰਤਜ਼ਾਮ ਨਹੀਂ ਹੈ। ਮੈਂ ਸਮਝਦਾ ਹਾਂ ਕਿ ਟੈਲੀਫੂਨ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ ਤਾਕਿ ਅਸੀਂ ਟੈਲੀਫੂਨ ਤੇ ਵੀ ਆਪਣੀ ਰਿਪੋਰਟ ਲਿਖਵਾ ਸਕੀਏ। ਇਸ ਨਾਲ ਇਨਵੈਸਟੀਗੇਸ਼ਨ ਕਰਨ ਵਿਚ ਕਾਫੀ ਸਹੂਲਤ ਹੋ ਸਕਦੀ ਹੈ। ਬਾਕੀ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਬਾਰੇ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ। ਤੁਸੀਂ ਵੀ ਬਠਿੰਡੇ ਦੇ ਰਹਿਣ ਵਾਲੇ ਹੋ। ਮੈਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸੁਹਾਰਨਾ ਪਿੰਡ ਦਾ ਜਿਹੜਾ ਪਾਣੀ ਦਾ ਕੇਸ ਹੈ, ਮੇਰਾ ਖਿਆਲ ਹੈ ਕਿ ਇਸ ਨਾਲ ਪਿੰਡ ਦਾ ਕੋਈ 40 ਲੱਖ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਹਾਈ ਕੋਰਟ ਔਰ ਸੁਪ੍ਰੀਮ ਕੋਰਟ ਨੇ ਵੀ ਇਸ ਦੇ ਹੱਕ ਵਿਚ ਫੈਸਲਾ ਦੇ ਦਿੱਤਾ ਹੈ ਲੇਕਿਨ ਉਸ ਦੇ ਬਾਵਜੂਦ ਵੀ ਉਸ ਜ਼ਿਲ੍ਹੇ ਦੀ ਐਡਮਨਿਸਟ੍ਰੇਸ਼ਨ ਚਲਾਉਣ ਵਾਲਿਆਂ ਨੇ ਉਸ ਫੈਸਲੇ ਨੂੰ ਲਾਗੂ ਨਹੀਂ ਹੋਣ ਦਿੱਤਾ। ਡਿਪਟੀ ਸਪੀਕਰ ਸਾਹਿਬ, ਕਿਸੇ ਨੂੰ ਕਿਸੇ ਇੰਡਿਵੀਜੁਅਲ ਨਾਲ ਤਾਂ ਕੋਈ ਦੁਸ਼ਮਨੀ ਹੋ ਸਕਦੀ ਹੈ, ਪਰ ਇਹ ਤਾਂ ਸਾਰੇ ਪਿੰਡ ਦੀ ਗਲ ਹੈ, ਸਾਰੇ ਪਿੰਡ ਦਾ ਨੁਕਸਾਨ ਹੋ ਰਿਹਾ ਹੈ। ਅਸੀਂ ਐਸ. ਪੀ. ਔਰ ਡੀ. ਐਸ. ਪੀ. ਨੂੰ ਵੀ ਕਿਹਾ ਹੈ ਪਰ ਕੋਈ ਐਕਸ਼ਨ ਨਹੀਂ ਹੋਇਆ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਵਧ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਕੋਈ ਵੀ ਰਾਜ ਆਵੇ ਉਹ ਆਪਣੇ ਬੰਦਿਆਂ ਦੀ ਸੁਪੋਰਟ ਤਾਂ ਕਰਦੇ ਹੀ ਹਨ। ਕਾਂਗਰਸੀਆਂ ਨੇ ਆਪਣੇ ਬੰਦਿਆਂ ਦੀ ਸਪੋਰਟ ਕਰਨੀ ਹੈ, ਪਰ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਐਡਮਨਿਸਟ੍ਰੇਸ਼ਨ ਵਿਚ ਕਿਸੇ ਦੀ ਸਪੋਰਟ ਨਹੀਂ ਕਰਨੀ ਚਾਹੀਦੀ। ਹੈਡਜ਼ ਆਫ ਡਿਪਾਰਟਮੈਂਟਸ ਨੂੰ ਛੱਟ ਦਿੱਤੀ ਜਾਵੇ ਕਿ ਉਹ ਜੋ ਵੀ ਆਪਣੇ ਸਹਿਕਮੇ ਦਾ ਕੇਸ ਹੈ ਮੈਰਿਟ ਤੇ ਉਸ ਦਾ ਫੈਸਲਾ ਕਰਨ।

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਰਾਮਪੁਰਾ ਫੂਲ ਵਿਚ ਟਰੱਕ ਯੂਨੀਅਨ ਦੇ ਕੇਸ ਵਿਚ ਬਤਲ ਹੋਇਆ ਤਾਂ ਉਸ ਤੋਂ ਬਾਅਦ ਝੂਠੇ ਬੰਦਿਆਂ ਨੂੰ ਪਕੜ ਲਿਆ। ਇਸ ਤਰ੍ਹਾਂ ਜਿਹੜੇ ਕੇਸ ਹਨ, ਉਸ ਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਨੇ ਤਾਂ ਪੋਮੀ ਵਗੈਰ ਨੂੰ ਵੀ ਪਕੜ ਲਿਆ ਸੀ, ਪਰ ਬਾਅਦ ਵਿਚ ਸਰਦਾਰ ਦਰਬਾਰਾ ਸਿੰਘ ਦੇ ਕਾਂਗਰਸੀ ਰਾਮਪੁਰਾ ਫੂਲ ਦੇ ਕਾਂਗਰਸੀ ਉਥੋਂ ਦੇ ਡੀ. ਐਸ. ਪੀ. ਨੂੰ ਕਹਿੰਦੇ ਹਨ ਕਿ ਇਸ ਨੂੰ ਛੱਡ ਦਿਓ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜੇ ਇਨ੍ਹਾਂ ਦੇ ਐਡਵਾਈਜ਼ਰ ਹਨ, ਇਨ੍ਹਾਂ ਦੀਆਂ ਗੱਲਾਂ ਮੰਨਣ ਨਾਲ ਸਾਡਾ ਜਿਹੜਾ ਮਾਰਲ ਹੈ ਇਸ ਦਾ ਸਟੈਂਡਰਡ ਗਿਰਦਾ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਫਲੈਚਰ ਵਰਗੇ ਬੰਦੇ ਹੋਣੇ ਚਾਹੀਦੇ ਹਨ, ਜਿਹੜੇ ਕਿ ਕੈਰੋਂ ਸਾਹਿਬ ਤਕ ਸਿੱਧਾ ਕਹਿੰਦੇ ਸਨ ਕਿ ਇਹ ਕੰਮ ਗਲਤ ਹੈ ਜਾਂ ਠੀਕ ਹੈ। ਪਰ ਅੱਜ ਤਾਂ ਜਿਹੜੇ ਆਈ. ਏ. ਐਸ. ਅਫਸਰ ਹਨ, ਉਹ "ਹਾਂ ਜੀ" ਅੱਤ "ਯੈਸ ਸਰ" ਤੋਂ ਬਗੈਰ ਹੋਰ ਕੁਝ ਨਹੀਂ ਕਹਿੰਦੇ। ਸੀ. ਐਮ. ਨੇ ਕਹਿਣਾ ਕਿ ਹਮ ਐਸਾ ਚਾਹਤੇ ਹੈ ਉਨ੍ਹਾਂ ਨੇ ਝੱਟ ਕਹਿ ਦੇਣਾ ਹੈ ਕਿ "ਯੈਸ ਸਰ"। ਇਹ ਨਹੀਂ ਦਸਣਾ ਕਿ ਇਸ ਵਿਚ ਕੀ ਇਲਲੀਗਲ ਗੱਲ ਹੈ। ਇਸ ਲਈ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਅਗਲਾ ਪੁਆਇੰਟ, ਡਿਪਟੀ ਸਪੀਕਰ ਸਾਹਿਬ, ਜਸਟਿਸ ਡਿਲੇਡ ਐਂਡ ਜਸਟਿਸ ਡੀਨਾਈਡ ਬਾਰੇ ਕਹਿਣਾ ਚਾਹੁੰਦਾ ਹਾਂ। ਅੱਜ ਹਾਈ ਕੋਰਟਾਂ ਦੇ ਵਿਚ 20-20 ਸਾਲਾਂ ਦੇ ਕੇਸ ਪਏ ਹੋਏ ਹਨ। ਗੌਰਮਿੰਟ ਨੂੰ ਇਹ ਅਧਿਕਾਰ ਹੈ ਕਿ ਉਹ ਹੋਰ ਜੱਜ ਮੁਕੱਰਰ ਕਰਕੇ ਉਨ੍ਹਾਂ ਕੇਸਾਂ ਦਾ ਜਲਦੀ ਨਿਪਟਾਰਾ ਕਰਵਾਏ। ਮੈਂ ਸਮਝਦਾ ਹਾਂ ਕਿ ਸਾਡੀ ਗੌਰਮਿੰਟ ਨੂੰ ਇਹ ਕੇਸ ਜਲਦੀ ਨਿਪਟਾਉਣੇ ਚਾਹੀਦੇ ਹਨ ਤਾਕਿ ਲੋਕਾਂ ਨੂੰ ਜਲਦੀ ਇਨਸਾਫ ਮਿਲ ਸਕੇ। ਐਨਾ ਕਹਿੰਦਾ ਹੋਇਆ ਮੈਂ ਸਰਕਾਰ ਨੂੰ ਇਹ ਵੀ ਕਹਾਂਗਾ ਕਿ ਇਹ ਜਿਹੜੇ ਐਡ-ਵਾਈਜ਼ਰ ਹਨ, ਇਨ੍ਹਾਂ ਨੂੰ ਇਗਨੋਰ ਕਰਕੇ ਹੀ ਤੁਸੀਂ ਠੀਕ ਇਨਸਾਫ ਕਰ ਸਕਦੇ ਹੋ। ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

ਸ਼੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿਤਾ ਹੈ। ਅੱਜ 1980-81 ਬਜਟ ਐਸਟੀਮੇਟਸ ਦੀ ਡੀਮਾਂਡ ਨੰ. 9 ਜੋ ਕਿ ਸਿਵਲ ਸੈਕਰੇਟਰੀਏਟ ਦੀ ਹੈ, ਡੀਮਾਂਡ ਨੰ. 10 ਜੋ ਕਿ ਡਿਸਟ੍ਰਿਕਟ ਐਡਮਿਨਿਸਟ੍ਰੇਸ਼ਨ ਵਾਸਤੇ ਹੈ ਅਤੇ ਡੀਮਾਂਡ ਨੰ. 11 ਜੋ ਕਿ ਪੁਲਿਸ ਵਾਸਤੇ ਹੈ ਇਨ੍ਹਾਂ ਲਈ ਡੀਮਾਂਡ ਨੰ. 9 ਵਾਸਤੇ 1,82,73,000 ਅਤੇ ਡੀਮਾਂਡ ਨੰ. 10 ਵਾਸਤੇ 2,61,89,000 ਅਤੇ ਡੀਮਾਂਡ ਨੰ: 11 ਵਾਸਤੇ 17,16,05,000 ਰੁਪਿਆ ਰੱਖਿਆ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਪਿਛਲੀ ਵਾਰੀ ਨਾਲੋਂ ਹੁਣ ਇਨ੍ਹਾਂ ਮੱਚ ਲਈ ਵੱਧ ਪੈਸਾ ਰਖਿਆ ਗਿਆ ਹੈ। (ਥੈਂਪਿੰਗ) ਨਾਲ ਦੀ ਨਾਲ ਇਹ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ, ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਜੋ ਪਹਿਲਾਂ ਭਾਸ਼ਣ ਦਿਤਾ ਸੀ ਕਿ ਸਾਡੀ ਸਰਕਾਰ ਕਲੀਨ ਐਡਮਨਿਸਟਰੇਸ਼ਨ ਦੇਵੇਗੀ, ਅਸੀਂ ਹਾਊਸ ਦੇ ਸਾਰੇ ਮੈਂਬਰ ਤੁਹਾਨੂੰ ਯਕੀਨ ਦਿਵਾਉਂਦੇ ਹਾਂ ਕਿ ਅਸੀਂ ਤੁਹਾਡਾ ਪੂਰਾ ਸਾਥ ਦੇਵਾਂਗੇ ਅਤੇ ਤੁਹਾਨੂੰ ਪੂਰੀ ਕੁਆਪਰੇਸ਼ਨ ਦੇਵਾਂਗੇ। ਇਸ ਨਾਲ ਐਡਮਨਿਸਟਰੇਸ਼ਨ ਸਾਫ ਸੁਥਰੀ ਦੇਣ ਵਿਚ ਮੱਦਦ ਮਿਲੇਗੀ। ਮੈਂ, ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਬਹੁਤ ਸਾਰੀਆਂ ਏਜੈਂਸੀਜ਼ ਐਸੀਆਂ ਰੱਖੀਆਂ ਸਨ, ਜਿਵੇਂ ਕਿ ਗੁਰਦੇਵ ਸਿੰਘ ਕਮਿਸ਼ਨ ਬਣਾ ਦਿਤਾ ਅਤੇ ਹੋਰ ਕਮਿਸ਼ਨ ਬਣਾ ਦਿਤੇ ਗਏ ਸਨ। ਇਹ ਕਮਿਸ਼ਨ ਸਿਰਫ ਇਸ ਕਰਕੇ ਬਣਾਏ ਗਏ ਸਨ ਕਿ ਕਾਂਗਰਸੀਆਂ ਨੂੰ ਖਰਾਬ ਕੀਤਾ ਜਾਏ। ਲੱਖਾਂ ਰੁਪਿਆ ਪੰਜਾਬ ਸਰਕਾਰ ਦਾ ਖਰਚ ਕੀਤਾ ਗਿਆ, ਪਰ ਇਕ ਕੇਸ ਵੀ ਲੱਭ ਨਹੀਂ ਸਕੇ ਅਤੇ ਇਕ ਕੇਸ ਵੀ ਪਕੜ ਨਹੀਂ ਸਕੇ। ਇਹ ਜਿਹੜਾ ਰੁਪਿਆ ਕਮਿਸ਼ਨਾਂ ਤੇ ਖਰਚ ਕੀਤਾ ਗਿਆ ਸੀ, ਬਹੁਤ ਵੱਡੇ ਵੱਡੇ ਵਕੀਲ ਕੀਤੇ ਸਨ, ਕਿਸੇ ਦੀ

Original with;
Punjab Vidhan Sabha
Digitized by;
Panjab Digital Library

ਤਨਖਾਹ 5,000 ਰੁਪਏ ਮਹੀਨਾ ਤੇ ਕਿਸੇ ਦੀ ਤਨਖਾਹ 7,000 ਰੁਪਏ ਮਹੀਨਾ ਅਤੇ ਕਿਸੇ ਦੀ 10,000 ਰੁਪਏ ਮਹੀਨਾ ਰੱਖੀ ਸੀ। ਇਹ ਵਕੀਲਾਂ ਨੂੰ ਐਡਜਸਟ ਕਰਨ ਦੀ ਖਾਤਰ ਕਮਿਸ਼ਨ ਬਣਾਏ ਗਏ ਸਨ। ਕਝ ਪੋਸਟਾਂ ਪੀ. ਡਬਲਿਊ. ਡੀ. ਅਤੇ ਟਰਾਂਸਪੋਰਟ ਦੇ ਮਹਿਕਮੇ ਵਿਚ ਅਤੇ ਹੋਰ ਮਹਿਕਮਿਆਂ ਵਿਚ ਕ੍ਰੀਏਟ ਕੀਤੀਆਂ ਗਈਆਂ ਸਨ। ਜਿਹੜੀਆਂ ਪੋਸਟਾਂ ਫਾਲਤੂ ਕ੍ਰੀਏਟ ਕੀਤੀਆਂ ਗਈਆਂ ਸਨ, ਉਨ੍ਹਾਂ ਫਾਲਤੂ ਪੋਸਟਾਂ ਨੂੰ ਖਤਮ ਕੀਤਾ ਜਾਵੇ ਤਾਕਿ ਪੰਜਾਬ ਸਰਕਾਰ ਦਾ ਰੁਪਿਆ ਬਚ ਸਕੇ । ਡਿਪਟੀ ਸਪੀਕਰ ਸਾਹਿਬ, ਜੇਕਰ ਅਫਸਰਾਂ ਦੀਆਂ ਪੋਸਟਾਂ ਵੱਧਦੀਆਂ ਹਨ ਅਤੇ ਨਵੀਆਂ ਕ੍ਰੀਏਟ ਹੁੰਦੀਆਂ ਹਨ ਤਾਂ ਕਲਾਸ ਫੋਰ ਦੀਆਂ ਪੋਸਟਾਂ ਵੀ ਵਧਣੀਆਂ ਚਾਹੀਦੀਆਂ ਹਨ, ਕਲਰਕਾਂ ਦੀਆਂ ਪੋਸਟਾਂ ਵੀ ਵਧਣੀਆਂ ਚਾਹੀਦੀਆਂ ਹਨ ਅਤੇ ਅਸਿਸਟੈਂਟਾਂ ਦੀਆਂ ਪੋਸਟਾਂ ਵੀ ਵਧਣੀਆਂ ਚਾਹੀਦੀਆਂ ਹਨ। ਪਰ ਇਕ ਪੋਸਟ ਵੀ ਅਜਿਹੀ ਅਕਾਲੀ–ਜਨਤਾ ਸਰਕਾਰ ਨੇ ਨਹੀਂ ਵਧਾਈ ਅਤੇ ਸਿਰਫ ਅਫਸਰਾਂ ਦੀਆਂ ਪੋਸਟਾਂ ਹੀ ਵਧਾਈਆਂ ਗਈਆਂ ਹਨ। ਇਸ ਲਈ ਫਾਲਤੂ ਪੋਸਟਾਂ ਅਬਾਲਿਸ਼ ਕਰਨੀਆਂ ਚਾਹੀਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਅਕਾਲੀ–ਜਨਤਾ ਸਰਕਾਰ ਵੇਲੇ ਕਿਸ ਤਰ੍ਹਾਂ ਅਫਸਰ ਡਰੇ ਹੋਏ ਸਨ। ਪੰਜਾਬ ਵਿਚ ਜਦੋਂ ਅਕਾਲੀ–ਜਨਤਾ ਸਰਕਾਰ ਬਣੀ ਤਾਂ ਉਸ ਤੋਂ ਬਾਅਦ ਸੈਂਟਰ ਵਿਚ ਵੀ ਜਨਤਾ ਸਰਕਾਰ ਬਣੀ। ਪੰਜਾਬ ਮਾਰਕੀਟਿੰਗ ਕਮੇਟੀਆਂ ਵਾਸਤੇ 1.30 ਕਰੋੜ ਰੁਪਿਆ ਮਨਜ਼ੂਰ ਹੋਇਆ ਹੈ। 1978–79 ਵਿਚ 86 ਲੱਖ ਰੁਪਏ ਦਾ ਗਬਨ ਹੋਇਆ ਹੈ। ਇਹ ਰੁਪਿਆ ਕਿਸ ਤਰ੍ਹਾਂ ਗਬਨ ਹੋਇਆ ਹੈ, ਉਸ ਬਾਰੇ ਮੈਂ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਉਹ ਇਸ ਕੇਸ ਨੂੰ ਧਿਆਨ ਨਾਲ ਸੁਣ ਲੈਣ। 86 ਲੱਖ ਰੁਪਿਆ ਮਾਰਕਿਟ ਕਮੇਟੀ ਦਾ ਕਿਵੇਂ ਖਾਧਾ ਗਿਆ ਹੈ। ਇਹ ਰੁਪਿਆ ਡਿਪਟੀ ਸਪੀਕਰ ਸਾਹਿਬ, ਡਿਵੈਲਪਮੈਂਟ ਵਾਸਤੇ ਆਇਆ ਸੀ ਅਤੇ ਉਹ ਰੁਪਿਆ ਲੈਕੇ ਬੈਂਕ ਵਿਚ ਜਮ੍ਹਾਂ ਕਰਾ ਦਿਤਾ ਗਿਆ। ਉਹ ਰੁਪਿਆ ਖਰਚ ਨਹੀਂ ਕੀਤਾ ਗਿਆ। ਉਹ ਰੁਪਿਆ ਪਿਆ ਰਿਹਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਅਖਬਾਰ "ਪ੍ਰਤਾਪ' ਹੈ, ਜਿਹੜਾ ਕਿ ਮਿਤੀ 19 ਮਾਰਚ, 1980 ਦਾ ਹੈ। ਮਰਕਜ਼ੀ ਸਰਕਾਰ ਦਾ 86 ਲੱਖ ਰੁਪਿਆ ਜਿਹੜਾ ਗਰਾਂਟ ਹੋਇਆ ਸੀ ਅਤੇ ਬੈਂਕ ਵਿਚ ਪਿਆ ਸੀ (ਵਿਘਨ) (ਸ਼ੋਰ) ਇਸ ਵਿਚੋਂ ਅੱਧੀ ਰਕਮ ਲੋਕ ਸਭਾ ਦੇ ਇਲੈਕਸ਼ਨਾਂ ਵਿਚ ਲਗਾ ਦਿੱਤੀ ਗਈ। ਉਹ ਮੈਂ ਦਸਦਾ ਹਾਂ ਕਿ ਇਹ ਰਕਮ ਕਿਸ ਤਰ੍ਹਾਂ ਲਗਾਈ ਹੈ। (ਵਿਘਨ) (ਸ਼ੋਰ) ਮੈਨੂੰ ਬੋਲ ਲੈਣ ਦਿਓ। ਅਕਾਲੀ–ਜਨਤਾ ਸਰਕਾਰ ਨੇ 44 ਲੱਖ ਰੁਪਿਆ ਲੈਣਾ ਸੀ ਪਰ ਇਹ 44 ਲੱਖ ਰੁਪਿਆ ਲੈਣ ਵਾਸਤੇ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਇਹ ਸਰਟੀਫਿਕੇਟ ਲੈਣ ਲਈ ਬੋਰਡ ਦੇ ਚੈਅਰਮੈਨਾਂ ਨੂੰ ਬੁਲਾਇਆ ਗਿਆ ਅਤੇ ਕਿਹਾ ਗਿਆ ਕਿ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਦਿਓ। ਉਨ੍ਹਾਂ ਨੇ ਨਾਂਹ ਕੀਤੀ ਕਿ ਅਸੀਂ ਝੂਠਾ ਸਰਟੀਫਿਕੇਟ ਦੇਣ ਨੂੰ ਤਿਆਰ ਨਹੀਂ ਹਾਂ। ਮਹਿਕਮਾ ਫਾਈਨਾਂਸ ਦੇ ਅਫਸਰਾਂ ਨੂੰ ਵੀ ਕਿਹਾ ਗਿਆ ਕਿ ਤੁਸੀਂ ਕਹੋ ਕਿ ਯੂਟੇਲਾਈਜੇਸ਼ਨ ਸਰਟੀਫਿਕੇਟ ਹੋ ਗਿਆ। ਇਨ੍ਹਾਂ ਨੇ ਵਿੱਚੋਂ ਹੇਰਾ ਫੇਰੀ ਕੀਤੀ। (ਵਿਘਨ) ਜਿਹੜੇ ਫੋਕਲ ਪੁਆਇੰਟਾਂ ਵਾਸਤੇ ਸਵਾ ਲੱਖ ਰੁਪਏ ਦੀ ਗਰਾਂਟ ਸੀ ਉਸ ਨਾਲ ਗੋਦਾਮ ਬਣਾਉਣੇ ਸਨ। ਡਿਪਟੀ ਸਪੀਕਰ ਸਾਹਿਬ, ਸਵਾ ਲੱਖ ਰੁਪਿਆ ਉਹ ਗੁਦਾਮਾਂ ਤੇ ਖਰਚ ਕਰਨਾ ਸੀ। ਇਨ੍ਹਾਂ ਨੇ ਉਹ ਰੁਪਿਆ ਹੱੜਪ ਕਰਨ ਦੀ ਕੋਸ਼ਿਸ਼ ਕੀਤੀ ਕਿ ਕਿਸੇ ਨਾ ਕਿਸੇ ਤਰ੍ਹਾਂ ਹੱੜਪ ਕੀਤਾ ਜਾਵੇ। (ਵਿਘਨ) (ਸ਼ੋਰ) ਮਾਰਕਿਟਿੰਗ ਬੋਰਡ ਦੇ ਚੇਅਰਮੈਨ ਜੱਥੇਦਾਰ ਜਗਦੇਵ ਸਿੰਘ ਸਨ। ਇਹ 86 ਲੱਖ ਰੁਪਏ ਬਾਰੇ 21 ਮਾਰਚ ਦੇ "ਪ੍ਰਤਾਪ" ਅਖਬਾਰ ਵਿਚ ਲਿਖਿਆ ਹੈ ਕਿ ਇਹ ਰਕਮ ਵਜ਼ੀਰ ਸਾਹਿਬ ਦੇ ਕਹਿਣ ਤੇ ਬੈਂਕ ਵਿਚ ਜਮ੍ਹਾ ਕਰਾ ਦਿੱਤੀ ਗਈ ਸੀ। ਸਰਦਾਰ ਬਲਵਿੰਦਰ ਸਿੰਘ ਜੀ ਇੱਥੇ ਬੈਠੇ ਹਨ। ਇਨ੍ਹਾਂ ਨੂੰ ਪਤਾ ਹੋਵੇਗਾ ਕਿ ਕਿਹੜੀ ਮੱਦ ਵਿੱਚ ਜਮ੍ਹਾ ਕਰਾਈ ਗਈ ਸੀ। ਫਿਰ ਕਨਸਟਰੱਕਸ਼ਨ ਬੋਰਡ ਬਣਿਆ ਅਤੇ ਉਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਕੀ ਹੋਇਆ ? ਸਰਕਾਰ ਟੁੱਟ ਗਈ ਅਤੇ ਲੋਕ ਸਭਾ ਦੀਆਂ ਇਲੈਕਸ਼ਨਾਂ ਵੇਲੇ ਉਹ ਰੁਪਿਆ ਖਰਚ ਕੀਤਾ ਗਿਆ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਕੇਸ ਦੀ ਇਨਕੁਆਇਰੀ ਕਰਵਾਈ ਜਾਵੇ। ਉਹ ਸਾਰਾ ਰਿਕਾਰਡ ਮੌਜੂਦ ਹੈ। ਮੈਂ ਚੈਲੰਜ ਕਰਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੁਰਦਿਆਲ ਸੈਣੀ]

ਹਾਂ ਕਿ ਇਹ ਰਕਮ ਲੋਕ ਸਭਾ ਦੇ ਇਲੈਕਸ਼ਨਾਂ ਵਿਚ ਖਰਚ ਕੀਤੀ ਗਈ ਹੈ। (ਵਿਘਨ) ਗਰੀਬਾਂ, ਮਜ਼ਦੂਰਾਂ ਅਤੇ ਹਰੀਜਨਾਂ ਤੇ ਜਿਹੜਾ ਟੈਕਸ ਲਗਾਇਆ ਗਿਆ ਸੀ, ਉਹ ਰੁਪਿਆ ਇਸ ਤਰ੍ਹਾਂ ਖਰਾਬ ਕੀਤਾ ਗਿਆ ਹੈ। ਫੈਦ ਕਰਤਾਰ ਸਿੰਘ ਜੀ ਨੇ ਇਥੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਕਾਂਗਰਸੀਆਂ ਨੇ ਮਿਲਾਂ ਵਾਲਿਆਂ ਕੋਲੋਂ ਪੈਸੇ ਇੱਕਠੇ ਕੀਤੇ ਅਤੇ ਚੰਦੇ ਲਏ ਗਏ, ਪਰ ਤੁਸੀਂ ਤਾਂ ਗੌਰਮਿੰਟ ਦਾ ਮਾਲ ਖਾ ਲਿਆ ਹੈ। ਇਸ ਗੱਲ ਦੀ ਡਿਪਟੀ ਸਪੀਕਰ ਸਾਹਿਬ, ਇਨਕੁਆਇਰੀ ਹੋਣੀ ਚਾਹੀਦੀ ਹੈ। ਇਨ੍ਹਾਂ ਨੇ ਹੋਰ ਵੀ ਬਹੁਤ ਕੁਝ ਕੀਤਾ।

ਪੰਜਾਬ ਮਾਰਕਿੰਟਿੰਗ ਬੋਰਡ ਤੇ 50 ਕਰੋੜ ਰੁਪਿਆ ਖਰਚ ਕੀਤਾ ਅਤੇ ਉਸ ਵਿਚ ਵੀ ਹੇਰਾ-ਫੇਰੀ ਕੀਤੀ। (ਵਿਘਨ) (ਸ਼ੋਰ) ਇਥੇ ਮੇਰੇ ਸਾਹਮਣੇ ਇਹ ਭਰਾ ਬੈਠੇ ਹਨ, ਇਹ ਇਸ ਦਾ ਜਵਾਬ ਦੇ ਦੇਣ। ਅਸੀਂ ਠੋਸ ਐਲੀਗੇਸ਼ਨਜ਼ ਲਗਾਉਂਦੇ ਹਾਂ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੈਂਬਰ ਸਾਹਿਬਾਨ ਇਥੇ ਬੋਲੀ ਜਾਂਦੇ ਹਨ, ਪਰ ਮੈਂ ਲਿਖਤੀ ਰੂਪ ਵਿਚ ਦੇਣ ਨੂੰ ਤਿਆਰ ਹਾਂ ਕਿ ਮੈਂ ਆਪਣੀ ਗਰਦਨ ਕਟਾ ਲਵਾਂਗਾ ਜੇਕਰ ਇਹ ਸਚ ਹੋਵੇ ਨਹੀਂ ਤਾਂ ਮੈਂਬਰ ਸਾਹਿਬਾਨ ਆਪਣਾ ਰੀਜ਼ਾਇਨ ਦੇਣ। ਇਹ ਕੋਈ ਸੰਸ਼ਥਾ ਨਹੀਂ ਹੈ। ਮੈਂ ਐਫੀਡੈਵਿਟ ਦੇਣ ਨੂੰ ਤਿਆਰ ਹਾਂ। (ਵਿਘਨ) (ਸ਼ੋਰ) ਮੈਂ ਰੀਜ਼ਾਇਨ ਦੇਣ ਨੂੰ ਤਿਆਰ ਹਾਂ, ਜੇਕਰ ਸਾਬਤ ਹੋਵੇ।

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੈਂ ਵੀ ਐਫੀਡੈਵਿਟ ਦੇਣ ਨੂੰ ਤਿਆਰ ਹਾਂ ਅਤੇ ਰੀਜ਼ਾਇਨ ਦੇਣ ਨੂੰ ਤਿਆਰ ਹਾਂ। ਮਾਰਕੀਟਿੰਗ ਬੋਰਡ ਵਿਚ 50 ਕਰੋੜ ਰੁਪਏ ਦਾ ਘਪਲਾ ਕੀਤਾ। (ਵਿਘਨ) (ਸ਼ੋਰ)

(ਇਸ ਵੇਲੇ ਕਾਮਰੇਡ ਬਲਦੇਵ ਸਿੰਘ ਲੂੰਬਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸ਼੍ਰੀ ਗੁਰਦਿਆਲ ਸੈਣੀ : ਇਹ ਵੀ ਉਨੇ ਕਸੂਰਵਾਰ ਹਨ (ਵਿਘਨ) ਸਾਡੀਆਂ ਗੱਲਾਂ ਅੱਜ ਇਨ੍ਹਾਂ ਨੂੰ ਕੌੜੀਆਂ ਲਗ ਰਹੀਆਂ ਹਨ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੂੰਬਾ : ਆਨ ਏ ਪੁਆਇੰਟ ਆਫ ਆਰਡਰ, ਮਿਨਿਸਟਰ ਵੱਲੋਂ ਜਨਰਲ ਚੱਲ ਰਹੀ ਹੈ। ਜਿਸ ਤਰੀਕੇ ਨਾਲ ਟਰੈਜ਼ਰੀ ਬੈਂਚਾਂ ਤੋਂ ਮੈਂਬਰ ਸਾਹਿਬ ਨੇ ਇਲਜ਼ਾਮ ਲਗਾਏ ਹਨ, ਉਸ ਨੂੰ ਸਾਬਕਾ ਮੰਤਰੀ ਸਾਹਿਬ ਨੇ ਚੈਲੰਜ ਕੀਤਾ ਹੈ। ਦੋਨੋਂ ਹੀ ਇਸ ਗੱਲ ਨੂੰ ਮੰਨਦੇ ਹਨ ਕਿ ਐਫੀਡੈਵਿਟ ਦਿੱਤੇ ਜਾਣ ਪਰ ਤੁਸੀਂ ਕੋਈ ਰੂਲਿੰਗ ਨਹੀਂ ਦਿੱਤੀ। ਦੋਨਾਂ ਦੇ ਐਫੀਡੈਵਿਟਸ ਲੈਣੇ ਚਾਹੀਦੇ ਹਨ ਅੱਰ ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

ਸ਼੍ਰੀ ਗੁਰਦਿਆਲ ਸੈਣੀ : ਇੱਕ ਹੋਰ ਗੱਲ ਸੁਣਨ ਵਾਲੀ ਹੈ। ਇਨ੍ਹਾਂ ਨੇ ਜਿੰਨਾ ਟਾਈਮ ਮੇਰਾ ਵੇਸਟ ਕੀਤਾ ਹੈ, ਉਨਾਂ ਟਾਈਮ ਮੈਂ ਵੱਧ ਲਵਾਂਗਾ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਦੋ ਮਿੰਟਾਂ ਵਿਚ ਹੀ ਖਤਮ ਕਰੋ।

ਸ਼੍ਰੀ ਗੁਰਦਿਆਲ ਸੈਣੀ : ਇਨ੍ਹਾਂ ਵੇਲੇ 50 ਕਰੋੜ ਦਾ ਘਪਲਾ ਹੋਇਆ ਹੈ। ਪੰਜਾਬ ਮਾਰਕੀਟਿੰਗ ਬੋਰਡ ਵਿਚੋਂ 50 ਕਰੋੜ ਰੁਪਿਆ ਕਢਿਆ ਗਿਆ। ਜਿਸ ਵੇਲੇ ਇਨ੍ਹਾਂ ਦੀ ਸਰਕਾਰ ਬਣੀ ਤਾਂ ਬੜੀ ਹੁਸ਼ਿਆਰੀ ਨਾਲ ਇੱਕ ਤਾਂ ਅਕਾਲੀ ਸਨ ਦੂਜੇ ਜਨਸੰਘੀ ਜਨਤਾ ਪਾਰਟੀ ਵਾਲੇ ਨਾਲ ਸਨ, ਇਨਾਂ ਦੋਨਾਂ ਨੇ ਰਲ ਕੇ ਇਹ ਘਪਲਾ ਕੀਤਾ। ਖਾਦ ਵਾਸਤੇ 1 ਕਰੋੜ 31 ਲੱਖ ਰੁਪਿਆ ਦਿੱਤਾ ਗਿਆ। ਮਹਿਮਾ ਭਗਵਿਣ ਨੂੰ

Original with;
Punjab Vidhan Sabha
Digitized by;
Panjab Digital Library

ਸਪਰੇ ਵਾਸਤੇ 49 ਲੱਖ ਰੁਪਿਆ ਦਿੱਤਾ। ਅਨਾਜ ਦੀ ਦਰਜੇ-ਬੰਦੀ ਵਾਸਤੇ 19 ਲਖ 74 ਹਜ਼ਾਰ ਰੁਪਿਆ ਦਿੱਤਾ ਗਿਆ। ਮਹਿਕਮਾ ਪਸ਼ੂ ਪਾਲਣ ਵਾਸਤੇ 9 ਕਰੋੜ 8 ਲੱਖ ਰੁਪਏ ਦੀ ਗਰਾਂਟ ਦਿਤੀ ਗਈ। ਇਸੇ ਤਰ੍ਹਾਂ ਕਰਜ਼ੇ ਦਿੱਤੇ ਗਏ। ਮਾਰਕਫੈਡ ਨੂੰ 2 ਕਰੋੜ 15 ਲੱਖ ਰੁਪਏ ਦਾ ਕਰਜ਼ਾ ਦਿੱਤਾ ਗਿਆ। ਸਾਇਲ ਕੰਜ਼ਰਵੇਸ਼ਨ ਵਾਸਤੇ 4 ਕਰੋੜ ਰੁਪਏ ਅੌਰ ਪੰਜਾਬ ਟਰੈਕਟਰਜ਼ ਵਾਸਤੇ 10 ਲੱਖ ਰੁਪਿਆ ਦਿਤਾ ਗਿਆ। ਸੜਕਾਂ ਵਾਸਤੇ 24 ਕਰੋੜ 14 ਲੱਖ ਰੁਪਿਆ ਕੱਢਿਆ ਗਿਆ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਐਕਟ ਕੀ ਕਹਿੰਦਾ ਹੈ ? ਜਿਹੜਾ ਖਰਚਾ ਕਰਨਾ ਹੋਵੇ ਐਕਟ ਮੁਤਾਬਿਕ, ਰੂਲਜ਼ ਐਂਡ ਰੈਗੂਲੇਸ਼ਨਜ਼ ਮੁਤਾਬਿਕ ਹੋਣਾ ਚਾਹੀਦਾ ਹੈ। ਸਰਟੀਫਿਕੇਟ ਮਿਲਣੇ ਚਾਹੀਦੇ ਹਨ ਕਿ ਐਨੇ ਰੁਪਏ ਪਾਸ ਕਰ ਦਿਓ। ਆਡਿਟ ਡਿਪਾਰਟਮੈਂਟ ਨੇ ਕਿਹਾ ਕਿ ਕਿਵੇਂ ਪਾਸ ਕਰ ਦਈਏ ਜਦ ਤਕ ਕਿ ਯੂਟੇਲਾਈਜ਼ੇਸ਼ਨ ਸਰਟੀਫੀਕੇਟ ਨਹੀਂ ਦਿਖਾਏ ਜਾਂਦੇ। ਆਖਰ ਜ਼ੋਰ ਪਾਇਆ ਗਿਆ। ਮੈਂ ਉਨ੍ਹਾਂ ਅਫ਼ਸਰਾਂ ਨੂੰ ਦੱਸਣਾ ਚਾਹੁੰਦਾ ਹਾਂ, ਜਿਨ੍ਹਾਂ ਨੇ ਗਲਤੀ ਕੀਤੀ। ਮਹਿਕਮਾ ਐਫ. ਡੀ. ਤੇ ਪਰੈਸ਼ਰ ਪਾਇਆ ਗਿਆ ਕਿ ਰਿਪੋਰਟ ਠੀਕ ਦਿੱਤੀ ਜਾਏ। ਦਬਾਓ ਥੱਲੇ ਆਕੇ ਉਨ੍ਹਾਂ ਨੇ ਕਿਹਾ ਕਿ ਮਜ਼ਬੂਤ ਤੌਰ ਤੇ ਇਹ ਰਕਮਾਂ ਮੰਨ ਲਓ। ਇਸ ਲਈ ਸ਼ਰਤ ਰਖ ਦਿਤੀ। ਇੱਕ ਸ਼ਰਤ ਇਹ ਰੱਖੀ ਗਈ ਕਿ ਸੰਬੰਧਤ ਡਿਪਾਰਟਮੈਂਟ ਤੋਂ ਜੋ ਅਖਰਾਜਾਤ ਹੋਏ ਉਸ ਬਾਰੇ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਦਿਆ ਜਾਏ। ਦੂਸਰੀ ਸ਼ਰਤ ਇਹ ਸੀ ਕਿ ਖਰਚੇ ਦੀ ਤਫਸੀਲ ਲੈਕੇ ਮਹਿਕਮੇ ਦਾ ਆਦਮੀ ਸਰਟੀਫਾਈ ਕਰ ਦੇਵੇ ਕਿ ਖਰਚ ਹੋਇਆ ਹੈ ਲੇਕਿਨ ਇਨ੍ਹਾਂ ਦੀ ਬਦਕਿਸਮਤੀ ਸਮਝ ਲਓ ਅਤੇ ਸਾਡੀ ਖੁਸ਼ਕਿਸਮਤੀ ਸਮਝ ਲਓ ਕਿ ਸਾਡੀ ਸਰਕਾਰ ਬਣ ਗਈ ਅੌਰ ਇਨ੍ਹਾਂ ਦੀ ਸਰਕਾਰ ਗਿਰ ਗਈ। ਕਿਸਾਨ ਅਗਰ ਦੋ ਰੁਪਏ ਵੀ ਸਰਕਾਰ ਤੋਂ ਲੈਂਦਾ ਹੈ ਤਾਂ ਉਸ ਨਾਲ ਪਹਿਲਾਂ ਐਗਰੀਮੈਂਟ ਕੀਤਾ ਜਾਂਦਾ ਹੈ, ਪਰ ਇਨ੍ਹਾਂ ਨੇ ਐਨੇ ਕਰਜ਼ੇ ਦਿੱਤੇ ਅਤੇ ਕਿਸੇ ਨਾਲ ਕੋਈ ਐਗਰੀਮੈਂਟ ਨਹੀਂ ਕੀਤਾ ਗਿਆ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਅਪਲਿਆਂ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ ਅੌਰ ਜੋ ਜ਼ਜ਼ਾਵਾਰ ਹੋਣ, ਉਨ੍ਹਾਂ ਨੂੰ ਸ਼ਜ਼ਾ ਦੇਣੀ ਚਾਹੀਦੀ ਹੈ।

ਸ਼੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਵਾਈਂਡ ਅਪ ਕਰੋ।

ਸ਼੍ਰੀ ਗੁਰਦਿਆਲ ਸੈਣੀ : ਕੋਈ ਐਗਰੀਮੈਂਟ ਨਹੀਂ ਕੀਤਾ ਗਿਆ। ਕੋਈ ਲਿਖਤ ਪੜ੍ਹਤ ਨਹੀਂ ਕੀਤੀ ਗਈ। ਹਮੇਸ਼ਾਂ ਰਵਾਇਤ ਹੈ ਕਿ ਜਦੋਂ ਕੋਈ ਪੈਸਾ ਬਤੌਰ ਕਰਜ਼ਾਜ਼ਾਤ ਤੇ ਤੌਰ ਤੇ ਦੇਣਾ ਹੋਵੇ ਤਾਂ ਪਹਿਲਾਂ ਐਗਰੀਮੈਂਟ ਹੁੰਦਾ ਹੈ ਕਿ ਕਰਜ਼ਾ ਕਦੋਂ ਵਾਪਸ ਲੈਣਾ ਹੈ, ਉਸ ਤੇ ਇੰਟ੍ਰੈਸਟ ਕਿੰਨਾ ਲੈਣਾ ਹੈ। ਪਰ ਇਨ੍ਹਾਂ ਨੇ ਐਸੀ ਕੋਈ ਚੀਜ਼ ਨਹੀਂ ਕੀਤੀ। ਜੇਕਰ ਕੋਈ ਇੰਡਸਟ੍ਰੀਅਲਿਸਟ ਕਰਜ਼ਾ ਲੈਂਦਾ ਹੈ ਤਾਂ ਕਰਜ਼ਾ ਦੇਰ ਨਾਲ ਉਤਾਰਨ ਤੇ ਉਸ ਦੇ ਪੀਨਲ ਇੰਟ੍ਰੈਸਟ ਲਗ ਜਾਂਦਾ ਹੈ। ਪਰ ਇਨ੍ਹਾਂ ਨੇ ਲੱਖਾਂ ਕਰੋੜਾਂ ਰੁਪਏ ਦੇ ਦਿੱਤੇ ਅਤੇ ਕੋਈ ਲਿਖਤ ਪੜ੍ਹਤ ਨਹੀਂ ਕੀਤੀ ਗਈ। ਉਹ ਸਰਕਾਰ ਟੁਟ ਗਈ ਅੌਰ ਗਵਰਨਰ ਦੀ ਸਰਕਾਰ ਆ ਗਈ। ਉਸ ਵੇਲੇ ਸਾਰੇ ਅਫਸਰ ਡਰ ਗਏ। ਉਹ ਰੁਪਿਆ ਹੁਣ ਵੀ ਖੜ੍ਹਾ ਹੈ ਅੌਰ ਉਸ ਲਈ ਕੌਣ ਜ਼ਿਮੇਵਾਰ ਹੈ, ਉਸ ਚੀਜ਼ ਦੀ ਪੜਤਾਲ ਹੋਣੀ ਚਾਹੀਦੀ ਹੈ। ਜਿੰਨਾ ਰੁਪਿਆ ਦਿਤਾ ਸੀ, ਉਨ੍ਹਾਂ ਮਦਾਂ ਵਿਚ ਉਹ ਹੁਣ ਵੀ ਐਡਵਾਂਸ ਖੜ੍ਹਾ ਹੈ। ਇਹ ਪਿਛਲੀ ਨਿਕੰਮੀ ਸਰਕਾਰ ਦੇ ਕਿਰਦਾਰ ਹਨ। ਇਥੇ ਸਰਦਾਰ ਬਲਵੰਤ ਸਿੰਘ ਜੋ ਕਿ ਪਹਿਲਾਂ ਵਿੱਤ ਮੰਤਰੀ ਸਨ, ਉਨ੍ਹਾਂ ਨੇ ਕਿਹਾ ਸੀ ਕਿ ਹੁਣ ਦੀ ਸਰਕਾਰ ਅਨਪੜ੍ਹਾਂ ਦੀ ਸਰਕਾਰ ਬੈਠੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਨਪੜ੍ਹ ਦੀ ਸਰਕਾਰ ਉਨਾਂ ਦੀ ਉਸ ਵੇਲੇ ਦੀ ਸਰਕਾਰ ਸੀ ਅਤੇ ਹੁਣੇ ਦੀ ਸਰਕਾਰ ਪੜ੍ਹੀ ਲਿਖੀ ਸਰਕਾਰ ਹੈ ਅਤੇ ਕੰਮ ਚਲਾਉਣਾ ਜਾਣਦੀ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਵਾਇੰਡ ਅਪ ਕਰੋ। ਕਈ ਹੋਰ ਮੈਂਬਰਾਂ ਨੇ ਬੋਲਣਾ ਹੈ ਅੌਰ ਚੀਫ ਮਨਿਸਟਰ ਸਾਹਿਬ ਨੇ ਵੀ ਜਵਾਬ ਦੇਣਾ ਹੈ। ਤੁਹਾਡਾ ਟਾਈਮ ਓਵਰ ਹੋ ਚੁਕਾ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਿਆਲ ਸੈਣੀ : ਦੋ ਮਿੰਟ ਮੈਂ ਪੁਲਿਸ ਦੇ ਮਹਿਕਮੇ ਬਾਰੇ ਬੋਲਣਾ ਚਾਹੁੰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇੱਕ ਮਿੰਟ ਵਿਚ ਵਾਈਂਡ ਅਪ ਕਰੋ।

ਸ਼੍ਰੀ ਗੁਰਦਿਆਲ ਸੈਣੀ : ਸਾਡੇ ਪੰਜਾਬ ਵਿਚ ਬੜੇ ਅੱਛੇ ਅਫਸਰ ਲਗੇ ਹੋਏ ਹਨ। ਉਨ੍ਹਾਂ ਦੀ ਮੈਂ ਸਰਹਣਾ ਕਰਦਾ ਹਾਂ। ਇਥੇ ਇੱਕ ਦਿਨ ਬੜਾ ਰੌਲਾ ਪਿਆ ਸੀ ਕਿ ਜਲੰਧਰ ਵਿਚ ਡਾਕਾ ਪਿਆ ਹੈ। ਇਸ ਬਾਰੇ ਮੈਂ ਦੁਸਣਾ ਚਾਹੁੰਦਾ ਹਾਂ ਕਿ ਜਾਲੰਧਰ ਦੀ ਪੁਲਿਸ ਐਸੀ ਅੱਛੀ ਹੈ ਕਿ ਰਾਤ ਨੂੰ ਡਾਕਾ ਪਿਆ ਅੱਤ ਪੁਲਿਸ ਨੇ ਮੁਜਰਮਾਂ ਨੂੰ ਅਗਲੇ ਦਿਨ ਹੀ ਪਕੜ ਲਿਆ। ਸਾਰਿਆਂ ਨੂੰ ਪਤਾ ਹੈ ਕਿ ਹੁਣ ਦੇ ਹੋਮ ਮਨਿਸਟਰ ਸਾਹਿਬ ਪਹਿਲਾਂ ਤਿੰਨ ਚਾਰ ਸਾਲ ਹੋਮ ਮਨਿਸਟਰ ਵੀ ਰਹਿ ਚੁਕੇ ਹਨ। ਇਨ੍ਹਾਂ ਨੂੰ ਪਤਾ ਹੈ ਕਿ ਕਿਸ ਢੰਗ ਨਾਲ ਚਲਣਾ ਹੈ। ਇਹ ਕੰਮ ਚਲਾ ਸਕਦੇ ਹਨ। ਇਨ੍ਹਾਂ ਲਈ ਮੈਂ ਇਕ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਉਹ ਕੰਮ ਨਾ ਕਰੋ ਜੋ ਅਕਾਲੀ ਸਰਕਾਰ ਕਰਦੀ ਰਹੀ ਹੈ। ਥਾਨਿਆਂ ਵਿਚ ਨਿਲਾਮੀ ਨਾ ਹੋਣ ਦਿਓ। ਅਕਾਲੀਆਂ ਵੇਲੇ ਸ਼ਹਿਰਾਂ ਵਿਚ ਅੱਤ ਪਿੰਡਾਂ ਵਿਚ ਥਾਨਿਆਂ ਦੀਆਂ ਨਿਲਾਮੀਆਂ ਹੋਈਆਂ ਹਨ। ਇਸ ਢੰਗ ਨਾਲ ਕੰਮ ਨਹੀਂ ਚਲ ਸਕਦਾ। ਅਕਾਲੀ ਸਰਕਾਰ ਵੇਲੇ ਐਫ. ਆਈ. ਆਰ. ਬਹੁਤ ਘੱਟ ਦਰਜ ਹੁੰਦੀਆਂ ਸਨ। ਪਿਛਲੇ ਤਿੰਨ ਸਾਲਾਂ ਵਿਚ ਅਗਰ ਕਿਸੇ ਦਾ ਸਾਈਕਲ ਚੋਰੀ ਹੋ ਗਿਆ ਤਾਂ ਉਸ ਦੀ ਐਫ. ਆਈ. ਆਰ. ਦਰਜ ਹੀ ਨਹੀਂ ਹੋਈ। ਪਰ ਐਫ. ਆਈ. ਆਰ. ਦਰਜ ਹੋਣੀ ਚਾਹੀਦੀ ਹੈ। ਅੱਗੇ ਇਨਵੈ ਸਟੀਗੇਸ਼ਨ ਅਫਸਰ ਦਾ ਕੰਮ ਹੈ ਅਗਰ ਸਹੀ ਕੇਸ ਹੈ ਤਾਂ ਅੱਗੇ ਭੇਜ ਦੇਵੇ ਅੱਤ ਅਗਰ ਗਲਤ ਕੇਸ ਹੈ ਤਾਂ ਖਤਮ ਕਰ ਦੇਵੇ।

ਇਨ੍ਹਾਂ ਵੇਲੇ ਸਿਪਾਹੀਆਂ ਨੇ ਹੜਤਾਲਾਂ ਕੀਤੀਆਂ। ਸਾਡੀ ਸਰਕਾਰ ਨੇ ਇਲੈਕਸ਼ਨਜ਼ ਵਿਚ ਕਿਹਾ ਸੀ ਕਿ ਜੋ ਸਿਪਾਹੀਆਂ ਨਾਲ ਜ਼ਿਆਦਤੀਆਂ ਹੋਈਆਂ ਹਨ, ਜੋ ਸਿਪਾਹੀ ਨੌਕਰੀ ਤੋਂ ਹਟਾਏ ਗਏ ਹਨ, ਉਨ੍ਹਾਂ ਨੂੰ ਬਹਾਲ ਕੀਤਾ ਜਾਏਗਾ। ਤਕਰੀਬਨ ਸਾਰੇ ਪੁਲਿਸ ਵਾਲੇ ਰਖ ਲਏ ਗਏ ਹਨ। ਪਰ ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਬਤਾਂਗਾ ਕਿ 218 ਸਿਪਾਹੀ ਹਾਲੇ ਬਹਾਲ ਹੋਣੇ ਰਹਿੰਦੇ ਹਨ, ਇਨ੍ਹਾਂ ਨੂੰ ਵੀ ਐਲਾਨ ਕਰਨਾ ਚਾਹੀਦਾ ਹੈ (ਥੰਖਿੰਗ) ਇੱਕ ਬੜਾ ਭੈੜਾ ਕੰਮ ਕੀਤਾ ਗਿਆ ਹੈ। ਲੇਡੀ ਪੁਲਿਸ ਨੂੰ, ਲੈਡੀ ਕੰਸਟੇਬਲਜ਼ ਨੂੰ ਪੈਂਟਾਂ ਪਵਾ ਦਿਤੀ ਗਈਆਂ ਹਨ। ਇਨ੍ਹਾਂ ਨੇ ਲੇਡੀ ਪੁਲਿਸ ਲਈ ਪੈਂਟ ਅਤੇ ਬੂਸ਼ਰਟ ਸ਼ੁਰੂ ਕਰਵਾ ਦਿਤੀ ਸੀ। ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਮਾੜੀ ਗੱਲ ਹੈ। ਸਾਡੇ ਲੇਡੀ ਪੁਲਿਸ ਲਈ ਪੰਜਾਬੀ ਲਿਬਾਸ ਸਲਵਾਰ ਅਤੇ ਕਮੀਜ਼ ਹੋਣੀ ਚਾਹੀਦੀ ਹੈ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਪੀ. ਏ. ਪੀ. ਵਿਚ ਜਿਹੜੇ ਧੋਬੀ, ਨਾਈ ਅਤੇ ਝਿਉਰ ਆਦਿ ਛੋਟੀਆਂ ਜ਼ਾਤੀਆਂ ਦੇ ਕੰਮ ਕਰਦੇ ਹਨ, ਉਨ੍ਹਾਂ ਦੀ 30-30 ਸਾਲ ਦੀ ਨੌਕਰੀ ਹੋ ਗਈ ਹੈ, ਪਰ ਉਨ੍ਹਾਂ ਨੂੰ ਪੱਕੇ ਨਹੀਂ ਕੀਤਾ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗਰੀਬ ਲੋਕਾਂ ਨੇ ਜਿਨਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ, ਉਨ੍ਹਾਂ ਦੀ 30-30 ਸਾਲ ਦੀ ਨੌਕਰੀ ਹੋ ਗਈ, ਪਰ ਉਨ੍ਹਾਂ ਨੂੰ ਪੱਕੇ ਨਹੀਂ ਕੀਤਾ ਗਿਆ। ਉਨ੍ਹਾਂ ਨੂੰ ਪੱਕੇ ਕਰਨਾ ਚਾਹੀਦਾ ਹੈ। ਟੀਚਰ ਦੀ ਇਕ ਸਾਲ ਦੀ ਨੌਕਰੀ ਹੋ ਜਾਵੇ ਤਾਂ ਉਸ ਨੂੰ ਕਨਫਰਮ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਇਹ ਜਿਹੜੇ ਪੀ. ਏ. ਪੀ. ਵਿਚ ਧੋਬੀ, ਨਾਈ ਅਤੇ ਝਿਉਰ ਆਦਿ ਕੰਮ ਕਰਦੇ ਹਨ, ਉਨ੍ਹਾਂ ਨੂੰ ਵੀ ਕਨਫਰਮ ਕਰਨਾ ਚਾਹੀਦਾ ਹੈ।

ਹੁਣ ਮੈਂ ਜਲੰਧਰ ਦੀ ਗੱਲ ਕਰਨ ਲੱਗਾ ਹਾਂ। ਉਥੇ ਕਈ ਪੁਲਿਸ ਚੌਂਕੀਆਂ ਵਿਚ ਬੈਠਣ ਲਈ ਜਗ੍ਹਾ ਨਹੀਂ ਹੈ। ਬਰਿਸ਼ ਦੇ ਦਿਨਾਂ ਵਿਚ ਉਨ੍ਹਾਂ ਚੌਂਕੀਆਂ ਦੀਆਂ ਛੱਤਾਂ ਚੋਂਦੀਆਂ ਹਨ। ਇਸ ਪਾਸੇ

Original with;
Punjab Vidhan Sabha
Digitized by;
Panjab Digital Library

ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ। ਨਾਲ ਹੀ ਮੈਂ ਦਸਣਾ ਚਾਹੁੰਦਾ ਹਾਂ ਕਿ ਉਥੇ ਪੁਲਿਸ ਕੋਤਵਾਲੀ ਵਿਚ ਬਹੁਤ ਜਗ੍ਹਾ ਹੈ, ਇਸ ਲਈ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਉਸ ਕੋਤਵਾਲੀ ਦੀ ਜਗ੍ਹਾ ਨੂੰ ਇੰਪਰੂਵਮੈਂਟ ਟਰੱਸਟ ਨੂੰ ਦੇ ਕੇ ਉਥੇ ਸ਼ਾਪਿੰਗ ਸੈਂਟਰ ਬਣਾ ਦਿਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੂੰ ਅੰਨੀ ਰਕਮ ਮਿਲ ਸਕਦੀ ਹੈ ਕਿ 6 ਪੁਲਿਸ ਚੌਂਕੀਆਂ ਮੁਫਤ ਬਣ ਸਕਦੀਆਂ ਹਨ। ਸੋ ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। (ਘੰਟੀ)

ਡਿਪਟੀ ਸਪੀਕਰ ਸਾਹਿਬ, ਇਕ ਸੁਝਾਓ ਮੈਂ ਹੋਰ ਦੇਣਾ ਚਾਹੁੰਦਾ ਹਾਂ । ਇਨ੍ਹਾਂ (ਆਪੋਜ਼ੀਸ਼ਨ ਵਲ ਇਸ਼ਾਰਾ) ਦੇ ਵਕਤ ਕਾਂਗਰਸ ਪਾਰਟੀ ਦੇ ਬੰਦਿਆਂ ਨਾਲ ਬਹੁਤ ਜ਼ਿਆਦਤੀਆਂ ਹੋਈਆਂ ਹਨ। ਕਾਂਗਰਸ ਪਾਰਟੀ ਦੇ ਬੰਦਿਆਂ ਨੂੰ ਥਾਣਿਆਂ ਵਿਚ ਸੱਦਕੇ ਉਨ੍ਹਾਂ ਨੂੰ 10 ਨੰਬਰੀਏ ਕਰਾਰ ਦਿਤਾ ਗਿਆ। (ਵਿਘਨ) ਜਿਨ੍ਹਾਂ ਪੁਲਿਸ ਕਰਮਚਾਰੀਆਂ ਨੇ ਉਨ੍ਹਾਂ ਦੇ ਕਹਿਣ ਤੇ ਅਜਿਹੀ ਕਾਰਵਾਈ ਕੀਤੀ, ਉਨ੍ਹਾਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਦੱਸਣਾ ਚਾਹਦਾ ਹਾਂ ਕਿ ਮੇਰੇ ਹਲਕੇ ਦੇ 7ਬੰਦੇ ਜਿਹੜੇ ਕਿ ਮੇਰੇ ਸਪੋਰਟਰ ਹਨ, ਉਨ੍ਹਾਂ ਨੂੰ 10 ਨੰਬਰੀਏ ਕਰਾਰ ਦੇ ਕੇ ਅੰਦਰ ਕੀਤਾ ਗਿਆ। ਉਹ ਬੜੇ ਭਲੇਮਾਣਸ ਆਦਮੀ ਹਨ। (ਵਿਘਨ) ਇਸ ਕਿਸਮ ਦੀਆਂ ਗਲਾਂ ਇਨ੍ਹਾਂ ਦੇ ਵੇਲੇ ਹੋਈਆਂ ਹਨ। ਇਸ ਪਾਸੇ ਸੀ.. ਐਮ. ਸਾਹਿਬ ਨੂੰ ਧਿਆਨ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਤਹਾਡੇ ਰਾਹੀਂ ਕਹਿਣੀ ਚਾਹੁੰਦਾ ਹਾਂ। ਸੋਢਲ ਮੰਦਰ ਦਾ ਕੇਸ ਕੋਰਟ ਵਿਚ ਗਿਆ, ਉਥੋਂ ਉਨ੍ਹਾਂ ਨੇ ਕੇਸ ਜਿੱਤ ਲਿਆ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਰਟ ਦੇ ਉਸ ਫੈਸਲੇ ਨੂੰ ਲਾਗੂ ਕਰਨਾ ਚਾਹੀਦਾ ਹੈ। ਇਸ ਵਿਚ ਡਿਲੇ ਨਹੀਂ ਹੋਣੀ ਚਾਹੀਦੀ। ਡਿਲੇ ਹੋਣ ਨਾਲ ਸਾਨੂੰ ਸ਼ੱਕ ਪੈ ਜਾਂਦਾ ਹੈ। (ਵਿਘਨ)

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਮਾਨਯੋਗ ਮੈਂਬਰ ਮਾਸਟਰ ਚੰਦ ਸਿੰਘ ਨੂੰ ਬੋਲਣ ਲਈ ਕਿਹਾ।)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਚੋਪੜਾ ਜੀ ਨੂੰ ਬੋਲ ਲੈਣ ਦਿਓ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਮੇਰਾ ਰਾਈਟ ਬਣਦਾ ਹੈ। ਉਨ੍ਹਾਂ ਨੇ ਮੇਰਾ ਨਾਮ ਲੈ ਕੇ ਗੱਲਾਂ ਕੀਤੀਆਂ ਹਨ। (ਵਿਘਨ) ਮੈਨੂੰ ਵੀ ਟਾਈਮ ਮਿਲਣਾ ਚਾਹੀਦਾ ਹੈ। (ਵਿਘਨ) ਇਹ ਕੋਈ ਤਰੀਕਾ ਨਹੀਂ ਹੈ ਕਿ ਇਕ ਮੈਂਬਰ ਇਥੇ ਹਾਊਸ ਵਿਚ ਇਸ ਤਰਾਂ ਗਾਲ੍ਹਾਂ ਕੱਢੀ ਜਾਵੇ। ਇਹ ਗਲਤ ਗੱਲ ਹੈ। ਮੈਨੂੰ ਵੀ ਆਪਣੀ ਗੱਲ ਕਹਿਣ ਦਾ ਟਾਈਮ ਮਿਲਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਰੂਲਿੰਗ ਪਾਰਟੀ ਦਾ ਕੋਈ ਮੈਂਬਰ ਬਗੈਰ ਮਤਲਬ ਦੇ ਹੀ ਗਾਲ੍ਹਾਂ ਕੱਢੀ ਜਾਵੇ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਭੂੰਦੜ ਜੀ, ਤੁਸੀਂ ਬੈਠੋ । ਚੋਪੜਾ ਜੀ ਨੂੰ ਮੈਂ ਬੋਲਣ ਲਈ ਕਿਹਾ ਹੈ, ਪਹਿਲਾ ਉਨ੍ਹਾਂ ਨੂੰ ਫਿਨਿਸ਼ ਕਰਨ ਦਿਓ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਮੇਰਾ ਨਾਮ ਲਿਆ ਹੈ। ਇਸ ਲਈ ਮੈਨੂੰ ਵੀ ਬੋਲਣ ਲਈ ਟਾਈਮ ਮਿਲਣਾ ਚਾਹੀਦਾ ਹੈ। ਇਹ ਕੋਈ ਗੱਲ ਨਹੀਂ ਕਿ ਰੂਲਿੰਗ ਪਾਰਟੀ ਦਾ ਇਕ ਮੈਂਬਰ ਗਾਲਾਂ ਕੱਢੀ ਜਾਵੇ। (ਵਿਘਨ) ਮੈਨੂੰ ਵੀ ਟਾਈਮ ਮਿਲਣਾ ਚਾਹੀਦਾ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਚੋਪੜਾ ਜੀ ਨੂੰ ਬੋਲਣ ਦਿਓ। (ਵਿਘਨ) ਤੁਹਾਡੇ ਬਾਰੇ ਉਨ੍ਹਾਂ ਨੇ ਕੋਈ ਗੱਲ ਨਹੀਂ ਕਹੀ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੂੰਦੜ : ਤੁਸੀਂ ਰਿਕਾਰਡ ਦੇਖ ਲਵੋ, ਉਨ੍ਹਾਂ ਨੇ ਮੇਰਾ ਨਾਮ ਲਿਆ ਹੈ। ਇਹ ਗੱਲ ਰਿਕਾਰਡ ਤੇ ਮੌਜੂਦ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਜੇ ਉਨ੍ਹਾਂ ਨੇ ਤੁਹਾਡਾ ਨਾਮ ਲੈ ਕੇ ਕੋਈ ਐਸੀ ਗੱਲ ਕੀਤੀ ਹੋਈ ਤਾਂ ਮੈਂ ਰਿਕਾਰਡ ਦੇਖ ਲਵਾਂਗਾ। (ਵਿਘਨ) ਉਨ੍ਹਾਂ ਨੂੰ ਬੋਲਣ ਦਿਓ, ਫਿਰ ਬਾਅਦ ਵਿਚ ਤੁਹਾਨੂੰ ਟਾਈਮ ਮਿਲੇਗਾ। ਹਾਂ ਜੀ, ਚੌਧੜਾ ਜੀ ਤੁਸੀਂ ਬੋਲੋ। (ਵਿਘਨ) (ਸ਼ੋਰ)।

ਮੁੱਖ ਮੰਤਰੀ : ਇਸ ਝਗੜੇ ਨੂੰ ਮੁਕਾਉਣ ਲਈ ਜੇ ਦੋਨੋਂ ਪਾਰਟੀਆਂ ਮੰਨਣ ਤਾਂ ਮੈਂ ਇਸ ਦੀ ਇਨ-ਕੁਆਇਰੀ ਕਰਵਾ ਲਵਾਂਗਾ। (ਬੰਪਿੰਗ) (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਨੂੰ ਟਾਈਮ ਮਿਲਣਾ ਚਾਹੀਦਾ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਸੀ. ਐਮ. ਸਾਹਿਬ ਨੇ ਕਿਹਾ ਹੈ ਉਹ ਇਨਕੁਆਇਰੀ ਕਰਵਾ ਲੈਣਗੇ, ਇਸ ਤਰ੍ਹਾਂ ਗੱਲ ਖਤਮ ਹੋ ਗਈ ਹੈ। (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਭੂੰਦੜ ਜੀ ਨੂੰ ਟਾਈਮ ਮਿਲਣਾ ਚਾਹੀਦਾ ਹੈ। ਉਨ੍ਹਾਂ ਨੂੰ ਪਰਸਨਲ ਐਕਸਪਲੇਨੇਸ਼ਨ ਦੇਣ ਦਾ ਹੱਕ ਹੈ। (ਵਿਘਨ)

Speaker Sahib, according to Rule 56 of the Rules of Procedure, Sardar Balwinder Singh Bhunder has a right to give personal explanation. Rule 56 says that any member may, with the permission of the Speaker, make a personal explanation although there is no question before the Vidhan Sabha (Assembly). He can give personal explanation on any matter. Why can't he be allowed to make a personal explanation when allegations are made against him ? This is his right and he should be allowed to do so.

ਵਿੱਤ ਮੰਤਰੀ : ਅਗਰ ਰਿਕਾਰਡ ਤੇ ਉਨ੍ਹਾਂ ਦਾ ਨਾਮ ਆਇਆ ਹੈ ਤਾਂ ਉਹ ਇਸ ਰੂਲ ਦੇ ਮੁਤਾਬਿਕ ਪਰਸਨਲ ਐਕਸਪਲੇਨੇਸ਼ਨ ਦੇ ਸਕਦੇ ਹਨ, ਪਰ ਜੇ ਮਹਿਕਮੇ ਦੀ ਗੱਲ ਹੋਈ ਹੈ ਤਾਂ ਫਿਰ ਨਹੀਂ। (ਵਿਘਨ)

12.28 ਦੁਪਹਿਰ ਬਾਅਦ | (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

Chief Minister (Sardar Darbara Singh) : From the record we should check up whether he (Sardar Balwinder Singh Bhunder) was named ; if he was named, then he should be allowed to make a personal explanation.

PERSONAL EXPLANATION BY SARDAR BALWINDER SINGH BHUNDAR, M. L. A.

ਸਰਦਾਰ ਬਲਵਿੰਦਰ ਸਿੰਘ ਭੂੰਦੜ--(ਸਰਦਲਗੜ੍ਹ) : ਸਪੀਕਰ ਸਾਹਿਬ, ਮੇਰੇ ਖਿਲਾਫ ਇਸ ਹਾਊਸ ਦੇ ਮਾਨਯੋਗ ਮੈਂਬਰ ਨੇ ਜੋ ਕੁਝ ਕਿਹਾ ਹੈ, ਤੁਹਾਡੀ ਆਗਿਆ ਨਾਲ ਮੈਂ ਉਨ੍ਹਾਂ ਨੂੰ ਕਲੈਰੀਫਾਈ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੇ ਮੇਰਾ ਨਾਮ ਲੈ ਕੇ ਮੇਰੇ ਖਿਲਾਫ 3 ਐਲੀਗੇਸ਼ਨਜ਼ ਲਗਾਏ ਹਨ। (ਵਿਘਨ) ਇਕ ਐਲੀਗੇਸ਼ਨ ਇਹ ਲਾਇਆ ਕਿ ਕਮੇਟੀਆਂ ਦਾ ਜਿਹੜਾ ਰੁਪਿਆ ਸੀ, ਉਹ ਸੜਕਾਂ ਅਤੇ ਹਸਪਤਾਲਾਂ (ਡੰਗਰਾਂ ਦੇ ਹਸਪਤਾਲਾਂ) ਤੇ ਖਰਚ ਕਰ ਦਿਤਾ। ਦੂਸਰਾ ਐਲੀਗੇਸ਼ਨ ਇਹ ਲਾਇਆ ਕਿ ਦੂਜਿਆਂ ਮਹਿਕਮਿਆਂ ਨੂੰ ਕੰਮ ਕਰਨ ਵਾਸਤੇ

Original with;
Punjab Vidhan Sabha
Digitized by;
Panjab Digital Library

ਪੈਸਾ ਦੇ ਦਿਤਾ। ਤੀਜਾ ਐਲੀਗੇਸ਼ਨ ਇਹ ਲਾਇਆ ਕਿ ਵਜ਼ੀਰ ਨੇ ਚੇਅਰਮੈਨ ਨੂੰ ਕਿਹਾ ਕਿ ਕੁਝ ਰੁਪਿਆ ਬੈਂਕ ਵਿਚ ਜਮ੍ਹਾਂ ਕਰਵਾ ਦਿਓ। (ਵਿਘਨ) ਇਸ ਕਿਸਮ ਦੇ ਉਨ੍ਹਾਂ ਨੇ ਮੇਰੇ ਖਿਲਾਫ ਐਲੀਗੇਸ਼ਨਜ਼ ਲਗਾਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਬੈਠੇ ਹਨ, ਉਨ੍ਹਾਂ ਕੋਲ ਪਾਵਰ ਹੈ ਕਿ ਉਹ ਕਿਸੇ ਚੀਜ਼ ਦੀ ਵੀ ਇਨਕੁਆਇਰੀ ਕਰਵਾ ਸਕਦੇ ਹਨ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਦੂਸਰੇ ਮਹਿਕਮੇ ਨੂੰ ਕਿਸੇ ਖਰਚ ਵਾਸਤੇ ਪੈਸਾ ਦੇਣਾ ਇਹ ਸਟੇਟ ਦੀ ਡਿਵੈਲਪਮੈਂਟ ਵਾਸਤੇ ਚੰਗਾ ਹੈ। ਇਨ੍ਹਾਂ ਦੀ ਸਰਕਾਰ ਪਹਿਲਾਂ ਦਿੰਦੀ ਰਹੀ ਹੈ। ਇਥੇ ਪਿਛਲੀਆਂ ਰਵਾਇਤਾਂ ਦੇ ਮੁਤਾਬਿਕ ਹੋਇਆ ਹੈ। ਕੋਈ ਗਲਤ ਗੱਲ ਨਹੀਂ ਕੀਤੀ ਗਈ। ਜੇ ਕੋਈ ਗਲਤ ਗੱਲ ਹੋਈ ਹੈ ਤਾਂ ਸਰਕਾਰ ਜਾਂਚ ਦੇ ਸਕਦੀ ਹੈ, ਪਰ ਜੋ ਮੈਂਬਰ ਨੇ ਗਲਤ ਐਲੀਗੇਸ਼ਨ ਲਗਾਏ ਹੋਣ ਤਾਂ ਉਹ ਵਾਪਸ ਲੈਣ ਅਤੇ ਆਪਣਾ ਅਸਤੀਫਾ ਦੇਣ। (ਵਿਘਨ) ਜੇ ਮੈਂ ਇਨ੍ਹ ਵਾਂਗਰ ਇਹ ਕਹੀ ਜਾਵਾਂ ਕਿ ਇਹ 300 ਕਰੋੜ ਰੁਪਿਆ ਖਾ ਗਏ ਤਾਂ ਇਹ ਕੋਈ ਗੱਲ ਬਣਦੀ ਨਹੀਂ ਹੈ। ਇਸ ਤਰ੍ਹਾਂ ਗਲਤ ਐਲੀਗੇਸ਼ਨ ਨਹੀਂ ਲਗਾਉਣੇ ਚਾਹੀਦੇ। (ਵਿਘਨ)

**ਇਨ੍ਹਾਂ ਨੂੰ ਸੋਚ ਸਮਝਕੇ ਬੋਲਣਾ ਚਾਹੀਦਾ ਸੀ ਪਰ ਜੇ ਮੈਂ ਇਹ ਕਹਾਂ ਕਿ ਉਹ 1972 ਵਿਚ ਐਮ ਐਲ. ਏ. ਰਿਹਾ ਪਰ ਮੈਂ 3 ਵਾਰ ਐਮ. ਐਲ. ਏ. ਚੁਣ ਕੇ ਆਇਆ ਹਾਂ। ** **

ਸ਼੍ਰੀ ਸਪੀਕਰ : ਇਹ ਜਿਹੜੇ ਉਨ੍ਹਾਂ ਨੇ ਮਾਨਯੋਗ ਮੈਂਬਰ ਦੇ ਖਿਲਾਫ ਲਫਜ਼ ਕਹੇ ਹਨ, ਉਹ ਐਕਸਪੰਜ ਕੀਤੇ ਜਾਂਦੇ ਹਨ।

ਸਰਦਾਰ ਬਲਵਿੰਦਰ ਸਿੰਘ ਭੁੰਦੜ ** ** **

ਸ਼੍ਰੀ ਸਪੀਕਰ : ਜਿਹੜੇ ਪਰਸਨਲ ਐਲੀਗੇਸ਼ਨਜ਼ ਲਗਾਏ ਹਨ, ਉਹ ਮੈਂ ਐਕਸਪੰਜ ਕਰਦਾ ਹਾਂ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਹ ਜਿਹੜਾ ਸਰਦਾਰ ਬਲਵਿੰਦਰ ਸਿੰਘ ਹੋਰਾਂ ਨੇ ਕਿਹਾ ਹੈ ਕਿ ਸੈਣੀ ਸਾਹਿਬ ਨੇ ਕੋਈ ਇਲਜ਼ਾਮ ਲਗਾਏ ਹਨ, ਮੈਂ ਉਨ੍ਹਾਂ ਨੂੰ ਚੈਲੰਜ ਕਰਦਾ ਚਾਹੁੰਦਾ ਹਾਂ ਕਿ ਇਹ ਮੈਂ ਨਹੀਂ ਲਾ ਰਿਹਾ, ਇਹ 21 ਮਾਰਚ ਦੀ ਅਖਬਾਰ ਪੜ੍ਹ ਲੈਣ ਉਸ ਦੇ ਵਿਚ ਦੱਸਿਆ ਗਿਆ ਹੈ। ਇਨ੍ਹਾਂ ਦਾ ਚੇਅਰਮੈਨ ਸਰਦਾਰ ਜਗਦੇਵ ਸਿੰਘ ਜੱਥੇਦਾਰ, ਜੋ ਲਾਇਆ ਸੀ (ਵਿਘਨ) ਉਨ੍ਹਾਂ ਨੇ ਇਲਜ਼ਾਮ ਲਗਾਇਆ ਹੈ। ਇਨ੍ਹਾਂ ਨੇ ਸ਼ਾਇਦ ਅਖਬਾਰ ਨਹੀਂ ਪੜ੍ਹੀ। ਇਹ 21 ਮਾਰਚ, 1980 ਦੀ 'ਮਿਲਾਪ' ਅਖਬਾਰ ਹੈ।

ਇਕ ਇਨ੍ਹਾਂ ਨੇ ਕਿਹਾ ਹੈ ਕਿ ਦੂਸ਼ਰੇ ਮਹਿਕਮੇ ਨੂੰ ਪੈਸੇ ਦੇਣਾ ਗਲਤ ਗੱਲ ਨਹੀਂ ਹੈ। ਅਗਰ ਪੈਸਾ ਦਿੱਤਾ ਗਿਆ ਹੈ ਤਾਂ ਉਸ ਦਾ ਯੂਟੇਲਾਈਜ਼ੇਸ਼ਨ ਸਰਟੀਫੀਕੇਟ ਹੋਣਾ ਚਾਹੀਦਾ ਸੀ, ਮਗਰ ਹਾਲੀਂ ਤਕ ਉਸ ਰੁਪਏ ਦਾ ਯੂਟੇਲਾਈਜ਼ੇਸ਼ਨ ਸਰਟੀਫੀਕੇਟ ਨਹੀਂ ਆਇਆ। ਬਾਕੀ ਇਨ੍ਹਾਂ ਨੇ ਮੇਰੇ ਬਾਰੇ ਗੱਲ ਕੀਤੀ ਹੈ, ਨੰਗੇ ਭੁੱਖੇ ਆਦਮੀ ਨਹੀਂ, ਖਾਂਦੇ ਪੀਂਦੇ ਬੰਦੇ ਹਾਂ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਨ੍ਹਾਂ ਨੇ ਚੇਅਰਮੈਨ ਦਾ ਨਾਮ ਲੈ ਕੇ ਗਲ ਕੀਤੀ ਹੈ, ਮੈਂ ਦੁਬਾਰਾ ਕਲੀਅਰ ਕਰਨਾ ਚਾਹੁੰਦਾ ਹਾਂ। ਬੋਰਡ ਜਿਹੜਾ ਹੈ, ਉਸ ਦੇ ਵਿਚ ਮਨਿਸਟਰ ਦਖਲ ਨਹੀਂ ਦੇ ਸਕਦਾ। ਜੋ ਅਖਬਾਰ ਇਨ੍ਹਾਂ ਨੇ ਪੇਸ਼ ਕੀਤਾ ਹੈ, ਅਖਬਾਰਾਂ ਵਿਚ ਤਾਂ ਕਈ ਗਲਤ ਗੱਲਾਂ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਬੋਲਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਸੀ। ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਇਸ ਦੀ ਇਨਕੁਆਇਰੀ ਕਰਵਾ ਲੈਣ ਅਗਰ ਰੱਤੀ ਭਰ ਭੀ ਇਨ੍ਹਾਂ ਦੀਆਂ ਗਲਾਂ ਵਿਚ ਸਚਾਈ ਹੋਵੇ ਤਾਂ ਜੋ ਮਰਜ਼ੀ ਤੁਸੀਂ ਸਜ਼ਾ ਦੇ ਦਿਓ, ਉਹ ਸਜ਼ਾ ਭੁਗਤਣ ਵਾਸਤੇ ਮੈਂ ਤਿਆਰ ਹਾਂ। ਪਰ ਜੋ ਅਖਬਾਰ ਦੀ ਬਿਨਾਂ ਤੇ ਮੈਂਬਰ ਸਾਹਿਬ ਨੇ ਆਖਿਆ ਹੈ ਅਗਰ ਉਹ ਗੱਲ ਗਲਤ ਹੋਈ ਤਾਂ ਕੀ ਇਹ ਸਜ਼ਾ ਭੁਗਤਣ ਵਾਸਤੇ ਤਿਆਰ ਹਨ, ਹਾਊਸ ਵਿਚੋਂ ਅਸਤੀਫਾ ਦੇਣ ਵਾਸਤੇ ਤਿਆਰ ਹਨ ? (ਵਿਘਨ)

**Expunged as ordered by the Chair

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਆਪਣੀ ਪਰਸਨਲ ਐਕਸਪਲੇਨੇਸ਼ਨ ਦੇ ਦਿੱਤੀ ਹੈ, ਹੁਣ ਬੈਠ ਜਾਓ। ਜੋ ਤੁਸੀਂ ਦੂਸਰੇ ਡਿਪਾਰਟਮੈਂਟ ਨੂੰ ਪੈਸਾ ਖਰਚਣ ਵਾਸਤੇ ਦਿੱਤਾ ਹੈ, ਉਹ ਕੋਈ ਗੱਲ ਨਹੀਂ। ਗੌਰਮਿੰਟ ਨੂੰ ਇਕ ਦੂਸਰੇ ਡਿਪਾਰਟਮੈਂਟ ਵਿਚ ਪੈਸਾ ਇਸ ਤਰ੍ਹਾਂ ਦੇਣਾ ਹੀ ਪੈਂਦਾ ਹੈ।

DISCUSSION AND VOTING OF DEMANDS FOR GRANTS FOR THE YEAR 1980-81 (*Resumption*)

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 11 ਤੇ ਬੋਲਣ ਲੱਗਾ ਹਾਂ। ਡਿਮਾਂਡ ਨੰਬਰ 11 ਪੁਲਿਸ ਦੇ ਨਾਲ ਸਬੰਧ ਰਖਦੀ ਹੈ। ਅੱਜ ਏਜ਼ਟ ਦਾ ਬਹੁਤ ਵੱਡਾ ਹਿਸਾ ਪੁਲਿਸ ਦੇ ਉਤੇ ਖਰਚ ਕੀਤਾ ਜਾ ਰਿਹਾ ਹੈ। ਕਿਉਂ ? ਕਿਉਂਕਿ ਇਹ ਚਾਹੁੰਦੇ ਹਨ ਕਿ ਪੁਲਿਸ ਦੇ ਰਾਹੀਂ ਸਰਮਾਇਦਾਰਾਂ ਦੀ ਜਕੜ ਨੂੰ, ਜੋ ਇਹ ਸਰਕਾਰ ਸਰਮਾਇਦਾਰਾਂ ਦੀ ਰਾਖੀ ਕਰਦੀ ਹੈ, ਮਜ਼ਬੂਤ ਕੀਤਾ ਜਾਵੇ ਅਤੇ ਇਸੇ ਕਰਕੇ ਉਹ ਪੁਲਿਸ ਦੇ ਉਤੇ ਬਹੁਤ ਵੱਡਾ ਹਿਸਾ ਖਰਚ ਕਰ ਰਹੀ ਹੈ। ਸਾਡੇ ਕੋਲ ਉਦਾਹਰਣਾਂ ਹਨ; ਇਨ੍ਹਾਂ ਦੇ ਰਾਜ ਦੀਆਂ ਵੀ ਅਤੇ ਉਨ੍ਹਾਂ ਦੇ ਰਾਜ ਦੀਆਂ ਵੀ, ਜਿਥੇ ਪੁਲਿਸ ਦੇ ਉਤੇ ਬਹੁਤ ਵੱਡਾ ਹਿਸਾ ਖਰਚ ਕੀਤਾ ਗਿਆ। ਲੇਕਿਨ ਜੋ ਪੁਲਿਸ ਦਾ ਕਿਰਦਾਰ ਹੈ ਲੋਕਾਂ ਪ੍ਰਤੀ ਉਹ ਬਹੁਤ ਘਟੀਆ ਹੈ, ਗਰੀਬ ਲੋਕਾਂ ਨਾਲ ਉਨ੍ਹਾਂ ਦਾ ਰਵਈਆ ਬਹੁਤ ਮਾੜਾ ਹੈ। ਰਾਜਪੁਰੇ ਵਿਚ ਤੁਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਗੋਲੀ ਚਲੀ ਅੱਜ ਉਹ ਗੋਲੀ ਪੁਲਿਸ ਦੀ ਪਿਸਤੌਲ ਨਾਲ ਚਲੀ। ਮਜ਼ਦੂਰ ਹਸਪਤਾਲ ਵਿਚ ਦਾਖਲ ਹੈ। ਅੰਮ੍ਰਿਤਸਰ ਦੇ ਕੇਸ ਬਾਰੇ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਐਕਸ਼ਨ ਲਵਾਂਗੇ ਮਗਰ ਕੋਈ ਐਕਸ਼ਨ ਨਹੀਂ ਹੋਵੇਗਾ। ਇਸੇ ਤਰ੍ਹਾਂ ਸਿਧਵਾ ਵਿਚ ਭਈਆ ਮਜ਼ਦੂਰ ਦਾ ਕਤਲ ਹੋਇਆ, ਰਾਇਕੋਟ ਵਿਚ ਜ਼ਖਮ ਹੋਇਆ। ਪੁਲਿਸ ਨੇ ਗਰੀਬ ਲੋਕਾਂ ਤੇ ਜ਼ਬਰ ਕੀਤਾ। ਇਸ ਤਰ੍ਹਾਂ ਹਸਨਪੁਰ ਦੇ ਕੇਸ ਦਾ ਤੁਹਾਨੂੰ ਪਤਾ ਹੋਣਾ ਹੈ ਕਿ ਉਥੇ ਕੀ ਕੁਝ ਹੋਇਆ। ਇਨ੍ਹਾਂ ਦੇ ਰਾਜ ਵਿਚ ਗਰੀਬ ਲੋਕਾਂ ਤੇ ਅੱਤਿਆਚਾਰ ਵਧ ਰਿਹਾ ਹੈ, ਲੋਕਾਂ ਤੇ ਜ਼ਬਰ ਹੋ ਰਿਹਾ ਹੈ। ਇਨ੍ਹਾਂ ਨੂੰ ਪੁਲਿਸ ਦੇ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ ਪਰ ਇਹ ਤਾਂ ਉਲਟਾ ਖਰਚਾ ਵਧਾ ਰਹੇ ਹਨ ਤਾਂ ਕਿ ਪੁਲਿਸ ਲੋਕਾਂ ਤੇ ਹੋਰ ਵਧੀਕੀਆਂ ਕਰੇ, ਜ਼ਬਰ ਕਰੇ, ਅੱਤਿਆਚਾਰ ਕਰੇ। ਪੁਲਿਸ ਤੇ ਇਸ ਹਰਕੇ ਖਰਚ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਦੀ ਸੇਵਾਦਾਰ ਬਣ ਕੇ ਕੰਮ ਕਰੇ, ਪੁਲਿਸ ਨੂੰ ਲੋਕਾਂ ਦਾ ਸੇਵਾਦਾਰ ਬਣਨਾ ਚਾਹੀਦਾ ਹੈ। ਪਰ, ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਵਿਚ ਹੋ ਕੀ ਰਿਹਾ ਹੈ ? ਇਨ੍ਹਾਂ ਦੇ ਰਾਜ ਵਿਚ ਕਤਲ ਵੱਧ ਰਹੇ ਹਨ, ਚੋਰੀਆਂ ਵੱਧ ਰਹੀਆਂ ਹਨ, ਜ਼ਬਰ ਜਨਾਹ ਦੇ ਕੋਸ਼ਿਸ਼ ਜਿਹੜੇ ਹਨ, ਉਹ ਵੱਧ ਰਹੇ ਹਨ। ਮੇਰੇ ਇਕ ਸਟਾਰਡ ਕੁਐਸਚਨ ਦੇ ਜਵਾਬ ਵਿਚ ਇਨ੍ਹਾਂ ਨੇ ਦੱਸਿਆ ਕਿ 1979 ਵਿਚ 77 ਜ਼ਬਰ ਜਨਾਹ ਦੇ ਕੇਸ ਹੋਏ ਮਗਰ ਹੁਣ ਸਣੇ ਗਵਰਨਰੀ ਰਾਜ ਦੇ 83 ਕੇਸਿਜ਼ ਹੋ ਗਏ। ਇਸੇ ਤਰ੍ਹਾਂ ਕਤਲ ਦੇ ਕੇਸਿਜ਼ ਪਹਿਲਾਂ 1979 ਵਿਚ 570 ਸਨ ਅਤੇ ਹੁਣ ਉਹ 792 ਹੋ ਗਏ ਦਸੇ ਗਏ ਹਨ। ਇਹ ਜਿਹੜੇ ਕਤਲ ਵਧ ਰਹੇ ਹਨ, ਚੋਰੀਆਂ ਵੱਧ ਰਹੀਆਂ ਹਨ ਅਤੇ ਜ਼ਬਰ ਜਨਾਹ ਦੇ ਕੋਸ਼ਿਸ਼ ਵੱਧ ਰਹੇ ਹਨ, ਇਹ ਸਾਰੇ ਪੁਲਿਸ ਕਰਵਾ ਰਹੀ ਹੈ। ਪੁਲਿਸ ਦੀਆਂ ਯਾਰੀਆਂ ਵੱਡਿਆਂ ਵੱਡਿਆਂ ਸਮਗਲਰਾਂ, ਬਦਮਾਸ਼ਾਂ ਤੇ ਰਿਸ਼ਵਤ ਖੋਰਾਂ ਨਾਲ ਹਨ। ਪੰਮੀ ਦੀ ਗੱਲ ਤੁਹਾਨੂੰ ਯਾਦ ਹੋਵੇਗੀ ਜਿਸ ਨੇ ਕਿਹਾ ਸੀ ਕਿ ਉਹ ਉਚ ਅਧਿਕਾਰੀਆਂ ਤੇ ਰਾਜਨੀਤੀਵਾਨਾਂ ਨੂੰ ਮੱਥਲੀ ਦਿੰਦਾ ਰਿਹਾ ਹੈ। ਇਹ ਪੁਲਿਸ ਗਰੀਬਾਂ ਤੇ ਅੱਤਿਆਚਾਰ ਕਰਦੀ ਹੈ, ਉਨ੍ਹਾਂ ਨਾਲ ਵਧੀਕੀਆਂ ਕਰਦੀ ਹੈ ਪਰ ਬਦਮਾਸ਼ ਆਦਮੀਆਂ ਦੀ ਇਹ ਮਦਦ ਕਰਦੀ ਹੈ। ਧਰੀ ਦੇ ਵਿਚ ਇਕ ਗਰੀਬ ਆਦਮੀ ਦੀ ਝੁਗੀ ਤੇ ਬਦਮਾਸ਼ਾਂ ਨੇ ਕਬਜ਼ਾ ਕਰ ਲਿਆ। ਐਸ. ਐਸ. ਪੀ. ਨੇ ਕਿਹਾ ਗੁੰਡਾ ਐਕਟ ਵੱਲੇ ਇਸ ਦਰਜ਼ ਕਰ ਲਓ। ਗੁੰਡਿਆਂ ਨੇ ਗਰੀਬਾਂ ਨੂੰ ਕੁੱਟਿਆ, ਮਾਰਿਆ ਪਰ ਕੋਈ ਐਕਸ਼ਨ

Original with;
Punjab Vidhan Sabha
Digitized by;
Panjab Digital Library

ਨਹੀਂ ਲਿਆ ਗਿਆ। ਪਰ ਪੁਲੀ ਪੁਲਿਸ ਨੇ ਗੁੰਡਿਆਂ ਤੇ 107/151 ਲਾ ਦਿਤੀ। ਜਾਮਾਂ ਤਲਾਸ਼ੀ ਵਿਚ ਰਾਈਫਲ ਰਖਾ ਲਈ, ਪਰ ਮਗਰੋਂ ਫਿਰ ਵਾਪਸ ਕਰ ਦਿਤੀ। ਜਿਹੜੇ ਅਮੀਰ ਆਦਮੀ ਗਰੀਬਾਂ ਦੇ ਘਰਾਂ ਤੇ ਕਬਜ਼ਾ ਕਰਦੇ ਫਿਰਦੇ ਹਨ, ਉਨ੍ਹਾਂ ਨੂੰ ਇਹ ਸ਼ਹਿ ਦਿੰਦੇ ਫਿਰਦੇ ਹਨ ਮਗਰ ਗਰੀਬ ਆਦਮੀ ਦੀ ਕੋਈ ਵੀ ਨਹੀਂ ਸੁਣਦਾ। ਕੋਈ ਵੀ ਕੇਸ ਗਰੀਬ ਆਦਮੀ ਦਾ ਹੋਵੇ ਉਹ ਰਿਸ਼ਵਤ ਲਏ ਬਿਨਾ ਦਰਜ ਨਹੀਂ ਕੀਤਾ ਜਾਂਦਾ। ਪੈਸੇ ਲੈਕੇ ਕੇਸ ਰਜਿਸਟਰ ਕੀਤੇ ਜਾਂਦੇ ਹਨ। ਜੇ ਕਿਧਰੇ ਕੋਈ ਕੇਸ ਦਰਜ ਹੋ ਜਾਂਦਾ ਹੈ ਤਾਂ ਫਿਰ ਉਸ ਤੇ ਕੋਈ ਐਕਸ਼ਨ ਨਹੀਂ ਹੁੰਦਾ। (ਵਿਘਨ) ਬਲੈਕ ਮਾਰਕੀਟਿਗ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਥਾਣਾ ਭਦੌੜ ਵਿਚ, ਸਪੀਕਰ ਸਾਹਿਬ, 150 ਬੋਰੀਆਂ ਸੀਮੈਂਟ ਦੀਆਂ ਫੜੀਆਂ ਗਈਆਂ ਅੱਤੇ ਉਹ 85—85 ਰੁਪਏ ਨੂੰ ਥਾਣੇ ਵਿਚੋਂ ਬਲੈਕ ਵਿਚ ਵਿਕੀਆਂ। ਇਹ ਤਾਂ ਤੁਹਾਡੀ ਪੁਲਿਸ ਦਾ ਕਿਰਦਾਰ ਹੈ। ਇਸ ਤਰ੍ਹਾਂ ਦੀਆਂ ਹੋਰ ਸੈਂਕੜੇ ਉਦਾਹਰਣਾਂ ਮਿਲਦੀਆਂ ਹਨ, ਜਿਥੇ ਪੁਲਿਸ ਦਾ ਰਵੱਈਆ ਗਰੀਬ ਆਦਮੀ ਨਾਲ ਠੀਕ ਨਹੀਂ ਹੈ। ਉਨ੍ਹਾਂ ਦਾ ਰਵੱਈਆ ਲੋਕ ਵਿਰੋਧੀ ਹੈ। ਪੁਲਿਸ ਨੂੰ ਇਨ੍ਹਾਂ ਵਧੀਕੀਆਂ ਤੋਂ ਰੋਕਣਾ ਚਾਹੀਦਾ ਹੈ। ਚੋਰੀਆਂ ਦੀਆਂ ਰਿਪੋਰਟਾਂ ਦਰਜ ਨਹੀਂ ਕੀਤੀਆਂ ਜਾਂਦੀਆਂ ਹਨ। ਜਦੋਂ ਜਾਮਾਂ ਤਲਾਸ਼ੀ ਹੁੰਦੀ ਹੈ ਤਾ ਮਾਲ ਵਾਪਸ ਨਹੀਂ ਕੀਤਾ ਜਾਂਦਾ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਸ਼ੇਰਪੁਰ ਵਿਖੇ ਇਕ ਚੋਰੀ ਹੋਈ। ਉਸ ਵਿਚਾਰੇ ਦਾ ਸਾਰਾ ਗਹਿਣਾ ਗੱਟਾ ਚੋਰੀ ਹੋ ਗਿਆ। ਉਸ ਦਾ ਕੇਸ ਦਰਜ ਨਹੀਂ ਕੀਤਾ ਗਿਆ। ਮਗਰੋਂ ਉਹ ਚੋਰੀ ਪਕੜੀ ਗਈ ਅਤੇ ਚੋਰੀ ਕੀਤਾ ਮਾਲ ਬਰਾਮਦ ਹੋ ਗਿਆ। ਜਦੋਂ ਮਾਲ ਬਰਾਮਦ ਹੋ ਗਿਆ ਤਾਂ ਉਸ ਗਰੀਬ ਨੂੰ ਵਾਪਸ ਨਹੀਂ ਕੀਤਾ ਗਿਆ। ਉਹ ਕਹਿਣ ਲਗੇ ਕਿ ਕਿਉਂਕਿ ਕੇਸ ਦਰਜ ਨਹੀਂ ਹੋਇਆ ਰਿਪੋਰਟ ਨਹੀਂ ਲਿਖੀ। ਇਹ ਕਿਸ ਦਾ ਕਸੂਰ ਹੈ? ਇਹ ਕਸੂਰ ਸਰਕਾਰ ਦਾ ਹੈ। ਜੋ ਜਾਮਾ ਤਲਾਸ਼ੀ ਵਿਚ ਮਾਲ ਲਿਆ ਜਾਂਦਾ ਹੈ, ਉਹ ਵਾਪਸ ਨਹੀਂ ਦਿਤਾ ਜਾਂਦਾ। (ਘੰਟੀ)

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਗਰੀਬ ਆਦਮੀ ਤੇ ਖਾਸ ਤੌਰ ਤੇ ਹਰੀਜਨਾਂ ਤੇ ਬੜਾ ਜਬਰ ਹੋ ਰਿਹਾ ਹੈ, ਇਸਤਰੀਆਂ ਤੇ ਬੜਾ ਜਬਰ ਹੋ ਰਿਹਾ ਹੈ। ਹਲਕਾ ਨੂਰ-ਮਹਿਲ ਵਿਚ ਇਕ ਜਲਸਾ ਹੋ ਰਿਹਾ ਸੀ, ਉਸ ਨੂੰ ਡਿਸਟਰਬ ਕੀਤਾ ਗਿਆ ਅਤੇ ਉਥੇ ਹਰੀਜਨਾਂ ਨਾਲ ਬੜਾ ਭਾਰੀ ਧੱਕਾ ਕੀਤਾ ਗਿਆ ਤੇ ਗੋਲੀ ਚਲਾਈ ਗਈ। ਚੀਮਾ ਪਿੰਡ ਦਾ ਇਕ ਹਰੀਜਨ ਟੀਚਰ ਹੈ, ਉਸ ਨੂੰ ਇਲੈਕਸ਼ਨ ਦੇ ਵੇਲੇ ਐਬਡਕਟ ਕੀਤਾ ਗਿਆ। ਉਸ ਤੇ ਕੇਸ ਬਣਾ ਦਿਤਾ ਅਤੇ ਉਸ ਨੂੰ ਘਰ ਨਹੀਂ ਵੜਨ ਦਿਤਾ। (ਵਿਘਨ) (ਘੰਟੀ) ਬਸ ਜੀ, ਇਕ ਦੋ ਮਿੰਟ ਵਿਚ ਖਤਮ ਕਰ ਦਿੰਦਾ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ 107/151 ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ, 107/151 ਦੀ ਦੁਰਵਰਤੋਂ ਹੋ ਰਹੀ ਹੈ। 323 ਧਾਰਾ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਨਾਲ ਹੀ ਧਾਰਾ 506 ਲਾ ਦਿਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਗਲਤ ਗੱਲਾਂ ਹੋ ਰਹੀਆਂ ਹਨ ਜਿਸ ਤੇ ਰੋਕ ਲਾਉਣੀ ਚਾਹੀਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਸਪੱਸ਼ਟ ਹੈ ਕਿ ਪੁਲਿਸ ਜਿਹੜੀ ਹੈ ਉਹ ਗਰੀਬ ਲੋਕਾਂ ਦੀ ਰਾਖੀ ਨਹੀਂ ਕਰਦੀ। ਅਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਮੁਲਾਂ ਨੇ ਠੀਕ ਹੀ ਕਿਹਾ ਹੈ ਕਿ ਇਹ ਆਰਗੇਨਾਈਜ਼ਡ ਗੈਂਗ ਆਫ ਗੁੰਡਾਜ਼ ਹੈ। ਇਸ ਦਾ ਸੁਧਾਰ ਕਰਨ ਦੀ ਲੋੜ ਹੈ ਅਤੇ ਇਹ ਸੁਧਾਰ ਤਦ ਹੀ ਹੋ ਸਕਦਾ ਹੈ ਜੇ ਇਸ ਤੇ ਤੁਸੀਂ ਖਰਚ ਘੱਟ ਕਰੋ। ਜਿਹੜੇ ਅਫਸਰ ਹਨ ਉਨ੍ਹਾਂ ਦੀਆਂ ਤਾਕਤਾਂ ਘੱਟ ਕਰੋ। ਪੁਲਿਸ ਦੇ ਜਿਹੜੇ ਅਰਦਲੀ ਹਨ ਜਾਂ ਸਿਪਾਹੀ ਹਨ, ਉਨ੍ਹਾਂ ਤੋਂ ਰੋਟੀਆਂ ਉਹ ਪਕਵਾਉਂਦੇ ਹਨ। ਇਹ ਸਿਸਟਮ ਖਤਮ ਕਰਨਾ ਚਾਹੀਦਾ ਹੈ ਤਾਂਕਿ ਜਿਹੜੇ ਸਿਪਾਹੀ ਹਨ, ਉਹ ਠੀਕ ਕੰਮ ਕਰ ਸਕਣ। ਅਸੀਂ ਬੰਗਾਲ ਵਿਚ ਅਰਦਲੀ ਸਿਸਟਮ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਬੰਦ ਕਰ ਦਿਤਾ ਹੈ। ਬਾਕੀ ਉਨ੍ਹਾਂ ਨੂੰ ਐਸੋਸੀਏਸ਼ਨ ਬਣਾਉਣ ਦੀ ਆਗਿਆ ਦੇਣ ਅੱਰ ਜਿਹੜੇ ਬੰਦੇ ਖਿੱਚੇ ਕੱਢੇ ਹਨ ਉਨ੍ਹਾਂ ਨੂੰ ਬਹਾਲ ਕਰਨਾ ਚਾਹੀਦਾ ਹੈ। ਬਾਕੀ ਇਨ੍ਹਾਂ ਤੇ ਕੰਟਰੋਲ ਕਰਨ ਲਈ ਥਾਣਾ-ਵਾਈਜ਼ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ। ਉਸ ਦੇ ਵਿੱਚ ਸਾਰੀਆਂ ਪਾਰਟੀਆਂ ਦੇ ਐਮ. ਐਲ. ਏਜ਼. ਹੋਣੇ ਚਾਹੀਦੇ ਹਨ ਤਾਕਿ ਪੁਲਿਸ ਦੇ ਖਿਲਾਫ ਜੋ ਗਰੀਬ ਆਦਮੀਆਂ ਦੀਆਂ ਸ਼ਿਕਾਇਤਾਂ ਹਨ ਉਹ ਸੁਣੀਆਂ ਜਾਣ। (ਵਿਘਨ)

ਸਕੱਤਰੇਤ ਵਿਚ ਜਿਹੜੇ ਮੁਲਾਜ਼ਮ ਕੰਮ ਕਰਦੇ ਹਨ, ਜਿਨ੍ਹਾਂ ਦੀ ਇਕ ਸਾਲ ਤੋਂ ਵੱਧ ਸਰਵਿਸ ਹੋ ਗਈ ਹੈ ਉਨ੍ਹਾਂ ਨੂੰ ਪੱਕਾ ਕਰਨਾ ਚਾਹੀਦਾ ਹੈ, ਉਨ੍ਹਾਂ ਦੀ ਇਹ ਡਿਮਾਂਡ ਮੰਨ ਲੈਣੀ ਚਾਹੀਦੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਹਾਲਤ ਹੈ ਕਿ ਚਾਹੇ ਡੀ. ਸੀ. ਦਾ ਆਫਿਸ ਹੋਵੇ ਚਾਹੇ ਐਸ. ਪੀ ਦਾ ਆਫਿਸ ਹੋਵੇ ਉਥੇ ਬਿਨਾ ਪੈਸੇ ਦੇ ਕੋਈ ਕੰਮ ਨਹੀਂ ਹੁੰਦਾ। ਅਗਰ ਫਾਈਲ ਇਕ ਟੇਬਲ ਤੋਂ ਦੂਸਰੀ ਟੇਬਲ ਤੇ ਜਾਣੀ ਹੋਵੇ ਤਾਂ ਪੈਸੇ ਬਿਨਾ ਨਹੀਂ ਜਾਂਦੀ। ਮੈਂ ਇਨ੍ਹਾਂ ਚੀਜ਼ਾਂ ਵੱਲ ਤੁਹਾਡੀ ਤਵੱਜੋ ਦਿਲਾਈ ਹੈ। ਮੈਨੂੰ ਆਸ ਹੈ ਕਿ ਤੁਸੀਂ ਧਿਆਨ ਦਿਓਗੇ ਅਤੇ ਲੋਕਾਂ ਦਾ ਭਲਾ ਕਰੋਗੇ। (ਘੰਟੀ)

ਸਪੀਕਰ ਸਾਹਿਬ, ਬਸ ਜੀ ਮੈਂ ਦੋ ਮਿਨਟ ਹੀ ਲੈਣੇ ਹਨ। ਇਹ ਇਕ ਮੋਗੇ ਵਿਚੋਂ ਚਿੱਠੀ ਆਈ ਹੈ। ਉਥੇ ਇਕ ਕਤਲ ਦੀ ਐਫ. ਆਈ. ਆਰ. ਦਰਜ ਹੋਈ ਸੀ ਜਿਸ ਵਿਚ ਪੁਲਿਸ ਇਨਸਪੈਕਟਰ ਸੀ ਨਾਲ ਚਾਰ ਹੋਰ ਪੁਲਿਸ ਅਫਸਰ ਸਨ। ਉਸ ਕੇਸ ਵਿਚ ਸੁਪਰੀਮ ਕੋਰਟ ਵਿਚੋਂ ਸਜ਼ਾ ਹੋ ਗਈ (ਵਿਘਨ) (ਘੰਟੀ) ਉਥੇ ਦਾ ਜਿਹੜਾ ਇੱਕ ਜੋਗਿੰਦਰ ਸਿੰਘ ਇਨਸਪੈਕਟਰ ਸੀ, ਉਹ ਇਕ ਵਾਰ ਬੇਸ਼ ਹੋ ਕੇ ਭੱਜ ਗਿਆ, ਉਸ ਦਾ ਮਰਿਆ ਹੋਣ ਕਰ ਕੇ ਭੋਗ ਪਾ ਦਿਤਾ ਗਿਆ ਸੀ। ਉਹ ਕਨਾਲ ਵਿਚ ਫਿਰ ਰਿਹਾ ਸੀ। ਹੁਣ ਇਹ ਉਸ ਨੂੰ ਬਹਾਲ ਕਰਦੇ ਫਿਰਦੇ ਹਨ। ਮੈਂ ਕਹਿੰਦਾ ਹਾਂ ਕਿ ਜਿਸ ਨੇ ਕਤਲ ਕੀਤੇ ਹਨ, ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ। (ਵਿਘਨ)

ਸਰਦਾਰ ਸੰਤ ਸਿੰਘ (ਧੂਰੀ) : ਸਪੀਕਰ ਸਾਹਿਬ, ਹੁਣ ਤਕ ਬਜਟ ਤੇ ਜਾਂ ਅੱਜ ਡਿਮਾਂਡਜ਼ ਤੇ ਆਪਣੀ ਆਪਣੀ ਥਾਂ ਤੇ ਬੁਲਾਰੇ ਬੜੇ ਚੰਗੇ ਢੰਗ ਨਾਲ ਬੋਲੇ ਹਨ, ਪਰ ਅਸਲ ਵਿਚ ਕਿਸੇ ਨੇ, ਭਾਵੇਂ ਇਸ ਪਾਸੇ ਦੇ ਹਨ ਭਾਵੇਂ ਉਸ ਪਾਸੇ ਦੇ ਹਨ, ਬਜਟ ਨੂੰ ਸਮਝਿਆ ਹੀ ਨਹੀਂ। (ਵਿਘਨ) ਰਾਜ ਭਾਵੇਂ ਇਨ੍ਹਾਂ ਦਾ ਹੋਵੇ ਭਾਵੇਂ ਉਨ੍ਹਾਂ ਦਾ ਹੋਵੇ, ਭਾਵੇਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਹੋਵੇ ਭਾਵੇਂ ਕੈਰੋਂ ਸਾਹਿਬ ਦਾ ਹੋਵੇ, ਸੈਂਟਰ ਵਿਚ ਭਾਵੇਂ ਇੰਦਰਾ ਗਾਂਧੀ ਦਾ ਹੋਵੇ ਭਾਵੇਂ ਕਿਸੇ ਹੋਰ ਦਾ ਹੋਵੇ, ਅਸਲ ਮਾਹਨਿਆਂ ਵਿੱਚ ਇੱਕ ਦੂਜੇ ਤੇ ਇਲਜ਼ਾਮ ਲਾਉਂਦੇ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਅਸਲ ਇਲਜ਼ਾਮਾਂ ਦੇ ਭਾਗੀ ਕੌਣ ਹਨ। 33 ਸਾਲ ਦੀ ਉਮਰ ਦੇ ਵਿਚ ਇਸ ਐਡਮਨਿਸਟਰੇਸ਼ਨ ਵਿੱਚ ਆਈ. ਪੀ. ਐਸ. ਅੱਰ ਆਈ. ਏ. ਐਸ. ਅਫਸਰਾਂ ਨੇ ਆਪਣੀ ਕੁਰਸੀ ਅਤੇ ਆਪਣੀ ਨੌਕਰੀ ਦੀ ਸੁਰੱਖਿਆ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਕੀਤਾ। ਨਾ ਇਨ੍ਹਾਂ ਨੂੰ ਪਤਾ ਹੈ ਅਤੇ ਨਾ ਉਨ੍ਹਾਂ ਨੂੰ ਪਤਾ ਹੈ ਕਿ ਰਾਜ ਕੌਣ ਕਰ ਰਿਹਾ ਹੈ। ਹੁਣ ਬਜਟ ਪੇਸ਼ ਹੋਇਆ ਹੈ, ਬਣਾਉਣ ਵਾਲੇ ਛਿਪੇ ਹੋਏ ਹਨ, ਛਪਣ ਦੇ ਬਾਅਦ ਅੰਤ ਵਿਚ ਡਾਕਟਰ ਕੇਵਲ ਕ੍ਰਿਸ਼ਨ ਦਾ ਨਾਂ ਲਿਖ ਦਿਤਾ ਹੈ। ਅਸੀਂ ਵੀ ਉਸ ਬਜਟ ਦੇ ਆਂਕੜੇ ਵੇਖ ਕੇ ਅਗਰ ਉਹ ਵੱਧ ਹਨ ਤਾਂ ਅਸੀਂ ਖੁਸ਼ ਹੋ ਜਾਂਦੇ ਹਾਂ ਅੱਰ ਅਗਰ ਘੱਟ ਹਨ ਤਾਂ ਅਸੀਂ ਕ੍ਰਿਟੇਸਾਈਜ਼ ਕਰ ਦਿੰਦੇ ਹਾਂ। ਸਪੀਕਰ ਸਾਹਿਬ, ਅਸਲੀ ਗਲ ਲਭਣ ਦੀ ਲੋੜ ਹੈ, ਜਿਥੇ ਹਥ ਪਾਉਣਾ ਹੈ। ਸਰਦਾਰ ਦਰਬਾਰਾ ਸਿੰਘ ਨੂੰ ਮੌਕਾ ਮਿਲਿਆ ਹੈ। 18 ਸਾਲ ਪਹਿਲਾਂ ਇਹ ਭੇਸ ਬਦਲ ਕੇ ਵੇਖਦੇ ਰਹੇ ਹਨ (ਵਿਘਨ)। ਮੈਂ ਉਮੀਦ ਕਰਦਾ ਹਾਂ ਕਿ ਇਹ ਰਾਜ ਪ੍ਰਬੰਧ ਚੰਗੀ ਤਰ੍ਹਾਂ ਚਲਾਉਣਗੇ। ਨਹੀਂ ਤਾਂ ਕੁਰਸੀ ਤੇ ਜੋ ਦੋ ਅੱਖ ਵਿਰਸੇ ਵਿਚੋਂ ਆਏ ਹਨ, ਉਹ ਮੈਂ ਪਹਿਲੋਂ ਅਰਜ਼ ਕਰ ਹੀ ਚੁੱਕਾ ਹਾਂ ਕਿ ਅਫਸਰਸ਼ਾਹੀ ਜੋ ਦੇ ਦਿੰਦੀ ਹੈ ਕਹਿ ਦਿੰਦੇ ਹਾਂ। ਇਸੇ ਤਰ੍ਹਾਂ ਹੀ ਜਨਰਲ ਐਡਮਨਿਸਟਰੇਸ਼ਨ ਅਤੇ ਪੁਲਿਸ ਦੀ ਡਿਮਾਂਡ ਜਿਨ੍ਹਾਂ ਤੇ ਬਹਿਸ ਚਲ

Original with;
Punjab Vidhan Sabha
Digitized by;
Panjab Digital Library

ਹਨੀ ਹੈ ਵਿਰਸੇ ਵਿਚ ਇਹ ਅੱਖਰ ਮਿਲੇ ਹਨ। I am sorry. ਜੇਕਰ ਇਹ ਇਸ ਵਿਚ ਨਹੀਂ ਪੈਣਗੇ ਤਾਂ ਚੰਗਾ ਪ੍ਰਬੰਧ ਚਲਾ ਸਕਣਗੇ। ਪਰ ਮੈਨੂੰ ਉਮੀਦ ਨਹੀਂ ਕਿ ਇਹ ਬਚ ਜਾਣਗੇ ਕਿਉਂਕਿ ਇਹ ਚੀਜ਼ ਅਗੇ ਸਾਰੇ ਦਸਦੇ ਆਏ ਹਨ। ਜਿਥੋਂ ਤਕ ਬਜਟ ਦੇ ਅੰਕੜਿਆਂ ਦਾ ਤੁਅੱਲਕ ਹੈ ਬੜੇ ਸੋਹਣੇ ਢੰਗ ਨਾਲ ਪੇਸ਼ ਕਰਦੇ ਹਨ ਅਤੇ ਇਸ ਦਾ ਅੰਦਾਜ਼ ਵੀ ਚੰਗਾ ਹੈ। ਪਰ ਵੇਖਣ ਵਾਲੀ ਗਲ ਇਹ ਹੈ ਕਿ ਕੀ ਇਹ ਸਹੀ ਢੰਗ ਨਾਲ ਬਜਟ ਇਸਤੇਮਾਲ ਹੋਵੇਗਾ ? ਇਸ ਦੀ ਪੜਚੋਲ ਕਰਨੀ ਚਾਹੀਦੀ ਹੈ। ਕਿਸੇ ਵੀ ਡਿਪਾਰਟਮੈਂਟ ਵਾਸਤੇ ਜਿਹੜਾ ਬਜਟ ਰੱਖਿਆ ਜਾਂਦਾ ਹੈ, ਉਸ ਦਾ ਕਿੰਨਾ ਹਿੱਸਾ ਅਸਟੈਬਲਿਸ਼ਮੈਂਟ ਤੇ ਲਾਇਆ ਜਾਂਦਾ ਹੈ, ਮੈਨੂੰ ਇਸ ਬਾਰੇ ਸੰਗਰੂਰ ਦਾ ਪਤਾ ਹੈ। ਇਰੀਗੇਸ਼ਨ ਅਤੇ ਪੀ. ਡਬਲਿਊ. ਡੀ. ਵਾਲਿਆਂ ਦਾ ਉਨ੍ਹਾਂ ਨੇ ਗਰੀਵੈਂਸਿਜ਼ ਕਮੇਟੀ ਵਿਚ ਆਪਣੇ ਅੰਕੜੇ ਪੇਸ਼ ਕੀਤੇ ਸ਼ਾਇਦ ਬਾਦਲ ਸਾਹਿਬ ਵੀ ਉਥੇ ਸਨ ਅਤੇ ਕਿਹਾ ਕਿ ਅਸੀਂ 47 ਲੱਖ ਰੁਪਏ ਖਰਚ ਕਰ ਦਿਤੇ ਹਨ। ਅਸੀਂ ਕਿਹਾ ਕਿ ਸੜਕ ਤੇ ਕੋਈ ਮਾਲ ਨਹੀਂ ਦਿਸਦਾ ਤਾਂ ਪਤਾ ਲਗਿਆ ਕਿ ਉਹ ਸਾਰਾ ਪੈਸਾ ਅਸਟੈਬਲਿਸ਼ਮੈਂਟ ਤੇ ਖਰਚ ਹੋ ਗਿਆ। ਜੇਕਰ ਇਤਨੀ ਵੱਡੀ ਰਕਮ ਸਿਰਫ ਅਸਟੈਬਲਿਸ਼ਮੈਂਟ ਤੇ ਹੀ ਖਰਚ ਕਰ ਦੇਣੀ ਹੈ ਤਾਂ ਸਾਡੇ ਰਾਜ ਦਾ ਕੀ ਫਾਇਦਾ ? (~~ਵਿਘਨ~~) ਅਸੀਂ ਵੀ ਇਥੇ ਬੈਠੇ ਹਾਂ, ਟੀ. ਏ., ਡੀ. ਏ., ਮਿਲ ਜਾਂਦਾ ਹੈ। 45 ਰੁਪਏ ਦਿਹਾੜੀ ਮਿਲਦੀ ਹੈ। ਅਗਰ ਡਬਲ ਸਿੰਟਿੰਗ ਹੋਵੇ ਤਾਂ ਲੰਚ ਵੀ ਮਿਲ ਜਾਂਦਾ ਹੈ (~~ਵਿਘਨ~~) ਬਜਟ ਜਿਹੜਾ ਹੈ, ਉਹ ਵੱਧ ਤੋਂ ਵੱਧ ਲੋਕਾਂ ਵਾਸਤੇ ਖਰਚ ਹੋਣਾ ਚਾਹੀਦਾ ਹੈ। ਮੈਂ ਸਰਦਾਰ ਦਰਬਾਰਾ ਸਿੰਘ ਨੂੰ ਕਹਾਂਗਾ ਕਿ ਇਹ ਬਜਟ ਲੋਕਾਂ ਦੇ ਚੰਗੇ ਕੰਮਾਂ ਤੇ ਲਗਾਇਆ ਜਾਵੇ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੁਝ ਕੋਸ਼ਿਸ਼ ਕੀਤੀ ਸੀ, ਪੁਲਿਸ ਤੇ ਰੋਕ ਲਾਉਣ ਦੀ। ਕੁਝ ਚੀਜ਼ਾਂ ਉਹ ਹੱਥ ਪਾਇਆ ਸੀ ਅਤੇ ਥਾਣਿਆਂ ਵਿਚ ਰਿਸ਼ਵਤ ਨਹੀਂ ਸੀ ਲਈ ਜਾਂਦੀ (ਵਿਘਨ) ਕੁਝ ਰੋਕ ਲਾਈ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੋ ਚਾਰ ਗੱਲਾਂ ਕਰਾਂਗਾ ਅਤੇ ਬਹੁਤ ਸਮਾਂ ਨਹੀਂ ਲੈਣਾ। ਜਿਸ ਹੱਦ ਤੱਕ ਰਿਸ਼ਵਤ ਦਾ ਤੁਅੱਲਕ ਹੈ, ਹੁਣ ਵੀ ਇਥੇ ਮੇਰੇ ਕਈ ਦੋਸਤਾਂ ਨੇ ਜ਼ਿਕਰ ਕੀਤਾ ਸੀ ਕਿ ਕਿਸੇ ਮਹਿਕਮੇਂ ਵਿੱਚ ਚਲੇ ਜਾਵੋ ਕਿਤੇ ਪੜਚੋਲ ਕਰ ਲਵੋ ਬਗੈਰ ਪੈਸਿਉਂ ਕੋਈ ਕੰਮ ਨਹੀਂ ਹੁੰਦਾ। ਇਹ ਪੈਸੇ ਦੇਣ ਦੀ ਆਦਤ ਕਿਸ ਨੇ ਪਾਈ, ਇਹ ਆਦਤ ਪਾਈ ਵਪਾਰੀਆਂ ਨੇ, ਜਿਸ ਨੇ ਨਾਜਾਇਜ਼ ਢੰਗ ਨਾਲ ਪੈਸਾ ਕਮਾਉਣਾ ਹੈ, ਨਾਜਾਇਜ਼ ਸ਼ਰਾਬ ਇਸਤੇਮਾਲ ਕਰਨ ਵਾਲੇ ਨੇ, ਅਫੀਮ ਵੇਚਣ ਵਾਲਿਆਂ ਠੇਕੇਦਾਰਾਂ ਨੇ ਅਤੇ ਸਮਗਲਰਾਂ ਨੇ। ਇਨ੍ਹਾਂ ਸਾਰਿਆਂ ਨੇ ਨਾਜਾਇਜ਼ ਢੰਗ ਨਾਲ ਪੈਸੇ ਕਮਾਉਣੇ ਹੁੰਦੇ ਹਨ ਉਨ੍ਹਾਂ ਨੇ ਭੈੜੀਆਂ ਆਦਤਾਂ ਪਾਈਆਂ। ਇਥੇ ਕਈ ਦੋਸਤ ਬੈਠੇ ਹਨ, ਜਿਹੜੇ ਅਫੀਮ ਦੀ ਗੱਲ ਕਰਦੇ ਹਨ, ਨਾਜਾਇਜ਼ ਸ਼ਰਾਬ ਦੀ ਗੱਲ ਕਰਦੇ ਹਨ, ਸਾਨੂੰ ਪਤਾ ਹੈ ਕਿ ਉਹ ਇਨ੍ਹਾਂ ਚੀਜ਼ਾਂ ਦੇ ਠੇਕੇਦਾਰ ਹਨ। ਅਸਲ ਗੱਲ ਇਹ ਹੈ ਕਿ ਉਹ ਠੇਕੇਦਾਰ ਜਿਸ ਨੇ ਕਤਲ ਕੀਤਾ ਅੰਮ੍ਰਿਤਸਰ ਵਿਚ ਉਸ ਦੀ ਠੇਕੇਦਾਰੀ ਇਹ ਸਰਕਾਰ ਵਾਲੇ ਕਰੀ ਜਾਂਦੇ ਹਨ, ਉਨ੍ਹਾਂ ਠੇਕੇਦਾਰਾਂ ਤੋਂ ਕੀ ਤਵੱਕੋ ਕੀਤੀ ਜਾ ਸਕਦੀ ਹੈ। ਮੇਰੇ ਸਾਹਮਣੇ ਬੈਠੇ ਭਰਾ ਇਸ ਲਈ ਟੋਕਾ ਟਾਕੀ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਠੇਕੇਦਾਰੀ ਨੰਗੀ ਹੁੰਦੀ ਹੈ।

ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਕਹਾਂਗਾ। ਮੈਂ ਇਸ ਕਰਕੇ ਇਹ ਗਲ ਕਹੀ ਸੀ ਤਾਂ ਕਿ ਵੇਖ ਸਕਾਂ ਕਿ ਠੇਕੇਦਾਰ ਕਿਹੜੇ ਕਿਹੜੇ ਹਨ। (ਵਿਘਨ) ਜਿਹੜੇ ਉਤਾਂਹ ਉਤਾਂਹ ਉਠ ਕੇ ਛਾਲਾਂ ਮਾਰਦੇ ਹਨ, ਇਹ ਠੇਕੇਦਾਰ ਹਨ। ਇੱਕ ਮਜ਼ੇਠੇ ਦਾ ਕੇਸ ਹੋਇਆ ਹੈ। 28 ਜੂਨ, 1980 ਨੂੰ ਐਸ. ਐਚ. ਓ., ਹੈਡ ਕਾਂਸਟੇਬਲ ਤੇ ਦੋ ਤਿੰਨ ਸਿਪਾਹੀਆਂ ਨਾਲ ਗਸ਼ਤ ਤੇ ਗਿਆ। ਤਿਨ ਚਾਰ ਸ਼ਰਾਬੀ ਇੱਕ ਠੇਕੇ ਦੇ ਨੇੜੇ ਖਰਾਬੀ ਕਰਦੇ ਸਨ। ਲੋਕਾਂ ਨੂੰ ਤੰਗ ਕਰਦੇ ਸਨ। ਇਨ੍ਹਾਂ ਨੇ ਸ਼ਰਾਬੀਆਂ ਨੂੰ ਉਥੋਂ ਜਾਣ ਲਈ ਕਿਹਾ। ਉਹ ਸ਼ਰਾਬੀ ਐਸ. ਐਚ. ਓ. ਦੇ ਗਲ ਪੈ ਗਏ। ਥਾਣੇਦਾਰ ਦੀ ਵਰਦੀ ਪਾੜ ਦਿੱਤੀ, ਹੈਡ ਕਾਂਸਟੇਬਲ ਦੀ ਵਰਦੀ ਪਾੜ ਦਿੱਤੀ ਅਤੇ ਉਨ੍ਹਾਂ ਨੂੰ ਢਾਹ ਲਿਆ। ਐਸ. ਐਚ. ਓ. ਨੂੰ ਹੋਰ ਫੋਰਸ ਮੰਗਾਉਣੀ ਪਈ। ਉਥੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੰਤ ਸਿੰਘ]

ਏ. ਐਸ. ਪੀ. ਅਤੇ ਡੀ. ਐਸ. ਪੀ. ਆਏ ਉਨ੍ਹਾਂ ਨੇ ਆਕੇ ਸ਼ਰਾਬੀਆਂ ਨੂੰ ਫੜਿਆ। ਪੁਲਿਸ ਦੇ ਡਿਊਟੀ ਤੇ ਗਏ ਸਿਪਾਹੀਆਂ ਦੀ ਵਰਦੀ ਪਾੜੀ ਗਈ। ਉਹ ਸ਼ਰਾਬੀ ਠੇਕੇਦਾਰ ਦੀ ਮਦੱਦ ਕਰਦੇ ਸਨ। ਫਿਰ ਹੋਇਆ ਕੀ ? ਉਨ੍ਹਾਂ ਤੇ ਮੁਕੱਦਮਾ ਬਣਿਆ। ਸਪੀਕਰ ਸਾਹਿਬ, ਕੁਝ ਤਾਂ ਇਹ (ਕਾਂਗਰਸੀ ਬੈਂਚਾਂ ਵੱਲ ਇਸ਼ਾਰਾ) ਵਿੰਗੇ ਟੇਢੇ ਢੰਗ ਨਾਲ ਜਿੱਤ ਕੇ ਆ ਗਏ ਹਨ ਅਤੇ ਜਿਹੜੇ ਕਾਂਗਰਸੀਏ, ਖਦਰਪੋਸ਼ੀਏ ਹਾਰੇ ਹੋਏ ਹਨ, ਉਹ ਵੀ ਆਪਣੇ ਆਪ ਨੂੰ ਹੁਕਮਰਾਨ ਸਮਝਦੇ ਹਨ। ਉਹ ਇਥੇ ਆਏ। ਇਥੇ ਆ ਕੇ ਕੁਝ ਵਜ਼ੀਰਾਂ ਨੂੰ ਮਿਲੇ। ਆਈ. ਜੀ. ਨੂੰ ਕਿਹਾ ਗਿਆ ਅਤੇ ਉਸ ਥਾਣੇਦਾਰ ਅਤੇ ਸਿਪਾਹੀਆਂ ਦੀ ਬਦਲੀ ਕੀਤੀ ਗਈ। ਉਥੇ ਦਾ ਹਾਰਿਆ ਹੋਇਆ ਕਾਂਗਰਸੀ ਕੈਂਡੀਡੇਟ ਇਥੇ ਆਇਆ ਅਤੇ ਇਸਦੇ ਕਹਿਣ ਤੇ ਇਸ ਤਰ੍ਹਾਂ ਹੋਇਆ। ਕੀ, ਸਪੀਕਰ ਸਾਹਿਬ, ਅਸੀਂ ਉਮੀਦ ਰਖ ਸਕਦੇ ਹਾਂ ਕਿ ਠੇਕੇਦਾਰ ਠੀਕ ਰਹਿਣਗੇ ? (ਘੰਟੀ)

ਸਪੀਕਰ ਸਾਹਿਬ, ਮੈਂ ਹੁਣ ਪੂਰੀ ਦੀ ਗਲ ਕਰਦਾ ਹਾਂ। (ਵਿਘਨ) ਚਾਰ ਕਾਂਸਟੇਬਲ ਸੀ ਅਤੇ ਇੱਕ ਉਨ੍ਹਾਂ ਦਾ ਇਨਚਾਰਜ ਸੀ। ਇੱਕ ਜ਼ਨਾਨੀ ਨੂੰ ਖਦਰਪੋਸ਼ੀਆ ਠੇਕੇਦਾਰ ਅਤੇ ਪੁਲਿਸ ਦੇ ਸਿਪਾਹੀ ਕਾਰਖਾਨੇ ਵਿਚ ਲੈ ਗਏ। ਇਸ ਕੇਸ ਦਾ ਅੱਗੇ ਵੀ ਇਥੇ ਜ਼ਿਕਰ ਹੋਇਆ ਹੈ। ਉਥੇ ਉਸ ਜ਼ਨਾਨੀ ਦੀ ਉਨ੍ਹਾਂ ਨੇ ਬੇਪੱਤੀ ਕੀਤੀ। ਅੱਗੇ ਵੀ ਬਦਮਾਸ਼ਾਂ ਨੇ ਇਸਦੀ ਬੇਪੱਤੀ ਕੀਤੀ ਸੀ। ਇਹ ਉਸ ਨੂੰ ਥਾਣੇ ਲਿਜਾਣ ਦੇ ਬਹਾਨੇ ਕਾਰਖਾਨੇ ਵਿਚ ਲੈ ਗਏ (ਵਿਘਨ) ਇਹ ਨੀਲੀਆਂ ਪੱਗਾਂ ਵਾਲੇ ਨਹੀਂ ਕਰਦੇ, ਚਿੱਟੀਆਂ ਪੱਗਾਂ ਵਾਲੇ ਕਰਦੇ ਹਨ।

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ।

ਸਰਦਾਰ ਸੰਤ ਸਿੰਘ : ਸਪੀਕਰ ਸਾਹਿਬ, 33 ਸਾਲਾਂ ਵਿਚ ਇਹੀ ਇਹ ਸਿਖੇ ਹਨ। ਹੁਕਮਰਾਨੀ ਦੇ ਨਸ਼ੇ ਵਿਚ ਇਨ੍ਹਾਂ ਨੇ ਇਹੀ ਕੁਝ ਸਿਖਿਆ ਹੈ। ਮੈਂ ਵੀ ਇਨ੍ਹਾਂ ਦੇ ਨਾਲ ਰਿਹਾ ਹਾਂ। ਮੈਂ ਕਈ ਸਾਲ ਕਾਂਗਰਸ ਵਿਚ ਰਿਹਾ ਹਾਂ। ਮੈਂ ਐਮ. ਐਲ. ਏ. ਵੀ ਰਿਹਾ ਹਾਂ। ਪਰ ਇਨ੍ਹਾਂ ਦੀਆਂ ਅੰਦਰੂਨੀ ਕਰਤੂਤਾਂ ਵੇਖ ਕੇ ਹੀ ਮੈਂ ਇਨ੍ਹਾਂ ਨੂੰ ਛੱਡਿਆ ਸੀ। ਸਰਦਾਰ ਦਰਬਾਰਾ ਸਿੰਘ ਵੀ ਮੇਰੇ ਨਾਲ ਰਹੇ ਹਨ। ਇਹ ਬਹੁਤ ਇਮਾਨਦਾਰ ਆਦਮੀ ਹਨ। ਪਰ ਇਨ੍ਹਾਂ ਨੂੰ 18 ਸਾਲ ਇਥੋਂ ਬਾਹਰ ਰਖਿਆ ਗਿਆ। ਇਹ ਇਨ੍ਹਾਂ ਦੀ ਲੀਡਰ-ਸ਼ਿਪ ਨੇ ਹੀ ਕੀਤਾ। ਕੁਦਰਤ ਨਾਲ ਕਹਿ ਲਓ, ਇਨ੍ਹਾਂ ਦੀ ਹਿੰਮਤ ਦਾ ਨਤੀਜਾ ਕਹਿ ਲਓ, ਜਾਂ ਹਾਲਾਤ ਦੇ ਕਾਰਣ ਕਹਿ ਲਓ, ਇਹ ਇਥੇ ਆ ਗਏ ਹਨ। ਇਨ੍ਹਾਂ ਨੂੰ ਹਰਾਉਣ ਦੇ ਵੀ ਯਤਨ ਹੁੰਦੇ ਰਹੇ। ਸਿਰਫ ਤਿੰਨ, ਚਾਰ ਸੌ ਵੋਟਾਂ ਨਾਲ ਹੀ ਇਹ ਜਿੱਤੇ ਹਨ। ਸਰਦਾਰ ਗੁਰਦਰਸ਼ਨ ਸਿੰਘ ਇਥੇ ਬੈਠੇ ਨਹੀਂ ਹਨ। ਇਨ੍ਹਾਂ ਨੇ ਮੇਰੇ ਖਿਲਾਫ ਵੀ ਇੱਕ ਬੰਦੇ ਨੂੰ ਇਲੈਕਸ਼ਨ ਵਿਚ ਖੜਾ ਕੀਤਾ। ਉਸਨੂੰ ਪੈਸੇ ਦਿੱਤੇ। ਮੈਂ ਫਿਰ ਵੀ 4,000 ਵੋਟਾਂ ਨਾਲ ਜਿੱਤ ਕੇ ਆਇਆ ਹਾਂ ਕਿਉਂਕਿ ਮੇਰੇ ਹਲਕੇ ਦੇ ਵੋਟਰਾਂ ਨੂੰ ਪਤਾ ਸੀ ਕਿ ਮੈਂ ਚੋਰਾਂ ਨੂੰ ਛੱਡ ਗਿਆ ਹਾਂ।

ਸ਼੍ਰੀ ਜੋਗਿੰਦਰ ਪਾਲ ਪਾਂਡੇ (ਬੈਠੇ, ਬੈਠੇ) : ਸਪੀਕਰ ਸਾਹਿਬ, ਇਹ ਕਿਹੜੇ ਡਾਕੂਆਂ ਵਿਚ ਮਿਲ ਗਏ ਹਨ, ਇਹ ਦੱਸ ਦੇਣ।

ਸਰਦਾਰ ਸੰਤ ਸਿੰਘ : ਸਪੀਕਰ ਸਾਹਿਬ, ਹੁਣ ਡੀਜ਼ਲ ਦਾ ਸਵਾਲ ਆਉਂਦਾ ਹੈ। ਇਹ ਕਿਤੇ ਵੀ ਨਹੀਂ ਮਿਲਦਾ। (ਘੰਟੀ) ਸਪੀਕਰ ਸਾਹਿਬ, ਮੈਂ ਇਕੋ ਗਲ ਕਹਿ ਕੇ ਬੈਠ ਜਾਂਦਾ ਹਾਂ। ਡੀਜ਼ਲ ਦਾ ਰੇਟ 65 ਪੈਸੇ ਲਿਟਰ ਵਧਾ ਦਿੱਤਾ। ਪਰ ਇਹ ਮਿਲਦਾ ਫਿਰ ਵੀ ਨਹੀਂ। 900 ਰੁਪਏ ਦਾ ਢੋਲ ਜਿਤਨਾ ਮਰਜ਼ੀ ਜਦੋਂ ਮਰਜ਼ੀ ਲੈ ਲਓ। ਕੀ ਇਨ੍ਹਾਂ ਨੇ ਪੁਲਿਸ ਇਸ ਵਾਸਤੇ ਰੱਖੀ ਹੈ ? ਜਿਹੜਾ ਬਜਟ ਦਾ ਘਾਟਾ ਹੈ, ਇਸਦਾ ਕੋਈ ਡਰ ਨਹੀਂ। ਐਡਮਨਿਸਟਰੇਸ਼ਨ ਵਾਸਤੇ ਜਿਤਨਾ ਮਰਜ਼ੀ ਪੈਸਾ ਲੈ ਲੈਣ, ਪਰ ਕਲੀਨ ਐਡਮਨਿਸਟਰੇਸ਼ਨ ਦੇਣ। ਅੱਜ ਕੀ ਹੋ ਰਿਹਾ ਹੈ ? ਕਾਂਸਟੇਬਲ ਤੋਂ ਲੈ ਕੇ ਉਪਰ ਤਕ ਹਿੱਸਾ ਪੱਤੀ ਹੈ। ਰਿਸ਼ਵਤ ਲਈ ਜਾਂਦੀ ਹੈ ਅਤੇ ਇਹ ਉਪਰ ਤਕ ਪਹੁੰਚਦੀ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਟਾਈਮ ਹੋ ਗਿਆ ਹੈ। ਮੈਂ ਤੁਹਾਨੂੰ ਇਲਤਜਾ ਕਰਦਾ ਹਾਂ ਕਿ ਹੁਣ ਤੁਸੀਂ ਬੈਠ ਜਾਓ।

ਸਰਦਾਰ ਸੰਤ ਸਿੰਘ : ਮੈਂ ਉਮੀਦ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਇਸ ਬਜਟ ਨੂੰ ਘੋਖ ਕੇ ਵੇਖਣਗੇ। ਡਾਕਟਰ ਕੇਵਲ ਕ੍ਰਿਸ਼ਨ ਦੇ ਲਿਖੇ ਤੇ ਪੜ੍ਹੇ ਹੋਏ ਬਜਟ ਤੇ ਹੀ ਨਹੀਂ ਰਹਿਣਗੇ। ਐਸਟੈਬਲਿਸ਼ਮੈਂਟ ਤੇ ਜਿਹੜਾ ਖਰਚਾ ਹੁੰਦਾ ਹੈ, ਉਸਨੂੰ ਵੇਖਣਗੇ ਅਤੇ ਜਿਹੜਾ ਪੈਸਾ ਅਸਲੀ ਮਾਹਨਿਆਂ ਵਿਚ ਲੋਕਾਂ ਤੇ ਖਰਚ ਹੋਵੇਗਾ, ਉਸਨੂੰ ਵੇਖਣਗੇ। ਅੱਛਾ ਜੀ, ਮੈਂ ਤੁਹਾਡਾ ਧੰਨਵਾਦ ਕਰਕੇ ਬੈਠ ਜਾਂਦਾ ਹਾਂ।

ਸ਼੍ਰੀ ਸਪੀਕਰ : ਅੱਜ ਵੀ ਇੱਕ ਘਟਨਾ ਹਾਊਸ ਵਿਚ ਵਾਪਰੀ ਹੈ। ਇਥੇ ਕਈ ਆਦਮੀਆਂ ਨੇ ਸਲੋਗਨ ਰੇਜ਼ ਕੀਤੇ ਹਨ ਅਤੇ ਲੀਫਲੈਟਸ ਸੁੱਟੇ ਹਨ। ਇਹ ਬੜੇ ਅਫਸੋਸ ਦੀ ਗਲ ਹੈ। ਕੱਲ ਵੀ ਅਜਿਹੀ ਘਟਨਾ ਹੋਈ ਸੀ। ਉਸਨੂੰ ਅਸੀਂ ਘੱਟ ਸਜ਼ਾ ਦਿੱਤੀ ਸੀ। ਅੱਜ ਫਿਰ ਇਹ ਵਾਕਿਆ ਹੋਇਆ ਹੈ। ਇਸ ਲਈ ਐਫ. ਐਮ. ਸਾਹਿਬ ਨੇ ਮੋਸ਼ਨ ਮੂਵ ਕਰਨੀ ਹੈ। ਐਫ. ਐਮ. ਸਾਹਿਬ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਸਰਕਾਰ ਦੀ ਨਾਅਹਿਲੀਅਤ ਨਾਲ ਹੋ ਰਿਹਾ ਹੈ।

ਵਿੱਤ ਮੰਤਰੀ : ਇਹ ਆਪੋਜ਼ੀਸ਼ਨ ਦੀ ਸਾਜ਼ਿਸ਼ ਨਾਲ ਹੋ ਰਿਹਾ ਹੈ। ਆਪੋਜ਼ੀਸ਼ਨ ਦੇ ਮੈਂਬਰ ਇਨ੍ਹਾਂ ਨੂੰ ਪਾਸ ਦਿਵਾਉਂਦੇ ਹਨ।

ਸ਼੍ਰੀ ਸਪੀਕਰ : ਮੈਂਬਰ ਪਾਸ ਇਸ਼ੂ ਕਰਵਾਉਂਦੇ ਹਨ। ਮੈਂਬਰਾਂ ਦੇ ਆਦਮੀਆਂ ਨੂੰ ਜੇ ਪੂਰੀ ਤਰ੍ਹਾਂ ਸਰਚ ਕਰੀਏ ਤਾਂ ਫਿਰ ਕਿਹਾ ਜਾਂਦਾ ਹੈ ਕਿ ਸਾਡੀ ਬੇਇਜ਼ਤੀ ਕੀਤੀ ਜਾਂਦੀ ਹੈ। ਇਸ ਕਰਕੇ ਮੈਂਬਰਾਂ ਨੂੰ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਪਾਸ ਇਸ਼ੂ ਕਰਾਉਣ ਵੇਲੇ ਧਿਆਨ ਰੱਖਣਾ ਚਾਹੀਦਾ ਹੈ।

ਸਰਦਾਰ ਸੰਤ ਸਿੰਘ : ਸਪੀਕਰ ਸਾਹਿਬ, ਜੇਕਰ ਪਾਸ ਸਾਡਾ ਇਸ਼ੂ ਕੀਤਾ ਹੋਇਆ ਤਾਂ ਅਸੀਂ ਜ਼ਰੂਰ ਮਹਿਸੂਸ ਕਰਾਂਗੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਸਭ ਤੋਂ ਪਹਿਲਾਂ ਆਪਣੀ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹਵਾਂਗਾ ਕਿਉਂਕਿ ਧੂਰੀ ਸਾਹਿਬ ਨੇ, ਜ਼ੈਲਦਾਰ ਸਾਹਿਬ ਨੇ ਬਾਰ ਬਾਰ ਮੇਰਾ ਨਾਮ ਲਿਆ ਹੈ ਕਿ ਡਾਕਟਰ ਕੇਵਲ ਕ੍ਰਿਸ਼ਨ ਨੇ ਬਿਨਾਂ ਵੇਖੇ ਬਜਟ ਤੇ ਦਸਖਤ ਕਰ ਦਿੱਤੇ ਹਨ।

ਸਰਦਾਰ ਸੰਤ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਨਾਮ ਨਹੀਂ ਲਿਆ। ਮੈਂ ਖਜ਼ਾਨਾ ਮੰਤਰੀ ਕਿਹਾ ਹੈ। ਮੈਂ ਕਿਹਾ ਹੈ ਕਿ ਇਨ੍ਹਾਂ ਨੇ ਬਤੌਰ ਖਜ਼ਾਨਾ ਮੰਤਰੀ ਦੇ ਦਸਖਤ ਕੀਤੇ ਹਨ।

PERSONAL EXPLANATION BY DR. KEWAL KRISHAN, FINANCE MINISTER

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਇਹ ਦੇਣੀ ਚਾਹੁੰਦਾ ਹਾਂ ਕਿ ਧੂਰੀ ਸਾਹਿਬ ਨੇ ਬੜੀ ਸਥੀਅਸ ਗੱਲ ਕਹੀ ਹੈ ਕਿ ਮੈਂ ਬਿਨਾਂ ਸੋਚੇ, ਬਿਨਾਂ ਦੇਖੇ, ਜੋ ਡਿਪਾਰਟਮੈਂਟ ਨੇ ਬਜਟ ਤਿਆਰ ਕੀਤਾ, ਉਸ ਉਤੇ ਦਸਖਤ ਕਰ ਦਿੱਤੇ ਹਨ। ਮੈਂ ਕਹਿਣਾ ਚਾਹਵਾਂਗਾ ਕਿ ਜ਼ੈਲਦਾਰ ਸਾਹਿਬ ਦੀ ਪਾਰਟੀ ਤਾਂ ਬੇਸ਼ਕ ਇਸ ਅਸੂਲ ਤੇ ਚਲਦੀ ਰਹੀ ਹੋਵੇਗੀ, ਇਸ ਬਾਰੇ ਮੈਨੂੰ ਸ਼ੱਕ ਨਹੀਂ ਹੈ ਲੇਕਿਨ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ, ਜਿਸ ਨੇ ਬਜਟ ਪੇਸ਼ ਕੀਤਾ ਹੈ, ਉਸ ਨੇ ਪੂਰੀ ਜ਼ਿਮੇਵਾਰੀ ਨਾਲ ਪੇਸ਼ ਕੀਤਾ ਹੈ। ਕੈਬਨਿਟ ਨੇ ਪੂਰੀ ਜ਼ਿਮੇਵਾਰੀ ਨਾਲ, ਫਾਇਨਾਂਸ ਮਨਿਸਟਰ ਨੇ ਪੂਰੀ ਜ਼ਿਮੇਵਾਰੀ ਨਾਲ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪੜ੍ਹ ਕੇ ਸੋਚ ਕੇ, ਸਾਰੇ ਪਹਿਲੂਆਂ ਤੇ ਵਿਚਾਰ ਕਰਕੇ, ਸਾਰੇ ਪੰਜਾਬ ਦੇ ਲੋਕਾਂ ਦੀਆਂ ਤਕਲੀਫਾਂ ਨੂੰ ਜਾਣਦੇ ਹੋਏ, ਪੰਜਾਬ ਦੇ ਵਾਸਤੇ ਨਹਾਇਤ ਅੱਛਾ ਔਰ ਸ਼ਾਨਦਾਰ ਬਜਟ ਪੇਸ਼ ਕੀਤਾ ਹੈ। ਬਿਨਾਂ ਸੋਚੇ ਸਮਝੇ ਇਸ ਉਪਰ ਖਜ਼ਾਨਾਂ ਮੰਤਰੀ ਨੇ ਦਸਖਤ ਨਹੀਂ ਕੀਤੇ, ਉਸ ਨੇ ਆਪ ਵੇਖਿਆ ਹੈ ਕਿਉਂਕਿ ਉਸ ਦੀਆਂ ਅੱਖਾਂ ਤੇ ਦਿਮਾਗ ਕੰਮ ਕਰਦੇ ਹਨ। ਪਿਛਲੇ ਖਜ਼ਾਨਾਂ ਮੰਤਰੀ ਦੀ ਤਰ੍ਹਾਂ 75 ਹਜ਼ਾਰ ਖਜ਼ਾਨੇ ਦਾ ਰੁਪਿਆ ਖਰਚ ਕਰਕੇ ਅੱਖਾਂ ਠੀਕ ਨਹੀਂ ਕਰਵਾਈਆਂ। ਇਸ ਲਈ ਬੜੇ ਸੋਚ ਸਮਝਕੇ ਦਸਖਤ ਕੀਤੇ ਹਨ। (ਥੈਪਿੰਗ)

RAISING OF SLOGAN AND THROWING OF LEAFLETS BY STRANGERS FROM THE VISITORS' GALLERY (*Resumption*)

Finance Minister (Dr. Kewal Krishan) : I beg to move—

That this House resolves that the persons calling themselves :

(i) Sardar Gurmail Singh, son of Sardar Gurbachan Singh Village Rakba, P.O. Khas Thana Dhakha, Tehsil Jagraon, District Ludhiana;
(ii) Sardar Manmohan Singh, son of Sardar Ramdit Singh Village Hawas, P.O. Basti Jadhawal, Thana Ludhiana Sadar, District Ludhiana;
(iii) Sardar Manmohan Singh, *urf* Joginder Singh, son of Sardar Teja Singh, Village Harigarh, P.O. Khas, P.S. Dhanaula, District, Sangrur,

who raised slogans and threw leaflets from Visitors' Gallery at 11.25 A.M. today and whom the Watch and Ward Staff took into custody immediately, have committed a great offence and are guilty of the contempt of the House.

This House further resolves that they should be kept in the custody of the Sergeant-at-Arms till 7.00 P.M., today, the 17th July, 1980.

Mr. Speaker : Motion moved—

That this House resolves that the persons calling themselves :

(i) Sardar Gurmail Singh, son of Sardar Gurbachan Singh, Village Rakba, P. O. Khas Thana Dhakha, Tehsil Jagraon District Ludhiana ;

(ii) Sardar Manmohan Singh, son of Sardar Ramdit Singh, Village Hawas, P. O. Basti Jadhawal, Thana Ludhiana Sadar, District :Ludhiana ;

(iii) Sardar Manmohan Singh *urf* Joginder Singh, son of Sardar Teja Singh, Village Harigarh P.O. Khas, P.S. Dhanaula, District Sangrur,

who raised slogans and threw leaflets from Visitors' Gallery at 11.25 A.M. today and whom the Watch and Ward Staff took into custody immediately, have committed a great offence and are guilty of the contempt of the House.

This House further resolves that they should be kept in the custody of the Sergeant-at-Arms till 7.00 P.M. today, the 17th July, 1980.

Mr. Speaker : Question is—

That this House resolves that the persons calling themselves :

(i) Sardar Gurmail Singh, son of Sardar Gurbachan Singh, Village Rakba, P.O. Khas Thana Dhakha, Tehsil Jagraon, District Ludhiana ;
(ii) Sardar Manmohan Singh, son of Sardar Ramdit Singh, Village Hawas, P.O. Basti Jadhawal, Thana Ludhiana Sadar, District Ludhiana ;
(iii) Sardar Manmohan Singh *urf* Joginder Singh, son of Sardar Teja Singh, Village Harigarh, P.O. Khas, P. S. Dhanaula, District Sangrur,

who raised slogans and threw leaflets from Visitors' Gallery at 11.25 A.M. today and whom the Watch and Ward Staff took into custody immediately, have committed a great offence and are guilty of the contempt of the House.

This House further resolves that they should be kept in the custody of the Sergeant-at Arms till 7.00 P.M. today, the 17th July, 1980.

The motion was carried

Original with;
Punjab Vidhan Sabha
Digitized by;
Panjab Digital Library

EXTENSION OF TIME OF THE SITTING

Mr. Speaker : Is it the pleasure of the House that the time of the sitting of the House be extended for half an hour ? (Voices : Yes, yes).

Mr. Speaker : The time of the sitting of the House is extended upto 2.00 P.M.

DISCUSSIONS AND VOTING OF DEMANDS FOR GRANTS FOR THE YEAR 1980-81 (*Resumption*)

(ਇਸ ਸਮੇਂ ਮਾਨਯੋਗ ਮੁੱਖ ਮੰਤਰੀ ਜੀ ਬੋਲਣ ਲਈ ਖੜੇ ਹੋਏ ।) (ਥੰਪਿੰਗ)

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਇਸ ਹਾਊਸ ਵਿਚ ਅੱਜ ਜਿਹੜੀ ਡਿਮਾਂਡ ਪੁਲਿਸ ਬਾਰੇ ਅਤੇ ਜਨਰਲ ਐਡਮਨਿਸਟਰੇਸ਼ਨ ਬਾਰੇ ਹੈ, ਉਸ ਬਾਰੇ ਕਾਫੀ ਸਾਰੇ ਦੋਸਤਾਂ ਨੇ ਕਾਫੀ ਕੁਝ ਕਿਹਾ ਹੈ। ਇਸ ਤੋਂ ਪਹਿਲਾਂ ਕਿ ਮੈਂ ਉਨ੍ਹਾਂ ਬਾਰੇ ਜਵਾਬ ਦੇ ਸਕਾਂ ਮੈਂ ਆਪ ਪਾਸ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਡਮਨਿਸਟਰੇਸ਼ਨ ਬਾਰੇ ਕਾਫੀ ਸਾਰੇ ਸਵਾਲ ਇਸ ਗੱਲ ਤੇ ਕਿ ਇਸ ਨੂੰ ਸਟ੍ਰੀਮ-ਲਾਈਨ ਕਰਨਾ ਚਾਹੀਦਾ ਹੈ, ਇਹ ਸਵਾਲ ਪਹਿਲੋਂ ਤੋਂ ਚਲੇ ਆਉਂਦੇ ਹਨ। ਬੜਾ ਸਵਾਲ ਉਠਾਇਆ ਗਿਆ ਕਿ ਪੁਲਿਸ ਵਿਚ ਕੁਰੱਪਸ਼ਨ ਬੜੀ ਹੈ, ਬੜੇ ਹਾਦਸੇ ਹੋ ਰਹੇ ਹਨ, ਇਸ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਅਰਜ਼ ਕਰਾਂ ਕਿ ਇਸ ਸਰਕਾਰ ਨੂੰ ਕਮ ਸੰਭਾਲਿਆਂ ਬਹੁਤ ਥੋੜ੍ਹਾ ਚਿਰ ਹੋਇਆ ਹੈ। ਬਹੁਤ ਕੁਝ ਕਿਹਾ ਗਿਆ ਹੈ ਕਿ ਇਸ ਮਹੀਨੇ ਵਿਚ ਪਤਾ ਨਹੀਂ ਕਿਤਨੀਆਂ ਜ਼ਿਆਦਤੀਆਂ ਹੋ ਗਈਆਂ ਹਨ, ਜਿਸ ਦਾ ਹਿਸਾਬ ਕਿਤਾਬ ਇਨ੍ਹਾਂ ਨੂੰ ਪਤਾ ਨਹੀਂ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਹਿਸਾਬ ਕਿਤਾਬ ਤਾਂ ਮੈਂ ਨਹੀਂ ਦਸਣਾ ਚਾਹੁੰਦਾ ਕਿ ਇਕੱਲੇ ਇਕੱਲੇ ਜ਼ਿਲ੍ਹੇ ਵਿਚ ਕੀ ਕੀ ਹੁੰਦਾ ਰਿਹਾ ਹੈ ? ਮੈਂ ਤੁਹਾਡੀ ਮਾਰਫਤ ਇਸ ਬਾਰੇ ਹਾਊਸ ਨੂੰ ਗਿਆਤ ਕਰਾਉਣਾ ਚਾਹੁੰਦਾ ਹਾਂ ਕਿ ਅਸੀਂ ਉਸ ਸਿਲਸਿਲੇ ਵਿਚ ਜਦੋਂ ਦਾ ਅਸੀਂ ਕੰਮ ਸੰਭਾਲਿਆ ਹੈ ਪਹਿਲਾ ਆਰਡਰ ਸਰਕਾਰ ਨੇ ਇਹ ਹੀ ਕੀਤਾ ਹੈ ਕਿ ਸ਼ਹਿਰਾਂ ਵਿਚ, ਕਸਬਿਆਂ ਵਿਚ ਪਿੰਡਾਂ ਵਿਚ ਜਾਂ ਦੂਸਰੀਆਂ ਥਾਵਾਂ ਤੇ ਜਿਥੇ ਵੀ ਕੋਈ ਸਮੱਗਲਰ ਹੈ, ਗੁੰਡਾ ਹੈ, ਬਦਮਾਸ਼ ਹੈ, ਜੋ ਲੋਕਾਂ ਨਾਲ ਜ਼ਿਆਦਤੀ ਕਰਦੇ ਹਨ, ਉਨ੍ਹਾਂ ਦਾ ਇੰਤਜ਼ਾਮ ਕੀਤਾ ਜਾਵੇ । (ਥੰਪਿੰਗ) ਇਸ ਲਈ ਅੱਜ ਉਸ ਦੇ ਆਧਾਰ ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਜਿਹੜੇ ਦਫਾ 109 ਅੰਦਰ 110 ਵਿਚ ਬਦਮਾਸ਼ ਪਕੜੇ ਹਨ, ਉਹ 1,150 ਹਨ ਜਿਨ੍ਹਾਂ ਦੇ ਚਲਾਨ 107/151 ਅਧੀਨ ਕੀਤੇ ਗਏ ਹਨ, ਉਨ੍ਹਾਂ ਦੀ ਤਾਦਾਦ 1,556 ਹੈ । ਸਮੱਗਲਰਜ਼ ਅੰਦਰ ਹੋਰ ਇਸ ਤਰ੍ਹਾਂ ਦੀਆਂ ਐਂਟੀ ਸੋਸ਼ਲ ਐਕਟਿਵਿਟੀਜ਼ ਕਰਨ ਵਾਲੇ ਜੋ ਪਕੜੇ ਹਨ, ਉਨ੍ਹਾਂ ਦੀ ਤਾਦਾਦ 1,876 ਹੈ। ਆਰਮਜ਼ ਲਾਈਸੈਂਸ ਜਿਨ੍ਹਾਂ ਦੇ ਕੈਂਸਲ ਕਰਨ ਵਾਸਤੇ ਕਿਹਾ ਹੈ, ਉਹ 370 ਹਨ।

ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਪੁਲਿਸ ਅਫਸਰ ਜਿਨ੍ਹਾਂ ਨੇ ਕੋਈ ਐਸਾ ਕੰਮ ਕੀਤਾ ਹੈ, ਜਿਸ ਨਾਲ ਉਨ੍ਹਾਂ ਤੇ ਦੋਸ਼ ਆਉਂਦਾ ਹੈ, ਉਨ੍ਹਾਂ ਵਿਚੋਂ ਇਕ ਇਨਸਪੈਕਟਰ ਸੱਸਪੈਂਡ ਕੀਤਾ ਹੈ, ਇਕ ਸਬ-ਇਨਸਪੈਕਟਰ ਸਸਪੈਂਡ ਕੀਤਾ ਹੈ, ਇਕ ਏ. ਐਸ. ਆਈ., ਯਾਨੀ ਅਸਿਸਟੈਂਟ ਸਬ-ਇਨਸਪੈਕਟਰ ਸੱਸਪੈਂਡ ਕੀਤਾ ਹੈ, ਇੱਕ ਹੈਡ ਕਾਂਸਟੇਬਲ ਅੰਦਰ ਪੰਜ ਕਾਂਸਟੇਬਲਜ਼ ਸੱਸਪੈਂਡ ਕੀਤੇ ਹਨ । ਜਿਨ੍ਹਾਂ ਦੇ ਖਿਲਾਫ ਡਿਪਾਰਟਮੈਂਟਲ ਐਕਸ਼ਨ ਲਿਆ ਗਿਆ ਹੈ, ਜਿਨ੍ਹਾਂ ਨੂੰ ਪਨਿਸ਼ਮੈਂਟ ਦਿਤੀ ਗਈ ਹੈ, ਉਨ੍ਹਾਂ ਦੀ ਤਾਦਾਦ ਇਸ ਤਰ੍ਹਾਂ ਹੈ :—

ਸਬ-ਇਨਸਪੈਕਟਰ 1

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਸਿਸਟੈਂਟ ਸਬ-ਇਨਸਪੈਕਟਰਜ਼	3
ਹੈਡ ਕਾਂਸਟੇਬਲਜ਼	2
ਕਾਂਸਟੇਬਲਜ਼	13

ਜਿਹੜੇ ਕੰਪਲਸ਼ਰੀ ਰਿਟਾਇਰ ਕੀਤੇ ਗਏ ਹਨ, ਉਨ੍ਹਾਂ ਦੀ ਤਾਦਾਦ 37 ਹੈ।

ਇਸ ਤਰ੍ਹਾਂ ਹੀ 7 ਐਸੇ ਰਜਿਸ਼ਟਰਡ ਕੇਸਿਜ਼ ਹਨ, ਜਿਨ੍ਹਾਂ ਵਿਚ ਪੁਲਿਸ ਦੇ ਆਦਮੀ 37 ਇਨਵਾਲਵਡ ਸਨ। ਮੈਂ, ਸਪੀਕਰ ਸਾਹਿਬ, ਦੋਵਾਂ ਪੱਖਾਂ ਨੂੰ ਸਾਹਮਣੇ ਰੱਖਿਆ ਹੈ। ਇਹ ਨਹੀਂ ਕੀਤਾ ਕਿ ਕਿਤੇ ਪੁਲਿਸ ਦੀ ਜ਼ਿਆਦਤੀ ਹੋਈ ਹੋਵੇ ਤੇ ਉਸ ਨੂੰ ਛੱਡਿਆ ਹੋਵੇ। ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ। ਅਸੀਂ ਇਕ ਪਾਸਾ ਨਹੀਂ ਛੱਡ ਸਕਦੇ। ਜਿਹੜੇ ਲੋਕ ਬਦਮਾਸ਼ ਹਨ, ਸ਼ਹਿਰਾਂ ਵਿਚ, ਕਸਬਿਆਂ ਵਿਚ, ਪਿੰਡਾਂ ਵਿਚ ਗੁੰਡਾਗਰਦੀ ਕਰਦੇ ਹਨ, ਅਸੀਂ ਇਹ ਕੀਤਾ ਹੈ ਕਿ ਉਨ੍ਹਾਂ ਨੂੰ ਪੱਕਿਆਂ ਤੌਰ ਤੇ ਹੱਥ ਪਾਇਆ ਜਾਵੇ। (ਖੰਖਿੰਗ) ਇਸ ਲਈ ਇਸ ਹਾਊਸ ਨੂੰ, ਸਪੀਕਰ ਸਾਹਿਬ, ਪ੍ਰਸ਼ੰਸਾ ਕਰਨੀ ਚਾਹੀਦੀ ਹੈ।

ਮੈਨੂੰ ਖੁਸ਼ੀ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਸੁਝਾਓ ਦਿਤੇ ਹਨ। ਲੇਕਿਨ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨਿਰਾ ਕਟਾਖਸ਼ ਕਰਨ ਨਾਲ ਗਲ ਨਹੀਂ ਬਣਦੀ। ਐਕਚੁਅਲ ਜਿਹੜੀਆਂ ਗਲਾਂ ਹਨ, ਉਹ ਵੇਖਣੀਆਂ ਚਾਹੀਦੀਆਂ ਹਨ। ਮੈਂ ਜ਼ਿਆਦਾ ਕੁਝ ਨਹੀਂ ਕਹਿੰਦਾ। ਲਾਅ ਐਂਡ ਆਰਡਰ ਬਾਰੇ ਇਹ ਪਿਛਲੇ ਸਾਲ ਨਾਲੋਂ ਇਸ ਮਹੀਨੇ ਦੇ ਨਾਲ ਹੀ ਮਿਲਾ ਕੇ ਵੇਖ ਲੈਣ ਤਾਂ ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਇਨ੍ਹਾਂ ਨਾਲੋਂ ਕਿੰਨਾ ਜ਼ਿਆਦਾ ਸੁਧਾਰ ਲਾਅ ਐਂਡ ਆਰਡਰ ਵਿਚ ਹੋਇਆ ਹੈ। ਸਪੀਕਰ ਸਾਹਿਬ, ਅਸੀਂ ਉਨ੍ਹਾਂ ਗਲਾਂ ਵਿਚ ਨਹੀਂ ਜਾਣਾ ਚਾਹੁੰਦੇ ਕਿ ਫਲਾਣੇ ਨੇ ਕੁਰੱਪਸ਼ਨ ਕੀਤੀ ਅਤੇ ਫਲਾਣੇ ਨੇ ਕੁਰੱਪਸ਼ਨ ਨਹੀਂ ਕੀਤੀ। ਅਸੀਂ ਤਾਂ ਅਜਿਹੇ ਕੰਮ ਕਰਨਾ ਚਾਹੁੰਦੇ ਹਾਂ, ਜਿਸ ਨਾਲ ਸੁਧਾਰ ਹੋ ਸਕੇ। ਹਾਂ ਜੇ ਕਿਸੇ ਵੀ ਕੇਸ ਵਿਚ ਦੋਨੋਂ ਪਾਰਟੀਆਂ ਮੰਨਦੀਆਂ ਹੋਣ ਤਾਂ ਮੈਂ ਇਨਕੁਆਇਰੀ ਕਰਵਾਉਣ ਨੂੰ ਵੀ ਤਿਆਰ ਹਾਂ। ਪਰ ਮੈਂ ਪਿਛਲੇ ਗੰਦ ਵਿਚ ਪੈਣਾ ਨਹੀਂ ਚਾਹੁੰਦਾ। ਅਸੀਂ ਗੰਦ ਨੂੰ ਸਾਫ ਕਰਨਾ ਹੈ, ਉਸ ਵਿਚ ਸੁਧਾਰ ਲਿਆਉਣਾ ਹੈ। ਅਸੀਂ ਦਿਖਾਉਣਾ ਹੈ ਕਿ ਪਹਿਲੇ ਦੀ ਐਡਮਨਿਸਟਰੇਸ਼ਨ ਨਾਲੋਂ ਹੁਣ ਦੀ ਐਡਮਨਿਸਟਰੇਸ਼ਨ ਵਿਚ ਕਿੰਨਾ ਫਰਕ ਹੈ। ਇਸ ਕਰਕੇ ਹੀ ਮੈਂ ਪਹਿਲੇ ਕੁਝ ਫਿਗਰਜ਼ ਹਾਊਸ ਨੂੰ ਦਸੀਆਂ ਹਨ, ਪਰ ਮੈਂ ਜ਼ਿਆਦਾ ਵਕਤ ਇਨ੍ਹਾਂ ਗਲਾਂ ਤੇ ਨਹੀਂ ਲੈਂਦਾ ਕਿ ਪਿਛੇ ਐਨੀਆਂ ਹੜਤਾਲਾਂ ਹੋਈਆਂ ਅਤੇ ਹੁਣ ਐਨੀਆਂ ਹੋਈਆਂ। ਮੈਂ ਚਾਹੁੰਦਾ ਹਾਂ ਕਿ ਕੰਮ ਵਿਚ ਸੁਧਾਰ ਲਿਆਂਦਾ ਜਾਵੇ। ਇਥੇ ਕਿਸੇ ਨੇ ਇਕ ਸਮਗਲਰ ਬਾਰੇ ਸਵਾਲ ਉਠਾਇਆ ਸੀ। ਸਪੀਕਰ ਸਾਹਿਬ, ਅਫੀਮ ਦੇ ਜਿਹੜੇ ਕੇਸ ਹਨ, ਅਫੀਮ ਵੇਚਣ ਵਾਲੇ ਜਿਹੜੇ ਥੋਕ ਵਿਕ੍ਰੇਤਾ ਹਨ, ਅਸੀਂ ਉਨ੍ਹਾਂ ਤੇ ਨਜ਼ਰ ਰਖ ਰਹੇ ਹਾਂ ਅੱਜ ਇਨਕੁਆਇਰੀ ਕਰ ਕੇ ਉਨ੍ਹਾਂ ਨੂੰ ਠੱਲ ਪਾਵਾਂਗੇ। ਸਪੀਕਰ ਸਾਹਿਬ, ਅਫੀਮ ਦੀ ਸਮਗਲਿੰਗ ਕਰਨ ਨਾਲ ਸਿਰਫ ਪੈਸਾ ਹੀ ਨਹੀਂ ਕਮਾਇਆ ਜਾਂਦਾ ਬਲਕਿ ਸਭ ਤੋਂ ਮਾੜਾ ਕੰਮ ਇਹ ਹੈ ਕਿ ਇਸ ਨਾਲ ਸੂਬੇ ਦੀ ਸਮਾਜਿਕ ਹਾਲਤ ਬਰਬਾਦ ਹੋ ਰਹੀ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਇਹ ਮਾੜਾ ਕੰਮ ਕਰਦੇ ਹਨ, ਉਹ ਐਂਟੀ ਸੋਸ਼ਲ ਐਕਟਿਵਿਟੀਜ਼ ਦੇ ਕੰਮ ਕਰਨ ਵਾਲੇ ਹਨ, ਉਹ ਸਾਡੇ ਸੂਬੇ ਦੇ ਲੋਕਾਂ ਨੂੰ ਅਫੀਮ ਅਤੇ ਹੋਰ ਕਈ ਤਰ੍ਹਾਂ ਦੀਆਂ ਪੁਆਇਜ਼ਨੈਸ ਦਵਾਈਆਂ ਦੇ ਕੇ ਉਨ੍ਹਾਂ ਦੀ ਸਿਹਤ ਨੂੰ ਖਰਾਬ ਕਰ ਰਹੇ ਹਨ। ਜਿਹੜੀ ਸਾਡੇ ਸੂਬੇ ਦੇ ਲੋਕਾਂ ਦੀ ਸਿਹਤ ਚੰਗੀ ਹੁੰਦੀ ਸੀ, ਉਸ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਉਸੇ ਪੱਧਰ ਤੇ ਟਰੀਟ ਕੀਤਾ ਜਾਵੇ ਜਿਵੇਂ ਬਦਮਾਸ਼ਾਂ ਤੇ ਗੁੰਡਿਆਂ ਨੂੰ ਟਰੀਟ ਕੀਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਜੋ ਕੰਮ ਕੀਤੇ ਹਨ, ਇਹ ਉਨ੍ਹਾਂ ਨੂੰ ਬਾਹਰੋਂ ਤਾਂ ਨਹੀਂ ਮੰਨਦੇ ਪਰ ਅੰਦਰੋਂ ਜ਼ਰੂਰ ਮੰਨਦੇ ਹੋਣਗੇ । ਪਰ ਚੰਗੀ ਗਲ ਤਾਂ ਇਹ ਸੀ ਕਿ ਇਹ ਇਸ ਗਲ ਨੂੰ ਇਥੇ ਮੰਨ ਜਾਂਦੇ ਕਿ ਸਾਡੀ ਸਰਕਾਰ ਨੇ ਕੋਈ ਮਾੜੇ ਕੰਮ ਨਹੀਂ ਕੀਤੇ । ਪਰ ਮੈਂ ਫਿਰ ਵੀ ਕਹਿੰਦਾ ਹਾਂ ਕਿ ਜੇ ਇਹ ਕੋਈ ਇਹੋ ਜਿਹਾ ਕੇਸ ਸਮਗਲਿੰਗ ਦਾ ਜਾਂ ਹੋਰ ਸਾਡੇ ਨੋਟਿਸ ਵਿਚ ਲਿਆਉਣਗੇ ਤਾਂ ਜਿਹੜਾ ਵੀ ਮੁਜਰਮ ਹੋਵੇਗਾ, ਉਹ ਨਹੀਂ ਬਚੇਗਾ । ਅਜਿਹ ਕੇਸ ਮੇਰੇ ਨੋਟਿਸ ਵਿਚ ਸਿਰਫ ਇਸ ਹਾਊਸ ਦੇ ਮੈਂਬਰਜ਼ ਹੀ ਨਹੀਂ ਭਾਵੇਂ ਕੋਈ ਪਬਲਿਕ ਦਾ ਆਦਮੀ ਹੋਵੇ, ਜੇ ਮੇਰੇ ਨੋਟਿਸ ਵਿਚ ਆਵੇਗਾ ਤਾਂ ਮੈਂ ਉਸ ਦੀ ਇਨਕੁਆਇਰੀ ਕਰਾਵਾਂਗਾ ਅਤੇ ਸਜ਼ਾ ਦੇਵਾਂਗਾ । ਮੈਂ ਕਿਸੇ ਇਕ ਪਾਰਟੀ ਦੀ ਗਲ ਨਹੀਂ ਕੀਤੀ । ਚਾਹੇ ਇਹ ਸ਼ਿਕਾਇਤ ਇਸ ਪਾਸੇ ਦੇ ਮੈਂਬਰਾਂ ਵਲੋਂ ਹੋਵੇ ਚਾਹੇ ਉਸ ਪਾਸੇ ਦੇ ਮੈਂਬਰਾਂ ਵਲੋਂ ਹੋਵੇ, ਉਸ ਦੀ ਪੂਰੀ ਤਹਿਕੀਕਾਤ ਕੀਤੀ ਜਾਵੇਗੀ । ਪਰ ਮੈਂ ਹੁਣ ਇਸ ਪਾਸੇ ਨਹੀਂ ਜਾਣਾ ਚਾਹੁੰਦਾ ਕਿ ਫਲਾਂ ਫਲਾਂ ਬੰਦੇ ਨੇ ਸਮੱਗਲਿੰਗ ਕੀਤੀ ਸੀ ਜਾਂ ਨਹੀਂ ਕੀਤੀ ਸੀ । ਅਸੀਂ ਹੁਣ ਇਸ ਦੀ ਰੋਕਥਾਮ ਕਰਨੀ ਹੈ ਤਾਂ ਕਿ ਲੋਕਾਂ ਦੀ ਸਿਹਤ ਕਾਇਮ ਰਹਿ ਸਕੇ । ਇਸ ਸਾਰੀ ਚੀਜ਼ ਦਾ ਬੰਦੋਬਸਤ ਕਰਨ ਵਾਸਤੇ ਸਰਕਾਰ ਯਤਨ ਕਰ ਰਹੀ ਹੈ ।

ਫਿਰ, ਸਪੀਕਰ ਸਾਹਿਬ, ਇਥੇ ਰੇਪ ਦੇ ਬਾਰੇ ਕਾਫੀ ਜ਼ਿਕਰ ਕੀਤਾ ਗਿਆ ਹੈ । ਇਸ ਬਾਰੇ ਵਿਚ ਅਸੀਂ ਸੈਂਟਰਲ ਗੌਰਮਿੰਟ ਨੂੰ ਅੱਗੇ ਵੀ ਕਿਹਾ ਸੀ ਅਤੇ ਹੁਣ ਵੀ ਕਿਹਾ ਹੈ, ਇਸ ਵਾਸਤੇ ਅਸੀਂ ਕੁਝ ਸੁਝਾਵ ਲਿਖ ਕੇ ਭੇਜੇ ਹਨ । ਇਕ ਤਾਂ ਅਸੀਂ ਇਹ ਕਿਹਾ ਹੈ ਕਿ ਇਨ੍ਹਾਂ ਕੇਸਾਂ ਵਿਚ ਕੈਮਰਾ ਹੀਅਰਿੰਗ ਹੋਣੀ ਚਾਹੀਦੀ ਹੈ ਅੱਤ ਅਗਰ ਉਹ ਔਰਤ ਇਹ ਕਹਿੰਦੀ ਹੈ ਕਿ ਮੇਰੇ ਨਾਲ ਇਸ ਨੇ ਜ਼ਬਰਦਸਤੀ ਕੀਤੀ ਹੈ ਤਾਂ ਉਸ ਆਦਮੀ ਨੂੰ ਇਹ ਦਸਣਾ ਪਵੇਗਾ ਕਿ ਉਹ ਬੇਗੁਨਾਹ ਹੈ । ਉਸ ਔਰਤ ਨੂੰ ਜਾਂ ਉਸ ਦੇ ਸਬੰਧੀਆਂ ਤੋਂ ਇਸ ਬਾਰੇ ਨਹੀਂ ਪੁਛਿਆ ਜਾਵੇਗਾ । ਉਹ ਆਦਮੀ ਹੀ ਦਸੇਗਾ ਕਿ ਮੈਂ ਗੁਨਾਹਗਾਰ ਨਹੀਂ ਹਾਂ । ਅਸੀਂ ਇਹ ਤਜਵੀਜ਼ ਭੇਜੀ ਹੈ ਕਿ ਇਹ ਕੇਸ ਰਜਿਟਸਰ ਕਰ ਕੇ ਕਾਂਗਨੀਜ਼ੇਬਲ ਓਫੈਂਸ ਦੇ ਅੰਡਰ ਉਸ ਦਾ ਕੇਸ ਚਲਾਇਆ ਜਾਵੇ । ਸਪੀਕਰ ਸਾਹਿਬ, ਇਥੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਇਹ ਕਿਹਾ ਹੈ ਕਿ ਅਜਿਹੇ ਕੇਸਾਂ ਨੂੰ ਮਰਡਰ ਦੇ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ, ਪਰ ਅਸੀਂ ਸਿਫਾਰਸ਼ ਕੀਤੀ ਹੈ ਕਿ ਅਜਿਹੇ ਬੰਦੇ ਨੂੰ ਘੱਟੋ ਘੱਟ 5 ਸਾਲ ਦੀ ਸਜ਼ਾ ਹੋਣੀ ਚਾਹੀਦੀ ਹੈ । ਇਹ ਇਕ ਹੀਨੀਅਸ ਕ੍ਰਾਈਮ ਹੈ । ਇਸ ਲਈ ਇਸ ਨੂੰ ਇਸ ਢੰਗ ਨਾਲ ਡੀਲ ਕਰਨਾ ਚਾਹੀਦਾ ਹੈ ਕਿ ਕਿਸੇ ਤਰ੍ਹਾਂ ਵੀ ਇਨ੍ਹਾਂ ਦਾ ਆਪਸ ਵਿਚ ਕੰਪਰੋਮਾਈਜ਼ ਨਾ ਹੋਵੇ । ਇਸ ਕਰਕੇ ਅਸੀਂ ਕਈ ਸਿਫਾਰਸ਼ਾਂ ਲਿਖ ਕੇ ਭੇਜੀਆਂ ਹਨ ਅਤੇ ਵੇਖੋ ਕਿਹੜੀਆਂ ਕਿਹੜੀਆਂ ਮੰਨੀਆਂ ਜਾਂਦੀਆਂ ਹਨ ।

ਇਸ ਦੇ ਨਾਲ ਹੀ ਪੁਲਿਸ ਕਮਿਸ਼ਨ ਦੇ ਬਾਰੇ ਵੀ ਗਲ ਕੀਤੀ ਗਈ ਹੈ । ਪੁਲਿਸ ਕਮਿਸ਼ਨ 2 ਵਾਰ ਬਣ ਚੁਕੇ ਹਨ । ਜੋ ਨੈਸ਼ਨਲ ਪੱਧਰ ਤੇ ਪੁਲਿਸ ਕਮਿਸ਼ਨ ਬਣਿਆ ਸੀ ਉਸ ਨੇ ਕੁਝ ਸਿਫਾਰਸ਼ਾਂ ਕੀਤੀਆਂ ਹਨ, ਜੋ ਕਿ ਅੰਡਰ ਕੰਸਿਡਰੇਸ਼ਨ ਹਨ । ਦੂਸਰੀ ਰਿਪੋਰਟ ਵੀ ਆਉਣ ਵਾਲੀ ਹੈ । ਅਸੀਂ ਇਨ੍ਹਾਂ ਸਿਫਾਰਸ਼ਾਂ ਤੇ ਡਿਸਕਸ਼ਨ ਕਰ ਕੇ ਜਿਹੜੀਆਂ ਜਿਹੜੀਆਂ ਤਜਵੀਜ਼ਾਂ ਲਾਗੂ ਕਰਾਂਗ, ਉਸ ਨਾਲ ਜ਼ਿਆਦਾ ਤੋਂ ਜ਼ਿਆਦਾ ਕੰਮ ਸੈਟਸਫੈਕਟਰੀ ਹੋਵੇਗਾ ।

ਅਸੀਂ ਕੁਝ ਐਸੇ ਕੰਮ ਸ਼ੁਰੂ ਕੀਤੇ ਹਨ, ਜਿਨ੍ਹਾਂ ਨਾਲ ਜ਼ਿਆਦਾ ਤੋਂ ਜ਼ਿਆਦਾ ਕੰਮ ਜਿਹੜਾ ਪੁਡ ਗਿਫ ਦਾ ਕੀਤਾ ਜਾਂਦਾ ਹੈ, ਉਸ ਲਈ ਕਿਸੇ ਕਲਪਰਿਟ ਨਾਲ ਥਰਡ ਡਿਗਰੀ ਮੈਥਡ ਨਾ ਵਰਤਿਆ ਜਾਵੇ ਬਲਕਿ ਮਾਡਰਨ ਮੈਥਡ ਵਰਤ ਕੇ ਬਾਅਦ ਵਿਚ ਉਸ ਨੂੰ ਪਨਿਸ਼ਮੈਂਟ ਦਿਤੀ ਜਾਵੇ । ਇਸ ਦੇ ਨਾਲ ਹੀ ਅਸੀਂ ਫਿਲੌਰ ਵਿਚ ਫੌਰੈਨਸਿਕ ਫਿੰ�गਰਜ਼ ਪ੍ਰਿੰਟ ਦੇ ਕੰਮ ਨੂੰ ਹੋਰ ਚੰਗੇ ਤਰੀਕੇ ਨਾਲ ਕਰਨ ਲਈ ਜਿਸ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਾਲ ਕਿ ਉਹ ਨਿਸ਼ਾਨ ਹੱਥ ਦੇ ਜਾਂ ਪੈਰ ਦੇ ਸਾਫ ਹੋ ਸਕਣ, ਸ਼ੁਰੂ ਕੀਤਾ ਹੈ। ਜਦੋਂ ਵੀ ਕੋਈ ਚੋਰ ਜਾਂਦਾ ਹੈ ਤਾਂ ਉਹ ਆਪਣੇ ਹੱਥਾਂ ਦੇ ਜਾਂ ਪੈਰਾਂ ਦੇ ਨਿਸ਼ਾਨ ਜ਼ਰੂਰ ਛੱਡ ਜਾਂਦਾ ਹੈ। ਇਸ ਨੂੰ ਅਸੀਂ ਹੋਰ ਚੰਗੇ ਤਰੀਕੇ ਨਾਲ ਵੇਖਾਂਗੇ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਇਹ ਛੇਤੀ ਤੋਂ ਛੇਤੀ ਪਤਾ ਲਗ ਸਕੇ ਕਿ ਇਹ ਕਿਸ ਦੇ ਪ੍ਰਿੰਟ ਹਨ। ਇਸ ਲਈ ਅਸੀਂ ਹੁਣ ਹੋਰ ਚੰਗੇ ਐਕਸਪਰਟ ਲਾ ਕੇ ਹੋਰ ਤਿੱਖਾ ਕਰਨ ਲਈ ਯਤਨ ਕੀਤਾ ਹੈ।

ਫਿਰ, ਸਪੀਕਰ ਸਾਹਿਬ, ਇਥੇ ਅਰਦਲੀ ਦਾ ਸਵਾਲ ਉਠਾਇਆ ਗਿਆ। ਕਿਸੇ ਜ਼ਿਲ੍ਹੇ ਵਿਚ ਕਿਸੇ ਥਾਣੇਦਾਰ ਦੇ ਅਰਦਲੀ ਨੂੰ ਉਸ ਦੀ ਕਿਸ ਤਰ੍ਹਾਂ ਨਾਲ ਸੇਵਾ ਕਰਨੀ ਪੈਂਦੀ ਹੈ। ਇਥੇ ਇਕ ਸਵਾਲ ਉਠਾਇਆ ਗਿਆ ਕਿ ਇਕ ਅਰਦਲੀ ਨੂੰ ਕਿਸ ਤਰ੍ਹਾਂ ਨਾਲ ਬੂਟਾਂ ਦੀ ਸੇਵਾ ਕਰਨੀ ਪਈ, ਉਹ ਗ੍ਰੈਜੂਏਟ ਸੀ, ਇਹ ਕੋਈ ਬਹੁਤੀ ਦੇਰ ਦੀ ਗਲ ਨਹੀਂ, ਥੋੜ੍ਹੇ ਹੀ ਸਮੇਂ ਦੀ ਗਲ ਹੈ, ਮੈਂ ਇਹ ਹਾਊਸ ਦੇ ਮੈਂਬਰਾਂ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਉਸ ਨੇ ਕਿਹਾ ਕਿ ਮੈਂ ਬੂਟਾਂ ਦੀ ਸੇਵਾ ਕਰਨ ਵਾਸਤੇ ਤਿਆਰ ਨਹੀਂ ਅਤੇ ਹੋਰ ਕੋਈ ਵੀ ਐਡਮਨਿਸਟਰੇਟਿਵ ਕੰਮ ਕਰਨ ਨੂੰ ਮੈਂ ਤਿਆਰ ਹਾਂ। ਜਿਥੇ ਮੈਨੂੰ ਭੇਜੋਗੇ ਮੈਂ ਜਾਣ ਨੂੰ ਤਿਆਰ ਹਾਂ। ਸਪੀਕਰ ਸਾਹਿਬ, ਇਹ ਕੇਸ ਪੁਲਿਸ ਦੇ ਕੰਸੀਡਰੇਸ਼ਨ ਵਿਚ ਰਿਹਾ, ਪਰ ਸਰਕਾਰ ਨੇ ਉਸ ਵੇਲੇ ਸਰਕਾਰੀ ਪੱਧਰ ਤੇ ਇਸ ਤੇ ਕੋਈ ਐਕਸ਼ਨ ਨਹੀਂ ਲਿਆ। ਇਸ ਤਰ੍ਹਾਂ ਨਾਲ ਸਰਕਾਰ ਵਲੋਂ ਨੋਟਿਸ ਨਾ ਲਏ ਜਾਣ ਕਰਕੇ ਹੀ ਪੁਲਿਸ ਵਿਚ ਐਜੀਟੇਸ਼ਨ ਹੁੰਦੀ ਹੈ ਅੱਜ ਇਸੇ ਤਰ੍ਹਾਂ ਹੀ ਪਟਿਆਲੇ ਦੇ ਵਿਚ ਜੋ ਕੁਝ ਹੋਇਆ, ਉਹ ਤੁਹਾਨੂੰ ਪਤਾ ਹੈ। ਸਪੀਕਰ ਸਾਹਿਬ, ਪਟਿਆਲੇ ਵਿਚ ਕੀ ਹੋਇਆ ਸੀ ਇਕ ਜ਼ਿਮੇਵਾਰ ਆਦਮੀ ਨੇ ਪੁਲਿਸ ਨੂੰ ਥੱਪੜ ਮਾਰ ਦਿਤਾ ਸੀ, ਪਰ ਇਹ ਕਹਿੰਦੇ ਰਹੇ ਕਿ ਇਸ ਤਰ੍ਹਾਂ ਦਾ ਕੁਝ ਨਹੀਂ ਹੋਇਆ। ਲੇਕਿਨ, ਸਪੀਕਰ ਸਾਹਿਬ, ਡੀ.ਸੀ., ਐਸ.ਪੀ., ਦੀ ਰਿਪੋਰਟ ਨੇ ਕਿਹਾ ਕਿ ਇਹ ਹੋਇਆ ਹੈ। ਇਹੀ ਸ਼ਬਦ ਜਿਹੜੇ ਵਾਪਿਸ ਲੈਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਨੇ ਹਾਊਸ ਵਿਚ ਕਹੇ ਸੀ। ਸਪੀਕਰ ਸਾਹਿਬ, ਆਈ.ਜੀ. ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਗਿਆ ਅਤੇ ਇਸ ਨਾਲ ਰਿਜ਼ਲਟ ਮਾੜੇ ਨਿਕਲੇ। ਇਹ ਜਿਹੜੀ ਡਿਸਿਪਲਨ ਫੋਰਸ ਸੀ, ਇਸ ਨੂੰ ਇਨ੍ਹਾਂ ਨੇ ਇਨ-ਡਿਸਿਪਲਨ ਫੋਰਸ ਬਣਾ ਦਿਤੀ। ਇਨ੍ਹਾਂ ਨੂੰ ਚਾਹੀਦਾ ਸੀ ਕਿ ਪੁਲਿਸ ਫੋਰਸ ਦੀਆਂ ਤਕਲੀਫਾਂ ਨੂੰ ਦੂਰ ਕਰਦੇ। ਸਾਡੀ ਕੋਸ਼ਿਸ਼ ਇਹ ਰਹੇਗੀ ਕਿ ਇਸ ਫੋਰਸ ਦਾ ਜ਼ਿਆਦਾ ਤੋਂ ਜ਼ਿਆਦਾ ਮਾਨ ਤਾਨ ਰਖਿਆ ਜਾਵੇ। ਅਸੀਂ, ਸਪੀਕਰ ਸਾਹਿਬ, ਇਹ ਆਰਡਰ ਕੀਤੇ ਹਨ ਕਿ ਕੋਈ ਵੀ ਅਰਦਲੀ ਜਿਹੜਾ ਆਈ. ਜੀ. ਜਾਂ ਐਸ. ਪੀ. ਦਾ ਹੋਵੇ, ਉਹ ਐਡਮਨਿਸਟਰੇਸ਼ਨ ਦਾ ਕੰਮ ਕਰੇਗਾ ਔਰ ਉਨ੍ਹਾਂ ਦੇ ਘਰਾਂ ਦਾ ਕੰਮ ਨਹੀਂ ਕਰੇਗਾ। ਜੇਕਰ ਕੋਈ ਅਫਸਰ ਘਰ ਦਾ ਕੰਮ ਕਰਵਾਏਗਾ ਤਾਂ ਉਸ ਅਫਸਰ ਦੇ ਵਿਰੁੱਧ ਐਕਸ਼ਨ ਲਿਤਾ ਜਾਵੇਗਾ ਅਤੇ ਉਸ ਨੂੰ ਸਜ਼ਾ ਦਿੱਤੀ ਜਾਵੇਗੀ।

ਇਥੇ, ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਦਾ ਸਵਾਲ ਵੀ ਉਠਾਇਆ ਗਿਆ ਹੈ। ਮੈਂ ਇਹ ਕਹਿੰਦਾ ਹਾਂ ਕਿ ਕੰਸਟੇਬਲ ਅਤੇ ਦੂਜੀਆਂ ਥਾਵਾਂ ਤੇ ਸ਼ਡਿਊਲਡ ਕਾਸਟਸ ਨੂੰ 26% ਦੀ ਥਾਂ ਦਿਤੀ ਹੋਈ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੁਲਿਸ ਵਾਲੇ ਇਤਰਾਜ਼ ਕਰਦੇ ਹਨ ਕਿ ਉਨ੍ਹਾਂ ਦੀ ਵਰਦੀ ਪਾਏਦਾਰ ਨਹੀਂ ਹੈ। ਇਸ ਵਰਦੀ ਨੂੰ ਬਦਲਿਆ ਜਾਏ। ਮੈਂ ਐਫ.ਐਮ. ਸਾਹਿਬ ਨਾਲ ਗੱਲ ਕਰ ਲਈ ਹੈ ਕਿ ਯੂਨੀਫਾਰਮ ਦਾ ਧਾਗਾ ਅੱਛਾ ਹੋਣਾ ਚਾਹੀਦਾ ਹੈ। ਹੁਣ ਜਿਹੜੀ ਉਨ੍ਹਾਂ ਦੀ ਵਰਦੀ ਹੋਵੇਗੀ, ਉਹ ਟੈਰੀਕਾਟ ਦੀ ਹੋਵੇਗੀ। (ਥੰਪਿੰਗ) ਇਸ ਤੇ ਕਾਫੀ ਖਰਚਾ ਹੋਵੇਗਾ ਅਤੇ ਟਾਇਮ ਦੇ ਮੁਤਾਬਿਬ ਵਰਦੀ ਦਿੱਤੀ ਜਾਵੇਗੀ। ਜਿਹੜੀਆਂ ਪੁਲਿਸ ਲਾਈਨਜ਼ ਹਨ, ਉਥੇ ਮਕਾਨ, ਕਲੱਬ, ਬੈਰਿਕਸ ਤੇ ਟੱਟੀਆਂ ਵਾਸਤੇ ਵੀ ਪੈਸਾ ਰੱਖਿਆ ਗਿਆ ਹੈ ਤਾਕਿ ਉਹ ਆਪਣੀ ਛੁਟੀ ਵੇਲੇ ਉਥੇ ਜਾ ਕੇ ਆਰਾਮ ਕਰ ਸਕਣ। ਉਨ੍ਹਾਂ ਦੀ ਸਫਾਈ ਵਾਸਤੇ ਵੀ ਪੈਸਾ ਰੱਖਿਆ ਗਿਆ ਹੈ। ਜਿਹੜੇ ਥਾਨੇ

Original with;
Punjab Vidhan Sabha
Digitized by;
Panjab Digital Library

ਟੁੱਟੇ ਪਏ ਹਨ, ਉਨ੍ਹਾਂ ਦੀ ਰਿਪੇਅਰ ਵਾਸਤੇ ਵੀ ਪੈਸਾ ਰਖਿਆ ਗਿਆ ਹੈ। ਜੋ ਨਵੇਂ ਥਾਨੇ ਹਨ, ਉਨ੍ਹਾਂ ਦੀ ਦੇਖਭਾਲ ਵੀ ਕੀਤੀ ਜਾਵੇਗੀ। (ਥੰਪਿੰਗ) ਪੁਲਿਸ ਦੀ ਤਰਫੋਂ ਜੋ ਸ਼ਿਕਾਇਤਾਂ ਆਉਣਗੀਆਂ ਜਾਂ ਮੈਂਬਰ ਸਾਹਿਬਾਨ ਦੀ ਤਰਫੋਂ ਜੋ ਸ਼ਿਕਾਇਤਾਂ ਆਉਣਗੀਆਂ, ਸਪੀਕਰ ਸਾਹਿਬ, ਦੋਨਾਂ ਤਰਫ ਹੀ ਧਿਆਨ ਰਖਿਆ ਜਾਵੇਗਾ। ਮੈਂ ਮੋਟੀਆਂ ਮੋਟੀਆਂ ਗਲਾਂ ਕਹਿ ਦਿੱਤੀਆਂ ਹਨ ਕਿਉਂਕਿ ਟਾਇਮ ਥੋੜ੍ਹਾ ਹੈ। ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਸ਼੍ਰੀ ਜੋਗਿੰਦਰ ਪਾਲ ਪਾਂਡੇ ਨੇ ਟ੍ਰੇਨਿੰਗ ਸੈਂਟਰਾਂ ਬਾਰੇ ਕਿਹਾ ਹੈ ਕਿ ਇਨ੍ਹਾਂ ਦਾ ਮਿਆਰ ਉੱਚਾ ਨਹੀਂ। ਸਪੀਕਰ ਸਾਹਿਬ, ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਇਨ੍ਹਾਂ ਦਾ ਮਿਆਰ ਉਤਨਾ ਉੱਚਾ ਕਰ ਦੇਈਏ ਤਾਕਿ ਇਨ੍ਹਾਂ ਤੋਂ ਵੱਧ ਤੋਂ ਵੱਧ ਐਫੀਸ਼ਿਐਂਸੀ ਪ੍ਰਾਪਤ ਕਰ ਸਕੀਏ। (ਥੰਪਿੰਗ) ਮੈਂ ਇਸ ਗੱਲ ਤੇ ਕਿੰਤੂ ਨਹੀਂ ਕਰਨਾ ਚਾਹੁੰਦਾ ਕਿ ਡੀ.ਸੀ., ਐਸ. ਪੀ., ਜਾਂ ਐਸ.ਐਚ.ਓ., ਨੂੰ ਮੱਲੋਮਲੀ ਬਦਲ ਦਿਤਾ ਗਿਆ, ਪਰ, ਸਪੀਕਰ ਸਾਹਿਬ, ਮੈਂ ਇਸ ਪਾਸੇ ਦੀ ਗਲ ਨਹੀਂ ਕਰਨਾ ਚਾਹੁੰਦਾ ਕਿਉਂਕਿ ਇਹ ਮੇਰਾ ਸਬਜੈਕਟ ਨਹੀਂ ਹੈ। ਲੇਕਿਨ ਇੱਕ ਗੱਲ ਜ਼ਰੂਰ ਕਹਾਂਗਾ ਕਿ ਇਨ੍ਹਾਂ ਨੇ ਜੋ ਕਾਂਗਰਸਮੈਨ ਸੀ, ਉਨ੍ਹਾਂ ਨੂੰ ਤੰਗ ਕੀਤਾ। ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਕੇਸਿਜ਼ ਮੈਂ ਪ੍ਰੋਸੈਸ ਕਰ ਰਿਹਾ ਹਾਂ ਅਤੇ ਜੇਕਰ ਕਿਸੇ ਕੇਸ ਵਿਚ ਕਿਸੇ ਦਾ ਵੀ ਕਸੂਰ ਨਿਕਲੇਗਾ ਤਾਂ ਉਸ ਦੇ ਬਰ-ਖਿਲਾਫ ਐਕਸ਼ਨ ਲਿਤਾ ਜਾਵੇਗਾ। ਕਿਸੇ ਨੂੰ ਅਨ-ਨਸੈਸਰੀ ਹਰਾਸਮੈਂਟ, ਪਨਿਸ਼ਮੈਂਟ ਜਾਂ ਟੈਨਸ਼ਨ ਰੱਖਣ ਲਈ ਕੁਝ ਨਹੀਂ ਕੀਤਾ ਜਾਵੇਗਾ।

ਸਪੀਕਰ ਸਾਹਿਬ, ਆਈ.ਜੀ. ਨੇ ਕਿਉਂ ਰੀਜ਼ਾਈਨ ਕੀਤਾ ? ਇਸ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਜੇਕਰ ਕੋਈ ਆਦਮੀ ਰਿਟਾਇਰ ਹੋ ਗਿਆ ਹੈ ਤਾਂ ਉਸ ਦੀ ਇਜ਼ਤ ਬਾਰੇ ਕੋਈ ਲਫਜ਼ ਜੇਕਰ ਨਹੀਂ ਕਿਹਾ ਜਾ ਸਕਦਾ ਤਾਂ ਸਾਨੂੰ ਨਿਖੇਧੀ ਵੀ ਨਹੀਂ ਕਰਨੀ ਚਾਹੀਦੀ। ਇੰਡੀਵਿਜੁਅਲ ਤੌਰ ਤੇ ਸਾਨੂੰ ਕੁਝ ਨਹੀਂ ਕਹਿਣਾ ਚਾਹੀਦਾ ਅਤੇ ਗੌਰਮਿੰਟ ਨੂੰ ਸਮੁਚੇ ਤੌਰ ਤੇ ਲੈਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੇਰੇ ਸਾਹਮਣੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਬੈਠੇ ਹਨ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਤੁਹਾਨੂੰ ਪੂਰੀ ਕੋਆਪਰੇਸ਼ਨ ਦੇਵਾਂਗੇ ਤਾਕਿ ਅਸੰਬਲੀ ਦਾ ਕੰਮ ਠੀਕ ਠਾਕ ਚਲ ਸਕੇ। ਅਸੀਂ, ਸਪੀਕਰ ਸਾਹਿਬ, ਕੋਆਪਰੇਸ਼ਨ ਸੀਕ ਕਰਾਂਗੇ ਅਤੇ ਤੁਸੀਂ ਐਕਸਟੈਂਡ ਕਰਨੀ ਹੈ। ਇਥੇ ਕਈ ਮਸਲੇ ਉਠਾਏ ਗਏ। ਥੀਨ ਡੈਮ ਦਾ ਮਸਲਾ ਉਠਾਇਆ ਗਿਆ। ਥੀਨ ਡੈਮ ਦਾ ਮਸਲਾ 24 ਤਾਰੀਖ ਨੂੰ ਡਿਸਕਸ ਕਰਾਂਗੇ।

ਸ਼੍ਰੀ ਸਪੀਕਰ : 23 ਤਾਰੀਖ ਨੂੰ।

Chief Minister : I would request you to please do it on the 24th July as I have to do some other work on the 23rd.

ਸਪੀਕਰ ਸਾਹਿਬ, ਸਾਰੇ ਲੀਡਰਜ਼ ਦੀ ਸਲਾਹ ਲਈ ਜਾਵੇਗੀ। (ਥੰਪਿੰਗ) ਐਡਮਨਿਸਟਰੇਸ਼ਨ ਨੂੰ ਕਿਸ ਤਰ੍ਹਾਂ ਸੁਧਾਰਿਆ ਜਾਵੇ, ਇਸ ਲਈ ਸਾਰਿਆਂ ਨੂੰ ਕਾਨਫੀਡੈਂਸ ਵਿਚ ਲਿਆ ਜਾਵੇਗਾ। ਪਰ ਜੇਕਰ ਕੋਈ ਕੁਰੱਪਸ਼ਨ ਕਰੇਗਾ ਜਾਂ ਹੋਰ ਬੁਰਾਈ ਦੀ ਪਰਦਾ-ਪੋਸ਼ੀ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਸੁਣਿਆ ਨਹੀਂ ਜਾਵੇਗਾ ਅਤੇ ਮੈਂ ਇਹ ਚੀਜ਼ ਬਰਦਾਸ਼ਤ ਨਹੀਂ ਕਰ ਸਕਦਾ। (ਥੰਪਿੰਗ) ਮੇਰੇ ਨੋਟਿਸ ਵਿਚ ਜਿਹੜੇ ਕੇਸਿਜ਼ ਲਿਆਂਦੇ ਗਏ ਹਨ, ਉਨ੍ਹਾਂ ਬਾਰੇ ਇਨਕੁਆਇਰੀ ਕਰਾਂਗੇ। ਸਪੀਕਰ ਸਾਹਿਬ, ਇਹ ਦੋ, ਦੋ ਅਤੇ ਤਿੰਨ ਤਿੰਨ ਸਾਲ ਦੇ ਪੁਰਾਣੇ ਕੇਸਿਜ਼ ਹਨ। ਇਨ੍ਹਾਂ ਕੇਸਾਂ ਦੀ ਇਨ-ਕੁਆਇਰੀ ਕਰਾਂਗੇ ਅਤੇ ਛੇਤੀ ਹੀ ਰਿਜ਼ਲਟ ਤੁਹਾਡੇ ਸਾਹਮਣੇ ਰਖਾਂਗੇ। ਜਿਹੜੇ ਪਿਛਲੇ ਦੋ, ਚਾਰ ਜਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪੰਜ ਮਹੀਨਿਆਂ ਦੇ ਪੁਰਾਣੇ ਕੇਸਿਜ਼ ਹਨ, ਉਨ੍ਹਾਂ ਵੱਲ ਵੀ ਪੂਰਾ ਧਿਆਨ ਦਿੱਤਾ ਜਾਵੇਗਾ । ਜਿਹੜੇ ਪੁਰਾਣੇ ਕੇਸਿਜ਼ ਹਨ, ਉਨ੍ਹਾਂ ਨੂੰ ਡਿੱਗ ਆਊਟ ਕਰਨ ਦੀ ਲੋੜ ਹੈ। (ਥੰਪਿੰਗ)

ਅਸੀਂ ਡਿਸਟ੍ਰਿਕਟ ਹੈਡਕੁਆਟਰਜ਼ ਤੇ ਡੀਸੈਂਟਰੇਲਾਈਜ਼ੇਸ਼ਨ ਕਰਨਾ ਚਾਹੁੰਦੇ ਹਾਂ । ਡਿਸਟ੍ਰਿਕਟ ਲੈਵਲ ਤੇ ਵਿਜੀਲੈਂਸ ਕਮੇਟੀਆਂ ਦੁਬਾਰਾ ਰੀਵਾਈਜ਼ ਕੀਤੀਆਂ ਜਾਣਗੀਆਂ । ਇਨ੍ਹਾਂ ਕਮੇਟੀਆਂ ਵਿਚ ਐਮ.ਐਲ.ਏਜ਼, ਮੈਂਬਰ ਹੋਣਗੇ ਅਤੇ ਹੋਰ ਪਾਰਟੀਆਂ ਦੇ ਵੀ ਨੁਮਾਇੰਦੇ ਹੋਣਗੇ । ਐਸ.ਪੀ. ਅਤੇ ਡੀ. ਐਸ.ਪੀ. ਐਂਡ ਅਦਰ ਆਫੀਸਰਜ਼ ਉਥੇ ਪ੍ਰੈਜ਼ੈਂਟ ਹੋਣਗੇ । ਸਾਡੀ, ਸਪੀਕਰ ਸਾਹਿਬ, ਰਾਏ ਹੈ ਕਿ ਹੇਠਲੇ ਪੱਧਰ ਤੇ ਹੀ ਜ਼ਿਆਦਾ ਤੋਂ ਜ਼ਿਆਦਾ ਸ਼ਿਕਾਇਤਾਂ ਦੂਰ ਹੋ ਜਾਣ ਅਤੇ ਕੋਈ ਖਾਸ ਹੀ ਸ਼ਿਕਾਇਤ ਸਾਡੇ ਕੋਲ ਇਥੇ ਆਉਣੀ ਚਾਹੀਦੀ ਹੈ । ਅਸੀਂ ਐਡਮਨਿਸਟਰੇਸ਼ਨ ਨੂੰ ਸਟਰੀਮਲਾਈਨ ਕਰਨਾ ਚਾਹੁੰਦੇ ਹਾਂ । ਮੈਂ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਤੁਹਾਡੀ ਕੁਆਪਰੇਸ਼ਨ ਚਾਹੁੰਦਾ ਹਾਂ । ਇਹ ਕੁਆਪਰੇਸ਼ਨ ਪਾਰਟੀ ਲਈ ਨਹੀਂ ਬਲਕਿ ਲੋਕਾਂ ਦੇ ਫਾਇਦੇ ਲਈ ਹੈ। ਸਪੀਕਰ ਸਾਹਿਬ, ਅਸੀਂ ਹੋਰ ਵੀ ਡੀਸੈਂਟਰੇਲਾਈਜ਼ੇਸ਼ਨ ਕੀਤੀ ਹੈ ਕਿ ਅਗੇ ਪੈਨਸ਼ਨ ਲੈਣ ਵਾਲਿਆਂ ਨੂੰ ਪੈਨਸ਼ਨਾਂ ਇਥੋਂ ਭੇਜੀਆਂ ਜਾਂਦੀਆਂ ਸਨ, ਪਰ ਹੁਣ ਡਿਸਟ੍ਰਿਕਟ ਲੈਵਲ ਤੋਂ ਵੀ ਪੈਨਸ਼ਨਾਂ ਮਿਲ ਸਕਿਆ ਕਰਨਗੀਆਂ । (ਥੰਪਿੰਗ)

ਸਪੀਕਰ ਸਾਹਿਬ, ਇਥੇ ਗੱਲ ਕਹੀ ਗਈ ਹੈ ਕਿ ਜਿਨ੍ਹਾਂ ਪੁਲਿਸ ਅਫਸਰਾਂ ਨੇ ਅੱਛੇ ਕੰਮ ਕੀਤੇ ਹਨ, ਉਨ੍ਹਾਂ ਨੂੰ ਮੈਰਿਟ ਮਿਲਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਸ ਦੇ ਨਾਲ ਮੈਂ ਸਹਿਮਤ ਹਾਂ ਕਿ ਜਿਨ੍ਹਾਂ ਨੇ ਗੁੰਡਾ-ਗਰਦੀ ਨੂੰ ਹਟਾਉਣ ਵਾਸਤੇ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਨੂੰ ਅਸੀਂ ਮੈਰਿਟ ਦੇਵਾਂਗੇ ਅਤੇ ਜਿਨ੍ਹਾਂ ਨੇ ਨਹੀਂ ਕੀਤੀ, ਉਨ੍ਹਾਂ ਨੂੰ ਡੀਮੈਰਿਟ ਵੀ ਦੇਵਾਂਗੇ । ਜਿੰਨੇ ਪੈਂਡਿੰਗ ਕੇਸ ਪਏ ਹਨ, ਅਸੀਂ ਉਨ੍ਹਾਂ ਵੱਲ ਧਿਆਨ ਦੇ ਰਹੇ ਹਾਂ ।

ਸਾਰੇ ਸੱਜਣਾ ਨੇ ਜਿਹੜੇ ਬੋਲੇ ਹਨ ਔਰ ਉਨ੍ਹਾਂ ਨੇ ਜਿੰਨੇ ਵੀ ਕੇਸਿਜ਼ ਮੇਰੇ ਨੋਟਿਸ ਵਿਚ ਲਿਆਂਦੇ ਹਨ, ਉਹ ਮੈਂ ਨੋਟ ਕਰ ਲਏ ਹਨ, ਉਨ੍ਹਾਂ ਕੇਸਾਂ ਦੀ ਇਨਕੁਆਇਰੀ ਵੀ ਹੋਏਗੀ ਔਰ ਜੋ ਕੰਮ ਜਲਦੀ ਕਰਨ ਵਾਲਾ ਹੈ, ਉਸ ਨੂੰ ਜਲਦੀ ਕੀਤਾ ਜਾਏਗਾ ।

ਵਿਜੀਲੈਂਸ ਦੇ ਬਾਰੇ ਕਿਹਾ ਗਿਆ ਹੈ ਕਿ ਦਸ ਦਸ ਸਾਲਾਂ ਦੇ ਕੇਸਿਜ਼ ਉਥੇ ਪਏ ਹਨ । ਇਨ੍ਹਾਂ ਕੇਸਾਂ ਲਈ ਵਿਜੀਲੈਂਸ ਡਿਪਾਰਟਮੈਂਟ ਨੂੰ ਕਹਾਂਗਾ ਕਿ ਡਿਸਪੋਜ਼ ਆਫ ਕੀਤੇ ਜਾਣ ਔਰ ਜਿੰਨੀ ਜਲਦੀ ਡਿਸਪੋਜ਼ ਆਫ ਕਰ ਸਕਦੇ ਹਨ ਉਨੀ ਜਲਦੀ ਕਰਨ । ਜਿਹੜੇ ਬਹੁਤ ਦੇਰ ਦੇ ਪੁਰਾਣੇ ਕੇਸ ਹਨ, ਉਨ੍ਹਾਂ ਨੂੰ ਫੌਰੀ ਤੌਰ ਤੇ ਕਰਨ ਔਰ ਜਿਹੜੇ ਤਾਜ਼ਾ ਕੇਸ ਹਨ, ਉਹ ਵੀ ਮੁਕਾਏ ਜਾਣ ਤਾਕਿ ਲੋਕਾਂ ਨੂੰ ਇਸ ਗਲ ਵਾਸਤੇ ਕੋਈ ਸ਼ਿਕਾਇਤ ਨਾ ਹੋਵੇ ।

ਇਹ ਵੀ ਕਿਹਾ ਗਿਆ ਹੈ ਕਿ 4 ਲੱਖ ਦੇ ਸਟੀਲ ਲਈ ਕੋਟੇਸ਼ਨਜ਼ ਬਾਰੇ ਵੀ ਇਤਰਾਜ਼ ਕੀਤਾ ਗਿਆ, ਪੇਂਟਸ ਬਾਰੇ ਵੀ ਕਿਹਾ ਗਿਆ ਹੈ, ਸਾਰਿਆਂ ਬਾਰੇ ਇਨਕੁਆਇਰੀਆਂ ਕੀਤੀਆਂ ਜਾਣਗੀਆਂ ।

ਸੀ.ਪੀ.ਐਮ. ਦੇ ਇੱਕ ਸਾਡੇ ਮੈਂਬਰ ਨੇ ਕਿਹਾ ਹੈ ਕਿ ਕੁਰੱਪਸ਼ਨ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਉਹ ਬੋਲਣ ਵੇਲੇ ਆਊਟ ਆਫ ਕੰਟਰੋਲ ਹੋ ਗਏ ਅਤੇ ਆਪਣੀ ਗਲ ਕਹਿ ਗਏ । ਇਨ੍ਹਾਂ ਨੇ ਕਿਹਾ ਕਿ ਪੁਲਿਸ ਐਡਮਨਿਸਟਰੇਸ਼ਨ ਖਰਾਬ ਹੈ ਤਾਂ ਸੁਧਾਰ ਕਿਸ ਤਰ੍ਹਾਂ ਨਾਲ ਹੋਏਗਾ । ਜੇ ਇਹ ਕਹਿੰਦੇ ਕਿ ਪੁਲਿਸ ਐਡਮਨਿਸਟਰੇਸ਼ਨ ਖਰਾਬ ਹੈ ਔਰ ਉਸ ਦਾ ਸੁਧਾਰ ਇਸ ਤਰ੍ਹਾਂ ਨਾਲ ਕੀਤਾ ਜਾ ਸਕਦਾ ਹੈ, ਤਾਂ ਫਿਰ ਮੈਂ ਮੰਨ ਲੈਂਦਾ ਕਿ ਚੰਗੀ ਗਲ ਹੈ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਇਹ ਕਿਹਾ ਗਿਆ ਹੈ ਕਿ ਪੁਲਿਸ ਸਮੱਗਲਰਾਂ ਨਾਲ ਮਿਲੀ ਜੁਲੀ ਹੈ। ਜੇ ਐਸਪਰਸ਼ਨ ਕਰਨ ਦੀ ਬਜਾਏ

Original with;
Punjab Vidhan Sabha
Digitized by;
Panjab Digital Library

ਕੋਈ ਕੇਸ ਨੋਟਿਸ ਵਿਚ ਲਿਆਉਣ ਤਾਂ ਚੰਗੀ ਗਲ ਹੋਏਗੀ। ਸੰਤ ਸਿੰਘ ਨੇ ਚੰਗੀਆਂ ਗਲਾਂ ਕਹੀਆਂ ਹਨ ਕਿ ਬਜਟ ਬਹੁਤ ਅੱਛੀ ਤਰ੍ਹਾਂ ਨਾਲ ਘੋਖ ਕੇ ਬਣਾਇਆ ਗਿਆ ਹੈ। ਪਰ ਉਹ ਆਈ.ਏ.ਐਸ. ਔਰ ਆਈ.ਪੀ.ਐਸ. ਅਫਸਰਾਂ ਦੀ ਨਿਰਾਦਰੀ ਨਾ ਕਰਦੇ ਕਿ ਉਹ ਕਿਸੇ ਦੇ ਕਾਬੂ ਵਿਚ ਨਹੀਂ ਹਨ। ਹਾਊਸ ਦੀ ਦਰੁਸਤ ਆਵਾਜ਼ ਨੂੰ ਮੁੱਖ ਰਖਕੇ ਲੋਕਾਂ ਦੇ ਭਲੇ ਲਈ ਕੀ ਕਰ ਸਕਦੇ ਹਾਂ, ਇਸ ਲਈ ਅਸੀਂ ਕਰਨਾ ਹੈ। ਆਈ.ਏ.ਐਸ. ਔਰ ਆਈ.ਪੀ.ਐਸ. ਸਾਡੇ ਤੋਂ ਅਬਵ ਨਹੀਂ ਹਨ, ਬਲਕਿ ਇਹ ਸਾਡੇ ਅੰਡਰ ਹਨ। ਉਹ ਵਿਅਕਤੀ ਚਲੇ ਗਏ ਜਿਹੜੇ ਦਸਖਤ ਕਰਕੇ ਅੱਗੇ ਤੋਰਨ ਵਾਲੀ ਗਲ ਕਰਦੇ ਸਨ । ਮੈਂ ਕਹਿੰਦਾ ਹਾਂ ਕਿ ਇੱਕ ਕੇਸ ਪਿਛਲੇ ਚੀਫ ਮਨਿਸਟਰ ਸਾਹਿਬ ਨੇ ਦੇਖਿਆ। ਉਹ ਮੈਂ ਆਪਣੇ ਹੱਥਾਂ ਨਾਲ ਲਿਖਿਆ ਹੋਇਆ ਸੀ। (ਵਿਘਨ) ਉਹ ਕੇਸ ਹਾਈ ਕੋਰਟ ਦੇ ਜਜਾਂ ਨੇ ਦੇਖ ਲਿਆ ਅਤੇ ਉਨ੍ਹਾਂ ਦੀ ਰਾਏ ਸੀ ਕਿ ਜੋ ਦਰਬਾਰਾ ਸਿੰਘ ਲਿਖ ਕੇ ਗਏ ਹਨ, ਉਹ ਠੀਕ ਹੈ। ਜੋ ਗਲ ਮੈਂ ਆਪਣੀ ਕਲਮ ਨਾਲ ਲਿਖੀ ਹੈ, ਉਸ ਲਈ ਮੈਂ ਜ਼ਿਮੇਵਾਰੀ ਲੈਂਦਾ ਹਾਂ। ਮੈਂ ਦੋ ਸਫੇ ਦਾ ਨੋਟ ਲਿਖਿਆ, ਉਸ ਦੀ ਜ਼ਿਮੇਵਾਰੀ ਮੇਰੀ ਹੈ । ਉਨ੍ਹਾਂ ਦੀ ਜ਼ਿਮੇਵਾਰੀ ਸਾਡੀ ਜ਼ਿਮੇਂਵਾਰੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਕਿਸੇ ਅਫ਼ਸਰ ਦੇ ਖਿਲਾਫ਼ ਇਹ ਵੀ ਨਹੀਂ ਹੈ ਕਿ ਉਹ ਤੁਹਾਡੇ ਥਲੇ ਕੰਮ ਕਰ ਰਿਹਾ ਹੈ। ਇਹ ਚੀਜ਼ ਤੁਹਾਡੇ ਦਿਮਾਗ ਵਿਚ ਆ ਸਕਦੀ ਹੈ, ਪਰ ਮੇਰੇ ਦਿਮਾਗ ਵਿਚ ਨਹੀਂ ਹੈ। ਜੇ ਉਹ ਚੰਗਾ ਕੰਮ ਕਰ ਸਕਦਾ ਹੈ ਤਾਂ ਉਸ ਨੂੰ ਉਹੀ ਹੀ ਕੰਮ ਦਿਆਂਗੇ। ਘਰਾਂ ਤੋਂ ਪੈਸੇ ਖਰਚ ਕਰਕੇ ਪੜ੍ਹ ਕੇ ਆਏ ਹਨ, ਤਜਰਬਾ ਹਾਸਲ ਕਰਕੇ ਆਏ ਹਨ, ਇਸ ਸੂਬੇ ਤੋਂ ਬਾਹਰ ਦੇ ਅਫਸਰ ਵੀ ਇਥੇ ਆਏ ਹੋਏ ਹਨ, ਬਗੈਰ ਕਿਸੇ ਇਮਤਿਆਜ਼ ਦੇ ਸਾਡੇ ਅਫ਼ਸਰ ਠੀਕ ਸੁਝਾਉ ਦੇਣ ਤਾਂ ਅਸੀਂ ਉਨ੍ਹਾਂ ਨੂੰ ਐਕਸੈਪਟ ਕਰਾਂਗੇ । ਅਸੀਂ ਆਪਸ ਵਿਚ ਡਿਸਕਸ ਕਰਦੇ ਹਾਂ ਜ਼ਿਮੇਵਾਰੀ ਉਨ੍ਹਾਂ ਅਫਸਰਾਂ ਦੀ ਹੋਏਗੀ ਜੋ ਅਫ਼ਸਰ ਬਿਲਕੁਲ ਗੈਰ ਜ਼ਿਮੇਵਾਰੀ ਦੀ ਗਲ ਕਰੇਗਾ। ਇਹ ਪੁਰਾਣੇ ਟਾਈਪ ਦੀਆਂ ਗਲਾਂ ਦਿਮਾਗ ਵਿਚੋਂ ਨਿਕਲਣੀਆਂ ਚਾਹੀਦੀਆਂ ਹਨ। ਜਿਹੜੇ ਐਡਮਨਿਸਟਰੇਸ਼ਨ ਚਲਾਉਣ ਵਾਲੇ ਹਨ, ਉਨ੍ਹਾਂ ਦੀ ਜ਼ਿਮੇਵਾਰੀ ਹੈ। ਥਲੇ ਵਾਲੇ ਕੇਸ ਬਣਾਉਂਦੇ ਹਨ, ਉਸ ਨੂੰ ਵਾਕ-ਫੀਅਤ ਦਿੰਦੇ ਹਨ। ਆਈ.ਏ.ਐਸ. ਹੋਵੇ ਜਾਂ ਆਈ.ਪੀ.ਐਸ. ਹੋਵੇ ਉਹ ਬਿਲਕੁਲ ਉਨ੍ਹਾਂ ਨੂੰ ਚਲਾਉਣ ਦੀ ਗਲ ਹੈ। ਕਲ ਦੂਸਰੇ ਅਫਸਰ ਚਲਾਉਂਦੇ ਸੀ ਇਹ ਉਨ੍ਹਾਂ ਥਲੇ ਕੰਮ ਕਰਨ ਵਾਲੇ ਸਨ, ਇਹ ਉਨ੍ਹਾਂ ਦੇ ਕੰਨਾਂ ਤੇ ਠੱਕਾ ਠੁਕਾਈ ਕਰਦੇ ਰਹੇ ਹਨ, ਮੈਂ ਉਨ੍ਹਾਂ ਦੇ ਬਾਰੇ ਕੁਝ ਨਹੀਂ ਸੋਚਦਾ / ਮੈਂ ਤਾਂ ਆਈ.ਏ.ਐਸ. ਅਤੇ ਆਈ.ਪੀ.ਐਸ. ਅਫਸਰਾਂ ਦੀ ਪਰਫਾਰਮੈਂਸ ਤੇ ਫੈਸਲਾ ਕਰਨਾ ਹੈ ਔਰ ਉਨ੍ਹਾਂ ਦੀਆਂ ਆਦਤਾਂ ਤੇ ਫੈਸਲਾ ਨਹੀਂ ਕਰਨਾ ਹੈ। ਜੋ ਐਡਮਨਿਸਟਰੇਸ਼ਨ ਵਿਚ ਗਲਤੀ ਕਰੇਗਾ, ਉਹ ਧੱਕਾ ਖਾਏਗਾ। ਇਸ ਚੀਜ਼ ਨੂੰ ਵੀ ਅਸੀਂ ਕੋਈ ਇੰਪਾਰਟੈਂਸ ਨਹੀਂ ਦੇਣੀ ਕਿ ਇਹ ਫਲਾਣੇ ਨਾਲ ਰਿਹਾ ਹੈ ਜਾਂ ਫਲਾਣੇ ਨਾਲ ਰਿਹਾ ਹੈ । ਓ.ਐਸ.ਡੀ. ਇਕ ਐਸੀ ਕਲਾਸ ਬਣਾ ਦਿੱਤੀ ਹੈ ਜੋ ਕੁਝ ਅਰਸੇ ਲਈ ਲਗ ਸਕਦਾ ਹੈ। ਕਈਆਂ ਨੂੰ ਤਾਂ ਇਸ ਲਈ ਲਗਾਇਆ ਗਿਆ ਹੈ ਜੋ ਕਿ ਇਕ ਕੋਨੇ ਤੋਂ ਦੂਜੇ ਕੋਨੇ ਤਕ ਫਿਰਦੇ ਰਹਿੰਦੇ ਹਨ ਅਤੇ ਹੋਰ ਕੋਈ ਕੰਮ ਨਹੀਂ ਹੁੰਦਾ । ਇੱਕ ਤਾਂ ਉਸ ਅਫਸਰ ਨੂੰ ਡਿਸਪੋਅਰ ਵਿਚ ਪਾਇਆ ਜਾਂਦਾ ਹੈ, ਦੂਜੇ ਉਸ ਨੂੰ ਤੁਸੀਂ ਤਨਖਾਹ ਦਿੰਦੇ ਹੋ। ਜੋ ਕੰਮ ਸਟੇਟ ਦੇ ਫਾਇਦੇ ਵਿਚ ਹੋਣਗੇ, ਉਹੀ ਹੀ ਕੀਤੇ ਜਾਣਗੇ। ਮੈਂ ਸਰਵਿਸਿਜ਼ ਨੂੰ ਯਕੀਨ ਦਿਵਾਉਂਦਾ ਹਾਂ ਕਿ ਉਨ੍ਹਾਂ ਤੇ ਕੋਈ ਵੀ ਕਿਸੇ ਕਿਸਮ ਦੀ ਜ਼ਿਆਦਤੀ ਨਹੀਂ ਕਰਾਂਗਾ ਲੇਕਿਨ ਉਨ੍ਹਾਂ ਤੋਂ ਉਮੀਦ ਵੀ ਕਰਦਾ ਹਾਂ ਕਿ ਉਹ ਵੀ ਸਰਕਾਰ ਦੇ ਕਹਿਣ ਦੇ ਮੁਤਾਬਿਕ ਕੰਮ ਕਰਨਗੇ। ਜੋ ਡੀ-ਫ਼ਾਲਟਰ ਹੋਏਗਾ, ਉਸ ਨੂੰ ਸਜ਼ਾ ਹੋਏਗੀ।

ਸਰਦਾਰ ਉਜਾਗਰ ਸਿੰਘ ਨੇ ਕਿਹਾ ਸੀ ਕਿ ਪਿਛਲੀ ਸਰਕਾਰ ਨੇ ਬਹੁਤ ਕੁਝ ਖਰਾਬੀਆਂ ਕੀਤੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ । ਅਕਾਲੀ ਰਾਜ ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਟੇਟ ਦੀ ਇਕਾਨੌਮੀ ਸ਼ੈਟਰ ਕਰ ਦਿਤੀ ਸੀ। ਜਿਥੇ ਜਿਥੇ ਖਰਾਬੀ ਕੀਤੀ ਹੈ, ਇਹ ਆਪ ਦੱਸਣਗੇ ਉਸ ਦਾ ਸੁਧਾਰ ਕੀਤਾ ਜਾਏਗਾ ਅੌਰ ਫਿਰ ਅਗੇ ਚਲਿਆ ਜਾਏਗਾ। ਬਜਾਏ ਇਸ ਦੇ ਕਿ ਅਸੀਂ ਦੂਸ਼ਣ ਲਗਾਉਂਦੇ ਰਹੀਏ, ਉਨ੍ਹਾਂ ਤੋਂ ਪੁਛਦੇ ਰਹਾਂਗੇ ਕਿ ਕਿਥੇ ਕਿਥੇ ਖਰਾਬੀ ਹੋਈ ਹੈ, ਉਨ੍ਹਾਂ ਦੇ ਤਜਰਬੇਕਾਰ ਆਦਮੀਆਂ ਤੋਂ ਅਸੀਂ ਫਾਇਦਾ ਉਠਾਉਣਾ ਚਾਹੁੰਦੇ ਹਾਂ।

ਇਕ ਇਹ ਕਿਹਾ ਗਿਆ ਕਿ ਹਰੀਜਨਾਂ ਦੇ ਵਿੰਗ ਲਈ, ਸ਼ਡਿਊਲਡ ਕਾਸਟਸ ਜਾਂ ਹਰੀਜਨਾਂ ਦੇ ਵਿੰਗ ਲਈ ਲਾਜ਼ਮੀ ਤੌਰ ਤੇ ਪਹਿਲ ਦਿੱਤੀ ਜਾਏਗੀ। ਹਰ ਚੀਜ਼ ਵਾਸਤੇ ਇਹ ਸਰਕਾਰ ਉਸ ਲਈ ਅਲੰਬਰਦਾਰ ਹੈ (ਇੰਟਰਪ੍ਰੰਗ)

ਕਾਮਰੇਡ ਬਾਬੂ ਸਿੰਘ ਨੇ ਕਿਹਾ ਹੈ ਮੈਂ ਇਨ੍ਹਾਂ ਨੂੰ ਐਨਾ ਹੀ ਜਵਾਬ ਦੇਣਾ ਚਾਹੁੰਦਾ ਹਾਂ ਕਿ ਇਹ ਵੀ ਮੇਰੇ ਸਲਾਹਕਾਰ ਰਹੇ ਹਨ ਜਦੋਂ ਕਿ ਪਿਛੇ ਜਿਹੇ ਮੈਂ ਹੋਮ ਮਨਿਸਟਰ ਰਿਹਾ ਤਾਂ ਇਹ ਮੇਰੇ ਕੋਲ ਆਉਂਦੇ ਰਹੇ ਅੌਰ ਇਨ੍ਹਾਂ ਦੀ ਚੰਗੀ ਸਲਾਹ ਮੈਂ ਮੰਨ ਲੈਂਦਾ ਸੀ ਅੌਰ ਜੋ ਮਾੜੀ ਹੁੰਦੀ ਸੀ ਉਹ ਨਹੀਂ ਮੰਨਦਾ ਸੀ। ਜੇਕਰ ਕੋਈ ਚੰਗੀ ਸਲਾਹ ਦੇਵੇਗਾ ਤਾਂ ਜ਼ਰੂਰ ਮੰਨਾਂਗਾ। ਸਲਾਹਕਾਰ ਆਉਂਦੇ ਹਨ, ਜੋ ਸਲਾਹ ਠੀਕ ਹੋਵੇ, ਲੋਕਾਂ ਦੇ ਭਲੇ ਵਾਸਤੇ ਉਨ੍ਹਾਂ ਦੀ ਤਰੱਕੀ ਵਾਸਤੇ ਹੋਵੇ, ਉਹ ਮੈਂ ਮੰਨ ਲੈਂਦਾ ਹਾਂ ਬਾਕੀ ਸੱਜਣਾਂ ਨੂੰ ਵੀ ਮੈਂ ਕਹਿੰਦਾ ਹਾਂ ਕਿ ਜਿਹੜੀ ਸਲਾਹ ਪਬਲਿਕ ਦੇ ਇੰਟ੍ਰੈਸਟ ਵਿਚ ਹੋਏਗੀ ਅੌਰ ਸਟੇਟ ਦੇ ਇੰਟ੍ਰੈਸਟ ਵਿਚ ਹੋਏਗੀ, ਉਹ ਮੈਂ ਕਬੂਲ ਕਰਾਂਗਾ। ਮੇਰੇ ਅਫਸਰ ਸਾਹਿਬਾਨ ਚੰਗੀ ਰਾਏ ਦਿੰਦੇ ਹਨ ਤਾਂ ਮੈਂ ਐਕਸੈਪਟ ਕਰਦਾ/ਹਾਂ। ਅਗਰ ਕੋਈ ਕਿਸੇ ਦੀ ਸਲਾਹ ਮੈਨੂੰ ਠੀਕ ਨਹੀਂ ਲਗਦੀ ਤਾਂ ਮੈਂ ਕਹਿ ਦਿੰਦਾ ਹਾਂ ਕਿ ਇਹ ਠੀਕ ਨਹੀਂ ਹੈ। ਹਰ ਪਾਰਟੀ ਦਾ ਬੰਦਾ ਆਉਂਦਾ ਹੈ। ਕੀ ਮੈਂ ਕਿਸੇ ਨੂੰ ਕਿਹਾ ਹੈ ਕਿ ਸਲਾਹ ਨਾ ਦਿਓ? ਮੈਂ ਸੁਣ ਸਕਦਾ ਹਾਂ ਪਰ ਕਰਾਂਗਾ ਉਹੀ ਜੋ ਮੈਨੂੰ ਠੀਕ ਲਗੇਗਾ।

ਐਸੀ ਇਨਕੁਆਇਰੀ ਕਰਨ ਵਾਸਤੇ ਮੈਨੂੰ ਕਦੇ ਹੈਸੀਟੇਸ਼ਨ ਨਹੀਂ, ਹੁਣੇ ਹੁਣੇ ਦੋ ਮੈਂਬਰ ਆਪਸ ਵਿਚ ਉਲਝ ਪਏ ਜਦੋਂ ਡਿਪਟੀ ਸਪੀਕਰ ਸਾਹਿਬ ਬੈਠੇ ਸੀ। ਮੈਂ ਇਹ ਕਿਹਾ ਹੈ ਕਿ ਜੇ ਦੋਨੋਂ ਪਾਸੇ ਮੰਨਣ ਤਾਂ ਇਨਕੁਆਇਰੀ ਕਰਾ ਲੈਂਦੇ ਹਾਂ। ਪਰ ਇੱਕ ਪਾਸਾ ਮੰਨਦਾ ਹੈ ਅੌਰ ਦੂਜਾ ਪਾਸਾ ਮੰਨਦਾ ਨਹੀਂ। ਇਸ ਹਾਲਤ ਵਿਚ ਮੇਰੇ ਲਈ ਮੁਸ਼ਕਿਲ ਬਣ ਜਾਂਦੀ ਹੈ। ਮੈਂ ਇਨਕੁਆਇਰੀ ਤਾਂ ਵੈਸੇ ਵੀ ਕਰ ਸਕਦਾ ਹਾਂ। ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਪੁਲਿਸ ਦੀ ਬਿਹਤਰੀ ਲਈ, ਲੋਕਾਂ ਦੀ ਬਿਹਤਰੀ ਲਈ, ਸਾਰੀਆਂ ਇਹ ਡੀਮਾਂਡਾਂ ਆਈਆਂ ਹੋਨ। ਇਸ ਡਿਮਾਂਡ ਵਿਚ ਅਸੀਂ ਪੁਲਿਸ ਨੂੰ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਸ ਹਾਊਸ ਨੂੰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਸਲਾਹ ਜਿਸ ਨਾਲ ਪੁਲਿਸ ਐਡਮਨਿਸਟਰੇਸ਼ਨ ਵਿਚ ਦੇਰ ਦਰੁਸਤੀ ਆ ਸਕਦੀ ਹੋਵੇ, ਖੁਲ੍ਹੇ ਦਿਲ ਨਾਲ ਦਿੱਤੀ ਜਾਵੇ। ਕੋਈ ਨਵਾਂ ਮੈਥਡ ਦਸਿਆ ਜਾਵੇ, ਜਿਸ ਨਾਲ ਕੇਸ ਜਲਦੀ ਨਿਕਲ ਸਕਦੇ ਹੋਣ ਪਰ ਕੋਈ ਚੰਗੀ ਸਲਾਹ ਹੋਣੀ ਚਾਹੀਦੀ ਹੈ। ਇਕ ਮੈਂ ਹੋਰ ਅਰਜ਼ ਕਰਾਂਗਾ ਕਿ ਇਹ ਜਿਹੜੀ ਸਾਡੀ ਜਨਰਲ ਐਡਮਨਿਸਟਰੇਸ਼ਨ ਹੈ, ਸੈਕ੍ਰੇਟੇਰੀਏਟ ਵਿਚ ਜਿਹੜਾ ਅਮਲਾ ਕੰਮ ਕਰਦਾ ਹੈ, ਉਸ ਬਾਰੇ ਘੱਟ ਦੋਸਤਾਂ ਨੇ ਕਿਹਾ ਹੈ। ਮੈਂ ਅਰਜ਼ ਕਰਾਂਗਾ ਕਿ ਜਿੰਨੇ ਵੀ ਸਾਡੇ ਕੰਮ ਕਰਨ ਵਾਲੇ ਕਰਮਚਾਰੀ ਹਨ ਉਨ੍ਹਾਂ ਦੀ ਦੇਖਭਾਲ ਕਰਨ ਵਾਸਤੇ ਸਾਡੀ ਜ਼ਿਮੇਵਾਰੀ ਹੈ। ਜੇ ਕੋਈ ਗਲਤ ਕੰਮ ਕਰਦਾ ਹੈ ਤਾਂ ਉਸ ਨੂੰ ਫੜਨਾ ਵੀ ਸਾਡੀ ਜ਼ਿਮੇਵਾਰੀ ਹੈ। ਪਰ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕੋਈ ਚੰਗੀ ਸਲਾਹ ਦਿਉਗੇ ਤਾਂ ਉਹ ਦੇਖੀ ਜਾਵੇਗੀ। ਪਰ ਅਕਾਂਉਟੇਬਿਲਿਟੀ ਅਫਸਰ ਦੀ ਜ਼ਰੂਰ ਹੋਵੇਗੀ ਤਾਕਿ ਪਤਾ ਲੱਗੇ ਕਿ ਉਸ ਨੂੰ ਜਿਹੜਾ ਅਲਾਟਿਡ ਵਰਕ ਹੈ, ਕੀ ਉਸ ਨੇ ਕੀਤਾ ਹੈ ਜਾਂ ਨਹੀਂ? ਜਾਂ ਜਿਹੜਾ ਉਸ ਨੂੰ ਕੰਮ ਅਲਾਟਿਡ ਹੈ, ਉਸ ਨਾਲੋਂ ਉਸ ਨੇ ਵੱਧ

Original with;
Punjab Vidhan Sabha
Digitized by;
Panjab Digital Library

ਕੰਮ ਮੰਗ ਕੇ ਲਿਆ ਹੈ। ਉਨ੍ਹਾਂ ਦੀ ਐਫੀਸ਼ਿਐਂਸੀ ਦੇਖੀ ਜਾਵੇਗੀ। ਇਸ ਕਿਸਮ ਦਾ ਕੰਮ ਕੀਤਾ ਜਾਵੇਗਾ, ਜੋ ਕਿ ਪਹਿਲਾਂ ਇਨ੍ਹਾਂ ਦੀ ਸਰਕਾਰ ਨਹੀਂ ਸੀ ਕਰ ਸਕੀ। ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਵਕਤ ਦਿੱਤਾ ਹੈ।(ਥੰਪਿੰਗ)

DEMAND NO. 9

Mr. Speaker : Now I put the Cut Motion to Demand No. 9 by Sardar Dalip Singh Pandhi, M.L.A., to the vote of the House.

Mr. Speaker : Question is—

That the Demand be reduced by Re. 1.

The Motion was lost.

Mr. Speaker : Now I put the Cut Motion to Demand No. 9 by Master Babu Singh, M.L.A., to the vote of the House.

Mr. Speaker : Question is—

That the Demand be reduced by Re. 1.

The Motion was lost.

Mr. Speaker : Question is—

That a sum not exceeding Rs. 1,82,73,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Civil Secretariat.

The Motion was carried.

DEMAND NO. 10

Mr. Speaker : Now I put the Cut Motion to Demand No. 10 by Sardar Dalip Singh Pandhi, M.L.A., to the vote of the House.

Mr. Speaker : Question is—

That the Demand be reduced by Re. 1.

The Motion was lost.

Mr. Speaker : Now I put the Cut Motion to Demand No. 10 by Master Babu Singh, M.L.A., to the vote of the House.

Mr. Speaker : Question is—

That the Demand be reduced by Re. 1.

The Motion was lost.

Original with;
Punjab Vidhan Sabha
Digitized by;
Panjab Digital Library

Mr. Speaker : Question is—

That a sum not exceeding Rs. 2,61,89,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of District Administration.

The Motion was carried.

DEMAND NO. 11

Mr. Speaker : Now I put the Cut Motion to Demand No. 11 by Sardar Dalip Singh Pandhi, M.L.A., to the vote of the House.

Mr. Speaker : Question is—

That the Demand be reduced by Re. 1.

The Motion was lost.

Mr. Speaker : Now I put the Cut Motion to Demand No. 11 by Master Babu Singh, M.L.A., to the Vote of the House.

Mr. Speaker : Question is—

That the Demand be reduced by Re. 1.

The Motion was lost.

Mr. Speaker : Question is—

That a sum not exceeding Rs. 17,16,05,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Police.

The Motion was carried.

Mr. Speaker : The House stands adjourned till 2.30 P.M. today, the 17th July, 1980.

* *

**1.45 P.M.* | *(The Sabha then adjourned till 2.30 P.M. on the 17th July, 1980)*

Original with;
Punjab Vidhan Sabha
Digitized by;
Panjab Digital Library

APPENDIX

To

PUNJAB VIDHAN SABHA DEBATES

Dated 17th, July, 1980
(Forenoon sitting)

Vol. I No. 15

UNSTARRED QUESTION AND ANSWER

Focal points Sanctioned in tohsil Muktsar

2. **Sardar Harchand Singh Brar**: Will the Minister for Development be pleased to state the number of Focal Points sanctioned in Tehsil Muktsar, together with the stage of completion of each?

ਸਰਦਾਰ ਸੰਤੋਖ ਸਿੰਘ ਰੰਧਾਵਾ : ਤਹਿਸੀਲ ਮੁਕਤਸਰ ਵਿਚ ਮਨਜ਼ੂਰ ਕੀਤੇ ਫੋਕਲ ਪੁਆਇੰਟ ਅਤੇ ਉਨ੍ਹਾਂ ਦੇ ਵਖ ਵੱਖ ਬਿਲਡਿੰਗਾਂ ਦੀ ਉਸਾਰੀ ਦੇ ਕੰਮ ਦੀ ਸਟੇਜ ਅਨੁਲਗ 1 ਵਿਚ ਦਿੱਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

Original with: Punjab Vidhan Sabha Digitized by: Panjab Digital Library

ਅਨੁਲਗ 1

ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ਵਿਚ ਮਨਜ਼ੂਰ ਕੀਤੇ ਗਏ ਫੋਕਲ ਪਿੰਡਾਂ ਅਤੇ ਉਨ੍ਹਾਂ ਤੇ ਉਸਾਈ ਦੇ ਕੰਮਾਂ ਦੀ ਸਟੇਜ ਦਾ ਵਿਵਰਣ 30-6-80 ਤਕ ਦੀ ਸਥਿਤੀ ।

ਬਲਾਕ	ਫੋਕਲ ਪੁਆਇੰਟ ਦਾ ਨਾਉਂ ਤੇ ਸਾਲ	ਉਸਾਰੀ ਦੇ ਕੰਮਾਂ ਦੀ ਸਟੇਜ ਮਾਦਕੀਟਿੰਗ ਯਾਰਡ	ਪਸ਼ੂ ਹਸਪਤਾਲ	ਦੁਕਾਨਾਂ	ਬੈਂਕ	ਸੜਕਾਂ
1. ਮੁਕਤਸਰ	1. ਥੰਡੇਵਾਲ(77-78)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	2. ਬਦਾਈ(78-79)	,,	,,	,,	,,	,,
	3. ਲੁਭਾਨੀਆਂ(79-80) ਵਾਲੀ	,,	,,	,,	ਕੰਮ ਸ਼ੁਰੂ ਨਹੀਂ ਹੋਇਆ	ਕਨਸਾਲੀਡੇਸ਼ਨ ਤਕ ਮੁਕੰਮਲ ਹੈ ।
2. ਮਲੋਟ	1. ਮਿੱਡਾ (77-78)	,,	,,	,,	ਮੁਕੰਮਲ	ਮੁਕੰਮਲ
	2. ਕਟਿਆਂਵਾਲੀ (78-79)	25% ਸੋਲਿੰਗ ਮੁਕੰਮਲ ਹੈ।	ਛੱਤ ਤਕ	ਛੱਤ ਤਕ	ਮੁਕੰਮਲ	50% ਸੋਲਿੰਗ ਮੁਕੰਮਲ ਹੈ ।
	3. ਔਲਖ (79-80)	ਇਟਾਂ ਸਿਟੀਆਂ ਜਾ ਰਹੀਆਂ ਹਨ	,,	ਸ਼ਟਰਿੰਗ ਹੋ ਚੁਕੀ ਹੈ	,,	,,
3. ਲੰਬੀ	1. ਰੋੜਾਂ ਵਾਲੀ (77-78)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	2. ਭਾਈ ਕਾ ਖੇੜਾ (78-79) ਰਸੂਲਪੁਰ ਖੇੜਾ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	3. ਲਾਲੇਆਣੀ (79-80)	ਇੱਟਾਂ ਆ ਚੁਕੀਆਂ ਹਨ ।	ਨੀਂਹ ਰਖੀ ਜਾ ਚੁਕੀ ਹੈ।	ਸ਼ਟਰਿੰਗ ਹੋ ਚੁਕੀ ਹੈ।	ਇਟਾਂ ਆ ਚੁਕੀਆਂ ਹਨ	ਸੋਲਿੰਗ ਮੁਕੰਮਲ
4. ਕੋਟ ਭਾਈ ਐਂਡ ਗਿਦੜਬਾਹਾ	1. ਆਸਾ ਬੁੱਟਰ (77-78)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	2. ਕੋਟਲੀ ਅਬਲੂ (78-79)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	3. ਗਰੂਸਰ ਮਹੀਰ (79-80)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ

43390/P.V.S—Govt. Press, Chd.

Original with;
Punjàb Vidhan Sabha
Digitized by;
Panjab Digital Library

© 1980

Published under the authority of the Punjab Vidhan Sabha and printed by the Controller Government Press, Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

17th July, 1980

(Afternoon Sitting)

Vol. I—No. 16

OFFICIAL REPORT



CONTENTS

Thursday, the 17th July, 1980.

(Afternoon Sitting)

	Page
Starred Questions and Answers ..	(16)1
Obituary References ..	(16)18
Personal Explanation by Education Minister ..	(16)19
Point of Order by Sardar Surjit Singh Barnala regarding his Privilege Motion ..	(16)19
Call Attention Notice under Rule 66 ..	(16)20
Discussion and Voting of Demands for Grants for the year 1980-81 ..	(16)21
Extension of Time of the Sitting ..	(16)67
Discussion and Voting of Demands for Grants for the year 1980-81 (*Resumption*) ..	(16)67

Punjab Vidhan Sabha Secretariat, Chandigarh.

Rs. 23-00 P.

Original with:
Punjab Vidhan Sabha
Digitized by:
Panjab Digital Library

The

W

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Thursday, the 17th July, 1980.

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 2:30 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Cholera Cases in the State

*65. **Master Babu Singh** : Will the Minister for Health and Family Welfare be pleased to state—

(a) the total number of cases of cholera reported in the State district-wise, during the calendar years 1978, 1979, 1980 (uptodate);

(b) the total number of cases out of those referred to in part (a) above where the patients died;

(c) the steps taken by the Government to prevent the spread of cholera in the State ?

Shri Sardari Lal Kapur:—(a) Only two cases of Cholera occurred during the year 1978. One in village Manakpur Kaller on 2nd July, 1978 and other in village Popna on 8th September, 1978 in Ropar District. In 1979 and 1980 there was no such case.

(b) No person died of Cholera out of the cases referred to in part (a) above.

(c) The Health Department took the following steps for prevention of any other case of Cholera;—

(i) Notification under the Epidemic Diseases Act, 1897 was issued so as to ban the sale of specified articles of food, cut fruits etc.

(ii) In the two effected (Part (a) above) and surrounding villages 161 drinking wells were chlorinated; 771 innoculation were done against cholera; 75 Health talks regarding the prevention and spread of cholera were given to the people; 135 uncovered heaps of garbage were dusted with Commexine and drains were disinfected and 440 houses were sprayed with BHC 50% and Tugon baiting was done to remove the density of house flies.

(iii) The district authorities were required to inform the occurance of any cholera cases telegraphically to the Directorate of Health.

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਹੁਣ ਬਾਰਸ਼ਾਂ ਦਾ ਮੌਸਮ ਹੈ, ਰੇਨੀ ਸੀਜ਼ਨ ਸ਼ੁਰੂ ਹੋ ਗਿਆ ਹੈ ਅੱਤੇ ਖਾਸ ਤੌਰ ਤੇ ਫਲੱਡਜ਼ ਨਾਲ ਕੁਝ ਏਰੀਏ ਵਿਚ ਪਾਣੀ ਨਾਲ ਅਤੇ ਕੁਝ ਹੋਰ ਕਾਰਨਾਂ ਕਰਕੇ ਵਾਤਾਵਰਣ ਖਰਾਬ ਹੋ ਗਿਆ ਹੈ ਅਤੇ ਜਿਹੜਾ ਪੀਣ ਦਾ ਪਾਣੀ ਹੈ ਉਹ ਪੀਣ ਤੋਂ ਰਹਿ ਗਿਆ ਹੈ ; ਕੀ ਵਜ਼ੀਰ ਸਾਹਿਬ, ਉਸ ਦੇ ਵਾਸਤੇ ਕੋਈ ਉਚੇਚੇ ਤੌਰ ਤੇ ਸਾਰੇ ਪੰਜਾਬ ਵਿਚ ਜਾਂ ਘੱਟੋ ਘਟ ਫਲੱਡਿਡ ਏਰੀਏ ਵਿਚ ਕੌਲਰੇ ਦੇ ਸਬੰਧ ਵਿਚ ਕੋਈ ਪ੍ਰਬੰਧ ਕਰਨਗੇ ਅਤੇ ਖੂਹਾਂ ਵਗੈਰਾ ਵਿਚ ਦਵਾਈਆਂ ਆਦਿ ਸੁਟਣ ਵਾਸਤੇ ਕੋਈ ਇਨਸਟ੍ਰਕਸ਼ਨਜ਼ ਜਾਰੀ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦੀ ਗਲ ਠੀਕ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਕਈ ਜਗਾਂ ਐਸੀਆਂ ਹਨ ਜਿਥੇ ਪੀਣ ਦਾ ਪਾਣੀ ਗੰਦਾ ਹੈ ਅਤੇ ਜੋ ਪਾਣੀ ਹੈਂਡ ਪੰਪਸ ਵਿਚ ਆਉਂਦਾ ਹੈ ਉਹ ਵੀ ਪੀਣ ਦੇ ਕਾਬਲ ਨਹੀਂ। ਇਸ ਦੇ ਲਈ ਅਸੀਂ ਇੰਤਜ਼ਾਮ ਕੀਤਾ ਹੈ। ਹੁਣ ਕੌਲਰਾ ਦੇ ਮੁਤਲੱਕ ਮੈਂ ਹਾਊਸ ਨੂੰ ਯਕੀਨ ਦੁਆਉਂਦਾ ਹਾਂ ਕਿ ਕਾਫੀ ਇਤਜ਼ਾਮ ਅਸੀਂ ਕੀਤੇ ਹਨ ਅੱਤੇ ਜਿਥੇ ਵੀ ਲੋਅ ਲਾਈਨ ਦਾ ਪਾਣੀ ਹੈ ਉਸ ਨੂੰ ਦੇਣੋਂ ਬੰਦ ਕਰ ਦਿੱਤਾ ਹੈ ਅੱਤੇ ਕਾਰਪੋਰੇਸ਼ਨ ਦਾ ਜੋ ਪਾਣੀ ਹੈ ਉਹ ਲੋਕਾਂ ਨੂੰ ਪੀਣ ਵਾਸਤੇ ਦਿੱਤਾ ਹੈ। ਜਿਹੜਾ ਕੁਝ ਅਸੀਂ ਕੀਤਾ ਹੈ ਉਸ ਦੇ ਲਈ ਰੂਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਇਨ੍ਹਾਂ 2 ਕੇਸਾਂ ਤੋਂ ਇਲਾਵਾ ਹੋਰ ਕੋਈ ਹੈਜ਼ੇ ਦਾ ਕੇਸ ਨਹੀਂ ਹੈ। ਫਿਰ ਵੀ ਅਸੀਂ ਇਸ ਦੇ ਫੈਲਾਓ ਨੂੰ ਰੋਕਣ ਵਾਸਤੇ ਕਈ ਕਦਮ ਚੁਕੇ ਹੋਏ ਹਨ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਇਹ ਬੜੀ ਚੰਗੀ ਗਲ ਹੈ ਕਿ ਇਨ੍ਹਾਂ ਨੇ ਕਈ ਕਦਮ ਚੁਕੇ ਹਨ ਪਰ ਸਵਾਲ ਇਹ ਸੀ ਕਿ ਹੜ੍ਹਾਂ ਨਾਲ ਕਾਫੀ ਜਗਾ ਤੇ ਪਾਣੀ ਭਰ ਗਿਆ, ਪਟਿਆਲੇ ਤਾਂ ਇਸ ਦੇ ਨਾਲ ਕਾਫੀ ਨੁਕਸਾਨ ਹੋਇਆ ਹੈ। 70 ਹਜ਼ਾਰ ਬੋਰੀ ਖਰਾਬ ਹੋ ਗਈ ਹੈ ਅੱਤੇ ਹੋਰ ਕਾਫੀ ਜਾਨੀ ਨੁਕਸਾਨ ਹੋਇਆ ਹੈ। ਉਥੇ ਸੜਿਆਂਦ ਪੈਦਾ ਹੋ ਗਈ ਹੈ। ਇਹ ਜਿਹੜੀ ਸੜਿਆਂਦ ਪੈਦਾ ਹੋ ਗਈ ਹੈ ਇਸ ਦੇ ਨਾਲ ਹੋਰ ਬਿਮਾਰੀਆਂ ਪੈਦਾ ਹੋਣ ਦਾ ਡਰ ਹੈ। ਕੀ ਵਜ਼ੀਰ ਸਾਹਿਬ ਉਸ ਦੇ ਲਈ ਕੋਈ ਇਨਸਟ੍ਰਕਸ਼ਨਜ਼ ਜਾਰੀ ਕਰਨਗੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਗਲਾਂ ਤੋਂ ਕੋਈ ਬਿਮਾਰੀਆਂ ਦਾ ਖਤਰਾ ਪੈਦਾ ਨਾ ਹੋਵੇ ?

ਮੰਤਰੀ : ਸਪੀਕਰ ਸਾਹਿਬ, ਸੀ. ਐਮ. ਓਜ਼. ਨੇ ਸਾਰੀਆਂ ਕਾਰਪੋਰੇਸ਼ਨਾਂ ਨੂੰ ਅੱਤੇ ਮਿਊਂਸਪਲ ਕਮੇਟੀਆਂ ਨੂੰ ਹਦਾਇਤਾਂ ਕਰ ਦਿੱਤੀਆਂ ਹਨ ਕਿ ਇਸ ਦੇ ਮੁਤਲੱਕ ਧਿਆਨ ਕਰਨ ਤਾਂ ਕਿ ਕੋਈ ਅਜਿਹੀ ਗਲ ਨਾ ਹੋਵੇ ਜਿਸ ਦੇ ਨਾਲ ਕੋਈ ਬਿਮਾਰੀ ਫੈਲਣ ਦਾ ਡਰ ਹੋਵੇ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦੱਸਣਗੇ, ਇਹ ਹੈਜ਼ੇ ਦੇ ਫੈਲਾਓ ਦਾ ਸਵਾਲ ਹੈ ਠੀਕ ਹੈ ਕਿ ਪਾਣੀ ਦਾ ਵੀ ਬਹੁਤ ਵੱਡਾ ਕਾਰਨ ਹੈ ਪਰ ਸਾਡੇ ਸ਼ਹਿਰ ਜਿਥੇ ਦੇ ਵਜ਼ੀਰ ਸਾਹਿਬ ਵੀ ਵਸ਼ਨੀਕ ਹਨ ਉਥੇ ਢੰਡਾਰੀ ਕਲਾਂ ਦੇ ਨਾਲ ਨਾਲ ਜੋ ਸੜਕ ਜਾਂਦੀ ਹੈ ਉਥੇ ਕਾਰਖਾਨਿਆਂ ਦਾ ਪਾਣੀ ਬੜਾ ਗੰਦਾ ਖੜਾ ਹੁੰਦਾ ਹੈ ਅੱਤੇ ਜਿਸ ਦੇ ਨਾਲ ਸਾਰਾ ਪਾਣੀ ਖਰਾਬ ਹੋ ਗਿਆ ਹੈ, ਪਹਿਲੀ ਸਰਕਾਰ ਵੀ ਉਸ ਨੂੰ ਦੇਖਦੀ ਰਹੀ ਅੱਤੇ ਉਹ ਚਲੀ ਗਈ ਅੱਤੇ ਤੁਹਾਡੀ ਵੀ ਵਾਰੀ ਆ ਜਾਵੇਗੀ, ਕੀ ਉਸ ਦੇ ਲਈ ਕੋਈ ਪੱਕੇ ਤੌਰ ਤੇ ਪ੍ਰਬੰਧ ਕਰਨਗੇ ਕਿਉਂਕਿ ਜਿਹੜਾ ਪਾਣੀ ਪੰਪਾਂ ਵਿਚ ਆਉਂਦਾ ਹੈ ਉਹ ਵੀ ਪੀਲਾ ਅੱਤੇ ਜਿਹੜਾ ਟੂਟੀਆਂ ਰਾਹੀਂ ਆਉਂਦਾ ਹੈ ; ਉਹ ਵੀ ਪੀਲਾ ਹੈ। ਕੀ ਇਸ ਦੇ ਲਈ ਕੋਈ ਪ੍ਰਬੰਧ ਕੀਤਾ ਹੈ ਜੇ ਨਹੀਂ ਕੀਤਾ ਤਾਂ ਕਦੋਂ ਤਕ ਕਰ ਦੇਣਗੇ ?

Original with:
Punjab Vidhan Sabha
Digitized by:
Panjab Digital Library

ਮੰਤਰੀ : ਸਪੀਕਰ ਸਾਹਿਬ, ਇਕ ਪੋਲਿਊਸ਼ਨ ਦੇ ਲਈ ਕਮੇਟੀ ਬਣਾਈ ਗਈ ਹੈ ਅਤੇ ਜਿੰਨਾ ਪਾਣੀ ਤੁਸੀਂ ਸੜਕਾਂ ਤੇ ਕਾਰਖਾਨਿਆਂ ਦਾ ਦੇਖਦੇ ਹੋ ਉਨਾਂ ਫੈਕਟਰਿਆਂ ਦੇ ਮਾਲਕਾਂ ਨੂੰ ਨੋਟਿਸ ਇਸ਼ੂ ਹੋ ਗਏ ਹਨ ਅਤੇ ਉਨਾਂ ਨੂੰ ਕਿਹਾ ਗਿਆ ਹੈ ਕਿ ਇਸ ਦਾ ਕੋਈ ਇੰਤਜ਼ਾਮ ਕਰੋ। ਇਸ ਦੇ ਮੁਤਲਕ ਜਿਹੜੀ ਕਮੇਟੀ ਬਣੀ ਹੈ ਉਹ ਇਸ ਕੰਮ ਦੇ ਵਿਚ ਮਦਦ ਕਰੇਗੀ। ਕੋਈ ਪਲਾਂਟ ਵਗੈਰਾ ਲਗਣਾ ਹੈ। ਜਿਹੜਾ ਪਾਣੀ ਤੁਸੀਂ ਅੱਜ ਉਥੇ ਦੇਖ ਰਹੇ ਹੋ ਉਹ ਕੁਝ ਦਿਨ ਬਾਅਦ ਤੁਹਾਨੂੰ ਉਥੇ ਵੇਖਣ ਨੂੰ ਨਹੀਂ ਮਿਲੇਗਾ।

Allotment of Houses to the Persons belonging to Scheduled Castes

***165. Sardar Dilbagh Singh**: Will the Minister for Welfare be pleased to state whether there is any proposal under the consideration of the Government to allot on permanent basis houses of Muslims to the persons belonging to Scheduled Castes of Rahon, Tehsil Nawanshahar in which they are residing at present, if so, the time by which it is likely to be done?

ਸਰਦਾਰ ਬੇਅੰਤ ਸਿੰਘ (ਮਾਲ ਤੇ ਪੁਨਰਵਾਸ ਮੰਤਰੀ): ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਲੋਕ ਜਿਨ੍ਹਾਂ ਦਾ ਸ਼ਹਿਰੀ ਨਿਕਾਸੀ ਜਾਇਦਾਦਾਂ ਤੇ ਬਿਨਾਂ ਕਿਸੇ ਝਗੜੇ ਤੋਂ ਰਹਿਤ ਲਗਾਤਾਰ ਕਬਜ਼ਾ 1-1-1977 ਜਾਂ ਉਸ ਤੋਂ ਪਹਿਲਾਂ ਚਲਿਆ ਆ ਰਿਹਾ ਹੈ ਅਤੇ ਜਿਨ੍ਹਾਂ ਨੇ ਇਨ੍ਹਾਂ ਜਾਇਦਾਦਾਂ ਦੀ ਰਾਂ ਸਫਰ ਲਈ 31-12-1977 ਜਾਂ ਇਸ ਤੋਂ ਪਹਿਲਾਂ ਦਰਖਾਸਤਾਂ ਦਿੱਤੀਆਂ ਸਨ, ਇਨ੍ਹਾਂ ਜਾਇਦਾਦਾਂ ਨੂੰ ਆਪਣੇ ਨਾਂ ਤਬਦੀਲ ਕਰਵਾਉਣ ਦੇ ਪਾਤਰ ਹਨ। ਇਨ੍ਹਾਂ ਜਾਇਦਾਦਾਂ ਦੀ ਮੌਜੂਦਾ ਬਾਜ਼ਾਰੀ ਕੀਮਤ ਦਾ 25% ਉਨ੍ਹਾਂ ਨੇ 12 ਛਿਮਾਹੀ ਕਿਸ਼ਤਾਂ ਵਿੱਚ ਅਦਾ ਕਰਨਾ ਹੈ। ਰਾਹੋਂ ਦੇ 217 ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਲੋਕਾਂ ਨੇ ਦਰਖਾਸਤਾਂ ਦਿੱਤੀਆਂ ਹਨ। 16 ਬਿਨੈਕਾਰਾਂ ਨੂੰ ਜਾਇਦਾਦਾਂ ਟਰਾਂਸਫਰ ਕਰ ਦਿੱਤੀਆਂ ਹਨ ਅਤੇ ਰਹਿੰਦੇ ਬਿਨੈਕਾਰਾਂ ਦੀਆਂ ਦਰਖਾਸਤਾਂ ਤੇ ਛੇਤੀ ਹੀ ਫੈਸਲਾ ਕਰ ਦਿੱਤਾ ਜਾਵੇਗਾ।

ਸਰਦਾਰ ਦਿਲਬਾਗ ਸਿੰਘ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ 217 ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਣ ਵਾਲੇ ਲੋਕਾਂ ਨੇ ਦਰਖਾਸਤਾਂ ਦਿੱਤੀਆਂ ਹਨ ਅੱਜ ਇਹ 34 ਸਾਲਾਂ ਵਿਚ ਸਿਰਫ 16 ਹੀ ਹਰੀਜਨਾਂ ਦੇ ਮਕਾਨਾਂ ਦੀਆਂ ਅਰਜ਼ੀਆਂ ਡਿਸਪੋਜ਼ ਆਫ ਹੋਈਆਂ ਹਨ। ਇਸ ਦਾ ਕਾਰਨ ਇਹ ਹੈ ਕਿ ਉਥੇ ਝਗੜਾ ਇਹ ਰਿਹਾ ਹੈ ਕਿ ਰਾਹੋਂ ਇਕ ਬੜਾ ਪੁਰਾਣਾ ਸ਼ਹਿਰ ਸੀ ਅਤੇ ਪਾਕਿਸਤਾਨ ਬਣਨ ਤੋਂ ਬਾਅਦ ਉਥੇ ਕੋਈ ਆਦਮੀ ਰਹਿਣ ਨੂੰ ਤਿਆਰ ਨਹੀਂ ਸੀ। ਉਥੇ ਦੇ ਗਰੀਬ ਹਰੀਜਨਾਂ ਨੇ ਜਿਹੜੇ ਮਕਾਨ ਛਡ ਗਏ ਸਨ ਉਨ੍ਹਾਂ ਨੂੰ ਸੰਵਾਰ ਕੇ ਉਥੇ ਰਹਿਣ ਲਗ ਪਏ ਅੱਜ ਉਨ੍ਹਾਂ ਤੋਂ ਮੌਜੂਦਾ ਕੀਮਤ 12 ਛਿਮਾਹੀ ਕਿਸ਼ਤਾਂ ਵਿਚ ਲੈਣੀ ਮੈਂ ਸਮਝਦਾ ਹਾਂ ਕਿ ਇਸ ਦੇ ਨਾਲੋਂ ਹੋਰ ਜ਼ਿਆਦਾ ਧੱਕਾ ਹੋ ਨਹੀਂ ਸਕਦਾ। ਜਿਹੜੀ ਜਗ੍ਹਾ 10 ਸਾਲ ਪਹਿਲਾਂ ਕੋਈ ਲੈਣ ਨੂੰ ਤਿਆਰ ਨਹੀਂ ਸੀ ਅਗਰ ਉਨਾਂ ਨੇ ਸੰਵਾਰ ਕੇ, ਬਣਾ ਕੇ ਉਹ ਵਿਚ ਰਹਿਣ ਲਗ ਪਏ ਹਨ ਤਾਂ ਉਨ੍ਹਾਂ ਤੋਂ ਕਰੰਟ ਪ੍ਰਾਈਸ ਲੈਣੀ ਵਾਜਿਬ ਨਹੀਂ ਹੈ। ਕੀ ਵਜ਼ੀਰ ਸਾਹਿਬ ਇਸ ਗੱਲ ਤੇ ਕੋਈ ਗੌਰ ਕਰਨਗੇ ਅਤੇ ਇਹ ਮਕਾਨ ਵੀ ਉਸੇ ਤਰ੍ਹਾਂ ਦਿੱਤੇ ਜਾਣਗੇ ਜਿਸ ਤਰ੍ਹਾਂ ਹੋਰ ਪਿੰਡਾਂ ਦੇ ਲੋਕਾਂ ਨੂੰ ਦਿੱਤੇ ਗਏ ਹਨ?

ਮਾਲ ਤੇ ਪੁਨਰਵਾਸ ਮੰਤਰੀ: ਇਸ ਤੇ ਗੌਰ ਕੀਤਾ ਜਾਵੇਗਾ। ਮਿਉਂਸਪਲ ਕਮੇਟੀ, ਰਾਹੋਂ, ਤੋਂ ਰੇਟ ਜ਼ਿਆਦਾ ਲਗ ਗਿਆ ਸੀ ਕਿਉਂਕਿ ਸੰਨ 1963 ਵਿਚ ਟਰਾਂਸਫਰ ਹੋਈ ਹੈ ਅੱਜ 1979 ਵਿਚ ਫੈਸਲਾ ਹੋਇਆ ਹੈ (ਵਿਘਨ) ਜੋ ਮਕਾਨਾਂ ਦੀ ਪ੍ਰਾਈਸ ਹੈ ਉਸ ਦਾ 25% ਉਨ੍ਹਾਂ ਨੇ 12 ਛਿਮਾਹੀ ਕਿਸ਼ਤਾਂ ਵਿਚ ਦੇਣਾ ਹੈ। 4% ਵਿਆਜ ਲਗਣਾ ਹੈ। ਇਹ 200 ਫੈਮਿਲੀਜ਼ ਹਨ ਜਿਨ੍ਹਾਂ ਤੋਂ ਵਸੂਲੀ ਨਹੀਂ ਹੋਈ। ਇਸ ਤੇ ਵਿਚਾਰ ਕਰ ਲਵਾਂਗੇ ਅਤੇ ਸੈਂਟਰਲ ਗੌਰਮਿੰਟ ਨਾਲ ਸਲਾਹ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਮਾਨਯੋਗ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਲੁਧਿਆਣੇ ਵਿਚ ਇਸ ਤਰਾਂ ਦੀ ਇਵੈਕਿਯੂ ਪ੍ਰਾਪਰਟੀ ਸੀ ਜਿਸ ਤੇ ਕਈ ਹਰੀਜਨ ਭਰਾ, ਸ਼ਡਿਊਲਡ ਕਾਸਟਸ ਜਾਂ ਹੋਰ ਲੋਕੀਂ ਜਿਨਾਂ ਦੀ ਆਮਦਨੀ ਘੱਟ ਹੈ ਅੱਤੇ ਉਹ ਬੈਕਵਰਡ ਹਨ ਉਨਾਂ ਨੇ ਕਬਜ਼ਾ ਕੀਤਾ ਸੀ ਲੇਕਿਨ ਵਕਤ ਸਿਰ ਉਹ ਅਰਜ਼ੀਆਂ ਨਹੀਂ ਦੇ ਸਕੇ, ਕੀ ਵਜ਼ੀਰ ਸਾਹਿਬ ਇਹ ਕੰਸਿਡਰ ਕਰਨਗੇ ਕਿ ਉਨ੍ਹਾਂ ਨੂੰ ਫਿਕਸਡ ਪ੍ਰਾਈਸ ਤੇ ਉਹ ਪ੍ਰਾਪਰਟੀ ਦਿੱਤੀ ਜਾਵੇ ਕਿਉਂਕਿ ਉਨ੍ਹਾਂ ਨੂੰ ਹਾਰਡਸ਼ਿਪ ਹੋ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਤਾਂ ਰਾਹੋਂ ਦੀ ਪ੍ਰਾਪਰਟੀ ਦਾ ਹੈ, ਲੁਧਿਆਣਾ ਦਾ ਨਹੀਂ। ਲੇਕਿਨ ਮੈਂ ਆਪਣੇ ਮਾਨਯੋਗ ਦੋਸਤ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਸ ਬਾਰੇ ਡੇਟ ਲੈਪਸ ਹੋ ਗਈ ਹੈ, ਉਹ ਮੇਰੇ ਨਾਲ ਆ ਕੇ ਗਲ ਕਰ ਲੈਣ ਅਸੀਂ ਉਪਰਾਲਾ ਕਰਾਂਗੇ ਕਿ ਡੇਟ ਵੱਧਾ ਦੇਈਏ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਜਿਹੜੇ ਪਾਕਿਸਤਾਨ ਤੋਂ ਜ਼ਿਮੀਂਦਾਰ ਆਏ ਸਨ ਉਨਾਂ ਨੂੰ ਇੱਧਰ ਜ਼ਮੀਨਾਂ ਮਿਲ ਗਈਆਂ ਪਰ ਜਿਹੜੇ ਉਧਰੋਂ ਗਰੀਬ ਆਏ ਉਹ ਵੀ ਤਾਂ ਕਿਸੇ ਮਕਾਨਾਂ ਵਿਚ ਵਸਦੇ ਸੀ ਕੀ ਸ਼ਰਕਾਰ ਉਨ੍ਹਾਂ ਨੂੰ ਮੁਫਤ ਮਕਾਨ ਦੇਣ ਲਈ ਵਿਚਾਰ ਕਰ ਰਹੀ ਹੈ ?

ਮੰਤਰੀ : ਮੇਰੇ ਮਾਨਯੋਗ ਦੋਸਤ ਨੂੰ ਪਤਾ ਹੋਣਾ ਚਾਹੀਦਾ ਹੈ ਰਿਹੈਬਲੀਟੇਸ਼ਨ ਦੀ ਸਮੱਸਿਆ ਬਹੁਤ ਘੱਟ ਗਈ ਹੈ। ਜਿਹੜੇ ਹਰੀਜਨ ਭਰਾ ਪਿੰਡਾਂ ਵਿਚ ਆਏ ਉਨਾਂ ਨੂੰ ਨਾਮੀਨਲ ਪ੍ਰਾਈਸਿਜ਼ ਤੇ ਮਕਾਨ ਮਿਲ ਗਏ। ਇਹ ਮਸਲਾ ਸ਼ਹਿਰਾਂ ਵਿਚ ਥੋੜਾ ਜਿਹਾ ਰਹਿ ਗਿਆ ਹੈ। ਉਨ੍ਹਾਂ ਲਈ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸੱਸਤੇ ਭਾਅ ਤੇ ਦਿੱਤੇ ਜਾਣ। ਅਗਰ ਪਿੰਡਾਂ ਦਾ ਕੋਈ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਦੱਸ ਦੇਣ, ਵੇਖ ਲਵਾਂਗੇ।

ਸਰਦਾਰ ਤਾਰਾ ਸਿੰਘ ਲਾਦਿਲਪੁਰੀ : ਸਪੀਕਰ ਸਾਹਿਬ, ਰਿਹੈਬਲੀਟੇਸ਼ਨ ਦਾ ਮਹਿਕਮਾ ਮੇਰੇ ਕੋਲ ਰਿਹਾ ਸੀ। ਉਸ ਵਕਤ ਅਸੀਂ ਪਾਲਿਸੀ ਬਣਾਈ ਸੀ ਕਿ ਹਰੀਜਨਾਂ ਨੂੰ ਮਕਾਨ ਚਿਜ਼ਰਵ ਪ੍ਰਾਈਸ ਤੇ ਦਿੱਤੇ ਜਾਣ। (ਮਾਈਕ ਬੰਦ ਸੀ) ਜਿਹੜੀ ਪ੍ਰਾਈਸ ਹੈ ਉਸ ਦਾ ਚੌਥਾ ਹਿੱਸਾ 30 ਕਿਸ਼ਤਾਂ ਵਿਚ ਲੈਣਾ ਚਾਹੀਦਾ ਹੈ। ਜਿਹੜਾ ਪੱਕਾ ਮਕਾਨ ਹੈ ਉਹ 30 ਰੁਪਏ ਨੂੰ ਦਿੱਤਾ ਜਾਵੇ ਅਤੇ ਜਿਹੜਾ ਛੱਤ ਹੈ ਉਹ 10 ਰੁਪਏ ਨੂੰ ਹਰੀਜਨਾਂ ਨੂੰ ਦੇ ਦਿੱਤਾ ਜਾਏ। ਇਸ ਦੇ ਬਾਰੇ ਇਕ ਮੈਮੋਰੰਡਮ ਸੀ; ਕੀ ਉਸ ਮੈਮੋਰੰਡਮ ਦਾ ਵਜ਼ੀਰ ਸਾਹਿਬ ਨੂੰ ਪਤਾ ਹੈ ਜਾਂ ਐਵੇਂ ਗਲਾਂ ਕਰੀ ਜਾਂਦੇ ਹਨ ? (ਵਿਘਨ)

ਮੰਤਰੀ: ਮੈਂਬਰ ਸਾਹਿਬ ਦੀ ਗਲ ਠੀਕ ਹੈ ਪਰ ਪਿੰਡਾਂ ਵਿਚ ਤਾਂ ਮਿਲ ਗਏ ਹਨ। ਮੈਂ ਅਗੇ ਵੀ ਅਰਜ਼ ਕੀਤੀ ਹੈ, ਇਸ ਦੇ ਉਤੇ ਵਿਚਾਰ ਕੀਤਾ ਜਾਏਗਾ। ਜਿਵੇਂ ਮੈਂਬਰ ਸਾਹਿਬ ਨੇ ਲਿਹਾ ਹੈ, ਇਹ ਪ੍ਰਾਪਰਟੀ ਤਾਂ ਰਾਹੋਂ ਦੀ ਹੈ, ਜਿਵੇਂ ਵੀ ਕਹਿਣਗੇ ਕਰ ਲਵਾਂਗੇ।

ਸ਼ਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਚਾਹੇ ਰਾਹੋਂ ਹੋਵੇ ਚਾਹੇ ਜਲੰਧਰ ਅਤੇ ਚਾਹੇ ਲੁਧਿਆਣਾ ਇਹ ਮਸਲਾ ਸਾਰੇ ਪੰਜਾਬ ਦਾ ਹੈ। ਠੀਕ ਹੈ, ਬਾਦਲ ਸਾਹਿਬ ਨੇ ਆਪਣੇ ਢੰਗ ਨਾਲ ਗਲ ਕੀਤੀ ਹੈ, ਲਾਲਪੁਰਾ ਨੇ ਆਪਣੇ ਹਿਸਾਬ ਨਾਲ ਗਲ ਕੀਤੀ, ਮੈਂ ਕਹਿੰਦਾ ਹਾਂ ਕਿ ਉਹ ਇਲਾਕੇ ਹੁਣ ਮਿਉਂਸਪੈਲਟੀਆਂ ਵਿਚ ਆ ਗਏ ਹਨ, ਮੈਂ ਕਹਿੰਦਾ ਹਾਂ ਕਿ ਜਿਸ ਵੀ ਕਾਸਟ ਦਾ ਮਕਾਨ ਹੋਵੇ ਉਸ ਦੀ ਰੇਸ਼ੋ ਦੇ ਮੁਤਾਬਕ ਘੱਟ ਤੋਂ ਘੱਟ ਕਿਸ਼ਤਾਂ ਤੇ ਦੇਣ ਲਈ ਕੀ ਵਜ਼ੀਰ ਸਾਹਿਬ ਵਿਚਾਰ ਕਰਨ ਨੂੰ ਤਿਆਰ ਹਨ?

ਮੰਤਰੀ : ਜ਼ਰੂਰ ਵਿਚਾਰ ਕਰ ਲਵਾਂਗੇ।

Original with:
Punjab Vidhan Sabha
Digitized by:
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦੇ ਗਿਆਤ ਵਿਚ ਹੈ ਕਿ ਕੁਝ ਲੋਕ ਜਿਹੜੇ ਨਾ ਤਾਂ ਰਿਫਿਊਜ਼ੀ ਸਨ ਅਤੇ ਨਾ ਹੀ ਹਰੀਜਨ ਉਨ੍ਹਾਂ ਨੇ ਮਕਾਨ, ਜ਼ਮੀਨ ਅਤੇ ਹੋਰ ਜਾਇਦਾਦਾਂ ਤੇ ਕਬਜ਼ੇ ਕਰ ਲਏ ਸਨ। ਜਿਵੇਂ ਪਹਿਲਾਂ ਸਰਦਾਰ ਹਰਚੰਦ ਸਿੰਘ ਕਮੇਟੀ ਬਣੀ ਸੀ ਕੀ ਉਸ ਤਰ੍ਹਾਂ ਦੀ ਕੋਈ ਕਮੇਟੀ ਬਣਾਉਣ ਲਈ ਤਿਆਰ ਹਨ ਤਾਂਕਿ ਦੱਬੀ ਹੋਈ ਪ੍ਰਾਪਰਟੀ ਕਢਾਈ ਜਾ ਸਕੇ ?

ਮੰਤਰੀ : ਇਹ ਕਾਫ਼ੀ ਗੁੰਝਲਦਾਰ ਮੱਸਲਾ ਹੈ ਅਤੇ ਜਿਸ ਤਰਾਂ ਮੈਂਬਰ ਸਾਹਿਬ ਨੇ ਕਿਹਾ ਹੈ ਇਹ ਠੀਕ ਹੈ ਕਿ ਗੌਰਮਿੰਟ ਆਫ਼ ਇੰਡੀਆ ਦੇ ਮਕਾਨਾਂ ਤੇ ਲੋਕਾਂ ਨੇ ਕਬਜ਼ੇ ਕੀਤੇ ਹੋਏ ਹਨ । ਜਿਥੋਂ ਤਕ ਹਰੀਜਨਾਂ ਦਾ ਸਵਾਲ ਹੈ ਜਦੋਂ ਕੋਈ ਉਨ੍ਹਾਂ ਦੀ ਗਲ ਹੋਵੇਗੀ, ਅਸੀਂ ਕਮੇਟੀ ਬਣਾਵਾਂਗੇ ਤਾਂਕਿ ਜਿਹੜੇ ਕੇਸਿਜ਼ ਹਨ ਉਨ੍ਹਾਂ ਦਾ ਨਿਪਟਾਰਾ ਹੋ ਸਕੇ ਅਤੇ ਲੋਕਾਂ ਕੋਲੋਂ ਜ਼ਮੀਨ ਵੀ ਕਢਾਵਾਂਗੇ।

ਕਾਮਰੇਡ ਸੋਹਣ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਵਿਚ ਜਿਹੜੀ ਕਾਰਪੋਰੇਸ਼ਨ ਹੈ ਉਸ ਦੇ ਵਿਚ ਕਈ ਪਿੰਡ ਆਏ ਹਨ ਅਤੇ ਪਿੰਡਾਂ ਦੇ ਵੱਧਣ ਨਾਲ ਗਲੀਆਂ ਦੇ ਰਸਤੇ ਨਹੀਂ ਰਹੇ, ਕੀ ਉਨ੍ਹਾਂ ਗਲੀਆਂ ਲਈ ਕਾਰਪੋਰੇਸ਼ਨ ਕੁਝ ਕਰੇਗੀ ? (ਵਿਘਨ)

ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਤਾਂ ਫਿਰ ਕਰਾਂਗਾ ਪਹਿਲਾਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਵਾਲ ਸਿਰਫ਼ ਰਾਹੋਂ ਦਾ ਹੈ ਕਿ 1947 ਵਿਚ ਹਰੀਜਨ ਉਥੇ ਆ ਕੇ ਬੈਠ ਗਏ, ਸਪਲੀਮੈਂਟਰੀਜ਼ ਉਸ ਤੇ ਮਹਿਦੂਦ ਹੋਣੇ ਚਾਹੀਦੇ ਨ ਪਰ ਸਾਡੇ ਹਾਊਸ ਵਿਚ ਇਕ ਰਿਵਾਜ ਬਣ ਗਿਆ ਹੈ ਕਿ ਸਵਾਲ ਭਾਵੇਂ ਕੋਈ ਹੋਵੇ ਸਪਲੀਮੈਂਟਰੀ ਜਿਥੋਂ ਦਾ ਮਰਜ਼ੀ ਕਰ ਲਵੋ । ਮੇਰੀ ਬੇਨਤੀ ਹੈ ਕਿ ਇਹ ਰਿਵਾਜ ਠੀਕ ਨਹੀਂ (ਵਿਘਨ)

ਸ਼੍ਰੀ ਸਪੀਕਰ : ਤੁਹਾਡੇ ਸਵਾਲ ਵਿਚ ਹਰੀਜਨਾਂ ਦਾ ਜ਼ਿਕਰ ਸੀ, ਇਸ ਕਰਕੇ ਕਈ ਹਰੀਜਨ ਭਰਾ ਸੁਆਲ ਉਠਾਉਂਦੇ ਰਹੇ ਹਨ। ਮੈਂ ਕਹਿੰਦਾ ਹਾਂ ਕਿ ਅਗਰ ਕਿਸੇ ਦਾ ਇਸ ਤਰਾਂ ਮੱਸਲਾ ਹੱਲ ਹੋ ਜਾਏ ਤਾਂ ਚੰਗੀ ਗਲ ਹੈ। ਹਰੀਜਨਾਂ ਦੇ ਮੱਸਲੇ ਵਿਚ ਸਾਨੂੰ ਲਿਬਰਲ ਹੋਣਾ ਪੈਂਦਾ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਥੇ ਅੰਮ੍ਰਿਤਸਰ ਦੀ ਕਾਰਪੋਰੇਸ਼ਨ ਵੀ ਇਸ ਵਿਚ ਡਿਸਕਸ ਹੋਣ ਲਗ ਗਈ, ਹਾਲਾਂਕਿ ਇਹ ਸਵਾਲ ਰਾਹੋਂ ਦਾ ਹੈ। ਕੋਈ ਲੁਧਿਆਣਾ ਦਾ ਜ਼ਿਕਰ ਕਰਦਾ ਹੈ। ਜਿਹੜਾ ਸੁਆਲ ਹੁਦਾ ਹੈ ਉਸ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਠੀਕ ਹੈ, ਤਸ਼ਰੀਫ਼ ਰਖੋ। ਅਗਲਾ ਸਵਾਲ ਮਾਸ਼ਟਰ ਬਾਬੂ ਸਿੰਘ।

Cases registered under the Essential Commodities Act, 1955 in the State.

***64. Master Babu Singh**: Will the Chief Minister be pleased to state—

(a) the total number of cases registered under the Essential Commodities Act, 1955 in the State district-wise, during the recent President's Rule, in the State ;

(b) the names and addresses of the persons arrested in the cases referred to in part (a) above ?

Original with;
Punjab Vidhan Sabha
Digitized by;
Panjab Digital Library

ਸਰਦਾਰ ਚਰਬਾਰਾ ਸਿੰਘ : (ਏ) ਕੁਲ ਕੇਸ ਰਜਿਸਟਰਡ : 198

(1)	ਅੰਮ੍ਰਿਤਸਰ	15
(2)	ਬਠਿੰਡਾ	9
(3)	ਫਰੀਦਕੋਟ	16
(4)	ਫਿਰੋਜ਼ਪੁਰ	29
(5)	ਗੁਰਦਾਸਪਰ	16
(6)	ਹੁਸ਼ਿਆਰਪੁਰ	11
(7)	ਜਲੰਧਰ	43
(8)	ਕਪੂਰਥਲਾ	9
(9)	ਲੁਧਿਆਣਾ	12
(10)	ਪਟਿਆਲਾ	17
(11)	ਸੰਗਰੂਰ	11
(12)	ਰੂਪਨਗਰ	10
	ਕੁਲ ..	198

(ਸ) ਸੂਚੀ ਸੱਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

1. ਜ਼ਿਲ੍ਹਾ ਅੰਮ੍ਰਿਤਸਰ

1. ਰਾਜ ਕੁਮਾਰ ਪੁਤਰ ਸ੍ਰੀ ਬਨਾਰਸੀ ਲਾਲ, ਵਾਸੀ ਹਾਈਡ ਮਾਰਕਿਟ, ਅੰਮ੍ਰਿਤਸਰ।
2. ਗੁਰਦੀਪ ਸਿੰਘ ਪੁਤਰ ਨਾਜਰ ਸਿੰਘ, ਵਾਸੀ ਫਤਿਆਬਾਦ।
3. ਮਹਿੰਦਰ ਸਿੰਘ ਪੁਤਰ ਮਹਿਤਾਬ ਸਿੰਘ, ਵਾਸੀ ਮਹਿਤਾ।
4. ਦਸੌਂਧਾ ਸਿੰਘ ਪੁਤਰ ਤਾਰਾ ਸਿੰਘ, ਵਾਸੀ ਗੁਰੂ ਕਾ ਖੂਹ।
5. ਕਰਮ ਸਿੰਘ ਪੁਤਰ ਨੰਦ ਸਿੰਘ, ਵਾਸੀ ਗੁਰੂ ਕਾ ਖੂਹ।
6. ਪਰਮਜੀਤ ਸਿੰਘ ਪੁਤਰ ਹਰੀ ਸਿੰਘ, ਵਾਸੀ ਤਰਨਤਾਰਨ।
7. ਕੰਸ ਰਾਜ ਪੁਤਰ ਸਤਿੰਦਰਪਾਲ, ਵਾਸੀ ਰਾਮਬਾਗ, ਅੰਮ੍ਰਿਤਸਰ।
8. ਅਸ਼ੋਕ ਕੁਮਾਰ ਪਤਰ ਸੱਤ ਦੇਵ, ਵਾਸੀ ਤਰਨਤਾਰਨ।
9. ਮਨੋਹਰ ਲਾਲ ਪੁਤਰ ਠਾਕੁਰ ਦਾਸ, ਵਾਸੀ ਵਾਲਾ।
10. ਕਿਸ਼ੋਰੀ ਲਾਲ, ਵਾਸੀ ਚਵਾਨ।
11. ਸੁਰੇਸ਼ ਕੁਮਾਰ, ਵਾਸੀ ਹਾਈਡ ਮਾਰਕਿਟ, ਅੰਮ੍ਰਿਤਸਰ।
12. ਪ੍ਰੇਮ ਸਾਗਰ, ਵਾਸੀ ਹਾਈਡ ਮਾਰਕਿਟ ਅੰਮ੍ਰਿਤਸਰ।
13. ਬਨਾਰਸੀ ਦਾਸ, ਵਾਸੀ ਮਜੀਠਾ।
14. ਇਸ਼ ਲਾਲ, ਵਾਸੀ ਘਾਰੀ।
15. ਦਲੀਪ ਸਿੰਘ, ਵਾਸੀ ਸੁਲਤਾਨਪੁਰ।
16. ਬਚਨ ਸਿੰਘ, ਵਾਸੀ ਸੁਲਤਾਨਪੁਰ।

Original with;
Punjab Vidhan Sabha
Digitized by;
Panjab Digital Library

17. ਅਸ਼ਵਨੀ ਕੁਮਾਰ, ਵਾਸੀ ਗਲੀ ਦਾਈਵਾਲੀ, ਅੰਮ੍ਰਿਤਸਰ।
18. ਤਰਲੋਚਨ ਸਿੰਘ, ਵਾਸੀ ਮਟਾ ਵਾਲਾ।

ਜ਼ਿਲ੍ਹਾ ਬਠਿੰਡਾ

1. ਸੁਦਰਸ਼ਨ ਕੁਮਾਰ, ਪੁਤਰ ਰਘੂ ਨਾਥ, ਵਾਸੀ ਮਾਨਸਾ।
2. ਸਾਧੂ ਰਾਮ, ਵਾਸੀ ਗੋਬਿੰਦਪੁਰਾ।
3. ਸ਼ਾਮ ਪਤਰ ਮੰਗਤ ਰਾਮ, ਵਾਸੀ ਮੌੜ।
4. ਸ਼੍ਰੀ ਕਾਂਤ ਪੁਤਰ ਲਛਮਣ, ਵਾਸੀ ਮੌੜ।
5. ਰਾਜਿੰਦਰ ਕੁਮਾਰ ਪੁਤਰ ਭੂਮੀ ਪ੍ਰਸ਼ਾਦ, ਵਾਸੀ ਮੌੜ।

ਜ਼ਿਲ੍ਹਾ ਫਰੀਦਕੋਟ

1. ਭਗਵਾਨ ਦਾਸ, ਵਾਸੀ ਮਲੋਟ।
2. ਕਰਤਾਰ ਸਿੰਘ, ਵਾਸੀ ਸ਼ਰਵਨ ਬੰਦਲਾ।
3. ਕੇਵਲ ਕਰਿਸ਼ਨ ਵਾਸੀ ਮਾਛੀਕੇ।
4. ਗੁਰਨਾਮ ਸਿੰਘ, ਹਰਨਾਮ ਸਿੰਘ, ਵਾਸੀ ਚੋਦਰ।
5. ਸਾਧੂ ਸਿੰਘ ਵਾਸੀ ਚੰਦ ਭਾਨ।
6. ਗੁਰਜੰਟ ਸਿੰਘ, ਵਾਸੀ ਘਮਿਆਰ ਵਾਲਾ।
7. ਲੇਖ ਰਾਮ, ਵਾਸੀ ਮਲੋਟ।
8. ਵਿਜੇ ਕੁਮਾਰ ਅਤੇ ਰਮੇਸ਼ ਕੁਮਾਰ, ਵਾਸੀ ਵਧਨੀ ਕਲਾਂ।
9. ਬਲਦੇਵ ਰਾਜ, ਵਾਸੀ ਮਾੜੀ ਮਸ਼ਤਾਕ।
10. ਜੀਤ ਸਿੰਘ, ਰਾਜ ਕੁਮਾਰ, ਮੱਘਰ ਸਿੰਘ ਅਤੇ ਲਛਮਣ ਸਿੰਘ, ਵਾਸੀ ਨੰਗਲ।
11. ਬਾਬੂ ਰਾਮ, ਵਾਸੀ ਬਿਲਾਸਪੁਰ।
12. ਸੱਤਪਾਲ, ਹਜ਼ਾਰਾ ਸਿੰਘ ਅਤੇ ਸੁਭਾਸ਼ ਚੰਦਰ ਵਾਸੀ ਢਿਲਵਾਂ।
13. ਗੁਲਸ਼ਨ ਕੁਮਾਰ, ਪਰੇਮ ਕੁਮਾਰ, ਵਾਸੀ ਫਰੀਦਕੋਟ।
14. ਗੋਪਾਲ ਦਾਸ, ਵਾਸੀ ਕੋਟਕਪੂਰਾ।

ਜ਼ਿਲ੍ਹਾ ਫਿਰੋਜ਼ਪੁਰ

1. ਕੇਵਲ ਕ੍ਰਿਸ਼ਨ, ਸ਼ਾਪ ਨੰਬਰ 14, ਇੰਦਰਾ ਮਾਰਕਿਟ, ਫਾਜ਼ਿਲਕਾ।
2. ਤਰਲੋਕ ਸਿੰਘ, ਇਨਸਪੈਕਟਰ, ਪਨਸਪ ਸ਼ਾਪ, ਗੁਰੂ ਹਰਸਹਾਇ।
3. ਸਰੂਪ ਲਾਲ, ਪਨਸਪ ਸ਼ਾਪ ਨੰ: 16, ਗੁਰੂ ਹਰਸਹਾਇ।
4. ਨੱਥਾ ਸਿੰਘ ਪੁੱਤਰ ਪੂਰਨ ਸਿੰਘ, ਸੇਲਜ਼ਮੈਨ, ਕੋਆਪਰੇਟਿਵ ਐਗਰੋ ਸਰਵਿਸ ਸੋਸਾਇਟੀ 9।
5. ਬਨਵਾਰੀ ਲਾਲ ਪੁੱਤਰ ਸੁਭਾਸ਼ ਚੰਦਰ, ਡਿਪੂ ਹੋਲਡਰ, ਬਸਤੀ ਭੱਟੀਆਂ।
6. ਬਲਬੀਰ ਸਿੰਘ ਪੁੱਤਰ ਪੂਰਸ਼ੋਤਮ ਲਾਲ, ਡਿਪੂ ਹੋਲਡਰ, ਸਿਟੀ ਫਿਰੋਜ਼ਪੁਰ।
7. ਰਾਜਿੰਦਰ ਕੁਮਾਰ ਮੁੰਗਾ, ਡਿਪੂ ਹੋਲਡਰ, ਸਿਟੀ ਫਿਰੋਜ਼ਪੁਰ।
8. ਟੇਕ ਚੰਦ, ਪਰਵੀਨ ਕੁਮਾਰ, ਆਇਲ ਡੀਲਰ, ਤਲਵੰਡੀ ਭਾਈ।
9. ਜਸਬੀਰ ਸਿੰਘ, ਜਗਦੀਸ਼ ਚੰਦ, ਧਰਮ ਪਾਲ, ਰਘੂਨਾਥ, ਵਾਸੀ ਮੱਲਾਂ ਵਾਲਾ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

10. ਰਾਮ ਪ੍ਰਕਾਸ਼, ਡਿਪੂ ਹੋਲਡਰ, ਮੈਗਜ਼ੀਨ ਗੇਟ, ਫਿਰੋਜ਼ਪੁਰ ਸ਼ਹਿਰ।
11. ਸ਼੍ਰੀਮਤੀ ਲੀਲਾਵਤੀ, ਹੀਰਾ ਮੰਡੀ, ਫਿਰੋਜ਼ਪੁਰ।
12. ਮੋਹਣ ਲਾਲ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
13. ਓਮ ਪ੍ਰਕਾਸ਼, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
14. ਬਲਬੀਰ ਕੌਰ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
15. ਗੁਰਦਿਆਲ ਸਿੰਘ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
16. ਕਰਿਸ਼ਨ, ਪੁੱਤਰ ਨਾਰਾਇਣ ਸਿੰਘ ਹਥੀਜਨ, ਰੇਖੀਆ ਪੁੱਤਰ ਕਰਤਾਰ, ਨਿਰੰਜਨ ਸਿੰਘ, ਪੁੱਤਰ ਨਰਾਇਣ ਸਿੰਘ, ਸੱਤਪਾਲ, ਪੁੱਤਰ ਜਾਨਕੀ ਦਾਸ, ਗੰਗਾ ਰਾਮ, ਪੁੱਤਰ ਸੋਹਣ ਲਾਲ, ਵਾਸੀ ਫਿਰੋਜ਼ਪੁਰ ਛਾਉਣੀ।
17. ਮੂਲ ਸਿੰਘ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
18. ਬਨਾਰਸੀ ਲਾਲ ਪੁੱਤਰ ਕਰਿਸ਼ਨ ਚੰਦ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
19. ਮੋਹਣ ਲਾਲ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
20. ਸੁੰਦਰ ਦਾਸ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
21. ਮੋਹਣ ਲਾਲ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
22. ਰਾਮ ਲਾਲ ਜਾਖੜ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
23. ਕਰਿਸ਼ਨਾ ਰਾਣੀ, ਡਿਪੂ ਹੋਲਡਰ, ਫਿਰੋਜ਼ਪੁਰ, ਸ਼ਹਿਰ।
24. ਸੋਹਣ ਲਾਲ ਪੁੱਤਰ ਕਰਿਸ਼ਨ ਚੰਦ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ।
25. ਮੁਲਖ ਰਾਜ, ਡਿਪੂ ਹੋਲਡਰ, ਵਾਸੀ ਬਸਤੀ ਦਿਹਾਰੀਆਂ, ਫਿਰੋਜ਼ਪੁਰ।
26. ਭੋਲਾ ਰਾਮ ਪੁੱਤਰ ਕੁੰਦਨ ਲਾਲ, ਪੰਪ ਡੀਲਰ, ਅਬੋਹਰ ਸ਼ਹਿਰ।
27. ਹਰਜੀਤ ਸਿੰਘ ਸੇਲਜ਼ਮੈਨ, ਗੁਰਨਾਮ ਸਿੰਘ ਸਕੱਤਰ, ਸਹਿਕਾਰੀ ਸੋਸਾਇਟੀ, ਮਨਸੂਰ ਦੇਵਾ।
28. ਮੈ: ਖੰਨਾ ਮੋਟਰਜ਼, ਖਾਈ ਭੀਮੀਕੇ, ਫਿਰੋਜ਼ਪੁਰ।
29. ਜਗਦੀਸ਼ ਰਾਏ ਪੁੱਤਰ ਖੁਸ਼ੀ ਰਾਮ, ਵਾਸੀ ਧਰਮਕੋਟ।

ਜ਼ਿਲ੍ਹਾ ਗੁਰਦਾਸਪੁਰ

1. ਨਾਰੇਸ਼ ਕੁਮਾਰ, ਆਇਲ ਡੀਲਰ, ਪਠਾਨਕੋਟ।
2. ਅਵਤਾਰ ਸਿੰਘ, ਕੈਰੋਸੀਨ ਆਇਲ ਡੀਲਰ, ਵਾਸੀ ਭਦੌੜ, ਥਾਣਾ ਕਾਦੀਆਂ।
3. ਖਜ਼ਾਨ ਚੰਦ ਪੁੱਤਰ ਧਰਮਪਾਲ, ਡਿਪੂ ਹੋਲਡਰ, ਵਾਸੀ ਬਟਾਲਾ।
4. ਮਲਕੀਅਤ ਸਿੰਘ, ਸੇਲ, ਮੈਨੇਜਰ, ਮਦਨ ਫਿਲਿੰਗ ਸਟੇਸ਼ਨ ਬਟਾਲਾ।
5. ਤਰਲੋਚਨ ਸਿੰਘ, ਸੇਲ ਮੈਨੇਜਰ, ਵਿਮਕੋ ਮੋਟਰ ਫਿਲੰਗ ਸਟੇਸ਼ਨ, ਪਠਾਨਕੋਟ।
6. ਰਘਬੀਰ ਸਿੰਘ, ਮੈ: ਰਘਬੀਰ ਸਿੰਘ ਐਂਡ ਕੋ:, ਪੈਟਰੋਲ ਪੰਪ, ਡਲਹੌਜ਼ੀ ਰੋਡ, ਪਠਾਨਕੋਟ।
7. ਜੰਗ ਬਹਾਦਰ, ਡਿਪੂ ਹੋਲਡਰ, ਪਠਾਨਕੋਟ।
8. ਤਿਲਕ ਰਾਜ, ਪੁੱਤਰ ਪਰਾਣ ਨਾਥ, ਡਿਪੂ ਹੋਲਡਰ, ਪਠਾਨਕੋਟ।
9. ਅਮਰ ਸਿੰਘ, ਪੁੱਤਰ ਲਾਭ ਸਿੰਘ ਮਹਿਤਾ, ਵਾਸੀ ਪਠਾਨਕੋਟ।
10. ਅਸ਼ੋਕ ਕੁਮਾਰ, ਡਿਪੂ ਹੋਲਡਰ ਬਟਾਲਾ।
11. ਸੱਤ ਪਾਲ ਪੁੱਤਰ ਰੋਸ਼ਨ ਲਾਲ ਖੱਤਰੀ, ਵਾਸੀ ਫਤਿਹਗੜ੍ਹ ਚੂੜੀਆਂ।
12. ਸੁਭਾਸ਼ ਚੰਦਰ, ਡਿਪੂ ਹੋਲਡਰ, ਦੀਨਾ ਨਗਰ।

Original with;
Punjab Vidhan Sabha
Digitized by;
Panjab Digital Library

13. ਰਾਮ ਨਾਥ ਪੁੱਤਰ ਵਿਸਾਖੀ ਰਾਮ ਅਗਰਵਾਲ, ਵਾਸੀ ਦੀਨਾ ਨਗਰ।
14. ਭਗਵਾਨ ਸਿੰਘ, ਸੇਲਜ਼ਮੈਨ ਵਾਸੀ ਭਟੋਆ।
15. ਆਂਚਲ ਸਿੰਘ, ਡਿਪੂ ਹੋਲਡਰ
16. ਸਲਵਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਰਾਮਗੜ੍ਹੀਆ, ਵਾਸੀ ਮਿਰਥਲ।

ਜ਼ਿਲ੍ਹਾ ਹੁਸ਼ਿਆਰਪੁਰ

1. ਵਿਜੇ ਕੁਮਾਰ ਪੁੱਤਰ ਫਕੀਰ ਚੰਦ, ਵਾਸੀ ਮੁਕੇਰੀਆਂ।
2. ਉਤਮ ਸਿੰਘ ਪੁੱਤਰ ਬੰਦਾ ਰਾਮ ਅਧਰਮੀ, ਵਾਸੀ ਬਦੇਸਰੋਨ।
3. ਚੰਨਣ ਰਾਮ ਪੁੱਤਰ ਰਾਜਾ ਰਾਮ ਅਧਰਮੀ, ਵਾਸੀ ਫੁਰਾਰਨਾ।
4. ਸੁਰਿੰਦਰ ਕੁਮਾਰ ਪੁੱਤਰ ਫਕੀਰ ਬਰਾਹਮਣ, ਵਾਸੀ ਬੁਲੋਵਾਲ।
5. ਕੇਵਲ ਸਿੰਘ ਪੁੱਤਰ ਬਚਨ ਸਿੰਘ ਢੀਵਰ, ਵਾਸੀ ਭੁਨੋ।
6. ਜੋਗਿੰਦਰ ਰਾਮ ਪੁੱਤਰ ਬਾਬੂ ਰਾਮ, ਵਾਸੀ ਰੱਕੜਾਂ।
7. ਰਮੇਸ਼ ਕੁਮਾਰ ਪੁੱਤਰ ਫਕੀਰ ਚੰਦ, ਵਾਸੀ ਬੁਲੋਵਾਲ।
8. ਆਤਮਾ ਰਾਮ ਪੁੱਤਰ ਤਿਲਕ ਰਾਮ, ਵਾਸੀ ਕੁਰਾਲੀ।
9. ਗਿਰਧਾਰੀ ਲਾਲ ਪੁੱਤਰ ਨੌਰੰ ਰਾਮ, ਵਾਸੀ ਪੰਚਕੂਲਾ, ਚੰਡੀਮੰਦਰ।
10. ਕਸਤੂਰੀ ਲਾਲ ਪੁੱਤਰ ਦਿਆਲ ਚੰਦ, ਵਾਸੀ ਟਾਂਡਾ।
11. ਰਾਮ ਸਰੂਪ ਪੁੱਤਰ ਇੰਦਰ ਭਾਨ ਵਾਸੀ ਮਾਹਲਪੁਰ।
12. ਲਛਮਣ ਸਿੰਘ ਪੁੱਤਰ ਤੇਜਾ ਸਿੰਘ, ਵਾਸੀ ਗੜ੍ਹਸ਼ੰਕਰ।
13. ਸਸਪਾਲ ਸਿੰਘ ਪੁੱਤਰ ਸੋਹਣ ਸਿੰਘ, ਗੜ੍ਹਸ਼ੰਕਰ।
14. ਹਰਬਿਲਾਸ ਪੁੱਤਰ ਪਥੀਤੂ, ਵਾਸੀ ਸੈਂਡੋਵਾਲ।
15. ਸਿਦਕਾ ਰਾਜ, ਵਾਸੀ ਮੁਹੱਲਾ ਧੋਬੀਆਂ, ਰੋਪੜ।
16. ਗੁਰਦੇਵ ਸਿੰਘ ਪੁੱਤਰ ਹੁਕਮ ਸਿੰਘ, ਵਾਸੀ ਮੋਤੀਆਂ, ਥਾਣਾ ਮਾਹਲਪੁਰ।
17. ਮੁਨੀ ਲਾਲ ਪੁੱਤਰ ਮੋਹਰ ਚੰਦ ਖੱਤਰੀ, ਵਾਸੀ ਹਰਿਆਣਾ।

ਜ਼ਿਲ੍ਹਾ ਜਲੰਧਰ

1. ਸੁਰਜੀਤ ਸਿੰਘ ਪੁੱਤਰ ਸਰਵਣ ਸਿੰਘ, ਟਰੱਕ ਡਰਾਈਵਰ, ਵਾਸੀ ਕਾਕੀ ਪਿੰਡ।
2. ਜਸਵੰਤ ਸਿੰਘ ਫੌਜੀ, ਕਰਿਆਨਾ ਸਟੋਰ, ਹੁਸ਼ਿਆਰਪੁਰ ਰੋਡ।
3. ਰਾਡੂ ਕੁਆਪਰੇਟਿਵ ਐਗਰੀਕਲਚਰ ਸਰਵਿਸ ਸੁਸਾਇਟੀ, ਨੂਰਪੁਰ।
4. ਮੈ: ਨਾਰਦਰਨ ਰੋਡ ਸਰਵਿਸ, ਪਟੇਲ ਚੌਕ, ਜਲੰਧਰ।
5. ਦੀ ਪਰੀਮਿਸ਼ਸ਼ ਐਂਡ ਜਲੰਧਰ ਗੈਸ ਕੰ:
6. ਮੈ: ਰੋਸ਼ਨ ਸਿੰਘ ਐਂਡ ਸਨਜ਼, ਪੈਟਰੋਲ ਪੰਪ, ਜਲੰਧਰ।
7. ਮੈ: ਜਵਾਲਾ ਪੈਟਰੋਲ ਪੰਪ ਡੀਲਰਜ਼ ਨੈਸ਼ੇ ਬੱਸ ਸਟੈਂਡ ਜਲੰਧਰ।
8. ਚਮਨ ਲਾਲ ਮੱਕੜ, ਸਦਰ ਬਾਜ਼ਾਰ, ਜਲੰਧਰ ਛਾਉਨੀ
9. ਮੈ: ਵਿਜੇ ਆਟੋ ਸਰਵਿਸ, ਕ੍ਰਿਸ਼ਨ ਗੜ੍ਹ ਡੀਜ਼ਲ ਪੰਪ।
10. ਮਦਨ ਲਾਲ ਪੁੱਤਰ ਪ੍ਰਕਾਸ਼, ਰੇਲਵੇ ਰੋਡ, ਭੋਗਪੁਰ।
11. ਸ਼ਾਮ ਸੁੰਦਰ ਪੁੱਤਰ ਰਾਮ ਸਰੂਪ, ਵਾਸੀ ਰੇਲਵੇ ਰੋਡ, ਭੋਗਪੁਰ।
12. ਪਿਆਰਾ ਲਾਲ ਪੁੱਤਰ ਦੇਵੀ ਚਿੱਤਾ, ਰੇਲਵੇ ਰੋਡ, ਭੋਗਪੁਰ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

13. ਮੈ: ਗੁਰਬਚਨ ਸਿੰਘ ਐਂਡ ਸੰਨਜ਼, ਪੈਟਰੋਲ ਪੰਪ, ਆਦਮਪੁਰ।
14. —ਓਹੀ—
15. —ਓਹੀ—
16. ਪ੍ਰਲਾਦ ਸਿੰਘ ਪੁੱਤਰ ਭਗਤ ਸਿੰਘ ਜੱਟ, ਵਾਸੀ ਬੁਲੋਵਾਲ।
17. ਗੁਰਦੇਵ ਸਿੰਘ ਪੁੱਤਰ ਅਮਰ ਸਿੰਘ, ਵਾਸੀ ਜਗਤਪੁਰ।
18. ਬਰਿਜੰਦਰ ਸਿੰਘ ਪੁੱਤਰ ਬਲਵੰਤ ਸਿੰਘ, ਵਾਸੀ ਰੋਪੜ।
19. ਭਜਨ ਸਿੰਘ ਪੁੱਤਰ ਚਨਣ ਸਿੰਘ, ਵਾਸੀ ਰੱਬੋਵਾਲ।
20. ਕਮਲ ਦੇਵ ਪੁੱਤਰ ਮੋਹਣ ਚੰਦ, ਵਾਸੀ ਚੰਡੀਗੜ੍ਹ।
21. ਗੁਰਦਿਆਲ ਸਿੰਘ ਪੁੱਤਰ ਲਾਭ ਸਿੰਘ, ਵਾਸੀ ਫਗਵਾੜਾ।
22. ਰਲਾ ਰਾਮ, ਚੰਨਣ ਰਾਮ, ਪੈਟਰੋਲ ਪੰਪ ਡੀਲਰ, ਨਵਾਂ ਸ਼ਹਿਰ।
23. ਵਲਾਇਤੀ ਰਾਮ ਪੁੱਤਰ ਵੀਰ ਭਾਨ, ਵਾਸੀ ਲਾਡੋਵਾਲ।
24. ਬਨਾਰਸੀ ਦਾਸ ਪੁੱਤਰ ਦੀਵਾਨ ਚੰਦ, ਵਾਸੀ ਬੰਗਾ।
25. ਅਸ਼ੋਕ ਕੁਮਾਰ ਪੁੱਤਰ ਦੇਸ ਰਾਮ, ਵਾਸੀ ਲੋਹੀਆਂ।
26. ਮਹਿੰਦਰ ਕੁਮਾਰ ਪੁੱਤਰ ਦੇਸ਼ ਰਾਜ, ਵਾਸੀ ਲੋਹੀਆਂ।
27. ਮੈਸ: ਢਿੰਦਰਾ ਫਿਲਿੰਗ ਸਟੇਸ਼ਨ, ਜਲੰਧਰ ਛਾਉਣੀ।
28. ਦਰਸ਼ਨ ਲਾਲ ਪੁੱਤਰ ਚੌਧਰੀ ਰਾਮ, ਵਾਸੀ ਗੜ੍ਹਾ।
29. ਮੈ: ਸੁਭਾਸ਼ ਚੰਦਰ ਐਂਡ ਕੰਪਨੀ, ਗੁਰਾਇਆ।

ਜ਼ਿਲ੍ਹਾ ਕਪੂਰਥਲਾ

1. ਗੁਰਬਚਨ ਲਾਲ ਸ਼ਾਪ ਕੀਪਰ, ਫਗਵਾੜਾ ਸ਼ਹਿਰ।
2. ਰਮੇਸ਼ ਕੁਮਾਰ, ਵਾਸੀ ਸੁਲਤਾਨਪੁਰ।
3. ਮੁਖਤਿਆਰ ਸਿੰਘ, ਵਾਸੀ ਸੁਲਤਾਨਪੁਰ।
4. ਰਮੇਸ਼ ਚੰਦਰ ਵਾਸੀ ਸੁਲਤਾਨਪੁਰ।
5. ਨਰੇਸ਼, ਵਾਸੀ ਸੁਲਤਾਨਪੁਰ।
6. ਜੀਤ ਕੁਮਾਰ ਸੇਲਜ਼ਮੈਨ ਆਫ ਕੁਆਪਰੇਟਿਵ ਸੁਸਾਇਟੀ, ਢਹੇੜੂ।
7. ਪਿਆਰਾ ਲਾਲ, ਵਾਸੀ ਸਿਟੀ ਫਗਵਾੜਾ ਸ਼ੂਗਰ ਡੀਲਰ
8. ਕਰਿਸ਼ਨ ਲਾਲ, ਸ਼ੂਗਰ ਡੀਲਰ, ਫਗਵਾੜਾ
9. ਰਤਨ ਲਾਲ, ਸ਼ੂਗਰ ਡੀਲਰ, ਫਗਵਾੜਾ
10. ਪਰਮਜੀਤ ਸਿੰਘ, ਵਾਸੀ ਜਗਤਪੁਰ ਜਟਾਂ, ਥਾਣਾ ਫਗਵਾੜਾ।
11. ਬਲਕਾਰ ਸਿੰਘ, ਵਾਸੀ ਰਾਮਪੁਰ ਜਾਗੀਰ, ਥਾਣਾ ਸੁਲਤਾਨਪੁਰ।
12. ਬਲਵੰਤ ਸਿੰਘ ਪੁਤਰ ਮੇਵਾ ਸਿੰਘ, ਵਾਸੀ ਸੁਲਤਾਨਪੁਰ।

ਜ਼ਿਲ੍ਹਾ ਲੁਧਿਆਣਾ

1. ਰਤਨ ਚੰਦ ਪੁਤਰ ਨੰਦ ਲਾਲ, ਵਾਸੀ ਖੰਨਾ।
2. ਪਰੇਮ ਸਾਗਰ ਪੁਤਰ ਰਤਨ ਜੰਗ, ਵਾਸੀ ਖੰਨਾ।
3. ਸ਼ੀਸ਼ਪਾਲ, ਪੁੱਤਰ ਜੈ ਗੋਪਾਲ, ਵਾਸੀ ਦਰੇਸੀ ਰੋਡ, ਲੁਧਿਆਣਾ।
4. ਕੁਲਦੀਪ ਸਿੰਘ ਪੁੱਤਰ ਹਾਕਮ ਸਿੰਘ ਜੱਟ, ਵਾਸੀ ਕਲਾਣ ਮਾਜ਼ਰਾ, ਮਹਿਲ ਕਲਾਂ, ਜ਼ਿਲ੍ਹਾ ਸੰਗਰੂਰ।

Original with;
Punjab Vidhan Sabha
Digitized by
Panjab Digital Library

5. ਮੈ: ਓਮ ਪ੍ਰਕਾਸ਼ ਪੁੱਤਰ ਕਿਸ਼ਨ ਕੁਮਾਰ, ਵਾਸੀ ਗਰੇਨ ਮੰਡੀ, ਜਗਰਾਵਾਂ।
6. ਮੈ: ਜਗਦੀਸ਼ ਚੰਦ ਰੋਸ਼ਨ ਲਾਲ, ਡਿਪੂ ਹੋਲਡਰ, ਰੇਲਵੇ ਕਰਾਸਿੰਗ, ਜਗਰਾਵਾਂ।
7. ਜਗਦੀਸ਼ ਚੰਦ ਪੁੱਤਰ ਮੱਖਣ ਲਾਲ (2) ਅਸ਼ੋਕ ਕੁਮਾਰ ਪੁੱਤਰ ਮੱਖਣ ਲਾਲ, ਸੁਭਾਸ਼ ਰਾਣੀ ਪੁੱਤਰੀ ਜਗਦੀਸ਼ ਚੰਦ, ਵਾਸੀ ਖੰਨਾ, ਚੀਜ਼ਾ ਆਇਲ ਐਂਡ ਫਿਲੋਰ ਮਿੱਲ, ਖੰਨਾ।
8. ਸੁਭਾਸ਼ ਚੰਦਰ ਪੁੱਤਰ ਰਮੇਸ਼ਵਰ ਦਾਸ, ਵਾਸੀ ਮਾਲੇਰੀ ਗਲੀ, ਲੁਧਿਆਣਾ।
9. ਮੈ: ਭਾਰਤ ਆਇਲ ਕੰਪਨੀ, ਬੈਂਦਈ, ਸਮਰਾਲਾ।
10. ਪਰੀਤਮ ਸਿੰਘ ਪੁੱਤਰ ਗੁਰਦਿਆਲ ਰਾਮਗੜ੍ਹੀਆ, ਕਾਂਸ਼ੀ ਮਾਡਲ ਹਾਊਸ, ਲੁਧਿਆਣਾ।
11. ਪਰਮਜੀਤ ਸਿੰਘ ਪੁੱਤਰ ਦਰਸ਼ਨ ਸਿੰਘ, ਜੱਟ, ਵਾਸੀ ਮਿਹਰਵਾਨ ਥਾਣਾ ਸਦਰ, ਫਿਲਿੰਗ ਸਟੇਸ਼ਨ, ਇੰਡਸਟਰੀ ਏਰੀਆ।
12. ਗਿਆਨ ਚੰਦ ਪੁੱਤਰ ਜਸਵੰਤ ਰਾਇ ਅਰੋੜਾ, ਵਾਸੀ ਜੋਧੇਵਾਲ।
13. ਰਾਜ ਕੁਮਾਰ ਪੁੱਤਰ ਸੰਤ ਰਾਮ, ਮਕਾਨ ਨੰ: 1201, ਮੁਹੱਲਾ ਦੀਪ ਨਗਰ, ਲੁਧਿਆਣਾ।
14. ਹੇਮ ਰਾਜ ਪੁੱਤਰ ਸੁਲਤਾਨੀ ਰਾਮ ਅੱਗਰਵਾਲ, ਵਾਸੀ ਮ: ਨੰ: 988, ਮਿਲਰ ਗੰਜ।
15. ਸੰਜੀਵਨ ਕੁਮਾਰ ਪੁੱਤਰ ਦੀਨਾ ਨਾਥ, ਵਾਸੀ ਪਾਇਲ।

ਜ਼ਿਲ੍ਹਾ ਪਟਿਆਲਾ

1. ਦਲੀਪ ਸਿੰਘ ਪੁੱਤਰ ਰਾਮ ਸਿੰਘ, ਵਾਸੀ ਮਨੀ ਮਾਜਰਾ।
2. ਮੈ: ਲਕਸ਼ਮੀ ਟਰੇਡਰਜ਼, ਲਾਹੌਰੀ ਗੇਟ, ਪਟਿਆਲਾ।
3. ਮੈ: ਨੰਦਾ ਫਿਲਿੰਗ ਸਟੇਸ਼ਨ, ਸਰਹਿੰਦ।
4. ਨਾਨੂੰ ਰਾਮ ਪੁੱਤਰ ਰਾਮ ਸਰੂਪ, ਵਾਸੀ ਸਮਾਣਾ।
5. ਪਰੀਤਮ ਆਰੋੜਾ, ਵਾਸੀ ਪਟਿਆਲਾ।
6. ਨਰਾਇਣ ਦਾਸ ਪੁੱਤਰ ਲੰਕੂ ਰਾਮ, ਵਾਸੀ ਲਾਲੜੂ।
7. ਪਵਨ ਕੁਮਾਰ ਪੁੱਤਰ ਬਿਸ਼ਨ ਦਾਸ, ਵਾਸੀ ਲਾਲੜੂ।
8. ਸਿਵ ਦਿਆਲ, ਜਗਨ ਨਾਥ ਅਤੇ ਸਵਰਨ ਸਿੰਘ, ਪਰੇਮ ਚੰਦ ਪੁੱਤਰ ਸ਼੍ਰੀ ਰਾਮ, ਵਾਸੀ ਗੋਬਿੰਦਗੜ੍ਹ।
9. ਮੈ: ਪਾਲ ਸਰਵਿਸ ਸਟੇਸ਼ਨ, ਰਾਜਪੁਰਾ ਰੋਡ, ਪਟਿਆਲਾ।
10. ਮੋਤੀ ਰਾਮ ਪੁੱਤਰ ਰਮੇਸ਼ਵਰ ਦਾਸ, ਠੇਕੇਦਾਰ, ਮੰਡੀ ਗੋਬਿੰਦਗੜ੍ਹ।
11. ਵਿਨੋਦ ਕੁਮਾਰ, ਮੈ: ਸਿੰਗਲਾ ਆਇਲ, ਪਟਿਆਲਾ।
12. ਮੈ: ਬਾਬੂ ਰਾਮ ਐਂਡ ਸਨਜ਼, ਆਇਲ ਸੇਲਜ਼ ਡੀਲਰ, ਪਾਤੜਾਂ।
13. ਸ਼੍ਰੀ ਰਾਮ ਸ਼ਾਪ ਕੀਪਰ, ਖਰੌੜਾ, ਥਾਣਾ ਮੂਲੇਪੁਰ।
14. ਚਰਨ ਸਿੰਘ ਪੁੱਤਰ ਕਪੂਰ ਸਿੰਘ, ਜੱਟ, ਵਾਸੀ ਜਨਸੂਹਾ ਖੁਰਦ।
15. ਸ਼੍ਰੀ ਗਨੇਸ਼ ਚੰਦ ਪੁੱਤਰ ਹੰਸ ਰਾਜ, ਸ਼ਾਪ ਕੀਪਰ, ਭੁਪਿੰਦਰਾ ਰੋਡ, ਪਟਿਆਲਾ।
16. ਰਾਮ ਨਾਥ-ਬਨਾਰਸੀ ਦਾਸ, ਵਾਸੀ ਠੱਠਰੇਆਂ ਮੁਹੱਲਾ, ਨਾਭਾ।
17. ਗੁਰਿੰਦਰ ਸਿੰਘ, ਸੇਲਜ਼ਮੈਨ, ਸੀ.ਏ.ਐਸ.ਅੰਸ. ਕੋਟਲਾ ਘੋਰੂ।

ਜ਼ਿਲ੍ਹਾ ਸੰਗਰੂਰ

1. ਮੇਘ ਰਾਜ ਅੱਗਰਵਾਲ, ਵਾਸੀ ਬਰਨਾਲਾ।
2. ਰਾਮ ਲਾਲ, ਵਾਸੀ ਮਲੇਰਕੋਟਲਾ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

3. ਬੰਸੀ ਪੁੱਤਰ ਰਾਮ ਚੰਦ, ਗੁਲਾ, ਪੁੱਤਰ ਦਿਲਾ ਰਾਮ ਉਰਫ ਹਰਬੰਤ ਸਿੰਘ ਪੁੱਤਰ ਸ਼ਾਮ ਸਿੰਘ, ਵਾਸੀ ਦਿੜਬਾ ।
4. ਨਰਿੰਦਰ ਕੁਮਾਰ, ਪਿੰਡ ਹਮੀਦ, ਬਾਲਾ ਬਰਨਾਲਾ।
5. ਰਾਜ ਕੁਮਾਰ, ਵਾਸੀ ਸੁਨਾਮ।
6. ਨਰੰਜਨ ਦਾਸ ਅੱਗਰਵਾਲ, ਵਾਸੀ ਉਗੋਕੇ, ਥਾਣਾ ਬਰਨਾਲਾ।
7. ਦਿਨੇਸ਼ ਕੁਮਾਰ ਮਹਾਜਨ, ਵਾਸੀ ਸੁਨਾਮ।
8. ਨਰਿੰਦਰ ਕੁਮਾਰ, ਵਾਸੀ ਹਮੀਦ, ਬਰਨਾਲਾ।
9. ਸ੍ਰੀ ਸ਼ਵਰਨ ਸਿੰਘ, ਵਾਸੀ ਮੁਨਾਲ, ਥਾਣਾ ਬਰਨਾਲਾ, ਸੁਖਮਿੰਦਰ ਸਿੰਘ ਪੁੱਤਰ ਸ਼ਵਰਨ ਸਿੰਘ, ਵਾਸੀ ਮੁਨਾਲ।
10. ਗਨਪਤ ਰਾਇ ਮਹਾਜਨ, ਵਾਸੀ ਖਾਮਲ ਕਲਾਂ, ਥਾਣਾ ਦਿੜਬਾ।
11. ਭਗਵਾਨ ਦਾਸ ਪੁੱਤਰ ਰਾਮ ਕਰਨ, ਵਾਸੀ ਮੰਜਵਾਲ, ਥਾਣਾ ਸੰਗਰੂਰ।
ਸ਼ਿਵਜੀ ਰਾਮ ਪੁੱਤਰ ਬਿਸ਼ਨ ਮੱਲ, ਪਿੰਡ ਬੁਘਰਾ, ਧੂਰੀ, ਮਾਲਕ ਮੈ: ਗਰਗ ਫਰਟੇਲਾਈਜ਼ਰ, ਨਵੀਂ ਅਨਾਜ ਮੰਡੀ, ਸੰਗਰੂਰ।

ਜ਼ਿਲ੍ਹਾ ਰੋਪੜ

1. ਮੈ: ਚਾਵਲਾ ਫਿਲਿੰਗ ਸਟੇਸ਼ਨ, ਮੁਹਾਲੀ।
2. ਬਸੰਤ ਸਿੰਘ ਪੁੱਤਰ ਦਲੀਪ ਸਿੰਘ, ਵਾਸੀ ਸ਼ੰਕਰਪੁਰ, ਥਾਣਾ ਬਟਾਲਾ।
3. ਰਣਜੀਤ ਸਿੰਘ ਪੁੱਤਰ ਉਧਾਰਾ ਸਿੰਘ।
4. ਬਲਰਾਜ ਸਿੰਘ ਪੁੱਤਰ ਗੁਰਬਚਨ ਸਿੰਘ, ਵਾਸੀ ਭੁੰਮਰੀ, ਥਾਣਾ ਪਟਿਆਲਾ।
5. ਜਾਗੀਰ ਸਿੰਘ ਪੁੱਤਰ ਚੰਨਣ ਸਿੰਘ, ਵਾਸੀ ਜੁਲਕਾਂ, ਥਾਣਾ ਗੁਰਦਾਸਪੁਰ।
6. ਸਾਧੂ ਸਿੰਘ ਪੁੱਤਰ ਹਰਨਾਮ ਸਿੰਘ, ਵਾਸੀ ਦੁਰਗੀ, ਥਾਣਾ ਰੋਪੜ।
7. ਨਰਾਤਾ ਸਿੰਘ ਪੁੱਤਰ ਹਰਨਾਮ ਸਿੰਘ, ਵਾਸੀ ਦੁਘਰੀ, ਥਾਣਾ ਰੋਪੜ।
8. ਪੀਟਰੋ ਐਂਡ ਐਗਰੋ ਪੈਟਰੋਲ ਪੰਪ, ਪਿੰਡ ਦਾਓਂ।
9. ਦੀਦਾਰ ਸਿੰਘ, ਪੁੱਤਰ ਪਰਤਾਪ ਸਿੰਘ, ਵਾਸੀ ਰੁੜਕੀ ਖਰੜ।
10. ਸੱਤਪਾਲ ਸਿੰਘ ਪੁੱਤਰ ਪਰੇਮ ਸਿੰਘ, ਵਾਸੀ ਰੁੜਕੀ, ਖਰੜ।
11. ਇੰਦਰਜੀਤ ਸਿੰਘ ਪੁੱਤਰ ਸੁਚਾ ਸਿੰਘ, ਵਾਸੀ ਅਮਰਾਣਾ, ਸੰਗਰੂਰ।
12. ਇੰਦਰਜੀਤ ਸਿੰਘ ਪੁੱਤਰ ਸੁਚਾ ਸਿੰਘ, ਵਾਸੀ ਅਮਰਾਣਾ, ਸੰਗਰੂਰ।
13. ਬਲਬੀਰ ਸਿੰਘ ਪੁੱਤਰ ਸੀਤਲ ਸਿੰਘ, ਵਾਸੀ ਅਮਰਾਣਾ, ਸੰਗਰੂਰ।
14. ਬੀਰਇੰਦਰ ਸਿੰਘ ਸਹਿਗਲ ਪੁੱਤਰ ਪਰੀਤਮ ਸਿੰਘ, ਫੇਜ਼ I, ਮੁਹਾਲੀ।
15. ਕੁਲਦੀਪ ਚੰਦ ਪੁੱਤਰ ਗਿਆਨ ਚੰਦ, ਮਾਰਕਿਟ ਕਮੇਟੀ, ਕੁਰਾਲੀ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਇਸ ਸਵਾਲ ਦਾ ਜਵਾਬ ਦਿੱਤਾ ਹੈ। ਮੈਂ ਤੁਹਾਡੇ ਕੋਲੋਂ ਪ੍ਰੋਟੈਕਸ਼ਨ ਮੰਗਦਾ ਹਾਂ। ਤੁਸੀਂ ਇਹ ਜਵਾਬ ਦੇਖ ਲਓ। ਜਿਹੜੀ ਲਿਸਟ ਦਿੱਤੀ ਹੈ ਉਸ ਵਿਚ ਅੰਕੜੇ ਹੋਰ ਹਨ ਅਤੇ ਜਿਹੜੀ ਅਗਲੇ ਪੇਜ ਤੇ ਸਟੇਟਮੈਂਟ ਦਿੱਤੀ ਹੈ ਉਸ ਵਿਚ ਅੰਕੜੇ ਹੋਰ ਹਨ। ਜਿਸ ਦਾ ਨੰਬਰ ਇਨ੍ਹਾਂ ਨੇ 15 ਦਸਿਆ ਹੈ, ਅਗਲੀ ਲਿਸਟ ਵਿਚ ਉਹ 18 ਬਣਦੇ ਹਨ। ਸਟੇਟਮੈਂਟ

Original with;
Punjab Vidhan Sabha
Digitized by;
Panjab Digital Library

ਵਿੱਚ ਤਾਂ ਬਠਿੰਡੇ ਦੇ 9 ਦੱਸੇ ਹਨ ਪਰ ਨਾਲ ਜਿਹੜੀ ਲਿਸਟ ਲਾਈ ਹੈ ਉਸ ਵਿਚ ਇਹ 5 ਹਨ। ਸਟੇਟਮੈਂਟ ਵਿਚ ਤਾਂ ਜਲੰਧਰ ਦੇ ਕੇਸ 43 ਦਸੇ ਹਨ ਪਰ ਅੰਦਰਲੀ ਲਿਸਟ ਵਿਚ ਇਹ 29 ਹਨ। ਇਸੇ ਤਰ੍ਹਾਂ ਦੀ ਬਾਕੀ ਦੇ ਜ਼ਿਲ੍ਹਿਆਂ ਬਾਰੇ ਹੈ। ਜਾਂ ਤਾਂ ਸਪੀਕਰ ਸਾਹਿਬ, ਜਵਾਬ ਦੇਣ ਵਾਲੇ ਨੂੰ ਜ਼ਿਲ੍ਹਿਆਂ ਦਾ ਪਤਾ ਨਹੀਂ ਜਾਂ ਬਿਲਕੁਲ ਧਿਆਨ ਨਾਲ ਸਟੇਟਮੈਂਟ ਨਹੀਂ ਬਣਾਈ। ਕੀ ਚੀਫ ਮਨਿਸਟਰ ਸਾਹਿਬ ਇਸ ਸਬੰਧ ਵਿਚ ਕਲੈਰੀਫਾਈ ਕਰਨਗੇ ?

Chief Minister : I am sorry. ਇਹ ਸਵਾਲ ਅੱਜ ਹੀ ਤਿਆਰ ਕਰਕੇ ਇਥੇ ਲਿਆਂਦਾ ਗਿਆ ਹੈ। ਗਲਤੀ ਹੋ ਸਕਦੀ ਹੈ ਪਰ, ਸਪੀਕਰ ਸਾਹਿਬ, ਟੋਟਲ ਵਿਚ ਗਲਤੀ ਨਹੀਂ ਹੈ। ਜਿਹੜੇ ਅੰਦਰ ਕੇਸ ਇਨੈਮੂਰੇਟ ਕੀਤੇ ਹਨ ਉਸ ਦੇ ਵਿਚ ਗਲਤੀ ਹੋ ਸਕਦੀ ਹੈ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਰੂਪ ਨਗਰ ਦੇ ਕੇਸ ਹੀ ਵੇਖ ਲੈਣ। ਫਰੰਟ ਪੇਜ ਤੇ ਤਾਂ ਦਸਿਆ ਹੈ ਕਿ ਇਸ ਵਿਚ 10 ਕੇਸ ਹਨ ਪਰੰਤੂ ਅੰਦਰਲੀ ਲਿਸਟ ਵਿਚ ਇਹ 15 ਵਿਖਾਏ ਗਏ ਹਨ। ਜੇ ਅੱਜ ਵੀ ਕੋਈ ਇਨਫਰਮੇਸ਼ਨ ਤਿਆਰ ਕਰਕੇ ਭੇਜੀ ਹੈ ਤਾਂ ਵੀ ਇਨਫਰਮੇਸ਼ਨ ਤਾਂ ਠੀਕ ਹੀ ਦੇਣੀ ਚਾਹੀਦੀ ਹੈ।

ਮੁੱਖ ਮੰਤਰੀ : ਇਸ਼ ਦਾ ਜਵਾਬ ਮੈਂ ਦਰੁਸਤ ਕਰਕੇ ਫਿਰ ਦੇ ਦਿਆਂਗਾ।

Building for the Bus Stand at Nawanshehar

***164. Sardar Dilbagh Singh** : Will the Chief Minister be pleased to state:—

(a) the date when the Government Bus Depot in Nawanshehar was started ;

(b) whether any buildings for the bus stand and workshop have since been constructed ; if not, the reasons therefor and the time by which these are likely to be constructed ?

ਸਰਦਾਰ ਦਰਬਾਰਾ ਸਿੰਘ : (ੳ) 1-3-1976

(ਅ) ਵਰਕਸ਼ਾਪ ਲਈ ਆਰਜ਼ੀ ਸ਼ੈਡ ਬਣਾਇਆ ਹੋਇਆ ਹੈ। ਸਮੇਂ ਦੇ ਦੌਰਾਨ ਹੀ ਪੱਕੀ ਬਿਲਡਿੰਗ ਉਸਾਰੀ ਜਾਵੇਗੀ। ਇੱਥੇ ਇਹ ਦੱਸਣਾ ਸੰਭਵ ਨਹੀਂ ਹੈ ਕਿ ਪੱਕੀ ਬਿਲਡਿੰਗ ਦੀ ਉਸਾਰੀ ਲਈ ਕਿੰਨਾ ਸਮਾਂ ਲੱਗੇਗਾ। ਸਰਕਾਰ ਦੀ ਨੀਤੀ ਅਨੁਸਾਰ ਅੱਗੇ ਤੋਂ ਸਾਰੇ ਬੱਸ ਸਟੈਂਡ ਸਥਾਨਕ ਸੰਸਥਾਵਾ ਉਸਾਰਨਗੀਆਂ। ਨਵਾਂ ਸ਼ਹਿਰ ਬੱਸ ਸਟੈਂਡ ਦੀ ਉਸਾਰੀ ਹੁਣ ਸਥਾਨਕ ਨਗਰਪਾਲਕਾ ਵੱਲੋਂ ਕੀਤੀ ਜਾਣੀ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਨਵਾਂ ਸ਼ਹਿਰ ਮਿਉਂਸਪਲ ਕਮੇਟੀ ਕੋਲ ਐਨੇ ਫੰਡਜ਼ ਨਹੀਂ ਹਨ ਕਿ ਉਹ ਬਸ ਸਟੈਂਡ ਬਣਾ ਸਕੇ। 1976 ਤੋਂ ਲੈ ਕੇ 1980 ਤਕ 4 ਸਾਲ ਹੋ ਗਏ ਹਨ ਪਰ ਇਥੇ ਕੁਝ ਨਹੀਂ ਬਣਿਆ। ਜਿਹੜੀ ਇਨਫਰਮੇਸ਼ਨ ਮੁੱਖ ਮੰਤਰੀ ਜੀ ਨੇ ਦਿੱਤੀ ਹੈ ਕਿ ਕੁਝ ਬਣਿਆ ਹੈ, ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਬਿਲਕੁਲ ਗਲਤ ਹੈ। ਇਕ ਪ੍ਰਾਈਵੇਟ ਜਗ੍ਹਾ ਤੇ ਬੱਸਾਂ ਖੜਦੀਆਂ ਹਨ। ਬਾਰਸ਼ ਜਦੋਂ ਪੈਂਦੀ ਹੈ ਤਾਂ ਪਾਣੀ ਜਮ੍ਹਾਂ ਹੋ ਜਾਂਦਾ ਹੈ। ਅਗਰ ਅੱਜ ਇਨਫਰਮੇਸ਼ਨ ਪੂਰੀ ਇਨ੍ਹਾਂ ਕੋਲ ਨਹੀਂ ਹੈ ਤਾਂ ਇਸ ਸਵਾਲ ਨੂੰ ਅੱਗੇ ਪਾ ਲੈਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਕਿਹਾ ਹੈ ਕਿ ਉਥੇ ਕਝ ਨਹੀਂ ਬਣਿਆ ਹੈ। ਮੌਕੇ ਤੇ ਵੇਖ ਲਵਾਂਗੇ। ਜੇ ਉਥੇ ਕੁਝ ਨਹੀਂ ਬਣਿਆ ਹੋਵੇਗਾ ਤਾਂ ਜਿਸ ਨੇ ਇਹ ਇਨਫਰਮੇਸ਼ਨ ਤਿਆਰ ਕਰਕੇ ਦਿੱਤੀ ਹੈ, ਉਸ ਨੂੰ ਪੁੱਛ ਲਵਾਂਗੇ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਬਲਾਚੌਰ ਵਿਚੋਂ ਲਗ ਭਗ ਹਰ ਰੋਜ਼ 40, 50 ਬੱਸਾਂ ਹੁਸ਼ਿਆਰਪੁਰ, ਜਲੰਧਰ, ਚੰਡੀਗੜ੍ਹ ਨੂੰ ਜਾਂਦੀਆਂ ਹਨ। ਕਾਫੀ ਦੇਰ ਤੋਂ ਮੰਗ ਹੈ ਕਿ ਉਥੇ ਬੱਸਾਂ ਦਾ ਅੱਡਾ ਬਣਾਇਆ ਜਾਵੇ। ਜਗ੍ਹਾ ਮਿਉਂਸਪਲ ਕਮੇਟੀ ਦੇਣ ਨੂੰ ਤਿਆਰ ਹੈ। ਕੀ ਮੁੱਖ ਮੰਤਰੀ ਸਾਹਿਬ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਉਥੇ ਇਹ ਬੱਸ ਅੱਡਾ ਬਣਾਉਣ ਬਾਰੇ ਕੰਸਿਡਰ ਕਰਨਗੇ ?

ਮੁੱਖ ਮੰਤਰੀ : ਇਸ ਦਾ ਜਵਾਬ ਤਾਂ ਮੈਂ, ਸਪੀਕਰ ਸਾਹਿਬ. ਪਤਾ ਕਰਕੇ ਹੀ ਦੱਸ ਸਕਦਾ ਹਾਂ। ਸਵਾਲ ਤਾਂ ਇਹ ਨਵਾਂ ਸ਼ਹਿਰ ਦਾ ਹੈ। ਪਰਟੀਕੁਲਰ ਸਵਾਲ ਹੋਵੇ ਤਾਂ ਪਰਟੀਕੁਲਰ ਜਵਾਬ ਆਉਂਦਾ

ਸਰਦਾਰ ਬਸੰਤ ਸਿੰਘ ਖਾਲਸਾ : ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਵੱਡੇ ਅੱਡਿਆਂ ਵਿਚ ਖਾਸ ਕਰਕੇ ਲੁਧਿਆਣੇ ਵਿਚ ਰਿਕਸ਼ੇ ਵਾਲੇ ਅੱਡੇ ਦੇ ਅੰਦਰੋਂ ਵੀ ਜਦੋਂ ਸਵਾਰੀ ਲੈ ਕੇ ਜਾਂਦੇ ਹਨ ਅਤੇ ਜਦੋਂ ਬਾਹਰੋਂ ਅੱਡੇ ਵਿਚ ਸਵਾਰੀ ਲਿਆਉਂਦੇ ਹਨ ਤਾਂ 10 ਪੈਸੇ ਕਿਰਾਏ ਤੋਂ ਇਲਾਵਾ ਲੈਂਦੇ ਹਨ। ਰਿਕਸ਼ੇ ਵਿਚ ਹਰ ਗਰੀਬ ਆਦਮੀ ਸਵਾਰੀ ਕਰਦਾ ਹੈ। ਜੇ ਕੋਈ ਇਹ ਪੈਸੇ ਨਹੀਂ ਦਿੰਦਾ ਤਾਂ ਉਸ ਦਾ ਬੁਰਾ ਹਾਲ ਕਰਦੇ ਹਨ। ਕੀ ਇਸ ਬਾਰੇ ਵੀ ਸਰਕਾਰ ਵਿਚਾਰ ਕਰੇਗੀ ਅਤੇ ਇਹ ਜਿਹੜੇ ਪੈਸੇ ਠੇਕੇਦਾਰ ਲੈਂਦੇ ਹਨ ਉਨ੍ਹਾਂ ਤੋਂ ਪਬਲਿਕ ਨੂੰ ਰਾਹਤ ਦਿਵਾਏਗੀ ?

ਮੁੱਖ ਮੰਤਰੀ : ਰਿਕਸ਼ਾ ਵਾਲੇ ਇਹ ਪੈਸੇ ਲੈਂਦੇ ਹਨ, ਇਹ ਉਨ੍ਹਾਂ ਨੂੰ ਕਹਿਣ। ਬਾਕੀ ਇਸ ਦੀ ਇਨਕੁਆਇਰੀ ਕਰਨੀ ਪਵੇਗੀ ਕਿ ਇਹ ਜਿਹੜੇ ਕੰਟਰੈਕਟਰ ਹਨ ਕਿਸ ਨੇ ਮੁਕੱਰਰ ਕੀਤੇ ਹਨ, ਕਿਸ ਚੀਜ਼ ਦੇ ਪੈਸੇ ਲੈਂਦੇ ਹਨ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਫਗਵਾੜਾ ਬੜੀ ਸੈਂਟਰਲ ਪਲੇਸ ਹੈ। ਇਥੇ ਚੀਫ ਮਨਿਸਟਰ ਸਾਹਿਬ ਜੀ ਦੇ ਹਲਕੇ ਵਲੋਂ ਵੀ ਸੜਕਾਂ ਆਉਂਦੀਆਂ ਹਨ, ਬੰਗੇ ਤੋਂ, ਹਸ਼ਿਆਰਪੁਰ ਤੋਂ ਵੀ ਸੜਕ ਆਉਂਦੀ ਹੈ, ਗਲ ਕੀ ਚਾਰੇ ਪਾਸਿਉਂ ਸੜਕਾਂ ਆਉਂਦੀਆਂ ਜਾਂਦੀਆਂ ਹਨ। ਇਥੇ ਦੇ ਬੱਸ ਸਟੈਂਡ ਲਈ ਜਗ੍ਹਾ ਖਰੀਦੀ ਹੋਈ ਹੈ। ਪਿਛਲੇ 10 ਸਾਲਾਂ ਤੋਂ ਕਈ ਦਫਾ ਅੱਡਾ ਮਨਜ਼ੂਰ ਕਰਵਾਇਆ ਹੈ ਪਰ ਹਾਲੇ ਤਕ ਨਹੀਂ ਬਣਿਆ। ਕੀ ਚੀਫ ਮਨਿਸਟਰ ਸਾਹਿਬ ਛੇਤੀ ਤੋਂ ਛੇਤੀ ਇਸ ਨੂੰ ਬਣਾਉਣ ਦੀ ਕੋਸ਼ਿਸ਼ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅੱਜ ਤਕ ਟਰਾਂਸਪੋਰਟ ਦਾ ਆਰਜ਼ੀ ਤੌਰ ਤੇ ਕੰਮ ਚਲਦਾ ਰਿਹਾ ਹੈ। ਇਸ ਦਾ ਨਾਂ ਲੋਕਾਂ ਨੇ ਪੀਪਾ ਕਮੇਟੀ ਬਣਾਇਆ ਸੀ। ਕਿਸੇ ਨੇ ਇਸ ਪਾਸੇ ਧਿਆਨ ਨਹੀਂ ਸੀ ਦਿੱਤਾ। ਜਿਹੜੇ ਇਨ੍ਹਾਂ ਬੱਸਾਂ ਦੇ ਬਾਹਰਲੇ ਟੀਨ ਹਨ, ਉਹ ਇਸ ਤਰ੍ਹਾਂ ਬੱਲਜ ਕਰਦੇ ਹਨ ਕਿ ਦੋ ਫੁੱਟ ਦੀ ਦੂਰੀ ਤੇ ਵੀ ਜੇ ਕੋਈ ਬੰਦਾ ਖੜਾ ਹੈ ਤਾਂ ਉਸ ਨੂੰ ਅੰਦਰ ਖਿਚ ਲੈਂਦੇ ਹਨ। ਇਸ ਪ੍ਰਾਬਲਮ ਵਲ ਬਿਲਕੁਲ ਧਿਆਨ ਨਹੀਂ

Original with;
Punjab Vidhan Sabha
Digitized by;
Panjab Digital Library

ਦਿਤਾ ਗਿਆ। ਸਰਕਾਰੀ ਬੱਸਾਂ ਉਥੇ ਖੜੀਆਂ ਰਹਿੰਦੀਆਂ ਹਨ। ਫਗਵਾੜੇ ਦੇ ਅੱਡੇ ਦੀ ਸਾਰੀ ਸਕੀਮ ਬਣ ਚੁੱਕੀ ਹੈ। ਜਿਥੇ ਜਿਥੇ ਬੱਸ ਸਟੈਂਡ ਬਣਨੇ ਹਨ ਜਾਂ ਵਰਕਸ਼ਾਪਾਂ ਬਣਨੀਆਂ ਹਨ, ਇਸ ਚੀਜ਼ ਦੀ ਅਸੀਂ ਦੇਖ ਭਾਲ ਕਰ ਰਹੇ ਹਾਂ ਕਿ ਕਿਥੇ ਵਰਕਸ਼ਾਪ ਇਕਨਾਮੀਕਲ ਹੋ ਸਕਦੀ ਹੈ। ਟਰਾਂਸਪੋਰਟ ਦਾ ਘਾਟੇ ਵਿਚ ਜਾਣ ਦਾ ਕਾਰਨ ਕੀ ਹੈ, ਇਹ ਤਾਂ ਮੈਨੂੰ ਪਤਾ ਨਹੀਂ, ਹੁਣ ਇਸ ਨੂੰ ਲਭਾਂਗੇ ਅਤੇ ਦਰੁਸਤ ਕਰਾਂਗੇ। ਇਸ ਸਾਲ ਜਿਹੜੇ ਬੱਸ ਸਟੈਂਡ ਬਣਾਉਣੇ ਹਨ, ਜੇ ਉਨ੍ਹਾਂ ਵਿਚ ਫਗਵਾੜੇ ਦਾ ਨਾਂ ਹੋਇਆ ਤਾਂ ਉਸ ਵਲ ਵੀ ਧਿਆਨ ਦੇਵਾਂਗੇ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੁਰਾਣੀ ਕਾਂਗਰਸ ਸਰਕਾਰ ਵਲੋਂ ਜਲੰਧਰ ਸ਼ਹਿਰ ਦਾ ਬੱਸਾਂ ਦਾ ਅੱਡਾ ਬਣ ਚੁੱਕਾ ਹੈ। ਆਲੇ ਦੁਆਲੇ ਦੀਆਂ ਸੜਕਾਂ ਜਿਹੜੀਆਂ ਹਨ ਉਹ ਨਹੀਂ ਬਣੀਆਂ। ਬਾਰਸ਼ਾਂ ਪੈਣ ਨਾਲ ਉਥੇ 3, 4 ਫੁੱਟ ਪਾਣੀ ਖੜਾ ਹੋ ਜਾਂਦਾ ਹੈ, ਕੋਈ ਸਵਾਰੀ ਉਥੋਂ ਲੰਘ ਨਹੀਂ ਸਕਦੀ। ਇਹ ਪੀ. ਡਬਲਿਊ. ਡੀ. (ਬੀ. ਐਂਡ ਆਰ.) ਦੀ ਸੜਕ ਹੈ। ਕੀ ਉਸਨੂੰ ਛੇਤੀ ਤੋਂ ਛੇਤੀ ਬਣਾਉਣ ਦਾ ਯਤਨ ਕਰਨਗੇ ?

ਮੁੱਖ ਮੰਤਰੀ : ਜੇ ਕੋਈ ਬੀ. ਐਂਡ ਆਰ. ਨੇ ਸੜਕ ਬਣਾਉਣੀ ਹੈ ਤਾਂ ਸਰਕਾਰ ਉਹ ਜ਼ਰੂਰ ਬਣਾਏਗੀ।

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਠਿੰਡਾ ਸ਼ਹਿਰ ਦਾ ਬੱਸ ਅੱਡਾ ਬਹੁਤ ਖਰਾਬ ਹਾਲਤ ਵਿਚ ਹੈ। ਉਸ ਦੇ ਅੰਦਰ ਜਿਹੜੀ ਸੜਕ ਹੈ ਉਹ ਬਹੁਤ ਦੇਰ ਤੋਂ ਟੁੱਟੀ ਪਈ ਹੈ, ਉਸ ਦੀ ਮੁਰੰਮਤ ਕੋਈ ਨਹੀਂ ਹੋਈ। ਕੀ ਉਸ ਦੀ ਮੁਰੰਮਤ ਦਾ ਅਤੇ ਅੱਡੇ ਦੇ ਸੁਧਾਰ ਦਾ ਪ੍ਰਯਤਨ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਦੋਂ ਮੁਰੰਮਤ ਦਾ ਕੰਮ ਸਾਡੇ ਜ਼ਿੰਮੇ ਹੈ ਤਾਂ ਅਸੀਂ ਵੇਖਾਂਗੇ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਅਮਿਤਸਰ, ਜਲੰਧਰ, ਲੁਧਿਆਣਾ ਦੇ ਬੱਸ ਸਟੈਂਡਾਂ ਦੀ ਇਤਨੀ ਮਾੜੀ ਹਾਲਤ ਹੈ ਕਿ ਗੱਡੀਆਂ ਦੀ ਆਵਾਜਾਈ ਮੁਸ਼ਕਲ ਹੋ ਗਈ ਹੈ। ਉਥੇ ਬਰਸਾਤ ਦਾ ਪਾਣੀ ਇਕੱਠਾ ਹੋ ਜਾਂਦਾ ਹੈ। ਤਰਨ ਤਾਰਨ ਦਾ ਬੱਸ ਸਟੈਂਡ ਵੀ ਇਸੇ ਤਰ੍ਹਾਂ ਦਾ ਹੀ ਹੈ। ਕੀ ਮੁੱਖ ਮੰਤਰੀ ਜੀ ਇਨ੍ਹਾਂ ਬੱਸ ਅੱਡਿਆਂ ਦੀ ਰਿਪੇਅਰ ਕਰਾਉਣਗੇ ਤਾਕਿ ਬੱਸਾਂ ਠੀਕ ਤਰ੍ਹਾਂ ਚਲ ਸਕਣ, ਉਨ੍ਹਾਂ ਦਾ ਨੁਕਸਾਨ ਨਾ ਹੋਵੇ ਅੱਥ ਲੋਕਾਂ ਨੂੰ ਤਕਲੀਫ ਵੀ ਨਾ ਹੋਵੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਅੱਗਾ ਪਿੱਛਾ ਵੇਖ ਕੇ ਇਹ ਕੰਮ ਕਰਨ ਲੱਗੇ ਹਾਂ ਤਾਕਿ ਜਿਹੜੀ ਲੋਕਾਂ ਨੂੰ ਤਕਲੀਫ ਆਉਂਦੀ ਹੈ ਉਹ ਵੀ ਨਾ ਆਵੇ, ਜੋ ਟਰਾਂਸਪੋਰਟ ਦੀਆਂ ਮੋਟਰਾਂ ਆਊਟ ਆਫ ਆਰਡਰ ਹਨ ਉਹ ਵੀ ਠੀਕ ਹੋ ਸਕਣ ਅੱਰ ਜੋ ਅੱਗੇ ਚੋਰੀ ਚਾਰੀ ਹੁੰਦੀ ਰਹੀ ਹੈ ਉਹ ਵੀ ਬੰਦ ਹੋ ਜਾਵੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਪੀਪਾ ਬੱਸ ਸਰਵਿਸ ਹੈ। ਇਨ੍ਹਾਂ ਨੂੰ ਇਹ ਗੱਲ ਵੇਖ ਲੈਣੀ ਚਾਹੀਦੀ ਸੀ ਕਿ ਕਿਸ ਰਾਜ ਵੇਲੇ ਦੀ ਇਹ ਗੱਲ ਹੈ। ਕਿਸ ਵੇਲੇ ਇਹ ਹੋਇਆ ਮੈਂ ਇਸ ਪਾਸੇ ਨਹੀਂ, ਸਪੀਕਰ ਸਾਹਿਬ, ਜਾਂਦਾ। ਮੈਂ ਇਹ ਦੱਸਦਾ ਹਾਂ ਕਿ ਪਿਛਲੀ ਸਰਕਾਰ ਨੇ ਬੱਸ ਸਟੈਂਡਾਂ ਵਾਸਤੇ ਪੈਸਾ ਰਖਿਆ ਸੀ ਕੀ ਇਨ੍ਹਾਂ ਨੇ ਵੀ ਬੱਸ ਸਟੈਂਡਾਂ ਵਾਸਤੇ ਪੈਸਾ ਰੱਖਿਆ ਹੈ ? ਫਿਰ ਸਪੀਕਰ ਸਾਹਿਬ, ਇਹ ਫੈਸਲਾ ਹੋਇਆ ਸੀ ਕਿ ਸ਼ਹਿਰਾਂ ਵਿਚ ਟਰਾਂਸਪੋਰਟ ਦਾ ਕੰਮ ਮਿਉਂਸਪਲ ਕਮੇਟੀਆਂ ਨੂੰ ਦੇ ਦੇਣਾ ਹੈ। ਇਨ੍ਹਾਂ ਨੇ ਪੜ੍ਹ ਕੇ ਦੱਸਿਆ ਹੈ ਕਿ ਇਹ ਕੰਮ ਮਿਉਂਸਪਲ ਕਮੇਟੀਆਂ ਨੂੰ ਦੇ ਦਿੱਤਾ ਹੈ। ਕੀ ਇਹ ਪ੍ਰਬੰਧ ਕਰਨਗੇ ਜਿਸ ਨਾਲ ਕਿ ਉਨ੍ਹਾਂ ਕਮੇਟੀਆਂ ਨੂੰ ਐਲ. ਆਈ. ਸੀ, ਤੋਂ ਜਾਂ ਹੋਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਕਿਸੇ ਆਦਾਰੇ ਤੋਂ ਫਾਈਨਾਂਸ ਕੀਤਾ ਜਾ ਸਕੇ ਤਾਕਿ ਉਹ ਹਰ ਬੱਸ ਸਟੈਂਡ ਠੀਕ ਤਰ੍ਹਾਂ ਬਣਾ ਸਕਣੇ ਜਾਂ ਕੀ ਇਹ ਬੱਜਟ ਵਿਚ ਪੈਸੇ ਇਸ ਕੰਮ ਲਈ ਰੱਖਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਉਨ੍ਹਾਂ ਦੀ ਹੈਲਪ ਸਾਧਨ ਹਾਸਲ ਕਰਨ ਲਈ ਕੀਤੀ ਜਾ ਸਕਦੀ ਹੋਈ, ਅਸੀਂ ਜ਼ਰੂਰ ਕਰਾਂਗੇ।

Letter Written by a Legislator to the Amritsar Municipal Corporation Transport Authorities regarding poor performance of Bus service.

***120. Comrade Raj Kumar :** Will the Minister for Finance be pleased to state whether any legislator wrote a letter to the Amritsar Municipal Corporation Transport Authorities during the period from 1st January, 1980 to date regarding the poor performance of its bus service; if so, the details thereof and the action, if any, taken thereon ?

Doctor Kewal Krishan : No letter from any legislator had been received by the Commissioner, Municipal Corporation, Amritsar, regarding the alleged poor performance of local bus service.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਕਿਹਾ ਹੈ ਕਿ ਕੋਈ ਚਿੱਠੀ ਨਹੀਂ ਆਈ। ਸਪੀਕਰ ਸਾਹਿਬ, ਇਹ ਲੈਜਿਸਲੇਟਰ ਦੀ ਚਿੱਠੀ ਹੈ। ਇਹ ਕਾਮਰੇਡ ਸੋਹਣ ਸਿੰਘ ਜੀ ਦੀ 1 ਜਨਵਰੀ, 1980 ਦੀ ਚਿੱਠੀ ਹੈ। ਇਸ ਦੇ ਕੰਟੈਂਟਸ ਮੈਂ ਦੱਸ ਦਿੰਦਾ ਹਾਂ, ਕੋਈ ਬਹੁਤੀ ਵੱਡੀ ਗੱਲ ਨਹੀਂ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਚਿੱਠੀ ਵਿਚ ਲਿਖਿਆ ਗਿਆ ਸੀ ਕਿ ਢੈਪਈ ਤੋਂ ਸ਼ਾਹਪੁਰ ਚੁਗਾਵਾਂ ਨਾ ਕੋਈ ਬੱਸ ਦਾ ਟਾਈਮ ਹੈ, ਰਸਤਾ ਵੀ ਕਾਫੀ ਲੰਬਾ ਹੈ ਪਰ ਕਿਰਾਇਆ ਜਿਹੜਾ ਹੈ ਉਹ ਦੋ ਸਟੇਜਾਂ ਵਿਚ ਚਾਹੀਦਾ ਹੈ, ਕੀ ਇਹ ਜੇਕਰ ਇਨ੍ਹਾਂ ਪਾਸ ਪੈਡ ਤੇ ਇਨਫਰਮੇਸ਼ਨ ਹੋਵੇ ਤਾਂ ਇਸ ਦਾ ਜਵਾਬ ਦੇਣਗੇ ?

ਮੰਤਰੀ : ਸਨਿਮਰਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਮਰੇਡ ਸੋਹਣ ਸਿੰਘ, ਐਮ. ਐਲ. ਏ., ਦੀ ਕੋਈ ਚਿੱਠੀ ਰਿਕਾਰਡ ਤੇ ਨਹੀਂ ਹੈ ਨਾ ਹੀ ਪਹੁੰਚੀ ਹੈ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਉਹ ਤਾਂ ਉਸ ਵੇਲੇ ਐਮ. ਐਲ. ਏ. ਹੀ ਨਹੀਂ ਸੀ, ਜੀ। ਉਸ ਦੀ ਚਿੱਠੀ ਕਿੱਥੋਂ ਆਉਣੀ ਸੀ। (ਵਿਘਨ)

ਸ਼੍ਰੀ ਸਪੀਕਰ : ਹਾਂ ਜੀ, ਨੈਕਸਟ ਕੁਐਸਚਨ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਰਾਜ ਕੁਮਾਰ ਆਪਣਾ ਸਵਾਲ ਪੂੱਟ ਕਰਨ ਲਈ ਖੜੇ ਸਨ)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਨੂੰ ਇਸ ਪਿਛਲੇ ਸਵਾਲ ਤੇ ਇਕ ਸਪਲੀਮੈਂਟਰੀ ਕਰ ਲੈਣ ਦਿਓ ਜੀ। (ਵਿਘਨ) ਸਪੀਕਰ ਸਾਹਿਬ, ਜਿਹੜੀਆਂ ਬੱਸਾਂ ਸਰਕਾਰ ਨੇ ਮਿਊਂਸਪਲ ਕਾਰਪੋਰੇਸ਼ਨਾਂ ਨੂੰ ਦੇ ਦਿੱਤੀਆਂ ਹਨ ਉਹ ਉਨ੍ਹਾਂ ਪਾਸੋਂ ਚਲਦੀਆਂ ਨਹੀਂ ਹਨ। ਲੁਧਿਆਣੇ ਵਿਚ ਪਿਛਲੇ ਤਿੰਨ ਮਹੀਨਿਆਂ ਵਿਚ 11 ਲੱਖ ਦਾ ਘਾਟਾ ਹੋਇਆ ਹੈ। ਕੀ ਸਰਕਾਰ ਇਸ ਦੀ ਇਨਕੁਆਇਰੀ ਕਰੇਗੀ ਅੱਰ ਉਹ ਬੱਸਾਂ ਕਿਉਂਕਿ ਉਨ੍ਹਾਂ ਤੋਂ ਚਲਣੀਆਂ ਨਹੀਂ ਹਨ ਇਸ ਲਈ ਇਹ ਸਕੀਮ, ਉਨ੍ਹਾਂ ਨੂੰ ਬੱਸਾਂ ਦੇਣ ਦੀ ਵਾਪਸ ਲੈਣਗੇ ?

Original with;
Punjab Vidhan Sabha
Digitized by
Panjab Digital Library

ਮੰਤਰੀ : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਤਾਂ ਜ਼ਰੂਰ ਦੇ ਦਿੱਤੀ ਹੈ ਪਰ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਇਨ੍ਹਾਂ ਦਾ ਸਪਲੀਮੈਂਟਰੀ ਕੈਲੇਵੈਂਟ ਨਹੀਂ ਹੈ, ਨਵਾਂ ਨੋਟਿਸ ਦੇ ਚੋਣ ਜ਼ਰੂਰ ਜਵਾਬ ਦੇਵਾਂਗੇ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਨੇ ਹਾਊਸ ਨੂੰ ਮਿਸਲੀਡ ਕੀਤਾ ਹੈ। ਉਹ ਸਖਸ਼ ਉਸ ਵੇਲੇ ਐਮ. ਐਲ. ਏ. ਨਹੀਂ ਸੀ।

ਕਾਮਰੇਡ ਰਾਜ ਕੁਮਾਰ : ਮੈਂ ਤੁਹਾਡੀ ਤਸੱਲੀ ਕਰਵਾ ਦੇਵਾਂਗਾ ਜੀ। ਸਪੀਕਰ ਸਾਹਿਬ, ਇਹ ਸ਼ਾਇਦ ਸਾਡੇ ਸੈਕਰੇਟੇਰੀਏਟ ਉਤੇ ਐਸਪਰਸ਼ਨ ਹੋਵੇ। ਮੈਂ ਤਾਂ ਆਪ ਹੈਰਾਨ ਹਾਂ ਕਿ ਇਹ ਡੇਟ ਲੈਟਰ ਦੀ 1 ਜੂਨ, 1980 ਹੋਣੀ ਹੈ, 1 ਜਨਵਰੀ, 1980 ਨਹੀਂ ਹੋ ਸਕਦੀ। ਇਹ, ਸਪੀਕਰ ਸਾਹਿਬ, ਚੈਕ ਅੱਪ ਕਰਵਾ ਲੈਣਾ ਚਾਹੀਦਾ ਹੈ ਜੀ। (ਵਿਘਨ)

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਪੀਕਰ ਸਾਹਿਬ, ਇਹ ਬੜਾ ਅਹਿਮ ਸਵਾਲ ਹੈ ਜੀ। ਇਨ੍ਹਾਂ ਨੇ ਹਾਊਸ ਨੂੰ ,ਮਿਸਲੀਡ ਕੀਤਾ ਹੈ। ਹਾਊਸ ਦੀ ਤੌਹੀਨ ਹੋਈ ਹੈ। ਮੰਤਰੀ ਜੀ ਨੇ ਹੁਣੇ ਹੀ ਜਵਾਬ ਦਿੱਤਾ ਹੈ ਕਿ ਕੋਈ ਇਸ ਤਰ੍ਹਾਂ ਦੀ ਚਿੱਠੀ ਨਹੀਂ ਆਈ। ਇਸ ਲਈ ਇਨ੍ਹਾਂ ਨੂੰ ਆਪਣੇ ਲਫਜ਼ ਵਾਪਸ ਲੈਣੇ ਚਾਹੀਦੇ ਹਨ। ਉਹ ਐਮ. ਐਲ. ਏ. ਨਹੀਂ ਹੈ।

ਸ਼੍ਰੀ ਸਪੀਕਰ : ਮੈਂ ਇਹ ਮਾਮਲਾ ਚੈਕ ਅੱਪ ਕਰਵਾ ਲਵਾਂਗਾ। ਬਾਕੀ ਜਿਨ੍ਹਾਂ ਵਲੋਂ ਸਵਾਲ ਪੁੱਛਿਆ ਗਿਆ ਸੀ ਉਹ ਤਾਂ ਐਮ. ਐਲ. ਏ. ਹੈ।

Starting of Construction work at Focal Points in Verka Assembly Constituency

*119. **Comrade Raj Kumar :** Will the Minister for Development be pleased to state:—

(a) whether any Legislator wrote a letter to the Government in June, 1980 requesting that orders be issued for starting the construction work of focal points in the Verka Assembly Constituency which has been held up;

(b) if the reply to part (a) above be in the affirmative, the names of focal points in respect of which orders for starting the construction work have since been issued ;

(c) the target date, if any fixed for completing the construction work of the said focal points, together with the date by which construction work of the said focal points is likely to be restarted.

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਅਜਿਹਾ ਕੋਈ ਪੱਤਰ ਪ੍ਰਾਪਤ ਨਹੀਂ ਹੋਇਆ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

(ਏ) ਸਵਾਲ ਹੀ ਪੈਦਾ ਨਹੀਂ ਹੁੰਦਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਪਹਿਲੇ ਮਾਮਲੇ ਤੋਂ ਕਾਫੀ ਮੁਹਤਾਤ ਹੋ ਗਿਆ ਹਾਂ ਜੀ। ਮੇਰੀ ਕਾਂਸਟੀਚਿਊਐਂਸੀ ਦਾ ਸਵਾਲ ਹੈ ਜਾਂ ਗਵਾਂਢੀ ਦਾ, ਮੈਂ ਕੋਈ ਖਤਰਾ ਮੁੱਲ ਨਹੀਂ ਲੈਣਾ ਚਾਹੁੰਦਾ। ਇਹ ਕਹਿੰਦੇ ਹਨ ਕਿ ਕੋਈ ਚਿੱਠੀ ਨਹੀਂ ਆਈ, ਇਸ ਲਈ ਮੈਂ ਕੋਈ ਸਪਲੀਮੈਂਟਰੀ ਨਹੀਂ ਕਰਦਾ। (ਬੈਂਪਿੰਗ)।

Original with;
Punjab Vidhan Sabha
Digitized by;
Panjab Digital Library

Mr. Speaker : Questions are over.

OBITUARY REFERENCE

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਇਸ ਹਾਊਸ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼੍ਰੀ ਗੁਰਦੀਪ ਸਿੰਘ ਸ਼ਹੀਦ ਜੋ ਸਾਡੇ ਇਸ ਹਾਊਸ ਦੇ ਮੁਮਤਾਜ਼ ਮੈਂਬਰ ਰਹੇ ਹਨ ਉਹ ਸਾਡੇ ਨਾਲੋਂ ਸਦਾ ਲਈ ਜੁਦਾ ਹੋ ਗਏ ਹਨ। ਉਹ ਲੋਕਾਂ ਵਿਚ ਇਸ ਗਲ ਲਈ ਪ੍ਰਸਿਧ ਸਨ ਕਿ ਉਹ ਕੰਮ ਕਰਨ ਵਾਲੇ ਸਨ। ਉਹ ਲੋਕ ਭਲਾਈ ਦੇ ਕੰਮ ਕਰਨ ਵਾਲੇ ਇਕ ਐਕਟਿਵ ਕਾਂਗਰਸੀ ਵਰਕਰ ਸਨ। ਉਹ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਰਹੇ ਅੌਰ ਇਸ ਵਾਸਤੇ ਉਹ ਲਗਾਤਾਰ ਕੰਮ ਕਰਦੇ ਰਹੇ। ਉਨ੍ਹਾਂ ਨੇ ਲੋਕ ਭਲਾਈ ਅੌਰ ਕਾਂਗਰਸ ਦੇ ਵਰਕਰ ਦੇ ਤੌਰ ਤੇ ਕੰਮ ਕਰਦਿਆਂ ਆਪਣਾ ਜੀਵਨ ਬਿਤਾ ਦਿਤਾ। ਭਲਾਈ ਦੇ ਕੰਮਾਂ ਵਿਚ ਉਹ ਬਹੁਤ ਸ਼ੌਕ ਨਾਲ ਸ਼ਾਮਲ ਹੁੰਦੇ ਸਨ। ਉਹ ਇਸ ਹਾਊਸ ਵਿਚ ਵੀ ਅਤੇ ਬਾਹਰ ਵੀ ਇਕ ਬੜੇ ਤਕੜੇ ਕਾਮੇ ਦੇ ਤੌਰ ਤੇ ਜਾਣੇ ਜਾਂਦੇ ਸਨ। ਉਹ ਕੰਮ ਕਰਨ ਵਾਲੇ ਸਨ ਅੌਰ ਅੰਮ੍ਰਿਤਸਰ ਵਿਚ ਉਨ੍ਹਾਂ ਦਾ ਇਕ ਖਾਸ ਸਥਾਨ ਸੀ।

ਸਰਦਾਰ ਸੁਰਜੀਤ ਸਿੰਘ ਬਰਨਾਲਾ .(ਬਰਨਾਲਾ) : ਸਪੀਕਰ ਸਾਹਿਬ, ਸਰਦਾਰ ਗੁਰਦੀਪ ਸਿੰਘ ਸ਼ਹੀਦ ਸਾਡੇ ਨਾਲ ਮੈਂਬਰ ਰਹੇ ਹਨ। ਸਾਨੂੰ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਹ ਬੜੇ ਨਿੱਘੇ ਤੇ ਮਿੱਠੇ ਸੁਭਾਓ ਦੇ ਸਨ ਅਤੇ ਹਰ ਆਦਮੀ ਦਾ, ਆਪਣੇ ਇਲਾਕੇ ਦੇ ਲੋਕਾਂ ਦਾ ਖਿਆਲ ਰਖਦੇ ਸਨ ਅਤੇ ਲੋਕ ਸੇਵਾ ਵਿਚ ਰੁਝੇ ਰਹਿੰਦੇ ਸਨ। ਮਿਲਾਪੜਾ ਸੁਭਾਓ ਹੋਣ ਕਰਕੇ ਸਾਥੀਆਂ ਪਾਰਟੀਆਂ ਨਾਲ ਉਨ੍ਹਾਂ ਦਾ ਪਿਆਰ ਸੀ। ਮੈਨੂੰ ਅਤੇ ਮੇਰੀ ਪਾਰਟੀ ਨੂੰ ਉਨ੍ਹਾਂ ਦੇ ਵਿਛੋੜੇ ਤੇ ਬੜਾ ਅਫਸੋਸ ਹੈ। ਇਹ ਮਤਾ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਭੇਜ ਦਿੱਤਾ ਜਾਵੇ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਜੋ ਜਜ਼ਬਾਤ ਚੀਫ ਮਨਿਸਟਰ ਸਾਹਿਬ ਨੇ ਅੌਰ ਬਰਨਾਲਾ ਜੀ ਨੇ ਸ਼ਹੀਦ ਸਾਹਿਬ ਬਾਰੇ ਕਹੇ ਹਨ ਮੈਂ ਆਪਣੀ ਪਾਰਟੀ ਨੂੰ ਉਨ੍ਹਾਂ ਦੇ ਜਜ਼ਬਾਤ ਨਾਲ ਸ਼ਾਮਲ ਕਰਦਾ ਹਾਂ। ਠੀਕ ਹੈ ਕਿ ਸਾਨੂੰ ਇਸ ਹਾਊਸ ਵਲੋਂ ਇਹ ਮਤਾ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦੇਣਾ ਚਾਹੀਦਾ ਹੈ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ, ਐਸ. ਸੀ.) : ਸਪੀਕਰ ਸਾਹਿਬ, ਜੋ ਸੀ. ਐਮ. ਸਾਹਿਬ ਨੇ ਮਤਾ ਪੇਸ਼ ਕੀਤਾ ਹੈ ਮੈਂ ਉਸ ਦੀ ਤਾਈਦ ਕਰਦਾ ਹਾਂ। ਸ਼ਹੀਦ ਸਾਹਿਬ ਪਿਛਲੀ ਵਾਰੀ ਐਮ. ਐਲ. ਏ. ਰਹੇ ਹਨ। ਉਹ ਇਲਾਕੇ ਵਿਚ ਬੜੇ ਚੰਗੇ ਜਾਣੇ ਜਾਂਦੇ ਸਨ। ਉਹ ਇਸ ਵੇਲੇ ਬੁੱਢੇ ਨਹੀਂ ਸਨ, ਇਸ ਲਈ ਇਸ ਉਮਰ ਵਿਚ ਉਨ੍ਹਾਂ ਦਾ ਚਲੇ ਜਾਣਾ ਮਾੜੀ ਗਲ ਹੋਈ ਹੈ। ਸੀ. ਐਮ. ਸਾਹਿਬ ਨੇ ਜੋ ਕਿਹਾ ਹੈ ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ।

ਸਰਦਾਰ ਜਸਮਤ ਸਿੰਘ ਢਿੱਲੋਂ (ਫਰੀਦਕੋਟ) : ਸਪੀਕਰ ਸਾਹਿਬ, ਮੈਨੂੰ ਸ਼ਹੀਦ ਸਾਹਿਬ ਦੇ ਨਾਲ ਸਹਿਕਾਰਤਾ ਲਹਿਰ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੇ ਸਹਿਕਾਰਤਾ ਦੇ ਖੇਤਰ ਵਿਚ ਬੜੀ ਸੇਵਾ ਕੀਤੀ ਹੈ ਅਤੇ ਉਹ ਇਸ ਸਬੰਧੀ ਬੜੀਆਂ ਚੰਗੀਆਂ ਭਾਵਨਾਵਾਂ ਰਖਦੇ ਸਨ। ਉਨ੍ਹਾਂ ਦੀ ਮੌਤ ਤੇ ਮੈਨੂੰ ਬੜਾ ਦੁੱਖ ਹੈ ਅਤੇ ਜਿਹੜਾ ਸ਼ੌਕ ਮਤਾ ਮੁੱਖ ਮੰਤਰੀ ਜੀ ਨੇ ਰਖਿਆ ਹੈ ਮੈਂ ਉਸ ਦੇ ਨਾਲ ਸ਼ਾਮਲ ਹੁੰਦਾ ਹਾਂ।

ਸ਼੍ਰੀ ਸਪੀਕਰ : ਮੈਂ ਇਸ ਮਤੇ ਦੇ ਨਾਲ ਬੜਾ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ਼ਾਮਲ ਹੁੰਦਾ ਹਾਂ। ਇਹ ਜਿਹੜਾ ਹਮਦਰਦੀ ਭਰਿਆ ਮਤਾ ਰਖਿਆ ਗਿਆ ਹੈ ਇਸ ਨੂੰ ਉਸ ਦੇ ਵਿਲੰਬਿਤ ਪਰਿਵਾਰ ਨੂੰ ਭੇਜ ਦਿੱਤਾ ਜਾਵੇਗਾ। ਮੈਂ ਬੇਨਤੀ ਕਰਾਂਗਾ ਕਿ ਹੁਣ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਮਾਨਯੋਗ ਮੈਂਬਰਜ਼ 2 ਮਿੰਟ ਦਾ ਮੌਨ ਧਾਰਨ ਕਰਨ।

Original with;
Punjab Vidhan Sabha
Digitized by;
Panjab Digital Library

(ਇਸ ਵਕਤ ਹਾਊਸ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਨੇ ਖੜੇ ਹੋ ਕੇ 2 ਮਿੰਟ ਦਾ ਮੌਨ ਧਾਰਨ ਕੀਤਾ।)

PERSONAL EXPLANATION BY EDUCATION MINISTER

Education Minister (Sardar Harcharan Singh Ajnala) : Sir, I have been given to understand that Sardar Parkash Singh Majitha, the hon. Member, who is not present in the House, referred me that when I paid my first visit to Amritsar, I met somebody who was wanted by the Police. Under Rule 56 of the Rules of Procedure and Conduct of Business in the Punjab Vidhan Sabha (Punjab Legislative Assembly), I have to submit that whatever he has stated I challenge it on the floor of the House. I never met anybody who was wanted by the Police.

POINT OF ORDER BY SARDAR SURJIT SINGH BARNALA REGARDING HIS PRIVILEGE MOTION

ਸਰਦਾਰ ਸੁਰਜੀਤ ਸਿੰਘ ਬਰਨਾਲਾ : ਆਨ ਏ ਪੁਆਇੰਟ ਆਫ ਆਰਡਰ, ਸਰ। **ਸਪੀਕਰ ਸਾਹਿਬ**, ਮੇਰੀ ਇਕ ਪ੍ਰਿਵਿਲੇਜ ਮੋਸ਼ਨ ਸੀ.....

ਸ਼੍ਰੀ ਸਪੀਕਰ : ਤੁਹਾਡੀ ਇਹ ਮੋਸ਼ਨ ਹੁਣੇ ਹੀ ਮਿਲੀ ਹੈ। ਇਸ ਨੂੰ ਐਗਜ਼ਾਮਿਨ ਕਰ ਲਵਾਂਗੇ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਰ, ਇਹ ਜ਼ਬਾਨੀ ਹੋ ਸਕਦੀ ਹੈ ਅੱਰ ਲਿਖਤੀ ਵੀ ਹੋ ਸਕਦੀ ਹੈ। ਮੈਂ ਇਹ ਸਵੇਰੇ ਤੁਹਾਡੇ ਨੋਟਿਸ ਵਿਚ ਲੈ ਆਇਆ ਸੀ ਕਿ ਜਿਸ ਵੇਲੇ ਸਵੇਰੇ ਹਾਊਸ ਸ਼ੁਰੂ ਹੋਇਆ ਤਾਂ ਇਨ੍ਹਾਂ ਸਾਹਮਣੇ ਟਰੈਜ਼ਰੀ ਬੈਂਚਿਜ਼ ਤੇ ਕੋਈ ਵੀ ਮਨਿਸਟਰ ਹਾਜ਼ਰ ਨਹੀਂ ਸੀ। ਜਦ ਮੈਂ ਤੁਹਾਡੇ ਨੋਟਿਸ ਵਿਚ ਇਹ ਲਿਆਂਦਾ ਤਾਂ ਉਸੇ ਵੇਲੇ ਸਟਾਫ ਦਾ ਇਕ ਆਦਮੀ ਬਾਹਰ ਭੱਜਦਾ ਗਿਆ ਅੱਰ ਫੇਰ ਥੋੜ੍ਹੀ ਦੇਰ ਬਾਅਦ ਵਜ਼ੀਰ ਸਾਹਿਬਾਨ ਭੱਜਦੇ ਆ ਰਹੇ ਸਨ ਅੱਰ ਆ ਕੇ ਆਪਣੀਆਂ ਸੀਟਾਂ ਤੇ ਬੈਠ ਗਏ। ਤੁਸੀਂ ਫਿਰ ਇਨ੍ਹਾਂ ਨੂੰ ਐਡਮੋਨਿਸ਼ ਵੀ ਕੀਤਾ ਪਰ ਇਨ੍ਹਾਂ ਨੇ ਕੋਈ ਅਫਸੋਸ ਦਾ ਇਜ਼ਹਾਰ ਨਹੀਂ ਕੀਤਾ, ਉਸ ਵੇਲੇ ਹਾਊਸ ਦਾ ਸਮਾਂ ਜ਼ਾਇਆ ਹੋਇਆ। ਇਸ ਕਰਕੇ ਇਹ ਪ੍ਰਿਵਿਲੇਜ ਮੋਸ਼ਨ ਬਣਦੀ ਹੈ। ਇਨ੍ਹਾਂ ਨੂੰ ਰਿਗਰੈਟ ਸ਼ੋ ਕਰਨਾ ਚਾਹੀਦਾ ਹੈ।

Chief Minister : Sir, this is what I said in the morning that we were sorry for it.

Sardar Surjit Singh Barnala : This is a contempt of the House.

Mr. Speaker : This item stood disposed of in the morning.

Sardar Surjit Singh Barnala : They should say that we will be more punctual in future.

Chief Minister : He remained a Minister at the Centre and he knows the rules and regulations of the House. (*Interruptions*) I said that I was sorry for it. The Member was not in a position to hear me.

ਸਰਦਾਰ ਜਗਦੇਵ ਸਿੰਘ ਜੱਸੋਵਾਲ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ)

ਸਰਦਾਰ ਜਗਦੇਵ ਸਿੰਘ ਜੱਸੋਵਾਲ : ** ** **

ਸ਼੍ਰੀ ਸਪੀਕਰ : ਹੁਣ ਇਹ ਜੋ ਕੁਝ ਕਹਿ ਰਹੇ ਹਨ ਇਹ ਨੱਟ ਨਹੀਂ ਹੋਵੇਗਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਇਸ ਹਾਊਸ ਵਿਚ ਆਸ਼ਵਾਸਨ ਦਿੱਤਾ ਸੀ ਕਿ ਇਕ ਹਾਈ ਪਾਵਰਡ ਕਮੇਟੀ ਬਣਾ ਕੇ ਹਸਨਪੁਰ ਦੇ ਕੇਸ ਦੇ ਸਬੰਧ ਵਿਚ ਭੇਜਾਂਗੇ। ਉਥੇ ਸਾਡੀ ਵੀ ਪਾਰਟੀ ਦੇ 3 ਬੰਦੇ ਇਨਕੁਆਇਰੀ ਕਰਨ ਲਈ ਗਏ ਸਨ। ਬਹੁਤ ਦਿਨ ਹੋ ਗਏ ਹਨ, ਰਿਪੋਰਟ ਆ ਗਈ ਹੋਵੇਗੀ। ਉਸ ਸਬੰਧ ਵਿਚ ਸੀ ਐਮ. ਸਾਹਿਬ ਜੋ ਕੁਝ ਕਹਿਣਾ ਚਾਹੁੰਣ.....(ਵਿਘਨ)

ਮੁੱਖ ਮੰਤਰੀ : ਮੈਂ ਕੱਲ ਇਸ ਸਬੰਧ ਵਿਚ ਸਟੇਟਮੈਂਟ ਦੇ ਦੇਵਾਂਗਾ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 117 ਦਿੱਤੀ ਸੀ ਪਰ ਤੁਸੀਂ ਰਿਜੈਕਟ ਕਰ ਦਿੱਤੀ ਹੈ। ਇਸ ਬਾਰੇ ਐਡਹਾਕ ਕਰਮਚਾਰੀਆਂ ਵਿੱਚ ਬੜੀ ਬੇਚੈਨੀ ਹੈ। ਇਸ ਨੂੰ ਐਡਮਿਟ ਕਰਨਾ ਚਾਹੀਦਾ ਸੀ।

ਸ਼੍ਰੀ ਸਪੀਕਰ : ਮੈਂ ਰਿਜੈਕਟ ਕਰ ਚੁੱਕਾ ਹਾਂ। ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਗਲ ਕਰ ਲਵਾਂਗੇ। ਕਾਲ ਅਟੈਨਸ਼ਨ ਨੋਟਿਸ ਨੰ: 115 ਵਲੋਂ ਕਾਮਰੇਡ ਸੱਘੜ ਸਿੰਘ।

CALL ATTENTION NOTICE UNDER RULE 66

(ਕ੍ਰਮ ਨੰ: 115)

ਕਾਮਰੇਡ ਸੱਘੜ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੇ ਤਿੰਨ ਸੁਪਰਡੈਂਟ ਇੰਜੀਨੀਅਰਜ਼ ਦਾ ਹੈਡਕੁਆਰਟਰ ਚੰਡੀਗੜ੍ਹ ਨਿਯੁਕਤ ਕੀਤਾ ਹੋਇਆ ਹੈ ਜਿਸ ਕਾਰਨ ਉਹ ਹਾਈਡਲ ਪ੍ਰਾਜੈਕਟ ਦੇ ਕੰਮ ਦੀ ਦੇਖ ਰੇਖ ਚੰਗੀ ਤਰ੍ਹਾਂ ਨਹੀਂ ਕਰ ਸਕਦੇ ਅਤੇ ਇਸ ਪ੍ਰਾਜੈਕਟ ਦੀ ਉਸਾਰੀ ਵਿਚ ਦੇਰੀ ਹੋ ਰਹੀ ਹੈ ਜਿਸ ਕਾਰਣ ਪੰਜਾਬ ਰਾਜ ਦੇ ਹਿੱਤਾਂ ਨੂੰ ਘਾਤਕ ਨੁਕਸਾਨ ਪੁੱਜ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਇੰਜੀਨੀਅਰਾਂ ਦਾ ਅਨੰਦਪੁਰ ਸਾਹਿਬ ਦੀ ਬਜਾਏ ਚੰਡੀਗੜ੍ਹ ਹੈਡਕੁਆਰਟਰ ਨਿਯੁਕਤ ਕਰਨ ਬਾਰੇ ਬਿਆਨ ਦੇਵੇ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਇਹ ਤਿੰਨ ਸੁਪਰਿਨਟੈਂਡਿੰਗ ਇੰਜੀਨੀਅਰਜ਼ ਹਨ, ਸੁਪਰਿਨਟੈਂਡਿੰਗ ਇੰਜੀਨੀਅਰ, ਅਨੰਦਪੁਰ ਸਾਹਿਬ, ਹਾਈਡਲ ਕੰਸਟਰਕਸ਼ਨ ਸਰਕਲ, ਦੂਜਾ ਸੁਪਰਿਨਟੈਂਡਿੰਗ ਇੰਜੀਨੀਅਰ, ਮਕੈਨੀਕਲ ਕਨਸਟ੍ਰਕਸ਼ਨ ਸਰਕਲ ਆਫ ਆਈ. ਬੀ. ਕਾਡਰ ਹੈ ਅਤੇ ਤੀਜਾ ਸੁਪਰਿਨਟੈਂਡਿੰਗ ਇੰਜੀਨੀਅਰ, ਹਾਈਡਲ ਆਨ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ, ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਤੇ ਹੈ। ਸੁਪਰਿਨਟੈਂਡਿੰਗ ਇੰਜੀਨੀਅਰ (ਆਈ. ਬੀ.) ਦਾ ਹੈਡਕੁਆਰਟਰ ਚੰਡੀਗੜ੍ਹ ਹੈ ਪਰ ਸੁਪਰਿਨਟੈਂਡਿੰਗ ਇੰਜੀਨੀਅਰ, ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦਾ ਦਫਤਰ ਮੋਹਾਲੀ ਹੈ।

ਸੁਪਰਿਨਟੈਂਡਿੰਗ ਇੰਜੀਨੀਅਰ, ਅਨੰਦਪੁਰ ਸਾਹਿਬ ਹਾਈਡਲ ਕਨਸਟਰਕਸ਼ਨ ਦਾ ਹੈਡਕੁਆਰਟਰ ਨੰਗਲ ਸ਼ਿਫਟ ਕਰਨ ਲਈ ਆਰਡਰ ਕੀਤੇ ਗਏ ਸੀ ਪਰ ਅਪ੍ਰੈਲ, 1979 ਵਿਚ ਇਸ ਦੇ ਆਰਡਰ ਮੁੱਖ ਮੰਤਰੀ ਵਲੋਂ ਸਟੇਅ ਕਰ ਦਿੱਤੇ ਗਏ । ਉਨ੍ਹਾਂ ਨੇ ਕੰਮ ਨੂੰ ਤੇਜ਼ ਕਰਨ ਲਈ ਇਹ ਹੈਡਕੁਆਰਟਰ ਚੰਡੀਗੜ੍ਹ ਵਿਚ ਰਖਣਾ ਬੇਟਰ ਸਮਝਿਆ । ਇਸ ਲਈ ਇਸ ਕੰਮ ਨੂੰ ਕਰਨ ਲਈ ਕੋਈ ਡੀਲੇ ਨਹੀਂ ਕੀਤੀ ਗਈ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਇਸ ਦਾ ਹੈਡਕੁਆਟਰ ਮੁਹਾਲੀ ਅਤੇ ਦੂਜਿਆਂ ਦਾ ਚੰਡੀਗੜ੍ਹ ਹੈ। ਜਿੰਨਾ ਚਿਰ ਹੈਡਕੁਆਟਰ ਉਥੇ ਨਾ ਹੋਵੇ ਜਿਥੇ ਉਸਾਰੀ ਦੇ ਕੰਮ ਹੋਣੇ ਹਨ ਅਤੇ ਜਦੋਂ ਤਕ, ਸਪੀਕਰ ਸਾਹਿਬ, ਅਫ਼ਸਰ ਸਟਾਫ ਦੇ ਸਿਰ ਉਤੇ ਨਾ ਬੈਠਾ ਹੋਵੇ ਉਦੋਂ ਤਕ ਸਟਾਫ ਠੀਕ ਕੰਮ ਨਹੀਂ ਕਰ ਸਕਦਾ । ਇਸ ਲਈ ਇਸ ਦਾ ਹੈਡਕੁਆਟਰ ਅਨੰਦਪੁਰ ਸਾਹਿਬ ਹੋਣਾ ਚਾਹੀਦਾ ਹੈ।

ਮੁੱਖ ਮੰਤਰੀ : ਇਹ ਮੈਟਰ ਆਫ ਓਪੀਨੀਅਨ ਹੈ ਅੱਰ, ਸਪੀਕਰ ਸਾਹਿਬ, ਇਸ ਨਾਲ ਕੋਈ ਵੀ ਉਸਾਰੀ ਦੇ ਕੰਮ ਵਿਚ ਘਾਟਾ ਨਹੀਂ ਪਿਆ ਹੈ।

DISCUSSION AND VOTING OF DEMANDS FOR GRANTS FOR THE YEAR 1980-81

Mr. Speaker : There are 4 demands for grants No. 25, 26, 38 and 39 in respect of Co-operation, Agriculture, Multipurpose River Projects, Irrigation, Drainage and Flood Control Departments, respectively for discussion. If the House agrees all these demands may be deemed to have been read and moved and discussed together (Voices: Yes , yes). However, I would request the hon'ble members that they may kindly indicate the demand number while raising discussion.

There are some notices of cut motions from some hon'ble members. If the House agrees, these may also be deemed to have been read and moved (Voices : Yes, yes).

Demand NO. 25

That a sum not exceeding Rs. 3,64,32,000 on Revenue Account and Rs. 4,94,07,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Co-operation.

Demand NO. 26

That a sum not exceeding Rs.19,98,44,000 on Revenue Account and Rs. 4,76,67,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Agriculture.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 38

That a sum not exceeding Rs. 4,59,03,000 on Revenue Account and Rs. 20,11,98,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Multipurpose River Projects.

Demand No. 39.

That a sum not exceeding Rs. 20,19,59,000 on Revenue Account and Rs. 19,36,16,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in resepct of Irrigation, Drainage and Flood Control .

Demand No. 25

(Co-operation)

1. **Sardar Dalip Singh Pandhi** : That the demand be reduced by Re. 1/-.

Demand No. 25

(Co-operation)

2. **Sardar Baldev Singh Mann** : That the demand be reduced by Re. 1/-.

Demand No. 26

(Agriculture)

(i) **Sardar Dalip Singh Pandhi**
(ii) **Sardar Gurdev Singh Badal** : That the demand be reduced by Re. 1/-.

Demand No. 38

(Multipurpose River Projects)

1. **Sardar Dalip Singh Pandhi**, : That the demand be reduced by Re. 1/-.

Demand No. 38

(Multipurposes River Projects)

2. **Sardar Baldev Singh** : That the demand be reduced by Re. 1/-.

Demand No. 39

(Irrigation, Drainage and Flood Control)

(i) **Sardar Gurdev Singh Badal**
(ii) **Sardar Dalip Singh Pandhi** : That the demand be reduced by Re. 1/-.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਮਤ ਸਿੰਘ ਢਿੱਲੋਂ (ਫਰੀਦਕੋਟ) : ਸਪੀਕਰ ਸਾਹਿਬ, ਪੰਜਾਬ ਇਕ ਖੇਤੀ-ਬਾੜੀ ਪ੍ਰਧਾਨ ਸੂਬਾ ਹੈ । (ਵਿਘਨ) ਗੁਰਬਾਣੀ ਵਿਚ ਵੀ ਕਿਹਾ ਗਿਆ ਹੈ ਕਿ :—

"ਉਤਮ ਖੇਤੀ ਮਧਮ ਵਪਾਰ
ਨਖਿਧ ਚਾਕਰੀ ਭੀਖ ਨਦਾਰ ।"

ਸਪੀਕਰ ਸਾਹਿਬ, ਅੱਜ ਕਿਸਾਨ ਖੇਤੀ ਕਰਦਾ ਹੈ ਅਤੇ ਉਹ ਚਾਕਰਾਂ ਦੇ ਵੱਸ ਪੈ ਗਿਆ ਹੈ। ਨੌਕਰਸ਼ਾਹੀ, ਅਫਸਰਸ਼ਾਹੀ ਉਸ ਦੇ ਸਿਰ ਤੇ ਬੈਠੀ ਹੈ। ਉਸ ਦੀ ਹਾਲਤ ਤਰਸਯੋਗ ਹੈ । ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਨੂੰ ਖੇਤੀਬਾੜੀ ਤੇ ਮਾਣ ਹੈ, ਅਸੀਂ ਆਪਣੇ ਦੇਸ਼ ਨੂੰ ਹੱਦ ਤੋਂ ਵੱਧ ਖਾਣ ਲਈ ਅਨਾਜ ਦੇ ਭੰਡਾਰ ਭੇਜਦੇ ਹਾਂ । ਸਾਡਾ ਇਕ ਛੋਟਾ ਜਿਹਾ ਸੂਬਾ ਹੈ। ਇਸ ਸੂਬੇ ਵਿਚ ਕਿਸਾਨ ਤੋਂ ਬਿਨਾਂ ਜਿਹੜੇ ਲੋਕ ਕੰਮ ਕਰਦੇ ਹਨ, ਉਨ੍ਹਾਂ ਦਾ ਕੋਈ ਨਾ ਕੋਈ ਕੰਮ ਕਰਨ ਦਾ ਟਾਈਮ ਜ਼ਰੂਰ ਹੈ ਜਿਵੇਂ ਕਿ ਨੌਕਰਾਂ ਦਾ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤਕ ਹੈ ਅਤੇ ਚੌਕੀਦਾਰ ਦਾ ਸਮਾਂ ਰਾਤ ਦੇ 7.00 ਵਜੇ ਤੋਂ ਸਵੇਰੇ 5.00 ਵਜੇ ਤਕ ਹੁੰਦਾ ਹੈ ਪਰ ਇਕ ਕਿਸਾਨ ਹੀ ਹੈ ਜਿਸ ਨੂੰ ਦਿਨ ਰਾਤ ਕੰਮ ਕਰਨਾ ਪੈਂਦਾ ਹੈ। ਉਸ ਨੂੰ ਹਰ ਸਮੇਂ ਆਪਣਾ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਉਹ ਗਰੀਬ ਕਿਸਾਨ ਵਿਚਾਰਾ ਸਰਦੀ ਵਿਚ ਕਣਕ ਨੂੰ ਪਾਣੀ ਲਾਉਂਦਾ ਹੈ । ਗਰਮੀ ਦੇ ਦਿਨਾਂ ਵਿਚ ਸੱਪਾਂ ਦੇ ਸਿਰ ਮਿਦ ਕੇ ਝੋਨੇ ਨੂੰ ਪਾਲਦਾ ਹੈ । (ਵਿਘਨ) ਕਿਰਸਾਨੀ ਕੁਦਰਤ ਤੇ ਹੀ ਨਿਰਭਰ ਹੈ । ਜੇਕਰ, ਸਪੀਕਰ ਸਾਹਿਬ, ਮੀਂਹ ਨਾ ਪਵੇ ਤਾਂ ਸੋਕਾ ਪੈ ਜ਼ਾਂਦਾ ਹੈ ਅਤੇ ਜੇਕਰ ਬਾਰਸ਼ ਜ਼ਿਆਦਾ ਹੋ ਜਾਵੇ ਤਾਂ ਦੜ੍ਹ ਆ ਜਾਂਦੇ ਹਨ। ਖੇਤੀ ਬਾੜੀ ਦਾ ਬਹੁਤ ਸਾਰੀਆਂ ਚੀਜ਼ਾਂ ਤੇ ਨਿਰਭਰ ਹੈ। ਖੇਤੀਬਾੜੀ ਨਾਲ ਬਿਜਲੀ ਦਾ ਸਬੰਧ ਹੈ, ਇਰੀਗੇਸ਼ਨ ਦਾ ਤੁਅਲਕ ਹੈ, ਕੋਆਪਰੇਟਿਵ ਦਾ ਤੁਅਲਕ ਹੈ, ਐਗਰੀਕਲਚਰ ਡਿਪਾਰਟਮੈਂਟ ਦਾ ਤੁਅੱਲਕ ਹੈ ਅਤੇ ਅੰਰ ਡਿਵੈਲਪਮੈਂਟ ਵਿਭਾਗ ਦਾ ਤੁਅੱਲਕ ਹੈ । ਇਹ ਸਾਰੇ ਅਦਾਰੇ ਮਿਲ ਕੇ ਕਿਸਾਨ ਦੀ ਮਦਦ ਕਰਨ। ਇਸ ਨਾਲ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਕਿਸਾਨ ਦੀ ਫਸਲ ਦਾ ਬੀਮਾ ਕਰਵਾਏ । ਸਪੀਕਰ ਸਾਹਿਬ, ਕਿਸਾਨ ਦੀ ਫਸਲ ਦੀ ਕੰਪਲਸਰੀ ਇਨਸ਼ੋਰੈਂਸ ਹੋਣੀ ਚਾਹੀਦੀ ਹੈ । ਇਸ ਨਾਲ ਕਿਸਾਨ ਨੂੰ ਰਾਹਤ ਮਿਲੇਗੀ ਅਤੇ ਕਿਸਾਨ ਆਪਣੀ ਰੋਟੀ ਸੁਖ ਦੇ ਨਾਲ ਖਾ ਸਕੇਗਾ। ਸਪੀਕਰ ਸਾਹਿਬ, ਜਿਹੜੀਆਂ ਵੀ ਸਰਕਾਰਾਂ ਇਥੇ ਆਈਆਂ ਹਨ ਉਹ ਇਹੋ ਕਹਿੰਦੀਆਂ ਰਹੀਆਂ ਕਿ ਅਸੀਂ ਕਿਸਾਨਾਂ ਦੀ ਤਰੱਕੀ ਕਰਨੀ ਹੈ ਅਤੇ ਕਿਸਾਨਾਂ ਨੂੰ ਹੋਰ ਅਗੇ ਲੈ ਜਾਣਾ ਹੈ। ਅਸਲ ਵਿਚ, ਸਪੀਕਰ ਸਾਹਿਬ, ਅਨਾਜ ਦੀ ਉਪਜ ਵਧੀ ਹੈ ਪਰ ਮੈਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਅਨਾਜ ਦੀ ਉਪਜ ਤਾਂ ਵੱਧਦੀ ਗਈ ਪਰ ਕਿਸਾਨ ਦਾ ਰਹਿਣ ਸਹਿਣ ਦਾ ਮਿਆਰ ਨੀਵਾਂ ਹੁੰਦਾ ਗਿਆ । ਜਿਸ ਚੇਜ਼ੀ ਦੇ ਨਾਲ ਕਿਸਾਨ ਦੀ ਉਪਜ ਵਧੀ, ਉਸ ਦੀ ਦੁੱਗਣੀ ਤੇਜ਼ੀ ਦੇ ਨਾਲ ਹੀ ਕਿਸਾਨ ਦਾ ਜੀਵਨ ਮਿਆਰ ਨੀਵਾਂ ਹੁੰਦਾ ਗਿਆ ਹੈ। ਅਨਾਜ ਦੀ ਕੀਮਤ ਇਤਨੀ ਨਹੀਂ ਵੱਧੀ ਪਰ ਕਿਸਾਨ ਦੇ ਰੋਜ਼ ਵਰਤਣ ਦੀਆਂ ਚੀਜ਼ਾਂ ਦੀ ਕੀਮਤ ਵਿਚ ਭਾਰੀ ਵਾਧਾ ਹੋ ਗਿਆ ਹੈ । ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿਸਾਨ ਦੀ ਫਸਲ ਦਾ ਬੀਮਾ ਕੀਤਾ ਜਾਵੇ ਅਰੇ ਇਹ ਇਨਸ਼ੋਰੈਂਸ ਸਕੀਮ ਇਸੇ ਬਜਟ ਸੈਸ਼ਨ ਵਿਚ ਹੀ ਲਾਗੂ ਕੀਤੀ ਜ਼ਾਵੇ ।

ਸਪੀਕਰ ਸਾਹਿਬ, ਐਗਰੀਕਲਚਰ ਯੂਨੀਵਰਸਿਟੀ ਦੀ ਰਿਪੋਰਟ ਹੈ ਜਿਸ ਨੂੰ ਲਾਗੂ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਸਾਡੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਵਾਸਤੇ ਡੀਅਰਨੈਸ ਅਵਾਰਡ ਦਾ ਫਾਰਮੂਲਾ ਫਿਕਸ ਕੀਤਾ ਹੋਇਆ ਹੈ ਕਿ ਮਹਿੰਗਾਈ ਦੇ ਵੱਧਣ ਨਾਲ ਹੀ ਡੀਅਰਨੈਸ ਅਲਾਊਂਸ ਰੇਸ਼ੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਮਤ ਸਿੰਘ ਢਿੱਲੋਂ]

ਦੇ ਮੁਤਾਬਿਕ ਵਧਾਇਆ ਜਾਂਦਾ ਹੈ, ਉਸੇ ਤਰਾਂ ਹੀ ਕਿਸਾਨ ਨੂੰ ਮਦਦ ਮਿਲਣੀ ਚਾਹੀਦੀ ਹੈ। ਸਪੀਕਰ ਸਾਹਿਬ, ਕਿਸਾਨ ਦੇ ਵਰਤਣ ਦੀਆਂ ਚੀਜ਼ਾਂ, ਜਿਸ ਤਰ੍ਹਾਂ ਖਾਦ, ਡੀਜ਼ਲ, ਬੀਜ ਅਤੇ ਹੋਰ ਚੀਜ਼ਾਂ ਹਨ, ਦਾ ਪ੍ਰਾਈਸ ਟੇਬਲ ਬਣਾਉਣਾ ਚਾਹੀਦਾ ਹੈ। ਇਨ੍ਹਾਂ ਚੀਜ਼ਾਂ ਦੇ ਭਾਅ ਵੱਧਣਗੇ ਤੇ ਕਿਸਾਨਾਂ ਨੂੰ ਵੀ ਉਸ ਲੇਸ਼ੇ ਦੇ ਨਾਲ ਰਾਹਤ ਮਿਲਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਜਿਨ੍ਹਾਂ ਗੱਲਾਂ ਕਰਕੇ ਕਿਸਾਨ ਨੂੰ ਮੁਸ਼ਕਲ ਆਉਂਦੀ ਹੈ, ਉਹਦਾ ਉਪਰਾਲਾ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਇਸ ਵਾਰ ਖਾਦ ਦੇ ਭਾਅ ਵੱਧ ਗਏ ਹਨ ਅਤੇ ਕਿਸਾਨ ਚਿੰਤਾ ਵਿਚ ਹੈ। ਕਿਸਾਨ ਨੂੰ ਲੋੜ ਦੇ ਮੁਤਾਬਿਕ ਖਾਦ ਅਤੇ ਬੀਜ ਮਿਲੇ ਤਾਕਿ ਉਹ ਆਪਣੀ ਫਸਲ ਬੀਜ ਸਕੇ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਉਹ ਪੰਜਾਬ ਦੇ ਕਿਸਾਨਾਂ ਦਾ ਖਿਆਲ ਰੱਖੇ ਤਾਕਿ ਕਿਸਾਨ ਦੇ ਬਚਿਆਂ ਨੂੰ ਰੋਟੀ ਮਿਲ ਸਕੇ ਅਤੇ ਉਹ ਵੀ ਪੜ੍ਹ ਸਕਣ। ਛੋਟਾ ਕਿਸਾਨ, ਸਪੀਕਰ ਸਾਹਿਬ, ਟਰੈਕਟਰ ਨਹੀਂ ਲੈ ਸਕਦਾ ਕਿਉਂਕਿ ਟਰੈਕਟਰ ਦੀ ਬਹੁਤ ਜ਼ਿਆਦਾ ਕੀਮਤ ਹੈ। ਮੇਰੇ ਖਿਆਲ ਦੇ ਮੁਤਾਬਿਕ ਇਕ ਕਿਸਾਨ ਕੋਲ ਪੰਜ ਕਿਲੇ ਜਾਂ 10 ਕਿਲੇ ਜ਼ਮੀਨ ਹੁੰਦੀ ਹੈ। ਇਸ 5 ਕਿਲੇ ਜਾਂ 10 ਕਿਲੇ ਦੀ ਜ਼ਮੀਨ ਮਗਰ ਉਸ ਨੂੰ ਸਿਰਫ ਇਕ ਟਰੈਕਟਰ ਮਿਲ ਸਕਦਾ ਹੈ। ਉਹ ਗਰੀਬ ਕਿਸਾਨ ਵਿਚਾਰਾ ਸਾਰੀ ਜ਼ਾਇਦਾਦ ਪਲੈਜ ਕਰ ਕੇ ਟਰੈਕਟਰ ਲੈਂਦਾ ਹੈ ਅਤੇ ਵਾਹੀ ਸ਼ੁਰੂ ਕਰ ਦਿੰਦਾ ਹੈ। ਸਾਰਾ ਕੁਝ ਕਰਨ ਦੇ ਬਾਵਜੂਦ ਜਦੋਂ ਕਿਸਾਨ ਦੀ ਫਸਲ ਮਾਰਕਿਟ ਵਿਚ ਆਉਂਦੀ ਹੈ ਤਾਂ ਗਰੀਬ ਕਿਸਾਨ ਨੂੰ ਆਪਣੀ ਫਸਲ ਦਾ ਪੂਰਾ ਭਾਅ ਨਹੀਂ ਮਿਲਦਾ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਗਰੀਬ ਕਿਸਾਨ ਲਈ ਟਰੈਕਟਰ ਦਾ, ਕੰਬਾਈਨ ਦਾ ਥਰੈਸ਼ਰ ਦਾ ਪਰਬੰਧ ਕਰੇ। ਜਿਹੜੇ ਵਡੇ ਵਡੇ ਜ਼ਿਮੀਂਦਾਰ ਹਨ, ਉਹ ਤਾਂ ਟਰੈਕਟਰ, ਕੰਬਾਈਨਾਂ ਜਾਂ ਥਰੈਸ਼ਰ ਰਖ ਸਕਦੇ ਹਨ ਪਰ ਗਰੀਬ ਕਿਸਾਨ ਇਨ੍ਹਾਂ ਚੀਜ਼ਾਂ ਨੂੰ ਨਹੀਂ ਰਖ ਸਕਦੇ। ਇਸ ਲਈ, ਸਪੀਕਰ ਸਾਹਿਬ, ਸਰਕਾਰ ਕਿਸਾਨ ਦੀ ਮਦਦ ਕਰੇ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਗਰੀਬ ਕਿਸਾਨ 24, 24 ਘੰਟੇ ਕੰਮ ਕਰਦਾ ਹੈ ਅਤੇ ਉਸ ਦੇ ਬੱਚੇ ਵੀ ਉਸ ਦੇ ਨਾਲ ਕੰਮ ਕਰਦੇ ਹਨ ਪਰ ਉਸ ਦੇ ਪਲੇ ਕੁਝ ਨਹੀਂ ਪੈਂਦਾ। ਉਨ੍ਹਾਂ ਗਰੀਬ ਕਿਸਾਨਾਂ ਦੀਆਂ ਜ਼ਨਾਨੀਆਂ ਸਵੇਰੇ 4.00 ਵਜੇ ਉਠ ਕੇ ਆਪਣੇ ਪਤੀ ਲਈ ਚਾਹ ਬਣਾਉਂਦੀਆਂ ਹਨ ਅਤੇ ਫਿਰ ਡੰਗਰਾਂ ਨੂੰ ਪੱਠੇ ਪਾਉਂਦੀਆਂ ਹਨ। ਉਸ ਤੋਂ ਬਾਅਦ ਮੱਝਾਂ ਦੀਆਂ ਧਾਰਾਂ ਕੱਢਦੀਆਂ ਹਨ। ਫਿਰ ਦੁੱਧ ਰਿੜਕਦੀਆਂ ਹਨ। ਸਾਰਾ ਦਿਨ ਇਸ ਤਰ੍ਹਾਂ ਨਿਕਲ ਜਾਂਦਾ ਹੈ। ਗਰੀਬ ਕਿਸਾਨਾਂ ਦੇ ਬੱਚੇ ਵੀ ਅਨਪੜ੍ਹ ਰਹਿ ਜਾਂਦੇ ਹਨ। ਗਰੀਬ ਕਿਸਾਨਾਂ ਕੋਲ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਪੈਸਾ ਨਹੀਂ ਹੈ। (ਵਿਘਨ) ਜੇਕਰ ਕਿਸਾਨ ਨੂੰ ਪੈਸੇ ਦੀ ਜ਼ਰੂਰਤ ਹੁੰਦੀ ਹੈ ਤਾਂ ਉਸ ਨੂੰ ਕੋਈ ਪੈਸਾ ਨਹੀਂ ਦਿੰਦਾ। (ਥੰਪਿੰਗ) ਹਰ ਕੋਈ ਉਸ ਨੂੰ ਪੈਸਾ ਦੇਣ ਤੋਂ ਇਨਕਾਰ ਕਰ ਦਿੰਦਾ ਹੈ। ਸਪੀਕਰ ਸਾਹਿਬ, ਉਹ ਆਟਾ ਅਤੇ ਹੋਰ ਜੀਵਨ ਦੀਆਂ ਜ਼ਰੂਰੀ ਚੀਜ਼ਾਂ ਲੈਣ ਵਾਸਤੇ ਆਖਿਰ ਵਿਚ ਮਜਬੂਰ ਹੋ ਕੇ 10 ਰੁਪਏ ਸੈਂਕੜੇ ਦੇ ਹਿਸਾਬ ਨਾਲ ਕਰਜ਼ਾ ਚੁਕਦਾ ਹੈ। ਇਸ ਕਰਕੇ, ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੋਆਪਰੇਟਿਵ ਬੈਂਕ ਗਰੀਬ ਕਿਸਾਨਾਂ ਨੂੰ ਥੋੜੇ ਵਿਆਜ ਤੇ ਕਰਜ਼ੇ ਦੇਵੇ ਜਿਸ ਤਰ੍ਹਾਂ ਇੰਡਸਟਰੀਜ਼ ਵਾਸਤੇ ਲੋਨ 2 ਜਾਂ 3 ਫੀਸਦੀ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ।

ਇਸ ਤੋਂ ਅਗੇ ਮੈਂ ਇਕ ਦੋ ਬੇਨਤੀਆਂ ਹੋਰ ਕਰਨਾ ਚਾਹੁੰਦਾ ਹਾਂ। ਸਾਡੇ ਕਿਸਾਨ ਵੀਰ ਅਨਪੜ੍ਹ ਹਨ, ਉਨ੍ਹਾਂ ਨੂੰ ਕਰਾਪ ਪੈਟਰਨ, ਸਿਸਟਮ ਦਾ ਪਤਾ ਨਹੀਂ ਕਿ ਫਸਲ ਬਦਲ ਕੇ ਬੀਜਣ ਨਾਲ ਫਾਇਦਾ ਹੁੰਦਾ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀ ਦੇ ਐਕਸਪਰਟਸ ਨੂੰ ਜ਼ਿਲ੍ਹਿਆਂ ਵਿਚ ਲੈ ਜਾਕੇ ਜ਼ਿਲ੍ਹਾ ਐਗਰੀਕਲਚਰ ਅਫਸਰਾਂ ਰਾਹੀਂ ਜਾਂ ਗਰਾਮ ਸੇਵਕਾਂ ਰਾਹੀਂ ਜਾਂ ਬੀ, ਡੀ, ਓਜ਼ ਰਾਹੀਂ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਉਹ ਕਿਹੜੀ ਫਸਲ ਕਿਸ ਵੇਲੇ

Original with;
Punjab Vidhan Sabha
Digitized by;
Panjab Digital Library

ਚੀਮਾ । ਹਰ ਜ਼ਿਲ੍ਹੇ ਵਿਚ ਜ਼ਮੀਨ ਦੀ ਕਿਸਮ ਵੱਖਰੀ ਹੈ । ਫਰੀਦਕੋਟ ਜ਼ਿਲ੍ਹੇ ਵਿਚ 15 ਸਾਲਾਂ ਤੋਂ ਸੋਮ ਆਈ ਹੈ, ਉਸ ਵਕਤ ਉਹ ਰੇਤਲਾ ਇਲਾਕਾ ਸੀ, ਉਸ ਵੇਲੇ ਉਥੇ ਛੋਲੇ ਅੌਰ ਕਣਕ ਹੁੰਦੇ ਸ਼ਨ । ਫਰੀਦਕੋਟ ਦੇ ਇਲਾਕੇ ਨੂੰ ਪਾਣੀ ਬਹੁਤ ਘਟ ਮਿਲਦਾ ਸੀ । ਲੋਕਾਂ ਦੀ ਕਦੇ ਇਕ ਫਸਲ ਤੋਂ ਵੱਧ ਫਸਲ ਨਹੀਂ ਹੋਈ । ਉਥੇ ਕਿਸਾਨ ਦੇ ਜੀਵਨ ਦਾ ਮਿਆਰ ਖੇਤ ਕਾਮੇ ਤੋਂ ਘੱਟ ਹੈ ਕਿਉਂਕਿ ਕਾਮਾ ਤਾਂ ਕਿਸਾਨ ਦੀ ਧੌਣ ਤੇ ਗੋਡਾ ਰਖ ਕੇ ਪੈਸੇ ਲੈ ਲੈਂਦਾ ਹੈ । ਜੇ ਕਿਸੇ ਕਿਸਾਨ ਤੇ ਕੁਦਰਤੀ ਆਫਤ ਆ ਜਾਵੇ, ਮੀਂਹ ਜ਼ਿਆਦਾ ਪੈ ਜਾਏ, ਗੜ੍ਹੇ ਪੈ ਜਾਣ ਤਾਂ ਉਸ ਨੂੰ ਕੋਈ ਰਾਹਤ ਨਹੀਂ ਦਿੱਤੀ ਜਾਂਦੀ । ਜਦੋਂ ਉਹ ਸਰਕਾਰ ਕੋਲ ਮਾਮਲਾ ਮੁਆਫ ਕਰਾਉਣ ਵਾਸਤੇ ਜਾਂਦਾ ਹੈ, ਆਪਣੀ ਅਰਜ਼ੀ ਦਿੰਦਾ ਹੈ ਤਾਂ ਉਹ ਅਰਜ਼ੀ ਪਟਵਾਰੀ ਤੋਂ ਸ਼ੁਰੂ ਹੁੰਦੀ ਹੈ। ਇਕ ਵਾਰੀ ਮੈਂ ਲਾਬੀ ਵਿਚ ਬੈਠਾ ਸੀ, ਉਸ ਵੇਲੇ ਦੇ ਮਾਲ ਮੰਤਰੀ ਮੇਜਰ ਹਰਿੰਦਰ ਸਿੰਘ ਜੀ ਵੀ ਉਥੇ ਮੌਜੂਦ ਸਨ । ਉਨ੍ਹਾਂ ਨੂੰ ਕਿਸੇ ਮੈਂਬਰ ਸਾਹਿਬ ਨੇ ਪੁੱਛਿਆ ਕਿ ਤੁਹਾਡੇ ਮਾਲ ਵਿਭਾਗ ਵਿਚ ਸਭ ਤੋਂ ਵੱਡਾ ਅਫ਼ਸਰ ਕੌਣ ਹੈ ? ਤਾਂ ਉਨ੍ਹਾਂ ਨੇ ਕਿਹਾ ਕਿ ਪਟਵਾਰੀ ਮਾਲ ਵਿਭਾਗ ਦਾ ਸਭ ਤੋਂ ਵੱਡਾ ਅਫ਼ਸਰ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਪਟਵਾਰੀ ਖਰਾਬ ਰਿਪੋਰਟ ਕਰਦਾ ਹੈ ਜੇਕਰ ਉਸ ਨੂੰ 5 ਰੁਪਏ ਕਿੱਲੇ ਮਗਰ ਨਾ ਦਿੱਤੇ ਜਾਣ । ਕਿਸਾਨਾਂ ਨੂੰ ਕਿਥੇ ਕਿਥੇ, ਕਦੋਂ ਕਦੋਂ ਮਾਰ ਪੈਂਦੀ ਹੈ, ਇਸ ਬਾਰੇ ਸਭ ਨੂੰ ਪਤਾ ਹੀ ਹੈ। ਉਸ ਤੋਂ ਬਾਅਦ ਜਦੋਂ ਕਿਤੇ ਨਹਿਰ ਟੁੱਟ ਜਾਂਦੀ ਹੈ ਤਾਂ ਪੁਲਿਸ ਵਾਲੇ ਪੜਤਾਲ ਕਰਨ ਲਈ ਉਥੇ ਚਲੇ ਜਾਂਦੇ ਹਨ । ਉਥੇ ਉਨ੍ਹਾਂ ਨੂੰ ਰਾਤ ਪੈ ਜਾਂਦੀ ਹੈ, ਕਿਸਾਨ ਨੂੰ ਉਨ੍ਹਾਂ ਦੀ ਰੋਟੀ ਪਾਣੀ ਦਾ ਵੀ ਇੰਤਜ਼ਾਮ ਕਥਨਾ ਪੈਂਦਾ ਹੈ। ਉਸ ਦੇ ਲਈ ਉਹ ਗਰੀਬ ਵਿਚਾਰਾ ਪਿੰਡ ਦੇ ਸ਼ਾਹ ਤੋਂ 50 ਰੁਪਏ ਉਧਾਰ ਲੈਂਦਾ ਹੈ । ਜਦੋਂ ਫਸਲ ਕਟੀ ਜਾਂਦੀ ਹੈ ਤਾਂ ਉਹ ਉਸ ਨੂੰ ਮੰਡੀ ਵਿਚ ਲੈ ਆਉਂਦਾ ਹੈ। ਉਸ ਤੇ ਆੜ੍ਹਤੀਆ ਆੜਤ ਲੈਂਦਾ ਹੈ ਅਤੇ ਜੋ ਉਹ ਸਾਂਵਾ ਤੋਲ ਕਰਦਾ ਹੈ ਉਸ ਬਾਰੇ ਵੀ ਸਾਰਿਆਂ ਨੂੰ ਪਤਾ ਹੈ । ਜੇਕਰ ਕਿਸਾਨਾਂ ਦੀਆਂ ਸਾਰੀਆਂ ਗਲਾਂ ਦਸੀਆਂ ਜਾਣ ਤਾਂ ਬਹੁਤ ਸਮਾਂ ਲਗ ਜਾਏਗਾ ਪਰ ਫੇਰ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਬਹੁਤ ਉਦਮੀ ਅਤੇ ਹਿੰਮਤੀ ਹੈ। ਜੇ ਸਾਰੀਆਂ ਲੋੜੀਂਦੀਆਂ ਚੀਜ਼ਾਂ ਉਸ ਦੇ ਬੂਹੇ ਤੇ ਦਿੱਤੀਆਂ ਜਾਣ ਤਾਂ ਜੋ ਅੱਜ ਉਪਜ ਹੁੰਦੀ ਹੈ ਉਸ ਤੋਂ ਦੁੱਗਣੀ ਉਪਜ ਹੋ ਸਕਦੀ ਹੈ । ਪਰ ਸਰਕਾਰ ਨੂੰ ਸੋਚਣਾ ਪਵੇਗਾ ਅਤੇ ਸੇਵਾ ਭਾਵਨਾ ਚਾਕਰਸ਼ਾਹੀ ਵਿਚ ਪੈਦਾ ਕਰਨੀ ਪਵੇਗੀ ।

ਸਪੀਕਰ ਸਾਹਿਬ, ਸਹਿਕਾਰਤਾ ਦੀ ਲਹਿਰ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਲਈ ਚਲਾਈ ਸੀ ਕਿ ਇਕ ਦੂਜੇ ਨਾਲ ਮਿਲ ਕੇ ਇਕ ਦੂਜੇ ਦੀ ਮਦਦ ਕੀਤੀ ਜਾਏ। ਅੱਜ ਕੱਲ ਲੋਕ ਕੋਆਪਰੇਸ਼ਨ ਨੂੰ ਕੁਰੱਪਸ਼ਨ ਆਖਦੇ ਹਨ । ਜਦੋਂ ਉਹ ਕਿਸਾਨ ਨੂੰ ਹੱਥਕੜੀ ਦਿਖਾ ਕੇ ਉਸ ਨੂੰ ਪੈਸੇ ਦੇਣ ਤੇ ਮਜਬੂਰ ਕਰ ਦਿੰਦੇ ਹਨ। ਇਸ ਬਾਰੇ ਮੈਂ ਦੱਸ ਨਹੀਂ ਸਕਦਾ ਕਿ ਉਨ੍ਹਾਂ ਨੂੰ ਕਿੰਨੀ ਤਕਲੀਫ ਦਿੱਤੀ ਜਾਂਦੀ ਹੈ । ਪਿਛਲੀ ਵਾਰੀ ਮੈਂ ਇਸ ਸਦਨ ਵਿਚ ਕਿਹਾ ਸੀ ਕਿ ਖਾਦ ਦੀ ਕੀਮਤ ਵੱਧਣ ਨਾਲ ਸਟੋਰ ਵਿਚੋਂ ਖਾਦ ਗਾਇਬ ਹੋ ਗਈ ਹੈ । ਉਸ ਵੇਲੇ ਸਬ-ਇਨਸਪੈਕਟਰਜ਼ ਅੌਰ ਏ. ਆਰ. ਤੱਕ ਦਫਤਰਾਂ ਵਿਚ ਹਾਜ਼ਰ ਨਹੀਂ ਰਹੇ। ਜੇ ਕੋਈ ਦਫਤਰ ਵਿਚ ਜਾਕੇ ਪੁੱਛਦਾ ਸੀ ਤਾਂ ਕਲਰਕ ਕਹਿ ਦਿੰਦੇ ਸਨ ਕਿ ਉਹ ਦੌਰੇ ਤੇ ਗਏ ਹੋਏ ਹਨ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਮਾਮਲੇ ਦੀ ਪੜਤਾਲ ਕੀਤੀ ਜਾਏ। ਦੋ ਦਿਨ ਕੀਮਤ ਵੱਧਣ ਤੋਂ ਪਹਿਲਾਂ ਸਟੋਰ ਵਿਚ ਖਾ ਪਈ ਸੀ, ਉਹ ਪੁਰਾਣੀ ਕੀਮਤ ਤੇ ਸੁਸਾਇਟੀਆਂ ਦੇ ਰਾਹੀਂ ਕਿਸਾਨਾਂ ਨੂੰ ਦਿੱਤੀ ਜਾਏ ਤਾਕਿ ਗੌਰਮਿੰਟ ਤੇ ਉਨ੍ਹਾਂ ਦਾ ਭਰੋਸਾ ਹੋ ਸਕੇ ਕਿ ਗੌਰਮਿੰਟ ਸਾਡੀ ਬਿਹਤਰੀ ਵਾਸਤੇ ਕੰਮ ਕਰਨਾ ਚਾਹੁੰਦੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਮਤ ਸਿੰਘ ਢਿੱਲੋਂ]

ਜਿਥੋਂ ਤੱਕ ਇਰੀਗੇਸ਼ਨ ਦਾ ਤੁਅੱਲਕ ਹੈ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਈ ਐਸ. ਡੀ. ਓ. ਸਾਹਿਬਾਨ ਨਹਿਰਾਂ ਦੀਆਂ ਪਟੜੀਆਂ ਤੇ ਮਿੱਟੀ ਨਹੀਂ ਪਵਾਉਂਦੇ ਅਤੇ ਝੂਠੇ ਬਿਲ ਪਾਈ ਜਾਂਦੇ ਹਨ ਪਰ ਜਦੋਂ ਨਹਿਰ ਤੇ ਕੱਟ ਹੋ ਜਾਂਦਾ ਹੈ ਤਾਂ ਵਿਚਾਰੇ ਕਿਸਾਨਾਂ ਤੇ ਉਹ ਇਹ ਦੋਸ਼ ਲਗਾ ਦਿੰਦੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਡੀ. ਸੀ.ਸਾਹਿਬਾਨ ਨੂੰ ਅਖਤਿਆਰ ਹੋਣੇ ਚਾਹੀਦੇ ਹਨ ਕਿ ਜਿਥੇ ਕੱਟ ਹੋਵੇ ਉਹ ਆਪ ਮੌਕੇ ਤੇ ਜਾ ਕੇ ਦੇਖਣ ਕਿ ਕੀ ਨਹਿਰ ਆਪਣੇ ਆਪ ਟੁੱਟੀ ਹੈ ਜਾਂ ਕਿਸ ਤਰ੍ਹਾਂ ਟੁੱਟੀ ਹੈ। ਇਸ ਤਰ੍ਹਾਂ ਜੋ ਲੱਖਾਂ ਕਰੋੜਾਂ ਰੁਪਏ ਦਾ ਨਹਿਰੀ ਵਿਭਾਗ ਘਾਲਾ ਮਾਲਾ ਕਰ ਜਾਂਦਾ ਹੈ, ਉਸ ਦੀਆਂ ਪੜਤਾਲਾਂ ਕਰਾਉਣੀਆਂ ਚਾਹੀਦੀਆਂ ਹਨ। ਨਹਿਰਾਂ ਨੂੰ ਵਿਚੋਂ ਸਾਫ ਨਹੀਂ ਕੀਤਾ ਜਾਂਦਾ, ਇਸ ਕਰਕੇ ਵੀ ਉਹ ਟੁੱਟੀਆਂ ਹਨ। ਇਸ ਲਈ ਕੋਈ ਪੱਕਾ ਪ੍ਰਬੰਧ ਕਰਨਾ ਚਾਹੀਦਾ ਹੈ। ਪਿੱਛਲੇ ਦਿਨਾਂ ਵਿਚ ਫਰੀਦਕੋਟ ਵਿਚ ਨਹਿਰ ਟੁੱਟੀ ਹੈ। ਲੋਕਾਂ ਨੇ ਹਾਹਾਕਾਰ ਮਚਾਈ ਤਾਂ ਡੀ. ਸੀ. ਸਾਹਿਬ ਨੇ ਕਿਹਾ ਕਿ ਅਸੀਂ ਕੁਝ ਨਹੀਂ ਕਰ ਸਕਦੇ ਕਿਉਂਕਿ ਐਕਸੀਅਨ ਨੇ ਲਿਖ ਦਿੱਤਾ ਹੈ ਕਿ ਪਿੰਡ ਵਾਲਿਆਂ ਨੇ ਨਹਿਰ ਤੋੜੀ ਹੈ।

ਅੱਡ ਅੱਡ ਜ਼ਿਲ੍ਹਿਆਂ ਦੇ ਅੱਡ ਅੱਡ ਇਲਾਕਿਆਂ ਦੇ ਜਿਉਗਰਾਫੀਕਲੀ ਪਰਾਜੈਕਟਸ ਬਣਾਉਣੇ ਚਾਹੀਦੇ ਹਨ। ਜਿਥੇ ਕਪਾਹ ਦੀ ਫਸਲ ਹੈ, ਝੋਨੇ ਦੀ ਹੈ ਜਾਂ ਕੋਈ ਹੋਰ ਫਸਲ ਹੈ ਉਥੇ ਹਿਸਾਬ ਨਾਲ ਪਾਣੀ ਦੇਣ ਦਾ ਪਰਬੰਧ ਹੋਣਾ ਚਾਹੀਦਾ ਹੈ। ਸਪੈਸ਼ਲ ਮੌਘੇ ਮਿਲਣੇ ਚਾਹੀਦੇ ਹਨ। ਮੈਂ ਆਪਣੇ ਇਲਾਕੇ ਵਾਸਤੇ ਕਹਿਣਾ ਚਾਹੁੰਦਾ ਹਾਂ ਕਿ ਇੱਕ ਤਾਂ ਉਥੇ ਸੇਮ ਦਾ ਜ਼ੋਰ ਹੈ, ਦੂਸਰੇ ਪਾਣੀ ਬਿਲਕੁਲ ਘੱਟ ਹੈ। ਕੱਸੀਆਂ ਨਹੀਂ ਨਿਕਲੀਆਂ, ਕੁਝ ਪਰਾਜੈਕਟਸ ਬਣਾਏ ਗਏ ਹਨ ਉਨ੍ਹਾਂ ਲਈ ਮਨਜ਼ੂਰੀ ਹਾਲੇ ਤਕ ਨਹੀਂ ਮਿਲੀ। ਸਾਡਾ ਇਲਾਕਾ 15-20 ਸਾਲਾਂ ਦਾ ਪਛੜਿਆ ਹੋਇਆ ਇਲਾਕਾ ਹੈ, ਉਥੇ ਲਈ ਕਸੀਆਂ ਅਤੇ ਨਹਿਰਾਂ ਦੀ ਮਨਜ਼ੂਰੀ ਦੇ ਕੇ ਉਸ ਨੂੰ ਐਗਰੀਕਲਚਰ ਦੇ ਤੌਰ ਤੇ ਬੈਕਵਰਡ ਡਿਕਲੇਅਰ ਕਰਕੇ ਉਥੇ ਦੇ ਲੋਕਾਂ ਨੂੰ ਰਾਹਤ ਦਿੱਤੀ ਜਾਣੀ ਚਾਹੀਦੀ ਹੈ ਤਾਕਿ ਉਹ ਵਿਚਾਰੇ ਵੀ ਰੋਟੀ ਖਾ ਸਕਣ ਅਤੇ ਰਹਿਣ ਸਹਿਣ ਲਈ ਕੁਝ ਪ੍ਰਬੰਧ ਕਰ ਸਕਣ।

ਜਿਥੋਂ ਤੱਕ ਬਿਜਲੀ ਦਾ ਤੁਅੱਲਕ ਹੈ (ਘੰਟੀ) ਸਾਡੇ ਪਿੰਡ ਵਿਚ ਜੋ ਖੰਭੇ ਲਗੇ ਹੋਏ ਹਨ ਅਤੇ ਉਨ੍ਹਾਂ ਤੇ ਜੋ ਬਿਜਲੀ ਦੀਆਂ ਤਾਰਾਂ ਹਨ, ਉਨ੍ਹਾਂ ਦੀ ਹਾਲਤ ਐਨੀ ਮਾੜੀ ਹੈ ਕਿ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਪਿੱਛਲੀ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਰਖਿਆ। ਜਿੰਨੀ ਬਿਜਲੀ ਇਨਸਾਨੀ ਜ਼ਰੂਰਤ ਵਾਸਤੇ ਬਹੁਤ ਲੋੜੀਂਦੀ ਹੈ ਉਨੀ ਹੀ ਇਨਸਾਨੀ ਜ਼ਿੰਦਗੀ ਵਾਸਤੇ ਇਹ ਖਤਰਨਾਕ ਸਾਬਤ ਹੋ ਸਕਦੀ ਹੈ। ਇਸ ਬਿਜਲੀ ਨਾਲ ਪਿਛਲੇ ਦਿਨਾਂ ਵਿਚ ਕਈ ਬੰਦੇ ਅਤੇ ਪਸ਼ੂ ਮਰ ਗਏ। (ਵਿਘਨ) ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰੀ ਸਰਕਾਰ ਦੀ ਮਸ਼ੀਨਰੀ ਵਿਚ ਇਹ ਭਾਵਨਾ ਪੈਦਾ ਕੀਤੀ ਜਾਏ ਕਿ ਕਿਸਾਨਾਂ ਦੀ ਸੇਵਾ ਕਰਨੀ ਹੈ। ਇਰੀਗੇਸ਼ਨ ਤੇ ਬਿਜਲੀ ਦੇ ਮਹਿਕਮੇ ਵਿਚ ਜੋ ਢਿਲ ਹੈ ਉਹ ਵੀ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਇਕ ਬੇਨਤੀ ਮੈਂ ਹੋਰ ਕਰਨਾ ਚਾਹੁੰਦਾ ਹਾਂ ਕਿ ਕਿਸਾਨ ਨੂੰ ਖੁਲ੍ਹ ਹੋਵੇ ਕਿ ਜਦੋਂ ਉਹ ਕੁਨੈਕਸ਼ਨ ਵਾਸਤੇ ਅਰਜ਼ੀ ਦੇਵੇ ਉਸ ਨੂੰ ਬਿਜਲੀ ਦਾ ਕੁਨੈਕਸ਼ਨ ਮਿਲ ਜਾਏ (ਘੰਟੀ) ਇਕ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ 20 ਪੁਆਇੰਟ ਪ੍ਰੋਗਰਾਮ ਜਾਂ 25 ਪੁਆਇੰਟ ਪ੍ਰੋਗਰਾਮ ਜੋ ਹੈ, ਸਾਡੇ ਫਾਈਨਾਂਸ ਮਿਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਇਸ ਨੂੰ ਇਨ ਲੈਟਰ ਐਂਡ ਸਪਿਰਟ ਲਾਗੂ ਕਰਨਾ ਚਾਹੁੰਦੇ ਹਾਂ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪ੍ਰੋਡਕਸ਼ਨ ਵਧਾਉਣ ਵਿਚ ਜ਼ੋਰ ਲਗਾਉਣਾ ਚਾਹੀਦਾ ਹੈ। ਪਰ ਉਸ ਦੇ ਨਾਲ ਹਿਊਮਨ ਪਰੋਡਕਸ਼ਨ ਘਟਾਉਣ ਪਏਗੀ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਕੇਂਦਰ ਸਰਕਾਰ ਨਾਲ ਗੱਲ ਬਾਤ ਕਰਕੇ ਇਸ

Original with;
Punjab Vidhan Sabha
Digitized by;
Panjab Digital Library

ਸਬੰਧੀ ਕੋਈ ਕਾਨੂੰਨ ਲਿਆਉਣਾ ਚਾਹੀਦਾ ਹੈ ਤਾਕਿ ਵੱਧ ਰਹੀ ਆਬਾਦੀ ਤੇ ਕੁੱਝ ਕਾਬੂ ਕੀਤਾ ਜਾਏ। ਜਿੰਨੀ ਦੇਰ ਸਾਡੀ ਆਬਾਦੀ ਕੰਟ੍ਰੋਲ ਨਹੀਂ ਹੋਏਗੀ, ਚਾਹੇ ਅਸੀਂ ਜਿੰਨੀ ਮਰਜ਼ੀ ਪੈਦਾਵਾਰ ਵਧਾ ਲਈਏ, ਦੇਸ਼ ਦਾ ਬੁਰਾ ਹਾਲ ਰਹੇਗਾ। ਆਜ਼ਾਦੀ ਤੋਂ ਬਾਅਦ ਚਾਰ ਦੇਸ਼ਾਂ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਪਾਪੂਲੇਸ਼ਨ ਤੇ ਕੰਟਰੋਲ ਕਰ ਲਿਆ ਹੈ। ਇਹ ਚਾਰ ਦੇਸ਼ ਇਹ ਹਨ— ਚੀਨ, ਜਾਪਾਨ, ਜਰਮਨ ਅਤੇ ਬਰਾਜ਼ੀਲ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੇਸ਼ਾਂ ਨੇ ਮੇਨ ਪਾਵਰ ਦਾ ਸਹੀ ਇਸਤੇਮਾਲ ਕੀਤਾ ਹੈ। ਪੰਜ ਪੁਆਇੰਟ ਪਰੋਗਰਾਮ ਅਧੀਨ ਪਾਪੂਲੇਸ਼ਨ ਨੂੰ ਕੰਟ੍ਰੋਲ ਕੀਤਾ ਜਾਏ। ਗਰੀਬਾਂ ਨੂੰ ਪਰੇਰਨਾ ਨਾਲ ਸਮਝਾਇਆ ਜਾਏ ਕਿ ਜਿਸ ਦੇ ਦੋ ਬੱਚੇ ਹੋਣਗੇ ਉਸ ਨੂੰ ਮਾਲੀ ਸਹਾਇਤਾ ਮਿਲੇਗੀ, ਜੇ ਉਹ ਓਪਰੇਸ਼ਨ ਕਰਾਏਗਾ ਤਾਂ ਉਸ ਦੇ ਬੱਚਿਆਂ ਨੂੰ ਵਜ਼ੀਫਾ ਵੀ ਦਿੱਤਾ ਜਾਏਗਾ। ਜਿਨ੍ਹਾਂ ਦੇ ਦੋ ਬੱਚਿਆਂ ਤੋਂ ਵੱਧ ਹੋਣ ਉਨ੍ਹਾਂ ਤੇ ਕਾਨੂੰਨ ਰਾਹੀਂ ਟੈਕਸ ਲਾਇਆ ਜਾਵੇ ਤਾਕਿ ਆਉਣ ਵਾਲੇ ਸਮੇਂ ਵਿਚ ਪਰੋਡਕਸ਼ਨ ਦੇ ਮੁਤਾਬਿਕ ਸਾਡੀ ਪਾਪੂਲੇਸ਼ਨ ਤੇ ਕੰਟਰੋਲ ਹੋਵੇ। ਬੱਸ ਜੀ, ਐਨੀ ਬੇਨਤੀ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਅਵਤਾਰ ਸਿੰਘ ਗਟਵਾਲੀ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਇਨ੍ਹਾਂ ਗਰਾਂਟਸ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਵੱਲੋਂ ਗਰਾਂਟ ਦੀ ਡਿਮਾਂਡ ਨੰ: 25, 26 ਅਤੇ 39 ਉਤੇ ਬੋਲਾਂਗਾ। ਸਭ ਤੋਂ ਪਹਿਲਾਂ ਮੈਂ ਆਪਣੇ ਫਾਈਨੈਂਸ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਵਧਾਈ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਇਹ ਬਜਟ ਪੇਸ਼ ਕਰਕੇ ਇਹ ਸਿੱਧ ਕੀਤਾ ਹੈ ਕਿ ਇਹ ਸਰਕਾਰ ਕਿਸਾਨਾਂ ਦੀ ਹਮਦਰਦ ਸਰਕਾਰ ਹੈ। ਇਹ ਜਿਹੜੇ ਮੇਰੇ ਸਾਹਮਣੇ ਬੈਠੇ ਅਕਾਲੀ ਵੀਰ ਹਨ ਇਹ ਹਮੇਸ਼ਾਂ ਕਹਿੰਦੇ ਰਹੇ ਕਿ ਅਸੀਂ ਕਿਸਾਨ ਦੇ ਮੁੱਦਈ ਹਾਂ। ਇਹ ਹਮੇਸ਼ਾ ਤੋਂ ਇਸ ਗੱਲ ਦਾ ਠੇਕਾ ਲੈਂਦੇ ਰਹੇ ਕਿ ਅਸੀਂ ਪੰਜਾਬ ਦੇ ਕਿਸਾਨ ਦੇ ਮੁਦੱਈ ਹਾਂ। ਲੇਕਿਨ ਮੈਂ ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਐਤਕੀਂ ਦਾ ਜਿਹੜਾ ਐਗਰੀਕਲਚਰ ਦਾ ਐਸਟੀਮੇਟ ਹੈ ਉਹ ਪਿਛਲੇ ਸਾਲ ਨਾਲੋਂ ਤਕਰੀਬਨ 8-9 ਕਰੋੜ ਰੁਪਏ ਵੱਧ ਹੈ। ਸੋ ਇਸ ਕਰਕੇ ਇਹ ਜਿਹੜੀਆਂ ਉਨ੍ਹਾਂ ਵਲੋਂ ਫੋਕੀਆਂ ਗੱਲਾਂ ਕਹੀਆਂ ਜਾਂਦੀਆਂ ਰਹੀਆਂ ਹਨ ਅਤੇ ਕਹੀਆਂ ਜਾਂਦੀਆਂ ਹਨ ਉਹ ਕਿਸਾਨ ਨੂੰ ਵਰਗਲਾਉਣ ਦੀਆਂ ਗੱਲਾਂ ਹਨ। (ਵਿਘਨ) ਸੋ ਇਹ ਜਿਹੜਾ ਇਸ ਕਿਸਮ ਦਾ ਫਾਈਨੈਂਸ ਮਨਿਸਟਰ ਸਾਹਿਬ ਨੇ ਬਜਟ ਦਿੱਤਾ ਹੈ ਮੈਂ ਇਸ ਲਈ ਉਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਇਸ ਸਰਕਾਰ ਨੇ ਛੋਟੇ ਕਿਸਾਨ ਨੂੰ ਰਾਹਤ ਦੇਣ ਲਈ ਕਦਮ ਚੁੱਕਿਆ ਹੈ। (ਵਿਘਨ) ਜਿਥੋਂ ਤਕ ਪੰਜਾਬ ਦੇ ਕਿਸਾਨ ਦਾ ਸਵਾਲ ਹੈ, ਮੇਰੇ ਤੋਂ ਪਹਿਲਾਂ ਸਰਦਾਰ ਜਸਮਤ ਸਿੰਘ ਢਿੱਲੋਂ ਨੇ ਵੀ ਇਸ ਬਾਰੇ ਕਾਫੀ ਰੋਸ਼ਨੀ ਪਾਈ ਹੈ। ਮੈਂ ਇਕ ਦੋ ਬੇਨਤੀਆਂ ਇਸ ਸਿਲਸਿਲੇ ਵਿਚ ਕਰਾਂਗਾ। ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸਾਨ ਦੀ ਜਿਹੜੀ ਕਮਾਈ ਹੈ ਉਸ ਦਾ ਉਸ ਨੂੰ ਪੂਰਾ ਮੱਲ ਨਹੀਂ ਮਿਲਦਾ। ਕਿਸਾਨ ਖੇਤੀਬਾੜੀ ਕਰਦਾ ਹੈ, ਭਾਵੇਂ ਉਹ ਵੱਡਾ ਕਿਸਾਨ ਹੈ ਜਾਂ ਛੋਟਾ ਕਿਸਾਨ ਹੈ। ਜਿਨ੍ਹਾਂ ਕੋਲ 10-20 ਏਕੜ ਜ਼ਮੀਨ ਹੈ ਕਈ ਥਾਵਾਂ ਤੇ ਉਨ੍ਹਾਂ ਨੂੰ ਵੀ ਵੱਡੇ ਜ਼ਿਮੀਂਦਾਰ ਕਿਹਾ ਜਾਂਦਾ ਹੈ ਪਰ ਆਮ ਤੌਰ ਤੇ ਪੰਜਾਬ ਵਿਚ ਛੋਟੇ ਕਿਸਾਨਾਂ ਦਾ ਨੰਬਰ ਜ਼ਿਆਦਾ ਹੈ। ਅੱਜ ਪਾਪੂਲੇਸ਼ਨ ਵੱਧ ਰਹੀ ਹੈ ਅਤੇ ਪੰਜਾਬ ਦੇ ਕਿਸਾਨ ਦੀ ਜ਼ਮੀਨ ਦੀਆਂ ਵੰਡੀਆਂ ਪੈ ਰਹੀਆਂ ਹਨ। ਉਨ੍ਹਾਂ ਨੂੰ ਬਾਹਰ ਜਾਣ ਤੋਂ ਰੋਕਿਆ ਗਿਆ ਹੈ। ਪੰਜਾਬੀ ਸੂਬਾ ਜ਼ਰੂਰ ਲੈ ਲਿਆ ਹੈ ਮਗਰ ਇਸ ਦਾ ਦੀਐਕਸ਼ਨ ਦੂਜੀਆਂ ਸਟੇਟਾਂ ਤੇ ਜ਼ਰੂਰ ਪਿਆ ਹੈ। ਅੱਗੇ ਸਾਡੇ ਜ਼ਿਮੀਦਾਰ, ਕਿਸਾਨ ਬਾਹਰਲੇ ਸੂਬਿਆਂ ਵਿਚ ਜਾ ਕੇ ਜ਼ਮੀਨ ਲੈ ਸਕਦੇ ਸੀ ਪਰ ਅੱਜ ਉਨ੍ਹਾਂ ਦੇ ਉਥੇ ਜਾਣ ਤੇ ਰੋਕ ਲਗ ਗਈ ਹੈ। ਇਸ ਕਰਕੇ ਪੰਜਾਬ ਦਾ ਕਿਸਾਨ ਬਹੁਤ ਦੁੱਖੀ ਹੈ। (ਵਿਘਨ) ਉਸ ਦੀ ਜਿਹੜੀ ਕਮਾਈ ਹੈ, ਉਸ ਦੀ ਜਿਹੜੀ ਮਿਹਨਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਗਟਵਾਲੀ]

ਹੈ ਉਸ ਦਾ ਉਸ ਨੂੰ ਪੂਰਾ ਮੁੱਲ ਨਹੀਂ ਮਿਲਦਾ। ਭਾਵੇਂ ਰਾਤ ਹੋਵੇ, ਭਾਵੇਂ ਸਰਦੀ ਹੋਵੇ ਅਤੇ ਭਾਵੇਂ ਦੁਪਹਿਰ ਦੀ ਗਰਮੀ ਹੋਵੇ ਉਸ ਨੂੰ ਜ਼ਰੂਰ ਆਪਣੇ ਕੰਮ ਤੇ ਖੇਤ ਵਿਚ ਜਾਣਾ ਪੈਂਦਾ ਹੈ। ਜੇ ਕਿਸੇ ਹੋਰ ਵਰਗ ਦੇ ਲੋਕਾਂ ਤੇ ਕਿਸੇ ਕਿਸਮ ਦੀ ਮੁਸ਼ਕਲ ਆ ਜਾਵੇ ਤਾਂ ਉਨ੍ਹਾਂ ਵਾਸਤੇ ਪ੍ਰੋਟੈਕਸ਼ਨ ਹੁੰਦੀ ਹੈ ਪਰ ਕਿਸਾਨ ਤੇ ਜੇ ਕੋਈ ਮੁਸ਼ਕਲ ਆ ਜਾਵੇ ਤਾਂ ਉਸ ਦੀ ਕੋਈ ਪ੍ਰੋਟੈਕਸ਼ਨ ਨਹੀਂ ਹੈ। ਉਸ ਦੀ ਕੋਈ ਸਹਾਇਤਾ ਨਹੀਂ ਕਰਦਾ। ਉਸ ਨੂੰ ਵਿਹਲ ਨਹੀਂ ਮਿਲਦੀ। ਉਹ ਆਪਣੇ ਖੇਤਾਂ ਵਿਚ 20-20 ਘੰਟੇ ਕੰਮ ਕਰਦਾ ਹੈ। ਮੈਨੂੰ ਖੁਦ ਵੀ ਤਜਰਬਾ ਹੈ। ਜਦੋਂ ਮੈਂ ਕਾਲਜ ਵਿਚ ਪੜ੍ਹਦਾ ਸੀ ਤਾਂ ਮੈਂ ਖੁਦ 15-16 ਘੰਟੇ ਖੇਤਾਂ ਵਿਚ ਕੰਮ ਕੀਤਾ ਹੈ ਅਤੇ ਉਨ੍ਹਾਂ ਲੋਕਾਂ ਵਿਚ ਰਹਿਕੇ, ਕੰਮ ਕਰਕੇ ਦੇਖਿਆ ਹੈ। ਉਨ੍ਹਾਂ ਨੂੰ ਬੜੀ ਕਰੜੀ ਮਿਹਨਤ ਕਰਨੀ ਪੈਂਦੀ ਹੈ। ਇਸ ਲਈ ਮੈਂ ਆਪ ਦੇ ਸਾਹਮਣੇ ਦੋ ਤਿੰਨ ਗੱਲਾਂ ਰੱਖਾਂਗਾ ਜਿਸ ਨਾਲ ਕਿ ਕਿਸਾਨਾਂ ਨੂੰ ਪ੍ਰੋਟੈਕਸ਼ਨ ਮਿਲ ਸਕੇ। ਸਭ ਤੋਂ ਪਹਿਲਾਂ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸਾਨ ਦੀ ਜਿਹੜੀ ਉਪਜ ਹੈ ਉਸ ਦਾ ਅੈਸਟੀਮੇਟ ਲਾਇਆ ਜਾਵੇ ਕਿ ਉਸ ਨੂੰ ਜਿਨਸ ਪੈਦਾ ਕਰਨ ਲਈ ਕਿੰਨਾ ਖਰਚ ਕਰਨਾ ਪੈਂਦਾ ਹੈ। ਇਸ ਵਿਚ ਫਰਟੇ-ਲਾਈਜ਼ਰ ਦਾ ਖਰਚਾ ਪਾਇਆ ਜਾਵੇ, ਡੀਜ਼ਲ ਦਾ ਖਰਚਾ ਪਾਇਆ ਜਾਵੇ, ਟਰੈਕਟਰ ਦੀ ਕੀਮਤ ਪਾਈ ਜਾਵੇ। ਸੋ ਇਸ ਕਿਸਮ ਦੇ ਸਾਰੇ ਖਰਚੇ ਪਾ ਕੇ ਸਾਨੂੰ ਇਕ ਪਰਾਈਸ ਇੰਡੈਕਸ ਬਣਾਉਣਾ ਚਾਹੀਦਾ ਹੈ। ਉਸ ਇਕੱਲੇ ਦੀ ਮਿਹਨਤ ਹੀ ਨਹੀਂ ਉਸ ਦੇ ਸਾਰੇ ਫੈਮਿਲੀ ਮੈਂਬਰਾਂ ਦੀ ਮਿਹਨਤ ਵਿਚ ਪਾ ਕੇ ਸਾਰਾ ਹਿਸਾਬ ਲਾ ਕੇ ਸਾਨੂੰ ਪ੍ਰਾਈਸ ਇੰਡੈਕਸ ਬਣਾਉਣਾ ਚਾਹੀਦਾ ਹੈ ਅੌਰ ਉਸ ਪ੍ਰਾਈਸ ਇਨਕਰੀਜ਼ ਦੇ ਉੱਚਾ ਹੋ ਜਾਣ ਨਾਲ ਜਿਸ ਤਰ੍ਹਾਂ ਸ਼ਹਿਰਾਂ ਵਿਚ ਕਾਰਖਾਨਿਆਂ ਵਿਚ ਕੰਮ ਕਰਨ ਵਾਲਿਆਂ ਨੂੰ ਜਾਂ ਸਰਕਾਰੀ ਮੁਲਾਜ਼ਮਾਂ ਨੂੰ ਡੀ.ਏ. ਦਿੱਤਾ ਜਾਂਦਾ ਹੈ ਇਸੇ ਤਰ੍ਹਾਂ ਹੀ ਉਸ ਦੇ ਸਾਰੇ ਖਰਚ ਦੇਖ ਕੇ ਉਸ ਦੀ ਉਪਜ ਦੀ ਕੀਮਤ ਫਿਕਸ ਹੋਣੀ ਚਾਹੀਦੀ ਹੈ। ਅਗਰ ਪ੍ਰਾਈਸ ਇੰਡੈਕਸ ਵਿਚ ਵਾਧਾ ਹੋ ਜਾਵੇ ਤਾਂ ਉਸੇ ਹਿਸਾਬ ਨਾਲ ਉਸ ਦੀ ਉਪਜ ਦੀ ਕੀਮਤ ਵਧਾਈ ਜਾਵੇ ਅਤੇ ਜੇ ਪ੍ਰਾਈਸ ਇੰਡੈਕਸ ਘੱਟ ਜਾਵੇ ਤਾਂ ਫਿਰ ਬੇਸ਼ੱਕ ਉਸ ਦੀ ਉਪਜ ਦੀ ਕੀਮਤ ਘਟਾ ਦਿੱਤੀ ਜਾਵੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਇਸ ਵੇਲੇ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਵਿਚ 50% ਹਿੱਸਾ ਦਿੰਦਾ ਹੈ ਚਾਹੇ ਉਹ ਅਨਾਜ ਚੌਲ ਹੈ ਜਾਂ ਕਣਕ ਹੈ। 20% ਅਸੀਂ ਕਾਟਨ ਪੈਦਾ ਕਰਦੇ ਹਾਂ ਅਤੇ ਸਾਰੇ ਹਿੰਦੁਸਤਾਨ ਨੂੰ ਸਪਲਾਈ ਕਰਦੇ ਹਾਂ ਜਿਸ ਦਾ ਕੱਪੜਾ ਬਣਦਾ ਹੈ। ਕਾਟਨ ਦਾ ਜਿਹੜਾ ਵੜੇਵਾਂ ਹੁੰਦਾ ਹੈ ਉਸ ਦਾ ਘਿਓ ਬਣਦਾ ਹੈ। ਸੋ ਇਸੇ ਤਰ੍ਹਾਂ ਹੀ ਅਸੀਂ ਆਇਲ ਸੀਡ ਪੈਦਾ ਕਰਨ ਵਿਚ ਵੀ ਵੱਧ ਹਿੱਸਾ ਪਾਉਂਦੇ ਹਾਂ। (ਵਿਘਨ)

ਇਥੇ ਫੋਕਲ ਪੁਆਇੰਟਾਂ ਉਤੇ ਜ਼ਿਮੀਦਾਰਾਂ ਨੂੰ ਸਹੂਲਤਾਂ ਦੇਣ ਬਾਰੇ ਕਿਹਾ ਗਿਆ ਸੀ। ਠੀਕ ਹੈ, ਜਿਥੇ ਸਰਕਾਰੀ ਖਰੀਦ ਕਣਕ ਦੀ ਅਤੇ ਚੌਲਾਂ ਦੀ ਹੁੰਦੀ ਹੈ ਉਥੇ ਫੋਕਲ ਪੁਆਇੰਟਾਂ ਦਾ ਫਾਇਦਾ ਹੋ ਸਕਦਾ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਕਿਸਾਨ ਛੋਲੇ, ਜੌਂ ਅਤੇ ਕਪਾਹ ਪੈਦਾ ਕਰਦੇ ਹਨ ਉਥੇ ਫੋਕਲ ਪੁਆਇੰਟਾਂ ਤੇ ਪਿਛਲੀ ਸਰਕਾਰ ਨੇ ਉਨ੍ਹਾਂ ਨੂੰ ਕੋਈ ਸਹੂਲਤਾਂ ਨਹੀਂ ਦਿੱਤੀਆਂ। ਉਥੇ ਵੀ ਸਹੂਲਤਾਂ ਇਸ ਕਿਸਮ ਦੀਆਂ ਦੇਣੀਆਂ ਚਾਹੀਦੀਆਂ ਹਨ ਤਾਕਿ ਉਥੇ ਵੀ ਉਹ ਕਿਸਾਨ ਆਪਣਾ ਅਨਾਜ ਵੇਚ ਸਕਣ। ਇਥੇ ਅੈਵੇਂ ਨਾਹਰੇਬਾਜ਼ੀ ਕਰੀ ਜਾਣਾ ਕਿ ਅਸੀਂ ਫੋਕਲ ਪੁਆਇੰਟ ਬਣਾ ਦਿੱਤੇ, ਇਹ ਕਰ ਦਿੱਤਾ ਅਤੇ ਉਹ ਕਰ ਦਿੱਤਾ, ਅਜਿਹੀਆਂ ਨਾਹਰੇਬਾਜ਼ੀ ਦੀਆਂ ਗੱਲਾਂ ਜ਼ਿਮੀਦਾਰ ਬਰਦਾਸ਼ਤ ਨਹੀਂ ਕਰ ਸਕਦੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੋਈ ਵੀ ਜ਼ਿਮੀਦਾਰ ਦੇ ਆੜ੍ਹਤੀਏ ਨਹੀਂ ਰੱਖ ਸਕਦਾ। ਉਸ ਨੂੰ ਇਕ ਆੜ੍ਹਤੀ ਨਾਲ ਹੀ ਹਿਸਾਬ ਰੱਖਣਾ ਪਵੇਗਾ ਕਿਉਂਕਿ ਜ਼ਰੂਰ ਉਹ ਅੱਧੀ

Original with;
Punjab Vidhan Sabha
Digitized by;
Panjab Digital Library

ਜਿਨਸ ਇਕ ਆੜ੍ਹਤੀ ਕੋਲ ਲੈ ਜਾਵੇ ਅਤੇ ਅੱਧੀ ਦੂਜੇ ਆੜ੍ਹਤੀ ਕੋਲ ਲੈ ਜਾਵੇ ਤਾਂ ਇਸ ਦਾ ਉਸ ਨੂੰ ਕੋਈ ਫਾਇਦਾ ਨਹੀਂ ਹੈ। ਇਸ ਲਈ ਉਸ ਨੂੰ ਮਜ਼ਬੂਰ ਹੋ ਕੇ ਇਕ ਆੜ੍ਹਤੀ ਕੋਲ ਹੀ ਜਾਣਾ ਪੈਂਦਾ ਹੈ। (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਫੋਕਲ ਪੁਆਇੰਟਾਂ ਤੇ ਇਸੇ ਤਰ੍ਹਾਂ ਮੰਡੀਆਂ ਚਾਲੂ ਰੱਖਣੀਆਂ ਹਨ ਤਾਂ ਕਾਟਨ ਜਾਂ ਆਇਲ ਸੀਡ ਆਦਿ ਦਾ ਉਥੇ ਖਰੀਦਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਜੇ ਅਜਿਹਾ ਨਹੀਂ ਕਰਨਾ ਤਾਂ ਉਹ ਮੰਡੀਆਂ ਵਾਲੀ ਜਗ੍ਹਾ ਕਿਸੇ ਹੋਰ ਢੰਗ ਨਾਲ ਪਿੰਡਾਂ ਦੀ ਬਿਹਤਰੀ ਲਈ ਵਰਤਕੇ ਉਸ ਦਾ ਫਾਇਦਾ ਉਠਾਈਏ।

ਸਰਕਾਰ ਨੂੰ ਟਰੈਕਟਰਾਂ ਦੀ ਪ੍ਰਾਈਸ ਵੀ ਘਟਾਉਣੀ ਚਾਹੀਦੀ ਹੈ। ਟਰੈਕਟਰਾਂ ਦੀਆਂ ਕੀਮਤਾਂ ਪਿਛਲੇ 2-3 ਸਾਲਾਂ ਵਿਚ ਬਹੁਤ ਵੱਧ ਗਈਆਂ ਹਨ। ਮੈਨੂੰ ਯਾਦ ਹੈ ਕਿ 1976 ਵਿਚ ਜਿਸ ਛੋਟੇ ਟਰੈਕਟਰ ਦੀ ਕੀਮਤ 30-40 ਹਜ਼ਾਰ ਰੁਪਿਆ ਹੁੰਦੀ ਸੀ ਅੱਜ ਉਸ ਦੀ ਕੀਮਤ 60-70 ਹਜ਼ਾਰ ਰੁਪਿਆ ਹੋ ਗਈ ਹੈ। ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਵੇਲੇ ਇਹ ਭਾਈ ਕਹਿਦੇ ਹੁੰਦੇ ਸੀ ਕਿ ਟਰੈਕਟਰ ਜ਼ਿਮੀਦਾਰ ਦਾ ਗੱਭਾ ਹੈ ਅਤੇ ਇਨ੍ਹਾਂ ਦੇ ਰਾਜ ਵਿਚ ਉਸ ਦੀਆਂ ਕੀਮਤਾਂ ਬਹੁਤ ਚੜ੍ਹ ਗਈਆਂ ਅਤੇ ਇਸ ਤਰ੍ਹਾਂ ਜ਼ਿੰਮੀਦਾਰ ਇਤਨਾ ਮਹਿੰਗਾ ਟਰੈਕਟਰ ਲੈ ਨਹੀਂ ਸਕਦੇ। 1979-80 ਵਿਚ ਪਰੋਡਕਸ਼ਨ ਸਟੈਗਨੈਂਟ ਰਹੀ ਉਸ ਦਾ ਕਾਰਨ ਇਹ ਸੀ ਕਿ ਜ਼ਿਮੀਦਾਰਾਂ ਨੂੰ ਟਰੈਕਟਰ ਨਹੀਂ ਮਿਲ, ਜ਼ਿਮੀਂਦਾਰਾਂ ਨੂੰ ਡੀਜ਼ਲ ਨਹੀਂ ਮਿਲਿਆ, ਇਹ ਚੀਜ਼ਾਂ ਨਾ ਮਿਲਣ ਕਰਕੇ ਪਰੋਡਕਸ਼ਨ ਤੇ ਬੁਰਾ ਅਸਰ ਪਿਆ। ਅਗਰ ਕੀਮਤਾਂ ਇਸੇ ਤਰ੍ਹਾਂ ਚੜ੍ਹਦੀਆਂ ਗਈਆਂ ਤਾਂ ਜ਼ਿਮੀਦਾਰ ਵਾਸਤੇ ਬੜਾ ਮੁਸ਼ਕਲ ਹੋ ਜਾਵੇਗਾ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਘੱਟ ਕਰਨੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਅਗਲੀ ਗਲ ਮੈਂ ਇਕ ਹੋਰ ਆਪਣੇ ਮਾਨਯੋਗ ਮੁੱਖ ਮੰਤਰੀ ਜੀ ਦੇ ਗਿਆਤ ਲਈ ਕਰਾਂਗਾ ਜਿਸ ਦੀ ਕਿ ਸਭ ਤੋਂ ਵੱਡੀ ਜ਼ਰੂਰਤ ਹੈ। ਜਿਸ ਤਰਾਂ ਕਿ ਐਗਰੀਕਲਚਰਲ ਇਨਪੁਟਸ ਦੀਆਂ ਪ੍ਰਾਈਸਿਜ਼ ਵੱਧ ਗਈਆਂ ਹਨ ਇਸੇ ਤਰ੍ਹਾਂ ਹੋਰ ਜ਼ਰੂਰਤੇ ਜ਼ਿਦਗੀ ਦੀਆਂ ਚੀਜ਼ਾਂ ਦੀਆਂ ਕੀਮਤਾਂ ਵੀ ਵੱਧ ਚੁਕੀਆਂ ਹਨ। ਅਗਰ ਤੁਸੀਂ ਜ਼ਿਮੀਂਦਾਰ ਨੂੰ ਤਕੜਾ ਰੱਖਣਾ ਹੈ, ਅਗਰ ਜ਼ਿਮੀਂਦਾਰ ਨੂੰ ਤੁਸੀਂ ਆਪਣੇ ਪੈਰਾਂ ਤੇ ਖੜਾ ਕਰਨਾ ਹੈ ਜਿਹੜਾ ਸ਼ਹਿਰਾਂ ਦੇ ਸ਼ਾਹੂਕਾਰ ਤੋਂ ਕਰਜ਼ਾ ਲੈ ਕੇ ਆਪਣੀ ਜ਼ਰੂਰਤ ਪੂਰੀ ਕਰਦਾ ਹੈ ਅਤੇ ਉਹ ਸ਼ਾਹੂਕਾਰ ਉਸ ਤੋਂ ਸੂਦ ਦਰ ਸੂਦ ਕਰਜ਼ੇ ਤੇ ਲੈਂਦਾ ਹੈ ਅਗਰ ਤੁਸੀਂ ਉਸ ਜ਼ਿਮੀਂਦਾਰ ਨੂੰ ਬਚਾਉਣਾ ਹੈ ਤਾਂ ਚੀਪ ਫਾਈਨਾਂਸਿਜ਼ ਯਾਨੀ ਸਸਤੇ ਕਰਜ਼ੇ ਦੀ ਸਪਲਾਈ ਉਸ ਨੂੰ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਅਤੇ ਜਿਹੜੀ ਲਿਮਿਟ ਪਹਿਲਾਂ ਥੋੜ੍ਹੀ ਰੱਖੀ ਹੈ ਜਿਸ ਦੇ ਨਾਲ ਸਿਰਫ ਉਸ ਦਾ ਆਪਣੀ ਰੇਹ ਜਾਂ ਪੈਸਟੀਸਾਈਡਜ਼ ਖਰੀਦਣ ਵਾਸਤੇ ਹੀ ਸਾਰਾ ਪੈਸਾ ਪੂਰਾ ਹੁੰਦਾ ਹੈ ਉਸ ਲਿਮਿਟ ਨੂੰ ਵੀ ਵਧਾਉਣ ਦੀ ਲੋੜ ਹੈ। ਜਿਸ ਤਰ੍ਹਾਂ ਇੰਡਸਟਰੀਜ਼ ਲਈ ਕਰਜ਼ਾ ਕੁਝ ਸਮੇਂ 2% ਜਾਂ 3% ਤੇ ਦਿੱਤਾ ਜਾਂਦਾ ਹੈ, ਇਸੇ ਤਰ੍ਹਾਂ ਜ਼ਿਮੀਦਾਰ ਨੂੰ ਵੀ ਸਸਤੇ ਰੇਟ ਤੇ ਕਰਜ਼ਾ ਦਿੱਤਾ ਜਾਵੇ ਤਾਕਿ ਉਹ ਆਪਣੀ ਪੈਦਾਵਾਰ ਵੱਧਾ ਸਕੇ ਅਤੇ ਉਸ ਵੱਧੀ ਹੋਈ ਪੈਦਾਵਾਰ ਵਿਚੋਂ ਜਿਹੜਾ ਉਸ ਨੇ ਕਰਜ਼ਾ ਸਸਤੇ ਰੇਟ ਤੇ ਲਿਆ ਹੋਇਆ ਹੈ, ਉਹ ਉਤਾਰ ਸਕੇ। ਇਸ ਦੇ ਨਾਲ ਮੇਰੀ ਬੇਨਤੀ ਹੈ ਕਿ ਕੋਈ ਪ੍ਰੋਵੀਜ਼ਨ ਕੀਤਾ ਜਾਵੇ। ਜੇ ਕੋਈ ਇਸ ਤਰ੍ਹਾਂ ਦਾ ਪ੍ਰੋਵੀਜ਼ਨ ਨਹੀਂ ਕੀਤਾ ਜਾ ਸਕਦਾ ਤਾਂ ਘੱਟ ਘੱਟ ਜਿਹੜੇ ਸੈਂਟਰਲ ਕੋਆਪਰੇਟਿਵ ਬੈਂਕਸ ਦਾ ਕਰਜ਼ਾ ਹੈ ਉਸ ਦੇ ਲੋਨ ਦੇ ਵਿਆਜ ਉਤੇ ਉਸ ਨੂੰ ਸਬਸਿੱਡੀ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਗਟਵਾਲੀ]

ਸਪੀਕਰ ਸਾਹਿਬ, ਇਸ ਸਬੰਧ ਵਿਚ ਮੈਂ ਇਕ ਹੋਰ ਗਲ ਕਹਾਂਗਾ ਕਿ ਪਿੱਛੇ ਜਿਹੇ ਇਕ ਤਜਰਬਾ ਦੇਖਣ ਵਿਚ ਆਇਆ ਹੈ ਕਿ ਅੱਜ ਤੋਂ 4-5 ਸਾਲ ਪਹਿਲਾਂ ਸਾਨੂੰ ਸਰਟੀਫਾਈਡ ਸੀਡ ਯੂਨੀਵਰਸਿਟੀ ਤੋਂ ਮਿਲਦਾ ਸੀ। ਇਹ 1965, 1966 ਅਤੇ 1967 ਦੀ ਗਲ ਹੈ ਕਿ ਉਦੋਂ ਤੋਂ ਐਗਰੀਕਲਚਰ ਯੂਨੀਵਰਸਿਟੀ ਤੋਂ ਸਰਟੀਫਾਈਡ ਸੀਡ ਸਾਨੂੰ ਮਿਲਦਾ ਸੀ। ਪਰ ਪਿਛੇ ਜਿਹੇ ਕੀ ਹੋਇਆ ? ਇਸ ਪੰਜਾਬ ਵਿਚ ਇਕ ਕਾਰਪੋਰੇਸ਼ਨ ਬਣਾਈ ਗਈ ਜਿਸ ਦਾ ਨਾਮ ਪੰਜਾਬ ਸੀਡਜ਼ ਕਾਰਪੋਰੇਸ਼ਨ ਰਖਿਆ ਗਿਆ। ਉਹ ਕਣਕ ਦਾ ਸੀਡ ਜਿਹੜਾ 160 ਰੁਪਏ ਥੈਲੀ ਵਿਚ ਬੰਦ ਕਰਕੇ ਅਤੇ ਉਸ ਤੇ ਯੂਨੀਵਰਸਿਟੀ ਦੀ ਮੋਹਰ ਲਾ ਕੇ ਮਿਲਦਾ ਸੀ ਹੁਣ ਉਹੀ ਕਣਕ ਦਾ ਸੀਡ, ਉਹੀ ਯੂਨੀਵਰਸਿਟੀ ਦੀ ਥੈਲੀ ਅਤੇ ਉਹੀ ਯੂਨੀਵਰਸਿਟੀ ਦੀ ਮੋਹਰ ਲਗੀ ਹੋਈ ਸਾਨੂੰ ਸਾਡੀ ਪੰਜਾਬ ਸੀਡਜ਼ ਕਾਰਪੋਰੇਸ਼ਨ 250 ਰੁਪਏ ਕੁਇੰਟਲ ਅੱਜ ਦੇ ਰਹੀ ਹੈ। ਇਸ ਗੱਲ ਦੇ ਵਿਚ ਫਰਕ ਕੀ ਪਿਆ ? ਇਹ ਜਿਹੜੇ ਅਕਾਲੀ ਵੀਰ ਹਨ ਇਨ੍ਹਾਂ ਨੇ ਆਪਣੇ ਕੁਝ ਚਹੇਤੇ ਸਜਣਾਂ ਨੂੰ ਇਕੱਠਾ ਕਰਕੇ ਇਸ ਕਾਰਪੋਰੇਸ਼ਨ ਦੇ ਵਿਚ ਨੌਕਰੀ ਦੇ ਦਿੱਤੀ ਅਤੇ ਇਹ ਕਾਰਪੋਰੇਸ਼ਨ ਆਪਣੇ ਚਹੇਤੇ ਸਜਣਾਂ ਨਾਲ ਭਰ ਦਿੱਤੀ ਅੱਰ ਜ਼ਿਮੀਦਾਰਾਂ ਤੋਂ 90 ਰਪਏ ਪ੍ਰਤੀ ਕੁਇੰਟਲ ਰੇਟ ਵੱਧ ਲੈਣਾ ਸ਼ੁਰੂ ਕਰ ਦਿੱਤਾ। ਇਹ ਮੈਂ ਇਕੱਲੀ ਕਣਕ ਦੇ ਸੀਡ ਦੀ ਗਲ ਕੀਤੀ ਹੈ। ਹੋਰ ਆਈਟਮਜ਼ ਵੀ ਹਨ ਜਿਸ ਤਰ੍ਹਾਂ ਚਣੇ (ਗਰਾਮ) ਆਦਿ ਉਸ ਦੇ ਵਿਚ 60—70 ਰੁਪਏ ਪ੍ਰਤੀ ਕੁਇੰਟਲ ਵੱਧਾ ਦਿੱਤਾ। (ਘੰਟੀ) ਉਹੀ ਯੂਨੀਵਰਸਿਟੀ ਦੀ ਥੈਲੀ ਅਤੇ ਉਹ ਯੂਨੀਵਰਸਿਟੀ ਦੀ ਮੋਹਰ ਲੇਕਿਨ ਰੇਟ ਵੱਧਾ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਇਹ ਦੇਖਣਾ ਚਾਹੀਦਾ ਹੈ ਕਿ ਪੰਜਾਬ ਸੀਡਜ਼ ਕਾਰਪੋਰੇਸ਼ਨ ਵਿਚ ਕਿਥੇ ਘੱਪਲਾ ਆਉਂਦਾ ਹੈ ਕਿ ਉਹ ਸਾਨੂੰ 90 ਰੁਪਏ ਪ੍ਰਤੀ ਕੁਇੰਟਲ ਕਣਕ ਦਾ ਸੀਡ ਯੂਨੀਵਰਸਿਟੀ ਰੇਟ ਨਾਲੋਂ ਵੱਧ ਦਿੰਦੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਗਲ ਵਲ ਧਿਆਨ ਦਿੱਤਾ ਜਾਵੇ। ਪੰਜਾਬ ਸੀਡਜ਼ ਕਾਰਪੋਰੇਸ਼ਨ ਜੋ ਹੈ ਉਸ ਨੂੰ ਉਸੇ ਰੇਟ ਤੇ ਸੀਡ ਦੇਣਾ ਚਾਹੀਦਾ ਹੈ ਜਿਸ ਰੇਟ ਤੇ ਯੂਨੀਵਰਸਿਟੀ ਦਿੰਦੀ ਹੈ। ਸਗੋਂ ਮੈਂ ਤਾਂ ਇਹ ਕਹਿੰਦਾ ਹਾਂ ਕਿ ਬੀਜ ਸਬਸੇਡਾਈਜ਼ਡ ਰੇਟਸ ਤੇ ਦਿੱਤਾ ਜਾਣਾ ਚਾਹੀਦਾ ਹੈ।

3.53 (ਸ਼ਾਮ) (ਇਸ ਵਿਚਤ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਕ ਅਰਜ਼ ਮੈਂ ਕੋਆਪਰੇਟਿਵ ਦੇ ਬਾਰੇ ਵੀ ਕਰਨਾ ਚਾਹੁੰਦਾ ਹਾਂ। ਕੋਆਪਰੇਟਿਵ ਇਕ ਅਜਿਹਾ ਅਦਾਰਾ ਹੈ ਜਿਹੜਾ ਕਿ ਜ਼ਿਮੀਦਾਰਾਂ ਦੇ ਨਾਲ ਬੜਾ ਸਬੰਧਤ ਹੈ ਅੱਰ ਜ਼ਿਮੀਂਦਾਰ ਦਾ ਪਿੰਡਾਂ ਵਿਚ ਉਸ ਦੇ ਬਿਨਾਂ ਗੁਜ਼ਾਰਾ ਨਹੀਂ ਹੈ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣ ਲਈ ਦੱਸਾਂਗਾ ਕਿ ਅੱਜ ਤੋਂ ਪਹਿਲਾਂ ਪੰਜਾਬ ਦੇ ਵਿਚ ਜਦੋਂ ਕਿਤੇ ਉਹ ਸਹਿਕਾਰਤਾ ਮੰਤਰੀ ਰਹੇ ਹਨ ਉਸ ਸਮੇਂ ਥਿਰੀ ਟਾਇਰ ਸਿਸਟਮ ਲਾਗੂ ਕੀਤਾ ਗਿਆ ਸੀ। ਪਿੰਡਾਂ ਦੇ ਵਿਚ ਐਗਰੀਕਲਚਰ ਸਰਵਿਸ ਸੁਸਾਇਟੀ ਹੁੰਦੀ ਸੀ ਜਿਹੜੀ ਹਰ ਲੋੜ ਨੂੰ ਪੂਰਾ ਕਰਦੀ ਸੀ। ਦੂਸਰਾ ਮਾਰਕਿਟਿੰਗ ਸੋਸਾਇਟੀ ਜਿਹੜੀ ਪੈਦਾਵਾਰ ਉਸ ਵੇਚਣ ਦਾ ਪ੍ਰਬੰਧ ਕਰਦੀ ਸੀ। ਛੋਟੀਆਂ ਛੋਟੀਆਂ ਮੰਡੀਆਂ ਵਿਚ ਉਸ ਦੀਆਂ ਦੁਕਾਨਾਂ ਸਨ ਅੱਰ ਜ਼ਿਮੀਦਾਰਾਂ ਦੇ ਲਈ ਆੜ੍ਹਤੀਏ ਦਾ ਕੰਮ ਕਰਦੀ ਸੀ। ਤੀਸਰੀ ਹੁੰਦੀ ਸੀ ਸਟੇਟ ਲੈਵਲ ਤੇ ਸੋਸਾਇਟੀ ਜਿਸ ਨੂੰ ਅਸੀਂ ਮਾਰਕੀਟਿੰਗ ਫੈਡਰੇਸ਼ਨ ਕਹਿੰਦੇ ਹਾਂ। ਐਗਰੀਕਲਚਰ ਸਰਵਿਸ ਸੁਸਾਇਟੀ ਜਿਹੜੀ ਸੀ ਉਹ ਪਿੰਡ ਦੀ ਹਰ ਲੋੜ ਨੂੰ ਪੂਰਾ ਕਰਦੀ ਸੀ। ਜੇ ਕੋਈ ਖੰਡ ਦਾ ਰਾਸ਼ਨ ਆਇਆ ਹੈ ਤਾਂ ਖੰਡ ਸਪਲਾਈ ਕਰਦੀ ਸੀ ਅਤੇ ਜੇ ਕੋਈ ਸਸਤੇ ਰੇਟ ਦਾ ਕਪੜਾ ਵੰਡਣ ਦਾ ਮੌਕਾ ਆਇਆ ਤਾਂ ਉਹ ਐਗਰੀਕਲਚਰ ਸਰਵਿਸ ਸੁਸਾਇਟੀ ਸਸਤੇ ਰੇਟ ਦਾ ਕਪੜਾ ਵੰਡਦੀ ਸੀ। ਫਿਰ ਕੀ ਹੋਇਆ ਕਿ ਪਿਛਲੇ 2-3 ਸਾਲਾਂ ਵਿਚ ਜਿਸ ਨੂੰ ਅਸੀਂ ਕੋਆਪਰੇਟਿਵ ਮੂਵਮੈਂਟ ਕਹਿੰਦੇ ਸੀ ਅਤੇ ਲੋਕ ਆਪਣੀ ਮਰਜ਼ੀ

Original with;
Punjab Vidhan Sabha
Digitized by;
Panjab Digital Library

ਨਾਲ ਉਸ ਨੂੰ ਚਲਾਉਂਦੇ ਸੀ ਉਸ ਦੇ ਵਿਚ ਸਾਡੀ ਜੋ ਪਿਛੇ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਬਣੀ ਸੀ ਜਾਂ ਇਸ ਤੋਂ ਵੀ ਪਹਿਲਾਂ ਜੋ ਇਨ੍ਹਾਂ ਦੀ ਸਰਕਾਰ ਸੀ ਉਸ ਨੇ ਕੁਝ ਨੀਯਮ ਪੈਦਾ ਕਰ ਦਿੱਤੇ। ਕੋਆਪਰੇਟਿਵ ਮੂਵਮੈਂਟ ਜਿਸ ਨੂੰ ਲੋਕਾਂ ਦੀ ਮੂਵਮੈਂਟ ਕਿਹਾ ਜਾਂਦਾ ਸੀ, ਜਿਸ ਤਰ੍ਹਾਂ ਮੇਰੇ ਭਰਾ ਸਰਦਾਰ ਜਸਮਤ ਸਿੰਘ ਢਿਲੋਂ ਨੇ ਕਿਹਾ ਹੈ ਕਿ ਇਹ ਕੋਆਪਰੇਟਿਵ ਮੂਵਮੈਂਟ ਨਹੀਂ ਕੁਰੱਪਸ਼ਨ ਮੂਵਮੈਂਟ ਹੋ ਗਈ ਹੈ, ਮੈਂ ਇਸ ਦੇ ਨਾਲ ਦੀ ਨਾਲ ਇਹ ਵੀ ਕਹਾਂਗਾ ਕਿ ਇਹ ਕੁਰੱਪਸ਼ਨ ਮੂਵਮੈਂਟ ਤਾਂ ਬਣ ਹੀ ਗਈ ਹੈ ਅੱਤ ਇਸ ਨੂੰ ਇਕ ਸਰਕਾਰੀ ਅਦਾਰਾ ਬਣਾ ਕੇ ਰਖ ਦਿੱਤਾ, ਇਸ ਦਾ ਸਾਰਾ ਕਾਰੋਬਾਰ ਅਫ਼ਸਰਾਂ ਦੇ ਹੱਥਾਂ ਵਿਚ ਦੇ ਦਿੱਤਾ। ਮੈਂ ਇਸ ਦੇ ਲਈ ਇਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ ਕਿ ਇਨ੍ਹਾਂ ਨੇ ਇਹ ਕਰ ਦਿੱਤਾ ਕਿ ਜਿਹੜਾ ਬੰਦਾ 3 ਸਾਲ ਦੀ ਇਕ ਟਰਮ ਹੁੰਦੀ ਹੈ ਉਹ ਦੋ ਵਾਰੀ ਡਾਇਰੈਕਟਰ ਜਾਂ ਮੈਨੇਜਿੰਗ ਡਾਇਰੈਕਟਰ ਜਾਂ ਪ੍ਰੈਜ਼ੀਡੈਂਟ ਕਿਸੇ ਸੁਸਾਇਟੀ ਦਾ ਰਹਿ ਜਾਵੇ ਉਹ ਦੁਬਾਰਾ ਚੋਣ ਨਹੀਂ ਲੜ ਸਕਦਾ। ਬੜੀ ਹੈਰਾਨੀ ਦੀ ਗਲ ਹੈ ਕਿ ਬਾਹਰਲੇ ਜਿਹੜੇ ਤਜਾਰਤੀ ਅਦਾਰੇ ਹਨ ਜਾਂ ਬੈਂਕਾਂ ਦੇ ਅਦਾਰੇ ਹਨ ਉਹ ਤਾਂ ਕਹਿੰਦੇ ਹਨ ਕਿ ਤਜਰਬੇਕਾਰ ਆਦਮੀ ਆਉਣ ਜਿਸ ਨੂੰ ਕੁਝ ਕੰਮ ਕਾਰ ਦਾ ਪਤਾ ਵੀ ਹੋਵੇ ਪਰ ਬੜੀ ਅਜੀਬ ਜਿਹੀ ਗਲ ਹੈ ਕਿ ਇਹ ਜਿਹੜੇ ਤਜਰਬੇਕਾਰ ਆਦਮੀ ਸਨ ਉਨ੍ਹਾਂ ਬਾਰੇ ਕਹਿੰਦੇ ਹਨ ਕਿ ਕੱਢ ਦਿਓ, ਉਹ ਦੁਬਾਰਾ ਚੋਣ ਲੜ ਕੇ ਨਾ ਆਉਣ। ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਕਾਲਾ ਕਾਨੂੰਨ 1969 ਵਿਚ ਬਣਿਆ ਹੈ ਇਸ ਨੂੰ ਸਾਨੂੰ ਹਟਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਲੋਕਾਂ ਨੂੰ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਦੁਬਾਰਾ ਚੋਣ ਲੜ ਸਕਣ। ਜੇ ਅਸੈਂਬਲੀ ਵਿਚ ਦੁਬਾਰਾ ਚੋਣ ਲੜਨ ਵਾਸਤੇ ਰੋਕ ਨਹੀਂ, ਜੇ ਅਸੈਂਬਲੀ ਵਿਚ 2-2, 4-4 ਵਾਰੀ ਮੈਂਬਰ ਬਣ ਕੇ ਇਥੇ ਕੋਈ ਆ ਸਕਦਾ ਹੈ ਤਾਂ ਕੋਆਪਰੇਟਿਵ ਅਦਾਰੇ ਵਿਚੋਂ ਇਹ ਚੀਜ਼ ਹਟਾਉਣ ਦੀ ਕਿਉਂ ਲੋੜ ਪਈ ? (ਵਿਘਨ)

ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਪੰਜਾਬ ਦੀ ਸਰਕਾਰ ਨੇ ਧੱਕੇ ਨਾਲ ਕੋਆਪਰੇਟਿਵ ਅਦਾਰੇ ਵਿਚ ਕੰਮ ਕੀਤਾ ਹੈ। ਇਨ੍ਹਾਂ ਨੇ ਬੈਂਕਾਂ ਦੀਆਂ ਬਰਾਂਚਾਂ ਜਗ੍ਹਾ ਜਗ੍ਹਾ ਤੇ ਖੋਲ੍ਹ ਦਿੱਤੀਆਂ। ਜਿਥੇ ਦੇਖਿਆ ਆਪਣੇ 4 ਬੰਦੇ ਭਰਤੀ ਕਰਨੇ ਹਨ ਉਥੇ ਇਨ੍ਹਾਂ ਨੇ ਬੈਂਕ ਦੀ ਬਰਾਂਚ ਖੋਲ੍ਹ ਦਿੱਤੀ। ਇਨ੍ਹਾਂ ਨੇ ਇਹ ਨਹੀਂ ਦੇਖਿਆ ਕਿ ਬੈਂਕ ਘਾਟੇ ਵਿਚ ਜਾਵੇਗਾ ਜਾਂ ਨਫ਼ੇ ਵਿਚ ਜਾਵੇਗਾ। ਬਸ ਦਬਾ ਦਬ ਬਰਾਂਚਾਂ ਖੋਲ੍ਹਣ ਦੀ ਕੀਤੀ। ਇਸ ਗਲ ਦਾ ਅਸਰ ਕੀ ਹੋਇਆ ਕਿ ਜਿਹੜੇ ਪਿੰਡਾਂ ਵਿਚ ਕੋਆਪਰੇਟਿਵ ਬੈਂਕਸ ਸੀ ਉਸ ਦਾ ਬਿਲਕੁਲ ਸਤਿਆਨਾਸ ਹੋ ਗਿਆ ਕਿਉਂਕਿ ਉਸ ਦੇ ਖਰਚ ਵੱਧ ਗਏ ਅਤੇ ਉਸ ਦੀ ਆਮਦਨੀ ਇਤਨੀ ਨਾ ਰਹੀ। ਨਤੀਜਾ ਕੀ ਹੋਇਆ ਕਿ ਕੋਆਪਰੇਟਿਵ ਬੈਂਕਾਂ ਨੇ ਆਪਣਾ ਸਰਮਾਇਆ ਖਾਣਾ ਸ਼ੁਰੂ ਕਰ ਦਿੱਤਾ। ਪਿਛੇ ਜਿਹੇ ਇਸ ਦੇ ਬਾਰੇ ਰਿਪੋਰਟ ਵੀ ਆਈ ਸੀ ਕਿ ਲੋਕੀਂ ਡਿਪਾਜ਼ਿਟ ਕਰਾਉਣਾ ਛਡ ਗਏ। ਮੈਂ ਵੀ ਇਸ ਬੈਂਕ ਵਿਚ 5--7 ਸਾਲ ਸੇਵਾ ਕੀਤੀ ਹੈ ਅਤੇ ਮੈਨੂੰ ਪਤਾ ਹੈ ਕਿ ਉਥੇ ਹਾਲਤ ਕੀ ਹੋ ਗਈ। ਬੈਂਕ ਜੋ ਸੀ ਉਹ ਘਾਟੇ ਵਿਚ ਜਾਣ ਲਗ ਪਿਆ। ਇਸ ਦਾ ਡਿਪਾਜ਼ਿਟ ਤੇ ਬੜਾ ਬੁਰਾ ਅਸਰ ਹੋਇਆ। ਤੁਹਾਨੂੰ ਪਤਾ ਹੈ ਕਿ ਅੱਜ ਕਲ ਹਰ ਕੋਈ ਦੇਖਦਾ ਹੈ ਕਿ ਇਹ ਬੈਂਕ ਮਜ਼ਬੂਤ ਕਿੰਨਾ ਕੁ ਹੈ ਤਾਂ ਉਸ ਦੇ ਵਿਚ ਪੈਸੇ ਡਿਪਾਜ਼ਿਟ ਕਰਾਉਂਦਾ ਹੈ। ਇਸ ਕਰਕੇ ਮੈਂ ਤੁਹਾਡੇ ਅਗੇ ਬੇਨਤੀ ਕਰਾਂਗਾ ਕਿ ਜਿਹੜੀਆਂ ਅੰਨ੍ਹੇ ਵਾਹ ਬਰਾਂਚਾਂ ਖੋਲ੍ਹੀਆਂ ਗਈਆਂ ਹਨ ਉਨ੍ਹਾਂ ਨੂੰ ਕੰਟਰੋਲ ਕੀਤਾ ਜਾਵੇ। ਕੋਈ ਰਜਿਸਟਰਾਰ ਸਾਹਿਬ ਜਾਂ ਕੋਈ ਹੋਰ ਤਕੜਾ ਆਦਮੀ ਲਗਾਇਆ ਜਾਵੇ, ਜਿਹੜੀਆਂ ਬਰਾਂਚਾਂ ਵਾਇਬਲ ਨਹੀਂ ਹਨ ਉਨ੍ਹਾਂ ਨੂੰ ਖਤਮ ਕਰਕੇ ਇਸ ਦੇ ਵਿਚ ਸੁਧਾਰ ਕੀਤਾ ਜਾਵੇ। ਇਹ ਨਾ ਹੋਵੇ ਕਿ ਜਿਹੜਾ ਜਟਾਂ ਨੂੰ ਫਾਈਨਾਂਸ ਦੇਣ ਵਾਲਾ ਇੰਸਟੀਚਿਊਸ਼ਨ ਹੈ ਉਹ ਆਉਣ ਵਾਲੇ ਸਾਲ ਦੋ ਸਾਲ ਵਿਚ ਹੀ ਬਿਲਕੁਲ ਖਤਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਗਟਵਾਲੀ]

ਹੋ ਜਾਵੇ। ਜੇ ਇਹ ਖ਼ਤਮ ਹੋ ਗਿਆ ਤਾਂ ਮੇਰਾ ਖਿਆਲ ਹੈ ਕਿ ਜ਼ਿਮੀਦਾਰ ਨੂੰ ਕਰਜ਼ਾ ਦੇਣ ਵਾਸਤੇ ਕੋਈ ਸੰਸਥਾ ਨਹੀਂ ਰਹਿਣੀ ਜਾਂ ਕਰਜ਼ੇ ਦੇਣ ਵਾਸਤੇ ਨਹੀਂ ਸੰਸਥਾ ਨਹੀਂ ਰਹਿਣੀ, ਹੋ ਸਕਦਾ ਹੈ ਅਗਰ ਸਰਕਾਰ ਨੇ ਥੋੜ੍ਹਾ ਜਿਹਾ ਲੇਟ ਧਿਆਨ ਦਿੱਤਾ ਤਾਂ ਪਛਤਾਉਣਾ ਪਏ।

ਇਕ ਗਲ ਮੈਂ, ਡਿਪਟੀ ਸਪੀਕਰ ਸਾਹਿਬ, ਹੋਰ ਕਹਾਂਗਾ ਕਿ ਜਿਹੜਾ ਲੈਂਡ ਮਾਰਟਗੇਜ ਬੈਂਕਸ ਦਾ ਸਿਸਟਮ ਬਾਣਇਆ ਹੋਇਆ ਹੈ ਇਸ ਦੇ ਵਿਚ ਜ਼ਿਮੀਂਦਾਰਾਂ ਨੂੰ ਜ਼ਮੀਨ ਛੁਡਾਉਣ ਵਾਸਤੇ, ਟਿਊਬਵੈਲਜ਼ ਲਗਾਉਣ ਵਾਸਤੇ ਕਰਜ਼ੇ ਦਿਤੇ ਜਾਂਦੇ ਹਨ। ਇਸ ਦੇ ਬਾਰੇ ਰਿਜ਼ਰਵ ਬੈਂਕ ਨੇ ਕੁਝ ਹੀ ਮਦਾਂ ਮਿਥੀਆਂ ਹੋਈਆਂ ਹਨ ਕਿ ਇੰਨੇ ਪਰਸੈਂਟ ਕਰਜ਼ਾ ਜ਼ਮੀਨ ਛੁਡਾਉਣ ਵਾਸਤੇ, ਇੰਨੇ ਪਰਸੈਂਟ ਟਰੈਕਟਰ ਲੈਣ ਵਾਸਤੇ ਅਤੇ ਇੰਨੇ ਪਰਸੈਂਟ ਟਿਊਬਵੈਲਜ਼ ਲਗਾਉਣ ਵਾਸਤੇ ਦੇਣਾ ਹੈ। ਜਿਹੜੀ ਲਿਮਿਟ ਰਖੀ ਹੋਈ ਹੈ ਕਈ ਇਲਾਕਿਆਂ ਵਿਚ ਤਾਂ ਉਸ ਦੇ ਨਾਲ ਕੰਮ ਚਲ ਜਾਂਦਾ ਹੈ ਪਰ ਕਈ ਇਲਾਕਿਆਂ ਵਿਚ ਖਾਸ ਕਰਕੇ ਬਠਿੰਡੇ ਦੇ ਇਲਾਕੇ ਵਿਚ ਪੈਸਾ ਬਹੁਤ ਥੋੜ੍ਹਾ ਰਹਿੰਦਾ ਹੈ। ਲੋਕਾਂ ਦਾ ਇਸ ਦੇ ਨਾਲ ਕੰਮ ਨਹੀਂ ਚਲਦਾ, ਇਸ ਨੂੰ ਵਧਾਉਣਾ ਚਾਹੀਦਾ ਹੈ।

ਇਕ ਇਹ ਜਿਹੜਾ ਸਿਸਟਮ ਚਾਲੂ ਹੋਇਆ ਹੈ ਕਿ ਇੰਜਨ ਖਰੀਦ ਕਰਕੇ ਦਿੱਤੇ ਜਾਣ ਜਾਂ ਇਹ ਕਹਿ ਦਿੱਤਾ ਜਾਵੇ ਕਿ ਫਲਾਂ ਕੰਪਨੀ ਤੋਂ ਟਰਕਟਰ ਲਿਆਵੋ, ਇਹ ਠੀਕ ਨਹੀਂ। ਜ਼ਿਮੀਂਦਾਰ ਨੂੰ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਪੈਸੇ ਲੈ ਕੇ ਆਪਣੀ ਚੀਜ਼ ਆਪਣੀ ਮਰਜ਼ੀ ਦੀ ਆਪ ਖਰੀਦ ਸਕੇ ਤਾਕਿ ਇਹ ਜਿਹੜਾ ਵਿਚੋਲਾ ਆੜ੍ਹਤੀ ਹੈ ਉਸ ਤੋਂ ਬਚ ਸਕੇ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਵਿਚਾਰ ਇਰੀਗੇਸ਼ਨ ਦੇ ਬਾਰੇ ਵਿਚ ਰਖਾਂਗਾ। ਬਜਟ ਦੇ ਵਿਚ ਅਨੁਮਾਨ ਲਗਾਇਆ ਦੱਸਿਆ ਗਿਆ ਹੈ ਕਿ ਇਹ ਘਾਟੇ ਦੀ ਮਦ ਹੈ। ਠੀਕ ਹੋ ਸਕਦਾ ਹੈ, ਇਹ ਹਿਸਾਬ ਕਿਤਾਬ ਦੀ ਗਲ ਹੈ ਔਰ ਜੋ ਬਜਟ ਵਿਚ ਅੰਕੜੇ ਹਨ ਉਹ ਠੀਕ ਹੀ ਹੋਣੇ ਹਨ। ਪਰ ਮੈਨੂੰ ਸਮਝ ਨਹੀਂ ਆਉਂਦੀ ਇਰੀਗੇਸ਼ਨ ਡਿਪਾਰਟਮੈਂਟ ਜਿਹੜਾ ਐਡਾ ਵਡਾ ਡੀਪਾਰਟਮੈਂਟ ਹੈ, ਰੋਜ਼ ਨਵੇਂ ਨਵੇਂ ਸਬ-ਡਿਵੀਜ਼ਨ, ਸਰਕਲ ਖੋਲ੍ਹੇ ਜਾ ਰਹੇ ਹਨ ਅਤੇ ਹੁਣੇ ਹੁਣੇ ਹੀ 5, 6 ਨਵੇਂ ਐਸ. ਈਜ਼ ਐਪੁਆਇੰਟ ਕੀਤੇ ਹਨ ਇਸ ਬਾਰੇ ਸਾਡੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਘਾਟਾ ਕਿਉਂ ਹੈ? ਬਜਾਏ ਇਸ ਦੇ ਕਿ ਜ਼ਿਮੀਂਦਾਰਾਂ ਤੋਂ ਆਬਿਆਨਾ ਲਿਆ ਜਾਵੇ ਇਸ ਤੋਂ ਇਲਾਵਾ ਉਨ੍ਹਾਂ ਤੇ ਕਮੱਰਸ਼ਲ ਟੈਕਸ ਵੀ ਲਗਾ ਹੋਇਆ ਹੈ, ਇਸ ਤੇ ਵਿਚਾਰ ਕਰਨ ਦੀ ਲੋੜ ਹੈ। ਇਸ ਮੱਦ ਵਿਚ 12 ਕਰੋੜ ਰੁਪਏ ਦਾ ਘਾਟਾ ਬਜਟ ਵਿਚ ਦਸਿਆ ਗਿਆ ਹੈ। ਇਹ ਘਾਟਾ ਕਿਥੇ ਪੈਂਦਾ ਹੈ? ਇਹ ਵਿਚਾਰ ਕੇ ਇਸ ਦੀ ਐਡਮਨਿਸਟਰੇਸ਼ਨ ਨੂੰ ਸੈਟ ਕਰਨਾ ਚਾਹੀਦਾ ਹੈ। ਪਿਛੇ ਜਿਹੇ ਪੰਜਾਬ ਵਿਚ ਸਰਹਿੰਦ ਕੈਨਾਲ ਦਾ ਪੰਜਾਬ ਵਿਚ ਇਰੀਗੇਸ਼ਨ ਦਾ ਸਭ ਤੋਂ ਵਡਾ ਸਾਧਨ ਸੀ। ਪਰ 3 ਨਹਿਰਾਂ ਦੀ ਬਜਾਏ 4 ਨਹਿਰਾਂ ਪੈਦਾ ਹੋ ਗਈਆਂ। ਇਹ ਵੀ ਸ਼ਾਇਦ 1969-70 ਵਿਚ ਹੋਈ ਸੀ ਅਤੇ ਬੇਟ ਏਰੀਆ ਵਿਚ ਦੂਸਰੀ ਸਰਹਿੰਦ ਪਾ ਦਿੱਤੀ ਸੀ। ਮੈਂ ਕਹਿੰਦਾ ਹਾਂ ਕਿ ਜਿਥੋਂ ਸਰਕਾਰ ਪਾਣੀ ਕੱਢੇ ਉਸ ਦਾ ਇੰਤਜ਼ਾਮ ਵੀ ਕਰੇ ਭਾਵੇਂ ਭਾਖੜੇ ਤੋਂ ਪਾਣੀ ਵਧਾਏ ਜਾਂ ਕੁਝ ਹੋਰ ਕਰੇ। ਇਕ ਨਹਿਰ ਜਿਹੜੀ 6 ਮਹੀਨੇ ਲਈ ਚਲਦੀ ਸੀ ਉਹ ਤਾਂ ਸਾਲ ਭਰ ਲਈ ਕਰ ਲਈ, ਮੇਰਾ ਖਿਆਲ ਹੈ ਜਦੋਂ ਬਾਸੀ ਸਾਹਿਬ ਇਰੀਗੇਸ਼ਨ ਦੇ ਮਨਿਸਟਰ ਸਨ ਉਦੋਂ ਹੋਈ ਪਰ ਦੂਜੇ ਪਾਸੇ ਕੋਈ ਖਿਆਲ ਨਹੀਂ ਕੀਤਾ। ਮੈਂ ਅਰਜ਼ ਕਰਦਾ ਹਾਂ ਕਿ ਜਿਥੇ ਟਿਊਬਵੈਲਾਂ ਰਾਹੀਂ ਪਾਣੀ ਲਗ ਸਕਦਾ ਹੈ, ਫਲੈਟ ਰੇਟ ਦਾ ਭਾਵੇਂ ਰੇਟ ਘਟ ਕਰ ਦਿਓ, ਭਾਵੇਂ ਸਰਕਾਰ ਆਪਣੇ ਵਲੋਂ ਟਿਊਬਵੈਲ ਲਾ ਕੇ ਦੇਵੇ ਔਰ ਉਨ੍ਹਾਂ ਦਾ ਪਾਣੀ ਉਧਰ ਭੇਜ ਦੇਵੇ ਜਿਥੇ ਇਹ ਫੈਸੀਲਿਟੀ ਅਵੇਲੇਬਲ ਨਹੀਂ। ਇਕ ਗਲ ਮੈਂ

Original with;
Punjab Vidhan Sabha
Digitized by;
Panjab Digital Library

ਕਹਿ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਉਪਜ ਵਿਚ ਪਛੜੇ ਹੋਏ ਜ਼ਿਲ੍ਹੇ ਹਨ ਬਹੁਤਾ ਪਾਣੀ ਦੇ ਕੇ ਉਨ੍ਹਾਂ ਨੂੰ ਵੀ ਵੱਧ ਅਨਾਜ ਪੈਦਾ ਕਰਨ ਵਾਲੇ ਜ਼ਿਲ੍ਹਿਆਂ ਦੇ ਬਰਾਬਰ ਲਿਆਉਣ ਦਾ ਪ੍ਰਬੰਧ ਕੀਤਾ ਜਾਏ ਇਸ ਦੇ ਨਾਲ ਲੋਕਾਂ ਦੀ ਹਾਲਤ ਬੇਹਤਰ ਹੋਵੇਗੀ । ਜ਼ਿਲ੍ਹਾ ਬਠਿੰਡਾ ਦੇ ਨਹਿਰੀ ਪਾਣੀ ਦੀਆਂ ਮੁਸ਼ਕਲਾਂ ਨੂੰ ਹੱਲ ਕੀਤਾ ਜਾਏ। ਮੈਂ ਇਤਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਗੁਰਬਚਨ ਸਿੰਘ ਚੀਮਾ (ਦਸੂਹਾ): ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 25, 26 ਅਤੇ 38 ਦੇ ਮੁਤੱਲਕ ਬੋਲਣ ਲਈ ਖੜਾ ਹੋਇਆ ਹਾਂ । ਕਿਸਾਨ ਹਿੰਦੁਸਤਾਨ ਦੀ ਰੀੜ੍ਹ ਦੀ ਹੱਡੀ ਹੈ। ਖਾਸ ਕਰਕੇ ਜਿਹੜਾ ਪੰਜਾਬ ਦਾ ਕਿਸਾਨ ਹੈ ਜਿਸ ਨੇ ਸਾਰੇ ਹਿੰਦੁਸਤਾਨ ਨੂੰ ਅਨਾਜ ਦਿੱਤਾ ਇਸ ਦੀ ਇਕ ਵਖਰੀ ਸ਼ਾਨ ਹੈ। ਸਾਰੇ ਹਿੰਦੁਸਤਾਨ ਵਿਚ 1975-76 ਤਕ ਖੇਤੀਬਾੜੀ ਦੀ ਉਪਜ ਵਿਚ ਲਗਾਤਾਰ ਵਾਧਾ ਆਉਂਦਾ ਰਿਹਾ ਪਰ 1979-80 ਵਿਚ ਕੁਝ ਰੁਕਾਵਟ ਪੈ ਗਈ। ਇਸ ਦੀ ਵਜ੍ਹਾ ਕੀ ਹੈ ? ਇਸ ਦੀ ਵਜ੍ਹਾ ਅਕਾਲੀ-ਜਨਤਾ ਸਰਕਾਰ ਹੈ, ਜਿਸ ਨੇ ਬਜਾਏ ਇਸ ਦੇ ਕਿ ਕਿਸਾਨ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਂਦੀ, ਜਿਹੜੇ ਵਾਇਦੇ ਕੀਤੇ ਸੀ ਉਨ੍ਹਾਂ ਨੂੰ ਪੂਰਾ ਕੀਤਾ ਜਾਂਦਾ, ਉਹ ਮਾਰ ਮਾਰੀ ਕਿ ਕਿਸਾਨ ਸਾਰੀ ਉਮਰ ਯਾਦ ਰਖੇਗਾ। ਬਾਕੀ ਮੈਨੂੰ ਇਕ ਮਿਸਾਲ ਯਾਦ ਆ ਗਈ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਰਗਾ ਇਕ ਜ਼ਿਮੀਂਦਾਰ ਸੀ ਅਤੇ ਉਸ ਦੇ ਕੋਲ ਇਕ ਮਰਾਸੀ ਬੈਠਾ ਸੀ । ਉਸ ਨੇ ਕਿਹਾ ਕਿ ਮਰਾਸੀ ਤੂੰ ਦੱਸ ਕਿ ਜਟ ਰੱਜਾ ਚੰਗਾ ਜਾਂ ਭੁੱਖਾ ਚੰਗਾ। ਉਸ ਨੇ ਕਿਹਾ, ਜੇ ਬੁਰਾ ਨਾ ਮਨਾਵੇਂ ਨਾ ਜਟ ਰੱਜਾ ਚੰਗਾ, ਨਾ ਭੁੱਖਾ ਚੰਗਾ, ਇਹ ਤਾਂ ਮਰਿਆ ਹੀ ਚੰਗਾ। ਇਨ੍ਹਾਂ ਨੇ ਜਟ ਨਾਲ ਉਹ ਗਲ ਕੀਤੀ (ਵਿਘਨ)

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਆਲੂਆਂ ਦੀ ਹਾਲਤ ਕੀਤੀ ਉਹ ਭੁਲਾਈ ਨਹੀਂ ਜਾ ਸਕਦੀ। ਆਲੂ ਇਨ੍ਹਾਂ ਦੇ ਵਕਤ ਸੜਕ ਤੇ ਰੁਲਦੇ ਰਹੇ । ਬੋਰੀ ਦੀ ਕੀਮਤ ਜ਼ਿਆਦਾ ਅਤੇ ਆਲੂਆਂ ਦੀ ਕੀਮਤ ਘੱਟ। ਇਨ੍ਹਾਂ ਤੋਂ ਕੋਈ ਇੰਤਜ਼ਾਮ ਨਹੀਂ ਹੋ ਸਕਿਆ, ਨਾ ਆਪ ਖਰੀਦਿਆ, ਨਾ ਬਾਹਰ ਭੇਜਿਆ। ਮੈਂ ਮਿਸਾਲ ਦੇ ਸਕਦਾ ਹਾਂ ਕਿ ਦੁਆਬੇ ਵਿਚ ਕਿਸਾਨਾਂ ਨੇ ਆਲੂਆਂ ਕਰਕੇ ਖੁਦਕਸ਼ੀਆਂ ਕੀਤੀਆਂ। ਇਨ੍ਹਾਂ ਨੂੰ (ਵਿਰੋਧੀ ਪਾਰਟੀ ਵਲ ਇਸ਼ਾਰਾ) ਆਪ ਸ਼ਰਮ ਆਉਣੀ ਚਾਹੀਦੀ ਹੈ, ਇਨ੍ਹਾਂ ਦੇ ਰਾਜ ਵਿਚ ਖੁਦਕਸ਼ੀਆਂ ਹੋਈਆਂ। (ਵਿਘਨ) ਇਹੀ ਹਾਲ ਕਪਾਹ ਦਾ ਰਿਹਾ। ਉਹ ਜ਼ਿਮੀਦਾਰ ਇਨ੍ਹਾਂ ਨੂੰ ਅਜੇ ਤਕ ਕੋਸਦਾ ਹੈ ਕਿਉਂਕਿ ਜੋ ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿਚ ਵਾਇਦੇ ਕੀਤੇ ਸੀ ਕਿ ਅਸੀਂ ਇਹ ਕਰ ਦਿਆਂਗੇ, ਉਹ ਕਰ ਦਿਆਂਗੇ, ਇਹ ਇਕ ਚੀਜ਼ ਤੇ ਵੀ ਪੂਰੇ ਨਹੀਂ ਉਤਰ ਸਕੇ। ਮੰਡੀ ਵਿਚ ਕਿਸਾਨ ਨੂੰ ਆਪਣੀ ਉਪਜ ਦਾ ਠੀਕ ਭਾਅ ਨਹੀਂ ਦਿਵਾ ਸਕੇ। ਕਿਸਾਨ ਦਾ ਹੌਸਲਾ ਟੁੱਟ ਗਿਆ। ਇਸ ਨਾਲ ਫਸਲ ਵਿਚ ਜਿਹੜਾ ਵਾਧਾ ਹੋ ਰਿਹਾ ਸੀ ਉਹ ਰੁਕ ਗਿਆ। ਇਨ੍ਹਾਂ ਨੇ ਆਪਣੇ ਰਾਜ ਵਿਚ ਲੋਕਾਂ ਨਾਲ ਜੋ ਵਾਇਦੇ ਕੀਤੇ ਸਨ, ਜ਼ਿਮੀਂਦਾਰਾਂ ਨਾਲ ਵਾਇਦੇ ਕੀਤੇ ਸਨ, ਇਹ ਇਕ ਤੇ ਵੀ ਪੂਰੇ ਨਹੀਂ ਉਤਰੇ। ਜੇ ਪੂਰੇ ਉਤਰੇ ਹੁੰਦੇ ਤਾਂ ਇਨ੍ਹਾਂ ਦੀ ਇਥੇ ਇਹ ਹਾਲਤ ਨਾ ਹੁੰਦੀ। ਜ਼ਿਮੀਂਦਾਰਾਂ ਨੇ ਇਨ੍ਹਾਂ ਨੂੰ ਅਸਲੀ ਥਾਂ ਬਿਠਾ ਦਿੱਤਾ ਹੈ। ਜਿਹੜੇ ਬੰਦੇ ਇਨ੍ਹਾਂ ਨੇ ਦਿਲੀ ਭੇਜੇ ਸਨ ਉਹ ਵੀ ਕਾਮਯਾਬੀ ਨਾਲ ਵਾਪਸ ਆ ਗਏ। ਇਹ ਦਿਨੋਂ ਦਿਨ ਬੈਕ ਮਾਰੀ ਜਾਂਦੇ ਹਨ ਪਤਾ ਨਹੀਂ ਕਿਥੇ ਤਕ ਪੁਜਣਗੇ। ਜਿਹੜੀਆਂ ਪਾਰਟੀਆਂ ਇਨ੍ਹਾਂ ਦੇ ਨਾਲ ਰਲ ਕੇ ਇਲੈਕਸ਼ਨ ਲੜੀਆਂ ਸਨ ਉਨ੍ਹਾਂ ਨੂੰ ਵੀ ਇਹ ਲੈ ਬੈਠੇ ਹਨ । ਜਨਤਾ ਪਾਰਟੀ ਦੀ ਤਾਂ ਇਨ੍ਹਾਂ ਨੇ ਫੈਮਿਲੀ ਪਲਾਨਿੰਗ ਹੀ ਕਰਵਾ ਦਿੱਤੀ। ਇਕਲਾ ਹੀ ਰਹਿ ਗਿਆ ਹੈ। ਹਾਊਸ ਵਿਚ ਰਹਿੰਦਾ ਹੀ ਨਹੀਂ। ਸੀ.ਪੀ.ਐਮ. ਵਾਲੇ ਬੜੇ ਨਾਹਰੇ ਮਾਰਦੇ ਸਨ । ਇਹ ਵੀ 8 ਤੋਂ 5 ਰਹਿ ਗਏ ਹਨ। ਸੀ.ਪੀ. ਆਈ, ਵਾਲਿਆਂ ਨੇ ਆਪਣੀ ਡਾਂਗ ਚੁੜਾ ਲਈ ਹੈ।

Original with;
Punjab Vidhan Sabha
Digitized by;
Panjab Digital Library

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਇਹ ਕਰਨਾਲ ਦੇ ਕਿਸਾਨ ਮੋਰਚੇ ਵਿਚ ਸਾਡੇ ਨਾਲ ਗਏ ਸਨ। ਫਿਰ ਸਾਨੂੰ ਛੱਡ ਗਏ ਅਤੇ ਪੁਲਿਸ ਨਾਲ ਮਿਲ ਕੇ ਰਿਹਾਈ ਹਾਸਲ ਕੀਤੀ, ਇਸ ਲਈ ਇਹ ਕਿਸਾਨ ਦੇ ਹਿੱਤੂ ਨਹੀਂ ਹੋ ਸਕਦੇ।

ਸਰਦਾਰ ਗੁਰਬਚਨ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਜਿਹੜਾ ਡੀਜ਼ਲ ਅਤੇ ਖਾਦ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ ਇਸ ਦੇ ਨਾਲ ਕਿਸਾਨਾਂ ਵਿਚ ਬੜੀ ਰਿਜ਼ੈਂਟਮੈਂਟ ਹੈ। ਉਨ੍ਹਾਂ ਨੂੰ ਜ਼ਰੂਰ ਸਬਸਿਡੀ ਦਿਤੀ ਜਾਵੇ ਤਾਕਿ ਉਨ੍ਹਾਂ ਦੀ ਕੁਝ ਹੌਸਲਾ ਅਫਜ਼ਾਈ ਹੋ ਸਕੇ। ਬਾਕੀ ਜਿਹੜਾ ਕਰਜ਼ਾ ਲੈਂਡ ਮਾਰਟਗੇਜ ਬੈਂਕਾਂ ਤੋਂ ਮਿਲਦਾ ਹੈ ਜ਼ਿਮੀਂਦਾਰਾਂ ਨੂੰ, ਉਸ ਵਿਚ ਵੀ ਕਿਸਾਨਾਂ ਦਾ ਬੁਰਾ ਹਾਲ ਹੈ। ਜਿਹੜੇ ਅਪਰੂਵਡ ਫੈਬਰੀਕੇਟਰ ਹਨ ਉਨ੍ਹਾਂ ਕੋਲੋਂ ਜ਼ਿਮੀਂਦਾਰਾਂ ਨੂੰ ਚੀਜ਼ ਖਰੀਦਣੀ ਪੈਂਦੀ ਹੈ। ਇਹ ਬੈਂਕਾਂ ਵਾਲੇ ਉਨ੍ਹਾਂ ਨਾਲ ਰਲ ਕੇ ਪੈਸੇ ਖਾ ਜਾਂਦੇ ਹਨ। ਕਿਸਾਨ ਨੂੰ ਸਿਧਾ ਚੈਕ ਮਿਲਣਾ ਚਾਹੀਦਾ ਹੈ, ਜਿਥੋਂ ਮਰਜ਼ੀ ਉਹ ਚੀਜ਼ ਖਰੀਦੇ। ਬੈਂਕ ਵਾਲੇ ਕਹਿੰਦੇ ਹਨ ਕਿ ਫਲਾਣੀ ਦੁਕਾਨ ਤੋਂ ਇਹ ਇੰਜਨ ਜਾਂ ਇੰਪਲੀਮੈਂਟ ਖਰੀਦਣਾ ਹੈ। ਇਸ ਸਿਸਟਮ ਵਿਚ ਕੋਈ ਸੁਧਾਰ ਕਰਨਾ ਚਾਹੀਦਾ ਹੈ।

ਬਾਕੀ ਸਾਇਲ ਕਨਜ਼ਰਵੇਸ਼ਨ ਲਈ ਵੀ ਬਜਟ ਵਿਚ ਘੱਟ ਪੈਸੇ ਰਖੇ ਹਨ। ਹੁਸ਼ਿਆਰਪਰ ਵਿਚ ਸਾਇਲ ਕਨਜ਼ਰਵੇਸ਼ਨ ਵਾਲਿਆਂ ਨੂੰ ਜ਼ਿਆਦਾ ਪੈਸੇ ਦੇਣੇ ਚਾਹੀਦੇ ਹਨ ਤਾਕਿ ਉਹ ਵਟਾਂ ਪਾ ਕੇ ਜ਼ਮੀਨ ਠੀਕ ਕਰਨ ਅਤੇ ਜ਼ਮੀਨ ਨੂੰ ਰੁੜਣੋਂ ਬਚਾਉਣ।

ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਮਹਿਕਮਾ ਬਾਗਬਾਨੀ ਲਈ ਵੀ ਜ਼ਿਆਦਾ ਪੈਸੇ ਰਖਣੇ ਚਾਹੀਦੇ ਹਨ। ਜਿਹੜਾ ਸਾਡਾ ਹੁਸ਼ਿਆਰਪੁਰ ਦਾ ਡਿਸਟ੍ਰਿਕਟ ਹੈ ਉਥੇ ਹੇਠਾਂ ਬਾਗ ਲਗਦੇ ਹਨ। ਅਸੀਂ ਚਾਹੁੰਦੇ ਹਾਂ ਕਿ ਪਹਾੜੀਆਂ ਉਤੇ ਵੀ ਬਾਗ ਲਗਾਏ ਜਾਣ। ਇਕ ਤਾਂ ਉਹ ਪਹਾੜੀਆਂ ਰੁੜਨੋਂ ਬਚ ਜਾਣਗੀਆਂ ਅਤੇ ਦੂਜਾ ਲੋਕਾਂ ਨੂੰ ਵੀ ਆਮਦਨ ਦਾ ਸਾਧਨ ਮਿਲੇਗਾ। ਜਿਹੜੇ ਇਨ੍ਹਾਂ ਪਹਾੜੀਆਂ ਵਿਚ ਲੋਕ ਰਹਿੰਦੇ ਹਨ ਉਨ੍ਹਾਂ ਦੀ ਹੌਸਲਾ ਅਫਜ਼ਾਈ ਹੋਵੇ ਤੇ ਉਹ ਵੀ ਇਸ ਸਕੀਮ ਦਾ ਫਾਇਦਾ ਉਠਾਉਣ। ਡਿਪਟੀ ਸਪੀਕਰ ਸਾਹਿਬ, ਮਹਿਕਮਾ ਜੰਗਲਾਤ ਵਿਚ ਇਕ ਬੜੀ ਵਡੀ ਤਕਲੀਫ ਹੈ। ਦਫਾ 4 ਅਤੇ 5 ਅਧੀਨ ਜਿਹੜੇ ਉਥੇ ਫਾਰੈਸਟ ਗਾਰਡ ਬੈਠੇ ਹਨ ਇਹ ਲੋਕਾਂ ਨੂੰ ਤੰਗ ਕਰਦੇ ਹਨ। ਜਿਹੜਾ ਉਨ੍ਹਾਂ ਦਾ ਮਲਕੀਅਤੀ ਰਕਬਾ ਹੈ ਉਸ ਦੇ ਵਿਚੋਂ ਤਾਂ ਦਫਾ 4 ਅਤੇ 5 ਹਟਾ ਦੇਣ ਚਾਹੀਦੀ ਹੈ। ਜੰਗਲਾਤ ਲਈ ਬੇਸ਼ਕ ਇਨ੍ਹਾਂ ਨੂੰ ਰਖੋ। ਹੁਣ ਜੇ ਉਹ ਆਪਣੀ ਜ਼ਮੀਨ ਵਿਚੋਂ ਇਕ ਅਧਾ ਦਰਖਤ ਵੀ ਕਟਣਾ ਚਾਹੁੰਣ ਤਾਂ ਉਹ ਵੀ ਨਹੀਂ ਕਟ ਸਕਦੇ। ਇਹ ਉਨ੍ਹਾਂ ਜ਼ਿਮੀਂਦਾਰਾਂ ਨਾਲ ਬਹੁਤ ਧੱਕਾ ਹੈ। ਇਸ ਚੀਜ਼ ਵਲ ਖਾਸ ਧਿਆਨ ਸਰਕਾਰ ਨੂੰ ਦੇਣਾ ਚਾਹੀਦਾ ਹੈ।(ਅਕਾਲੀ ਪਾਰਟੀ ਦੇ ਮੈਂਬਰਾਂ ਵਲੋਂ ਵਿਘਨ)।

ਸ਼੍ਰੀ ਡਿਪਟੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਇੰਟਰਪਟ ਨਾ ਕਰਨ

ਸਰਦਾਰ ਗੁਰਬਚਨ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਬਿਜਲੀ ਦੇ ਮੁਤੱਲਕ ਕੁਝ ਗਲ ਕਰਨੀ ਚਾਹੁੰਦਾ ਹਾਂ। ਜੰਗਲਾਤ ਦੇ ਇਲਾਕੇ ਵਿਚ, ਪਹਾੜੀ ਇਲਾਕੇ ਵਿਚ ਬਿਜਲੀ ਦੀਆਂ ਤਾਰਾਂ ਦਰਖਤਾਂ ਨਾਲ ਲਗੀਆਂ ਹਨ। ਇਥੇ ਹੁਣ ਖੰਬੇ ਲਾ ਕੇ ਉਨ੍ਹਾਂ ਨਾਲ ਤਾਰਾਂ ਲਾਉਣੀਆਂ ਚਾਹੀਦੀਆਂ ਹਨ। ਬਾਕੀ ਜਿਥੇ ਬਿਜਲੀ ਦੇ ਪੈਸੇ ਲਏ ਜਾਂਦੇ ਹਨ ਉਹ ਦਫਤਰ ਵੀ 10, 10 ਮੀਲ ਦੀ ਦੂਰੀ ਤੇ ਹੈ। ਹਿਮਾਚਲ ਵਾਲਿਆਂ ਨੇ ਬੜਾ ਚੰਗਾ ਕੰਮ ਕੀਤਾ ਹੈ। ਉਨ੍ਹਾਂ ਨੇ ਇਕ ਸੈਂਟਰ

Original with;
Punjab Vidhan Sabha
Digitized by;
Panjab Digital Library

ਮੁੱਕਰਰ ਕਰ ਦਿੱਤਾ ਹੈ । ਤਾਰੀਖਾਂ ਮੁਕੱਰਰ ਕਰ ਦਿੱਤੀਆਂ ਹਨ। ਤਿੰਨ ਤਿੰਨ ਮੀਲ ਦੇ ਏਰੀਏ ਤੋਂ ਲੋਕ ਉਥੇ ਆ ਕੇ ਬਿਜਲੀ ਦੇ ਪੈਸੇ ਜਮ੍ਹਾਂ ਕਰਵਾ ਜਾਂਦੇ ਹਨ। ਬਿਜਲੀ ਦੇ ਕਰਮਚਾਰੀ ਆਪਣੇ ਨਾਲ ਦੋ ਸਿਪਾਹੀ ਲਿਆਉਂਦੇ ਹਨ। ਇਸ ਤਰ੍ਹਾਂ ਪੈਸਿਆਂ ਦਾ ਵੀ ਕੋਈ ਖ਼ਤਰਾ ਨਹੀਂ ਰਹਿੰਦਾ। ਜ਼ਿਮੀਂਦਾਰਾਂ ਦੀ ਤਕਲੀਫ ਨੂੰ ਮੁੱਖ ਰੱਖਦੇ ਹੋਏ ਅਜਿਹੀ ਕੋਈ ਸਕੀਮ ਬਣਾਉਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਜਿਹੜਾ ਆਰ.ਈ.ਸੀ. ਦਾ ਦਫਤਰ ਦਸੂਹੇ ਸੀ, ਉਸ ਦਾ ਕੰਮ ਅਜੇ ਬਕਾਇਆ ਹੈ ਪਰ ਉਸ ਨੂੰ ਉਥੋਂ ਚੁੱਕਣ ਦਾ ਹੁਕਮ ਹੋ ਗਿਆ ਹੈ। ਉਹ ਦਫਤਰ ਉਥੇ ਹੀ ਰਹਿਣ ਦਿੱਤਾ ਜਾਵੇ। ਟਿਊਬਵੈਲਾਂ ਦਾ ਅਜੇ ਬੜਾ ਕੰਮ ਰਹਿੰਦਾ ਹੈ। ਰੂਰਲ ਇਲੈਕਟਰੀਫਿਕੇਸ਼ਨ ਦਾ ਵੀ ਐਨਾ ਕੰਮ ਅਜੇ ਬਾਕੀ ਹੈ ਕਿ ਕਈ ਸਾਲਾਂ ਤਕ ਇਹ ਉਸ ਨੂੰ ਮੁਕਾ ਨਹੀਂ ਸਕਦੇ । ਉਸ ਦਫ਼ਤਰ ਵਾਲੇ ਵੀ ਉਥੇ ਹੀ ਰਹਿਣਾ ਚਾਹੁੰਦੇ ਹਨ ਤਾਕਿ ਬਕਾਇਆ ਕੰਮ ਖਤਮ ਕੀਤਾ ਜਾ ਸਕੇ ਪਰ ਉਪਰੋਂ ਹੁਕਮ ਆ ਗਏ ਹਨ। ਇਸ ਦੇ ਲਈ ਮੇਰੀ ਬੇਨਤੀ ਹੈ ਕਿ ਉਹ ਦਫਤਰ ਉਥੇ ਹੀ ਰਹਿਣ ਦਿੱਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਕੋਆਪਰੇਟਿਵ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ । ਇਨ੍ਹਾਂ ਨੇ (ਵਿਰੋਧੀ ਪਾਰਟੀ ਵੱਲ ਇਸ਼ਾਰਾ) 5,6 ਕੋਆਪਰੇਟਿਵ ਸੁਸਾਇਟੀਆਂ ਇਕੱਠੀਆਂ ਕਰ ਦਿੱਤੀਆਂ। ਧੱਕੇਸ਼ਾਹੀ ਕੀਤੀ। ਅਫ਼ਸਰਾਂ ਨਾਲ ਮਿਲ ਕੇ ਸਾਰੇ ਸਾਡੇ ਬੰਦਿਆਂ ਦੇ ਨਾਮੀਨੇਸ਼ਨ ਪੇਪਰ ਹੀ ਰਿਜੈਕਟ ਕਰ ਦਿੱਤੇ ਅਤੇ ਆਪ ਹੁਣ ਇਹ ਸਾਰੀਆਂ ਸੁਸਾਇਟੀਆਂ ਨੂੰ ਖਾਈ ਜਾਂਦੇ ਹਨ। ਖਾਦ ਬੇਸ਼ਕ ਜ਼ਿਮੀਂਦਾਰ ਸੈਂਟਰ ਤੋਂ ਚੁਕੇ ਪਰ ਜਿਹੜਾ ਉਥੇ ਸੈਂਟਰ ਵਿਚ ਆਦਮੀ ਬੈਠਾ ਹੈ ਉਹ 1 ਰੁਪਿਆ ਕਿਰਾਏ ਦਾ ਲੈ ਲੈਂਦਾ ਹੈ। ਇਸ ਲਈ ਹਰ ਪਿੰਡ ਵਿਚ ਸੁਸਾਇਟੀ ਹੋਣੀ ਚਾਹੀਦੀ ਹੈ। ਸਾਰੀਆਂ ਸੁਸਾਇਟੀਆਂ ਤੇ ਇਨ੍ਹਾਂ ਨੇ ਏ.ਆਰ. ਦੇ ਬਰੂ ਕਬਜ਼ਾ ਕੀਤਾ ਹੈ। ਇਨ੍ਹਾਂ ਦੇ ਵਿਚ ਐਡਮਨਿਸਟਰੇਟਰ ਲਾਉਣੇ ਚਾਹੀਦੇ ਹਨ ਤਾਕਿ ਜਿਹੜੀ ਘੱਪਲੇਬਾਜ਼ੀ ਇਨ੍ਹਾਂ ਨੇ ਖਾਦ ਵਿਚ ਕੀਤੀ ਹੈ ਇਸ ਦਾ ਕੋਈ ਸੁਧਾਰ ਹੋ ਸਕੇ। ਇਹ ਜਿਹੜੀਆਂ ਸੁਸਾਇਟੀਆਂ ਹਨ ਇਨ੍ਹਾਂ ਵਿਚ ਜਲਦੀ ਤੋਂ ਜਲਦੀ ਸੁਧਾਰ ਲਿਆਉਣਾ ਚਾਹੀਦਾ ਹੈ।ਪਹਿਲਾਂ ਜਿਹੜੀਆਂ ਸੁਸਾਇਟੀਆਂ ਮੁਨਾਫੇ ਵਿਚ ਜਾਂਦੀਆਂ ਸਨ, ਉਨ੍ਹਾਂ ਨੂੰ ਘਾਟੇ ਵਾਲੀਆਂ ਸੁਸਾਇਟੀਆਂ ਨਲ ਮਿਲਾ ਲਿਆ ਹੈ ਅਤੇ 8, 10 ਸੁਸਾਇਟੀਆਂ ਦੀ ਇਕ ਸੁਸਾਇਟੀ ਬਣਾ ਦਿੱਤੀ ਹੈ। ਘਾਟੇ ਵਾਲੀ ਸੁਸਾਇਟੀ ਦਾ ਉਸ ਤੇ ਕਬਜ਼ਾ ਕਰਵਾ ਦਿੱਤਾ ਹੈ। ਉਹ ਮੁਨਾਫੇ ਵਾਲੀ ਸੁਸਾਇਟੀ ਨੂੰ ਵੀ ਖਾਈ ਜਾਂਦੇ ਹਨ।

ਡਿਪਟੀ ਸਪੀਕਰ ਸਾਹਿਬ, ਜ਼ਿਮੀਂਦਾਰ ਦਾ ਮੰਡੀ ਵਿਚ ਬੁਰਾ ਹਾਲ ਹੈ। ਉਸ ਦੇ ਵੱਲ ਖਾਸ ਧਿਆਨ ਦਿੱਤਾ ਜਾਵੇ। ਮੰਡੀ ਵਿਚ ਸਾਡੇ ਖਰੀਦ ਕਰਨ ਵਾਲੇ ਲੇਟ ਪਹੁੰਚਦੇ ਹਨ। ਪ੍ਰਾਈਵੇਟ ਵਪਾਰੀ ਪਹਿਲ ਕਰ ਜਾਂਦੇ ਹਨ। ਇਸ ਤਰ੍ਹਾਂ ਜ਼ਿਮੀਂਦਾਰ ਨੂੰ ਮੰਡੀ ਵਿਚ ਮਾਰ ਪੈਂਦੀ ਹੈ। ਮੈਂ ਇਸ ਗਲ ਵਲ ਤੁਹਾਡਾ ਖਾਸ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਹ ਵਪਾਰੀ ਜੱਟਾਂ ਨਾਲ ਧੱਕਾ ਕਰਦੇ ਹਨ। ਅੱਗੇ ਮਾਰਕਿਟ ਕਮੇਟੀਆਂ ਹੁੰਦੀਆਂ ਸਨ। ਉਹ ਦਖਲ ਦੇ ਦਿੰਦੀਆਂ ਸਨ । ਅਜਿਹੀਆਂ ਕਮੇਟੀਆਂ ਬਣਾ ਦੇਣੀਆਂ ਚਾਹੀਦੀਆਂ ਹਨ ਜਿਹੜੀਆਂ ਮੰਡੀਆਂ ਵਿਚ ਠੀਕ ਕੰਮ ਚਲਾਉਣ। ਹੁਣ ਐਫ.ਸੀ. ਆਈ. ਵਾਲੇ ਵੀ ਵਪਾਰੀਆਂ ਨਾਲ ਰਲ ਮਿਲ ਕੇ ਘੱਪਲਾ ਕਰ ਜਾਂਦੇ ਹਨ। ਪਿਛਲੀ ਵਾਰੀ ਜ਼ਿਮੀਂਦਾਰ ਨੇ ਮੰਡੀ ਦੇ ਵਿਚ ਝੋਨਾ ਲਿਆਂਦਾ।ਐਫ.ਸੀ.ਆਈ. ਵਾਲੇ ਦੋ ਚਾਰ ਦਿਨ ਉਸ ਨੂੰ ਰਿਜੈਕਟ ਕਰਦੇ ਰਹੇ। ਪੰਜ ਦਿਨਾਂ ਬਾਅਦ ਵਪਾਰੀ ਨੇ ਉਹੀ ਝੋਨਾ 70 ਰੁਪਏ ਖਰੀਦ ਲਿਆ। ਇਸ ਤਰ੍ਹਾਂ ਨਾਲ ਐਫ.ਸੀ.ਆਈ. ਵਾਲੇ ਅੰਦਰ ਵਪਾਰੀ ਨੇ ਆਪਸ ਵਿਚ ਪੈਸੇ ਵੰਡ ਲਏ। ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਕਿਸਾਨ ਨੂੰ ਮੰਡੀਆਂ ਵਿਚ ਲੁਟਿਆ ਜਾ ਰਿਹਾ ਹੈ। ਇਸ ਲਈ ਇਸ ਨੂੰ ਬਚਾਉਣ ਲਈ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ

Original with;
Punjab Vidhan Sabha
Digitized by;
Panjab Digital Library

ਸਰਦਾਰ ਨੱਥਾ ਸਿੰਘ ਦਾਲਮ (ਸ੍ਰੀ ਹਰਗੋਬਿੰਦਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸਾਂ ਮੈਨੂੰ ਇਨ੍ਹਾਂ ਮੰਗਾਂ ਤੇ ਬੋਲਣ ਲਈ ਆਗਿਆ ਦਿੱਤੀ ਹੈ ਅਤੇ ਮੈਂ ਐਗਰੀ-ਕਲਚਰ, ਇਰੀਗੇਸ਼ਨ ਅਤੇ ਪਾਵਰ ਉਤੇ ਆਪਣੇ ਵਿਚਾਰ ਤੁਹਾਡੇ ਰਾਹੀਂ ਹਾਊਸ ਦੇ ਸਾਹਮਣੇ ਰੱਖਾਂਗਾ। ਡਿਪਟੀ ਸਪੀਕਰ ਸਾਹਿਬ, ਸਾਡਾ ਸੂਬਾ ਪੰਜਾਬ ਇਕ ਖੇਤੀ ਬਾੜੀ ਪ੍ਰਧਾਨ ਸੂਬਾ ਹੈ ਅਤੇ ਇਸ ਸੂਬੇ ਦੀ ਆਰਥਿਕਤਾ ਜਾਂ ਇਕਨੌਮੀ ਬੜੀ ਹੱਦ ਤਕ ਐਗਰੀਕਲਚਰ ਤੇ ਨਿਰਭਰ ਹੈ। ਸਾਡੇ ਸੂਬੇ ਦੀ 76% ਵਸੋਂ ਪੇਂਡੂ ਇਲਾਕਿਆਂ ਵਿਚ ਵਸਦੀ ਹੈ ਅਤੇ ਇਸ 76% ਵਿਚੋਂ 63% ਹਿੱਸਾ ਸਿੱਧੇ ਤੌਰ ਤੇ ਖੇਤੀਬਾੜੀ ਨਾਲ, ਐਗਰੀਕਲਚਰ ਨਾਲ ਸਬੰਧ ਰਖਦਾ ਹੈ। ਖੇਤੀ ਬਾੜੀ ਦੀ ਤਰੱਕੀ ਅਤੇ ਇਸ ਨੂੰ ਉਨਤੀ ਤੇ ਲੈ ਜਾਣ ਵਾਸਤੇ ਕਿਸਾਨ ਨੂੰ ਦੋ ਮੁੱਖ ਚੀਜ਼ਾਂ ਦੀ ਪੰਜਾਬ ਦੇ ਅੰਦਰ ਲੋੜ ਹੈ। ਇਕ ਹੈ ਫਰਟੇਲਾਈਜ਼ਰ ਅੱਰ ਦੂਸਰੀ ਹੈ ਪਾਣੀ। ਫਰਟੇਲਾਈਜ਼ਰ ਦੇ ਸਬੰਧ ਵਿਚ ਮੇਰੇ ਤੋਂ ਪਹਿਲਾਂ ਵਿੱਲੋਂ ਸਾਹਿਬ ਨੇ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਦਾ ਅਤੇ ਸਰਕਾਰੀ ਬੈਂਚਾਂ ਉਤੇ ਬੈਠੇ ਹੋਏ ਮੈਂਬਰ ਸਾਹਿਬਾਨ ਦਾ ਧਿਆਨ ਇਸ ਗੱਲ ਵੱਲ ਚਿਢਾਇਆ ਹੈ ਕਿ ਇਹ ਜੋ ਫਰਟੇਲਾਈਜ਼ਰ ਦੀਆਂ ਕੀਮਤਾਂ ਵਧੀਆਂ ਹਨ ਇਸ ਨਾਲ ਪੰਜਾਬ ਦੇ ਕਿਸਾਨ ਨੂੰ ਵਧੇਰੇ ਪੈਦਾਵਾਰ ਕਰਨ ਦਾ ਕੋਈ ਉਤਸ਼ਾਹ ਨਹੀਂ ਰਹੇਗਾ ਅੱਰ ਇਨਸੈਂਟਿਵ ਕਮ ਹੋ ਜਾਵੇਗਾ ਅੱਰ ਖੇਤੀ ਬਾੜੀ ਦੀ ਉਪਜ ਘਟਣ ਨਾਲ ਹਿੰਦੁਸਤਾਨ ਦੀ ਇਕਾਨੌਮੀ ਨੂੰ ਬੜਾ ਵੱਡਾ ਧੱਕਾ ਲੱਗੇਗਾ।

ਦੂਸਰੀ ਕਿਸਾਨ ਦੀ ਮੁੱਖ ਲੋੜ ਹੈ ਪਾਣੀ। ਪੰਜਾਬ ਅੰਦਰ ਪਾਣੀ ਹਾਸਲ ਕਰਨ ਦੇ ਦੋ ਹੀ ਸਾਧਨ ਹਨ। ਮੀਂਹ ਨੂੰ ਛੱਡ ਕੇ ਕੇਵਲ ਦੋ ਹੀ ਸਾਧਨ ਪਾਣੀ ਹਾਸਲ ਕਰਨ ਦੇ ਹਨ। ਇਕ ਹੈ ਨਹਿਰਾਂ ਰਾਹੀਂ ਪਾਣੀ ਨੂੰ ਹਾਸਲ ਕਰਨਾ ਅਰੇ ਦੂਸਰਾ ਹੈ ਟਿਊਬਵੈਲਾਂ ਰਾਹੀਂ ਪੰਜਾਬ ਦੇ ਕਿਸਾਨ ਨੂੰ ਖੇਤੀ ਬਾੜੀ ਵਾਸਤੇ ਪਾਣੀ ਮੁਹੱਈਆ ਕਰਨਾ। ਮੈਂ ਬੇਨਤੀ ਕਰਾਂਗਾ ਕਿ ਸਾਡੇ ਵਿੱਤ ਮੰਤਰੀ ਜੀ, ਡਾਕਟਰ ਕੇਵਲ ਕ੍ਰਿਸ਼ਨ ਜੀ, ਨੇ ਪਿਛਲੇ ਦਿਨਾਂ ਵਿਚ ਇਸ ਹਾਊਸ ਵਿਚ ਆਪਣੀ ਬਜ਼ਟ ਸਪੀਚ ਕਰਨ ਤੋਂ ਪਹਿਲਾਂ ਬਾਹਰ ਜੋ ਕੁਝ ਬਿਆਨ ਦਿੱਤੇ ਸਨ ਉਨ੍ਹਾਂ ਤੋਂ ਲੋਕਾਂ ਨੂੰ ਇਹ ਆਸ ਸੀ ਕਿ ਡੀਜ਼ਲ ਦੀ ਜੋ ਕੀਮਤ ਵਧੀ ਹੈ, ਖਾਦ ਦੀਆਂ ਜੋ ਕੀਮਤਾਂ ਵਿਚ ਵਾਧਾ ਹੋਇਆ ਹੈ, ਇਨ੍ਹਾਂ ਵਧੀਆਂ ਕੀਮਤਾਂ ਦਾ ਜੋ ਪੰਜਾਬ ਦੇ ਕਿਸਾਨ ਤੇ ਬੋਝ ਪਿਆ ਹੈ ਉਸ ਦੇ ਵਾਸਤੇ ਇਹ ਸਬਸਿਡੀ ਦੇ ਤੌਰ ਤੇ ਪੰਜਾਬ ਦੇ ਕਿਸਾਨ ਨੂੰ ਰਿਲੀਫ ਦੇਣਗੇ। ਪਰ ਜਦੋਂ ਐਗਰੀਕਲਚਰ ਦੀ ਡਿਮਾਂਡ ਨੂੰ ਘੋਖਦੇ ਹਾਂ ਤਾਂ ਜਿਹੜੇ ਵਿੱਤ ਮੰਤਰੀ ਜੀ ਨੇ ਹਾਊਸ ਤੋਂ ਬਾਹਰ ਸਬਸਿਡੀ ਦੇਣ ਦੇ ਬਿਆਨ ਦਿੱਤੇ ਸਨ ਉਹ ਇਸ ਡਿਮਾਂਡ ਵਿਚੋਂ ਲਭਦੇ ਨਹੀਂ ਅੱਰ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਦਾ ਉਹ ਕਿਸਾਨ ਜਿਸ ਨੇ ਹਿੰਦੁਸਤਾਨ ਭਰ ਵਿਚ ਅਨਾਜ ਦਾ ਤੋੜਾ ਖਤਮ ਕੀਤਾ ਸੀ, ਹਿੰਦੁਸਤਾਨ ਦੀ ਅਨਾਜ ਦੇ ਸਬੰਧ ਵਿਚ ਦੂਸਰੇ ਦੇਸ਼ਾਂ ਤੇ ਨਿਰਭਰਤਾ ਨੂੰ ਖਤਮ ਕੀਤਾ ਸੀ, ਉਸ ਕਿਸਾਨ ਲਈ ਇਨ੍ਹਾਂ ਐਗਰੀਕਲਚਰ ਦੀਆਂ ਮੰਗਾਂ ਵਿਚ ਕੋਈ ਪ੍ਰੋਵੀਜ਼ਨ ਨਹੀਂ ਰੱਖਿਆ ਗਿਆ। ਮੇਰੇ ਸਾਥੀ ਨੇ ਜਿਹੜੇ ਕਿ ਹੁਣੇ ਹੁਣੇ ਬੋਲੇ ਹਨ, ਸਰਕਾਰੀ ਬੈਂਚਾਂ ਤੋਂ ਬੋਲੇ ਹਨ ਉਨ੍ਹਾਂ ਦਾ ਨਾਮ ਸ਼ਾਇਦ ਸਰਦਾਰ ਪਰਤਾਪ ਸਿੰਘ ਹੈ ..... (ਇਕ ਆਵਾਜ਼ : ਸਰਦਾਰ ਅਵਤਾਰ ਸਿੰਘ ਹੈ।) ਹਾਂ, ਸਰਦਾਰ ਅਵਤਾਰ ਸਿੰਘ ਹੋਰਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਪੰਜਾਬੀ ਸੂਬਾ ਬਣਾਉਣਾ ਇਕ ਗਲਤੀ ਸੀ। ਨਾਲ ਹੀ ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬੀ ਸੂਬਾ ਬਣਾਉਣ ਦੇ ਨਾਲ ਪੰਜਾਬ ਦੇ ਸਾਧਨ ਸੀਮਿਤ ਹੋਏ ਹਨ। ਮੈਂ ਉਨ੍ਹਾਂ ਦੇ ਇਸ ਦੋਸ਼ ਦਾ ਖੰਡਨ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਹਕੀਕਤ ਇਲਕੁਲ ਇਸ ਦੇ ਉਲਟ ਹੈ। ਪੰਜਾਬ ਹਿੰਦੁਸਤਾਨ ਦੇ ਨਕਸ਼ੇ ਉਤੇ ਉਸ ਸਮੇਂ ਆਇਆ ਸੀ ਜਦੋਂ ਸੰਨ 1966 ਵਿਚ ਪੰਜਾਬੀ ਸੂਬਾ ਬਣਿਆ ਸੀ। (ਥੰਪਿੰਗ) ਪੰਜਾਬ ਵਿਚ ਹਰੀ ਕਰਾਂਤੀ ਦਾ ਆਰੰਭ ਵੀ ਉਸ ਸਮੇਂ ਹੀ

Original with;
Punjab Vidhan Sabha
Digitized by;
Panjab Digital Library

ਸ਼ੁਰੂ ਹੋਇਆ ਸੀ ਜਦੋਂ ਪੰਜਾਬੀ ਸੂਬਾ ਬਣਾਇਆ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਹ ਯਾਦ ਹੋਵੇਗਾ ਕਿ ਨਵੰਬਰ, 1966 ਵਿਚ ਪੰਜਾਬੀ ਸੂਬਾ ਹੋਂਦ ਵਿਚ ਆਇਆ ਸੀ। ਬੜੀ ਭਰੀ ਜਦੋਜਹਿਦ ਤੋਂ ਬਾਅਦ, ਹਜ਼ਾਰਾ ਹੀ ਕੁਰਬਾਨੀਆਂ ਦੇਣ ਤੋਂ ਬਾਅਦ, 60 ਹਜ਼ਾਰ ਲੋਕਾਂ ਨੂੰ ਜੇਲ੍ਹਾਂ ਵਿਚ ਡੱਕਣ ਤੋਂ ਬਾਅਦ ਇਹ ਪੰਜਾਬੀ ਸੂਬਾ ਬਣਿਆ ਸੀ।..... (ਵਿਘਨ) ਵੇਖੋ, ਮੈਂ ਕਦੀ ਕਿਸੇ ਨੂੰ ਇੰਟਰੱਪਟ ਨਹੀਂ ਕੀਤਾ। ਮੈਨੂੰ ਵੀ ਤੁਸੀਂ ਇੰਟਰੱਪਟ ਨਾ ਕਰੋ।

ਉਸ ਤੋਂ ਬਾਅਦ ਮਾਰਚ, 1967 ਵਿਚ ਪਹਿਲੀ ਵਾਰੀ ਪੰਜਾਬ ਅੰਦਰ ਚੋਣਾਂ ਹੋਈਆਂ ਅੌਰ ਪਹਿਲੀ ਵਾਰੀ ਪੰਜਾਬ ਵਿਚ ਸਾਂਝੇ ਫਰੰਟ ਦੀ ਸਰਕਾਰ ਬਣੀ ਸੀ। (ਵਿਘਨ) ਠਹਿਰੋ ਹੁਣੇ ਹੀ ਦੱਸਦਾ ਹਾਂ। (ਹਾਸਾ) ਉਹ ਸਰਕਾਰ ਜਦੋਂ ਬਣੀ ਸੀ ਉਸ ਸਰਕਾਰ ਨੇ ਪੰਜਾਬ ਦੇ ਕਿਸਾਨ ਦੀਆਂ ਅੌਕੜਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਕਿਸਾਨ ਨੂੰ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਸੀ। ਸਾਡੀ ਸਰਕਾਰ ਨੇ ਬਿਜਲੀ ਦਾ ਫਲੈਟ ਰੇਟ ਕਾਇਮ ਕੀਤਾ ਸੀ। ਅੱਠ ਰੁਪਏ ਫੀ ਹਾਰਸ ਪਾਵਰ ਅੌਰ 24 ਘੰਟੇ ਬਿਜਲੀ ਦੀ ਸਪਲਾਈ ਅੈਨਸ਼ੋਅਰ ਕੀਤੀ ਅੌਰ ਪੰਜਾਬ ਦੇ ਕਿਸਾਨ ਨੇ ਜਦੋਂ ਇਹ ਵੇਖਿਆ ਕਿ ਬਿਜਲੀ ਦਾ ਫਲੈਟ ਰੇਟ ਬਹੁਤ ਹੀ ਥੋੜ੍ਹਾ ਹੈ ਤਾਂ ਉਸ ਨੇ ਦਿਨ ਰਾਤ ਟਿਊਬਵੈਲ ਚਲਾਇਆ, ਆਪਣੇ ਖੇਤਾਂ ਨੂੰ ਵੀ ਪਾਣੀ ਦਿੱਤਾ ਅੌਰ ਗਵਾਂਢੀ ਭਰਾਵਾਂ ਨੂੰ ਵੀ ਪਾਣੀ ਵੇਚਿਆ। ਉਸ ਸਮੇਂ ਦੀ ਸਰਕਾਰ ਨੇ ਕਿਸਾਨ ਨੂੰ ਹੋਰ ਵੀ ਬਹੁਤ ਸਾਰੇ ਇਨਸੈਂਟਿਵ ਦਿੱਤੇ ਅੌਰ ਉਨ੍ਹਾਂ ਇਨਸੈਂਟਿਵਜ਼ ਦੇ ਸਦਕਾ ਪੰਜਾਬ ਵਿਚ ਹਰੀ ਕਰਾਂਤੀ ਆਉਣੀ ਸ਼ੁਰੂ ਹੋਈ। ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸਾਨ ਦੀ ਮਿਹਨਤ ਤੇ ਉਸ ਦਾ ਪੁਰਸ਼ਾਰਥ ਹੈ ਜਿਸ ਨੇ ਅਨਾਜ ਵਧੇਰੇ ਪੈਦਾ ਕਰ ਦਿੱਤਾ ਹੈ। ਇਹ ਉਸ ਦੀ ਹਿੰਮਤ ਦਾ ਸਦਕਾ ਹੈ ਕਿ ਦੇਸ਼ ਭਰ ਵਿਚੋਂ ਅਨਾਜ ਦਾ ਤੋੜਾ ਖ਼ਤਮ ਹੋਇਆ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਉਸ ਤੋਂ ਪਹਿਲਾਂ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਹੱਥ ਵਿਚ ਠੂਠਾ ਫੜਕੇ, ਕਾਸਾ ਫੜ ਕੇ ਦੂਜੇ ਦੇਸ਼ਾਂ ਵਿਚ ਅਨਾਜ ਮੰਗਣ ਲਈ ਜਾਇਆ ਕਰਦੇ ਸਨ ਅੌਰ ਬਾਹਰਲੇ ਦੇਸ਼ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀਆਂ ਦੀ ਖਿਲੀ ਉਡਾਉਂਦੇ ਰਹੇ, ਮਜ਼ਾਕ ਉਡਾਉਂਦੇ ਰਹੇ ਕਿ ਇਹ 60 ਕਰੋੜ ਲੋਕਾਂ ਦਾ ਦੇਸ਼ ਆਪਣੇ ਖਾਣ ਵਾਸਤੇ ਵੀ ਅਨਾਜ ਪੈਦਾ ਨਹੀਂ ਕਰ ਸਕਦਾ। ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਕਿਸਾਨ ਨੇ ਬੜੀ ਮਿਹਨਤ ਨਾਲ ਹਿੰਦੁਸਤਾਨ ਦਾ ਅੰਨ ਦਾ ਤੋੜਾ ਖਤਮ ਕੀਤਾ ਹੈ ਅੌਰ ਇਹ ਖੁਸ਼ੀ ਦੀ ਗੱਲ ਹੈ ਕਿ ਇਹ ਬਾਦਲ ਸਾਹਿਬ ਦੀ ਸਰਕਾਰ ਦੇ ਯਤਨਾਂ ਕਰਕੇ ਹੀ ਪੰਜਾਬ ਵਿਚ ਖੇਤੀ ਦੀ ਪੈਦਾਵਾਰ ਬੜੀ ਵਧੀ ਹੈ। ਜਿਤਨਾ ਵਾਧਾ ਬਾਦਲ ਸਾਹਿਬ ਦੇ ਸਮੇਂ ਖੇਤੀ ਬਾੜੀ ਦੇ ਖੇਤਰ ਵਿਚ ਹੋਇਆ ਹੈ ਮੈਂ ਸਮਝਦਾ ਹਾਂ ਕਿ ਉਤਨਾ ਵਾਧਾ ਇੰਨੇ ਥੋੜ੍ਹੇ ਸਮੇਂ ਵਿਚ ਦੁਨੀਆਂ ਦੇ ਕਿਸੇ ਵੀ ਅਗਾਂਹ ਵਧੂ ਦੇਸ਼ ਵਿਚ ਨਹੀਂ ਹੋਇਆ। (ਥੰਪਿੰਗ) ਮੈਂ ਬੇਨਤੀ ਕਰਾਂਗਾ ਮੁੱਖ ਮੰਤਰੀ ਸਾਹਿਬ ਨੂੰ ਕਿ ਇਹ ਵੀ ਕਿਸਾਨ ਦੀਆਂ ਅੌਕੜਾਂ ਤੋਂ ਵਾਕਿਫ ਹਨ, ਜਾਣੂ ਹਨ, ਮੈਂ ਚਾਹਾਂਗਾ ਕਿ ਕਿਸਾਨਾਂ ਦੀਆਂ ਅੌਕੜਾਂ ਨੂੰ ਮੁੱਖ ਰੱਖਦੇ ਹੋਏ ਕਿਸਾਨਾ ਨੂੰ ਸਬਸਿਡੀ ਦੇਣੀ ਚਾਹੀਦੀ ਹੈ ਕਿਉਂਕਿ ਪੰਜਾਬ ਦਾ ਕਿਸਾਨ ਹਿੰਦੁਸਤਾਨ ਵਾਸਤੇ ਬਹੁਤ ਵੱਡਾ ਅਸੈਟ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਖੇਤੀਬਾੜੀ ਵਾਸਤੇ ਜਿੱਥੇ ਫਰਟੇਲਾਈਜ਼ਰ ਦੀ ਲੋੜ ਹੈ ਉਥੇ ਪਾਣੀ ਦੀ ਵੀ ਬੜੀ ਭਾਰੀ ਲੋੜ ਹੈ ਅੌਰ ਇਸ ਸਮੇਂ ਪਾਣੀ ਬਿਜਲੀ ਰਾਹੀਂ ਪੈਦਾ ਕੀਤਾ ਜਾਂਦਾ ਹੈ ਜਾਂ ਨਹਿਰਾਂ ਰਾਹੀਂ ਹਾਸਲ ਕੀਤਾ ਜਾਂਦਾ ਹੈ। ਬਿਜਲੀ ਹਾਸਲ ਕਰਨ ਦੇ ਪੰਜਾਬ ਵਿਚ ਸਾਡੇ ਦੋ ਮੁੱਖ ਪਲਾਂਟ ਹਨ। ਇਕ ਪਲਾਂਟ ਹੈ ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ। ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਦੀ ਰੂਪ ਰੇਖਾ ਵੀ, ਡਿਪਟੀ ਸਪੀਕਰ ਜੀ ਤੁਸੀਂ ਜਾਣ ਕੇ ਖੁਸ਼ ਹੋਵੋਗੇ ਕਿ ਉਸ ਸਮੇਂ ਉਲੀਕੀ ਗਈ ਸੀ ਜਦੋਂ ਪੰਜਾਬ ਵਿਚ ਸਵਰਗਵਾਸੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਸਰਦਾਰ ਲਛਮਣ ਸਿੰਘ ਗਿੱਲ ਦੀ ਸਰਕਾਰ ਬਣੀ ਸੀ। ਉਸ ਸਮੇਂ ਪੰਜਾਬ ਦੀ ਬਿਜਲੀ ਦੀ ਥੁੜ ਨੂੰ ਮੁੱਖ ਰੱਖਦੇ ਹੋਏ ਦੋ ਯੂਨਿਟ ਚਾਲੂ ਕਰਨ ਦਾ ਫੈਸਲਾ ਕੀਤਾ ਗਿਆ ਸੀ। ਬਾਅਦ ਵਿਚ ਦੂਸਰੀ ਸਰਕਾਰ ਆਈ, ਕਾਂਗਰਸ ਸਰਕਾਰ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ, ਜੋ 1972 ਤੋਂ ਲੈ ਕੇ ਪੰਜਾਬ ਦੇ ਅੰਦਰ ਮਾਰਚ, 1977 ਤਕ ਚਲਦੀ ਰਹੀ ਅੱਰ ਉਸ ਸਰਕਾਰ ਨੇ ਇਸ ਕੰਮ ਨੂੰ ਢਿੱਲਿਆਂ ਰੱਖਿਆ। ਬਠਿੰਡਾ ਥਰਮਲ ਪਲਾਂਟ ਦੀ ਉਸਾਰੀ ਵਿਚ ਕਾਂਗਰਸ ਸਰਕਾਰ ਨੇ ਬੜੀ ਢਿੱਲ ਵਿਖਾਈ। ਜੱਦ ਦੋ ਯੂਨਿਟ ਇਸ ਦੇ ਮੁਕੰਮਲ ਹੋਏ ਤਾਂ ਉਥੇ ਬਾਹਰੋਂ ਨਾਕਸ ਅਤੇ ਡਿਫੈਕਟਿਵ ਮਸ਼ੀਨਰੀ ਮੰਗਵਾ ਕੇ ਇਨਸਟਾਲ ਕਰ ਦਿੱਤੀ ਗਈ ਅੱਰ ਜੋ ਵਿਦੇਸ਼ਾਂ ਵਿਚੋਂ ਮਸ਼ੀਨਰੀ ਬਰਾਮਦ ਕੀਤੀ ਗਈ ਉਸ ਬਾਰੇ ਕਿਹਾ ਜਾਂਦਾ ਹੈ ਕਿ ਜੋ ਉਸ ਸਮੇਂ ਦੇ ਅਧਿਕਾਰੀ ਸਨ ਉਨ੍ਹਾਂ ਨੇ ਇਹ ਮਸ਼ੀਨਰੀ ਬਰਾਮਦ ਕਰਦੇ ਹੋਏ ਬੜਾ ਭਾਰੀ ਕਮਿਸ਼ਨ ਲਿਆ ਸੀ। ਇਹੋ ਕਾਰਨ ਹੈ ਕਿ ਅੱਜ ਜਦੋਂ ਵੀ ਉਨ੍ਹਾਂ ਯੂਨਿਟਸ ਨੂੰ ਚਲਾਇਆ ਜਾਂਦਾ ਹੈ ਉਥੇ ਕੋਈ ਨਾ ਕੋਈ ਮਸ਼ੀਨਰੀ ਵਿਚ ਖ਼ਰਾਬੀ ਹੋਣ ਦੇ ਕਾਰਨ ਉਹ ਫੌਰਨ ਹੀ ਬੰਦ ਹੋ ਜਾਂਦੇ ਹਨ। ਪਰ ਸਾਡੀ ਸਰਕਾਰ ਨੇ ਉਥੋਂ ਦੇ 2 ਯੂਨਿਟਸ ਢਾਈ ਸਾਲ ਦੇ ਅੰਦਰ ਚਾਲੂ ਕੀਤੇ। ਉਥੇ ਇਕ ਯੂਨਿਟ ਦੀ ਕਪੈਸਟੀ 110 ਮੈਗਾਵਾਟ ਹੈ ਅਤੇ ਜੇ ਚਾਰੇ ਯੂਨਿਟ ਚਲਣ ਤਾਂ ਕੁਲ ਕਪੈਸਿਟੀ 440 ਮੈਗਾਵਾਟ ਬਣਦੀ ਹੈ ਅੱਰ ਮੈਂ ਮਹਿਸੂਸ ਕਰਦਾ ਹਾਂ ਕਿ ਜੇ ਇਥੇ ਕੋਲੇ ਦੀ ਘਾਟ ਨਾ ਹੋਵੇ, ਕੋਲੇ ਦੀ ਰੈਗੂਲਰ ਸਪਲਾਈ ਹੁੰਦੀ ਰਹੇ ਅਤੇ ਮਸ਼ੀਨਰੀ ਵਿਚ ਕੋਈ ਡਿਫੈਕਟ ਨਾ ਹੋਵੇ ਤਾਂ ਬਿਜਲੀ ਦੇ ਸਬੰਧ ਵਿਚ ਜੋ ਔਕੜਾਂ ਪੇਸ਼ ਆ ਰਹੀਆਂ ਹਨ ਉਹ ਔਕੜਾਂ ਬਹੁਤ ਹਦ ਤਕ ਘਟਾਈਆਂ ਜਾ ਸਕਦੀਆਂ ਹਨ। ਮੈਂ ਇਹ ਗਲ ਵੀ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਥੇ ਕੋਲੇ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਤਾਕਿ ਪੰਜਾਬ ਦੇ ਲੋਕਾਂ ਨੂੰ ਹਰ ਰੋਜ਼ ਜੋ ਬਿਜਲੀ ਘੱਟ ਹੋਣ ਕਰਕੇ ਔਕੜਾਂ ਪੇਸ਼ ਆ ਰਹੀਆਂ ਹਨ ਉਨ੍ਹਾਂ ਤੋਂ ਛੁਟਕਾਰਾ ਪਾਇਆ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਇਥੇ ਇਹ ਕਿਹਾ ਜਾਂਦਾ ਹੈ ਕਿ ਇਹ ਜਿਹੜਾ ਕੋਲਾ ਮੰਗਵਾਇਆ ਜਾਂਦਾ ਹੈ ਇਹ ਬੋਰਡ ਸਿਧਾ ਆਪ ਨਹੀਂ ਮੰਗਵਾਉਂਦਾ ਬਲਕਿ ਠੇਕੇਦਾਰਾਂ ਰਾਹੀਂ ਮੰਗਵਾਇਆ ਜਾਂਦਾ ਹੈ। ਇਸ ਲਈ ਇਹ ਹੀ ਕਾਰਨ ਹੈ ਕਿ ਕਈ ਵਾਰ ਠੇਕੇਦਾਰ ਸਮੇਂ ਸਿਰ ਉਥੇ ਕੋਲਾ ਨਹੀਂ ਪਹੁੰਚਾਉਂਦੇ ਅਤੇ ਫਿਰ ਕੋਲਾ ਨਾ ਹੋਣ ਦੇ ਕਾਰਨ ਪੰਜਾਬ ਦੀ ਇੰਡਸਟਰੀ ਅਤੇ ਐਗਰੀਕਲਚਰ ਨੂੰ ਬੜਾ ਵੱਡਾ ਨੁਕਸਾਨ ਹੁੰਦਾ ਹੈ।

ਦੂਸਰਾ ਸਾਧਨ ਬਿਜਲੀ ਦਾ ਭਾਖੜਾ ਕੰਪਲੈਕਸ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਤਨੀ ਬੇਨਤੀ ਕਰਾਂਗਾ ਕਿ ਭਾਖੜਾ ਕੰਪਲੈਕਸ ਤੋਂ ਪੀਕ ਸੀਜ਼ਨ ਦੇ ਵਿਚ ਵੀ 900 ਮੈਗਾਵਾਟ ਤੋਂ ਵੱਧ ਬਿਜਲੀ ਕਦੇ ਪੈਦਾ ਨਹੀਂ ਹੁੰਦੀ ਅੱਰ 900 ਮੈਗਾਵਾਟ ਵਿਚੋਂ ਅੱਧੀ ਬਿਜਲੀ ਤਾਂ ਨੰਗਲ ਫਰਟੇਲਾਈਜ਼ਰ ਫੈਕਟਰੀ ਹੀ ਖਾ ਜਾਂਦੀ ਹੈ। ਬਾਕੀ ਦੀ ਅੱਧੀ ਬਿਜਲੀ ਸਾਨੂੰ ਹਿਮਾਚਲ, ਹਰਿਆਣਾ, ਰਾਜਿਸਥਾਨ, ਦਿੱਲੀ ਅਤੇ ਜੰਮੂ ਤੇ ਕਸ਼ਮੀਰ ਨੂੰ ਵੰਡ ਕੇ ਦਿਤੀ ਜਾਂਦੀ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਭਾਖੜਾ ਕੰਪਲੈਕਸ ਤੋਂ ਜੋ ਬਿਜਲੀ ਬਣਨੀ ਹੈ ਇਸ ਦਾ ਪੂਰਾ ਪੂਰਾ ਹਿਸਾ ਸਾਨੂੰ ਮਿਲਣਾ ਚਾਹੀਦਾ ਹੈ। ਲੋਕਾਂ ਵਿਚ ਆਮ ਵਿਸਪਰਿੰਗ ਹੈ ਕਿ ਜਦੋਂ ਦੀ ਸਾਡੀ ਨਵੀਂ ਸਰਕਾਰ ਆਈ ਹੈ ਅਤੇ ਗਵਰਨਰੀ ਰਾਜ ਦੇ ਸਮੇਂ ਦਿੱਲੀ ਵਾਲਿਆਂ ਨੇ ਭਾਖੜਾ ਕੰਪਲੈਕਸ ਤੋਂ ਆਪਣੇ ਹਿੱਸੇ ਤੋਂ ਜ਼ਿਆਦਾ ਬਿਜਲੀ ਲੈਣੀ ਸ਼ੁਰੂ ਕਰ ਦਿੱਤੀ ਹੈ। ਮੈਨੂੰ ਨਹੀਂ ਪਤਾ ਕਿ ਇਸ ਵਿਚ ਕਿੰਨੀ ਸਦਾਕਤ ਹੈ ਪਰ ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਰੋਕਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਪੰਜਾਬ ਦਾ ਪੂਰਾ ਹਿੱਸਾ ਭਾਖੜਾ ਕੰਪਲੈਕਸ ਤੋਂ ਲੈਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਫਿਰ ਸਾਡਾ ਸਾਧਨ ਬਿਜਲੀ ਪੈਦਾ ਕਰਨ ਦਾ ਜੋਗਿੰਦਰ ਨਗਰ ਪ੍ਰੋਜੈਕਟ ਹੈ ਅੌਰ ਤੀਸਰਾ ਸਤਲੁਜ ਬਿਆਸ ਲਿੰਕ ਪ੍ਰੋਜੈਕਟ ਹੈ । ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਪੰਜਾਬੀ ਸੂਬਾ ਬਣਿਆ ਸੀ ਤਾਂ ਦਿੱਲੀ ਦੀ ਸਰਕਾਰ ਨੇ ਭਾਖੜਾ ਕੰਪਲੈਕਸ ਨੂੰ ਆਪਣੇ ਕੰਟਰੋਲ ਵਿਚ ਲੈ ਲਿਆ ਸੀ ਅੌਰ ਸਤਲੁਜ ਬਿਆਸ ਲਿੰਕ ਨੂੰ ਵੀ ਉਸ ਸਮੇਂ ਦੀ ਸਰਕਾਰ ਨੇ ਆਪਣੇ ਕੰਟਰੋਲ ਵਿਚ ਲੈ ਲਿਆ ਸੀ। ਇਹੋ ਕਾਰਨ ਹੈ ਕਿ ਜੋ ਸਤਲੁਜ ਬਿਆਸ ਲਿੰਕ ਪ੍ਰੋਜੈਕਟ 1975 ਵਿਚ ਮੁਕੰਮਲ ਹੋਣਾ ਚਾਹੀਦਾ ਸੀ ਉਸ ਦੇ ਵਿਚ ਡਿਲੇ ਹੋ ਗਈ ਕਿਉਂਕਿ ਦਿੱਲੀ ਦੀ ਸਰਕਾਰ ਨੇ ਕਦੇ ਵੀ ਪੰਜਾਬੀ ਲੋਕਾਂ ਦੇ ਨਾਲ ਆਪਣੀ ਹਮਦਰਦੀ ਨਹੀਂ ਕੀਤੀ ਅੌਰ ਮੈਂ ਇਹ ਗਲ ਕਹੇ ਬਿਨਾ ਨਹੀਂ ਰਹਿ ਸਕਦਾ ਕਿ ਦਿੱਲੀ ਦੀ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਦੇ ਲੋਕਾਂ ਦੇ ਹਿੱਤਾਂ ਨੂੰ ਨਜ਼ਰ-ਅੰਦਾਜ਼ ਕੀਤਾ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਨਵੇਂ ਮੈਂਬਰ ਆਏ ਹਨ ਇਨ੍ਹਾਂ ਨੂੰ ਪਤਾ ਨਹੀਂ ਕਿ ਸਤਲੁਜ ਬਿਆਸ ਲਿੰਕ ਕੀ ਹੁੰਦਾ ਹੈ । ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਕਦੇ ਸਤਲੁਜ ਬਿਆਸ ਲਿੰਕ ਦੀ ਸੈਰ ਕਰਵਾ ਲਿਆਓ ਤਾਕਿ ਇਨ੍ਹਾਂ ਨੂੰ ਪਤਾ ਲਗ ਸਕੇ ਕਿ ਸਾਡੇ ਇੰਜੀਨੀਅਰਜ਼ ਨੇ ਕਿੰਨੇ ਸੋਹਣੇ ਢੰਗ ਦੇ ਨਾਲ ਉਹ ਪ੍ਰੋਜੈਕਟ ਤਿਆਰ ਕੀਤਾ ਹੈ । ਇਸ ਲਈ ਮੈਂ ਤੁਹਾਡੇ ਰਾਹੀਂ ਹਾਊਸ ਨੂੰ ਇਹ ਦੱਸਣਾ ਚਾਹਵਾਂਗਾ ਕਿ ਦਰਿਆ ਬਿਆਸ ਦਾ 10 ਹਜ਼ਾਰ ਕਿਊਸਿਕਸ ਪਾਣੀ ਦੋ ਸੁਰੰਗਾਂ ਤੇ ਇਕ ਓਪਨ ਚੈਨਲ ਰਾਹੀਂ ਦਰਿਆ ਸਤਲੁਜ ਵਿਚ ਸੁਟਿਆ ਗਿਆ ਹੈ ਅਤੇ ਉਥੇ ਡੇਹਰ (Dehar) ਡੈਮ ਹੈ ਜਿਥੇ 999 ਮੈਗਾਵਾਟ ਬਿਜਲੀ ਪੈਦਾ ਹੋਣੀ ਚਾਹੀਦੀ ਹੈ । ਪਿਛੇ ਅਖਬਾਰਾਂ ਵਿਚ ਵੀ ਆਇਆ ਸੀ ਕਿ ਇਹ ਪ੍ਰੋਜੈਕਟ ਕਾਫੀ ਹੱਦ ਤਕ ਮੁਕੰਮਲ ਹੋ ਚੁਕਾ ਹੈ ਲੇਕਿਨ ਫਿਰ ਵੀ ਜਿੰਨੀ ਬਿਜਲੀ ਪੈਦਾ ਹੋਣੀ ਚਾਹੀਦੀ ਹੈ ਉਤਨੀ ਪੈਦਾ ਨਹੀਂ ਹੋ ਰਹੀ । ਮੈਂ ਸਮਝਦਾ ਹਾਂ ਕਿ ਇਹ ਮੁੱਖ ਮੰਤਰੀ ਸਾਹਿਬ ਦੇ ਵਸ ਦੀ ਗਲ ਨਹੀਂ । ਇਹ ਪ੍ਰੋਜੈਕਟ ਵੀ ਦਿੱਲੀ ਦੀ ਸਰਕਾਰ ਦੇ ਕੰਟਰੋਲ ਵਿਚ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਸ ਪ੍ਰੋਜੈਕਟ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਥਵਾਇਆ ਜਾਣਾ ਚਾਹੀਦਾ ਹੈ ਤਾਕਿ ਆਪਣੀ ਕੈਪਿਸਟੀ ਦੇ ਮੁਤਾਬਿਕ ਇਹ ਵੀ ਬਿਜਲੀ ਪੈਦਾ ਕਰ ਸਕੇ । ਜੇ ਇਸ ਨੂੰ ਮੁਕੰਮਲ ਕੀਤਾ ਜਾਵੇ ਤਾਂ 1,000 ਮੈਗਾਵਾਟ ਬਿਜਲੀ ਪੈਦਾ ਹੋ ਸਕਦੀ ਹੈ । ਇਸ ਦੇ ਨਾਲ ਬਿਜਲੀ ਦੀ ਕਾਫੀ ਹੱਦ ਤਕ ਥੁੜ੍ਹ ਦੂਰ ਹੋ ਸਕਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਤੁਹਾਨੂੰ ਦੱਸਣੀ ਚਾਹਵਾਂਗਾ , ਹਾਊਸ ਨੂੰ ਵੀ ਦੱਸਣੀ ਚਾਹਵਾਂਗਾ ਕਿ 10 ਹਜ਼ਾਰ ਕਿਊਸਿਕਸ ਪਾਣੀ ਜੋ ਭਾਖੜਾ ਡੈਮ ਵਿਚ ਆਉਂਦਾ ਹੈ ਜੇ ਸਤਲੁਜ ਬਿਆਸ ਲਿੰਕ ਪ੍ਰੋਜੈਕਟ ਮੁਕੰਮਲ ਹੋ ਜਾਵੇ ਤਾਂ ਉਥੇ ਜੋ ਬਿਜਲੀ ਜੈਨਰੇਟ ਕਰਨ ਵਾਸਤੇ ਅਰੇਂਜਮੈਂਟ ਹੈ ਉਸ ਪਾਣੀ ਨਾਲ ਭਾਖੜਾ ਕੰਪਲੈਕਸ ਵਿਚ 120 ਮੈਗਾਵਾਟ ਵੱਧ ਬਿਜਲੀ ਪੈਦਾ ਹੋ ਸਕਦੀ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਥੀਨ ਡੈਮ ਦੇ ਬਾਰੇ ਗਲ ਕਰਨੀ ਚਾਹੁੰਦਾ ਹਾਂ। ਇਸ ਥੀਨ ਡੈਮ ਦੇ ਬਣ ਜਾਣ ਨਾਲ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿੱਚ ਇਸ ਡੈਮ ਦੇ ਬਣ ਜਾਣ ਨਾਲ ਬਹੁਤ ਜ਼ਿਆਦਾ ਫਾਇਦਾ ਹੋਵੇਗਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਥੀਨ ਡੈਮ 1965 ਵਿਚ ਬਣਨਾ ਆਰੰਭ ਹੋਣਾ ਚਾਹੀਦਾ ਸੀ, ਸੰਨ 1960 ਵਿਚ ਸਾਡੀ ਉਸ ਸਮੇਂ ਦੀ ਸਰਕਾਰ ਨੇ ਵਰਲਡ ਬੈਂਕ ਰਾਹੀਂ ਪਾਕਿਸਤਾਨ ਨਾਲ ਦਰਿਆਵਾਂ ਦੇ ਪਾਣੀ ਦਾ ਇਕ ਸਮਝੌਤਾ ਕੀਤਾ ਸੀ ਅੌਰ ਉਸ ਸਮਝੌਤੇ ਰਾਹੀਂ 100 ਕਰੋੜ ਰੁਪਿਆ ਹਿੰਦੁਸਤਾਨ ਦੇ ਖਜ਼ਾਨੇ ਵਿਚੋਂ ਕੱਢ ਕੇ ਪਾਕਿਸਤਾਨ ਨੂੰ ਦਿੱਤਾ ਗਿਆ ਸੀ। 10 ਸਾਲ ਦੀ ਮਿਆਦ ਰਖੀ ਗਈ ਸੀ ਕਿ 10 ਸਾਲ ਦੇ ਅੰਦਰ ਅੰਦਰ ਪਾਕਿਸਤਾਨ ਨਹਿਰੀ ਪਾਣੀ ਦਾ ਆਲਟਰਨੇਟਿਵ ਇੰਤਜ਼ਾਮ ਕਰ ਲਵੇਗਾ। ਇਹ ਸਮਝੌਤਾ 1970 ਵਿਚ ਖ਼ਤਮ ਹੋ ਗਿਆ ਹੈ ਲੇਕਿਨ ਅੱਜ ਵੀ ਉਹ ਦਰਿਆ ਰਾਵੀ ਦਾ ਪਾਣੀ, ਜਿਸ ਨੂੰ ਪਜਾਬ ਦੇ ਲੋਕੀ ਵਰਤਣ ਦੇ ਹਕਦਾਰ ਹਨ, ਜ਼ਾਇਆ ਜਾ ਰਿਹਾ ਹੈ ਅੌਰ ਹਰ ਸਾਲ ਹੜ੍ਹਾਂ ਦੇ ਕਾਰਨ ਗੁਰਦਾਸਪੁਰ ਅਤੇ ਅੰਮ੍ਰਿਤਸਰ ਦਾ ਇਲਾਕਾ ਪਾਣੀ ਦੀ ਮਾਰ ਹੇਠ ਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਡਿਪਟੀ ਸਪੀਕਰ ਸਾਹਿਬ, ਹਜ਼ਾਰਾਂ ਮਕਾਨ ਤਬਾਹ ਹੋ ਜਾਂਦੇ ਹਨ ਅਤੇ ਹਜ਼ਾਰਾਂ ਏਕੜ ਫਸਲ ਤਬਾਹ ਹੋ ਜਾਂਦੀ ਹੈ। ਇਸ ਨਾਲ ਕਿਸਾਨ ਦੀ ਜਾਨ ਅਤੇ ਮਾਲ ਦਾ ਨੁਕਸਾਨ ਹੁੰਦਾ ਹੈ। ਹਰ ਸਾਲ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਪੰਜਾਬ ਸਰਕਾਰ ਨੂੰ ਕੰਪਨਸੇਟ ਕਰਨ ਵਾਸਤੇ ਕਰੋੜਾਂ ਰੁਪਏ ਦੇਣੇ ਪੈਂਦੇ ਹਨ। ਹਰ ਸਾਲ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਥੀਨ ਡੈਮ ਜਲਦੀ ਤੋਂ ਜਲਦੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਭਰਾਵਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਜੇ ਕਰ ਇਹੀ ਥੀਨ ਡੈਮ 1965 ਵਿਚ ਬਣ ਜਾਂਦਾ ਤਾਂ ਇਸ ਥੀਨ ਡੈਮ ਤੇ ਸਿਰਫ 80 ਕਰੋੜ ਰੁਪਏ ਖਰਚ ਹੋਣੇ ਸੀ ਪਰ ਕਾਂਗਰਸ ਸਰਕਾਰ ਦੀ ਨੈਗਲੀਜੈਂਸ ਕਰਕੇ ਇਹ ਨਹੀਂ ਹੋਇਆ It was a criminal negligence on the part of the then Congress Government ਜਿਸ ਨੇ, ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਦੀ ਕਲੀਅਰੈਂਸ ਸੈਂਟਰਲ ਸਰਕਾਰ ਪਾਸੋਂ ਹਾਸਲ ਨਹੀਂ ਕੀਤੀ। ਅੱਜ ਥੀਨ ਡੈਮ ਦਾ ਖਰਚਾ ਵੱਧ ਕੇ 350 ਕਰੋੜ ਰੁਪਿਆ ਹੋ ਚੁੱਕਾ ਹੈ। ਹੁਣ ਤਕ ਥੀਨ ਡੈਮ ਨਾ ਬਣਨ ਦੇ ਕਾਰਣ ਪੰਜਾਬ ਨੂੰ 15 ਅਰਬ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਸਾਰੀ ਦੀ ਸਾਰੀ ਜ਼ਿੰਮੇਵਾਰੀ ਕਾਂਗਰਸ ਸਰਕਾਰ ਦੀ ਹੈ। ਮੈਂ ਬੇਨਤੀ ਕਰਾਂਗਾ ਮੁੱਖ ਮੰਤਰੀ ਜੀ ਨੂੰ ਕਿ ਜੋ ਸਿਰਫ 12 ਕਰੋੜ ਰੁਪਏ ਮੌਜੂਦਾ ਬਜਟ ਵਿਚ ਥੀਨ ਡੈਮ ਦੀ ਉਸਾਰੀ ਵਾਸਤੇ ਰਖੇ ਗਏ ਹਨ, ਇਹ ਬਹੁਤ ਥੋੜ੍ਹੇ ਪੈਸੇ ਰੱਖੇ ਗਏ ਹਨ। ਇਸ ਥੀਨ ਡੈਮ ਦੀ ਬਹੁਤ ਮਹਾਨਤਾ ਹੈ। ਹੁਣ ਡਿਪਟੀ ਸਪੀਕਰ ਸਾਹਿਬ, ਕਲੀਅਰੈਂਸ ਪਰਾਪਤ ਹੋ ਚੁਕੀ ਹੈ, ਇਸ ਡੈਮ ਦਾ ਮੁੱਢਲਾ ਕੰਮ ਵੀ ਆਰੰਭ ਹੋ ਚੁੱਕਾ ਹੈ, ਇਸ ਲਈ ਇਸ ਡੈਮ ਵਾਸਤੇ ਹੋਰ ਰੁਪਿਆ ਬਜਟ ਵਿਚ ਰੱਖਣਾ ਚਾਹੀਦਾ ਹੈ ਤਾਂਕਿ ਥੀਨ ਡੈਮ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾ ਸਕੇ। ਇਸ ਬਾਰੇ ਮੁੱਖ ਮੰਤਰੀ ਜੀ ਨੇ ਵੀ ਕਿਹਾ ਸੀ ਕਿ ਇਸ ਡੈਮ ਨੂੰ ਜੰਗੀ ਪੱਧਰ ਤੇ ਮੁਕੰਮਲ ਕੀਤਾ ਜਾਵੇਗਾ, ਇਸ ਲਈ ਇਸ ਬਜਟ ਵਿਚ ਵੱਧ ਪੈਸਾ ਰਖਿਆ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਜਿਹੜੇ ਉਥੇ ਕੰਮ ਕਰਨ ਵਾਲੇ ਡਿਵੀਜ਼ਨ ਸੀ, ਉਨ੍ਹਾਂ ਨੂੰ ਤੋੜਿਆ ਜਾ ਰਿਹਾ ਹੈ ਜਿਸ ਨਾਲ ਕੰਮ ਵਿਚ ਬਹੁਤ ਜ਼ਿਆਦਾ ਡਿਲੇ ਹੋਵੇਗੀ । ਜਦੋਂ, ਡਿਪਟੀ ਸਪੀਕਰ ਸਾਹਿਬ, ਇਹ ਡੈਮ ਤਿਆਰ ਹੋ ਗਿਆ ਤਾਂ ਉਸ ਵੇਲੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਇੱਕ, ਇੱਕ ਇੰਚ ਜ਼ਮੀਨ ਦੀ ਸਾਲਾਨਾ ਸਿੰਚਾਈ ਹੋ ਸਕੇਗੀ । 10 ਲੱਖ ਏਕੜ ਫੁੱਟ ਪਾਣੀ ਉਸ ਰੈਜ਼ਰਵਾਇਰ ਵਿਚ ਜਮ੍ਹਾਂ ਹੋ ਸਕੇਗਾ ਅਤੇ ਵਾਧੂ ਪਾਣੀ ਇਕ ਲਿੰਕ ਕੈਨਾਲ ਰਾਹੀਂ ਹਰੀਕੇ ਪਤਣ ਵਿੱਚ ਪਾਇਆ ਜਾਵੇਗਾ ਅਤੇ ਉਥੋਂ ਨਹਿਰਾਂ ਰਾਹੀਂ ਮਾਲਵੇ ਦੇ ਇਲਾਕੇ ਅਤੇ ਰਾਜਸਥਾਨ ਦੇ ਇਲਾਕੇ ਨੂੰ ਪਾਣੀ ਦਿੱਤਾ ਜਾਵੇਗਾ । ਇਸ ਨਾਲ 450 ਮੈਗਾਵਾਟ ਬਿਜਲੀ ਵੀ ਪੈਦਾ ਹੋਣੀ ਹੈ। ਸੋ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਥੀਨ ਡੈਮ ਦੀ ਰੇਜ਼ੀ ਨਾਲ ਉਸਾਰੀ ਹੋਣੀ ਚਾਹੀਦੀ ਹੈ। ਇਸ ਨਾਲ ਪੰਜਾਬ ਦੇ ਕਿਸਾਨ ਨੂੰ ਵਧੇਰੇ ਬਿਜਲੀ ਅਤੇ ਪਾਣੀ ਮਿਲ ਸਕੇਗਾ।

ਮੈਂ, ਡਿਪਟੀ ਸਪੀਕਰ ਸਾਹਿਬ, ਡੇਰਾ ਬਾਬਾ ਨਾਨਕ ਗਿਆ ਸੀ ਅਤੇ ਉਥੋਂ ਦੇ ਲੋਕਾਂ ਨੂੰ ਮਿਲਿਆ ਸੀ। ਉਨ੍ਹਾਂ ਲੋਕਾਂ ਨੇ ਦੱਸਿਆ ਕਿ ਪਾਕਿਸਤਾਨ ਦੀ ਫੌਜ ਨੇ ਪੁਲ ਨੂੰ ਤੋੜ ਦਿੱਤਾ ਹੈ ਅਤੇ ਦਰਿਆ ਵਿਚ ਸਪਰ ਬਣਾ ਲਿਆ ਹੈ। ਡਿਪਟੀ ਸਪੀਕਰ ਸਾਹਿਬ, ਸਾਡਾ ਵਰਲਡ ਬੈਂਕ ਦੇ ਰਾਹੀਂ ਜੋ ਸਮਝੌਤਾ ਹੈ ਉਹ ਇਹ ਹੈ ਕਿ ਉਥੇ ਦਰਿਆ ਵਿਚ ਸਪਰ ਨਹੀਂ ਬਣਾਇਆ ਜਾ ਸਕਦਾ ਪਰ ਉਥੇ ਪਾਕਿਸਤਾਨ ਨੇ ਸਪਰ ਬਣਾਇਆ ਹੈ। ਜਿਸ ਦਿਨ ਦਰਿਆ ਰਾਵੀ ਵਿਚ ਹੜ੍ਹ ਆਇਆ ਤਾਂ ਦਰਿਆ ਦਾ ਰੁੱਖ ਹਿੰਦੁਸਤਾਨ ਵਾਲੇ ਪਾਸੇ ਮੁੜ ਜਾਵੇਗਾ ਜਿਸ ਨਾਲ ਦਰਜਨਾਂ ਦਿਹਾਤੀ ਦਰਿਆ ਦੀ

Original with;
Punjab Vidhan Sabha
Digitized by;
Panjab Digital Library

ਲਪੇਟ ਵਿਚ ਆ ਜਾਣਗੇ । ਇਸ ਕਰਕੇ ਉਥੇ ਦੇ ਲੋਕਾਂ ਵਿਚ ਬਹੁਤ ਭਾਰੀ ਬੇਚੈਨੀ ਹੈ ਅਤੇ ਬਹੁਤ ਨੁਕਸਾਨ ਦਾ ਡਰ ਹੈ। ਇਸ ਬਾਰੇ ਬੇਸ਼ਕ ਤੁਸੀਂ ਕਿਸੇ ਅਫਸਰ ਨੂੰ ਭੇਜ ਕੇ ਪਤਾ ਮੰਗਵਾ ਲਓ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਤੇ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਇਹ ਗੱਲ ਕਹੀ ਗਈ ਹੈ ਕਿ ਮੁਕੇਰੀਆਂ, ਸ਼ਾਨਨ ਅਤੇ ਅਨੰਦਪੁਰ ਹਾਈਡਲ ਪ੍ਰੋਜੈਕਟਾਂ ਦੀ ਉਸਾਰੀ ਦਾ ਕੰਮ ਮਿੱਥੇ ਸਮੇਂ ਤੋਂ ਪਹਿਲਾਂ ਹੀ ਮੁਕੰਮਲ ਕਰ ਦਿੱਤਾ ਜਾਵੇਗਾ (ਘੰਟੀ) ਮੈਂ ਸਮਝਦਾ ਹਾਂ ਕਿ ਇਹ ਇੱਕ ਚੰਗਾ ਕਦਮ ਚੁਕਿਆ ਗਿਆ ਹੈ ਜਿਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਵਿਚੋਂ ਬਿਜਲੀ ਦੀ ਕਮੀ ਨੂੰ ਦੂਰ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਉਸ ਸਮੇਂ ਤਕ ਬਿਜਲੀ ਦੀ ਕਮੀ ਦੂਰ ਨਹੀਂ ਕੀਤੀ ਜਾ ਸਕਦੀ ਜਦ ਤਕ ਕਿ ਥਰਮਲ ਪਲਾਂਟ, ਰੋਪੜ ਵਿਖੇ ਨਹੀਂ ਲਗ ਜਾਂਦਾ। ਰੋਪੜ ਥਰਮਲ ਪਲਾਂਟ ਵਾਸਤੇ ਪੰਜਾਬ ਸਰਕਾਰ ਨੂੰ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਹੈ। ਹੁਣ ਲੁਕਾਵਟ ਨਹੀਂ ਜਾਪਦੀ (ਵਿਘਨ) ਕਿਉਂਕਿ ਉਪਰ ਸੈਂਟਰ ਵਿਚ ਵੀ ਕਾਂਗਰਸ ਦੀ ਸਰਕਾਰ ਹੈ। ਸਰਦਾਰ ਦਰਬਾਰਾ ਸਿੰਘ ਜੀ ਵਿਚ ਬੜੀ ਕਾਬਲੀਅਤ ਹੈ, ਉਨ੍ਹਾਂ ਵਿਚ ਸੈਂਟਰ ਦੀ ਗੌਰਮਿੰਟ ਨਾਲ ਲੜਨ ਲਈ ਕਪੈਸਿਟੀ ਹੈ, ਇਸ ਲਈ ਉਨ੍ਹਾਂ ਨੂੰ ਸੈਂਟਰ ਦੀ ਸਰਕਾਰ ਤੇ ਥਰਮਲ ਪਲਾਂਟ ਰੋਪੜ ਵਾਸਤੇ ਜ਼ੋਰ ਦੇਣਾ ਚਾਹੀਦਾ ਹੈ। ਇੰਡਸਟਰੀਜ਼ ਦੇ ਖੇਤਰ ਵਿਚ ਅਤੇ ਖੇਤੀਬਾੜੀ ਦੇ ਖੇਤਰ ਵਿਚ ਬਿਜਲੀ ਦੀ ਥੁੜ ਨੂੰ ਪੂਰਾ ਕਰਨ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਬਹੁਤ ਸਮਾਂ ਪਹਿਲਾਂ ਹੀ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਨੇ 80 ਲੱਖ ਏਕੜ ਫੁੱਟ ਪਾਣੀ ਰਾਜਿਸਥਾਨ ਨੂੰ ਦੇ ਦਿੱਤਾ ਸੀ ਅੱਜ ਰਾਜਿਸਥਾਨ ਦੀ ਸਰਕਾਰ ਪਾਸ ਇਤਨਾ ਪਾਣੀ ਹੋ ਗਿਆ ਹੈ ਕਿ ਉਸ ਪਾਸ ਪਾਣੀ ਨੂੰ ਵਰਤਣ ਦੇ ਸਾਧਨ ਵੀ ਨਹੀਂ ਹਨ। ਉਹ ਇਤਨੇ ਪਾਣੀ ਨੂੰ ਯੂਟੇਲਾਈਜ਼ ਨਹੀਂ ਕਰ ਸਕੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਉਚੇ ਟਿਬੇ ਝੀਲਾਂ ਵਿਚ ਬਦਲੇ ਗਏ ਹਨ ਪਰ ਪੰਜਾਬ ਨੂੰ ਬਹੁਤ ਵੱਡਾ ਧੱਕਾ ਲਗਾ ਹੈ। ਪੰਜਾਬ ਦੇ ਕਿਸਾਨ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋਇਆ ਹੈ। ਰਾਜਿਸਥਾਨ ਨੂੰ 8 ਮਿਲੀਅਨ ਏਕੜ ਫੁੱਟ ਪਾਣੀ ਦੇਣ ਤੋਂ ਬਾਅਦ ਪੰਜਾਬ ਵਿਚ ਕੇਵਲ 7 ਮਿਲੀਅਨ ਏਕੜ ਫੁਟ ਪਾਣੀ ਰਹਿ ਗਿਆ ਹੈ। ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਪਹਿਲੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਹਿੱਤਾਂ ਦੀ ਰਾਖੀ ਨਹੀਂ ਕੀਤੀ, ਪੰਜਾਬ ਦੇ ਗਰੀਬ ਲੋਕਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਸਕੀ। ਜੇਕਰ ਹੁਣ, ਡਿਪਟੀ ਸਪੀਕਰ ਸਾਹਿਬ, ਸਾਢੇ ਤਿੰਨ ਮਿਲੀਅਨ ਏਕੜ ਫੁੱਟ ਪਾਣੀ ਹਰਿਆਣਾ ਨੂੰ ਦੇਣਾ ਮੰਨ ਲਿਆ ਗਿਆ ਤਾਂ ਪੰਜਾਬ ਤਬਾਹ ਹੋ ਜਾਵੇਗਾ । ਬਾਦਲ ਸਾਹਿਬ ਦੀ ਪਿਛਲੀ ਸਰਕਾਰ ਨੇ ਜਨਤਾ ਪਾਰਟੀ ਦੀ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਇਆ ਅਤੇ ਕੇਸ ਨੂੰ ਰੀਓਪਨ ਕਰਵਾਇਆ ਗਿਆ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜੋ ਪੰਜਾਬ ਦਾ 35 ਲੱਖ ਏਕੜ ਫੁੱਟ ਜੇਕਰ ਪਾਣੀ ਹਰਿਆਣੇ ਨੂੰ ਦੇ ਦਿੱਤਾ ਗਿਆ (ਘੰਟੀ) ਤਾਂ ਇਸ ਦਾ ਨਤੀਜਾ ਇਹ ਹੋਵੇਗਾ ਕਿ ਪੰਜਾਬ ਦੀ ਜ਼ਮੀਨ ਬੰਜਰ ਅਤੇ ਰੇਗਿਸਤਾਨ ਬਣ ਜਾਵੇਗੀ। ਐਸਾ ਕਰਨਾ ਤਾਂ ਪੰਜਾਬ ਦੇ ਲੋਕਾਂ ਦੇ ਹਿੱਤਾਂ ਨਾਲ ਗਦਾਰੀ ਹੋਵੇਗੀ। ਜੇਕਰ ਡਿਪਟੀ ਸਪੀਕਰ ਸਾਹਿਬ, ਸਾਢੇ ਤਿੰਨ ਮਿਲੀਅਨ ਏਕੜ ਫੁੱਟ ਪਾਣੀ ਹਰਿਆਣੇ ਨੂੰ ਦੇ ਦਿੱਤਾ ਗਿਆ ਤਾਂ ਪੰਜਾਬ ਤਬਾਹ ਹੋ ਜਾਵੇਗਾ । ਇਸ ਲਈ ਇਹ ਪੰਜਾਬ ਸਰਕਾਰ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਤੁਹਾਨੂੰ ਪੂਰਾ ਭਰੋਸਾ ਅਤੇ ਯਕੀਨ ਦਿਲਾਉਂਦਾ ਹਾਂ ਕਿ ਪੰਜਾਬ ਦੇ ਨਾਲ ਹੋਈ ਇਸ ਬੇਇਨਸਾਫੀ ਨੂੰ ਦੂਰ ਕਰਨ ਦੀ ਖਾਤਰ ਤਕੜੇ ਹੋ ਕੇ ਜੋ ਵੀ ਕਦਮ ਤੁਸੀਂ ਚੁਕੋਗੇ ਅਸੀਂ ਤੁਹਾਡੀ ਹਮਾਇਤ ਕਰਾਂਗੇ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਜੀ, ਨੇ ਬਜਟ ਸਪੀਚ ਇਸ ਹਾਊਸ ਵਿਚ ਰੱਖੀ ਹੈ ਔਰ ਜੋ ਉਨ੍ਹਾਂ ਨੇ ਇਰੀਗੇਸ਼ਨ ਔਰ ਪਾਵਰ ਦੇ ਮੁਤੱਅਲਕ ਕਿਹਾ ਹੈ, ਉਸ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਫਲੈਟ ਰੇਟ ਨੂੰ ਇਨ੍ਹਾਂ ਨੇ ਵਧਾਉਣਾ ਹੈ ਜਾਂ ਫਲੈਟ ਰੇਟ ਨੂੰ ਖਤਮ ਕਰ ਦੇਣਾ ਹੈ। ਇਸ ਸਬੰਧ ਵਿਚ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜੇ ਇਸ ਤਰ੍ਹਾਂ ਕੀਤਾ ਗਿਆ ਤਾਂ ਪੰਜਾਬ ਦੇ ਕਿਸਾਨ ਤੇ ਬਹੁਤ ਬੋਝ ਪਏਗਾ ਜੋ ਕਿ ਪੰਜਾਬ ਦਾ ਕਿਸਾਨ ਬਰਦਾਸ਼ਤ ਨਹੀਂ ਕਰ ਸਕੇਗਾ। ਜੇਕਰ ਇਹ ਫਲੈਟ ਰੇਟ ਖਤਮ ਕੀਤਾ ਗਿਆ ਜਾਂ ਵਧਾਇਆ ਗਿਆ ਤਾਂ ਵਧੇਰੇ ਪੈਦਾਵਾਰ ਕਰਨ ਦਾ ਉਨ੍ਹਾਂ ਦਾ ਜੋ ਉਤਸ਼ਾਹ ਹੈ, ਉਹ ਖਤਮ ਹੋਏਗਾ ਔਰ ਪੰਜਾਬ ਦੀ ਪੈਦਾਵਾਰ ਘੱਟੇਗੀ। ਉਨ੍ਹਾਂ ਨੇ ਕਿਹਾ ਹੈ ਕਿ 60 ਕਰੋੜ ਦਾ ਇਸ ਸਾਲ ਬਿਜਲੀ ਬੋਰਡ ਨੂੰ ਘਾਟਾ ਪੈ ਰਿਹਾ ਹੈ ਲੇਕਿਨ (ਘੰਟੀ) ਡਿਪਟੀ ਸਪੀਕਰ ਸਾਹਿਬ, ਇਹ ਘਾਟਾ ਕੁਝ ਹੋਰ ਕੰਮ ਕਰਕੇ ਜਾਂ ਇਕਾਨੋਮੀ ਕਰਕੇ ਵੀ ਪੂਰਾ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਕਿ ਬਿਜਲੀ ਬੋਰਡ ਵਿਚ ਬੜੀ ਟਾਪ ਹੈਵੀ ਐਡਮਨਿਸਟ੍ਰੇਸ਼ਨ ਹੈ। ਬਹੁਤ ਸਾਰੇ ਗੈਰ ਜ਼ਰੂਰੀ ਇਨ੍ਹਾਂ ਨੇ ਸਰਕਲ ਅਤੇ ਡਵੀਜ਼ਨਜ਼ ਖੋਲ੍ਹੇ ਹੋਏ ਹਨ ਜਿਨ੍ਹਾਂ ਦੀ ਉਕਾ ਹੀ ਲੋੜ ਨਹੀਂ ਹੈ। ਉਨ੍ਹਾਂ ਨੂੰ ਘਟਾ ਕੇ ਕੰਮ ਨੂੰ ਵਧੇਰੇ ਐਫੀਸ਼ੀਐਂਸੀ ਨਾਲ ਅਤੇ ਤੇਜ਼ੀ ਨਾਲ ਚਲਾਇਆ ਜਾ ਸਕਦਾ ਹੈ। ਉਸ ਟਾਪ ਹੈਵੀ ਐਡਮਨਿਸਟ੍ਰੇਸ਼ਨ ਨੂੰ ਘਟਾ ਕੇ, ਉਸ ਨੂੰ ਸਟ੍ਰੀਮਲਾਈਨ ਕਰਕੇ ਖਰਚਿਆਂ ਦੀ ਬਚਤ ਕਰਨੀ ਚਾਹੀਦੀ ਹੈ। ਮੈਂ ਇਹ ਗਲ ਕਹੇ ਬਿਨ੍ਹਾਂ ਨਹੀਂ ਰਹਿ ਸਕਦਾ ਕਿ ਸ਼ਹਿਰਾਂ ਅੰਦਰ ਬਿਜਲੀ ਦੀ ਬੜੀ ਵੱਡੀ ਚੋਰੀ ਹੁੰਦੀ ਹੈ ਔਰ ਕਰੋੜਾਂ ਰੁਪਏ ਦੀ ਚੋਰੀ ਹੁੰਦੀ ਹੈ। ਸ਼ਹਿਰੀ ਕਾਰਖਾਨੇਦਾਰ ਆਮ ਤੌਰ ਤੇ ਸਾਡੇ ਅਫ਼ਸਰਾਂ ਨਾਲ ਮਿਲੇ ਹੋਏ ਹੁੰਦੇ ਹਨ। ਮੇਰੇ ਧਿਆਨ ਵਿਚ ਬਹੁਤ ਸਾਰੀਆਂ ਐਸੀਆਂ ਮਿਸਾਲਾਂ ਹਨ ਜੋ ਮੈਂ ਕਿਸੇ ਵੇਲੇ ਮੁੱਖ ਮੰਤਰੀ ਸਾਹਿਬ ਨੂੰ ਲਿਖ ਕੇ ਭੇਜ ਦਿਆਂਗਾ, ਜਿਥੇ ਅਫ਼ਸਰਾਂ ਦੀ ਮਿਲੀ–ਭਗਤ ਨਾਲ ਸ਼ਹਿਰੀ ਕਾਰਖਾਨੇਦਾਰ ਕਰੋੜਾਂ ਰੁਪਏ ਦੀ ਬਿਜਲੀ ਦੀ ਚੋਰੀ ਕਰਦੇ ਹਨ, ਉਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਪਾਵਰ ਦੀ ਬੜੀ ਲੀਕੇਜ ਹੁੰਦੀ ਹੈ। ਪਰਸੈਂਟੇਜ ਆਫ ਲੀਕੇਜ ਸਾਡੇ ਪੰਜਾਬ ਵਿਚ ਬਹੁਤ ਵੱਧ ਹੈ, ਇਸ ਨੂੰ ਘਟਾਉਣਾ ਚਾਹੀਦਾ ਹੈ। ਇਸ ਨੂੰ ਖਤਮ ਕਰਕੇ, ਮੈਂ ਸਮਝਦਾ ਹਾਂ ਕਿ ਇਹ ਜੋ ਬਿਜਲੀ ਬੋਰਡ ਦਾ 60 ਕਰੋੜ ਰੁਪਏ ਦਾ ਘਾਟਾ ਹੈ, ਇਸ ਨੂੰ ਵੀ ਘਟਾਇਆ ਜਾ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਹੋਰ ਕਿੰਨਾ ਟਾਈਮ ਦੇ ਸਕਦੇ ਹੋ।

ਸ਼੍ਰੀ ਡਿਪਟੀ ਸਪੀਕਰ : ਤੁਹਾਨੂੰ ਹੁਣ ਖਤਮ ਕਰਨਾ ਚਾਹੀਦਾ ਹੈ।

ਸਰਦਾਰ ਨੱਥਾ ਸਿੰਘ ਦਾਲਮ : ਅੰਤ ਵਿਚ ਮੈਂ ਕੋਆਪ੍ਰੇਸ਼ਨ ਦੇ ਸਬੰਧ ਵਿਚ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਨੇ ਬੜੇ ਚੰਗੇ ਫੈਸਲੇ ਕੀਤੇ ਸੀ। ਪਹਿਲਾਂ ਇਹ ਬੜੀ ਵਡੀ ਸ਼ਿਕਾਇਤ ਸੀ ਕਿ ਸੁਸਾਇਟੀਆਂ ਵਿਚ ਗਬਨ ਹੋ ਜਾਂਦਾ ਹੈ। ਪ੍ਰਧਾਨ ਔਰ ਸਕੱਤਰ ਮਿਲ ਕੇ ਦੂਸਰੇ ਮੈਂਬਰਾਂ ਦੇ ਨਾਂ ਤੇ ਕਰਜ਼ਾ ਲੈ ਲੈਂਦੇ ਸ਼ਨ ਅਤੇ ਕਈ ਕਈ ਸਾਲ ਤਕ ਉਨ੍ਹਾਂ ਲੋਕਾਂ ਨੂੰ ਪਤਾ ਨਹੀਂ ਲਗਦਾ ਸੀ ਜਿਨ੍ਹਾਂ ਦੇ ਨਾਂ ਤੇ ਕਰਜ਼ਾ ਲਿਆ ਜਾਂਦਾ ਸੀ। ਇਸ ਲਈ ਅਸੀਂ ਚੈਕ ਸਿਸਟਮ ਸ਼ੁਰੂ ਕੀਤਾ ਸੀ ਜਿਸ ਨਾਲ ਜ਼ਿਮੀਦਾਰਾਂ ਨੂੰ ਲਾਭ ਪੁੱਜਿਆ ਹੈ। ਹੁਣ ਇਸ ਵਿਚ ਗਬਨ ਨਹੀਂ ਹੋ ਸਕਦਾ। ਚੈਕ ਕੇਵਲ ਉਹੀ ਵਿਅਕਤੀ ਕੈਸ਼ ਕਰਾ ਸਕਦਾ ਹੈ ਜਿਸ ਦੇ ਨਾਂ ਤੇ ਉਹ ਚੈਕ ਇਸ਼ੂ ਕੀਤਾ ਗਿਆ ਹੋਵੇ। ਭਾਵੇਂ ਇਸ ਪਾਸੇ ਦੀ ਸਰਕਾਰ ਹੋਵੇ ਜਾਂ ਉਸ ਪਾਸੇ ਦੀ ਸਰਕਾਰ ਹੋਵੇ ਜੋ ਮਾੜਾ ਕੰਮ ਹੋਵੇ ਉਸ ਨੂੰ ਮਾੜਾ ਕਹਿਣਾ ਚਾਹੀਦਾ ਹੈ।

ਮੈਂ ਇਹ ਗਲ ਕਹੇ ਬਗੈਰ ਵੀ ਨਹੀਂ ਰਹਿ ਸਕਦਾ ਕਿ ਜੋ ਸੁਸਾਇਟੀਆਂ ਨੂੰ ਕਲੱਬ ਕੀਤਾ ਗਿਆ ਹੈ, ਉਹ ਕੋਆਪ੍ਰੇਸ਼ਨ ਮੂਵਮੈਂਟ ਦੇ ਹਿੱਤ ਵਿਚ ਨਹੀਂ ਹੈ। (ਥੰਪਿੰਗ) ਮੈਂ ਕਹਾਂਗਾ ਕਿ ਜੋ ਸੁਸਾਇਟੀਜ਼ ਨਾਲ ਧੱਕਾ ਹੋਇਆ ਹੈ ਜਦੋਂ ਤੁਹਾਨੂੰ ਸਮਾਂ ਮਿਲੇ ਉਦੋਂ ਉਹ ਦੂਰ ਕਰਨਾ ਚਾਹੀਦਾ ਹੈ। ਪਹਿਲਾਂ ਹਰ ਪਿੰਡ ਵਿਚ ਸੁਸਾਇਟੀ ਸੀ ਅਤੇ ਉਹ ਚੰਗੇ ਮਾੜੇ ਕੰਮ ਲਈ ਆਪ ਜ਼ਿਮੇਵਾਰ ਹੁੰਦੀ ਸੀ, ਰੁਪਏ ਲੈ ਕੇ ਪਿੰਡ ਵਿਚ ਵੰਡ

Original with;
Punjab Vidhan Sabha
Digitized by;
Panjab Digital Library

ਚਿੰਦੀ ਸੀ। ਹੁਣ ਪੰਜ ਸਤ ਪਿੰਡਾਂ ਨੂੰ ਇਕਠਾ ਕਰਕੇ ਸੁਸਾਇਟੀ ਬਣਾ ਦਿੱਤੀ ਗਈ ਹੈ ਅਤੇ ਜੋ ਪ੍ਰਧਾਨ ਅਤੇ ਸਕੱਤਰ ਬਣ ਜਾਂਦਾ ਹੈ ਉਹ ਆਪਣੇ ਪਿੰਡ ਦੇ ਲੋਕਾਂ ਨੂੰ ਹੀ ਕਰਜ਼ਾ ਦਿੰਦਾ ਹੈ, ਉਨ੍ਹਾਂ ਦੇ ਨਾਂ ਤੇ ਹੀ ਚੈਕ ਇਸ਼ੂ ਕਰਦਾ ਹੈ ਅੌਰ ਦੂਜੇ ਪਿੰਡਾਂ ਨੂੰ ਵਾਂਝਿਆ ਰਖਿਆ ਜਾਂਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਤੁਹਾਨੂੰ ਥੋੜ੍ਹਾ ਸਮਾਂ ਮਿਲਿਆ ਹੈ, ਪਰ ਤੁਹਾਨੂੰ ਇਸ ਮਹਿਕਮੇਂ ਦੀ ਬੜੀ ਵੱਡੀ ਵਾਕਫੀਅਤ ਹੈ ਸਮਾਂ ਮਿਲਣ ਤੇ ਵਿਚਾਰ ਕਰ ਲੈਣਾ ਅੌਰ ਜੇਕਰ ਇਹ ਗਲ ਲੋਕਾਂ ਦੇ ਹਿੱਤ ਵਿਚ ਹੋਵੇ ਤਾਂ ਸੁਸਾਇਟੀਆਂ ਅੱਡ ਅੱਡ ਕਰ ਦੇਣਾ, ਸੋਸਾਇਟੀਜ਼ ਡੀ–ਅਮੈਲਗੇਮੇਟ ਕਰ ਦੇਣੀਆਂ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਜ਼ਰੂਰੀ ਮੰਗਾਂ ਤੇ ਬੋਲਣ ਦਾ ਸਮਾਂ ਦਿੱਤਾ ਹੈ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ): ਡਿਪਟੀ ਸਪੀਕਰ ਸਾਹਿਬ, ਮੈਨੂੰ ਟਾਈਮ ਕਿੰਨਾ ਦੇਣਾ ਹੈ ?

ਸ਼੍ਰੀ ਡਿਪਟੀ ਸਪੀਕਰ : ਤੁਹਾਡੀ ਪਾਰਟੀ ਲਈ 30 ਮਿੰਟਾਂ ਦਾ ਟਾਈਮ ਹੈ, ਇਸ ਲਈ ਤੁਸੀਂ ਜਲਦੀ ਹੀ ਖਤਮ ਕਰਨ ਦੀ ਕੋਸ਼ਿਸ਼ ਕਰਨਾ।

ਕਾਮਰੇਡ ਕੁਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਦਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਅਖੀਰਲੀ ਗਲ ਲੈ ਲਵੋ ਕਿ ਸੁਸਾਇਟੀਆਂ ਇਕਠੀਆਂ ਕੀਤੀਆਂ ਸਨ। ਉਹ ਲੋਕਾਂ ਦੇ ਹਿਤ ਵਿਚ ਨਹੀਂ ਹੈ। ਚੀਫ ਮਨਿਸਟਰ ਸਾਹਿਬ ਬੈਠੇ ਹਨ ਇਹ ਦੇਖ ਲੈਣ। ਹਰੀਜਨ ਸੁਸਾਇਟੀਆਂ ਰਲਾਈਆਂ ਹਨ। ਉਨ੍ਹਾਂ ਦੀ ਹੱਦ ਵੀ ਹੁਣ 500 ਰੁਪਏ ਦੀ ਕਰ ਦਿਤੀ ਹੈ। ਇਸ ਤਰ੍ਹਾਂ ਕਰਨ ਨਾਲ ਕੋਆਪ੍ਰੇਸ਼ਨ ਲਹਿਰ ਮਰ ਚੁਕੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜੇਕਰ ਉਨ੍ਹਾਂ ਨੇ ਕੋਆਪ੍ਰੇਸ਼ਨ ਲਹਿਰ ਨੂੰ ਜੀਉਂਦਾ ਰਖਣਾ ਹੈ ਤਾਂ ਉਹ ਇਸ ਵਲ ਧਿਆਨ ਦੇਣ। ਦਫਾ 67 ਅਧੀਨ 30 ਜੂਨ ਤੋਂ ਬਾਅਦ ਏ. ਆਰ.'ਜ਼ ਨੂੰ ਐਨੇ ਅਧਿਕਾਰ ਦੇ ਦਿੱਤੇ ਗਏ ਹਨ ਕਿ ਉਹ ਵਾਰੰਟ ਜਾਰੀ ਕਰ ਸਕਦੇ ਹਨ। ਹੁਣ ਪੁਲਿਸ ਨਾਲ ਜਾਂਦੀ ਹੈ ਅੌਰ ਪਕੜ ਕੇ 40 ਦਿਨ ਜੇਲ੍ਹ ਵਿਚ ਸਿੱਟ ਦਿੱਤਾ ਜਾਂਦਾ ਹੈ। ਇਹ ਕਾਲਾ ਕਾਨੂੰਨ, ਅੰਗਰੇਜ਼ਾਂ ਤੋਂ ਬਾਅਦ ਜੋ ਪੰਜਾਬ ਵਿਚ ਆਇਆ ਹੈ, ਇਹ ਖਤਮ ਕਰਨਾ ਚਾਹੀਦਾ ਹੈ। ਇਸ ਨਾਲ ਲੋਕਾਂ ਦੀ ਦੁਰਦਸ਼ਾ ਹੋ ਰਹੀ ਹੈ। ਪਿਛਲਾ ਰਿਕਾਰਡ ਕਢਾ ਕੇ ਦੇਖ ਲਓ ਜਿੰਨੇ ਹਜ਼ਾਰ ਤੋਂ ਥਲੇ ਕਰਜ਼ੇ ਵਾਲੇ ਸੀ, ਉਹ ਜੇਲ੍ਹਾਂ ਵਿਚ ਦਿੱਤੇ ਹੋਏ ਹਨ। ਦਫਾ 67 ਦੀ ਭਾਵਨਾ ਕੋਆਪ੍ਰੇਸ਼ਨ ਐਕਟ ਦੇ ਖਿਲਾਫ ਹੈ। ਕੋਆਪ੍ਰੇਸ਼ਨ ਮੂਵਮੈਂਟ ਨੂੰ ਕਾਇਮ ਰਖਣਾ ਚਾਹੀਦਾ ਹੈ। ਮੈਂ ਇਹ ਵੀ ਕਹਾਂਗਾ ਕਿ ਜਿਥੇ ਹੁਣ ਕੋਆਪ੍ਰੇਸ਼ਨ ਮੂਵਮੈਂਟ ਗਈ ਹੈ, ਕੋਆਪ੍ਰੇਸ਼ਨ ਡਿਪਾਰਟਮੈਂਟ ਇਸ ਨੂੰ ਲੈ ਗਿਆ ਹੈ, ਉਥੇ ਅਫਸਰਾਂ ਦੀ ਧਾਂਧਲੀ ਪਾਈ ਹੋਈ ਹੈ। ਰਜਿਸਟਰਾਰ ਦੇ ਆਫਿਸ ਵਿਚ ਪਿਛਲੇ ਸਾਲ 1.30 ਲੱਖ ਦਾ ਐਸਟੀਮੇਟ ਆਇਆ ਸੀ ਅੌਰ ਇਸ ਦਫਾ 40.8 ਲੱਖ ਦਾ ਬਜਟ ਐਸਟੀਮੇਟਸ ਹੈ ਯਾਨੀ 40 ਗੁਣਾ ਉਥੇ ਖਰਚਾ ਵਧਾ ਦਿੱਤਾ ਗਿਆ ਹੈ। ਪਤਾ ਨਹੀਂ ਕਿੰਨੇ ਐਡੀਨਸ਼ਨਲ ਰਜਿਸਟਰਾਰ ਬਣਾ ਦਿੱਤੇ ਹਨ। ਮੈਂ ਕਹਾਂਗਾ ਕਿ ਇਸ ਮੂਵਮੈਂਟ ਵਿਚ ਅਫਸਰਸ਼ਾਹੀ ਜਿਹੜੀ ਬਿਲਕੁਲ ਉਪਰ ਆਈ ਹੈ, ਉਸ ਬਾਰੇ ਥੋੜ੍ਹਾ ਬਹੁਤ ਧਿਆਨ ਵਿਚ ਰਖਿਆ ਜਾਏ। ਅੱਜ ਜਿਥੇ ਸੁਸਾਇਟੀ ਵਿਚ ਐਡਮਨਿਸਟ੍ਰੇਟਰ ਲਗਾ ਦਿੱਤਾ ਜਾਂਦਾ ਹੈ, ਉਹ ਉਥੋਂ ਰੱਜ ਕੇ ਆਉਂਦਾ ਹੈ। ਜੇਕਰ ਕਿਸੇ ਕਮੇਟੀ ਵਿਚ ਘਾਟਾ ਪੈਂਦਾ ਹੈ ਤਾਂ ਜੇ ਕਮੇਟੀ ਤੇ ਸਰਚਾਰਜ ਹੋ ਸਕਦਾ ਹੈ ਤਾਂ ਸੁਸਾਇਟੀ ਵਿਚ ਘਾਟਾ ਪੈਣ ਤੇ ਉਸ ਦੇ ਐਡਮਨਿਸਟਰੇਟਰ ਦੇ ਸਿਰ ਉਹ ਘਾਟਾ ਕਿਉਂ ਨਹੀਂ ਪਾਇਆ ਜਾਂਦਾ ? ਇਹ ਕਾਲੇ ਕਾਨੂੰਨ ਦਾ ਕਾਲਾ ਪੱਖ ਹੈ। ਐਡਮਨਿਸਟ੍ਰੇਟਰ, ਸਰਕਾਰੀ ਅਫਸਰ ਘਾਟੇ ਵਾਧੇ ਦੇ ਜ਼ਿਮੇਵਾਰ ਹੋਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਮਾਰਕਫੈਡ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਰਕਫੈਡ ਦੇ ਜਲੰਧਰ ਵਿਖੇ ਸਟੋਰ ਵਿਚ ਪਿਛਲੇ ਸਾਲ 30,000 ਬੋਰੀ ਸਟੋਰ ਵਿਚ ਰਖੀ ਸੀ, ਉਹ ਗਲ ਗਈ। ਗਲਣ ਤੋਂ ਬਾਅਦ ਉਸ ਦੀ ਕੀ ਹਾਲਤ ਹੋਈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲੀ ਵਾਰ ਪੰਜਾਬ ਦੇ ਸਟੋਰਾਂ ਵਿਚ ਇਨਸ਼ੋਅਰਡ ਮਾਲ ਰਖਿਆ ਗਿਆ ਸੀ ਅਤੇ ਉਥੇ 30 ਹਜ਼ਾਰ ਬੋਰੀ ਬਰਬਾਦ ਹੋ ਗਈ। ਜਿਨ੍ਹਾਂ ਕਿਸਾਨਾਂ ਨੇ 35—40 ਰੁਪਏ ਦੀ ਬੋਰੀ ਭਰ ਕੇ ਉਥੇ ਰੱਖੀ ਸੀ ਅਤੇ ਉਹ ਵੀ ਇਸ ਕਰਕੇ ਕਿ ਉਹ ਇਨਸ਼ੋਅਰਡ ਹੈ ਪਰ ਬਾਅਦ ਵਿਚ ਬੋਰੀਆਂ ਖਰਾਬ ਹੋਣ ਤੇ ਉਨ੍ਹਾਂ ਨੂੰ ਆਪਣੇ ਮਾਲ ਦੇ ਕੁੱਲ 8 ਰੁਪਏ ਬੋਰੀ ਦੇ ਮਿਲੇ, ਇਸ ਤਰ੍ਹਾਂ ਕਿਸਾਨਾਂ ਦੀ ਬੜੀ ਹਾਸੋਹੀਣੀ ਹਾਲਤ ਹੋਈ ਹੈ। ਇਸ ਦਾ ਮਤਲਬ ਹੈ ਕਿ ਇਨ੍ਹਾਂ ਦੀ ਅਫਸਰਸ਼ਾਹੀ ਨਾਅਹਿਲ ਹੈ ਜਿਸ ਨੇ ਕੁਝ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਮਾਲ ਇਨਸ਼ੋਅਰ ਕਰਾਕੇ ਰੱਖਿਆ ਸੀ ਕਿ 35 ਰੁਪਏ ਬੋਰੀ ਦੇ ਬਾਅਦ ਵਿਚ 100 ਰੁਪਏ ਕਮਾਵਾਂਗੇ, ਪਰ ਬਾਅਦ ਵਿਚ ਉਨ੍ਹਾਂ ਨੂੰ ਉਹ ਬੋਰੀ 8 ਰੁਪਏ ਵਿਚ ਵੇਚਣੀ ਪਈ। ਡਿਪਟੀ ਸਪੀਕਰ ਸਾਹਿਬ, 6 ਰੁਪਏ ਦੀ ਤਾਂ ਖਾਲੀ ਬੋਰੀ ਹੀ ਆਉਂਦੀ ਹੈ। ਇਸ ਪਾਸੇ ਚੀਫ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ। ਸਾਡੇ ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਮੈਂ ਕਿਸਾਨਾਂ ਦਾ ਬੜਾ ਹਿਤੈਇਸ਼ੀ ਹਾਂ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਕੋਆਪ੍ਰੇਟਿਵ ਮੂਵਮੈਂਟ ਨੂੰ ਚੰਗੀ ਤਰ੍ਹਾਂ ਚਲਣ ਦੇਣਾ ਚਾਹੀਦਾ ਹੈ ਅਤੇ ਕੋਆਪ੍ਰੇਟਿਵ ਮੂਵਮੈਂਟ ਵਿਚ ਜਿਹੜੀਆਂ ਘਾਟਾਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਨੈਸ਼ਨਲ ਕੋਆਪ੍ਰੇਟਿਵ ਰੈਜ਼ੋਲਿਊਸ਼ਨ ਸੰਨ 1977 ਵਿਚ ਪਾਸ ਹੋਇਆ ਸੀ ਪਰ ਉਸ ਦੇ ਬਾਅਦ ਉਸ ਨੂੰ ਕਿਸੇ ਨੇ ਪੁੱਛਿਆ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਮੂਵਮੈਂਟ ਦੇ ਜਿਹੜੇ ਨਿਸ਼ਾਨੇ ਮਿਥੇ ਗਏ ਸਨ, ਉਨ੍ਹਾਂ ਨੂੰ ਪੂਰਾ ਕਰਨਾ ਚਾਹੀਦਾ ਹੈ।

ਹੁਣ ਮੈਂ ਮਦ ਨੰ. 26 ਵਲ ਆਉਂਦਾ ਹਾਂ ਜੋ ਕਿ ਐਗਰੀਕਲਚਰ ਨਾਲ ਸਬੰਧਤ ਹੈ। ਅੱਜ ਐਗਰੀਕਲਚਰ ਦੀ ਹਾਲਤ ਇਹ ਹੈ ਕਿ ਖਾਦ ਅਤੇ ਡੀਜ਼ਲ ਮਹਿੰਗੇ ਹੋ ਗਏ ਹਨ। ਇਹ ਕਹਿੰਦੇ ਹਨ ਕਿ ਇਨ੍ਹਾਂ ਚੀਜ਼ਾਂ ਦੇ ਇਸ ਕਰਕੇ ਰੇਟ ਵਧਾਏ ਗਏ ਹਨ ਕਿਉਂਕਿ ਇਨ੍ਹਾਂ ਦੇ ਬਾਹਰ ਰੇਟ ਵਧ ਗਏ ਹਨ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਆਸਾਮ ਦੀਆਂ ਮਿਲਾਂ ਬੰਦ ਹੋ ਗਈਆਂ ਤਾਂ ਇਸ ਵਿਚ ਪੰਜਾਬ ਦੇ ਕਿਸਾਨ ਦਾ ਕੀ ਕਸੂਰ ਹੈ ? ਜੇ ਨੈਪਥਾ ਮਹਿੰਗਾ ਹੋ ਜਾਵੇ ਤਾਂ ਇਸ ਵਿਚ ਪੰਜਾਬ ਦੇ ਕਿਸਾਨ ਦਾ ਕੀ ਕਸੂਰ ਹੈ ? ਤੁਹਾਨੂੰ ਪਤਾ ਹੋਣਾ ਹੈ ਕਿ ਪੰਜਾਬ ਸਾਰੇ ਹਿੰਦੁਸਤਾਨ ਨਾਲੋਂ ਤਿਗੁਣਾਂ ਖਾਦ ਵਰਤਦਾ ਹੈ। ਇਸ ਲਈ ਉਸ ਨੂੰ ਖਾਦ ਸੱਸਤੀ ਦੇਣੀ ਚਾਹੀਦੀ ਹੈ। (ਵਿਘਨ) ਜੇ ਆਸਾਮ ਦੀਆਂ ਮਿਲਾਂ ਬੰਦ ਹੋ ਜਾਣ ਤਾਂ ਇਸ ਵਿਚ ਪੰਜਾਬ ਦੇ ਕਿਸਾਨ ਦਾ ਕੀ ਕਸੂਰ ਹੈ ? ਇਨ੍ਹਾਂ ਗਲਾਂ ਦਾ ਸਾਰਾ ਭਾਂਡਾ ਪੰਜਾਬ ਦੇ ਕਿਸਾਨ ਦੇ ਸਿਰ ਤੇ ਭੰਨਿਆਂ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰ. 26 ਤੇ ਬੋਲਦੇ ਹੋਏ ਮੇਰੇ ਤੋਂ ਪਹਿਲਾਂ ਇਕ ਦੋਸਤ ਨੇ ਕਿਹਾ ਸੀ ਕਿ ਇਸ ਵਿਚ 8—9 ਕਰੋੜ ਰੁਪਿਆ ਵੱਧਾਇਆ ਹੈ। ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਸ 8—9 ਕਰੋੜ ਰੁਪਏ ਨਾਲ ਕੀ ਬਣਨਾ ਹੈ ਕਿਉਂਕਿ 22 ਫੀ ਸਦੀ ਕੀਮਤਾਂ ਪਿਛਲੇ ਸਾਲ ਨਾਲੋਂ ਵੱਧ ਗਈਆਂ ਹਨ ਅਤੇ 4—5 ਕਰੋੜ ਰੁਪਿਆ ਤਾਂ ਕੀਮਤਾਂ ਵੱਧਣ ਨਾਲ ਹੀ ਘੱਟ ਜਾਂਦਾ ਹੈ। ਕਿਸਾਨ ਦੇ ਹੱਲ ਦੇ ਫਾਲੇ ਦੀ ਕੀਮਤ ਦਸੰਬਰ, 1979 ਵਿਚ 4 ਰੁਪਏ ਸੀ ਪਰ ਹੁਣ ਉਸ ਦੀ ਕੀਮਤ 7 ਰੁਪਏ 60 ਪੈਸੇ ਹੈ। 7 ਰੁਪਏ ਫਾਲੇ ਦੀ ਕੀਮਤ ਅਤੇ 60 ਪੈਸਿਆਂ ਦੇ ਕਾਬਲੇ। ਸਾਡੇ ਚੀਫ ਮਨਿਸਟਰ ਸਾਹਿਬ ਆਪਣੇ ਆਪ ਨੂੰ ਕਿਸਾਨਾਂ ਦੇ ਬੜੇ ਹਮਦਰਦ ਕਹਾਉਂਦੇ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਹਿੰਦੁਸਤਾਨ ਦਾ ਇਜ਼ਾਰੇਦਾਰ ਕਿਸਾਨ ਨੂੰ ਉਠਣ ਨਹੀਂ ਦਿੰਦਾ। ਕਿਸਾਨ ਦਾ ਨਰਮਾ ਸੱਸਤਾ ਖਰੀਦਿਆ

Original with;
Punjab Vidhan Sabha
Digitized by;
Panjab Digital Library

ਜਾਂਦਾ ਹੈ ਪਰ ਜਦ ਕਿਸਾਨ ਕਪੜਾ ਖਰੀਦਦਾ ਹੈ ਤਾਂ ਉਹ ਮਹਿੰਗਾ ਲੈਣਾ ਪੈਂਦਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਕਿਸਾਨ ਦਾ ਨਰਮਾ ਢਾਈ ਸੌ, ਪੌਣੇ ਤਿੰਨ ਸੌ ਰੁਪਏ ਵਿਕਦਾ ਹੈ। ਕੀ ਇਹ ਪੰਜਾਬ ਦੇ ਕਿਸਾਨ ਨਾਲ ਅੰਨਿਆਏ ਨਹੀਂ ਹੈ ? ਜੇ ਕਿਸਾਨ ਨੇ ਕੱਪੜਾ ਖਰੀਦਣਾ ਹੋਵੇ ਤਾਂ ਉਹ ਉਸ ਨੂੰ ਮਹਿੰਗਾ ਮਿਲਦਾ ਹੈ। ਕਿਸਾਨ ਨੂੰ 14 ਰੁਪਏ ਗੰਨੇ ਦਾ ਭਾਅ ਦਿੱਤਾ ਗਿਆ ਪਰ ਖੰਡ ਉਸ ਨੂੰ 8 ਰੁਪਏ ਕਿਲੋ ਮਿਲਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਕੰਜ਼ਿਊਮਰ ਨੂੰ ਖੰਡ ਤੋਂ ਲੁੱਟਿਆ ਜਾ ਰਿਹਾ ਹੈ ਅਤੇ ਜ਼ਿਮੀਦਾਰ ਨੂੰ ਗੰਨੇ ਤੋਂ ਲੁੱਟਿਆ ਜਾ ਰਿਹਾ ਹੈ। (ਤਾੜੀਆਂ) ਅੱਜ ਦੇ ਮਾਡਰਨ ਯੁੱਗ ਵਿਚ ਕਿਸਾਨ ਖਾਦ ਜ਼ਿਆਦਾ ਵਰਤਣੀ ਚਾਹੁੰਦਾ ਹੈ। ਜੇ ਖਾਦ ਜ਼ਿਆਦਾ ਵਰਤੇਗਾ ਤਾਂ ਜ਼ਿਆਦਾ ਉਪਜ ਹੋਵੇਗੀ। ਇਸ ਲਈ ਖਾਦ ਸ਼ੱਸਤੀ ਕਰਨੀ ਚਾਹੀਦੀ ਹੈ ਅਤੇ ਕਿਸਾਨ ਨੂੰ ਉਸ ਦੀ ਉਪਜ ਦੇ ਠੀਕ ਭਾਅ ਮਿਲਣੇ ਚਾਹੀਦੇ ਹਨ। ਜੇ ਕਿਸਾਨ ਨੂੰ ਸੱਸਤੀਆਂ ਚੀਜ਼ਾਂ ਨਹੀਂ ਦਿੱਤੀਆਂ ਜਾਣਗੀਆਂ ਅਤੇ ਉਸ ਦੀ ਉਪਜ ਦੇ ਉਸ ਨੂੰ ਠੀਕ ਭਾਅ ਨਹੀਂ ਦਿੱਤੇ ਜਾਣਗੇ ਤਾਂ ਹਿੰਦੁਸਤਾਨ ਦਾ ਕਿਸਾਨ ਤਬਾਹ ਹੋ ਜਾਵੇਗਾ। ਜੇ ਭਾਅ ਵੱਧ ਨਾ ਦਿੱਤੇ ਗਏ ਤਾਂ ਕਿਸਾਨ ਜ਼ਿੰਦਾ ਨਹੀਂ ਰਹੇਗਾ। ਇਹ ਠੀਕ ਹੈ ਕਿ ਸਰਕਾਰ ਦੀ ਵੀ ਕੁਝ ਮਜ਼ਬੂਰੀ ਹੈ। ਇਹ ਐਗਰੀ-ਕਲਚਰਲ ਪਰਾਈਸ ਕਮਿਸ਼ਨ ਨੂੰ ਕੁਝ ਨਹੀਂ ਕਹਿ ਸਕਦੇ। ਪਰ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਐਨਾ ਕੰਮ ਕਰ ਲੈਣ ਕਿ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਪਾਸੋਂ ਕਾਸਟ ਆਫ ਪਰੋਡਕਸ਼ਨ ਕਢਾ ਲੈਣ ਅਤੇ ਉਸ ਹਿਸਾਬ ਨਾਲ ਕਿਸਾਨ ਨੂੰ ਉਸ ਦੀ ਜਿਣਸ ਦੇ ਭਾਅ ਦਿੱਤੇ ਜਾਣ। ਜੇ ਇਸ ਤਰ੍ਹਾਂ ਨਹੀਂ ਕਰਨਾ ਤਾਂ ਇਸ ਹਾਊਸ ਦੀ ਇਕ ਕਮੇਟੀ ਬਣਾ ਲਈ ਜਾਵੇ ਅਤੇ ਉਸ ਤੋਂ ਕਾਸਟ ਆਫ ਪਰੋਡਕਸ਼ਨ ਕਢਾ ਲਈ ਜਾਵੇ। ਅਗਰ 100 ਰੁਪਏ ਪਿਛੇ ਕਾਰਖਾਨੇਦਾਰ 5 ਰੁਪਏ ਮੁਨਾਫਾ ਲੈਂਦਾ ਹੈ ਤਾਂ ਕਿਸਾਨ ਨੂੰ ਢਾਈ ਰੁਪਏ ਹੀ ਫਾਇਦਾ ਦਿੱਤਾ ਜਾਵੇ ਅਤੇ ਜੇ ਕਾਰਖਾਨੇਦਾਰ 100 ਰੁਪਏ ਪਿਛੇ 10 ਰੁਪਏ ਮੁਨਾਫਾ ਲੈਂਦਾ ਹੈ ਤਾਂ ਕਿਸਾਨ ਨੂੰ 5 ਰੁਪਏ ਹੀ ਫਾਇਦਾ ਦਿੱਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਕਿਸਾਨ ਦਾ ਫਾਇਦਾ ਹੋਵੇਗਾ ਤੇ ਉਹ ਜ਼ਿੰਦਾ ਰਹਿ ਸਕੇਗਾ ਨਹੀਂ ਤਾਂ ਪੰਜਾਬ ਦਾ ਕਿਸਾਨ ਮਰ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਹੀ ਨਹੀਂ ਕਹਿੰਦਾ ਤੁਹਾਡੀਆਂ ਕਿਤਾਬਾਂ ਕਹਿੰਦੀਆਂ ਹਨ ਕਿ ਜਿੰਨਾ ਜ਼ਿਆਦਾ ਤੋਂ ਜ਼ਿਆਦਾ ਰਕਬਾ ਖੇਤੀ ਹੇਠ ਲਿਆਂਦਾ ਸਕਦਾ ਹੈ ਲਿਆਉਣਾ ਚਾਹੀਦਾ ਹੈ ਪਰ ਇਸ ਪਾਸੇ ਤਾਂ ਹੀ ਪ੍ਰਗਤੀ ਹੋਵੇਗੀ ਜੇ ਕਿਸਾਨ ਨੂੰ ਸੱਸਤੀਆਂ ਚੀਜ਼ਾਂ ਮੁਹੱਈਆ ਕੀਤੀਆਂ ਜਾਣ ਅਤੇ ਉਸ ਦੀ ਜਿਨਸ ਦਾ ਉਸ ਨੂੰ ਪੂਰਾ ਭਾਅ ਮਿਲੇ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਪੰਜਾਬ ਦੇ ਕਸਟੋਡੀਅਨ ਹਨ। ਅੱਜ ਉਹ ਕਹਿੰਦੇ ਹਨ ਕਿ ਸੈਂਟਰ ਨਹੀਂ ਮੰਨਦਾ। ਮੈਂ ਕਹਿੰਦਾ ਹਾਂ ਕਿ ਜੇ ਸੈਂਟਰ ਭਾਅ ਵਧਾਉਣ ਲਈ ਨਹੀਂ ਮੰਨਦਾ ਤਾਂ ਤੁਸੀਂ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਕੋਲੋਂ ਕਾਸਟ ਆਫ ਪਰੋਡਕਸ਼ਨ ਕਢਵਾ ਲਵੋ ਅਤੇ ਉਸ ਹਿਸਾਬ ਨਾਲ ਪੰਜਾਬ ਦੇ ਕਿਸਾਨ ਨੂੰ ਭਾਅ ਦਿਵਾਓ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸੰਨ 1974-75 ਵਿਚ ਖਾਦ ਦੀਆਂ ਕੀਮਤਾਂ ਵੱਧੀਆਂ ਸਨ ਅਤੇ ਪੈਦਾਵਾਰ ਘੱਟ ਗਈ ਸੀ। ਉਦੋਂ ਝੋਨਾ 53 ਰੁਪਏ ਕੁਇੰਟਲ ਵਿਕਿਆ ਸੀ ਪਰ ਉਸ ਦਾ ਮੁੱਲ 70 ਰੁਪਏ ਕਰਨਾ ਪਿਆ। 8 ਰੁਪਏ ਕਣਕ ਦਾ ਬੋਨਸ ਦਿੱਤਾ ਤਾਂ ਪੈਦਾਵਾਰ ਵੱਧੀ। 1977-78 ਵਿਚ ਪੈਦਾਵਾਰ ਵੱਧੀ ਸੀ। ਕਿਸਾਨ ਨੂੰ ਗੰਨੇ ਦਾ ਠੀਕ ਭਾਅ ਨਹੀਂ ਮਿਲਦਾ ਪਰ ਖੰਡ ਉਸ ਨੂੰ ਮਹਿੰਗੀ ਲੈਣੀ ਪੈਂਦੀ ਹੈ। ਕਿਸਾਨ ਨੂੰ ਖਾਦਾਂ ਮਹਿੰਗੀਆਂ ਲੈਣੀਆਂ ਪੈਂਦੀਆਂ ਹਨ। ਜੇ ਕਿਸਾਨ ਨੂੰ ਖਾਦ ਠੀਕ ਭਾਅ ਤੇ ਮਿਲੇਗੀ ਤਾਂ ਜਿਥੇ ਉਸ ਨੇ 5 ਬੋਰੀਆਂ ਖਾਦ ਦੀਆਂ ਪਾਉਣੀਆਂ ਹਨ ਉਥੇ ਉਹ 5 ਬੋਰੀਆਂ ਹੀ ਪਾਵੇਗਾ ਪਰ ਜੇ ਉਸ ਨੂੰ ਖਾਦ ਮਹਿੰਗੀ ਲੈਣੀ ਪਵੇਗੀ ਤਾਂ ਜਿਥੇ ਉਸ ਨੇ 5 ਬੋਰੀਆਂ ਪਾਉਣੀਆਂ ਹਨ ਉਥੇ ਉਹ 3 ਬੋਰੀਆਂ ਹੀ ਪਾਵੇਗਾ। ਜੇ ਖਾਦ ਠੀਕ ਭਾਅ ਤੇ ਮਿਲੇਗੀ ਤਾਂ ਉਹ ਪੂਰੀ ਖਾਦ ਪਾਵੇਗਾ ਅਤੇ ਉਸ ਦੀ ਪੂਰੀ ਉਪਜ ਹੋਵੇਗੀ ਅਤੇ ਜੇ ਖਾਦ ਪੂਰੀ ਨਹੀਂ ਪਾਵੇਗਾ ਤਾਂ ਉਪਜ ਠੀਕ ਨਹੀਂ ਨਿਕਲੇਗੀ। ਇਥੇ ਚੀਫ

Original with;
Punjab Vidhan Sabha
Digitized by;
Panjab Digital Library

[ਬਾਮਚੇਡ ਕੁਲਵੰਤ ਸਿੰਘ]

ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਕਣਕ ਦੇ ਬੋਨਸ ਅਤੇ ਝੋਨੇ ਦੀ ਖਰੀਦ ਬਾਰੇ ਗੱਲ ਕਰ ਰਹੇ ਹਾਂ। ਇਨ੍ਹਾਂ ਨੇ ਐਸ਼ੋਅਰ ਕਰਾਇਆ ਸੀ ਕਿ ਐਫ. ਸੀ. ਆਈ. ਨੂੰ ਕਹਾਂਗੇ ਕਿ ਉਹ ਮੰਡੀਆਂ ਵਿਚੋਂ ਖਰੀਦਣ। ਪਰ ਸਵਾਲ ਇਸ ਗੱਲ ਦਾ ਹੈ ਕਿ ਕਣਕ ਦੇ ਬੋਨਸ ਬਾਰੇ ਕੀ ਕੀਤਾ ਹੈ ? ਖਾਦ ਦੀ ਸਬਸਿਡੀ ਬਾਰੇ ਕੀ ਕੀਤਾ ਹੈ ? ਇਸ ਬਾਰੇ ਇਸ ਡਿਮਾਂਡ ਵਿਚ ਕੁਝ ਨਹੀਂ ਹੈ। 5 ਕਰੋੜ ਰੁਪਿਆ ਚੂਹੇ ਮਾਰ ਦਵਾਈਆਂ ਵਾਸਤੇ ਰੱਖਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ 5 ਕਰੋੜ ਰੁਪਿਆ ਚੂਹੇ ਮਾਰ ਦਵਾਈਆਂ ਦੇ ਖਰਚਣ ਨਾਲ ਘਾਟਾ ਪੂਰਾ ਨਹੀਂ ਹੋ ਸਕਦਾ। ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ ਇਸ ਲਈ ਜ਼ਰੂਰੀ ਹੈ ਕਿ ਪੰਜਾਬ ਦੇ ਕਿਸਾਨ ਨੂੰ ਉਸ ਦੀ ਜਿਣਸ ਦਾ ਪੂਰਾ ਭਾਅ ਦਿਵਾਇਆ ਜਾਵੇ ਤਾਕਿ ਪ੍ਰੋਡਕਸ਼ਨ ਵੱਧ ਸਕੇ। (ਘੰਟੀ) ਇਹ ਜਿਹੜੇ ਅਪੋਜ਼ੀਸ਼ਨ ਵਿਚ ਬੈਠੇ ਵੀਰ ਹਨ ਇਹ ਕਹਿੰਦੇ ਹਨ ਕਿ ਗੰਨੇ ਦੀ ਕੀਮਤ ਘੱਟਣ ਨਾਲ ਗੰਨੇ ਦੀ ਪੈਦਾਵਾਰ ਘੱਟ ਗਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਇਕ ਸਾਲ ਵਿਚ ਗੰਨੇ ਦੀ ਪੈਦਾਵਾਰ ਪੂਰੀ ਨਹੀਂ ਹੋਣੀ, ਇਹ 4 ਸਾਲਾਂ ਵਿਚ ਪੂਰੀ ਹੋਵੇਗੀ। ਕਣਕ ਦੇ ਬਾਰੇ ਬਾਹਰਲੇ ਮੁਲਕਾਂ ਵਿਚ ਵੀ ਰੌਲਾ ਪੈ ਰਿਹਾ ਹੈ ਕਿ ਇਸ ਦੀ ਪ੍ਰੋਡਕਸ਼ਨ ਘੱਟ ਜਾਣੀ ਹੈ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦੇ ਰੇਟ ਨਹੀਂ ਵੱਧਣੇ ਚਾਹੀਦੇ ਅਤੇ ਬਿਜਲੀ 8--10 ਘੰਟਿਆਂ ਦੀ ਥਾਂ ਤੇ 16 ਘੰਟੇ ਕਿਸਾਨਾਂ ਨੂੰ ਮਿਲਣੀ ਚਾਹੀਦੀ ਹੈ ਤਾਕਿ ਉਹ ਆਪਣਾ ਝੋਨਾ ਪਾਲ ਸਕਣ। ਐਨੀਆਂ ਗੱਲਾਂ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਇਕਬਾਲ ਸਿੰਘ (ਰਾਜਾਸਾਂਸੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਹਾਊਸ ਵਿਚ ਹਾਜ਼ਰੀ ਲੁਆਉਣ ਦਾ ਮੌਕਾ ਦਿੱਤਾ ਹੈ। ਮੈਂ ਅੱਜ ਦੀਆਂ ਮੰਗਾਂ ਉਤੇ ਹਾਊਸ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਯਤਨ ਕਰਾਂਗਾ। ਸਾਡਾ ਸੂਬਾ ਖੇਤੀਬਾੜੀ ਦਾ ਸੂਬਾ ਹੈ, ਇਸ ਦੀ ਆਬਾਦੀ ਦਾ ਬਹੁਤਾ ਹਿੱਸਾ ਖੇਤੀਬਾੜੀ ਤੇ ਮੁਨੱਸਰ ਹੈ। ਜਦੋਂ ਮੁਲਕ ਦਾ ਬਟਵਾਰਾ ਹੋਇਆ ਤਾਂ ਇਹ ਪੰਜਾਬ ਜਿਸ ਦੇ ਵਿਚੋਂ ਹੁਣ ਹਰਿਆਣਾ ਅੱਡ ਹੋ ਗਿਆ ਹੈ ਅਨਾਜ ਵਿੱਚ ਪਿੱਛੇ ਸੀ, ਇਥੇ ਅਨਾਜ ਘੱਟ ਪੈਦਾ ਹੁੰਦਾ ਸੀ, ਕਪਾਹ ਘੱਟ ਹੁੰਦੀ ਸੀ ਅਤੇ ਅਸੀਂ ਬਾਹਰੋਂ ਅਨਾਜ ਮੰਗਵਾ ਕੇ ਆਪਣਾ ਗੁਜ਼ਾਰਾ ਕਰਦੇ ਸੀ। ਲੇਕਿਨ ਅੱਜ ਅਨਾਜ ਅਤੇ ਕਪਾਹ ਆਦਿ ਚੀਜ਼ਾਂ ਦੀ ਪੈਦਾਵਾਰ ਬਹੁਤ ਵੱਧ ਗਈ ਹੈ ਅਤੇ ਅਸੀਂ ਅਨਾਜ ਦੂਸਰਿਆਂ ਸੂਬਿਆਂ ਨੂੰ ਦਿੰਦੇ ਹਾਂ। ਇਹ ਚੀਜ਼ ਕਿਉਂ ਹੋਈ ਹੈ ? ਇਹ ਕਿਸ ਦੀ ਦੇਣ ਹੈ ? ਇਹ ਕਾਂਗਰਸ ਗੌਰਮਿੰਟ ਦੇ ਯਤਨਾਂ ਦੀ ਦੇਣ ਹੈ। ਇਹ ਉਨ੍ਹਾਂ ਦੀ ਪਲੈਨਿੰਗ ਦੀ ਦੇਣ ਹੈ ਕਿ ਅੱਜ ਅਨਾਜ ਸਾਡੇ ਕੋਲ ਵਾਧੂ ਹੈ ਅਤੇ ਅੱਜ ਅਨਾਜ ਨੂੰ ਮੰਡੀਆਂ ਵਿਚੋਂ ਚੁਕਣ ਦਾ ਮਸਲਾ ਸਾਡੇ ਸਾਹਮਣੇ ਪੈਦਾ ਹੋ ਗਿਆ ਹੈ। ਪੈਡੀ ਬਾਰੇ ਵੀ ਇਸ ਹਾਊਸ ਵਿਚ ਵਿਚਾਰ ਆਉਂਦੀ ਰਹੀ ਹੈ। ਸਵਾਲ ਇਥੇ ਆਇਆ ਕਿ ਐਫ. ਸੀ. ਆਈ. ਪੈਡੀ ਚੁਕਣ ਤੋਂ ਇਨਕਾਰ ਕਰਦੀ ਹੈ। ਉਹ ਚੁਕਣ ਤੋਂ ਇਨਕਾਰ ਕਿਉਂ ਕਰਦੀ ਹੈ ? ਉਹ ਇਸ ਕਰਕੇ ਕਿ ਜੋ ਉਸ ਨੇ ਪਹਿਲਾਂ ਖਰੀਦੀ ਸੀ ਉਹ ਕਿਸੇ ਬਿਲੇ ਨਹੀਂ ਲਗ ਸਕੀ। ਪੰਜਾਬ ਵਿਚ ਅਗੇ ਹੀ ਬਹੁਤ ਸਟਾਕ ਪਿਆ ਹੈ ਅਤੇ ਅਗਲੇ ਸਾਲ ਦੀ ਫਿਰ ਫਸਲ ਆ ਜਾਣੀ ਹੈ। ਇਨ੍ਹਾਂ ਹਾਲਤਾਂ ਵਿਚ ਜ਼ਿਮੀਦਾਰ ਤੇ ਇਕ ਹੋਰ ਬੋਝ ਪਾ ਦਿੱਤਾ ਕਿ ਖਾਦ ਦੀ ਕੀਮਤ ਵੱਧ ਗਈ ਹੈ, ਡੀਜ਼ਲ ਦੀ ਕੀਮਤ ਵਧ ਗਈ ਹੈ ਪਰ ਫਿਰ ਵੀ ਜ਼ਿਮੀਂਦਾਰ ਵੱਧ ਪੈਦਾਵਾਰ ਕਰ ਰਿਹਾ ਹੈ। ਅਨਾਜ ਜਾਂ ਕੋਈ ਹੋਰ ਜਿਣਸ ਵਾਧੂ ਹੋ ਜਾਵੇ ਤਾਂ ਉਸ ਦੀ ਅਗੇ ਮੰਗ ਘੱਟ ਜਾਂਦੀ ਹੈ ਅਤੇ ਉਹ ਫਿਰ ਰੁਲਦਾ ਰਹਿੰਦਾ ਹੈ। ਜਿਹੜਾ ਵਾਧੂ ਅਨਾਜ ਪੈਦਾ ਹੁੰਦਾ ਹੈ, ਕਪਾਹ ਪੈਦਾ ਹੁੰਦੀ ਹੈ ਉਸ ਦਾ ਸਰਕਾਰ ਨੂੰ ਇੰਤਜ਼ਾਮ ਕਰਨਾ ਚਾਹੀਦਾ ਸੀ। ਪਿਛਲੀ ਸਰਕਾਰ ਨੂੰ ਅਨਾਜ ਦੇ ਲਈ, ਪੈਡੀ ਦੇ ਲਈ ਪਲੈਨਿੰਗ ਕਰਨੀ ਚਾਹੀਦੀ ਸੀ। ਐਫ. ਸੀ. ਆਈ. ਦਾ ਪੈਡੀ ਕਿਉਂ ਸ਼ੈਲ ਨਹੀਂ ਹੋਇਆ ? ਉਨ੍ਹਾਂ ਦੀਆਂ ਕੁਝ ਸ਼ਰਤਾਂ ਹਨ ਅਤੇ ਉਨ੍ਹਾਂ ਸ਼ਰਤਾਂ ਦੇ ਮੁਤਾਬਿਕ ਸ਼ੈਲ ਕਰਨਾ ਚਾਹੀਦਾ ਸੀ। ਸ਼ੈਲਰਾਂ ਵਾਲੇ ਉਹ ਸ਼ਰਤਾਂ ਮੰਨਦੇ ਨਹੀਂ ਸਨ। ਜਿਸ

Original with;
Punjab Vidhan Sabha
Digitized by;
Panjab Digital Library

ਵੱਲ ਪਹਿਲੀ ਸਰਕਾਰ ਨੂੰ ਦੇਖਣਾ ਚਾਹੀਦਾ ਸੀ ਅਤੇ ਕੋਈ ਇੰਤਜ਼ਾਮ ਕਰਨਾ ਚਾਹੀਦਾ ਸੀ ਤਾਂਕਿ ਨਾਲ ਦੇ ਨਾਲ ਸਾਲ ਦੇ ਸਾਲ ਸ਼ੈਲਿੰਗ ਹੁੰਦੀ ਜਾਂਦੀ ਅਤੇ ਇਹ ਮਸਲਾ ਖੜਾ ਨਹੀਂ ਸੀ ਹੋਣਾ। ਇਹ ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਗਲੀ ਫਸਲ ਤੇ ਇਹ ਬਹੁਤ ਗੰਭੀਰ ਮਸਲਾ ਹੋ ਜਾਣਾ ਹੈ। ਜੇ ਪੈਡੀ ਦੀ ਪੈਦਾਵਾਰ ਨਾਲ ਪਿਛਲੇ ਸਾਲ ਵਾਂਗ ਹੀ ਹੋਇਆ ਤਾਂ ਐਫ. ਸੀ. ਆਈ. ਵਾਲਿਆਂ ਨੇ ਉਹ ਮਾਲ ਨਹੀਂ ਚੁੱਕ ਸਕਣਾ ਜੋ ਅਗੋਂ ਆਉਣਾ ਹੈ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਪੈਡੀ ਦੀ ਸਾਡੀ ਪੈਦਾਵਾਰ 1947 ਤੋਂ ਬਾਅਦ ਬਹੁਤ ਵਧ ਗਈ ਹੈ ਅਤੇ ਇਸੇ ਤਰ੍ਹਾਂ ਕਣਕ ਦੀ ਪੈਦਾਵਾਰ ਵੀ ਬਹੁਤ ਜ਼ਿਆਦਾ ਵਧ ਗਈ ਹੈ। ਸਰਕਾਰ ਨੂੰ ਚਾਹੀਦਾ ਹੈ ਅਤੇ ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਸਰਕਾਰ ਤੋਂ ਮੰਗ ਕਰਦਾ ਹਾਂ ਕਿ ਪੈਡੀ, ਆਨਾਜ ਜਾਂ ਗੰਦਮ ਆਦਿ ਫਸਲਾਂ ਦਾ ਪੈਟਰਨ ਬਦਲਣ ਤੇ ਪੈਡੀ ਅਤੇ ਅਨਾਜ ਤੋਂ ਇਲਾਵਾ ਸਬਜ਼ੀਆਂ ਅਤੇ ਫਲਾਂ ਵਲ ਵੀ ਧਿਆਨ ਰਖਣ ਦੀ ਲੋੜ ਹੈ, ਉਨ੍ਹਾਂ ਨੂੰ ਪ੍ਰਜ਼ੀਰਵ ਕਰਨ ਦੇ ਸਾਧਨ ਦੇਣ, ਤਦ ਹੀ ਕਿਸਾਨ ਦੀ ਹਾਲਤ ਕੁਝ ਠੀਕ ਹੋ ਸਕੇਗੀ। ਜੇ ਇਹ ਅਨਾਜ ਦੀ ਪੈਦਾਵਾਰ ਘਟੇ ਅੰਰ ਇਨ੍ਹਾਂ ਫਲਾਂ ਅਤੇ ਸਬਜ਼ੀਆਂ ਦੀ ਵਧੇ ਤਾਂ ਕਿਸਾਨ ਦਾ ਬੈਲੈਂਸ ਬਰਾਬਰ ਰਹੇਗਾ, ਕਿਸਾਨ ਨੂੰ ਇਨ੍ਹਾਂ ਚੀਜ਼ਾਂ ਦੀ ਕੀਮਤ ਮਿਲੇਗੀ ਅਤੇ ਗਾਹਕ ਮਿਲੇਗਾ ਜਿਸ ਦੇ ਨਾਲ ਉਸ ਨੂੰ ਫਾਇਦਾ ਹੋਵੇਗਾ ਅਤੇ ਇਹੋ ਜਿਹੇ ਜਿਹੜੇ ਮਸਲੇ ਪੈਦਾ ਹੋ ਰਹੇ ਹਨ ਉਹ ਨਹੀਂ ਹੋਣਗੇ।

ਇਥੇ, ਡਿਪਟੀ ਸਪੀਕਰ ਸਾਹਿਬ, ਢਿਲੋਂ ਸਾਹਿਬ ਨੇ ਸੇਮ ਬਾਰੇ ਆਖਿਆ ਹੈ। ਇਹ ਇਕ ਬਹੁਤ ਵਡਾ ਮਸਲਾ ਬਣ ਗਿਆ ਹੈ। ਫਿਰੋਜ਼ਪੁਰ, ਫਰੀਦਕੋਟ ਅਤੇ ਬਠਿੰਡਾ ਦੇ ਜ਼ਿਲ੍ਹਿਆਂ ਵਿਚ ਪਾਣੀ ਦੀ ਸਤਹ ਵੱਧਦੀ ਜਾਂਦੀ ਹੈ। ਉਥੇ ਪਾਣੀ ਉਪਰ ਨੂੰ ਆਉਂਦਾ ਜਾਂਦਾ ਹੈ। ਇਸ ਨੂੰ ਵੀ ਵੇਲੇ ਸਿਰ ਵੇਖ ਲੈਣਾ ਚਾਹੀਦਾ ਹੈ। ਜਿਸ ਤਰ੍ਹਾਂ ਇਥੇ ਇਕ ਸੁਝਾਓ ਸੀ ਕਿ ਸੇਮ ਵਾਲਿਆਂ ਇਲਾਕਿਆਂ ਵਿਚੋਂ ਟਿਊਬਵੈਲ ਲਾ ਕੇ ਪਾਣੀ ਉਨ੍ਹਾਂ ਇਲਾਕਿਆਂ ਨੂੰ ਦਿਤਾ ਜਾਵੇ ਜਿਥੇ ਪਾਣੀ ਨਹੀਂ ਜਾਂਦਾ, ਇਹ ਬੜੀ ਚੰਗੀ ਚੀਜ਼ ਹੈ। ਜਿਥੇ ਪਾਣੀ ਦੀ ਸਤਹ ਉਤੇ ਜਾਂਦੀ ਹੈ ਉਸ ਨੂੰ ਵੀ ਰਾਹਤ ਮਿਲੇਗੀ ਕਿ ਉਥੋਂ ਪਾਣੀ ਘੱਟ ਜਾਵੇਗਾ ਅਤੇ ਅਗੇ ਜਿਥੇ ਪਾਣੀ ਨਹੀਂ ਉਥੇ ਲੋਕਾਂ ਨੂੰ ਪਾਣੀ ਜਾਵੇਗਾ ਉਨ੍ਹਾਂ ਨੂੰ ਵੀ ਫਾਇਦਾ ਹੋਵੇਗਾ। ਅੰਮ੍ਰਿਤਸਰ ਵਿਚ ਇਹ ਤਜਰਬਾ ਕੀਤਾ ਗਿਆ ਹੈ ਅਤੇ ਉਥੇ ਕਾਫੀ ਹੱਦ ਤਕ ਇਹ ਤਜਰਬਾ ਕਾਮਯਾਬ ਰਿਹਾ ਹੈ। ਜੰਡਿਆਲਾ ਬਰਾਂਚ ਵਿਚ ਪਿਛਲੇ ਸਾਲਾਂ ਵਿਚ ਇਹ ਤਜਰਬਾ ਕੀਤਾ ਗਿਆ ਸੀ ਜਿਹੜਾ ਕਿ ਕਾਮਯਾਬ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਆਬਪਾਸ਼ੀ ਅਤੇ ਬਿਜਲੀ ਦੀ ਜੋ ਮੰਗ ਹੈ ਉਹ ਅਪਰੈਲ, ਮਈ ਅਤੇ ਜੂਨ ਯਾਨੀ ਬਾਰਸ਼ਾਂ ਤੋਂ ਪਹਿਲਾਂ ਬਹੁਤ ਹੁੰਦੀ ਹੈ ਲੇਕਿਨ ਹਰ ਸਾਲ ਇਸ ਦੇ ਲਈ ਕਸ਼ਟ ਆਉਂਦਾ ਹੈ। ਇਸ ਦੇ ਵਾਸਤੇ ਪ੍ਰਾਪਰ ਪਲੈਨਿੰਗ ਹੋਣੀ ਚਾਹੀਦੀ ਹੈ। ਜਿਹੜਾ ਇਥੇ ਫਲੈਟ ਰੇਟ ਦਾ ਵੀ ਰੌਲਾ ਪੈਂਦਾ ਹੈ, ਇਸ ਦਾ ਵੀ ਹੱਲ ਹੋਣਾ ਚਾਹੀਦਾ ਹੈ। ਕਿਸਾਨ ਤਾਂ ਇਨ੍ਹਾਂ 3–4 ਮਹੀਨਿਆਂ ਵਿਚ ਜਾਂ ਅਕਤੂਬਰ ਦੀ ਬਿਜਾਈ ਜਦੋਂ ਹੁੰਦੀ ਹੈ ਬਹੁਤੀ ਬਿਜਲੀ ਦੀ ਮੰਗ ਕਰਦਾ ਹੈ ਲੇਕਿਨ ਇਨ੍ਹਾਂ 4 ਮਹੀਨਿਆਂ ਵਿਚ ਉਸ ਨੂੰ ਬਿਜਲੀ ਨਹੀਂ ਮਿਲਦੀ, ਪਾਣੀ ਨਹੀਂ ਮਿਲਦਾ, ਇਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਐਤਕੀਂ ਕੁਝ ਨਵੀਆਂ ਪ੍ਰੰਪਰਾਵਾਂ ਬਣਾ ਦਿੱਤੀਆਂ। 20 ਸਾਲ ਤੋਂ ਟੈਮਪਰੇਰੀ ਸ਼ੂਟਾਂ ਲਗਦੀਆਂ ਆ ਰਹੀਆਂ ਹਨ ਪਰ ਐਤਕੀਂ ਉਹ ਸ਼ੂਟਾਂ ਨਹੀਂ ਲਗੀਆਂ। ਗਵਰਨਰੀ ਰਾਜ ਵਿਚ ਇਕ ਸਰਕੂਲਰ ਹੋ ਗਿਆ ਸੀ। ਇਕ ਤਾਂ ਸੋਕਾ ਪੈ ਗਿਆ ਅਤੇ ਦੂਸਰਾ ਇਹ ਟੈਮਪਰੇਰੀ ਸ਼ੂਟਾਂ ਨਹੀਂ ਲਗੀਆਂ। ਇਸ ਦੇ ਕਾਰਨ ਝੋਨਾ ਘੱਟ ਲਗਿਆ ਹੈ। ਬਾਰਸ਼ ਹੋਈ ਨਹੀਂ, ਟੈਮਪਰੇਰੀ ਸ਼ੂਟਾਂ ਲਗੀਆਂ ਨਹੀਂ ਜਿਸ ਕਰਕੇ ਪਾਣੀ ਨਹੀਂ ਲਗ ਸਕਿਆ ਅਤੇ ਪਾਣੀ ਨਾ ਹੋਣ ਕਾਰਨ ਪੂਰਾ ਝੋਨਾ ਨਹੀਂ ਲਾਇਆ ਜਾ ਸਕਿਆ। ਜੋ ਪਛੇਤਰਾ ਲਗਿਆ ਹੈ ਉਹ ਹੜ੍ਹ ਨਾਲ ਡੁਬ ਗਿਆ ਹੈ ਇਸ ਵਜ੍ਹਾ ਨਾਲ ਨੁਕਸਾਨ ਹੋਇਆ ਹੈ। ਇਹ ਗਲਾਂ ਧਿਆਨ ਵਿਚ ਰਖਣ ਵਾਲੀਆਂ ਹਨ। (ਘੰਟੀ)

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ]

ਡਿਪਟੀ ਸਪੀਕਰ ਸਾਹਿਬ, ਜਿਹੜਾ ਬਜਟ ਪੇਸ਼ ਕੀਤਾ ਹੈ ਉਸ ਨੂੰ ਦੇਖ ਕੇ ਇਹ ਹੈਰਾਨੀ ਹੋਈ ਹੈ ਕਿ ਇਸ ਦੇ ਵਿਚ ਆਬਪਾਸ਼ੀ ਦੇ ਵਿਚ ਘਾਟ ਹੈ, ਬਿਜਲੀ ਦੇ ਵਿਚ ਘਾਟਾ ਬਹੁਤ ਵਡਾ ਦਿਖਾਇਆ ਗਿਆ ਹੈ। ਇਸ ਬਾਰੇ ਵੀ ਵਿਚਾਰ ਕਰਨ ਦੀ ਲੋੜ ਹੈ। ਇਹ ਘਾਟੇ ਕਿਉਂ ਹਨ ? ਮੈਂ ਤੁਹਾਨੂੰ ਨਿਕੀ ਜਿਹੀ ਗਲ ਦਸੱਣੀ ਚਾਹੁੰਦਾ ਹਾਂ। ਇਸ ਪੰਜਾਬ ਵਿਚ ਜਿਹੜਾ ਸਾਡਾ ਹੁਣ ਵਾਲਾ ਪੰਜਾਬ ਹੈ ਇਸ ਨੂੰ ਪਹਿਲਾਂ ਸਿਰਫ ਅਪਰਬਾਰੀ ਦੁਆਬ ਨਹਿਰ ਲਗਦੀ ਸੀ। ਉਸ ਨਹਿਰ ਦੇ ਉਤੇ ਬਹੁਤ ਸਾਰੇ ਦਰੱਖਤ ਹੁੰਦੇ ਸੀ। ਉਨ੍ਹਾਂ ਦਰਖਤਾਂ ਦੀ ਬਹੁਤ ਆਮਦਨੀ ਹੁੰਦੀ ਸੀ। ਹੁਣ ਤੁਸੀਂ ਦੇਖੋ ਕਿ ਮਾਧੋਪੁਰ ਤੋਂ ਲੈ ਕੇ ਵਾਗੇ ਤੱਕ ਅੰਮ੍ਰਿਤਸਰ ਕਸੂਰ ਬਰਾਂਚ ਤੇ ਕੋਈ ਦਰੱਖਤ ਨਹੀਂ ਹੈ। ਪਿਛਲੇ ਦਰੱਖਤ ਜੋ ਲਗੇ ਹੋਏ ਸੀ ਉਹ ਕੱਟ ਲਏ ਗਏ ਹਨ ਅਤੇ ਅੱਗੇ ਨੂੰ ਹੋਰ ਲਗਾਏ ਨਹੀਂ ਗਏ। ਜੇ ਥੋੜ੍ਹੇ ਬਹਤ ਲਗਾਏ ਵੀ ਗਏ ਹਨ ਤਾਂ ਉਹ ਲੋਕਾਂ ਨੇ ਰਹਿਣ ਨਹੀਂ ਦਿੱਤੇ। ਇਹ ਦੇਖਿਆ ਜਾਂਦਾ ਰਿਹਾ ਹੈ ਕਿ ਇਹ ਦਰੱਖਤ ਇਕ ਬਹੁਤ ਵਡੀ ਆਮਦਨ ਦਾ ਜ਼ਰੀਆ ਸਨ। ਤੁਸੀਂ ਮਹਿਕਮੇਂ ਤੋਂ ਫਿਗਰਜ਼ ਕੱਢਵਾ ਕੇ ਦੇਖ ਲਓ ਕਿ ਇਸ ਦੇ ਵਿਚ ਕਿੰਨੀ ਆਮਦਨ ਹੋਈ ਹੈ। ਇਹ ਇਕ ਇਹੋ ਜਿਹੀ ਆਮਦਨੀ ਹੈ ਜਿਸ ਦੇ ਲਈ ਆਬਪਾਸ਼ੀ ਦੀ ਬਹੁਤੀ ਲੋੜ ਨਹੀਂ, ਬਹੁਤੇ ਪਾਣੀ ਦੀ ਲੋੜ ਨਹੀਂ। ਸਲਾਬ ਦੀ ਵਜ੍ਹਾ ਨਾਲ ਹੀ ਉਥੇ ਦਰੱਖਤ ਹੋ ਜਾਂਦੇ ਹਨ। ਇਸ ਗਲ ਵਲ ਵੀ ਧਿਆਨ ਦੇਣ ਦੀ ਲੋੜ ਹੈ। ਇਹ ਕੰਮ ਇਸ ਵੇਲੇ ਜੰਗਲਾਤ ਦੇ ਮਹਿਕਮੇ ਕੋਲ ਹੈ। ਪਹਿਲਾਂ ਇਹ ਨਹਿਰ ਦੇ ਮਹਿਕਮੇ ਵਾਲਿਆਂ ਕੋਲ ਹੁੰਦਾ ਸੀ ਅਤੇ ਉਹ ਉਨ੍ਹਾਂ ਦੀ ਰਾਖੀ ਵੀ ਕਰਦੇ ਸਨ. ਦੇਖ ਭਾਲ ਵੀ ਕਰਦੇ ਸਨ ਅਤੇ ਇਸ ਦੀ ਆਮਦਨ ਵੀ ਉਨ੍ਹਾਂ ਨੂੰ ਹੀ ਜਾਂਦੀ ਸੀ। ਅੱਜ ਜਦੋਂ ਇਹ ਜੰਗਲਾਤ ਦੇ ਮਹਿਕਮੇ ਨੂੰ ਦੇ ਦਿੱਤਾ ਹੈ ਤਾਂ ਇਸ ਦੀ ਇਹ ਹਾਲਤ ਹੈ। ਮੈਂ ਅਰਜ਼ ਕਰਾਂਗਾ ਕਿ ਇਸ ਦਾ ਇੰਤਜ਼ਾਮ ਫਿਰ ਨਹਿਰ ਦੇ ਮਹਿਕਮੇ ਵਾਲਿਆਂ ਨੂੰ ਦੇ ਦਿਓ। ਉਹ ਕੰਮ ਕਰ ਸਕਦੇ ਹਨ ਰਾਖੀ ਵੀ ਕਰ ਸਕਦੇ ਹਨ। ਉਨ੍ਹਾਂ ਦੀ ਜ਼ਿਮੇਵਾਰੀ ਹੋਵੇਗੀ। ਜੰਗਲਾਤ ਦੇ ਮਹਿਕਮੇ ਵਾਲੇ ਉਥੇ ਕਦੀ ਕੋਈ ਜਾਂਦੇ ਨਹੀਂ ਅਤੇ ਜਿੰਨੇ ਵੀ ਉਹ ਥੋੜ੍ਹੇ ਬਹੁਤ ਦਰਖੱਤ ਲਗਾਉਂਦੇ ਹਨ ਉਹ ਇਸੇ ਤਰ੍ਹਾਂ ਹੀ ਜ਼ਾਇਆ ਹੋ ਜਾਂਦੇ ਹਨ।

ਬਾਕੀ ਸਾਬਕਾ ਮੁੱਖ ਮੰਤਰੀ ਸਾਹਿਬ ਨੇ ਵੀ ਅਤੇ ਅੱਜ ਸਰਦਾਰ ਨੱਥਾ ਸਿੰਘ ਦਾਲਮ ਹੋਰਾਂ ਨੇ ਵੀ ਜ਼ਿਕਰ ਕੀਤਾ ਹੈ ਕਿ ਸਤਲੁਜ–ਬਿਆਸ ਦਾ ਪਾਣੀ ਪਿਛਲੀ ਕਾਂਗਰਸ ਸਰਕਾਰ ਨੇ ਹਰਿਆਣੇ ਨੂੰ ਜ਼ਿਆਦਾ ਦੇ ਦਿੱਤਾ ਅਤੇ ਢਿਲੋਂ ਸਾਹਿਬ ਜਿਹੜੇ ਕਿ ਉਸ ਵੇਲੇ ਸਪੀਕਰ ਸਨ ਉਨ੍ਹਾਂ ਨੇ ਐਗਰੀਮੈਂਟ ਤੇ ਦਸੱਤਖਤ ਕੀਤੇ ਸਨ। ਡਿਪਟੀ ਸਪੀਕਰ ਸਾਹਿਬ, ਢਿਲੋਂ ਸਾਹਿਬ ਦੀ ਚਿੱਠੀ ਸਪੀਕਰ ਸਾਹਿਬ ਦੇ ਨਾਂ ਆਈ ਹੈ ਅੱਰ ਉਸ ਚਿੱਠੀ ਦੀ ਕਾਪੀ ਇਸ ਹਾਊਸ ਵਿਚ ਵੰਡੀ ਗਈ ਹੈ ਉਨ੍ਹਾਂ ਇਸ ਗਲ ਤੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਨੇ ਕਿਸੇ ਮੁਹਾਇਦੇ ਤੇ ਦਸਤਖਤ ਨਹੀਂ ਕੀਤੇ ਅੱਰ ਕਿਹਾ ਕਿ ਜਦੋਂ ਇਹ ਮੇਰੇ ਨੋਟਿਸ ਵਿਚ ਆਇਆ ਮੈਂ ਪ੍ਰੋਟੈਸਟ ਕੀਤਾ ਅੱਰ ਜਦੋਂ ਇਹ ਮੁਹਾਇਦਾ ਹੋਇਆ ਉਸ ਵੇਲੇ ਉਹ ਸਪੀਕਰ ਸਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਰਗਾ ਸੁਲਝਿਆ ਹੋਇਆ ਭਲਾਮਾਣਸ ਨੇਤਾ ਹਾ ਉਸ ਦੀ ਮਰਯਾਦਾ ਨੂੰ ਮੁੱਖ ਨਾ ਰਖਦੇ ਹੋਇਆਂ ਇਕ ਐਸੇ ਵਿਅਕਤੀ ਤੇ ਇਲਜ਼ਾਮ ਲਾਏ ਜਿਹੜਾ ਹਾਊਸ ਵਿਚ ਹਾਜ਼ਰ ਨਹੀਂ ਅਤੇ ਜਵਾਬ ਨਹੀਂ ਦੇ ਸਕਦਾ ਉਸ ਦੇ ਬਾਰੇ ਮੈਂ ਕੀ ਲਫਜ਼ ਵਰਤਾਂ, ਮੈਨੂੰ ਸਮਝ ਨਹੀਂ ਆਉਂਦੀ। ਇਕ ਸਜਣ ਜਾ ਰਿਹਾ ਸੀ ਅਤੇ ਰਸਤੇ ਵਿਚ ਇਕ ਵੇੜ੍ਹਕਾ ਬਝਾ ਹੋਇਆ ਸੀ, ਉਸ ਨੇ ਪੁਛਿਆ ਕਿ ਮਾਈ ਇਹ ਵੇੜ੍ਹਕਾ ਮਾਰਦਾ ਤਾਂ ਨਹੀਂ ਉਸ ਨੇ ਕਿਹਾ ਕਿ ਲੰਙੀ ਕਿਸ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਹਰਿਆਣਾ ਕਿਸ ਬਣਾਇਆ ਹੈ ਅੱਜ ਉਨ੍ਹਾਂ ਨਾਲ ਇਹ ਆਪਣੇ ਝਗੜੇ ਕਰਦੇ ਹਨ। (ਵਿਘਨ) ਹਰਿਆਣਾ ਵਾਲਿਆਂ ਦੀ ਕੋਈ ਮੰਗ ਨਹੀਂ ਸੀ। ਬਦੋ ਬਦੀ ਉਨ੍ਹਾਂ ਨੂੰ ਹਰਿਆਣਾ ਦੇ ਦਿੱਤਾ। ਹਿਮਾਚਲ ਵਾਲਿਆਂ ਦੀ ਵੀ ਕੋਈ ਮੰਗ ਨਹੀਂ ਸੀ। ਇਨ੍ਹਾਂ ਨੇ ਪੰਜਾਬ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਆਉਣ ਵਾਲੇ ਦਸ ਸਾਲਾਂ ਵਿਚ ਹਰਿਆਣਾ ਇਨ੍ਹਾਂ ਤੋਂ ਅਗੇ ਵੱਧ ਜਾਏਗਾ। ਇਨ੍ਹਾਂ ਨੇ ਤਾਂ

Original with;
Punjab Vidhan Sabha
Digitized by;
Panjab Digital Library

ਲੜਦੇ ਹੀ ਰਹਿਣਾ ਹੈ ਔਰ ਸਾਰੀ ਉਮਰ ਇਨ੍ਹਾਂ ਦੀ ਆਪਣੀ ਲੜਾਈ ਨਹੀਂ ਮੁਕਣੀ। ਅੱਜ ਮੇਰੇ ਵੀਰ ਕਹਿੰਦੇ ਹਨ ਕਿ ਹਰਿਆਣਾ ਸਤਲੁਜ-ਬਿਆਸ ਦੇ ਪਾਣੀ ਦਾ ਝਗੜਾ ਕਰਦਾ ਹੈ। ਅਗਲੇ ਮਸਲੇ ਇਹ ਆਪਣੇ ਤਿੰਨ ਸਾਲਾਂ ਵਿਚ ਨਹੀਂ ਮੁਕਾ ਸਕੇ ਹੁਣ ਹੋਰ ਪੈਦਾ ਕਰੀ ਜਾਂਦੇ ਹਨ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜ਼ਰਾ ਸੋਚ ਸਮਝ ਕੇ ਮੰਗ ਰਖਿਆ ਕਰੋ, ਐਵੇਂ ਨਾ ਕੋਈ ਝਗੜੇ ਵਧਾਇਆ ਕਰੋ। (ਵਿਘਨ)

ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਇਸ ਦੇ ਵਿਚ ਦਸਿਆ ਗਿਆ ਹੈ ਕਿ ਥੀਨ ਡੈਮ ਜੰਗੀ ਪੱਧਰ ਤੇ ਮੁਕੰਮਲ ਕੀਤਾ ਜਾਏਗਾ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਆਪਣੀਆਂ ਚੇਅਰਜ਼ ਤੇ ਬੈਠ ਕੇ ਇੰਟਰਪਸ਼ਨ ਨਾ ਕਰਿਆ ਕਰਨ।

ਸਰਦਾਰ ਇਕਬਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਹੋਰ ਮੰਗ ਰਖਣੀ ਚਾਹੁੰਦਾ ਹਾਂ ਕਿ ਜਿਹੜੀ ਖਾਦ ਦੀ ਕੀਮਤ ਵੱਧਾਈ ਹੈ ਉਹ ਬੋਨਸ ਦੇ ਕੇ ਪੂਰੀ ਕੀਤੀ ਜਾਣੀ ਚਾਹੀਦੀ ਹੈ। ਕੋਈ ਦੋ ਰੁਪਏ ਸੈਂਕੜਾ ਮਾਰਕੀਟ ਫੀਸ ਦੀ ਚੋਰੀ ਕਰ ਜਾਂਦਾ ਹੈ, ਕੋਈ ਚਾਰ ਰੁਪਏ ਸੈਂਕੜਾ ਪਰਚੇਜ਼ ਟੈਕਸ ਦੀ ਚੋਰੀ ਕਰ ਜਾਂਦਾ ਹੈ, ਕੋਈ ਬਿਨਾ ਟੈਕਸ ਦਿਤੇ ਮਿਲਿੰਗ ਕਰਾਈ ਜਾਂਦਾ ਹੈ। ਕਿਸਾਨਾਂ ਨੂੰ ਬੋਨਸ ਦੇਣ ਨਾਲ ਇਨ੍ਹਾਂ ਟੈਕਸਾਂ ਦੀ ਚੋਰੀ ਆਪਣੇ ਆਪ ਰੁਕ ਜਾਵੇਗੀ। ਇਹ ਉਨ੍ਹਾਂ ਦਾ ਹੱਕ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰ ਮਹਿਲ) : ਡਿਪਟੀ ਸਪੀਕਰ ਸਾਹਬਿ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਮੈਂ ਮੱਦ ਨੰ: 25, 26 ਅਤੇ 38 ਸਬੰਧੀ ਬੋਲਾਂਗਾ। ਸਭ ਤੋਂ ਪਹਿਲਾਂ ਮੈਂ ਕੋਆਪਰੇਟਿਵ ਮੂਵਮੈਂਟ ਦੇ ਬਾਰੇ ਬੋਲਣਾ ਚਾਹੁੰਦਾ ਹਾਂ। ਇਹ ਜਿਹੜੀਆਂ ਸੋਸਾਇਟੀਆਂ ਨਿਊਕਲੀਅਸ ਬਣਾਈਆਂ ਹਨ, ਇਹ ਧੱਕਾ ਹੋਇਆ ਹੈ ਪਿੰਡਾਂ ਦੇ ਗਰੀਬ ਲੋਕਾਂ ਨਾਲ ਖ਼ਾਸ ਤੌਰ ਤੇ ਹਰੀਜਨਾਂ ਨਾਲ, ਗਰੀਬ ਕਿਸਾਨਾਂ ਨਾਲ। ਇਹ ਮਦ 67 (ਏ) ਐਸੀ ਹੈ ਕਿ ਰੋਜ਼ ਕਿਸਾਨਾਂ ਮਗਰ ਪੁਲਿਸ ਨੂੰ ਚਾੜ੍ਹੀ ਰਖਦੀ ਹੈ, ਉਹ ਪੈਸੇ ਨਹੀਂ ਦੇ ਸਕਦੇ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਕੋਆਪਰੇਟਿਵ ਮੂਵਮੈਂਟ ਸਹਿਕਾਰਤਾ ਲਹਿਰ ਨਹੀਂ ਰਹੇਗੀ, ਇਹ ਇਕ ਗੌਰਮਿੰਟ ਦਾ ਅਦਾਰਾ ਬਣ ਕੇ ਰਹਿ ਜਾਏਗਾ ਔਰ ਇਹ ਮੂਵਮੈਂਟ ਖਤਮ ਹੋ ਜਾਏਗੀ। ਮੈਂ ਕਹਿੰਦਾ ਹਾਂ ਕਿ ਇਸ ਨੂੰ ਹਰ ਪਿੰਡ ਵਿਚ ਲਿਜਾਣ ਦੀ ਕੋਸ਼ਿਸ਼ ਕਰੋ ਨਹੀਂ ਤਾਂ ਲੋਕ ਮਰ ਜਾਣਗੇ। ਹੁਣ ਤਿੰਨ ਚਾਰ ਸੋਸਾਇਟੀਆਂ ਇਕਠੀਆਂ ਕਰ ਦਿੱਤੀਆਂ। 4, 4 ਮੀਲ ਤੋਂ ਲੋਕ ਚੀਜ਼ਾਂ ਲੈਣ ਲਈ ਆਉਂਦੇ ਹਨ, ਚੀਜ਼ਾਂ ਮਿਲਦੀਆਂ ਨਹੀਂ ਉਹ ਧੱਕੇ ਖਾ ਕੇ ਮੁੜ ਜਾਂਦੇ ਹਨ। ਉਨ੍ਹਾਂ ਨੂੰ ਬੜੀ ਤਕਲੀਫ ਹੁੰਦੀ ਹੈ। ਇਹ ਸੋਸਾਇਟੀ ਹਰ ਪਿੰਡ ਵਿਚ ਬਣ ਜਾਏ ਤਾਂ ਚੰਗੀ ਗਲ ਹੈ।

ਹੁਣ ਮੈਂ ਖੇਤੀ ਬਾੜੀ ਦੇ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ ਇਸ ਨੂੰ ਪਰਫੁਲਤ ਕਰਨਾ ਹੈ ਤਾਂ ਤਿਖੇ ਜ਼ਮੀਨੀ ਸੁਧਾਰ ਕਰਨੇ ਚਾਹੀਦੇ ਹਨ। ਸਾਰੀਆਂ ਜ਼ਮੀਨਾਂ ਬੜੇ ਬੜੇ ਜਾਗੀਰ-ਦਾਰ ਦਬੀ ਬੈਠੇ ਹਨ। ਟਮਾਟਰ ਸਿੰਘ ਅਤੇ ਮੱਝ ਕੌਰ ਦੇ ਨਾਂ ਤੇ ਜ਼ਮੀਨਾਂ ਹਨ। ਜੇ ਅਕਾਲੀ ਗੌਰਮਿੰਟ ਆ ਜਾਂਦੀ ਹੈ ਤਾਂ ਉਹ ਨੀਲੀਆਂ ਪੱਗਾਂ ਬਨ੍ਹ ਲੈਂਦੇ ਹਨ ਔਰ ਜੇ ਕਾਂਗਰਸ ਦਾ ਰਾਜ ਆਉਂਦਾ ਹੈ ਤਾਂ ਸਫੈਦ ਪਗਾਂ ਬੰਨ੍ਹ ਲੈਂਦੇ ਹਨ ਔਰ ਚਿੱਟੀਆਂ ਟੋਪੀਆਂ ਪਾ ਲੈਂਦੇ ਹਨ ਅਤੇ ਜੇ ਜਨਤਾ ਰਾਜ ਆਉਂਦਾ ਹੈ ਤਾਂ ਇਹ ਪੀਲੀਆਂ ਟੋਪੀਆਂ ਪਾ ਲੈਂਦੇ ਹਨ (ਵਿਘਨ) (ਸ਼ੋਰ) ਮੈਂ ਕਹਿੰਦਾ ਹਾਂ ਕਿ ਇਕ ਪਾਸੇ ਹੋਵੋ। ਇਕ ਪਾਸੇ ਤਾਂ ਉਹ ਲੋਕ ਹਨ ਜਿਹੜੇ ਮੋਢਿਆਂ ਤੇ ਹੱਲ ਰਖੀ ਫਿਰਦੇ ਹਨ

Original with;
Punjab Vidhan Sabha
Digitized by
Panjab Digital Library

[ਬਾਮਰੇਡ ਸਰਵਣ ਸਿੰਘ ਚੀਮਾ]

ਪਰ ਜ਼ਮੀਨ ਨਹੀਂ ਅਤੇ ਦੂਜੇ ਪਾਸੇ ਜਿਨ੍ਹਾਂ ਕੋਲ ਜ਼ਮੀਨ ਹੈ ਉਹ ਖੇਤੀ ਕਰ ਨਹੀਂ ਸਕਦੇ ਔਰ ਜ਼ਮੀਨਾਂ ਐਵੇਂ ਪਈਆਂ ਹਨ। ਅਗਰ ਇਹੀ ਹਾਲ ਰਿਹਾ ਤਾਂ ਪੈਦਾਵਾਰ ਘੱਟ ਜਾਏਗੀ। ਅੱਜ ਜਿਥੇ ਖਾਦ ਦੀਆਂ ਕੀਮਤਾਂ ਚਲੀਆਂ ਗਈਆਂ, ਡੀਜ਼ਲ ਦੀਆਂ ਕੀਮਤਾਂ ਚਲੀਆਂ ਗਈਆਂ ਜਾਂ ਬਾਕੀ ਲੋੜੀਂਦੀਆਂ ਚੀਜ਼ਾਂ ਦੀਆਂ ਕੀਮਤਾਂ ਚਲੀਆਂ ਗਈਆਂ ਇਸ ਦੇ ਨਾਲ ਖੇਤੀ ਬਾੜੀ ਦਾ ਬੇੜਾ ਗਰਕ ਹੋ ਜਾਏਗਾ। ਜਿੰਨੇ ਵੀ ਟਰੈਕਟਰਜ਼ ਹਨ, ਮੈਂ ਸਾਥਿਆਂ ਦੀ ਗਲ ਨਹੀਂ ਕਰਦਾ, ਕੇਵਲ ਫੋਰਡ ਟਰੈਕਟਰ ਲੈ ਲਓ ਇਸ ਦੇ ਵਿਚ ਟਰਾਲੀ ਪੈ ਕੇ ਇਸ ਦੀ ਕੀਮਤ ਇਕ ਲੱਖ 30 ਹਜ਼ਾਰ ਰੁਪਏ ਬਣਦੀ ਹੈ। ਕਿਹੜਾ ਕਿਸਾਨ ਟਰੈਕਟਰ ਖਰੀਦ ਲਵੇਗਾ। ਕਿਸੇ ਟਰੈਕਟਰ ਦਾ ਨਾਂ ਲੈ ਲਵੋ ਹੱਥ ਨਹੀਂ ਪੈਂਦਾ, ਸਾਰਿਆਂ ਟਰੈਕਟਰਾਂ ਦੀਆਂ ਕੀਮਤਾਂ ਵਧੀਆਂ ਹਨ। ਕੋਈ ਮਾਂ ਨੂੰ ਕਹਿਣ ਲਗਾ ਮਾਂ ਤੈਨੂੰ ਵੇਚ ਦੇਈਏ। ਮਾਂ ਕਹਿਣ ਲਗੀ ਪੁ ਕਦੇ ਕੋਈ ਪੁਤ ਵੀ ਮਾਂ ਨੂੰ ਵੇਚਦਾ ਹੈ। ਉਹ ਕਹਿਣ ਲਗਾ ਮਾਂ ਅਸੀਂ ਮੁਲ ਹੀ ਇਤਨਾ ਰਖ ਦਿਆਂਗੇ ਕਿ ਕੋਈ ਖਰੀਦ ਹੀ ਨਾ ਸਕੇ। ਸੋ ਇਹ ਚੀਜ਼ ਇਨ੍ਹਾਂ ਨੇ ਕਰ ਦਿੱਤੀ। ਜਿਹੜੀਆਂ ਚੀਜ਼ਾਂ ਕਿਸਾਨ ਨੂੰ ਚਾਹੀਦੀਆਂ ਹਨ ਉਹ ਵੇਖਣੀਆਂ ਚਾਹੀਦੀਆਂ ਹਨ ਔਰ ਠੀਕ ਭਾਅ ਤੇ ਦੇਣੀਆਂ ਚਾਹੀਦੀਆਂ ਹਨ। ਦੂਸਰੇ ਉਸ ਨੂੰ ਉਸ ਦੇ ਭਾਅ ਦੀ ਗਰੰਟੀ ਹੋਣੀ ਚਾਹੀਦੀ ਹੈ ਔਰ ਭਾਅ ਫਸਲ ਬੀਜਣ ਤੋਂ ਪਹਿਲਾਂ ਮੁਕੱਥਰ ਕਰਨੇ ਚਾਹੀਦੇ ਹਨ ਤਾ ਕਿ ਜਿਹੜੀ ਚੀਜ਼ ਉਸ ਨੂੰ ਪੁਗੇਗੀ ਉਹ ਬੀਜੇਗਾ। ਹੁਣ ਝੋਨੇ ਦੀ ਗਲ ਹੈ। ਕੀ ਮੁੱਖ ਮੰਤਰੀ ਸਾਹਿਬ ਝੋਨੇ ਦਾ ਮੁੱਲ 120 ਰੁਪਏ ਦੇਣਗੇ ? ਗੰਨੇ ਦੀ ਗਲ ਕਥਦੇ ਹਨ ਕਿ ਗੰਨਾ ਘੱਟ ਹੋਇਆ, ਮੈਂ ਕਹਿੰਦਾ ਹਾਂ ਕਿ ਗੰਨੇ ਨੂੰ ਸੌ ਬੀਮਾਰੀਆਂ ਲਗ ਜਾਂਦੀਆਂ ਹਨ, ਕੀੜੇ ਮਕੌੜੇ ਖਾ ਜਾਂਦੇ ਹਨ। ਪਿਛਲੀ ਅਕਾਲੀ ਸਰਕਾਰ ਨੇ ਢਾਈ ਰੁਪਏ ਫੀ ਕੁਇੰਟਲ ਗੰਨੇ ਤੇ ਪਲਿਉਂ ਦਿੱਤਾ ਸੀ। ਹੁਣ ਜਿਹਗੀਆਂ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ, ਖਾਦ ਦੇ ਰੇਟ ਵੱਧ ਗਏ ਹਨ। ਕੀ ਤੁਸੀਂ ਢਾਈ ਰੁਪਏ ਪੰਜਾਬ ਦੇ ਖਜ਼ਾਨੇ ਵਿਚੋਂ ਕਿਸਾਨ ਨੂੰ ਗੰਨੇ ਦੀ ਕੀਮਤ ਵਿਚ ਵਾਧਾ ਕਰ ਕੇ ਦਿਉਗੇ ? ਅਗਰ ਇਹ ਦਿਉਗੇ ਤਦ ਹੀ ਕਿਸਾਨ ਤਰੱਕੀ ਕਰ ਸਕਦਾ ਹੈ। ਜੇ ਤੁਸੀਂ ਕਿਸਾਨ ਦੀ ਹੌਸਲਾ ਅਫਜ਼ਾਈ ਨਹੀਂ ਕਰੋਗੇ ਤਾਂ ਗੰਨਾ ਕਿਹੜਾ ਆਦਮੀ ਬੀਜੇਗਾ ਅਤੇ ਕਿਹੜਾ ਆਦਮੀ ਇਸ ਭਾਅ ਤੇ ਵੇਚੇਗਾ। (ਘੰਟੀ) ਮੈਂ ਮੰਗ ਕਥਦਾ ਹਾਂ ਕਿ ਪੰਜਾਬ ਦੀ ਸਰਕਾਰ ਨੂੰ ਕੇਂਦਰ ਦੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਗੰਨੇ ਦਾ ਭਾਅ 20 ਰੁਪਏ ਕੁਇੰਟਲ ਕੀਤਾ ਜਾਵੇ। ਜੇ ਉਹ ਨਹੀਂ ਕਰਦੀ ਤਾਂ ਘੱਟ ਤੋਂ ਘੱਟ ਢਾਈ ਰੁਪਏ ਕੁਇੰਟਲ ਦੇ ਹਿਸਾਬ ਨਾਲ ਕਿਸੇ ਤਰੀਕੇ ਨਾਲ ਵੀ ਪੰਜਾਬ ਸਰਕਾਰ ਆਪਣੇ ਖਜ਼ਾਨੇ ਵਿਚੋਂ ਕਿਸਾਨਾਂ ਨੂੰ ਦੇਵੇ।

ਡਿਪਟੀ ਸਪੀਕਰ ਸਾਹਿਬ, ਕੁਦਰਤੀ ਆਫਤਾਂ ਕਿਸਾਨਾਂ ਨੂੰ ਮਾਰ ਦਿੰਦੀਆਂ ਹਨ। ਕਦੇ ਗੜ੍ਹੇ ਪੈ ਜਾਂਦੇ ਹਨ, ਹਨੇਰੀ ਆ ਜਾਂਦੀ ਹੈ, ਤੂਫਾਨ ਆ ਜਾਂਦਾ ਹੈ ਜਾਂ ਵਿਚ ਹੜ੍ਹ ਆ ਜਾਂਦੇ ਹਨ। ਕਿਸਾਨ ਦੀ ਫਸਲ ਤਬਾਹ ਹੋ ਜਾਂਦੀ ਹੈ। ਇਸ ਲਈ ਕਿਸਾਨ ਦੀ ਫਸਲ ਦੀ ਇਨਸ਼ੋਰੈਂਸ ਜ਼ਰੂਰੀ ਹੈ। ਜਦੋਂ ਕਿ ਕਿਸੇ ਕੁਦਰਤੀ ਆਫਤ ਨਾਲ ਕਿਸਾਨ ਦੀ ਫਸਲ ਤਬਾਹ ਹੋਵੇ ਤਾਂ ਉਸ ਨੂੰ ਇਨਸ਼ੋਰੈਂਸ ਜੇ ਹੋਈ ਹੋਵੇ ਤਾਂ ਕੁਝ ਨਾ ਕੁਝ ਮਿਲ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਉਸ ਦਿਨ ਵੀ ਕਿਹਾ ਸੀ ਅਤੇ ਅੱਜ ਫਿਰ ਕਹਿੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਲਿਖਿਆ ਸੀ ਕਿ ਜੇ ਸਾਡੀ ਸਾਂਝੀ ਫਰੰਟ ਦੀ ਸਰਕਾਰ ਪੰਜਾਬ ਵਿਚ ਬਣੀ ਤਾਂ ਅਸੀਂ 13 ਰੁਪਏ ਕੁਇੰਟਲ ਦੇ ਹਿਸਾਬ ਨਾਲ ਕਣਕ ਦੀ ਫਸਲ ਤੇ ਕਿਸਾਨ ਨੂੰ ਬੋਨਸ ਦਿਆਂਗੇ (ਅਕਾਲੀ ਬੈਂਚਾਂ ਵਲੋਂ ਤਾੜੀਆਂ) ਮੈਂ ਤੁਹਾਡੇ ਰਾਹੀਂ ਪੰਜਾਬ ਗੌਰਮਿੰਟ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਿਸਾਨ ਨੂੰ ਕਣਕ ਦੀ ਫਸਲ ਤੇ ਬੋਨਸ ਦੇਣ ਨੂੰ ਰਿਆਥ ਹੈ ? ਛੋਕੀਆਂ ਗਲਾਂ ਨਾਲ ਕੁਝ ਨਹੀਂ ਬਣਨਾ। ਇਹ ਜਿਤਨੇ ਪੈਸੇ ਬਜਟ ਵਿਚ ਰਖੇ ਗਏ ਹਨ ਇਹ ਤਾਂ ਕੱਟੇ ਦੇ ਮੂੰਹ ਨੂੰ ਮਲਾਈ ਲਾਉਣ ਵਾਲੀ ਗਲ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅਪ ਕਰੋ ਜੀ ।

ਕਾਮਰੇਡ ਸਰਵਣ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਜਦੋਂ ਕਿਸਾਨ ਆਪਣੀ ਫਸਲ ਬੀਜਦਾ ਹੈ ਤਾਂ ਉਸ ਤੋਂ ਪਹਿਲਾਂ ਹੀ ਉਸ ਦੀ ਫਸਲ ਦੇ ਭਾਅ ਦੀ ਗਰੰਟੀ ਹੋਣੀ ਚਾਹੀਦੀ ਹੈ। ਜੇ ਉਸ ਦੀ ਫਸਲ ਦੇ ਭਾਅ ਪਹਿਲਾਂ ਹੀ ਮੁਕੱਥਰ ਹੋਣਗੇ ਤਦ ਹੀ ਉਹ ਹੋਰ ਮਿਹਨਤ ਕਰੇਗਾ ।

ਜਿਹੜੀ ਫਸਲ,ਡਿਪਟੀ ਸਪੀਕਰ ਸਾਹਿਬ ਕਿਸਾਨ, ਸੱਪਾਂ ਦੀਆਂ ਸਿਰੀਆਂ ਮਿੱਧ ਕੇ ਪੈਦਾ ਕਰਦਾ ਹੈ, ਉਹ ਮੰਡੀਆਂ ਵਿਚ ਰੁਲਦੀ ਹੈ। ਚਾਹੇ ਉਹ ਆਲੂ ਦੀ ਫਸਲ ਹੈ, ਗੰਨੇ ਦੀ ਫਸਲ ਹੈ ਜਾਂ ਝੋਨੇ ਦੀ ਫਸਲ ਹੈ ਜਾਂ ਪਿਛੇ ਕਣਕ ਸੀ । ਜਿਹੜੀ ਵੀ ਫਸਲ ਕਿਸਾਨ ਪੈਦਾ ਕਰਦਾ ਹੈ ਉਹ ਮੰਡੀਆਂ ਵਿਚ ਆ ਕੇ ਰੁਲਦੀ ਹੈ । ਝੋਨੇ ਦੀ ਫਸਲ ਆਉਣ ਵਾਲੀ ਹੈ । ਉਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਕਿਸ ਤਰ੍ਹਾਂ ਉਸ ਨੂੰ ਚੁਕਣਾ ਹੈ, ਕਿਸ ਤਰ੍ਹਾਂ ਕਿਸਾਨ ਨੂੰ ਠੀਕ ਭਾਅ ਦਿਵਾਉਣਾ ਹੈ, ਕਿਹੜੀਆਂ ਏਜੰਸੀ-ਆਂ ਨੇ ਮੰਡੀਆਂ ਵਿਚ ਝੋਨਾ ਖਰੀਦਣਾ ਹੈ, ਇਨ੍ਹਾਂ ਸਭ ਗਲਾਂ ਦਾ ਧਿਆਨ ਰਖਣਾ ਚਾਹੀਦਾ ਹੈ। ਇਥੇ ਬੇਮਤਲਬ ਦੀਆਂ ਗਲਾਂ ਨਹੀਂ ਹੋਣੀਆਂ ਚਾਹੀਦੀਆਂ ।

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਬਿਜਲੀ ਦੇ ਸਬੰਧ ਵਿਚ ਕਹਿਣੀ ਚਾਹੁੰਦਾ ਹਾਂ। ਇਨ੍ਹਾਂ ਨੇ ਅਟਾਨੋਮਿਕ ਪਲਾਂਟ ਲਾਉਣ ਦੀ ਗਲ ਕੀਤੀ ਹੈ। ਪੰਜਾਬੀਆਂ ਨੂੰ ਬੜੀ ਖੁਸ਼ੀ ਹੋਵੇਗੀ । ਪਰ ਇਸ ਤੇ ਅਮਲ ਕੀ ਹੁੰਦਾ ਹੈ, ਇਹ ਵੇਖਣ ਵਾਲੀ ਗਲ ਹੈ । ਜਿਹੜੀ ਪਿਛੇ ਸਾਂਝੀ ਗੌਰਮਿੰਟ ਅਕਾਲੀ ਪਾਰਟੀ ਦੀ ਰਹਿਨੁਮਾਈ ਵਿੱਚ ਬਣੀ ਸੀ ਉਨ੍ਹਾਂ ਨੇ ਮੰਡ ਦੇ ਏਰੀਏ ਵਿਚ ਗਰੀਬ ਹਰੀਜਨਾਂ ਨੂੰ, ਰਾਏ ਸਿੱਖਾਂ ਨੂੰ ਅਤੇ ਆਬਾਦ ਕਾਰਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਵਿਚ ਪਹਿਲ ਦਿੱਤੀ ਸੀ। ਉਹ ਸਕੀਮ ਹੁਣ ਖਤਮ ਹੋ ਚੁਕੀ ਹੈ। ਉਹ ਇਸ ਸਰਕਾਰ ਨੂੰ ਫਿਰ ਚਾਲੂ ਕਰਨੀ ਚਾਹੀਦੀ ਹੈ।

5.30 (ਸ਼ਾਮ) (ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ,ਮੇਰੇ ਆਪਣੇ ਹਲਕੇ ਵਿਚ ਦਰਿਆ ਸਤਲੁਜ ਦੇ ਮੰਡ ਦੇ ਨਾਲ ਪੈਂਦਾ ਹੈ, ਉਥੇ ਗਰੀਬ ਹਰੀਜਨ ਦੀਆ, ਰਾਏ ਸਿਖਾਂ ਦੀਆਂ ਬੇਅੰਤ ਐਪਲੀਕੇਸ਼ਨਾਂ ਬਿਜਲੀ ਦੇ ਕੁਨੈਕਸ਼ਨਾਂ ਲਈ ਪੈਂਡਿੰਗ ਪਈਆਂ ਹਨ ਪਰ ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨ ਨਹੀਂ ਮਿਲਦੇ । ਡੀਜ਼ਲ ਵੀ ਮਹਿੰਗਾ ਹੋ ਗਿਆ ਹੈ । ਇੰਜਨ ਵੈਸੇ ਡੀਜ਼ਲ ਤੋਂ ਬਿਨਾਂ ਨਹੀਂ ਚਲਣੇ । ਜਿਤਨੀ ਦੇਰ ਮੀਂਹ ਪੈਂਦਾ ਹੈ ਤਾਂ ਨਹਿਰਾਂ ਵਿਚ ਪਾਣੀ ਰਹਿੰਦਾ ਹੈ, ਬਾਅਦ ਵਿਚ ਇਹ ਵੀ ਘੱਟ ਜਾਂਦਾ ਹੈ ਅਤੇ ਕਿਸਾਨਾਂ ਨੂੰ ਪਾਣੀ ਮਿਲਦਾ ਨਹੀਂ । ਬਿਜਲੀ ਨਹੀਂ ਮਿਲਦੀ, ਡੀਜ਼ਲ ਨਹੀਂ ਮਿਲਦਾ ਅਤੇ ਨਹਿਰਾਂ ਵਿਚੋਂ ਪਾਣੀ ਨਹੀਂ ਮਿਲਦਾ ਤਾਂ ਫਿਰ ਕਿਸਾਨ ਦਾ ਕੀ ਬਣੇਗਾ । ਜੇ ਇਹ ਸੱਚ ਮੁਚ ਸਿੰਜਾਈ ਦਾ ਮਸਲਾ ਹੱਲ ਕਰਨਾ ਚਾਹੁੰਦੇ ਹਨ, ਤਾਂ ਲੋਕਾਂ ਨੂੰ, ਜਿਨ੍ਹਾਂ ਨੇ ਕਰਜ਼ੇ ਬੈਂਕਾਂ ਵਿਚੋਂ ਕਈ ਸਾਲਾਂ ਦੇ ਲਏ ਹਨ, ਉਨ੍ਹਾਂ ਨੂੰ ਕੁਨੈਕਸ਼ਨ ਜਲਦੀ ਮਿਲਣੇ ਚਾਹੀਦੇ ਹਨ । ਉਹ ਬੈਂਕਾਂ ਤੋਂ ਲਏ ਕਰਜ਼ਿਆਂ ਤੇ ਸੂਦ ਭਰ ਰਹੇ ਹਨ । ਪਰ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਮਿਲੇ । ਉਹ ਦਫਤਰਾਂ ਦੇ ਗੇੜੇ ਮਾਰਦੇ ਰਹਿੰਦੇ ਹਨ । ਧਾਹਾਂ ਮਾਰਦੇ ਹਨ ਪਰ ਕੁਨੈਕਸ਼ਨ ਨਹੀਂ ਮਿਲਦੇ। ਜੇ ਇਹ ਕੁਨੈਕਸ਼ਨ ਨਹੀਂ ਮਿਲਨੇ ਤਾਂ ਖੇਤੀ ਬਾੜੀ ਦੀ ਉਪਜ ਵਿਚ ਕਿਸ ਤਰ੍ਹਾਂ ਵਾਧਾ ਹੋ ਸਕਦਾ ਹੈ। ਇਸ ਤਰ੍ਹਾਂ ਸਿੰਜਾਈ ਦਾ ਮਸਲਾ ਹੱਲ ਨਹੀਂ ਹੋਣਾ । ਇਸ ਪਾਸੇ ਜੇ ਧਿਆਨ ਨਹੀਂ ਦਿਉਗੇ ਤਾਂ .....(ਵਿਘਨ)

Original with;
Punjab Vidhan Sabha
Digitized by:
Panjab Digital Library

ਸ਼੍ਰੀ ਸ ਪੀਕਰ : ਤੁਸੀਂ 7 ਮਿੰਟ ਦੀ ਬਜਾਏ 11 ਮਿੰਟ ਬੋਲ ਚੁਕੇ ਹੋ। ਵਾਈਂਡ ਅਪ ਕਰੋ।

ਕਾਮਰੇਡ ਸਰਵਣ ਸਿੰਘ ਚੀਮਾ : ਜੇ ਖਾਦ ਦੀਆਂ ਕੀਮਤਾਂ ਘੱਟ ਨਹੀਂ ਸਕਦੀਆਂ ਤਾਂ ਜਿਤਨੀਆਂ ਇਹ ਚੜ੍ਹੀਆਂ ਹਨ ਉਤਨੀ ਸਬਸਿਡੀ ਪੰਜਾਬ ਗੌਰਮਿੰਟ ਨੂੰ ਕਿਸਾਨ ਨੂੰ ਦੇਣੀ ਚਾਹੀਦੀ ਹੈ ਤਾ ਕਿ ਕਿਸਾਨ ਦੀ ਹੌਸਲਾ ਅਫਜ਼ਾਈ ਹੋਵੇ। ਜਿਹੜੀ ਖਾਦ ਵਿਚ ਮਿਲਾਵਟ ਕੀਤੀ ਜਾਂਦੀ ਹੈ ਉਹ ਵੀ ਬਿਲਕੁਲ ਖਤਮ ਕਰਨੀ ਚਾਹੀਦੀ ਹੈ। ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਇਨ੍ਹਾਂ ਨੇ ਬਿਲਕੁਲ ਝੂਠ ਬੋਲਿਆ ਹੈ। ਪੰਜ ਏਕੜ ਜ਼ਮੀਨ ਤੇ ਇਨ੍ਹਾਂ ਨੇ ਕਦੋਂ ਮਾਲੀਆ ਖਤਮ ਕੀਤਾ ਹੈ? ਮੈਂ ਇਸ ਗਲ ਨੂੰ ਚੈਲੰਜ ਕਰਦਾ ਹਾਂ। (ਵਿਘਨ)।

ਸ਼੍ਰੀ ਸਪੀਕਰ : ਵਕਤ ਬਹੁਤ ਥੋੜਾ ਹੈ। ਚਤਥਰ ਜੀ ਤੁਸੀਂ ਦਸੋ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਸਿਰਫ ਪੰਜ ਮਿੰਟ ਹੀ ਬੋਲਾਂਗਾ।

ਸ਼੍ਰੀ ਸਪੀਕਰ : ਮੈਂ ਸੋਚਿਆ ਸੀ ਕਿ ਤੁਸੀਂ ਪੁਆਇੰਟ ਆਫ ਆਰਡਰ ਕਰਨਾ ਹੈ। ਪਰ ਤੁਸੀਂ ਕਹਿੰਦੇ ਹੋ ਕਿ ਮੈਂ ਪੰਜ ਮਿੰਟ ਬੋਲਣਾ ਹੈ। ਤੁਹਾਡੀ ਪਾਰਟੀ ਵਲੋਂ ਜਿਹੜੇ ਨਾਂ ਆਏ ਹਨ ਉਸ ਦੇ ਵਿਚ ਕੁਮਾਰੀ ਸਰਲਾ ਪ੍ਰਾਸ਼ਰ ਜੀ ਦਾ ਨਾਂ ਹੈ। ਇਸ ਲਈ ਪਹਿਲਾਂ ਉਹ ਬੋਲਣਗੇ ਬਾਅਦ ਵਿਚ ਤੁਸੀਂ ਬੋਲ ਲੈਣਾ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਮੇਰਾ ਨਾਂ ਵੀ ਗਿਆ ਹੈ ਜੀ। ਮੈਂ ਕੋਆਪਰੇਟਿਵ ਲਾਅ ਤੇ ਪੰਜ। ਸੱਤ ਮਿੰਟ ਬੋਲਣਾ ਹੈ।

ਸ਼੍ਰੀ ਸਪੀਕਰ : ਪਹਿਲਾਂ ਕੁਮਾਰੀ ਸਰਲਾ ਪ੍ਰਾਸ਼ਰ ਜੀ ਬੋਲ ਲੈਣ। ਬਾਅਦ ਵਿਚ ਵੇਖ ਲਵਾਂਗੇ।

ਕੁਮਾਰੀ ਸਰਲਾ ਪ੍ਰਾਸ਼ਰ (ਨੰਗਲ) : ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮਨੂੰ ਬੋਲਣ ਦਾ ਟਾਈਮ ਦਿੱਤਾ ਹੈ। ਮੈਂ ਜ਼ਿਆਦਾ ਸਮਾਂ ਨਹੀਂ ਲਵਾਂਗੀ। ਲੇਕਿਨ ਮੈਂ ਇਥੇ ਚਲ ਰਹੀ ਬਹਿਸ ਦੇ ਬਾਰੇ ਆਪਣੀ ਗਲ ਕਿਸੇ ਹੋਰ ਪਰਸਪੈਕਟਿਵ ਵਿਚ ਰਖਣ ਦੀ ਕੋਸ਼ਿਸ਼ ਕਰਾਂਗੀ। ਜਨਾਬ, ਸਪੀਕਰ ਸਾਹਿਬ, ਹਿੰਦੁਸਤਾਨ ਨੂੰ ਆਜ਼ਾਦੀ ਸੈਂਕੜੇ ਸਾਲਾਂ ਦੀ ਜਦੋ ਜਹਿਦ ਤੋਂ ਬਾਅਦ ਮਿਲੀ। ਲੇਕਿਨ ਲੋਕਾਂ ਦੇ ਜਿਹੜੇ ਸੁਪਨੇ ਸਨ ਉਹ ਪੂਰੇ ਨਹੀਂ ਹੋ ਸਕੇ। ਇਕ ਹੋਰ ਗੁਲਾਮੀ ਸਾਡੇ ਉਤੇ ਆ ਕੇ ਸਵਾਰ ਹੋ ਗਈ ਹੈ। ਸਾਡੇ ਦੇਸ਼ ਵਿਚ ਇਸ ਵੇਲੇ ਤਿੰਨ ਕਰੋੜ ਨਹੀਂ, ਤਿੰਨ ਖਰਬ ਰੁਪਏ ਦੀ ਬਲੈਕ ਮਨੀ ਚਲ ਰਹੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਚੀਫ ਮਨਿਸਟਰ ਸਾਹਿਬ ਦੀ ਅਤੇ ਇਸ ਸਰਕਾਰ ਦੀ ਤਵੱਜੋ ਇਸ ਗੱਲ ਵੱਲ ਦਿਵਾਉਣਾ ਚਾਹਾਂਗੀ। ਦੇਸ਼ ਵਿਚ ਬਲੈਕ ਮਨੀ ਦੀ ਪੈਰਲਲ ਇਕਾਨੋਮੀ ਚਲ ਰਹੀ ਹੈ। ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਪੰਜਾਬ ਦੇ ਇਸ ਸਾਲ ਦੇ ਬਜਟ ਵਿਚ 70 ਕਰੋੜ ਰੁਪਏ ਦਾ ਘਾਟਾ ਦਸਿਆ ਗਿਆ ਹੈ, ਸਿਰਫ ਦੋ ਆਈਟਮਾਂ ਹੀ ਜੇ ਅਸੀਂ ਲਈਏ, ਇਲੈਕਟ੍ਰੀਸਿਟੀ ਬੋਰਡ ਅਤੇ ਇਰੀਗੇਸ਼ਨ ਡਿਪਾਰਟਮੈਂਟ, ਤਾਂ ਜਿਵੇਂ ਕਿ ਮੈਂ ਆਪਣੇ ਪਿਛਲੇ ਭਾਸ਼ਣ ਵਿਚ ਕਿਹਾ ਹੈ, 60 ਕਰੋੜ ਰੁਪਏ ਦਾ ਸਾਲਾਨਾ ਘਾਟਾ ਬਿਜਲੀ ਬੋਰਡ

Original with;
Punjab Vidhan Sabha
Digitized by;
Panjab Digital Library

ਵਿਚ ਹੈ ਅਤੇ 12 ਕਰੋੜ ਰੁਪਏ ਦਾ ਘਾਟਾ ਇਰੀਗੇਸ਼ਨ ਡਿਪਾਰਟਮੈਂਟ ਦਾ ਹੀ ਹੈ। ਘਾਟੇ ਵਿਚ ਦਰਸਾਏ ਗਏ 72 ਲੱਖ ਰੁਪਏ ਕੁਰੱਪਟ ਪਰੈਕਟਿਸ ਨਾਲ ਬਲੈਕ ਮਨੀ ਵਿਚ ਕਨਵਰਟ ਹੋ ਗਏ ਹਨ। ਇਸ ਲਈ ਇਕ ਕਿਸਮ ਦਾ ਪੈਰਲਲ ਬਜਟ ਚਲ ਰਿਹਾ ਹੈ। ਇਸ ਕਰਕੇ ਇਧਰ ਤਵੱਜੋ ਦੇਣ ਦੀ ਬਹੁਤ ਜ਼ਰੂਰਤ ਹੈ। ਲੋਕ ਬੇਘਰ ਹਨ। ਗਰੀਬ ਜ਼ਿਆਦਾ ਗਰੀਬ ਤੇ ਅਮੀਰ ਜ਼ਿਆਦਾ ਅਮੀਰ ਹੋ ਗਏ ਹਨ। ਜੇ ਇਸ ਅਮੀਰੀ ਗਰੀਬੀ ਦੇ ਫਰਕ ਨੂੰ ਖ਼ਤਮ ਕਰਨਾ ਹੈ। ਹਿੰਦੁਸਤਾਨ ਵਿਚ ਸੋਸ਼ਲਿਜ਼ਮ ਲਿਆਉਣਾ ਹੈ ਤਾਂ ਸਾਨੂੰ ਇਸ ਵਾਸਤੇ ਵਾਟ-ਫੁਟਿੰਗ ਤੇ ਇਸ ਹਾਲਾਤ ਦਾ ਮੁਕਾਬਲਾ ਕਰਨਾ ਪਵੇਗਾ, ਜਿਸ ਤਰ੍ਹਾਂ ਅਸੀਂ ਗੁਲਾਮੀ ਦਾ ਮੁਕਾਬਲਾ ਕਰਕੇ ਆਜ਼ਾਦੀ ਲਿਆਂਦੀ ਸੀ, ਤਾਂ ਹੀ ਦੇਸ਼ ਵਿਚੋਂ ਗਰੀਬੀ ਖ਼ਤਮ ਹੋਵੇਗੀ ।

ਜਨਾਬ, ਸਪੀਕਰ ਸਾਹਿਬ, ਲੋਕਾਂ ਦੀ ਆਸ ਇਸ ਕਰਕੇ ਹੀ ਜ਼ਿਆਦਾ ਵੱਧ ਗਈ ਹੈ ਕਿ ਇਸ ਵੇਲੇ ਸਾਡੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੇ ਜਿਸ ਤਰੀਕੇ ਨਾਲ ਐਂਟੀ-ਸੋਸ਼ਲ ਐਲੀਮੈਂਟ ਤੇ ਹਮਲਾ ਕੀਤਾ ਹੈ ਅੱਰ ਉਸ ਤਰ੍ਹਾਂ ਹੀ ਕੁਰੱਪਸ਼ਨ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਹੈ, ਇਹ ਸ਼ਲਾਘਾਯੋਗ ਹੈ। ਅੱਰ ਮੈਨੂੰ ਇਹ ਉਮੀਦ ਹੈ ਕਿ ਜਿਹੜੀ ਬਲੈਕ ਇਕਾਨੋਮੀ ਚਲ ਰਹੀ ਹੈ, ਅਤੇ ਕੁਰੱਪਸ਼ਨ ਚਲ ਰਹੀ ਹੈ ਉਹ ਵੀ ਮੁੱਖ ਮੰਤਰੀ ਦੀ ਅਗਵਾਈ ਹੇਠ ਖਤਮ ਹੋਵੇਗੀ। ਤਿੰਨ ਸੌ ਕਰੋੜ ਰੁਪਏ ਦਾ ਜਿਹੜਾ ਬਜਟ ਹੈ, ਜਨਾਬ ਸਪੀਕਰ ਸਾਹਿਬ, ਜੇਕਰ ਇਹ ਕੁਰੱਪਸ਼ਨ ਖ਼ਤਮ ਨਾ ਹੋਈ ਤਾਂ ਲੋਕਾਂ ਨੂੰ ਇਸ ਵਿਚੋਂ ਕੁਝ ਨਹੀਂ ਮਿਲਣਾ, ਉਨ੍ਹਾਂ ਨੂੰ ਬਹੁਤ ਘੱਟ ਫਾਇਦਾ ਪਹੁੰਚੇਗਾ । ਜਿਹੜੀ ਤਰੱਕੀ ਅਸੀਂ ਦਸ ਸਾਲਾਂ ਵਿਚ ਸੋਚਦੇ ਹਾਂ ਉਹ ਸੌ ਸਾਲਾਂ ਵਿਚ ਵੀ ਨਹੀਂ ਹੋ ਸਕੇਗੀ ।

ਸਪੀਕਰ ਸਾਹਿਬ, ਮੈਂ ਬਿਜਲੀ ਬੋਰਡ ਬਾਰੇ ਇਕ ਚੀਜ਼ ਰੱਖਾਂਗੀ । ਉਥੇ ਅਨਨਸੈਸਰੀ ਦੀ ਐਸਟੈਬਲਿਸ਼ਮੈਂਟ ਹੈ, ਟ੍ਰਾਂਸਮਿਸ਼ਨਜ਼ ਵਗੈਰਾ ਦੀ ਗਲਤ ਵਰਤੋਂ ਹੈ ਅੱਰ ਹੋਰ ਇਸ ਤਰ੍ਹਾਂ ਦੇ ਕਾਰਨ ਹਨ ਜਿਨ੍ਹਾਂ ਕਰਕੇ ਕਿ ਇਹ 60 ਕਰੋੜ ਰੁਪਏ ਦਾ ਘਾਟਾ ਪਿਆ ਹੈ । ਇਨ੍ਹਾਂ ਚੀਜ਼ਾਂ ਰਾਹੀਂ ਇਹ ਇਤਨਾਂ ਵੱਡਾ ਘਾਟਾ ਪੈਦਾ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਗੁਜਰਾਤ ਦਾ ਨਕਸ਼ਾ ਰਖਣਾ ਚਾਹੁੰਦੀ ਹਾਂ। ਉਥੇ ਸਾਡੇ ਵਰਗੀ ਇਕੋ ਜਿਹੀ ਸਿਚੂਏਸ਼ਨ ਹੈ। ਉਥੇ ਕੁਨੈਕਸ਼ਨ ਸਾਡੇ ਤੋਂ ਜ਼ਿਆਦਾ ਹਨ, ਲਾਈਨਾਂ ਜ਼ਿਆਦਾ ਹਨ ਲੇਕਿਨ ਐਸਟੈਬਲਿਸ਼ਮੈਂਟ ਵੇਖੋ ਕਿ ਕਿਤਨੇ ਹੀ ਹਜ਼ਾਰਾਂ ਦੀ ਗਿਣਤੀ ਵਿਚ ਹੈ ਜਦ ਕਿ ਸਾਡੇ ਪੰਜਾਬ ਵਿਚ ਸਿਰਫ 27 ਹਜ਼ਾਰ ਦੀ ਐਸਟੇਬਲਿਸ਼ਮੈਂਟ ਹੈ ਇਸ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਕ ਸਝਾਓ ਦੇਵਾਂਗੀ ਕਿ ਜਿਹੜਾ ਵਿਜੀਲੈਂਸ ਵਿੰਗ ਬਿਜਲੀ ਬੋਰਡ ਦਾ ਹੈ ਇਸ ਨੂੰ ਰੈਸ਼ਨੇਲਾਈਜ਼ ਕਰਨ ਦੀ ਜ਼ਰੂਰਤ ਹੈ। ਇਸ ਵੇਲੇ ਉਸ ਦਾ ਹੈਡ ਪੁਲਿਸ ਦਾ ਡੀ.ਆਈ.ਜੀ. ਰੈਂਕ ਦਾ ਹੈ। ਇਹ ਸਪੀਕਰ ਸਾਹਿਬ, ਐਟੀਚਿਊਡ ਦੀ ਗੱਲ ਹੁੰਦੀ ਹੈ। ਪੁਲਿਸ ਦਾ ਐਟੀਚਿਊਡ ਕੁਰੱਪਟ ਬੰਦਿਆਂ ਨੂੰ ਪਕੜਨਾ ਤੇ ਸਜ਼ਾ ਦੇਣੀ ਹੈ ਪਰ ਇਥੇ ਘਾਟੇ ਨੂੰ ਰੋਕਣ ਲਈ ਤੇ ਕੁਰੱਪਸ਼ਨ ਖ਼ਤਮ ਕਰਨ ਲਈ ਟੈਕਨੀਕਲ ਪੁਆਇੰਟ ਵੀ ਲਭਣੇ ਹਨ। ਇਸ ਲਈ ਮੇਰੀ ਸਰਕਾਰ ਦੇ ਸਾਹਮਣੇ ਸੁਜੈਸ਼ਨ ਹੈ ਕਿ ਉਥੇ ਇਕ ਡਾਇਰੈਕਟਰ, ਇਨਫੋਰਸਮੈਂਟ ਲਗਾਇਆ ਜਾਵੇ, ਜਿਹੜਾ ਕਿ ਟੈਕਨੀਕਲ ਹੈਂਡ ਹੋਵੇ, ਇੰਜੀਨੀਅਰ ਹੋਵੇ ਅਤੇ ਡੀ.ਆਈ.ਜੀ. ਵਗੈਰਾ ਉਸ ਦੇ ਨਾਲ ਹੋਣ। ਇਸ ਤਰ੍ਹਾਂ ਨਾਲ ਇਸ ਵਿਜੀਲੈਂਸ ਯੂਨਿਟ ਦੀ ਨਵੀਂ ਬਣਤਰ ਬਣਾਈ ਜਾਵੇ ਜਿਸ ਦਾ ਟੈਕਨੀਕਲ ਬੇਸ ਹੋਵੇ ਤਾਕਿ ਇਹ ਜ਼ਿਆਦਾ ਇਫੈਕਟਿਵ ਹੋ ਸਕੇ। ਇਸ ਦੇ ਨਾਲ ਹੀ ਜਿਹੜਾ ਇਹ ਯੂਨਿਟ ਹੈ ਉਸ ਦੇ ਵਿਚ ਐਡਮਨਿਸਟ੍ਰੇਟਿਵ ਰਿਫਾਰਮਜ਼ ਦਾ ਵੀ ਖਿਆਲ ਰੱਖਿਆ ਜਾਵੇ। ਇਕ ਇਸ ਸਬੰਧ ਵਿਚ ਹੋਰ ਆਖਣ ਹੈ ਕਿ ਐਮ. ਐਲ. ਏਜ਼ ਦੀ, ਇੰਜੀਨੀਅਰਜ਼ ਦੀ, ਐਡਮਨਿਸਟ੍ਰੇਟਿਵ ਅਫ਼ਸਰਾਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਤਾਕਿ ਇਸ ਦੀ ਵਰਕਿੰਗ ਠੀਕ ਹੋ ਸਕੇ ਅੱਰ ਲੋਕਾਂ ਨੂੰ ਸਰਵਿਸ ਠੀਕ ਤਰੀਕੇ ਨਾਲ ਮਿਲ ਸਕੇ।

Original with;
Punjab Vidhan Sabha
Digitized by;
Panjab Digital Library

[ਕੁਮਾਰੀ ਸ਼ਰਨਾ ਪ੍ਰਾਸ਼ਰ]

ਸਪੀਕਰ ਸਾਹਿਬ, ਜਿਹੜਾ ਇਰੀਗੇਸ਼ਨ ਦਾ 12 ਕਰੋੜ ਰੁਪਏ ਦਾ ਘਾਟਾ ਦੱਸਿਆ ਹੈ ਉਹ ਵੀ ਮੈਂ ਦੱਸਦੀ ਹਾਂ ਕਿ ਕਿਵੇਂ ਹੁੰਦਾ ਹੈ। ਇਕ ਮੈਂ ਮਿਸਾਲ ਦੇਣਾ ਚਾਹੁੰਦੀ ਹਾਂ। ਇਕ ਐਸ.ਡੀ.ਓ. ਡਰੇਨੇਜ, ਜਲੰਧਰ ਡਵੀਜ਼ਨ ਵਿਚ 18 ਸਾਲਾਂ ਤੋਂ ਬੈਠਾ ਹੈ। ਇਕੋ ਹੀ ਸ਼ਹਿਰ ਵਿਚ ਉਸ ਨੂੰ 7 ਸਾਲ ਹੋ ਗਏ ਹਨ, ਫਗਵਾੜੇ ਹੈਡਕੁਆਰਟਰ ਵਿਚ ਬੈਠਾ ਹੈ ਔਰ ਵਿਜੀਲੈਂਸ ਡਿਪਾਰਟਮੈਂਟ ਨੇ ਉਸ ਦੇ ਖਿਲਾਫ਼ ਕੇਸ ਬਣਾਇਆ ਹੋਇਆ ਹੈ ਕਿ ਇਸ ਨੇ ਦੋ ਲੱਖ ਦੀ ਐਕਸੈਸ ਪੇਮੈਂਟ ਕੀਤੀ ਹੋਈ ਹੈ ਲੇਕਿਨ ਉਸ ਦੇ ਅਗੇਂਸਟ ਕੋਈ ਐਕਸ਼ਨ ਨਹੀਂ ਹੋਇਆ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਪਤਾ ਨਹੀਂ ਉਹ ਕਿਸ ਤਰ੍ਹਾਂ ਮੈਨੇਜ ਕਰ ਰਿਹਾ ਹੈ। ਸ਼ਾਇਦ ਉਹ ਪੁਲਿਸ ਨੂੰ ਪੈਸੇ ਦਿੰਦਾ ਹੈ। ਸੋ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜਦੋਂ ਤੱਕ ਇਹ ਚੀਜ਼ਾਂ ਖ਼ਤਮ ਨਹੀਂ ਹੋਣ-ਗੀਆਂ ਤਦ ਤਕ ਇਹ ਬਜਟ ਇਫੈਕਟਿਵ ਨਹੀਂ ਹੋਵੇਗਾ। ਸਪੀਕਰ ਸਾਹਿਬ, ਇਸ ਕੁਰੱਪਸ਼ਨ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਬਿਜਲੀ ਬਾਰੇ ਕਿਹਾ ਗਿਆ ਹੈ ਕਿ ਬਿਜਲੀ ਦੀ ਸ਼ਾਰਟੇਜ ਹੈ। ਇਸ ਦੇ ਵਾਸਤੇ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਸੁਝਾਓ ਦੇਵਾਂਗੀ ਕਿ ਜਿਹੜੇ ਪ੍ਰੋਜੈਕਟ ਐਸੇ ਹਨ ਜਿਨ੍ਹਾਂ ਤੇ ਥੋੜ੍ਹਾ ਪੈਸਾ ਲਗਾ ਕੇ ਥੋੜ੍ਹਾ ਸਮਾਂ ਲਗਾ ਕੇ ਉਨ੍ਹਾਂ ਨੂੰ ਕੰਪਲੀਟ ਕੀਤਾ ਜਾ ਸਕਦਾ ਹੈ ਉਨ੍ਹਾਂ ਵੱਲ ਪਹਿਲਾਂ ਤਵੱਜੋ ਦੇਣੀ ਚਾਹੀਦੀ ਹੈ। (ਥੰਪਿੰਗ) ਤਿੰਨ ਯੂਨਿਟ ਹੋਰ ਵੱਧਾਏ ਜਾ ਸਕਦੇ ਹਨ। ਇਕ ਯੂਨਿਟ ਥਰਮਲ ਪਲਾਂਟ ਬਠਿੰਡਾ ਵਿਚ ਲਗ ਸਕਦਾ ਹੈ। ਉਨ੍ਹਾਂ ਨਾਲ 210 ਮੈਗਾਵਾਟ ਬਿਜਲੀ ਹੋਰ ਮਿਲ ਸਕਦੀ ਹੈ। (ਥੰਪਿੰਗ) ਇਸ ਲਈ ਸਰਕਾਰ ਦੀ ਤਵੱਜੋ ਇਨ੍ਹਾਂ ਪ੍ਰੋਜੈਕਟਾਂ ਵੱਲ ਪਹਿਲਾਂ ਹੋਣੀ ਚਾਹੀਦੀ ਹੈ ਔਰ ਜਿਹੜੀ ਮਸ਼ੀਨਰੀ ਹੈ ਉਸ ਨੂੰ ਅਵੇਲੇਬਲ ਕਰਨ ਵਾਸਤੇ ਸਰਕਾਰ ਫ਼ੌਰੀ ਤਵੱਜੋ ਦੇਵੇ।

ਸਪੀਕਰ ਸਾਹਿਬ, ਕੋਅਪ੍ਰੇਸ਼ਨ ਦੇ ਬਾਰੇ ਤਾਂ ਮੈਂ ਇਕ ਹੀ ਸੁਝਾਓ ਦੇਵਾਂਗੀ ਉਹ ਇਹ ਹੈ ਕਿ 10 ਜਾਂ ਜ਼ਿਆਦਾ ਤੋਂ ਜ਼ਿਆਦਾ 15 ਏਕੜ ਦਾ ਜਿਹੜਾ ਜ਼ਿਮੀਂਦਾਰ ਮਾਲਕ ਹੈ ਉਨ੍ਹਾਂ ਨੂੰ ਹੀ ਕੋਅਪ੍ਰੇਟਿਵ ਡਿਪਾਰਟਮੈਂਟ ਵੱਲੋਂ ਲੋਨ ਦੇਣਾ ਚਾਹੀਦਾ ਹੈ, ਇਸ ਤੋਂ ਉਪਰ ਵਾਲੇ ਨੂੰ ਨਹੀਂ ਦੇਣਾ ਚਾਹੀਦਾ। (ਥੰਪਿੰਗ) ਕਿਉਂਕਿ ਉਨ੍ਹਾਂ ਪਾਸ ਤਾਂ ਕਾਫੀ ਪੈਸਾ ਹੁੰਦਾ ਹੈ ਅਤੇ ਉਹ ਬੈਂਕ ਤੋਂ ਲੋਨ ਲੈ ਸਕਦਾ ਹੈ। ਜਿਹੜਾ 100 ਏਕੜ ਦਾ ਮਾਲਕ ਹੈ, 1000 ਏਕੜ ਦਾ ਮਾਲਕ ਹੈ, ਉਸ ਨੂੰ ਲੋਨ ਦੇਣ ਦੀ ਲੋੜ ਨਹੀਂ ਹੈ। (ਥੰਪਿੰਗ) (ਵਿਰੋਧੀ ਬੈਂਚਾਂ ਵੱਲੋਂ ਵਿਘਨ)

ਸਪੀਕਰ ਸਾਹਿਬ, ਪਤਾ ਨਹੀਂ ਹੈ ਕਿ ਇਸ ਨਾਲ ਇਨ੍ਹਾਂ ਵੀਰਾਂ (ਅਕਾਲੀ ਪਾਰਟੀ ਵੱਲ ਇਸ਼ਾਰਾ) ਨੂੰ ਕਿਉਂ ਆਪਣੀ ਸ਼ੰਕਾ ਹੋ ਗਈ ਹੈ। ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਵੱਡੇ ਵੱਡੇ ਲੈਂਡ ਲਾਰਡ ਇਧਰ ਹੀ ਬੈਠੇ ਹਨ। (ਹਾਸਾ) ਇਸ ਕਰਕੇ ਇਹ ਸੁਜੈਸ਼ਨ ਇਨ੍ਹਾਂ ਨੂੰ ਦੇਗੀ ਨਹੀਂ ਲਗਦੀ ਇਨ੍ਹਾਂ ਸ਼ਬਦਾਂ ਨਾਲ ਮੈਂ, ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਦੀ ਹਾਂ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ): ਸਪੀਕਰ ਸਾਹਿਬ, ਕੋਅਪ੍ਰੇਸ਼ਨ ਦਾ ਪਿਛਲੇ ਸਾਲ ਇਸ ਸਾਲ ਦਾ ਬੱਜਟ ਪ੍ਰੋਵੀਜ਼ਨ ਵਧਾਇਆ ਹੈ ਔਰ ਕੋਅਪ੍ਰੇਸ਼ਨ ਮੂਵਮੈਂਟ ਨੂੰ ਅਗਾਂਹ ਬੜਾਵਾ ਦੇਣ ਦਾ ਯਤਨ ਕੀਤਾ ਹੈ, ਮੈਂ ਉਸ ਗੱਲ ਦੇ ਲਈ ਫਾਇਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ. . .

(ਇਸ ਸਮੇਂ ਅਕਾਲੀ ਪਾਰਟੀ ਦੇ ਕੁਝ ਮਾਨਯੋਗ ਮੈਂਬਰ ਆਪਸ ਵਿਚ ਗੱਲਾਂ ਕਰ ਰਹੇ ਸਨ)

ਏ ਭਾਈ ਸਾਹਿਬ, ਚੁਪ ਕਰ ਜਾਓ, ਤੁਹਾਡਾ ਕੁਝ ਨਹੀਂ ਜੇ ਵਿਗੜਦਾ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਉਣ ਦਾ ਯਤਨ ਕਰਾਂਗਾ ਕਿ ਕੋਆਪ੍ਰੇਟਿਵ ਮੂਵਮੈਂਟ ਜਿਹੜੀ ਹੈ ਇਹ ਕਿਵੇਂ ਸਰਕਾਰੀ ਅਦਾਰਾ ਬਣਦੀ ਜਾ ਰਹੀ ਹੈ। (ਵਿਰੋਧੀ ਧਿਰ ਵਲੋਂ ਥੰਪਿੰਗ)

ਇਕ ਆਵਾਜ਼ : ਤੂੰ ਤਾਂ ਇਧਰ ਹੀ ਆ ਜਾ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਇਥੇ ਇਸ ਦੇ ਬਾਰੇ ਕਿਸ ਤਰਾਂ ਸੁਝਾਓ ਆਏ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸੰਨ 1969 ਵੱਲ ਜਿਸ ਵੇਲੇ ਇਥੇ ਸਰਦਾਰ ਗੁਰਨਾਮ ਸਿੰਘ ਜੀ ਦੀ ਸਰਕਾਰ ਸੀ। ਉਸ ਵੇਲੇ ਉਨ੍ਹਾਂ ਦੇ ਮਿਸਟਰ ਫੂਲਕਾ ਪ੍ਰਿੰਸੀਪਲ ਸੈਕਟਰੀ ਸਨ। ਪਤਾ ਨਹੀਂ ਉਨ੍ਹਾਂ ਨੇ ਉਸ ਦੀ ਰਾਏ ਨਾਲ ਇਹ ਕੀਤਾ ਸੀ। ਉਨ੍ਹਾਂ ਨੇ ਇਸ ਵਿਚ ਤਬਦੀਲੀ ਲਿਆਂਦੀ। ਸਪੀਕਰ ਸਾਹਿਬ, ਸੈਕਸ਼ਨ 26 ਜਿਹੜਾ ਹੈ ਉਸ ਵਿਚ ਉਨ੍ਹਾਂ ਨੇ ਇਹ ਕਰ ਦਿੱਤਾ ਕਿ ਕੋਈ ਆਦਮੀ ਜਿਹੜਾ ਕਿ 6 ਸਾਲ ਕਿਸੇ ਕੋਆਪ੍ਰੇਟਿਵ ਅਦਾਰੇ ਦਾ ਮੈਂਬਰ ਰਹਿ ਜਾਵੇ, ਡਾਇਰੈਕਟਰ ਰਹਿ ਜਾਵੇ ਜਿਤਨਾਂ ਚਿਰ ਤਿੰਨ ਸਾਲਾਂ ਤਕ ਇਸ ਨੂੰ ਹਟਾਇਆ ਨਹੀਂ ਜਾਂਦਾ ਜਾਂ ਉਸ ਦੇ ਵਿਚ ਤਿੰਨ ਸਾਲਾਂ ਦਾ ਵਕਫਾ ਨਹੀਂ ਪੈਂਦਾ ਉਹ ਇਲਕਸ਼ਨ ਨਹੀਂ ਲੜ ਸਕਦਾ। ਇਹ ਇਕ ਪੁਲੀਟੀਕਲ ਫੈਸਲਾ ਸੀ ਕਿਉਂਕਿ ਉਸ ਵੇਲੇ ਦੀ ਸਰਕਾਰ ਇਹ ਸਮਝਦੀ ਸੀ ਕਿ ਜਿਤਨੇ ਵੀ ਇਸ ਦੇ ਅਦਾਰੇ ਹਨ, ਮਾਰਕਫੈਡ ਹੈ ਜਾਂ ਹੋਰ ਹਨ, ਉਨ੍ਹਾਂ ਉਤੇ ਕਾਂਗਰਸੀ ਬੰਦਿਆਂ ਦਾ ਕਬਜ਼ਾ ਹੈ। ਇਸ ਲਈ ਉਨ੍ਹਾਂ ਨੇ ਸੰਨ 1969 ਵਿਚ ਇਹ ਤਬਦੀਲੀ ਲਿਆਂਦੀ। ਇਸ ਦਾ ਨਤੀਜਾ ਇਹ ਹੋਇਆ ਕਿ ਜਿਨ੍ਹਾਂ ਲੋਕਾਂ ਨੂੰ ਕੋਆਪ੍ਰੇਟਿਵ ਮੂਵਮੈਂਟ ਨਾਲ ਲਗਾਓ ਸੀ, ਦਿਲਚਸਪੀ ਸੀ ਉਹ ਦੱਬ ਗਏ। ਉਹ ਫੈਸਲਾ ਗਲਤ ਸੀ। ਲੇਕਿਨ ਸਭ ਤੋਂ ਵੱਡਾ ਵਾਰ ਜਿਹੜਾ ਕੋਆਪ੍ਰੇਟਿਵ ਮੂਵਮੈਂਟ ਤੇ ਹੋਇਆ, ਉਸ ਦੇ ਬਾਰੇ, ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਅੱਤੇ ਮੈਂ ਉਸ ਵੱਲ ਸਰਕਾਰ ਦਾ ਧਿਆਨ ਦਿਵਾਵਾਂਗਾ। ਜਿਹੜੀ ਸਰਕਾਰ ਕਿਸਾਨ ਦੀ ਬੜੀ ਆਪਣੇ ਆਪ ਨੂੰ ਹਮਦਰਦ ਦੱਸਦੀ ਸੀ, ਜੱਟ ਦੀ ਹਾਮੀ ਭਰਦੀ ਸੀ ਉਸ ਨੇ ਉਸ ਕਿਸਾਨ ਨੂੰ ਜੇਲ੍ਹ ਭੇਜਣ ਲਈ ਇਕ ਅਮੈਂਡਮੈਂਟ ਕੀਤੀ। ਸਪੀਕਰ ਸਾਹਿਬ, ਸੈਕਸ਼ਨ 67 (ਏ) ਐਕਟ ਦੀ ਹੈ। ਉਨ੍ਹਾਂ ਨੇ ਇਸ ਰਾਹੀਂ ਇਹ ਕਰ ਦਿੱਤਾ ਕਿ ਕੋਈ ਡਿਪਟੀ ਰਜਿਸਟਰਾਰ, ਅਗਰ ਉਥੋਂ ਦਾ ਏ.ਆਰ. ਕਿਸੇ ਆਦਮੀ ਦੇ ਖਿਲਾਫ਼ ਲਿਖ ਦਿਦਾ ਹੈ ਤਾਂ ਉਹ ਡਿਪਟੀ ਰਜਿਸਟਰਾਰ ਸਰਸਰੀ ਨੋਟਿਸ ਦੇ ਬਾਅਦ ਵਾਰੰਟ ਗਰਿਫਤਾਰੀ ਜਾਰੀ ਕਰ ਸਕਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਉਂਦਾ ਹਾਂ ਕਿ ਇਹ ਮਸਲਾ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਗਿਆ ਅੱਤੇ ਜਸਟਿਸ ਤਵਾਤੀਆ ਨੇ ਇਸ ਨੂੰ ਗੰਭੀਰ ਮੰਨਣਾ ਦੱਸਿਆ ਅੱਤੇ ਸਰਕਾਰ ਨੂੰ ਵਾਰਨਿੰਗ ਦਿੱਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ 1967 ਪਿਛੋਂ ਜੋ ਦੇਖਿਆ ਗਿਆ ਹੈ ਅਗਰ ਇਸ ਦੇ ਬਾਰੇ ਮੁੜ ਵਿਚਾਰ ਨਾ ਕੀਤਾ ਗਿਆ ਤਾਂ ਕੋਆਪ੍ਰੇਟਿਵ ਮੂਵਮੈਂਟ ਜਿਹੜੀ ਹੈ ਇਹ ਹਮਸ਼ਾ ਲਈ ਖਤਮ ਹੋ ਜਾਵੇਗੀ। ਮੈਂ ਗੌਰਮਿੰਟ ਅੱਗੇ ਅਪੀਲ ਕਰਾਂਗਾ ਕਿ ਜੇ ਪੰਜਾਬ ਦੇ ਕਿਸਾਨ ਦੀ ਬਹਿਬੂਦੀ ਕਰਨਾ ਚਾਹੁੰਦੇ ਹੋ ਤਾਂ ਮੇਰੇ ਉਨ੍ਹਾਂ ਸਾਥੀਆਂ ਨੇ ਜਿਹੜੀ ਕਾਨੂੰਨ ਦੇ ਵਿਚ ਸੋਧ ਕੀਤੀ ਹੈ ਉਸ ਨੂੰ ਰੋਕ ਲਵੋ। ਉਸ ਸੋਧ ਦੇ ਮੁਤਾਬਿਕ ਡਿਪਟੀ ਰਜਿਸਟਰਾਰ ਨੂੰ ਇਤਨੀਆਂ ਪਾਵਰਜ਼ ਦਿੱਤੀਆਂ ਗਈਆਂ ਹਨ ਕਿ...(ਵਿਘਨ)

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਜ਼ਰਾ ਅਰਾਮ ਨਾਲ ਸੁਣਨ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ]

ਉਸ ਅਮੈਂਡਮੈਂਟ ਰਾਹੀਂ ਡਿਪਟੀ ਰਜਿਸਟਰਾਰ ਨੂੰ ਇਤਨੀਆਂ ਪਾਵਰਜ਼ ਦਿੱਤੀਆਂ ਗਈਆਂ ਹਨ ਕਿ ਜੇ ਕੋਈ ਮੂਵਮੈਂਟ ਦਾ ਵੱਡਾ ਅਹੁਦੇਦਾਰ ਬੇਈਮਾਨ ਹੋ ਜਾਵੇ ਅੱਰ ਗਰੀਬ ਹਰੀਜਨਾਂ ਦੇ ਨਾਲ ਧੱਖਾ ਕਰ ਜਾਵੇ ਤਾਂ ਉਸ ਦੀ ਅਪੀਲ ਨਹੀਂ ਹੋ ਸਕਦੀ । ਸਪੀਕਰ ਸਾਹਿਬ, ਪੁਜ਼ੀਸ਼ਨ ਇਹ ਹੈ ਕਿ ਜੁਆਇੰਟ ਰਜਿਸਟਰਾਰ ਜੋ ਫੈਸਲਾ ਕਰਦਾ ਹੈ ਉਨ੍ਹਾਂ ਵਿਚੋਂ 99 ਫੀ ਸਦੀ ਕੇਸਾਂ ਵਿਚ ਕਿਸੇ ਨੂੰ ਸਟੇਅ ਨਹੀਂ ਮਿਲਦੀ ਅੱਰ ਉਹ 40-40 ਦਿਨ ਤਕ ਜੇਲ੍ਹ ਵਿਚ ਰਹਿ ਜਾਂਦੇ ਹਨ। ਇਸ ਲਈ ਮੈਂ ਇਹ ਕਹਾਂਗਾ ਕਿ ਇਤਨੀਆਂ ਵਾਈਡ ਪਾਵਰਜ਼ ਕਿਸੇ ਬੰਦੇ ਨੂੰ ਦੇਣਾ ਕੋਆਪਰੇਟਿਵ ਮੂਵਮੈਂਟ ਲਈ ਠੀਕ ਨਹੀਂ । ਮੈਂ ਅਪੀਲ ਕਰਾਂਗਾ ਕਿ ਇਹ ਜਿਹੜਾ ਕਾਨੂੰਨ ਹੈ ਇਸ ਨੂੰ ਜ਼ਰੂਰ ਬਦਲ ਦੇਣਾ ਚਾਹੀਦਾ ਹੈ । ਸਪੀਕਰ ਸਾਹਿਬ, ਮੇਰੇ ਅਕਾਲੀ ਵੀਰਾਂ ਨੇ ਆਪਣੇ ਵੇਲੇ ਇਸ ਵਿਚ ਇਕ ਬੜੀ ਖਤਰਨਾਕ ਅਮੈਂਡਮੈਂਟ ਕੀਤੀ ਹੈ । ਇਸ ਐਕਟ ਦਾ ਇਕ ਸੈਕਸ਼ਨ 13.8 ਹੈ ਉਸ ਵਿਚ ਪਰੋਵਾਈਡਡ ਹੈ ਕਿ ਕੋਆਪਰੇਟਿਵ ਦਾ ਮਤਲਬ ਇਹ ਹੈ ਕਿ ਮੇਲ ਮਿਲਾਪ ਨਾਲ ਪਰ ਮੇਰੇ ਅਕਾਲੀ ਵੀਰ ਕਿਉਂਕਿ ਡੈਮੋਕਰੇਸੀ ਵਿਚ ਯਕੀਨ ਨਹੀਂ ਸਨ ਰਖਦੇ ਇਸ ਕਰਕੇ ਇਸ ਕਾਨੂੰਨ ਵਿੱਚ ਇਹ ਅਮੈਂਡਮੈਂਟ ਕੀਤੀ ਕਿ ਸਰਕਾਰ ਕੰਪਲਸਰੀ, ਜ਼ਬਰਦਸਤੀ ਸੁਸਾਇਟੀਆਂ ਨੂੰ ਅਮਲਾਗਾਮੇਟ ਕਰ ਸਕਦੀ ਹੈ । ਸਪੀਕਰ ਸਾਹਿਬ, ਉਸ ਦਾ ਨਤੀਜਾ ਕੀ ਨਿਕਲਿਆ ? ਜਿਹੜੀਆਂ 11 ਹਜ਼ਾਰ ਸੁਸਾਇਟੀਆਂ ਹੁੰਦੀਆਂ ਸਨ ਉਹ 2,581 ਬਣਾ ਦਿੱਤੀਆਂ ਅੱਰ ਇਹ ਪਾਵਰ ਅਸਿਸਟੈਂਟ ਰਜਿਸਟਰਾਰ ਨੂੰ ਦਿੱਤੀ ਗਈ । ਉਸ ਦਾ ਫੈਸਲਾ ਆਖਿਰੀ ਫੈਸਲਾ ਹੈ। ਮੈਂ ਮੰਨਦਾ ਹਾਂ ਕਿ ਕਾਨੂੰਨੀ ਤੌਰ ਤੇ ਇਹ ਚੀਜ਼ ਕੰਪਲਸਰੀ ਅਮਲਗਾਮੇਟ ਹੋ ਸਕਦੀ ਹੈ ਪਰ ਇਸ ਦਾ ਫਾਇਦਾ ਕੀ ਹੋਇਆ । ਮਰ ਸਾਥੀ ਕਾਮਰੇਡ ਚੀਮਾ ਜੀ ਨੇ ਦੱਸਿਆ ਹੈ ਕਿ ਕਿੰਨੇ ਹੀ ਲੋਕਾਂ ਨੂੰ ਇਸ ਕਾਰਨ ਧੱਕੇ ਖਾਣੇ ਪਏ।

ਹੁਣ ਮੈਂ ਆਪ ਦਾ ਧਿਆਨ ਸੈਕਸ਼ਨ 69 ਵਿਚ ਜੋ ਪਰੋਵਾਈਡਿਡ ਹੈ ਉਸ ਵਲ ਦਿਵਾਉਂਦਾ ਹਾਂ। ਇਸ ਮੁਤਾਬਿਕ ਸਮੁੱਚੇ ਮੋਟੇ ਜਾਂ ਕਿਸੇ ਰੈਫਰੈਂਸ ਤੇ ਰਿਵੀਜ਼ਨ ਲਾਈ ਕਹਦੀ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਗੌਰਮਿੰਟ ਦਾ ਜਿਹੜਾ ਡਿਪਟੀ ਸੈਕਟਰੀ ਹੈ ਜੇ ਉਹ ਅਜਿਹਾ ਫੈਸਲਾ ਦੇ ਦੇਵੇ ਤਾਂ ਸੈਕਸ਼ਨ 69 ਦੀ ਵਰਤੋਂ ਹੀ ਨਹੀਂ ਹੋ ਸਕਦੀ । ਇਸ ਤੋਂ ਇਲਾਵਾ ਰਜਿਟਰਾਰ, ਕੋਆਪਰੇਟਿਵ ਸੁਸਾਇਟੀ ਕੋਲ ਇਤਨੀਆਂ ਪਾਵਰਜ਼ ਹਨ ਕਿ ਜਿਵੇਂ ਇੰਗਲੈਂਡ ਦੀ ਪਾਰਲੀਮੈਂਟ ਦੇ ਮੁਤੱਲਕ ਇਹ ਕਿਹਾ ਜਾਂਦਾ ਸੀ ਕਿ ਇੰਗਲੈਂਡ ਦੀ ਪਾਰਲੀਮੈਂਟ ਬੜੀ ਸ਼ਕਤੀਸ਼ਾਲੀ ਹੈ ਉਹ ਜੋ ਚਾਹੇ ਕਰ ਸਕਦੀ ਹੈ, ਸਿਰਫ ਇਕ ਬੰਦੇ ਨੂੰ ਜ਼ਨਾਨੀ ਅੱਰ ਜ਼ਨਾਨੀ ਨੂੰ ਬੰਦਾ ਨਹੀਂ ਬਣਾ ਸਕਦੀ ਬਾਕੀ ਸਭ ਕੁਝ ਕਰ ਸਕਦੀ ਹੈ। ਪਰ ਮੈਂ ਦੱਸਦਾ ਹਾਂ ਕਿ ਰਜਿਸਟਰਾਰ, ਕੋਆਪਰੇਟਿਵ ਸੁਸਾਇਟੀਜ਼ ਨੂੰ ਇਤਨੀ ਤਾਕਤ ਹੈ ਕਿ ਉਹ ਜ਼ਨਾਨੀ ਨੂੰ ਬੰਦਾ ਅੱਰ ਬੰਦੇ ਨੂੰ ਜ਼ਨਾਨੀ ਵੀ ਬਣਾ ਸਕਦਾ ਹੈ ਅੱਰ ਉਹ ਬੰਦਾ ਇਤਨੀ ਚੇਰ ਤਕ ਜ਼ਨਾਨੀ ਹੀ ਰਹੇਗਾ ਜਦੋਂ ਤਕ ਕਿ ਉਪਰੋਂ ਅਪੀਲ ਹੋ ਕੇ ਫੈਸਲਾ ਨਾ ਹੋ ਜਾਵੇ । (ਵਿਘਨ) ਇਸ ਕਰਕੇ ਸਪੀਕਰ ਸਾਹਿਬ, ਰਜਿਸਟਰਾਰ ਦੀਆਂ ਪਾਵਰਜ਼ ਇਤਨੀਆਂ ਵਾਈਡ ਹਨ ਕਿ ਕੋਈ ਵੀ ਇਮਾਨਦਾਰ ਸੁਸਾਇਟੀ ਜੇ ਕੋਆਪਰੇਟਿਵ ਮੂਵਮੈਂਟ ਵਿਚ ਰਹਿਣਾ ਚਾਹੇ ਤਾਂ ਉਹ ਨਹੀਂ ਰਹਿ ਸਕਦੀ ਜਦੋਂ ਤਕ ਕਿ ਉਸ ਦਾ ਸਰਕਾਰ ਦੇ ਅਫਸਰਾਂ ਨਾਲ ਮੇਲ ਜੋਲ ਨਾ ਹੋ ਜਾਵੇ । ਸਪੀਕਰ ਸਾਹਿਬ, ਮੈਂ ਵੀ ਬਟਾਲਾ ਕੰਜ਼ਿਊਮਰ ਸਟੋਰ ਦਾ ਚੇਅਰਮੈਨ ਰਿਹਾ ਹਾਂ ਅਤੇ ਨੈਸ਼ਨਲ ਫੈਡਰੇਸ਼ਨ ਦਾ ਡਾਇਰੈਕਟਰ ਵੀ ਰਿਹਾ ਹਾਂ ਅੱਰ ਇੰਡੀਆ ਨੂੰ ਰਿਪ੍ਰੇਜੈਂਟ ਕਰਨ ਲਈ ਰਸ਼ੀਆ ਵੀ ਗਿਆ ਸੀ ਪਰ ਜਦੋਂ ਇਨ੍ਹਾਂ ਦਾ (ਵਿਰੋਧੀ ਪਾਰਟੀ ਵਲ ਇਸ਼ਾਰਾ) ਰਾਜ ਆਇਆ ਤਾਂ ਕੁਲ 32 ਮੈਂਬਰਜ਼ ਸਨ ਜਿਨ੍ਹਾਂ ਵਿਚੋਂ 31 ਮੇਰੇ ਨਾਲ ਸਨ ਪਰ ਇਨ੍ਹਾਂ ਨੇ ਉਹ 31 ਦੇ 31 ਚੁੱਕਵਾ ਚਿੱਤੇ ਅਤੇ ਰਜਿਸਟਰਾਰ ਨੇ ਉਸ ਇਕ ਬੰਦੇ ਨੂੰ ਚੇਅਰਮੈਨ ਡਿਕਲੇਅਰ ਕਰ ਦਿੱਤਾ । ਇਹ ਠੀਕ ਹੈ

Original with;
Punjab Vidhan Sabha
Digitized by;
Panjab Digital Library

ਕਿ ਮੈਂ ਬਾਅਦ ਵਿਚ ਅਪੀਲ ਕਰ ਕੇ ਫਿਰ ਚੇਅਰਮੈਨ ਬਣਿਆ । ਇਸ ਲਈ ਮੈਂ ਹੁਣ ਸਰਕਾਰ ਨੂੰ ਕਹਿੰਦਾ ਹਾਂ ਕਿ ਹੁਣ ਤੁਹਾਨੂੰ ਪੰਜਾਬ ਦੀ ਗਰੀਬ ਜਨਤਾ ਦੀ ਭਲਾਈ ਸੋਚਣੀ ਚਾਹੀਦੀ ਹੈ । ਮੇਰੇ ਸਾਥੀ ਸਰਦਾਰ ਜਸਮਤ ਸਿੰਘ ਜੀ ਵੀ ਕੋਆਪਰਟਿਵ ਮੂਵਮੈਂਟ ਵਿਚ ਰਹੇ ਹਨ, ਸਾਡੇ ਚੀਫ ਮਨਿਸਟਰ ਸਾਹਿਬ ਵੀ ਕੋਆਪਰੇਟਿਵ ਮੂਵਮੈਂਟ ਵਿਚੋਂ ਆਏ ਹਨ ਅਤੇ ਅੱਜ ਉਹ ਪੋਜ਼ੀਸ਼ਨ ਵਿੱਚ ਹਨ, ਉਹ ਇਸ ਗਲ ਨੂੰ ਰਿਏਆਲਾਈਜ਼ ਕਰਨ ਕਿ ਜਿਹੜੀ ਕੋਆਪਰੇਟਿਵ ਅਫਸਰਾਂ ਨੂੰ ਇਤਨੀਆਂ ਤਾਕਤਾਂ ਦਿੱਤੀਆਂ ਗਈਆਂ ਹਨ, ਜੋ ਮੇਰੇ ਸਾਥੀਆਂ ਨੇ ਕਾਨੂੰਨ ਬਣਾਇਆ ਸੀ, ਉਸ ਨਾਲ ਲੋਕਾਂ ਵਿੱਚ ਕੋਆਪਰੇਟਿਵ ਮੂਵਮੈਂਟ ਖਤਮ ਹੋ ਚੁਕੀ ਹੈ, ਮੈਂ ਕਹਾਂਗਾ ਕਿ ਅੱਜ ਵਕਤ ਆ ਗਿਆ ਹੈ ਕਿ ਇਸ ਨੂੰ ਹੁਣ ਇਹ ਸੰਭਾਲਣ । ਮੈਂ ਆਪਣੇ ਐਚ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਵੇਖਣ। ਸੈਕਸ਼ਨ 26.2 ਦੇ ਵਿਚ ਪਰੋਵਾਈਡਿਡ ਹੈ ਕਿ ਪੰਜਾਬ ਸਰਕਾਰ ਕਿਸੇ ਵੀ ਬੈਂਕ ਵਿੱਚ ਜਾਂ ਇੰਸਟੀਚਿਊਸ਼ਨ ਵਿਚ ਜਿਥੇ 20 ਲੱਖ ਰੁਪਿਆ ਲਾਉਂਦੀ ਹੈ ਉਥੇ ਆਪਣਾ ਚੇਅਰਮੈਨ ਲਾ ਸਕਦੀ ਹੈ। ਉਸ ਵਿੱਚ ਆਪਣੇ ਬੰਦੇ ਨਾਮੀਨੇਟ ਕਰ ਸਕਦੀ ਹੈ ਅੱਤੇ ਮੈਨੇਜਿੰਗ ਡਾਇਰੈਕਟਰ ਵੀ ਲਾ ਸਕਦੀ ਹੈ । ਉਸ ਪਾਸੋਂ ਮੇਰੇ ਸਾਥੀ ਹੀਰੋ ਜੀ ਮੈਨੂੰ ਇਸ਼ਾਰੇ ਕਰ ਰਹੇ ਹਨ, ਉਨ੍ਹਾਂ ਨੂੰ ਪਤਾ ਹੈ, ਕਿ ਕਈ ਜਗਾਂ ਤੇ ਤਾਂ ਚੇਅਰਮੈਨ ਵੀ ਗੌਰਮਿੰਟ ਦਾ ਲਗਾ ਹੋਇਆ ਹੈ ਅਤੇ ਮੈਨੇਜਿੰਗ ਡਾਇਰੈਕਟਰ ਵੀ । ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਲੁਧਿਆਣੇ ਦੇ ਬੈਂਕ ਵਿਚ ਰਘਬੀਰ ਸਿੰਘ, ਕਾਂਗਰਸ ਪਾਰਟੀ ਦਾ ਲਗਾ ਹੋਇਆ ਸੀ । ਉਹ ਸਾਡੀ ਪਾਰਟੀ ਦਾ ਸੀ ਪਰ ਅਕਾਲੀ ਸਰਕਾਰ ਨੇ ਉਸ ਨੂੰ ਹੱਟਾ ਦਿੱਤਾ । ਇਹ ਠੀਕ ਹੈ ਕਿ ਬਾਅਦ ਵਿਚ ਸੁਪਰੀਮ ਕੋਰਟ ਨੇ ਰਘਬੀਰ ਸਿੰਘ ਦੇ ਹੱਕ ਵਿਚ ਫੈਸਲਾ ਦਿਤਾ । ਪਰ ਜਦੋਂ ਸੁਪਰੀਮ ਕੋਰਟ ਨੇ ਰਘਬੀਰ ਸਿੰਘ ਦੇ ਹੱਕ ਵਿਚ ਫੈਸਲਾ ਦੇ ਦਿੱਤਾ ਤਾਂ ਇਸ ਅਕਾਲੀ ਸਰਕਾਰ ਨੇ ਉਸ ਐਕਟ ਵਿਚ ਹੀ ਤਬਦੀਲੀ ਕਰ ਦਿੱਤੀ । ਇਸ ਲਈ ਮੈਂ ਹੁਣ ਡਾਕਟਰ ਕੇਵਲ ਕ੍ਰਿਸ਼ਨ ਜੀ ਅੱਗੇ, ਚੀਫ ਮਨਿਸਟਰ ਸਾਹਿਬ ਅੱਗੇ, ਆਪਣੀ ਕੈਬਨਿਟ ਅੱਗੇ ਅਪੀਲ ਕਰਾਂਗਾ ਕਿ ਖੁਦਾ ਦੇ ਵਾਸਤੇ ਉਹ ਇਸ ਕੋਆਪਰੇਟਿਵ ਮੂਵਮੈਂਟ ਨੂੰ ਹੁਣ ਲੋਕਾਂ ਲਈ ਬਣਾਉਣ । ਪਿਛਲੀ ਸਰਕਾਰ ਨੇ ਜਿਹੜੀ ਗਰੀਬ ਲੋਕਾਂ ਨਾਲ ਧੱਕੇ ਸ਼ਾਹੀ ਕੀਤੀ ਹੈ, ਜੱਟ ਨੇ ਜੱਟ ਨਾਲ ਜਿਹੜੀ ਦੁਸ਼ਮਣੀ ਕੀਤੀ ਹੈ ਉਸ ਨੂੰ ਹੁਣ ਬੰਦ ਕਰਾਉਣ । ਇਹ ਅਪੀਲ ਕਰ ਕੇ ਮੈਂ ਬੈਠਦਾ ਹਾਂ।

ਸਰਦਾਰ ਮੁਹਿੰਦਰ ਸਿਘ ਸਰੂਪਵਾਲੀ (ਬਾਦੀਆਂ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਇਸ ਸਦਨ ਵਿਚ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਨੂੰ ਖੁਸ਼ੀ ਹੈ ਕਿ ਮੈਂ ਕੋਆਪਰੇਟਿਵ ਬਾਰੇ ਆਪਣੇ ਵਿਚਾਰ ਇਸ ਹਾਊਸ ਨਾਲ ਸਾਂਝੇ ਕਰਾਂਗਾ । ਮੇਰੇ ਤੋਂ ਪਹਿਲਾਂ ਕਈ ਸਜਣਾਂ ਨੇ ਇਸ ਹਾਊਸ ਵਿਚ ਬੋਲ ਕੇ ਚੰਗੇ ਸੁਝਾਵ ਵੀ ਦਿੱਤੇ ਹਨ । ਸਪੀਕਰ ਸਾਹਿਬ, ਬਦਕਿਸਮਤੀ ਨਾਲ ਪਿੱਛਲੇ ਸਮੇਂ ਵਿਚ ਬਹੁਤ ਸਾਰੇ ਵੱਡੇ ਆਦਮੀਆਂ ਨੇ ਇਸ ਦੇ ਉਤੇ ਕਬਜ਼ਾ ਕਰ ਲਿਆ ਅੱਤੇ ਇਸ ਮੂਵਮੈਂਟ ਨੂੰ ਬਹੁਤ ਭਾਰੀ ਨੁਕਸਾਨ ਹੋਇਆ । ਬਹੁਤ ਸਾਰੀਆਂ ਬੋਗਸ ਸੁਸਾਇਟੀਆਂ ਬਣਾ ਕੇ ਪੈਸਾ ਲੈ ਕੇ ਗਬਨ ਕੀਤਾ ਗਿਆ । ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹਾਂਗਾ, ਸਰਦਾਰ ਦਰਬਾਰਾ ਸਿੰਘ ਜੀ ਨੇ ਕਿਹਾ ਹੈ ਕਿ ਅਸੀਂ ਪੰਜਾਬ ਵਿਚ ਕਲੀਨ ਐਡਮਨਿਸਟਰੇਸ਼ਨ ਦੇਵਾਂਗੇ, ਕੋਆਪਰੇਟਿਵ ਡੀਪਾਰਟਮੈਂਟ ਵਿਚ ਬਹੁਤ ਘੱਪਲੇ ਹਨ ਅਤੇ ਸੁਸਾਇਟੀਆਂ ਵਿਚ ਬਹੁਤ ਗਬਨ ਹਨ ਅਤੇ ਇਹ ਬਹੁਤ ਤਕੜੇ ਤਕੜੇ ਆਦਮੀਆਂ ਵਲੋਂ ਗਬਨ ਕੀਤੇ ਗਏ ਹਨ ਪਰ ਛੋਟੇ ਕਿਸਾਨਾਂ ਨੂੰ, ਜ਼ਿਮੀਦਾਰਾਂ ਨੂੰ ਜਿਸ ਨੇ 100, 200 ਜਾਂ 500 ਰੁਪਏ ਤਕ ਦੇ ਕਰਜ਼ੇ ਲਿੱਤੇ ਹੋਏ ਹਨ, ਉਨ੍ਹਾਂ ਨੂੰ ਤਾਂ ਫੜ ਫੜ ਕੇ ਜੇਲਾਂ ਵਿਚ ਸੁਟਿਆ ਜਾਂਦਾ ਹੈ ਪਰ ਵੱਡੇ ਵੱਡੇ ਆਦਮੀਆਂ ਨੂੰ, ਜਿਨ੍ਹਾਂ ਨੇ ਬੋਗਸ ਸੁਸਾਇਟੀਆਂ ਬਣਾਕੇ ਕਰਜ਼ੇ ਲਏ ਹੋਏ ਹਨ, ਉਨ੍ਹਾਂ ਨੂੰ ਹੱਥ ਪਾਉਣ ਦਾ ਸਰਕਾਰ ਯਤਨ ਨਹੀਂ ਕਰਦੀ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੇ ਇਸ ਤਰ੍ਹਾਂ ਕਰਕੇ ਇਕ ਕੋਆਪਰੇਟਿਵ ਮੂਵਮੈਂਟ ਨੂੰ ਕਮਜ਼ੋਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਨੂੰ ਫੜ ਫੜ ਕੇ ਅੰਦਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ]

ਕਰਨਾ ਚਾਹੀਦਾ ਹੈ। (ਥੰਪਿੰਗ) ਇਥੇ ਇਕ ਮਾਨਯੋਗ ਮੈਂਬਰ ਨੇ ਬੋਲਦਿਆਂ ਹੋਇਆਂ ਇਹ ਗੱਲ ਕਹੀ ਕਿ ਕੋਆਪਰੇਟਿਵ ਸ਼ੂਗਰ ਮਿੱਲ, ਬਟਾਲਾ ਅਜਿਹੀ ਮਿੱਲ ਹੈ ਜਿਹੜੀ ਕਿ ਸਾਰੇ ਹਿੰਦੁਸਤਾਨ ਵਿਚ ਪਰੋਡਕਸ਼ਨ ਦੇ ਲਿਹਾਜ਼ ਨਾਲ ਪਹਿਲੇ ਨੰਬਰ ਤੇ ਆਈ ਹੈ। ਪਿਛਲੀ ਬਾਦਲ ਸਾਹਿਬ ਦੀ ਸਰਕਾਰ ਨੇ ਦੋ ਸਾਲਾਂ ਵਿਚ ਨਵੀਆਂ ਲੀਹਾਂ ਤੇ ਇਸ ਨੂੰ ਚਲਾਇਆ ਹੈ ਅਤੇ ਜਿਤਨੇ ਪੈਸੇ ਉਥੋਂ ਇਕਠੇ ਹੁੰਦੇ ਸਨ, ਉਹ ਸਾਰੇ ਦੇ ਸਾਰੇ ਕਿਸਾਨਾਂ ਵਿਚ ਵੰਡ ਦਿੱਤੇ ਜਾਂਦੇ ਰਹੇ ਹਨ। (ਥੰਪਿੰਗ) ਹੁਣ ਵੀ ਕਿਸਾਨਾਂ ਦਾ 85 ਲੱਖ ਰੁਪਿਆ ਇਸ ਵੇਲੇ ਸ਼ੂਗਰ ਮਿਲ ਵਿਚ ਮੁਨਾਫੇ ਦੇ ਤੌਰ ਤੇ ਪਿਆ ਹੋਇਆ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਪੈਸਾ ਕਿਸਾਨਾਂ ਵਿਚ ਵੰਡਿਆ ਜਾਵੇ।

ਹੁਣ ਮੈਂ, ਸਪੀਕਰ ਸਾਹਿਬ, ਖੇਤੀਬਾੜੀ ਦੇ ਬਾਰੇ ਵਿਚ ਜਿਹੜੀ ਡੀਮਾਂਡ ਆਈ ਹੈ। (ਵਿਘਨ) (ਸ਼ੋਰ)

ਆਵਾਜ਼ਾਂ : ਕਦੋਂ ਵੰਡਿਆ ਸੀ ?

ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ : ਤੁਸੀਂ ਰਿਕਾਰਡ ਕੱਢਾ ਕੇ ਵੇਖ ਲਓ। ਫਾਈਲਾਂ ਕੱਢਾ ਕੇ ਵੇਖ ਲਓ। ਇਹ ਰਿਕਾਰਡ ਦੀ ਗੱਲ ਹੈ। (ਵਿਘਨ) ਇਸ ਬਾਰੇ ਇਲੈਕਸ਼ਨਾਂ ਤੋਂ ਪਹਿਲਾਂ ਕਿਸਾਨਾਂ ਨੇ ਇੱਕ ਜਲਸਾ ਵੀ ਕੀਤਾ ਸੀ। ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਸੀ ਕਿ ਕੋਆਪਰੇਟਿਵ ਕਾਨੂੰਨ ਦੀਆਂ ਨੀਹਾਂ ਵਿਚ ਕੋਈ ਵੀ ਜੁਆਇੰਟ ਰਜਿਸਟਰਾਰ ਬਣ ਸਕਦਾ ਹੈ। ਉਹ ਰਜਿਸਟਰਾਰ ਉਥੇ ਮੀਟਿੰਗਾਂ ਵਿਚ ਬਿਲਕੁਲ ਨਹੀਂ ਜਾਂਦਾ ਅਤੇ ਮੀਟਿੰਗ ਰਖਣ ਤੋਂ ਗੁਰੇਜ਼ ਕਰਦਾ ਹੈ। (ਵਿਘਨ) ਜਿਹੜਾ ਸਾਡਾ ਵਾਈਸ ਪ੍ਰੈਜ਼ੀਡੈਂਟ ਹੈ, ਉਹ ਬੋਰਡ ਦੀ ਮੀਟਿੰਗ ਸੱਦ ਕੇ ਆਪਣੇ ਤੌਰ ਤੇ ਉਸ ਮੁਨਾਫੇ ਨੂੰ ਵੰਡ ਸਕੇ।

ਹੁਣ ਮੈਂ, ਸਪੀਕਰ ਸਾਹਿਬ, ਕੁਝ ਖੇਤੀਬਾੜੀ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਪਹਿਲਾਂ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਵੀ ਅਤੇ ਫਿਰ ਡੀਮਾਂਡਾਂ ਉਤੇ ਵੀ ਟਰੈਜ਼ਰੀ ਬੈਂਚਾਂ ਵਲੋਂ ਅਤੇ ਅਪੋਜ਼ੀਸ਼ਨ ਬੈਂਚਾਂ ਵਲੋਂ ਕਾਫੀ ਵਿਚਾਰ ਪਰਗਟ ਕੀਤੇ ਗਏ ਹਨ। ਅੱਜ ਸਾਨੂੰ ਸਾਰਿਆਂ ਨੂੰ ਕਿਸਾਨ ਤੇ ਪੂਰਾ ਗੌਰਵ ਹੈ ਕਿ ਪੰਜਾਬ ਦਾ ਕਿਸਾਨ ਹਿੰਦੁਸਤਾਨ ਦੇ ਪੂਲ ਵਿਚ 70 ਫੀ ਸਦੀ ਹਿੱਸਾ ਅਨਾਜ ਦਾ ਪਾਉਂਦਾ ਹੈ। ਪਹਿਲਾਂ ਹਿੰਦੁਸਤਾਨ ਬਾਹਰਲੇ ਦੇਸ਼ਾਂ ਵਿਚੋਂ ਅਨਾਜ ਮੰਗਵਾਉਂਦਾ ਸੀ। ਕਿਸਾਨ ਹਿੰਦੁਸਤਾਨ ਦੀ ਰੀੜ੍ਹ ਦੀ ਹੱਡੀ ਹੈ। ਇਸ ਤੋਂ ਬਗੈਰ ਹਿੰਦੁਸਤਾਨ ਦਾ ਭਲਾ ਨਹੀਂ ਹੋ ਸਕਦਾ। ਮੈਨੂੰ ਬੜਾ ਦੁੱਖ ਹੁੰਦਾ ਹੈ ਕਿ ਖਾਦ ਅਤੇ ਡੀਜ਼ਲ ਦਾ ਰੇਟ ਵੱਧ ਗਿਆ ਹੈ। ਸਾਡੇ ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਸਾਨੂੰ ਬੜਾ ਦੁੱਖ ਹੈ ਕਿ ਖਾਦ ਅਤੇ ਡੀਜ਼ਲ ਦਾ ਰੇਟ ਵੱਧ ਗਿਆ ਹੈ ਅਤੇ ਸਾਨੂੰ ਵੀ ਇਸ ਗੱਲ ਦੀ ਚਿੰਤਾ ਹੈ। ਮੈਂ ਪੁੱਛਦਾ ਹਾਂ ਕਿ ਇਸ ਚਿੰਤਾ ਦਾ ਇਲਾਜ ਕੀ ਕੀਤਾ ਗਿਆ ਹੈ ? ਕੋਈ ਗੱਲ ਕੀਤੀ ਗਈ ਹੈ ਜਾਂ ਕੀ ਬਜਟ ਵਿਚ ਕਿਸਾਨਾਂ ਵਾਸਤੇ ਕੋਈ ਸਬਸਿਡੀ ਦਿੱਤੀ ਗਈ ਹੈ ? ਕਿਸਾਨਾਂ ਦੇ ਪੱਖ ਵਾਸਤੇ ਇਨ੍ਹਾਂ ਨੂੰ ਜ਼ਰੂਰ ਕੁਝ ਸੋਚਣਾ ਚਾਹੀਦਾ ਹੈ। ਸਪੀਕਰ ਸਾਹਿਬ, ਖਾਦ ਅਤੇ ਡੀਜ਼ਲ ਦੇ ਰੇਟ ਵੱਧਣ ਨਾਲ ਕਿਸਾਨਾਂ ਤੇ ਲੱਖਾਂ ਰੁਪਏ ਦਾ ਬੋਝ ਪਿਆ ਹੈ ਅਤੇ ਕਿਸਾਨ ਇਸ ਬੋਝ ਥੱਲੇ ਦਬਿਆ ਜਾਵੇਗਾ। ਕਿਸਾਨ ਪਹਿਲਾਂ ਜਿਹੜਾ ਤਿੰਨ, ਚਾਰ ਬੋਰੀਆਂ ਖਾਦ ਦੀਆਂ ਖਰੀਦਦਾ ਸੀ, ਉਹ ਹੁਣ ਖਾਦ ਦੀਆਂ ਇੱਕ ਦੋ ਬੋਰੀਆਂ ਦੇ ਨਾਲ ਹੀ ਕੰਮ ਸਾਰ ਲਏਗਾ। ਇਸ ਨਾਲ ਪੰਜਾਬ ਨੂੰ ਭਾਰੀ ਨੁਕਸਾਨ ਹੋਵੇਗਾ। ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਕਹਾਂਗਾ ਕਿ ਜਿਸ ਤਰ੍ਹਾਂ ਤਾਮਲਨਾਡੂ ਸਰਕਾਰ ਨੇ ਆਉਂਦਿਆਂ ਹੀ ਪੰਜ ਏਕੜ ਤਕ ਕਿਸਾਨਾਂ ਦੇ ਸਾਰੇ ਕਰਜ਼ੇ ਮਾਫ ਕਰ ਦਿੱਤੇ ਹਨ ਉਸੇ ਤਰ੍ਹਾਂ ਹੀ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਹੈ। (ਥੰਪਿੰਗ) ਕੋਈ ਨਵੀਂ ਲੀਹ ਪਾਉਣੀ ਚਾਹੀਦੀ ਸੀ (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਮੈਂ ਆਪਣੇ ਵਿਚਾਰ ਦੇ ਰਿਹਾ ਹਾਂ। ਗੁਪਤਾ ਜੀ, ਤੁਸੀਂ ਬਾਅਦ ਵਿਚ ਜਦੋਂ ਬੋਲੋਗੇ ਤਾਂ ਕਹਿ ਲੈਣਾ। ਇਹ ਗਲਾਂ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀਆਂ ਹਨ।

ਸਪੀਕਰ ਸਾਹਿਬ, ਜਿਸ ਤਰ੍ਹਾਂ ਮੇਰੇ ਸਾਥੀ ਨੇ ਕਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਦਾ ਬੀਮਾ ਹੋਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਫਸਲ ਬੀਮਾ ਸਕੀਮ ਪੰਜਾਬ ਸਰਕਾਰ ਨੂੰ ਸ਼ੁਰੂ ਕਰਨੀ ਚਾਹੀਦੀ ਹੈ। ਹੁਣ ਵੀ ਜਦੋਂ ਹੜ੍ਹ ਆ ਜਾਂਦੇ ਹਨ ਤਾਂ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਜਾਂਦੀਆਂ ਹਨ ਅਤੇ ਜੇਕਰ ਮੀਂਹ ਨਾ ਪਵੇ ਤਾਂ ਸੋਕੇ ਨਾਲ ਕਿਸਾਨਾਂ ਦੀਆਂ ਫਸਲਾਂ ਨੂੰ ਬਹੁਤ ਭਾਰੀ ਨੁਕਸਾਨ ਪਹੁੰਚਦਾ ਹੈ। ਜਿਵੇਂ ਹੁਣੇ ਹੀ ਜਿਹੜੇ ਹੜ੍ਹ ਆਏ ਉਨ੍ਹਾਂ ਨਾਲ ਕਪੂਰਥਲਾ ਅਤੇ ਗੁਰਦਾਸਪੁਰ ਵਿਚ ਭਾਰੀ ਨੁਕਸਾਨ ਹੋਇਆ ਹੈ। ਅਨੰਦਪੁਰ ਖੁਸ਼ੀਪੁਰ ਵਿਚ 100,100 ਘਰਾਂ ਦੇ ਪਿੰਡ ਰੁੜ ਗਏ ਹਨ ਅਤੇ ਬਹੁਤ ਨੁਕਸਾਨ ਹੋਇਆ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਵੇਂ ਪਹਿਲਾਂ ਬਾਦਲ ਸਾਹਿਬ ਦੀ ਸਰਕਾਰ ਨੇ ਕਿਸਾਨਾਂ ਨੂੰ ਕੰਪਨਸੇਟ ਕੀਤਾ ਸੀ, ਉਸੇ ਤਰ੍ਹਾਂ ਹੀ ਸਾਡੀ ਹੁਣ ਦੀ ਪੰਜਾਬ ਸਰਕਾਰ ਨੂੰ ਇਸ ਦੇ ਲਈ ਫੰਡਜ਼ ਰਖਣੇ ਚਾਹੀਦੇ ਹਨ ਅਤੇ ਕਿਸਾਨਾਂ ਨੂੰ ਰਿਲੀਫ ਦੇਣਾ ਚਾਹੀਦਾ ਹੈ। ਬਾਕੀ, ਫਸਲ ਬੀਮਾ ਸਕੀਮ ਲਾਗੂ ਕਰਕੇ ਕਿਸਾਨਾਂ ਦੀ ਗਰਦਨ ਤੇ ਜੋ ਤਲਵਾਰ ਲਟਕਦੀ ਹੈ ਕਿ ਇਸ ਤਰ੍ਹਾਂ ਫਸਲ ਬਰਬਾਦ ਹੋਣ ਤੇ ਕੋਈ ਰਿਲੀਫ ਮਿਲੇਗਾ ਜਾਂ ਨਹੀਂ ਇਸ ਤਲਵਾਰ ਨੂੰ ਹਟਾਇਆ ਜਾਵੇ। ਸਪੀਕਰ ਸਾਹਿਬ, ਜਦੋਂ ਹੜ੍ਹ ਆਉਂਦੇ ਹਨ ਤਾਂ ਕਿਸਾਨ ਦਾ ਬਹੁਤ ਨੁਕਸਾਨ ਹੁੰਦਾ ਹੈ। (ਵਿਘਨ)

ਮੰਡੀਆਂ ਵਿਚ ਜਦੋਂ ਕਿਸਾਨ ਜਿਨਸ ਲੈ ਕੇ ਜਾਂਦਾ ਹੈ, ਸਪੀਕਰ ਸਾਹਿਬ, ਤਾਂ ਸਰਕਾਰ ਜੋ ਰੇਟ ਮੁਕੱਰਰ ਕਰਦੀ ਹੈ, ਉਸ ਨੂੰ ਉਹ ਰੇਟ ਵੀ ਪੂਰਾ ਨਹੀਂ ਮਿਲਦਾ ਕਿਉਂਕਿ ਆੜ੍ਹਤੀਏ ਸਰਕਾਰੀ ਕਮਰਚਾਰੀਆਂ ਦੇ ਨਾਲ ਰਲ ਜਾਂਦੇ ਹਨ।

ਪਿਛਲੇ ਸਾਲ ਜਿਹੜੀ ਲੁੱਟ ਹੋਈ ਸੀ, ਉਸ ਨੂੰ ਰੋਕਣ ਵਾਸਤੇ ਸਰਕਾਰ ਨੂੰ ਜ਼ਰੂਰੀ ਕਦਮ ਚੁਕਣੇ ਚਾਹੀਦੇ ਹਨ। ਮੈਂ ਸਦਨ ਦਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇੱਕ ਬਦਕਿਸਮਤ ਕਿਸਾਨ ਹੀ ਹੈ ਜਿਸ ਦੀ ਜਿਨਸ ਦਾ ਭਾਅ ਦਿੱਲੀ ਵਿਚ ਜਾ ਕੇ ਲਗਦਾ ਹੈ, ਆਪਣੀ ਹੱਟ ਵਿਚ ਬੈਠਾ ਬਾਣੀਆਂ ਖੰਡ 6 ਰੁਪਏ ਕਿੱਲੋ, ਅਗਲੇ ਦਿਨ 7 ਰੁਪਏ ਕਿੱਲੋ ਅੱਰ ਅਗਲੇ ਦਿਨ 8 ਰੁਪਏ ਕਿੱਲੋ ਵੇਚ ਸਕਦਾ ਹੈ ਅੱਰ ਉਸ ਲਈ ਕੋਈ ਰੋਕ ਨਹੀਂ ਹੈ। ਸਰਦਾਰ ਦਰਬਾਰਾ ਸਿੰਘ ਨੇ ਉਠ ਕੇ ਕਹਿਣਾ ਹੈ ਕਿ ਅਸੀਂ ਏ. ਪੀ. ਸੀ. ਕੋਲ ਜਾਵਾਂਗੇ, ਉਨ੍ਹਾਂ ਦੀ ਮਰਜ਼ੀ ਹੈ। ਅਸੀਂ ਉਥੇ ਜਾ ਕੇ 110 ਰੁਪਏ ਕੁਇੰਟਲ ਇਸ ਦਾ ਭਾਅ ਮੁਕੱਰਰ ਕਰਨ ਦੀ ਸਿਫਾਰਸ਼ ਕਰਨੀ ਹੈ ਇਨ੍ਹਾਂ ਦੀ ਗਲ ਮੰਨੀ ਨਹੀਂ ਜਾਣੀ ਕਿਉਂਕਿ ਉਥੇ ਹੋਰ ਸੂਬਿਆਂ ਦੀ ਰਾਏ ਵੀ ਲਈ ਜਾਣੀ ਹੈ, ਉਨ੍ਹਾਂ ਨੇ ਕਹਿਣਾ ਹੈ ਕਿ ਅਸੀਂ ਇਸ ਨਾਲ ਸਹਿਮਤ ਨਹੀਂ ਹਾਂ। (ਘੰਟੀ) ਮੈਂ ਬੇਨਤੀ ਕਰਾਂਗਾ ਕਿ ਏ. ਪੀ. ਸੀ. ਦਾ ਜਿਹੜਾ ਮਸਲਾ ਹੈ ਇਸ ਉਤੇ ਬੜੇ ਤਕੜੇ ਹੋ ਕੇ ਕੇਸ ਪਲੀਡ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਕਿਸਾਨ ਦੇ ਫਸਲ ਬੀਜਣ ਤੋਂ ਪਹਿਲਾਂ ਏ. ਪੀ. ਸੀ. ਨੂੰ ਚਾਹੀਦਾ ਹੈ ਕਿ ਉਹ ਭਾਅ ਮੁਕੱਰਰ ਕਰੇ। ਜੇ ਕਿਸਾਨ ਨੂੰ ਪੁਗਦਾ ਹੋਵੇ ਤਾਂ ਉਹ ਫਸਲ ਬੀਜੇ ਜੇ ਉਸ ਨੂੰ ਨਹੀਂ ਪੁਗਦਾ ਤਾਂ ਨਾ ਬੀਜੇ। (ਘੰਟੀ)

ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੀ ਬਜਟ ਸਪੀਚ ਜਾਂ ਗਵਰਨਰ ਐਡਰੈਸ ਇਥੇ ਦਿੱਤਾ ਗਿਆ ਹੈ ਉਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ 6 ਕਤਾਈ ਮਿਲਾਂ ਲਗਾਈਆਂ ਜਾਣਗੀਆਂ ਪਰ ਇਹ ਕੋਸ਼ਿਸ਼ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਹੈ, ਉਨ੍ਹਾਂ ਨੇ ਇਹ 6 ਮਿਲਾਂ ਮਨਜ਼ੂਰ ਕਰਾਈਆਂ ਸਨ। ਬਾਦਲ ਸਾਹਿਬ ਨੇ 6 ਸ਼ੂਗਰ ਮਿਲਾਂ ਵਾਸਤੇ ਵੀ ਸੈਂਟਰ ਵਿਚ ਜਾ ਕੇ ਕੋਸ਼ਿਸ਼ ਕੀਤੀ ਸੀ ਪਰ ਸਿਰਫ 2 ਮਨਜ਼ੂਰ ਹੋਈਆਂ ਸਨ। ਇਸ ਲਈ ਜਿਹੜੀਆਂ 4 ਸ਼ੂਗਰ ਮਿਲਾਂ ਰਹਿ ਗਈਆਂ ਸਨ ਉਨ੍ਹਾਂ ਵਾਸਤੇ ਇਹ

Original with;
Punjab Vidhan Sabha
Digitized by:
Panjab Digital Library

[ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ]

ਹੁਣ ਕੋਸ਼ਿਸ਼ ਕਰਕੇ ਮਨਜ਼ੂਰੀ ਲਿਆਉਣ ਅੌਰ ਜਿਹੜੀਆਂ 2 ਮਿਲਾਂ ਦੀ ਮਨਜ਼ੂਰੀ ਮਿਲ ਗਈ ਸੀ ਉਹ ਆਉਣ ਵਾਲੇ ਸੀਜ਼ਨ ਵਿਚ ਗੰਨਾ ਪੀੜਨਾ ਸ਼ੁਰੂ ਕਰ ਦੇਣ। ਬਟਾਲਾ ਸ਼ੂਗਰ ਮਿਲ ਦੀ ਕਪੈਸਿਟੀ ਨੂੰ ਦੁੱਗਣਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮੈਂ ਇੰਨੀ ਬੇਨਤੀ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

ਚੌਧਰੀ ਜਗਜੀਤ ਸਿੰਘ (ਕਥਤਾਰਪੁਰ, ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਬਹੁਤ ਸਾਰੀਆਂ ਗਲਾਂ ਇਥੇ ਕਹੀਆਂ ਗਈਆਂ ਪਰ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਜਿਹੜੀਆਂ ਤਿੰਨ-ਤਿੰਨ ਚਾਰ-ਚਾਰ ਸੁਸਾਇਟੀਆਂ ਨੂੰ ਇੱਕਠਾ ਕਰ ਦਿੱਤਾ, ਉਸ ਨਾਲ ਖਾਸ ਤੌਰ ਤੇ ਹਰੀਜਨਾਂ ਨੂੰ ਬੜੀ ਤਕਲੀਫ ਹੋਈ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਹਿਲਾਂ ਕ੍ਰੈਡਿਟ ਸੁਸਾਇਟੀਆਂ ਹੁੰਦੀਆਂ ਸਨ ਅੌਰ ਬਾਅਦ ਵਿਚ ਉਹ ਐਗਰੀਕਲਚਰਲ ਸਰਵਿਸ ਸੁਸਾਇਟੀਆਂ ਵਿਚ ਮਰਜ਼ ਕਰ ਦਿੱਤੀਆਂ ਗਈਆਂ। ਪਿਛਲੀ ਸਰਕਾਰ ਨੇ ਇਹ ਸੁਸਾਇਟੀਆਂ ਜ਼ਰੂਰ ਮਰਜ਼ ਕਰ ਦਿੱਤੀਆਂ ਪਰ ਉਨ੍ਹਾਂ ਵਿਚ ਹਰੀਜਨਾਂ ਵਾਸਤੇ ਜਿਸ ਤਰ੍ਹਾਂ ਪੰਚਾਇਤਾਂ ਵਿਚ, ਪੰਚਾਇਤ ਸੰਮਿਤੀਆਂ ਵਿਚ ਜਾਂ ਜਿਸ ਤਰ੍ਹਾਂ ਹੋਰ ਅਦਾਰਿਆਂ ਵਿਚ ਹਰੀਜਨਾਂ ਲਈ ਸੀਟਾਂ ਰਿਜ਼ਰਵ ਹੁੰਦੀਆਂ ਹਨ, ਇਨ੍ਹਾਂ ਨੇ ਉਨ੍ਹਾਂ ਵਿਚ ਇਹ ਰਿਜ਼ਰਵੇਸ਼ਨ ਉੜਾ ਦਿੱਤੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਕਾਂਗਰਸ ਸਰਕਾਸ ਵੇਲੇ ਦੋ-ਦੋ, ਢਾਈ-ਢਾਈ ਹਜ਼ਾਰ ਰੁਪਿਆ ਪਿੰਡ ਦੀ ਸੁਸਾਇਟੀ ਵਿਚੋਂ ਹਰੀਜਨ ਕਰਜ਼ਾ ਲੈ ਸਕਦੇ ਸਨ ਪਰ ਪਿਛਲੀ ਸਰਕਾਰ ਨੇ ਇਹ ਸਿਰਫ 1000 ਰੁਪਿਆ ਕਰ ਦਿੱਤਾ। ਇਸ ਵਿਚੋਂ 500 ਰੁਪਏ ਨਕਦ ਅੌਰ ਬਾਕੀ 500 ਰੁਪਏ ਦੇ ਕੂਪਨ ਮਿਲਦੇ ਹਨ ਤਾਕਿ 100 ਰੁਪਏ ਮਹੀਨਾ ਦਾ ਸੁਸਾਇਟੀ ਵਿਚੋਂ ਉਹ ਸਾਮਾਨ ਲੈ ਸਕਣ। ਅੱਗੇ ਸੁਸਾਇਟੀਆਂ ਦੀ ਇਹ ਹਾਲਤ ਹੈ ਕਿ ਉਥੇ ਸਾਮਾਨ ਨਹੀਂ ਪਹੁੰਚਦਾ ਅੌਰ ਉਹ ਹਰੀਜਨ ਵਿਚਾਰੇ 500 ਰੁਪਏ ਦੇ ਕੂਪਨ ਆਪਣੀਆਂ ਜੇਬਾਂ ਵਿਚ ਪਾਈ ਫਿਰਦੇ ਹਨ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਇਕੱਠੀਆਂ ਕੀਤੀਆਂ ਸੁਸਾਇਟੀਆਂ ਨੂੰ ਜਲਦੀ ਤੋਂ ਜਲਦੀ ਤੋੜ ਕੇ ਫਿਰ ਪਿੰਡ ਪਿੰਡ ਵਿਚ ਸੁਸਾਇਟੀ ਬਣਾ ਦੇਣੀ ਚਾਹੀਦੀ ਹੈ ਤਾਕਿ ਪਿੰਡ ਦੇ ਗਰੀਬ ਹਰੀਜਨ ਜਾਂ ਹੋਰ ਅਜਿਹੇ ਬੰਦੇ ਆਪਣੀ ਜ਼ਰੂਰਤ ਆਪਣੇ ਪਿੰਡ ਵਿਚ ਹੀ ਪੂਰੀਆਂ ਕਰ ਸਕਣ। ਇਸ ਚੀਜ਼ ਦਾ ਵੀ ਬੜਾ ਚਰਚਾ ਹੋਇਆ ਕਿ ਚੈਕ ਸਿਸਟਮ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪਰਨੋਟ ਭਰ ਕੇ ਆਪ ਪੈਸੇ ਲੈ ਲੈਂਦੇ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪਿੰਡ ਦੀ ਕੋਅਪਰੇਟਿਵ ਸੁਸਾਇਟੀ ਹੋਵੇ, ਪਿੰਡ ਦੀ ਮਨੇਜਿੰਗ ਕਮੇਟੀ ਹੋਵੇ ਤਾਂ ਫਿਰ ਫੋਰਜਰੀ ਦੇ ਕੇਸਜ਼ ਘੱਟ ਹੁੰਦੇ ਹਨ। ਹੁਣ ਇਹ ਚੈਕ ਸਿਸਟਮ ਲਾਗੂ ਕਰਨ ਨਾਲ ਪਿੰਡ ਦੇ ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਉਨ੍ਹਾਂ ਨੂੰ ਸ਼ਹਿਰਾਂ ਵਿਚ ਪੈਸੇ ਲੈਣ ਲਈ ਬੈਂਕਾਂ ਵਿਚ ਜਾਣਾ ਪੈਂਦਾ ਹੈ। ਤਿੰਨ ਤਿੰਨ ਗੇੜੇ ਇੱਕ ਇੱਕ ਬੰਦੇ ਦੇ ਲਗ ਜਾਂਦੇ ਹਨ ਜਿਸ ਨਾਲ ਉਨ੍ਹਾਂ ਦਾ ਪੈਸਾ ਵੀ ਬਰਬਾਦ ਹੁੰਦਾ ਹੈ ਅੌਰ ਨਾਲ ਹੀ ਟਾਈਮ ਵੀ ਜ਼ਾਇਆ ਹੁੰਦਾ ਹੈ। ਇਸ ਨਾਲ ਪਿੰਡ ਦੇ ਲੋਕਾਂ ਨੂੰ ਕੋਈ ਸਹੂਲਤ ਨਹੀਂ ਮਿਲੀ ਬਲਕਿ ਪਿੰਡ ਦੀ ਸੁਸਾਇਟੀ ਦੇ ਮੈਂਬਰ ਦੇ ਗੇੜੇ ਸ਼ਹਿਰ ਵਿਚ ਵੱਧ ਗਏ ਹਨ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰੀਜਨਾਂ ਨੂੰ ਜੋ ਸਹਾਇਤਾ ਸੁਸਾਇਟੀ ਤੋਂ ਮਿਲਦੀ ਹੈ ਉਸ ਦੀ ਹੱਦ 5,000 ਤਕ ਵਧਾ ਦੇਣੀ ਚਾਹੀਦਾ ਹੈ ਤਾਕਿ ਹਰੀਜਨ ਮੱਝ ਖਰੀਦ ਸਕੇ ਅੌਰ ਹੋਰ ਆਪਣੇ ਕਾਰੋਬਾਰ ਵਾਸਤੇ ਪੈਸੇ ਲੈ ਕੇ ਕੰਮ ਕਰ ਸਕੇ। ਇਸ ਦੇ ਨਾਲ, ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿਉਂਕਿ ਐਗਰੀਕਲਚਰ ਦੇ ਖੇਤਰ ਵਿਚ ਖਜ਼ਾਨਾ ਮੰਤਰੀ ਨੇ ਅੱਗੇ ਨਾਲੋਂ, ਜਿਹੜੀ ਪਿਛਲੀ ਸਰਕਾਰ ਸੀ ਉਸ ਨਾਲੋਂ, ਪੈਸਾ ਵੱਧ ਰਖਿਆ ਹੈ ਤਾਕਿ ਐਗਰੀਕਲਚਰ ਨੂੰ ਤਰੱਕੀ ਦਿੱਤੀ ਜਾ ਸਕੇ। ਸਾਡਾ ਸਭ ਕੁਝ ਇਸ ਐਗਰੀਕਲਚਰ ਤੇ ਹੀ ਨਿਰਭਰ ਹੈ, ਜਿੰਨੀ ਇਸ ਦੀ ਤਰੱਕੀ ਹੋਏਗੀ ਉਨਾ ਹੀ ਸਾਡਾ ਪੰਜਾਬ ਖੁਸ਼ਹਾਲ ਹੋਏਗਾ।

Original with;
Punjab Vidhan Sabha
Digitized by;
Panjab Digital Library

ਹਾਰਟੀਕਲਚਰ ਲਈ ਇੱਕ ਨਵਾਂ ਡਾਇਰੈਕਟੋਰੇਟ ਬਣਾਇਆ ਹੈ, ਜਿੰਨੇ ਪੈਸੇ ਵਧ ਤੋਂ ਵੱਧ ਉਸ ਲਈ ਰਖੇ ਜਾਣ ਉਨਾ ਅੱਛਾ ਹੋਏਗਾ। ਇਸ ਬਾਰੇ ਮੈਂ ਇਹ ਵੀ ਬੇਨਤੀ ਕਰਨਾ ਚਾਹੁਦਾ ਹਾਂ ਕਿ ਜਿਹੜਾ ਬਜਟ ਹਾਰਟੀਕਲਚਰ ਵਾਸਤੇ ਰਖਿਆ ਗਿਆ ਹੈ, ਮੈਂ ਚਾਹੁੰਦਾ ਹਾਂ ਕਿ ਹਰ ਪਿੰਡ ਦੇ ਹਰੀਜਨ ਦੇ ਵਿਹੜ ਵਿਚ ਫਲਾਂ ਦੇ ਦਰਖਤ ਲਗਾਏ ਜਾਣ ਤਾਂਕਿ ਸਾਡੇ ਭਰਾਵਾਂ ਨੂੰ ਵੀ ਫਲ ਪ੍ਰਾਪਤ ਹੋ ਸਕਣ ਅੌਰ ਫਲ ਖਾਕੇ ਆਪਣੀ ਜ਼ਿੰਦਗੀ ਦਾ ਸਵਾਦ ਲੈ ਸਕਣ। ਮੈਂ, ਸਪੀਕਰ ਸਾਹਿਬ, ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਮਾਰਕਿਟ ਕਮੇਟੀਆਂ ਦੇ ਪੈਸੇ ਨੂੰ ਖਰਚਣ ਵਾਸਤੇ ਫੈਸਲਾ ਕੀਤਾ ਸੀ ਪਰ ਉਹ ਕੋਰਟ ਵਲੋਂ ਰੋਕ ਦਿੱਤਾ ਗਿਆ। ਇਸ ਦੇ ਲਈ ਮੂੜ ਕੋਈ ਬਿਲ ਲਿਆਂਦਾ ਜਾਵੇ ਤਾਂਕਿ ਇਹ ਜੋ ਰੁਪਿਆ ਮਾਰਕਿਟ ਕਮੇਟੀਆਂ ਵਿਚ ਅੌਰ ਮਾਰਕੀਟਿੰਗ ਬੋਰਡ ਵਿਚ ਇਕੱਠਾ ਹੋਇਆ ਪਿਆ ਹੈ, ਉਸ ਨਾਲ ਸਾਡੇ ਪੰਜਾਬ ਦੀ ਤਰੱਕੀ ਹੋ ਸਕੇ, ਉਹ ਰੁਪਿਆ ਪੰਜਾਬ ਦੀਆਂ ਤਰੱਕੀ ਦੀਆਂ ਸਕੀਮਾਂ ਵਾਸਤੇ ਖਰਚ ਕੀਤਾ ਜਾ ਸਕੇ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਇਸ ਕਿਸਮ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਨਾਲ ਉਸ ਪੈਸੇ ਨੂੰ ਪੰਜਾਬ ਦੇ ਲੋਕਾਂ ਲਈ ਖਰਚ ਕੀਤਾ ਜਾਏ, ਪਿੰਡ ਦੀ ਤਰੱਕੀ ਵਾਸਤੇ ਖਰਚ ਕੀਤਾ ਜਾਏ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਜਲਦੀ ਤੋਂ ਜਲਦੀ ਫੈਸਲਾ ਹੋਣਾ ਚਾਹੀਦਾ ਹੈ ਤਾਕਿ ਪਿੰਡਾਂ ਵਿਚ ਜਿਹੜੀਆਂ ਤਰੱਕੀ ਦੀਆਂ ਸਕੀਮਾਂ ਹਨ ਉਹ ਸਿਰੇ ਚੜ੍ਹ ਸਕਣ। ਇਸ ਤੋਂ ਪਹਿਲਾਂ ਜ਼ਿਮੀਦਾਰਾਂ ਨੂੰ ਕਾਂਗਰਸ ਸਰਕਾਰ ਵੇਲੇ ਤਕਰੀਬਨ ਹਰ ਚੀਜ਼ ਤੇ ਸਬਸਿਡੀ ਦਿੱਤੀ ਜਾਂਦੀ ਸੀ। ਮਾਰਕਿਟ ਕਮੇਟੀਆਂ ਵਿਚੋਂ, ਮਾਰਕੀਟਿੰਗ ਬੋਰਡ ਵਿਚੋਂ ਫਰਟੇਲਾਈਜ਼ਰ ਤੇ ਸਬਸਿਡੀ ਦਿੱਤੀ ਜਾਂਦੀ ਸੀ, ਕੀੜੇ ਮਾਰ ਦਵਾਈਆਂ ਤੇ ਸੰਬਸਿਡੀ ਦਿੱਤੀ ਜਾਂਦੀ ਸੀ ਅਤੇ ਹੋਰ ਕਈ ਚੀਜ਼ਾਂ ਤੇ ਉਨ੍ਹਾਂ ਨੂੰ ਸਬਸਿਡੀ ਦਿੱਤੀ ਜਾਂਦੀ ਸੀ ਪਰ ਪਿਛਲੀ ਅਕਾਲੀ-ਜਨਤਾ ਸਰਕਾਰ ਵੇਲੇ ਉਹ ਸਾਰੀਆਂ ਚੀਜ਼ਾਂ ਤੇ ਸਬਸਿਡੀਆਂ ਰੋਕ ਦਿੱਤੀਆਂ ਗਈਆਂ ਭਾਵੇਂ ਇਹ ਕਿਸਾਨ ਦੇ ਆਪਣੇ ਆਪ ਨੂੰ ਹਿੱਤਕਾਰੀ ਦੱਸਦੇ ਹਨ, ਉਨ੍ਹਾਂ ਨੂੰ ਜ਼ਿਆਦਾ ਤਰੱਕੀ ਦੇਣ ਵਾਸਤੇ ਆਪਣੀ ਹਾਮੀ ਭਰਦੇ ਹਨ। ਮੈਂ ਹੁਣ ਦੀ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਛੇਤੀ ਤੋਂ ਛੇਤੀ ਇਸ ਸਬੰਧ ਵਿਚ ਫੈਸਲਾ ਕੀਤਾ ਜਾਏ ਅੌਰ ਪਿੰਡਾਂ ਤੇ ਕਿਸਾਨਾਂ ਨੂੰ ਜ਼ਿਮੀਦਾਰਾਂ ਨੂੰ ਸਬਸਿਡੀ ਦਿਤੀ ਜਾਏ।

ਇਕ ਅਰਜ਼ ਮੈਂ ਹੋਰ ਜੋ ਕਰਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਜੇਕਰ ਅਸੀਂ ਐਗਰੀਕਲਚਰਲ ਪ੍ਰੋਡਕਸ਼ਨ ਵੱਧਾਉਣੀ ਹੈ, ਜੇਕਰ ਅਸੀਂ ਐਗਰੀਕਲਚਰ ਦੇ ਕੰਮ ਵਿਚ ਆਪਣਾ ਪੂਰਾ ਹਿੱਸਾ ਪਾਉਣਾ ਹੈ ਤਾਂ ਸਾਨੂੰ ਕਿਸਾਨਾਂ ਦੀਆਂ ਤਕਲੀਫਾਂ ਵਲ ਧਿਆਨ ਦੇਣਾ ਚਾਹੀਦਾ ਹੈ। ਪਿੰਡ ਦਾ ਜ਼ਿਮੀਦਾਰ ਜਦੋਂ ਮੰਡੀਆਂ ਵਿਚ ਜਾਂਦਾ ਹੈ, ਕਿਸੇ ਪਿੰਡ ਵਿਚ ਚਲੇ ਜਾਓ, ਤੁਹਾਨੂੰ ਪਤਾ ਹੈ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ। (ਵਿਘਨ)

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦ ਕਿਸਾਨ ਮੰਡੀਆਂ ਵਿਚ ਜਿਨਸ ਲੈ ਕੇ ਆਉਂਦਾ ਹੈ ਤਾਂ ਉਸ ਦੀ ਜਿਨਸ ਉਥੇ ਰੁਲਦੀ ਰਹਿੰਦੀ ਹੈ। ਉਸ ਨੂੰ ਛੇਤੀ ਛੇਤੀ ਉਠਾਇਆ ਨਹੀਂ ਜਾਂਦਾ। ਸਟੋਰਾਂ ਦਾ ਇਤਜ਼ਾਮ ਠੀਕ ਨਹੀਂ ਹੈ। ਇਸ਼ ਸਰਕਾਰ ਨੂੰ ਕਿਸਾਨ ਦੀ ਜਿਨਸ ਮੰਡੀਆਂ ਵਿਚ ਰੁਲਣ ਨਹੀਂ ਦੇਣੀ ਚਾਹੀਦੀ ਉਸ ਦੀ ਜਿਨਸ ਦਾ ਠੀਕ ਭਾਅ ਦਿੱਤਾ ਜਾਵੇ।

(ਇਸ ਸਮੇਂ ਸ਼੍ਰੀ ਸਪੀਕਰ ਨੇ ਮਾਨਯੋਗ ਮੈਂਬਰ ਦਾ ਮਾਈਕ ਬੰਦ ਕਰ ਦਿੱਤਾ ਜਿਸ ਕਾਰਨ ਕੁਝ ਸੁਣਾਈ ਨਹੀਂ ਦਿੱਤਾ।)

ਖੇਤੀਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ) : ਸਪੀਕਰ ਸਾਹਿਬ, ਐਗਰੀਕਲਚਰ ਦੇ ਮੁਤਲਕ ਜਿਹੜੀ ਡਿਮਾਂਡ ਨੰ. 26 ਹੈ ਇਸ ਦੀ ਬਹਿਸ ਵਿਚ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਹਿਸਾ ਪਾਇਆ ਹੈ। ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਐਸਟੈਬਲਿਸ਼ਡ ਫੈਕਟ ਹੈ ਕਿ ਹਿੰਦੁਸਤਾਨ ਦੇਸ਼ ਦੀ ਇਕਾਨੋਮੀ ਐਗਰੀਕਲਚਰ ਤੇ ਬੇਸਡ ਹੈ ਅਤੇ ਇਸ ਵਿਚ ਪੰਜਾਬ ਦੇ ਕਿਸਾਨ ਦਾ ਸਭ ਤੋਂ ਵਧ ਹਿੱਸਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਸ਼ਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪਿਛਲੇ ਸਾਲ ਨਾਲੋਂ ਇਸ ਪਾਸੇ 40--42 ਫੀ ਸਦੀ ਵੱਧ ਰੁਪਿਆ ਰੱਖਿਆ ਹੈ। (ਤਾੜੀਆਂ) ਇਹੀ ਵਜ੍ਹਾ ਹੈ ਕਿ ਪੰਜਾਬ ਦੇ ਸੂਬੇ ਨੇ ਹਿੰਦੁਸਤਾਨ ਵਿਚ ਪ੍ਰੋਡਕਸ਼ਨ ਦੇ ਖੇਤਰ ਵਿਚ ਆਪਣੀ ਬੜੀ ਸ਼ਾਨ ਬਣਾ ਲਈ ਹੈ। ਅਸੀਂ ਇਸ ਸ਼ਾਨ ਨੂੰ ਮੇਨਟੇਨ ਕਰਨਾ ਹੈ ਅਤੇ ਕੁਐਂਟਮ ਆਫ ਪਰੋਡਕਸ਼ਨ ਨੂੰ ਵਧਾਉਣਾ ਹੈ। ਤੁਹਾਨੂੰ ਪਤਾ ਹੋਣਾ ਹੈ ਕਿ ਪਿਛਲੇ ਸਾਲ ਕਣਕ ਅਤੇ ਝੋਨੇ ਦੀ ਪੈਦਾਵਾਰ 119 ਲੱਖ ਮੀਟਰਿਕ ਟਨ ਹੋਈ ਸੀ ਪਰ ਇਸ ਸਾਲ ਇਹ ਟੀਚਾ 125 ਲੱਖ ਮੀਟਰਿਕ ਟਨ ਮਿਥਿਆ ਗਿਆ ਹੈ। (ਤਾੜੀਆਂ) (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਐਸ਼ੋਰੈਂਸ ਦਿੰਦਾ ਹਾਂ ਕਿ ਅਸੀਂ ਇਹ ਟੀਚਾ ਪੂਰਾ ਕਰ ਲਵਾਂਗੇ ਕਿਉਂਕਿ ਰੱਬ ਸਾਡੇ ਤੇ ਮਿਹਰਬਾਨ ਹੈ ਅਤੇ ਬੜੇ ਵੇਲੇ ਸਿਰ ਬਾਰਸ਼ ਹੋ ਗਈ ਹੈ। ਸਪੀਕਰ ਸਾਹਿਬ, ਅਸੀਂ ਫਰਟੇਲਾਈਜ਼ਰ ਦਾ ਟੀਚਾ 9 ਲੱਖ ਮੀਟਰਿਕ ਟਨ ਦਾ ਮਿਥਿਆ ਹੈ ਜਿਹੜਾ ਕਿ ਪਿਛਲੇ ਸਾਲ ਨਾਲੋਂ ਤਕਰੀਬਨ 40--42 ਫੀ ਸਦੀ ਵੱਧ ਹੈ। (ਤਾੜੀਆਂ) (ਵਿਘਨ) ਇਹ ਮੇਰੇ ਦੋਸਤ ਤੌਖਲਾ ਨਾ ਕਰਨ, ਧਿਆਨ ਨਾਲ ਸੁਣ ਲੈਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਖਾਦ ਦੀ ਭਾਵੇਂ ਕੀਮਤ ਵਧ ਵੀ ਗਈ ਹੈ ਪਰ ਫਿਰ ਵੀ ਕਿਸਾਨਾਂ ਨੇ ਕੰਮ ਕਰਨ ਤੋਂ ਨਹੀਂ ਹੱਟਣਾ ਕਿਉਂਕਿ ਉਨ੍ਹਾਂ ਨੂੰ ਕੰਮ ਦਾ ਫਿਕਰ ਹੈ। ਪੰਜਾਬ ਦੇ ਲੋਕਾਂ ਨੇ ਖੁਦਦਾਰ ਆਦਮੀ ਦੀ ਜ਼ਿੰਦਗੀ ਜੀਉਣੀ ਸਿੱਖ ਲਈ ਹੈ। (ਵਿਘਨ) ਸ਼ਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਹ ਠੀਕ ਕੀਤਾ ਹੈ ਕਿ ਕੋਅਪ੍ਰੇਟਿਵ ਦੇ ਵਿਚ ਵੀ ਲੋਨਜ਼ ਦੀ ਜਿਹੜੀ ਲਿਮਿਟ ਹੈ ਉਸ ਨੂੰ ਪਰੁਪੋਸ਼ਨੇਟਲੀ ਵੱਧਾ ਦਿਤਾ ਹੈ। (ਵਿਘਨ) ਮੈਂ ਇਨ੍ਹਾਂ ਸਾਹਮਣੇ ਬੈਠੇ ਸਾਥੀਆਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਰੂਰਲ ਏਰੀਆ ਵਿਚੋਂ ਆਏ ਹੋ ਇਸ ਲਈ ਤੁਹਾਨੂੰ ਤਾਂ ਮਹਿੰਗਾਈ ਦੇ ਖਿਲਾਫ ਘਟ ਰੌਲਾ ਪਾਉਣਾ ਚਾਹੀਦਾ ਹੈ। (ਵਿਘਨ) ਇਹ ਵਿਚ ਵਿਘਨ ਨਾ ਪਾਉਣ ਮੈਂ ਇਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲੇ ਕਿਸੇ ਕੋਲ ਉਠ ਨਹੀਂ ਸੀ ਹੁੰਦਾ। ਪਿੰਡਾਂ ਵਿਚ ਰੋਟੀ ਨਹੀਂ ਸੀ ਪੱਕਦੀ। ਇਨ੍ਹਾਂ ਨੂੰ ਸਭ ਕੁਝ ਪਤਾ ਹੈ। ਇਸ ਕਰਕੇ ਇਹ ਮਹਿੰਗਾਈ ਦੇ ਬਾਰੇ ਰੌਲਾ ਨਾ ਪਾਉਣ। (ਵਿਘਨ) ਜੇ ਇਹ ਮੁਲਾਜ਼ਮਾਂ ਦੇ ਬਾਰੇ ਕਹਿਣ ਜਿਨਾਂ ਦੀ ਕਿ ਫਿਕਸਡ ਆਮਦਨ ਹੈ ਫਿਰ ਤਾਂ ਕੁਝ ਗੱਲ ਇਨ੍ਹਾਂ ਦੀ ਠੀਕ ਹੈ ਪਰ ਇਨ੍ਹਾਂ ਨੂੰ ਰੂਰਲ ਏਰੀਆ ਦੇ ਬਾਰੇ ਇਸ ਤਰਾਂ ਨਹੀਂ ਕਹਿਣਾ ਚਾਹੀਦਾ। ਪਿੰਡਾਂ ਵਿਚ ਬੜੀ ਤਰੱਕੀ ਹੋਈ ਹੈ ਜਦੋਂ ਤੋਂ ਵੀ ਸਾਡੀ ਕਾਂਗਰਸ ਸਰਕਾਰ ਆਉਂਦੀ ਰਹੀ ਹੈ ਉਸ ਨੇ ਪਿੰਡਾਂ ਦੀ ਡਿਵੈਲਪਮੈਂਟ ਦਾ ਖਾਸ ਖਿਆਲ ਰੱਖਿਆ ਹੈ ਅਤੇ ਨਤੀਜੇ ਵਜੋਂ ਪਿੰਡਾਂ ਵਿਚ ਖੁਸ਼ਹਾਲੀ ਆਈ ਹੈ (ਤਾੜੀਆਂ) ਬਰਨਾਲਾ ਜੀ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਰਹੇ ਹਨ, ਬਾਦਲ ਜੀ ਵੀ 4--6 ਮਹੀਨੇ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਰਹੇ ਹਨ ਫਿਰ ਉਹ ਸੀ. ਐਮ. ਵੀ ਰਹੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਕੋਲ ਕੇਸ ਪੇਸ਼ ਕਰਦੇ ਹਨ ਤਾਂ ਉਥੇ ਬੜੀਆਂ ਆਰਗੂ-ਮੈਂਟਸ ਹੁੰਦੀਆਂ ਹਨ ਉਨ੍ਹਾਂ ਨੇ ਸਾਰੇ ਹਿੰਦੁਸਤਾਨ ਦਾ ਹਿੱਤ ਸੋਚਕੇ ਫੈਸਲਾ ਕਰਨਾ ਹੁੰਦਾ ਹੈ ਤੁਸੀਂ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਦੀ ਰਿਕੁਮੈਂਡੇਸ਼ਨ ਦੇਖ ਲਵੋ ਅਤੇ ਸਰਕਾਰ ਦੀ ਫਿਕਸੇਸ਼ਨ ਆਫ ਪ੍ਰਾਈਸ ਦੇਖ ਲਵੋ, ਦੈਟ ਇਜ਼ ਗਰੈਜੂਅਲੀ ਇਨਕਰੀਜ਼ਡ ਇਨ ਪ੍ਰੋਡਕਸ਼ਨ (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਲੈਣ ਵਾਲਾ ਕਦੇ ਰੱਜਦਾ ਨਹੀਂ ਹੈ। ਉਸ ਦੀ ਵਜ੍ਹਾ ਇਹ ਹੈ ਕਿ ਭਾਰਤ ਸਰਕਾਰ ਨੇ ਇਕ ਪਲਾਨਿਗ ਦੇ ਮਾਤਹਿਤ ਇਸ ਸੀਰੀਅਲ (ਧਾਨ) ਦੀ ਸਟੇਟ ਟਰੇਡਿੰਗ ਕੀਤੀ ਅੱਰ ਇਸ ਦੀ ਸਟੇਟ ਟਰੇਡਿੰਗ ਦਾ ਸਾਨੂੰ ਫਾਇਦਾ ਹੋਇਆ । ਇਸ ਤਰ੍ਹਾਂ ਕਿਸਾਨ ਦੀ ਸਾਰੀ ਦੀ ਸਾਰੀ ਜਿਨਸ ਤੁਲ ਜਾਂਦੀ ਹੈ ਅਤੇ ਉਸ ਨੂੰ ਐਸ਼ਓਰਡ ਮਾਰਕਿਟ ਪ੍ਰਾਈਸ ਹਾਸਲ ਹੋ ਜਾਂਦੀ ਹੈ ਪਰ ਜਿਹੜੀ ਕੱਮਰਸ਼ੀਅਲ ਕਰਾਪਸ ਹਨ ਉਨ੍ਹਾਂ ਦੀ ਐਸ਼ਓਰਡ ਮਾਰਕਿਟ ਪ੍ਰਾਈਸ ਨਹੀਂ ਹੈ। (ਵਿਘਨ) ਕਦੇ ਇਹ ਸਾਡੇ ਸਾਹਮਣੇ ਬੈਠੇ ਭਾਈ ਦਿਲੀ ਜਾਂਦੇ ਰਹੇ ਅਤੇ ਕਦੇ ਇਨ੍ਹਾਂ ਦੇ ਵੇਲੇ ਨਾਹਰਾ ਲੱਗਦਾ ਰਿਹਾ ਕਿ "ਉਪਰ ਜੱਟ ਅਤੇ ਹੇਠਾਂ ਜੱਟ" ਜਿਸ ਦਾ ਕਿ ਸਾਰਿਆਂ ਨੂੰ ਪਤਾ ਹੀ ਹੈ। (ਵਿਘਨ) ਸਪੀਕਰ ਸਾਹਿਬ, ਇਕ ਮਾਨਯੋਗ ਮੈਂਬਰ ਨੇ ਕਿਹਾ ਕਿ ਸੀਡ ਕਾਰਪੋਰੇਸ਼ਨ ਜਿਹੜੀ

Original with;
Punjab Vidhan Sabha
Digitized by;
Panjab Digital Library

ਹੈ ਉਹ ਨਫ਼ਾ ਬੜਾ ਲੈ ਲੈਂਦੀ ਹੈ। ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਇਸ ਚੀਜ਼ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਜਿਹੜੀ ਸੀਡ ਕਾਰਪੋਰੇਸ਼ਨ ਹੈ ਇਹ ਜ਼ਿਆਦਾ ਤੋਂ ਜ਼ਿਆਦਾ 5 ਫੀ ਸਦੀ ਜ਼ਿਆਦਾ ਚਾਰਜ ਕਰਦੀ ਹੈ ਅਤੇ ਇਹ ਨੋ ਪ੍ਰਾਫਿਟ ਨੋ ਲਾਸ ਦੇ ਬੇਸਿਜ਼ ਤੇ ਕੰਮ ਕਰਦੀ ਹੈ। ਅਸੀਂ ਅਗਲੇ ਸਾਲ 60 ਹਜ਼ਾਰ ਕੁਇੰਟਲ ਸਰਟੀਫਾਈਡ ਸੀਡ ਦੇਣ ਦਾ ਪ੍ਰੋਗਰਾਮ ਬਣਾਇਆ ਹੈ। (ਤਾੜੀਆਂ) ਸਪੀਕਰ ਸਾਹਿਬ, ਇਹ ਮੇਰੇ ਦੋਸਤ ਸਾਰੇ ਖੇਤੀ ਕਰਨ ਵਾਲੇ ਹਨ ਅੰਰ ਇਨ੍ਹਾਂ ਨੂੰ ਪਤਾ ਹੈ ਕਿ ਇਕ ਪੀ 205 ਹੁੰਦੀ ਹੈ ਜਿਸ ਨੂੰ ਸੁਪਰਫਾਸਫੇਟ ਕਹਿੰਦੇ ਹਨ। ਸਾਇੰਸਦਾਨਾਂ ਨੇ ਕਿਹਾ ਹੈ ਕਿ ਸੁਪਰਫਾਸਫੇਟ ਪਾਉਣੀ ਚਾਹੀਦੀ ਹੈ। ਇਸ ਲਈ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਥ ਸੁਪਰਫਾਸਫੇਟ ਬਣਾਉਣ ਦਾ ਕਾਰਖਾਨਾ ਲਗਾਇਆ ਜਾਵੇ। (ਤਾੜੀਆਂ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਰਾ ਕੰਮ ਪਲਾਨਿੰਗ ਦੇ ਮੁਤਾਬਿਕ ਚੱਲਦਾ ਹੈ। (ਵਿਘਨ)

ਬਾਗਾਂ ਵਾਸਤੇ ਅਸੀ ਸਵਾ ਕਰੋੜ ਰੁਪਿਆ ਰੱਖਿਆ ਹੈ। (ਤਾੜੀਆਂ) ਇਸ ਬਾਰੇ ਸਾਰੇ ਕਹਿਦੇ ਹਨ ਕਿ ਬਾਗ ਲਗਾਉਣੇ ਚਾਹੀਦੇ ਹਨ। ਬਾਗ ਲਾਉਣਾ ਅੱਛੀ ਗੱਲ ਹੈ। ਸੋ ਇਸ ਲਈ ਅਸੀਂ ਸਵਾ ਕਰੋੜ ਰੁਪਿਆ ਰੱਖਿਆ ਹੈ। ਇਸ ਗੱਲ ਦਾ ਵੀ ਬੰਦੋਬਸਤ ਕੀਤਾ ਗਿਆ ਹੈ ਕਿ ਜਿਥੇ ਨਵੇਂ ਬਾਗ ਲਗਾਉਣੇ ਹਨ ਉਥੇ ਉਨ੍ਹਾਂ ਨੂੰ ਪੈਸੇ ਦਿੱਤੇ ਜਾਣ, ਉਨ੍ਹਾਂ ਨੂੰ ਸੱਬਸਿਡੀ ਦਿਤੀ ਜਾਵੇ।

ਜਿਥੋਂ ਤਕ, ਸਪੀਕਰ ਸਾਹਿਬ, ਵੈਜੀਟੇਬਲਜ਼ ਦਾ ਸਵਾਲ ਹੈ, ਉਨ੍ਹਾ ਵਾਸਤੇ 10 ਕੋਲਡ ਸਟੋਰੇਜ਼ ਹੋਣਗੇ ਜਿਨ੍ਹਾਂ ਦੀ ਕਪੈਸਿਟੀ ਵਾਹ ਵਾਹ ਚੰਗੀ ਤਕੜੀ ਹੋਵੇਗੀ। (ਵਿਘਨ) ਮੇਰਾ ਖਿਆਲ ਹੈ ਕਿ 4400 ਮੀਟਰਿਕ ਟਨ ਹੋਵੇਗੀ।

ਸਪੀਕਰ ਸਾਹਿਬ, ਸਰਕਾਰ ਨੇ ਰੀਕਲੇਮੇਸ਼ਨ ਕਰਨ ਲਈ ਜਿਪਸਮ ਦੀ ਵਰਤੋਂ ਵਧਾਉਣੀ ਹੈ। ਜਿਪਸਮ ਬੜੀ ਅੱਛੀ ਚੀਜ਼ ਹੈ ਅੰਰ ਪੰਜਾਬ ਵਿਚ ਅਵੇਲੇਬਲ ਹੈ। ਜਿਵੇਂ ਪਿਛਲੇ ਸਾਲਾਂ ਵਿਚ 50 ਹਜ਼ਾਰ ਤੋਂ ਇਸ ਦੀ ਯੂਟੇਲਾਈਜ਼ੇਸ਼ਨ 2 ਲੱਖ 12 ਹਜ਼ਾਰ ਏਕੜ ਤਕ ਆ ਗਈ ਹੈ ਲੇਕਿਨ ਅਸੀਂ ਇਹ 250 ਮੀਟਰਿਕ ਟਨ ਤਕ ਜਿਪਸਮ ਇਸਤੇਮਾਲ ਕਰਾਂਗੇ ਤਾਂਕਿ ਜ਼ਿਆਦਾ ਜ਼ਮੀਨ ਉਪਜਾਊ ਹੋ ਸਕੇ ਅਤੇ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲ ਬਣਾਇਆ ਜਾ ਸਕੇ।

ਇਕ ਅਵਾਜ : ਪਰ ਇਹ ਅਡੱਲਟਰੇਟਿਡ ਨਾ ਹੋਵੇ।

ਖੇਤੀ ਬਾੜੀ ਮੰਤਰੀ : ਸਪੀਕਰ ਸਾਹਿਬ, ਮੇਰੇ ਦੋਸਤ ਨੇ ਸ਼ਕ ਵਾਲੀ ਹੱਦ ਹੀ ਕਰ ਦਿਤੀ ਹੈ। ਇਕ ਸੁਜਾਖਾ ਅੰਨ੍ਹੇ ਅਨਾ ਇਕੋ ਥਾਲੀ ਵਿਚ ਖਾ ਰਹੇ ਸਨ। ਅੰਨ੍ਹੇ ਦਾ ਮਨਸ਼ਾ ਪਾਕ ਹੋ ਗਿਆ। ਉਸ ਨੇ ਸੋਚਿਆ ਕਿ ਜੇ ਮੈਂ 2 ਹਥਾਂ ਨਾਲ ਖਾਵਾਂ ਤਾਂ ਜ਼ਿਆਦਾ ਖਾ ਸਕਦਾ ਹਾਂ। ਉਹ ਦੋ ਅੰਖਾਂ ਨਾਲ ਖਾਣ ਲਗ ਗਿਆ। ਸੁਜਾਖੇ ਨੇ ਸੋਚਿਆ ਕਿ ਜੇ 2 ਹੱਥਾਂ ਨਾਲ ਖਾਂਦਾ ਹੈ ਤਾਂ ਮੂੰਹ ਤਾਂ ਇਕ ਹੀ ਹੈ, ਖਾਣੀ ਤਾਂ ਉਨੀ ਹੈ ਜਿੰਨੀ ਇਸ ਦੇ ਢਿੱਡ ਵਿਚ ਆਉਣੀ ਹੈ। ਸੁਜਾਖੇ ਨੂੰ ਚੁਪ ਦੇਖ ਅੰਨ੍ਹੇ ਨੇ ਸੋਚਿਆ ਕਿ ਸੁਜਾਖਾ ਚੁਪ ਹੈ ਇਸ ਦੇ ਵੀ ਦੋ ਹੱਥ ਥਾਲੀ ਵਿਚ ਹੋਣੇ ਹਨ ਉਸ ਨੇ ਥਾਲੀ ਤੇ ਮੂੰਹ ਰਖ ਦਿੱਤਾ। ਸੁਜਾਖਾ ਕਹਿਣ ਲਗਾ ਕਿ ਇਹ ਕੀ ਤਾਂ ਅਗੋਂ ਅੰਨ੍ਹਾ ਕਹਿਣ ਲਗਾ ਕਿ ਤੂੰ ਦੋ ਹੱਥਾਂ ਨਾਲ ਨਹੀਂ ਖਾਂਦਾ ਪਿਆ। ਸਰਦਾਰ ਜੀ ਇਹ ਦੋ ਹੱਥਾਂ ਵਾਲੀ ਗਲ ਨਹੀਂ। (ਖੰਪਿੰਗ) (ਹਾਸਾ) ਸਾਡੀ ਮਨਸ਼ਾ ਸਾਫ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਪਾਪ ਤਿੰਨ ਕਿਸਮ ਦੇ ਹੁੰਦੇ ਹਨ। ਪਹਿਲਾ ਪਾਪ ਕਰਨਾ ਹੈ, ਦੂਸਰਾ ਅੱਗੇਤ ਪਾਪ ਹੈ—ਪਹਿਲੇ ਦੇਖ ਲੈਣਾ ਫਿਰ ਪਾਪ ਕਰਨਾ ਅਤੇ ਤੀਸਰਾ ਮਨਸ਼ਾ ਪਾਪ ਹੈ। ਮਨਸ਼ਾ ਪਾਪ ਦਾ ਕਰ ਲੈਣਾ ਇਹ ਸਭ ਤੋਂ ਵਡਾ ਪਾਪ ਹੈ। (ਵਿਘਨ)

Original with;
Punjab Vidhan Sabha
Digitized by
Panjab Digital Library

[ਖੇਤੀਬਾੜੀ ਮੰਤਰੀ]

ਤੋ, ਸਪੀਕਰ ਸਾਹਿਬ, ਜਿੰਨਾ ਚਿਰ ਕੰਡਕਸ਼ਨ ਦੀ ਮਾਰਕੀਟਿੰਗ ਨਹੀਂ ਹੋਵੇਗੀ ਉਤਨਾ ਚਿਰ ਅਸੀਂ ਉਸ ਮੋਮੈਂਟਮ ਨੂੰ, ਪ੍ਰੋਡਕਸ਼ਨ ਨੂੰ ਮੇਨਟੇਨ ਨਹੀਂ ਕਰ ਸਕਦੇ । ਸਾਡੀਆਂ ਸਿਰਫ ਦੋ ਚੀਜ਼ਾਂ ਦੀ ਹੀ ਸਟੇਟ ਟਰੇਡਿੰਗ ਹੁੰਦੀ ਹੈ ਬਾਕੀ ਚੀਜ਼ਾਂ ਜੋ ਹਨ ਉਹ ਮਾਰਕਿਟ ਐਕਟ ਦੇ ਅੰਡਰ ਆਉਂਦੀਆਂ ਹਨ । ਸਪੀਕਰ ਸਾਹਿਬ, ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਅੱਜ ਤਕ ਕੋਈ ਸਰਕਾਰ ਵੀ ਮਾਰਕੀਟਿੰਗ ਐਕਟ ਲਾਗੂ ਨਹੀਂ ਕਰ ਸਕੀ । ਕੁੱਮਰਸ਼ਲ ਕਮਾਡਿਟੀਜ਼ ਜਿਹੜੀਆਂ ਹਨ ਜਿਸ ਤਰ੍ਹਾਂ ਆਲੂ ਹੈ ਜਾਂ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ ਹਨ ਉਹ ਨਹੀਂ ਵਿਕ ਸਕਦੀਆਂ । ਉਨ੍ਹਾਂ ਦੀ ਤੁਲਵਾਈ ਨਹੀਂ ਹੁੰਦੀ ਅਤੇ ਜੇ ਤੁਲਵਾਈ ਹੋ ਜਾਂਦੀ ਹੈ ਤਾਂ ਉਠਾਇਆ ਨਹੀਂ ਜਾ ਸਕਦਾ । ਮਾਰਕਿਟ ਵਿਚ ਬਿਜ਼ਨੈਸਮੈਨ ਦੀ ਟੈਨਡੈਂਸੀ ਹੈ ਕਿ he has to earn money ਉਸ ਟਰਾਂਜ਼ਿਟਰੀ ਪੀਰੀਅਡ ਵਿਚ ਉਸ ਨੇ ਪੈਸਾ ਕਮਾਉਣਾ ਹੁੰਦਾ ਹੈ । (ਵਿਘਨ) ਹੁਣ ਤਾਂ ਇਹ (ਵਿਰੋਧੀ ਪਾਰਟੀ ਵਲ ਇਸ਼ਾਰਾ) ਸਾਰੇ ਹੀ ਬਿਜ਼ਨੈਸਮੈਨ ਹਨ । 2-2, 3-3, 4-4 ਧੰਧੇ ਇਨ੍ਹਾਂ ਦੇ ਚਲ ਰਹੇ ਹਨ । ਕਿਉਂ ? ਜਿਵੇਂ ਜਿਵੇਂ ਗਿਆਨ ਹੁੰਦਾ ਹੈ, ਧੰਧਾ ਵੱਧਦਾ ਚਲਾ ਜਾਂਦਾ ਹੈ। ਹੁਣ ਇਹ ਖੇਤੀ ਕਰਨ ਵਾਲੇ ਕਿਥੋਂ ਰਹੇ ? (ਵਿਘਨ)

ਸਪੀਕਰ ਸਾਹਿਬ, ਇਥੇ ਜਿਹੜੇ ਆਨਰੇਬਲ ਮੈਂਬਰਾਂ ਨੇ ਤੌਖਲਾ ਪ੍ਰਗਟ ਕੀਤਾ ਹੈ ਮੈਂ ਉਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਨਾ ਪ੍ਰੋਡਕਸ਼ਨ ਘੱਟਣ ਦਿੱਤੀ ਜਾਵੇਗੀ ਅਤੇ ਨਾ ਖਾਦ ਦੀ ਕੰਜ਼ਮਪਸ਼ਨ ਘੱਟਣ ਦਿੱਤੀ ਜਾਵੇਗੀ । ਇਕ ਗਲ ਮੈਂ ਹਾਊਸ ਨੂੰ ਦੱਸਣੀ ਚਾਹੁੰਦਾ ਹਾਂ ਕਿ ਇਸ ਸਾਲ ਜੂਨ ਦੇ ਮਹੀਨੇ ਵਿਚ ਪਿਛਲੇ ਸਾਲ 1979 ਵਿਚ ਜਿੰਨੀ ਖਾਦ ਵਿਕੀ ਸੀ ਉਸ ਤੋਂ ਕਿਤੇ ਜ਼ਿਆਦਾ ਖਾਦ ਵਿਕੀ ਹੈ। (ਥੰਪਿੰਗ) ਐਤਕੀ ਜ਼ਿਆਦਾ ਖਾਦ ਵਿਕੀ ਹੈ ਭਾਵੇਂ ਇਸ ਦੀਆਂ ਕੀਮਤਾਂ ਵੱਧ ਗਈਆਂ ਸਨ । ਲੇਕਿਨ ਸਪੀਕਰ ਸਾਹਿਬ, ਇਸ ਦਾ ਮਤਲਬ ਇਹ ਨਾ ਲੈ ਲਿਆ ਜਾਵੇ, ਮੈਂ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ, ਪੰਜਾਬ ਦੇ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜੇ ਖਾਦ ਇਤਨੀ ਜ਼ਿਆਦਾ ਵਿਕੀ ਹੈ ਤਾਂ ਇਸ ਦਾ ਮਤਲਬ ਇਹ ਨਾ ਲੈ ਲਿਆ ਜਾਵੇ ਕਿ ਇਹ ਸਰਕਾਰ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਕੋਲ ਕੋਈ ਕਮਜ਼ੋਰੀ ਦੱਸੇਗੀ, ਇਹ ਸਰਕਾਰ ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ ਕਿਸਾਨਾਂ ਦੇ, ਮਜ਼ਦੂਰਾਂ ਦੇ ਅੱਜ ਵਪਾਰੀਆਂ ਦੇ ਅੱਜ ਹਿੰਦੁਸਤਾਨ ਦੇ ਹਿੱਤਾਂ ਦਾ ਪ੍ਰਯਤਨ ਕਰੇਗੀ ਅਤੇ ਤੁਹਾਡੇ ਸਹਿਯੋਗ ਨਾਲ, ਤੁਹਾਡੇ ਸਹਿਯੋਗ ਦੇ ਸਦਕੇ ਇਹ ਪ੍ਰਯਤਨ ਅਸੀਂ ਕਰਦੇ ਰਹਾਂਗੇ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਕੋਆਪਰੇਟਿਵ ਅੱਜ ਇਰੀਗੇਸ਼ਨ ਦੋ ਭਾਗ ਰਹਿੰਦੇ ਹਨ ਜਿਨ੍ਹਾਂ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ । ਇਰੀਗੇਸ਼ਨ ਦਾ ਪਾਰਟ ਜੋ ਹੈ, ਪ੍ਰੋਜੈਕਟ ਦਾ, ਉਸ ਦੇ ਬਾਰੇ ਮੈਂ ਇਕ ਮੀਟਿੰਗ ਬੁਲਾਈ ਹੈ ਸਾਰੇ ਲੀਡਰਜ਼ ਜੋ ਹਨ ਆਪੋਜ਼ੀਸ਼ਨ ਪਾਰਟੀਆਂ ਦੇ ਉਨ੍ਹਾਂ ਦੀ, ਇਸ ਕਰਕੇ ਵਿਸਥਾਰ ਨਾਲ ਇਥੇ ਮੈਂ ਹੁਣ ਕੁਝ ਨਹੀਂ ਕਹਿਣਾ ਚਾਹੁੰਦਾ ਤਾਂ ਕਿ ਕਿਤੇ ਐਸੀ ਗਲ ਨਾ ਹੋਵੇ ਕਿ ਉਹ ਸਾਰੀ ਗਲ ਉਲਟ ਬੈਠਦੀ ਹੋਵੇ । ਸਾਰੀਆਂ ਗਲਾਂ ਦੇ ਜਵਾਬ ਮੈਂ ਦੇ ਸਕਦਾ ਹਾਂ ਅਤੇ ਬੜੇ ਰੀਜ਼ਨੇਬਲ ਰਿਪਲਾਈ ਦੇ ਸਕਦਾ ਹਾਂ ਪਰ ਇਹ ਇਕ ਐਸੀ ਚੀਜ਼ ਹੈ ਜਿਸ ਦੇ ਲਈ ਸਾਨੂੰ ਸਾਰਿਆਂ ਨੂੰ ਕੋਈ ਸਾਂਝੀ ਕੋਸ਼ਿਸ਼ ਕਰਕੇ ਉਪਰਾਲਾ ਕਰਨਾ ਚਾਹੀਦਾ ਹੈ। ਇਸੇ ਲਈ ਮੈਂ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਦੇ ਲੀਡਰਜ਼ ਦੀ ਮੀਟਿੰਗ ਬੁਲਾਈ ਹੈ ਤਾਂ ਕਿ ਡਿਸਕਸ਼ਨ ਜਿਹੜੀ ਅੰਦਰ ਹੋਵੇ ਉਹ ਬਾਹਰ ਨਾ ਜਾਵੇ । ਇਸ ਕਰਕੇ ਮੈਂ ਉਸ ਤੇ ਜ਼ਿਆਦਾ ਰੋਸ਼ਨੀ ਨਹੀਂ ਪਾਵਾਂਗਾ ।

Original with;
Punjab Vidhan Sabha
Digitized by;
Panjab Digital Library

ਇਥੇ ਜਿਹੜੇ ਹੋਰ ਸਵਾਲ ਉਠਾਏ ਗਏ ਹਨ ਉਨ੍ਹਾਂ ਦੇ ਬਾਰੇ ਜ਼ਰੂਰ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਥੇ ਸਰਦਾਰ ਨੱਥਾ ਸਿੰਘ ਜੀ ਨੇ ਕੁਝ ਰੀਜ਼ਨੇਬਲ ਗਲਾਂ ਕਹੀਆਂ ਹਨ, ਉਨ੍ਹਾਂ ਦਾ ਜਵਾਬ ਮੈਂ ਦੇਵਾਂਗਾ। ਲੇਕਿਨ ਇਕ ਗਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਕਿਸੇ ਨੂੰ ਹੁਣ ਪੰਜਾਬੀ ਸੂਬੇ ਦਾ ਸਵਾਲ ਨਹੀਂ ਉਠਾਉਣਾ ਚਾਹੀਦਾ। ਭਾਵੇਂ ਉਹ ਜਿਸ ਤਰ੍ਹਾਂ ਵੀ ਗਲ ਹੋਈ ਹੈ, ਹੋ ਗਈ ਹੈ। ਮੈਂ ਤਾਂ ਕਹਿ ਸਕਦਾ ਹਾਂ ਕਿ ਮੇਰੇ ਹਿਸਾਬ ਨਾਲ ਕਈ ਚੀਜ਼ਾਂ ਗਲਤ ਹੋਈਆਂ ਹਨ। ਕਈ ਤਾਂ ਹਾਲੀਂ ਵੀ ਨਹੀਂ ਮੰਨਦੇ। ਲੇਕਿਨ ਅੱਜ ਇਹ ਸਵਾਲ ਸਾਡੇ ਸਾਹਮਣੇ ਨਹੀਂ ਹੈ। ਅੱਜ ਸਵਾਲ ਇਹ ਆਉਂਦਾ ਹੈ ਕਿ ਜਿਹੜੇ ਬਰਨਿੰਗ ਕੁਐਸਚਨ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਹੱਲ ਕੀਤਾ ਜਾ ਸਕਦਾ ਹੈ। ਅਸੀਂ ਸਾਰੇ ਵਿਯੂਜ਼ ਇਕਠੇ ਕਰਕੇ ਇਕ ਸੋਚ ਬਣਾਈਏ। ਮੈਂ ਉਸ ਦੇ ਬਾਰੇ ਜ਼ਿਆਦਾ ਅਰਜ਼ ਨਹੀਂ ਕਰਾਂਗਾ। ਮੈਂ ਸਿਰਫ ਕੋਆਪਰੇਸ਼ਨ ਦੇ ਮੁਤੱਲਕ ਹੀ ਦਸਾਂਗਾ। ਇਥੇ ਸਵਾਲ ਉਠਾਇਆ ਗਿਆ ਕਿ ਜਿਹੜੀਆਂ 12 ਹਜ਼ਾਰ ਸੁਸਾਇਟੀਆਂ ਸਨ ਉਨ੍ਹਾਂ ਨੂੰ 7-7, 8-8, ਵਿਚ ਕਲੱਬ ਕਰ ਦਿੱਤਾ ਗਿਆ। ਸ਼ਾਇਦ ਇਸ ਖਿਆਲ ਨਾਲ ਕੀਤਾ ਗਿਆ ਹੋਵੇ ਕਿ ਕਲੱਬਿੰਗ ਕਰਨ ਨਾਲ ਉਹ ਚੰਗੀ ਤਰ੍ਹਾਂ ਕੰਮ ਕਰ ਸਕਣ। ਪਹਿਲਾਂ ਐਡਮਨਿਸਟਰੇਟਰ ਜ਼ਿਆਦਾ ਹੋਣ, ਉਸ ਨੂੰ ਘਟਾਉਣ ਵਾਸਤੇ ਸ਼ਾਇਦ ਕੀਤਾ ਗਿਆ ਹੋਵੇ ਜਾਂ ਇਸ ਵਾਸਤੇ ਕੀਤਾ ਹੋਵੇ ਕਿ ਉਨ੍ਹਾਂ ਦੀ ਫਾਈਨਾਂਸ਼ਲ ਪੋਜ਼ੀਸ਼ਨ ਮਜ਼ਬੂਤ ਹੋਵੇ। ਜਿਹੜੀਆਂ 7-7, 8-8, ਸੁਸਾਇਟੀਆਂ ਇਕਠੀਆਂ ਕੀਤੀਆਂ ਗਈਆਂ ਮੇਰੇ ਡੀਪਾਰਟਮੈਂਟ ਦਾ ਉਨ੍ਹਾਂ ਦੇ ਬਾਰੇ ਕੋਈ ਵੀ ਵਿਊ ਹੋਵੇ ਪਰ ਮੈਂ ਆਪਣੇ ਵਿਊਜ਼ ਐਕਸਪਲੇਨ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਸੁਸਾਇਟੀਆਂ ਦੇ ਕੋਲ ਜੇ ਕੋਈ 40 ਹਜ਼ਾਰ ਰੁਪਿਆ ਵੀ ਸੀ ਤਾਂ ਉਹ 40 ਹਜ਼ਾਰ ਰੁਪਏ ਵਾਲੀ ਸੁਸਾਇਟੀ ਨੂੰ ਡਿਫੰਕਟ ਸੁਸਾਇਟੀ ਦੇ ਨਾਲ ਟੈਗ ਕਰ ਦਿੱਤਾ ਗਿਆ। ਜਦੋਂ ਉਹ ਉਸ ਨਾਲ ਟੈਗ ਹੋ ਗਈ ਜਿਸ ਦੇ ਕੋਲ ਨਾ ਪੈਸਾ ਸੀ, ਨਾ ਧੇਲਾ ਸੀ, ਨਾ ਕੋਈ ਹੋਰ ਚੀਜ਼ ਸੀ ਤਾਂ ਇਸ ਵਜ੍ਹਾ ਕਰਕੇ ਇਹ ਸਾਰਾ ਕੁਝ ਹੋਇਆ। ਇਸ ਲਈ ਇਹ ਸੋਚਣਾ ਪਵੇਗਾ ਕਿ ਜਿਹੜੇ ਯੂਨਿਟ ਬਣਾਏ ਗਏ ਸੀ ਤਾਂਕਿ ਡੀਸੈਂਟ੍ਰੇਲਾਈਜ਼ੇਸ਼ਨ ਜਿਹੜੀ ਹੈ ਉਹ ਕੰਪਲੀਟ ਹੋ ਜਾਵੇ ਅੰਰ ਉਹ ਉਸ ਹੱਦ ਤਕ ਚਲਿਆ ਜਾਵੇ ਕਿ ਹਰ ਆਦਮੀ ਉਸ ਦਾ ਫ਼ਾਇਦਾ ਉਠਾ ਸਕੇ। ਅਗਰ ਕਿਸੇ ਵਿਲੇਜ ਲੈਵਲ ਤੇ ਇਸ ਨੂੰ ਕੰਨਸੈਂਟਰੇਟ ਕਰ ਦੇਈਏ ਤਾਂ ਇਹ ਕੰਮ ਮੁਕੰਮਲ ਨਹੀਂ ਹੋ ਸਕੇਗਾ। ਜਿਹੜੇ ਲੋਕ ਡਾਇਰੈਕਟ ਕਰਜ਼ੇ ਲੈ ਸਕਦੇ ਸਨ ਆਪਣੇ ਪਿੰਡ ਦੀ ਸੁਸਾਇਟੀ ਤੋਂ ਪੂਰੇ ਆਦਰ ਅੰਰ ਮਾਣ ਨਾਲ, ਹੁਣ ਜਦੋਂ ਉਨ੍ਹਾਂ ਕੋਲ ਜਾਣਾ ਪੈਂਦਾ ਹੈ ਤਾਂ ਉਨ੍ਹਾਂ ਦਾ ਕੱਚਾ ਚਿਠਾ ਸਾਹਮਣੇ ਆ ਜਾਂਦਾ ਹੈ ਜਿਸ ਦੇ ਨਾਲ ਉਨ੍ਹਾਂ ਦਾ ਸੋਸ਼ਲ ਤੌਰ ਤੇ ਜਿਹੜਾ ਇਮੇਜ ਹੁੰਦਾ ਹੈ ਉਸ ਦਾ ਭਾਂਡਾ ਫੁਟ ਜਾਂਦਾ ਹੈ। ਇਸ ਲਈ ਇਸ ਅਨੈਕਟਮੈਂਟ ਨੂੰ ਰੀਕੰਸਿਡਰ ਕਰਾਂਗੇ। ਜੋ ਮੈਂਬਰ ਸਾਹਿਬਾਨ ਤਜਰਬਾ ਕਰਕੇ ਬੋਲੇ ਹਨ ਉਨ੍ਹਾਂ ਦੇ ਵਿਊਜ਼ ਵੀ ਆ ਗਏ ਹਨ ਜਾਂ ਜਿਹੜੇ ਪਿਛੇ ਮੈਂਬਰ ਨਹੀਂ ਸਨ ਉਨ੍ਹਾਂ ਨੇ ਵੀ ਆਪਣੇ ਵਿਊਜ਼ ਦਿੱਤੇ ਹਨ, ਹੁਣ ਇਸ ਚੀਜ਼ ਨੂੰ ਨਵੇਂ ਸਿਰੇ ਤੋਂ ਵੇਖਣਾ ਪਏਗਾ।

ਸਾਡੇ ਜਿਹੜੇ ਕੋਆਪਰੇਟਿਵ ਬੈਂਕਸ ਹਨ, ਜਿਹੜੇ 154 ਕਰੋੜ ਰੁਪਏ ਕਰਜ਼ਾ ਦਿੰਦੇ ਸੀ ਹੁਣ ਉਹ ਅਸੀਂ 185 ਕਰੋੜ ਰੁਪਏ ਕਰ ਦਿੱਤਾ ਹੈ। ਇਸ ਤਰ੍ਹਾਂ ਕਰਨ ਨਾਲ ਜਿਹੜਾ ਫ਼ਾਇਦਾ ਹੋਵੇਗਾ ਉਹ ਮਿਡਲ ਕਲਾਸ ਨੂੰ ਹੋਵੇਗਾ। ਮੇਰਾ ਮਤਲਬ ਹੈ ਕਿ ਜਿਹੜਾ ਸਮਾਲ ਫਾਰਮਰ ਹੈ ਜਾਂ ਮਾਰਜਨਲ ਫਾਰਮਰ ਹੈ ਉਸ ਨੂੰ ਫਾਇਦਾ ਹੋਵੇਗਾ। ਅਸੀਂ ਇਨ੍ਹਾਂ ਨੂੰ ਕਰਜ਼ੇ 9 ਹਜ਼ਾਰ ਤੋਂ 12 ਹਜ਼ਾਰ ਰੁਪਏ ਤਕ ਕਰ ਦਿੱਤੇ ਹਨ ਕਿਉਂਕਿ ਉਸ ਨੇ ਲਾਜ਼ਮੀ ਤੌਰ ਤੇ ਫਰਟੇਲਾਈਜ਼ਰ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਖਰੀਦਣੀਆਂ ਹਨ। ਲੋਨ ਜਿਹੜਾ ਅਗੇ 21 ਕਰੋੜ ਰੁਪਏ ਸੀ ਉਹ ਹੁਣ 37 ਕਰੋੜ ਰੁਪਏ ਕਰ ਦਿੱਤਾ ਹੈ, ਇਸ ਦਾ ਫਾਇਦਾ ਮਾਰਜਨਲ ਫਾਰਮਰਜ਼ ਨੂੰ ਹੋਵੇਗਾ। ਇਹ ਖਿਆਲ ਕੀਤਾ ਗਿਆ ਹੈ ਕਿ ਫ਼ਾਇਦਾ ਸਮਾਲ ਅਤੇ ਮਾਰਜਨਲ ਫਾਰਮਰ ਨੂੰ ਹੋਵੇ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਥੇ ਸੁਆਲ ਕੀਤਾ ਗਿਆ ਸੀ ਲੈਂਡ ਰਿਫਾਰਮਜ਼ ਦਾ। ਮੈਂ ਕਹਿੰਦਾ ਹਾਂ ਕਿ ਆਓ ਇਸ ਦਾ ਫੈਸਲਾ ਕਰੀਏ ਅਤੇ ਰੋਜ਼ ਰੋਜ਼ ਦਾ ਟੰਟਾ ਮੁਕਾਈਏ। ਨਵੇਂ ਸਿਰਿਉਂ ਵੇਖ ਲਈਏ ਜਿਸ ਦੇ ਕੋਲੋਂ ਜ਼ਮੀਨ ਨਿਕਲਦੀ ਹੈ ਉਸ ਦੇ ਕੋਲੋਂ ਲੈ ਕੇ ਗਰੀਬਾਂ ਨੂੰ ਦੇ ਦੇਣੀ ਚਾਹੀਦੀ ਹੈ। ਇਹ ਟੰਟਾ ਇਕ ਵਾਰੀ ਮੁਕ ਜਾਣਾ ਚਾਹੀਦਾ ਹੈ। (ਵਿਘਨ) ਇਥੇ ਕਿਹਾ ਗਿਆ ਹੈ ਕਿ ਲੈਂਡ ਰਿਫਾਰਮ ਨਹੀਂ ਹੋਇਆ ਅਗਰ ਕੋਈ ਬਕਾਇਆ ਰਹਿ ਗਿਆ ਹੈ ਤਾਂ ਆਓ ਮਿਲ ਕੇ ਠੀਕ ਕਰ ਲਈਏ ਅੱਰ ਜਿਹੜਾ ਕਾਨੂੰਨ ਦਾ ਜ਼ਾਬਤਾ ਬਣੇ ਉਸ ਨੂੰ ਸਟ੍ਰਿੰਜੈਂਟਲੀ ਐਕਸ਼ਨ ਵਿਚ ਲਿਆਈਏ। ਜ਼ਮੀਨ ਲੈਂਡਲੈਸ ਨੂੰ ਮਿਲ ਸਕੇ। ਕਿਸੇ ਹੱਦ ਤਕ ਅੰਕੜੇ ਰਖਕੇ ਬਾਕੀ ਦੀ ਸਾਰੀ ਚੀਜ਼ ਗਰੀਬਾਂ ਵਾਸਤੇ ਰਖੀ ਜਾਏ, ਅਸੀਂ ਬਿਲਕੁਲ ਇਸ ਦੇ ਹਕੱ ਵਿਚ ਹਾਂ। (ਵਿਘਨ) ਕਿਸਾਨ ਦਾ ਗਲਾ ਨਹੀਂ ਕੱਟਦੇ। ਕਿਸਾਨ ਤਾਂ 5, 10 ਏਕੜ ਜ਼ਮੀਨ ਵਾਲਾ ਹੁੰਦਾ ਹੈ, ਹਜ਼ਾਰ, ਪੰਜ ਸੌ ਏਕੜ ਵਾਲਾ ਕਿਸਾਨ ਨਹੀਂ ਹੋ ਸਕਦਾ। (ਥੰਪਿੰਗ) ਮੈਂ ਜਿੰਨੀ ਵੀ ਗਲ ਕੀਤੀ ਹੈ, ਖਾਸ ਤੌਰ ਤੇ ਕਿਸੇ ਵੱਲ ਉਂਗਲ ਕਰ ਕੇ ਨਹੀਂ ਆਖਿਆ, ਲਿਆਓ ਤੁਸੀਂ ਪ੍ਰਾਪਰਟੀ ਦੇ ਬਾਰੇ ਕਿ ਕਿਸ ਹੱਦ ਤਕ ਪ੍ਰਾਪਰਟੀ ਹੋਣੀ ਚਾਹੀਦੀ ਹੈ ਅਸੀਂ ਉਸ ਵਿਚ ਵੀ ਤੁਹਾਡੇ ਨਾਲ ਹਾਂ। ਅਸੀਂ ਉਸ ਸਮਾਜਵਾਦ ਵਿਚ ਵਿਸ਼ਵਾਸ ਕਰਦੇ ਹਾਂ ਕਿ ਜਿੰਨਾਂ ਕੋਈ ਕੰਮ ਕਰ ਸਕੇ, ਕਰੇ। (ਵਿਘਨ)

ਇਥੇ ਸਪਿੰਨਿੰਗ ਮਿੱਲਜ਼ ਬਾਰੇ ਕਿਹਾ ਗਿਆ ਕਿ ਅਸੀਂ ਸਪਿੰਨਿੰਗ ਮਿੱਲਜ਼ ਲਿਆਏ ਸੀ। ਪਰ ਅਸੀਂ ਇਧਰ ਇਸ ਕਰਕੇ ਨਹੀਂ ਬੈਠੇ ਕਿ ਜਿਹੜੇ ਕਿਸੇ ਨੇ ਕੋਈ ਚੰਗੇ ਕੰਮ ਕੀਤੇ ਹਨ, ਅਸੀਂ ਕਟਾਖਸ਼ ਕਰੀ ਜਾਣਾ ਹੈ। ਅਗਰ ਕਿਸੇ ਨੂੰ ਕਿਸੇ ਟਾਈਮ ਸੋਝੀ ਆ ਗਈ, ਠੀਕ ਹੈ। ਇਹ ਜਿਹੜੀਆਂ 4 ਮਿਲਾਂ ਹਨ ਇਨ੍ਹਾਂ ਵਿਚ ਕੋਈ ਸਾਢੇ 22 ਪਰਸੈਂਟ ਹਿੱਸਾ ਗੌਰਮਿੰਟ ਪਾਏਗੀ। ਜਿਹੜੀ ਕਪਾਹ ਹੁੰਦੀ ਸੀ ਉਹ ਬਹੁਤ ਥੋੜੇ ਰੇਟ ਤੇ ਚਲੀ ਜਾਂਦੀ ਸੀ ਅੱਰ ਜਿਸ ਤਰ੍ਹਾਂ ਕਾਮਰੇਡ ਸਾਹਿਬ ਨੇ ਕਿਹਾ ਹੈ ਕਿ ਜਦੋਂ ਕਪੜਾ ਲੈਂਦੇ ਹਾਂ ਤਾਂ ਉਸ ਦੀ ਕੀਮਤ ਦੁੱਗਣੀ ਤਿਗੁੱਣੀ ਹੁੰਦੀ ਹੈ। ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਵੀ ਕੋਸ਼ਿਸ਼ ਕੀਤੀ ਹੈ ਅਤੇ ਕਪਾਹ ਨੂੰ ਅੱਗ ਲਾਈ ਕਿ ਥੋੜਾ ਭਾਅ ਸੀ। ਸਪੀਕਰ ਸਾਹਿਬ, ਮੈਂ ਹਵਾਲੇ ਦਿਆਂਗਾ ਐਸੀ ਗਲ ਨਹੀਂ। (ਵਿਘਨ) ਇਨ੍ਹਾਂ ਨੇ ਕਿਹਾ ਸੀ ਕਿ 13 ਰੁਪਏ ਬੋਨਸ ਦਿਆਂਗੇ ਕਿਉਂਕਿ ਭਾਅ ਥੋੜੇ ਹਨ। ਮੈਂ ਕਹਿੰਦਾ ਹਾਂ ਕਿ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨਾਂ ਦੀ ਕੋਈ ਇਕ ਕਾਪੀ ਲਿਆ ਕੇ ਵਿਖਾਉਣ ਅਤੇ ਦੱਸਣ ਕਿ ਉਨ੍ਹਾਂ ਵਿਚੋਂ ਕਿਸੇ ਇਕ ਦੀ ਵੀ ਇਨ੍ਹਾਂ ਨੇ ਪੂਰਤੀ ਕੀਤੀ ਸੀ। ਜੋ ਮੱਤੇ ਪਾਸ ਕੀਤੇ ਉਨ੍ਹਾਂ ਦੀ ਇਮਪਲੀਮੈਂਟੇਸ਼ਨ ਨਹੀਂ ਕੀਤੀ ਅੱਰ ਅਸੀਂ ਪਰਫਾਰਮੈਂਸ ਨਾਲ ਦੱਸਾਂਗੇ ਕਿ ਅਸੀਂ ਕੀ ਕੀਤਾ ਹੈ। ਮੈਂ ਇਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਗੁਰੂਦੁਆਰੇ ਵਿਚ ਬੈਠ ਕੇ ਜਿਹੜੇ ਇਕਨਾਮਿਕ ਮੱਸਲੇ ਹਨ ਉਨ੍ਹਾਂ ਨੂੰ ਡਿਸਕਸ ਨਾ ਕਰਿਆ ਕਰੋ। ਇਹ ਮੇਰੀ ਰਾਏ ਹੈ ਤੁਸੀਂ ਮਨਜ਼ੂਰ ਕਰੋ ਜਾਂ ਨਾ ਕਰੋ। ਇਸ ਲਈ ਤੁਸੀਂ ਉਸ ਤੇ ਖੜ ਨਹੀਂ ਸਕਦੇ। ਚੰਗੀ ਗਲ ਇਹ ਹੈ ਕਿ ਉਹ ਗਲਾਂ ਗੁਰੂ ਸਾਹਿਬਾਨ ਦੇ ਸਾਹਮਣੇ ਸੱਚ ਖਾ ਕੇ ਨਾ ਕਰੋ ਜਿਹੜੀਆਂ ਦੀ ਪੂਰਤੀ ਨਹੀਂ ਕਰ ਸਕਦੇ। ਮੇਰੀ ਆਪਣੀ ਰਾਏ ਹੈ ਤੁਹਾਡੀ ਆਪਣੀ ਰਾਏ ਹੈ। ਜੋ ਤੁਸੀਂ ਅਗੇ ਟੀਚੇ ਮੁਕੱਰਰ ਕੀਤੇ ਸੀ ਉਨ੍ਹਾਂ ਤੇ ਤੁਸੀਂ ਆਪ ਨਹੀਂ ਚਲ ਸਕੇ। ਕਹਿ ਦਿੱਤਾ 13 ਰੁਪਏ ਬੋਨਸ ਦੇਣਾ ਹੈ ਪਰ ਕਦੋਂ ਦੇਣਾ ਹੈ? ਤੁਸੀਂ ਭਾਵੇਂ 40 ਰੁਪਏ ਕਹਿ ਦਿਓ ਕਿਉਂਕਿ ਤੁਹਾਡੀ ਕਿਹੜੀ ਸਰਕਾਰ ਹੈ? ਅਸੀਂ ਇਨਵਾਲਵਮੈਂਟ ਵਿੱਚ ਨਹੀਂ ਪੈਂਦੇ। ਅਸੀਂ ਕੇਂਦਰ ਦੀ ਸਰਕਾਰ ਨੂੰ ਕਹਾਂਗੇ। ਏ. ਪੀ. ਸੀ. ਦੀ ਮੀਟਿੰਗ ਦੋਬਾਰਾ ਬੁਲਾਉਣ ਲਈ 27 ਤਾਰੀਖ ਨੂੰ ਚੀਫ ਮਨਿਸਟਰਾਂ ਦੀ ਕਾਨਫਰੰਸ ਹੋ ਰਹੀ ਹੈ। ਜਿਹੜੀ 100 ਰਪਏ ਧਾਨ ਦੀ ਕੀਮਤ ਮੁਕੱਰਰ ਕੀਤੀ ਹੈ ਉਸ ਤੇ ਵਿਚਾਰ ਹੋਵੇਗਾ। ਏ. ਪੀ. ਸੀ, ਦੀ ਮੀਟਿੰਗ ਦੋਬਾਰਾ ਹੋਵੇਗੀ। ਅਸੀਂ ਆਪਣਾ ਕੇਸ ਪੂਰੇ ਜ਼ੋਰ ਨਾਲ ਪੇਸ਼ ਕਰਾਂਗੇ ਤਾਂਕਿ ਚਾਰ ਪੈਸੇ ਵੱਧ ਮਿਲ ਸਕਣ। ਮੈਂ ਅਗੇ ਵੀ ਦੋ ਤਿੰਨ ਵਾਰੀ ਮਿਲਿਆ ਹਾਂ, ਮੈਂ ਆਪਣਾ ਪ੍ਰੈਸ਼ਰ ਬਿਲਟ

Original with;
Punjab Vidhan Sabha
Digitized by;
Panjab Digital Library

ਕਰ ਰਿਹਾ ਹਾਂ । ਹੁਣ ਤੁਹਾਡੀਆਂ ਤਕਰੀਰਾਂ ਮੇਰੇ ਪਾਸ ਚੌਣਗੀਆਂ ਉਸ ਦੀ ਮਜ਼ਬੂਤੀ ਨਾਲ ਹੋਰ ਜ਼ਿਆਦਾ ਇਸ ਚੀਜ਼ ਨੂੰ ਪੇਸ਼ ਕਰਾਂਗਾ ਸਾਡੇ ਪਾਸ ਆਰਗੂਮੈਂਟਸ ਹੈਗੇ । ਇਥੇ ਕਿਹਾ ਗਿਆ ਹੈ ਕਿ ਇਹ ਐਗਰੀਕਲਚਰਲ ਯੂਨੀਵਰਸਿਟੀ ਤੋਂ ਮੰਗਵਾਓ। ਮੈਂ ਦੱਸਦਾ ਹਾਂ ਕਿ ਉਨ੍ਹਾਂ ਤੋਂ ਨਹੀਂ ਲੈਂਦੇ । ਜਿਹੜੇ ਸਾਡੇ ਸੈਂਟਰ ਵਿਚ ਮਨਿਸਟਰ ਰਹੇ ਹਨ ਉਨ੍ਹਾਂ ਨੂੰ ਪਤਾ ਹੈ ਸਾਡੇ ਐਟਰੈਂਡਮ ਦੋ ਸੌ ਫਾਰਮ ਹਨ। ਉਨ੍ਹਾਂ ਦੀਆਂ ਪਰਚੀਆਂ ਪਾਉਂਦੇ ਹਨ ਅਤੇ ਜਿਹੜੇ ਦਸ ਫਾਰਮ ਨਿਕਲ ਆਉਣ ਉਨ੍ਹਾਂ ਦਾ ਵੇਖਦੇ ਹਨ ਕਿ ਉਨ੍ਹਾਂ ਦੀ ਐਵਰੇਜ ਕੀ ਹੈ। ਸਪੀਕਰ ਸਾਹਿਬ, ਇਹ ਕਾਇਦਾ ਠੀਕ ਹੈ ਪਰ ਇਹ ਚੀਜ਼ ਡਿਫਰ ਕਰਦੀ ਹੈ ਫਰਾਮ ਸਟੇਟ ਟੂ ਸਟੇਟ । ਸਾਡੇ ਲੋਕ ਜ਼ਿਆਦਾ ਫਰਟੇਲਾਈਜ਼ਰ ਇਸਤੇਮਾਲ ਕਰਦੇ ਹਨ ।

EXTENSION OF TIME OF THE SITTING

Mr. Speaker : Is it the pleasure of the House that the time of the sitting be extended by 15 minutes ?

Voices: Yes, yes

Mr. Speaker : The time of the sitting of the House is extended upto 7·15 P.M.

DISCUSSION AND VOTING OF DEMANDS FOR GRANTS FOR THE YEAR, 1980-81 (*Resumption*)

ਮੁੱਖ ਮੰਤਰੀ : ਇਥੇ, ਸਪੀਕਰ ਸਾਹਿਬ, ਫਰਟੇਲਾਈਜ਼ਰ ਵੀ ਜ਼ਿਆਦਾ ਇਸਤੇਮਾਲ ਕਰਨ ਵਾਲੇ ਹਨ ਜਿਵੇਂ ਮੇਰੇ ਸਾਥੀ, ਐਗਰੀਕਲਚਰ ਮਨਿਸਟਰ, ਨੇ ਦਸਿਆ ਹੈ ਕਿ ਹੁਣ ਤਕ ਜੋ ਫਰਟੇਲਾਈਜ਼ਰ ਦੇ ਟੀਚੇ ਸਨ, ਉਹ ਪਿਛਲੇ ਸਾਲ ਦੇ ਬਰਾਬਰ ਆ ਚੁਕੇ ਹਨ ।

ਸਪੀਕਰ ਸਾਹਿਬ, ਕੋਆਪਰੇਟਿਵ ਸੈਕਟਰ ਵਿਚ ਚਾਰ ਮਿਲਕ ਪਲਾਂਟ ਲਗਣਗੇ । ਅਸੀਂ ਚਾਹੁੰਦੇ ਹਾਂ ਕਿ ਗਰੀਨ ਰੈਵੋਲਿਊਸ਼ਨ ਜੋ ਹੋਇਆ ਹੈ ਉਹ ਵਾਈਟ ਰੈਵੋਲਿਊਸ਼ਨ ਵਿਚ ਤਬਦੀਲ ਹੋਵੇ। ਹੈਂਡਲੂਮ ਵਾਸਤੇ ਵੀ ਕਾਫੀ ਕੁਝ ਰਖਿਆ ਗਿਆ ਹੈ ਤਾਂਕਿ ਹੈਂਡਲੂਮ ਦੀ ਇੰਡਸਟਰੀ ਕਿਤੇ ਫਿਨਿਸ਼ ਨਾ ਹੋ ਜਾਵੇ । ਇਸ ਵਾਸਤੇ ਵੀ ਉਪਰਾਲੇ ਕੀਤੇ ਜਾ ਰਹੇ ਹਨ । ਪੈਸੇ ਵੀ ਇਸ ਲਈ ਅਗੇ ਨਾਲੋਂ ਜ਼ਿਆਦਾ ਰਖੇ ਹਨ । ਇਸ ਦੇ ਨਾਲ ਨਾਲ ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਐਗਰੀਕਲਚਰਲ ਸੁਸਾਇਟੀਆਂ ਨੂੰ ਦਰੁਸਤ ਕਰਨ ਵਾਸਤੇ ਵੀ 35.20 ਲੱਖ ਰੁਪਿਆ ਖਰਚਿਆ ਜਾਵੇਗਾ ।

ਸਪੀਕਰ ਸਾਹਿਬ, ਇਥੇ ਕਈ ਸਵਾਲ ਉਠਾਏ ਗਏ ਹਨ । ਜੇ ਮੈਂ ਉਨ੍ਹਾਂ ਮੈਂਬਰਾਂ ਦੇ ਸਵਾਲਾਂ ਦਾ ਜਵਾਬ ਨਾ ਦਿਆਂ ਤਾਂ ਮੈਂ ਉਨ੍ਹਾਂ ਨਾਲ ਜਸਟਿਸ ਨਹੀਂ ਕਰਾਂਗਾ। ਸਰਦਾਰ ਜਸਮਤ ਸਿੰਘ ਢਿਲੋਂ ਨੇ ਕਿਹਾ ਹੈ ਕਿ ਫਰੀਦਕੋਟ ਦੇ ਏਰੀਏ ਵਿਚ ਵਾਟਰ ਲਾਗਿੰਗ ਹੈ, ਇਹ ਦੋ ਸਾਲਾਂ ਵਿਚ ਅਸੀਂ ਰਿਮੂਵ ਕਰ ਦਿਆਂਗੇ। (ਤਾੜੀਆਂ) ਜਿਹੜਾ ਕਿਹਾ ਗਿਆ ਹੈ ਕਿ ਫਾਲਸ ਅਰਥ ਵਰਕ ਕੈਨਾਲ ਤੇ ਕੀਤਾ ਗਿਆ ਹੈ, ਇਹ ਵੀ ਵੇਖ ਰਹੇ ਹਾਂ। ਫਰੀਦਕੋਟ ਵਿਚ ਜਿਹੜੀ ਕੈਨਾਲ ਤੇ ਕਟ ਲਗੀ ਹੈ, ਉਸ ਦੀ ਵੀ ਇਨਕੁਆਇਰੀ ਹੋਵੇਗੀ । ਸਰਦਾਰ ਅਵਤਾਰ ਸਿੰਘ ਨੇ ਇਥੇ ਇਕ ਗਲ ਕੀਤੀ ਹੈ। ਉਨ੍ਹਾਂ ਨੇ ਹਿਸਾਬ ਕਿਤਾਬ ਥੋੜ੍ਹਾ ਜਿਹਾ ਇਧਰ ਉਧਰ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਬਠਿੰਡੇ ਦੇ ਜ਼ਿਲ੍ਹੇ ਵਿਚ 3.5 ਕਿਊਸਿਕ ਪਾਣੀ ਮਿਲਦਾ ਸੀ । ਸ਼ਾਇਦ ਮੇਰੇ ਵੇਲੇ ਇਕ ਵਾਰੀ ਗਿਆ ਸੀ। ਬਾਕੀ ਚੀਮਾ ਸਾਹਿਬ ਨੇ ਬਿਜਲੀ

Original with;
Punjab Vidhan Sabha
Digitized by
Panjab Digital Library

[ਮੁੱਖ ਮੰਤਰੀ]

ਦੇ ਬਿਲਾਂ ਦੀ ਪੇਮੈਂਟ ਬਾਰੇ ਕਿਹਾ ਹੈ। ਐਸੇ ਅਰੇਂਜਮੈਂਟ ਕੀਤੇ ਜਾ ਰਹੇ ਹਨ ਕਿ ਕੋਆਪਰੇਟਿਵ ਬੈਂਕਾਂ ਵਿਚ ਬਿਲ ਜਮ੍ਹਾਂ ਕਰਵਾ ਦੇਣ। ਇਸ ਤਰ੍ਹਾਂ ਉਹ ਆਪਣੇ ਇਲਾਕੇ ਵਿਚ ਨੇੜੇ ਤੋਂ ਨੇੜੇ ਦੇ ਬੈਂਕ ਵਿਚ ਇਹ ਜਮ੍ਹਾਂ ਕਰਵਾ ਸਕਣਗੇ। ਇਸ ਦਾ ਪ੍ਰਬੰਧ ਅਸੀਂ ਕਰ ਰਹੇ ਹਾਂ। ਸਰਦਾਰ ਨੱਥਾ ਸਿੰਘ ਨੇ ਚੰਗੀ ਲੰਮੀ ਸਪੀਚ ਕੀਤੀ ਹੈ। ਕੁਝ ਪੁਆਇੰਟਸ ਉਨ੍ਹਾਂ ਨੇ ਉਠਾਏ ਹਨ। ਮੈਂ ਸ਼ੁਰੂ ਵਿਚ ਕਿਹਾ ਸੀ ਕਿ ਜਿਥੋਂ ਤਕ ਇਨ੍ਹਾਂ ਪ੍ਰੋਜੈਕਟਸ ਦਾ ਤੁਅਲੱਕ ਹੈ, ਮੈਂ ਜਿਹੜੀ ਸੈਪਰੇਟ ਮੀਟਿੰਗ ਹੋਵੇਗੀ ਉਸ ਦੇ ਵਿਚ ਵਿਸਥਾਰ ਨਾਲ ਸਾਰੀ ਗਲ ਸਾਹਮਣੇ ਰਖਾਂਗਾ ਤਾਂਕਿ ਆਪਸੀ ਡਿਸਕਸ਼ਨ ਵਿਚੋਂ ਕੁਝ ਚੰਗੇ ਨਤੀਜੇ ਨਿਕਲਣ। ਮੈਂ ਇਤਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕੋਈ ਵੀ ਪ੍ਰੋਜੈਕਟ ਐਸਾ ਨਹੀਂ ਛੱਡਣ ਲਗੇ ਜਿਸ ਨਾਲ ਤੁਸੀਂ ਇਹ ਸਮਝੋ ਕਿ ਢਿਲ ਆਈ ਹੈ ਜਾਂ ਅਸੀਂ ਉਸ ਨੂੰ ਛੱਡ ਰਹੇ ਹਾਂ। ਅਟਾਮਿਕ ਸ਼ਕਤੀ ਦਾ ਪਲਾਂਟ ਪੰਜਾਬ ਵਿਚ ਲਿਆਉਣ ਵਾਸਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਇਸ ਦੇ ਵਾਸਤੇ ਅਸੀਂ ਸੈਂਟਰ ਉਤੇ ਜ਼ੋਰ ਪਾਵਾਂਗੇ। ਇਸ ਨਾਲ ਸਾਡੀ ਬਹੁਤ ਸਾਰੀ ਪ੍ਰਾਬਲਮ ਦੂਰ ਹੋ ਜਾਵੇਗੀ। ਅਜ ਸਾਰੇ ਸੰਸਾਰ ਵਿਚ ਬਿਜਲੀ ਦੀ ਪ੍ਰਾਬਲਮ ਰਹਿਣੀ ਹੈ। ਇਹ ਦੂਰ ਨਹੀਂ ਹੋਣੀ। ਜਿਵੇਂ ਜਿਵੇਂ ਅਸੀਂ ਆਪਣੇ ਮਿਥੇ ਟੀਚਿਆਂ ਤੋਂ ਉਪਰ ਜਾਂਦੇ ਹਾਂ ਤਾਂ ਸਾਡੀ ਡਿਮਾਂਡ ਵੱਧਦੀ ਜਾਂਦੀ ਹੈ। ਬੇਅਰ ਨਸੈਸਟੀਜ਼ ਆਫ ਲਾਈਫ ਤੋਂ ਆਦਮੀ ਕਮਫਰਟਸ ਵਿੱਚ ਜਾਂਦਾ ਹੈ। ਫਿਰ ਉਹ ਲਗਜ਼ਰੀਜ਼ ਵਿਚ ਜਾਂਦਾ ਹੈ। ਕੈਪੀਟਲਿਸਟ ਮੁਲਕਾਂ ਵਿਚ ਲੋਕ ਲਗਜ਼ਰੀਜ਼ ਵਿੱਚ ਗਏ ਹੋਏ ਹਨ। ਅਸੀਂ ਅਜੇ ਬੇਅਰ ਨਸੈਸਟੀਜ਼ ਵਿੱਚ ਹਾਂ। ਜਿਵੇਂ ਜਿਵੇਂ ਸਾਡਾ ਕੰਮ ਵੱਧਦਾ ਜਾਵੇਗਾ, ਅਸੀਂ ਤਰੱਕੀ ਕਰਾਂਗੇ, ਅਸੀਂ ਬੇਅਰ ਨਸੈਸਟੀਜ਼ ਵਿੱਚੋਂ ਨਿਕਲ ਕੇ ਕਮਫਰਟਸ ਵਿੱਚ ਆ ਜਾਵਾਂਗੇ। ਮਾਡਰਨ ਏਜ ਵਿੱਚ ਸਾਰੇ ਕੰਮ ਕਾਜ ਬਿਜਲੀ ਨਾਲ ਹੋਣਗੇ। ਜਿਤਨੀ ਬਿਜਲੀ ਪੈਦਾ ਹੋਵੇਗੀ, ਚਾਹੇ ਉਹ ਕਾਰਖਾਨੇ ਵਿਚ ਯੂਜ਼ ਹੋਵੇ, ਚਾਹੇ ਟਿਊਬਵੈਲਾਂ ਵਿੱਚ ਫਰਤੀ ਜਾਵੇ ਅਤੇ ਚਾਹੇ ਘਰ ਦੇ ਆਰਾਮ ਵਿੱਚ ਵਰਤੀ ਜਾਵੇ, ਬਿਜਲੀ ਦੀ ਜ਼ਰੂਰਤ ਰਹੇਗੀ। ਅਟਾਮਿਕ ਸ਼ਕਤੀ ਨਾਲ ਅਸੀਂ ਕਾਫੀ ਸੌਖੇ ਹੋ ਜਾਵਾਂਗੇ। ਫਲੈਟ ਰੇਟ ਬਾਰੇ ਕਿਹਾ ਗਿਆ ਹੈ ਕਿ ਸ਼ਾਇਦ ਇਸ ਨੂੰ ਅਸੀਂ ਹਟਾ ਰਹੇ ਹਾਂ। ਐਸੀ ਕੋਈ ਤਜਵੀਜ਼ ਸਰਕਾਰ ਦੇ ਜ਼ੇਰੇ ਗੌਰ ਨਹੀਂ ਹੈ। ਮੈਂ ਤਾਂ ਬਸ ਇਤਨਾ ਹੀ ਕਹਿ ਸਕਦਾ ਹਾਂ। ਇਹ ਜ਼ਰੂਰ ਹੈ ਕਿ ਅਸੀਂ ਬਿਜਲੀ ਦੀ ਬਚਤ ਵਾਸਤੇ ਕੋਸ਼ਿਸ਼ ਕਰਾਂਗੇ। ਬਿਜਲੀ ਦੀ ਬਹੁਤ ਲੀਕੇਜ ਹੁੰਦੀ ਹੈ ਅਤੇ ਹੁੰਦੀ ਰਹੀ ਹੈ। ਉਥੇ ਜੇ ਕੰਪੈਸੀਟਰਜ਼ ਲਾ ਦੇਈਏ, ਜੇ ਮੈਂ ਠੀਕ ਲਫਜ਼ ਬੋਲ ਰਿਹਾ ਹਾਂ, ਤਾਂ ਉਹ ਲਾਉਣ ਨਾਲ ਬਿਜਲੀ ਦੀ ਕਾਫੀ ਬਚਤ ਹੋ ਸਕਦੀ ਹੈ। ਇਸ ਨਾਲ ਲਾਈਨ-ਲਾਸਿਜ਼ ਘੱਟ ਜਾਣਗੇ। ਚੇਅਰਮੈਨ, ਇਲੈਕਟ੍ਰੀਸਿਟੀ ਬੋਰਡ ਨੂੰ ਅਸੀਂ ਕਿਹਾ ਹੈ ਕਿ ਉਹ ਆਪਣੀਆਂ ਲਾਈਨਾਂ ਉਤੇ ਧੁਰ ਤਕ ਕੰਪੈਸੀਟਰਜ਼ ਲਾਉਣ। ਇਸ ਨਾਲ 100 ਮੈਗਾਵਾਟ ਬਿਜਲੀ ਦੀ ਬਚਤ ਹੋਣ ਦੀ ਆਸ ਹੈ। ਕਿਸਾਨ ਦੇ ਟਿਊਬਵੈਲ ਤੋਂ ਇਹ ਲਾਸਿਜ਼ ਬਚਾਉਣ ਲਈ ਹਰੇਕ ਨੂੰ ਕਹਾਂਗਾ ਕਿ ਉਹ ਕੰਪੈਸੀਟਰਜ਼ ਲਾਉਣ। ਅਸੀਂ ਚੇਅਰਮੈਨ, ਇਲੈਕਟ੍ਰਿਸਿਟੀ ਬੋਰਡ ਨੂੰ ਕਿਹਾ ਹੈ ਕਿ ਉਹ ਇਨੀਸ਼ਲੀ ਪੈਸਾ ਖਰਚ ਕਰਨ ਅਤੇ ਬਾਅਦ ਵਿਚ ਉਹ ਇਨਸਟਾਲਮੈਂਟਸ ਵਿਚ ਚਾਰ ਪੰਜ ਸਾਲਾਂ ਵਿਚ ਰਿਕਵਰ ਕੀਤਾ ਜਾਵੇ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਜਿਹੜਾ ਕਾਰਖਾਨਾ ਇਹ ਕੰਪੈਸੀਟਰਜ਼ ਬਣਾਉਣ ਵਾਲਾ ਹੋਵੇਗਾ ਕਿਧਰੇ ਉਹ ਮਨਾਪਲੀ ਤਾਂ ਨਹੀ ਕਰੇਗਾ। ਕਿਤੇ ਉਹ ਇਕਲਾ ਹੀ ਫਾਇਦਾ ਉਠਾਈ ਜਾਵੇ। ਇਸ ਗਲ ਨੂੰ ਜ਼ਰੂਰ ਵਿਚਾਰ ਲੈਣ।

ਮੁੱਖ ਮੰਤਰੀ : ਨੈਗੋਸੀਏਸ਼ਨ ਤਾਂ ਉਥੇ ਕੀਤੀ ਜਾਂਦੀ ਹੈ ਜਦੋਂ ਕਿਸੇ ਹੋਰ ਕੋਲੋਂ ਅਵੇਲੇਬਿਲਟੀ ਨਾ ਹੋਵੇ। ਟੈਂਡਰਜ਼ ਮੰਗਵਾਏ ਜਾਂਦੇ ਹਨ। ਪੁਰਾਣਾ ਜਿਹੜਾ ਸਿਸਸਟਮ ਨੈਗੋਸੀਏਸ਼ਨਜ਼ ਵਾਲਾ ਹੈ ਉਸ ਨੂੰ ਜ਼ਰੂਰ ਤੋੜਾਂਗੇ। ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਅਨੰਦ ਪੁਰ ਮੁਕੇਰੀਆਂ ਹਾਈਡਲ

Original with;
Punjab Vidhan Sabha
Digitized by;
Panjab Digital Library

ਅਤੇ ਸ਼ਾਨਨ ਪ੍ਰੋਜੈਕਟਸ ਨੂੰ ਸਰਕਾਰ ਐਡਵਾਂਸ ਬਣਾ ਰਹੀ ਹੈ । ਮੈਂ ਉਨ੍ਹਾਂ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਸਰਕਾਰ ਦੀ ਅਪਰੀਸੀਏਸ਼ਨ ਕੀਤੀ ਹੈ । ਇਨ੍ਹਾਂ ਨੂੰ ਐਡਵਾਂਸ ਤਿਆਰ ਕਰਨ ਲਈ ਅਸੀਂ ਤਿਆਰੀ ਕਰ ਰਹੇ ਹਾਂ । ਗੌਰਮਿੰਟ ਆਫ ਇੰਡੀਆ ਨੂੰ ਕਿਹਾ ਹੈ ਕਿ ਛੇਤੀ ਤੋਂ ਛੇਤੀ ਸੀਮਿੰਟ ਦੇਵੇ ਕਿਉਂਕਿ ਸੀਮਿੰਟ ਦੀ ਅਵੇਲੇਬਿਲਟੀ ਨਾ ਹੋਣ ਕਾਰਨ ਇਹ ਪ੍ਰੋਜੈਕਟਸ ਖੜੇ ਹਨ। ਇਨ੍ਹਾਂ ਪ੍ਰੋਜੈਕਟਸ ਤੋਂ ਸਾਨੂੰ ਕਾਫੀ ਬਿਜਲੀ ਮਿਲਣੀ ਹੈ । ਅਸੀਂ ਜ਼ਰੂਰ ਇਸ ਪਾਸੇ ਧਿਆਨ ਦਿੱਤਾ ਹੈ। ਜਿਹੜੀ ਤਿਹਾੜ ਤੋਂ ਬਿਜਲੀ ਆਉਣੀ ਹੈ, ਉਸ ਦਾ ਆਖਰੀ ਯੂਨਿਟ ਇਸ ਮਹੀਨੇ ਵਿਚ ਚਾਲੂ ਹੋਵੇਗਾ। ਜਿਹੜਾ ਯੂਨਿਟ ਬਠਿੰਡਾ ਥਰਮਲ ਪਲਾਂਟ ਦਾ ਖਰਾਬ ਸੀ, ਉਹ ਚਲਣ ਵਾਲਾ ਹੈ। ਇਸ ਨਾਲ ਵੀ ਸਾਨੂੰ ਕੁਝ ਨਾ ਕੁਝ ਆਸਰਾ ਹੋਵੇਗਾ । ਜਿਹੜੇ ਟੀਚੇ ਅਸੀਂ ਦਿੱਤੇ ਹਨ ਉਸ ਦੇ ਮੁਤਾਬਿਕ ਹੀ ਕੱਟ ਲਗੇਗੀ, ਕੱਟ ਰਿਡਿਊਸ ਹੋ ਸਕਦੀ ਹੈ, ਲੇਕਿਨ ਇਸ ਤੋਂ ਜ਼ਿਆਦਾ ਨਹੀਂ ਵਧੇਗੀ । ਅਸੀਂ ਇਸ ਕੱਟ ਨੂੰ ਲੰਮਾ ਨਹੀਂ ਕਰਨਾ ਚਾਹੁੰਦੇ।

ਸਪੀਕਰ ਸਾਹਿਬ, ਮੈਂ ਬਾਕੀ ਗਲਾਂ ਇਸ ਕਰਕੇ ਛੱਡ ਦਿੰਦਾ ਹਾਂ ਕਿਉਂਕਿ ਮੈਂ ਉਸ ਮੀਟਿੰਗ ਵਾਸਤੇ ਵੀ ਇਹ ਗਲਾਂ ਦਖੀਆਂ ਹਨ । ਇਸ ਲਈ ਮੈਂ ਸੰਕੋਚ ਕਰਦਾ ਹਾਂ । ਮੈਂ ਅਰਜ਼ ਕਰਾਂਗਾ ਕਿ ਇਹ ਜੋ ਡਿਮਾਂਡਜ਼ ਹਾਊਸ ਦੇ ਸਾਹਮਣੇ ਪੇਸ਼ ਹਨ ਇਹ ਪਾਸ ਕੀਤੀਆਂ ਜਾਣ।

DEMAND NO. 25

Mr. Speaker : Now I, put the Cut Motion to Demand No. 25 by Sardar Dalip Singh Pandhi, M.L.A., to the Vote of the House.

Mr. Speaker : Question is—

That the Demand be reduced by Re. 1.

The motion was lost

Mr. Speaker : Now I put the Cut-Motion to Demand No. 25 by Sardar Baldev Singh Mann, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Question is—

That a sum not exceeding Rs. 3,64,32,000 on Revenue Account and Rs. 4,94,07,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Co-operation.

The motion was carried.

DEAND NO. 26

Mr. Speaker : Now I put the Cut Motion to Demand No. 26 by Sardar Dalip Singh Pandhi, M.L.A., and Sardar Gurdev Singh Badal, M.L.A., to the vote of the House.

Original with;
Punjab Vidhan Sabha
Digitized by
Panjab Digital Library

Mr. Speaker : Question is—

That the demand be reduced by Re. 1.

The motion was lost.

Mr. Speaker : Question is—

That a sum not exceeding Rs. 19,98,44,000 on Revenue Account and Rs. 4,76,67,000 on Capital Account be granted to the Governor to defray the charges that will come in course of payment for the year 1980-81 (excluding the amount already voted on Account) in respect of Agriculture.

The motion was carried.

DEMAND NO. 38

Mr. Speaker : Now I put the Cut Motion to Demand No. 38 by Sardar Dalip Singh Pandhi, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Now I put the Cut Motion to Demand No. 38 by Sardar Baldev Singh, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Question is—

That a sum not exceeding Rs. 4,59,03,000 on Revenue Account and Rs. 20,11,98,000 on Capital Account be granted to the Governor to defray the charges that will come in course of payment for the year, 1980-81 (excluding the amount already voted on Account in respect of Multipurpose River Projects.

The motion was carried.

DEMAND NO. 39

Mr. Speaker : Now I put the Cut Motion to Demand No. 39 by Sardar Gurdev Singh Badal and Sardar Dalip Singh Pandhi, M.L.As., to the vote of the House.

Mr. Speaker : Question is—

That the demand be reduced by Re. 1.

The motion was lost.

Original with;
Punjab Vidhan Sabha
Digitized by;
Panjab Digital Library

Mr. Speaker : Question is—

That a sum not exceeding Rs. 20,19,59,000 on Revenue Account and Rs.19,36,16,000 on Capital Account be granted to the Governor to defray the charges tha will come in course of payment for the year 1980-81 (excluding the amount already voted on Account) in respect of Irrigation, Drainage and Flood Control.

The motion was carried.

Mr. Speaker The House stands adjourned till 9 ·00 A.M. on Friday, the 18th July, 1980.

7-05 P.M. (The Sabha then adjourned till 9 ·00 A.M. on Friday, the 18th July, 1980).

43391 PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©1980

Published under the authority of the Punjab Vidhan Sabha and printed by the Controller, Printing and Stationery Department, (U.T.), Chandigarh

Original with;
Punjab Vidhan Sabha
Digitized by;
Panjab Digital Library

Punjab Vidhan Sabha Debates

18th July, 1980
(Forenoon Sitting)

Vol. I—No. 17

OFFICIAL REPORT

CONTENTS

Friday, the 18th July, 1980
(Forenoon Sitting)

	Page
Starred Questions and Answers ..	(17) 1
Written Answers to Starred Questions laid on the Table of the House under Rule 38 ..	(17)21
Unstarred Questions and Answers ..	(17)24
Obituary Reference ..	(17)28
Statement by the Chief Minister ..	(17)29
Discussion and Voting of Demands for Grants for the year 1980-81 ..	(17)33
Extension of Time of the Sitting ..	(17)75
Discussion and Voting of Demands for Grants for the year 1980-81 (*Resumption*) ..	(17)75
Appendix	(i)

Punjab Vidhan Sabha Secretariat, Chandigarh
Price : Rs. 20.00 P

Rs. [illegible] P.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Friday, the 18th July, 1980

(Forenoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Completion of Construction Work at Focal Point in village Jhanduke, Block Rampura, Tehsil Phool

***126. Sardar Baldev Singh Khiala:** Will the Minister for Development be pleased to state the time by which the Government propose to complete the construction work on the focal point in Village Jhanduke, Block Rampura, Tehsil Phool, in Joga Assembly Constituency?

ਸਰਦਾਰ ਸੰਤੋਖ ਸਿੰਘ ਰੰਧਾਵਾ : ਪਿੰਡ ਝੰਡੂਕੇ, ਬਲਾਕ ਰਾਮਪੁਰਾ, ਤਹਿਸੀਲ ਫੂਲ, ਦੀ ਫੋਕਲ ਪੁਆਇੰਟ ਦੇ ਤੌਰ ਤੇ ਚੋਣ ਦਾ ਸਵਾਲ ਬਠਿੰਡਾ ਜ਼ਿਲ੍ਹੇ ਦੇ ਦੂਜੇ ਪਿੰਡਾਂ ਦੀ ਸਾਲ 1980-81 ਦੀ ਚੋਣ ਸਮੇਤ ਸਰਕਾਰ ਦੇ ਹਾਲੇ ਵਿਚਾਰ ਅਧੀਨ ਹੈ।

ਸਰਦਾਰ ਬਲਦੇਵ ਸਿੰਘ ਖਿਆਲਾ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਝੰਡੂਕੇ ਪਿੰਡ ਜਿੱਥੇ ਕਿ 2 ਲੱਖ ਇੱਟਾਂ ਮੌਕੇ ਤੇ ਪਹੁੰਚ ਚੁਕੀਆਂ ਹਨ ਅੰਰ ਉਥੇ ਕੰਮ ਸ਼ੁਰੂ ਸੀ, ਕੀ ਉਸ ਨੂੰ ਹੁਣ ਚਾਲੂ ਰਖਿਆ ਜਾਵੇਗਾ ਜਾਂ ਰੋਕ ਦਿੱਤਾ ਜਾਵੇਗਾ ?

ਮੰਤਰੀ : ਮੇਰਾ ਇਨ੍ਹਾਂ ਨੇ ਜਵਾਬ ਨਹੀਂ ਸੁਣਿਆ। ਸਾਰੇ ਬਠਿੰਡੇ ਜ਼ਿਲ੍ਹੇ ਦੇ 1980-81 ਦੇ ਫੋਕਲ ਪੁਆਇੰਟਾਂ ਲਈ ਜਿੰਨੇ ਪਿੰਡ ਹਨ ਉਹ ਅੰਡਰ ਕੰਸਿਡਰੇਸ਼ਨ ਹਨ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤਾਂ ਇਹ ਪੁੱਛਿਆ ਸੀ ਕਿ 2 ਲੱਖ ਇੱਟਾਂ ਝੰਡੂਕੇ ਵਿਖੇ ਪਹੁੰਚ ਚੁਕੀਆਂ ਸਨ ਅਤੇ ਵਜ਼ੀਰ ਸਾਹਿਬ ਆਪ ਮੌਕੇ ਤੇ ਜਾਕੇ ਵੇਖ ਲੈਣ, ਉਥੇ ਕੰਮ ਸ਼ੁਰੂ ਸੀ। ਕੀ ਹੁਣ ਇਹ ਸਰਕਾਰ ਉਸ ਕੰਮ ਨੂੰ ਫਿਰ ਸ਼ੁਰੂ ਕਰੇਗੀ ਜਾਂ ਨਹੀਂ ?

ਮੰਤਰੀ : ਇਹ ਬਾਰ ਬਾਰ ਇਕੋ ਹੀ ਗੱਲ ਕਰ ਰਹੇ ਹਨ। ਮੈਂ ਤਾਂ ਕਹਿ ਦਿੱਤਾ ਹੈ ਪਰ ਪਤਾ ਨਹੀਂ ਇਹ ਕਿਉਂ ਨਹੀਂ ਸਮਝਦੇ। ਮੈਂ ਕਿਹਾ ਹੈ ਕਿ 1980-81 ਦੇ ਬਠਿੰਡੇ ਜ਼ਿਲ੍ਹੇ ਦੇ ਸਾਰੇ ਪਿੰਡ ਫੋਕਲ ਪੁਆਇੰਟ ਬਣਾਉਣ ਲਈ ਵਿਚਾਰ ਅਧੀਨ ਹਨ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ 1980-81 ਲਈ ਮਾਮਲਾ ਹਾਲੇ ਵਿਚਾਰ ਅਧੀਨ ਹੈ, ਪਰ ਇਸ ਪਿੰਡ ਵਿਚ ਤਾਂ 2 ਲੱਖ ਇੱਟਾਂ ਪਹੁੰਚ ਚੁੱਕੀਆਂ ਹਨ, 25-30 ਹਜ਼ਾਰ ਰੁਪਿਆ ਉਥੇ ਖਰਚ ਹੋ ਚੁੱਕਾ ਹੈ ਉਸ ਦਾ ਕੀ ਬਣੇਗਾ ?

ਮੰਤਰੀ : ਸਪੀਕਰ ਸਾਹਿਬ, ਦਰਅਸਲ 1979-80 ਵਿਚ ਝੰਡੂਕੇ ਅਤੇ ਬਡਿਆਲਾ ਦਾ ਜ਼ਿਕਰ ਸੀ। ਪਰ ਉਸ ਵੇਲੇ ਬਡਿਆਲਾ ਚੁਣ ਲਿਆ ਗਿਆ ਸੀ ਅੰਰ ਝੰਡੂਕੇ ਰਹਿ ਗਿਆ। ਮੈਂ ਅਰਜ਼

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਕਰ ਰਿਹਾ ਹਾਂ ਕਿ ਇਸ ਤੇ ਹਮਦਰਦੀ ਨਾਲ ਗੌਰ ਕਰਾਂਗੇ। ਜਿਹੜੀ ਮੇਰੇ ਕੋਲ ਇਨਫਰਮੇਸ਼ਨ ਆਈ ਹੈ, ਉਸ ਮੁਤਾਬਿਕ ਇਹ ਹੈ ਕਿ ਇਹ ਮਾਮਲਾ ਅੰਡਰ ਕੰਸਿਡਰੇਸ਼ਨ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ: ਸਾਫ ਤੌਰ ਤੇ ਮੈਂ ਪੁੱਛਿਆ ਹੈ ਕਿ ਇਸ ਪਿੰਡ ਦਾ ਕੰਮ ਸ਼ੁਰੂ ਸੀ ਪਰ ਹੁਣ ਇਹ ਵਿਚਾਰ ਅਧੀਨ ਕਿਉਂ ਹੈ? ਕੀ ਕੋਈ ਸ਼ਿਕਾਇਤ ਆਈ ਹੈ ਜਾਂ ਕੋਈ ਹੋਰ ਗੱਲ ਹੈ?

ਮੰਤਰੀ: ਮੈਨੂੰ ਜੋ ਇਨਫਰਮੇਸ਼ਨ ਮਿਲੀ ਹੈ ਉਸ ਮੁਤਾਬਿਕ ਇਹ ਪਿੰਡ 1980-81 ਲਈ ਸਿਲੈਕਟ ਨਹੀਂ ਹੋਇਆ। ਸ਼ਿਕਾਇਤ ਦੀ ਕੋਈ ਗੱਲ ਨਹੀਂ।

ਸਰਦਾਰ ਦਲੀਪ ਸਿੰਘ ਪਾਂਧੀ : ** ** **

Mr. Speaker: No such aspeision. These words are expunged.

ਸਰਦਾਰ ਸੁਰਜੀਤ ਸਿੰਘ ਬਰਨਾਲਾ: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬਡਿਆਲਾ ਪਿੰਡ ਦੇ ਬਾਰੇ ਕਿਹਾ ਹੈ ਕਿ ਉਹ ਚੁਣਿਆ ਗਿਆ ਸੀ ਅੱਰ ਉਹ ਹੁਣ ਬਣ ਚੁਕਾ ਹੈ। ਪਰ ਝੰਡੂਕੇ ਵਿਚ ਕੰਮ ਸ਼ੁਰੂ ਸੀ ਉਥੇ ਇੱਟਾਂ ਪਹੁੰਚ ਗਈਆਂ ਸਨ ਅਤੇ ਜੇਕਰ ਹੁਣ ਇਹ ਕਹਿਣ ਕਿ ਮਾਮਲਾ ਵਿਚਾਰ ਅਧੀਨ ਹੈ ਤਾਂ ਕੋਈ ਗਲ ਨਹੀਂ ਬਣਦੀ।

ਮੰਤਰੀ: ਬਰਨਾਲਾ ਸਾਹਿਬ ਮੇਰੇ ਮੋਹਤਰਮ ਸਾਥੀ ਬਹੁਤ ਲਾਇਕ ਹਨ। ਮੈਂ ਸਪੱਸ਼ਟ ਕਿਹਾ ਹੈ ਕਿ ਬਡਿਆਲਾ ਪਿੰਡ 1979-80 ਵਿਚ ਚੁਣਿਆ ਗਿਆ ਸੀ ਅੱਜ ਝੰਡੂਕੇ 1980-81 ਵਾਸਤੇ ਹੋਣਾ ਸੀ। ਪਰ ਹੁਣ ਬਠਿੰਡੇ ਦੇ ਸਾਰੇ ਪਿੰਡ ਹਾਲੇ ਵਿਚਾਰ ਅਧੀਨ ਹਨ। ਇਸ ਲਈ ਇਹ ਕਿਹਾ ਹੈ।

Rate of Fertilizers

*143. **Sardar Balwinder Singh Bhunder:** Will the Minister for Agriculture and Forests be pleased to state the rates at which the fertilizers i.e. Urea and D.A.P., were supplied to the farmers during the year 1979 as also the rates at which Urea and D.A.P. are being supplied to the farmers during the current month (July, 1980)?

ਚੌਧਰੀ ਕਾਸ਼ੀ ਰਾਮ: ਸਾਲ 1979 ਵਿਚ 46% ਯੂਰੀਏ ਦਾ ਭਾਅ 1,450 ਰੁਪਏ ਪ੍ਰਤੀ ਟਨ ਅਤੇ ਡੀ. ਏ. ਪੀ. ਦਾ 2,200 ਰੁਪਏ ਸੀ। ਹੁਣੇ ਹੀ ਭਾਰਤ ਸਰਕਾਰ ਨੇ ਖਾਦਾਂ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਹੈ ਅਤੇ ਹੁਣ 46% ਯੂਰੀਏ ਦਾ ਭਾਅ 2,000 ਰੁਪਏ ਪ੍ਰਤੀ ਟਨ ਅਤੇ ਡੀ. ਏ. ਪੀ. ਦਾ 3,050 ਰੁਪਏ ਪ੍ਰਤੀ ਟਨ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ: ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਦੀ ਸਰਕਾਰ ਦਿੱਲੀ ਅਤੇ ਪੰਜਾਬ ਵਿਚ ਬਣੀ ਹੈ ਉਸ ਨੇ ਜੋ ਤੋਹਫਾ ਪੰਜਾਬੀਆਂ ਨੂੰ ਦਿਤਾ ਹੈ ਉਸ ਨਾਲ ਜਿਹੜੀ ਖਾਦ 1450 ਰੁਪਏ ਪ੍ਰਤੀ ਟਨ ਵਾਲੀ ਸੀ, ਉਹ 2,000 ਰੁਪਏ ਪ੍ਰਤੀ ਟਨ ਹੋ ਗਈ ਅਤੇ ਜਿਹੜੀ 2,200 ਰੁਪਏ ਪ੍ਰਤੀ ਟਨ ਸੀ, ਉਹ 3,050 ਰੁਪਏ ਪ੍ਰਤੀ ਟਨ ਤਕ ਪਹੁੰਚ ਗਈ ਹੈ। ਪੰਜਾਬ ਵਿਚ 29 ਲੱਖ ਟਨ ਖਾਦ ਇਸਤੇਮਾਲ ਹੁੰਦੀ ਹੈ ਅੱਰ ਇਸ ਨਾਲ

**Expunged as ordered by he Chair.

Original with;
Punjab Vidhan Sabha
Digitized by;
Panjab Digital Library

80 ਕਰੋੜ ਦਾ ਬੋਝ ਪੰਜਾਬ ਦੇ ਕਿਸਾਨ ਤੇ ਪਵੇਗਾ। ਕੀ ਵਜ਼ੀਰ ਸਾਹਿਬ ਇਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਕਿਸਾਨ ਨੂੰ ਕੋਈ ਹੋਰ ਰਿਆਇਤ ਦੇਣ ਲਈ ਤਿਆਰ ਹਨ, ਜਿਸ ਨਾਲ ਉਹ ਕੁਝ ਕੰਪਨਸੇਟ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਭੂੰਦੜ ਸਾਹਿਬ ਆਪ ਵਜ਼ੀਰ ਰਹੇ ਹਨ। ਇਹ ਆਪ ਚੰਗੀ ਤਰ੍ਹਾਂ ਨਾਲ ਸਮਝ ਸਕਦੇ ਹਨ ਕਿ ਕੀ ਪੰਜਾਬ ਦੀ ਸਰਕਾਰ ਲਈ 80 ਕਰੋੜ ਰੁਪਿਆ ਕਪਨਸੇਟ ਕਰਨਾ ਸੰਭਵ ਹੈ ? ਇਹ ਮਸਲਾ ਤੁਸੀਂ ਆਲਰੈਡੀ ਇਥੇ ਡਿਸਕੁਸ ਕਰਨ ਲਈ ਅਲਾਓ ਕਰ ਚੁੱਕੇ ਹੋ ਔਰ ਡਿਸਕਸ਼ਨ ਹੋ ਗਈ ਹੈ। ਸਰਦਾਰ ਦਰਬਾਰਾ ਸਿੰਘ ਨੇ ਇਥੇ ਪਹਿਲੇ ਦਿਨ ਕਿਹਾ ਸੀ ਕਿ ਅਸੀਂ ਰਾਓ ਬਰਿੰਦਰ ਸਿੰਘ, ਸੈਂਟਰਲ ਮਨਿਸਟਰ ਨਾਲ ਗਲ ਕੀਤੀ ਹੈ ਕਿ ਕਿਸਾਨ ਦੀ ਜਿਹੜੀ ਪਰੋਡਕਸ਼ਨ ਹੈ, ਉਸ ਵਿਚ ਉਸ ਨੂੰ ਕਿਸੇ ਤਰ੍ਹਾਂ ਕੰਪਨਸੇਟ ਕੀਤਾ ਜਾਵੇ। ਫਿਰ ਅੱਜ ਦੀ ਟ੍ਰਿਬਿਊਨ ਵਿਚ ਆਇਆ ਹੈ ਕਿ ਰਾਓ ਬਰਿੰਦਰ ਸਿੰਘ ਜੀ ਨੇ ਪਾਰਲੀਮੈਂਟ ਵਿਚ ਇਹ ਆਸ਼ਵਾਸਨ ਦਿਤਾ ਹੈ ਕਿ ਉਨ੍ਹਾਂ ਨੇ ਏ. ਪੀ. ਸੀ. ਨੂੰ ਇਹ ਮਾਮਲਾ ਕੰਸੀਡਰ ਕਰਨ ਲਈ ਦਿੱਤਾ ਹੈ। ਇਸ ਨਾਲ ਪਰੋਡਕਸ਼ਨ ਦੀਆਂ ਕੀਮਤਾਂ ਐਨਹਾਂਸ ਹੋਣਗੀਆਂ ਜਾਂ ਕੋਈ ਹੋਰ ਹਲ ਨਿਕਲੇਗਾ।

ਸ਼੍ਰੀ ਸਪੀਕਰ : ਇਹ ਕੀਮਤਾਂ ਤਾਂ ਸਾਰੇ ਹਿੰਦੁਸਤਾਨ ਵਾਸਤੇ ਹਨ ਅਤੇ ਸਿਰਫ ਪੰਜਾਬ ਵਾਸਤੇ ਤਾਂ ਨਹੀਂ ਹਨ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਚੰਗੀ ਗਲ ਹੈ ਕਿ ਸੈਂਟਰ ਦੇ ਮਨਿਸਟਰ ਨੇ ਆਸ਼ਵਾਸਨ ਦਿੱਤਾ ਹੈ। ਪਰ ਮੈਂ ਦਸਦਾ ਹਾਂ ਕਿ ਪਹਿਲਾਂ ਵੀ ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਇਸ ਨੇ ਖਾਦ ਦੇ ਭਾਅ ਵਧਾਏ ਸਨ ਪਰ ਜਦੋਂ ਸਾਡੀ ਸਰਕਾਰ ਆਈ ਤਾਂ ਇਸ ਨੇ ਖਾਦ ਦੇ ਭਾਅ ਸੈਂਟਰ ਤੇ ਜ਼ੋਰ ਪਾਕੇ ਘਟਾਏ ਸਨ। ਕੀ ਹੁਣ ਇਹ ਵੀ ਇਸੇ ਤਰ੍ਹਾਂ ਸੈਂਟਰ ਤੇ ਜ਼ੋਰ ਪਾਕੇ ਇਸ ਦੇ ਕੁਝ ਭਾਅ ਘਟਾਉਣ ਦਾ ਪ੍ਰਬੰਧ ਕਰਨਗੇ ? ਹੁਣ ਦੇ ਭਾਅ ਵਧਣ ਨਾਲ ਤਾਂ 38 ਪ੍ਰਤੀਸ਼ਤ ਰੇਟ ਫਰਟੇਲਾਈਜ਼ਰ ਦੇ ਵਧ ਗਏ ਹਨ। ਕਿਸਾਨ ਦੀ ਮਦੱਦ ਕਰਨ ਲਈ ਉਨ੍ਹਾਂ ਦੀ ਜਿਹੜੀ ਪਰੋਡਕਸ਼ਨ ਹੈ, ਜਿਵੇਂ ਕਿ ਕਣਕ ਅਤੇ ਝੋਨਾ ਆਦਿ ਹੈ, ਕੀ ਇਨ੍ਹਾਂ ਦੀ ਪ੍ਰਾਈਸ ਵਿਚ ਵਾਧਾ ਕਰਾਉਣ ਦਾ ਯਤਨ ਕਰਨਗੇ ?

ਮੰਤਰੀ : ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਐਗਰੀਕਲਚਰਲ ਮਨਿਸਟਰ ਰਹੇ ਹਨ ਅਤੇ ਇਹ ਸਭ ਕੁਝ ਜਾਣਦੇ ਹਨ। ਇਹ ਤਾਂ, ਸਪੀਕਰ ਸਾਹਿਬ, ਉਹ ਗਲ ਹੋਈ ਹੈ ਕਿ ਦੋ ਦੋਸਤ ਸੀ, ਇੱਕ ਜੱਟ ਅਤੇ ਇੱਕ ਦੁਕਾਨਦਾਰ। ਜੱਟ ਨੇ ਦੁਕਾਨਦਾਰ ਨੂੰ ਪੁੱਛਿਆ ਕਿ ਗੁੜ ਦਾ ਕੀ ਭਾਅ ਹੈ ਤਾਂ ਦੁਕਾਨਦਾਰ ਨੇ ਕਿਹਾ ਕਿ ਗੁੜ ਪੌਣੇ ਦੋ ਸੇਰ ਇਕ ਰੁਪਏ ਦਾ ਹੈ, ਪਰ ਮੈਂ ਤੋਲਾਂਗਾ ਆਪਣੀ ਪੰਸੇਰੀ ਨਾਲ। (ਵਿਘਨ) (ਹਾਸਾ) ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਥੇ ਫੇਅਰ ਡੀਲ ਅਤੇ ਫੇਅਰ ਕੈਲਕੂਲੇਸ਼ਨਾਂ ਹੋਣਗੀਆਂ ਅਤੇ ਉਸ ਤਰ੍ਹਾਂ ਦੀ ਗੱਲ ਨਹੀਂ ਹੋਵੇਗੀ ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਖਾਦ ਦੀਆਂ ਕੀਮਤਾਂ ਵਧ ਗਈਆਂ ਹਨ ਇਸ ਦੇ ਕੀ ਕਾਰਨ ਹਨ ? ਕੀ ਮਨਿਸਟਰ ਸਾਹਿਬ ਖਾਦ ਦੀਆਂ ਕੀਮਤਾਂ ਨੂੰ ਘੱਟ ਕਰਾਉਣ ਦਾ ਕੋਈ ਪਰਬੰਧ ਕਰਨਗੇ ? ਇਸ ਬਾਰੇ ਮਨਿਸਟਰ ਸਾਹਿਬ ਨੇ ਅਸ਼ੋਅਰ ਕਰਾਇਆ ਹੈ ।

ਸ਼੍ਰੀ ਸਪੀਕਰ : ਉਨ੍ਹਾਂ ਨੇ ਕੋਈ ਯਕੀਨ ਨਹੀਂ ਦਿਵਾਇਆ ।

ਕਾਮਰੇਡ ਸਰਵਣ ਸਿੰਘ ਚੀਮਾ : ਮਨਿਸਟਰ ਸਾਹਿਬ ਨੇ ਇਸ ਬਾਰੇ ਕਿਹਾ ਹੈ ਕਿ 80 ਕਰੋੜ ਰੁਪਏ ਦੀ ਰਿਆਇਤ ਨਹੀਂ ਦਿੱਤੀ ਜਾ ਸਕਦੀ। ਪਰ ਕੀ ਕਿਸਾਨਾਂ ਨੂੰ ਥੋੜ੍ਹੀ ਬਹੁਤ ਰਿਆਇਤ ਦੇਣ ਨੂੰ ਇਹ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਕਲ ਦੀ ਡੀਮਾਂਡ ਵਿਚ ਵੀ ਆਨਰੇਬਲ ਮੈਂਬਰ ਸਾਹਿਬਾਨ ਨੇ ਡਿਸਕਸ਼ਨ ਕੀਤੀ ਸੀ। ਇਸ ਲਈ ਸਿਰਫ 5 ਕਰੋੜ ਰੁਪਏ ਦਾ ਬਜਟ ਨਹੀਂ ਰਖਿਆ ਗਿਆ ਹੈ। ਪਰ, ਸਪੀਕਰ ਸਾਹਿਬ, ਛੋਟੇ ਕਿਸਾਨਾਂ ਦਾ ਖਿਆਲ ਰਖਣ ਦੀ ਖਾਤਰ ਸਾਡੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ, ਬੜਾ ਉਦਮ ਕਰ ਰਹੇ ਹਨ। (ਥੰਪਿੰਗ)

ਸਰਦਾਰ ਬਸੰਤ ਸਿੰਘ ਖਾਲਸਾ : ਸਪਲੀਮੈਂਟਰੀਜ਼ ਇਥੇ ਬਹੁਤ ਹੁੰਦੇ ਹਨ ਪਰ ਮਨਿਸਟਰ ਹਾਸੇ ਹੀ ਨਾਲ ਟਾਲ ਮਟੋਲ ਕਰਦੇ ਹਨ। ਸਪੀਕਰ ਸਾਹਿਬ, ਖੇਤੀਬਾੜੀ ਪੰਜਾਬ ਦਾ ਮੁੱਖ ਧੰਦਾ ਹੈ। ਕੀ ਮੁੱਖ ਮੰਤਰੀ ਜੀ ਅਤੇ ਐਗਰੀਕਲਚਰ ਮਨਿਸਟਰ ਖਾਦਾਂ ਦੀਆਂ ਕੀਮਤਾਂ ਨੂੰ ਘੱਟ ਕਰਾਉਣ ਲਈ ਸੈਂਟਰਲ ਗੌਰਮਿੰਟ ਨਾਲ ਲੜਾਈ ਕਰਨਗੇ ਕਿ ਇਨ੍ਹਾਂ ਦੇ ਰੇਟ ਘੱਟ ਕੀਤੇ ਜਾਣ ?

ਮੁੱਖ ਮੰਤਰੀ : ਮੇਰੀ ਅਰਜ਼ ਹੈ ਕਿ ਇਹ ਸਵਾਲ ਦੋ ਤਿੰਨ ਦਫਾ ਇਸ ਹਾਊਸ ਵਿਚ ਉਠਾਇਆ ਗਿਆ ਹੈ ਅਤੇ ਇਸ ਦਾ ਜਵਾਬ ਵੀ ਦਿੱਤਾ ਜਾ ਚੁੱਕਾ ਹੈ, ਪਰ ਜੇਕਰ ਤੁਸੀਂ ਬਾਰ ਬਾਰ ਇਕੋ ਸਵਾਲ ਨੂੰ ਰਿਪੀਟ ਕਰੀ ਜਾਓਗੇ ਤਾਂ ਜਵਾਬ ਵੀ ਉਹੀ ਮਿਲੇਗਾ। (ਵਿਘਨ) ਖੈਰ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਝੋਨੇ ਦੇ ਭਾਅ ਵਿਚ ਵਾਧਾ ਹੋ ਸਕੇ। (ਵਿਘਨ) (ਸ਼ੋਰ)

(ਇਸ ਵੇਲੇ ਸਰਦਾਰ ਪ੍ਰੇਮ ਸਿੰਘ ਲਾਲਪੁਰਾ ਜੀ ਸਪਲੀਮੈਂਟਰੀ ਕਰਨ ਲਈ ਆਪਣੀ ਸੀਟ ਤੇ ਖੜ੍ਹੇ ਹੋਏ।)

I am on my legs. Please listen to me first ਉਹ ਇਹ ਹੈ ਕਿ ਫਰਟੇਲਾਈਜ਼ਰ ਦੀ ਕੀਮਤ ਵਿਚ ਵਾਧਾ ਹੋਇਆ ਹੈ। ਅਸੀਂ ਝੋਨੇ ਦੀ ਪ੍ਰਾਈਸ ਵਿਚ ਵਾਧਾ ਕਰਨ ਦੀ ਕੋਸ਼ਿਸ਼ ਕਰਾਂਗੇ। (ਥੰਪਿੰਗ)

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਚੀਫ਼ ਮਨਿਸਟਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਅਸੀਂ ਝੋਨੇ ਦੀ ਪ੍ਰਾਈਸ ਵਿਚ ਵਾਧਾ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਦਾ ਇਸ ਸਵਾਲ ਨਾਲ ਤਾਂ ਕੋਈ ਤੁਅੱਲਕ ਨਹੀਂ ਹੈ। ਜੇਕਰ ਇਹ ਇਸ ਨੂੰ ਇਸ ਸਵਾਲ ਨਾਲ ਜੋੜਦੇ ਹਨ ਤਾਂ ਖਾਦ ਦੇ ਰੇਟ ਵਧਣ ਨਾਲ ਕਿਸਾਨਾਂ ਨੂੰ 1 ਅਰਬ 65 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਪੈਸਾ ਦਿੱਲੀ ਦੀ ਸਰਕਾਰ ਦੇ ਖਜ਼ਾਨੇ ਵਿਚ ਚਲਾ ਗਿਆ ਹੈ। ਕੀ ਪੰਜਾਬ ਸਰਕਾਰ, ਜੋ ਖਾਦ ਅਤੇ ਡੀਜ਼ਲ ਦੇ ਰੇਟ ਵੱਧ ਗਏ ਹਨ, ਉਸ ਬਾਰੇ ਕਿਸਾਨਾਂ ਨੂੰ ਕੰਪਨਸੇਟ ਕਰੇਗੀ ?

ਖੇਤੀਬਾੜੀ ਮੰਤਰੀ : ਸਪੀਕਰ ਸਾਹਿਬ, ਜਿਹੜੀ ਰਾਓ ਬਰਿੰਦਰ ਸਿੰਘ ਜੀ ਨੇ ਐਸ਼ੋਰੈਂਸ ਦਿੱਤੀ ਹੈ, ਉਹ ਅੱਜ ਇੰਡੀਅਨ ਐਕਸਪ੍ਰੈਸ ਵਿਚ ਆਈ ਹੈ, ਉਹ ਮੈਂ ਪੜ੍ਹ ਦਿੰਦਾ ਹਾਂ। ਗੌਰਮਿੰਟ ਨੂੰ 5 ਕਰੋੜ ਰੁਪਿਆ ਸਬਸੇਡਾਈਜ਼ ਕਰਨਾ ਪਵੇਗਾ (ਵਿਘਨ) (ਸ਼ੋਰ)। ਉਹ, ਸਰ ਮੈਂ ਪੜ੍ਹ ਦਿੰਦਾ ਹਾਂ :—

"The Minister reminded the House that the Goverrment was still subsidising fertiliser costs"....

ਸ਼੍ਰੀ ਸਪੀਕਰ : ਤੁਸੀਂ ਹਾਊਸ ਵਿਚ ਅਖਬਾਰ ਨਹੀਂ ਪੜ੍ਹ ਸਕਦੇ ?

ਸਰਦਾਰ ਬਲਦੇਵ ਸਿੰਘ ਮਾਨ : ਜੇਕਰ ਰੇਟ ਘੱਟ ਜਾਵੇ ਤਾਂ ਵੀ ਉਸ ਦਾ ਘਾਟਾ ਸਰਕਾਰ ਦਿੰਦੀ ਹੈ ਅਤੇ ਜੇਕਰ ਰੇਟ ਵੱਧ ਜਾਣ ਤਾਂ ਵੀ ਸਰਕਾਰ ਪ੍ਰਾਫਿਟ ਥਪਦੀ ਹੈ। ਇਸ ਲਈ ਜਿਹੜੀ ਪਹਿਲਾਂ ਸਸਤੇ ਰੇਟ ਦੀ ਖਾਦ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਅਤੇ ਮਾਰਕਫੈਡ ਕੋਲ ਪਈ ਹੈ, ਕੀ ਪੰਜਾਬ ਸਰਕਾਰ ਸਸਤੇ ਰੇਟ ਤੇ ਕਿਸਾਨਾਂ ਨੂੰ ਉਹ ਖਾਦ ਦੇਣ ਦਾ ਉਪਰਾਲਾ ਕਰੇਗੀ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮੈਂਬਰ ਸਾਹਿਬਾਨ ਨੇ ਜਿਹੜੀ ਪ੍ਰਾਪੋਜ਼ੀਸ਼ਨ ਦਿੱਤੀ ਹੈ, ਉਹ ਮੇਰਾ ਖਿਆਲ ਹੈ ਕਿ ਲਾਗੂ ਨਹੀਂ ਹੁੰਦੀ। ਰੇਟ ਵਧਣ ਜਾਂ ਘਟਣ ਉਸ ਲਈ ਫਰਟੇਲਾਈਜ਼ਰ ਕਾਰਪੋਰੇਸ਼ਨ ਆਫ ਇੰਡੀਆ ਸਬੰਧਤ ਹੈ। (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੇਰਾ : ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਝੋਨੇ ਵਿਚ ਕੰਪਨਸੇਟ ਕਰਾਂਗੇ। ਇਹ ਪੈਸਾ ਤਾਂ ਕਨਜ਼ਿਊਮਰ ਦੀ ਜੇਬ ਵਿਚੋਂ ਜਾਣਾ ਹੈ, ਇਸ ਤਰ੍ਹਾਂ ਤੁਸੀਂ ਫਾਰਮਰਜ਼ ਨੂੰ ਕੰਪਨਸੇਟ ਨਹੀਂ ਕਰੋਗੇ । ਖਾਦ ਦੀ ਕੀਮਤ 38% ਰਾਈਜ਼ ਹੋ ਗਈ ਹੈ । ਕੀ ਪੰਜਾਬ ਸਰਕਾਰ ਆਪਣੇ ਕੋਲੋਂ ਕਿਸਾਨਾਂ ਨੂੰ ਕੰਪਨਸੇਟ ਕਰਨ ਨੂੰ ਤਿਆਰ ਹੈ ?

ਮੰਤਰੀ : ਸਰਦਾਰ ਸੁਖਜਿੰਦਰ ਸਿੰਘ ਜੀ ਪੁਰਾਣੇ ਮਨਿਸਟਰ ਵੀ ਰਹੇ ਹਨ। ਉਨ੍ਹਾਂ ਨੂੰ ਸੈਂਟਰਲ ਗੌਰਮਿੰਟ ਦੀ ਪਾਲਿਸੀ ਦਾ ਗਿਆਤ ਹੋਣਾ ਚਾਹੀਦਾ ਹੈ। ਇਸ਼ ਪ੍ਰਾਈਸ ਭਾਰਤ ਸਰਕਾਰ ਸਬਸਡਾਈਜ਼ ਕਰਦੀ ਹੈ ਅਤੇ ਉਸ ਦਾ ਅਸਰ ਫਰਟੇਲਾਈਜ਼ਰ ਦੀਆਂ ਕੀਮਤਾਂ ਦੀ ਐਨਹਾਂਸਮੈਂਟ ਤੇ ਨਹੀਂ ਹੈ। (ਵਿਘਨ)

Starred Question No. 149*

Mr. Speaker: Extension has been asked for in respect of Starred Question No. 149.

Names of 25/50-Bed Hospitals Sanctioned in Adampur Block, District Jullundur

***157. Comrade Kulwant Singh**
Comrade Saghar Singh } :Will the Minister for Health and Family Welfare be pleased to state:—

(a) the names of 25/50-bed hospitals, sanctioned in Adampur Block, District Jullundur during the year 1979-80;

(b) the details of staff appointed/sanctioned for each of the said hospitals;

(c) the amount sanctioned for each of the said hospitals for the construction of their buildings and residential accommodation;

(d) the steps being taken to construct the said buildings?

ਸ਼੍ਰੀ ਸਰਦਾਰੀ ਲਾਲ ਕਪੂਰ : (ੳ) ਸਾਲ 1979-80 ਦੌਰਾਨ ਆਦਮਪੁਰ ਬਲਾਕ, ਜ਼ਿਲ੍ਹਾ ਜਲੰਧਰ ਵਿੱਚ ਕੋਈ 25/50-ਬਿਸਤਰਿਆਂ ਦਾ ਹਸਪਤਾਲ ਪ੍ਰਵਾਨ ਨਹੀਂ ਕੀਤਾ ਗਿਆ।

(ਅ), (ਏ) ਅਤੇ (ਸ) ਉਪਰ (ੳ) ਦੇ ਸਨਮੁਖ ਸਵਾਲ ਪੈਦਾ ਨਹੀਂ ਹੁੰਦਾ ।

---

*For Starred Question No. 149 and reply thereto, please see Debate dated 23rd July, 1980.

Original with;
Punjab Vidhan Sabha
Digitized by;
Panjab Digital Library

ਕਾਮਰੇਡ ਕੁਲਵੰਤ ਸਿੰਘ : ਇਹ ਕਹਿੰਦੇ ਹਨ ਕਿ ਉਥੇ ਕੋਈ ਹਸਪਤਾਲ ਸੈਂਕਸ਼ਨ ਨਹੀਂ ਹੋਇਆ। ਉਥੇ 15 ਦਿਨ ਸਟਾਫ ਜਾਂ ਕੇ ਬੈਠਾ ਰਿਹਾ ਹੈ। ਮੈ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਸਰਕਾਰ ਨੇ ਸਟਾਫ ਕਿਸ ਤਰ੍ਹਾਂ ਘਲ ਦਿੱਤਾ ? ਉਥੇ 12 ਪਿੰਡਾਂ ਵਾਲਿਆਂ ਨੇ ਕਿਸੇ ਨੇ 8,000 ਰੁਪਏ, ਕਿਸੇ ਨੇ 12,000 ਰੁਪਏ ਇਕੱਠੇ ਕਰਕੇ ਦਿੱਤੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਰੁਪਿਆ ਲੋਕਾਂ ਨੇ ਇਕੱਠਾ ਕਰਕੇ ਦਿੱਤਾ ਸੀ, ਉਹ ਕਿਥੇ ਗਿਆ ?

ਮੰਤਰੀ : ਇਕ ਬਲਾਕ ਵਿਚ ਇਕ ਹਸਪਤਾਲ ਹੋਣਾ ਹੈ। ਪਰ ਫਿਰ ਵੀ ਮੈਂ ਤੁਹਾਡੀ ਵਾਕਫੀਅਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਅਰਜਣਵਾਲਾ ਜਿਹੜਾ 1978-79 ਵਿਚ ਹਸਪਤਾਲ ਸੈਂਕਸ਼ਨ ਕੀਤਾ ਹੈ ਉਥੇ ਸਟਾਫ ਵਗੈਰਾ ਭੇਜਿਆ ਗਿਆ। ਇਹ ਹਸਪਤਾਲ ਗੌਰਮਿੰਟ ਆਫ ਇੰਡੀਆ ਦੀ ਸਕੀਮ ਅਧੀਨ ਕੀਤਾ ਸੀ। ਇਸ ਵਾਸਤੇ ਸਟੇਟ ਗੌਰਮਿੰਟ ਨੇ 4 ਲੱਖ 40 ਹਜ਼ਾਰ ਰੁਪਿਆ ਜਮ੍ਹਾ ਕਰਾਇਆ, 1 ਲਖ 84 ਹਜ਼ਾਰ ਰੁਪਏ ਦੇ ਕਰੀਬ ਗੌਰਮਿੰਟ ਆਫ਼ ਇੰਡੀਆ ਨੇ ਦਿੱਤਾ ਅਤੇ ਬਾਕੀ ਲੋਕਾਂ ਵਲੋਂ 29,575 ਐਕਸਕਲੂਡਿੰਗ ਕਾਸਟ ਆਫ ਲੈਂਡ ਦਿੱਤਾ ਗਿਆ। ਬਿਲਡਿੰਗ ਦਾ ਮੈਟੀਰੀਅਲ ਉਥੇ ਸਿਟਾ ਦਿੱਤਾ ਗਿਆ ਅਤੇ ਹੁਣ ਕੰਮ ਹੱਥ ਵਿਚ ਲਿਆ ਹੈ। ਹਾਲੇ ਉਹ ਹਸਪਤਾਲ ਅੰਡਰ ਕੰਸਟ੍ਰਕਸ਼ਨ ਹੈ।

ਕਾਮਰੇਡ ਕੁਲਵੰਤ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੰਮ ਕਦੋਂ ਸ਼ੁਰੂ ਕੀਤਾ ਜਾਏਗਾ ? ਇਸ ਬਾਰੇ ਕੀ ਇਹ ਦਸ ਸਕਦੇ ਹਨ ?

ਮੰਤਰੀ : ਸਿਰਫ ਇਕੋ ਗਲ ਹੈ ਅਤੇ ਉਸ ਬਾਰੇ ਤੁਹਾਨੂੰ ਵੀ ਪਤਾ ਹੈ, ਅੱਰ ਮੈਨੂੰ ਵੀ ਪਤ ਹੈ ਕਿ ਸੀਮਿੰਟ ਦੀ ਘਾਟ ਹੈ। ਪੈਸੇ ਜਮ੍ਹਾਂ ਹਨ ਅਤੇ ਕੰਮ ਸ਼ੁਰੂ ਕਰਨ ਦੀ ਗੱਲ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਜਲਦੀ ਤੋਂ ਜਲਦੀ ਇਸ ਨੂੰ ਸ਼ੁਰੂ ਕੀਤਾ ਜਾਏਗਾ।

ਸਰਦਾਰ ਬੀਰਦਵਿੰਦਰ ਸਿੰਘ : ਫਤਿਹਗੜ੍ਹ ਸਾਹਿਬ 50-ਬੈਡਜ਼ ਹਸਪਤਾਲ ਬਣਨ ਦੀ ਪ੍ਰੋਪੋਜ਼ਲ ਸੀ ਅੱਰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ 8 ਏਕੜ ਜ਼ਮੀਨ 90 ਸਾਲਾ ਲੀਜ਼ ਤੇ ਦੇਣ ਦਾ ਰੈਜੋਲਿਊਸ਼ਨ ਕੀਤਾ ਸੀ। ਉਹ ਰੈਜ਼ੋਲਿਊਸ਼ਨ ਸਰਕਾਰ ਕੋਲ ਆ ਚੁਕਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵੱਲ ਨਿੱਜੀ ਧਿਆਨ ਦੇ ਕੇ ਲੀਜ਼ ਡੀਡ ਐਕਸੀਕਿਊਟ ਕਰਾਕੇ ਉਸ ਹਸਪਤਾਲ ਨੂੰ ਛੇਤੀ ਸ਼ੁਰੂ ਕੀਤਾ ਜਾਏਗਾ ?

ਮੰਤਰੀ : ਭਾਵੇਂ ਇਹ ਸਵਾਲ ਇਸ ਨਾਲ ਸਬੰਧਤ ਨਹੀਂ ਹੈ ਪਰ ਫਿਰ ਵੀ ਮੈਂ ਅਰਜ਼ ਕਰਦਾ ਹਾਂ ਕਿ ਜੇ ਸਾਰੀ ਚੀਜ਼ ਠੀਕ ਕੀਤੀ ਜਾਏ ਅੱਰ ਅਗਰ ਹੋ ਗਈ ਤਾਂ ਲਾਜ਼ਮੀ ਤੌਰ ਤੇ ਉਸਦੇ ਚਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸ਼੍ਰੀ ਸੁਰਿੰਦਰ ਕਪੂਰ : ਪਿੰਡ ਵਿਰਕ ਕਲਾਂ ਜੋ ਕਿ ਬਠਿੰਡੇ ਜ਼ਿਲ੍ਹੇ ਵਿਚ ਹੈ, ਉਥੇ ਹਸਪਤਾਲ ਖਣਿਆ ਹੋਇਆ ਹੈ। ਪਿਛਲੀ ਸਰਕਾਰ ਨੇ ਉਥੇ ਕੋਈ ਸਹੂਲਤਾਂ ਨਹੀਂ ਦਿਤੀਆਂ। ਕੀ ਸਰਕਾਰ ਹੁਣ ਉਸ ਬਾਰੇ ਠੀਕ ਪ੍ਰਬੰਧ ਕਰੇਗੀ ਅੱਰ ਡਾਕਟਰ ਵਗੈਰਾ ਉਥੇ ਭੇਜਣ ਦਾ ਪ੍ਰਬੰਧ ਕਰੇਗੀ ?

ਮੰਤਰੀ : ਹਸਪਤਾਲ ਨੂੰ ਵੈਲ ਇਕੁਇਪਡ ਕੀਤਾ ਜਾਏਗਾ ਅੱਰ ਕੋਈ ਕਮੀ ਨਹੀਂ ਰਹੇਗੀ।

ਸਰਦਾਰ ਦਲੀਪ ਸਿੰਘ ਪਾਂਧੀ : ਪਿਛਲੀ ਸਰਕਾਰ ਨੇ ਹਰ ਬਲਾਕ ਵਿਚ ਰੈਡ ਕਰਾਸ ਵਲੋਂ 25-ਬੈਡਿਡ ਹਸਪਤਾਲ ਬਣਾਉਣ ਦਾ ਪ੍ਰੋਗਰਾਮ ਬਣਾਇਆ ਸੀ। ਇਸ ਪੋਗਰਾਮ ਅਧੀਨ ਸਰਹਿੰਦ

Original with;
Punjab Vidhan Sabha
Digitized by;
Panjab Digital Library

ਵਿਚ ਮੱਲੋਵਾਲ ਅੌਰ ਨਾਭਾ ਵਿਚ ਟੌਹਰਾ ਵਿਚ ਹਸਪਤਾਲਾਂ ਲਈ ਬਿਲਡਿੰਗਾਂ ਕੰਪਲੀਟ ਹੋ ਗਈਆਂ ਹਨ। ਇਨ੍ਹਾਂ ਨੇ ਕਿਹਾ ਹੈ ਕਿ ਸੀਮਿੰਟ ਦੀ ਘਾਟ ਹੈ। ਕੀ ਇਨ੍ਹਾਂ ਵਲ ਧਿਆਨ ਦੇਕੇ ਇਥੇ ਕੰਮ ਸ਼ੁਰੂ ਕਰਾਉਣ ਬਾਰੇ ਪਰਬੰਧ ਕਰਾਉਣਗੇ ?

ਮੰਤਰੀ: ਜਿਸ ਪਿੰਡ ਦਾ ਮੈਂ ਜ਼ਿਕਰ ਕੀਤਾ ਹੈ ਮੇਰੀ ਗੱਲ ਉਸ ਪਿੰਡ ਨਾਲ ਹੈ। ਜਿਹੜੀ ਦੂਸਰੀ ਗੱਲ ਹੈ, ਉਸ ਬਾਰੇ ਇਹ ਲਿਖ ਕੇ ਦੇ ਦੇਣ ਮੈਂ ਦੇਖ ਲਵਾਂਗਾ।

Starting of a 25-Bed Hospital at Mandi Kalan, Tehsil Phul, District Bhatinda

***125. Sardar Baldev Singh Khiala:** Will the Minister for Health and Family Welfare be pleased to state whether there is any proposal under the consideration of the Government to start a 25-bed hospital at Mandi Kalan, Tehsil Phool, District Bhatinda in the new building which has since been completed, if so, the time by which the staff is likely to be posted there?

Shri Sardari Lal Kapur: No, Sir.

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਸਪਸ਼ਟ ਹੈ ਕਿ ਮੰਡੀਕਲਾਂ ਵਿਚ 25-ਬੈਡਜ਼ ਦੇ ਹਸਪਤਾਲ ਲਈ ਬਿਲਡਿੰਗ ਬਣਕੇ ਤਿਆਰ ਹੈ। ਉਸ ਦੀ ਚਾਰ ਦਿਵਾਰੀ ਵੀ ਹੋ ਗਈ ਹੈ। ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸੀਮਿੰਟ ਦੀ ਤੋੜ ਹੈ। ਪਰ ਇਥੇ ਮੰਡੀ ਕਲਾਂ ਤਾਂ ਬਿਲਡਿੰਗ ਤਿਆਰ ਹੈ। ਕੀ ਇਥੇ ਮਨਿਸਟਰ ਸਾਹਿਬ ਜਲਦੀ ਕੰਮ ਸ਼ੁਰੂ ਕਰਨਗੇ ? ਡਾਕਟਰ ਤੇ ਹੋਰ ਸਟਾਫ ਨੂੰ ਇਥੇ ਕਦੋਂ ਤਕ ਭੇਜ ਦਿੱਤਾ ਜਾਵੇਗਾ ?

ਮੰਤਰੀ: ਜਿਸ ਵੇਲੇ ਪਿਛਲਾ ਬਜਟ ਬਣਾਇਆ ਗਿਆ ਸੀ, ਸਰਦਾਰ ਬਲਵੰਤ ਸਿੰਘ ਵਲੋਂ 1978-79 ਦਾ ਬਜਟ ਬਣਾਇਆ ਗਿਆ ਸੀ ਤਾਂ ਉਸ ਵੇਲੇ ਇਹ ਅਨਾਊਂਸ ਕੀਤਾ ਸੀ ਕਿ 25-ਬੈਡਜ਼ ਹਸਪਤਾਲ ਹਰ ਬਲਾਕ ਵਿਚ ਦਿੱਤਾ ਜਾਏਗਾ ਉਸ ਦੇ ਮੁਤਾਬਿਕ ਰਾਮਪੁਰਾ ਬਲਾਕ, ਡਿਸਟ੍ਰਿਕਟ ਬਠਿੰਡਾ ਵਿਚ ਮੰਡੀ ਕਲਾਂ ਦੇ ਮੁਤਲਕ ਕੋਈ ਗਲ ਨਹੀਂ ਸੀ ਮਗਰ ਉਥੇ 25 ਬੈਡਜ਼ ਹਸਪਤਾਲ ਸਕੀਮ ਦੇ ਮੁਤੱਲਕ ਬਠਿੰਡਾ ਬਲਾਕ ਵਿੱਚ ਬਠਿੰਡਾ ਦੇ ਨਜ਼ਦੀਕ 25-ਬੈਡਡਜ਼ ਹਸਪਤਾਲ ਬਣਾਇਆ ਗਿਆ। (ਵਿਘਨ) ਜਿਹੜੇ ਡਾਕਟਰ ਦੇ ਮੁਤੱਲਕ ਤੁਸੀਂ ਪੁੱਛਦੇ ਹੋ ਡਾਕਟਰ ਅਵੇਲੇਬਲ ਕਰ ਦਿਤਾ ਗਿਆ ਹੈ ਅਤੇ ਕੋਈ ਕਮੀ ਨਹੀਂ ਰਹੀ। ਜੇ ਕੋਈ ਕਮੀ ਹੈ ਤਾਂ ਦਸ ਦਿਉ, ਉਹ ਪੂਰੀ ਕਰ ਦਿਤੀ ਜਾਏਗੀ।

ਸਰਦਾਰ ਬਲਦੇਵ ਸਿੰਘ ਖਿਆਲਾ: ਮੇਰੇ ਸਵਾਲ ਦਾ ਸਬੰਧ ਰਾਮਪੁਰਾ ਬਲਾਕ ਨਾਲ ਹੈ ਅੌਰ ਬਠਿੰਡਾ ਬਲਾਕ ਨਾਲ ਮੇਰੇ ਸਵਾਲ ਦਾ ਕੋਈ ਸਬੰਧ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੰਡੀ ਕਲਾਂ ਵਿਖੇ 25-ਬੈਡਡ ਹਸਪਤਾਲ ਮੁਕੰਮਲ ਹੈ ਅਤੇ ਉਥੇ ਸਟਾਫ ਡਾਕਟਰ ਵਗੈਰਾ ਕਦੋਂ ਤਕ ਭੇਜ ਦਿੱਤੇ ਜਾਏਗਾ ?

ਮੰਤਰੀ : ਮੰਡੀ ਕਲਾਂ ਹਸਪਤਾਲ ਲਈ ਸਾਡੇ ਕੋਲ ਕੋਈ ਸਕੀਮ ਨਹੀਂ ਹੈ। ਬਠਿੰਡਾ ਬਲਾਕ ਵਿਚ ਸਾਰੀਆਂ ਜਗ੍ਹਾ ਤੇ ਹਸਪਤਾਲ ਆ ਗਏ ਅੌਰ ਕੋਈ ਜਗ੍ਹਾ ਬਾਕੀ ਨਹੀਂ ਰਹੀ। ਇਸ ਸਿਲਸਿਲੇ ਵਿਚ ਮੰਡੀ ਕਲਾਂ ਦੇ ਮੁਤਲਕ ਕਹਿੰਦੇ ਹੋ, ਉਥੇ ਲਈ ਹਾਲੇ ਤਕ ਕੋਈ ਸੈਂਕਸ਼ਨ ਨਹੀਂ ਹੋਇਆ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਜਿੰਦਰ ਸਿੰਘ ਖੇੜਾ : ਸਾਡੇ ਮੈਂਬਰ ਸਾਹਿਬ ਨੇ ਫੂਲ ਤਹਿਸੀਲ ਦਾ ਸਪੈਸੇਫਿਕ ਸਵਾਲ ਪੁੱਛਿਆ ਹੈ, ਪਰ ਵਜ਼ੀਰ ਸਾਹਿਬ ਹੋਰ ਫਾਈਲ ਹੀ ਪੜ੍ਹਦੇ ਰਹੇ ਹਨ। ਇਹ ਬਠਿੰਡੇ ਦੀ ਫਾਈਲ ਪੜ੍ਹਦੇ ਰਹੇ ਹਨ। ਇਨ੍ਹਾਂ ਨੂੰ ਸਬੰਧਤ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ।

ਮੰਤਰੀ : ਮੈਂ ਡਿਸਟ੍ਰਿਕਟ ਬਠਿੰਡੇ ਦੀ ਗੱਲ ਕਰਦਾ ਹਾਂ ਅੱਤ ਜਿਨ੍ਹਾਂ ਨੇ ਸਵਾਲ ਕੀਤਾ ਹੈ ਉਹ ਆਰਾਮ ਨਾਲ ਸੁਣਨ। ਮੈਂ ਤੁਹਾਨੂੰ ਚਸ ਦਿਆਂ। Since Mandi Kalan falls in Rampura Phool Block, where a 25—beded hospital at Badiala already stands sanctioned.

ਮੇਰੇ ਕਹਿਣ ਦਾ ਮਤਲਬ ਹੈ ਕਿ ਜਦੋਂ ਬਡਿਆਲਾ ਸੈਂਕਸ਼ਨ ਹੋ ਗਿਆ ਹੈ ਤਾਂ ਫਿਰ ਮੰਡੀ ਕਲਾਂ ਦੀ ਲੋੜ ਨਹੀਂ ਹੈ

There is no proposal at present to establish a 25-Bed Hospital at Mandi Kalan. It may also be added that all the blocks in District Bhatinda have been covered by 25—30 Bedded hospitals.

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਹੈਲਥ ਮਨਿਸਟਰ ਸਾਹਿਬ ਬੜੇ ਨੇਕ ਹਨ ਅਤੇ ਦੇਸ਼ ਭਗਤ ਹਨ, ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੰਡੀ ਕਲਾਂ ਵਿਚ 25 ਬੈਡਜ਼ ਦੇ ਹਸਪਤਾਲ ਦੀ ਬਿਲਡਿੰਗ ਕੰਪਲੀਟ ਹੋ ਚੁਕੀ ਹੈ ਅਤੇ ਅਕਾਰਡਿੰਗ ਟੂ ਰੂਲਜ਼ ਇਕ ਬਲਾਕ ਵਿਚ ਇਕ 25 ਬੈਡਜ਼ ਦਾ ਹਸਪਤਾਲ ਦੇਣਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ 1-2 ਡਾਕਟਰ ਭੇਜਕੇ ਉਥੇ 25 ਬੈਡਜ਼ ਦੇ ਹਸਪਤਾਲ ਨੂੰ ਚਾਲੂ ਕਰਕੇ ਲੋਕਾਂ ਦੀ ਤਕਲੀਫ ਨੂੰ ਦੂਰ ਕਰਨਗੇ ਜਾਂ ਉਸਨੂੰ ਡਿਸਪੈਂਸਰੀ ਲੈਵਲ ਤੇ ਚਾਲੂ ਕਰਨਗੇ ?

ਮੰਤਰੀ : ਇਹ ਇਨ੍ਹਾਂ ਦੀ ਚੰਗੀ ਗੱਲ ਹੈ, ਇਸ ਨੂੰ ਸੋਚਾਂਗੇ।

ਸਰਦਾਰ ਕਰਮ ਸਿੰਘ ਗਿੱਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਛੀਵਾੜਾ ਬਲਾਕ ਵਿਚ ਪਿੰਡ ਸੰਘੋਲ ਹੈ, ਉਥੇ 25 ਬੈਡਜ਼ ਹਸਪਤਾਲ ਦੀ ਬਿਲਡਿੰਗ ਕੰਪਲੀਟ ਹੋ ਚੁਕੀ ਹੈ ਅਤੇ ਸਾਰੇ ਇਕੁਇਪਮੈਂਟਸ ਉਥੇ ਪਹੁੰਚ ਗਏ ਹਨ, ਪਰ ਉਥੇ ਕੋਈ ਡਾਕਟਰ ਨਹੀਂ ਭੇਜਿਆ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਉਥੇ ਡਾਕਟਰ ਭੇਜਕੇ ਉਸ ਹਸਪਤਾਲ ਨੂੰ ਚਾਲੂ ਕਰ ਦੇਣਗੇ ?

ਮੰਤਰੀ : ਤੁਹਾਡੀ ਬੜੀ ਮੇਹਰਬਾਨੀ ਹੋਵੇਗੀ ਜੇ ਤੁਸੀਂ ਮੈਨੂੰ ਲਿਖ ਕੇ ਭੇਜ ਦਿਓ। ਮੈਂ ਇਨਕੁਆਇਰੀ ਕਰ ਲਵਾਂਗਾ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਤਲਵੰਡੀ ਸਾਬੋ ਬਲਾਕ ਲੈਵਲ ਦਾ ਹਸਪਤਾਲ ਹੈ। ਤਲਵੰਡੀ ਸਾਬੋ ਸਬ-ਡਵੀਜ਼ਨ ਬਣ ਜਾਣ ਕਰਕੇ ਅਤੇ ਉਥੇ ਦੇ ਲੋਕਾਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਕੀ ਉਥੇ ਉਸ ਹਸਪਤਾਲ ਨੂੰ ਅਪਗਰੇਡ ਕਰਕੇ ਉਥੇ ਸਪੈਸ਼ਲ ਡਾਕਟਰ ਭੇਜਣਗੇ ?

ਮੰਤਰੀ : ਇਸ ਬਾਰੇ ਨੋਟਿਸ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 25-ਬੈਡਜ਼ ਦੇ ਹਸਪਤਾਲ ਬਣਾਉਣ ਦੀ ਸਕੀਮ ਸ਼ੁਰੂ ਹੋਈ ਸੀ। ਇਸ ਲਈ ਜਿਨ੍ਹਾਂ ਪਿੰਡਾਂ ਵਿਚ ਬਿਲਡਿੰਗਾਂ ਕੰਪਲੀਟ ਹੋ ਗਈਆਂ ਹਨ ਅਤੇ ਸਰਕਾਰ ਦਾ 8-10 ਲੱਖ ਰੁਪਿਆ ਲੱਗਿਆ ਹੈ, ਕੀ ਇਹ ਉਥੇ ਉਨ੍ਹਾਂ ਹਸਪਤਾਲਾਂ ਵਿਚ ਸਟਾਫ ਭੇਜਣਗੇ ਕਿ ਨਹੀਂ ?

ਮੰਤਰੀ : ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕੱਲੀ ਬਿਲਡਿੰਗ ਬਣ ਜਾਣ ਨਾਲ ਹੀ ਗੱਲ ਨਹੀਂ ਬਣ ਜਾਂਦੀ ਬਲਕਿ ਹੋਰ ਵੀ ਕਈ ਅਖਰਾਜਾਤ ਹੁੰਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁਦਾ ਹਾਂ ਕਿ ਇਨ੍ਹਾਂ ਨੇ ਹਸਪਤਾਲ ਬਣਾਉਣ ਦਾ ਐਲਾਨ ਤਾਂ ਕਰ ਦਿੱਤਾ ਪਰ ਪੈਸਾ ਕੋਈ ਨਹੀਂ ਰਖਿਆ। ਮੈਂ ਪਹਿਲਾਂ ਵੀ ਯਕੀਨ ਦਿਵਾ ਚੁਕਾ ਹਾਂ ਕਿ ਉਸ ਬਾਰੇ ਸੋਚ ਵਿਚਾਰ ਕੇ ਜੇ ਪੈਸਾ ਹੋਇਆ ਤਾਂ ਇਕ ਬਲਾਕ ਵਿਚ ਇਕ ਹਸਪਤਾਲ ਬਣੇਗਾ ਅਤੇ ਇਹ ਨਹੀਂ ਕਿ ਦੋ ਹਸਪਤਾਲ ਬਣ ਜਾਣ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਦੇ ਸੈਂਕਸ਼ਨ ਤੋਂ ਬਿਨਾਂ ਵੀ ਪੈਸਾ ਖਰਚ ਹੁੰਦਾ ਹੈ ? ਜਿਥੇ 10 ਲੱਖ ਰੁਪਿਆ ਖਰਚ ਹੋਇਆ, ਉਹ ਸੈਂਕਸ਼ਨ ਤੋਂ ਬਿਨਾਂ ਖਰਚ ਨਹੀਂ ਹੋ ਸਕਦਾ। ਜਿਹੜਾ 10 ਲੱਖ ਰੁਪਿਆ ਖਰਚ ਹੋਇਆ ਹੈ ਅਤੇ ਬਿਲਡਿੰਗਾਂ ਕੰਪਲੀਟ ਹੋਈਆਂ ਹਨ ਉਹ ਬਿਲਡਿੰਗਾਂ ਤੂੜੀ ਪਾਉਣ ਵਾਸਤੇ ਤਾਂ ਨਹੀਂ ਬਣਾਈਆਂ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਇਹ ਸਟਾਫ ਭੇਜਣਗੇ ਕਿ ਨਹੀਂ ?

ਮੰਤਰੀ : ਇਹ ਸਾਰੀ ਚੀਜ਼ ਤਾਂ ਫੰਡਜ਼ ਤੇ ਡਿਪੈਂਡ ਕਰਦੀ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਇਹ ਇਕ ਸਪੈਸੇਫਿਕ ਸਵਾਲ ਸੀ ਮੰਡੀ ਕਲਾਂ, ਬਲਾਕ ਰਾਮਪੁਰਾ ਫੂਲ ਦੇ ਬਾਰੇ। ਹੁਣ ਤੁਸੀਂ ਸਾਰਿਆਂ ਨੂੰ ਸਵਾਲ ਪੁਛਣ ਦੀ ਆਗਿਆ ਦੇ ਦਿੱਤੀ ਹੈ ਅਤੇ ਮਨਿਸਟਰ ਸਾਹਿਬ ਨੂੰ ਵੀ ਜਵਾਬ ਦੇਣ ਦੀ ਆਗਿਆ ਦੇ ਦਿੱਤੀ ਹੈ। (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫਗਵਾੜਾ ਵਿਚ ਜਿਸ ਵੇਲੇ ਪਹਿਲਾਂ ਹਸਪਤਾਲ ਬਣਿਆ ਸੀ ਤਾਂ ਉਸ ਵੇਲੇ ਉਥੇ ਦੀ ਆਬਾਦੀ 14 ਹਜ਼ਾਰ ਦੀ ਸੀ। ਉਦੋਂ ਉਥੇ ਹਸਪਤਾਲ ਮਹਾਰਾਜਾ ਕਪੂਰਥਲਾ ਨੇ ਬਣਾਇਆ ਸੀ, ਮਗਰ ਅਜ ਕੱਲ੍ਹ ਉਥੇ ਦੀ ਆਬਾਦੀ 70 ਹਜ਼ਾਰ ਤੋਂ ਵੱਧ ਹੋ ਗਈ ਹੈ, ਪਰ ਹਸਪਤਾਲ ਪਹਿਲਾਂ ਵਾਲਾ ਹੀ ਛੋਟਾ ਜਿਹਾ ਹੈ। ਉਥੇ ਲਈ ਵੱਡਾ ਹਸਪਤਾਲ ਬਣਾਉਣ ਦੀ ਸੈਂਕਸ਼ਨ ਵੀ ਹੋ ਗਈ ਹੈ, ਇਸ ਲਈ ਕੀ ਇਹ ਉਸ ਨੂੰ ਵੱਡਾ ਹਸਪਤਾਲ ਛੇਤੀ ਤੋਂ ਛੇਤੀ ਬਣਾਉਣ ਦੀ ਖੇਚਲ ਕਰਨਗੇ ?

ਮੰਤਰੀ : ਇਸ ਦੇ ਬਾਰੇ ਤੁਹਾਨੂੰ ਸੰਪਰੇਟ ਨੋਟਿਸ ਦੇਣਾ ਚਾਹੀਦਾ ਹੈ ।

Mr. Speaker : Next question.

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋਏ।)

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਅਸੀਂ ਵੀ ਸਵਾਲ ਪੁੱਛਣੇ ਹਨ ਪਰ ਤੁਸੀਂ ਸਾਨੂੰ ਟਾਈਮ ਨਹੀਂ ਦਿੰਦੇ।

ਸਰਦਾਰ ਸੁਖਜਿੰਦਰ ਸਿੰਘ ਖੇਰਾ : ਸਪੀਕਰ ਸਾਹਿਬ, ਸਾਨੂੰ ਵੀ ਟਾਈਮ ਮਿਲਣਾ ਚਾਹੀਦਾ ਹੈ। ਇਸ ਸਵਾਲ ਤੇ ਸਪਲੀਮੈਂਟਰੀਜ਼ ਹੋਰ ਹੋਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਦੋ ਸਪਲੀਮੈਂਟਰੀਜ਼ ਹੋਰ ਕਰ ਲੈਣ ਦਿਓ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਠੀਕ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਕਿਉਂਕਿ ਇਸ ਸਵਾਲ ਦੇ ਉਤੇ ਬਹਿਸ ਹੀ ਚੱਲ ਰਹੀ ਹੈ, ਇਸ ਲਈ ਇਹ ਪਾਲਿਸੀ ਮੈਟਰ ਬਣ ਗਿਆ ਹੈ। (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਈਆਂ ਥਾਵਾਂ ਤੇ ਬਿਲਡਿੰਗਾਂ ਕੰਪਲੀਟ ਹੋ ਚੁੱਕੀਆਂ ਹਨ ਅਤੇ 8–10 ਲੱਖ ਰੁਪਿਆ ਸਰਕਾਰ ਦਾ ਖਰਚ ਵੀ ਹੋਇਆ ਹੈ। (ਵਿਘਨ) ਪਰ ਵਜ਼ੀਰ ਸਾਹਿਬ ਕਹਿ ਰਹੇ ਹਨ ਕਿ ਸੀਮਿੰਟ ਨਹੀਂ ਮਿਲਦਾ ਜਿਸ ਕਰਕੇ ਬਣਾ ਨਹੀਂ ਸਕਦੇ। ਜੇ ਵਜ਼ੀਰ ਸਾਹਿਬ ਜਵਾਬ ਨਹੀਂ ਦੇ ਸਕਦੇ ਤਾਂ ਸੀ. ਐਮ. ਸਾਹਿਬ ਉਠਕੇ ਇਸ ਗੱਲ ਦਾ ਜਵਾਬ ਦੇਣ ਕਿ ਜਿੱਥੇ 8–10 ਲੱਖ ਰੁਪਿਆ ਲਗ ਗਿਆ ਹੈ, ਬਿਲਡਿੰਗਾਂ ਤਿਆਰ ਹੋ ਚੁੱਕੀਆਂ ਹਨ, ਉਸ ਪੈਸੇ ਦਾ ਵਿਆਜ ਵੀ ਪੈਣਾ ਹੈ, ਉਸ ਬਾਰੇ ਸਰਕਾਰ ਦੀ ਕੀ ਨੀਤੀ ਹੈ ?

ਸ਼੍ਰੀ ਸਪੀਕਰ : ਇਸ ਸਪਲੀਮੈਂਟਰੀ ਦਾ ਜਵਾਬ ਪਹਿਲਾਂ ਹੀ ਆ ਚੁੱਕਾ ਹੈ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਸਾਡੀ ਸਰਕਾਰ ਦੀ ਸਕੀਮ ਸੀ ਕਿ ਹਰ ਬਲਾਕ ਵਿਚ ਇਕ ਹਸਪਤਾਲ ਹੋਣਾ ਚਾਹੀਦਾ ਹੈ ਪਰ ਇਹ ਸਰਕਾਰ ਕਹਿ ਰਹੀ ਹੈ ਕਿ ਪੈਸਾ ਨਹੀਂ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਉਥੇ ਬਡਿਆਲਾ ਵਿਖੇ ਤਾਂ ਹਸਪਤਾਲ ਬਣ ਗਿਆ ਕਿਉਂਕਿ ਉਹ ਪਿੰਡ ਸੰਤ ਫਤਿਹ ਸਿੰਘ ਦੇ ਨਾਮ ਕਰਕੇ ਖਾਸ ਮਹੱਤਤਾ ਰਖਦਾ ਹੈ ਅਤੇ ਕਿਉਂਕਿ ਸੰਤ ਫਤਿਹ ਸਿੰਘ ਪੰਜਾਬੀ ਸੂਬੇ ਦੇ ਫਾਊਂਡਰ ਸਨ ਇਸ ਕਰਕੇ ਉਥੇ ਹਸਪਤਾਲ ਬਣ ਗਿਆ। (ਵਿਘਨ) ਉਥੇ 25 ਬੈਡਜ਼ ਦਾ ਹਸਪਤਾਲ ਹੈ। ਪਰ ਇਹ ਜਿਹੜੀ ਮੰਡੀ ਕਲਾਂ ਦੀ ਗੱਲ ਚਲ ਰਹੀ ਹੈ, ਉਥੇ ਵਾਸਤੇ ਜੇ ਕਿਤੇ ਸੈਂਕਸ਼ਨ ਹੋਣੀ ਰਹਿ ਗਈ ਹੈ ਤਾਂ ਉਸ ਦੀ ਵੀ ਸੈਂਕਸ਼ਨ ਦੇਣੀ ਚਾਹੀਦੀ ਹੈ। ਕੀ ਇਹ ਇਸ ਤੇ ਦੁਬਾਰਾ ਵਿਚਾਰ ਕਰ ਲੈਣਗੇ ?

ਮੰਤਰੀ : ਮੈਂ ਤੁਹਾਨੂੰ ਪਹਿਲਾਂ ਦਸ ਚੁੱਕਾ ਹਾਂ ਕਿ ਇਸ ਨੂੰ ਟੇਕ ਅੱਪ ਕਰ ਲਿਆ ਹੈ ਅਤੇ ਇਸ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇਗਾ। (ਤਾੜੀਆਂ)

ਪਿੰਡ ਸਿਬੀਆ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ ਵਿਚ ਫਾਲਤੂ ਜ਼ਮੀਨ

*208 **ਸਰਦਾਰ ਸੁਖਦੇਵ ਸਿੰਘ ਢੀਂਡਸਾ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਪਿੰਡ ਸਿਬੀਆ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ ਵਿੱਚ ਕੁੱਲ ਕਿੰਨੇ ਏਕੜ ਫਾਲਤੂ ਜ਼ਮੀਨ ਹੈ;

(ਅ) ਉਨ੍ਹਾਂ ਵਿਅੱਕਤੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਉਕਤ ਫਾਲਤੂ ਜ਼ਮੀਨ ਅਲਾਟ ਕੀਤੀ ਗਈ ਹੈ ਅਤੇ ਉਨ੍ਹਾਂ ਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਏ) ਉਪਰੋਕਤ ਭਾਗ (ਅ) ਵਿਚ ਵਰਣਿਤ ਅਲਾਟੀਆਂ ਵਿਚੋਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਕਤ ਜ਼ਮੀਨ ਦਾ ਕਬਜ਼ਾ ਮਿਲਿਆ ਹੈ ਅਤੇ ਇਹ ਕਬਜ਼ਾ ਉਨ੍ਹਾਂ ਨੂੰ ਕਿਸ ਤਰੀਕ ਨੂੰ ਦਿੱਤਾ ਗਿਆ ?

ਸਰਦਾਰ ਬੇਅੰਤ ਸਿੰਘ : (ੳ) ਕੁੱਲ 113.79 ਸਟੈਂਡਰਡ ਏਕੜ ਰਕਬਾ ਸਰਪਲਸ ਕਰਾਰ ਦਿੱਤਾ ਗਿਆ, ਜਿਸ ਵਿਚੋਂ 20.49 ਸਟੈਂਡਰਡ ਏਕੜ ਪੈਪਸੂ ਟੈਨੈਨਸੀ ਅਤੇ ਐਗਰੀਕਲਚਰਲ ਲੈਂਡਜ਼ ਐਕਟ, 1955 ਅਧੀਨ ਅਤੇ 93.30 ਸਟੈਂਡਰਡ ਏਕੜ ਪੰਜਾਬ ਲੈਂਡ ਰਿਫਾਰਮਜ਼ ਐਕਟ, 1972 ਅਧੀਨ ਸਰਪਲੱਸ ਕਰਾਰ ਦਿੱਤਾ ਗਿਆ।

Original with;
Punjab Vidhan Sabha
Digitized by;
Panjab Digital Library

(ਅ) ਪੈਪਸੂ ਟੈਨੈਨਸੀ ਅਤੇ ਐਗਰੀਕਲਚਰਲ ਲੈਂਡਜ਼ ਐਕਟ, 1955 ਅਧੀਨ ਸਰਪਲੱਸ ਕਰਾਰ ਦਿੱਤਾ ਗਿਆ ਸਾਰਾ ਰਕਬਾ 20.49 ਸਟੈਂਡਰਡ ਏਕੜ ਤਿੰਨਾਂ ਵਿਅਕਤੀਆਂ ਨੂੰ ਅਲਾਟ ਕੀਤਾ ਗਿਆ। ਅਲਾਟੀਆਂ ਦੇ ਨਾਮ ਅਤੇ ਹਰ ਇੱਕ ਨੂੰ ਅਲਾਟ ਕੀਤੇ ਰਕਬੇ ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ। ਜਿੱਥੋਂ ਤੱਕ ਪੰਜਾਬ ਲੈਂਡ ਰੀਫਾਰਮਜ਼ ਐਕਟ, 1972 ਦੇ ਅਧੀਨ 93.30 ਸਟੈਂਡਰਡ ਏਕੜ ਸ਼ਰਪਲੱਸ ਕਰਾਰ ਦਿੱਤੇ ਰਕਬੇ ਦਾ ਸਬੰਧ ਹੈ, ਇਹ ਕੇਸ ਕਮਿਸ਼ਨਰ, ਪਟਿਆਲਾ ਅਤੇ ਕੁਲੈਕਟਰ ਐਗਰੇਰੀਅਨ, ਸੰਗਰੂਰ ਦੀਆਂ ਅਦਾਲਤਾਂ ਵਿਚ ਚੱਲ ਰਹੇ ਹਨ।

(ਏ) ਸਾਰੇ ਤਿੰਨਾਂ ਅਲਾਟੀਆਂ ਨੂੰ 2 ਮਾਰਚ, 1975 ਨੂੰ ਕਬਜ਼ਾ ਦਿੱਤਾ ਗਿਆ।

ਲੜੀ ਨੰ:	ਅਲਾਟੀ ਦਾ ਨਾਮ		ਅਲਾਟ ਕੀਤਾ ਰਕਬਾ ਸਟੈਂਡਰਡ ਏਕੜ
1.	ਸਰਦਾਰ ਕਪੂਰ ਸਿੰਘ ਪੁੱਤਰ ਸਰਦਾਰ ਭੋਲਾ ਸਿੰਘ	...	7.18
2.	ਸਰਦਾਰ ਸੁਰਜੀਤ ਸਿੰਘ ਪੁੱਤਰ ਸਰਦਾਰ ਜੰਗੀਰ ਸਿੰਘ	...	6.02
3.	ਸਰਦਾਰ ਹਾਕਮ ਸਿੰਘ ਪੁੱਤਰ ਸਰਦਾਰ ਕੁਲਦੀਪ ਸਿੰਘ ਵਾਸੀਆਨ ਪਿੰਡ ਸਿਬੀਆ	...	7.29
	ਕੁੱਲ ਜੋੜ	...	20.49

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ 113.79 ਸਟੈਂਡਰਡ ਏਕੜ ਰਕਬਾ ਸਰਪਲੱਸ ਕਰਾਰ ਦਿੱਤਾ ਗਿਆ ਅਤੇ ਜਿਸ ਵਿਚੋਂ 20.49 ਸਟੈਂਡਰਡ ਏਕੜ ਪੈਪਸੂ ਟੈਨੈਂਸੀ ਅਤੇ ਐਗਰੀਕਲਚਰਲ ਲੈਂਡਜ਼ ਐਕਟ, 1955 ਅਧੀਨ ਅਤੇ 93.30 ਸਟੈਂਡਰਡ ਏਕੜ ਪੰਜਾਬ ਲੈਂਡ ਰਿਫਾਰਮਜ਼ ਐਕਟ, 1972 ਅਧੀਨ ਸਰਪਲੱਸ ਕਰਾਰ ਦਿੱਤਾ ਗਿਆ। ਫਿਰ ਇਹ ਜਵਾਬ ਦਿੱਤਾ ਗਿਆ ਕਿ ਸਾਰੇ ਤਿੰਨਾਂ ਅਲਾਟੀਆਂ ਨੂੰ 2 ਮਾਰਚ, 1975 ਨੂੰ ਕਬਜ਼ਾ ਦਿੱਤਾ ਗਿਆ। ਲੇਕਿਨ, ਸਪੀਕਰ ਸਾਹਿਬ, ਜਿਹੜੀ 93.30 ਸਟੈਂਡਰਡ ਏਕੜ ਸਰਪਲੱਸ ਲੈਂਡ ਸੀ, ਉਸ ਦਾ ਪੰਜਾਬ ਲੈਂਡ ਰਿਫਾਰਮਜ਼ ਐਕਟ, 1972 ਦੇ ਤਹਿਤ ਕਿਸੇ ਨੂੰ ਕਬਜ਼ਾ ਨਹੀਂ ਦਿੱਤਾ ਗਿਆ। ਉਹ ਮਾਲਿਕਾਂ ਦੇ ਕੰਟਰੋਲ ਥੱਲੇ ਹੀ ਹੈ। ਉਹ ਹਰੀਜਨਾਂ ਨੂੰ ਅਲਾਟ ਹੋਈ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਇਸ ਦਾ ਉਨ੍ਹਾਂ ਨੂੰ ਕਬਜ਼ਾ ਦਿਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਗੱਲ ਇਨ੍ਹਾਂ ਦੀ ਠੀਕ ਹੈ ਕਿਉਂਕਿ ਜੋ ਅਸੀਂ ਜ਼ਮੀਨ ਵੰਡਣ ਦਾ ਪ੍ਰੋਗਰਾਮ ਬਣਾਇਆ ਸੀ, ਉਹ ਇਨ੍ਹਾਂ ਦੇ ਪਿਛਲੇ 3 ਸਾਲਾਂ ਦੇ ਸਮੇਂ ਵਿਚ ਚਲਿਆ ਨਹੀਂ ਅਤੇ ਲੈਂਡ ਲਾਰਡਜ਼ ਨੇ ਆਪਣੀ ਜ਼ਮੀਨ ਨਹੀਂ ਛੱਡੀ ਅਤੇ ਉਹ ਮੁਕੱਦਮਿਆਂ ਵਿਚ ਪੈ ਗਏ ਅਤੇ ਅਪੀਲਾਂ ਕਰ ਦਿੱਤੀਆਂ। ਮੈਂ ਇਹ ਵੀ ਮੰਨਦਾ ਹਾਂ ਕਿ ਕਮਿਸ਼ਨਰ ਜਾਂ ਜਿਹੜੇ ਹੋਰ ਸਬੰਧਤ ਅਫਸਰ ਹਨ, ਉਹ ਬੜੀ ਦੇਰ ਲਗਾਉਂਦੇ ਹਨ ਅਤੇ ਤਾਰੀਖਾਂ ਪਾਈ ਜਾਂਦੇ ਹਨ ਅਤੇ ਫੈਸਲਾ ਨਹੀਂ ਕਰਦੇ। ਨਤੀਜਾ ਇਹ ਹੁੰਦਾ ਹੈ ਕਿ ਲੈਂਡਲਾਰਡਜ਼ ਜ਼ਮੀਨਾਂ ਨਹੀਂ ਛੱਡਦੇ। ਮੈਂ

Original with;
Punjab Vidhan Sabha
Digitized by
Panjab Digital Library

[ਮਾਲ ਮੰਤਰੀ]

ਦੱਸਣਾ ਚਾਹੁੰਦਾ ਹਾਂ ਕਿ ਮੈਂ ਇਸ ਨੂੰ ਐਕਸਪੀਡਾਈਟ ਕਰਵਾਵਾਂਗਾ। ਇਸ ਦੀ 20/21 ਤਰੀਖ ਲੱਗੀ ਹੈ। ਮੈਂ ਇਸ ਨੂੰ ਦੇਖ ਲਵਾਂਗਾ ਅਤੇ ਇਸ ਨੂੰ ਐਕਸਪੀਡਾਈਟ ਕਰਵਾਵਾਂਗਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 113 ਏਕੜ ਜ਼ਮੀਨ ਵਿਚੋਂ 20 ਏਕੜ ਜ਼ਮੀਨ ਦਾ ਕਬਜ਼ਾ ਦੇ ਦਿੱਤਾ ਹੈ ਅਤੇ 30 ਏਕੜ ਦਾ ਮਾਮਲਾ ਕੋਰਟ ਵਿਚ ਚਲ ਰਿਹਾ ਹੈ। ਬਾਕੀ ਜਿਹੜੀ 63 ਏਕੜ ਜ਼ਮੀਨ ਹੈ, ਕੀ ਉਸ ਨੂੰ ਜਲਦੀ ਤੋਂ ਜਲਦੀ ਵੰਡ ਕੇ ਅਤੇ ਉਸ ਦੇ ਕਬਜ਼ੇ ਦੇਕੇ ਇਸੇ ਸੈਸ਼ਨ ਵਿਚ ਹਾਊਸ ਵਿਚ ਅਨਾਊਂਸ ਕਰ ਦੇਣਗੇ ਅੱਤੇ ਜਿਹੜੇ 30 ਏਕੜ ਦਾ ਮਾਮਲਾ ਚਲ ਰਿਹਾ ਹੈ, ਕੀ ਉਸ ਦਾ ਵੀ ਜਲਦੀ ਫੈਸਲਾ ਕਰਵਾ ਕੇ ਕਬਜ਼ੇ ਦੇ ਦੇਣਗੇ ਕਿਉਂਕਿ ਇਹ ਜਲਦੀ ਕਬਜ਼ੇ ਦਿਵਾਉਣ ਦਾ ਦਾਵਾ ਕਰਦੇ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਸਮਝੇ ਨਹੀਂ; ਇਹ ਬਾਕੀ 63 ਏਕੜ ਨਹੀਂ 93 ਏਕੜ ਹੈ ਅਤੇ ਉਸ ਦਾ ਵੀ ਕੇਸ ਚਲ ਰਿਹਾ ਹੈ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਢੀਂਡਸਾ ਸਾਹਿਬ ਦੀ ਗੱਲ ਦਰੁਸਤ ਹੈ ਕਿ ਵੱਡੇ ਲੈਂਡ ਲਾਰਡਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਹੀ ਕਬਜ਼ੇ ਦਿਤੇ ਹੋਏ ਹਨ। ਬਾਕੀ ਜੋ 3 ਬੰਦਿਆਂ ਨੂੰ ਕਬਜ਼ੇ ਦਿਤੇ ਗਏ ਹਨ ਉਨ੍ਹਾਂ ਦੀ ਲਿਸਟ ਦਿਤੀ ਹੋਈ ਹੈ। ਪੈਪਸੂ ਟੈਨੈਨਸੀ ਅਤੇ ਐਗਰੀਕਲਚਰਲ ਲੈਂਡਜ਼ ਐਕਟ, 1955 ਅਧੀਨ ਸਰਪਲੱਸ ਲੈਂਡ 5 ਏਕੜ ਤੋਂ ਵੱਧ ਕਿਸੇ ਟੈਨੈਂਟ ਨੂੰ ਅਲਾਟ ਨਹੀਂ ਕੀਤੀ ਜਾ ਸਕਦੀ, ਪਰ ਰਿਪਲਾਈ ਵਿਚ ਦਸਿਆ ਗਿਆ ਹੈ ਕਿ ਸਰਦਾਰ ਕਪੂਰ ਸਿੰਘ ਨੂੰ 7.18 ਸਟੈਂਡਰਡ ਏਕੜ, ਸਰਦਾਰ ਸੁਰਜੀਤ ਸਿੰਘ ਨੂੰ 6.02 ਸਟੈਂਡਰਡ ਏਕੜ ਅਤੇ ਸਰਦਾਰ ਹਾਕਮ ਸਿੰਘ ਨੂੰ 7.29 ਸਟੈਂਡਰਡ ਏਕੜ ਜ਼ਮੀਨ ਦਿੱਤੀ ਗਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ 5 ਏਕੜ ਤੋਂ ਵੱਧ ਜ਼ਮੀਨ ਕਿਸ ਤਰ੍ਹਾਂ ਅਲਾਟ ਕੀਤੀ ਗਈ ਹੈ; ਕੀ ਇਸ ਦੀ ਇਨਕੁਆਇਰੀ ਕਰਨਗੇ ?

ਮੰਤਰੀ : ਇਨ੍ਹਾਂ ਨੇ ਕਿਹਾ ਹੈ ਕਿ ਕਬਜ਼ੇ ਇਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਦਿਤੇ ਹੋਏ ਹਨ, ਪਰ ਮੈਂ ਇਹ ਕਹਿੰਦਾ ਹਾਂ ਕਿ ਕੁਦਰਤੀ ਰਿਸ਼ਤੇਦਾਰ ਵੀ ਹੋ ਸਕਦੇ ਹਨ। ਜਿਹੜੇ ਘੱਟ ਜ਼ਮੀਨ ਵਾਲੇ ਮੁਜ਼ਾਰੇ ਹਨ, ਉਨ੍ਹਾਂ ਦੀ ਲਿਸਟ ਬਣੀ ਹੋਈ ਹੈ। ਜਿਵੇਂ ਜਿਵੇਂ ਉਨ੍ਹਾਂ ਦਾ ਨੰਬਰ ਆਉਂਦਾ ਜਾਂਦਾ ਹੈ, ਅਸੀਂ ਜ਼ਮੀਨ ਵੰਡੀ ਜਾਂਦੇ ਹਾਂ। ਮੇਰੇ ਕੋਲ ਇਸ ਵੇਲੇ ਲਿਸਟ ਨਹੀਂ ਹੈ। ਆਮ ਤੌਰ ਤੇ ਜਿਹੜੇ ਲੈਂਡ ਲਾਰਡ ਹੁੰਦੇ ਹਨ, ਉਹ ਆਪਣੇ ਰਿਸ਼ਤੇਦਾਰਾਂ ਨੂੰ ਮੁਜ਼ਾਰਿਆਂ ਦੀ ਲਿਸਟ ਵਿਚ ਪਾਈ ਰਖਦੇ ਹਨ। ਇਨ੍ਹਾਂ ਦੀ 3 ਸਾਲ ਸਰਕਾਰ ਰਹੀ ਹੈ ਉਸ ਵੇਲੇ ਇਹ ਵੇਖ ਲੈਂਦੇ ਕਿ ਲਿਸਟ ਵਿਚ ਰਿਸ਼ਤੇਦਾਰ ਹਨ ਜਾਂ ਨਹੀਂ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੇਰੇ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ। ਮੈਂ ਪੁਛਿਆ ਸੀ ਕਿ ਕਾਨੂੰਨ ਦੇ ਮੁਤਾਬਕ 5 ਏਕੜ ਤੋਂ ਵੱਧ ਅਲਾਟ ਨਹੀਂ ਹੋ ਸਕਦੀ। ਸਪੀਕਰ ਸਾਹਿਬ, ਇਕ ਹੁੰਦੇ ਹਨ ਏਕੜ ਅਤੇ ਇਕ ਹੁੰਦੇ ਹਨ ਸਟੈਂਡਰਡ ਏਕੜ, ਜਿਹੜੀ ਸੁਪੀਰੀਅਰ ਲੈਂਡ ਹੈ ਉਹ ਵੱਧ ਤੋਂ ਵੱਧ ਕਿਸੇ ਨੂੰ 5 ਸਟੈਂਡਰਡ ਏਕੜ ਅਲਾਟ ਹੋ ਸਕਦੀ ਹੈ ਪਰ ਜਵਾਬ ਵਿਚ ਕਿਸੇ ਨੂੰ 7.18, ਕਿਸੇ ਨੂੰ 6.02 ਅਤੇ ਕਿਸੇ ਨੂੰ 7.29 ਸਟੈਂਡਰਡ ਏਕੜ ਅਲਾਟ ਕੀਤੀ ਗਈ ਹੈ। ਇਹ ਜਿਹੜੀ ਜ਼ਮੀਨ ਹੈ, ਇਹ 5 ਏਕੜ ਤੋਂ ਵੱਧ ਕਿਵੇਂ ਅਲਾਟ ਹੋ ਗਈ, ਕੀ ਇਸ ਬਾਰੇ ਦੱਸਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਆਨਰੇਬਲ ਮੈਂਬਰ ਨੇ ਜੋ ਗਲ ਮੇਰੇ ਨੋਟਿਸ ਵਿਚ ਲਿਆਂਦੀ ਹੈ ਮੈਂ ਇਨਕੁਆਇਰੀ ਕਰਾ ਲਵਾਂਗਾ ਅਗਰ ਕੋਈ ਕਿਸੇ ਦੀ ਇਨਕੁਆਇਰੀ ਵਿਚ ਅਨਗਹਿਲੀ ਨਿਕਲੀ ਤਾਂ ਕਾਰਵਾਈ ਕੀਤੀ ਜਾਵੇਗੀ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਜਿਹੜਾ ਸਾਡਾ 20-ਨੁਕਾਤੀ ਪ੍ਰੋਗਰਾਮ ਹੈ, ਉਸ ਵਿਚ ਲੈਂਡ ਰਿਫਾਰਮਜ਼ ਦਾ ਭੀ ਜ਼ਿਕਰ ਹੈ। ਜਿਹੜੇ ਵੱਡੇ ਵੱਡੇ ਲੈਂਡ ਲਾਰਡਾਂ ਨੇ ਆਪਣੇ ਰਿਸ਼ਤੇਦਾਰਾਂ ਦੇ ਨਾਂ, ਨੌਕਰਾਂ ਦੇ ਨਾਂ, ਮੱਝ ਸਿੰਘ, ਟਮਾਟਰ ਸਿੰਘ, ਬੈਂਗਣ ਸਿਘ ਦੇ ਨਾਂ ਜ਼ਮੀਨਾਂ ਸ਼ੋ ਕੀਤੀਆਂ ਹੋਈਆਂ ਹਨ ਅਤੇ ਉਹ ਦੂਸਰੇ ਸੂਬਿਆਂ ਵਿਚ ਭੀ ਹਨ, ਕੀ ਇਸ ਗਲ ਦੀ ਇਨਕੁਆਇਰੀ ਕਰਾਉਣਗੇ ਅਤੇ ਉਨ੍ਹਾਂ ਤੋਂ ਜ਼ਮੀਨਾਂ ਲੈ ਕੇ ਗਰੀਬ ਹਰੀਜਨਾਂ ਨੂੰ ਦਿਵਾਉਣਗੇ ?

ਮੰਤਰੀ : ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਆਉਂਦੇ ਸਾਰ ਇਹ ਫੈਸਲਾ ਕੀਤਾ ਸੀ ਕਿ ਅਸੀਂ ਇਨਕੁਆਇਰੀ ਕਰਾਵਾਂਗੇ। ਕਈ ਆਦਮੀਆਂ ਨੇ ਬੜੀਆਂ ਬੜੀਆਂ ਜ਼ਮੀਨਾਂ ਹੜੱਪ ਕੀਤੀਆਂ ਹੋਈਆਂ ਹਨ। ਮੈਂਬਰ ਸਾਹਿਬ ਨੇ ਚੰਗਾ ਕੀਤਾ ਮੇਰੇ ਨੋਟਿਸ ਵਿਚ ਲਿਆ ਦਿੱਤਾ। ਮੇਰੇ ਵੀ ਧਿਆਨ ਵਿਚ ਹੈ ਖਾਸ ਤੌਰ ਤੇ ਫ਼ਾਜ਼ਿਲਕਾ ਵਿਚ 10 ਹਜ਼ਾਰ ਏਕੜ ਜ਼ਮੀਨ ਇਕ ਆਦਮੀ ਦੇ ਕਬਜ਼ੇ ਵਿਚ ਪਈ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਕਈ ਪਿੰਡਾਂ ਤੇ ਡਬਲ ਸੀਲਿੰਗ ਲਗੀ ਹੈ। ਪਹਿਲਾਂ ਕੁਝ ਪਿੰਡਾਂ ਵਿਚ ਸਰਪਲੱਸ ਜ਼ਮੀਨ ਨਿਕਲੀ ਜਦੋਂ ਪਿੰਡਾਂ ਦੀ ਜ਼ਮੀਨ ਤੇ ਸੀਲਿੰਗ ਲਗੀ ਉਹ ਜ਼ਮੀਨ ਡਿਸਟਰੀਬਿਊਟ ਹੋ ਗਈ। ਫਿਰ ਹੁਣ ਉਹ ਪਿੰਡ ਮਿਉਂਸਪੈਲਿਟੀ ਜਾਂ ਕਾਰਪੋਰੇਸ਼ਨ ਦੀ ਹਦੂਦ ਵਿਚ ਆ ਗਏ। ਹੁਣ ਅਰਬਨ ਲੈਂਡ ਸੀਲਿੰਗ ਐਕਟ ਅਧੀਨ ਆ ਗਏ ਹਨ ਅਤੇ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ 1500 ਗਜ਼ ਜ਼ਮੀਨ ਰੱਖ ਕੇ ਬਾਕੀ ਦਾ ਕਬਜ਼ਾ ਦੇ ਦਿਓ। ਉਹ ਲੋਕ ਐਗਰੀਕਲਚਰਲ ਪਰਪਜ਼ ਲਈ ਜ਼ਮੀਨ ਰੱਖੀ ਬੈਠੇ ਹਨ, ਕੀ ਉਨਾਂ ਨੂੰ ਛੋਟ ਦੇਣਗੇ ਕਿਉਂਕਿ ਉਹ ਆਪ ਖੇਤੀ ਕਰਦੇ ਹਨ ਤੇ ਉਸ ਜ਼ਮੀਨ ਤੇ ਹੀ ਨਿਰਭਰ ਹਨ ?

ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ।

ਸਰਦਾਰ ਉਜਾਗਰ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜਿਹੜੇ ਵੱਡੇ ਵੱਡੇ ਜ਼ਿਮੀਂਦਾਰ ਹਨ, ਉਹ ਇਕੱਲੀ ਜ਼ਮੀਨ ਹੀ ਨਹੀਂ ਦੱਬੀ ਬੈਠੇ ਬਲਕਿ ਆਪਣੇ ਰਿਸ਼ਤੇਦਾਰਾਂ ਦੇ ਨਾਂ ਤੇ ਅਤੇ ਫਿਕਟੀਸ਼ੀ ਅਸ ਨਾਵਾਂ ਤੇ ਜ਼ਮੀਨਾਂ ਅਲਾਟ ਕਰਵਾਈਆਂ ਹੋਈਆਂ ਹਨ। ਕੀ ਉਹ ਸਮਾਲ ਫਾਰਮਰਜ਼ ਅਤੇ ਮਾਰਜੀਨਲ ਫਾਰਮਰਜ਼ ਬਣ ਕੇ ਸਰਕਾਰ ਦਾ ਖ਼ਜ਼ਾਨਾ ਵੀ ਖਾਈ ਜਾਂਦੇ ਹਨ ?

ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਆਪਣੇ ਕੁਐਸਚਨ ਵਿਚ ਬੇਨਤੀ ਕੀਤੀ ਹੈ ਕਿ ਸਾਰੇ ਅਲਾਟੀਆਂ ਦੀ ਲਿਸਟ ਦਿੱਤੀ ਜਾਏ। ਇਨ੍ਹਾਂ ਨੇ ਸਿਰਫ਼ ਉਨ੍ਹਾਂ ਦੀ ਲਿਸਟ ਦਿੱਤੀ ਹੈ ਜਿਨ੍ਹਾਂ ਨੂੰ ਕਬਜ਼ੇ ਦਿੱਤੇ ਗਏ ਹਨ। ਮੈਂ ਪੁੱਛਦਾ ਹਾਂ ਕਿ ਇਹ ਦੱਸਣ ਕਿ ਕਿੰਨਿਆਂ ਨੂੰ ਜ਼ਮੀਨ ਅਲਾਟ ਹੋਈ ਹੈ ਅਤੇ ਕਿੰਨਿਆਂ ਨੂੰ ਕਬਜ਼ੇ ਦਿਤੇ ਗਏ ਹਨ ? ਇਨ੍ਹਾਂ ਨੇ ਅਲਾਟਮੈਂਟ ਵੀ ਤਿੰਨਾਂ ਨੂੰ ਦਿਖਾ ਦਿੱਤੀ ਅਤੇ ਕਬਜ਼ੇ ਵੀ ਤਿੰਨਾਂ ਨੂੰ ਦੇ ਦਿਤੇ। ਬਾਕੀ ਜਿਹੜੀ ਜ਼ਮੀਨ ਜਿਨ੍ਹਾਂ ਹਰੀਜਨਾਂ ਨੂੰ ਅਲਾਟ ਹੋ ਚੁਕੀ ਹੈ, ਉਨ੍ਹਾਂ ਦੇ ਨਾਂ ਨਹੀਂ ਦਿਤੇ। ਕੀ ਉਹ ਜਿਹੜੀ 93 ਏਕੜ ਅਤੇ 30 ਏਕੜ ਜ਼ਮੀਨ ਹੈ, ਉਹ ਲੋਕਾਂ ਨੂੰ ਅਲਾਟ ਹੋ ਚੁਕੀ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਉਹ ਜ਼ਮੀਨ ਜਦੋਂ ਕਿਸੇ ਨੂੰ ਅਲਾਟ ਹੋਵੇਗੀ ਉਦੋਂ ਕਬਜ਼ੇ ਦਿੱਤੇ ਜਾਣਗੇ। ਮੈਂ ਦਸ ਦਿਆਂਗਾ ਕਿ ਉਹ ਮਾਮਲਾ ਜੂਡੀਸ਼ਿਅਲ ਹੈ ਅਤੇ ਸੱਬਜੁਡਿਸ ਹੈ। ਅਸੀਂ ਹਰੀਜਨਾਂ ਦੇ ਹੱਕ ਵਿਚ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਜ਼ਮੀਨ ਦਿੱਤੀ ਜਾਏ। ਪਰ ਇਸ ਵੇਲੇ ਕੁਝ ਨਹੀਂ ਕਿਹਾ ਜਾ ਸਕਦਾ।

Starred Question No. 129*

Mr. Speaker: Extension has been asked for in respect of Starred Question No. 129.

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਇਸ ਵਿਚ ਐਕਸਟੈਨਸ਼ਨ ਵਾਲੀ ਕਿਹੜੀ ਗਲ ਸੀ ..... (ਵਿਘਨ)

ਸ਼੍ਰੀ ਸਪੀਕਰ : ਇਸੇ ਸੈਸ਼ਨ ਵਿਚ ਜਵਾਬ ਆ ਜਾਏ, ਮੈਂ ਕੋਸ਼ਿਸ਼ ਕਰਾਂਗਾ।

Construction of Janjghars for Scheduled Castes in the Khadur Sahib Assembly Constituency

***133. Sardar Lakha Singh:** Will the Minister for Welfare be pleased to state the total number of Janjghars for the Scheduled Castes constructed so far or proposed to be constructed in the Khadur Sahib Assembly Con-stituency of District Amritsar separately upto 31st July, 1980?

ਚੌਧਰੀ ਜਗਤ ਰਾਮ : ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਲਈ ਕਿਸੇ ਵੀ ਪਿੰਡ ਵਿਚ ਜੰਞਘਰ ਬਨਾਉਣ ਦੀ ਕੋਈ ਸਕੀਮ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸੁਆਲ ਇਹ ਸੀ ਕਿ ਕਈ ਜਗ੍ਹਾ ਤੇ ਧਰਮਸ਼ਾਲਾ ਕਹਿੰਦੇ ਹਨ ਅਤੇ ਕਈ ਜਗਾਹ ਤੇ ਜੰਞਘਰ ਕਹਿੰਦੇ ਹਨ, ਪਰ ਇਨ੍ਹਾਂ ਨੇ ਕਿਹਾ ਕਿ ਜੰਞਘਰ ਦੀ ਕੋਈ ਸਕੀਮ ਹੀ ਨਹੀਂ।

ਜੰਞਘਰ ਅਤੇ ਧਰਮਸ਼ਾਲਾ ਵਿਚ ਕੋਈ ਫਰਕ ਨਹੀਂ ਹੈ। ਇਹ ਦਸਣ ਕਿ ਕੀ ਇਸ ਦੀ ਉਥੇ ਲੋੜ ਹੈ? ਕੀ ਇਨ੍ਹਾਂ ਦੀ ਕੋਈ ਧਰਮਸ਼ਾਲਾ ਬਨਾਉਣ ਦੀ ਸਕੀਮ ਹੈ?

ਮੰਤਰੀ : ਸਪੀਕਰ ਸਾਹਿਬ, ਜੰਞਘਰ ਦੇ ਬਾਰੇ ਸਵਾਲ ਪੁਛਿਆ ਗਿਆ ਹੈ। ਇਸ ਦੀ ਕੋਈ ਸਕੀਮ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਕਿਤੇ ਇਸ ਨੂੰ ਪੰਚਾਇਤ ਘਰ ਕਹਿੰਦੇ ਹਨ, ਕਿਤੇ ਧਰਮਸ਼ਾਲਾ ਕਹਿੰਦੇ ਹਨ ਅਤੇ ਕਿਤੇ ਜੰਞਘਰ ਕਹਿੰਦੇ ਹਨ। ਮਨਿਸਟਰ ਸਾਹਿਬ ਦੱਸਣ ਕਿ ਕੀ ਉਥੇ ਧਰਮਸ਼ਾਲਾ ਬਣਾਉਣ ਦੀ ਸਕੀਮ ਹੈ?

ਮੰਤਰੀ : ਸਪੀਕਰ ਸਾਹਿਬ, ਸਪੱਸ਼ਟ ਲਫਜ਼ ਇਸ ਦੇ ਲਈ ਧਰਮਸ਼ਾਲਾ ਹੈ। ਬਾਕੀ ਆਨਰੇਬਲ ਮੈਂਬਰ ਇਸ ਨੂੰ ਆਪਣੀ ਮਰਜ਼ੀ ਨਾਲ ਜੋ ਮਰਜ਼ੀ ਕਹੀ ਜਾਣ। ਬਾਕੀ ਇਹ ਧਰਮਸ਼ਾਲਾ ਦੇ ਬਾਰੇ ਸੈਪਰੇਟ ਸਵਾਲ ਕਰ ਦੇਣ, ਮੈਂ ਜਵਾਬ ਦੇ ਦੇਵਾਂਗਾ।

---

*For Starred Question No. 129 and reply thereto please see Debate dated 23rd July, 1980.

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਐਨਾ ਹੀ ਦਸ ਦੇਣ ਕਿ ਕੀ ਉਥੇ ਧਰਮਸ਼ਾਲਾ ਬਣਾਉਣ ਦਾ ਇਨ੍ਹਾਂ ਦਾ ਵਿਚਾਰ ਹੈ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ, ਪਾਂਧੀ ਸਾਹਿਬ ਬੜੇ ਸੁਲਝੇ ਹੋਏ ਮੈਂਬਰ ਹਨ, ਵਕੀਲ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਕੀਲ ਦਾ ਪਾਰਟ ਹੋਰ ਹੈ ਅਤੇ ਐਜ਼ ਏ ਐਮ. ਐਲ. ਏ. ਇਨ੍ਹਾਂ ਦਾ ਪਾਰਟ ਹੋਰ ਹੈ। ਅਦਾਲਤ ਵਿਚ ਤਾਂ ਵਕੀਲ ਲੋਕਾਂ ਨੂੰ ਕਹਿੰਦੇ ਹਨ ਕਿ ਭਾਵੇਂ ਇਹ ਗੱਲ ਸੱਚੀ ਨਹੀਂ, ਪਰੰਤੂ ਇਹ ਗੱਲ ਕਹੀਂ। ਪਰ ਇਥੇ ਉਹ ਐਜ਼ ਐਨ ਆਨਰੇਬਲ ਮੈਂਬਰ ਕੰਮ ਕਰ ਰਹੇ ਹਨ। ਕਾਨੂੰਨ ਦੇ ਮੁਤਾਬਿਕ ਇਸ ਲਈ ਸਹੀ ਲਫਜ਼ ਧਰਮਸ਼ਾਲਾ ਹੈ। ਖੜੂਰ ਸਾਹਿਬ ਵਿਚ 97 ਪਿੰਡ ਹਨ। 87 ਧਰਮਸ਼ਾਲਾਵਾਂ ਬਣ ਚੁੱਕੀਆਂ ਹਨ। ਬਾਕੀ ਜਿਹੜੇ ਹੋਰ ਐਪਲੀਕੇਸ਼ਨਾਂ ਦੇਣਗੇ, ਉਹ ਵੀ ਬਣਾ ਦੇਵਾਂਗੇ।

ਸ਼੍ਰੀ ਪਿਆਰਾ ਰਾਮ ਧਨੋਵਾਲੀਆ : ਸਪੀਕਰ ਸਾਹਿਬ, ਇਥੇ ਸਾਫ ਲਿਖਿਆ ਹੈ। ਇਸ ਲਈ ਜੰਝਘਰ, ਧਰਮਸ਼ਾਲਾ ਅਤੇ ਚੌਪਾਲ ਤਿੰਨੇ ਲਫਜ਼ ਇਸਤੇਮਾਲ ਕੀਤੇ ਗਏ ਹਨ। ਇਸ ਲਈ ਵਜ਼ੀਰ ਸਾਹਿਬ ਸੋਧ ਕਰ ਲੈਣ। ਬਾਕੀ ਸਪੀਕਰ ਸਾਹਿਬ, ਜਿਹੜਾ ਹੁਣ ਇਨ੍ਹਾਂ ਨੇ ਜਵਾਬ ਦਿਤਾ ਹੈ, ਇਹ ਠੀਕ ਹੈ।

ਰਾਜ ਵਿਚ ਬਾਲਗ ਵਿਦਿਆ ਸਕੀਮ

*161. **ਪ੍ਰੋਫੈਸਰ ਦਰਬਾਰੀ ਲਾਲ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਰਾਜ ਵਿੱਚ 1977 ਤੋਂ 1980 ਦੇ ਦੌਰਾਨ ਬਾਲਗ ਵਿਦਿਆ ਸਕੀਮ ਤੇ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਉਕਤ ਸਕੀਮ ਤੇ ਅਮਲ ਲਈ ਰਕਮ ਕਿੰਨ੍ਹਾਂ ਏਜੰਸੀਆ ਦੇ ਰਾਹੀਂ ਪ੍ਰਯੋਗ ਕੀਤੀ ਗਈ ?

ਸਰਦਾਰ ਹਰਚਰਨ ਸਿੰਘ ਅਜਨਾਲਾ :

		(ਰਪਏ)
(ੳ)	1977-78	15,78,000
	1978-79	18,59,000
	1979-80	23,15,000

(ਅ) ਮੰਡਲ ਸਮਾਜਿਕ ਸਿਖਿਆ ਅਫ਼ਸਰਾਂ ਰਾਹੀਂ ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ-ਜੰਤਾ ਪਾਰਟੀ ਦੇ ਰਾਜ ਦੇ ਦੌਰਾਨ ਸ਼ਹਿਰਾਂ ਵਿਚ ਅਡਲਟ ਐਜੂਕੇਸ਼ਨ ਦੀ ਸਕੀਮ ਸ਼ੁਰੂ ਕੀਤੀ ਗਈ। ਪਰ ਇਹ ਰੁਪਿਆ ਆਰ.ਐਸ.ਐਸ. ਵਾਲਿਆਂ ਨੂੰ ਦਿੱਤਾ ਗਿਆ। ਉਹ ਰੁਪਿਆ ਅਡਲਟ ਐਜੂਕੇਸ਼ਨ ਨੂੰ ਸਪਰੈਡ ਕਰਨ ਦੀ ਬਜਾਏ ਆਰ.ਐਸ.ਐਸ. ਨੂੰ ਮਜ਼ਬੂਤ ਕਰਨ ਵਾਸਤੇ ਲਾਇਆ ਗਿਆ। ਕੀ ਵਜ਼ੀਰ ਸਾਹਿਬ ਵਿਸ਼ਵਾਸ ਦਿਲਾਉਣਗੇ ਕਿ ਉਹ ਰੁਪਿਆ ਉਨ੍ਹਾਂ ਏਜੰਸੀਆਂ ਨੂੰ ਬਿਲਕੁਲ ਹੁਣ ਨਹੀਂ ਮਿਲੇਗਾ ?

ਮੰਤਰੀ : ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਨੇ ਸਵਾਲ ਕੀਤਾ ਹੈ, ਇਸ ਦੇ ਬਾਰੇ ਪੂਰੀ ਪੜਚੋਲ ਕਰਕੇ ਪਤਾ ਕਰਾਂਗਾ। ਇਸ ਸਕੀਮ ਦਾ ਮਤਲਬ ਇਹ ਹੈ ਕਿ ਜਿਹੜੇ ਅਨਪੜ੍ਹ ਬਾਲਗ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਹਨ, ਉਨ੍ਹਾਂ ਨੂੰ ਪੜ੍ਹਾਇਆ ਜਾਵੇ ਅਤੇ ਕੋਈ ਕਰਾਫਟ ਦੀ ਟਰੇਨਿੰਗ ਦਿਤੀ ਜਾਵੇ। ਇਸ ਵਿਚ ਕਿਸੇ ਕਿਸਮ ਦਾ ਕੋਈ ਪੁਲੀਟੀਕਲ ਮੰਤਵ ਨਹੀਂ ਹੋਣਾ ਚਾਹੀਦਾ। ਅਗਰ ਇਹ ਪਿਛੇ ਪੁਲੀਟੀਕਲ ਮੰਤਵ ਲਈ ਯੂਜ਼ ਹੋਇਆ ਹੈ ਤਾਂ ਮੈਂ ਅਸ਼ੋਅਰ ਕਰਦਾ ਹਾਂ ਕਿ ਅੱਗੇ ਤੋਂ ਇਸ ਤਰ੍ਹਾਂ ਨਹੀਂ ਹੋਣ ਦਿੱਤਾ ਜਾਵੇਗਾ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਇਹ ਪੈਸਾ ਦੇਣ ਵਾਲੀਆਂ ਏਜੰਸੀਆਂ ਸ਼ਰਕਲ ਐਜੂਕੇਸ਼ਨ ਅਫਸਰ ਇਨ੍ਹਾਂ ਨੇ ਦੱਸੀਆਂ ਹਨ। ਸਾਡੀ ਸਟੇਟ ਵਿਚ ਸੀ.ਈ.ਓਜ਼. ਦੀਆਂ ਪੋਸਟਾਂ ਕਿਤਨੀਆਂ ਹਨ ? ਕੀ ਵਜ਼ੀਰ ਸਾਹਿਬ ਦਸਣਗੇ ਕਿ 1979-80 ਵਿਚ ਇਨ੍ਹਾਂ ਟੀਚਰਾਂ ਦੀ ਗਿਣਤੀ ਕਿਤਨੀ ਸੀ ਅਤੇ ਕੀ 1980-81 ਦੇ ਸਾਲ ਵਿਚ ਇਸ ਨੂੰ ਵਧਾਉਣਗੇ ਤਾਂ ਕਿ ਪੰਜਾਬ ਵਿਚ ਇਲੀਟ੍ਰੇਸੀ ਦੀ ਇਰੈਡੀਕੇਸ਼ਨ ਹੋਵੇ ?

ਮੰਤਰੀ : ਇਸ ਦਾ ਸਹੀ ਜਵਾਬ ਤਾਂ ਮੈਂ ਪੂਰੇ ਅੰਕੜੇ ਪਤਾ ਕਰਨ ਤੋਂ ਬਾਅਦ ਹੀ ਦੇ ਸਕਦਾ ਹਾਂ। ਇਹ ਨਵਾਂ ਸਵਾਲ ਕਰ ਦੇਣ, ਮੈਂ ਜਵਾਬ ਦੇ ਦੇਵਾਂਗਾ। ਬਾਕੀ ਜੋ ਇਨਫਰਮੇਸ਼ਨ ਮੇਰੇ ਕੋਲ ਹੈ ਉਸ ਦੇ ਮੁਤਾਬਿਕ 2 ਸਰਕਲ ਸੋਸ਼ਲ ਐਜੂਕੇਸ਼ਨ ਅਫ਼ਸਰਾਂ ਦੀਆਂ ਪੋਸਟਾਂ ਪੰਜਾਬ ਵਿਚ ਐਗਜ਼ਿਸਟ ਕਰਦੀਆਂ ਹਨ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਸਰਕਲ ਐਜੂਕੇਸ਼ਨ ਅਫ਼ਸਰ ਏਜੰਸੀ ਨਹੀਂ, ਉਹ ਤਾਂ ਅਥਾਰਿਟੀਜ਼ ਹਨ, ਜਿਨ੍ਹਾਂ ਨੇ ਅੱਗੇ ਏਜੰਸੀਆਂ ਦੇ ਰਾਹੀਂ ਇਹ ਗਰਾਂਟਾਂ ਵੰਡੀਆਂ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਨ੍ਹਾਂ ਦੀ ਲਿਸਟ ਤਿਆਰ ਕਰਵਾ ਕੇ ਹਾਊਸ ਨੂੰ ਦੱਸਣਗੇ ਕਿ ਉਹ ਕਿਹੜੀਆਂ ਪ੍ਰਾਈਵੇਟ ਏਜੰਸੀਆਂ ਹਨ, ਜਿਨ੍ਹਾਂ ਨੂੰ ਇਹ ਪੈਸਾ ਦਿੱਤਾ ਗਿਆ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਬੜੇ ਸਿਆਣੇ ਹਨ। ਇਨ੍ਹਾਂ ਨੂੰ ਇਸ ਦੀ ਬਹੁਤ ਵਾਕਫੀਅਤ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਸਰਕਲ ਐਜੂਕੇਸ਼ਨ ਅਫਸਰ ਹਨ, ਉਹ ਏਜੰਸੀਆਂ ਵੀ ਹਨ ਅਤੇ ਅਥਾਰਿਟੀਜ਼ ਵੀ ਹਨ, ਜਿਨ੍ਹਾਂ ਰਾਹੀਂ ਕਿ ਇਸ ਸਾਰੇ ਕੰਮ ਦੀ ਪੰਜਾਬ ਵਿਚ ਸੁਪਰਵੀਜ਼ਨ ਹੋ ਰਹੀ ਹੈ। ਬਾਕੀ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ, ਮੈਂ ਉਸ ਦੀ ਵੀ ਪੜਚੋਲ ਕਰ ਲਵਾਂਗਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ ਇਹ ਜਿਹੜੀ ਬਾਲਗਾਂ ਨੂੰ ਐਜੂਕੇਸ਼ਨ ਦੇਣ ਦੀ ਸਕੀਮ ਹੈ, ਇਹ ਕਿੱਥੇ ਚਲਦੀ ਹੈ, ਕਿਹੜੇ ਕਿਹੜੇ ਸ਼ਹਿਰਾਂ ਵਿਚ ਅਤੇ ਪਿੰਡਾਂ ਵਿਚ ਇਸਦੇ ਸੈਂਟਰ ਬਣੇ ਹਨ ? ਜਿਹੜੇ ਆਦਮੀ ਉਥੇ ਪੜ੍ਹਾਉਣ ਜਾਂਦੇ ਹਨ, ਉਨ੍ਹਾਂ ਦੀਆਂ ਟਰਮਜ਼ ਆਫ ਅਪਵਾਇੰਟਮੈਂਟਸ ਕੀ ਹਨ ਅਤੇ ਉਨ੍ਹਾਂ ਨੂੰ ਕਿਤਨੇ ਪੈਸੇ ਦਿੱਤੇ ਜਾਂਦੇ ਹਨ ? ਕੀ ਵਜ਼ੀਰ ਸਾਹਿਬ, ਇਸ ਦੀ ਡਿਟੇਲ ਦੱਸਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਵਿਚ ਤਾਂ ਕਾਫੀ ਡੈਟਾ ਇਨਵਾਲਵਡ ਹੈ। ਇਸ ਲਈ ਸਪੈਸ਼ਲ ਨੋਟਿਸ ਚਾਹੀਦਾ ਹੈ। ਖਾਲਸਾ ਜੀ ਨਵਾਂ ਨੋਟਿਸ ਦੇ ਦੇਣ, ਮੈਂ ਜ਼ਰੂਰ ਜਵਾਬ ਦਿਆਂਗਾ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਲਗ ਵਿਦਿਆ ਦੀ ਜਿਹੜੀ ਸਕੀਮ ਹੈ, ਇਸਦੇ ਬਾਰੇ ਸਾਰੇ ਮੈਂਬਰਾਂ ਨੂੰ

Original with;
Punjab Vidhan Sabha
Digitized by;
Panjab Digital Library

ਪਤਾ ਹੈ ਕਿ ਕੋਈ ਉਥੇ ਪੜ੍ਹਾਉਣ ਨਹੀਂ ਜਾਂਦਾ। ਉਹ ਕਹਿੰਦੇ ਹਨ ਕਿ ਜੇ ਕੋਈ ਧਰਮਸ਼ਾਲਾ ਵਿਚ ਚੈਕਿੰਗ ਕਰਨ ਆਵੇ ਤਾਂ ਕਹਿ ਦੇਣਾ ਕਿ ਇਥੇ ਪੜ੍ਹਾਇਆ ਜਾਂਦਾ ਹੈ। ਪਰ ਕਿਸੇ ਨੂੰ ਪੜ੍ਹਾਇਆ ਨਹੀਂ ਜਾਂਦਾ, ਜਾਹਲੀ ਇਮਤਿਹਾਨ ਉਨ੍ਹਾਂ ਦੇ ਹੁੰਦੇ ਹਨ। ਕੀ ਕੋਈ ਚੈਕਿੰਗ ਵਜ਼ੀਰ ਸਾਹਿਬ ਇਸ ਦੀ ਕਰਨਗੇ ਅਤੇ ਉਥੇ ਹੀ ਪੈਸਾ ਖਰਚ ਕੀਤਾ ਜਾਵੇਗਾ ਜਿਥੇ ਕਿ ਇਹ ਵਿਦਿਆ ਦਿੱਤੀ ਜਾਂਦੀ ਹੋਵੇ ?

ਮੰਤਰੀ : ਆਨਰੇਬਲ ਮੈਂਬਰ ਸਾਹਿਬ ਨੇ ਠੀਕ ਹੀ ਦੱਸਿਆ ਹੋਣਾ ਹੈ। ਇਨ੍ਹਾਂ ਦੀ ਜਾਣਕਾਰੀ ਮੁਤਾਬਿਕ ਹੋ ਸਕਦਾ ਹੈ ਕਿ 1977 ਤੋਂ 1980 ਤਕ ਇਸ ਤਰ੍ਹਾਂ ਹੁੰਦਾ ਰਿਹਾ ਹੋਵੇ ਲੇਕਿਨ ਅਗਾਂਹ ਤੋਂ ਇਸ ਤਰ੍ਹਾਂ ਨਹੀਂ ਹੋਵੇਗਾ।

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬੜੀ ਖੁਸ਼ੀ ਦੀ ਗਲ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਅਡਲਟਸ ਨੂੰ ਐਜੂਕੇਸ਼ਨ ਦੇਣ ਲਈ 1 ਕਰੋੜ ਰੁਪਿਆ ਰਖਿਆ ਹੈ। ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਲਈ ਕਿਹੜੀਆਂ ਸਕੀਮਾਂ ਇਨ੍ਹਾਂ ਨੇ ਬਣਾਈਆਂ ਹਨ ਅਤੇ ਕਿਸ ਢੰਗ ਨਾਲ ਇਹ ਪੈਸਾ ਖਰਚਿਆ ਜਾਵੇਗਾ ?

(ਸਰਦਾਰ ਸੁਖਜਿੰਦਰ ਸਿੰਘ ਖੈਰਾ ਵਲੋਂ ਵਿਘਨ)

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਪਲੀਮੈਂਟਰੀ ਪੁੱਛ ਲੈਣ, ਬਹਿਸ ਕਰਨੀ ਹੋਵੇ ਕਰ ਲੈਣ, ਪਰ ਇਸ ਤਰ੍ਹਾਂ ਤੁਹਾਡੀ ਪਰਮਿਸ਼ਨ ਤੋਂ ਬਗੈਰ ਨਹੀਂ ਬੋਲਣਾ ਚਾਹੀਦਾ। ਸਪੀਕਰ ਸਾਹਿਬ, ਸਰਦਾਰ ਬੀਰਪਾਲ ਸਿੰਘ ਨੇ ਸਾਰੀ ਇਨਫਰਮੇਸ਼ਨ ਅੰਕੜਿਆਂ ਦੇ ਰੂਪ ਵਿਚ ਮੰਗੀ ਹੈ। ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ ।

ਸ਼੍ਰੀ ਸਪੀਕਰ : ਅਗਲਾ ਸਵਾਲ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਗਲਤ ਬਿਆਨੀ ਕਰ ਰਹੇ ਹਨ।

ਸ਼੍ਰੀ ਸਪੀਕਰ : ਤੁਸੀਂ ਲਿਖ ਕੇ ਦੇ ਦਿਓ, ਮੈਂ ਵੇਖ ਲਵਾਂਗਾ। ਅਗਲਾ ਸਵਾਲ।

New City near Phillaur town

***147. Sardar Sarwan Singh:** Will the Chief Minister be pleased to state whether there is any proposal under the consideration of the Government to build a new city near Phillaur town after the name of Maharaja Ranjit Singh; if so, the time by which it is likely to be done?

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਲੇਕਿਨ ਨਵੇਂ ਸ਼ਹਿਰ ਦੇ ਨਾਂ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਲਿਤਾ ਗਿਆ ।

ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ ਵਲੋਂ ਸਿਰਫ ਮੁਢਲੇ ਸ਼ਰਵੇਖਣ ਦਾ ਕੰਮ ਕੀਤਾ ਗਿਆ ਹੈ ਅਤੇ ਅਜੇ ਤੱਕ ਕੋਈ ਸਮਾਂ ਸੂਚੀ ਤਿਆਰ ਨਹੀਂ ਕੀਤੀ ਗਈ ।

ਸਰਦਾਰ ਸਰਵਣ ਸਿੰਘ : ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਫਲੌਰ ਦੇ ਨੇੜੇ ਇਕ ਨਵਾਂ ਸ਼ਹਿਰ ਵਸਾਉਣ ਦੀ ਸਕੀਮ ਬਣਾਈ ਸੀ ਅੰਰ ਚੀਫ ਮਨਿਸਟਰ ਸਾਹਿਬ ਨੇ ਉਸ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਵਣ ਸਿੰਘ]

ਬਾਰੇ 'ਹਾਂ' ਕੀਤੀ ਹੈ। ਸਪੀਕਰ ਸਾਹਿਬ, ਫਿਲੌਰ ਇਕ ਇਤਹਾਸਿਕ ਜਗਾਹ ਹੈ। ਮਹਾਰਾਜਾ ਰਣਜੀਤ ਸਿੰਘ ਜੀ ਨੇ ਉਥੇ ਲੋਕਾਂ ਨੂੰ ਸਾਫ ਸੁਥਰਾ ਰਾਜ ਪ੍ਰਬੰਧ ਦਿੱਤਾ ਸੀ। ਉਥੇ ਕਿਲਾ ਵੀ ਹੈ। ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਉਸ ਬਣਨ ਵਾਲੇ ਸ਼ਹਿਰ ਦੇ ਨਾਉਂ ਦਾ ਅਜੇ ਕੋਈ ਫੈਸਲਾ ਨਹੀਂ ਕੀਤਾ। ਸਪੀਕਰ ਸਾਹਿਬ, ਛੇਵੇਂ ਪਾਤਸ਼ਾਹ ਵੀ ਉਥੇ ਆਏ ਸਨ।

ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਸ ਸ਼ਹਿਰ ਦਾ ਨਾਉਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਉਂ ਤੇ ਰੱਖਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜੋ ਇਤਲਾਹ ਦਿੱਤੀ ਹੈ, ਉਹ ਇਹ ਹੀ ਹੈ ਕਿ ਉਸ ਦਾ ਅਜੇ ਕੋਈ ਨਾਉਂ ਨਹੀਂ ਰੱਖਿਆ ਗਿਆ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਫੈਸਲਾ ਕੀਤਾ ਸੀ ਕਿ ਉਨ੍ਹਾਂ ਦਾ ਦੋ ਸੌ ਸਾਲਾ ਜਨਮ ਦਿਨ ਸਰਕਾਰੀ ਲੈਵਲ ਤੇ ਮਨਾਇਆ ਜਾਵੇਗਾ। ਹਰ ਜ਼ਿਲ੍ਹਾ ਹੈਡ ਕੁਆਰਟਰਜ਼ ਉਪਰ ਮਹਾਰਾਜੇ ਦਾ ਬੁੱਤ ਲਾਇਆ ਜਾਵੇਗਾ। ਇਕ ਘੋੜ ਸਵਾਰ ਬੁਤ ਚੰਡੀਗੜ੍ਹ ਲਾਇਆ ਜਾਵੇਗਾ। ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਸ ਫੈਸਲੇ ਨੂੰ ਇੰਪਲੀਮੈਂਟ ਕਰਨਗੇ ?

ਸ਼੍ਰੀ ਸਪੀਕਰ : ਇਹ ਸਪਲੀਮੈਂਟਰੀ ਕੁਐਸਚਨ ਨਾਲ ਰਿਲੇਟ ਨਹੀਂ ਕਰਦੀ।

ਸਰਦਾਰ ਸਵਰਣ ਸਿੰਘ : ਸਪੀਕਰ ਸਾਹਿਬ, ਫਿਲੌਰ ਇਕ ਬਹੁਤ ਪੱਛੜਿਆ ਹੋਇਆ ਸ਼ਹਿਰ ਹੈ। ਇਕ ਪਾਸੇ ਤਾਂ ਸਤਲੁਜ ਦਰਿਆ ਹੈ ਅੌਰ ਦੂਸਰੇ ਪਾਸੇ ਜੰਗਲਾਤ ਹਨ, ਜਿਸ ਕਾਰਣ ਉਹ ਅੱਗੇ ਨਹੀਂ ਵੱਧ ਸਕਿਆ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਦੀ ਡਿਮਾਂਡ ਨੂੰ ਮੁੱਖ ਰੱਖਦੇ ਹੋਏ ਕੀ ਸਰਕਾਰ ਕੋਈ ਸਮਾਂ ਨੀਯਤ ਕਰਨ ਨੂੰ ਤਿਆਰ ਹੈ ਕਿ ਕਦੋਂ ਤਕ ਇਹ ਨਵੇਂ ਸ਼ਹਿਰ ਦਾ ਕੰਮ ਸ਼ੁਰੂ ਕਰ ਦੇਣਗੇ ?

ਮੁੱਖ ਮੰਤਰੀ : ਇਹ ਵਿਚਾਰ ਗੋਚਰੇ ਹੈ ਜੀ। ਜ਼ਮੀਨ ਵੇਖੀ ਜਾ ਰਹੀ ਹੈ ਕਿ ਕਿਤਨੀ ਸ਼ਹਿਰ ਵਸਾਉਣ ਵਾਸਤੇ ਚਾਹੀਦੀ ਹੈ ਅੌਰ ਜਿਹੜੀ ਉਥੇ ਗੌਰਮਿੰਟ ਦੀ ਜ਼ਮੀਨ ਪਈ ਹੈ, ਉਹ ਕਿਤਨੀ ਲਈ ਜਾ ਸਕਦੀ ਹੈ। ਇਹ ਸਾਰੀ ਚੀਜ਼ ਦੇਖ ਭਾਲ ਕਰਕੇ ਉਸ ਤੋਂ ਬਾਅਦ ਹੀ ਫੈਸਲਾ ਹੋਵੇਗਾ ਕਿ ਕੰਮ ਸ਼ੁਰੂ ਕਦੋਂ ਹੋ ਸਕਦਾ ਹੈ।

Examinations of Typists and Clerks

*158. **Sardar Sukhdev Singh Dhindsa**: Will the Chief Minister be pleased to state:—

(a) whether any examinations for the recruitment of typists and Clerks were held by the Subordinate Services Selection Board during the year 1978 and 1979 respectively;

(b) if reply to part (a) above be in the affirmative; whether the results thereof have since been declared; if not, the reasons therefor?

Original with;
Punjab Vidhan Sabha
Digitized by;
Panjab Digital Library

ਸਰਦਾਰ ਚਰਬਾਰਾ ਸਿੰਘ : (ੳ) ਹਾਂ ਜੀ।

(ਅ) ਨਹੀਂ ਜੀ। ਅਧੀਨ ਸੇਵਾਵਾਂ ਚੋਣ ਬੋਰਡ ਦੇ ਭੰਗ ਹੋਣ ਉਪ੍ਰੰਤ..... ਪੰਜਾਬੀ ਵਿਚ ਕੁਝ ਗਲਤ ਲਿਖਿਆ ਹੋਇਆ ਹੈ, ਜੇਕਰ ਕਹੋ ਤਾਂ ਮੈਂ ਅੰਗਰੇਜ਼ੀ ਵਿਚ ਜਵਾਬ ਪੜ੍ਹ ਦਿਆਂ।

(ਅਵਜ਼ਾਂ : ਪੜ੍ਹ ਦਿਓ ਜੀ)

(ਇਸ ਸਮੇਂ ਮਾਨਯੋਗ ਮੁੱਖ ਮੰਤਰੀ ਜੀ ਨੇ ਉਪ੍ਰੋਕਤ ਪ੍ਰਸ਼ਨ ਦਾ ਉੱਤਰ ਅੰਗਰੇਜ਼ੀ ਵਿੱਚ ਪੜ੍ਹਿਆ।)

(a) Yes Sir.

(b) No Sir. The Central Selection Committee, which was constituted after the abolition of the Subordiaate Services Selection Board, for recruitment to common categories of posts recommended that it was of the considered view that it would not be correct to make selection for these posts on the basis of tests already held by the defunct Board and the papers marked. This recommendation was accepted by the Government and it was decided to hold the tests afresh.

Mr. Speaker: Question Hour is over.

(Interruptions)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਸ ਸਵਾਲ ਤੇ ਇਕ ਸਪਲੀਮੈਂਟਰੀ ਜ਼ਰੂਰ ਕਰਨ ਦਿਓ ਜੀ।

ਸ਼੍ਰੀ ਸਪੀਕਰ : ਟਾਈਮ ਖਤਮ ਹੋ ਗਿਆ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਬੜਾ ਇੰਪਾਰਟੈਂਟ ਮਸਲਾ ਹੈ ਜੀ, ਸਿਰਫ ਇਕ ਸਪਲੀਮੈਂਟਰੀ ਅਲਾਓ ਕਰ ਦਿਓ।

(ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਸਾਨੂੰ ਕੋਈ ਇਤਰਾਜ਼ ਨਹੀਂ ਹੈ ਜੀ।)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਹ ਨੌਜ਼ਵਾਨਾਂ ਦੇ ਅਨਇੰਪਲਾਏਮੈਂਟ ਦਾ ਮਸਲਾ ਹੈ। ਸਪੀਕਰ ਸਾਹਿਬ, ਜਾਂ ਇਹ ਕਰ ਦਿਓ ਕਿ ਕਲ ਨੂੰ ਇਹ ਸਵਾਲ ਕੰਟੀਨਿਊ ਕਰੋਗੇ।.....

(ਇਸ ਸਮੇਂ ਕਈ ਮਾਨਯੋਗ ਮੈਂਬਰ ਖੜ੍ਹੇ ਹੋਏ)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਟਾਈਮ ਓਵਰ ਹੋ ਗਿਆ ਹੈ ਜੀ। ਇਸ ਤਰ੍ਹਾਂ ਸਪਲੀਮੈਂਟਰੀ ਨਹੀਂ ਹੋ ਸਕਦਾ। ਮੇਰੇ ਵੀ ਇਕ ਸਵਾਲ ਦਾ ਜਵਾਬ ਰਹਿ ਗਿਆ ਹੈ।... .. **(ਵਿਘਨ)**
(ਇਸ ਸਮੇਂ ਹ ਉੱਸ ਵਿਚ ਸ਼ੋਰ ਸੀ)

ਸ਼੍ਰੀ ਸਪੀਕਰ : ਢੀਂਡਸਾ ਸਾਹਿਬ, ਤੁਸੀਂ ਇਕ ਸਵਾਲ ਕਰ ਲਵੋ। ਸਾਰੇ ਮਾਨਯੋਗ ਮੈਂਬਰ ਬੈਠੋ। (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਕੁਐਸਚਨਜ਼ ਕੰਟੀਨਿਊ ਕਰੋ ਜੀ, ਸਾਰਾ ਹਾਉਸ ਚਾਹੁੰਦਾ ਹੈ। ਮੇਰਾ ਵੀ ਸਵਾਲ ਰਹਿ ਗਿਆ ਹੈ ਜੀ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਢੀਂਡਸਾ ਸਾਹਿਬ, ਤੁਸੀਂ ਸਪਲੀਮੈਂਟਰੀ ਪੁੱਛੋ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਇਹ ਨਵੀਂ ਰੀਤ ਨਾ ਪਾਓ ਜੀ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਹਾਂ ਜੀ, ਢੀਂਡਸਾ ਸਾਹਿਬ ਬੋਲੋ ਤੁਸੀਂ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਇਸ ਤਰ੍ਹਾਂ ਕਰਨਾ ਹੈ ਤਾਂ ਮੈਨੂੰ ਵੀ ਟਾਈਮ ਦਿਓ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਨਹੀਂ ਤਾਂ ਇਸ ਦੇ ਕਲ ਨੂੰ ਸਪਲੀਮੈਂਟਰੀਆਂ ਅਲਾਓ ਕਰ ਦੇਣਾ ਜੀ। ਇਸ ਵੇਲੇ ਤਾਂ, ਸਪੀਕਰ ਸਾਹਿਬ, ਇਹ ਗੱਲ ਹੀ ਨਹੀਂ ਕਰਨ ਦਿੰਦੇ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਕਹਿ ਰਹੇ ਸਨ ਕਿ ਸਾਨੂੰ ਵੀ ਟਾਈਮ ਦਿਓ)

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਾਡੇ ਸਵਾਲ ਰਹਿੰਦੇ ਹਨ ਜੀ। ਕੁਐਸਚਨ ਆਵਰ ਵਧਾ ਦਿਓ।

ਸ਼੍ਰੀ ਸਪੀਕਰ : ਢੀਂਡਸਾ ਸਾਹਿਬ, ਕਰੋ ਜੀ ਸਪਲੀਮੈਂਟਰੀ। ਮਾਨਯੋਗ ਮੈਂਬਰ ਸਾਹਿਬਾਨ ਪਲੀਜ਼ ਬੈਠ ਜਾਓ। It is my discretion.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਸੰਨ 1978 ਅਤੇ 1979 ਵਿਚ ਜੋ ਐਸ.ਐਸ.ਐਸ. ਬੋਰਡ ਨੇ ਟੈਸਟ ਲਏ ਉਨ੍ਹਾਂ ਬਾਰੇ ਸੈਂਟਰਲ ਸਿਲੈਕਸ਼ਨ ਕਮੇਟੀ ਜੋ ਬਣਾਈ ਗਈ ਸੀ, ਉਸ ਨੇ ਰਿਕੁਮੈਂਡ ਕਰ ਦਿੱਤਾ ਹੈ ਕਿ ਉਹ ਟੈਸਟ ਜਾਇਜ਼ ਨਹੀਂ ਹਨ ਅੌਰ ਨਵੇਂ ਟੈਸਟ ਲਏ ਜਾਣਗੇ। ਇਸ ਦੇ ਅੰਦਰ 10/15 ਹਜ਼ਾਰ ਬੇਰੁਜ਼ਗਾਰ ਨੌਜਵਾਨਾਂ ਦੇ ਭਵਿੱਖ ਦਾ ਸਬੰਧ ਹੈ। ਉਨ੍ਹਾਂ ਨੌਜਵਾਨਾਂ ਨੂੰ ਚੰਡੀਗੜ੍ਹ ਵਿਚ ਆਉਣ ਲਈ ਬਹੁਤ ਖਰਚਾ ਕਰਨਾ ਪਿਆ ਹੈ ਅੌਰ ਹੁਣ ਤਾਂ ਇੰਟਰਵਿਯੂਜ਼ ਹੀ ਉਨ੍ਹਾਂ ਦੀਆਂ ਹੋਣੀਆਂ ਬਾਕੀ ਰਹਿੰਦੀਆਂ ਹਨ। ਕੀ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਉਹ ਹਜ਼ਾਰਾਂ ਨੌਜਵਾਨਾਂ ਦੇ ਭਵਿੱਖ ਨੂੰ ਸਾਹਮਣੇ ਰਖਦੇ ਹੋਏ, ਇਹ ਹਾਊਸ ਨੂੰ ਅੈਨਸ਼ਿਅਰ ਕਰਾਉਣਗੇ ਕਿ ਉਹ ਇਸ ਫੈਸਲੇ ਨੂੰ ਦੁਬਾਰਾ ਰਿਵਿਯੂ ਕਰਕੇ ਜਿਨ੍ਹਾਂ ਦੇ ਟੈਸਟ ਲਏ ਗਏ ਹਨ ਅੌਰ ਜੋ ਪਾਸ ਕਰ ਗਏ ਹਨ ਉਨ੍ਹਾਂ ਨੂੰ ਹੀ ਇੰਟਰਵਿਯੂਜ਼ ਲਈ ਬਲਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜੋ ਜਵਾਬ ਦਿੱਤਾ ਹੈ ਜੀ, ਉਹ ਸੋਚ ਸਮਝ ਕੇ ਦਿੱਤਾ ਹੈ। ਪਹਿਲਾਂ 100 ਪੋਸਟਾਂ ਟਾਈਪਿਸਟਾਂ ਦੀਆਂ ਅੈਡਵਰਟਾਈਜ਼ ਕੀਤੀਆਂ ਸਨ ਐਸ.ਐਸ. ਬੋਰਡ ਨੇ ਅੌਰ ਇਹ 1978 ਵਿਚ ਡਿਮਾਂਡ ਅੱਗੇ ਵੱਧ ਗਈ...

ਮਾਸਟਰ ਬਾਬੂ ਸਿੰਘ : ਅੈਪਲੀਕੇਸ਼ਨਜ਼ ਕਿਤਨੀਆਂ ਆਈਆਂ ਸਨ, ਉਹ ਵੀ ਕਲੀਅਰ ਕਰ ਦਿਓ ਜੀ।

ਮੁੱਖ ਮੰਤਰੀ : ਤੁਸੀਂ ਤਾਂ ਸਵਾਲ ਨਹੀਂ ਕੀਤਾ। ਮੈਂ ਤਾਂ ਉਨ੍ਹਾਂ ਦੇ ਸਵਾਲ ਦਾ ਜਵਾਬ ਦੇ ਰਿਹਾ ਹਾਂ। ਸੋ, ਸਪੀਕਰ ਸਾਹਿਬ, ਅੈਡਵਰਟਾਈਜ਼ ਹੋਰ ਕੀਤੀ ਗਈ। ਉਸ ਦੇ ਬਾਅਦ ਬੋਰਡ ਨੇ

Original with;
Punjab Vidhan Sabha
Digitized by;
Panjab Digital Library

ਕੋਈ ਅੱਠ ਨੌਂ ਮਹੀਨੇ ਫੈਸਲਾ ਹੀ ਨਹੀਂ ਕੀਤਾ। ਇਸ ਤਰ੍ਹਾਂ ਹੀ ਜੂਨ, 1978 ਵਿਚ 500 ਪੋਸਟਾਂ ਕਲਰਕਾਂ ਦੀਆਂ ਐਡਵਰਟਾਈਜ਼ ਕੀਤੀਆਂ ਗਈਆਂ ਅੱਰ ਇਹ ਪਾਇਆ ਗਿਆ, ਕੰਪਲੇਂਟਸ ਵੀ ਆਈਆਂ ਕਿ ਮਾਸ ਕਾਪੀਇੰਗ ਐਗਜ਼ਾਮੀਨੇਸ਼ਨ ਵਿਚ ਹੋਈ ਹੈ। ਇਸ ਲਈ ਇਹ ਸਾਰੀਆਂ ਫੇ-ਲਿੰਗਜ਼ ਹੋਈਆਂ ਹਨ। ਇਸ ਲਈ ਸਾਰੀ ਚੀਜ਼ ਸੋਚ ਸਮਝ ਕੇ ਕੀਤੀ ਗਈ ਹੈ।

Mr. Speaker: Now the remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly)

(Interruptions)

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Shifting of a Grain Market/Vegetable Market outside the City of Phagwara

***176. Shri Piara Ram Dhanowalia:** Will the Minister for Agriculture and Forests be pleased to state whether there is any proposal under the consideration of Government to shift the grain market as well as the vegetable market outside the city of Phagwara; if so, the date by which that is proposed to be done?

ਸ਼੍ਰੀ ਕਾਂਸ਼ੀ ਰਾਮ : ਇਸ ਵੇਲੇ ਸਰਕਾਰ ਇਹੋ ਜਿਹੀ ਕਿਸੇ ਤਜਵੀਜ਼ ਤੇ ਵਿਚਾਰ ਨਹੀਂ ਕਰ ਰਹੀ ਹੈ ਜੀ।

Starred Question No. 134*

Mr. Speaker: Extension has been asked for in respect of Starred Question No. 134.

Scheme of Brick-lining the Water Courses of Tarn Taran, Patti and Amritsar by the Tarn Taran Division of the Punjab State Tube-well Corporation

***154. Sardar Major Singh Ubboke**
Jathedar Naranjan Singh
Comrade Darshan Singh Jhabal: } : Will the Minister for Irrigation be pleased to state whether any scheme for brick-lining the water-courses of Tarn Taran, Patti and Amritsar Tehsils has been implemented by the Tarn Taran Division of the Punjab State Tubewell Corporation; if so, the details of the work completed so far.

ਸਰਦਾਰ ਦਰਬਾਰਾ ਸਿੰਘ (ਮੁੱਖ ਮੰਤਰੀ) : ਨਹੀਂ ਜੀ।

Increase in the water level of Mussa and Uddat Branches

***159. Sardar Balwinder Singh Bhunder :** Will the Chief Minister be pleased to state whether the Government proposes to increase the water

---

*For Starred Question No. 134 and reply thereto, please *see* Appendix to this Debate.

Original with;
Punjab Vidhan Sabha
Digitized by;
Panjab Digital Library

[Sardar Balwinder Singh Bhunder]

level upto 3.5 cusec of Mussa and Uddat Branches distributaries of Mansa Division in Patiala Circle, if so, the time by which the same is likely to be done?

ਸਰਦਾਰ ਦਰਬਾਰਾ ਸਿੰਘ : ਹਾਂ ਜੀ ।

(2) ਪਾਣੀ ਵਿਚ ਵਾਧਾ ਉਸ ਵੇਲੇ ਲਾਗੂ ਕੀਤਾ ਜਾਵੇਗਾ ਜਦੋਂ ਕਿ ਹੈਡ ਰੈਗੂਲੇਟਰਾਂ ਦੀ ਰਿਮਾਡਲਿੰਗ ਅਤੇ ਲਾਈਨਿੰਗ ਮੁਕੰਮਲ ਹੋ ਜਾਵੇਗੀ ਜਿਹੜੀ ਕਿ ਸ਼ੁਰੂ ਕੀਤੀ ਜਾ ਚੁਕੀ ਹੈ ।

Soling of Approach Road

***144. Jathedar Gurbachan Singh**: Will the Chief Minister be pleased to state whether it is a fact that the soling of approach road from village Kundran to Duggan in block Sangrur was started about 2-1/2 years ago and it is still incomplete; if so, the time by which it is likely to be completed?

ਸਰਦਾਰ ਦਰਬਾਰਾ ਸਿੰਘ : ਜੀ ਹਾਂ । ਇਸ ਇੰਟਰ-ਲਿੰਕ ਸੜਕ ਦੀ ਉਸਾਰੀ ਇਹ ਸੋਚ ਕੇ ਸ਼ੁਰੂ ਕੀਤੀ ਗਈ ਸੀ ਕਿ ਇਸ ਦੀ ਉਸਾਰੀ ਲਈ ਲੋੜੀਂਦਾ ਧੰਨ ਮਾਰਕਿਟ ਕਮੇਟੀ ਸੰਗਰੂਰ ਦੇਵੇਗੀ । ਪਰੰਤੂ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਮਾਰਕਿਟ ਕਮੇਟੀ, ਸੰਗਰੂਰ ਸੜਕ ਦੀ ਉਸਾਰੀ ਲਈ 1.60 ਲੱਖ ਰੁਪਏ ਜਮ੍ਹਾਂ ਨਹੀਂ ਕਰਵਾ ਸਕੀ । ਇਸ ਅਧੂਰੀ ਇੰਟਰ-ਲਿੰਕ ਸੜਕ ਦੀ ਉਸਾਰੀ ਧੰਨ ਉਪਲਭਧ ਹੋਣ ਤੇ ਹੱਥ ਵਿਚ ਲਈ ਜਾਵੇਗੀ ।

Approach road from Village Nagla to Lehragaga

***145. Jathedar Gurbachan Singh :** Will the Chief Minister be pleased to state the time by which the approach road to village Nagla to Lehragaga in Block Lehragaga which has been lying incomplete for the last 2-1/2 years, is likely to be completed and reasons for keeping the road incomplete for such a long time?

ਸਰਦਾਰ ਦਰਬਾਰਾ ਸਿੰਘ : ਇਸ ਸੜਕ ਦੇ ਦੋ ਭਾਗ ਹਨ :—

(1) ਲਹਿਰਾਗਾਗਾ ਤੋਂ ਅਰਕਵਾਸ ।

(2) ਅਰਕਵਾਸ ਤੋਂ ਨਗਲਾ (ਨਗਲਾ) ।

ਨੰਬਰ 1 ਤੇ ਦੱਸੀ ਸੜਕ ਮੁਕੰਮਲ ਹੋ ਚੁਕੀ ਹੈ । ਨੰਬਰ 2 ਵਾਲੀ ਸੜਕ ਇੰਟਰ-ਲਿੰਕ ਸੜਕ ਹੈ । ਇਸ ਇੰਟਰ-ਲਿੰਕ ਸੜਕ ਦੀ ਉਸਾਰੀ ਇਹ ਸੋਚ ਕੇ ਸ਼ੁਰੂ ਕੀਤੀ ਗਈ ਸੀ ਕਿ ਇਸਦੀ ਉਸਾਰੀ ਲਈ ਲੋੜੀਂਦਾ ਧਨ ਮਾਰਕਿਟ ਕਮੇਟੀ ਲਹਿਰਾਗਾਗਾ ਦੇਵੇਗੀ । ਪਰੰਤੂ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਮਾਰਕਿਟ ਕਮੇਟੀ ਲਹਿਰਾਗਾਗਾ ਸੜਕ ਦੀ ਉਸਾਰੀ ਲਈ 3.10 ਲੱਖ ਰੁਪਿਆ ਜਮ੍ਹਾਂ ਨਹੀਂ ਕਰਵਾ ਸਕੀ । ਇਸ ਅਧੂਰੀ ਇੰਟਰ-ਲਿੰਕ ਸੜਕ ਉਸਾਰੀ ਧਨ ਉਪਲਭਧ ਹੋਣ ਤੇ ਹੱਥ ਵਿਚ ਲਈ ਜਾਵੇਗੀ ।

Soling work done on the Roads leading to certain Villages in Block Gandiwind District Amritsar

***155. Comrade Darshan Singh Jhabal :** Will the Chief Minister be pleased to state:—

(a) the date when the soling work was done on the roads leading to villages Dauke, Bharobhal Bhaini, Dhodiwind in Block Gandiwind, District Amritsar.

Original with;
Punjab Vidhan Sabha
Digitized by;
Panjab Digital Library

(b) whether the roads mentioned in part (a) above have been tarred uptil now; if not, the reasons therefor.

ਸਰਦਾਰ ਦਰਬਾਰਾ ਸਿੰਘ : (1) ਪਹੁੰਚ ਸੜਕ ਭੈਣੀ ਭੈਰੋਵਾਲ ਢਾਉਕੇ

ਇਸ ਸੜਕ ਦੀ ਕੁਲ ਲੰਬਾਈ 6.42 ਕਿ: ਮੀ: ਹੈ ਅਤੇ ਇਸ ਦੇ 5.50 ਕਿ: ਮੀ: ਤੇ ਸੋਲਿੰਗ ਦਾ ਕੰਮ 1/80 ਤੱਕ ਮੁਕੰਮਲ ਕਰ ਦਿਤਾ ਗਿਆ ਸੀ । ਬਾਕੀ 0.92 ਕਿ: ਮੀ: ਤੇ ਸੋਲਿੰਗ ਦਾ ਕੰਮ ਅਜੇ ਕਰਨਾ ਰਹਿੰਦਾ ਹੈ ।

(2) ਪਹੁੰਚ ਸੜਕ ਢੇਡੀਵਿੰਡ ।

(ਬੀ) ਇਸ ਸੜਕ ਤੇ ਸੋਲਿੰਗ ਦਾ ਕੰਮ 3/79 ਵਿਚ ਮੁਕੰਮਲ ਕਰ ਦਿੱਤਾ ਗਿਆ ਸੀ । ਨੰਬਰ 1 ਅਤੇ 2 ਤੇ ਦੱਸੀਆਂ ਸੜਕਾਂ ਤੇ ਲੁੱਕ ਪਾਉਣ ਦਾ ਕੰਮ ਬਿਚੁਮੈਨ ਅਤੇ ਫੰਡਜ਼ ਦੀ ਘਾਟ ਕਾਰਨ ਨਹੀਂ ਕੀਤਾ ਜਾ ਸਕਿਆ ।

Starred Question No. 217

Mr. Speaker : Extension has been asked for in respect of starred Question no. 217

D.O.No. 46 AQ-BRII(II)80

Darbara Singh,

Chief Minister, Punjab,
Chandigarh, the 17th
July, 1980

Dear Shri Brij Bhushan Mehra Ji,

The answer to starred Punjab Vidhan Sabha Question No. 217 appearing in the list of Questions for 18th July, 1980 (Morning Sitting) in the name of Prof. Darbari Lal, M.L.A. is not ready. The requisite information is being collected from the quarters concerned. I am, therefore, to request that time for answering this question may kindly be extended and this Question included in the list of Questions for any date after 29th July, 1980.

Yours sincerely,

(Sd. DARBARA SINGH)

Shri Brij Bhushan Mehra,
Speaker,
Punjab Vidhan Sabha,
Chandigarh.

ਰਾਜ ਵਿਚ ਸਰਹੱਦੀ ਪਿੰਡਾਂ ਦੇ ਵਸਨੀਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਇਕ ਕਮਿਸ਼ਨ ਦੀ ਸਥਾਪਨਾ

*156. **ਕਾਮਰੇਡ ਦਰਸ਼ਨ ਸਿੰਘ ਝਬਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਸਰਹੱਦੀ ਪਿੰਡਾਂ ਦੇ ਵਸਨੀਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਹਿਤ ਇੱਕ ਕਮਿਸ਼ਨ ਦੀ ਸਥਾਪਨਾ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ'; ਜੇਕਰ ਅਜਿਹਾ ਹੋਵੇ, ਤਾਂ ਉਹ ਕਿਸ ਤਰੀਕ ਨੂੰ ਕੰਮ ਕਾਰ ਸ਼ੁਰੂ ਕਰ ਦੇਵੇਗਾ।

ਸਰਦਾਰ ਦਰਬਾਰਾ ਸਿੰਘ : ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

UNSTARRED QUESTIONS AND ANSWERS

Non-Gazetted officials working against the various Gazetted posts in the offices of District Education Officers and Circle Education Officers in the State

8. **Sardar Atma Singh:** Will the Minister for Education be pleased to—

(a) lay on the Table of the House a list of Non-Gazetted officials working against the various Gazetted posts in the offices of District Education Officers and Circle Education Officers in the State alongwith the time since when they have been working as such and the reasons therefor;

(b) state the steps being taken to fill up the said Gazetted posts by appointing Gazetted Officers against them;

(c) state the details of the non-Gazetted officers outof those referred to in part (a) above who are on deputation together with the period since when they have been on deputation?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਸਟੇਟਮੈਂਟ ਹਾਊਸ ਦੇ ਟੇਬਲ ਤੇ ਰੱਖੀ ਜਾਂਦੀ ਹੈ।

(ਅ) ਮੰਗ ਪੱਤਰ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਭੇਜਿਆ ਜਾ ਰਿਹਾ ਹੈ।

(ਏ) ਕੋਈ ਨਹੀਂ

ਮੰਡਲ/ਜ਼ਿਲ੍ਹਾ ਸਿਖਿਆ ਅਫਸਰਾਂ ਦੇ ਦਫਤਰਾਂ ਵਿਚ ਪੀ.ਈ.ਐਸ.—2 ਦੀ ਖਾਲੀ ਆਸਾਮੀਆਂ ਵਿਰੁੱਧ ਪੀ.ਈ.ਐਸ–3 (ਨਾਨ-ਗਜ਼ਟਿਡ) ਕੰਮ ਕਰ ਰਹੇ ਕਰਮਚਾਰੀਆਂ ਦੀ ਸੂਚੀ।

ਲੜੀ ਨੰ:	ਜ਼ਿਲ੍ਹੇ ਦਾ ਨਾਂ	ਆਸਾਮੀਆਂ ਦਾ ਆਹੁਦਾ	ਕਲਾਸ–3 ਕਰਮਚਾਰੀ ਦਾ ਨਾਂ	ਵਰਤਮਾਨ ਆਸਾਮੀ ਤੇ ਨਿਯੁਕਤੀ ਦੀ ਮਿਤੀ
1	2	3	4	5
			ਸਰਵ ਸ਼੍ਰੀ—	
1	ਅੰਮ੍ਰਿਤਸਰ	ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ	ਮੰਗਤ ਰਾਮ ਵਧਵਾ	7–6–80
2	ਬਠਿੰਡਾ	,,	ਰਣਜੀਤ ਸਿੰਘ ਚਿਲੋਂ	12–8–78
3	ਫਰੀਦਕੋਟ	,,	ਗੁਰਚੇਵ ਸਿੰਘ	9–1–75
4	ਫਿਰੋਜ਼ਪੁਰ	,,	ਕਾਬਲ ਸਿੰਘ	10–5–76

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਜ਼ਿਲ੍ਹੇ ਦਾ ਨਾਂ	ਆਸਾਮੀਆਂ ਦਾ ਅਹੁਦਾ	ਕਲਾਸ-3 ਕਰਮਚਾਰੀ ਦਾ ਨਾਂ	ਵਰਤਮਾਨ ਆਸਾਮੀ ਤੇ ਨਿਯੁਕਤੀ ਦੀ ਮਿਤੀ
5	ਗੁਰਦਾਸਪੁਰ	ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ	ਜਗਦੀਸ਼ ਸਿੰਘ	12-7-78
6	ਹੁਸ਼ਿਆਰਪੁਰ	,,	ਅਵਤਾਰ ਸਿੰਘ	2-5-79
7	ਜਲੰਧਰ	,,	—	—
8	ਕਪੂਰਥਲਾ	,,	ਰਾਮ ਸਰੂਪ ਖੁਰਾਣਾ	28-8-78
9	ਪਟਿਆਲਾ	,,	ਧਰਮ ਪਾਲ	4-10-79
10	ਸੰਗਰੂਰ	,,	ਸਤੀਸ਼ ਕੁਮਾਰ ਖੁਰਾਣਾ	23-10-70
11	ਮੰਡਲ ਸਿਖਿਆ ਅਫਸਰ ਜਲੰਧਰ	ਉਪ ਮੰਡਲ ਸਿਖਿਆ ਅਫਸਰ (ਹੋਮ ਸਾਇੰਸ)	ਸ਼੍ਰੀਮਤੀ ਅਮਰਜੀਤ ਕੌਰ	11-5-76

Installation of Tube-wells at Villages Kandala and Garangan of Kharar Sub-Division

10. Comrade Saghar Singh: Will the Chief Minister be pleased to state whether the Public Health Department propose to instal Tube-wells in villages Kandala and Garangan of Kharar Sub-Division, Ropar District for supplying drinking water to the public; if so, the time by which these are likely to be installed?

ਸਰਦਾਰ ਦਰਬਾਰਾ ਸਿੰਘ : ਜੀ ਨਹੀਂ ।

Payment of Compensation to the Land Owners of Village Akkawali, tehsil Mansa

9. Sardar Parshotam Singh: Will the Chief Minister be pleased to state—

(a) whether any compensation for land and crops has since been given to the land owners of village Akkawali, Tehsil Mansa in lieu of their land acquired for the digging to Sirhind Drain which passes through the said village; if not, the reasons therefor and the time by which it is likely tobe paid to them?

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਤਿੰਨ ਜ਼ਿੰਮੀਦਾਰਾਂ ਅਤੇ ਇੱਕ ਪੰਚਾਇਤ ਨੂੰ ਇਲਾਵਾ । ਕੁੱਲ ਨਾ ਦੱਤੀ ਰਕਮ 1,458 ਰੁਪਏ 51 ਪੈਸੇ ਬਣਦੀ ਹੈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਸ/ਸ਼੍ਰੀ

(1) ਗੁਲੀਆ ਸਿੰਘ ਰੁਪਏ 195.26

(2) ਜੀਵਨ ਸਿੰਘ ਰੁਪਏ 195.26

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(3)	ਜੀਵਣ ਸਿੰਘ	ਰੁਪਏ 13·69
(4)	ਗਰਾਮ ਪੰਚਾਇਤ	ਰੁਪਏ 1,054·30
	ਜੋੜ	ਰੁਪਏ 1458·51

ਵੰਡੀ ਜਾਣ ਵਾਲੀ ਰਕਮ ਦੀ ਅਦਾਇਗੀ ਛੇਤੀ ਕਰ ਦਿੱਤੀ ਜਾਵੇਗੀ ।

Sardar Gurdarshan Singh: On a Point of Order. On a Point of Order, Speaker Sahib.

Comrade Raj Kumar: On a Point of Order.

Mr. Speaker: Comrade Raj Kumar on a Point of Order.

Comrade Raj Kumar: Speaker Sahib, kindly first decide whether Question Hour is over and the supplementaries are also over. After that I will make my point of order.

Mr. Speaker: Question Hour is over. The supplementaries are also over. You may raise your point of order.

Comrade Raj Kumar: Yesterday the Chief Minister assured the House that he would be making a Statement on the Hassanpur incident. I want to know whether he is making a statement in the House.

Mr. Speaker: The Chief Minister will make a statement in the House today after the Question Hour.

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਸਬੰਧ ਵਿਚ ਸਮਝਦਾ ਹਾਂ ਕਿ ਇਹ ਇਕ ਕਾਲ ਅਟੈਨਸ਼ਨ ਦੇ ਤੌਰ ਤੇ ਹੀ ਡੀਲ ਹੋਣੀ ਚਾਹੀਦੀ ਹੈ ।

(At this stage the Chief Minister rose to make a statement in the House).

Sardar Gurdarshan Singh : Sir, I am on a Point of Order.

Mr. Speaker : You may raise your Point of Order after the Chief Minister makes a statement.

Sardar Gurdarshan Singh : Sir, I am on a Point of Order. The Point of Order should come first. I have a right to be listened on a Point of Order.

Mr. Speaker : What is your Point of Order ?

(Interruptions)

ਸਰਦਾਰ ਗੁਰਦਰਸ਼ਨ ਸਿੰਘ : ਚੀਮਾ ਸਾਹਿਬ, ਤੁਸੀਂ ਬੈਠ ਜਾਓ । ਸਪੀਕਰ ਸਾਹਿਬ ਨੇ ਮੈਨੂੰ ਅਲਾਓ ਕਰ ਦਿੱਤਾ ਹੈ ।

(ਇਸ ਵੇਲੇ ਸੀ.ਪੀ.ਐਮ. ਦੇ ਸਾਰੇ ਮੈਂਬਰਜ਼ ਖੜੇ ਹੋਕੇ ਬੋਲ ਰਹੇ ਸਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ, ਇਹ ਕੋਈ ਰਿਕਾਰਡ ਨਹੀਂ ਕੀਤਾ ਜਾਵੇਗਾ । ਮੈਂ ਸਰਦਾਰ ਗੁਰਦਰਸ਼ਨ ਸਿੰਘ ਜੀ ਨੂੰ ਅਲਾਓ ਕੀਤਾ ਹੈ। ਤੁਸੀਂ ਸਾਰੇ ਬੈਠ ਜਾਓ। (ਵਿਘਨ)

ਕਾਮਰੇਡ ਸਰਵਣ ਸਿੰਘ ਚੀਮਾ : ਤੁਸੀਂ ਸਾਡੀ ਗਲ ਤਾਂ ਸੁਣੋ .....

ਸ਼੍ਰੀ ਸਪੀਕਰ : ਕਾਮਰੇਡ ਸਾਹਿਬ ਤੁਸੀਂ ਸਾਰੇ ਇਕੱਠੇ ਨਹੀਂ ਬੋਲ ਸਕਦੇ। (ਵਿਘਨ) ਮੈਨੂੰ ਅਫ਼ਸੋਸ ਹੈ ਕਿ ਤੁਸੀਂ ਬਗੈਰ ਇਜਾਜ਼ਤ ਦੇ ਬੋਲ ਰਹੇ ਹੋ। ਮੈਂ ਇਜਾਜ਼ਤ ਨਹੀਂ ਦਿੱਤੀ। ਤੁਸੀਂ ਸਾਰੇ ਬੈਠ ਜਾਓ। ਚੀਮਾ ਸਾਹਿਬ ਮੈਂ ਤੁਹਾਨੂੰ ਬਾਅਦ ਵਿਚ ਅਲਾਓ ਕਰਾਂਗਾ। (ਵਿਘਨ) ਜੇ ਇਸ ਤਰ੍ਹਾਂ ਕਰੋਗੇ ਤਾਂ ਮੈਂ ਇਜਾਜ਼ਤ ਨਹੀਂ ਦਿਆਂਗਾ।

ਸਰਦਾਰ ਗੁਰਦਰਸ਼ਨ ਸਿੰਘ : ਸਪੀਕਰ ਸਾਹਿਬ, ਤੁਸੀਂ ਕੁਐਸ਼ਚਨ ਆਵਰ 5 ਮਿੰਟ ਵਾਸਤੇ ਹੋਰ ਵਧਾ ਦਿੱਤਾ, ਇਹ ਬਿਲਕੁਲ ਠੀਕ ਗਲ ਨਹੀਂ ਕੀਤੀ। ਜੇ ਬਹੁਤ ਜ਼ਰੂਰੀ ਕੋਈ ਕੁਐਸ਼ਚਨ ਹੋਵੇ ਤਾਂ ਤੁਸੀਂ ਉਸ ਤੇ ਅਗਲੇ ਦਿਨ ਵਾਸਤੇ ਸਪਲੀਮੈਂਟਰੀ ਅਲਾਓ ਕਰ ਸਕਦੇ ਹੋ। ਇਹ ਜਿਹੜੀ ਪਰੰਪਰਾ ਪਾਈ ਹੈ, ਇਹ ਬਿਲਕੁਲ ਗ਼ਲਤ ਹੈ। ਤੁਹਾਨੂੰ ਕੁਐਸ਼ਚਨ ਆਵਰ ਵਧਾਉਣ ਦੀ ਕੋਈ ਪਾਵਰ ਨਹੀਂ। ਅਗਰ ਇਹ ਪਰੰਪਰਾ ਸ਼ੁਰੂ ਹੋ ਗਈ ਤਾਂ ਇਥੇ 2-2 ਘੰਟੇ ਹਾਊਸ ਦਾ ਕੁਐ-ਸ਼ਚਨ ਆਵਰ ਚਲਦਾ ਰਹੇਗਾ ; ਇਹ ਗਲਤ ਰੂਲਿੰਗ ਹੈ, ਇਸ ਨੂੰ ਰਿਵਾਇਜ਼ ਕਰੋ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੇਰੇ ਹਲਕੇ ਦਾ ਇਕ ਪਿੰਡ ਭੈਣੀ ਹੈ ਉਥੇ ਦਾ ਸਰਦਾਰ ਮੱਖਣ ਸਿੰਘ, ਪੁੱਤਰ ਗਿਆਨ ਸਿੰਘ ਜਿਹੜਾ ਕਿ ਸਤਲੁਜ ਦਰਿਆ ਤੇ ਕੰਮ ਕਰ ਰਿਹਾ ਸੀ, ਉਹ 34 ਸਾਲ ਦਾ ਨੌਜਵਾਨ ਸੀ, ਪਰ ਉਹ 15 ਤਾਰੀਖ ਨੂੰ ਪਾਣੀ ਵਿਚ ਰੁੜ ਗਿਆ ਅਤੇ ਉਸ ਦਾ ਕੋਈ ਪਤਾ ਨਹੀਂ ਲਗਾ। 25 ਕਿਲੋਮੀਟਰ ਤੇ ਸੰਗੋਵਾਲ ਪਿਡ ਦੇ ਨੇੜੇ ਉਸ ਦੀ ਲਾਸ਼ ਲੱਭੀ ਹੈ। ਪਰ ਅੱਜੇ ਤਕ ਪੁਲਿਸ ਵਾਲਿਆਂ ਨੇ ਰਿਪੋਰਟ ਨਹੀਂ ਲਿਖੀ। ਸਾਰੇ ਹਲਕੇ ਵਿਚ ਹਾਹਾਕਾਰ ਮੱਚੀ ਹੋਈ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਦੇ ਘਰ ਵਾਲਿਆਂ ਨੂੰ ਕੋਈ ਮੁਆਵਜ਼ਾ ਦੇਣਗੇ ਕਿਉਂਕਿ ਉਹ ਡਿਊਟੀ ਕਰਦੇ ਹੋਏ ਮਰਿਆ ਹੈ ?

ਸ਼੍ਰੀ ਸਪੀਕਰ : ਇਸ ਵਿਚ ਪੁਆਇੰਟ ਆਫ਼ ਆਰਡਰ ਕੀ ਹੈ। ਇਹ ਤੁਸੀਂ ਲਿਖ ਕੇ ਦੇ ਸਕਦੇ ਹੋ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ** ** **

ਸ਼੍ਰੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਤਾਂ ਨਹੀਂ। ਕਾਲ ਅਟੈਨਸ਼ਨ ਦੇ ਦਿਓ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਤੁਸੀਂ ਸੁਣ ਲਓ। ਇਹ ਜਾਇਜ਼ ਪੁਆਇੰਟ ਆਫ਼ ਆਰਡਰ ਹੈ।

ਸ਼੍ਰੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਮੇਰੇ ਹਲਕੇ ਵਿਚ ਸਾਰੀਆਂ ਫਸਲਾਂ ਤਬਾਹ ਹੋ ਗਈਆਂ ਹਨ ਅਤੇ ਸੜਕਾਂ ਤੇ ਪਾਣੀ ਖੜਾ ਹੈ। ਲੋਕਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। (ਵਿਘਨ) ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਅੱਜ ਦੀ ਜਿਹੜੀ ਡਬਲ ਸ਼ੀਟਿੰਗ ਹੈ, ਇਸ ਨੂੰ ਮੁਲਤਵੀ ਕਰ

**Expunged as ordered by the Chair.

Original with;
Punjab Vidhan Sabha
Digitized by:
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਦਿੱਤਾ ਜਾਵੇ ਕਿ ਅਸੀਂ ਆਪਣੇ ਹਲਕਿਆਂ ਵਿਚ ਜਾ ਕੇ ਮੌਕੇ ਤੇ ਉਨ੍ਹਾਂ ਦੀ ਖਬਰ ਲੈ ਸਕੀਏ। ਅੱਜ ਦਾ ਸੈਸ਼ਨ ਸਿੰਗਲ ਕਰ ਦਿਓ ਤਾਕਿ ਅਸੀਂ ਉਥੇ ਜਾ ਸਕੀਏ। ਦੋ ਬੰਦੇ ਪਾਣੀ ਵਿਚ ਡੁਬਕੇ ਮਰ ਗਏ, ਚਾਰਾ ਸਾਰਾ ਖਰਾਬ ਹੋ ਗਿਆ, ਧਸੂ ਰੁੜ੍ਹ ਗਏ, ਪੁੱਲ ਟੁੱਟ ਗਏ, ਸੜਕਾਂ ਟੁੱਟ ਗਈਆਂ ਅਤੇ ਬੀਜੀਆਂ ਫਸਲਾਂ ਖਰਾਬ ਹੋ ਗਈਆਂ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਇਸ ਸੈਸ਼ਨ ਵਿਚ 6 ਕਾਲ ਅਟੈਨਸ਼ਨ ਮੋਸ਼ਨਜ਼ ਦਿੱਤੀਆਂ ਹਨ, ਪਰ ਤੁਸੀਂ ਸਾਰੀਆਂ ਹੀ ਰੱਦ ਕਰ ਦਿੱਤੀਆਂ ਹਨ। ਮੇਰੇ ਕਪੂਰਥਲੇ ਜ਼ਿਲ੍ਹੇ ਵਿਚ ਇਤਨੇ ਹੜ੍ਹ ਆਏ ਹਨ ਔਰ ਉਥੇ ਹੜ੍ਹਾਂ ਨਾਲ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ। 30 ਹਜ਼ਾਰ ਏਕੜ ਦੇ ਕਰੀਬ ਰਕਬਾ ਪਾਣੀ ਵਿੱਚ ਡੁਬਿਆ ਪਿਆ ਹੈ। 6 ਲਾਸ਼ਾਂ ਪਾਣੀ ਵਿੱਚ ਰੜ੍ਹ ਗਈਆਂ ਹਨ। ਕਰੀਬ 100 ਪਿੰਡਾਂ ਵਿਚ ਪਾਣੀ ਭਰ ਗਿਆ ਹੈ। ਮੈਂ ਬੇਨਤੀ ਕਰਾਂਗਾ ਕਿ ਮੁੱਖ ਮੰਤਰੀ ਸਾਹਿਬ ਹਾਊਸ ਵਿਚ ਐਲਾਨ ਕਰਨ ਕਿ ਉਨ੍ਹਾਂ ਨੇ ਕਪੂਰਥਲੇ ਵਿਚ ਹੜ੍ਹਾਂ ਤੋਂ ਬਚਾਉਣ ਲਈ ਕੀ ਪ੍ਰਬੰਧ ਕਰ ਲਏ ਹਨ ? (ਵਿਘਨ)

ਸ਼੍ਰੀ ਸਪੀਕਰ : ਮੈਨੂੰ ਇਸ ਦਾ ਜਵਾਬ ਦੇ ਲੈਣ ਦਿਓ। (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਸਰਦਾਰ ਗੁਰਦਰਸ਼ਨ ਸਿੰਘ ਨੇ ਜੋ ਕੁਝ ਕਿਹਾ ਹੈ, ਉਸ ਸਬੰਧ ਵਿਚ ਬੇਨਤੀ ਇਹ ਹੈ ਕਿ ਪਾਰਲੀਆਮੈਂਟਰੀ ਪ੍ਰੈਕਟਿਸ ਦੇ ਮੁਤਾਬਿਕ ਸਪੀਕਰ ਸਾਹਿਬ ਅਗਰ ਚਾਹੁਣ ਤਾਂ ਸਪਲੀਮੈਂਟਰੀ ਦਾ ਜਵਾਬ ਦੇਣ ਲਈ ਕੁਐਸਚਨ ਆਵਰ ਦਾ ਟਾਈਮ ਵਧਾ ਸਕਦੇ ਹਨ।

ਸ਼੍ਰੀ ਸਪੀਕਰ : ਮੈਨੂੰ ਪਤਾ ਹੈ। ਜੋ ਕਾਲ ਅਟੈਨਸ਼ਨ ਦਾ ਜ਼ਿਕਰ ਕੀਤਾ ਗਿਆ ਹੈ, ਮੈਂ ਦਸਦਾ ਹਾਂ ਕਿ ਇਸ ਸਬੰਧ ਵਿਚ ਸਰਦਾਰ ਬੇਅੰਤ ਸਿੰਘ ਜੀ ਰੈਵੇਨਿਊ ਮਨਿਸਟਰ ਦੋ ਸਟੇਟਮੈਂਟਾਂ ਦੇ ਚੁੱਕੇ ਹਨ। ਉਥੇ ਜੋ ਨੁਕਸਾਨ ਹੋ ਰਿਹਾ ਹੈ, ਉਸ ਵਾਸਤੇ ਪ੍ਰਬੰਧ ਕੀਤੇ ਗਏ ਹਨ। ਉਥੋਂ ਦੇ ਡੀ.ਸੀ. ਨੂੰ ਅਲਰਟ ਕਰ ਦਿੱਤਾ ਗਿਆ ਹੈ। ਇਸ ਕਰਕੇ ਕਾਲ ਅਟੈਨਸ਼ਨ ਐਡਮਿਟ ਨਹੀਂ ਹੋ ਸਕੀ।

ਸਰਦਾਰ ਗੁਰਦਰਸ਼ਨ ਸਿੰਘ : ਸਪੀਕਰ ਸਾਹਿਬ, ਤੁਸੀਂ ਮੇਰੇ ਪੁਆਇੰਟ ਆਫ਼ ਆਰਡਰ ਨੂੰ ਓਵਰ ਰੂਲ ਕਰ ਦਿੱਤਾ ਹੈ ਜਾਂ ਅਸੈਪਟ ਕੀਤਾ ਹੈ।

ਸ਼੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਗਲ ਕਰ ਲਵਾਂਗੇ।

OBITUARY REFERENCE

ਵੈਦ ਕਰਤਾਰ ਸਿੰਘ : ਮੈਂ ਆਪ ਦੀ ਮਾਰਫ਼ਤ ਚੀਫ਼ ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਲ੍ਹ ਇਥੇ ਇਕ ਸ਼ੋਕ ਮੱਤਾ ਪੇਸ਼ ਹੋਇਆ ਸੀ। ਪਰ ਉਸ ਤੋਂ ਇਲਾਵਾ ਵੀ ਕਈ ਹੋਰ ਵਿਅਕਤੀ ਹਨ, ਜਿਨ੍ਹਾਂ ਦੀ ਮੌਤ ਹੋ ਗਈ ਹੈ। ਸਪੀਕਰ ਸਾਹਿਬ ਸ਼੍ਰੀ, ਮੰਗੂ ਰਾਮ ਜੀ ਹਾਊਸ ਦੇ ਮੈਂਬਰ ਰਹੇ ਹਨ । ਪਰ ਜਦੋਂ ਆਬੀਚੁਅਰੀ ਰੈਫਰੈਂਸਿੱਜ਼ ਹੋਏ ਤਾਂ ਸ਼੍ਰੀ ਮੰਗੂ ਰਾਮ ਜੀ ਦਾ ਸ਼ੋਕ ਦਾ ਮਤਾ ਨਹੀਂ ਲਿਆਂਦਾ ਗਿਆ। ਮੈਂ ਮੁੱਖ ਮੰਤਰੀ ਜੀ ਤੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਦੇ ਪ੍ਰਤੀ ਵੀ ਸ਼ੋਕ ਦਾ ਮਤਾ ਲਿਆਉਣਾ ਚਾਹੀਦਾ ਸੀ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਇਸ ਬਾਰੇ ਹਾਊਸ ਦੇ ਮੈਂਬਰਾਂ ਨੇ ਪਹਿਲਾਂ ਕਦੇ ਵੀ ਮੇਰੇ ਨੋਟਿਸ ਵਿਚ ਨਹੀਂ ਲਿਆਂਦਾ। ਜੇਕਰ ਮੇਰੇ ਨੋਟਿਸ ਵਿਚ ਇਹ ਚੀਜ਼ ਆ ਜਾਂਦੀ ਤਾਂ ਮੈਂ ਜ਼ਰੂਰ ਪਹਿਲਾਂ ਹੀ ਸ਼੍ਰੀ ਮੰਗੂ ਰਾਮ ਜੀ ਬਾਰੇ ਸ਼ੋਕ ਦਾ ਮਤਾ ਲਿਆਂਦਾ। ਸ਼੍ਰੀ ਮੰਗੂ ਰਾਮ ਜੀ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸੀ। ਉਨ੍ਹਾਂ ਨੇ ਹਰੀਜਨਾਂ ਵਾਸਤੇ ਬਹੁਤ ਚੰਗੇ ਕੰਮ ਕੀਤੇ ਹਨ ਅਤੇ ਜਨਰਲ ਤੌਰ ਤੇ ਵੀ ਚੰਗੇ ਕੰਮ ਕੀਤੇ ਹਨ। ਹਰੀਜਨਾਂ ਦੇ ਵਿਚਕਾਰ ਉਹ ਬਹੁਤ ਹਰਮਨ ਪਿਆਰੇ ਸਨ। ਇਸ ਲਈ ਮੈਂ ਹੁਣ ਉਸ ਸ਼ੋਕ ਮਤੇ ਵਿਚ ਸ਼ਾਮਲ ਹੁੰਦਾ ਹਾਂ , ਪਰ ਅਫਸੋਸ ਹੈ ਕਿ ਪਹਿਲਾਂ ਮੇਰੇ ਨੋਟਿਸ ਵਿਚ ਇਹ ਗੱਲ ਨਹੀਂ ਲਿਆਂਦੀ ਗਈ ਸੀ । ਇਸ ਲਈ, ਸਪੀਕਰ ਸਾਹਿਬ, ਹੁਣ ਸਾਰੇ ਹਾਊਸ ਵਲੋਂ ਸ਼ੋਕ ਦਾ ਮਤਾ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿੱਤਾ ਜਾਵੇ।

ਵੈਦ ਕਰਤਾਰ ਸਿੰਘ (ਮਾਹਿਲਪੁਰ, ਐਸ.ਸੀ.) : ਸਪੀਕਰ ਸਾਹਿਬ, ਸ਼੍ਰੀ ਮੰਗੂ ਰਾਮ ਜੀ ਹਰੀਜਨ ਘਰਾਣੇ ਦੇ ਨਾਲ ਸਬੰਧ ਰਖਦੇ ਸਨ। 1940 ਵਿਚ ਉਹ ਅਮਰੀਕਾ ਗਏ। ਅਮਰੀਕਾ ਤੋਂ ਵਾਪਸ ਆ ਕੇ ਉਨ੍ਹਾਂ ਨੇ ਹਰੀਜਨਾਂ ਦਾ ਬੜਾ ਸੁਧਾਰ ਕੀਤਾ। ਪਹਿਲਾਂ ਹਰੀਜਨਾਂ ਦੇ ਬੱਚਿਆਂ ਨੂੰ ਸਕੂਲ ਵਿਚ ਦਾਖਲਾ ਨਹੀਂ ਸੀ ਮਿਲਦਾ ਅਤੇ ਕੋਈ ਹਰੀਜਨ ਨੂੰ ਖੂਹਾਂ ਤੇ ਨਹੀਂ ਸੀ ਜਾਣ ਦਿੰਦਾ। ਇਸ ਬਾਰੇ ਸ਼੍ਰੀ ਮੰਗੂ ਰਾਮ ਜੀ ਨੇ ਬੜੀ ਜੱਦੋ-ਜਹਿਦ ਕੀਤੀ। ਉਨ੍ਹਾਂ ਦੇ ਨਾਂ ਤੇ ਇਕ ਦਾਸ ਹਾਈ ਸਕੂਲ ਵੀ ਚਲ ਰਿਹਾ ਹੈ, ਜੋ ਕਿ ਜਲੰਧਰ ਵਿਚ ਹੈ। (ਖੰਪਿੰਗ) ਉਨ੍ਹਾਂ ਨੇ ਸਕੂਲਾਂ ਵਿਚ ਹਰੀਜਨ ਭਲਾਈ ਲਈ ਬਹੁਤ ਕੰਮ ਕੀਤੇ ਹਨ। ਉਹ ਇਸ ਹਾਊਸ ਦੇ ਮੈਂਬਰ ਵੀ ਰਹੇ ਹਨ। ਉਨ੍ਹਾਂ ਨੇ ਦੇਸ਼ ਦੀ ਬਹੁਤ ਸੇਵਾ ਕੀਤੀ ਹੈ। ਇਸ ਲਈ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਜੋ ਸੀ.ਐਮ. ਸਾਹਿਬ ਨੇ ਸ਼ੋਕ ਦਾ ਮਤਾ ਪੇਸ਼ ਕੀਤਾ ਹੈ, ਉਸ ਵਿਚ ਸ਼ਾਮਲ ਹੁੰਦਾ ਹਾਂ।

ਸ਼੍ਰੀ ਸਪੀਕਰ : ਮੈਂ ਵੀ ਇਸ ਸ਼ੋਕ ਮਤੇ ਵਿਚ ਸ਼ਾਮਲ ਹੁੰਦਾ ਹਾਂ। ਮੈਂ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਤੁਸੀਂ ਵੀ ਦੋ ਮਿੰਟ ਲਈ ਮੌਣ ਰੱਖਣ ਲਈ ਖੜ੍ਹੇ ਹੋ ਜਾਵੋ । (ਇਸ ਵੇਲੇ ਦੋ ਮਿੰਟਾਂ ਲਈ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਖੜੇ ਹੋ ਗਏ)

STATEMENT BY THE CHIEF MINISTER

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਨੋਟਿਸ ਨੰਬਰ 70, ਜੋ ਕਿ ਕਾਮਰੇਡ ਰਾਜ ਕੁਮਾਰ ਜੀ ਵਲੋਂ ਹੈ, ਉਸ ਬਾਰੇ ਸਟੇਟਮੈਂਟ ਦੇਣਾ ਚਾਹੁੰਦਾ ਹਾਂ । ਉਕਤ ਵਾਕਿਆ ਦੇ ਹਾਲਾਤ ਇਸ ਪ੍ਰਕਾਰ ਹਨ ਕਿ ਸ਼੍ਰੀਮਤੀ ਧੰਨੋ ਪਤਨੀ ਅਮਰੂ (ਹਰੀਜਨ) ਵਾਸੀ ਹਸਨਪੁਰ ਦੇ ਸਰਦਾਰ ਭਾਗ ਸਿੰਘ ਪੁਤਰ ਬਲਵੰਤ ਸਿੰਘ ਜੱਟ ਵਾਸੀ ਹਸਨਪੁਰ ਨਾਲ ਨਜਾਇਜ਼ ਤੁਅੱਲਕਾਤ ਸਨ । ਇਸ ਬਾਰੇ ਸ਼੍ਰੀ ਬਚਨ ਸਿੰਘ ਅਤੇ ਸ਼ਮੀਰ ਸਿੰਘ ਜੋ ਕਿ ਅਮਰੂ ਦੇ ਭਰਾ ਹਨ, ਨੇ ਇਤਰਾਜ਼ ਕੀਤਾ । ਅਜਿਹਾ ਹੀ ਜ਼ੋਰਾ ਸਿੰਘ, ਸੁਚਾ ਸਿੰਘ ਅਤੇ ਨਿਰਮਲ ਸਿੰਘ ਜੋ ਕਿ ਅਮਰੂ ਦੇ ਭਤੀਜੇ ਹਨ ਨੇ ਵੀ ਕੀਤਾ । 10 ਮਾਰਚ, 1980 ਨੂੰ ਉਕਤ ਭਾਗ ਸਿੰਘ ਜਿਸ ਨੇ ਕਿ ਸ਼ਰਾਬ ਪੀਤੀ ਹੋਈ ਸੀ ਸੁਚਾ ਸਿੰਘ ਦੇ ਘਰ ਵਿਚ ਦਾਖਲ ਹੋਇਆ । ਜਿਥੇ ਕਿ ਉਸ ਨੂੰ ਕਾਬੂ ਕਰ ਕੇ ਸੁਚਾ ਸਿੰਘ ਅਤੇ ਜ਼ੋਰਾ ਸਿੰਘ ਵੱਲੋਂ ਕੁਟਿਆ ਗਿਆ। ਬਾਅਦ ਵਿਚ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ ਗਿਆ । ਪੁਲਿਸ ਨੇ ਉਸ ਦੇ ਵਿਰੁਧ 107/151 ਧਾਰਾ ਸੀ. ਆਰ. ਪੀ. ਸੀ. ਤਹਿਤ ਕਾਰਵਾਈ ਕੀਤੀ, ਪਰ ਪਰਾਰਥੀਆਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ । ਜ਼ੋਰਾ ਸਿੰਘ ਪੁਤਰ ਬਚਨ ਸਿੰਘ ਦਾ ਦਰਖਾਸਤ ਤੇ ਡੀ. ਐਸ. ਪੀ. ਦਿਹਾਤੀ ਦੀ ਇਨਕੁਆਇਰੀ ਤੋਂ ਬਾਦ ਸ਼੍ਰੀਮਤੀ ਧੰਨੋ ਅਤੇ ਸ਼੍ਰੀ ਭਾਗ ਸਿੰਘ ਦੇ ਹਿਸਟਰੀ ਸ਼ੀਟ ਖੋਲ੍ਹ ਦਿਤੇ ਗਏ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮਿਤੀ 10 ਜੂਨ, 1980 ਨੂੰ ਜ਼ੋਰਾ ਸਿੰਘ, ਸੁਚਾ ਸਿੰਘ ਅਤੇ ਬਚਨ ਸਿੰਘ ਨੇ ਸਰਦਾਰ ਮਹਿੰਦਰ ਸਿੰਘ, ਜੋ ਕਿ ਭਾਗ ਸਿੰਘ ਦਾ ਚਾਚਾ ਹੈ, ਜਦੋਂ ਬਾਹਰ ਖੇਤਾਂ ਨੂੰ ਹਰੀਜਨਾਂ ਦੇ ਘਰਾਂ ਅਗੋਂ ਜਾ ਰਿਹਾ ਸੀ ਤਾਂ ਉਸ ਨੂੰ ਕੁਟਿਆ । ਇਸ ਤੇ ਪੁਲਿਸ ਨੇ ਇਨ੍ਹਾਂ ਤਿੰਨਾਂ ਹਰੀਜਨਾਂ ਦੋਸ਼ੀਆਂ ਦੇ ਵਿਰੁਧ ਧਾਰਾ 107/151 ਸੀ. ਆਰ. ਪੀ. ਸੀ. ਅਧੀਨ ਕਾਰਵਾਈ ਕੀਤੀ । ਜ਼ੋਰਾ ਸਿੰਘ, ਸੁੱਚਾ ਸਿੰਘ ਅਤੇ ਨਿਰਮਲ ਸਿੰਘ, ਨਗਾਰਾ ਪਾਲਕਾ, ਪਟਿਆਲਾ ਵਿਚ ਮੁਲਾਜ਼ਮ ਹਨ ਅਤੇ ਉਨ੍ਹਾਂ ਦਾ ਮੇਲ ਮਿਲਾਪ ਸੀ. ਪੀ. ਐਮ. ਪਾਰਟੀ ਨਾਲ ਹੈ । ਸੀ. ਪੀ. ਐਮ. ਦੇ ਲੀਡਰਾਂ ਨੇ ਇੱਕ "ਜਬਰ ਵਿਰੁਧ ਕਮੇਟੀ" ਕਾਇਮ ਕੀਤੀ ਸੀ। ਇਸ ਕਮੇਟੀ ਨੇ ਇਸ ਸਬੰਧੀ ਪੰਜਾਬੀ ਵਿਚ ਇਸ਼ਤਿਹਾਰ ਵੀ ਛਪਵਾਏ ਤੇ ਜਿਨ੍ਹਾਂ ਵਿਚ ਭਾਗ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਿਰੁਧ ਹਤਕ ਭਰੇ ਸ਼ਬਦਾਂ ਦਾ ਪ੍ਰਯੋਗ ਕੀਤਾ । ਇਸ ਜਬਰ-ਵਿਰੁਧ ਕਮੇਟੀ ਨੇ ਮਿਤੀ 5 ਜੁਲਾਈ, 1980 ਨੂੰ ਪਿੰਡ ਵਿਚ ਮੀਟਿੰਗ ਬੁਲਾਈ, ਜਿਸ ਵਿਚ 25/30 ਬੰਦਿਆਂ ਨੇ ਭਾਗ ਲਿਆ । ਇਸ ਮੀਟਿੰਗ ਵਿੱਚ ਜਦੋਂ ਉਨ੍ਹਾਂ ਨੇ ਭਾਸ਼ਣ ਦੇਣੇ ਸ਼ੁਰੂ ਕੀਤੇ ਤਾਂ ਭਾਗ ਸਿੰਘ ਗਰੁਪ ਨੂੰ ਤੈਸ਼ ਆ ਗਿਆ ਕਿਉਂ ਜੋ ਭਾਸ਼ਣ ਵਿਚ ਜ਼ਿਮੀਦਾਰਾਂ ਦੀ ਸ਼ਾਨ ਦੇ ਵਿਰੁਧ ਸ਼ਬਦ ਵਰਤੇ ਗਏ । ਭਾਗ ਸਿੰਘ ਗਰੁਪ ਦੇ 25/30 ਬੰਦੇ ਮੀਟਿੰਗ ਵਾਲੀ ਥਾਂ ਤੇ ਆ ਗਏ ਅਤੇ ਮੀਟਿੰਗ ਕਰਨ ਵਾਲਿਆਂ ਤੇ ਹਮਲਾ ਕਰ ਦਿਤਾ । ਉਨ੍ਹਾਂ ਕੋਲ ਲਾਠੀਆਂ ਅਤੇ ਗੰਡਾਸੇ ਆਦਿ ਸਨ । ਇਨ੍ਹਾਂ ਨੇ ਹਰੀਜਨਾਂ ਦਾ ਉਨ੍ਹਾਂ ਦੇ ਘਰਾਂ ਤੱਕ ਪਿਛਾ ਕੀਤਾ । ਪ੍ਰੀਤਮ ਸਿੰਘ ਹਰੀਜਨ ਦੇ ਦਰਵਾਜ਼ੇ ਅਤੇ ਰੋਸ਼ਨਦਾਨ ਭੰਨ ਦਿਤੇ । ਮੀਟਿੰਗ ਦਾ ਸ਼ਾਮਿਆਨਾ ਅਤੇ ਲਾਊਡ ਸਪੀਕਰ ਆਦਿ ਨੂੰ ਵੀ ਨੁਕਸਾਨ ਪਹੁੰਚਾਇਆ। ਇਸ ਝਗੜੇ ਦੇ ਦੌਰਾਨ ਹਰੀਜਨ ਪਾਰਟੀ ਦੇ ਤਿੰਨ ਬੰਦਿਆਂ ਸ/ਸ਼੍ਰੀ ਸ਼ਮੀਰ ਸਿੰਘ, ਭਜਨ ਸਿੰਘ ਚੌਕੀਦਾਰ ਅਤੇ ਕਾਮਰੇਡ ਰਘਬੀਰ ਸਿੰਘ ਰਾਣਾ ਅਤੇ ਭਾਗ ਸਿੰਘ ਪਾਰਟੀ ਦੇ ਵੀ ਤਿੰਨ ਬੰਦਿਆਂ ਸਰਦਾਰ ਲਾਭ ਸਿੰਘ, ਸੁਖਦੇਵ ਸਿੰਘ ਅਤੇ ਭਾਗ ਸਿੰਘ ਦੇ ਮਾਮੂਲੀ ਚੋਟਾਂ ਆਈਆਂ । ਇਸ ਸਬੰਧ ਵਿਚ ਜ਼ੋਰਾ ਸਿੰਘ ਦੀ ਸ਼ਿਕਾਇਤ ਤੇ 19 ਆਦਮੀਆਂ ਵਿਰੁਧ ਮੁਕਦਮਾ ਨੰਬਰ 174 ਮਿਤੀ 5 ਜੁਲਾਈ, 1980 ਅਧੀਨ ਧਾਰਾ 342/325/148/149/427 ਆਈ. ਪੀ. ਸੀ. ਥਾਣਾ ਸਦਰ, ਪਟਿਆਲਾ, ਵਿਚ ਦਰਜ ਕੀਤਾ ਗਿਆ। ਭਾਗ ਸਿੰਘ ਪਾਰਟੀ ਦੇ 10 ਆਦਮੀ ਗ੍ਰਿਫਤਾਰ ਕਰ ਲਏ ਗਏ ਹਨ ਅਤੇ 5 ਬੰਦਿਆਂ ਦੇ ਵਿਰੁਧ 107/151 ਸੀ. ਆਰ. ਪੀ. ਸੀ. ਅਧੀਨ ਕਾਰਵਾਈ ਕੀਤੀ ਗਈ।

ਉਕਤ ਮਾਮਲੇ ਵਿਚ ਡੀ. ਆਈ. ਜੀ. ਪਟਿਆਲਾ ਰੇਂਜ ਅਤੇ 2 ਐਸ. ਪੀ. ਵੱਲੋਂ ਮੌਕੇ ਤੇ ਜਾ ਕੇ ਪੜਤਾਲ ਕੀਤੀ ਜਾ ਚੁੱਕੀ ਹੈ । ਭਾਗ ਪਾਰਟੀ ਦੇ 3 ਬੰਦਿਆਂ ਦੇ ਹਥਿਆਰ ਅਤੇ ਉਨ੍ਹਾਂ ਦੇ ਲਾਇਸੰਸ ਕਬਜ਼ੇ ਵਿਚ ਲੈ ਲਏ ਗਏ ਹਨ ਅਤੇ ਲਾਇਸੈਂਸ ਕੈਂਸਲ ਕਰਨ ਲਈ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ । ਪਿੰਡ ਵਿਚ ਇਕ ਏ. ਐਸ. ਆਈ. ਇਕ ਹਵਾਲਦਾਰ ਅਤੇ 4 ਸਿਪਾਹੀ ਅਮਨ ਬਣਾਉਣ ਲਈ ਤੈਨਾਤ ਕੀਤੇ ਗਏ ਹਨ । ਪਿੰਡ ਵਿਚ ਪੂਰਾ ਅਮਨ ਹੈ।

ਇਸ ਮਾਮਲੇ ਨੂੰ ਵਿਗਾੜਣ ਵਿਚ ਸੀ. ਪੀ. ਐਮ. ਦਾ ਪੂਰਾ ਪੂਰਾ ਹੱਥ ਪਾਇਆ ਗਿਆ ਹੈ। ਜੇਕਰ ਇਸ ਮਾਮਲੇ ਵਿਚ ਇਹ ਪਾਰਟੀ ਦਖਲ ਅੰਦਾਜ਼ੀ ਨਾ ਕਰਦੀ ਤਾਂ ਹਾਲਾਤ ਇਸ ਨੌਬਤ ਤਕ ਨਾ ਪਹੁੰਚਦੇ ਅਤੇ ਦੋਨਾਂ ਗਰੁਪਾਂ ਵਿਚ ਬੜੀ ਆਸਾਨੀ ਨਾਲ ਸਮਝੌਤਾ ਹੋ ਜਾਂਦਾ । (ਵਿਘਨ) (ਸ਼ੋਰ)

ਕਾਮਰੇਡ ਰਾਜ ਕੁਮਾਰ : ਕੀ ਸੀ. ਐਮ. ਸਾਹਿਬ ਨੇ ਆਪਣੀ ਸਟੇਟਮੈਂਟ ਕਰ ਲਈ ਹੈ ?

(**ਆਵਾਜ਼ਾਂ** : ਹਾਂ ਜੀ ।)

Original with;
Punjab Vidhan Sabha
Digitized by;
Panjab Digital Library

ਜਿਸ ਭਾਗ ਸਿੰਘ ਦਾ ਜ਼ਿਕਰ ਸੀ. ਐਮ. ਸਾਹਿਬ ਦੀ ਸਟੇਟਮੈਂਟ ਵਿਚ ਹੈ, ਅਕਾਰਡਿੰਗ ਟ ਰਿਕਾਰਡ ਆਫ ਪੁਲਿਸ ਆਫ ਬੈਡ ਕਰੈਕਟਰ, ਨੰ:10 ਹੈ । ਉਸ ਆਦਮੀ ਨੇ ਆਪਣੇ ਨਾਲ ਬਦੇ ਲੈ ਕੇ ਜਿਹੜੀ ਪਬਲਿਕ ਮੀਟਿੰਗ ਹੋ ਰਹੀ ਸੀ ਪਰੋਟੈਸਟ ਵਾਸਤੇ, ਉਸ ਉਤੇ ਗੰਡਾਸਿਆਂ ਨਾਲ, ਛਵੀਆਂ ਨਾਲ ਹਮਲਾ ਕਰ ਦਿਤਾ । ਇਹ ਐਡਮਿਟਿਡ ਫੈਕਟ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਵਿਅਕਤੀਆਂ ਤੇ ਹਮਲੇ ਹੋਏ ਅੱਜ ਉਨ੍ਹਾਂ ਨੂੰ ਚੇਜ਼ ਕਰ ਕੇ ਉਨ੍ਹਾਂ ਦੇ ਘਰਾਂ ਤਕ ਹੀ ਨਹੀਂ ਪਹੁੰਚਾਇਆ ਬਲਕਿ ਉਥੇ ਜਾ ਕੇ ਉਨ੍ਹਾਂ ਦੇ ਘਰਾਂ ਦੇ ਦਰਵਾਜ਼ੇ ਤੋੜੇ ਗਏ, ਉਨ੍ਹਾਂ ਦੇ ਰੋਸ਼ਨਦਾਨ ਤੋੜੇ ਗਏ । ਅਖਬਾਰਾਂ ਵਿਚ ਇਹ ਚੀਜ਼ਾਂ ਛਪ ਚੁਕੀਆਂ ਹਨ ਅੱਜ ਇਹ ਚੀਜ਼ ਅਨ-ਡਿਸਪਿਊਟਿਡ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਸ ਐਸ. ਐਚ. ਓ. ਨੇ ਪਹਿਲਾਂ 107/151 ਅਧੀਨ ਉਨ੍ਹਾਂ ਆਦਮੀਆਂ ਦੇ ਚਾਲਾਨ ਕੀਤੇ ? ਕੀ ਐਸ. ਐਚ. ਓ. ਵਾਸਤੇ ਉਹ ਦਸ ਨੰਬਰ ਦੇ ਬਦਮਾਸ਼ ਹਨ ? ਉਸ ਔਰਤ ਨੂੰ 10 ਨੰਬਰ ਵਿਚ ਰਖ ਲਿਆ ਜਾਏ ਅਜੇ ਤਕ ਔਰਤਾਂ ਨੂੰ ਕਦੇ 10 ਨੰਬਰ ਵਿਚ ਨਹੀਂ ਰਖਿਆ ਗਿਆ ਹੈ । ਉਸ ਬਾਰੇ ਕਿਹਾ ਗਿਆ ਹੈ ਕਿ ਉਹ ਔਰਤ ਬੈਡ ਕਰੈਕਟਰ ਦੀ ਹੈ । ਕੀ ਗਰੀਬ ਔਰਤ ਉਤੇ ਤਾਕਤ ਵਿਰ ਆਦਮੀ ਹਮਲਾ ਕਰਨ, ਜ਼ਬਰਦਸਤੀ ਕਰਨ, ਅੱਜ ਉਸ ਉਤੇ ਕੋਈ ਵੀ ਐਲੀਗੇਸ਼ਨ ਲਗਾ ਦੇਣ ? ਇਸ ਐਸ. ਐਚ. ਓ. ਵਾਸਤੇ ਇਹ ਆਮ ਗਲ ਹੈ ਕਿ ਇਹ ਇਸ ਤਰ੍ਹਾਂ ਹੀ ਕਰਦਾ ਹੈ । ਉਸ ਦਾ 10 ਨੰਬਰ ਵਿਚ ਚਾਲਾਨ ਕਰਨ ਮੈਂ ਹੈਰਾਨ ਹਾਂ ਕਿ ਕਿ ਆਈ. ਜੀ. ਅੱਜ ਡੀ. ਆਈ. ਜੀ. ਇਸ ਗਲ ਦੀ ਇਨਕੁਆਇਰੀ ਕਰਨ ਲਈ ਗਏ ਅੱਜ ਤੁਹਾਨੂੰ ਰਿਪੋਰਟ ਦੇ ਦਿੱਤੀ, ਪਰ ਇਸ ਫੈਕਟ ਦਾ ਕਿਤੇ ਮੈਨਸ਼ਨ ਨਹੀਂ (ਵਿਘਨ) ਸਾਡ ਪੰਜਾਬ ਵਿਚ ਇਸ ਕਿਸਮ ਦੇ ਔਰਤਾਂ ਤੇ ਕਰਾਈਮ ਹੋਣ, ਲੋਕ ਪਰੋਟੈਸਟ ਕਰਨ (ਵਿਘਨ) (ਡਾਕਟਰ ਕੇਵਲ ਕ੍ਰਿਸ਼ਨ ਵਲੋਂ ਵਿਘਨ) ਤੁਸੀਂ ਵੀ ਕਲ ਨੂੰ ਇਸ ਪੁਜ਼ੀਸ਼ਨ ਵਿਚ ਆ ਸਕਦੇ ਹੋ ।

ਇਹ ਹੁਣ ਸਾਡੇ ਪੰਜਾਬ ਵਿਚ ਨਵਾਂ ਕੰਮ ਸਟਾਰਟ ਹੋਇਆ ਹੈ । ਇਹ ਜਵਾਬ ਦੇਣ ਕਿ ਅਗਰ ਵਰਕਰਜ਼ ਪ੍ਰੋਟੈਸਟ ਕਰਨ ਅੱਜ ਜਿਹੜਾ ਐਂਪਲਾਇਰ ਹੈ, ਉਹ ਆਪਣੇ ਬੰਦੇ ਲੈ ਕੇ, ਫਾਇਰ ਆਰਮਜ਼ ਲੈ ਕੇ ਉਥੋਂ ਗੋਲੀਆਂ ਚਲਾਏ ਅੱਜ ਪੁਲਿਸ ਵਾਲੇ 105/107 ਉਨ੍ਹਾਂ ਤੇ ਬਣਾਏ (ਵਿਘਨ)

Finance Minister (Doctor Kewal Krishan) : Comrade Raj Kumar should be allowed to put question and not to make a speech.

Mr. Speaker : Comrade Raj Kumar, please put a question.

Comrade Raj Kumar (*Addressing the Finance Minister*) **:** Today you are in a position to say this thing. Yesterday you were on our side. **(*Interruption*)**

(At this stage some hon. Members were standing to catch the eye of the Speaker for putting questions).

Chief Minister (Sardar Darbara Singh) : You have allowed Comrade Raj Kumar to put one question. After that there is nothing to be said. Only one question is to be replied. It is your option and discretion to allow others to put questions.

ਲੋਕ, ਜਿਨ੍ਹਾਂ ਦਾ ਮੈਨਸ਼ਨ ਕਾਮਰੇਡ ਰਾਜ ਕੁਮਾਰ ਜੀ ਨੇ ਕੀਤਾ ਹੈ, ਉਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਨਾਨ-ਆਫੀਸ਼ੀਅਲ ਕਮੇਟੀ ਦੇ ਮੈਂਬਰ ਉਥੇ ਗਏ । ਦੋ ਨਾਵਾਂ ਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੈਨਸ਼ਨ ਕੀਤਾ ਗਿਆ ਹੈ ਕਿ ਨਾਜਾਇਜ਼ ਤੁਅਲਕਾਤ ਉਨ੍ਹਾਂ ਦੇ ਸਨ। ਇਹ ਵੀ ਕਿਹਾ ਹੈ ਕਿ ਕੁਝ ਰਿਲੈਕਸੇਸ਼ਨ ਕੀਤੀ ਹੈ ਜਾਂ ਸਾਡੇ ਐਸ. ਐਚ ਓ. ਨੇ ਢਿਲਾਈ ਕੀਤੀ ਹੈ। ਇਹ ਚੀਜ਼ ਸਾਡੀ ਕਮੇਟੀ ਦੀ ਰਿਪੋਰਟ ਵਿਚ ਹੈ। ਮੈਂ ਉਸ ਦਾ ਜਿਹੜਾ ਪੱਖ ਹੈ, ਉਹ ਮੈਂ ਆਪ ਦੇਖ ਰਿਹਾ ਹਾਂ ਲੇਕਿਨ ਇਹ ਗਲ ਤੁਸੀਂ ਮੰਨੋਗੇ ਕਿ ਬਦਮਾਸ਼ ਕੋਈ ਵੀ ਹੋਵੇ ਇਸ ਵਿਚ ਸੈਕਸ ਦਾ ਤੁਅਲਕ ਨਹੀਂ ਹੈ। ਸਵਾਲ ਇਹ ਹੈ ਕਿ ਆਇਆ ਜਿਸ ਨੂੰ 10 ਨੰਬਰ ਕਹਿੰਦੇ ਹੋ, ਮੈਂ ਪਤਾ ਕਰ ਲਵਾਂਗਾ। ਜੋ ਕੰਮ ਉਹ ਕਰਦੇ ਸਨ ਦਸ ਨੰਬਰ ਵਿਚ ਹੋਏਗਾ।(ਵਿਘਨ) ਉਹ ਵੀ ਦਸ ਨੰਬਰ ਵਾਲੇ ਕੰਮ ਸੀ (ਵਿਘਨ) ਮੇਰੀ ਅਰਜ਼ ਐਨੀ ਹੈ ਕਿ ਜਦੋਂ ਕਮੇਟੀਆਂ ਦੀ ਰਿਪੋਰਟ ਆਈ ਹੈ ਅੱਰ ਜੋ ਮੈਂ ਪੜੀ ਹੈ ਉਸ ਤੋਂ ਮਲੂਮ ਹੁੰਦਾ ਹੈ ਉਨ੍ਹਾਂ ਨੇ ਦੋ ਵਰਣਨ ਕੀਤੇ ; ਇਕ ਇਲਿਸਿਟ ਰੀਲੇਸ਼ਨਸ਼ਿਪ ਦਾ ਬੜਾ ਵਰਣਨ ਕੀਤਾ ਹੈ ਅੱਰ ਕੁਝ ਢਿਲਾਈ ਹੋਈ ਹੈ, ਉਹ ਵੀ ਦੇਖਣ ਵਾਲੀ ਗਲ ਹੈ (ਵਿਘਨ) ਮੈਂ ਕਹਿ ਦਿੱਤਾ ਕਿਉਂਕਿ ਸੀ. ਪੀ. ਐਮ. ਵਾਲਿਆਂ ਨੇ ਚੁਕ ਦਿਤੀ ਹੈ (ਵਿਘਨ) ਮੈਂ ਹੋਰ ਡੀਟੇਲ ਵਿਚ ਨਹੀਂ ਜਾਂਦਾ ਅਤੇ ਰਾਜ ਕੁਮਾਰ ਦੇ ਸਵਾਲ ਦਾ ਜਵਾਬ ਦਿੰਦਾ ਹਾਂ। ਇਹ ਇਸ ਗਲ ਦਾ ਹਿੱਸਾ ਹੈ, ਉਸ ਬਾਰੇ ਐਸ. ਐਚ. ਓ. ਦੀ ਫੰਕਸ਼ਨਿੰਗ ਵਿਚ ਦਿਲ ਹੈ, ਉਹ ਮੈਂ ਜ਼ਰੂਰ ਦੇਖਾਂਗਾ।

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿਉਂਕਿ ਮੈਂ ਵੀ ਕਮੇਟੀ ਵਿਚ ਗਿਆ ਸੀ (ਵਿਘਨ)

ਸ਼੍ਰੀ ਸਪੀਕਰ : ਨਹੀਂ ਜੀ (ਵਿਘਨ)

ਸਰਦਰ ਦਲੀਪ ਸਿੰਘ ਪਾਂਧੀ : ਚਿੱਠੀ ਮੇਰੇ ਕੋਲ ਹੈ ਅੱਰ ਮੈਂ ਇਕ ਸਵਾਲ ਕਰ ਸਕਦਾ ਹਾਂ। ਮੇਰੀ ਵੀ ਐਡਜਰਨਮੈਂਟ ਮੋਸ਼ਨ ਹੈ। ਮੈਂ ਸੀ. ਐਮ. ਸਾਹਿਬ ਨੂੰ ਅਦਬ ਨਾਲ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਮਹਿਕਮੇ ਦੀ ਰਿਪੋਰਟ ਆਈ ਹੈ। ਪਰ ਮੈਂ ਪਰਸਨਲ ਤੌਰ ਤੇ ਉਥੇ ਗਿਆ ਹਾਂ (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ 17 ਜੂਨ, 1980 ਨੂੰ ਅਫੈਕਟਿਡ ਆਦਮੀਆਂ ਦਾ ਡੈਪੂਟੇਸ਼ਨ ਡੀ. ਸੀ. ਅੱਰ ਐਸ. ਐਸ. ਪੀ., ਸਾਹਿਬ ਨੂੰ ਮਿਲਿਆ ਸੀ ਕਿ ਇਸ ਐਸ. ਐਚ. ਓ. ਨੇ ਪੁਲਿਸ ਹਿਰਾਸਤ ਵਿਚ ਰਖ ਕੇ ਬਹੁਤ ਤੰਗ ਕੀਤਾ ਅੱਰ ਨਾਜਾਇਜ਼ ਕੇਸ ਬਣਾਏ ਗਏ। ਇਸ ਤੋਂ ਇਲਾਵਾ ਕੋਈ ਜਲਸਾ ਨਹੀਂ ਹੋਇਆ। ਜਲਸਾ ਹੋਣ ਤੋਂ ਪਹਿਲਾਂ ਐਸ. ਐਚ. ਓ. ਨੇ ਪੰਜ ਤਾਰੀਖ ਨੂੰ ਸਵੇਰੇ ਕਈ ਬੰਦਿਆਂ ਨੂੰ ਉਕਸਾਇਆ। ਸ਼ਵੇਦ ਵਰਦੀਆਂ ਵਿਚ ਪੁਲੀਸ ਦੇ ਆਦਮੀ ਉਥੇ ਹਾਜ਼ਰ ਸਨ (ਵਿਘਨ) ਇਹ ਜਲਸਾ ਹੋਣ ਤੋਂ ਬਾਅਦ ਚਾਰ ਪੰਜ ਘੰਟੇ ਉਥੇ ਗੁੰਡਾ ਰਾਜ ਰਿਹਾ। ਐਸ. ਐਸ. ਓ. ਅੱਰ ਡੀ. ਸੀ. ਸਾਹਿਬ ਨੇ ਉਸ ਬਾਰੇ ਕੋਈ ਪਰਬੰਧ ਨਹੀਂ ਕੀਤਾ। ਕੀ. ਸੀ. ਐਮ. ਸਾਹਿਬ ਮੌਕੇ ਤੇ ਜਾ ਕੇ ਪੜਤਾਲ ਕਰਨਗੇ ? ਇਸ ਐਸ. ਐਚ. ਓ. ਨੇ ਖੂੰਡਾ ਵਿਚ ਕਤਲ ਕੀਤਾ। ਉਹ ਨਾਜਾਇਜ਼ ਗਲਾਂ ਕਰਦਾ ਹੈ (ਵਿਘਨ)

ਸ਼੍ਰੀ ਸਪੀਕਰ : ਤੁਸੀਂ ਸਵਾਲ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਰਿਪੋਰਟ ਠੀਕ ਨਹੀਂ ਹੈ। ਡੀ. ਸੀ. ਸਾਹਿਬ ਮੌਕੇ ਤੇ ਪੜਤਾਲ ਕਰਨ ਗਏ ਅੱਰ ਫਿਰ ਮੌਕੇ ਤੇ ਦਸਿਆ ਗਿਆ ਕਿ ਇਹ ਫੈਕਟਸ ਗਲਤ ਹਨ। ਜਿਹੜੀ ਕਾਂਗਰਸ ਮੈਂਬਰਜ਼ ਕਮੇਟੀ ਦੀ ਰਿਪੋਰਟ ਹੈ, ਉਹ ਇਹ ਪੜ੍ਹ ਕੇ ਸੁਣਾ ਦੇਣ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਤਾਂ ਕੋਈ ਨਹੀਂ ਕੀਤਾ ਗਿਆ ਸਵਾਏ ਇਸ ਦੇ ਕਿ ਪੰਜ ਚਾਰ ਹਿੱਸਿਆਂ ਵਿਚ ਗਲਾਂ ਕਹਿ ਦਿਤੀਆਂ ਗਈਆਂ ਹਨ। ਮੈਂ ਪਾਂਧੀ ਸਾਹਿਬ ਨੂੰ ਤੁਹਾਡੀ

Original with;
Punjab Vidhan Sabha
Digitized by;
Panjab Digital Library

ਮਾਰਫਤ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਵਾਲ ਸਿੱਧਾ ਕਰ ਦੇਣ ਅੱਰ ਉਸ ਦਾ ਜਵਾਬ ਲੈ ਲੈਣ । ਇਹ ਪਹਿਲਾਂ ਸਪੀਚ ਕਰਦੇ ਹਨ ਅੱਰ ਫਿਰ ਸਵਾਲ ਕਰਦੇ ਹਨ । ਸਵਾਲ ਇਹ ਸੀ ਜੋ ਉਨ੍ਹਾਂ ਨੇ ਕੀਤਾ ਹੈ ਕਿ ਮੇਰੇ ਪਾਸ ਫੰਕਸ਼ਨਰੀਜ਼ ਬਹੁਤ ਹਨ, ਨਾਰਮਲ ਪੁਲਿਸ ਤੋਂ ਇਲਾਵਾ ਸੀ. ਆਈ. ਡੀ. ਵੀ ਹੈ । ਮੈਂ ਇਨਕੁਆਇਰੀ ਉਸ ਹੱਦ ਤਕ ਕੀਤੀ ਹੈ। ਐਸ. ਐਚ. ਓ. ਨੇ ਵੀ ਸਾਰੀ ਇਨਕੁਆਇਰੀ ਕਰ ਲਈ ਹੈ । ਇਹ ਰਿਪੋਰਟ ਵਿਚ ਆਇਆ ਹੈ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਬੜਾ ਸਿੱਧਾ ਜਿਹਾ ਸਵਾਲ ਕਰਨਾ ਚਾਹੁੰਦਾ ਹਾਂ। ਉਥੇ 2 ਕਮੇਟੀਆਂ ਗਈਆਂ । ਇਕ ਆਪੋਜ਼ੀਸ਼ਨ ਦੀ ਪਾਰਟੀ ਅਤੇ ਦੂਜੀ ਰੂਲਿੰਗ ਪਾਰਟੀ । ਐਸ. ਡੀ. ਐਮ. ਪਟਿਆਲਾ ਮੌਕੇ ਤੇ ਗਏ । ਉਥੇ ਇਕ ਮੀਟਿੰਗ ਹੋਈ । (ਵਿਘਨ) ਸਪੀਕਰ ਸਾਹਿਬ, ਐਸ. ਡੀ. ਐਮ. ਨੇ ਰਿਪੋਰਟ ਕੀਤੀ ਕਿ ਫਾਇਰਿੰਗ ਹੋਈ । ਇਹ ਐਡਮਿਟਿਡ ਹੈ ਕਿ ਫਾਇਰਿੰਗ ਹੋਈ । ਦੂਜਾ ਫੈਕਟ ਇਹ ਹੈ ਕਿ ਇਹ ਐਸ. ਡੀ. ਐਮ. ਦੀ ਰਿਪੋਰਟ ਹੈ ਕਿ ਮੈਂ ਆਪ ਜਾ ਕੇ ਘਰਾਂ ਵਿਚੋਂ ਬੰਦੇ ਕੱਢੇ । ਇਹ ਵੀ ਐਡਮਿਟਿਡ ਫੈਕਟ ਹੈ ।

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਸਵਾਲ ਹੀ ਪੁੱਛ ਰਿਹਾ ਹਾਂ । ਤੀਸਰਾ ਫੈਕਟ ਇਹ ਹੈ ਕਿ ਘਰਾਂ ਦੇ ਦਰਵਾਜ਼ੇ ਅਤੇ ਬਾਰੀਆਂ ਭਨ ਦਿਤੀਆਂ । ਸੋ ਇਹ ਸਾਰੀਆਂ ਗਲਾਂ ਐਡਮਿਟਿਡ ਹਨ । (ਵਿਘਨ) ਇਥੇ ਕਿਹਾ ਗਿਆ ਕਿ 15-20 ਬੰਦੇ 107/151ਅਧੀਨ ਗ੍ਰਿਫਤਾਰ ਕੀਤੇ ਗਏ । ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਜੇ ਘਰ ਬੈਠੇ ਬੰਦਿਆਂ ਦੀਆਂ ਜ਼ਮਾਨਤਾਂ ਹੋ ਜਾਣ ਅਤੇ ਪੁਲਿਸ ਵਾਲੇ ਇਸ ਤਰ੍ਹਾਂ ਕਰਨ ਲਗ ਜਾਣ ਤਾਂ ਫਿਰ ਇਸ ਦੇਸ਼ ਦਾ ਕੀ ਹਾਲ ਹੋਵੇਗਾ ? ਇਹ ਐਡਮਿਟਿਡ ਫੈਕਟ ਹੈ ਕਿ ਉਥੇ ਗੋਲੀ ਚਲੀ, ਪਰ ਕਿਹਾ ਗਿਆ ਕਿ ਬੰਦੇ 107/151 ਅਧੀਨ ਗ੍ਰਿਫਤਾਰ ਕੀਤੇ ਗਏ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਗੋਲੀ ਚਲਣ ਤੇ 307 ਦਾ ਕੇਸ ਬਣਦਾ ਹੈ ਜਾਂ 107/151 ਦਾ ਬਣਦਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਖਿਆਲ ਦੇ ਮੁਤਾਬਿਕ ਸਵਾਲ ਕੀਤਾ ਹੈ ਪਰ ਮੈਂ ਜੋ ਜਵਾਬ ਦਿਤਾ ਸੀ ਉਸ ਨੂੰ ਹੁਣ ਤੀਸਰੀ ਵਾਰ ਦੁਹਰਾਉਣ ਲੱਗਾ ਹਾਂ ਅਤੇ ਫਿਰ ਕਹਿੰਦਾ ਹਾਂ ਕਿ ਜੇ ਐਸ. ਐਚ. ਓ. ਦੀ ਕੋਈ ਲੈਕਸਿੰਟੀ ਹੋਈ ਤਾਂ ਮੈਂ ਇਸ ਨੂੰ ਦੇਖ ਲਵਾਂਗਾ ।

ਕਾਮਰੇਡ ਬਲਦੇਵ ਸਿੰਘ ਲੁੰਬਾ : ** ** **

DISCUSSION AND VOTING OF DEMANDS FOR GRANTS FOR THE YEAR 1980-81

Mr. Speaker : There are 32 Demands for Grants for discussion on to-day's agenda. Out of these, only 2 demands viz. Demand No. 16 and 37 will be discussed specifically and for the remaining demands guillotine will be applied. If the House agrees, all these demands and notices of cut motions to Demands Nos. 16 and 37 may be deemed to have been read and moved.

Under rule 168(4) of the Rules of Procedure and Conduct of Business in the Punjab Vidhan Sabha (Punjab Legislative Assembly), the guillotine will be applied at 12.00 Noon.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 16

That a sum not exceeding Rs. 65,05,74,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Education.

Demand No. 37

That a sum not exceeding Rs. 27,52,77,000 on Revenue Account and Rs. 4,66,67,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Road Transport.

Demand No. 1

That a sum not exceeding Rs. 50,32,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of State Legislature.

Demand No. 2

That a sum not exceeding Rs. 52,39,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Council of Ministers.

Demand No. 3

That a sum not exceeding Rs. 1,85,71,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Administration of Justice.

Demand No. 4

That a sum not exceeding Rs. 9,77,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Elections.

Demand No. 5

That a sum not exceeding Rs. 8,95,56,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Revenue.

Demand No. 6

That a sum not exceeding Rs. 2,04,43,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Excise and Taxation.

Demand No. 7

That a sum not exceeding Rs. 7,06,22,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Finance.

Original with;
Punjab Vidhan Sabha
Digitized by;
Panjab Digital Library

Demand No. 8

That a sum not exceeding Rs. 8,69,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Public Service Commission.

Demand No. 12

That a sum not exceeding Rs. 1,40,81,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Jails.

Demand No. 13

That a sum not exceeding Rs. 2,29,71,000 on Revenue Account and Rs. 8,67,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Stationery and Printing.

Demand No. 14

That a sum not exceeding Rs. 1,85,84,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Miscellaneous Services.

Demand No. 15

That a sum not exceeding Rs. 42,56,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Rehabilitation, Relief and Resettlement.

Demand No. 17

That a sum not exceeding Rs. 1,00,07,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Technical Education.

Demand No. 18

That a sum not exceeding Rs. 25,25,11,000 on Revenue Account and Rs. 1,00,00,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Medical and Public Health.

Demand No. 19

That a sum not exceeding Rs. 1,74,98,000 on Revenue Account and Rs. 4,70,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Housing and Urban Development.

Demand No. 20

That a sum not exceeding Rs. 86,41,000 on Revenue Account be granted to the Governor to defray the charges that will come in course of

Original with;
Punjab Vidhan Sabha
Digitized by;
Panjab Digital Library

[Mr. Speaker]

payment for the year 1980-81 (excluding the amount already voted on account) in respect of Information and Publicity.

Demand No. 21

That a sum not exceeding Rs. 26,37,000 on Revenue Account and Rs. 30,00,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Tourism and Cultural Affairs.

Demand No. 24

That a sum not exceeding Rs. 68,13,000 on Revenue Account be granted to the Governor to defray the charges that will come in course of payment for the year 1980-81 (excluding the amount already voed on account) in respect of Planning and Statistics.

Demand No. 27

That a sum not exceeding Rs. 2,55,90,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Soil and Water Conservation.

Demand No. 28

That a sum not exceeding Rs. 5,52,97,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Food.

Demand No. 29

That a sum not exceeding Rs. 4,88,63,000 on Revenue Account and Rs. 10,00,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Animal Husbandry.

Demand No. 30

That a sum not exceeding Rs. 35,70,000 on Revenue Account and Rs. 35,00,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Dairy Development.

Demand No. 31

That a sum not exceeding Rs. 30,15,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Fisheries.

Demand No. 32

That a sum not exceeding Rs. 2,52,08,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Forest.

Original with;
Punjab Vidhan Sabha
Digitized by;
Panjab Digital Library

Demand No. 33

That a sum not exceeding Rs. 12,15,36,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Community Development.

Demand No. 34

That a sum not exceeding Rs. 4,31,46,000 on Revenue Account and Rs. 3,19,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Industries.

Demand No. 35

That a sum not exceeding Rs. 17,25,000 on Revenue Account and Rs. 16,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Civil Aviation.

Demand No. 36

That a sum not exceeding Rs. 13,98,73,000 on Revenue Account and Rs. 8,33,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Roads and Bridges.

Demand No. 40

That a sum not exceeding Rs. 21,21,85,000 on Revenue Account and Rs. 8,12,37,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Buildings.

Demand No. 41

That a sum not exceeding Rs. 87,61,65,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Loans and Advances by the State Government.

Demand No. 16

(Education)

1. (i) Sardar Dalip Singh Pandhi
(ii) Sardar Gurdev Singh Badal

That the demand be reduced by Re. 1.

Demand No. 16

(Education)

2. Sardar Baldev Singh Maan :

That the demand be reduced by Re. 1.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 16

(*Education*)

2. **Comrade Raj Kumar :**

That the demand be reduced by Re. 1.

Demand No. 16

(*Education*)

4. **Sardar Dalip Singh Pandhi :**

That the demand be reduced by Re. 1.

Demand No. 37

(*Road Transport*)

1. **Sardar Prem Singh Lalpura :**

That the demand be reduced by Re. 1.

Demand No. 37

(*Road Transport*)

2. **(i) Sardar Dalip Singh Pandhi :**
(ii) Sardar Gurdev Singh Badal :

That the demand be reduced by Re. 1.

Demand No. 37

(*Road Transport*)

3. **Sardar Baldev Singh Maan :**

That the demand be reduced by Re. 1.

Demand No. 37

(*Road Transport*)

4. **Comrade Raj Kumar :**

That the demand be reduced by Re. 1.

Demand No. 37

(*Road Transport*)

5. **Sardar Dalip Singh Pandhi :**

That the demand be reduced by Re. 1.

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਜੋ ਕੁਝ ਇਹ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । ਹਾਂ ਜੀ, ਮਾਸਟਰ ਦਲੀਪ ਚੰਦ ਜੀ, ਤੁਸੀਂ ਬੋਲੋ।

ਮਾਸਟਰ ਦਲੀਪ ਚੰਦ (ਬਲਾਚੌਰ) : ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ । ਸਭ ਤੋਂ ਪਹਿਲਾਂ ਮੈਂ ਡਿਮਾਂਡ ਨੰ: 16 ਤੇ ਬੋਲਣਾ ਚਾਹੁੰਦਾ ਹਾਂ ਜੋ ਕਿ ਐਜੂਕੇਸ਼ਨ ਨਾਲ ਸਬੰਧ ਰੱਖਦੀ ਹੈ । ਮੈਂ ਸਰਦਾਰ **ਦਰਬਾਰਾ ਸਿੰਘ ਜੀ ਦੀ** ਸਰਕਾਰ ਦਾ ਬੜਾ ਧੰਨਵਾਦ ਕਰਦਾ ਹਾਂ । (ਵਿਘਨ)

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਤੁਸੀਂ ਲਿਖ ਕੇ ਦੇ ਦਿਓ ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਰਿਕਾਰਡ ਤੇ ਨਾ ਆਵੇ ।

ਮਾਸਟਰ ਦਲੀਪ ਚੰਦ : ਸਕੂਲਾਂ ਦੀਆਂ ਬਿਲਡਿੰਗਾਂ ਦੀ ਹਾਲਤ ਠੀਕ ਨਹੀਂ ਹੈ, ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ, ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ । (ਵਿਘਨ) ਇਹ ਰਿਕਾਰਡ ਤੇ ਤਾਂ ਆ ਨਹੀਂ ਰਿਹਾ ।

(ਇਸ ਸਮੇਂ ਮਾਨਯੋਗ ਮੈਂਬਰ ਪ੍ਰੋਫੈਸਰ ਬਲਵੰਤ ਸਿੰਘ ਨੇ ਕੁਝ ਪੇਪਰ ਸਦਨ ਦੀ ਟੇਬਲ ਤੇ ਰੱਖੇ ।)

ਮੈਂ ਤੁਹਾਨੂੰ ਇਹ ਪੇਪਰ ਟੇਬਲ ਤੇ ਰੱਖਣ ਦੀ ਇਜਾਜ਼ਤ ਨਹੀਂ ਦਿੰਦਾ। (ਸ਼ੋਰ) (ਵਿਘਨ)

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਸਕੂਲਾਂ ਨੂੰ ਅੱਪਗਰੇਡ ਕੀਤਾ ਜਾਵੇ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ, ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਤਸੀਂ ਮੈਨੂੰ ਬੋਲਣ ਲਈ ਟਾਈਮ ਨਹੀਂ ਦਿੰਦੇ । (ਵਿਘਨ)

Comrade Raj Kumar : I want to finish this controversy. Please listen.

ਸ਼੍ਰੀ ਸਪੀਕਰ : ਜਿਸ ਵੇਲੇ ਮੌਕਾ ਆਵੇਗਾ ਤਾਂ ਮੈਂ ਤੁਹਾਨੂੰ ਟਾਈਮ ਦਿਆਂਗਾ । (ਵਿਘਨ) (ਸ਼ੋਰ)

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਮੇਰੀ ਇਜਾਜ਼ਤ ਤੋਂ ਬਗੈਰ ਤੁਸੀਂ ਕੁਝ ਨਹੀਂ ਕਹਿ ਸਕਦੇ । You please sit down. ਇਹ ਜੋ ਕੁਝ ਕਹਿੰਦੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ ।

(ਇਸ ਸਮੇਂ ਬਹੁਤ ਸਾਰੇ ਮਾਨ ਯੋਗਮੈਂਬਰ ਖੜੇ ਹੋ ਕੇ ਬੋਲ ਰਹੇ ਸਨ, ਪਰ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

ਮਾਸਟਰ ਦਲੀਪ ਚੰਦ : ਬੱਚਿਆਂ ਦੀ ਤਾਲੀਮ ਦਾ ਠੀਕ ਪ੍ਰਬੰਧ ਕਰਨਾ ਚਾਹੀਦਾ ਹੈ । (ਵਿਘਨ) (ਸ਼ੋਰ) ਹੁਣ ਮੈਂ ਟਰਾਂਸਪੋਰਟ ਦੀ ਡਿਮਾਂਡ ਤੇ ਬੋਲਣਾ ਚਾਹੁੰਦਾ ਹਾਂ । (ਸ਼ੋਰ)

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਤੁਸੀਂ ਕਹਿ ਰਹੇ ਹੋ, ਉਹ ਰਿਕਾਰਡ ਨਹੀਂ ਹੋ ਰਿਹਾ । ਤੁਸੀਂ ਮੇਰੀ ਪਰਮਿਸ਼ਨ ਤੋਂ ਬਗੈਰ ਬੋਲ ਨਹੀਂ ਸਕਦੇ ।

(ਇਸ ਸਮੇਂ ਸੀ. ਪੀ. (ਐਮ.) ਪਾਰਟੀ ਦੇ ਕਈ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋਏ ।)

ਤੁਸੀਂ ਸਾਰੇ ਜਣੇ ਬੈਠ ਜਾਓ । ਮੈਨੂੰ ਬੜਾ ਅਫਸੋਸ ਹੈ ਕਿ ਮੇਰੇ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਤੁਸੀਂ ਖੜੇ ਹੋ । (ਵਿਘਨ) (ਸ਼ੋਰ)

ਮਾਸਟਰ ਦਲੀਪ ਚੰਦ : ਉਥੇ ਬੱਸਾਂ ਚਾਲੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ । (ਵਿਘਨ) (ਸ਼ੋਰ) ਜਿਹੜੀ ਬਸਾਂ ਦੀ ਓਵਰ-ਲੋਡਿੰਗ ਹੁੰਦੀ ਹੈ, ਉਸ ਨੂੰ ਰੋਕਣਾ ਚਾਹੀਦਾ ਹੈ । (ਸ਼ੋਰ)

Comrade Raj Kumar : I want to finish this controversy. Please listen.

ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਤੁਸੀਂ ਕੁਝ ਸਰਟਨ ਮੈਥਡਜ਼ ਦੇ ਨਾਲ ਹਾਊਸ ਦੀ ਕਾਰਵਾਈ ਚਲਾ ਰਹੇ ਹੋ । (ਵਿਘਨ) ਬਲਵੰਤ ਸਿੰਘ ਨੇ ਇਕ ਛੋਟੀ ਜਿਹੀ ਗੱਲ ਕਰਨੀ ਚਾਹੀ ਸੀ । ਉਨ੍ਹਾਂ ਨੂੰ ਇਹ ਇਤਰਾਜ਼ ਸੀ ਕਿ ਉਨ੍ਹਾਂ ਦੀ ਪਾਰਟੀ ਦੇ ਮੁਤੱਲਕ ਕੁਝ ਡਿਸਕਰੇਜਿੰਗ ਰਿਮਾਰਕਸ ਹੋਏ ਹਨ ਅਤੇ ਉਹ ਉਸ ਬਾਰੇ ਐਕਸਪਲੇਨੇਸ਼ਨ ਦੇਣ ਲਈ ਟਾਈਮ ਮੰਗਦੇ ਸਨ, ਜੋ ਕਿ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ । ਭਾਵੇਂ ਤੁਸੀਂ ਉਨ੍ਹਾਂ ਨੂੰ ਟਾਈਮ ਮਾਸਟਰ ਦਲੀਪ ਚੰਦ ਦੀ ਸਪੀਚ

****Not recorded as ordered by the Chair.**

Original with;
Punjab Vidhan Sabha
Digitized by;
Panjab Digital Library

ਤੋਂ ਬਾਅਦ ਦੇ ਦਿਓ ਅਤੇ ਜਾਂ ਪਹਿਲਾਂ ਦੇ ਦਿਓ । (ਵਿਘਨ) ਉਨ੍ਹਾਂ ਨੂੰ ਆਪਣੇ ਖਿਆਲ ਦੱਸਣ ਲਈ ਟਾਈਮ ਮਿਲਣਾ ਚਾਹੀਦਾ ਹੈ, ਭਾਵੇਂ ਹੁਣ ਟਾਈਮ ਦੇ ਦਿਓ ਅਤੇ ਭਾਵੇਂ ਬਾਅਦ ਵਿਚ ਦੇ ਦਿਓ । I would request you to do this thing in order to end controversy.

ਸ਼੍ਰੀ ਸਪੀਕਰ : ਮੈਂ ਦੱਸਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਹੋਰੀਂ 10 ਮਿੰਟ ਖੜੇ ਰਹੇ ਅੌਰ ਮੈਂ ਬਾਰ ਬਾਰ ਉਨ੍ਹਾਂ ਨੂੰ ਰਿਕੁਐਸਟ ਕਰਦਾ ਰਿਹਾ ਕਿ ਉਹ ਬੈਠ ਜਾਣ, ਮੈਂ ਉਨ੍ਹਾਂ ਨੂੰ ਮੌਕਾ ਦਿਆਂਗਾ । ਲੇਕਿਨ ਅਫ਼ਸੋਸ ਇਸ ਗਲ ਦਾ ਹੈ ਕਿ ਉਨ੍ਹਾਂ ਨੇ 10 ਮਿੰਟ ਸ਼ਦਨ ਦੀ ਕਾਰਵਾਈ ਖਰਾਬ ਕਰਨ ਦੀ ਕੋਸ਼ਿਸ਼ ਕੀਤੀ । ਮੈਂ ਬੜਾ ਲੀਨੀਐਂਟ ਐਟੀਚੂਡ ਲੈ ਰਿਹਾ ਹਾਂ । ਜਿਥੋਂ ਤਕ ਸੀ. ਐਮ. ਸਾਹਿਬ ਦੇ ਕੁਝ ਕਹਿਣ ਦਾ ਤੁਅੱਲਕ ਹੈ ਉਨ੍ਹਾਂ ਨੇ ਉਨ੍ਹਾਂ ਦੀ ਜਾਤ ਦੇ ਮੁਤੱਅਲਕ ਕੁਝ ਨਹੀਂ ਕਿਹਾ । ਅਗਰ ਉਨ੍ਹਾਂ ਦੀ ਪਾਰਟੀ ਦੇ ਮੁਤੱਅਲਕ ਕੁਝ ਕਿਹਾ ਹੈ ਤਾਂ ਪੁਲਿਸ ਦੀ ਰਿਪੋਰਟ ਪੜ੍ਹ ਕੇ ਦੱਸੀ ਹੈ ਅਗਰ ਉਨ੍ਹਾਂ ਨੂੰ ਕੋਈ ਇਤਰਾਜ਼ ਹੈ ਤਾਂ ਉਨ੍ਹਾਂ ਲਈ ਸਾਰੇ ਐਵੇਨਿਊਜ਼ ਓਪਨ ਹਨ ਅੌਰ ਉਹ ਮੇਰੇ ਕੋਲ ਆ ਕੇ ਮੇਰੇ ਨਾਲ ਡਿਸਕਸ ਕਰ ਸਕਦੇ ਹਨ । ਪਰ ਇਸ ਚੀਜ਼ ਦੀ ਕਦੇ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਕੋਈ ਆਦਮੀ ਹਾਊਸ ਦੀ ਸਾਰੀ ਕਾਰਵਾਈ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰੇ ।

(ਇਸ ਸ਼ਮੇਂ ਸਰਦਾਰ ਦਲੀਪ ਸਿੰਘ ਪਾਂਧੀ ਪੁਆਇੰਟ ਆਫ਼ ਆਰਡਰ ਤੇ ਖੜੇ ਸਨ ਪਰ ਸ਼੍ਰੀ ਸਪੀਕਰ ਸਹਿਬ ਨੇ ਉਨ੍ਹਾਂ ਨੂੰ ਆਗਿਆ ਨਹੀਂ ਦਿਤੀ ।)

ਮਾਸਟਰ ਦਲੀਪ ਚੰਦ : ਮੈਨੂੰ ਸ਼ਰਮ ਆਉਂਦੀ ਹੈ ਕਿ ਲੋਕ ਬੱਸਾਂ ਦੀਆਂ ਛੱਤਾਂ ਤੇ ਬੈਠੇ ਹੁੰਦੇ ਹਨ ਅਤੇ ਜਿਸ ਤਰ੍ਹਾਂ ਟਰੱਕਾਂ ਵਿਚ ਬੋਰੀਆਂ ਲਦੀਆਂ ਹੁੰਦੀਆਂ ਹਨ, ਉਸ ਤਰ੍ਹਾਂ ਲਗਦਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਬਸਾਂ ਵਧਾਉਣੀਆਂ ਚਾਹੀਦੀਆਂ ਹਨ । ਓਵਰ ਲੋਡਿੰਗ ਨਾਲ ਐਕਸੀਡੈਂਟਸ ਬਹੁਤ ਜ਼ਿਆਦਾ ਹੁੰਦੇ ਹਨ ਅੌਰ ਕਈ ਜਾਨਾਂ ਦਾ ਨੁਕਸਾਨ ਹੋ ਜਾਂਦਾ ਹੈ। ਜਦੋਂ ਬੱਸਾਂ ਤੇ ਚੜ੍ਹਨ ਲਗਦੇ ਹਨ ਤਾਂ ਕਸ਼ ਮਕਸ਼ ਵਿਚ ਕਈ ਆਦਮੀਆਂ ਦੇ ਖੀਸੇ ਕੱਟੇ ਜਾਂਦੇ ਹਨ । ਇਸ ਲਈ ਬਸਾਂ ਵਧਾਉਣੀਆਂ ਚਾਹੀਦੀਆਂ ਹਨ ।

ਸਪੀਕਰ ਸਾਹਿਬ, ਹੁਣ ਮੈਂ ਡਿਮਾਂਡ ਨੰ: 18 ਤੇ ਬੋਲਣਾ ਚਾਹੁੰਦਾ ਹਾਂ । ਡਿਸਪੈਂਸਰੀਆਂ ਦਾ ਹੋਣਾ ਬਹੁਤ ਜ਼ਰੂਰੀ ਹੈ । 5 ਮੀਲ ਦੇ ਏਰੀਆ ਵਿਚ ਇਕ ਡਿਸਪੈਂਸਰੀ ਜ਼ਰੂਰ ਹੋਣੀ ਚਾਹੀਦੀ ਹੈ । ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਆਯੁਰਵੈਦਿਕ ਡਿਸਪੈਂਸਰੀਆਂ ਹਨ, ਉਨ੍ਹਾਂ ਵਿਚ ਦਵਾਈਆਂ ਦੀ ਘਾਟ ਹੈ । ਇਸੇ ਤਰ੍ਹਾਂ ਰੂਰਲ ਡਿਸਪੈਂਸਰੀਆਂ ਵਿਚ ਵੀ ਦਵਾਈਆਂ ਦੀ ਘਾਟ ਹੈ । ਇਸ ਦੇ ਨਾਲ ਹੀ ਮੈਂ ਦੱਸਦਾ ਹਾਂ ਕਿ ਹਸਪਤਾਲਾਂ ਦੀ ਬਿਲਡਿੰਗਜ਼ ਦੀ ਵੀ ਘਾਟ ਹੈ । ਸਪੀਕਰ ਸਾਹਿਬ, ਸਾਡੇ ਬਲਾਚੌਰ ਲਈ 1973-74 ਵਿਚ ਸਾਡੀ ਪਹਿਲੀ ਸਰਕਾਰ ਨੇ ਜਨਰਲ ਬਿਕਰਮ ਸਿੰਘ ਸ਼ਹੀਦ ਦੇ ਨਾਂ ਤੇ ਇਕ 50 ਬਿਸਤਰਿਆਂ ਦਾ ਹਸਪਤਾਲ ਮਨਜ਼ੂਰ ਕੀਤਾ ਸੀ । ਉਥੇ ਸਟਾਫ਼ ਆ ਚੁਕਾ ਹੈ, ਪਰ ਬਿਲਡਿੰਗ ਨਹੀਂ ਹੈ । ਉਹ ਇਕ ਸ਼ਹੀਦ ਜਰਨੈਲ ਦੇ ਨਾਂ ਤੇ ਹਸਪਤਾਲ ਮਨਜ਼ੂਰ ਹੋਇਆ ਹੈ, ਉਸ ਦੀ ਬਿਲਡਿੰਗ ਜਲਦੀ ਤੋਂ ਜਲਦੀ ਬਣਾਉਣੀ ਚਾਹੀਦੀ ਹੈ । ਇਕ ਉਥੇ ਪ੍ਰਾਇਮਰੀ ਹੈਲਥ ਸੈਂਟਰ ਮਨਜ਼ੂਰ ਹੋ ਚੁਕਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਉਸ ਨੂੰ ਪਿੰਡ ਕਾਠ ਗੜ੍ਹ ਵਿਚ ਤਬਦੀਲ ਕੀਤਾ ਜਾਵੇ ਕਿਉਂਕਿ ਉਹ ਪਿੰਡ 40/50 ਪਿੰਡਾਂ ਦਾ ਸੈਂਟਰ ਹੈ ।

Original with;
Punjab Vidhan Sabha
Digitized by;
Panjab Digital Library

(ਮਾਸਟਰ ਦਲੀਪ ਚੰਦ)

ਕੁਣ ਮੈਂ ਇਸੇ ਡਿਮਾਂਡ ਤੇ ਪਬਲਿਕ ਹੈਲਥ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਦਾ ਤੁਅੱਲਕ ਸਾਡੇ ਜ਼ਿਲ੍ਹੇ ਹੁਸ਼ਿਆਰਪੁਰ ਨਾਲ ਹੈ ਔਰ ਖਾਸ ਤੌਰ ਤੇ ਮੇਰੇ ਹਲਕੇ ਬਲਾਚੌਰ ਅਤੇ ਰੂੜ੍ਹ ਸ਼ੰਥਰ ਨਾਲ ਹੈ। ਮੈਂ ਪਿਛਲੀ ਤੋਂ ਪਿਛਲੀ ਸਰਕਾਰ ਨੂੰ ਵਧਾਈ ਦਿਦਾ ਹਾਂ ਕਿ ਗਿਆਨੀ ਜੀ ਦੀ ਸਰਕਾਰ ਨੇ ਕੁਝ ਇਸ ਪਾਸੇ ਧਿਆਨ ਦਿੱਤਾ ਸੀ। ਮੈਂ 1972 ਵਿਚ ਜਦੋਂ ਇਸ ਹਾਊਸ ਵਿਚ ਐੱਮ. ਐੱਲ. ਏ. ਬਣ ਕੇ ਆਇਆ ਤਾਂ ਮੈਂ ਬੇਨਤੀ ਕੀਤੀ ਸੀ ਕਿ ਮੇਰੇ ਹਲਕੇ ਕੰਡੀ ਦੇ ਏਰੀਆ ਵਿਚ ਚਾਰ ਆਨੇ ਦਾ ਇਕ ਘੜਾ ਪਾਣੀ ਪੀਣ ਨੂੰ ਮਿਲਦਾ ਹੈ।

ਸ਼੍ਰੀ ਸਪੀਕਰ : ਮਾਸਟਰ ਜੀ, ਜਿਹੜੀਆਂ ਡਿਮਾਂਡਜ਼ ਹਾਊਸ ਦੇ ਜ਼ੇਰੇ ਗੌਰ ਹਨ, ਉਨ੍ਹਾਂ ਤੇ ਹੀ ਬੋਲੋ।

ਮਾਸਟਰ ਦਲੀਪ ਚੰਦ : ਠੀਕ ਹੈ ਜੀ, ਮੈਂ ਐਜੂਕੇਸ਼ਨ ਦੀ ਡਿਮਾਂਡ ਤੇ ਬੋਲਦਾ ਹਾਂ। ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਐਜੂਕੇਸ਼ਨ ਲਈ ਏਹਤ ਜ਼ਿਆਦਾ ਪੈਸਾ ਰਖਿਆ ਹੈ। ਨਾਲ ਹੀ 50 ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲ ਅਪਗਰੇਡ ਕਰਨੇ ਹਨ ਅਤੇ 100 ਮਿਡਲ ਸਕੂਲਾਂ ਤੋ ਹਾਈ ਸਕੂਲ ਅਪਗਰੇਡ ਕਰਨੇ ਹਨ। ਇਸ ਦੇ ਨਾਲ ਮਿਆਰੇ ਤਾਲੀਮ ਵੱਧੇਗਾ ਅਤੇ ਐਜੂਕੇਸ਼ਨ ਵਿਚ ਤਰੱਕੀ ਹੋਵੇਗੀ। ਸਪੀਕਰ ਸਾਹਿਬ, ਇਤਨਾ ਪੈਸਾ ਖਰਚ ਕਰਨ ਦੇ ਬਾਵਜੂਦ ਪ੍ਰਾਇਮਰੀ ਸਕੂਲਾਂ ਦੀ ਹਾਲਤ ਬੜੀ ਮਾੜੀ ਹੈ। ਖਾਸ ਤੌਰ ਤੇ ਮੈਂ ਆਪਣੇ ਹਲਕੇ ਦੀ ਗਲ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਜਿਹੜੇ ਸਿੰਗਲ ਪ੍ਰਾਇਮਰੀ ਸਕੂਲ ਬਣੇ ਹਨ ਉਸ ਵਿਚ ਦੋ ਟੀਚਰਜ਼ ਜ਼ਰੂਰ ਹੋਣੇ ਚਾਹੀਦੇ ਹਨ ਕਿਉਂਕਿ ਇਕ ਟੀਚਰ ਇਕ ਦਿਨ ਵਿਚ ਸਾਰੇ ਮਜ਼ਮੂਨ ਸਾਰੀਆਂ ਕਲਾਸਾਂ ਨੂੰ ਨਹੀਂ ਪੜ੍ਹਾ ਸਕਦਾ।

ਨਾਲ ਹੀ ਮੈਂ ਆਪਣੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਸ ਨੇ ਪ੍ਰਾਇਮਰੀ ਅਤੇ ਹਾਈ ਸਕੂਲਾਂ ਦੀਆਂ ਬਿਲਡਿੰਗਾਂ ਵਾਸਤੇ ਬਹੁਤ ਜ਼ਿਆਦਾ ਰੁਪਿਆ ਰਖਿਆ ਹੈ ਔਰ ਜਿਥੇ ਇਮਾਰਤਾਂ ਘਟ ਹਨ ਉਥੇ ਬਣਾਉਣ ਦਾ ਯਤਨ ਕਰਨਗੇ।

ਪ੍ਰਾਈਵੇਟ ਸਕੂਲਾਂ ਨੂੰ 1967 ਵਿਚ 95 ਫੀ ਸਦੀ ਗਰਾਂਟ-ਇਨ-ਏਡ ਦਿਤੀ ਗਈ ਸੀ। ਉਸ ਵਿਚ ਇਕ ਨੁਕਸ ਰਹਿ ਗਿਆ ਸੀ ਔਰ ਉਹ ਇਹ ਸੀ ਕਿ 1967 ਵਿਚ ਜੋ ਉਨ੍ਹਾਂ ਸਕੂਲਾਂ ਵਿਚ ਸਟਾਫ਼ ਦੀ ਤਾਦਾਦ ਮੁਕਰਰ ਕੀਤੀ ਸੀ ਅੱਜ 1980 ਵਿਚ ਵੀ ਉਹੀ ਸੰਖਿਆ ਹੈ। ਇਸ ਦੇ ਵਿਚ ਸਭ ਤੋਂ ਵੱਡੀ ਘਾਟ ਇਹ ਹੈ ਕਿ 1967 ਤੋਂ 1980 ਤੱਕ ਜਿਥੇ 200 ਬੱਚੇ ਸਨ ਉਥੇ 500 ਹੋ ਗਏ ਹਨ। ਬਚਿਆਂ ਦੀ ਤਾਦਾਦ ਵੱਧ ਗਈ ਹੈ ਲੇਕਿਨ ਸਟਾਫ਼ ਦੀ ਤਾਦਾਦ 1967 ਦੇ ਮੁਤਾਬਕ ਚਲੀ ਆਉਂਦੀ ਹੈ। ਇਸ ਪਾਸੇ ਜ਼ਰੂਰੀ ਧਿਆਨ ਦੇਣਾ ਚਾਹੀਦਾ ਹੈ ਅਤੇ ਸਕੂਲਾਂ ਦੇ ਬਚਿਆਂ ਦੀ ਤਾਦਾਦ ਦੇ ਮੁਤਾਬਕ ਸਟਾਫ਼ ਦੀ ਤਾਦਾਦ ਵਧਾਉਣੀ ਚਾਹੀਦੀ ਹੈ। ਜਿਹੜਾ 5% ਸਕੂਲਾਂ ਦੀਆਂ ਕਮੇਟੀਆਂ ਨੇ ਪੈਸਾ ਦੇਣਾ ਹੁੰਦਾ ਹੈ ਉਹ ਵੀ ਸਾਲ ਦੇ ਸ਼ੁਰੂ ਤੋਂ ਉਨ੍ਹਾਂ ਤੋਂ ਜਮ੍ਹਾਂ ਕਰਵਾ ਲੈਣਾ ਚਾਹੀਦਾ ਹੈ ਤਾਕਿ ਜਿਸ ਤਰ੍ਹਾਂ ਗੌਰਮਿੰਟ ਦੇ ਟੀਚਰਾਂ ਨੂੰ ਰੈਗੂਲਰ ਤਨਖਾਹ ਮਿਲਦੀ ਹੈ ਉਨ੍ਹਾਂ ਨੂੰ ਵੀ ਮਿਲਣੀ ਚਾਹੀਦੀ ਹੈ। ਹੁਣ ਹਾਲਤ ਇਹ ਹੈ ਕਿ ਕਈ ਪ੍ਰਾਈਵੇਟ ਸਕੂਲਾਂ ਵਿਚ 4, 5 ਮਹੀਨਿਆਂ ਤੋਂ ਤਨਖਾਹ ਨੇਹੀਂ ਮਿਲੀ।

ਫਿਰ ਟੀਚਰਜ਼ ਦੀ ਟਰਾਂਸਫਰਜ਼ ਦੇ ਬਾਰੇ ਮੈਂ ਕਹਿੰਦਾ ਹਾਂ ਕਿ ਕੋਈ ਨਿਯਮ ਬਣਾਉਣੇ ਚਾਹੀਦੇ ਹਨ। ਮੈਂ ਕਹਿੰਦਾ ਹਾਂ ਕਿ ਸਕੂਲਾਂ ਵਿਚ ਟ੍ਰਾਂਸਫਰਜ਼ ਕੇਵਲ ਅਪਰੈਲ ਦੇ ਮਹੀਨੇ

Original with;
Punjab Vidhan Sabha
Digitized by;
Panjab Digital Library

ਕੁਝ ਹੀ ਹੋਣੀਆਂ ਚਾਹੀਦੀਆਂ ਹਨ। ਸਾਲ ਦੇ ਦੌਰਾਨ ਕਿਸੇ ਟੀਚਰ ਦੀ ਟਰਾਂਸਫਰ ਨਹੀਂ ਹੋਣੀ ਚਾਹੀਦੀ ਕਿਉਂਕਿ ਬੱਚਿਆਂ ਦਾ ਬੜਾ ਨੁਕਸਾਨ ਹੁੰਦਾ ਹੈ। ਬੱਚੇ ਸਕੂਲਾਂ ਵਿਚ ਦਾਖਲ ਹੁੰਦੇ ਹਨ ਅਤੇ ਸਾਲ ਦੇ ਦੌਰਾਨ ਉਥੋਂ ਚਲੇ ਜਾਣਾ ਬੜਾ ਮੁਸ਼ਕਲ ਹੁੰਦਾ ਹੈ। ਕਮ-ਅਜ਼-ਕਮ 3 ਸਾਲ ਤੋਂ ਪਹਿਲਾਂ ਟਰਾਂਸਫਰ ਨਹੀਂ ਕਰਨੀ ਚਾਹੀਦੀ। ਅਗਰ ਪੰਚਾਇਤ ਕੋਈ ਸ਼ਿਕਾਇਤ ਕਰਦੀ ਹੈ ਤਾਂ ਇਨਕੁਆਇਰੀ ਕਰਾਉਣੀ ਚਾਹੀਦੀ ਹੈ ਅੱਰ ਅਗਰ ਟੀਚਰ ਕਸੂਰਵਾਰ ਪਾਇਆ ਜਾਏ ਤਾਂ ਟਰਾਂਸਫ਼ਰ ਕਰਨੀ ਚਾਹੀਦੀ ਹੈ।

ਸਕੂਲਾਂ ਦੀ ਅੱਪ ਗਰੇਡੇਸ਼ਨ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਵੀ ਅਪਰੈਲ ਜਾਂ ਮਈ ਦੇ ਮਹੀਨੇ ਵਿਚ ਹੋਣੇ ਚਾਹੀਦੇ ਹਨ। ਅਕਤੂਬਰ ਜਾਂ ਨਵੰਬਰ ਵਿਚ 8 ਵੀਂ ਤੋਂ ਦਸਵੀਂ ਕਰ ਦੇਣਾ ਬੜੀ ਭਾਰੀ ਗਲਤੀ ਹੈ ਕਿਉਂਕਿ ਅਗਰ ਬੱਚੇ ਇਕ ਸਕੂਲ ਨੂੰ ਛੱਡ ਕੇ ਦੂਜੇ ਸਕੂਲ ਵਿਚ ਜਾਣ ਤਾਂ ਉਨ੍ਹਾਂ ਦੀ ਪੜ੍ਹਾਈ ਦਾ ਬੜਾ ਨੁਕਸਾਨ ਹੁੰਦਾ ਹੈ ਕਿਉਂਕਿ ਕਿਸੇ ਸਕੂਲ ਵਿਚ ਕੋਰਸ ਜ਼ਿਆਦਾ ਕਰਾਇਆ ਹੁੰਦਾ ਹੈ ਅਤੇ ਕਿਸੇ ਵਿਚ ਘੱਟ ਕਰਾਇਆ ਹੁੰਦਾ ਹੈ ਜਿਸ ਕਾਰਣ ਬੱਚੇ ਆਪਸ ਵਿਚ ਮਿਲ ਨਹੀਂ ਸਕਦੇ। 1976-77 ਵਿਚ ਗਿਆਨੀ ਜੀ ਦੀ ਸਰਕਾਰ ਨੇ ਮੇਰੇ ਹਲਕੇ ਵਿਚ 4 ਸਕੂਲ ਪੰਜਵੀਂ ਤੋਂ 8 ਵੀਂ ਤਕ ਅਪਗਰੇਡ ਕੀਤੇ ਸਨ, ਜਿਨ੍ਹਾਂ ਦੇ ਨਾਂ ਹਨ ਮੁਕਤਾ, ਕਕੜੀਆਂ, ਟਪਾਣ ਅਤੇ ਸਮਲ। ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਸਕੂਲਾਂ ਦੀ ਮਨਜ਼ੂਰੀ ਵੀ ਚਲੀ ਲਈ ਅਤੇ 8ਵੀਂ ਦੇ ਸਕੂਲ ਦੀ ਡਾਕ ਜਾ ਰਹੀ ਹੈ ਪਰ ਸਟਾਫ ਉਥੇ ਅਜੇ ਤਕ ਨਹੀਂ ਪਹੁੰਚਿਆ,। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਥੇ ਸਟਾਫ਼ ਭੇਜਿਆ ਜਾਏ। ਇਸ ਤੋਂ ਇਲਾਵਾ ਜਿਹੜੇ ਸਕੂਲ 1976-77 ਵਿਚ ਮਨਜ਼ੂਰ ਹੋਏ ਸੀ, ਉਨ੍ਹਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਸਕੂਲਾਂ ਬਾਰੇ ਮੈਂ ਦਸਿਆ ਹੈ, ਉਹ ਕੰਡੀ ਏਰੀਆ ਹੈ ਉਸ ਵਿਚ ਤਰਜੀਹ ਦੇ ਕੇ ਪਹਿਲ ਦੇਣੀ ਚਾਹੀਦੀ ਹੈ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਿੰਡਾਂ ਵਿਚ ਸੜਕਾਂ ਤਦ ਤਕ ਕਾਮਯਾਬ ਨਹੀਂ ਹੋ ਸਕਦੀਆਂ, ਜਦ ਤਕ ਕਿ ਪੁਲ ਨਾ ਬਣਾਏ ਜਾਣ। 1972-73 ਵਿਚ ਸਾਡੀ ਸਰਕਾਰ ਨੇ ਹਰ ਪਿੰਡ ਨੂੰ ਸੜਕ ਨਾਲ ਲਿੰਕ ਕੀਤਾ ਸੀ ਅਤੇ ਕੁਝ ਪੁਲਾਂ ਦੀ ਘਾਟ ਰਹਿ ਗਈ ਸੀ। ਇਕ ਪੁਲ ਦੋ ਸੜਕਾਂ ਤੇ ਮਨਜ਼ੂਰ ਹੋਇਆ ਸੀ—ਬਲਾਚੌਰ ਅਤੇ ਚਮਕੌਰ ਸਾਹਿਬ। ਸਪੀਕਰ ਸਾਹਿਬ, ਤਿੰਨ ਸਾਲ ਬਾਦਲ ਸਾਹਿਬ ਦੀ ਸਰਕਾਰ ਰਹੀ। ਮੈਂ ਕਈ ਦਫਾ ਬੇਨਤੀ ਕੀਤੀ ਕਿ ਚਮਕੌਰ ਸਾਹਿਬ ਨੂੰ ਬਲਾਚੌਰ ਦੇ ਹਲਕੇ ਨਾਲ ਲਿੰਕ ਕਰ ਦਿੱਤਾ ਜਾਵੇ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਉਥੇ ਇਕ ਪੁਲ ਵੀ ਮਨਜ਼ੂਰ ਕੀਤਾ ਗਿਆ ਸੀ ਅਤੇ 5 ਲੱਖ ਰੁਪਏ ਦੀ ਮਨਜ਼ੂਰੀ ਦਾ ਵੀ ਐਲਾਨ ਕੀਤਾ ਗਿਆ ਸੀ। ਦੌਲਤ ਪੁਰ ਪਿੰਡ ਤਕ ਕਿਸ਼ਤੀਆਂ ਦਾ ਪੁਲ ਬਣਨਾ ਸੀ। ਕੁਝ ਹਾਲੇ ਵੀ ਕਿਸ਼ਤੀਆਂ ਪਈਆਂ ਹਨ, ਕੁਝ ਚੁਕ ਕੇ ਲੈ ਗਏ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਪੁਲ ਪਹਿਲਾਂ ਦਾ ਮਨਜ਼ੂਰ ਹੋਇਆ ਹੈ, ਇਹ ਬਣਾ ਦੇਣ ਤਾਂਕਿ ਬਲਾਚੌਰ, ਚਮਕੌਰ ਸਾਹਿਬ ਕੁਰਾਲੀ, ਸਰਹਿੰਦ ਅਤੇ ਪਟਿਆਲੇ ਨਾਲ ਮਿਲ ਜਾਵੇ। ਵਾਇਆ ਕੁਰਾਲੀ 40/50 ਮੀਲ ਦਾ ਪੈਂਡਾ ਪੈਂਦਾ ਹੈ। ਲੋਕਾਂ ਨੂੰ ਮੁੜ ਕੇ ਆਉਣਾ ਪੈਂਦਾ ਹੈ। ਇਸ ਨਾਲ ਦੋਨੋਂ ਇਲਾਕਿਆਂ ਦੇ ਲੋਕਾਂ ਨੂੰ ਫਾਇਦਾ ਹੋ ਸਕਦਾ ਹੈ।

ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਚੰਡੀਗੜ੍ਹ ਤੋਂ ਚਨਿਆਣੀ ਵਾਇਆ ਸਾਵਾ ਚਾਰ ਪੰਜ ਸਾਲ ਬੱਸ ਚਲਦੀ ਰਹੀ। ਇਕ ਸਾਲ ਤੋਂ ਇਹ ਬੰਦ ਹੈ। ਇਹ ਮੁੜ ਕੇ ਚਲਾਉਣੀ

Original with;
Punjab Vidhan Sabha
Digitized by:
Panjab Digital Library

[ਮਾਸਟਰ ਦਲੀਪ ਚੰਦ]

ਚਾਹੀਦੀ ਹੈ। ਇਸੇ ਤਰ੍ਹਾਂ ਹੀ ਚੰਡੀਗੜ੍ਹ ਤੋਂ ਚੰਦਪੁਰ ਰੁੜਕੀ ਵਾਇਆ ਸੜੋਆ ਬੱਸ ਚਲਣੀ ਚਾਹੀਦੀ ਹੈ। 95 ਫੀ ਸਦੀ ਲੋਕ ਉਥੇ ਦੇ ਪੜ੍ਹੇ ਲਿਖੇ ਹਨ । 3,000 ਦੇ ਕਰੀਬ ਆਬਾਦੀ ਹੈ । ਮੁਲਾਜ਼ਮਤ ਕਾਫੀ ਲੋਕ ਕਰਦੇ ਹਨ। ਉਥੇ ਵੀ ਬਸ ਚਲਾਈ ਜਾਵੇ । ਇਸੇ ਤਰ੍ਹਾਂ ਹੀ ਚੰਡੀਗੜ੍ਹ ਤੋਂ ਟਕਰਾਲਾ ਵਾਇਆ ਬਲਾਚੌਰ ਬੱਸ ਚਲਾਉਣੀ ਚਾਹੀਦੀ ਹੈ । ਸੜਕ ਬਣ ਚੁਕੀ ਹੈ । ਇਥੇ ਵੀ ਇਕ ਬਸ ਲਾਈ ਜਾਵੇ । ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਜੂਕੇਸ਼ਨ ਅਤੇ ਟਰਾਂਸਪੋਰਟ ਦੀਆਂ ਮੱਦਾਂ ਤੇ ਬੋਲਣ ਦਾ ਮੌਕਾ ਦਿਤਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਤੁਸੀਂ ਇਹ ਟੇਬਲ ਤੇ ਨਹੀਂ ਰੱਖ ਸਕਦੇ । ਮੈਨੂੰ ਦੇ ਦਿਓ । ਮੈਂ ਚੀਫ਼ ਮਨਿਸਟਰ ਸਾਹਿਬ ਕੋਲ ਭੇਜ ਦਿੰਦਾ ਹਾਂ । ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਕਾਂਗਰਸ ਦੇ ਇਕ ਅੰਹਦੇਦਾਰ ਦਾ ਨਾਂ ਲੈਕੇ ਇਲਜ਼ਾਮ ਲਾਇਆ ਗਿਆ ਹੈ ਕਿ ਉਹ ਬਦਮਾਸ਼ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਐਕਸਪੰਜ ਕੀਤਾ ਜਾਂਦਾ ਹੈ। ਬੀਰਦਵਿੰਦਰ ਸਿੰਘ ਜੀ, ਇਹ ਤਾਂ ਐਕਸਪੰਜ ਕਰਵਾ ਦਿੱਤਾ ਹੈ।

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਇਹ ਗਲਤ ਗਲ ਹੈ, ਇਥੇ ਸਾਡੇ ਡਿਸਟ੍ਰਿਕਟ ਦੇ ਕਾਂਗਰਸ ਦੇ ਅੰਹਦੇਦਾਰ ਦਾ ਨਾਂ ਲਿਆ ਗਿਆ ਹੈ। ਸਾਡੇ ਵਜ਼ੀਰ ਦਾ ਨਾਂ ਲਿਆ ਹੈ (ਵਿਘਨ) ।

ਸ਼੍ਰੀ ਸਪੀਕਰ : ਉਹ ਤਾਂ ਐਕਸਪੰਜ ਕਰਵਾ ਦਿੱਤਾ ਹੈ। ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਬੋਲੋ ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਪੇਸ਼ਤਰ ਇਸ ਦੇ ਕਿ ਮੈਂ ਐਜੂਕੇਸ਼ਨ ਦੀ ਡਿਮਾਂਡ ਬਾਰੇ ਕੁਝ ਕਹਾਂ ਮੈਂ ਟਰਾਂਸਪੋਰਟ ਦੀ ਡਿਮਾਂਡ ਤੇ ਬੋਲਾਂਗਾ ਅਤੇ ਦੋ ਚਾਰ ਮਿੰਟਾਂ ਵਿਚ ਇਸ ਦੀ ਹਾਲਤ ਬਾਰੇ ਆਪਣੇ ਵਿਚਾਰ ਰਖਣਾ ਚਾਹਾਂਗਾ । ਇਹ ਮਸਲਾ ਪੰਜਾਬ ਦੇ ਅੰਦਰ ਟਾਪ ਹੈਵੀ ਐਡਮਨਿਸਟਰੇਸ਼ਨ ਦਾ ਹੈ, ਇਸ ਨੂੰ ਖਤਮ ਕੀਤਾ ਜਾਵੇ । ਇੱਕ ਬੰਨੇ ਤਾਂ ਅਸੀਂ ਇਹ ਸਕੀਮ ਕਰ ਰਹੇ ਹਾਂ ਦੂਸਰੇ ਪਾਸੇ ਪ੍ਰੈਕਟਿਸ ਵਿਚ ਅਸੀਂ ਇਸ ਦੇ ਬਿਲਕੁਲ ਉਲਟ ਜਾ ਰਹੇ ਹਾਂ । ਟਰਾਂਸਪੋਰਟ ਡਿਪਾਰਟਮੈਂਟ ਵਿਚ ਤਿੰਨ ਨਵੇਂ ਡਿਵੀਜ਼ਨਲ ਡਿਪੂ ਬਣਾਏ ਜਾ ਰਹੇ ਹਨ ਜਿਸ ਦੇ ਵਿਚ ਤਿੰਨ ਰਿਜਨਲ ਮੈਨੇਜਰ ਰਖੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਪਰਚੇਜ਼ ਵਗੈਰਾ ਦਾ ਕੰਮ ਦਿੱਤਾ ਜਾ ਰਿਹਾ ਹੈ । ਜੋ ਟਰਾਂਸਪੋਰਟ ਦੀ ਇਸ ਵੇਲੇ ਹਾਲਤ ਹੈ, ਉਹ ਤੁਹਾਡੇ ਕੋਲੋਂ ਲੁਕੀ ਨਹੀਂ ।

11.02 ਪੂਰਵ ਦੁਪਹਿਰ | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਕੱਲ ਚੀਫ਼ ਮਨਿਸਟਰ ਸਾਹਿਬ ਨੇ ਰਾਈਟਲੀ ਕਿਹਾ ਸੀ ਕਿ ਇਹ ਪੀਪਾ ਟਰਾਂਸਪੋਰਟ ਬਣ ਗਈ ਹੈ । ਆਖਿਰ ਇਸ ਨੂੰ ਪੀਪਾ ਬਣਾਉਣ ਵਿਚ ਵੱਧ ਤੋਂ ਵੱਧ ਕੌਣ ਜ਼ਿਮੇਵਾਰ ਹੋ ਸਕਦਾ ਹੈ ? ਇਸ ਦੀ ਜ਼ਿਮੇਵਾਰ ਤਾਂ ਇਹ ਐਡਮਨਿਸਟਰੇਸ਼ਨ ਹੋ ਸਕਦੀ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਮਸਲੇ ਵਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸ਼੍ਰੀ ਖੰਨਾ ਸਾਡੇ ਡਾਇਰੈਕਟਰ ਹਨ, ਉਨ੍ਹਾਂ ਨੇ ਬੜਾ ਰਾਈਟਲੀ ਆਪਣੇ ਸਬਾਰਡੀਨੇਟ ਅਫਸਰਾਂ ਨੂੰ ਲਿਖਿਆ ਹੈ । ਉਸ ਦੇ ਵਿਚ ਉਨ੍ਹਾਂ ਨੇ ਇਹ ਲਫਜ਼ ਕਹੇ ਹਨ :—

Recently a case came to my notice in which while making purchases of spare parts General Managers and Works Managers have purchased some items at prices ranging twice to ten times the contract price of spare parts and in many such cases spare parts purchases were of very inferior quality.

ਡਿਪਟੀ ਸਪੀਕਰ ਸਾਹਿਬ, ਇਸ ਡਿਪਾਰਟਮੈਂਟ ਦੀ ਵਰਕਿੰਗ ਦੇ ਬਾਰੇ ਇਹ ਡਾਇਰੈਕਟਰ, ਟਰਾਂਸਪੋਰਟ ਦੀ ਓਬਜ਼ਰਵੇਸ਼ਨ ਹੈ। ਇਹ ਸਾਲ ਦੀ 6 ਕਰੋੜ ਰੁਪਏ ਦੀ ਪਰਚੇਜ਼ ਕਰਦੇ ਹਨ । ਇਹ ਪਰਚੇਜ਼ ਅਨਨੱਸੈਸਰੀ ਹੁੰਦੀ ਹੈ। ਬੜੀ ਗਲਤ ਕਿਸਮ ਦੀ ਇਹ ਪਰਚੇਜ਼ ਕਰਦੇ ਹਨ। ਦੋ ਤੋਂ 10 ਟਾਈਮਜ਼ ਵੱਧ ਕੀਮਤਾਂ ਦਿੰਦੇ ਹਨ। ਹੁਣ ਇਹ ਪਰਚੇਜ਼ ਇਨ੍ਹਾਂ ਤਿੰਨਾਂ ਦੇ ਹਵਾਲੇ ਕੀਤੀ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਗੌਰਮਿੰਟ ਨੂੰ ਇਹ ਪਤਾ ਹੈ ਕਿ ਉਨ੍ਹਾਂ ਨੇ ਵੱਧ ਤੋਂ ਵੱਧ ਲੇਲੈਂਡ ਅਤੇ ਮਰਸੀਡੀਜ਼ ਬੈਂਡਾਂ ਦੀਆਂ ਗੱਡੀਆਂ ਲਈਆਂ ਹੋਈਆਂ ਹਨ। ਉਨ੍ਹਾਂ ਦੇ ਰਿਕੁਗਨਾਈਜ਼ਡ ਡੀਲਰਜ਼ ਹਨ। ਉਨ੍ਹਾਂ ਦੀ ਇਹ ਰਿਸਪਾਂਸੀਬਿਲਟੀ ਹੈ ਕਿ ਗੱਡੀਆਂ ਦੀ ਪਰਚੇਜ਼ ਤੋਂ ਬਾਅਦ ਉਹ ਇਨ੍ਹਾਂ ਦੇ ਸਪੇਅਰ ਪਾਰਟਸ ਸਪਲਾਈ ਕਰਨ। ਪਰ ਇਥੇ ਖੁਲ੍ਹੀ ਪਰਚੇਜ਼ ਚਲਦੀ ਹੈ। ਦੋ ਤੋਂ ਲੈ ਕੇ 10 ਗੁਣਾ ਤਕ ਵੱਧ ਕੀਮਤ ਤੇ ਪਰਚੇਜ਼ ਕਰਦੇ ਹਨ। ਇਹ ਇਸ ਲਈ ਨਵਾਂ ਰਸਤਾ ਖੋਲ੍ਹ ਰਹੇ ਹਨ। ਮੈਂ ਮੰਗ ਕਰਦਾ ਹਾਂ ਕਿ ਜਿਹੜਾ ਇਹ ਟੂ ਟਾਇਰ ਦਾ ਸਿਸਟਮ ਚਲ ਰਿਹਾ ਹੈ ਐਡਮਨਿਸਟਸ਼ਨ ਦਾ, ਉਹੀ ਰਖਿਆ ਜਾਵੇ, ਥਰੀ ਟਾਇਰ ਸਿਸਟਮ ਨਾ ਕੀਤਾ ਜਾਵੇ। ਇਹ ਥਰੀ ਟਾਇਰ ਸਿਸਟਮ ਹੋਰ ਕੁਰੱਪਸ਼ਨ ਕਰ ਦੇਵੇਗਾ ਅਤੇ ਇਸ ਨਾਲ ਕੁਰੱਪਸ਼ਨ ਵੀ ਥਰੀ ਟਾਈਮਜ਼ ਵਧ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਜਿਹੜਾ ਪਰਚੇਜ਼ ਦਾ ਕੰਮ ਹੈ ਇਸ ਨੂੰ ਸਟੇਟ ਲੈਵਲ ਤੇ ਸੈਂਟਰੇਲਾਈਜ਼ ਕਰ ਦਿੱਤਾ ਜਾਵੇ ਅੌਰ ਕੋਈ ਕਮੇਟੀ ਬਣਾਓ ਜਿਹੜੀ ਕਿ ਪਰਮਾਨੈਂਟ ਵਾਚ ਡਾਗ ਦਾ ਕੰਮ ਕਰੇ। ਜਿਹੜੀ ਟਰਾਂਸਪੋਰਟ ਸਾਡੀ ਸਟੇਟ ਸੈਕਟਰ ਵਿਚ ਹੈ, ਇਸ ਤਰ੍ਹਾਂ ਇਹ ਨਹੀਂ ਰਹੇਗੀ। ਇਹ ਪੀਪਾ ਟਰਾਂਸਪੋਰਟ ਸਿਸਟਮ ਇਸ ਨੂੰ ਬਣਾ ਦੇਣਗੇ। ਮੈਂ ਆਪਣੇ ਸਵਾਲ ਵਿਚ ਪਰਸੋਂ ਬੜੇ ਫੈਕਟਸ ਹਾਊਸ ਦੇ ਸਾਹਮਣੇ ਰਖੇ ਸਨ ਕਿ ਪ੍ਰਾਈਵੇਟ ਓਪਰੇਟਰਜ਼ ਕੀ ਕਰਦੇ ਹਨ। ਪ੍ਰਾਈਵੇਟ ਓਪਰੇਟਰਜ਼ ਪੈਸੰਜਰ ਟੈਕਸ, ਰੋਡ ਟੈਕਸ, ਟੋਕਨ ਟੈਕਸ ਬਿਲਕੁਲ ਪੂਰਾ ਅਦਾ ਨਹੀਂ ਕਰਦੇ। 42 ਲੱਖ ਰੁਪਏ ਦੇ ਇਨ੍ਹਾਂ ਵੱਲ ਟੈਕਸ ਬਕਾਇਆ ਹਨ। ਫਿਰ 60 ਅਤੇ 40 ਦੀ ਰੇਸ਼ੋ ਨਾਲ ਐਗਰੀਮੈਂਟ ਕੀਤਾ ਹੋਇਆ ਹੈ। ਉਸ ਨੂੰ ਇਨ੍ਹਾਂ ਨੇ ਫਲਾਊਟ ਕੀਤਾ ਹੋਇਆ ਹੈ। ਇੱਕ ਇੱਕ ਰੂਟ ਤੇ ਤਿੰਨ ਤਿੰਨ ਬੱਸਾਂ ਚਲ ਰਹੀਆਂ ਹਨ। ਨੰਬਰ ਪਲੇਟ ਸਾਰੀਆਂ ਦੀ ਇਕੋ ਹੈ। ਉਹੀ ਨੰਬਰ ਪਲੇਟ ਦੂਸਰੀ ਬੱਸ ਤੇ ਲਾ ਕੇ ਬੱਸ ਚਲਾਉਂਦੇ ਹਨ। ਉਹ ਬੱਸਾਂ ਨਾ ਪਾਸ ਹੁੰਦੀਆਂ ਹਨ। ਬੱਸਾਂ ਦੀ ਹਾਲਤ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਇਸ ਮਾਮਲੇ ਵੱਲ ਫੌਰੀ ਧਿਆਨ ਦਿਤਾ ਜਾਵੇ। 1979 ਵਿਚ 14% ਟਰਾਂਸਪੋਰਟ ਦੀ ਹੋਰ ਨੈਸ਼ਨੇਲਾਈਜ਼ੇਸ਼ਨ ਕਰਨੀ ਸੀ। 1980 ਤਕ ਕੰਪਲੀਟ ਨੈਸ਼ਨੇਲਾਈਜੇਸ਼ਨ ਕਰਨੀ ਸੀ। ਇਸ ਦੇ ਵਾਸਤੇ ਸਾਡਾ ਨੋਟੀਫਿਕੇਸ਼ਨ ਹੈ। ਇਸ ਨੋਟੀਫਿਕੇਸ਼ਨ ਦਾ ਨੰਬਰ 12746 ਹੈ।

Notification No. 12746-IHT-69.

"With reference to Punjab Government Notification No. 299-C-IHT-69/17573, dated 11th July, 1969 and in exercise of the powers conferred by sub-section (2) of Section 68(D) of the Motor Vehicles Act, 1939, the Governor of Punjab is pleased to modify the scheme prepared by the State Transport Undertaking, namely, the Punjab Roadways

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

and as required by sub-section (3) of the said section modified scheme hereinafter called the approved scheme is published below."

ਇਸ ਤੋਂ ਅੱਗੇ ਚਲਦਿਆਂ ਹੋਇਆਂ ਇਨ੍ਹਾਂ ਨੇ ਉਸੇ ਹੀ ਨੋਟੀਫਿਕੇਸ਼ਨ ਵਿਚ ਪਰੋਵੀਜ਼ਨ ਕੀਤੀ ਹੈ ਕਿ ਇਹ ਜਿਹੜੀ ਟ੍ਰਾਂਸਪੋਰਟ ਹੈ, ਇਸ ਨੂੰ ਕਿਸ ਤਰੀਕੇ ਨਾਲ ਨੈਸ਼ਨੇਲਾਈਜ਼ ਕਰ ਦੇਣਾ ਹੈ। ਉਨ੍ਹਾਂ ਨੇ ਬ੍ਰੇਕ-ਅੱਪ ਦਿੱਤੀ ਹੈ ਅੌਰ ਨਾਲ ਹੀ ਇਸ ਵਿਚ ਨੋਟੀਫਿਕੇਸ਼ਨ ਹੈ ਡੇਟਿਡ 11 ਜੁਲਾਈ, 1969 ਦਾ। ਹੁਣ ਇਹ ਵੀ ਓਪਰੇਟ ਕਰ ਰਿਹਾ ਹੈ, ਸਕੀਮ ਵੀ ਓਪਰੇਟ ਕਰ ਰਹੀ ਹੈ, ਸੰਨ 1969 ਵਿਚ ਰੁਪਿਆ ਵੀ ਰਖਿਆ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਲੋਕਾਂ ਨਾਲ ਧੱਕਾ ਹੋ ਰਿਹਾ ਹੈ। ਇਕ ਸਕੀਮ ਪ੍ਰਾਮਿਸਡ ਹੈ ਕਿ ਇਸ ਤਰ੍ਹਾਂ ਨਾਲ ਨੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ ਪਰ ਨਹੀਂ ਹੋਈ। ਇਸ ਲਈ ਮੈਂ ਫਿਰ ਕਹਿਦਾ ਹਾਂ ਕਿ ਜਦੋਂ ਤਕ ਟਰਾਂਸਪੋਰਟ ਨੈਸ਼ਨੇਲਾਈਜ਼ ਨਹੀਂ ਕੀਤੀ ਜਾਵੇਗੀ, ਪ੍ਰਾਈਵੇਟ ਓਪਰੇਟਰਜ਼ ਵਲੋਂ ਅੈਕਸਪਲਾਇਟੇਸ਼ਨ ਮਤਵਾਤਰ ਜਾਰੀ ਰਹੇਗੀ ।

ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਜਿਹੜੀ ਹੈ, ਇਹ ਮੈਂ ਸਮਝਦਾ ਹਾਂ ਕਿ ਪਰਚੇਜ਼ ਤੇ ਹੁੰਦੀ ਹੈ। ਇਸ ਵੇਲੇ ਕੀ ਹੈ, ਬਗੈਰ ਕਿਸੇ ਪਾਲਿਸੀ ਦੇ, ਬਗੈਰ ਕਿਸੀ ਸਿਸਟਮ ਦੇ ਪਰਚੇਜ਼ ਹੋ ਰਹੀ ਹੈ, ਇਸ ਵੇਲੇ ਕੋਈ ਪਲਾਨਿੰਗ ਨਹੀਂ ਹੈ। ਇਸ ਕਰਕੇ ਹੁੰਦਾ ਕੀ ਹੈ ਕਿ ਦੋ ਕਰੋੜ ਦੀ ਅੈਕਚੂਅਲ ਪਰਚੇਜ਼ ਹੁੰਦੀ ਹੈ ਅੌਰ ਛੇ ਛੇ ਕਰੋੜ ਖਜ਼ਾਨੇ ਵਿਚ ਖਰਚਾ ਸ਼ੋ ਕੀਤਾ ਜਾਂਦਾ ਹੈ।

ਸਾਡੇ ਪੰਜਾਬ ਵਿਚ ਬੱਸ ਅੱਡਿਆਂ ਦੀ ਬੁਰੀ ਹਾਲਤ ਹੈ। ਉਥੇ ਲੋਕਾਂ ਨੇ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ। ਦੁਕਾਨਾਂ ਤਾਂ ਸਰਕਾਰ ਨੇ ਇਸ ਵਾਸਤੇ ਖੋਲ੍ਹਣ ਲਈ ਇਜ਼ਾਜ਼ਤ ਦਿੱਤੀ ਸੀ ਕਿ ਮੁਸਾਫਰਾਂ ਨੂੰ ਸਸਤੀਆਂ ਚੀਜ਼ਾਂ ਉਥੋਂ ਹੀ ਮਿਲ ਜਾਇਆ ਕਰਨ। ਲੇਕਿਨ ਹੋ ਕੀ ਰਿਹਾ ਹੈ ? ਦੁਕਾਨ ਇਕ ਕੰਟਰੈਕਟਰ ਨੇ ਲਈ ਹੋਈ ਹੈ ਅੌਰ ਉਸ ਨੇ ਅਗੋਂ ਦਸ ਦਸ ਰੇੜ੍ਹੀਆਂ ਦੀ ਸ਼ਕਲ ਵਿਚ ਦੁਕਾਨਾਂ ਬਣਾਈਆਂ ਹੋਈਆਂ ਹਨ। ਉਨ੍ਹਾਂ ਨੇ ਨਾ ਕੋਈ ਰੇਟ ਲਿਸਟ ਰੱਖੀ ਹੋਈ ਹੈ, ਨਾ ਕੋਈ ਚੀਜ਼ ਸਸਤੀ ਹੈ ਅੌਰ ਨਾ ਹੀ ਉਹ ਕਿਸੇ ਨਾਲ ਚਜ ਨਾਲ ਬੋਲਦੇ ਹਨ। ਇਸ ਵੇਲੇ ਤਾਂ ਉਹ ਮਾਰਕਿਟ ਪਲੇਸ਼ਿਜ਼ ਬਣੀਆਂ ਹੋਈਆਂ ਹਨ, ਅੱਡੇ ਨਹੀਂ ਰਹੇ । ਪਿਛੇ ਜਿਹੇ ਡੇਅਰੀ ਡਿਪਾਰਟਮੈਂਟ ਵਾਲਿਆਂ ਨੇ ਉਥੇ ਦੁਕਾਨਾਂ ਖੋਲ੍ਹੀਆਂ ਸਨ ਤਾਕਿ ਆਉਣ ਜਾਣ ਵਾਲਿਆਂ ਨੂੰ ਦੁਧ ਮਿਲ ਜਾਇਆ ਕਰੇ। ਪਰ ਪਤਾ ਨਹੀਂ ਹੈ ਕਿ ਜਿਹੜਾ ਉਥੇ ਕਰਮਚਾਰੀ ਹੁੰਦਾ ਹੈ ਉਹ ਦੁਕਾਨ ਖੋਲ੍ਹਦਾ ਹੀ ਨਹੀਂ ਹੈ। ਫਿਰ ਹੋਰ ਵੇਖ ਲਵੋ ਜਿਹੜਾ ਉਥੇ ਵਾਟਰ ਵਰਕਸ ਦਾ ਟੈਪ ਲਗਿਆ ਹੁੰਦਾ ਹੈ, ਉਹ ਵੀ ਖਰਾਬ ਕੀਤਾ ਹੁੰਦਾ ਹੈ ਤਾਕਿ ਲੋਕ ਮਜ਼ਦੂਰ ਹੋ ਕੇ ਦੋ ਦੋ ਰੁਪਏ ਦੀਆਂ ਕੋਕਾ ਕੋਲੇ ਦੀਆਂ ਬੋਤਲਾਂ ਪੀਣ। ਇਸ ਲਈ ਸਰਕਾਰ ਇਸ ਪਾਸੇ ਧਿਆਨ ਦੇਵੇ। ਮੈਂ ਇਹ ਵੀ ਕਹਿੰਦਾ ਹਾਂ ਕਿ ਇਕ ਟਰਾਂਸਫਰਜ਼ ਦਾ ਵੀ ਮਾਮਲਾ ਬਹੁਤ ਵੱਧ ਗਿਆ ਹੈ। ਜਿਹੜੇ ਆਫੀਸ਼ੀਅਲ ਨੂੰ ਕੁਰੱਪਸ਼ਨ ਦੇ ਕੇਸ ਵਿਚ ਇਕ ਰੂਟ ਤੋਂ ਸਸਪੈਂਡ ਕੀਤਾ ਜਾਂਦਾ ਹੈ, ਜਦੋਂ ਫਿਰ ਬਹਾਲ ਕੀਤਾ ਜਾਂਦਾ ਹੈ ਤਾਂ ਫਿਰ ਉਸੇ ਹੀ ਰੂਟ ਤੇ ਲਗਾਇਆ ਜਾਂਦਾ ਹੈ। ਇਹ ਆਮ ਚਰਚਾ ਹੈ ਕਿ ਪੈਸੇ ਦਿਓ ਅੌਰ ਜਿਸ ਤਰ੍ਹਾਂ ਮਰਜ਼ੀ ਹੈ ਕਰਵਾ ਲਵੋ। ਮੈਂ ਇਸ ਲਈ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਹ ਸਿਚੂਏਸ਼ਨ ਬੜੀ ਭਾਰੀ ਵੇਖਣ ਵਾਲੀ ਹੈ। ਇਸ ਮਹਿਕਮੇ ਬਾਰੇ ਮੈਂ ਇਤਨਾ ਹੀ ਕਹਿ ਕੇ ਫਿਰ ਮੈਂ ਅਸਲ ਮਹਿਕਮੇ ਅੈਜੂਕੇਸ਼ਨ ਵੱਲ ਆਉਂਦਾ ਹਾਂ।

ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਪੜ੍ਹੇ ਲਿਖੇ ਹੋ, ਤੁਹਾਨੂੰ ਵੀ ਪਤਾ ਹੈ ਕਿ ਅੈਜੂਕੇਸ਼ਨ ਦਾ ਮਤਲਬ ਕੀ ਹੈ ? ਅੈਜੂਕੇਸ਼ਨ ਦਾ ਮਤਲਬ ਹੈ ਕਿ ਦਿਮਾਗੀ ਤੌਰ ਤੇ, ਸਮਾਜਿਕ ਤੌਰ ਤੇ, ਇਮੋਸ਼ਨਲ ਤੌਰ ਤੇ ਇਕ ਇੰਡੀਵੀਜੂਅਲ ਨੂੰ ਮੁਕੰਮਲ ਇਨਸਾਨ ਬਣਾ ਦਿੱਤਾ ਜਾਵੇ। ਅੌਰ ਇਕ ਆਦਮੀ ਨੂੰ ਅੱਛਾ ਸ਼ਹਿਰੀ ਬਣਾ ਦਿੱਤਾ ਜਾਵੇ। ਤੁਸੀਂ ਜਾਣਦੇ ਹੋ ਕਿ ਜੇਕਰ ਇਕ ਅੱਛਾ

Original with;
Punjab Vidhan Sabha
Digitized by;
Panjab Digital Library

ਪੰਜਾਬੀ ਬਣੇਗਾ ਤਾਂ ਹੀ ਅੱਛਾ ਪੰਜਾਬ ਬਣੇਗਾ ਅੌਰ ਜੇਕਰ ਕੋਈ ਅੱਛਾ ਹਿੰਦੁਸਤਾਨੀ ਬਣੇਗਾ ਤਾਂ ਅੱਛਾ ਹਿੰਦੁਸਤਾਨ ਬਣੇਗਾ । ਮੈਨੂੰ ਕਈ ਦਫਾ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਸ਼ੇਅਰ ਯਾਦ ਆਉਂਦਾ ਹੈ :—

"ਇਰਾਦੇ ਬਣਤੇ ਹੈ, ਸੋਚਤੇ ਹੈਂ ਤੋੜ ਦੇਤੇ ਹੈਂ"

ਪਤਾ ਨਹੀਂ, ਸਪੀਕਰ ਸਾਹਿਬ, ਇਸ ਸ਼ੇਅਰ ਤੇ ਅਮਲ ਕਿਤਨੀ ਦੇਰ ਕਰਦੇ ਰਹਿਣਗੇ। ਪਤਾ ਨਹੀਂ ਕਿ ਜੋ ਕੁਝ ਸੰਨ 1977 ਤਕ ਹੁੰਦਾ ਰਿਹਾ ਹੈ, ਕੀ ਉਸੇ ਤਰ੍ਹਾਂ ਹੀ ਹੁੰਦਾ ਰਹੇਗਾ ਜਾਂ ਕੁਝ ਸੁਧਾਰ ਹੋਵੇਗਾ ? ਇਸ ਬਾਰੇ ਤਾਂ ਐਜੂਕੇਸ਼ਨ ਮਨਿਸਟਰ ਸਾਹਿਬ ਹੀ ਦੱਸ ਸਕਦੇ ਹਨ।

ਡਿਪਟੀ ਸਪੀਕਰ ਸਾਹਿਬ, ਵੇਖੋ ਐਜੂਕੇਸ਼ਨ ਦੇ ਖੇਤਰ ਵਿਚ ਕਿਸ ਤਰ੍ਹਾਂ ਨਾਲ ਤਜਰਬੇ ਹੁੰਦੇ ਆਏ ਹਨ। ਪਹਿਲਾਂ ਕਿਹਾ ਗਿਆ ਕਿ 8 ਪਲੱਸ 2 ਹੋਵੇ, ਫਿਰ ਕਿਹਾ ਗਿਆ ਕਿ 10 ਪਲਸ 2 ਹੋਵੇ, ਫਿਰ 11 ਪਲੱਸ 3 ਕਿਹਾ ਗਿਆ ਅਤੇ ਹੁਣ ਕਹਿੰਦੇ ਹਨ ਕਿ ਇਹ ਵੀ ਠੀਕ ਨਹੀਂ ਅਤੇ 10 ਪਲੱਸ 2 ਪਲੱਸ 3 ਹੋਵੇ। ਇਸ ਤਰ੍ਹਾਂ ਨਾਲ ਇਹ ਚੇਂਜਿਜ਼ ਹੁੰਦੀਆਂ ਹਨ, ਪ੍ਰੈਕਟੀਕਲਜ਼ ਹੁੰਦੇ ਹਨ ਅਤੇ ਕੋਈ ਠੋਸ ਪਾਲਿਸੀ ਇਸ ਖੇਤਰ ਵਿਚ ਅਜੇ ਤਕ ਸਰਕਾਰ ਨਹੀਂ ਬਣਾ ਸਕੀ। ਕਦੇ 8 ਪਲੱਸ 2, ਕਦੇ 4 ਪਲੱਸ 4 ਪਲੱਸ 3 ਜਾਂ 8 ਪਲੱਸ 2 ਪਲੱਸ 2 ਪਲੱਸ 3 ਜਾਂ 7 ਪਲੱਸ 5 ਪਲੱਸ 3, ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਫਾਰਮੂਲੇ ਦੇਣ ਤੋਂ ਬਾਅਦ ਜਦੋਂ ਕਿਸੇ ਸਿਰੇ ਗੱਲ ਨਾ ਲੱਗੀ ਤਾਂ ਮੋਰਾਰ ਜੀ ਦਿਸਾਈ ਨੇ ਕਹਿ ਦਿਤਾ ਕਿ ਗੁਰੂ ਕੁਲ ਕਾਂਗੜੀ ਵਾਲੀ ਐਜੂਕੇਸ਼ਨ ਹੀ ਸ਼ੁਰੂ ਕਰ ਦਿਉ । ਇਹ ਠੀਕ ਹੈ ਕਿ 1 ਕਰੋੜ 15 ਲੱਖ ਰੁਪਿਆ ਪ੍ਰਾਇਮਰੀ ਐਜੂਕੇਸ਼ਨ ਤੇ ਲਗਾਉਣ ਲਈ ਰੱਖਿਆ ਹੈ। ਠੀਕ ਹੈ, ਪਰ ਏਮ ਕੀ ਹੈ ਸਾਡਾ ? ਅਸੀਂ ਕਿਸ ਪਾਸੇ ਵੱਲ ਜਾਣਾ ਹੈ। ਜੇਕਰ ਅਸੀਂ ਕੋਈ ਠੋਸ ਪਾਲਿਸੀ ਨਹੀਂ ਬਣਾਉਂਦੇ ਤਾਂ ਸਾਡਾ ਏਮ ਸੱਸਟੇਨ ਕਿਸ ਤਰ੍ਹਾਂ ਹੋਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਸ਼ੁਰੂ ਤੋਂ ਹੀ ਕਿਸੇ ਹਿੰਦੁਸਤਾਨੀ ਅੰਦਰ ਠੀਕ ਐਜੂਕੇਸ਼ਨ ਨਾ ਭਰੀ ਗਈ ਤਾਂ ਉਹ ਵੱਡਾ ਹੋ ਕੇ ਕਿਸ ਪਾਸੇ ਜਾਵੇਗਾ ਅਤੇ ਦੇਸ਼ ਕਿਸ ਪਾਸੇ ਜਾਵੇਗਾ। ਅਸਲ ਵਿਚ, ਡਿਪਟੀ ਸਪੀਕਰ ਸਾਹਿਬ, ਹੋ ਕੀ ਰਿਹਾ ਹੈ ? ਪੰਜ ਪਰਸੈਂਟ ਮਾਇਨਾਰਿਟੀ ਬੈਠੀ ਹੋਈ ਹੈ। ਉਹ ਹੀ ਸਾਡੇ ਦੇਸ਼ ਦੇ 95% ਬੱਚਿਆਂ ਵਾਸਤੇ ਐਜੂਕੇਸ਼ਨ ਦੀ ਪਲਾਨਿੰਗ ਕਰਦੀ ਹੈ। ਇਥੇ ਦੋ ਚੀਜ਼ਾਂ ਨਾਲ ਨਾਲ ਚਲਦੀਆਂ ਹਨ। ਇਕ ਪਬਲਿਕ ਸਕੂਲਾਂ ਦੀ ਅੌਰ ਦੂਜੇ ਸਧਾਰਨ ਸਕੂਲਾਂ ਦੀ । ਜਿਹੜੇ ਉਪਰ ਬੈਠੇ ਹਨ ਉਹ ਕਹਿੰਦੇ ਹਨ ਕਿ ਨੀਕ ਹੈ ਤੁਸੀਂ ਤਾਂ ਬੇਸਿਕ ਐਜੂਕੇਸ਼ਨ ਹੀ ਦਿਓ ਤੇ ਸਾਡੇ ਬੱਚੇ ਕਾਨਵੈਂਟ ਸਕੂਲਾਂ ਵਿਚ ਜਾਂ ਹੋਰ ਸਪੈਸ਼ਲ ਸਕੂਲਾਂ ਵਿਚ ਪੜ੍ਹਨ ਗੇ। ਇਸ ਤਰ੍ਹਾਂ ਨਾਲ ਉਨ੍ਹਾਂ ਦੇ ਬੱਚੇ ਉਪਰਲੀਆਂ ਨੌਕਰੀਆਂ ਵਿਚ ਚਲੇ ਜਾਂਦੇ ਹਨ। ਇਸ ਵਿਚ ਜੋ ਸਿਲਸਿਲਾ ਚਲ ਰਿਹਾ ਹੈ, ਉਹ ਨਿਹਾਇਤ ਹੀ ਅਫਸੋਸਨਾਕ ਹੈ। ਮੈਂ ਚਾਹੁੰਦਾ ਹਾਂ ਕਿ ਸਾਨੂੰ ਨੈਸ਼ਨਲ ਏਮ, ਇਕ ਨੈਸ਼ਨਲ ਗੋਲ ਤਹਿ ਕਰ ਲੈਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਕਾਮਨਮੈਨ ਦੀ ਐਜੂਕੇਸ਼ਨ ਬਣਾਈ ਜਾਵੇ। ਪਿਛਲੇ ਦਿਨਾਂ ਵਿਚ ਆਦਰਸ਼ ਸਕੂਲਾਂ ਦਾ ਸਿਲਸਿਲਾ ਚਲਿਆ ਹੈ। ਚਾਰ ਕਰੋੜ ਰੁਪਿਆ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਲੈ ਕੇ ਪਿਛਲੀ ਸਰਕਾਰ ਨੇ ਆਦਰਸ਼ ਸਕੂਲ ਬਨਾਉਣ ਦਾ ਫੈਸਲਾ ਕਰ ਲਿਆ। ਪਰ ਪ੍ਰਾਇਮਰੀ ਸਕੂਲਾਂ ਦੀ ਹਾਲਤ ਇਹ ਹੈ ਕਿ ਉਥੇ ਨਾ ਕੋਈ ਟਾਟ ਹੈ, ਨਾ ਕੋਈ ਪੱਖਾ ਹੈ ਅਤੇ ਨਾ ਹੀ ਕੋਈ ਫਰਨੀਚਰ ਹੈ। ਮੈਂ ਸਮਝਦਾ ਹਾਂ ਕਿ ਅਗਰ ਇਹ ਚਾਰ ਕਰੋੜ ਰੁਪਿਆ ਇਸ ਪਾਸੇ ਖਰਚਿਆ ਜਾਂਦਾ ਤਾਂ ਸ਼ਾਇਦ ਪ੍ਰਾਇਮਰੀ ਸਕੂਲਾਂ ਦੀਆਂ ਸਾਰੀਆਂ ਕਮੀਆਂ ਦਰ ਹੋ ਸਕਦੀਆਂ। ਇਕ ਕਰੋੜ ਰੁਪਿਆ ਪ੍ਰਾਇਮਰੀ ਸਕੂਲਾਂ ਵਾਸਤੇ ਰਖਿਆ ਹੈ, ਪਰ ਆਦਰਸ਼ ਸਕੂਲਾਂ ਵਾਸਤੇ ਪਤਾ ਹੈ ਕਿ ਕਿਤਨਾ ਰੁਪਿਆ ਰਖਿਆ ਗਿਆ ਹੈ ?

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਇਨ੍ਹਾਂ ਵਾਸਤੇ 4 ਕਰੋੜ ਰੁਪਿਆ ਰਖਿਆ ਗਿਆ ਹੈ। ਜੇਕਰ ਇਹ ਚਾਰ ਕਰੋੜ ਪ੍ਰਾਇਮਰੀ ਸਕੂਲਾਂ ਤੇ ਲੱਗ ਜਾਂਦਾ ਤਾਂ ਕਾਮਨਮੈਨ ਦੀ ਐਜੂਕੇਸ਼ਨ ਦੇ ਸਾਮਾਨ ਵਿਚ ਸੁਧਾਰ ਹੁੰਦਾ।

Mr. Deputy Speaker : Comrade Raj Kumar Ji, your time is over.

Comrade Raj Kumar : I am the only speaker from my party and I started at 11.05. How is it that my time is over ?

Mr. Deputy Speaker : Your party was allotted 8 minutes' time whereas you have taken 12 minutes.

Comrade Raj Kumar : Anyway, I am trying to wind up as early as possible. ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਕ ਡੈਫੇਨਿਟ ਸਟਰੈਟਿਜੀ ਹੋਣੀ ਚਾਹੀਦੀ ਹੈ ਅੱਰ ਇਹ ਡੈਫੇਨਿਟ ਸਟਰੈਟਿਜੀ ਨਾ ਹੋਣ ਦਾ ਹੀ ਨਤੀਜਾ ਹੈ ਕਿ ਸਾਡੀ ਐਜੂਕੇਸ਼ਨ ਦੇ ਫੇਲ੍ਹ ਹੋਣ ਵਿਚ ਇਕ ਅਜੀਬ ਜਿਹੀ ਸਿਚੂਏਸ਼ਨ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਅਸੀਂ ਸਕੂਲ ਐਜੂਕੇਸ਼ਨ ਬੋਰਡ ਦੇ ਸਟਰੱਕਚਰ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ —

We have a School Education Board, a nominated body. Why it should not be in elected body like Senate in the Panjab University.

ਲੇਕਿਨ ਨਹੀਂ ਉਥੇ ਬੰਦੇ ਨਾਮੀਨੇਟ ਕੀਤੇ ਹੋਏ ਹਨ। ਉਹ ਸਮੱਗ ਮਨਟੈਲਿਟੀ ਨਾਲ ਵਰਕ ਕਰਦੇ ਹਨ ਅੱਰ ਫੰਡਜ਼ ਨੂੰ ਬੁਰੀ ਤਰ੍ਹਾਂ ਨਾਲ ਯੂਜ਼ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਉਨ੍ਹਾਂ ਦਾ 19 ਲੱਖ ਰੁਪਏ ਦੇ ਕਰੀਬ ਸੀਕਰੇਸੀ ਫੰਡ ਹੈ। ਉਸ ਫੰਡ ਨੂੰ ਮਿਸਯੂਟੇਲਾਈਜ਼ ਕੀਤਾ ਜਾਂਦਾ ਹੈ। ਉਸ ਫੰਡ ਨੂੰ ਨਾ ਕੋਈ ਚੈਕ ਕਰ ਸਕਦਾ ਹੈ, ਉਸ ਤੇ ਨਾ ਕੋਈ ਆਡੀਟਰ ਇਤਰਾਜ਼ ਕਰ ਸਕਦਾ ਹੈ ਅਤੇ ਜਿਸ ਤਰ੍ਹਾਂ ਮਰਜ਼ੀ ਹੈ ਉਸ ਨੂੰ ਖਰਚ ਕੀਤਾ ਜਾਂਦਾ ਹੈ। ਇਕ ਗੱਲ ਐਜੂਕੇਸ਼ਨ ਬੋਰਡ ਦੇ ਬਾਰੇ ਤੁਸੀਂ ਵੀ ਜਾਣਦੇ ਹੋਵੋਗੇ, ਸਪੀਕਰ ਸਾਹਿਬ, ਵੀ ਜਾਣਦੇ ਹਨ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਵੀ ਜਾਣਦੇ ਹਨ। ਉਸ ਬਾਰੇ ਮੈਂ ਇਕ ਪਰਟੀਨੈਂਟ ਗਲ ਕਹਿਣੀ ਚਾਹੁੰਦਾ ਹਾਂ। ਮੁੱਖ ਮੰਤਰੀ ਜੀ ਨੇ ਵੀ ਕਿਹਾ ਕਿ ਸੈਕੰਡਰੀ ਐਜੂਕੇਸ਼ਨ ਵਿਚ ਕਿਤਾਬਾਂ ਦੀ ਸ਼ਾਰਟੇਜ ਰਹੀ ਹੈ। 23 ਕਿਤਾਬਾਂ ਹਨ ਜੋ, ਡਿਪਟੀ ਸਪੀਕਰ ਸਾਹਿਬ, ਅਜੇ ਛਪੀਆਂ ਵੀ ਨਹੀਂ ਹਨ ਅੱਰ ਉਨ੍ਹਾਂ ਕਿਤਾਬਾਂ ਦੀਆਂ ਗਾਈਡ ਬੁੱਕਾਂ, ਹੈਲਪ ਬੁਕਾਂ ਛੱਪ ਕੇ ਵਿਕ ਰਹੀਆਂ ਹਨ ਅੱਰ ਗਰੀਬ ਲੋਕਾਂ ਤੋਂ ਪੈਸੇ ਲਏ ਜਾ ਰਹੇ ਹਨ। ਇਹ ਕਿਉਂ, ਇਸ ਕਰਕੇ ਕਿ ਜਿਹੜੇ ਅਫਸਰ ਹਨ ਉਨ੍ਹਾਂ ਨੇ ਮੈਟੀਰੀਅਲ ਛਾਪਣ ਲਈ ਇੰਤਜ਼ਾਮ ਕੀਤੇ ਹੋਏ ਹਨ। ਇਸ ਲਈ ਮੈਂ ਡਿਮਾਂਡ ਕਰਦਾ ਹਾਂ ਕਿ ਇਕ ਨੋਟੀਫੀਕੇਸ਼ਨ ਰਾਹੀਂ ਇਹ ਹੈਲਪ ਬੁੱਕਾਂ ਅੱਰ ਗਾਈਡ ਬੁਕਸ ਬੰਦ ਹੋਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਕਿਤਨੇ ਮਹੀਨੇ ਲੰਘ ਗਏ ਹਨ ਕਈ ਕਿਤਾਬਾਂ ਅਜੇ ਤਕ ਨਹੀਂ ਮਿਲ ਸਕੀਆਂ। ਇਹ ਐਜੂਕੇਸ਼ਨ ਬੋਰਡ ਦੇ ਕੰਮ ਕਰਨ ਦੀ ਪੁਜੀਸ਼ਨ ਹੈ। ਫਿਰ ਹੋਰ ਵੇਖ ਲਵੋ ਐਜੂਕੇਸ਼ਨ ਬੋਰਡ ਵਿਚ ਕੀ ਹੁੰਦਾ ਹੈ ? ਇਨ੍ਹਾਂ ਦੇ ਕਈ ਅਫਸਰ ਹਨ, ਉਨ੍ਹਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਕੁਆਲੀਫਿਕੇਸ਼ਨਜ਼ ਨਹੀਂ ਸਨ ਰੱਖਦੇ ਪਰ ਉਨ੍ਹਾਂ ਦੀ ਕੁਆਲੀਫਿਕੇਸ਼ਨਜ਼ ਦੀ ਕਲਾਜ਼ ਨੂੰ ਸਪੈਸ਼ਲ ਤੌਰ ਤੇ ਵੇਵ ਕੀਤਾ ਗਿਆ ਹੈ। ਜਿਹੜੇ ਡਿਜ਼ਰਵਿੰਗ ਹੈਂਡਜ਼ ਨਹੀਂ ਹਨ, ਉਨ੍ਹਾਂ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਇਹ ਪ੍ਰਾਇਮਰੀ ਐਜੂਕੇਸ਼ਨ ਜਿਹੜੀ ਹੈ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਐਜੂਕੇਸ਼ਨ ਦੇ 50 ਹਜ਼ਾਰ ਟੀਚਰਜ਼ ਹਨ, ਪਰ ਉਨ੍ਹਾਂ ਲਈ ਕੋਈ ਵੀ ਇਨਸੈਂਟਿਵ ਨਹੀਂ ਹੈ। ਕੋਈ ਪਰਮੋਸ਼ਨ ਨਹੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਕੋਈ ਨਾ ਕੋਈ ਇਨਸੈਂਟਿਵ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਹੈਡ ਟੀਚਰਜ਼ ਅਤੇ ਸੈਂਟਰਲ ਟੀਚਰਜ਼ ਲਗਾ ਕੇ ਇਸੇ ਤਰ੍ਹਾਂ ਦਾ ਕੋਈ ਇਨਸੈਂਟਿਵ ਦੇਣਾ ਚਾਹੀਦਾ ਹੈ। ਇਸ ਵੇਲੇ ਜਿਹੜੇ ਸਾਡੇ ਟੀਚਰਜ਼ ਹਨ ਉਨ੍ਹਾਂ ਨੂੰ ਸਭ ਤੋਂ ਵੱਧ ਪਰੇਸ਼ਾਨੀ ਹੈ।

ਮੈਂ ਬੇਨਤੀ ਕਰਾਂਗਾ ਕਿ ਗੌਰਮਿੰਟ ਨੇ 6 ਮਹੀਨੇ ਹੋਏ ਇਕ ਨੋਟੀਫੀਕੇਸ਼ਨ ਕੀਤਾ ਸੀ, ਪਰ ਇਸ ਕੈਬਨਿਟ ਨੇ ਉਸ ਨੂੰ ਹਾਲੇ ਰੈਟੀਫਾਈ ਕਰਨਾ ਹੈ ਕਿ ਜਿਹੜੇ 8,500 ਦੇ ਕਰੀਬ ਪ੍ਰਾਇਮਰੀ ਟੀਚਰਜ਼ ਹਨ, ਉਨ੍ਹਾਂ ਵਿਚੋਂ 20% ਨੂੰ ਪਰਮੋਸ਼ਨ ਦਿੱਤੀ ਜਾਵੇ ਅਤੇ ਹੈਡ ਟੀਚਰਜ਼ ਬਣਾਏ ਜਾਣ ਤਾਂ ਜੋ ਉਨ੍ਹਾਂ ਦਾ ਕੁਝ ਸਟੈਂਡਰਡ ਉਚਾ ਉਠ ਸਕੇ। ਠੀਕ ਹੈ ਇਸ ਸਰਕਾਰ ਨੇ ਪ੍ਰਾਇਮਰੀ ਸਕੂਲਾਂ ਵਾਸਤੇ ਕੁਝ ਪ੍ਰੋਵੀਜ਼ਨ ਕੀਤੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਹਣ ਵੋਕੇਸ਼ਨਲ ਐਜੂਕੇਸ਼ਨ ਵਾਸਤੇ ਅਰਜ਼ ਕਰਨਾ ਚਾਹੁੰਦਾ ਹਾਂ।

Mr. Deputy Speaker: Please wind up.

ਕਾਮਰੇਡ ਰਾਜ ਕੁਮਾਰ: ਇਹ ਜਿਹੜਾ ਵੋਕੇਸ਼ਨਲ ਐਜੂਕੇਸ਼ਨ ਸਿਸਟਮ ਹੈ, ਇਸ ਬਾਰੇ ਮੈਨੂੰ ਨਹੀਂ ਪਤਾ ਕਿ ਆਇਆ ਇਹ ਅਪਣਾਇਆ ਜਾਵੇਗਾ ਜਾਂ ਨਹੀਂ। ਪਰ ਮੈਂ ਇਹ ਕਹਿੰਦਾ ਹਾਂ ਕਿ ਇਸ ਵਾਸਤੇ ਜਿਹੜਾ ਇਨਫਰਾਸਟ੍ਰਕਚਰ ਨੀਡਿਡ ਹੈ, ਕੀ ਉਹ ਬਣਾਇਆ ਗਿਆ ਹੈ, ਜਾਂ ਨਹੀਂ ? ਇਸ ਵਾਸਤੇ ਕੋਈ ਐਡੀਕੁਏਟ ਪ੍ਰੋਵੀਜ਼ਨ ਕੀਤਾ ਗਿਆ ਹੈ ਜਾਂ ਨਹੀਂ। ਅਗਰ ਇਹ ਇਸ ਨੂੰ ਹਾਫ ਪ੍ਰੀਪੇਅਰਲੀ ਸ਼ੁਰੂ ਕਰਨਗੇ, ਜਾਂ ਨਸੈਸਰੀ ਇਨਫਰਾਸਟ੍ਰੱਕਟਚਰ ਪ੍ਰੋਵਾਈਡ ਕਰਨ ਤੋਂ ਬਗੈਰ ਸ਼ੁਰੂ ਕਰਨਗੇ ਤਾਂ ਨੁਕਸਾਨ ਹੋਵੇਗਾ। ਮੈਂ ਇਹ ਸਮਝਦਾ ਹਾਂ ਕਿ ਕੋਈ ਵੀ ਕੰਮ ਹਾਫ ਹਾਰਟਿਡਲੀ ਸ਼ੁਰੂ ਨਹੀਂ ਕਰਨਾ ਚਾਹੀਦਾ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਸ ਵਾਸਤੇ ਇਕ ਹਾਊਸ ਦੀ ਸਿਲੈਕਟ ਕਮੇਟੀ ਬਣਾਈ ਜਾਣੀ ਚਾਹੀਦੀ, ਹੈ, ਜਿਹੜੀ ਇਸ ਮਾਮਲੇ ਤੇ ਪੂਰਾ ਗੌਰ ਕਰਕੇ ਆਪਣੀ ਰਿਕੁਮੈਂਡੇਸ਼ਨ ਦੇਵੇ ਅੌਰ ਇਹ ਚੀਜ਼ ਟਾਈਮ ਬਾਊਂਡ ਹੋਣੀ ਚਾਹੀਦੀ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਸਿਲੇਬਸ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਤਾਬਾਂ ਛਾਪਣ ਲਈ ਜਿਹੜੇ ਬਾਹਰ ਦੇ ਆਦਮੀ ਲਾਏ ਹੋਏ ਹਨ, ਮੈਂ ਸਮਝਦਾ ਹਾਂ ਕਿ ਇਹ ਨਹੀਂ ਹੋਣੇ ਚਾਹੀਦੇ। ਇਹ ਕੰਮ ਜਿਹੜੇ ਟੀਚਰਜ਼-ਇਨ-ਸਰਵਿਸ ਹਨ, ਉਨ੍ਹਾਂ ਤੋਂ ਲਿਆ ਜਾਣਾ ਚਾਹੀਦਾ ਹੈ। ਸਿਲੇਬਸ ਦੀਆਂ ਕਿਤਾਬਾਂ ਉਹ ਤਿਆਰ ਕਰ ਸਕਦੇ ਹਨ। ਉਨ੍ਹਾਂ ਦੀ ਹੈਲਪ ਲੈ ਕੇ ਇਹ ਕਿਤਾਬਾਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਜਿਹੜੀ ਬਾਹਰ ਵਾਲਿਆਂ ਦੀ ਮਨਾਪਲੀ ਬਣੀ ਹੋਈ ਹੈ, ਉਸ ਨੂੰ ਖਤਮ ਕਰਨਾ ਚਾਹੀਦਾ ਹੈ। ਫਿਰ ਇਹ ਜਿਹੜਾ ਸਿਲੇਬਸ ਹੈ, ਇਹ ਜਾਬ ਅੌਰੀਐਂਟਿਡ ਹੋਣਾ ਚਾਹੀਦਾ ਹੈ ।

ਇਕ ਗੱਲ ਮੈਂ ਹੋਰ ਬੜੀ ਜ਼ਰੂਰੀ ਸਮਝਦਾ ਹਾਂ ਕਿ ਇਹ ਜਿਹੜੇ ਪ੍ਰਾਈਵੇਟ ਸਕੂਲ ਹਨ ਇਹ ਸਰਕਾਰ ਨੂੰ ਆਪਣੇ ਹੱਥ ਦੇ ਵਿਚ ਲੈਣੇ ਚਾਹੀਦੇ ਹਨ। ਇਨ੍ਹਾਂ ਸਕੂਲਾਂ ਵਿਚ ਬਹੁਤ ਘਪਲੇ ਹੁੰਦੇ ਹਨ। ਇਸ ਲਈ ਇਨ੍ਹਾਂ ਨੂੰ ਜਿੰਨੀ ਛੇਤੀ ਹੋ ਸਕੇ ਸਰਕਾਰ ਨੂੰ ਆਪਣੇ ਹੱਥਾਂ ਵਿਚ ਲੈ ਲੈਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਇਹ ਗੱਲ ਮੈਂ ਮਾਡਲ ਸਕੂਲਾਂ ਦੇ ਬਾਰੇ ਵੀ ਅਰਜ਼ ਕਰਨੀ ਚਾਹੁੰਦਾ ਹਾਂ। ਜਿਹੜੇ ਪ੍ਰਾਇਮਰੀ ਸਕੂਲ ਹਨ, ਇਨ੍ਹਾਂ ਨੂੰ ਮਾਡਲ ਸਕੂਲ ਬਣਾਇਆ ਜਾਣਾ ਚਾਹੀਦਾ ਹੈ। ਇਥੇ ਜਿਹੜੇ ਆਦਰਸ਼ ਸਕੂਲ ਬਣਾਏ ਜਾਂਦੇ ਹਨ, ਮੈਂ ਸਮਝਦਾ ਹਾਂ ਕਿ ਇਹ ਇਕ ਵੇਸਟਫੁਲ ਐਕਸਪੈਂਡੀਚਰ ਹੈ। ਇਹ ਨਹੀਂ ਬਣਾਏ ਜਾਣੇ ਚਾਹੀਦੇ। ਇਸ ਗਲ ਤੇ ਵੀ ਜ਼ਰੂਰ ਵਿਚਾਰ ਕਰ ਲੈਣਾ ਚਾਹੀਦਾ ਹੈ।

Mr. Deputy Speaker : Please wind up.

ਕਾਮਰੇਡ ਰਾਜ ਕੁਮਾਰ : ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਇਥੇ ਅਨਇੰਪਲਾਇਮੈਂਟ ਦੇ ਬਾਰੇ ਵੀ ਜ਼ਰੂਰ ਕਹਿਣੀ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਗੌਰਮਿੰਟ ਕੋਲ ਅਨਇੰਪਲਾਇਮੈਂਟ ਖਤਮ ਕਰਨ ਦਾ ਕੋਈ ਤਰੀਕਾ ਨਹੀਂ । ਇਹ ਨੀਕ ਹੈ ਕਿ ਇਸ ਸਰਕਾਰ ਵੱਲੋਂ ਜਿਹੜਾ ਅਨਇੰਪਲਾਇਡ ਨੂੰ ਭੱਤਾ ਦਿੱਤਾ ਜਾਂਦਾ ਹੈ, ਉਸ ਦੇ ਵਾਸਤੇ 5 ਸਾਲ ਦੀ ਕੰਡੀਸ਼ਨ ਹਟਾ ਕੇ 3 ਸਾਲ ਕੀਤੀ ਹੈ ਪਰ ਇਸ ਨਾਲ ਕੋਈ ਪ੍ਰਾਬਲਮ ਹੱਲ ਨਹੀਂ ਹੋ ਸਕਦੀ।

Mr. Deputy Speaker : Please wind up.

ਕਾਮਰੇਡ ਰਾਜ ਕੁਮਾਰ : ਅੱਛਾ ਜੀ, ਮੈਂ ਇਹ ਗੱਲ ਫਿਰ ਕਰਾਂਗਾ। ਪਰ ਇਕ ਗੱਲ ਮੈਂ ਦਾਖਲੇ ਦੀਆਂ ਫੀਸਾਂ ਬਾਰੇ ਜ਼ਰੂਰ ਅਰਜ਼ ਕਰਾਂਗਾ। ਬੱਚਿਆਂ ਨੂੰ 4-4-, 5-5 ਸਬਜੈਕਟਸ ਵਿਚ ਰੀਅਪੀਅਰ ਡਿਕਲੇਅਰ ਕਰ ਦਿੱਤਾ ਜਾਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਹਰ ਇਕ ਸਬਜੈਕਟਸ ਵਿਚ ਦਾਖਲਾ ਲੈਣ ਵਾਸਤੇ ਫੀਸ ਦੇਣੀ ਪੈਂਦੀ ਹੈ। ਇਸ ਨਾਲ ਕੀ ਹੁੰਦਾ ਹੈ ? ਹੁੰਦਾ ਇਹ ਹੈ ਕਿ ਬੱਚੇ ਪੜ੍ਹਾਈ ਤੋਂ ਮਾਯੂਸ ਹੋ ਜਾਂਦੇ ਹਨ ਅਤੇ ਉਹ ਪੜ੍ਹਾਈ ਛੱਡ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਕ ਬੜੀ ਜ਼ਰੂਰੀ ਗੱਲ ਮੈਂ ਇਹ ਕਰਨੀ ਹੈ ਕਿ ਸਰਕਾਰ ਬਹੁਤ ਸਾਰੇ ਪਬਲਿਸ਼ਰਾਂ ਨੂੰ ਕਾਪੀਆਂ ਛਾਪਣ ਵਾਸਤੇ ਸਬਸੀਡਾਈਜ਼ਡ ਰੇਟ ਤੇ ਕਾਗਜ਼ ਸਪਲਾਈ ਕਰਦੀ ਹੈ, ਪਰ ਤੁਸੀਂ ਵੇਖੋ ਕਿ ਅੱਜ ਉਨ੍ਹਾਂ ਕਾਪੀਆਂ ਦੇ ਭਾਅ ਪਹਿਲੇ ਨਾਲੋਂ ਕਿਤੇ ਵੱਧ ਗਏ ਹਨ। ਮੈਂ ਸਮਝਦਾ ਹਾਂ ਕਿ ਇਹ ਕਾਪੀਆਂ ਅੌਰ ਕਿਤਾਬਾਂ ਛਾਪਣ ਦਾ ਕੰਮ ਪ੍ਰਾਈਵੇਟ ਪਬਲਿਸ਼ਰਾਂ ਨੂੰ ਨਹੀਂ ਦੇਣਾ ਚਾਹੀਦਾ ਬਲਕਿ ਸਰਕਾਰ ਨੂੰ ਆਪਣੇ ਹੱਥ ਵਿਚ ਰਖਣਾ ਚਾਹੀਦਾ ਹੈ। 20 ਪੁਆਇੰਟ ਪ੍ਰੋਗਰਾਮ ਵਿਚ ਜਿਹੜੀ ਗੱਲ ਕਹੀ ਗਈ ਹੈ, ਉਸ ਦੇ ਮੁਤਾਬਿਕ ਜਿਹੜੇ ਗਰੀਬ ਹਨ ਉਨ੍ਹਾਂ ਨੂੰ ਸਸਤੇ ਰੇਟ ਤੇ ਇਹ ਕਿਤਾਬਾਂ ਕਾਪੀਆਂ ਦੇਣੀਆਂ ਚਾਹੀਦੀਆਂ ਹਨ। ਫਿਰ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਪ੍ਰਾਇਮਰੀ ਤੇ ਮਿਡਲ ਕਲਾਸਾਂ ਤਕ ਹੀ ਬੱਚਿਆਂ ਨੂੰ ਇਹ ਕਾਪੀਆਂ ਦਿੱਤੀਆਂ ਜਾਣਗੀਆਂ। ਮੈਂ ਸਮਝਦਾ ਹਾਂ ਕਿ ਪ੍ਰਾਇਮਰੀ ਤਕ ਤਾਂ ਵੈਸੇ ਹੀ ਬੱਚਿਆਂ ਨੂੰ ਐਨੀਆਂ ਕਾਪੀਆਂ ਦੀ ਜ਼ਰੂਰਤ ਨਹੀਂ ਹੁੰਦੀ । ਇਸ ਲਈ ਮੈਂ ਇਹ ਜ਼ਰੂਰ ਬੇਨਤੀ ਕਰਾਂਗਾ ਕਿ ਜਿਹੜੀਆਂ ਕਿਤਾਬਾਂ ਅੌਰ ਕਾਪੀਆਂ ਹਨ ਇਹ ਸਰਕਾਰ ਨੂੰ ਆਪ ਪਬਲਿਸ਼ ਕਰਵਾਉਣੀਆਂ ਚਾਹੀਦੀਆਂ ਹਨ ਅਤੇ ਬਾਹਰ ਦੇ ਆਦਮੀਆਂ ਨੂੰ ਇਹ ਕੰਮ ਨਹੀਂ ਦੇਣਾ ਚਾਹੀਦਾ।

ਫਿਰ ਡਿਪਟੀ ਸਪੀਕਰ ਸਾਹਿਬ, ਸਕੂਲਾਂ ਵਿਚ ਸਟਾਫ ਦੀ ਸ਼ਾਰਟੇਜ ਹੈ। ਸਕੂਲਾਂ ਦੇ ਅੰਦਰ ਟੀਚਰਜ਼ ਦੀ ਵੈਲਫੇਅਰ ਵਾਸਤੇ ਕੋਈ ਇੰਤਜ਼ਾਮ ਨਹੀਂ ਹੈ। ਸਾਡੀ ਸਰਕਾਰ ਨੂੰ ਇਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂਕਿ ਉਨ੍ਹਾਂ ਨੂੰ ਕੁੱਝ ਸਹੂਲਤਾਂ ਮਿਲ ਸਕਣ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਹਾਇਰ ਸੈਕੰਡਰੀ ਸਕੂਲਾਂ ਬਾਰੇ ਮੈਂ ਇਹ ਅਰਜ਼ ਕਰਾਂਗਾ ਕਿ ਇਨ੍ਹਾਂ ਦੇ ਜਿਹੜੇ ਟੀਚਰਜ਼ ਹਨ ਉਨ੍ਹਾਂ ਦੀ ਇਕ ਵਾਰ ਅੱਪੁਆਇੰਟਮੈਂਟ ਹੋ ਜਾਣ ਤੋਂ ਬਾਅਦ ਜਲਦੀ ਹੀ ਟਰਾਂਸਫਰ ਕੀਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੀ ਟਰਾਂਸਫਰ ਕਰਨ ਦੀ ਪਾਲਿਸੀ ਹੈ ਇਹ ਜ਼ਰੂਰ ਬੰਦ ਕਰਨੀ ਚਾਹੀਦੀ ਹੈ। ਇਸ ਨਾਲ ਉਹ ਬਹੁਤ ਪ੍ਰੇਸ਼ਾਨ ਹੁੰਦੇ ਹਨ।

Mr. Deputy Speaker: Please wind up.

ਕਾਮਰੇਡ ਰਾਜ ਕੁਮਾਰ: ਡਿਪਟੀ ਸਪੀਕਰ ਸਾਹਿਬ, ਆਖਰੀ ਗਲ਼ ਕਰਨ ਲਗਾ ਹਾਂ। ਜਿਹੜੇ ਸਕੂਲ ਸ਼ਹਿਰਾਂ ਵਿਚ ਹੁੰਦੇ ਹਨ ਜਾਂ ਹੈਡ ਕੁਆਰਟਰਜ਼ ਤੇ ਜਾਂ ਤਹਿਸੀਲ ਹੈਡ ਕੁਆਰਟਰਜ਼ ਤੇ ਹੁੰਦੇ ਹਨ ਉਥੇ ਤਾਂ ਸਾਇੰਸ ਦੇ ਟੀਚਰਜ਼ ਅੱਰ ਮੈਥ ਦੇ ਟੀਚਰਜ਼ ਕੰਮ ਕਰਦੇ ਮਿਲ ਜਾਣਗੇ ਪਰ ਪਿੰਡਾਂ ਵਿਚ ਤੁਸੀਂ ਵੇਖੋ ਤਾਂ ਕੋਈ ਜਾਣਾ ਪਸੰਦ ਨਹੀਂ ਕਰਦਾ। ਉਥੇ ਇਹ ਪੋਸਟਾਂ ਖਾਲੀ ਪਈਆਂ ਰਹਿੰਦੀਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਟੀਚਰਾਂ ਨੂੰ ਉਥੇ ਭੇਜਣਾ ਚਾਹੀਦਾ ਹੈ। ਉਨ੍ਹਾਂ ਦੇ ਨਾ ਹੋਣ ਕਾਰਣ ਬਚਿਆਂ ਦਾ ਬਹੁਤ ਨੁਕਸਾਨ ਹੁੰਦਾ ਹੈ।

ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ 145 ਕਾਲਜਿਜ਼ ਹਨ। ਪ੍ਰਾਈਵੇਟ ਕਾਲਜ ਦੀ ਫੀਸ ਤਾਂ 25 ਰੁਪਏ ਮਹੀਨਾ ਹੈ ਪਰ ਸਰਕਾਰੀ ਕਾਲਜ ਦੀ ਫੀਸ 12 ਰੁਪਏ ਮਹੀਨਾ ਹੈ। ਜੇ ਪ੍ਰਾਈਵੇਟ ਕਾਲਜ ਦਾ ਪ੍ਰਾਸਪੈਕਟ ਲਵੋ ਤਾਂ 5 ਰੁਪਏ ਦਾ ਮਿਲਦਾ ਹੈ ਅੱਰ ਜੇ ਸਰਕਾਰੀ ਕਾਲਜ ਦਾ ਪ੍ਰਾਸਪੈਕਟ ਲਓ ਤਾਂ ਉਹ 3 ਰੁਪਏ ਦਾ ਮਿਲਦਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਇਕ ਬੜੀ ਜ਼ਰੂਰੀ ਗਲ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਡੀ. ਐਮ.ਸੀ. ਕਾਲਜ, ਲੁਧਿਆਣਾ ਵਿਚ ਇਕ ਸ਼ਰਤ ਰਖੀ ਗਈ ਹੈ ਕਿ 9 ਸਟੂਡੈਂਟਸ ਉਹ ਰਖਣੇ ਹਨ ਜਿਹੜੇ 25 ਹਜ਼ਾਰ ਡਾਲਰਜ਼ ਅਮਰੀਕਨ ਇਥੇ ਜਮ੍ਹਾਂ ਕਰਵਾਉਣਗੇ ਤਾਂ ਹੀ ਉਨ੍ਹਾਂ ਨੂੰ ਦਾਖਲਾ ਦਿੱਤਾ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਸਾਰੇ ਹਿੰਦੁਸਤਾਨ ਵਿਚ ਕਿਤੇ ਨਹੀਂ ਹੋਈ। ਇਸ ਦੀ ਜ਼ਰੂਰ ਪੜਤਾਲ ਹੋਣੀ ਚਾਹੀਦੀ ਹੈ ਅੱਰ ਮੈਰਿਟ ਤੇ ਐਡਮਿਸ਼ਨ ਦੇਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਬਸ ਜੀ ਮੈਂ ਇਕੋ ਹੀ ਗੱਲ ਕਰਾਂਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਡੈਮੋਕਰੇਟਾਈਜ਼ੇਸ਼ਨ ਬਿਲਕੁਲ ਹੀ ਖਤਮ ਹੋ ਗਈ ਹੈ। ਪੰਜਾਬ ਯੂਨੀਵਰਸਿਟੀ ਵਿਚ 2 ਮੈਂਬਰਜ਼ ਕਲਾਸੀਫਾਈਡ ਕਾਡਰ ਵਿਚੋਂ ਚੁਣੇ ਜਾਂਦੇ ਹਨ ਜਿਹੜਾ ਕਿ ਡੈਮੋਕਰੈਟਿਕ ਢੰਗ ਹੈ। ਪਰ ਇਨ੍ਹਾਂ ਦੋਹਾਂ ਯੂਨੀਵਰਸਿਟੀਆਂ ਦੇ ਅੰਦਰ ਸੈਨਿਟ ਵਿਚ ਨਾਮੀਨੇਸ਼ਨ ਕੀਤੀ ਜਾਂਦੀ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਥੇ ਯੂਨੀਵਰਸਿਟੀ ਵਿਚ ਅਨਰੈਸਟ ਹੈ।

Mr. Deputy Speaker: Wind up please.

ਕਾਮਰੇਡ ਰਾਜ ਕੁਮਾਰ: ਡਿਪਟੀ ਸਪੀਕਰ ਸਾਹਬ, ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਯੂਨੀਵਰਸਿਟੀਆਂ ਵਿਚ ਪੰਜਾਬ ਯੂਨੀਵਰਸਟੀ ਦੀ ਤਰ੍ਹਾਂ ਉਥੇ ਇਲੈਕਸ਼ਨ ਦਾ ਸਿਸਟਮ ਹੋਣਾ ਚਾਹੀਦਾ ਹੈ ਤਾਂਕਿ ਉਹ ਅਨਰੈਸਟ ਨਾ ਰਹੇ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਅਨਇੰਪਲਾਇਮੈਂਟ ਬਾਰੇ ਜ਼ਰੂਰ ਕਰਨੀ ਚਾਹੁੰਦਾ ਹਾਂ। ਇਹ ਠੀਕ ਹੈ ਕਿ ਇਨ੍ਹਾਂ ਨੇ 5 ਸਾਲ ਤੋਂ 3 ਸਾਲ ਦਾ ਪੀਰੀਅਡ ਭੱਤਾ ਦੇਣ ਦਾ ਫੈਸਲਾ ਕੀਤਾ ਹੈ ਪਰ ਮੈਂ ਕਹਿੰਦਾ ਹਾਂ ਕਿ ਇਹ ਕੈਰੇਲਾ ਪੈਟਰਨ ਤੇ 6 ਮਹੀਨੇ ਦਾ ਪੀਰੀਅਡ ਹੋਣਾ ਚਾਹੀਦਾ ਹੈ ਤਾਂ ਕਿ ਸਰਕਾਰ ਨੂੰ ਵੀ ਕੁਝ ਮਹਿਸੂਸ ਹੋਵੇ ਅੱਰ ਉਹ ਇਨ੍ਹਾਂ ਨੂੰ ਇੰਪਲਾਇਮੈਂਟ ਦੇਣ ਲਈ ਕੋਈ ਰਸਤਾ ਕਢੇ।

Original with;
Punjab Vidhan Sabha
Digitized by;
Panjab Digital Library

Mr. Deputy Speaker: Please wind up. ਟਾਈਮ ਹੋ ਗਿਆ ਹੈ ।

ਕਾਮਰੇਡ ਰਾਜ ਕੁਮਾਰ : ਮੈਂ ਇਥੇ ਕੁਝ ਲਾਈਬ੍ਰੇਰੀਅਨ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਲਾਇਬ੍ਰੇਰੀਅਨ ਨੂੰ ਜੋ ਯੂ.ਜੀ.ਸੀ ਦਾ ਗਰੇਡ ਹੈ , ਉਹ ਮਿਲਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਇਸ ਪਾਸੇ ਵਲ ਸਰਕਾਰ ਨੂੰ ਜਲਦੀ ਹੀ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਗਰੇਡ ਇਸ ਵੇਲੇ 700-1200 ਦਾ ਹੈ, ਪਰ ਇਸ ਨੂੰ 700--1600 ਕਰਨਾ ਚਾਹੀਦਾ ਹੈ।

ਜਿਹੜੇ ਸੈਕੰਡਰੀ ਦੇ ਟੀਚਰਜ਼ ਹਨ, ਉਨ੍ਹਾਂ ਨੂੰ ਪ੍ਰੋਮੋਸ਼ਨ ਦਿੱਤੀ ਜਾਣੀ ਚਾਹੀਦੀ ਹੈ। ਇਸ ਨਾਲ ਉਨ੍ਹਾਂ ਨੂੰ ਬੱਚਿਆਂ ਨੂੰ ਪੜ੍ਹਾਉਣ ਵਿਚ ਦਿਲਚਸਪੀ ਹੋਵੇਗੀ ਵਰਨਾ ਉਹ ਠੀਕ ਤਰ੍ਹਾਂ ਨਾਲ ਨਹੀਂ ਪੜ੍ਹਾ ਸਕਣਗੇ।

ਫਿਰ ਜਿਹੜੀ ਗਵਰਨਰੀ ਰਾਜ ਦੇ ਵੇਲੇ ਨੋਟੀਫੀਕੇਸ਼ਨ ਕੀਤੀ ਗਈ ਹੈ, ਇਹ ਠੀਕ ਨਹੀਂ। ਉਨ੍ਹਾਂ ਨੂੰ ਆਪਣੀ ਐਜੂਕੇਸ਼ਨ ਵਧਾਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਜੇਕਰ ਕੋਈ ਕੁਆਲੀਫਿਕੇਸ਼ਨ ਇੰਪਰੂਵ ਕਰਦਾ ਹੈ ਤਾਂ ਉਸ ਨੂੰ ਇਨਸੈਂਟਿਵ ਦਿੱਤਾ ਜਾਂਦਾ ਹੈ। (ਵਿਘਨ) ਪਰ ਗਵਰਨਰ ਸਾਹਿਬ ਨੇ ਇਕ ਨੋਟੀਫਿਕੇਸ਼ਨ ਇਸ਼ੂ ਕਰ ਦਿੱਤਾ ਹੈ, ਜਿਸ ਨਾਲ ਇਹ ਰਿਆਇਤ ਨਹੀਂ ਮਿਲੇਗੀ ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਉਹ ਨੋਟੀਫਿਕੇਸ਼ਨ ਵਾਪਸ ਹੋਣਾ ਚਾਹੀਦਾ ਹੈ। (ਵਿਘਨ) ਟੀਚਰਜ਼ ਨੂੰ ਜੋ ਰਿਆਇਤਾਂ ਮਿਲਦੀਆਂ ਸਨ, ਉਹ ਮਿਲਦੀਆਂ ਰਹਿਣੀਆਂ ਚਾਹੀਦੀਆਂ ਹਨ। ਇਨ੍ਹਾਂ ਸ਼ਬਦਾਂ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਸ਼ੁਕਰੀਆਂ ਅਦਾ ਕਰਦਾ ਹਾਂ ।

Mr. Deputy Speaker : The time allotted to the parties is as under —

Congress (I)	..	One Hour.
S.A.D.	..	35 minutes.
C.P.I.	..	8 minutes, but Comrade Raj Kumar has already spoken for 25 minutes.
C.P.M.	..	4 minutes.
Independents	..	2 minutes.
B.J.P.	..	1 minute.

ਸਰਦਾਰ ਬੀਰ ਪਾਲ ਸਿੰਘ (ਲੁਧਿਆਣਾ ਦਿਹਾਤੀ) : ਡਿਪਟੀ ਸਪੀਕਰ ਸਾਹਿਬ, ਮੈਂ ਤਿੰਨ ਚਾਰ ਟਾਈਮ ਬੋਲਣ ਲਈ ਮੰਗਿਆ ਹੈ ਅਤੇ ਮੈਂ ਲੀਡਰ ਆਫ ਦੀ ਹਾਊਸ ਨੂੰ ਵੀ ਬੇਨਤੀ ਕੀਤੀ ਸੀ ਇਸ ਲਈ ਖਿਆਲ ਰਖਿਆ ਜਾਵੇ ਵੈਸੇ ਮੈਂ ਚੰਦ ਮਿੰਟ ਹੀ ਲਵਾਂਗਾ। ਮੇਰੇ ਤੋਂ ਪਹਿਲਾਂ ਕਈ ਆਨਰੇਬਲ ਮੈਂਬਰਾਂ ਨੇ ਬਹੁਤ ਕੁਝ ਇਨ੍ਹਾਂ ਡਿਮਾਂਡਾਂ ਬਾਰੇ ਕਿਹਾ ਹੈ। ਐਜੂਕੇਸ਼ਨ ਅਤੇ ਟਰਾਂਸਪੋਰਟ ਦੀਆਂ ਜਿਹੜੀਆਂ ਡਿਮਾਂਡਜ਼ ਹਨ, ਉਨ੍ਹਾਂ ਬਾਰੇ ਮੋਹਤਰਮ ਸਾਥੀ ਕਾਮਰੇਡ ਰਾਜ ਕੁਮਾਰ ਜੀ ਨੇ ਕਈ ਗੱਲਾਂ ਬੜੀਆਂ ਦਰੁਸਤ ਕਹੀਆਂ ਹਨ। ਇਹ ਦਰੁਸਤ ਗੱਲਾਂ ਜ਼ਰੂਰ ਠੀਕ ਹੋਣੀਆਂ ਚਾਹੀਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਮੁਲਕ ਦਾ ਮਿਆਰ ਉਥੋਂ ਦੇ ਪੜ੍ਹੇ ਲਿਖੇ ਨੌਜਵਾਨਾਂ ਤੋਂ ਲਗਾਇਆ ਜਾਂਦਾ ਹੈ। ਇੱਕ ਪੁਰਾਣੀ ਕਹਾਵਤ ਹੈ ਕਿ ਵਿਦਿਆ ਇੱਕ ਗਹਿਣਾ ਹੁੰਦਾ ਹੈ। ਇਸ ਤਾਲੀਮ ਨੂੰ ਕੋਈ ਚੁਰਾ ਨਹੀਂ ਸਕਦਾ ਅਤੇ ਹੋਰ ਤੁਹਾਡੀਆਂ ਸਾਰੀਆਂ ਚੀਜ਼ਾਂ ਕੋਈ ਚੁਰਾ ਕੇ ਲਿਜਾ ਸਕਦਾ ਹੈ। ਪਰ ਤੁਹਾਡੀ ਤਾਲੀਮ ਨਹੀਂ ਚੁਰਾ ਸਕਦਾ। ਪਿਛੇ ਐਜੂਕੇਸ਼ਨ ਵੱਲ ਕੋਈ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ । ਉਹ ਸਰਕਾਰਾਂ ਹਮੇਸ਼ਾਂ ਕਾਮਯਾਬ ਹੁੰਦੀਆਂ ਹਨ ਜਿਹੜੀਆਂ ਸਰਕਾਰਾਂ

Original with;
Punjab Vidhan Sabha
Digitized by;
Panjab Digital Library

ਤਾਲੀਮ ਦਾ ਮਿਆਰ ਉੱਚਾ ਕਰਨ। ਮੈਂ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਪੰਜਾਬ ਅਤੇ ਵਿਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਐਜੂਕੇਸ਼ਨ ਮੱਦ ਲਈ 100 ਕਰੋੜ ਰੁਪਿਆ ਰਖਿਆ ਹੈ। ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੇ ਆਪਣੀ ਸਪੀਚ ਵਿਚ ਫਰਮਾਇਆ ਸੀ ਕਿ ਜੋ ਵੀ ਪਹਿਲੀ ਸਰਕਾਰ ਦੀਆਂ ਕਮੀਆਂ ਹਨ, ਤਰੁੱਟੀਆਂ ਹਨ, ਉਨ੍ਹਾਂ ਨੂੰ ਮੇਰੀ ਸਰਕਾਰ ਦੂਰ ਕਰਨ ਦਾ ਯਤਨ ਕਰੇਗੀ । ਮੈਂ ਸਰਦਾਰ ਦਰਬਾਰਾ ਸਿੰਘ ਜੀ ਦੇ ਚਰਨਾਂ ਵਿਚ ਵੀ ਅਤੇ ਦੂ ਸਰੇ ਐਕਸ ਐਜੂਕੇਸ਼ਨ ਮਨਿਸਟਰ, ਸਰਦਾਰ ਸੁਰਜੀਤ ਸਿੰਘ ਜੀ ਬਰਨਾਲਾ ਅਤੇ ਸਰਦਾਰ ਸੁਖਜਿੰਦਰ ਸਿੰਘ ਜੀ ਵੀ ਇਥੇ ਹਾਊਸ ਵਿਚ ਬੈਠੇ ਹਨ, ਪਰ ਉਨ੍ਹਾਂ ਅਕਾਲੀ-ਜਨਤਾ ਸਰਕਾਰ ਦੇ ਰਿਜੀਮ ਵਿਚ ਵੋਕੇਸ਼ਨਲ ਐਜੂਕੇਸ਼ਨ ਨੂੰ ਦਬਾ ਦਿਤਾ ਸੀ, ਪਰ ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ 150 ਸਕੂਲ ਵੋਕੇਸ਼ਨਲ ਐਜੂਕੇਸ਼ਨ ਦੇ ਚਾਲੂ ਕੀਤੇ ਜਾ ਰਹੇ ਹਨ। ਇਸ ਵੋਕੇਸ਼ਨਲ ਐਜੂਕੇਸ਼ਨ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਲੋਕ ਆਪਣਾ ਕੰਮ ਕਰਕੇ ਆਪਣਾ ਜੀਵਨ ਸੁਧਾਰ ਸਕਣਗੇ, (ਬੰਪਿੰਗ) ਆਪਣਾ ਕੋਈ ਵੀ ਕਾਰੋਬਾਰ ਕਰ ਸਕਣਗੇ।

ਦੂਸਰੇ ਪੰਜਾਬ ਅੰਦਰ 15,000 ਪ੍ਰਾਇਮਰੀ ਸਕੂਲ ਹਨ। (ਵਿਘਨ) ਇਨ੍ਹਾਂ ਸਕੂਲਾਂ ਵਿਚ 47,600 ਦੇ ਲਗਭਗ ਟੀਚਰਜ਼ ਹਨ। ਇਨ੍ਹਾਂ ਸਾਰਿਆਂ ਸਕੂਲਾਂ ਵਿਚ ਲਗਭਗ 21 ਲੱਖ ਬੱਚੇ ਪੜ੍ਹ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਜਿਹੜੀ ਅਸੀਂ ਮੁੱਢ ਤੋਂ ਹੀ ਫਾਊਂਡੇਸ਼ਨ ਰਖਦੇ ਹਾਂ ਉਹ ਹਮੇਸ਼ਾਂ ਬੱਚਿਆਂ ਵਿਚ ਕਾਇਮ ਰਹਿੰਦੀ ਹੈ। 2400, 2500 ਸਕੂਲ ਪੰਜਾਬ ਦੇ ਅੰਦਰ ਐਸੇ ਹਨ, ਜਿਥੇ ਕਿ ਬਿਲਡਿੰਗਾਂ, ਮੇਜ਼, ਕੁਰਸੀਆਂ ਅਤੇ ਤੱਪੜ ਆਦਿ ਚੀਜ਼ਾਂ ਨਹੀਂ ਹਨ। ਸਰਕਾਰ ਵਲੋਂ ਜੇਲ੍ਹਾਂ ਵਿਚ ਵੀ ਜਿਹੜੇ ਲੋਕ ਕਾਨੂੰਨ ਦੀ ਉਲੰਘਣਾ ਕਰਦੇ ਹਨ, ਉਨ੍ਹਾਂ ਨੂੰ ਵੀ ਪੱਖੇ ਪ੍ਰੋਵਾਈਡ ਕੀਤੇ ਹੋਏ ਹਨ। ਦੂਜੇ ਪਾਸੇ ਬੱਚੇ ਜਿਹੜੇ ਦੇਸ਼ ਦੀ ਦੌਲਤ ਹਨ ਜਿਥੇ ਬੱਚਿਆਂ ਨੂੰ ਡਿਸਿੱਪਲਨ ਸਿਖਾਇਆ ਜਾਂਦਾ ਹੈ, ਪੜ੍ਹਾਇਆ ਜਾਂਦਾ ਹੈ ਅਤੇ ਖਡਾਇਆ ਜਾਂਦਾ ਹੈ, ਉਨ੍ਹਾਂ ਵਲ ਪੰਜਾਬ ਸਰਕਾਰ ਨੂੰ ਜ਼ਰੂਰ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਮੈਂ ਪੰਜਾਬ ਸਰਕਾਰ ਦੇ ਧਿਆਨ ਵਿਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਹੈ ਉਹ ਕਈ ਗਲਤ ਕੰਮ ਕਰਦਾ ਹੈ। ਉਹ ਬੋਰਡ ਆਪਣੀ ਡਿਊਟੀ ਪੂਰੀ ਨਹੀਂ ਨਿਭਾਉਂਦਾ। ਡਿਪਟੀ ਸਪੀਕਰ ਸਾਹਿਬ, ਕਿਤਾਬਾਂ ਬਚਿਆਂ ਨੂੰ ਵਕਤ ਸਿਰ ਨਹੀਂ ਮਿਲਦੀਆਂ ਕਿਉਂਕਿ ਬੋਰਡ ਵਲੋਂ ਕਿਤਾਬਾਂ ਵਕਤ ਸਿਰ ਨਹੀਂ ਛਪਦੀਆਂ। ਜੇਕਰ ਪੰਜਾਬ ਸਰਕਾਰ ਇਸ ਕੰਮ ਨੂੰ ਆਪਣੇ ਹੱਥ ਵਿਚ ਲੈ ਲਵੇ ਤਾਂ ਫਿਰ ਸਾਰਾ ਪ੍ਰਬੰਧ ਠੀਕ ਹੋ ਸਕਦਾ ਹੈ। (ਵਿਘਨ) ਸਰਕਾਰ ਇਥੇ ਜਵਾਬ ਦੇਹ ਹੋਵੇਗੀ। ਇਸ ਲਈ ਪੰਜਾਬ ਸਰਕਾਰ ਨੂੰ ਸਾਰਾ ਕੰਟ੍ਰੋਲ ਆਪਣੇ ਹੱਥ ਵਿਚ ਲੈ ਲੈਣਾ ਚਾਹੀਦਾ ਹੈ । ਇਸ ਵੇਲੇ ਬੱਚਿਆਂ ਨੂੰ ਵਕਤ ਸਿਰ ਕਿਤਾਬਾਂ ਨਹੀਂ ਮਿਲਦੀਆਂ, ਜਿਸ ਕਰਕੇ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ। ਉਸਤਾਦ ਬੱਚਿਆਂ ਨੂੰ ਘੂਰਦੇ ਹਨ। ਬੱਚੇ, ਡਿਪਟੀ ਸਪੀਕਰ ਸਾਹਿਬ, ਬਹੁਤ ਤੰਗ ਹੁੰਦੇ ਹਨ। ਇਸ ਲਈ ਇਸ ਵਲ ਪੰਜਾਬ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਜਿਹੜੀਆਂ ਸਕੂਲਾਂ ਦੀਆਂ ਬਿਲਡਿੰਗਾ ਟੁੱਟੀਆਂ ਹੋਈਆਂ ਹਨ ਉਥੇ ਬੱਚੇ ਦਰਖਤਾਂ ਦੇ ਹੇਠਾਂ ਕਲਾਸਾਂ ਲਗਾਉਂਦੇ ਹਨ। ਜਿਥੇ ਬੱਚੇ ਗਰਮੀ ਵਿਚ ਪਸੀਨਾ ਪੂੰਝਦੇ ਰਹਿੰਦੇ ਹਨ ਅਤੇ ਸਰਦੀ ਵਿਚ ਕੰਬਦੇ ਰਹਿੰਦੇ ਹਨ ਅਤੇ ਜੇਕਰ ਮੀਂਹ ਪੈ ਜਾਵੇ ਤਾਂ ਸਕੂਲ ਵਿਚ ਟੀਚਰਜ਼ ਛੁੱਟੀ ਕਰ ਦਿੰਦੇ ਹਨ ਅਤੇ ਕੋਈ ਪੜ੍ਹਾਈ ਨਹੀਂ ਹੁੰਦੀ। ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ। ਇਸ ਕਰਕੇ ਜਿਹੜੀਆਂ ਬਿਲਡਿੰਗਾਂ ਹਨ ਉਨ੍ਹਾਂ ਵਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ।

ਆਦਰਸ਼ ਸਕੂਲਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ-ਜਨਤਾ ਸਰਕਾਰ ਨੇ ਠੀਕ ਕਦਮ ਪੁੱਟਿਆ ਸੀ। ਮੈਂ ਆਦਰਸ਼ ਸਕੂਲਾਂ ਦੇ ਖਿਲਾਫ ਨਹੀਂ ਮਗਰ ਜੋ ਲੱਖਾਂ ਤਾਲਬ ਇਲਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਪਾਲ ਸਿੰਘ]

ਪ੍ਰਾਇਮਰੀ ਸਕੂਲਾਂ ਵਿਚ ਗਰੀਬਾਂ ਦੇ ਬੱਚੇ ਪੜ੍ਹਾਈ ਕਰਦੇ ਹਨ ਉਨ੍ਹਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਅਮੀਰ ਲੋਕ ਹਨ ਉਹ ਆਪਣੇ ਬੱਚਿਆਂ ਨੂੰ ਚੰਗੇ ਇਨਸਟੀਚਿਊਸ਼ਨਾਂ ਵਿਚ ਚਾਹੇ ਪਹਾੜਾਂ ਤੇ ਹੋਣ, ਚਾਹੇ ਪ੍ਰਾਈਵੇਟ ਕੰਟ੍ਰੋਲ ਵਿਚ ਸਕੂਲ ਹੋਣ, ਉਥੇ ਆਪਣੇ ਬਚਿਆਂ ਨੂੰ ਪੜ੍ਹਾਈ ਕਰਾ ਰਹੇ ਹਨ। ਉਨ੍ਹਾਂ ਦੇ ਬੱਚਿਆਂ ਦੇ ਕੰਪੀਟੀਸ਼ਨ ਵਿਚ ਜਦੋਂ ਪਿੰਡਾਂ ਦੇ ਪੜ੍ਹਣ ਵਾਲੇ ਬਚੇ ਆਉਣਗੇ ਤਾਂ ਉਨ੍ਹਾਂ ਅਮੀਰਾਂ ਦੇ ਬਚਿਆਂ ਦਾ ਮੁਕਾਬਲਾ ਉਹ ਕਿਸ ਤਰ੍ਹਾਂ ਨਾਲ ਕਰ ਸਕਣਗੇ। ਉਹ ਉਨ੍ਹਾਂ ਤੋਂ ਪੱਛੜ ਜਾਣਗੇ। ਇਸ ਕਰਕੇ ਜਿਹੜਾ ਸਾਡਾ ਬੇਸੀਕਲੀ ਪ੍ਰਾਇਮਰੀ ਸਕੂਲਾਂ ਦਾ ਢਾਂਚਾ ਹੈ, ਉਸ ਵਲ ਕਿਉਂ ਨਹੀਂ ਗੌਰਮਿੰਟ ਧਿਆਨ ਦਿੰਦੀ। ਆਦਰਸ਼ ਸਕੂਲਾਂ ਬਾਰੇ ਖਜ਼ਾਨਾ ਮੰਤਰੀ ਜੀ ਨੇ ਕਿਹਾ ਹੈ ਕਿ ਆਦਰਸ਼ ਸਕੂਲਾਂ ਵਾਂਗ ਹੀ ਸਾਰੇ ਪ੍ਰਾਇਮਰੀ ਸਕੂਲਾਂ ਨੂੰ ਬਣਾਵਾਂਗੇ। ਸਰਕਾਰ ਨੂੰ ਇਸ ਪਾਸੇ ਪੂਰਾ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਤਾਲੀਮ ਦਾ ਮਿਆਰ ਉਚਾ ਹੋ ਸਕੇ।

ਪਹਿਲੀ ਸਰਕਾਰ ਨੇ ਇਮਾਰਤਾਂ ਲਈ 19 ਲੱਖ ਰੁਪਿਆ ਦੋ ਸਾਲਾਂ ਲਈ ਰਖਿਆ ਸੀ ਅਤੇ ਹੁਣ ਦੀ ਸਰਕਾਰ ਨੇ ਵਧੇਰੀ ਰਕਮ ਰਖੀ ਹੈ; 1 ਕਰੋੜ 10 ਲੱਖ ਰੁਪਿਆ ਇਸ ਮੱਦ ਲਈ ਰਖਿਆ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਕੂਲਾਂ ਦੀਆਂ ਇਮਾਰਤਾਂ ਜਲਦੀ ਮੁਕੰਮਲ ਕਰਨੀਆਂ ਚਾਹੀਦੀਆਂ ਹਨ। ਪਹਿਲੀ ਕਾਂਗਰਸ ਸਰਕਾਰ ਵੇਲੇ ਲਗਭਗ ਹਰ ਪਿੰਡ ਵਿਚ ਇਕ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਯਤਨ ਹੀ ਨਹੀਂ ਕੀਤਾ ਗਿਆ ਬਲਕਿ ਪੂਰੇ ਖੋਲ੍ਹ ਵੀ ਦਿੱਤੇ ਗਏ ਹਨ। ਮਗਰ ਉਸ ਤੋਂ ਬਾਅਦ ਹੋਰ ਸਕੂਲ ਵੀ ਸਰਕਾਰ ਨੇ ਖੋਲ੍ਹੇ, ਤਾਲੀਮ ਦਾ ਮਿਆਰ ਉੱਚਾ ਕਰਨ ਲਈ ਖੋਲ੍ਹੇ ਲੇਕਿਨ ਜਿਹੜੀਆਂ ਕਮੀਆਂ ਪੇਸ਼ੀਆਂ ਰਹਿ ਗਈਆਂ ਹਨ, ਉਨ੍ਹਾਂ ਨੂੰ ਹੁਣ ਦੀ ਸਰਕਾਰ ਨੂੰ ਪੂਰਾ ਕਰਨਾ ਚਾਹੀਦਾ ਹੈ।

ਐਜੂਕੇਸ਼ਨ ਦੇ ਬਾਰੇ ਵਿਚ ਮੈਂ ਇਕ ਗੱਲ ਹੋਰ ਤੁਹਾਡੇ ਸਾਹਮਣੇ ਲਿਆਉਣਾ ਚਾਹੁਦਾ ਹਾਂ। ਉਹ ਇਹ ਹੈ ਕਿ ਪ੍ਰਾਇਮਰੀ ਸਕੂਲ ਜਿਹੜੇ ਸਾਡੇ ਪੰਜਾਬ ਅੰਦਰ ਚਲ ਰਹੇ ਹਨ ਉਨ੍ਹਾਂ ਵਿਚ ਉਨ੍ਹਾਂ ਦੇ ਉਸਤਾਦ ਸਾਹਿਬਾਨ, ਮੈਂ ਕੋਈ ਉਨ੍ਹਾਂ ਤੇ ਟਿੱਪਣੀ ਨਹੀਂ ਕਰਦਾ, ਮਗਰ ਮੈਂ ਬਗੈਰ ਕਹੇ ਨਹੀਂ ਰਹਿ ਸਕਦਾ ਕਿ ਕਈ ਟੀਚਰਜ਼ ਸਾਹਿਬਾਨ ਸਕੂਲਾਂ ਵਿਚ ਗੈਰ ਹਾਜ਼ਰ ਰਹਿੰਦੇ ਹਨ ਜਾਂ ਬੱਚਿਆਂ ਨੂੰ ਆਪਣੇ ਕੰਮ ਧੰਦੇ ਲਈ ਭੇਜ ਦਿੰਦੇ ਹਨ। ਕਈਆਂ ਨੂੰ ਟੀਚਰਾਂ ਨੇ ਆਪਣੇ ਕਾਰੋਬਾਰ ਲਈ ਰਖਿਆ ਹੁੰਦਾ ਹੈ ਅਤੇ ਉਨ੍ਹਾਂ ਦੇ ਉਹ ਪ੍ਰਾਈਵੇਟ ਕੰਮ ਕਰਦੇ ਹਨ। ਕਈ ਉਸਤਾਦ ਸਾਹਿਬਾਨ ਪ੍ਰਾਈਵੇਟ ਧੰਦੇ ਕਰਦੇ ਹਨ ਅੌਰ ਜਦੋਂ ਉਹ ਸਕੂਲ ਵਿਚ ਆਉਂਦੇ ਹਨ ਤਾਂ ਮੇਜ਼ ਤੇ ਲੱਤਾਂ ਰਖ ਕੇ ਪੈ ਜਾਂਦੇ ਹਨ। ਕਿਸੇ ਮੁੰਡੇ ਨੂੰ ਮਾਨੀਟਰ ਬਣਾ ਦਿਤਾ ਜਾਂਦਾ ਹੈ ਅੌਰ ਉਹੀ ਹੀ ਮੁੰਡਿਆਂ ਨੂੰ ਪਹਾੜੇ ਕਹਾਉਦਾ ਰਹਿੰਦਾ ਹੈ ਜਾਂ ਕਿਤੇ ਹੋਰ ਲਈ ਫਿਰਦਾ ਹੈ। ਬੇਟ ਦੇ ਏਰੀਆ ਵਿਚ, ਮੇਰੇ ਹਲਕੇ ਵਿਚ ਇਹੋ ਜਿਹਾ ਸਿਸਟਮ ਵੇਖਣ ਵਿਚ ਆਇਆ ਹੈ। ਪੰਜਾਬ ਦੇ ਕੋਨੇ ਕੋਨੇ ਵਿਚੋਂ ਇਸ ਕਿਸਮ ਦੀਆਂ ਸ਼ਿਕਾਇਤਾਂ ਪੇਅਰੈਂਟਸ ਤੋਂ ਆਉਂਦੀਆਂ ਹਨ। ਕੁਝ ਟੀਚਰਜ਼ ਸਾਹਿਬਾਨ ਯੂਨੀਅਨ ਬਣਾ ਚੁੱਕੇ ਹਨ ਅੌਰ ਇਨ੍ਹਾਂ ਨੇ ਆਪਣਾ ਕੰਮ ਕਰਨਾ ਹੁੰਦਾ ਹੈ। ਬਾਕੀ ਦੇ ਉਸਤਾਦ ਸਾਹਿਬਾਨ ਪਹਿਲੇ ਸਮੇਂ ਵਿਚ ਸਰਦਾਰ ਸੁਖਜਿੰਦਰ ਸਿੰਘ ਜੀ, ਸਰਦਾਰ ਸੁਰਜੀਤ ਸਿੰਘ ਜੀ ਬਰਨਾਲਾ ਅੌਰ ਸਰਦਾਰ ਦਰਬਾਰਾ ਸਿੰਘ ਜੀ ਉਨ੍ਹਾਂ ਸਕੂਲਾਂ ਵਿਚ ਪੜ੍ਹੇ ਹਨ ਜਦੋਂ ਉਸਤਾਦ ਦੀ ਕਿੰਨੀ ਇੱਜ਼ਤ ਕੀਤੀ ਜਾਂਦੀ ਸੀ। ਟੀਚਰ ਅੌਰ ਟਾਟ ਦਾ ਰਿਲੇਸ਼ਨ ਕਿੰਨਾ ਪਵਿਤਰ ਹਦਾ ਸੀ। ਸਕੂਲਾਂ ਦੇ ਟਾਈਮ ਤੋਂ ਬਾਅਦ ਵੀ ਟੀਚਰ ਬੱਚਿਆਂ ਨੂੰ ਪੜ੍ਹਾਉਂਦੇ ਸਨ ਅੌਰ ਉਨ੍ਹਾਂ ਬੱਚਿਆਂ ਨੂੰ ਇਸ ਕਾਬਲ ਬਨਾਉਣ ਦਾ ਯਤਨ ਕਰਦੇ ਸਨ ਕਿ ਉਨ੍ਹਾਂ ਨੂੰ ਹਰ ਪੱਖ ਤੋਂ ਕਾਬਲ ਬਣਾਇਆ ਜਾਏ। ਪਰ ਹੁਣ ਕੀ ਹੋ ਰਿਹਾ ਹੈ ? ਯੂਨੀਵਰਸਿਟੀ ਤੋਂ ਜਾਂ ਕਾਲਿਜਿਜ਼ ਤੋਂ ਜਾਂ ਸਕੂਲਾਂ ਤੋਂ ਅਗਰ ਬੱਚਿਆਂ ਨੇ ਸਰਟੀਫਿਕੇਟ ਲੈਣਾ ਹੁਦਾ ਹੈ ਤਾਂ ਉਹ ਛੁਰਾ

Original with;
Punjab Vidhan Sabha
Digitized by;
Panjab Digital Library

ਮੇਜ਼ ਤੇ ਗੱਡ ਕੇ ਸਰਟੀਫਿਕੇਟ ਹਾਸਲ ਕਰਨਾ ਚਾਹੁੰਦੇ ਹਨ। ਜਦੋਂ ਇਹੋ ਜਿਹੀ ਹਾਲਤ ਹੋ ਜਾਏ ਟੀਚਰਜ਼ ਆਪਣੀ ਡਿਊਟੀ ਨਾ ਕਰਨ, ਉਸ ਵਿਚ ਕੋਤਾਹੀ ਕਰਨ, ਪਿਆਰ ਔਰ ਮੁਹੱਬਤ ਨਾਲ ਉਨ੍ਹਾਂ ਨੂੰ ਨਾ ਸਮਝਾਉਣ, ਇਸ ਵਿਚ ਗਫਲਤ ਕਰਨ ਤਾਂ ਇਹ ਸਾਰਾ ਕੰਮ ਐਡਮਨਿਸਟਰੇਸ਼ਨ ਦੇ ਸਿਰ ਆਉਂਦਾ ਹੈ, ਔਰ ਅਲਟੀਮੇਟਲੀ ਸਰਕਾਰ ਤੇ ਆਉਂਦਾ ਹੈ। ਲੋਕ ਉਸ ਨੂੰ ਸੁਚੱਜੀ ਸਰਕਾਰ ਨਹੀਂ ਕਹਿਣਗੇ। (ਵਿਘਨ)।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਜਿਸ ਦੇ ਖਿਲਾਫ ਕੋਈ ਸ਼ਿਕਾਇਤ ਹੈ ਉਸ ਦਾ ਨਾਂ ਲੈਣਾ ਚਾਹੀਦਾ ਹੈ ਔਰ ਐਵੇਂ ਹੀ ਨਹੀਂ ਇਸ ਤਰ੍ਹਾਂ ਨਾਲ ਕਹੀ ਜਾਣਾ ਚਾਹੀਦਾ।

ਸਰਦਾਰ ਬੀਰ ਪਾਲ ਸਿੰਘ: ਮੈਂ ਕਹਿ ਰਿਹਾ ਸੀ ਕਿ ਜੇ ਇਸ ਵਲ ਧਿਆਨ ਨਾ ਦਿੱਤਾ ਗਿਆ ਤਾਂ ਸਾਡੀ ਤਾਲੀਮ ਦਾ ਮਿਆਰ ਉਚਾ ਨਹੀਂ ਹੋ ਸਕੇਗਾ। ਅਸੀਂ ਆਪਣੇ ਬੱਚਿਆਂ ਨੂੰ ਅੱਛੇ ਨਾਗਰਿਕ ਬਨਾਉਣਾ ਹੈ। ਜੇ ਇਸ ਵਲ ਕੋਈ ਕਦਮ ਨਾ ਚੁਕੇ ਗਏ ਤਾਂ ਅਸੀਂ ਆਪਣੇ ਮੁਲਕ ਨੂੰ ਬਰਬਾਦ ਕਰ ਲਵਾਂਗੇ। ਮੈਂ ਆਨਰੇਬਲ ਮੈਂਬਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਫਾਹਸ਼ ਲਿਟਰੇਚਰ ਬੁਕ ਸਟਾਲਾਂ ਤੇ ਵਿਕਦਾ ਪਿਆ ਹੈ, ਉਨ੍ਹਾਂ ਤੇ ਛਾਪੇ ਮਾਰ ਕੇ ਕਬਜ਼ਾ ਕਰਨਾ ਚਾਹੀਦਾ ਹੈ। ਨੰਗੀਆਂ ਤਸਵੀਰਾਂ ਦਾ ਬੱਚਿਆਂ ਤੇ ਬਹੁਤ ਭੈੜਾ ਅਸਰ ਪੈਂਦਾ ਹੈ। ਇਹੋ ਜਿਹਾ ਲਿਟਰੇਚਰ ਕੱਤਣ ਹੀ ਬੰਦ ਕਰਨਾ ਚਾਹੀਦਾ ਹੈ ਅਤੇ ਜਿਹੜੇ ਇਹੋ ਜਿਹੇ ਕੰਮ ਕਰਦੇ ਹਨ, ਉਨ੍ਹਾਂ ਬੰਦਿਆਂ ਤੇ ਤੁਰੰਤ ਐਕਸ਼ਨ ਲੈਣਾ ਚਾਹੀਦਾ ਹੈ।

ਅਡਲਟ ਐਜੂਕੇਸ਼ਨ ਦੇ ਬਾਰੇ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਪੰਚਾਇਤਾਂ ਬਣੀਆਂ ਹੋਈਆਂ ਹਨ। ਪੰਚਾਇਤਾਂ ਦੇ ਸਰਪੰਚ ਔਰ ਹੋਰ ਮੈਂਬਰਜ਼ ਅਤੇ ਅਨਪੜ੍ਹ ਲੋਕਾਂ ਵਾਸਤੇ, ਭੈਣਾਂ, ਬਜ਼ੁਰਗਾਂ ਵਾਸਤੇ ਜੋ ਕਿ ਪਿੰਡਾਂ ਵਿਚ ਵਸਦੇ ਹਨ ਇਨ੍ਹਾਂ ਨੂੰ ਪੜ੍ਹਾਉਣ ਲਈ ਜਿਹੜੇ ਉਥੇ ਪ੍ਰਾਇਮਰੀ ਸਕੂਲਾਂ ਵਿਚ ਕਾਬਲ ਟੀਚਰ ਹੋਣ ਉਨ੍ਹਾਂ ਦੀ ਡਿਊਟੀ ਲਗਾਉਣੀ ਚਾਹੀਦੀ ਹੈ। ਉਸ ਨੂੰ ਅਲਾਊਂਸ ਦੇ ਕੇ ਜਦੋਂ ਸਕੂਲ ਦਾ ਟਾਈਮ ਖਤਮ ਹੋਵੇ ਤਾਂ ਉਸ ਦੇ ਥੋੜੀ ਦੇਰ ਬਾਅਦ ਉਹ ਲੋਕਾਂ ਨੂੰ ਮੁਕੱਰਰ ਟਾਈਮ ਤੇ ਸੱਦ ਕੇ ਉਨ੍ਹਾਂ ਨੂੰ ਅਡਲਟ ਐਜੂਕੇਸ਼ਨ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਪੜ੍ਹਾਈ ਵੀ ਠੀਕ ਹੋ ਸਕੇਗੀ ਔਰ ਅਨਪੜ੍ਹਤਾ ਵੀ ਦੂਰ ਹੋ ਸਕੇਗੀ!

ਜਿਹੜੀ ਲਾਹਨਤ ਇਥੇ ਦਿਹੇਜ਼, ਡਾਉ੍ਰੀ ਸਿਸਟਮ ਦੀ ਹੈ, ਇਸ ਲਈ ਇਥੇ ਸਟੱਡੀ ਸਰਕਲਜ਼ ਹੋਣੇ ਚਾਹੀਦੇ ਹਨ। ਇਹ ਕੰਮ ਯੂਨੀਵਰਸਿਟੀ ਐਜੂਕੇਸ਼ਨ ਖਤਮ ਕਰਨ ਬਾਅਦ ਨਹੀਂ ਹੋ ਸਕਦਾ ਬਲਕਿ ਜਦੋਂ ਕੋਈ ਓ ਅ ਪੜ੍ਹਦਾ ਹੈ ਉਸ ਵੇਲੇ ਉਨ੍ਹਾਂ ਸੱਜਣਾਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਹੜੇ ਆਪਣੇ ਤਜਰਬੇ ਦੀ ਬਿਨਾ ਤੇ ਇਹੋ ਜਿਹੀਆਂ ਗੱਲਾਂ ਦੱਸਣਗੇ। ਇਸ ਲਈ ਸਟੱਡੀ ਸਰਕਲਜ਼ ਹੋਣੇ ਚਾਹੀਦੇ ਹਨ। ਆਪਣੀ ਮਾਂ ਤੋਂ ਬਾਅਦ ਬੱਚਾ ਜਦੋਂ ਗੋਦ ਵਿਚ ਹੁੰਦਾ ਹੈ ਤਾਂ ਉਸ ਵੇਲੇ ਉਸ ਦੇ ਮਾਂ ਬਾਪ ਹੀ ਉਸ ਲਈ ਟੀਚਰ ਹੁਦੇ ਹਨ। ਉਹ ਬੱਚੇ ਨੂੰ ਜ਼ਿਆਦਾ ਸਮਝਾ ਸਕਦੇ ਹਨ। ਉਨ੍ਹਾਂ ਦੇ ਦਿਮਾਗ ਵਿਚ ਇਹੋ ਜਿਹੀਆਂ ਗੱਲਾਂ ਪਾਈਆਂ ਜਾ ਸਕਦੀਆਂ ਹਨ। ਪੁਰਾਣੇ ਰਿਸ਼ੀਆਂ ਮੁਨੀਆਂ ਜਾਂ ਗੁਰੂਆਂ ਦੀ ਜੋ ਤਾਲੀਮ ਹੈ, ਇਹੋ ਜਿਹੀਆਂ ਗੱਲਾਂ ਉਨ੍ਹਾਂ ਦੇ ਧਿਆਨ ਵਿਚ ਲਿਆਉਣੀਆਂ ਚਾਹੀਦੀਆਂ ਹਨ ਤਾਂਕਿ ਸਾਡੀ ਪਰੰਪਰਾ ਕਾਇਮ ਰਖੀ ਜਾਏ। ਡਰ ਭੈ ਉਨ੍ਹਾਂ ਤੇ ਰਹਿਣ ਤਾਕਿ ਉਹ ਆਪਣਾ ਜੀਵਨ ਸਫਲ ਬਨਾਉਣ ਲਈ ਉਹ ਵਧੇਰਾ ਧਿਆਨ ਦੇ ਸਕਣ। (ਘੰਟੀ)।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਪਾਲ ਸਿੰਘ]

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਦੇ ਬਾਰੇ ਜਾਣ ਬੁਝ ਕੇ ਨਹੀਂ ਕਹਿਣਾ ਚਾਹੁੰਦਾ । ਇਥੇ ਪਹਿਲਾਂ ਕਾਂਗਰਸ ਸਰਕਾਰ ਦਾ ਰਾਜ ਸੀ। ਇਥੇ ਕਾਫੀ ਗਲਾਂ ਉਸ ਵੇਲੇ ਖਿਚੋ-ਤਾਣ ਦੀਆਂ ਵੀ ਹੋਈਆਂ ਅਤੇ ਉਸ ਤੋਂ ਬਾਅਦ ਵੀ ਹੋਈਆਂ । ਇਥੇ ਪਹਿਲੀ ਸਰਕਾਰ ਦੇ ਵਿਦਿਆ ਮੰਤਰੀ ਨੇ ਜਦੋਂ ਇਥੇ ਕਾਫੀ ਧੂ ਘੜੀਸ ਹੋਈ, ਕੁਝ ਅਫਸਰਾਂ ਨੇ ਆਪਣੇ ਮਹਿਕਮਿਆਂ ਨੂੰ ਚੁਕ ਚੁਕਾ ਕੇ ਕਿਸੇ ਡਾਇਰੈਕਟਰ ਦੇ ਗਲ ਪਾਉਣਾ ਚਾਹਿਆ । ਉਸ ਤੋਂ ਬਾਅਦ ਉਨ੍ਹਾਂ ਨੂੰ ਮਜ਼ਬੂਰ ਕੀਤਾ ਗਿਆ ਕਿ ਡੀ.ਪੀ. ਆਈ. ਸਾਹਿਬ ਛੁਟੀ ਲੈ ਜਾਣ ਅੌਰ ਉਹ 8 ਮਹੀਨੇ ਘਰ ਬੈਠੇ ਰਹੇ । ਅਗਰ ਉਨ੍ਹਾਂ ਦੇ ਖਿਲਾਫ ਕੋਈ ਦੋਸ਼ ਸੀ ਜਾਂ ਕੋਈ ਐਸੀ ਬਾਤ ਸੀ ਤਾਂ ਉਸ ਸਮੇਂ ਉਨ੍ਹਾਂ ਤੇ ਐਕਸ਼ਨ ਲੈਂਦੇ। ਮਗਰ 8 ਮਹੀਨੇ ਉਹ ਘਰ ਬੈਠੇ ਰਹੇ। ਮੈਂ ਸਮਝਦਾ ਹਾਂ ਕਿ ਪੁਰਾਣੇ ਵਿਦਿਆ ਮੰਤਰੀ ਜੀ, ਉਹ ਹੁਣ ਵੀ ਹਾਊਸ ਵਿਚ ਬੈਠੇ ਹਨ, ਉਨ੍ਹਾਂ ਦੇ ਮੌਜੂਦਾ ਸਰਕਾਰ ਦੇ ਸਕੱਤਰ ਉਨ੍ਹਾਂ ਦੇ ਖਿਲਾਫ ਬਿਆਨ ਲੈਣਾ ਚਾਹੁੰਦੇ ਸੀ। ਅਗਰ ਇਹੋ ਜਿਹੀਆਂ ਚੀਜ਼ਾਂ ਜ਼ਿੰਮੇਵਾਰ ਸੱਜਣ ਕਰਨ ਤਾਂ ਐਜੂਕੇਸ਼ਨ ਦਾ ਢਾਂਚਾ ਕਿਸ ਤਰ੍ਹਾਂ ਨਾਲ ਚਲ ਸਕਦਾ ਹੈ। ਇਸ ਕਰਕੇ ਮੈਂ ਤੁਹਾਡੇ ਰਾਹੀਂ ਮੌਜੂਦਾ ਸਰਕਾਰ ਨੂੰ ਅੌਰ ਵਿਦਿਆ ਮੰਤਰੀ ਜੀ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ (ਵਿਘਨ) ਇਹੋ ਜਿਹੀ ਐਕਸਪੈਕਟੇਸ਼ਨ ਜ਼ਿਮੇਵਾਰ ਅਫਸਰ ਤੋਂ ਨਹੀਂ ਕਰਨੀ ਚਾਹੀਦੀ।

ਜਿੰਨੇ ਵੀ ਕਰਮਚਾਰੀ ਹਨ ਉਹ ਸਾਰਿਆਂ ਦੇ ਸਾਂਝੇ ਹਨ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਹ ਗੱਲ ਬਿਲਕੁਲ ਸਾਫ ਕਰ ਦਿੱਤੀ ਹੈ। ਭਾਵੇਂ ਕੋਈ ਆਈ.ਏ.ਐਸ. ਅਫਸਰ ਬਾਦਲ ਸਾਹਿਬ ਨਾਲ ਹੁੰਦਾ ਸੀ, ਭਾਵੇਂ ਕੋਈ ਅਫਸਰ ਢੀਂਡਸਾ ਜੀ ਨਾਲ ਹੁਦਾ ਸੀ ਜਾਂ ਕਿਸੇ ਹੋਰ ਮਨਿਸਟਰ ਨਾਲ ਹੁੰਦਾ ਸੀ, ਇਹ ਅਫਸਰ ਸਾਰਿਆਂ ਦੇ ਸਾਂਝੇ ਹਨ। ਕਿਸੇ ਪਾਰਟੀ ਦੀ ਵੀ ਸਰਕਾਰ ਆਵੇ ਉਨ੍ਹਾਂ ਨੂੰ ਉਨ੍ਹਾਂ ਨਾਲ ਕੰਮ ਕਰਨਾ ਪੈਂਦਾ ਹੈ। ਸਰਦਾਰ ਦਰਬਾਰਾ ਸਿੰਘ ਨੇ ਇਹ ਗੱਲ ਸਾਫ ਕਰ ਦਿਤੀ ਹੈ ਕਿ ਜਿਹੜੇ ਆਨੈਸਟ ਅਫਸਰ ਹਨ, ਉਨ੍ਹਾਂ ਨੂੰ ਇਨਸੈਂਟਿਵ ਦਿੱਤਾ ਜਾਵੇਗਾ, ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾਵੇਗੀ। ਇਹ ਨਹੀਂ ਹੋਣਾ ਚਾਹੀਦਾ ਕਿ ਜੇ ਇਕ ਪਾਰਟੀ ਦੀ ਸਰਕਾਰ ਚਲੀ ਗਈ ਅਤੇ ਦੂਜੀ ਪਾਰਟੀ ਦੀ ਸਰਕਾਰ ਆ ਗਈ ਤਾਂ ਪਹਿਲੇ ਅਫਸਰਾਂ ਨੂੰ ਲਾਹ ਦਿਤਾ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇਹ ਨਹੀਂ ਹੋਣਾ ਚਾਹੀਦਾ ਕਿ ਨਵੀਂ ਸਰਕਾਰ ਆਈ ਤਾਂ ਅਫਸਰਾਂ ਨੂੰ ਕਿਸੇ ਨੂੰ ਦਿੱਲੀ ਭੇਜ ਦਿਤਾ ਅਤੇ ਕਿਸੇ ਨੂੰ ਕਿਸੇ ਹੋਰ ਪਾਸੇ ਭੇਜ ਦਿਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਛੋਟਾਪਨ ਹੈ ਅਤੇ ਸਰਦਾਰ ਦਰਬਾਰਾ ਸਿੰਘ ਨੇ ਇਸ ਛੋਟੇਪਨ ਨੂੰ ਦੂਰ ਕੀਤਾ ਹੈ । (ਤਾੜੀਆਂ)

ਹੁਣ ਮੈਂ ਸਕੂਲਾਂ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। 5-7 ਕਿਲੋਮੀਟਰ ਦੇ ਦਾਇਰੇ ਅੰਦਰ ਹਾਈ ਸਕੂਲ ਅਤੇ ਹਾਇਰ ਸੈਕੰਡਰੀ ਸਕੂਲ ਬਣ ਚੁਕੇ ਹਨ । ਪਿਛਲੀ ਸਰਕਾਰ ਨੇ ਕਈ ਟੀਚਰਾਂ ਨੂੰ ਹਾਇਰ ਅਜੂਕੇਸ਼ਨ ਲੈਣ ਤੋਂ ਰੋਕ ਲਾ ਦਿੱਤੀ ਸੀ, ਪਰ ਹੁਣ ਦੀ ਸਰਕਾਰ ਨੇ ਇਹ ਰੋਕ ਹਟਾ ਦਿਤੀ ਹੈ। ਐਜੂਕੇਸ਼ਨ ਢਾਂਚੇ ਨੂੰ ਠੀਕ ਕਰਨ ਵਾਸਤੇ ਰੀਸਰਚ ਕੌਂਸਿਲ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤਰ੍ਹਾਂ ਐਜੂਕੇਸ਼ਨ ਦਾ ਸੁਧਾਰ ਹੋਵੇਗਾ ਅਤੇ ਅਸੀਂ ਸੂਬੇ ਦੀ ਵੱਧ ਸੇਵਾ ਕਰ ਸਕਾਂਗੇ। ਮੈਂ ਕਿਸੇ ਕਮਿਊਨਿਟੀ ਦੇ ਖਿਲਾਫ ਕੋਈ ਗੱਲ ਨਹੀਂ ਕਹਿ ਰਿਹਾ ਹਾਂ, ਮੈਂ ਤਾਂ ਜਨਰਲ ਗੱਲਾਂ ਕਹਿ ਰਿਹਾ ਹਾਂ । (ਵਿਘਨ) ਢਿੱਲੋਂ ਸਾਹਿਬ ਨੂੰ ਯਾਦ ਹੋਵੇਗਾ ਕਿ ਜਦੋਂ ਅਸੀਂ ਯੂਨੀਵਰਸਿਟੀ ਵਿਚ ਪੜ੍ਹਦੇ ਹੁੰਦੇ ਸੀ ਤਾਂ ਜਦੋਂ ਅਸੀਂ ਭੈਣਾਂ ਦੇ ਹੋਸਟਲ ਦੇ ਲਾਗੇ ਦੀ ਲੰਘਦੇ ਸੀ ਤਾਂ ਉਥੇ ਪਉਏ, ਅਧੀਏ, ਭੈਣਾਂ ਦੇ ਹੋਸਟਲ ਦੇ ਬਾਹਿਰ ਪਏ ਹੁੰਦੇ ਸਨ। ਇਹੋ ਜਿਹਾ ਮਾਹੌਲ ਉਸ ਸਮੇਂ ਹੁੰਦਾ ਸੀ । ਪਰ ਅੱਜ ਕੱਲ ਨਾਲੋਂ ਕੁਝ ਚੰਗਾ ਹੀ ਮਾਹੌਲ ਹੁੰਦਾ ਸੀ। ਪਰ ਅੱਜ

Original with;
Punjab Vidhan Sabha
Digitized by;
Panjab Digital Library

ਕੱਲ ਕਿਉਂਕਿ ਲੋਕੀਂ ਵੈਸਟਰੇਨਾਈਜ਼ ਬਣਦੇ ਜਾ ਰਹੇ ਹਨ, ਇਸ ਤਰ੍ਹਾਂ ਕਰਨ ਨਾਲ ਸਾਡੇ ਦੇਸ਼ ਦੀ ਤਬਾਹੀ ਹੋਵੇਗੀ , ਭੈਣਾਂ ਵਿਚ ਵੀ ਇਸ ਕਿਸਮ ਦੀ ਸ਼ਿਕਾਇਤ ਪਾਈ ਜਾਂਦੀ ਹੈ, ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਹਨ ਜਾਂ ਹੋਸਟਲਾਂ ਵਿਚ ਜਿਹੜੇ ਸੁਪਰਡੰਟਸ ਲਾਏ ਜਾਂਦੇ ਹਨ, ਉਨ੍ਹਾਂ ਨੂੰ ਕਿਹਾ ਜਾਵੇ ਕਿ ਉਨ੍ਹਾਂ ਨੂੰ ਸਮਝਾਉਣ । ਜੇ ਅਸੀਂ ਵੈਸਟਰੇਨਾਈਜੇਸ਼ਨ ਵਾਲੇ ਪਾਸੇ ਤੁਰ ਪਏ ਤਾਂ ਇਹ ਦੇਸ਼ ਤਬਾਹ ਹੋ ਜਾਵੇਗਾ । ਸਰਕਾਰ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਅੱਜ ਕੱਲ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੇ ਨਤੀਜੇ ਠੀਕ ਨਹੀਂ ਹੁੰਦੇ ਮਤਲਬ ਕਿ ਮੁੰਡੇ ਪਾਸ ਨਹੀਂ ਹੁੰਦੇ । ਪਰ ਇਸ ਦੇ ਮੁਕਾਬਲੇ ਵਿਚ ਜਿਹੜੇ ਪ੍ਰਾਈਵੇਟ ਅਦਾਰੇ ਹਨ, ਚਾਹੇ ਉਹ ਸਿੱਖ ਨੈਸ਼ਨਲ ਸਕੂਲ ਹਨ, ਚਾਹੇ ਡੀ.ਏ.ਵੀ. ਸਕੂਲ ਹਨ ਜਾਂ ਕਿਸੇ ਹੋਰ ਮੈਨੇਜਮੈਂਟ ਰਾਹੀਂ ਚਲਾਏ ਜਾਂਦੇ ਹਨ, ਹਮੇਸ਼ਾ ਹੀ ਉਨ੍ਹਾਂ ਸਕੂਲਾਂ ਦੇ ਬੱਚੇ ਪਹਿਲੇ ਨੰਬਰ ਤੇ ਆਉਂਦੇ ਹਨ । ਜਿਹੜੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੇ ਚੰਗੇ ਨਤੀਜੇ ਆਉਂਦੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਤਰੱਕੀਆਂ ਦਿਤੀਆਂ ਜਾਂਦੀਆਂ । ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਕਿਉਂ ਨਹੀਂ ਦਿੱਤੇ ਜਾਂਦੇ । ਅੱਜ ਕੱਲ ਕੀ ਹੁੰਦਾ ਹੈ ਕਿ ਚੰਗਾ ਕੰਮ ਕਰਨ ਵਾਲਾ ਵੀ ਉਸੇ ਭਾਅ ਅਤੇ ਮਾੜਾ ਕੰਮ ਕਰਨ ਵਾਲਾ ਵੀ ਉਸੇ ਭਾਅ ਹੈ। ਇਹ ਗੱਲ ਠੀਕ ਨਹੀਂ ਹੈ। ਜਿਹੜੇ ਟੀਚਰ ਚੰਗਾ ਕੰਮ ਕਰਦੇ ਹਨ, ਜਿਨ੍ਹਾਂ ਦੇ ਨਤੀਜੇ ਚੰਗੇ ਆਉਂਦੇ ਹਨ, ਉਨ੍ਹਾਂ ਨੂੰ ਇਨਸੈਂਟਿਵ ਮਿਲਣਾ ਚਾਹੀਦਾ ਹੈ। ਜਿਹੜੀ ਆਪਣੀ ਯੋਗਤਾ ਨਾਲ ਬੱਚਿਆਂ ਨੂੰ ਮਿਹਨਤ ਕਰਾਕੇ ਉਨ੍ਹਾਂ ਨੂੰ ਪਹਿਲੇ ਜਾਂ ਦੂਜੇ ਨੰਬਰ ਤੇ ਲਿਆਉਂਦੇ ਹਨ, ਉਨ੍ਹਾਂ ਨੂੰ ਇਨਸੈਂਟਿਵ ਮਿਲਣਾ ਚਾਹੀਦਾ ਹੈ। ਮੈਂ ਲੁਧਿਆਣਾ ਦੀ ਗੱਲ ਕਰਦਾ ਹਾਂ। ਉਥੇ ਹੀਰਾਂ ਨਗਰ ਹੈ। ਉਥੇ ਦੇ ਸਕੂਲ ਦੇ ਪੰਜ ਦਸ ਪਰਸੈਂਟ ਹੀ ਬੱਚੇ ਪਾਸ ਹੋਏ ਹਨ। ਉਥੇ ਦੇ ਬਹੁਤ ਘੱਟ ਪਾਸ ਹੋਏ ਹਨ। ਇਸ ਹਿਸਾਬ ਨਾਲ ਤਕਰੀਬਨ ਸਾਰੇ ਹੀ ਫੇਲ੍ਹ ਹੋਏ ਹਨ ਕਿਉਂਕਿ ਟੀਚਰ ਪੜ੍ਹਾਈ ਅੱਛੀ ਨਹੀਂ ਕਰਾਉਂਦੇ ਜਿਸ ਕਾਰਨ ਭੈੜੇ ਨਤੀਜੇ ਆਉਂਦੇ ਹਨ।

Mr. Deputy Speaker : Please wind up.

ਸਰਦਾਰ ਬੀਰ ਪਾਲ ਸਿੰਘ : ਬੱਸ ਜੀ, ਮੈਂ 2--3 ਮਿੰਟ ਹੀ ਹੋਰ ਲੈਣੇ ਹਨ । ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਬੇਟ ਏਰੀਆ ਪੈਂਦਾ ਹੈ ਅਤੇ ਖਾਲਸਾ ਜੀ ਦਾ ਹਲਕਾ ਵੀ ਮੇਰੇ ਨਾਲ ਹੀ ਪੈਂਦਾ ਹੈ। ਜਿਸ ਤਰ੍ਹਾਂ ਇਥੇ ਸੇਖਵਾਂ ਜੀ ਨੇ ਵੀ ਕਿਹਾ ਸੀ, ਮੈਂ ਵੀ ਦੱਸਦਾ ਹਾਂ ਕਿ ਜਦੋਂ ਬਾਰਿਸ਼ ਪੈਂਦੀ ਹੈ ਤਾਂ ਉਥੇ ਦੇ ਲੋਕਾਂ ਨੂੰ ਬੜੀ ਤੰਗੀ ਹੁੰਦੀ ਹੈ । ਉਨ੍ਹਾਂ ਦੇ ਘਰ ਪਾਣੀ ਨਾਲ ਭਰ ਜਾਂਦੇ ਹਨ। ਉਨ੍ਹਾਂ ਨੂੰ ਬਾਹਿਰ ਜਾਣਾ ਮੁਸ਼ਕਲ ਹੋ ਜਾਂਦਾ ਹੈ। ਉਥੇ ਹੜ੍ਹ ਆ ਜਾਂਦੇ ਹਨ। ਉਥੇ ਸਕੂਲਾਂ ਦੀਆਂ ਬਿਲਡਿੰਗਾਂ ਠੀਕ ਨਹੀਂ ਹਨ। ਉਥੇ ਕੱਚਾ ਪੜਾ, ਜਸਪਾਲਪੁਰ, ਮੇਜਪੁਰ ਅਤੇ ਸੇਲਪੁਰ ਆਦਿ ਪਿੰਡਾਂ ਦਿਆਂ ਲੋਕਾਂ ਨੇ ਬੜੀ ਕੋਸ਼ਿਸ਼ ਕਰਕੇ ਉਥੇ ਸਕੂਲ ਬਣਵਾਏ ਅਤੇ ਜਦੋਂ ਸਰਦਾਰ ਸੁਖਜਿੰਦਰ ਸਿੰਘ ਖੈਰਾ ਜੀ ਵਿਦਿਆ ਮੰਤਰੀ ਹੁੰਦੇ ਸਨ ਤਾਂ ਇਨ੍ਹਾਂ ਨੂੰ ਬੇਨਤੀ ਵੀ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਅੱਪਗਰੇਡ ਕੀਤਾ ਜਾਵੇ, ਪਰ ਇਹ ਨਹੀਂ ਕਰ ਸਕੇ । ਦੀਂਡਸਾ ਜੀ ਵੀ ਵਿਦਿਆ ਮੰਤਰੀ ਰਹੇ ਹਨ, ਉਨ੍ਹਾਂ ਨੂੰ ਵੀ ਸਮਾਂ ਨਹੀਂ ਮਿਲਿਆ ਕਿ ਉਹ ਅੱਪਗਰੇਡ ਕਰ ਦਿੰਦੇ । ਇਹ ਜਿਹੜੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਆਈ ਹੈ, ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਇਸ ਪਾਸੇ ਕੋਈ ਉਪਰਾਲਾ ਕਰਨ ਅਤੇ ਉਸ ਬੇਟ ਦੇ ਏਰੀਆ ਵੱਲ, ਜੋ ਕਿ ਇਕਨਾਮੀਕਲੀ ਬੈਕਵਰਡ ਵੀ ਹੈ, ਧਿਆਨ ਦੇਣ ਅਤੇ ਲੋਕਾਂ ਨਾਲ ਇਨਸਾਫ ਕਰਨ ਅਤੇ ਉਥੇ ਸਕੂਲਾਂ ਨੂੰ ਅੱਪ-ਗਰੇਡ ਕੀਤਾ ਜਾਵੇ। ਸਾਡੀ ਸਰਕਾਰ ਨੇ ਕਿਹਾ ਹੈ ਕਿ 50 ਸਕੂਲ ਪ੍ਰਾਇਮਰੀ ਤੋਂ ਮਿਡਲ ਸਕੂਲ ਕਰਨੇ ਹਨ ਅਤੇ 100 ਮਿਡਲ ਸਕੂਲਾਂ ਤੋਂ ਹਾਈ ਸਕੂਲ ਕਰਨੇ ਹਨ, ਪਰ ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ

Original with;
Punjab Vidhan Sabha
Digitized by
Panjab Digital Library

[ਸਰਦਾਰ ਬੀਰ ਪਾਲ ਸਿੰਘ]

ਕਿ ਡੇਰਾ ਬਾਬਾ ਨਾਨਕ, ਕਾਹਨੂੰਵਾਂ ਜੋ ਕਿ ਸੇਖਵਾਂ ਜੀ ਦਾ ਹਲਕਾ ਹੈ, ਉਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਉਥੇ ਸਕੂਲ ਖੋਲ੍ਹਣੇ ਚਾਹੀਦੇ ਹਨ। ਭਾਵੇਂ ਕਿਸੇ ਮੈਂਬਰ ਦਾ ਵੀ ਹਲਕਾ ਹੋਵੇ, ਭਾਵੇਂ ਉਹ ਆਤਮਾ ਸਿੰਘ ਦਾ ਹਲਕਾ ਹੈ, ਭਾਵੇਂ ਖਾਲਸਾ ਜੀ ਦਾ ਹਲਕਾ ਹੈ ਅਤੇ ਭਾਵੇਂ ਸੁਖਜਿੰਦਰ ਸਿੰਘ ਦਾ ਹਲਕਾ ਹੈ, ਸਾਰਿਆਂ ਹਲਕਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। (ਤਾੜੀਆਂ)।

Mr. Deputy Speaker : Please try to wind up.

ਸਰਦਾਰ ਬੀਰ ਪਾਲ ਸਿੰਘ : 3 ਰੀਜਨਲ ਮੈਨੇਜਰਜ਼ ਬਣਾਉਣੇ ਹਨ। ਕਾਮਰੇਡ ਰਾਜ ਕੁਮਾਰ ਜੀ ਨੇ ਟਰਾਂਸਪੋਰਟ ਦੇ ਬਾਰੇ ਕਿਹਾ ਸੀ। (ਵਿਘਨ) ਢੀਂਡਸਾਂ ਜੀ ਡਿਪੂਆਂ ਬਾਰੇ ਚੰਗਾ ਜਾਣਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣਾ ਜ਼ਿਲ੍ਹੇ ਵਿਚ ਇਕ ਡਿਪੂ ਹੈ, ਜਿਸ ਦਾ ਜਨਰਲ ਮੈਨੇਜਰ ਬੜਾ ਪੁਰਾਣਾ ਆਦਮੀ ਹੈ, ਉਹ ਐਕਸ-ਸਰਵਿਸਮੈਨ ਹੈ, । ਉਸ ਨੇ ਕਾਫੀ ਅੱਛਾ ਕੰਮ ਕੀਤਾ ਅਤੇ ਨਫਾ ਕੱਢਕੇ ਦਿੱਤਾ । ਉਸ ਨੂੰ ਸਟੇਟ ਅਵਾਰਡ ਵੀ ਮਿਲਿਆ । ਪਰ ਉਸ ਦਾ ਉਸ ਨੂੰ ਇਨਾਮ ਇਹ ਮਿਲਿਆ ..... (ਵਿਘਨ)

11.57 ਪੂਰਵ ਦੁਪਹਿਰ

(ਇਸ ਸਮੇਂ ਸ਼੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਕਿ ਉਸ ਦੀ ਨੌਕਰੀ ਵੀ ਛੁੜਾ ਦਿੱਤੀ । ਮੈਂ ਕਹਿੰਦਾ ਹਾਂ ਕਿ ਚਾਹੇ ਉਸ ਨੂੰ ਕਿਸੇ ਵੀ ਸਰਕਾਰ ਨੇ ਕਿਉਂ ਨਾ ਲਿਆ ਹੋਵੇ, ਉਹ ਇਕ ਚੰਗਾ ਸੱਜਨ ਸੀ, ਉਨ੍ਹਾਂ ਦੀ ਪਰਸ਼ੰਸਾ ਕਰਨੀ ਚਾਹੀਦੀ ਹੈ। (ਵਿਘਨ) ਚਾਹੇ ਇਹ ਚੀਜ਼ ਗਵਰਨਰ ਰੂਲ ਵਿਚ ਹੋਈ ਹੈ ਪਰ ਇਹੋ ਜਿਹੇ ਬੰਦੇ ਬਾਰੇ ਜਿਨ੍ਹਾਂ ਨੇ ਟਰਾਂਸਪੋਰਟ ਦੀ ਸ਼ਾਨ ਵਧਾਈ ਅਤੇ ਮਿਹਨਤ ਨਾਲ ਕੰਮ ਕੀਤਾ ਉਸ ਨੂੰ ਪ੍ਰਸ਼ੰਸਾ ਪੱਤਰ ਮਿਲਨਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਉਸ ਨੂੰ ਸਰਵਿਸ ਵਿਚ ਦੁਬਾਰਾ ਲੈਣਾ ਚਾਹੀਦਾ ਹੈ। (ਵਿਘਨ)।

ਜਿਹੜਾ ਪੀਪਾ ਟਰਾਂਸਪੋਰਟ ਦੇ ਬਾਰੇ ਵਿਚ ਜ਼ਿਕਰ ਆਇਆ, ਮੈਂ ਕਹਿੰਦਾ ਹਾਂ ਕਿ ਸਾਰੀ ਐਡਮਨਿਸਟਰੇਸ਼ਨ ਇਸ ਦੇ ਵਿਚ ਸ਼ਾਮਲ ਹੈ । ਐਡਮਨਿਸਟਰੇਸ਼ਨ ਵਿਚ ਅਗਰ ਕੋਈ ਸੱਜਣ ਕੋਤਾਹੀ ਕਰਨ ਵਾਲਾ ਹੋਵੇ ਤਾਂ ਉਸ ਨਾਲ ਕੋਈ ਰਿਆਇਤ ਨਹੀਂ ਕਰਨੀ ਚਾਹੀਦੀ। ਪ੍ਰਾਈਵੇਟ ਬਸਾਂ ਬਾਰੇ ਇਥੇ ਬੜਾ ਜ਼ਿਕਰ ਹੁੰਦਾ ਰਿਹਾ ਅਤੇ ਕਾਮਰੇਡ ਰਾਜ ਕੁਮਾਰ ਜੀ ਨੇ ਵੀ ਉਸ ਬਾਰੇ ਕਿਹਾ । ਮੈਂ ਵੀ ਆਪਣੇ ਆਪ ਨੂੰ ਇਸ ਸਬੰਧੀ ਉਨਾਂ ਨਾਲ ਸ਼ਾਮਲ ਕਰਦਾ ਹਾਂ। ਬੜਾ ਲੁਟ ਘਸੁਟ ਦਾ ਦੌਰ ਹੈ । ਉਹ ਪਲੇਟਾਂ ਬਦਲਦੇ ਰਹਿੰਦੇ ਹਨ ਅਤੇ ਹੋਰ ਵੀ ਬਹੁਤ ਕੁਝ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜੇ ਹੁਣ ਰੂਟ ਪਰਮਿਟ ਦੇਣੇ ਹਨ, ਚਾਹੇ ਪ੍ਰਾਈਵੇਟ ਪਾਰਟੀਆਂ ਨੂੰ ਦਿਉ ਜਾਂ ਕਿਸੇ ਹੋਰ ਨੂੰ ਦਿਉ ਪਰ ਜਿੰਨੇ ਚਿਰ ਤਕ ਸੜਕਾਂ ਨਹੀਂ ਬਣ ਜਾਂਦੀਆਂ, ਤਦ ਤਕ ਉਥੇ ਬਸਾਂ ਨਹੀਂ ਚਲ ਸਕਦੀਆਂ (ਵਿਘਨ) ।

ਸ਼੍ਰੀ ਸਪੀਕਰ : ਧਾਰਾ 168 (4) ਦੇ ਮੁਤਾਬਕ ਗਿਲੋਟੀਨ ਡੇਢ ਘੰਟਾ ਪਹਿਲਾਂ ਐਪਲਾਈ ਹੋਣੀ ਸੀ। ਪਰ ਹੁਣ ਹਾਊਸ ਦੀ ਮਰਜ਼ੀ ਨਾਲ ਅੱਧਾ ਘੰਟਾ ਗਿਲੋਟੀਨ ਦਾ ਐਕਸਟੈਂਡ ਕੀਤਾ ਜਾਂਦਾ ਹੈ।

(**ਆਵਾਜਾਂ** : ਠੀਕ ਹੈ ਜੀ।)

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਬਾਰੇ ਅਰਜ਼ ਕਰ ਰਿਹਾ ਸੀ । (ਵਿਘਨ)

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਟਰਾਂਸਪੋਰਟ ਦੀ ਡਿਮਾਂਡ ਤੇ ਬੋਲਦੇ ਹਨ, ਪਰ ਇਹ ਦਸਣ ਸੁਣਾਉਂਦੇ ਕਿਸ ਨੂੰ ਹਨ, ਟਰਾਂਸਪੋਰਟ ਮਨਿਸ਼ਟਰ ਤਾਂ ਬੈਠੇ ਹੀ ਨਹੀਂ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੁਲੈਕਟਿਵ ਰਿਸਪੌਂਸਿਬਿਲਿਟੀ ਹੈ। ਅਜਨਾਲਾ ਸਾਹਿਬ ਬੈਠੇ ਹਨ।

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਬਾਰੇ ਅਰਜ਼ ਕਰ ਰਿਹਾ ਸੀ। ਇਹ ਜਿਹੜੀ 60 ਔਰ 40 ਦੀ ਰੇਸ਼ੋ ਹੈ, ਇਸ ਬਾਰੇ ਮੈਂ ਦਸਦਾ ਹਾਂ ਕਿ ਜਿਹੜੇ ਪ੍ਰਾਈਵੇਟ ਬਸਾਂ ਦੇ ਮਾਲਕ ਹਨ, ਉਹ ਬੜੇ ਸੁਚੱਜੇ ਢੰਗ ਨਾਲ ਬਸਾਂ ਚਲਾਉਂਦੇ ਹਨ। ਪਰ ਜਿਹੜੇ ਸਾਡੀਆਂ ਬਸਾਂ ਦੇ ਡਰਾਈਵਰ ਔਰ ਕੰਡਕਟਰ ਹਨ, ਉਨ੍ਹਾਂ ਦਾ ਵਤੀਰਾ ਠੀਕ ਨਹੀਂ ਹੁੰਦਾ। ਜਿਹੜੀਆਂ ਬਸਾਂ ਸ਼ਹਿਰਾਂ ਤੋਂ ਪਿੰਡਾਂ ਨੂੰ ਆਉਂਦੀਆਂ ਹਨ, ਉਨ੍ਹਾਂ ਵਿਚ ਜਿਹੜੇ ਕੰਡਕਟਰ ਹਨ ਸਵਾਰੀਆਂ ਨਾਲ ਬੜਾ ਭੈੜਾ ਸਲੂਕ ਕਰਦੇ ਹਨ ਔਰ ਡਰਾਈਵਰ ਆਪਣੀ ਮਨਮਰਜ਼ੀ ਕਰਦੇ ਹਨ। ਜਿਥੇ ਸ਼ਰਾਬ ਦਾ ਠੇਕਾ ਹੋਵੇ, ਉਥੇ 15, 15 ਮਿੰਟ ਬਸ ਖੜੀ ਕਰ ਦਿੰਦੇ ਹਨ ਅਤੇ ਪੈਗ ਲਾ ਕੇ ਫਿਰ ਤੋਰਦੇ ਹਨ। ਮੈਂ ਆਪਣੀ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ (ਘੰਟੀ) ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। (ਘੰਟੀ) ਬਸ ਜੀ ਮੈਂ ਖਤਮ ਹੀ ਕਰਨ ਲਗਾ ਹਾਂ। ਜਿਹੜੀ ਕਮੀ ਪੇਸ਼ੀ ਤਾਲੀਮ ਵਿਚ ਰਹੀ ਹੈ ਜਾਂ ਟਰਾਸਪੋਰਟ ਦੇ ਅਦਾਰੇ ਵਿਚ ਰਹਿ ਗਈ ਹੈ, ਉਨ੍ਹਾਂ ਵਲ ਜ਼ਿਆਦਾ ਤਵੱਜੋ ਦੇਣੀ ਚਾਹੀਦੀ ਹੈ ਅਤੇ ਜਿਹੜੀਆਂ ਕਮੀਆਂ ਹਨ, ਉਹ ਦੂਰ ਕਰਨੀਆਂ ਚਾਹੀਦੀਆਂ ਹਨ। ਐਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਚੀਜ਼ ਸਾਰੀ ਐਕਸਪੰਜ ਕਰ ਦਿੱਤੀ ਜਾਏ।

ਡਾਕਟਰ ਭਗਤ ਸਿੰਘ : (ਪੱਕਾ ਕਲਾਂ, ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਇਕ ਰਿਕੁਐਸਟ ਕਰਦਾ ਹਾਂ ਕਿ ਇਹ ਜਿਹੜਾ ਟਾਈਮ ਖਰਚ ਹੋਇਆ ਹੈ, ਇਹ ਮੇਰੇ ਜ਼ਿਮੇਂ ਨਾ ਪਾਉਣਾ, ਦੂਸਰੇ, ਮੈਨੂੰ ਅੱਜ ਮੌਕਾ ਮਿਲਿਆ ਹੈ ਕਿ ਆਪਣੇ ਪੰਜਾਬ ਦੀ ਐਜੂਕੇਸ਼ਨ ਦੇ ਸਿਸਟਮ ਬਾਰੇ ਜਾਂ ਜੋ ਇਸ ਦਾ ਬੱਜਟ ਹੈ, ਉਸ ਦੇ ਮੁਤਅੱਲਕ ਮੈਂ ਕੁਝ ਅਰਜ਼ ਕਰਾਂ। ਮੇਰੀ ਗੁਜ਼ਾਰਸ਼ ਹੈ ਕਿ ਆਜ਼ਾਦੀ ਮਿਲਣ ਤੋਂ ਬਾਅਦ ਵੀ ਐਜੂਕੇਸ਼ਨ ਦਾ ਸਿਸਟਮ ਔਰ ਉਸ ਦੇ ਜੋ ਸਿੱਟੇ ਸਾਡੇ ਸਾਹਮਣੇ ਆਏ ਹਨ, ਉਹ ਬੜੇ ਨਿਰਾਸ਼ਾ-ਜਨਕ ਹਨ। ਜਦੋਂ ਮੈਂ ਕਾਂਸਟੀਚਿਊਸ਼ਨ ਦੇ ਵਰਕੇ ਫੋਲਦਾ ਹਾਂ ਤਾਂ ਡਾਇਰੈਕ-ਟਿਵ ਪ੍ਰਿੰਸੀਪਲਜ਼ ਆਫ਼ ਦੀ ਸਟੇਟ ਪਾਲਿਸੀ ਆਰਟੀਕਲ 45 ਦੇ ਵਿਚ ਮੇਰੀ ਸਰਕਾਰ ਕਮਿਟਿੱਡ ਹੈ ਕਿ 10 ਸਾਲਾਂ ਦੇ ਅੰਦਰ ਅੰਦਰ ਇਥੇ ਕੋਈ ਇਲੀਟ੍ਰੇਸੀ ਨਹੀਂ ਰਹਿਣ ਦਿਆਂਗੇ। ਅੱਜ 33 ਸਾਲ ਹੋ ਗਏ ਹਨ ਪਰ ਇਹ ਚੀਜ਼ ਹਾਲੇ ਤੱਕ ਨਹੀਂ ਹੋਈ ਹੈ। ਮੈਂ ਕਹਿੰਦਾ ਹਾਂ ਕਿ ਮੇਰੇ ਉਨ੍ਹਾਂ ਵੀਰਾਂ ਨੂੰ ਜਿਨ੍ਹਾਂ ਨੇ ਕਮਿਟਮੈਂਟ ਕੀਤੀ ਸੀ ਅਤੇ ਲੋਕਾਂ ਦੀ ਕਚਹਿਰੀ ਵਿਚ ਇਹ ਗਲ ਹੋਈ ਸੀ ਉਨ੍ਹਾਂ ਨੂੰ ਕੀ ਜੁਰਮਾਨਾ ਹੋਇਆ ਹੈ ? ਹਿੰਦੁਸਤਾਨ ਦੀ ਲਿਟਰੇਸੀ ਦੀ ਪਰਸੈਂਟੇਜ ਅੱਜ 29% ਹੈ। ਮੇਰੀ ਸਟੇਟ ਵਿਚ ਲਿਟਰੇਸੀ 33% ਹੈ, ਕੈਰੇਲਾ ਸਟੇਟ ਵਿਚ 65% ਹੈ ਅਤੇ ਹੋਰ ਸਟੇਟਾਂ ਜਿਵੇਂ ਕਿ ਗੁਜਰਾਤ ਹੈ, ਉਥੇ 34% ਹੈ। ਮੇਰਾ ਐਡਵਾਂਸ ਸੂਬਾ ਹੈ ਅਤੇ ਇਥੇ ਦੇ ਫਾਰਮਰ ਨੇ ਹਿੰਦੁਸਤਾਨ ਦਾ ਬੜਾ ਭਾਰੀ ਕਰਜ਼ਾ ਜਿਹੜਾ ਰੋਟੀਆਂ ਵਾਸਤੇ ਅਮਰੀਕਾ ਤੋਂ ਜਾਂ ਹੋਰ ਦੂਜੇ ਮੁਲਕਾਂ ਤੋਂ ਲਿਆ ਸੀ, ਉਹ

**Expunged as orderd by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਚੁਕਾਇਆ ਅੱਰ ਅੱਜ ਅੱਨ ਦਾ ਐਨਾ ਭੰਡਾਰ ਕਰ ਦਿੱਤਾ ਹੈ ਕਿ ਰੂਸ ਵਰਗਾ ਐਡਾ ਵੱਡਾ ਮੁਲਕ ਵੀ ਸਾਡੇ ਤੋਂ ਅਨਾਜ ਲੈਂਦਾ ਹੈ। ਮਗਰ ਉਹ ਸੂਬਾ ਜਿਸ ਨੇ ਦੇਸ਼ ਦੀ ਇਤਨੀ ਸੇਵਾ ਕੀਤੀ ਉਸ ਦੀ ਲਿਟਰੇਸੀ ਫਿਗਰ 33% ਹੈ। ਕਿੰਨਾਂ ਦੁੱਖ ਹੁੰਦਾ ਹੈ ਕਿ ਇਤਨੀ ਮਿਹਨਤ ਕਰਨ ਦੇ ਬਾਵਜੂਦ, 3 ਜੰਗਾਂ ਵਿਚ ਜਿੱਤ ਦਿਵਾਉਣ ਦੇ ਬਾਵਜੂਦ, ਹਿੰਦੁਸਤਾਨ ਦਾ ਜਿਸ ਨੇ ਐਡਾ ਵਡਾ ਕਰਜ਼ਾ ਉਤਾਰਿਆ ਹੈ, ਉਹ ਅੱਜ ਆਪ ਕਰਜ਼ੇ ਥਲੇ ਦਬਿਆ ਹੋਇਆ ਹੈ। ਉਸ ਨੂੰ ਪਤਾ ਨਹੀਂ ਕਿ ਉਸ ਦਾ ਪੈਸਾ ਕੌਣ ਲੈ ਗਿਆ ਹੈ। ਸ਼ਰਾਬ, ਅਫੀਮ ਅਤੇ ਪੋਸਤ ਖੁਲ੍ਹੀ ਵੇਚੀ ਜਾ ਰਹੀ ਹੈ। ਜਿਹੜਾ ਆਦਮੀ ਇਹ ਧੰਦਾ ਕਰਦਾ ਹੈ ਉਹ ਬੇਹੋਸ਼ੀ ਵਿਚ ਉਨ੍ਹਾਂ ਦਾ ਸਾਰਾ ਪੈਸਾ ਲੁਟ ਕੇ ਲੈ ਗਿਆ। ਅੱਜ ਉਨ੍ਹਾਂ ਦੀ ਜੇਬ ਖਾਲੀ ਹੈ।

ਜਿਹੜਾ ਪਿਛਲੇ ਸਾਲ ਐਜੂਕੇਸ਼ਨ ਤੇ ਖਰਚ ਕੀਤਾ ਸੀ, ਅੱਜ ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਹੀ ਵਿਚ ਜੋ ਸਰਕਾਰ ਬਣੀ ਹੈ, ਉਸ ਨੇ ਇਸ ਦੇ ਲਈ 100 ਕਰੋੜ ਰੁਪਿਆ ਰਖਿਆ ਹੈ । ਜੋ ਮੇਰੀ ਪਹਿਲੀ ਸਰਕਾਰ ਸੀ, ਉਨ੍ਹਾਂ ਨੇ ਵੱਧ ਖਰਚ ਪੈਦਾ ਕਰ ਦਿੱਤਾ। 10 ਕਰੋੜ ਰੁਪਿਆ ਹੋਰ ਰਖਿਆ ਹੈ ਜਿਹੜਾ ਕਿ ਪ੍ਰਾਈਵੇਟ ਕਾਲਜਾਂ ਦੇ 95% ਡੈਫਿਸਿਟ ਨੂੰ ਮੀਟ ਵਿੱਦ ਕਰੇਗਾ। ਯਾਨੀ 1 ਅਰਬ 10 ਕਰੋੜ ਰੁਪਿਆ ਦਿੱਤਾ ਹੈ। ਇਸ ਦਾ ਸਿੱਟਾ ਕੀ ਨਿਕਲੇਗਾ ? ਸਿਵਾਏ ਇਸ ਦੇ ਕਿ ਪੰਜ ਸੱਤ ਬੰਦਿਆਂ ਨੂੰ ਨੌਕਰੀਆਂ ਹੋਰ ਮਿਲ ਜਾਣਗੀਆਂ ਕੁਝ ਆਦਮੀ ਮਾਸਟਰ ਅਤੇ ਹੈਡਮਾਸਟਰ ਬਣ ਜਾਣਗੇ, ਇਸ ਦਾ ਸਿੱਟਾ ਇਹੀ ਨਿਕਲੇਗਾ। ਜਿਹੜੇ ਸਕੂਲਾਂ ਵਿਚ ਡਰਾ ਬੈਕਸ ਹਨ, ਉਹ ਦੂਰ ਕਰਨੇ ਚਾਹੀਦੇ ਹਨ। ਰਜਿਸਟਰਾਂ ਵਿਚ ਤਾਂ 100 ਬੱਚੇ ਦਾਖਲ ਹਨ ਪਰ ਹਾਜ਼ਰ ਸਿਰਫ 11 ਹਨ। ਕੰਪਲਸਰੀ ਐਜੂਕੇਸ਼ਨ ਦਾ ਕਾਨੂੰਨ ਬਣਾ ਕੇ ਥੋਪਿਆ ਗਿਆ, ਉਸ ਤੇ ਅਮਲ ਨਹੀਂ ਕੀਤਾ ਗਿਆ। ਜਿਹੜਾ ਗਲਤ ਰਿਪੋਰਟ ਦਿੰਦਾ ਹੈ, ਉਸ ਨੂੰ ਕੀ ਸਜ਼ਾ ਹੈ ? ਇਸ ਦਾ ਕਾਰਨ ਇਹੋ ਹੈ ਕਿ ਅੱਜ ਦੋ ਸੈਕਟਰਾਂ ਦੀ ਆਪੋ ਵਿਚ ਲੜਾਈ ਹੋ ਰਹੀ ਹੈ, ਇਕ ਪ੍ਰਾਈਵੇਟ ਸੈਕਟਰ ਹੈ ਅਤੇ ਦੂਜਾ ਪਬਲਿਕ ਸੈਕਟਰ ਹੈ। ਹਰ ਜਗ੍ਹਾ ਤੇ ਪ੍ਰਾਈਵੇਟ ਸੈਕਟਰ ਪਬਲਿਕ ਸੈਕਟਰ ਨੂੰ ਦਬਾਈ ਜਾ ਰਿਹਾ ਹੈ। ਪ੍ਰਾਈਵੇਟ ਸੈਕਟਰ ਇਤਨਾ ਮਜ਼ਬੂਤ ਹੈ, ਪਾਲਿਸੀ ਬਣਾਉਣ ਵਿਚ, ਉਸਨੂੰ ਚਲਾਉਣ ਵਿਚ, ਉਨ੍ਹਾਂ ਦੇ ਨੁਮਾਇੰਦੇ ਮੌਜੂਦ ਹਨ, ਇਸੇ ਕਾਰਣ ਜਿਤਨੀ ਗਰੋਥ ਪ੍ਰਾਈਵੇਟ ਸਕੂਲਾਂ ਦੀ ਪਿਛਲੇ 15, 20 ਸਾਲਾਂ ਵਿਚ ਹੋਈ ਹੈ, ਉਤਨੀ ਸ਼ਾਇਦ ਹੀ ਸਰਕਾਰੀ ਸਕੂਲਾਂ ਦੀ ਹੋਈ ਹੋਵੇ। ਜੇ ਸਾਡਾ ਇਹੀ ਮਕਸਦ ਹੈ ਕਿ 1 ਅਰਬ 10 ਕਰੋੜ ਰੁਪਿਆ ਪੇਂਡੂ ਲੋਕਾਂ ਦਾ ਖਰਚ ਤਾਂ ਕਰਾ ਦੇਣਾ ਹੈ, ਪਰ ਉਸ ਨੂੰ ਕੋਈ ਵਿਦਿਆ ਨਹੀਂ ਦੇਣੀ, ਉਨ੍ਹਾਂ ਦੇ ਸਕੂਲਾਂ ਵਿਚ ਤੱਪੜ ਵੀ ਨਹੀਂ ਮਿਲਣੇ ਅਤੇ ਉਸ ਦੇ ਬਰਅਕਸ ਕਾਨਵੈਂਟ ਅਤੇ ਪ੍ਰਾਈਵੇਟ ਮਾਡਲ ਸਕੂਲ ਖੋਲ੍ਹਣੇ ਹਨ, ਉਨ੍ਹਾਂ ਨੂੰ ਹੀ ਤਰਜੀਹ ਦੇਣੀ ਹੈ, ਫਿਰ ਕੀ ਸਿੱਟਾ ਨਿਕਲੇਗਾ ? ਸਿੱਧਾ ਕਹਿ ਦਿਓ ਕਿ ਐਜੂਕੇਸ਼ਨ ਪ੍ਰਾਈਵੇਟ ਬਿਜ਼ਨਸ ਹੈ। ਜਿਹੜਾ ਮਰਜ਼ੀ ਉਠ ਕੇ ਆਪਣੀ ਐਜੂਕੇਸ਼ਨ ਦੀ ਦੁਕਾਨ ਖੋਲ੍ਹ ਲਵੇ। ਅਵਿਦਿਆ ਦੇ ਕਾਰਣ ਜੋ ਸਿੱਟੇ ਦੇਸ਼ ਦੇ ਅੰਦਰ ਨਿਕਲੇ ਹਨ ਅਤੇ ਜੋ ਨਿਕਲਣਗੇ, ਉਨ੍ਹਾਂ ਦਾ ਥੋੜ੍ਹੇ ਸਮੇਂ ਵਿਚ ਹੀ ਪਤਾ ਲਗ ਜਾਵੇਗਾ। ਜੇ ਅਸੀਂ ਇਸ ਮੁਲਕ ਦੇ ਬੱਚਿਆਂ ਨੂੰ ਯੂਜ਼ਫੁਲ ਸਿਟੀਜ਼ਨਜ਼ ਆਫ ਦੀ ਸਟੇਟ ਬਣਾਉਣਾ ਹੈ, ਤਾਂ ਉਸ ਵੱਲ ਧਿਆਨ ਕਿਉਂ ਨਹੀਂ ਦਿੱਤਾ ਜਾ ਰਿਹਾ। ਉਸ ਬੱਚੇ ਨੂੰ ਪਤਾ ਹੀ ਨਹੀਂ ਕਿ ਉਸ ਦਾ ਭਵਿੱਖ ਕੀ ਹੋਵੇਗਾ। ਕਾਲਜ ਉਹ ਚਲਾ ਜਾਂਦਾ ਹੈ। ਪਰੈਪ ਕਰਦਾ ਹੈ, ਪ੍ਰੀ-ਮੈਡੀਕਲ ਵਿਚ ਐਡਮਿਸ਼ਨ ਲੈਂਦਾ ਹੈ, ਐਮ.ਏ. ਕਰਦਾ ਹੈ ਪਰ ਉਸਨੂੰ ਪਤਾ ਹੀ ਨਹੀਂ ਕਿ ਉਸਦਾ ਭਵਿਖ ਕੀ ਹੈ? ਉਸ ਨੇ ਕਿਹੜੇ ਪਾਸੇ ਜਾਣਾ ਹੈ? ਮੈਂ ਕਹਿੰਦਾ ਹਾਂ ਕਿ ਪ੍ਰਾਇਮਰੀ ਸਟੇਜ ਤੇ ਹੀ ਉਸ ਦੀਆਂ ਮੈਂਟਲ ਫੈਕਲਟੀਆਂ ਨੂੰ ਜੱਜ ਕਰਨਾ ਚਾਹੀਦਾ ਹੈ । ਚਾਹੇ ਇਸ ਤੇ ਜਿਤਨਾ ਮਰਜ਼ੀ ਪੈਸਾ ਸਰਕਾਰ ਨੂੰ ਖਰਚ ਕਰਨਾ ਪਵੇ, ਕਰਨਾ ਚਾਹੀਦਾ ਹੈ। ਅਸੀਂ ਚੰਗੇ ਮਨੁੱਖ ਪੈਦਾ ਕਰਨੇ ਹਨ। ਉਸ ਨੂੰ ਮਾਰੇਲਿਟੀ ਅਤੇ ਸੋਸ਼ਲ ਕਲਚਰ ਦੀ ਜੱਜਮੈਂਟ ਹੋਣੀ ਚਾਹੀਦੀ ਹੈ। ਮਨੁੱਖ ਕਿਹੜੇ

Original with;
Punjab Vidhan Sabha
Digitized by;
Panjab Digital Library

ਪਾਸੇ ਜਾ ਰਿਹਾ ਹੈ, ਉਹ ਆਜ਼ਾਦੀ ਦੇ ਯੋਗ ਹੈ ਜਾਂ ਨਹੀਂ। ਪਤਾ ਨਹੀਂ ਕਿਸ ਸੈਕਟਰੀ ਜਾਂ ਬਾਬੂ ਨੇ ਇਹ ਬਜਟ ਲਿਖਿਆ ਹੈ ਕਿ ਇਹ ਪੰਜਾਬ ਦਾ ਸੂਬਾ ਰਿਸ਼ੀਆਂ ਮੁਨੀਆਂ ਦਾ ਸੂਬਾ ਹੈ। ਜੇ ਇਤਿਹਾਸ ਵੇਖੋ ਤਾਂ ਪਤਾ ਲਗਦਾ ਹੈ ਕਿ ਇਥੇ ਨਾ ਕੋਈ ਰਿਸ਼ੀ ਹੋਇਆ ਹੈ ਅਤੇ ਨਾ ਕੋਈ ਮੁੰਨੀ, ਇਥੇ ਇਕੱਲੇ ਗੁਰੂ ਹੋਏ ਹਨ ਜਾਂ ਇਸਲਾਮ ਵਾਲੇ ਇਥੇ ਆਏ ਸਨ। ਮਾਰਕੰਡਾ ਰਿਸ਼ੀ ਹੋਇਆ ਹੈ ਉਹ ਵੀ ਅੰਬਾਲੇ ਤੋਂ ਪਰੇ ਦਾ ਹੈ। ਜੋ ਸਿੱਖ ਧਰਮ ਵਿਚ ਵਿਦਿਆ ਹੈ, ਜੋ ਗੁਰੂਆਂ ਦੀਆਂ ਕੋਟੇਸ਼ਨਾਂ ਹਨ, ਉਹ ਕਿਸੇ ਇੱਕ ਬੰਦੇ ਦੀ ਪ੍ਰਾਪਰਟੀ ਨਹੀਂ ਹੈ। ਉਹ ਸਾਂਝੀ ਹੈ।

ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਸਰਦਾਰ ਦਰਬਾਰਾ ਸਿੰਘ ਆਮ ਸਕੂਲ ਵਿਚੋਂ ਪੜ੍ਹ ਕੇ ਆਏ ਹਨ। ਹੋ ਸਕਦਾ ਹੈ ਕਿ ਇਨ੍ਹਾਂ ਦੇ ਬੱਚੇ ਵੀ ਆਮ ਸਕੂਲਾਂ ਵਿਚ ਪੜ੍ਹੇ ਹੋਣ। ਮਗਰ ਜਦੋਂ ਵੀ ਕੋਈ ਆਦਮੀ ਐਮ. ਐਲ. ਏ. ਜਾਂ ਵਜ਼ੀਰ ਬਣ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਫਰਾਡ ਉਹ ਕੀ ਲੋਕਾਂ ਨਾਲ ਕਰਦਾ ਹੈ? ਉਹ ਆਪਣੇ ਬੱਚੇ ਨੂੰ ਉਸ ਪਿੰਡ ਦੇ ਸਰਕਾਰੀ ਸਕੂਲ ਵਿਚੋਂ ਕੱਢ ਕੇ ਕਾਨਵੈਂਟ ਸਕੂਲ ਵਿਚ ਭੇਜ ਦਿੰਦਾ ਹੈ। ਜਦੋਂ ਕੋਈ ਸਕੂਲ ਦਾ ਹੈਡਮਾਸਟਰ ਬਣ ਜਾਂਦਾ ਹੈ ਤਾਂ ਉਹ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਵਿਦਿਆ ਦਿਵਾਉਣ ਲਈ ਤਿਆਰ ਨਹੀਂ। ਇਸ ਤੋਂ ਵੱਧ ਸਾਡੀ ਸਟੇਟ ਆਫ ਅਫੇਅਰਜ਼ ਹੋਰ ਕੀ ਹੋ ਸਕਦੀ ਹੈ। ਅਗਰ ਉਨ੍ਹਾਂ ਸਕੂਲਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਤਾਂ ਆਪੇ ਤੁਹਾਨੂੰ ਰਿਜ਼ਲਟਸ ਦਾ ਪਤਾ ਲਗ ਜਾਵੇਗਾ। ਇਹ ਤਾਂ, ਸਪੀਕਰ ਸਾਹਿਬ, ਫੈਕਟਸ ਹਨ। ਇਸ ਦੀ ਰੈਮੇਡੀ ਕੀ ਹੈ? ਇਹ ਨਾ ਵੇਖੋ ਕਿ ਇਸ ਤੇ ਕਿਤਨਾ ਖਰਚ ਹੁੰਦਾ ਹੈ। ਜੇ ਲਾਅ ਐਂਡ ਆਰਡਰ ਦੀ ਕੋਈ ਮਾੜੀ ਜਿਹੀ ਪ੍ਰਾਬਲਮ ਹੋ ਜਾਂਦੀ ਹੈ ਤਾਂ ਅੱਧਾ ਯੂ.ਪੀ ਫੌਜ ਆ ਜਾਂਦੀ ਹੈ, ਪੁਲਿਸ ਆ ਜਾਂਦੀ ਹੈ। ਇਹ ਬਾਕੀ ਦੇ ਸਾਰੇ ਕੰਮ ਵਾਰ-ਫੁਟਿੰਗ ਕਰਨ ਨੂੰ ਤਿਆਰ ਹਨ। ਮੈਂ ਕਹਿੰਦਾ ਹਾਂ ਕਿ ਇਹ ਸਰਕਾਰ ਐਜੂਕੇਸ਼ਨ ਦੇ ਮਸਲੇ ਨੂੰ ਵਾਰ-ਫੁੱਟਿੰਗ ਤੇ ਲੈ ਲਵੇ, ਜਿਸ ਨਾਲ ਕੌਮ ਬਣ ਜਾਵੇਗੀ ਅਤੇ ਬੱਚਿਆਂ ਦਾ ਭਵਿੱਖ ਉਜਵਲ ਹੋ ਜਾਵੇਗਾ। ਇਸ ਲਈ ਕਿਹੜੇ ਸਟੈਪਸ ਲੈਣੇ ਚਾਹੀਦੇ ਹਨ, ਉਨ੍ਹਾਂ ਦਾ ਮੈਂ ਜ਼ਿਕਰ ਕਰਦਾ ਹਾਂ। ਪਹਿਲੀ ਗਲ ਤਾਂ ਇਹ ਹੈ ਕਿ ਅਪ ਟੂ ਮੈਟ੍ਰਿਕ ਸਟੈਂਡਰਡ ਜਾਂ ਹਾਇਰ ਸੈਕੰਡਰੀ ਤਕ ਐਜੂਕੇਸ਼ਨ ਕੰਪਲਸਰੀ ਹੋਣੀ ਚਾਹੀਦੀ ਹੈ। ਇਹ ਸਟੇਟ ਦੀ ਡਿਊਟੀ ਹੈ। ਫਿਰ ਐਜੂਕੇਸ਼ਨ ਵੋਕੇਸ਼ਨਲਾਈਜ਼ਡ ਹੋਵੇ। ਪਹਿਲੀ ਜਮਾਤ ਤੋਂ ਧੰਧੇ ਦੀ ਸਿਖਲਾਈ ਮਿਲੇ ਤਾਂ ਕਿ 15 ਸਾਲ ਦੀ ਉਮਰ ਤੋਂ ਬਾਅਦ ਉਹ ਬੱਚਾ ਕਿਸੇ ਹੋਰ ਐਜੂਕੇਸ਼ਨਲ ਇੰਸਟੀਚਿਊਸ਼ਨ ਵਿਚ ਦਾਖਲ ਨਾ ਹੋਵੇ, ਉਹ ਸੁਸਾਇਟੀ ਤੇ ਪੈਰਾਸਾਈਟ ਨਾ ਹੋਵੇ ਬਲਕਿ ਇੱਕ ਪ੍ਰੋਡਕਟਿਵ ਐਲੀਮੈਂਟ ਬਣ ਜਾਵੇ। ਤੀਸਰੀ ਗਲ ਇਹ ਹੈ ਕਿ ਐਜੂਕੇਸ਼ਨ ਫਰੀ ਹੋਣੀ ਚਾਹੀਦੀ ਹੈ। ਇਹ ਹਰ ਇੱਕ ਦਾ ਫੰਡਾਮੈਂਟਲ ਰਾਈਟ ਹੈ। ਜਿਹੜੀ ਸਰਕਾਰ ਆਪਣੇ ਸੂਬੇ ਦੇ ਬੱਚਿਆਂ ਨੂੰ ਤਾਲੀਮ ਨਹੀਂ ਦੇ ਸਕਦੀ ਤਾਂ ਕਿ ਉਹ ਚੰਗਾ ਸ਼ਹਿਰੀ ਬਣੇ ਅਤੇ ਕਾਨੂੰਨ ਦੀ ਪਾਲਣਾ ਕਰੇ ਤਾਂ ਫਿਰ ਉਸ ਸਰਕਾਰ ਨੂੰ ਗਦੀ ਤੇ ਵੀ ਬੈਠਣ ਦਾ ਕੋਈ ਹਕ ਨਹੀਂ ਹੈ। ਐਜੂਕੇਸ਼ਨ ਯੂਨੀਫਾਰਮ ਹੋਣੀ ਚਾਹੀਦੀ ਹੈ। ਚਾਹੇ ਕੋਈ ਡਿਪਟੀ ਕਮਿਸ਼ਨਰ ਦਾ ਪੁੱਤਰ ਹੈ, ਚਾਹੇ ਚੀਫ ਮਨਿਸਟਰ ਦਾ ਪੁੱਤਰ ਹੈ, ਚਾਹੇ ਮੁਨਸ਼ੀ ਦਾ ਪੁੱਤਰ ਹੈ ਅਤੇ ਚਾਹੇ ਚਪੜਾਸੀ ਦਾ ਪੁੱਤਰ ਹੈ, ਉਹ ਸਾਰੇ ਸਨਜ਼ ਆਫ ਦੀ ਸੁਆਇਲ ਹਨ, ਇਸ ਮੁਲਕ ਦੇ ਬਸ਼ਿੰਦੇ ਹਨ। ਉਹ ਇੱਕ ਸਕੂਲ ਵਿਚ ਪੜ੍ਹਨ। ਜਿਹੜਾ ਪੜ੍ਹਾਈ ਵਿਚ ਤਕੜਾ ਹੋਵੇ, ਉਹ ਅੱਗੇ ਨਿਕਲ ਜਾਵੇ (ਟਰੈਜ਼ਸ਼ੀ ਬੈਂਚਾਂ ਵਲੋਂ ਤਾੜੀਆਂ) ਜੇ ਬਚਪਨ ਵਿਚ ਹੀ ਡਿਸਕਰੀਮੀਨੇਸ਼ਨ ਆ ਗਈ ਤਾਂ ਫਿਰ ਅੱਗੇ ਕੀ ਬਣੇਗਾ। ਇੱਕ ਪਾਸੇ ਤਾਂ ਕੋਈ ਆਦਮੀ ਆਪਣਾ ਬੱਚਾ ਕਸੌਲੀ ਦਾਖਲ ਕਰਾ ਦੇਵੇ ਜਿਥੇ ਕਿ 700 ਰੁਪਏ ਮਹੀਨਾ ਖਰਚ ਹੋਵੇ ਅਤੇ ਦੂਜੇ ਪਾਸੇ ਸਕੂਲ ਵਿਚ ਉਹ ਬੱਚਾ ਹੋਵੇ ਜਿਸ ਨੂੰ ਬੈਠਣ ਲਈ ਤਪੜ ਵੀ ਨਾ ਮਿਲੇ ਤਾਂ ਫਿਰ ਉਹ ਕਿਸ ਤਰ੍ਹਾਂ ਆਈ.ਏ.ਐਸ. ਅਤੇ ਹੋਰਨਾਂ ਕੰਪੀਟੀਸ਼ਨਾ ਵਿਚ ਆ

Original with;
Punjab Vidhan Sabha
Digitized by:
Panjab Digital Library

[ਡਾਕਟਰ ਭਗਤ ਸਿੰਘ]

ਸਕਦਾ ਹੈ। ਨੌਕਰਸ਼ਾਹੀ ਵਿਚ ਵੀ ਇਕ ਕਲਾਸ ਬਣ ਗਈ ਹੈ। ਇਨ੍ਹਾਂ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਅਫ਼ਸਰ ਬਣ ਜਾਂਦੇ ਹਨ। ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਆਪਣੇ ਬੱਚਿਆਂ ਨੂੰ ਪਿੰਡ ਦੇ ਬੱਚਿਆਂ ਨਾਲ ਇਕੱਠਿਆਂ ਪੜ੍ਹਾਉਣ। ਉਹ ਕਦੇ ਵੀ ਅਜਿਹੀ ਸਲਾਹ ਨਹੀਂ ਦੇਣਗੇ। ਜਿਹੜੇ ਐਜੂਕੇਸ਼ਨ ਮਨਿਸਟਰ ਹਨ, ਮੈਨੂੰ ਇਨ੍ਹਾਂ ਦੇ ਪਿਛੋਕੜ ਦਾ ਜ਼ਿਆਦਾ ਨਹੀਂ ਪਤਾ। ਪਰ ਇਨ੍ਹਾਂ ਨੇ ਬੜੇ ਸਿਆਣੇ ਜਵਾਬ ਦਿੱਤੇ ਹਨ। ਉਨ੍ਹਾਂ ਤੋਂ ਮੈਂ ਪ੍ਰਭਾਵਤ ਹੋਇਆ ਹਾਂ। ਅਗਰ ਉਹ ਸਿਨਸੀਅਰ ਹਨ ਤਾਂ ਇੱਕ ਪਾਲਿਸੀ ਬਣਾਉਣ। ਖਰਚ ਦੀ ਕੋਈ ਗਲ ਨਹੀਂ। ਆਪਾਂ ਬੈਠਾਂਗੇ। ਇਥੇ ਸਿਲੈਕਟ ਕਮੇਟੀ ਬਣਾਓ ਪਰ ਉਸ ਦਾ ਕੰਮ ਟਾਈਮ ਬਾਊਂਡ ਹੋਵੇ। ਇਹ ਨਾ ਹੋਵੇ ਕਿ ਕਮਿਸ਼ਨ ਬਣਾ ਦੇਣ, ਉਸ ਤੇ ਹਜ਼ਾਰਾਂ ਰੁਪਏ ਖਰਚ ਹੋ ਜਾਣ, ਪਰ ਉਸ ਦੀ ਰਿਪੋਰਟ ਕੋਈ ਨਾ ਆਵੇ। ਫਿਰ ਦੂਜਾ ਕਮਿਸ਼ਨ ਬਿਠਾ ਦਿੱਤਾ ਜਾਵੇ। ਅਗਲਾ ਸੈਸ਼ਨ ਆ ਰਿਹਾ ਹੈ। ਟਾਈਮ ਬਾਊਂਡ ਕੰਮ ਹੋਵੇ। ਉਸ ਵਿਚ ਜ਼ਰੂਰ ਸਟੈਪਸ ਲੈਣ। ਸਾਡੀ ਸਰਕਾਰ ਨੂੰ ਇਸ ਵਿਚ ਕਿਹੜੀ ਪ੍ਰਾਬਲਮ ਆਉਣੀ ਹੈ। ਪੈਸੇ ਨਹੀਂ ਹਨ। ਇਹੀ ਗਲ ਹੈ। ਜਿਤਨੀ ਫਾਰਮਰ ਨੇ ਦੌਲਤ ਪੈਦਾ ਕਰਕੇ ਦਿਤੀ ਹੈ, ਉਹ ਉਸਨੂੰ ਨਹੀਂ ਮਿਲੀ। ਜੇ ਅਸੀਂ ਉਸ ਲਈ ਇਤਨਾ ਕੁਝ ਵੀ ਨਹੀਂ ਕਰ ਸਕਦੇ ਤਾਂ ਮੈਂ ਕਹਾਂਗਾ ਕਿ ਉਸ ਨੂੰ ਰਿਵੋਲਟ ਕਰ ਦੇਣਾ ਚਾਹੀਦਾ ਹੈ। ਉਸ ਨੂੰ ਭੁੱਖੇ ਰਹਿ ਕੇ ਨਸ਼ਾ ਖਾਕੇ ਨਹੀਂ ਬੈਠਣਾ ਚਾਹੀਦਾ। ਉਸ ਦੇ ਕਮਾਏ ਹੋਏ ਪੈਸੇ ਤੇ ਹੋਰ ਬੰਦਾ ਐਸ਼ ਕਰੇ। ਉਸ ਦੇ ਬੱਚੇ ਅਫ਼ਸਰ ਬਣ ਕੇ ਉਸ ਗਰੀਬ ਫਾਰਮਰ ਦੇ ਸਿਰ ਤੇ ਆ ਬੈਠਣ। ਸਾਨੂੰ ਇਥੇ ਆਪਣੀ ਪਾਰਟੀ ਪਾਲਿਟਿਕਸ ਭੁਲ ਜਾਣੀ ਚਾਹੀਦੀ ਹੈ। ਜਿਨ੍ਹਾਂ ਲੋਕਾਂ ਨੇ ਸਾਨੂੰ ਚੁਣ ਕੇ ਇਥੇ ਭੇਜਿਆ ਹੈ, ਉਨ੍ਹਾਂ ਦੀ ਜ਼ਿਮੇਵਾਰੀ ਸੰਭਾਲੀਏ। ਅੱਜ ਇਤਨੀ ਦੌਲਤ ਪੈਦਾ ਕਰਨ ਦੇ ਬਾਵਜੂਦ ਕਿਸਾਨ ਆਪਣੇ ਬੱਚੇ ਨੂੰ ਕਹਿੰਦਾ ਹੈ, ਭਾਈ ਮੇਰੀ ਗਲ ਸੁਣ ਲੈ, ਪੜ੍ਹ ਲੈ ਦੋ ਚਾਰ ਜਮਾਤਾਂ ਤਾਂਕਿ ਡਰਾਈਵਰ ਜਾਂ ਚਪੜਾਸੀ ਤਾਂ ਲਗ ਜਾਵੇਂ। ਅੱਜ ਕਲ ਖੇਤੀ ਵਿਚ ਕੱਖ ਨਹੀਂ ਰਖਿਆ। ਜੇ ਕਣਕ ਦਾ ਇਕ ਦਾਣਾ ਬੀਜਿਆ ਜਾਵੇ ਤਾਂ 400, 500 ਦਾਣੇ ਪੈਦਾ ਹੁੰਦੇ ਹਨ। ਜੇ ਹਾਈਬਰਿਡ ਬੀਜ ਦਾ ਇਕ ਦਾਣਾ ਬੀਜਿਆ ਜਾਵੇ ਤਾਂ ਚਾਰ ਮਹੀਨਿਆਂ ਦੇ ਬਾਅਦ ਹੀ 4000, 5000 ਦਾਣੇ ਬਣ ਜਾਂਦੇ ਹਨ। ਕਿਹੜਾ ਬਿਜ਼ਨੈਸ ਹੈ ਜਿਸ ਦੇ ਵਿਚ ਇਤਨਾ ਪ੍ਰਾਫਿਟ ਹੋਵੇ। ਮਗਰ ਦੁੱਖ ਇਸ ਗਲ ਦਾ ਹੈ ਕਿ ਉਸ ਕੋਲ ਵਿਦਿਆ ਨਹੀਂ। ਅੱਜ ਕੀ ਹੁੰਦਾ ਹੈ? ਸ਼ਹਿਰ ਦੇ ਅੰਦਰ ਕੋਈ ਆਦਮੀ ਤਿਨ ਰੁਪਏ ਕਿਲੋ ਲੋਹਾ ਲੈ ਕੇ ਉਸ ਦੇ ਮਸ਼ੀਨ ਵਿਚੋਂ ਕਾਬਲੇ ਬਣਾ ਕੇ 15 ਰੁਪਏ ਕਿਲੋ ਦੇ ਹਿਸਾਬ ਨਾਲ ਵੇਚਦਾ ਹੈ ਤਾਂ ਵੀ ਰਾਤ ਨੂੰ 100 ਰੁਪਏ ਕਮਾ ਲੈਂਦਾ ਹੈ। ਲੇਕਿਨ ਜਿਹੜਾ ਕਿਸਾਨ ਦਿਨ ਰਾਤ ਆਪਣੇ ਬੱਚੇ ਭੁਖੇ ਮਾਰਦਾ ਹੈ, ਉਸ ਦੀ ਕੋਈ ਕਦਰ ਨਹੀਂ ਪਾਈ ਗਈ। ਇਨ੍ਹਾਂ ਹਾਲਾਤ ਵਿਚ ਮੈਂ ਹੋਰ ਮਸਲਾ ਨਹੀਂ ਛੇੜਦਾ। ਅਗਰ ਅਸੀਂ ਸਿਨਸੀਅਰ ਹਾਂ ਤਾਂ ਅਸੀਂ ਉਸ ਦੀ ਹਾਲਤ ਵੱਲ ਧਿਆਨ ਦੇਈਏ ਤਾਂ ਕਿ ਉਹ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿਖ ਬਣਾ ਸਕੇ। ਅੱਜ ਟਰਾਂਸਪੋਰਟ ਵਿਚ ਕਰੋੜਾਂ ਰੁਪਿਆਂ ਦਾ ਘਾਟਾ ਪੈਂਦਾ ਹੈ।

ਸਪੀਕਰ ਸ਼ਾਹਿਬ, ਪਬਲਿਕ ਅੰਡਰਟੇਕਿੰਗਜ਼ ਹਨ। ਕਿਸੇ ਨੂੰ ਕੋਈ ਪੈਸੇ ਦੀ ਕਮੀ ਹੁੰਦੀ ਹੈ, ਠੀਕ ਹੈ ਮੈਂ ਮੰਨਦਾ ਹਾਂ। ਪਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਅਨਇੰਪਲਾਇਡ ਬੰਦੇ ਨੂੰ ਰੁਜ਼ਗਾਰ ਦਿਓ। ਐਜੂਕੇਟਿਡ ਆਦਮੀਂ ਲਈ ਤਹਾਡੇ ਪਾਸ ਇੰਪਲਾਏਮੈਂਟ ਨਹੀਂ। ਆਫਟਰ ਆਲ ਐਜੂਕੇਟਿਡ ਆਦਮੀ ਪ੍ਰੋਡਿਊਸ ਕਿਸ ਨੇ ਕੀਤਾ ਹੈ, ਤੁਸੀਂ ਹੀ ਕੀਤਾ ਹੈ। ਫਿਰ ਕਿਉਂ ਨਹੀਂ ਉਸ ਦਾ ਇੰਤਜ਼ਾਮ ਕੀਤਾ ਜਾਂਦਾ। ਉਸ ਨੇ ਘਰ ਵਾਲਿਆਂ ਦੇ ਰੁਪਏ ਖਰਚ ਕੀਤੇ, ਸਰਕਾਰ ਦੇ, ਸਟੇਟ ਦੇ ਰੁਪਏ ਖਰਚ ਕੀਤੇ ਅੱਜ ਫਿਰ ਵੀ ਤੁਸੀਂ ਉਸ ਨੂੰ ਕਹੋ 50 ਰੁਪਏ ਲੈ ਲਿਆ ਕਰ। ਮੈਂ ਕਹਿਦਾ ਹਾਂ ਕਿ ਇਸ ਬਾਰੇ ਸਰਕਾਰ ਸੀਰੀਅਸਲੀ ਸੋਚੇ। (ਘੰਟੀ)

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਟਰਾਂਸਪੋਰਟ ਦੀ ਵੀ ਮੈਂ ਗੱਲ ਕਰਦਾ ਹਾਂ। ਟਰਾਂਸਪੋਰਟ ਬਠਿੰਡਾ ਦੀ ਤਾਂ ਬਹੁਤ ਮਾੜੀ ਹਾਲਤ ਹੈ। ਡੀਲਕਸ ਬੱਸ ਦੀ ਟਿਕਟ ਹੋਵੇ ਤਾਂ ਉਹ ਬਸ 25/30 ਮੀਲ ਤੇ ਜਾ ਕੇ ਹੀ ਖੜ੍ਹੀ ਹੋ ਜਾਂਦੀ ਹੈ, ਖਰਾਬ ਹੋ ਜਾਂਦੀ ਹੈ। ਉਸ ਦੇ ਵਿਚ ਬੰਦੇ ਬੈਠੇ ਹੁੰਦੇ ਹਨ। ਫਿਰ ਹੋਰ ਬੱਸ ਕੋਈ ਆਵੇ ਤਾਂ ਉਹ ਸਵਾਰੀਆਂ ਚੱਕਦੀ ਹੈ ਅੱਰ ਉਸ ਬੱਸ ਦੀ ਕੀ ਹਾਲਤ ਹੁੰਦੀ ਹੈ, ਅੰਦਰ ਵੀ ਸਵਾਰੀਆਂ, ਬਾਹਰ ਵੀ ਬੰਦੇ, ਪਿੱਛੇ ਵੀ ਬੰਦੇ ਤੇ ਬੱਸ ਦੇ ਉਪਰ ਵੀ ਬੰਦੇ। ਇਸ ਲਈ ਮੇਰੀ ਗੁਜ਼ਾਰਿਸ਼ ਹੈ ਕਿ ਇਸ ਪਾਸੇ ਸੋਚੋ। ਫਿਰ ਹੋਰ ਵੀ ਲੋਕਾਂ ਨੂੰ ਦਿੱਕਤ ਆਉਂਦੀ ਹੈ ਕਿ ਕੰਡਕਟਰ ਪੈਸੇ ਵੀ ਵਾਪਿਸ ਨਹੀਂ ਕਰਦੇ। ਬਾਕੀ ਜੋ ਕੁਝ ਪਹਿਲੀ ਸਰਕਾਰ ਨੇ ਕੀਤਾ ਹੈ, ਉਹ ਤਾਂ ਢੀਂਡਸਾ ਸਾਹਿਬ ਹੀ ਦੱਸਣਗੇ, ਮੈਂ ਨਹੀਂ ਦੱਸਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਸਟੇਟ ਪੱਧਰ ਤੇ ਇਕ ਪਾਲਿਸੀ ਬਣਾਓ। ਸਾਡੀ ਸਟੇਟ ਪਾਸ ਫਾਇਨਾਂਸਿਜ਼ ਹਨ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਮਨਿਸਟਰ ਸਾਹਿਬ ਨੂੰ ਕਿ ਉਹ ਚੀਫ਼ ਮਨਿਸਟਰ ਸਾਹਿਬ ਨਾਲ ਸਲਾਹ ਕਰਕੇ ਕੋਈ ਪਾਜ਼ਿਟਿਵ ਪਾਲਿਸੀ ਬਣਾਉਣ। ਪ੍ਰਾਈਵੇਟ ਇੰਸਟੀਚਿਊਸ਼ਨਜ਼ ਨੂੰ ਟੇਕ ਅੱਪ ਕਰਨ। ਸਕੂਲ ਉਹ ਹੀ ਰਹਿਣ ਪਰ ਉਹ ਗੌਰਮਿਟ ਦੇ ਅੰਡਰ ਹੋਣ ਅਤੇ ਉਸੇ ਤਰ੍ਹਾਂ ਹੀ ਉਥੇ ਬੱਚੇ ਪੜ੍ਹਦੇ ਰਹਿਣ।

(ਇਸ ਸਮੇਂ ਮਾਨਯੋਗ ਸਪੀਕਰ ਸਾਹਿਬ ਨੇ ਮਾਨਯੋਗ ਸਿਖਿਆ ਮੰਤਰੀ ਜੀ ਨੂੰ ਬੋਲਣ ਲਈ ਕਿਹਾ।) (ਵਿਘਨ)

(ਇਸ ਸਮੇਂ ਕੁਝ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮਗ ਰਹੇ ਸਨ।)

ਸ਼੍ਰੀ ਸਪੀਕਰ : ਵੇਖੋ, ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਸਾਢੇ ਬਾਰਾਂ ਵਜੇ ਤਕ ਟਾਈਮ ਬੋਲਣ ਦਾ ਉਸ ਤੋਂ ਬਾਅਦ ਗਿਲੋਟੀਨ ਅਪਲਾਈ ਹੋਣਾ ਹੈ। ਜੇਕਰ ਹਾਊਸ ਅੰਗਰੀ ਕਰੇ ਤਾਂ ਗਿਲੋਟੀਨ ਦਾ ਟਾਈਮ ਐਕਸਟੈਂਡ ਕਰ ਦਿੱਤਾ ਜਾਵੇ।

(ਸਰਕਾਰੀ ਬੈਂਚਾਂ ਵੱਲੋਂ ਆਵਾਜ਼ਾਂ: ਨੋ, ਨੋ।)

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਵੋ। ਸਪੀਕਰ ਸਾਹਿਬ, ਸਾਡੇ ਨਾਲ ਜ਼ਿਆਦਤੀ ਹੋਈ ਹੈ, ਸਾਨੂੰ ਟਾਈਮ ਬੋਲਣ ਲਈ ਦੇਣਾ ਚਾਹੀਦਾ ਹੈ। ਅਸੀਂ ਵੇਖਦੇ ਰਹੇ ਹਾਂ, ਪਹਿਲਾਂ ਕਿਹਾ ਸੀ ਕਿ ਸਾਡਾ ਇਕ ਘੰਟਾ ਟਾਈਮ ਹੋਵੇਗਾ, ਫਿਰ ਕਿਹਾ 35 ਮਿੰਟ, ਫਿਰ 15 ਮਿੰਟ ਹੀ ਦੇ ਕੇ ਖਤਮ ਕਰ ਦਿੱਤਾ ਹੈ। ਅਜੇ ਤਕ ਇਸ ਤਰ੍ਹਾਂ ਕਦੇ ਇਸ ਹਾਊਸ ਵਿਚ ਨਹੀਂ ਹੋਇਆ ਕਿ ਆਪੋਜ਼ੀਸ਼ਨ ਨੂੰ ਟਾਈਮ ਨਾ ਦਿਓ। ਭਾਵੇਂ ਹਾਊਸ ਘੰਟਾ ਹੋਰ ਵਧਾ ਦਿਓ ਪਰ ਸਾਨੂੰ ਟਾਈਮ ਜ਼ਰੂਰ ਦਿਓ। ਆਪੋਜ਼ੀਸ਼ਨ ਦਾ ਟਾਈਮ ਬਿਲਕੁਲ ਨਹੀ ਕੱਟਿਆ ਜਾ ਸਕਦਾ, ਮਨਿਸਟਰ ਸਾਹਿਬ ਦਾ ਕੱਟਿਆ ਜਾ ਸਕਦਾ ਹੈ।

(ਇਸ ਸਮੇਂ ਕੁਝ ਮਾਨਯੋਗ ਮੈਂਬਰ ਆਪਸ ਵਿਚ ਗੱਲਾਂ ਕਰ ਰਹੇ ਸਨ।)

ਸ਼੍ਰੀ ਸਪੀਕਰ : ਆਪਸ ਵਿਚ ਸਵਾਲ ਜਵਾਬ ਨਾ ਕਰੋ। (ਵਿਘਨ) ਮੈਂ ਹਾਊਸ ਨੂੰ ਕੈਰੀ ਕਰਨਾ ਹੁੰਦਾ ਹੈ। ਚੋ ਹੀ ਆਲਟਰਨੇਟਿਵ ਹੋ ਸਕਦੇ ਹਨ।

ਸਰਦਾਰ ਦਿਲਬਾਗ ਸਿੰਘ: ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਦੇ ਬਾਰੇ ਥੋੜ੍ਹੀ ਜਿਹੀ ਬੇਨਤੀ ਕਰਨੀ ਚਾਹੁੰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਸਰਦਾਰ ਦਿਲਬਾਗ ਸਿੰਘ ਜੀ ਤੁਸੀਂ ਵੀ ਬੈਠੋ । ਇਕ ਘੰਟਾ ਸਿਰਫ ਰਹਿੰਦਾ ਹੈ। ਇਸ ਲਈ ਤੁਸੀਂ ਟਾਈਮ ਜ਼ਾਇਆ ਨਾ ਕਰੋ।

ਸਰਦਾਰ ਆਤਮਾ ਸਿੰਘ : ਸ਼ਪੀਕਰ ਸਾਹਿਬ, ਸਾਨੂੰ ਪਾਰਟੀ-ਵਾਈਜ਼ ਟਾਈਮ ਦੱਸ ਦਿਓ ਜੀ ਕਿ ਕਾਂਗਰਸ ਪਾਰਟੀ ਦਾ ਕਿਤਨਾ ਟਾਈਮ ਸੀ ਔਰ ਕਿਤਨਾ ਲੈ ਚੁੱਕੀ ਹੈ, ਸੀ.ਪੀ.ਆਈ. ਦਾ ਕਿਤਨਾ ਸੀ, ਅਕਾਲੀ ਪਾਰਟੀ ਦਾ ਕਿਤਨਾ ਸੀ ਔਰ ਕਿਤਨਾ ਮਿਲ ਚੁਕਾ ਹੈ। ਇਹ ਸਾਰੀ ਡਿਟੇਲ ਸਾਨੂੰ ਦੱਸ ਦਿਓ।

ਸ਼੍ਰੀ ਸਪੀਕਰ : ਵੇਖੋ ਗੱਲ ਇਹ ਹੈ ਕਿ ਕਿਤਨਾ ਟਾਈਮ ਕਿਸ ਪਾਰਟੀ ਨੇ ਇਸ਼ਤੇਮਾਲ ਕੀਤਾ ਹੈ, ਇਸ ਵੇਲੇ ਇਸ ਵਿਚ ਜਾਣ ਦੀ ਗੱਲ ਨਹੀਂ ਹੈ। ਸਾਡੇ ਪਾਸ ਡੇਢ ਵਜੇ ਤਕ ਟਾਈਮ ਹੈ। ਜਾਂ ਗਿਲੋਟੀਨ ਦਾ ਟਾਈਮ ਅੱਧਾ ਘੰਟਾ ਐਕਸਟੈਂਡ ਕਰ ਦਿੰਦੇ ਹਾਂ। ਇਕ ਘੰਟੇ ਵਿਚ ਮਨਿਸਟਰ ਸਾਹਿਬ ਨੇ ਵੀ ਜਵਾਬ ਦੇਣਾ ਹੈ। ਮੈਂ ਦਸ ਮਿੰਟ ਹੋਰ ਇਜਾਜ਼ਤ ਦੇ ਦਿੰਦਾ ਹਾਂ । ਇਸ ਵਿਚ ਥੋੜ੍ਹੀ ਜਿਹੀ ਚੀਜ਼ ਹੈ ਕਿ ਜਿਹੜੇ ਵੀ ਸੁਜੈਸ਼ਨਜ਼ ਕਿਸੇ ਮੈਂਬਰ ਦੇ ਰਹਿ ਜਾਣ ਉਹ ਐਪ੍ਰੋਪਰੀਏਸ਼ਨ ਬਿਲ ਤੇ ਰਖ ਸਕਦਾ ਹੈ। ਉਸ ਵੇਲੇ ਉਸ ਨੂੰ ਟਾਈਮ ਮਿਲ ਜਾਵੇਗਾ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਹੁਣ ਸਾਡਾ ਰਾਈਟ ਹੈ ਬੋਲਣ ਦਾ। ਐਪ੍ਰੋਪਰੀ-ਏਸ਼ਨ ਬਿੱਲ ਦੀ ਇਕ ਵੱਖਰੀ ਗੱਲ ਹੈ।

ਸ਼੍ਰੀ ਸਪੀਕਰ : ਗਿਲੋਟੀਨ ਦਾ ਟਾਈਮ ਜੇਕਰ ਹਾਊਸ ਅੋਗਰੀ ਕਰੇ ਤਾਂ ਅੱਧਾ ਘੰਟਾ ਐਕਸ-ਟੈਂਡ ਕਰ ਦਿੰਦੇ ਹਾਂ।

(**ਆਵਾਜ਼ਾਂ** : ਠੀਕ ਹੈ ਜੀ)

ਹੁਣ ਗਿਲੋਟੀਨ ਇਕ ਵਜੇ ਅਪਲਾਈ ਹੋਵੇਗਾ। ਢੀਂਡਸਾ ਸਾਹਿਬ, ਹੁਣ ਤੁਸੀਂ ਬੋਲ ਲਵੋ।

ਸਰਦਾਰ ਸੁਖਦੇਵ ਸਿਘ ਢੀਂਡਸਾ (ਸੰਗਰੂਰ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਅਛੀਆਂ ਗੱਲਾਂ ਕਹੀਆਂ ਹਨ ਲੇਕਿਨ ਮੈਂ ਵੀ ਪੰਜ ਸੱਤ ਮਿੰਟ ਵਾਸਤੇ ਹਾਊਸ ਦੇ ਸਾਹਮਣੇ ਆਪਣੇ ਵਿਚਾਰ ਰਖਣਾ ਚਾਹੁੰਦਾ ਹਾਂ ।

ਜਿਸ ਤਰ੍ਹਾਂ ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਹੈ ਕਿ ਵਿਦਿਆ ਦਾ ਹਿੰਦੁਸਤਾਨ ਵਿਚ ਤਿਨ ਸਾਲਾਂ ਦੇ ਅੰਦਰ ਕਈ ਵਿਚਾਰਾਂ ਬਣੀਆਂ, ਕਮਿਸ਼ਨ ਬਣੇ ਲੇਕਿਨ ਕੋਈ ਹਿੰਦੁਸਤਾਨ ਦੇ ਵਿਚ ਠੋਸ ਪਾਲਿਸੀ ਨਾ ਬਣ ਸਕੀ। ਮੈਂ ਬੇਨਤੀ ਕਰਾਂਗਾ ਕਿ ਇਸ ਮਸਲੇ ਨੂੰ ਪੋਲੀਟੀਕਲ ਰੰਗਤ ਨਹੀਂ ਦੇਣੀ ਚਾਹੀਦੀ। ਸਪੀਕਰ ਸਾਹਿਬ, ਇਹ ਡੈਮੋਕਰੇਸੀ ਹੈ। ਕਦੇ ਇਧਰ ਵਾਲੀ ਪਾਰਟੀ ਨੇ ਉਧਰ ਆਉਣਾ ਹੁੰਦਾ ਹੈ ਔਰ ਕਦੇ ਉਧਰ ਵਾਲੀ ਪਾਰਟੀ ਇਧਰ ਆ ਜਾਂਦੀ ਹੈ। ਲੇਕਿਨ ਜਿਨ੍ਹੀਆਂ ਚੰਗੀਆਂ ਗਲਾਂ ਕੋਈ ਵੀ ਸਰਕਾਰ ਕਰ ਜਾਵੇ ਉਨ੍ਹਾਂ ਚੰਗੀਆਂ ਗੱਲਾਂ ਨੂੰ ਚੰਗੀਆਂ ਕਹਿਣਾ ਚਾਹੀਦਾ ਹੈ, ਜੇਕਰ ਉਨ੍ਹਾਂ ਤੇ ਵੀ ਕ੍ਰਿਟੇਸਿਜ਼ਮ ਕੀਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਮਾੜੀ ਗੱਲ ਹੈ। ਸਪੀਕਰ ਸਾਹਿਬ, ਜਿਹੜੀਆਂ ਦੋ ਤਿੰਨ ਗਲਾਂ ਬਾਦਲ ਸਾਹਿਬ ਦੀ ਸਰਕਾਰ ਨੇ ਕੀਤੀਆਂ ਹਨ, ਮੈਂ ਉਨ੍ਹਾਂ ਬਾਰੇ ਜ਼ਿਕਰ ਕਰਦਾ ਹਾਂ। ਸਰਦਾਰ ਸੁਖਜਿੰਦਰ ਸਿੰਘ ਹੋਰੀਂ ਉਸ ਵੇਲੇ ਮਨਿਸਟਰ ਸਨ। ਉਨ੍ਹਾਂ ਨੇ ਪਹਿਲਾ ਕੰਮ ਇਹ ਕੀਤਾ ਸੀ ਕਿ ਜਿਹੜਾ ਪਹਿਲਾਂ ਬੱਚਿਆਂ ਦੀਆਂ ਕਿਤਾਬਾਂ ਵਿਚ ਕੁਤਿਆਂ, ਬਿਲੀਆਂ ਅਤੇ ਚੂਹਿਆਂ ਦੀਆਂ ਕਹਾਣੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਕਢਵਾ ਕੇ ਉਨ੍ਹਾਂ ਦੀ ਜਗ੍ਹ ਗੁਰੂਆਂ, ਪੀਰਾਂ ਔਰ ਬਹਾਦਰਾਂ ਦੀਆਂ ਕਹਾ-

Original with;
Punjab Vidhan Sabha
Digitized by;
Panjab Digital Library

ਣੀਆਂ ਦਰਜ ਕਰਵਾਈਆਂ। ਦੂਸਰਾ ਇਹ ਕੀਤਾ ਕਿ ਜਿਹੜੇ ਛੋਟੇ ਛੋਟੇ ਬੱਚਿਆਂ ਦੇ ਵੱਡੇ ਵੱਡੇ ਥੈਲੇ ਹੁੰਦੇ ਸਨ, ਬਹੁਤ ਸਾਰੀਆਂ ਕਿਤਾਬਾਂ ਦਾ ਬੋਝ ਉਹ ਵਿਚਾਰਾ ਛੋਟਾ ਬੱਚਾ ਚੁਕੀ ਫਿਰਦਾ ਹੁੰਦਾ ਸੀ, ਉਸ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ। ਇਹ ਹੀ ਨਹੀਂ, ਇਕ ਹੋਰ ਵੱਡੀ ਗੱਲ ਕੀਤੀ, ਜਿਸ ਦੇ ਵਾਸਤੇ ਇਸ ਹਾਊਸ ਵਿਚ ਮੈਂਬਰ ਬਾਰ ਬਾਰ ਕਹਿੰਦੇ ਹੁੰਦੇ ਸਨ ਕਿ ਪ੍ਰਾਇਮਰੀ ਡਾਇਰੈਕਟੋਰੇਟ ਬਣਨਾ ਚਾਹੀਦਾ ਹੈ, ਉਹ ਬਣਾਇਆ ਅੱਰ ਜਿਹੜੇ ਬਲਾਕ ਲੈਵਲ ਤੇ ਐਜੂਕੇਸ਼ਨ ਅਫਸਰ ਸਨ, ਉਹ ਵੀ ਟੀਚਰਾਂ ਵਿਚੋਂ ਹੀ ਲਏ ਅੱਰ ਇਹ ਪ੍ਰਪੋਜ਼ਲ ਸੀ ਕਿ 9/10 ਹਜ਼ਾਰ ਹੈਡ ਟੀਚਰਜ਼ ਅੱਰ ਸੈਂਟਰਲ ਹੈਡ ਟੀਚਰਜ਼ ਦੀਆਂ ਪੋਸਟਾਂ ਦਿੱਤੀਆਂ ਜਾਣਗੀਆਂ। ਇਕ ਹੋਰ ਗੱਲ ਇਥੇ ਉਠੀ, ਕੁਝ ਮੈਂਬਰਾਂ ਨੇ ਇਤਰਾਜ਼ ਉਠਾਇਆ ਕਿ ਆਦਰਸ਼ ਸਕੂਲ ਕਿਉਂ ਖੋਲ੍ਹੇ ਗਏ ਹਨ ? ਉਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਠੀਕ ਹੈ ਰਾਜ ਕੁਮਾਰ ਜੀ ਨੇ ਵੀ ਆਪਣੇ ਵਿਚਾਰ ਰੱਖੇ ਹਨ, ਡਾਕਟਰ ਸਾਹਿਬ ਨੇ ਵੀ ਆਪਣੇ ਵਿਚਾਰ ਰੱਖੇ ਹਨ, ਲੇਕਿਨ ਸਾਰੇ ਹੀ ਇਸ ਗੱਲ ਤੇ ਤਾਂ ਸਹਿਮਤ ਹਨ ਕਿ ਜਿਹੜੇ ਲੋਕ ਪਬਲਿਕ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ, ਉਨ੍ਹਾਂ ਦੇ ਬੱਚੇ ਹੀ ਸੈਂਟਰਲ ਸਰਵਿਸਿਜ਼ ਵਿਚ ਜਾਂਦੇ ਹਨ, ਉਹ ਹੀ ਆਈ.ਏ.ਐਸ. ਜਾਂ ਆਈ.ਪੀ.ਐਸ. ਬਣਦੇ ਹਨ। ਸਪੀਕਰ ਸਾਹਿਬ, ਜਿਹੜਾ ਪੇਂਡੂ ਕਿਸਾਨ ਹੈ, ਪੇਂਡੂ ਗਰੀਬ ਹੈ, ਉਹ ਉਨ੍ਹਾਂ ਸਕੂਲਾਂ ਵਿਚ ਚਾਰ ਪੰਜ ਸੌ ਰੁਪਿਆ ਮਹੀਨਾ ਦੇ ਕੇ ਬੱਚਿਆਂ ਨੂੰ ਉਨ੍ਹਾਂ ਪਬਲਿਕ ਸਕੂਲਾਂ ਵਿਚ ਜਿਹੜੇ ਸ਼ਹਿਰਾਂ ਵਿਚ ਹਨ ਨਹੀਂ ਪੜ੍ਹਾ ਸਕਦਾ। ਇਸ ਕਰਕੇ ਹੀ ਗੌਰਮਿੰਟ ਨੇ ਇਹ ਪਾਲਿਸੀ ਬਣਾਈ ਸੀ ਤਾਕਿ ਪਿੰਡਾਂ ਦੇ ਗਰੀਬ ਲੋਕ ਵੀ ਆਪਣੇ ਬੱਚਿਆਂ ਨੂੰ ਆਈ.ਏ.ਐਸ. ਜਾਂ ਹੋਰ ਸੈਂਟਰਲ ਸਰਵਿਸਿਜ਼ ਵਿਚ ਭੇਜ ਸਕਣ। ਉਹ ਵੀ ਅੱਗੇ ਵੱਧ ਸਕਣ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਸ ਸਰਕਾਰ ਨੇ ਇਕ ਕਰੋੜ ਰੁਪਿਆ ਰੱਖਿਆ ਹੈ, ਚੰਗੀ ਗੱਲ ਹੈ। ਇਸ ਬਾਰੇ ਮੈਂ ਫਿਰ ਕਹਿੰਦਾ ਹਾਂ ਕਿ ਕੋਈ ਸਰਕਾਰ ਕੋਈ ਚੰਗਾ ਕੰਮ ਕਰ ਗਈ ਤੇ ਕੋਈ ਹੋਰ ਕੋਈ ਚੰਗਾ ਕੰਮ ਕਰ ਗਈ, ਪਰ ਸਾਨੂੰ ਚੰਗੇ ਕੰਮ ਨੂੰ ਚੰਗਾ ਕਹਿਣਾ ਚਾਹੀਦਾ ਹੈ। ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਹੀ ਮਸਲਾ ਹੱਲ ਨਹੀਂ ਹੋਣਾ। ਪਹਿਲਾਂ ਐਜੂਕੇਸ਼ਨ ਤੇ ਚਾਰ ਪੰਜ ਕਰੋੜ ਰੁਪਏ ਖਰਚ ਹੁੰਦੇ ਸੀ ਪਰ ਇਹ ਦੋ ਕਰੋੜ ਵੀ ਨਹੀਂ ਦੇ ਸਕੇ। ਸਪੀਕਰ ਸਾਹਿਬ, ਖੈਰ ਮੈਂ ਇਹ ਆਦਰਸ਼ ਸਕੂਲਾਂ ਦੀ ਗੱਲ ਕਰ ਰਿਹਾ ਸੀ। ਠੀਕ ਹੈ ਸੀ. ਐਮ. ਸਾਹਿਬ ਨੇ ਇਹ ਸਕੀਮ ਬੰਦ ਕਰ ਚਿੱਤੀ ਜਾਪਦੀ ਹੈ। ਪਰ ਮੈਂ ਕਹਿੰਦਾ ਹਾਂ ਕਿ ਜੇਕਰ ਐਜੂਕੇਸ਼ਨ ਮਨਿਸਟਰ ਸਾਹਿਬ ਜਾਂ ਮੱਖ ਮੰਤਰੀ ਸਾਹਿਬ ਆਪ ਕਿਸੇ ਵੀ ਸਕੂਲ ਵਿਚ ਜਾ ਕੇ ਪਹਿਲਾਂ ਇਨਸਪੈਕਸ਼ਨ ਕਰਦੇ, ਪਤਾ ਕਰਦੇ ਕਿ ਕਿਹੜੇ ਕਿਹੜੇ ਗਰੀਬਾਂ ਦੇ ਬੱਚੇ ਉਨ੍ਹਾਂ ਸਕੂਲਾਂ ਵਿਚ ਦਾਖਲ ਹੋਏ ਹਨ, ਕਿਹੜੇ ਕਿਹੜੇ ਬੱਚਿਆਂ ਨੂੰ ਉਥੇ ਦਾਖਲੇ ਮਿਲੇ ਹਨ ਅੱਰ ਫਿਰ ਜੇਕਰ ਇਨ੍ਹਾਂ ਦੀ ਤਸੱਲੀ ਨਾ ਹੁੰਦੀ ਤਾਂ ਭਾਵੇਂ ਇਸ ਸਕੀਮ ਨੂੰ ਬੰਦ ਕਰ ਦਿੰਦੇ ਲੇਕਿਨ ਇਹ ਚੀਜ਼ ਕਿਸੇ ਨਹੀਂ ਵੇਖੀ ਅੱਰ ਇਸ ਕਰਕੇ ਨਹੀਂ ਵੇਖੀ ਕਿ ਜਿਹੜੇ ਉਪਰ ਬੈਠੇ ਹਨ, ਜਿਹੜੇ ਅਫਸਰ ਹਨ ਜਾਂ ਹੋਰ ਲੋਕ ਹਨ, ਉਹ ਉਹ ਹਨ ਜਿਹੜੇ ਕਿ ਪਿੰਡਾਂ ਦੇ ਬੱਚਿਆਂ ਦੀਆਂ ਤਕਲੀਫਾਂ ਨੂੰ ਨਹੀਂ ਜਾਣਦੇ। ਸਪੀਕਰ ਸਾਹਿਬ, ਪਿੰਡਾਂ ਵਾਸਤੇ ਉਹ ਸਕੂਲ ਵਿਦਿਆ ਦੇਣ ਵਾਸਤੇ ਖੋਲ੍ਹੇ ਸਨ ਅੱਰ ਲੋਕਾਂ ਨੇ ਇਨ੍ਹਾਂ ਵਿਚ ਆਪ ਇਨਟ੍ਰੈਸਟ ਲਿਆ। ਪਜ ਪੰਜ, ਦਸ ਦਸ ਏਕੜ ਜ਼ਮੀਨ ਚਿੱਤੀ, ਇਸ ਕਰਕੇ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਅੱਜ ਤੋਂ 10-15 ਸਾਲ ਬਾਅਦ ਪਿੰਡਾਂ ਵਿਚ ਪੜ੍ਹ ਕੇ ਇਥੇ ਆਉਣਗੇ, ਆਈ.ਏ.ਐਸ. ਵਗੈਰਾ ਕਰ ਲੈਣਗੇ ਤਾਂ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਮੈਂ ਕਿਸ ਥਾਂ ਤੋਂ ਆਇਆ ਹਾਂ ਅਤੇ ਉਥੇ ਮੇਰੇ ਮਾਂ ਬਾਪ ਨੂੰ ਕੀ ਕੀ ਤਕਲੀਫਾਂ ਸਨ ਅੱਰ ਉਹ ਮਸਲੇ ਹੁਣ ਕਿਵੇਂ ਹੱਲ ਹੋ ਸਕਦੇ ਹਨ। ਹੁਣ ਇਹ ਜਿਹੜੇ ਸਕੂਲ ਬੰਦ ਕੀਤੇ ਜਾਣਗੇ ਇਸ ਨਾਲ ਅਮੀਰਾਂ ਨੂੰ ਕੋਈ ਫ਼ਰਕ ਨਹੀਂ ਪੈਣਾ ਅਤੇ ਗਰੀਬਾਂ ਨੂੰ ਪੈਣਾ ਹੈ। ਅਮੀਰਾਂ ਦੇ ਬੱਚੇ ਤਾਂ ਹੁਣ ਵੀ ਆਪਣੇ ਬਚਿਆਂ ਨੂੰ ਬਾਹਰ ਭੇਜ ਕੇ ਪੜ੍ਹਾ ਲੈਣਗੇ ਪਰ

Original with;
Punjab Vidhan Sabha
Digitized by:
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਪਿੰਡਾਂ ਵਿਚ ਜਿਹੜੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਹਰੀਜਨਾਂ ਦੇ ਬੱਚੇ ਪੜ੍ਹਦੇ ਹਨ, ਉਨ੍ਹਾਂ ਦਾ ਕੀ ਹੋਵੇਗਾ ? ਇਸ ਕਰਕੇ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਵਧ ਧਿਆਨ ਦੇਣਾ ਚਾਹੀਦਾ ਹੈ ਅੱਰ ਜਿਹੜਾ ਬਚਿਆਂ ਦੀ ਪੜ੍ਹਾਈ ਦਾ ਸਟੈਂਡਰਡ ਹੈ, ਉਸ ਨੂੰ ਉਪਰ ਚੁਕਿਆ ਜਾਣਾ ਚਾਹੀਦਾ ਹੈ।

ਹੁਣ ਇਕ ਗਲ ਮੈਂ ਪੰਜਾਬ ਦੀ ਯੂਨੀਵਰਸਿਟੀ ਦੇ ਬਾਰੇ ਵੀ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੈ ਕਿ ਸਾਡੇ ਪੰਜਾਬ ਦੇ ਖਜ਼ਾਨੇ ਵਿਚੋਂ ਪੈਸਾ ਖਰਚ ਹੁੰਦਾ ਰਹੇ ਪਰ ਉਸ ਤੇ ਕੰਟਰੋਲ ਕਿਸੇ ਹੋਰ ਦਾ ਹੋਵੇ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਸ ਯੂਨੀਵਰਸਿਟੀ ਵਿਚੋਂ ਜਦੋਂ ਹਿਮਾਚਲ ਨੇ ਆਪਣੇ ਕਾਲਜ ਹਟਾ ਲਏ ਤਾਂ ਉਸ ਦੀ ਨੋਟੀਫਿਕੇਸ਼ਨ ਉਸੇ ਵੇਲੇ ਹੋ ਗਈ, ਪਰ ਜਦੋਂ ਹਰਿਆਣਾ ਨੇ ਕਾਲਜ ਹਟਾਏ ਤਾਂ ਉਸ ਦੀ ਨੋਟੀਫਿਕੇਸ਼ਨ ਨਾ ਹੋਈ। ਇਹ ਨੋਟੀਫਿਕੇਸ਼ਨ ਕਿਉਂ ਨਾ ਹੋਈ ? ਕਿਉਂਕਿ ਹਰਿਆਣਾ ਵਿਚ ਮਿਸਟਰ ਬੰਸੀ ਲਾਲ ਅਤੇ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਬੈਠੇ ਸਨ। ਫਿਰ ਕੀ ਕੀਤਾ ? ਇਨ੍ਹਾਂ ਨੇ 20-25 ਕਾਲਜ ਇਸ ਦੇ ਨਾਲ ਰਹਿਣ ਦਿੱਤੇ। ਸਪੀਕਰ ਸਾਹਿਬ, ਇਸ ਸਾਰੀ ਗਲ ਦੇ ਪਿਛੇ ਇਕ ਬਹੁਤ ਵੱਡੀ ਸਾਜਸ਼ ਸੀ। (ਵਿਘਨ) ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਸਾਜਸ਼ ਨੂੰ ਖ਼ਤਮ ਕਰਨ। ਉਹ ਜਾਣਦੇ ਹਨ ਕਿ ਇਸ ਤੇ ਪੈਸਾ ਸਾਡਾ ਲਗ ਰਿਹਾ ਹੈ ਪਰ ਕੰਟਰੋਲ ਕੋਈ ਹੋਰ ਕਰ ਰਿਹਾ ਹੈ। ਇਸ ਲਈ ਸਾਡੀ ਸਰਕਾਰ ਨੂੰ ਇਸ ਪਾਸੇ ਹੁਣ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਸਪੀਕਰ ਸਾਹਿਬ, ਹੁਣ ਮੈਂ ਟ੍ਰਾਂਸਪੋਰਟ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਥੇ ਟ੍ਰਾਂਸਪੋਰਟ ਬਾਰੇ ਬਹੁਤ ਕੁੱਝ ਗਲਾਂ ਕਹੀਆਂ ਗਈਆਂ ਹਨ। ਮੈਨੂੰ ਦੁਖ ਹੁੰਦਾ ਹੈ ਕਿ ਸ਼ਾਇਦ ਸਾਡੇ ਮੁੱਖ ਮੰਤਰੀ ਜੀ ਮਹਿਕਮੇ ਤੋਂ ਇਸ ਬਾਰੇ ਪੂਰਾ ਪਤਾ ਨਹੀਂ ਕਰ ਸਕੇ ਹੋਣਗੇ, ਨਹੀਂ ਤਾਂ ਜਦੋਂ ਅਸੀਂ ਆਏ ਸੀ ਤਾਂ ਉਸ ਵੇਲੇ ਜੋ ਟ੍ਰਾਂਸਪੋਰਟ ਦਾ ਹਾਲ ਸੀ, ਉਹ ਬਹੁਤ ਮਾੜਾ ਸੀ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਅਸੀਂ ਟ੍ਰਾਂਸਪੋਰਟ ਵਿਚ ਕਿੰਨੀ ਇੰਪਰੂਵਮੈਂਟ ਕੀਤੀ ਹੈ। ਸਪੀਕਰ ਸਾਹਿਬ, ਮੈਂ ਹਾਊਸ ਨੂੰ ਇਕ ਗਲ ਦੱਸਣਾ ਚਾਹੁੰਦਾ ਹਾਂ ਕਿ ਕੁਰੱਪਸ਼ਨ ਤਾਂ ਅੱਜ ਤਕ ਕੋਈ ਬੰਦ ਨਹੀਂ ਕਰ ਸਕਿਆ ਲੇਕਿਨ ਮੈਂ ਇਹ ਕਹਿੰਦਾ ਹਾਂ ਕਿ ਕੁਰੱਪਸ਼ਨ ਘਟਾਈ ਜਾ ਸਕਦੀ ਹੈ। ਮੈਂ ਇਹ ਐਲਾਨ ਕਰਦਾ ਹਾਂ ਕਿ ਪਿਛਲੇ ਢਾਈ ਤਿੰਨ ਸਾਲਾਂ ਵਿਚ ਜਦੋਂ ਅਕਾਲੀ ਜਨਤਾ ਸਰਕਾਰ ਸੀ ਉਸ ਦੌਰਾਨ ਕੋਈ ਇਹ ਸਾਬਤ ਕਰ ਦੇਵੇ ਕਿ ਮਨਿਸਟਰ ਦੇ ਲੈਵਲ ਤੇ, ਸੈਕਟਰੀ ਦੇ ਲੈਵਲ ਤੇ ਜਾਂ ਡਾਇਰੈਕਟਰ ਦੇ ਲੈਵਲ ਤੇ ਉਨ੍ਹਾਂ ਢਾਈ ਤਿੰਨ ਸਾਲਾਂ ਅੰਦਰ ਪੁਰਜ਼ਿਆਂ ਵਿਚ ਕਿਸੇ ਕਿਸ਼ਮ ਦੀ ਕੋਈ ਹੇਰਾਫੇਰੀ ਹੋਈ ਹੋਵੇ ਤਾਂ ਹਾਊਸ ਜੋ ਮੈਨੂੰ ਸਜ਼ਾ ਦੇਵੇ, ਮੈਂ ਲੈਣ ਨੂੰ ਤਿਆਰ ਹਾਂ। ਅਜ ਮੇਰੇ ਦੋਸਤ ਸਰਦਾਰ ਬੀਰਪਾਲ ਸਿੰਘ ਨੇ ਕਿਹਾ ਹੈ ਕਿ ਇਹ ਕੁਰੱਪਸ਼ਨ ਖਤਮ ਨਹੀਂ ਹੋ ਸਕਦੀ। ਪਰ ਮੈਂ ਦਸਦਾ ਹਾਂ ਕਿ ਇਹ ਕੁਰੱਪਸ਼ਨ ਘੱਟ ਸਕਦੀ ਹੈ। ਉਨ੍ਹਾਂ ਢਾਈ ਤਿੰਨ ਸਾਲਾਂ ਵਿਚ 80 ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਪਰ ਮੈਂ ਸਮਝਦਾ ਹਾਂ ਕਿ ਇਸ ਵਾਸਤੇ 1000 ਬਸਾਂ ਦਾ ਪ੍ਰਬੰਧ ਹੋਣਾ ਜ਼ਰੂਰੀ ਹੈ।

ਸਪੀਕਰ ਸਾਹਿਬ, ਜੇ ਪੀ.ਆਰ.ਟੀ.ਸੀ. ਦਾ ਪਿਛਲਾ ਰਿਕਾਰਡ ਵੇਖੋ ਜਦੋਂ ਕਾਂਗਰਸ ਸਰਕਾਰ ਛੱਡ ਕੇ ਗਈ ਸੀ ਤਾਂ ਤੁਹਾਨੂੰ ਪਤਾ ਲਗੇਗਾ ਕਿ ਉਸ ਵੇਲੇ ਕੋਈ ਇੰਸਟੀਚਿਊਸ਼ਨਜ਼, ਕੋਈ ਬੈਂਕ, ਕੋਈ ਫਾਈਨਾਂਸ਼ਿਅਲ ਆਦਾਰਾ ਇਸ ਨੂੰ ਲੋਨ ਦੇਣ ਵਾਸਤੇ ਤਿਆਰ ਨਹੀਂ ਸੀ ਹੁੰਦਾ। ਲੇਕਿਨ ਉਸ ਤੋਂ ਬਾਅਦ 3 ਸਾਲਾਂ ਦੇ ਅੰਦਰ ਜੋ ਇੰਪਰੂਵਮੈਂਟ ਹੋਈ, ਉਹ ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, 1977-78 ਵਿਚ ਇਸ ਦੀ ਗਰਾਸ ਰਸੀਟਸ 9.42 ਕਰੋੜ ਸੀ, ਫਿਰ 1978-79 ਵਿਚ ਇਹ 11.43 ਕਰੋੜ ਹੋ ਗਈ ਔਰ ਫਿਰ 1979-80 ਵਿਚ ਇਹ 13.83 ਕਰੋੜ ਹੋ ਗਈ। ਇਸੇ ਤਰ੍ਹਾਂ ਸਪੀਕਰ ਸਾਹਿਬ, ਜੋ ਉਸ ਵੇਲੇ ਪਰ ਡੇ ਪਰ ਬਸ ਰਸੀਟਸ ਸੀ, ਉਹ ਮੈਂ ਦੱਸਦਾ ਹਾਂ। 1977-78 ਵਿਚ ਇਹ 322 ਰੁਪਏ ਸੀ, ਫਿਰ 1978-79 ਵਿਚ ਇਹ 372 ਰੁਪਏ ਹੋ ਗਈ ਔਰ ਫਿਰ 1979-80 ਵਿਚ ਵੱਧ ਕੇ 432 ਰੁਪਏ ਤਕ ਪਹੁੰਚ ਗਈ ਸੀ। ਹੁਣ ਮੈਂ ਤੁਹਾਨੂੰ ਇਸ ਦੀ ਰਸੀਟਸ ਪਰ ਕਿੱਲੋ ਮੀਟਰ ਦੱਸਦਾ ਹਾਂ। 1977-78 ਵਿਚ ਇਹ 168 ਪੈਸੇ ਸੀ, ਫਿਰ 1978-79 ਵਿਚ ਇਹ 176 ਪੈਸੇ ਹੋ ਗਈ ਅਤੇ ਫਿਰ 1979-80 ਵਿਚ ਇਹ 179 ਪੈਸੇ ਹੋ ਗਈ ਸੀ।

ਸਪੀਕਰ ਸਾਹਿਬ, ਹੁਣ ਮੈਂ ਤੁਹਾਨੂੰ ਦਸਦਾ ਹਾਂ ਕਿ ਪਿਛਲੇ 3 ਸਾਲਾਂ ਵਿਚ ਪੀ.ਆਰ.ਟੀ.ਸੀ. ਵਿਚ ਅਸੀਂ ਲਾਸ ਕਿੰਨਾ ਘਟਾਇਆ। 1976-77 ਵਿਚ ਇਹ ਲਾਸ 1.73 ਕਰੋੜ ਰੁਪਏ ਸੀ, ਫਿਰ 1977-78 ਵਿਚ ਇਹ 1.38 ਕਰੋੜ ਰਹਿ ਗਿਆ ਸੀ। ਫਿਰ 1978-79 ਵਿਚ ਅਸੀਂ 64.7 ਲੱਖ ਤੇ ਪਹੁੰਚ ਗਏ ਔਰ ਫਿਰ 1979-80 ਵਿਚ ਇਹ ਲਾਸ 95 ਲੱਖ ਦਾ ਹੋ ਗਿਆ ਸੀ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਹ ਘਾਟਾ ਵੀ ਇਸ ਕਰਕੇ ਰਹਿ ਗਿਆ ਕਿਉਂਕਿ ਅਸੀਂ ਇਸ ਵੇਲੇ 3.12 ਕਰੋੜ ਰੁਪਏ ਦੀ ਲਾਇਬਿਲਿਟੀਜ਼ ਵਧਾ ਲਈਆਂ ਸਨ। ਇਹ ਘਾਟਾ ਕਿਵੇਂ ਘਟਿਆ ਸੀ, ਇਸ ਬਾਰੇ ਵੀ ਮੈਂ ਦੱਸਦਾ ਹਾਂ। ਇਸ ਵਿਚ 2 ਚੀਜ਼ਾਂ ਸਨ ਇਕ ਤਾਂ ਅਸੀਂ ਫਲੀਟ ਯੂਟੇਲਾਈਜ਼ੇਸ਼ਨ ਵਧਾਈ ਔਰ ਦੂਸਰਾ ਵੈਹੀਕਲਜ਼ ਯੂਟੇਲਾਈਜ਼ੇਸ਼ਨ ਵਧਾਈ। ਸਪੀਕਰ ਸਾਹਿਬ, ਵੈਹੀਕਲਜ਼ ਦਾ ਯੂਟੇਲਾਈਜੇਸ਼ਨ ਦਾ ਨਾਰਮ 208 ਕਿਲੋਮੀਟਰ ਹੈ ਪਰ 1978-79 ਵਿਚ ਇਹ ਨਾਰਮ ਤੋਂ ਘੱਟ 191 ਕਿਲੋਮੀਟਰ ਚਲਦੇ ਸਨ। ਫਿਰ ਜਦੋਂ ਸਾਡੀ ਸਰਕਾਰ ਆਈ ਤਾਂ ਇਸ ਨੂੰ ਅਸੀਂ ਵੱਧਾ ਕੇ ਅਗਲੇ ਸਾਲ 212 ਕਿਲੋਮੀਟਰ ਕੀਤਾ ਔਰ ਹੁਣ ਜਦੋਂ ਅਸੀਂ ਛੱਡ ਕੇ ਗਏ ਸੀ ਤਾਂ ਉਸ ਵੇਲੇ ਇਸ ਦੀ ਯੂਟੇਲਾਈਜ਼ੇਸ਼ਨ 242 ਕਿਲੋਮੀਟਰ ਹੋ ਗਈ ਸੀ। ਔਰ ਆਸ ਸੀ ਕਿ ਹੁਣ ਤੱਕ ਇਹ 250 ਕਿਲੋਮੀਟਰ ਤੱਕ ਪਹੁੰਚ ਜਾਣੀ ਸੀ। ਇਸ ਕਰਕੇ ਹੀ ਅਸੀਂ ਰਸੀਟਸ ਵਿਚ ਵਾਧਾ ਕੀਤਾ ਜਦੋਂ ਕਿ ਅਸੀਂ ਕੋਈ ਟੈਕਸ ਨਹੀਂ ਲਾਇਆ, ਪਰ ਵੈਹੀਕਲਜ਼ ਦੀ ਯੂਟੇਲਾਈਜ਼ੇਸ਼ਨ ਵੱਧਾ ਕੇ ਇਸ ਦੇ ਘਾਟੇ ਨੂੰ ਘਟਾਇਆ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗਲਾਂ ਨਹੀਂ ਕਰਨੀਆਂ ਚਾਹੀਦੀਆਂ ਕਿ ਪਿਛੇ ਇਸ ਵਿਚ ਕੋਈ ਸੁਧਾਰ ਨਹੀਂ ਹੋਇਆ ਜਾਂ ਕੰਮ ਨਹੀਂ ਕਰ ਸਕੇ।

ਸਪੀਕਰ ਸਾਹਿਬ, ਇਸ ਤਰ੍ਹਾਂ ਸੁਧਾਰ ਨਹੀਂ ਹੋ ਸਕਦਾ। ਇੱਕ ਜਨਰਲ ਮੈਨੇਜਰ ਲੁਧਿਆਣੇ ਦਾ ਸੀ, ਜਿਥੇ 33 ਲੱਖ ਜਾਂ 35 ਲੱਖ ਸਾਲਾਨਾ ਟਰਾਂਸਪੋਰਟ ਘਾਟੇ ਵਿਚ ਜਾ ਰਹੀ ਸੀ, ਉਥੇ ਉਸ ਨੇ ਮੁਨਾਫਾ ਦਿਖਾਇਆ। ਮੇਰੇ ਤੇ, ਸਪੀਕਰ ਸਾਹਿਬ, ਪਰੈਸ਼ਰ ਪਾਇਆ ਗਿਆ ਕਿ ਇਸ ਦੀ ਟਰਾਂਸਫਰ ਕਰੋ ਲੇਕਿਨ ਮੈਂ ਇਨਕਾਰ ਕਰ ਦਿੱਤਾ। ਜਲੰਧਰ ਵਿਚ ਚਾਰ ਲੱਖ ਅਤੇ ਕਿਤੇ 1 ਲੱਖ ਪ੍ਰਾਫਿਟ ਤੋਂ ਸਿਵਾ ਬਾਕੀ ਸਾਰਿਆਂ ਨੇ ਘਾਟਾ ਦਿਖਾਇਆ ਹੈ। ਲੇਕਿਨ ਉਸ ਬੰਦੇ ਨੇ ਜਿਥੇ 35 ਲੱਖ ਰੁਪਏ ਦਾ ਘਾਟਾ ਸੀ, ਉਥੇ ਮੁਨਾਫਾ ਦਿੱਤਾ। ਪਰ ਸਪੀਕਰ ਸਾਹਿਬ, ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਗਵਰਨਰੀ ਰਾਜ ਵਿਚ ਉਸ ਦੀ ਛੁੱਟੀ ਕਰ ਦਿੱਤੀ ਗਈ। (ਸ਼ੇਮ, ਸ਼ੇਮ) ਅਸੀਂ ਉਸ ਦਾ ਕੇਸ ਪਬਲਿਕ ਸਰਵਿਸ ਕਮਿਸ਼ਨ ਨੂੰ ਭੇਜਿਆ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਦੀ ਪੜਤਾਲ ਕਰਨ। (ਘੰਟੀ) ਸਪੀਕਰ ਸਾਹਿਬ, ਉਸ ਨੂੰ 'ਏ' ਗਰੇਡ ਦਿੱਤਾ ਗਿਆ, ਪਰ ਬਾਕੀਆਂ ਨੂੰ 'ਬੀ' ਗਰੇਡ ਨਹੀਂ ਬਲਕਿ 'ਸੀ' ਗਰੇਡ ਦਿੱਤਾ ਗਿਆ। ਪਰ ਉਥੋਂ ਸਿਲੈਕਟ ਹੋ ਕੇ ਕੌਣ ਆਇਆ ? ਇੱਕ ਆਈ.ਏ.ਐਸ. ਦਾ ਲੜਕਾ ਅਤੇ ਦੂਸਰਾ ਪੁਲੀਟੀਕਲ ਆਦਮੀ ਦਾ ਬੰਦਾ। ਇੱਕ ਭਾਈ ਇਨ੍ਹਾਂ ਨੇ ਜੋ ਅਫਸਰ ਲਗਾਇਆ ਉਹ ਕੁਆਲੀਫਿਕੇਸ਼ਨਜ਼ ਵੀ ਫੁਲਫਿਲ ਨਹੀਂ ਕਰਦਾ

Original with;
Punjab Vidhan Sabha
Digitized by
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਸੀ। ਉਸ ਨੂੰ ਸਿਲੈਕਟ ਕਰਕੇ ਭੇਜ ਦਿੱਤਾ। ਕੀ ਹੁਣ ਤੁਸੀਂ ਉਮੀਦ ਕਰਦੇ ਹੋ ਕਿ ਇਹ ਰੋਡਵੇਜ਼ ਨੂੰ ਖੜ੍ਹਾ ਕਰ ਦੇਣਗੇ ? ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਅਪੀਲ ਕਰਾਂਗਾ ਕਿ ਉਹ ਇਸ ਕੇਸ ਦੀ ਇਨਕੁਆਇਰੀ ਕਰਨ। (ਵਿਘਨ) ਇਸ ਤਰ੍ਹਾਂ, ਸਪੀਕਰ ਸਾਹਿਬ, ਕੁਰੱਪਸ਼ਨ ਦੂਰ ਨਹੀਂ ਹੋ ਸਕਦੀ।

ਸ਼੍ਰੀ ਸਪੀਕਰ : ਹੁਣ ਖਤਮ ਕਰੋ ਜੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਅਸੀਂ ਇੱਕ ਅਸੂਲ ਬਣਾਇਆ ਸੀ ਕਿ ਜੇਕਰ ਕੋਈ ਕੰਡਕਟਰ ਪੰਜ ਰੁਪਏ ਤੋਂ ਵੱਧ ਹੇਰਾ ਫੇਰੀ ਕਰਦਾ ਪਕੜਿਆ ਜਾਵੇ ਤਾਂ ਉਸ ਨੂੰ ਸਸਪੈਂਡ ਕਰ ਦੇਵੋ ਅਤੇ ਰੀਇਨਸਟੇਟ ਨਹੀਂ ਕਰਨਾ। ਇਸ ਅਸੂਲ ਦੀ ਉਲੰਘਣਾ ਡਾਇਰੈਕਟਰ ਨਹੀਂ ਕਰ ਸਕਦਾ, ਸੈਕਟਰੀ ਨਹੀਂ ਕਰ ਸਕਦਾ, ਚੀਫ ਸੈਕਟਰੀ ਨਹੀਂ ਕਰ ਸਕਦਾ ਪਰ ਜਦੋਂ ਸਾਨੂੰ ਪਤਾ ਲੱਗਾ ਕਿ ਇਸ ਚੀਜ਼ ਦੀ ਉਲੰਘਣਾ ਜੀ. ਐਮ. ਕਰੀ ਜਾ ਰਿਹਾ ਹੈ ਤਾਂ ਅਸੀਂ ਜੀ. ਐਮ. ਨੂੰ ਸਸਪੈਂਡ ਕਰ ਦਿੱਤਾ। (ਥੰਪਿੰਗ) ਕੁਰੱਪਸ਼ਨ ਨੂੰ ਹਟਾਉਣ ਲਈ ਪੰਜਾਬ ਸਰਕਾਰ ਨੂੰ ਕੋਈ ਉਪਰਾਲਾ ਕਰਨਾ ਚਾਹੀਦਾ ਹੈ ਜਿਸ ਬਾਰੇ ਅਸੀਂ ਵੀ ਕੋਸ਼ਿਸ਼ ਕੀਤੀ ਸੀ। (ਵਿਘਨ) (ਸ਼ੋਰ)

ਸਪੀਕਰ ਸਾਹਿਬ, ਬੱਸ ਸਟੈਂਡਾਂ ਦੇ ਬਾਰੇ ਬੇਨਤੀ ਕਰਾਂਗਾ ਕਿ (ਘੰਟੀ) ਬੱਸ ਦੋ, ਤਿੰਨ ਮਿੰਟ ਹੀ ਲਵਾਂਗਾ। ਲੁਧਿਆਣਾ ਜਲੰਧਰ, ਅੰਮ੍ਰਿਤਸਰ ਬਸ ਸਟੈਂਡ ਬਣਨੇ ਹਨ। ਪੈਸਾ ਟਰਾਂਸਪੋਰਟ ਡਿਪਾਰਟਮੈਂਟ ਨੇ ਦੇਣਾ ਹੈ। ਕੰਮ ਪੀ. ਡਬਲਿਊ. ਡੀ. ਨੇ ਕਰਨਾ ਹੈ, ਕੁਝ ਕੰਮ ਪਬਲਿਕ ਹੈਲਥ ਨੇ ਕਰਨਾ ਹੈ ਅਤੇ ਬਿਜਲੀ ਦਾ ਕੰਮ ਬਿਜਲੀ ਬੋਰਡ ਨੇ ਕਰਨਾ ਹੈ। ਇਸ ਲਈ ਇਹ ਸਾਰਾ ਕੰਮ ਉਥੇ ਦਾ ਉਥੇ ਹੀ ਖੜ੍ਹਾ ਹੈ। ਇਨ੍ਹਾਂ ਨੇ ਟਰਾਂਸਪੋਰਟ ਮਹਿਕਮੇ ਲਈ ਸਿਰਫ 7 ਕਰੋੜ ਰੁਪਿਆ ਰਖਿਆ ਹੈ। ਇਸ ਨਾਲ ਬੱਸ ਸਟੈਂਡ ਕਿਵੇਂ ਬਣਨਗੇ ? ਇਸ ਲਈ ਅਸੀਂ ਫੈਸਲਾ ਕੀਤਾ ਸੀ ਕਿ ਇਹ ਸਾਰਾ ਕੰਮ ਲੋਕਲ ਬਾਡੀਜ਼ ਦੇ ਹਵਾਲੇ ਕਰ ਦਿਉ। ਜਿਹੜਾ ਟਰਾਂਸਪੋਰਟ ਵਿਚ ਮੁਨਾਫਾ ਹੋਵੇਗਾ, ਉਹ ਵੀ ਲੋਕਲ ਬਾਡੀਜ਼ ਨੂੰ ਮਿਲੇ ਅਤੇ ਜਿਹੜਾ ਘਾਟਾ ਹੋਵੇ, ਉਹ ਵੀ ਲੋਕਲ ਬਾਡੀਜ਼ ਨੂੰ ਹੀ ਮਿਲੇ ਅਤੇ ਸਾਰਾ ਖਰਚਾ ਵੀ ਲੋਕਲ ਬਾਡੀਜ਼ ਹੀ ਕਰੇ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਇਸ ਕੰਮ ਲਈ ਵੱਧ ਤੋਂ ਵੱਧ ਫੰਡਜ਼ ਦਾ ਪ੍ਰਬੰਧ ਕਰੇ।

ਬੜਾ ਰੌਲਾ ਪਾਇਆ ਗਿਆ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ। ਸਪੀਕਰ ਸਾਹਿਬ, 80 ਬੱਸਾਂ ਦੇ ਨਾਲ ਕਿਸ ਤਰ੍ਹਾਂ ਨੈਸ਼ਨੇਲਾਈਜੇਸ਼ਨ ਹੋ ਸਕਦੀ ਹੈ। ਅਸੀਂ ਇਕ ਸਕੀਮ ਬਣਾਈ ਸੀ ਕਿ ਰੂਟ ਪਰਮਿਟ ਪੰਜ ਕੈਟੇਗਰੀਜ਼ ਦੇ ਬੰਦਿਆਂ ਨੂੰ ਦੇਣ ਲਈ ਕੇਸ ਭੇਜਿਆ ਸੀ। (ਵਿਘਨ)

ਸ਼੍ਰੀ ਸਪੀਕਰ: ਬੱਸ ਕਰੋ। ਦੋ ਮਿੰਟ ਉਪਰ ਹੋ ਗਏ ਹਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਫਿਰ ਦੋ ਕੈਟੇਗਰੀਜ਼ ਰੱਖ ਦਿੱਤੀਆਂ ਗਈਆਂ, ਇੱਕ ਕੈਟੇਗਰੀ ਹਰੀਜਨ ਐਂਡ ਬੈਕਵਰਡ ਕਲਾਸਿਜ਼ ਅਤੇ ਦੂਜੀ ਕੈਟੇਗਰੀ ਇਕਨਾਮਿਕ ਵੀਕਰ ਸੈਕਸ਼ਨ। ਇਸ ਲਈ ਉਸ ਸਕੀਮ ਨੂੰ ਪੰਜਾਬ ਸਰਕਾਰ ਨੂੰ ਲਾਗੂ ਰਖਣਾ ਚਾਹੀਦਾ ਹੈ। ਇਸ ਨਾਲ ਲੋਕਾਂ ਨੂੰ ਇੰਪਲਾਇਮੈਂਟ ਵੀ ਮਿਲੇਗੀ ਅਤੇ ਗਰੀਬ ਲੋਕਾਂ ਨੂੰ ਸਹੂਲਤ ਵੀ ਪਹੁੰਚੇਗੀ। ਮੈਂ ਸਪੀਕਰ ਸਾਹਿਬ, ਹੋਰ ਵੀ ਬਹੁਤ ਸਾਰੀਆਂ ਗਲਾਂ ਕਹਿਣੀਆਂ ਹਨ ਪਰ ਤੁਸੀਂ ਟਾਈਮ ਨਹੀਂ ਦੇ ਰਹੇ ਹੋ (ਮਾਈਕ ਬੰਦ ਸੀ) ਸਪੀਕਰ ਸਾਹਿਬ, ਇੱਕ ਗੱਲ ਪਲੈਨਿੰਗ ਕਮਿਸ਼ਨ ਵਿਚ ਕਹੀ ਗਈ ਸੀ। ਪਲੈਨਿੰਗ ਕਮਿਸ਼ਨ ਵਿਚ ਫਾਈਨਾਂਸ ਮਨਿਸਟਰ ਅਤੇ ਪਲੈਨਿੰਗ ਕਮਿਸ਼ਨਰ ਵੀ ਹਾਜ਼ਰ ਸੀ। ਡਿਪਟੀ ਚੇਅਰਮੈਨ ਨੇ ਪੰਜਾਬ

Original with;
Punjab Vidhan Sabha
Digitized by;
Panjab Digital Library

ਦੀ ਟਰਾਂਸਪੋਰਟ ਬਾਰੇ ਇੱਕ ਗੱਲ ਕਹੀ, ਉਸ ਦੀ ਪੜਤਾਲ ਹੋਵੇ ਜੋ ਕਿ ਮੈਂ ਪੜ੍ਹ ਕਿ ਸੁਣਾਉਂਦਾ ਹਾਂ :—

"That the Commission has critically analysed the working of the Punjab Transport Department and arrived at the conclusion that this was working at the maximum efficiency. Its revenue receipts could not, be further increased and its expenditure could not be further reduced.'

Mr. Speaker : Please wind up.

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਡਿਪਟੀ ਚੇਅਰਮੈਨ ਨੇ ਇਸ ਡਿਪਾਰਟਮੈਂਟ ਵਾਸਤੇ ਕੀ ਕਿਹਾ ਹੈ, ਇਹ ਰਿਕਾਰਡ ਕਢਾ ਕੇ ਵੇਖ ਲੈਣ। ਹੁਣ ਸਪੀਕਰ ਸਾਹਿਬ, ਮੈਨੂੰ ਇੱਕ ਮਿਟ ਦੇ ਦਿਉ ਕਿਉਂਕਿ ਮੈਂ ਟਰੱਕ ਓਪਰੇਟਰਜ਼ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ: ਹੁਣ ਟਾਈਮ ਨਹੀਂ ਹੈ। 7 ਮਿੰਟ ਹੋ ਗਏ ਹਨ। ਚਾਰ ਮਿੰਟ ਕਮਿਊਨਿਸਟ ਪਾਰਟੀ ਨੂੰ ਵੀ ਦੇਣੇ ਪੈਣਗੇ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ): ਸਪੀਕਰ ਸਾਹਿਬ, ਕੱਲ ਮੇਰੇ ਤਿੰਨ, ਚਾਰ ਮਿੰਟ ਰਹਿੰਦੇ ਸੀ। ਉਹ ਤਿੰਨ, ਚਾਰ ਮਿੰਟ ਇਧਰ ਹੁਣ ਐਡ ਕਰ ਲੈਣਾ। ਸਪੀਕਰ ਸਾਹਿਬ, ਸਾਡਾ ਐਜੂਕੇਸ਼ਨ ਦਾ ਸਿਸਟਮ ਲਾਰਡ ਮੈਕਾਲੇ ਵੇਲੇ ਦਾ ਚਲਿਆ ਆ ਰਿਹਾ ਹੈ। ਅੱਜ ਵੀ ਸਕੂਲਾਂ ਵਿਚ ਭੂਤ ਪਰੇਤਾਂ ਦੀਆਂ ਝੂਠੀਆਂ ਕਹਾਣੀਆਂ ਪੜ੍ਹਾਈਆਂ ਜਾਂਦੀਆਂ ਹਨ। ਜੇਕਰ ਆਟੇ ਵਿਚ ਮਿੱਟੀ ਮਿਲਾ ਦਿੱਤੀ ਜਾਵੇ ਜਾਂ ਜੇਕਰ ਦੁੱਧ ਵਿਚ ਪਾਣੀ ਮਿਲਾ ਦਿੱਤਾ ਜਾਵੇ ਤਾਂ ਫਿਰ ਕਿਤਨਾ ਫਾਇਦਾ ਹੋ ਸਕਦਾ ਹੈ। ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਭਾਰਤ ਦੇਸ਼ ਆਜ਼ਾਦ ਹੋਏ ਨੂੰ ਤਕਰੀਬਨ 33 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਐਜੂਕੇਸ਼ਨ ਦਾ ਸਿਸਟਮ ਉਹੀ ਪੁਰਾਣਾ ਚਲਿਆ ਆ ਰਿਹਾ ਹੈ। ਇਸ ਸਿਸਟਮ ਨੂੰ ਚੇਂਜ ਕਰਨ ਵਿਚ ਕਿਸੇ ਕਿਸਮ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਸ ਦੇ ਮੁਕਾਬਲੇ ਵਿਚ ਦੂਜੇ ਸੂਬਿਆਂ ਵਿਚ ਸਾਡੇ ਹੀ ਦੇਸ਼ ਵਿਚ ਹਾਇਰ ਸੈਕੰਡਰੀ ਤਕ ਫਰੀ ਐਜੂਕੇਸ਼ਨ ਕਰ ਦਿਤੀ ਗਈ ਹੈ। ਇਸ ਤੋਂ ਇਲਾਵਾ ਸਕੂਲ ਦੇ ਬਚਿਆਂ ਨੂੰ ਲੰਚ, ਯੂਨੀਫਾਰਮ, ਕਾਪੀਆਂ, ਕਿਤਾਬਾਂ ਆਦਿ ਮਿਲਦੀਆਂ ਹਨ। ਸਪੀਕਰ ਸਾਹਿਬ, ਤ੍ਰਿਪੁਰਾ ਵਿਚ ਬੀ. ਏ. ਤਕ ਲੜਕੀਆਂ ਨੂੰ ਐਜੂਕੇਸ਼ਨ ਫਰੀ ਦਿੱਤੀ ਜਾਂਦੀ ਹੈ।

ਇਸ ਸਬੰਧੀ ਪੰਜਾਬ ਸਰਕਾਰ ਉਨ੍ਹਾਂ ਕੋਲੋਂ ਰੋਸ਼ਨੀ ਲਵੇ ਅਤੇ ਉਸ ਪ੍ਰਕਾਰ ਦੀਆਂ ਇਥੇ ਵੀ ਹਿਦਾਇਤਾਂ ਦਿੱਤੀਆਂ ਜਾਣ। ਇਸ ਵੇਲੇ ਇਥੇ ਕੀ ਹੋ ਰਿਹਾ ਹੈ 'ਮਾਂ ਹਾਲੇ ਜੰਮੀਂ ਨਹੀਂ ਪੁੱਤ ਕੰਠੇ ਤੇ ਖਲ੍ਹ ਜਾਂਦਾ ਹੈ ਟੈਕਸਟ ਬੁਕਸ ਹਾਲੇ ਛਪੀਆਂ ਨਹੀਂ ਪਰੰਤੂ ਟੈਕਸਟ ਬੁਕਸ ਦੇ ਨੋਟ ਵਿਕ ਰਹੇ ਹਨ।

ਪ੍ਰਾਈਵੇਟ ਕਾਲਿਜਿਜ਼ ਬਾਰੇ ਦੇਖ ਲਉ। ਇਹ ਕਹਿੰਦੇ ਸਨ ਕਿ ਉਨ੍ਹਾਂ ਦੀਆਂ ਲੋੜਾਂ ਮੀਟ ਵਿਦ ਕਰਨ ਵਾਸਤੇ 95% ਗਰਾਂਟ ਦਿੱਤੀ ਜਾਏਗੀ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਬਾਰੇ ਕੀ ਕੀਤਾ ਗਿਆ ਹੈ? ਜਿਹੜੇ ਪ੍ਰੋਫੈਸਰ ਉਥੇ ਪੜ੍ਹਾ ਰਹੇ ਸਨ, 18, 18 ਸਾਲਾਂ ਤੋਂ ਪੜ੍ਹਾ ਰਹੇ ਹਨ ਅਤੇ ਐਨੇ ਐਨੇ ਸਾਲ ਉਥੇ ਗਾਲੇ ਹਨ, ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਵਾਸਤੇ ਕੁਝ ਵੀ ਨਹੀਂ ਕੀਤਾ ਗਿਆ ਹੈ। ਉਨ੍ਹਾਂ ਨੂੰ ਠੋਕਰ ਮਾਰ ਕੇ ਕਢ ਦਿੱਤਾ ਜਾਂਦਾ ਹੈ। ਇਸ ਲਈ ਇਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਵਾਸਤੇ ਕੋਈ ਕਾਨੂੰਨ ਬਣਾਉਣਾ ਚਾਹੀਦਾ ਹੈ।

ਇਥੇ ਬਹੁਤ ਕੁਝ ਕਿਹਾ ਗਿਆ ਹੈ ਪਰ ਮੈਂ ਸਮਾਂ ਘਟ ਹੋਣ ਕਰਕੇ ਇੱਕ ਦੋ ਗਲਾਂ ਹੀ ਕਹਿਣੀਆਂ ਚਾਹੁੰਦਾ ਹਾਂ (ਘੰਟੀ)। ਇਹ ਕਹਿੰਦੇ ਹਨ ਕਿ ਬਹੁਤ ਸਾਰੇ ਪ੍ਰਾਇਮਰੀ ਸਕੂਲ ਬਣੇ ਹੋਏ ਹਨ, ਪਰ

Original with;
Punjab Vidhan Sabha
Digitized by
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਉਨ੍ਹਾਂ ਵਿਚ ਫਰਨੀਚਰ ਨਹੀਂ ਹੈ। ਇਸ ਲਈ ਗੌਰਮਿੰਟ ਨੇ ਉਥੇ ਫਰਨੀਚਰ ਲਈ 7 ਲੱਖ ਰੁਪਿਆ ਰਖਿਆ ਹੈ। 1600 ਸਕੂਲਾਂ ਵਾਸਤੇ 7 ਲੱਖ ਰੁਪਿਆ ਰਖਿਆ ਗਿਆ ਹੈ। ਇਸ ਦਾ ਮਤਲਬ ਹੋਇਆ ਕਿ ਇੱਕ ਸਕੂਲ ਲਈ 437 ਰੁਪਏ ਫਰਨੀਚਰ ਵਾਸਤੇ ਰਖੇ ਗਏ ਹਨ । ਦੱਸੋ 437 ਰੁਪਿਆਂ ਨਾਲ ਕੀ ਫਰਨੀਚਰ ਆਏਗਾ? ਫਿਰ ਇਨ੍ਹਾਂ ਨੇ ਕਿਹਾ ਹੈ ਕਿ ਪ੍ਰਾਇਮਰੀ ਸਕੂਲਾਂ ਵਿਚ ਫੁਲ ਲਗਾਣੇ ਹਨ ਉਸ ਲਈ ਇਨ੍ਹਾਂ ਨੇ ਮਾਲੀ-ਕਮ-ਸਵੀਪਰ-ਕਮ ਕੁਝ ਹੋਰ ਬੰਦਾ ਰਖਣਾ ਹੈ। ਇਸ ਮਦ ਲਈ 1 ਲੱਖ ਰੁਪਿਆ ਰਖਿਆ ਗਿਆ ਹੈ। ਉਸ ਗਰੀਬ ਨੇ ਕਿੰਨੀਆਂ ਡਿਊਟੀਆਂ ਕਰਨੀਆਂ ਹਨ। ਮਾਲੀ ਦਾ ਕੰਮ ਕਰਨਾ ਹੈ, ਸਵੀਪਰ ਦਾ ਕੰਮ ਕਰਨਾ ਹੈ, ਹੋਰ ਘਰਾਂ ਦਾ ਕੰਮ ਵੀ ਪ੍ਰਾਈਵੇਟ ਕਰਨਾ ਹੈ। ਐਨੇ ਕੰਮਾਂ ਦੇ ਬਦਲੇ ਉਸ ਨੂੰ ਤਨਖਾਹ ਕੀ ਮਿਲਣੀ ਹੈ? ਸਵਾ ਛੇ ਰੁਪਏ ਪ੍ਰਤੀ ਸਕੂਲ ਦੀ ਰਕਮ ਰੱਖੀ ਹੈ ।

ਇਸੇ ਤਰ੍ਹਾਂ ਹੀ ਇਨ੍ਹਾਂ ਨੇ ਕਿਹਾ ਹੈ ਕਿ ਸਕੂਲਾਂ ਵਿਚ ਪਾਣੀ ਪੀਣ ਦਾ ਪਰਬੰਧ ਕਰਨਾ ਹੈ ਅਤੇ ਬੜਾ ਖਰਚ ਕਰਨਾ ਹੈ। ਪਰ ਜੇਕਰ ਸਕੂਲ-ਵਾਈਜ਼ ਦੇਖਿਆ ਜਾਏ ਤਾਂ ਪਤਾ ਲਗਦਾ ਹੈ ਕਿ ਪ੍ਰਤੀ ਸਕੂਲ 125 ਰੁਪਏ ਆਉਂਦੇ ਹਨ। ਹੁਣ ਤੁਸੀਂ ਦੇਖ ਲਉ ਕਿ ਐਨੀ ਮਹਿੰਗਾਈ ਦੇ ਜ਼ਮਾਨੇ ਵਿਚ ਇਸ ਰਕਮ ਨਾਲ ਕੀ ਬਣੇਗਾ ? ਬਾਥ ਰੂਮ ਬਣਨੇ ਰਹਿ ਜਾਣਗੇ।

ਟੀਚਰਾਂ ਦੀਆਂ ਮੰਗਾਂ ਬਾਰੇ ਮੈਂ ਹੁਣ ਕੁਝ ਕਹਿਣਾ ਚਾਹੁੰਦਾ ਹਾਂ। 1957 ਦੇ ਨੋਟੀਫੀਕੇਸ਼ਨ ਨੂੰ ਅਫਸਰਸ਼ਾਹੀ ਨੇ ਆਪਣੇ ਹੰਟਰ ਨਾਲ ਰੱਦ ਕਰ ਦਿੱਤਾ ਜਿਸ ਨਾਲ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ। ਇਸ ਵਲ ਲੋੜੀਂਦੀ ਦਰੁਸਤੀ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਟੀਚਰਾਂ ਨੂੰ ਰਾਹਤ ਮਿਲ ਸਕੇ। ਅਸੀਂ ਚਾਹੁੰਦੇ ਹਾਂ ਕਿ ਅਨਾਮਲੀ ਕਮੇਟੀ ਦੀ ਰਿਪੋਰਟ ਛੇਤੀ ਤੋਂ ਛੇਤੀ ਇਪਲੀਮੈਂਟ ਕੀਤੀ ਜਾਏ ਅੌਰ ਨੀਡ ਬੇਸਡ ਸੈਲਰੀ ਦੇ ਕੇ ਉਨ੍ਹਾਂ ਦਾ ਸਟੇਟਸ ਉਚਾ ਕੀਤਾ ਜਾਏ। ਇਨ੍ਹਾਂ ਪੜ੍ਹਿਆਂ ਲਿਖਿਆਂ ਦਾ ਸਟੇਟਸ ਉਚਾ ਚੁਕਣਾ ਚਾਹੀਦਾ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਨਾਲ ਗਲ ਬਾਤ ਕਰਕੇ ਇਨ੍ਹਾਂ ਦੀਆਂ ਡੀਮਾਂਡਾਂ ਪੂਰੀਆਂ ਕੀਤੀਆਂ ਜਾਣ। (ਮਾਈਕ ਬੰਦ ਸੀ) ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਤ ਨੂੰ ਪੂਰਾ ਕੀਤਾ ਜਾਏ (ਘੰਟੀ) ।

ਸ਼੍ਰੀ ਸਪੀਕਰ: ਤੁਹਾਡੇ ਸੱਤ ਮਿੰਟਸ ਹੋ ਗਏ ਹਨ ਅਤੇ ਹੁਣ ਤੁਹਾਨੂੰ ਬੋਲਣਾ ਬੰਦ ਕਰਨਾ ਚਾਹੀਦਾ ਹੈ ।

ਪ੍ਰੋਫੈਸਰ ਬਲਵੰਤ ਸਿੰਘ: ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਪੱਛਮੀ ਬੰਗਾਲ ਦੀ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਨੂੰ ਰਿਆਇਤਾਂ ਦੇ ਦਿੱਤੀਆ ਹਨ। ਇਥੇ ਵੀ ਅਸੀਂ ਮੰਗ ਕਰਦੇ ਹਾਂ ਕਿ ਇਥੇ ਦੇ ਮੁਲਾਜ਼ਮਾਂ ਨੂੰ ਵੀ ਬੋਨਸ ਦਿੱਤਾ ਜਾਏ। ਜਿਹੜਾ ਫਾਹਸ਼ ਲਿਟਰੇਚਰ ਹੈ, ਉਸ ਨੂੰ ਬੰਦ ਕਰਨਾ ਚਾਹੀਦਾ ਹੈ । ਉਸ ਗੰਦੇ ਲਿਟਰੇਚਰ ਤੇ ਜੋ ਕਾਗਜ਼ ਖਰਚਾ ਆਉਂਦਾ ਹੈ, ਉਹ ਬਚੇਗਾ ਅੌਰ ਉਸ ਨਾਲ ਚੰਗੀਆਂ ਕਿਤਾਬਾਂ ਛੱਪ ਸਕਣਗੀਆਂ। ਪਿਛੇ ਜਿਹੇ 500 ਜੇ. ਬੀ. ਟੀ. ਅੌਰ ਬੀ. ਐਂਡ ਟੀਚਰਾਂ ਨੂੰ ਪਰੀਜਨਾਂ ਨੂੰ ਟਰੇਨਿੰਗ ਦਿੱਤੀ ਗਈ ਸੀ ਤਾਂ ਕਿ ਇਸ ਤਬਕੇ ਨੂੰ ਪੂਰੀ ਨੁਮਾਇੰਦਗੀ ਮਿਲ ਸਕੇ। ਪਰ ਉਹ ਵਿਚਾਰੇ ਓਵਰਏਜ ਹੋ ਰਹੇ ਹਨ, ਇਸ ਲਈ ਉਨ੍ਹਾਂ ਨੂੰ ਐਡਜਸਟ ਕਰਨਾ ਚਾਹੀਦਾ ਹੈ। ਐਜੂਕੇਸ਼ਨ ਬੋਰਡ ਦਾ ਦਫਤਰ ਮੋਹਾਲੀ ਦੀ ਬਜਾਏ ਫਲੌਰ ਨਹੀਂ ਲਿਜਾਣਾ ਚਾਹੀਦਾ ਹੈ (ਇਸ ਵੇਲੇ ਮਾਈਕ ਬੰਦ ਸੀ) ਪਬਲਿਕ ਸਕੂਲ ਬੰਦ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਇਕ ਨਵੀਂ ਕਲਾਸ ਪੈਦਾ ਹੋ ਰਹੀ ਹੈ। ਸਾਨੂੰ ਕਲਾਸਲੈਸ ਸੁਸਾਇਟੀ ਬਣਾਉਣ ਵਲ ਸੋਚਣਾ ਚਾਹੀਦਾ ਹੈ (ਵਿਘਨ) ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਗਿਲੋਟੀਨ 15 ਮਿੰਟ ਹੋਰ ਐਕਸਟੈਂਡ ਕਰ ਦਿੰਦੇ ਹਾਂ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਸਪੀਕਰ ਸਾਹਿਬ, ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਟਰਾਂਸਪੋਰਟ ਦੇ ਸਿਲਸਿਲੇ ਵਿਚ ਜੋ ਲੋਕਾਂ ਨੂੰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਉਹ ਨਹੀਂ ਮਿਲ ਰਹੀਆਂ। ਰਸਤੇ ਵਿਚ ਬਰੇਕ ਡਾਊਨ ਹੋ ਰਹੀ ਹੈ ਅੌਰ ਜਿਥੋਂ ਤਕ ਚੋਰੀ ਦਾ ਸਬੰਧ ਹੈ, ਉਹ ਵੀ ਨਹੀਂ ਘਟੀ। ਉਸ ਨਾਲ ਰੈਵੇਨਿਊ ਨੂੰ ਘਾਟਾ ਪੈ ਰਿਹਾ ਹੈ। ਵੀਰਭਦਰ ਸਾਹਿਬ ਦਸ ਗਏ ਹਨ ਕਿ ਅਸੀਂ ਟਰਾਂਸਪੋਰਟ ਦੀ ਬੜੀ ਇੰਪਰੂਵਮੈਂਟ ਕੀਤੀ ਹੈ। ਇਨ੍ਹਾਂ ਨੇ ਦੋ ਚੀਜ਼ਾਂ ਕੀਤੀਆਂ ਹਨ। ਇੱਕ ਤਾਂ ਜਿਸ ਵੇਲੇ ਘਾਟਾ ਪੈਣ ਲਗਿਆ ਤਾਂ ਉਨ੍ਹਾਂ ਨੂੰ ਕਹਿ ਦਿਤਾ ਕਿ ਵਧ ਤੋਂ ਵਧ ਸਵਾਰੀਆਂ ਲੱਦੋ। ਜਦੋਂ ਪਤਾ ਲਗਿਆ ਕਿ ਹੋਰ ਘਾਟਾ ਪੈ ਰਿਹਾ ਹੈ ਤਾਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਸਵਾਰੀਆਂ ਨੂੰ ਬੱਸਾਂ ਦੀਆਂ ਛੱਤਾਂ ਤੇ ਲੱਦੋ। ਮਤਲਬ ਇੱਕ ਬਸ ਦੋ ਬਸਾਂ ਦੀਆਂ ਸਵਾਰੀਆਂ ਲੈ ਜਾਏ। ਲੋਕਲ ਬਸਾਂ ਜੋ ਲੁਧਿਆਣਾ, ਜਾਲੰਧਰ ਅੌਰ ਅੰਮ੍ਰਿਤਸਰ ਵਿਚ ਚਲਦੀਆਂ ਸਨ, ਉਸ ਵਿਚ ਘਾਟਾ ਸੀ ਉਹ ਕਾਰਪੋਰੇਸ਼ਨ ਨੂੰ ਦੇ ਦਿੱਤੀਆਂ। ਉਹ ਘਾਟਾ ਇਨ੍ਹਾਂ ਕੋਲੋਂ ਨਿਕਲ ਕੇ ਉਧਰ ਚਲਾ ਗਿਆ। ਇਹ ਕਹਿੰਦੇ ਹਨ ਕਿ ਬਿਹਤਰ ਕੰਮ ਕੀਤਾ ਹੈ। ਇਹ ਗਲਤ ਹੈ। ਮੈਂ ਅਰਜ਼ ਕਰਦਾ ਹਾਂ ਕਿ ਟਰਾਂਸਪੋਰਟ ਲੋਕਾਂ ਦੀ ਸਹੂਲਤ ਵਾਸਤੇ ਹੈ। ਜਿਥੇ ਬਾਹਰਲੇ ਮੁਲਕਾਂ ਵਿਚ ਟਰੈਫਿਕ ਇਨਸਪੈਕਟਰ ਹੁੰਦੇ ਹਨ ਜਿਥੇ ਉਨ੍ਹਾਂ ਦੀ ਹੋਰ ਡਿਊਟੀ ਹੁੰਦੀ ਹੈ ਉਥੇ ਇਹ ਵੀ ਉਨ੍ਹਾਂ ਦੀ ਡਿਊਟੀ ਹੁੰਦੀ ਹੈ ਕਿ ਜਿਥੇ ਟਰੈਫਿਕ ਜ਼ਿਆਦਾ ਹੁੰਦਾ ਹੈ, ਉਥੇ ਉਸੇ ਵੇਲੇ ਜ਼ਿਆਦਾ ਤੋਂ ਜ਼ਿਆਦਾ ਬਸਾਂ ਚਲਾਈਆਂ ਜਾਂਦੀਆਂ ਹਨ। ਜਦੋਂ ਮਨਿਸਟਰ ਸਾਹਿਬ ਦੌਰੇ ਤੇ ਬਾਹਰ ਜਾਂਦੇ ਹਨ ਤਾਂ ਉਥੇ ਲੋਕਾਂ ਦੀ ਮੰਗ ਹੁੰਦੀ ਹੈ ਕਿ ਬੱਸਾਂ ਚਲਾਉ, ਜੇਕਰ ਸੜਕਾਂ ਬਣਾਈਆਂ ਹਨ ਤਾਂ ਬੱਸਾਂ ਵੀ ਚਲਾਉਣੀਆਂ ਚਾਹੀਦੀਆਂ ਹਨ। ਕਾਂਗਰਸ ਦੀ ਸਰਕਾਰ ਸੀ ਜਾਂ ਅਕਾਲੀਆਂ ਦੀ ਸਰਕਾਰ ਸੀ ਇਨ੍ਹਾਂ ਵੇਲੇ ਕਿਹਾ ਗਿਆ ਕਿ ਫੌਜੀਆਂ ਨੂੰ ਅੌਰ ਹਰੀਜਨਾਂ ਨੂੰ ਪਰਮਿਟਸ ਦੇਣੇ ਹਨ, ਪਰ ਕਿਸੇ ਨੇ ਕੁਝ ਨਹੀਂ ਕੀਤਾ। ਮੈਂ ਤੁਹਾਡੇ ਰਾਹੀਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਮਸਲਾ ਬੜਾ ਗੰਭੀਰ ਹੈ ਲੋਕਾਂ ਨੂੰ ਟਰਾਂਸਪੋਰਟ ਜ਼ਰੂਰ ਦਿਉ ਤਾਂਕਿ ਉਹ ਆਪਣੇ ਆਪਣੇ ਕੰਮਾਂ ਤੇ ਪਹੁੰਚ ਸਕਣ। ਇਸ ਨਾਲ ਮੁਲਕ ਦੀ ਤਰੱਕੀ ਦਾ ਸਬੰਧ ਹੈ। ਇਸ ਬਾਰੇ ਮੈਂ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਪੀ. ਸੀ. ਐਸ. ਅੌਰ ਆਈ. ਏ. ਐਸ. ਅਫਸਰਾਂ ਨੂੰ ਜਨਰਲ ਮਨੇਜਰ ਲਗਾ ਦਿੱਤਾ ਜਾਂਦਾ ਹੈ। ਅਗੱਰ ਇਨ੍ਹਾਂ ਨੂੰ ਕਹੋ ਕਿ ਉਹ ਆਪਣੀ ਕਾਰ ਦੀ ਸਟੱਪਣੀ ਬਦਲ ਲੈਣ ਤਾਂ ਉਹ ਇਸ ਤਰ੍ਹਾਂ ਕਰਨ ਤੋਂ ਅਸਮਰਥ ਹਨ ਕਿਉਂਕਿ ਉਨ੍ਹਾਂ ਕੋਲ ਇਹ ਟੈਕਨੀਕ ਨਹੀਂ ਹੈ। ਇਹ ਟੈਕਨੀਕਲ ਕੰਮ ਹੈ ਅੌਰ ਇਸ ਲਈ ਟੈਕਨੀਕਲ ਅਫਸਰ ਹੀ ਲਗਾਉਣੇ ਚਾਹੀਦੇ ਹਨ। ਆਈ. ਏ. ਐਸ. ਅੌਰ. ਪੀ. ਸੀ. ਐਸ. ਅਫਸਰਾਂ ਨੂੰ ਇਸ ਟੈਕਨੀਕ ਦਾ ਪਤਾ ਨਹੀਂ ਹੈ। ਇਸ ਵਾਸਤੇ ਮੈਂ ਬੇਨਤੀ ਕਰਾਂਗਾ ਕਿ ਇਸ ਮਹਿਕਮੇ ਵਿਚ ਜਿਹੜੇ ਅਧਿਕਾਰੀ ਹਨ, ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਵੇ, ਉਨ੍ਹਾਂ ਦੀ ਟਰੇਨਿੰਗ ਲਈ ਕੋਈ ਸਕੂਲ ਖੋਲ੍ਹਿਆ ਜਾਵੇ। ਇਸ ਤਰ੍ਹਾਂ ਕਰਕੇ ਅਸੀਂ ਪੰਜਾਬ ਦੀ ਟਰਾਂਸਪੋਰਟ ਨੂੰ ਚੰਗੀ ਤਰ੍ਹਾਂ ਸੰਭਾਲ ਸਕਾਂਗੇ। (ਘੰਟੀ) ਭਾਵੇਂ ਉਹ ਪੀ. ਸੀ. ਐਸ. ਅਫਸਰ ਹੋਣ ਜਾਂ ਆਈ. ਏ. ਐਸ ਅਫਸਰ ਹੋਣ ਪਰ ਉਨ੍ਹਾਂ ਨੂੰ ਟੈਕਨੀਕਲ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ ਤਾਂ ਹੀ ਉਹ ਟਰਾਂਸਪੋਰਟ ਮਹਿਕਮੇ ਦੀ ਚੰਗੀ ਦੇਖਭਾਲ ਕਰ ਸਕਣਗੇ। ਹੋਰ ਨਹੀਂ ਤਾਂ ਉਨ੍ਹਾਂ ਕੋਲ ਆਈ. ਟੀ. ਆਈ. ਦਾ ਡਿਪਲੋਮਾ ਜ਼ਰੂਰ ਹੋਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਹੁਣ ਖਤਮ ਕਰੋ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਸੁਧਾਰ ਦੀਆਂ ਗਲਾਂ ਦੱਸ ਰਿਹਾ ਹਾਂ । ਮੈਂ ਇਹ ਨਹੀਂ ਦੱਸ ਰਿਹਾ ਕਿ ਪਹਿਲੀ ਸਰਕਾਰ ਨੇ ਕੀ ਕੀਤਾ, ਇਸ ਸਰਕਾਰ ਨੇ ਕੀ ਕੀਤਾ ਅਤੇ ਉਸ ਤੋਂ ਪਹਿਲੀ ਸਰਕਾਰ ਨੇ ਕੀ ਕੀਤਾ । ਮੈਂ ਤਾਂ ਸੁਧਾਰ ਦੀਆਂ ਗੱਲਾਂ ਦੱਸ ਰਿਹਾ ਹਾਂ ।

ਸਪੀਕਰ ਸਾਹਿਬ, ਹੁਣ ਮੈਂ ਇਕ ਗੱਲ ਐਜੂਕੇਸ਼ਨ ਮਨਿਸਟਰ ਨਾਲ ਕਰਨੀ ਚਾਹੁੰਦਾ ਹਾਂ । ਸਾਡੇ ਜਿਹੜੇ ਮਿਡਲ ਸਕੂਲਾਂ ਦੇ ਹੈਡਮਾਸਟਰ ਹਨ, ਉਹ ਹਰ ਮਹੀਨੇ ਤਨਖਾਹ ਲੈਣ ਵਾਸਤੇ ਡਿਸਟ੍ਰਿਕਟ ਹੈਡ-ਕੁਆਰਟਰਜ਼ ਤੇ ਜਾਂਦੇ ਹਨ । ਉਥੋਂ ਪੈਸੇ ਲੈ ਕੇ ਉਹ ਆਉਂਦੇ ਹਨ । ਪਰ ਕਈ ਦਫ਼ਾ ਉਨ੍ਹਾਂ ਦੇ ਪੈਸੇ ਗੁੰਮ ਹੋ ਜਾਂਦੇ ਹਨ । ਪਿਛੇ ਜਿਹੇ ਅਜਿਹੀ ਖਬਰ ਵੀ ਆਈ ਸੀ । ਇਸ ਲਈ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜਾਂ ਤਾਂ ਉਨ੍ਹਾਂ ਨੂੰ ਸਬ-ਡਵੀਜ਼ਨ ਤੇ ਪੈਸੇ ਦਿੱਤੇ ਜਾਣ ਅਤੇ ਜੇਕਰ ਇਸ ਤਰ੍ਹਾਂ ਨਹੀਂ ਕਰਨਾ ਤਾਂ ਜਿਹੜਾ ਹਾਈ ਸਕੂਲ ਦਾ ਹੈਡਮਾਸਟਰ ਹੈ, ਉਸ ਦੇ ਨਾਲ 2–4 ਮਿਡਲ ਸਕੂਲ ਲਾ ਦਿਓ ਤਾਂਕਿ ਉਨ੍ਹਾਂ ਦੀਆਂ ਤਨਖਾਹਾਂ ਉਹ ਲਿਆ ਕੇ ਦੇਵੇ । ਰੋਜ਼ ਹੀ ਕੋਈ ਨਾ ਕੋਈ ਖਬਰ ਆ ਜਾਂਦੀ ਹੈ ਕਿ ਫਲਾਣੇ ਥਾਂ ਪੈਸੇ ਗੁੰਮ ਗਏ ਅਤੇ ਫਲਾਣੇ ਥਾਂ ਪੈਸੇ ਗੁੰਮ ਗਏ । ਇਸ ਤਰ੍ਹਾਂ ਦਾ ਰੌਲਾ ਆਮ ਪੈਂਦਾ ਰਹਿੰਦਾ ਹੈ । (ਘੰਟੀ) ਬੱਸ ਜੀ, ਮੈਂ ਬੈਠਣ ਹੀ ਵਾਲਾ ਹਾਂ । ਮੈਂ ਜਿਹੜੇ ਸੁਝਾਓ ਦਿਤੇ ਹਨ, ਉਨ੍ਹਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਜਿਸ ਤਰ੍ਹਾਂ ਮੈਂ ਟਰਾਂਸਪੋਰਟ ਦੇ ਬਾਰੇ ਦੱਸਿਆ ਹੈ, ਜੇ ਇਸ ਤਰ੍ਹਾਂ ਕੀਤਾ ਜਾਵੇ ਤਾਂ ਇਸ ਨਾਲ ਰੈਵੇਨਿਊ ਵੀ ਵਧੇਗਾ ਅਤੇ ਲੋਕਾਂ ਨੂੰ ਸਹੂਲਤ ਹੋਵੇਗੀ ਅਤੇ ਬਰੇਕ ਡਾਊਨ ਵੀ ਘੱਟ ਹੋਵੇਗੀ । ਸਪੀਕਰ ਸਾਹਿਬ, ਐਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਿਖਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜ਼ਨਾਲਾ): ਆਨਰੇਬਲ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਜੂਕੇਸ਼ਨ ਦੀਆਂ ਡਿਮਾਂਡਜ਼ ਦੇ ਉਤੇ ਕੁਝ ਕਹਿਣ ਲਈ ਸਮਾਂ ਦਿੱਤਾ ਹੈ । ਇਸ ਮਹਿਕਮੇ ਦੀ ਸਮਾਜ ਦੇ ਵਿਚ ਬੜੀ ਮਹੱਤਤਾ ਹੈ । ਜੇ ਇਨ੍ਹਾਂ ਡਿਮਾਂਡਜ਼ ਨੂੰ ਉਸੇ ਤਰ੍ਹਾਂ ਪਾਸ ਕਰ ਦਿਓ ਅਤੇ ਕਿਸੇ ਨੂੰ ਖੁਲ੍ਹ ਕੇ ਵਿਚਾਰ ਪੇਸ਼ ਕਰਨ ਦਾ ਟਾਈਮ ਨਾ ਦਿਓ ਤਾਂ ਇਹ ਠੀਕ ਗੱਲ ਨਹੀਂ ਹੈ । ਸਾਰਿਆਂ ਪਾਸਿਆਂ ਤੋਂ ਇਸ ਬਾਰੇ ਵਿਚਾਰ ਆਏ ਹਨ । ਮੈਨੂੰ ਤੁਸੀਂ ਜਵਾਬ ਦੇਣ ਦਾ ਮੌਕਾ ਦਿਤਾ ਹੈ, ਮੈਂ ਤੁਹਾਡਾ ਧੰਨਵਾਦੀ ਹਾਂ । ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਬਣੀ ਨੂੰ ਬਹੁਤ ਥੋੜ੍ਹਾ ਸਮਾਂ ਹੋਇਆ ਹੈ। ਫਿਰ ਵੀ ਐਨੇ ਥੋੜ੍ਹੇ ਸਮੇਂ ਵਿਚ ਉਨ੍ਹਾਂ ਨੇ ਹਰ ਮਹਿਕਮੇ ਵਲ ਐਨਾ ਧਿਆਨ ਦਿੱਤਾ, ਹਰ ਮਹਿਕਮੇ ਨੂੰ ਡਾਇਰੈਕਸ਼ਨ ਦਿੱਤੀ ਅਤੇ ਉਸ ਡਾਇਰੈਕਸ਼ਨ ਦੇ ਸਦਕੇ ਹੀ ਇਹ ਬੱਜਟ ਤੁਹਾਡੇ ਸਾਹਮਣੇ ਪੇਸ਼ ਹੋਇਆ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਹ ਪਹਿਲਾ ਮੌਕਾ ਹੈ ਕਿ ਪੰਜਾਬ ਸਟੇਟ ਦੇ ਵਿਚ ਐਜੂਕੇਸ਼ਨ ਸਾਈਡ ਤੇ ਬੱਜਟ ਨੇ ਆਪਣਾ ਟੀਚਾ ਹਾਸਲ ਕੀਤਾ ਹੈ ਅਤੇ ਐਨਾ ਪਹਿਲਾਂ ਕਦੇ ਨਹੀਂ ਸੀ ਹੋਇਆ । (ਤਾੜੀਆਂ) 21% ਬਜਟ ਦਾ ਐਜੂਕੇਸ਼ਨ ਨੂੰ ਮਿਲਿਆ ਹੈ । (ਤਾੜੀਆਂ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੇ ਤੋਂ ਪਹਿਲਾਂ ਇਥੇ ਸਾਡੇ ਸਾਹਮਣੇ ਬੈਠੇ ਵੀਰਾਂ ਵਿਚੋਂ ਕਈਆਂ ਪਾਸ ਇਹ ਐਜੂਕੇਸ਼ਨ ਦਾ ਮਹਿਕਮਾ ਰਿਹਾ ਹੈ । ਬਾਦਲ ਸਾਹਿਬ ਇਥੇ ਮੌਜੂਦ ਨਹੀਂ ਹਨ, ਉਨ੍ਹਾਂ ਪਾਸ ਵੀ ਕੁਝ ਦੇਰ ਇਹ ਮਹਿਕਮਾ ਰਿਹਾ ਹੈ, ਬਰਨਾਲਾ ਜੀ ਕੋਲ ਇਹ ਮਹਿਕਮਾ ਰਿਹਾ ਹੈ ਅਤੇ ਸਰਦਾਰ ਸੁਖਜਿੰਦਰ ਸਿੰਘ ਕੋਲ ਇਹ ਮਹਿਕਮਾ ਰਿਹਾ ਹੈ। ਸਰਦਾਰ ਸੁਖਜਿੰਦਰ ਸਿਘ ਜੀ ਪਹਿਲਾਂ ਸਰਕਾਰੀ ਕਰਮਚਾਰੀ ਸਨ ਪਰ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ ਅਤੇ ਇਸ ਪਾਸੇ ਆ ਗਏ । ਢੀਂਡਸਾ ਜੀ ਕੋਲ ਇਹ ਮਹਿਕਮਾ ਰਿਹਾ ਹੈ ਅਤੇ ਇਸੇ ਤਰ੍ਹਾਂ ਹੀ ਖਾਲਸਾ ਜੀ ਕੋਲ ਐਜੂਕੇਸ਼ਨ ਦਾ ਮਹਿਕਮਾ ਰਿਹਾ ਹੈ। ਇਨ੍ਹਾਂ ਨੂੰ ਲੋਕਾਂ ਨੇ 3-4 ਵਾਰ ਮੌਕਾ ਦਿੱਤਾ ਕਿ ਤੁਸੀਂ ਸਰਕਾਰ ਸੰਭਾਲੋ ਅਤੇ ਕੋਈ ਚੰਗੇ ਕੰਮ ਕਰਕੇ ਦਿਖਾਓ । ਲੋਕਾਂ ਦਾ ਖਿਆਲ ਸੀ ਕਿ ਇਹ ਕੋਈ ਚੰਗੀਆਂ ਗੱਲਾਂ ਕਰਨਗੇ, ਤਾਲੀਮ ਵਿਚ ਸੁਧਾਰ ਕਰਨਗੇ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ । ਹੁਣ ਜੋ ਇਹ ਮਰਜ਼ੀ ਪਏ ਗੱਲਾਂ ਕਹੀ ਜਾਣ, ਪਰ ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਕੁਝ ਨਹੀਂ ਕੀਤਾ। (ਵਿਘਨ) ਮੈਂ ਬੜੇ ਠੰਡੇ ਸੁਭਾ ਦਾ ਆਦਮੀ ਹਾਂ, ਮੈਂ ਪਰੇਸ਼ਾਨ ਨਹੀਂ ਹੁੰਦਾ। ਇਥੇ ਡਾਕਟਰ ਸਾਹਿਬ ਨੇ ਕਾਫੀ ਕੁਝ ਕਿਹਾ ਸੀ। (ਵਿਘਨ) ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਨੇ ਆਦਰਸ਼ ਸਕੂਲ ਬਣਾ ਕੇ ਛੋਟੇ ਅਤੇ ਵੱਡੇ ਦੇ ਵਿਚਕਾਰ ਪਾੜਾ ਪਾ ਦਿੱਤਾ। (ਵਿਘਨ) ਵੋਕੇਸ਼ਨੇਲਾਈਜ਼ੇਸ਼ਨ ਜਿਸ ਨੂੰ ਉਨ੍ਹਾਂ ਨੇ ਖਤਮ ਕਰ ਦਿੱਤਾ ਸੀ। ਉਸ ਨੂੰ ਅਸੀਂ ਚਾਲੂ ਕਰਨਾ ਹੈ ਤਾਂ ਕਿ ਸਾਡੇ ਪੜ੍ਹੇ ਲਿਖੇ ਨੌਜਵਾਨ ਅੱਗੇ ਆਉਣ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਵੇਲੇ ਇਨ੍ਹਾਂ ਨੇ ਡਾਕਟਰ ਸਾਹਿਬ ਦੀ ਗਲ ਕਿਉਂ ਨਾ ਮੰਨੀ? ਮੈਂ ਸਮਝਦਾ ਹਾਂ ਕਿ ਇਸ ਦਾ ਕੀ ਕਾਰਨ ਸੀ ? ਦਿਮਾਗੀ ਤੌਰ ਤੇ ਇਨ੍ਹਾਂ ਦੀ ਸੋਚ ਠੀਕ ਨਹੀਂ ਸੀ। ਇਹ ਸਮਝ ਨਹੀਂ ਸੀ ਸਕਦੇ ਕਿ ਐਜੂਕੇਸ਼ਨ ਦਾ ਮਹਿਕਮਾ ਕੀ ਹੈ। ਇਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਇਸ ਮਹਿਕਮੇ ਨੂੰ ਕਿਸ ਕਿਸਮ ਦੀ ਡਾਇਰੈਕਸ਼ਨ ਦੇਣੀ ਹੈ। ਬਰਨਾਲਾ ਜੀ ਨੇ ਇਕਨੌਮਿਕ ਅਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਕਿਹਾ ਸੀ ਕਿ ਤੁਸੀਂ ਕੋਈ ਸ਼ੇਅਰ ਨਹੀਂ ਸੁਣਾਉਂਦੇ। ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਸ਼ੇਅਰ ਸੁਣਾਉਣਾ ਚਾਹੁੰਦਾ ਹਾਂ, ਜਿਸ ਤੋਂ ਪਤਾ ਲੱਗੇਗਾ ਕਿ ਇਨ੍ਹਾਂ ਨੇ ਐਜੂਕੇਸ਼ਨ ਨੂੰ ਕੋਈ ਡਾਇਰੈਕਸ਼ਨ ਨਹੀਂ ਦਿੱਤੀ। ਸ਼ੇਅਰ ਇਸ ਤਰ੍ਹਾਂ ਹੈ:-

"ਸਹਿਮੀ ਹੋਈ ਇਸ ਅਕਲ ਕੇ ਬਿਮਾਰ ਇਰਾਦੇ,
ਕਿਹਾ ਚਾਰਾ ਏ ਨਾਸਾਜ਼ੀ ਏ ਹਾਲਾਤ ਕਰੋਗੇ।"

(ਤਾੜੀਆਂ)

ਲੇਕਿਨ ਸਰਦਾਰ ਦਰਬਾਰਾ ਸਿੰਘ ਨੇ ਥੋੜ੍ਹੇ ਜਿਹੇ ਸਮੇਂ ਵਿਚ ਨਵੀਆਂ ਡਾਇਰੈਕਸ਼ਨਾਂ ਦਿਤੀਆਂ ਹਨ। ਹਰ ਚੀਜ਼ ਹਰ ਪੱਖ ਤੋਂ ਦੇਖੀ ਹੈ ਅਤੇ ਵਿਚਾਰੀ ਹੈ ਅਤੇ ਇਸ ਬਜਟ ਵਿਚ ਸਾਰੀਆਂ ਚੀਜ਼ਾਂ ਰੱਖੀਆਂ ਹਨ। ਜੋ ਗੱਲਾਂ ਐਜੂਕੇਸ਼ਨ ਲਈ ਅਸੀਂ ਬੱਜਟ ਵਿਚ ਕੀਤੀਆਂ ਹਨ, ਉਹ ਇਨ੍ਹਾਂ ਦੇ ਸਮੇਂ ਵਿਚ ਕਦੇ ਨਹੀਂ ਹੋਈਆਂ। ਇਨ੍ਹਾਂ ਦੇ ਵੇਲੇ ਬੱਜਟ ਬਣਦੇ ਰਹੇ ਪਰ ਇਨ੍ਹਾਂ ਨੇ ਇਸ ਪਾਸੇ ਕੋਈ ਮਹੱਤਤਾ ਨਹੀਂ ਦਿੱਤੀ ਸੀ। ਇਨ੍ਹਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਕੁਝ ਨਹੀਂ ਕੀਤਾ ਅਤੇ ਜੇ ਮੈਂ ਕਹਾਂ ਕਿ ਅਕਾਲੀ ਸਰਕਾਰ ਨੇ ਕੁਝ ਨਹੀਂ ਕੀਤਾ ਤਾਂ ਇਸ ਤਰ੍ਹਾਂ ਗੱਲ ਨਹੀਂ ਬਣਦੀ। ਮੈਂ ਇਸ ਗੱਲ ਨੂੰ ਅਵਾਇਡ ਕਰਨਾ ਚਾਹੁੰਦਾ ਹਾਂ। ਲੇਕਿਨ ਮੈਂ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਕਿਸ ਸਰਕਾਰ ਨੇ ਦਿੱਤਾ? ਕੰਪਲਸਰੀ ਐਜੂਕੇਸ਼ਨ ਕਿਸ ਸਰਕਾਰ ਨੇ ਦਿੱਤੀ? ਇਹ ਸਾਰਾ ਕੁਝ ਕਾਂਗਰਸ ਪਾਰਟੀ ਦੀ ਸਰਕਾਰ ਨੇ ਕੀਤਾ। (ਵਿਘਨ) ਇਸ ਬੱਜਟ ਦੇ ਬਾਰੇ ਢੀਂਡਸਾ ਜੀ ਨੇ ਜੋ ਗੱਲਾਂ ਕਹੀਆਂ ਹਨ, ਉਨ੍ਹਾਂ ਨੂੰ ਮੈਂ ਧਿਆਨ ਨਾਲ ਸੁਣਿਆ ਹੈ। ਮੈਂ ਢੀਂਡਸਾ ਜੀ ਦਾ ਬੜਾ ਸਤਿਕਾਰ ਕਰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਇਸ ਸਰਕਾਰ ਦਾ ਆਦਰਸ਼ ਸਕੂਲ ਬੰਦ ਕਰ ਦੇਣ ਦਾ ਵਿਚਾਰ ਬਣ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ 3 ਸਾਲ ਸਰਕਾਰ ਰਹੀ ਹੈ ਅਤੇ 1977 ਤੋਂ 1980 ਤੱਕ ਅਗਰ ਇਨ੍ਹਾਂ ਨੇ ਕੋਈ ਪਰਫਾਰਮੈਂਸ ਸ਼ੋ ਕੀਤੀ ਹੈ, ਕੋਈ ਅਚੀਵਮੈਂਟ ਕੀਤੀ ਹੈ ਤਾਂ ਉਹ ਹੈ ਇਨ੍ਹਾਂ ਦਾ ਆਦਰਸ਼ ਸਕੂਲਾਂ ਦਾ ਬਣਾਇਆ ਜਾਣਾ।

ਮੈਂ ਆਦਰਸ਼ ਸਕੂਲਾਂ ਦੀ ਸਾਰੀ ਸਕੀਮ ਪੜ੍ਹੀ ਹੈ, ਸਭ ਕੁਝ ਵੇਖਿਆ ਹੈ ਲੇਕਿਨ ਅਖੀਰ ਵਿਚ ਇਸ ਤੇ ਇਕ ਸ਼ੇਅਰ ਯਾਦ ਆ ਗਿਆ :-

"ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ,
ਜੋ ਚੀਰਾ ਤੋਂ ਕਤਰਾਏ ਖੂੰਨ ਨਿਕਲਾ।"

ਸਪੀਕਰ ਸਾਹਿਬ, ਇਹ ਚੀਜ਼ ਪੈਦਾ ਕਰਕੇ ਇਹ ਕਹਿੰਦੇ ਹਨ ਕਿ ਸਾਡੀ ਤਾਰੀਫ਼ ਕਰੋ। ਹ ਉਸ ਵਿਚ ਮੈਂ ਆਂਕੜੇ ਦੇ ਕੇ ਅਰਜ਼ ਕਰਾਂਗਾ। ਇਨ੍ਹਾਂ ਨੇ ਫੈਸਲਾ ਕੀਤਾ ਕਿ ਹਰ ਬਲਾਕ ਪੱਧਰ ਤੇ ਇਕ ਆਦਰਸ਼

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਸਕੂਲ ਹੋਵੇਗਾ । ਔਰ ਇਸ ਆਦਰਸ਼ ਸਕੂਲ ਦੀ ਜਿਹੜੀ ਬਿਲਡਿੰਗ ਹੈ, ਉਸ ਦਾ ਕਾਨਸੈਪਟ ਕੀਤਾ, ਕਿ ਇਕ ਬੜੀ ਅਛੀ ਬਿਲਡਿੰਗ ਹੋਵੇਗੀ , ਅਛਾ ਸਟਾਫ ਹੋਵੇਗਾ ਔਰ ਅਛੀ ਪੜ੍ਹਾਈ ਹੋਵੇਗੀ ਲੇਕਿਨ ਜਿਸ ਵੇਲੇ ਖੋਲ੍ਹਣ ਲਗੇ, ਬਾਦਲ ਸਾਹਿਬ ਇਥੇ ਨਹੀਂ ਹਨ ਜੇ ਕਰ ਉਹ ਇਥੇ ਹੁੰਦੇ ਤਾਂ ਮੈਂ ਕਹਿ ਦਿੰਦਾ । ਇਹ ਜਿਹੜੇ ਆਦਰਸ਼ ਸਕੂਲ ਸਨ, ਇਨ੍ਹਾਂ ਨੂੰ ਇਕ ਪ੍ਰਾਈਜ਼ਡ ਚੀਜ਼ ਸਮਝਦੇ ਸਨ । ਅਤੇ ਇਹ ਆਪਣੇ ਇਲਾਕਿਆਂ ਵਿਚ ਲਾਗੇ ਲਾਗੇ ਦੇ ਪਿੰਡਾਂ ਵਿਚ ਲੈ ਗਏ । ਅੰਮ੍ਰਿਤਸਰ ਜ਼ਿਲ੍ਹੇ ਨੂੰ ਵੀ ਇਕ ਮਿਲ ਗਿਆ । ਸਰਦਾਰ ਉਮਰਾਨੰਗਲ ਜੀ ਬੜੇ ਤਗੜੇ ਵਜ਼ੀਰ ਸਨ, ਉਹ ਲੈ ਗਏ ਧੱਕੇ ਨਾਲ ਔਰ ਖੋਲ੍ਹ ਕਿਥੇ ਦਿੱਤਾ ਜਿਥੇ ਆਲਰੇਡੀ ਹਾਈ ਸਕੂਲ ਫੰਕਸ਼ਨ ਕਰ ਰਿਹਾ ਸੀ, ਜਿਥੇ ਬੱਚੇ ਪਹਿਲਾਂ ਪੜ੍ਹ ਰਹੇ ਸਨ, ਉਹ ਸਕੂਲ ਉਸ ਦੇ ਨਾਲ ਲਗਾ ਦਿਤਾ । ਜਿਹੜੇ ਬਚੇ ਉਥੇ ਹਾਈ ਸਕੂਲ ਵਿਚ ਪੜ੍ਹਦੇ ਹਨ, ਉਹ ਮਹਿਸੂਸ ਕਰਦੇ ਹਨ ਕਿ ਸਾਡੇ ਨਾਲ ਬੜਾ ਵਿਤਕਰਾ ਹੋਇਆ ਹੈ, ਸਾਨੂੰ ਉਸ ਸਕੂਲ ਵਿਚ ਦਾਖਲਾ ਨਹੀਂ ਮਿਲਿਆ , ਅਸੀਂ ਇਸ ਸਕੂਲ ਵਿਚ ਪੜ੍ਹ ਰਹੇ ਹਾਂ । ਇਨ੍ਹਾਂ ਨੇ ਡਿਸਪੈਰਿਟੀ ਪੈਦਾ ਕਰ ਦਿਤੀ । ਤੁਹਾਨੂੰ ਸਕੂਲ ਉਥੇ ਖੋਲ੍ਹਣਾ ਚਾਹੀਦਾ ਸੀ ਜਿਥੇ ਪਹਿਲਾਂ ਕੋਈ ਸਕੂਲ ਨਹੀਂ ਸੀ (ਵਿਘਨ) ਮੈਨੂੰ ਸਾਬਕਾ ਐਜੂਕੇਸ਼ਨ ਮੰਤਰੀ ਸਾਹਿਬ ਕਹਿੰਦੇ ਹਨ ਕਿ ਮੈਂ ਇਨ੍ਹਾਂ ਸਕੂਲਾਂ ਦਾ ਕਾਨਸੈਪਟ ਨਹੀਂ ਸਮਝ ਸਕਿਆ । ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਦੇ ਪਹਿਲਾਂ 4 ਆਦਰਸ਼ ਸਕੂਲ ਚਲਦੇ ਸੀ ਅਤੇ ਚੌ ਹੋਰ ਚਲ ਰਹੇ ਹਨ । ਇਹ 6 ਹੋ ਗਏ ਅਤੇ ਇਨ੍ਹਾਂ ਨੇ ਫੈਸਲਾ ਕੀਤਾ ਸੀ ਕਿ 36 ਸਕੂਲ ਖੋਲ੍ਹਾਂਗੇ । 1 ਕਰੋੜ 25 ਲੱਖ ਰੁਪਏ ਬਿਲਡਿੰਗਾਂ ਵਜੋਂ ਅਤੇ ਸਟਾਫ ਵਜੋਂ ਖਰਚ ਹੋ ਗਏ, ਇਨ੍ਹਾਂ ਵਿਚ ਰੈਕਰਿੰਗ ਐਕਸਪੈਂਡੀਚਰ ਨਹੀਂ ਹੈ । ਉਨ੍ਹਾਂ ਵਿਚ ਸਿਰਫ 40, 40 ਬਚੇ ਇਕ ਸੈਕਸ਼ਨ ਵਿਚ ਪੜ੍ਹਦੇ ਹਨ । ਤੁਸੀਂ ਅੰਦਾਜ਼ਾ ਲਗਾਓ ਕਿ 3 ਸਾਲਾਂ ਵਿਚ 6 ਸਕੂਲ ਖੋਲ੍ਹੇ ਸਾਡੇ ਪੰਜਾਬ ਵਿਚ ਜਿਸ ਵਿਚ ਐਨੇ ਪਿੰਡ ਸ਼ਾਮਲ ਹਨ (ਵਿਘਨ) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ 30 ਲੱਖ ਬਚੇ ਹਨ ਇਸ ਵੇਲੇ ਜਿਹੜੇ ਪੜ੍ਹ ਰਹੇ ਹਨ ਔਰ ਆਦਰਸ਼ ਸਕੂਲਾਂ ਵਿਚ ਕਿੰਨੇ ਬੱਚੇ ਪੜ੍ਹ ਰਹੇ ਹਨ? ਸਿਰਫ ਦੋ ਹਜ਼ਾਰ । ਕਿੰਨੀਆਂ ਸਦੀਆਂ ਲਗਣਗੀਆਂ ਇਨ੍ਹਾਂ ਆਦਰਸ਼ ਸਕੂਲਾਂ ਵਿਚ ਸਾਰੇ ਬੱਚੇ ਪੜ੍ਹਾਉਣ ਲਈ (ਵਿਘਨ) ਮੈਂ ਸਪੀਕਰ ਸਾਹਿਬ, ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ । ਜਿਥੋਂ ਤਕ ਮੇਰੀ ਜ਼ਾਤ ਦਾ ਤੁਅਲਕ ਹੈ, ਜਦੋਂ ਮੇਰੇ ਮਾਨਯੋਗ ਮੈਂਬਰ ਸਾਹਿਬਾਨ ਬੋਲਦੇ ਹਨ ਮੈਂ ਕਦੇ ਰੁਕਾਵਟ ਨਹੀਂ ਪਾਉਂਦਾ । ਸਰਦਾਰ ਦਰਬਾਰਾ ਸਿੰਘ ਨੇ ਸਬਬ ਨਾਲ ਮੈਨੂੰ ਵਜ਼ੀਰ ਬਣਾ ਦਿਤਾ, ਇਹ ਕਿਸ ਤਰ੍ਹਾਂ ਰੁਕਾਵਟਾਂ ਪਾਉਂਦੇ ਹਨ । ਮੈਂ ਸਪੀਕਰ ਸਾਹਿਬ, ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ ।

ਸਪੀਕਰ ਸਾਹਿਬ, ਹੁਣ ਮੈਂ ਪ੍ਰਾਇਮਰੀ ਸਕੂਲਾਂ ਤੇ ਆਉਣ ਲਗਾ ਹਾਂ । ਮੈਨੂੰ ਮੇਰੇ ਦੋਸਤ ਸਰਦਾਰ ਸੁਖਜਿੰਦਰ ਸਿੰਘ ਜੀ ਨੇ ਗਲ ਆਖੀ ਜਦੋਂ ਬਜਟ ਪੇਸ਼ ਕੀਤਾ ਕਿ ਤੂੰ ਐਜੂਕੇਸ਼ਨ ਮਨਿਸਟਰ ਚੰਗਾ ਬਣਿਆ ਹੈ ਕਿ 50 ਸਕੂਲਾਂ ਨਾਲ ਰਾਜ਼ੀ ਹੋ ਗਿਆ । ਮੈਂ ਇਨ੍ਹਾਂ ਨੂੰ ਕੁਝ ਨਹੀਂ ਕਿਹਾ । ਮੈਨੂੰ ਪਤਾ ਸੀ ਸਰਦਾਰ ਦਰਬਾਰਾ ਸਿੰਘ ਜੀ ਦੇ ਮਨ ਵਿਚ ਕਿੰਨਾ ਉਤਸ਼ਾਹ ਹੈ ਕਿ ਕਿੰਨੇ ਪ੍ਰਾਇਮਰੀ ਔਰ ਮਿਡਲ ਸਕੂਲ ਅੱਪਗਰੇਡ ਕੀਤੇ ਜਾਣੇ ਚਾਹੀਦੇ ਹਨ । ਮੈਂ ਉਸ ਦਿਨ ਇਨ੍ਹਾਂ ਨੂੰ ਨਹੀਂ ਦਸਿਆ । ਅਸੀਂ 250 ਸਕੂਲ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਕਰ ਦਿੱਤੇ ਹਨ । ਮੈਂ ਇਨ੍ਹਾਂ ਨੂੰ ਇਕ ਸੁਆਲ ਦੇ ਜਵਾਬ ਵਿਚ ਕਿਹਾ ਸੀ ਕਿ ਤੁਹਾਡੇ ਨਾਲੋਂ ਜ਼ਿਆਦਾ ਸਕੂਲ ਖੋਲ੍ਹਾਂਗੇ । ਮੈਂ ਇਨ੍ਹਾਂ ਦਾ ਵੀ ਦੱਸ ਦਿਦਾ ਹਾਂ ਜਿਹੜੇ ਇਨ੍ਹਾਂ ਨੇ ਆਪਣੇ 3 ਸਾਲਾਂ ਵਿਚ ਖੋਲ੍ਹੇ ਹਨ ਮੇਰੇ ਕੋਲ ਫਿਗਰਜ਼ ਮੌਜੂਦ ਹਨ । (ਵਿਘਨ) ਇਸ ਤਰ੍ਹਾਂ ਦੀ ਬੇ-ਬੁਨਿਆਦ ਗਲ ਇਨ੍ਹਾਂ ਦੇ ਵੇਲੇ ਦੇਖੀ । ਉਪਰਲੀ ਮੰਜ਼ਲ ਤਾਂ ਬਣ ਗਈ ਪਰ ਬੁਨਿਆਦ ਕੋਈ ਨਹੀਂ, ਥਲੇ ਵਾਲਿਆਂ ਦੀ ਕੋਈ ਬੁਨਿਆਦ ਨਹੀਂ । ਕੋਈ ਪ੍ਰਾਇਮਰੀ ਸਕੂਲ ਨਹੀਂ, ਹਾਈ ਸਕੂਲ ਖੋਲ੍ਹ ਦਿਤੇ, ਇਹ ਇਨ੍ਹਾਂ ਦੇ ਦਿਮਾਗ ਦੀ ਉਪਜ ਹੈ । ਐਨੀ ਬੇ-ਬੁਨਿਆਦ ਗਲ.....(ਵਿਘਨ) ।

Original with;
Punjab Vidhan Sabha
Digitized by;
Panjab Digital Library

Mr. Speaker : I feel that the guillotine which was to be applied at 1.15 P.M. may now be applied after 15 minutes i.e. at 1.30 P.M.

Is it the pleasure of the House ?

(*Voices* : *Yes, yes*)

Mr. Speaker : The guillotine will now be applied at 1.30 P.M.

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਹਉਸ ਨੂੰ ਮਿਸਲੀਡ ਕਰੀ ਜਾਂਦੇ ਹਨ। ਅਸੀਂ 1977-78 ਵਿਚ 240 ਪ੍ਰਾਇਮਰੀ ਤੋਂ ਮਿਡਲ ਅਤੇ 150 ਮਿਡਲ ਤੋਂ ਹਾਈ ਕੀਤੇ (ਵਿਘਨ)।

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਹ ਪਿਛਲੀ ਸਰਕਾਰ ਦੀ ਗਲ ਕਰਦੇ ਹਨ, ਜਿਹੜੀ ਕਿ 1972 ਤੋਂ 1977 ਤਕ ਰਹੀ। ਉਸ ਸਮੇਂ ਪ੍ਰਾਇਮਰੀ ਐਜੂਕੇਸ਼ਨ ਦਾ ਬੜਾ ਪਰਸਾਰ ਹੋਇਆ। ਜਿਨ੍ਹਾਂ ਪਿੰਡਾਂ ਵਿਚ ਸਕੂਲ ਨਹੀਂ ਸੀ, ਉਨਾਂਵਿਚ ਸਕੂਲ ਖੋਲੇ ਗਏ ਅਤੇ 1977 ਵਿਚ ਸੈਚੂਰੇਸ਼ਨ ਪੁਆਇਟ ਤੇ ਪਹੁੰਚ ਗਏ। (ਵਿਘਨ) 1972 ਤੋਂ 1977 ਤਕ ਸਾਡੀ ਐਵਰੇਜ 700 ਸਕੂਲਾਂ ਦੀ ਹੈ ਅੱਰ ਤੁਹਾਡੀ.... (ਵਿਘਨ)।

EXTENSION OF TIME OF THE SITTING

Mr. Speaker : Is it the pleasure of the House that the time of the sitting of the House may be extended by half an hour ?

(*Voices* : *Yes, yes*)

Mr. Speaker : The time of the sitting of the House is extended upto 2.00 P. M.

DISCUSSION AND VOTING OF DEMANDS FOR GRANTS FOR TNE YEAR 1980-81 (*Resumption*)

ਸਿਖਿਆ ਮੰਤਰੀ : ਮੈਂ ਆਨਰੇਬਲ ਸਾਬਕਾ ਵਿਦਿਆ ਮੰਤਰੀ ਨੂੰ ਕਹਾਂਗਾ ਕਿ ਇਹ ਸੁਣਨ ਦੀ ਸ਼ਕਤੀ ਰਖਣ, ਉਹ ਕਈ ਤਰ੍ਹਾਂ ਦੀਆਂ ਗਲਾਂ ਕਰ ਗਏ ਸੀ। (ਵਿਘਨ) ਇਨ੍ਹਾਂ ਨੇ 3 ਸਾਲਾਂ ਵਿਚ ਸਨ 1977 ਤੋਂ 1980 ਤਕ ਕੇਵਲ 10 ਪ੍ਰਾਇਮਰੀ ਸਕੂਲ ਖੋਲੇ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਅਰਜ਼ ਕਰਾਂ ਕਿ ਅੱਜ ਤਾਈਂ ਇਹ ਪਹਿਲਾਂ ਮੌਕਾ ਹੈ ਅੱਰ ਇਤਿਹਾਸ ਵਿਚ ਇਸ ਗਲ ਦੀ ਮਿਸਾਲ ਨਹੀਂ ਮਿਲਦੀ ਕਿ ਐਨੀਆਂ ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਜਾਣ। ਪਿੰਡਾਂ ਦੇ ਸਕੂਲਾਂ ਦੀਆਂ ਕੋਈ ਬਿਲਡਿੰਗਜ਼ ਨਹੀਂ। ਜਦੋਂ ਬਾਰਸ਼ ਹੋ ਜਾਵੇ ਤਾਂ ਸਕੂਲ ਬੰਦ ਹੋ ਜਾਂਦੇ ਹਨ ਜ਼ਰਾ ਮੌਸਮ ਖਰਾਬ ਹੋ ਜਾਵੇ ਤਾਂ ਸਕੂਲ ਬੰਦ ਹੋ ਜਾਂਦੇ ਹਨ। ਇਹ ਵੀ ਕਹਿੰਦੇ ਰਹੇ ਕਿ –

'ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ'

ਇਨ੍ਹਾਂ ਪਿੰਡਾਂ ਵਿਚ 2,450 ਸਕੂਲ ਹਨ ਅਤੇ ਬੜੇ ਅਫਸੋਸ ਦਾ ਮੁਕਾਮ ਹੈ ਕਿ ਇਨ੍ਹਾਂ ਨੇ ਇਕ ਪੈਸਾ ਨਹੀਂ ਲਾਇਆ। ਇਨ੍ਹਾਂ ਨੇ ਤਾਂ ਆਦਰਸ਼ ਸਕੂਲ ਖੋਲੇ ਹਨ। ਸਾਡੇ ਮਾਸੂਮ ਅੱਰ ਨਾਜ਼ੁਕ ਕਲੀਆਂ ਵਰਗੇ ਬੱਚੇ ਜੋ ਬਾਰਸ਼ ਵਿਚ ਭਿਜ ਜਾਂਦੇ ਹਨ ਉਨ੍ਹਾਂ ਬਾਰੇ ਇਨ੍ਹਾਂ ਨੂੰ ਕੋਈ ਖਿਆਲ ਨਹੀਂ

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਆਇਆ (ਵਿਘਨ) ਸਪੀਕਰ ਸਾਹਿਬ, ਇਸ ਤੋਂ ਬਾਅਦ ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਇਹ ਫੈਸਲਾ ਕਰ ਦਿੱਤਾ ਕਿ ਫੇਜ਼ ਪਰੋਗਰਾਮ ਬਣਾ ਲਓ ਅੱਰ ਉਸ ਦੇ ਮੁਤਾਬਕ 2,450 ਪਿੰਡਾਂ ਵਿਚ ਕੋਈ ਐਸਾ ਪ੍ਰਾਇਮਰੀ ਸਕੂਲ ਨਾ ਰਹਿ ਜਾਏ, ਜਿਸ ਦੀ ਬਿਲਡਿੰਗ ਨਾ ਹੋਵੇ । ਇਸ ਦੀ ਸਾਨੂੰ ਜ਼ਰੂਰ ਸ਼ਲਾਘਾ ਮਿਲਣੀ ਚਾਹੀਦੀ ਹੈ। (ਤਾੜੀਆਂ) ਇਥੇ ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਨੇ ਕਿਹਾ ਹੈ ਕਿ ਇਕ ਪਾਸੇ ਤਾਂ ਸਕੂਲਾਂ ਵਿਚ ਕੁਰਸੀਆਂ ਹਨ ਅਤੇ ਦੂਜੇ ਪਾਸੇ ਪਿੰਡਾਂ ਦੇ ਸਕੂਲਾਂ ਵਿਚ ਟਾਟ ਵੀ ਮੁਹੱਈਆਂ ਨਹੀਂ ਹੁੰਦੇ। ਕਈ ਸਕੂਲਾਂ ਵਿਚ ਬਲੈਕ ਬੋਰਡ ਨਹੀਂ ਹਨ। ਕਿਸੇ ਸਕੂਲ ਵਿਚ ਫਰਨੀਚਰ ਨਹੀਂ ਹੈ। ਲੇਕਿਨ ਅਸੀਂ ਫੈਸਲਾ ਕਰ ਦਿੱਤਾ ਹੈ ਕਿ ਭਾਵੇਂ ਅਸੀਂ ਹੋਰ ਪਾਸੇ ਖਰਚ ਘਟਾ ਦੇਈਏ ਲੇਕਿਨ ਸਾਰੇ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿਚ ਜਿਥੋਂ ਤਕ ਇਕੁਇਪਮੈਂਟ ਅਤੇ ਫਰਨੀਚਰ ਦਾ ਸਵਾਲ ਹੈ, ਇਹ ਜ਼ਰੂਰ ਅਸੀਂ ਫੇਜ਼ਡ ਪਰੋਗਰਾਮ ਵਿਚ ਪੂਰਾ ਕਰਕੇ ਦਿਆਂਗੇ (ਤਾੜੀਆਂ)

ਸਪੀਕਰ ਸਾਹਿਬ, ਕੱਲ ਰਾਜ ਕੁਮਾਰ ਜੀ ਨੇ ਕਿਹਾ ਸੀ ਕਿ ਕੋਈ ਇਥੇ ਪਲਾਨਿੰਗ ਨਹੀਂ, ਸੇਧ ਨਹੀਂ, ਡਾਇਰੈਕਸ਼ਨ ਨਹੀਂ। ਸਪੀਕਰ ਸਾਹਿਬ, ਮੇਰੇ ਸਾਹਮਣੇ ਬੈਠੇ ਵੀਰ ਇਹ ਕੰਮ ਨਹੀਂ ਕਰ ਸਕੇ ਭਾਵੇਂ ਖਾਹਿਸ਼ ਇਨ੍ਹਾਂ ਦੀ ਵੀ ਕਰਨ ਦੀ ਸੀ । ਇਹ ਵੀ ਚੁਣੇ ਹੋਏ ਨੁਮਾਇੰਦੇ ਸਨ। ਲੇਕਿਨ ਇਨ੍ਹਾਂ ਦੇ ਦਿਮਾਗ ਵਿਚ ਉਹ ਚੀਜ਼ ਆਈ ਹੀ ਨਹੀਂ। ਇਹ ਸੋਚ ਹੀ ਨਹੀਂ ਸਕੇ। ਅਸੀਂ ਪਹਿਲੀ ਦਫ਼ਾ ਸਟੇਟ ਕੌਂਸਲ ਆਫ ਐਜੂਕੇਸ਼ਨ, ਰਿਸਰਚ ਐਂਡ ਟਰੇਨਿੰਗ ਖੋਲ੍ਹਿਆ ਹੈ, ਜਿਥੇ ਕਿ ਪਰੀ-ਸਰਵਿਸ ਅਤੇ ਇਨ-ਸਰਵਿਸ ਟਰੇਨਿੰਗ ਹੋਵੇ। ਜਿਥੇ ਸਿਲੇਬਸ ਵਿਚ ਸੇਧ ਹੋਵੇ। ਐਜੂਕੇਸ਼ਨ ਦੇ ਸਿਸਟਮ ਨੂੰ ਬੇਹਤਰ ਕਰਨ ਲਈ ਉਹ ਵਿਚਾਰ ਦੇਣਗੇ। ਪੰਜਾਬ ਦੀ ਐਜੂਕੇਸ਼ਨ ਨੂੰ ਚੰਗਾ ਬਣਾਉਣ ਲਈ, ਇਕ ਸੋਹਣੀ ਪਾਲਿਸੀ ਇਸ ਕੌਂਸਲ ਵਿਚ ਬਣੇਗੀ । ਇਸ ਨਾਲ ਪੰਜਾਬ ਦੀ ਐਜੂਕੇਸ਼ਨ ਨੂੰ ਇਕ ਨਿਘਰ ਰੂਪ ਰੇਖਾ ਮਿਲੇਗੀ, ਚੰਗੀ ਸੇਧ ਅਤੇ ਡਾਇਰੈਕਸ਼ਨ ਮਿਲੇਗੀ। ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਇਸ ਦੇ ਸਿਟੇ ਜ਼ਰੂਰ ਚੰਗੇ ਨਿਕਲਣਗੇ।

ਸਪੀਕਰ ਸਾਹਿਬ, ਇਕ ਪਾਸਾ ਅਸੀਂ ਬਿਲਕੁਲ ਵਿਸਾਰ ਦਿੱਤਾ ਸੀ। ਉਸ ਪਾਸੇ ਸਾਡਾ ਖਿਆਲ ਬਿਲਕੁਲ ਨਹੀਂ ਸੀ। ਅਸੀਂ ਇਹ ਮਹਿਸੂਸ ਕਰਨੋਂ ਹੱਟ ਗਏ ਸੀ। ਜਿਤਨੀ ਦੇਰ ਸਾਡੇ ਬੱਚਿਆਂ ਦੀ ਸੈਂਟਰਲ ਸਰਵਿਸਿਜ਼ ਵਿਚ ਪ੍ਰਾਪਰ ਰਿਪਰਜ਼ੈਂਨਟੇਸ਼ਨ ਨਹੀਂ ਆਉਂਦੀ, ਪੰਜਾਬ ਕਿਤਨੀ ਵੀ ਤਰੱਕੀ ਖੇਤੀ ਦੇ ਖੇਤਰ ਵਿਚ ਜਾਂ ਹੋਰ ਪਾਸੇ ਕਰ ਜਾਵੇ, ਇਹ ਤਰੱਕੀ ਨਹੀਂ ਮੰਨੀ ਜਾਵੇਗੀ ਕਿਉਂਕਿ ਅੱਜ ਦੇ ਜ਼ਮਾਨੇ ਵਿਚ ਤਰੱਕੀ ਦਾ ਮਿਆਰ, ਯਾਰਡ ਸਟਿਕ ਇਹ ਹੁੰਦੀ ਹੈ ਕਿ ਸਿਵਲ ਸਰਵਿਸਿਜ਼ ਵਿਚ ਉਸ ਪ੍ਰਾਂਤ ਦੇ ਕਿਤਨੇ ਬੱਚੇ ਹਨ। ਪਹਿਲੀ ਦਫ਼ਾ ਕੁਝ ਕਾਲਜ ਅਸੀਂ ਸਿਲੈਕਟ ਕਰਕੇ ਉਥੇ ਕੈਰੀਅਰ ਕੋਰਸ਼ਿਜ਼ ਦੀ ਟਰੇਨਿੰਗ ਦੇਣ ਦਾ ਫੈਸਲਾ ਕੀਤਾ ਹੈ। ਜਿਹੜੇ ਰੂਰਲ ਏਰੀਏ ਦੇ ਚੰਗੇ ਬੱਚੇ ਹਨ, ਜਿਨ੍ਹਾਂ ਨੂੰ ਸ਼ਹਿਰਾਂ ਦੇ ਬਚਿਆਂ ਵਾਂਗ ਹੁਣ ਤਕ ਇੰਪਰੂਵ ਕਰਨ ਦਾ ਮੌਕਾ ਨਹੀਂ ਮਿਲਿਆ, ਉਨ੍ਹਾਂ ਨੂੰ ਉਨ੍ਹਾਂ ਕਾਲਜਾਂ ਵਿਚ ਦਾਖਲ ਕਰਕੇ ਸਿਵਲ ਸਰਵਿਸ਼ਿਜ਼ ਦੇ ਇਮਤਿਹਾਨਾਂ ਵਿਚ ਕੰਪੀਟ ਕਰਾਈਏ ਅਤੇ ਆਪਣੇ ਸੂਬੇ ਨੂੰ ਪੂਰੀ ਰਿਪਰੈਜ਼ੈਂਟੇਸ਼ਨ ਦਿਵਾਈਏ। ਸਾਨੂੰ ਇਹ ਪੁਰਾਣੀ ਕਮੀ ਮਹਿਸੂਸ ਹੋਣ ਲਗ ਪਈ ਸੀ। ਇਸ ਨੂੰ ਪੂਰਾ ਕਰਾਂਗੇ ਅਤੇ ਜਿਹੜੇ ਲੂਪ-ਹੋਲ ਇਸ ਵਿਚ ਹਨ ਉਨ੍ਹਾਂ ਨੂੰ ਪਲੱਗ ਕਰਾਂਗੇ । ਇਸ ਗਲ ਦਾ ਵੀ ਕਰੈਡਿਟ ਫਾਇਨਾਂਸ ਮਨਿਸਟਰ ਸਾਹਿਬ ਅਤੇ ਦੀਵਾਨ ਮਨਿਸਟਰ ਸਾਹਿਬ ਨੂੰ ਜਾਂਦਾ ਹੈ ।

ਸਪੀਕਰ ਸਾਹਿਬ, ਇਥੇ ਪ੍ਰਾਇਮਰੀ ਡਾਇਰੈਕਟੋਰੇਟ ਦੀ ਗਲ ਕੀਤੀ ਗਈ ਹੈ। They are welcome to get credit for that because they appointed one D.P.I. and some Officers at the block level.

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਗਰਾਸ ਰੂਟਸ ਨੂੰ ਫੰਡਾਮੈਂਟਲੀ ਇਗਨੋਰ ਕਰ ਦਿੱਤਾ। ਇਨ੍ਹਾਂ ਨੇ ਡਾਇਰੈਕਟੋਰੇਟ ਤਾਂ ਬਣਾਇਆ, ਪਰ ਟੀਚਰਜ਼ ਨੂੰ ਹੁਣ ਤਕ ਇਹ ਮਹਿਸੂਸ ਹੀ ਨਹੀਂ ਹੋਇਆ ਕਿ ਕੁਝ ਕੀਤਾ ਗਿਆ ਹੈ। ਹੈਡ ਟੀਚਰਜ਼ ਬਣਾਉਣ ਦੀ ਅਤੇ ਸੈਂਟਰ ਇਨਚਾਰਜ ਬਣਾਉਣ ਦੀ ਸਕੀਮ ਸਾਡੇ ਅੰਡਰ ਕਸਿਡਰੇਸ਼ਨ ਹੈ। ਮੌਕੇ ਮੁਤਾਬਿਕ ਫੰਡਜ਼ ਲਭੇ ਜਾ ਰਹੇ ਹਨ। ਅਸੀਂ ਸਾਰਾ ਕੰਮ ਕਰਾਂਗੇ। ਪ੍ਰਾਇਮਰੀ ਡਾਇਰੈਕਟੋਰੇਟ ਦੀ ਰੂਪ ਰੇਖਾ ਜਿਹੜੀ ਹੈ ਉਸ ਨੂੰ ਮੁਕੰਮਲ ਕਰਾਂਗੇ ਅਤੇ ਜਿਹੜੇ ਰੰਗ ਭਰਨੇ ਇਸ ਖਾਕੇ ਵਿਚ ਬਾਕੀ ਹਨ ਉਹ ਵੀ ਭਰਾਂਗੇ।

ਸਪੀਕਰ ਸਾਹਿਬ, ਮੈਂ ਇਕ ਗਲ ਕਰਨੋ ਨਹੀਂ ਰਹਿ ਸਕਦਾ। (ਅਕਾਲੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਇਹ ਪੰਜਾਬੀ ਭਾਸ਼ਾ ਦੇ ਆਪਣੇ ਆਪ ਨੂੰ ਅਲੰਬਰਦਾਰ ਸਮਝਦੇ ਹਨ। ਇਨ੍ਹਾਂ ਨੇ ਪੰਜਾਬੀ ਲੈਂਗੂਏਜ ਦਾ ਝੰਡਾ ਚੁਕਿਆ ਹੈ। ਮੈਂ ਤੁਹਾਡੇ ਰਾਹੀਂ ਇਸ ਹਾਊਸ ਦੀ ਜਾਣਕਾਰੀ ਲਈ ਦਸ ਦਿਆਂ ਕਿ ਪੰਜਾਬ ਦੇ ਸ਼ਰੋਮਣੀ ਪੱਤਰਕਾਰਾਂ ਨੂੰ ਦੋ ਸਾਲ ਇਹ ਅਵਾਰਡ ਹੀ ਨਹੀਂ ਦੇ ਸਕੇ, ਉਨ੍ਹਾਂ ਨੂੰ ਰਿਕੁਗਨਾਈਜ਼ ਹੀ ਨਹੀਂ ਕਰ ਸਕੇ। ਇਹ ਆਪਣੇ ਝਗੜਿਆਂ ਵਿਚ ਹੀ ਫਸੇ ਰਹੇ ਅਤੇ ਕੋਈ ਫੈਸਲਾ ਨਹੀਂ ਕਰ ਸਕੇ। ਇਹ ਕਿਸ ਤਰ੍ਹਾਂ ਦਾਅਵੇਦਾਰ ਬਣਦੇ ਹਨ। ਕਾਮਰੇਡ ਰਾਜ ਕੁਮਾਰ ਨੇ ਇਥੇ ਕਿਹਾ ਸੀ। ਮੈਨੂੰ ਉਹ ਸ਼ੇਅਰ ਯਾਦ ਆ ਗਿਆ ਹੈ। ਮੈਂ ਉਹ ਰਿਪੀਟ ਕਰਦਾ ਹਾਂ :-

'ਇਰਾਦਾ ਬਾਂਧਤਾ ਹੂੰ, ਇਰਾਦਾ ਬਾਂਧਤਾ ਹੂੰ', ਫਿਰ ਤੋੜਤਾ ਹੂੰ,
ਕਹੀਂ ਐਸਾ ਨਾ ਹੋ ਜਾਏ, ਕਹੀਂ ਐਸਾ ਨਾ ਹੋ ਜਾਏ।

ਇਹ ਫੈਸਲਾ ਹੀ ਨਹੀਂ ਕਰ ਪਾਏ ਕਿ ਕਿਹੜੇ ਸ਼ਰੋਮਣੀ ਪਤਰਕਾਰ ਹਨ। ਸਪੀਕਰ ਸਾਹਿਬ, ਅਸੀਂ ਪਿਛਲੇ ਅਵਾਰਡ ਵੀ ਦਿਆਂਗੇ। ਇਹ ਮੈਂ ਇਸ ਹਾਊਸ ਨੂੰ ਅਸ਼ੋਅਰ ਕਰਾਉਂਦਾ ਹਾਂ।

ਸਪੀਕਰ ਸਾਹਿਬ, ਆਪਸੀ ਝਗੜਿਆਂ ਕਾਰਣ ਇਹ ਪੰਜਾਬੀ ਯੂਨੀਵਰਸਿਟੀ ਵਿਚ ਸੈਨੇਟ ਦੇ ਮੈਂਬਰ ਨਹੀਂ ਦੇ ਸਕੇ। ਐਕਸ ਸਰਵਿਸ ਮੈਨ ਦੇ ਆਦਮੀ ਮੁਕੰਮਲ ਨਹੀਂ ਕਰ ਸਕੇ। ਸਾਰੇ ਪੁਰਾਣੇ ਕੇਸ ਵੇਖ ਕੇ ਅਸੀਂ ਮੁਕੰਮਲ ਕਰ ਰਹੇ ਹਾਂ।

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ।

ਸਿਖਿਆ ਮੰਤਰੀ : ਮੈਂ ਵਾਈਂਡ ਅਪ ਹੀ ਕਰਨ ਲਗਾ ਹਾਂ। ਸਪੀਕਰ ਸਾਹਿਬ ਮੈਂ ਕੋਲਬੋ ਪਲਾਨ ਦੇ ਤਹਿਤ 1962 ਵਿਚ ਯੂ. ਕੇ. ਗਿਆ। ਮੈਂ ਉਨ੍ਹਾਂ ਦਾ ਐਜੂਕੇਸ਼ਨ ਸਿਸਟਮ ਉਸ ਵੇਲੇ ਸਟੱਡੀ ਕੀਤਾ ਮੈਂ ਉਥੇ ਕੀ ਵੇਖਿਆ ? ਇਕ ਐਸੀ ਏਜ ਆ ਜਾਂਦੀ ਹੈ ਜਿਥੇ ਬਾਈਫਰਕੇਸ਼ਨ ਕਰ ਦਿੰਦੇ ਹਨ।

They call it 11 plus exam. They make this bifurcation that some people go in for Grammer Education and some for vocational guidance. That is why there is no suffocation among the educated youth.

ਸਪੀਕਰ ਸਾਹਿਬ ਉਥੇ ਛੁਰੇ ਮਾਰ ਕੇ ਪਾਸ ਨਹੀਂ ਹੁੰਦੇ, ਮੈਰਿਟ ਤੇ ਪਾਸ ਹੁੰਦੇ ਹਨ। ਭਾਵੇਂ ਕੋਈ ਲਾਰਡ ਦਾ ਬੱਚਾ ਹੋਵੇ ਤੇ ਭਾਵੇਂ ਮਜ਼ਦੂਰ ਦਾ ਬੱਚਾ ਹੋਵੇ, ਉਹ ਮੈਰਿਟ ਦੇ ਬੇਸ਼ਿਜ਼ ਤੇ ਹੀ ਪਾਸ ਹੁੰਦਾ ਹੈ। ਮੈਂ ਅਰਜ਼ ਕਰਾਂਗਾ ਕਿ ਵੋਕੇਸ਼ਨਲ ਗਾਈਡੈਂਸ ਦਾ ਪ੍ਰੋਗਰਾਮ 1977 ਵਿਚ 150 ਸਕੂਲਾਂ ਵਿਚ ਸ਼ੁਰੂ ਕੀਤਾ ਸੀ। ਇਨ੍ਹਾਂ ਨੇ 1977 ਤੋਂ 1979 ਤਕ, ਤਿੰਨੇ ਸਾਲ ਇਹ ਪ੍ਰੋਗਰਾਮ ਛੱਡ ਦਿਤਾ। ਅਸੀਂ ਫਿਰ ਉਸ ਨੂੰ ਅਡਾਪਟ ਕਰਕੇ ਨਵੇਂ ਸਕੂਲ ਚੁਣੇ ਹਨ। ਜਿਨ੍ਹਾਂ ਵਿਚ ਵੋਕੇਸ਼ਨਲ ਗਾਈਡੈਂਸ

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਮਿਲੇਗੀ। ਅਗਰ ਬੱਚਾ ਮਹਿਸੂਸ ਕਰੇਗਾ ਕਿ ਪੜ੍ਹਾਈ ਠੀਕ ਨਹੀਂ ਤਾਂ ਉਹ ਦੂਜੇ ਪਾਸੇ ਚਲਾ ਜਾਵੇਗਾ। ਮੈਂ ਵਾਈਂਡ ਅਪ ਕਰਦੇ ਹੋਏ ਇਕ ਸਾਰਿਆਂ ਨਾਲੋਂ ਵੱਡੀ ਗਲ ਇਹ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਪ੍ਰਾਇਮਰੀ ਸਕੂਲ ਹੋਵੇ, ਮਿਡਲ ਸਕੂਲ ਹੋਵੇ ਜਾ ਹਾਈ ਸਕੂਲ ਹੋਵੇ ਉਥੇ ਪੇਰੈਂਟ ਟੀਚਰ ਐਸੋਸ਼ੀਏਸ਼ਨ ਜ਼ਰੂਰ ਹੋਵੇ। ਮੇਰੇ ਦੋਸਤ ਸਰਦਾਰ ਸੁਖਜਿੰਦਰ ਸਿੰਘ ਜੀ ਮੇਰੇ ਨਾਲ ਸੌ ਫੀ ਸਦੀ ਅੰਗਰੀ ਕਰਨਗੇ ਕਿ ਜਿਹੜਾ ਪੁਰਾਣਾ ਰਿਲੇਸ਼ਨਸ਼ਿਪ ਸੀ ਟੀਚਰ ਅਤੇ ਟਾਟ ਦਾ ਉਹ ਫਿਰ ਪੈਦਾ ਹੋਵੇ। ਓਲਡ ਸੈਂਟੀਮੈਂਟ ਜਿਹੜਾ ਸੀ, ਉਹ ਰਿਵਾਈਵ ਕੀਤਾ ਜਾਵੇਗਾ। ਜਿਹੜੇ ਟੀਚਰ ਇਨ੍ਹਾਂ ਪੇਰੈਂਟ ਟੀਚਰ ਐਸੋਸੀਏਸ਼ਨਾਂ ਵਿਚ ਚੰਗਾ ਕੰਮ ਕਰਨਗੇ ਉਨ੍ਹਾਂ ਦੀ ਰਿਕੁਗਨੀਸ਼ਨ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਮਾਨਤਾ ਦਿਤੀ ਜਾਵੇਗੀ। ਅਸੀਂ ਭਾਵੇਂ ਉਨ੍ਹਾਂ ਨੂੰ ਇਨਕਰੀਮੈਂਟਸ ਦੇਈਏ। ਉਨ੍ਹਾਂ ਦੇ ਕੰਮ ਦੀ ਜਾਂਚ ਹੋਵੇਗੀ । ਸਾਡੇ ਪੜਤਾਲੀਏ ਅਫਸਰ ਇਹ ਵੇਖਣਗੇ ਕਿ ਪੇਅਰੈਂਟ ਟੀਚਰ ਐਸੋਸ਼ੀਏਸ਼ਨ ਪਿੰਡ ਵਿਚ ਹੈ ਜਾਂ ਨਹੀਂ। ਮੈਂ ਅਰਜ਼ ਕਰਾਂਗਾ, ਸਪੀਕਰ ਸਾਹਿਬ, ਕਿ ਕਈ ਛੋਟੇ ਛੋਟੇ ਮਸਲੇ ਪੇਅਰੈਂਟ ਟੀਚਰ ਐਸੋਸੀਏਸ਼ਨ ਵਿਚ ਤਾਲ ਮੇਲ ਨਾਲ ਹੱਲ ਹੋਣਗੇ। ਇਹ ਸਾਰਿਆਂ ਨਾਲੋਂ ਵੱਡੀ ਅਚੀਵਮੈਂਟ ਹੈ।

ਸਪੀਕਰ ਸਾਹਿਬ, ਬਾਕੀ ਮੈਂ ਇਕੋ ਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਟੀਚਰਜ਼ ਦੀ ਸਰਵਿਸ ਸਿਕਿਉਰਿਟੀ ਦਾ ਤੁਅੱਲਕ ਹੈ, ਐਜ਼ ਏ ਕਲਾਸ ਅਸੀਂ ਉਨ੍ਹਾਂ ਦੀ ਇਹ ਗਲ ਮੰਨਦੇ ਹਾਂ ਉਨ੍ਹਾਂ ਨੂੰ ਸੁਸਾਇਟੀ ਦੇ ਤੌਰ ਤੇ ਅਸੀਂ ਪੂਰੀ ਤਰ੍ਹਾਂ ਨਾਲ ਉਨ੍ਹਾਂ ਨੂੰ ਰਿਕੁਗਨਾਈਜ਼ ਕਰਦੇ ਹਾਂ। ਐਸੀ ਭਾਵਨਾ ਦੇ ਨਾਲ ਅਸੀਂ ਉਨ੍ਹਾਂ ਟੀਚਰਾਂ ਦੇ ਮਸਲੇ ਹੱਲ ਕਰਨੇ ਹਨ, ਐਜੂਕੇਸ਼ਨ ਦਾ ਪਰਸਾਰ ਕਥਨਾ ਹੈ। ਐਜੂਕੇਸ਼ਨ ਦੀ ਸਫਲਤਾ ਜਿਹੜੀ ਹੈ, ਉਹ ਤਾਂ ਵੱਕਤ ਦਸੇਗਾ । ਪਰ ਇਤਨਾ ਮੈਂ ਕਹਾਂਗਾ ਕਿ ਅਸੀਂ ਜਿਹੜੇ ਪ੍ਰੋਗਰਾਮ ਬਣਾਏ ਹੋਏ ਹਨ, ਜਦੋਂ ਉਨ੍ਹਾਂ ਦੇ ਨਤੀਜੇ ਨਿਕਲਣਗੇ ਤਾਂ ਤੁਹਾਡੇ ਸਾਹਮਣੇ ਆਉਣਗੇ। ਮੈਂ ਹਾਊਸ ਨੂੰ ਇਹ ਬੇਨਤੀ ਕਰਾਂਗਾ ਕਿ ਟੀਚਰਾਂ ਦੇ ਉਹ ਸਾਰੇ ਮਸਲੇ ਜ਼ੋਰੇ-ਜ਼ੋਰ ਹਨ ਜੋ ਮੈਂਬਰ ਸਾਹਿਬਾਨ ਨੇ ਆਨ ਦੀ ਫਲੋਰ ਆਫ ਦੀ ਹਾਊਸ ਦੱਸੇ ਹਨ। ਉਹ ਮਾਨਯੋਗ ਮੈਂਬਰ ਇਹ ਨਾ ਸਮਝਣ ਕਿ ਮੈਂ ਸਾਰਿਆਂ ਦਾ ਜਵਾਬ ਨਹੀਂ ਦਿੱਤਾ ਇਸ ਲਈ ਸ਼ਾਇਦ ਮੇਰੇ ਨਾਲਿਜ ਵਿਚ ਨਾ ਹੋਣ । ਨਹੀਂ, ਸਾਰੇ ਹੀ ਮਸਲੇ ਮੇਰੇ ਨੋਟਿਸ ਵਿਚ ਹਨ and I will take necessary action on them. ਹੁਣ ਮੈਂ ਬੇਨਤੀ ਕਰਾਂਗਾ ਕਿ ਜਿਹੜੇ ਆਨਰੇਬਲ ਮੈਂਬਰਜ਼ ਨੇ ਕੱਟ ਮੋਸ਼ਨਜ਼ ਦਿਤੀਆਂ ਹਨ ਉਹ ਐਜ਼ ਏ ਜੈਸਚਰ ਆਫ ਗੁੱਡਵਿਲ ਉਨ੍ਹਾਂ ਨੂੰ ਵਾਪਸ ਲੈ ਲੈਣ [ਤਾਕਿ ਡਿਮਾਂਡਜ਼ ਯੂਨੈਨੀਮਸਲੀ ਪਾਸ ਹੋ ਜਾਣ ।

(ਠੀਕ ਹੈ ਜੀ, ਠੀਕ ਹੈ ਜੀ ਦੀਆਂ ਆਵਾਜ਼ਾਂ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਕਲਾਈਮੈਕਸ ਵਿਚ ਹੀ ਗਲਾਂ ਕਰਦੇ ਰਹੇ ਹਨ, ਉਨ੍ਹਾਂ ਨੇ ਪ੍ਰਾਪਰ ਸਾਡੀਆਂ ਗੱਲਾਂ ਦਾ ਜਵਾਬ ਨਹੀਂ ਦਿੱਤਾ। ਪਲਾਨਿੰਗ ਬਾਰੇ ਹੀ ਜਵਾਬ ਦਿੰਦੇ ਰਹੇ ਹਨ।

ਸਰਦਾਰ ਸੁਖਜਿੰਦਰ ਸਿੰਘ ਖੇਰਾ : ਸਪੀਕਰ ਸਾਹਿਬ, ਮੈਂ ਦੋ ਗੱਲਾਂ ਦੀ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਜੀ। ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਠੀਕ ਹੈ ਅਸੀਂ ਇਨ੍ਹਾਂ ਦੀ ਕੱਟ ਮੋਸ਼ਨਾਂ ਦੀ ਗੱਲ ਮੰਨ ਲਈ ਹੈ, ਅਸੀਂ ਵਾਪਸ ਲੈਂਦੇ ਹਾਂ। ਪਰ ਜੋ ਪਰਾਇਮਰੀ ਸਕੂਲਾਂ ਬਾਰੇ ਕਿਹਾ ਹੈ ਕਿ ਪਹਿਲੀ ਵਾਰ ਇਕ ਕਰੋੜ ਰੁਪਿਆ ਰਖਿਆ ਹੈ। ਸਪੀਕਰ ਸਾਹਿਬ, ਹਰ ਇਕ ਗੌਰਮਿਟ ਕੋਈ ਨਾ ਕੋਈ ਕੰਮ ਕਰਦੀ ਹੈ। ਪਤਾ ਨਹੀਂ ਇਹ ਕਹਿੰਦੇ ਹਨ ਕਿ 2,400 ਸਕੂਲਾਂ ਦੀਆਂ ਇਮਾਰਤਾਂ ਪਿੰਡਾਂ ਵਿਚ ਨਹੀਂ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਬਿਲਡਿੰਗਾਂ ਦੇ ਬਣਾਉਣ ਦਾ

Original with;
Punjab Vidhan Sabha
Digitized by;
Panjab Digital Library

ਮਾਡਲ ਕੀ ਹੈ। ਇਕ ਬਿਲਡਿੰਗ ਤੇ ਕਾਸਟ ਕੀ ਆਵੇਗਾ ਅੌਰ ਇਨ੍ਹਾਂ ਦੇ ਉਸ ਹਿਸਾਬ ਨਾਲ 2,400 ਸਕੂਲਾਂ ਦੀਆਂ ਬਿਲਡਿੰਗਾਂ ਕਿਤਨੇ ਸਾਲਾਂ ਵਿਚ ਕੰਪਲੀਟ ਹੋਣਗੀਆਂ ? ਇਕ ਤਾਂ ਇਹ ਕਲੈਰੀਫਿਕੇਸ਼ਨ ਦੇਣ ਅੌਰ ਦੂਸਰੀ ਮੈਂ ਇਹ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਿਹੜੀਆਂ ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਦੀਆਂ ਪੋਸਟਾਂ ਸੀਜ਼ ਕੀਤੀਆਂ ਗਈਆਂ ਸਨ ਅੌਰ ਉਥੇ ਅੈਜੂਕੇਸ਼ਨ ਵਧੀਆ ਵੀ ਦਿੱਤੀ ਜਾਂਦੀ ਹੈ, ਅੌਰ ਉਨ੍ਹਾਂ ਸਕੂਲਾਂ ਵਿਚ ਬੱਚੇ ਵੀ ਵੱਧੇ ਹਨ, ਕੀ ਇਸ ਚੀਜ਼ ਨੂੰ ਮੁੱਖ ਰਖ ਕੇ ਉਨ੍ਹਾਂ ਵਾਸਤੇ ਟੀਚਰਾਂ ਦੀਆਂ ਪੋਸਟਾਂ ਨੂੰ ਰੀਲੀਜ਼ ਕਰਨਗੇ ?

(ਕੋਈ ਉੱਤਰ ਨਾ ਆਇਆ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਸੰਨ 1977 ਵਿਚ ਇਨ੍ਹਾਂ ਦੀਆਂ ਪੋਸਟਾਂ ਨੂੰ ਰਿਲੀਜ਼ ਕਰਨ ਦਾ ਕਾਂਗਰਸ ਗੌਰਮਿੰਟ ਦਾ ਫੈਸਲਾ ਸੀ ਅੌਰ ਇਹ ਆਪਣੇ ਰਾਜ ਵਿਚ ਉਸ ਫੈਸਲੇ ਨੂੰ ਵੀ ਲਾਗੂ ਨਹੀਂ ਕਰ ਸਕੇ।

ਸ਼੍ਰੀ ਸਪੀਕਰ : ਸਾਡੇ ਪਾਸ ਟਾਈਮ ਥੋੜ੍ਹਾ ਹੈ । ਹੁਣ ਸੀ, ਅੈਮ. ਸਾਹਿਬ ਜਵਾਬ ਦੇਣ ਜੀ ।

(ਇਸ ਸਮੇਂ ਮਾਨਯੋਗ ਮੁੱਖ ਮੰਤਰੀ ਜੀ ਬੋਲਣ ਲਈ ਖੜੇ ਹੋਏ) (ਬੰਪਿੰਗ)

ਸਰਦਾਰ ਸੁਖਜਿੰਦਰ ਸਿੰਘ ਖੇਰਾ: ਸਪੀਕਰ ਸਾਹਿਬ, ਮੇਰੀ ਕਲੈਰੀਫਿਕੇਸ਼ਨ ਦਾ ਜਵਾਬ ਨਹੀਂ ਦਿਤਾ ਗਿਆ ਜੀ। ਇਹ ਬੜੇ ਹੀ ਅਹਿਮ ਪੁਆਇੰਟ ਹਨ ਜੀ।

ਸ਼੍ਰੀ ਸਪੀਕਰ : ਜੋ ਅੈਜੂਕੇਸ਼ਨ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਸੀ, ਉਹ ਦੇ ਦਿੱਤਾ ਹੈ। I do not have the time. ਇਹ ਡਿਮਾਂਡਜ਼ ਪਾਸ ਕਰਾਉਣੀਆਂ ਹਨ। ਤੁਸੀਂ ਬੈਠੋ, ਸੀ. ਅੈਮ. ਸਾਹਿਬ ਜਵਾਬ ਦੇਣ ਲਗੇ ਹਨ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਬਾਰੇ ਜਿਹੜੇ ਸਵਾਲ ਉਠਾਏ ਗਏ ਹਨ, ਉਨ੍ਹਾਂ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਚੀਜ਼ ਉਤੇ ਬੋਲਣ ਵਾਸਤੇ ਸਮਾਂ ਤਾਂ ਬਹੁਤ ਚਾਹੀਦਾ ਹੈ ਲੇਕਿਨ ਮਾੜੀ ਮੋਟੀ ਚੀਜ਼ ਮੈਂ ਅਰਜ਼ ਕਰ ਦਿੰਦਾ ਹਾਂ।

ਸਪੀਕਰ ਸਾਹਿਬ, ਗੱਲ ਇਹ ਹੈ ਕਿ ਟ੍ਰਾਂਸਪੋਰਟ ਦੇ ਮਹਿਕਮੇ ਬਾਰੇ ਮੈਂ ਨਹੀਂ ਸੀ ਕਿਹਾ ਕਿਸੇ ਹੋਰ ਆਦਮੀ ਨੇ ਮੈਨੂੰ ਲਿਖ ਕੇ ਭੇਜਿਆ ਸੀ । ਉਹ ਅੈਕਸ ਮਨਿਸਟਰ ਰਹੇ ਹਨ। ਇਸ ਕਰਕੇ ਉਨ੍ਹਾਂ ਨੇ ਲਿਖ ਕੇ ਭੇਜ ਦਿੱਤਾ ਕਿ ਟਰਾਂਸਪੋਰਟ ਦੀ ਇਹ ਹਾਲਤ ਹੈ। ਮੈਂ ਕੋਈ ਕਿਸੇ ਮਨਿਸਟਰ ਵਾਸਤੇ ਨਹੀਂ ਕਿਹਾ ਸੀ। ਬਾਕੀ ਸਪੀਕਰ ਸਾਹਿਬ, ਜਦੋਂ ਅਸੀਂ ਡਿਮਾਂਡਜ਼ ਤੇ ਡਿਸਕਸ਼ਨ ਕਰਦੇ ਹਾਂ ਤਾਂ ਮਾੜਾ ਮੋਟਾ ਕਿਸੇ ਤੇ ਕਟਾਕਸ਼ ਵੀ ਹੋ ਜਾਂਦਾ ਹੈ । ਪਰ ਮੈਂ ਜੋ ਕਿਹਾ ਸੀ, ਉਹ ਕਿਸੇ ਖਾਸ ਆਦਮੀ ਬਾਰੇ ਨਹੀਂ ਕਿਹਾ ਸੀ ਅੌਰ ਮੈਂ ਕੋਈ ਗਲਤ ਵੀ ਨਹੀਂ ਕਿਹਾ ਸੀ ਲੇਕਿਨ ਕੁਝ ਗੱਲਾਂ ਅੈਸੀਆਂ ਹਨ, ਜਿਹੜੀਆਂ ਕਿ ਬੱਸਾਂ ਦੇ ਸੁਧਾਰ ਵਾਸਤੇ ਜ਼ਰੂਰੀ ਹਨ। ਮੈਂ ਸਮਝਦਾ ਹਾਂ ਕਿ ਉਹ ਇਸ ਵਾਸਤੇ ਵੀ ਹੋਇਆ ਹੈ ਕਿ ਪਹਿਲਾ ਨਵੀਆਂ ਬੱਸਾਂ ਜਾਂ ਟਰਿਪਸ ਬਾਰੇ ਕੋਈ ਉਪਰਾਲਾ ਨਹੀਂ ਕੀਤਾ ਅੌਰ ਨਾ ਹੀ ਕਿਹਾ ਹੈ ਕਿ ਨੈਸ਼ਨਲਾਈਜ਼ੇਸ਼ਨ ਨਹੀਂ ਹੋਣੀ ਚਾਹੀਦੀ ਜਾਂ ਹੋਣੀ ਚਾਹੀਦੀ ਹੈ। ਤੁਹਾਨੂੰ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਤਾਂ ਕਹਿਣਾ ਚਾਹੀਦਾ ਸੀ ਜਿਹੜੇ ਪ੍ਰਾਈਵੇਟ ਬੱਸਾਂ ਵਾਲੇ ਹਨ, ਉਨ੍ਹਾਂ ਨੂੰ ਕਿ ਤੁਸੀਂ ਹੀ ਹੋਰ ਬੱਸਾਂ ਚਲਾਓ । ਪਰ ਤੁਸੀਂ ਇਹ ਵੀ ਨਹੀਂ ਕੀਤਾ। ਤੁਸੀਂ ਤਾਂ ਆਪਣੇ ਬੰਦਿਆਂ ਨੂੰ ਹੀ ਪਰਮਿਟ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦਿੰਦੇ ਰਹੇ ਹੋ । ਪਰ ਇਸ ਦੇ ਨਾਲ ਕੰਮ ਨਹੀਂ ਸਰਦਾ। ਇਸ ਕਰਕੇ ਤੁਹਾਨੂੰ ਚਾਹੀਦਾ ਇਹ ਸੀ ਕਿ ਤੁਸੀਂ ਇਹ ਕਰਦੇ ਕਿ ਉਨ੍ਹਾਂ ਪ੍ਰਾਈਵੇਟ ਉਪਰੇਟਰਾਂ ਨੂੰ ਕਹਿੰਦੇ ਕਿ ਜਿਤਨਾ ਚਿਰ ਤਕ ਨੈਸ਼ਨੇਲਾਈਜ਼ੇਸ਼ਨ ਨਹੀਂ ਹੁੰਦੀ ਪ੍ਰਾਈਵੇਟ ਟ੍ਰਾਂਸਪੋਰਟਰ ਨੂੰ ਅਸੀਂ ਜ਼ਿਆਦਾ ਹਿੱਸਾ ਰੂਟਸ ਦਾ ਦਿੰਦੇ ਹਾਂ ਤਾਂ ਕਿ ਜੇਕਰ ਸਾਡੇ ਤੋਂ ਨਹੀਂ ਬੱਸਾਂ ਚਲਦੀਆਂ ਤਾਂ ਉਹ ਹੀ ਚਲਾ ਲੈਣ। ਪਰ ਇਹ ਗਲ ਵੀ ਤੁਸੀਂ ਨਹੀਂ ਕੀਤੀ । ਇਹ ਤਾਂ ਮਹਿਸੂਸ ਹੀ ਸ਼ਾਇਦ ਤੁਸੀਂ ਨਹੀਂ ਕੀਤਾ ਹੋਵੇਗਾ। ਪਰ ਲੋਕ ਮਹਿਸੂਸ ਇਹ ਕਰਦੇ ਸਨ :–

"ਮਾਹੀਏ ਦੀਆਂ ਛਾਰੀਆਂ,
ਨਾ ਸ਼ੀਸ਼ੇ ਨਾ ਬਾਰੀਆਂ।
ਧੱਕਾ ਲਾਉਣ ਸਵਾਰੀਆਂ,
ਕਿਸਮਤ ਦੀਆਂ ਮਾਰੀਆਂ।"

(ਥੰਪਿੰਗ) (ਬਹੁਤ ਹਾਸਾ)

(ਆਵਾਜ਼ਾਂ-ਵਾਹ ਵਾ, ਵਾਹ ਵਾ)

ਵੈਦ ਕਰਤਾਰ ਸਿੰਘ : (ਬੈਠੇ, ਬੈਠੇ) ** ** **

Chief Minister (Sardar Darbara Singh) : I would request you, Mr. Speaker, that the Member is using unparliamentary language and he should be stopped. (*Interruption*) (Addressing Vaid Kartar Singh) You are using unparliamentary language. You have no right to say * * I would request you Mr. Speaker, to ask him to withdraw these words. He must withdraw these words.

Sardar Baldev Singh Maan : These have not become part of the record. When these are not on record then there is nothing to withdraw.

Mr. Speaker : These words are expunged.

ਮੁੱਖ ਮੰਤਰੀ : ਸਪੀਕਰ ਸਾਹਿਬ, ਸੱਭ ਤੋਂ ਪਹਿਲਾਂ ਮਾਸਟਰ ਦਲੀਪ ਚੰਦ ਜੀ ਬੋਲੇ ਅੌਰ ਉਨ੍ਹਾਂ ਨੇ ਬਲਾਚੌਰ ਕਾਂਸਟੀਚਿਊਐਂਸੀ ਬਾਰੇ ਦਸਿਆ ਹੈ ਕਿ ਉਥੇ ਬੱਸਾਂ ਸਸਪੈਂਡ ਕੀਤੀਆਂ ਹਨ। ਅਸੀਂ ਜੋ ਸੱਸਪੈਂਡ ਕੀਤੀਆਂ ਹਨ, ਉਹ ਚਾਲੂ ਕਰਾਂਗੇ। ਸਪੀਕਰ ਸਾਹਿਬ, ਬਾਰਸ਼ ਦੇ ਮੌਸਮ ਵਿਚ ਕਈ ਥਾਵਾਂ ਐਸੀਆਂ ਵੀ ਹਨ ਜਿਥੇ ਪੱਕੀਆਂ ਸੜਕਾਂ ਭਾਵੇਂ ਹੋਣ ਪਰ ਉਥੇ ਚੋਅ ਕਾਰਣ ਬੱਸਾਂ ਰੁਕ ਜਾਂਦੀਆਂ ਹਨ। ਕਾਮਰੇਡ ਜੀ ਨੇ ਕੁਝ ਸਵਾਲ ਉਠਾਏ ਸਨ। ਸਪੀਕਰ ਸਾਹਿਬ, ਸਾਡੇ ਪਾਸ ਸੈਂਕਸ਼ੰਡ ਫਲੀਟ 2,192 ਦਾ ਹੈ ਅੌਰ ਇਸ ਵਿਚ ਪਾਸੀਬਲ ਨਹੀਂ ਕਿ ਸਾਰੇ ਹੈਡਕੁਆਰਟਰਜ਼ ਤੋਂ ਬੱਸਾਂ ਚਲ ਸਕਣ। ਫਿਰ ਇਥੇ ਥਰੀ ਟਾਇਰ ਸਿਸਟਮ ਦੀ ਗੱਲ ਆਈ। ਸਪੀਕਰ ਸਾਹਿਬ, ਸਵਾਲ ਇਹ ਨਹੀਂ ਹੈ ਬਲਕਿ ਸਵਾਲ ਤਾਂ ਇਹ ਹੈ ਕਿ ਬੱਸਾਂ ਨੂੰ ਠੇਡੇ ਦੇ ਡਿਪੂ ਤੋਂ ਸਰਵਿਸ ਮਿਲ ਸਕੇ ਤਾ ਕਿ ਘਾਟਾ ਵੀ ਪੂਰਾ ਕੀਤਾ ਜਾ ਸਕੇ। ਜਿਨ੍ਹਾਂ ਥਾਵਾਂ ਤੇ ਘਾਟੇ ਪਏ ਹਨ, ਜੋ ਡਿਪੂ ਹਨ, ਉਨ੍ਹਾਂ ਦੀ ਚੈਕਿੰਗ ਵਾਸਤੇ ਬੰਦੇ ਭੇਜ ਦਿਤੇ ਹਨ। 12 ਡਿਪੂ ਹਨ ਜਿਨ੍ਹਾਂ ਤੇ ਫੌਰੀ ਤੌਰ ਤੇ ਬੰਦੇ ਭੇਜੇ ਗਏ ਹਨ, ਉਹ ਵੇਖਣਗੇ ਕਿ ਜਿਹੜਾ ਸਾਮਾਨ ਇਸ਼ੂ ਕੀਤਾ ਗਿਆ ਹੈ, ਠੀਕ ਹੈ ਠੀਕ ਥਾਂ ਤੇ ਪਿਆ ਹੈ। ਉਸ ਦੇ ਨਾਲ ਹੀ, ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਬੱਸ ਸਟੈਂਡ ਬਣਨ। ਠੀਕ ਹੈ ਪੈਸੇ ਥੋੜ੍ਹੇ ਹੋਣਗੇ, ਹੋਰ ਇੰਤਜ਼ਾਮ ਕਰਾਂਗੇ, ਭੁਸੀਂ ਆਪ ਤਾਂ ਕਰ ਨਹੀਂ ਸਕੇ।

**Expunged as order by the Chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਕਿਤੇ ਸੰਕੋਚ ਵੀ ਕਰਨਾ ਪੈ ਜਾਂਦਾ ਹੈ। ਸਪੀਕਰ ਸਾਹਿਬ, ਟੈਕਸ ਇਵੇਜ਼ਨ ਦੀ ਜਿਹੜੀ ਗੱਲ ਹੈ, ਉਸ ਦੇ ਬਾਰੇ ਇਹ ਕਿਹਾ ਹੈ ਕਿ ਟੈਕਸ ਇਵੇਜ਼ਨ ਬਹੁਤ ਹੁੰਦੀ ਹੈ। ਸਪੀਕਰ ਸਾਹਿਬ ਜਦੋਂ ਅਸੀਂ ਚਾਹੁੰਦੇ ਹਾਂ ਕਿ ਜਿਹੜੀ ਸਵਾਰੀ ਹੈ ਉਹ ਬਸ ਦੇ ਅੰਦਰ ਹੀ ਬੈਠੇ, ਬਸ ਦੇ ਉਪਰ ਨਾ ਬੈਠੇ। ਬਸ ਦੇ ਉਪਰ ਸਵਾਰੀਆਂ ਬੈਠਣ ਨਾਲ ਕਈ ਵਾਰ ਐਕਸੀਡੈਂਟਸ ਹੁੰਦੇ ਹਨ। ਕਈ ਵਾਰ ਬਸ ਕਿਸੇ ਟਾਹਲੀ ਵਿਚ ਜਾ ਵਜਦੀ ਹੈ। ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਹੁੰਦੀਆਂ ਹਨ। ਨਾਲ ਹੀ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਜਿਹੜੀਆਂ ਸਵਾਰੀਆਂ ਹਨ ਉਹ ਟਿਕਟ ਲੈ ਕੇ ਬੈਠਣ। ਪਰ ਜੇ ਸਵਾਰੀਆਂ ਬਸਾਂ ਦੇ ਉਪਰ ਬੈਠਣਗੀਆਂ ਤਾਂ ਇਹ ਨਹੀਂ ਪਤਾ ਲਗੇਗਾ ਕਿ ਕਿਸ ਨੇ ਟਿਕਟ ਲਈ ਹੈ ਅਤੇ ਕਿਸ ਨੇ ਨਹੀਂ ਲਈ ਹੈ। ਇਸ ਲਈ ਸਾਨੂੰ ਸਾਰੀਆਂ ਰੂਟਾਂ ਦਾ ਪ੍ਰਬੰਧ ਕਰਨਾ ਪੈਣਾ ਹੈ।

ਸਪੀਕਰ ਸਾਹਿਬ, ਇਥੇ ਨੈਸ਼ਨੇਲਾਈਜ਼ੇਸ਼ਨ ਦਾ ਜ਼ਿਕਰ ਕੀਤਾ ਗਿਆ। ਨੈਸ਼ਨੇਲਾਈਜ਼ੇਸ਼ਨ ਪਾਲਿਸੀ ਬਾਰੇ ਕਿਹਾ ਗਿਆ। ਪਿਛਲੇ ਸਾਲ ਇਸ ਦੇ ਬਾਰੇ ਕੀ ਉਪਰਾਲੇ ਕੀਤੇ ਗਏ ? ਇਸ ਬਾਰੇ ਮੈਨੂੰ ਤਾਂ ਨਹੀਂ ਪਤਾ। ਪਰ ਇਹ ਗੱਲ ਜ਼ਰੂਰ ਕਹਾਂਗਾ ਕਿ ਨੈਸ਼ਨੇਲਾਈਜ਼ੇਸ਼ਨ ਵਾਲੇ ਪਾਸੇ ਇਹ ਵੀ ਨਹੀਂ ਤੁਰੇ ਸਨ। ਇਥੇ ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਕਈ ਕਾਰਣਾ ਕਰਕੇ ਇਹ ਕੰਮ ਨਹੀਂ ਕਰ ਸਕੇ। ਠੀਕ ਹੈ ਮੈਂ ਮੰਨਦਾ ਹਾਂ ਕਈ ਕਾਰਣ ਹਨ। ਪਰ ਮੈਂ ਇਹ ਦਸਣਾ ਚਾਹੁਦਾ ਹਾਂ ਕਿ ਅਸੀਂ ਇਸ ਪਾਸੇ ਵਲ ਜ਼ਿਆਦਾ ਤੁਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਸ ਬਾਰੇ ਆਂਕੜਿਆਂ ਵਿਚ ਨਹੀਂ ਜਾਣਾ ਚਾਹੁੰਦਾ, ਪਰ ਮੈਂ ਇਹ ਜ਼ਰੂਰ ਕਹਿੰਦਾ ਹਾਂ ਕਿ ਅੱਜ ਜੇ ਪਿੰਡਾਂ ਵਿਚ ਜਾਓ ਤਾਂ ਉਹ ਇਹ ਕਹਿੰਦੇ ਹਨ ਕਿ ਜਿਹੜੀ ਬਸ ਪਹਿਲੇ ਇਸ ਪਾਸੇ ਨੂੰ ਆਉਂਦੀ ਸੀ, ਉਹ ਹੁਣ ਰੁਕ ਗਈ ਹੈ ਜਾਂ ਇਸ ਰੂਟ ਤੇ ਤਾਂ ਕਦੇ ਬਸ ਚਲੀ ਹੀ ਨਹੀਂ। ਅਸੀਂ ਇਹ ਜ਼ਰੂਰ ਚਾਹੁੰਦੇ ਹਾਂ ਕਿ ਜਿਹੜੀਆਂ ਪਿੰਡਾਂ ਦੀਆਂ ਸਵਾਰੀਆਂ ਹਨ, ਉਨ੍ਹਾਂ ਨੂੰ ਇਕ ਮੁਕਾਮ ਤੋਂ ਲੈ ਕੇ ਦੂਜੇ ਮੁਕਾਮ ਤੇ ਪਹੁੰਚਾਇਆ ਜਾ ਸਕੇ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਕੋਈ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਜਾਵੇ, ਜਿਸ ਨਾਲ ਕਿ ਇਸ ਵਿਚ ਕੁਝ ਸੁਧਾਰ ਆ ਸਕੇ। ਸਾਡੀ ਕੋਸ਼ਿਸ਼ ਹੈ ਕਿ ਜਿੰਨੀ ਦੇਰ ਕੰਪਲੀਟ ਨੈਸ਼ਨੇਲਾਈਜ਼ੇਸ਼ਨ ਨਹੀਂ ਹੋ ਜਾਂਦੀ ਉਤਨੇ ਤਕ ਜਿਤਨੇ ਵੀ ਰੂਟਾਂ ਤੇ ਬਸਾਂ ਨਹੀਂ ਚਲ ਰਹੀਆਂ ਉਨ੍ਹਾਂ ਤੇ ਬਸਾਂ ਨੂੰ ਚਲਾਇਆ ਜਾਵੇ। ਇਸ ਵਾਸਤੇ ਚਾਹੇ ਪਰਮਿੱਟ ਦਿਤੇ ਜਾਣ ਜਾਂ ਜਿਨ੍ਹਾਂ ਨੂੰ ਰੂਟ ਮਿਲੇ ਹਨ ਉਨ੍ਹਾਂ ਨੂੰ ਉਸ ਰੂਟ ਤੇ ਚਲਾਇਆ ਜਾਵੇ।

ਮੇਰੇ ਚੌਸਤ ਕਾਮਰੇਡ ਸਾਹਿਬ, ਨੇ ਜੋ ਨੈਸ਼ਨੇਲਾਈਜੇਸ਼ਨ ਵਾਸਤੇ ਕਿਹਾ ਹੈ। ਮੈਂ ਉਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਇਸ ਵਾਸਤੇ ਬਾਕੀ ਔਕੜਾਂ ਤੋਂ ਇਲਾਵਾ ਫੰਡਜ਼ ਦੀ ਬਹੁਤ ਵਡੀ ਔਕੜ ਹੈ। ਇਸ ਲਈ ਇਸ ਵਿਚ ਦੇਰ ਹੋ ਰਹੀ ਹੈ। ਹੁਣੇ ਜਿਵੇਂ ਇਥੇ ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਇਕ ਹਜ਼ਾਰ ਹੋਰ ਬਸਾਂ ਪਾਉਣ ਦੀ ਲੋੜ ਹੈ। ਜੇ ਅਸੀਂ ਇਕ ਹਜ਼ਾਰ ਬਸਾਂ ਦਾ ਹਿਸਾਬ ਲਾਈਏ ਤਾਂ ਕਰੋੜਾਂ ਰੁਪਏ ਦਾ ਖਰਚਾ ਬਣਦਾ ਹੈ। ਫੰਡਜ਼ ਨਾ ਹੋਣ ਕਰਕੇ ਹੀ ਅਸੀਂ ਇਸ ਪਾਸੇ ਨਹੀਂ ਤੁਰ ਸਕਦੇ। ਪਰ ਇਹ ਜਿਹੜਾ ਘਾਟਾ ਚਲਿਆ ਆ ਰਿਹਾ ਹੈ, ਇਹ ਬਹੁਤ ਪੁਰਾਣਾ ਚਲਿਆ ਆ ਰਿਹਾ ਹੈ। ਠੀਕ ਹੈ ਉਨ੍ਹਾਂ ਨੇ ਥੁਝ ਕੋਸ਼ਿਸ਼ ਕੀਤੀ ਪਰ ਜੇ ਉਹ ਪੂਰੀ ਤਰ੍ਹਾਂ ਤਵੱਜੋ ਇਸ ਪਾਸੇ ਦਿੰਦੇ ਤਾਂ ਇਹ ਘਾਟਾ ਦੂਰ ਹੋ ਸਕਦਾ ਸੀ। ਹੁਣ ਜੇ ਇਨ੍ਹਾਂ ਵਿਚ ਅਸੀਂ ਨੈਸ਼ਨੇਲਾਈਜ਼ੇਸ਼ਨ ਕਰੀਏ ਤਾਂ ਉਹ ਪ੍ਰਾਈਵੇਟ ਓਪਰੇਟਰਜ਼ ਸਾਡੇ ਕੋਲੋਂ ਕਈ ਕੰਪਨਸੇਸ਼ਨ ਮੰਗਣਗੇ। ਠੀਕ ਹੈ ਮੈਂ ਸਮਝਦਾ ਹਾਂ ਕਿ ਜਿਸ ਨੇ ਹੁਣੇ ਹੀ ਮੋਟਰ ਲਈ ਹੈ ਢਾਈ 3 ਲੱਖ ਰੁਪਿਆ ਲਾ ਕੇ ਔਰ ਜੇ ਅਸੀਂ ਉਸ ਨੂੰ ਟੇਕ ਓਵਰ ਕਰ ਲਈਏ ਤਾਂ ਉਸ ਨੂੰ ਜ਼ਰੂਰ ਕੰਪਨਸੇਸ਼ਨ ਮਿਲਣਾ ਵੀ ਚਾਹੀਦਾ ਹੈ। ਉਨ੍ਹਾਂ ਦੀ ਮੈਨੇਜਮੈਂਟ ਹੈ, ਜਿਹੜੇ ਵਰਕਰਜ਼ ਹਨ ਉਨ੍ਹਾਂ ਨੂੰ ਹਟਾਉਣ ਤੋਂ ਪਹਿਲਾਂ ਸਰਕਾਰ ਨੂੰ ਉਨ੍ਹਾਂ ਦਾ ਇੰਤਜ਼ਾਮ ਕਰਨਾ ਪਵੇਗਾ। ਪਰ ਮੈਂ ਇਹ ਕਹਿੰਦਾ ਹਾਂ

Original with;
Punjab Vidhan Sabha
Digitized by:
Panjab Digital Library

[ਮੁੱਖ ਮੰਤਰੀ]

ਕਿ ਸਾਨੂੰ ਇਸ ਵਿਚ ਕੋਈ ਹੈਜ਼ੀਟੇਸ਼ਨ ਨਹੀਂ ਹੈ। ਸਿਰਫ ਫੰਡਜ਼ ਦੀ ਕਮੀ ਕਾਰਣ ਹੀ ਦੇਰ ਹੋ ਰਹੀ ਹੈ। ਹੋਰ ਕੋਈ ਪੈਚੀਦਗੀ ਨਹੀਂ ਹੈ।

ਇਸ ਦੇ ਨਾਲ ਹੀ ਇਥੇ ਜੋ ਗਲ ਬੀਰ ਪਾਲ ਸਿੰਘ ਨੇ ਕਹੀ ਹੈ ਕਿ ਜਨਰਲ ਮੈਨੇਜਰ ਨੂੰ ਹਟਾਇਆ ਗਿਆ ਹੈ, ਇਸ ਬਾਬੇ ਢੀਂਡਸਾ ਸਾਹਿਬ ਨੇ ਵੀ ਕਿਹਾ ਹੈ। ਇਸ ਸਬੰਧ ਵਿਚ ਮੇਰੀ ਅਰਜ਼ ਇਹ ਹੈ ਕਿ ਇਸ ਬਾਰੇ ਸਾਫ ਕੀਤਾ ਗਿਆ ਹੈ ਕਿ ਉਸ ਦੀ ਅਪੁਆਇੰਟਮੈਂਟ ਐਡਹਾਕ ਤੌਰ ਤੇ ਸੀ ਫਿਰ ਬਾਅਦ ਵਿਚ ਜਦੋਂ ਪਬਲਿਕ ਸਰਵਿਸ ਕਮਿਸ਼ਨ ਨੇ ਉਸ ਨੂੰ ਰਿਜੈਕਟ ਕਰ ਦਿਤਾ ਤਾਂ ਫਿਰ ਸਾਡੇ ਪਾਸ ਕੋਈ ਚਾਰਾ ਨਹੀਂ ਰਹਿ ਜਾਂਦਾ। ਇਹ ਕੰਮ ਪਬਲਿਕ ਸਰਵਿਸ ਕਮਿਸ਼ਨ ਨੇ ਕੀਤਾ ਹੈ, ਅਸੀਂ ਨਹੀਂ ਕੀਤਾ। ਹਾਂ ਜੇ ਤੁਸੀਂ ਚਾਹੁੰਦੇ ਹੋ ਕਿ ਪਬਲਿਕ ਸਰਵਿਸ ਕਮਿਸ਼ਨ ਦੇ ਪਰਵਿਊ ਵਿਚੋਂ ਅਜਿਹੀਆਂ ਜ਼ਰੂਰੀ ਪੋਸਟਾਂ ਹਟਾ ਲੈਣੀਆਂ ਚਾਹੀਦੀਆਂ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਅਸੀਂ ਸਿਫਾਰਸ਼ ਕਰਾਂਗੇ। ਔਰ ਜੇ ਪਬਲਿਕ ਸਰਵਿਸ ਕਮਿਸ਼ਨ ਦੀ ਵਰਕਿੰਗ ਬਾਰੇ ਕੋਈ ਇਤਰਾਜ਼ ਹੈ ਔਰ ਚਾਹੁੰਦੇ ਹੋ ਕਿ ਕੁਝ ਖਿਚਣਾ ਚਾਹੀਦਾ ਹੈ ਤਾਂ ਅਸੀਂ ਖਿਚ ਲਵਾਂਗੇ। ਪਰ ਜਿੰਨਾ ਚਿਰ ਪਬਲਿਕ ਸਰਵਿਸ ਕਮਿਸ਼ਨ ਕੰਮ ਕਰਦਾ ਹੈ ਉਸ ਨੇ ਜੋ ਸਿਲੈਕਸ਼ਨ ਕਰਨੀ ਹੈ, ਉਸ ਨੂੰ ਸਾਨੂੰ ਮੰਨਣਾ ਪਵੇਗਾ। (ਵਿਘਨ) ਮੈਂ ਇਨ੍ਹਾਂ ਗਲਾਂ ਵਿਚ ਨਹੀਂ ਜਾਣਾ ਚਾਹੁਦਾ। ਪਰ ਜੇ ਤੁਸੀਂ ਇਜ਼ਾਜਤ ਦਿਓ ਅਤੇ ਚਾਹੁੰਦੇ ਹੋ ਕਿ ਪਬਲਿਕ ਸਰਵਿਸ ਕਮਿਸ਼ਨ ਨੂੰ ਤੋੜਨਾ ਹੈ ਤਾਂ ਅਸੀਂ ਪਿਛੇ ਨਹੀਂ ਹਟਾਂਗੇ। ਜੋ ਤੁਸੀਂ ਚਾਹੁੰਦੇ ਹੋ ਅਸੀਂ ਤਾਂ ਉਹ ਰਿਕੁਮੈਂਡੇਸ਼ਨ ਕਰ ਦਿਆਂਗੇ।

ਡਾਕਟਰ ਸਾਹਿਬ ਨੇ ਇਥੇ ਕਿਹਾ ਹੈ ਕਿ ਪੈਪਸੂ ਵਿਚ ਬਸ ਸਰਵਿਸ ਬਹੁਤ ਮਾੜੀ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੀ ਬਸ ਸਰਵਿਸ ਲਈ ਕੋਈ ਅਜਿਹੀ ਸਕੀਮ ਲਿਆਈ ਜਾਵੇ, ਜਿਸ ਨਾਲ ਕਿ ਸਾਨੂੰ ਵੀ ਕੁਝ ਹੈਲਪ ਹੋ ਸਕੇ। ਜੇ ਸਾਨੂੰ ਸੈਂਟਰਲ ਗੋਰਮਿੰਟ ਨੇ ਇਜ਼ਾਜਤ ਦਿਤੀ ਤਾਂ ਅਸੀਂ ਫੈਸੀਜ਼ 100 ਜਾਂ 200 ਬਾਹਰ ਤੋਂ ਵੀ ਲੈ ਸਕਦੇ ਹਾਂ। ਸਾਡੇ ਪੰਜਾਬੀ ਬਾਹਰ ਬਹੁਤ ਗਏ ਹੋਏ ਹਨ। ਜੇ ਇਥੇ ਇਸ ਤਰ੍ਹਾਂ ਦੀ ਕੋਈ ਕੋਆਪਰੇਟਿਵ ਸੁਸਾਇਟੀ ਬਣਾ ਕੇ ਇਹ ਕੰਮ ਚਲ ਸਕਦਾ ਹੋਇਆ ਤਾਂ ਇਹ ਸਾਨੂੰ ਬਹੁਤ ਹੈਲਪਫੁਲ ਹੋਵੇਗਾ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਜਿਹੜੇ ਮੈਂਬਰ ਨੇ ਇਥੇ ਵਿਚਾਰ ਦਸੇ ਸਨ, ਮੈਂ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਨੂੰ ਜਵਾਬ ਦਿਤਾ ਜਾ ਸਕੇ। ਇਤਨਾ ਕਹਿੰਦਾ ਹੋਇਆ ਬੈਠਦਾ ਹਾਂ ਅਤੇ ਇਹ ਕਹਿੰਦਾ ਹਾਂ ਕਿ ਇਨ੍ਹਾਂ ਡਿਮਾਂਡਜ਼ ਨੂੰ ਪਾਸ ਕੀਤਾ ਜਾਵੇ।

Demand No. 16

Mr. Speaker : Now I put Cut Motion to Demand No. 16 by Sardar Gurdev Singh Badal, M.L.A., to the vote of the House.

Mr. Speaker : Question is—

That the demand be reduced by Re. 1.

The motion was lost

Mr. Speaker : Now I put Cut Motion to Demand No. 16 by Sardar Baldev Singh Mann, M.L.A., to the vote of the House.

(Interruption by Sardar Baldev Singh Mann).

Original with;
Punjab Vidhan Sabha
Digitized by;
Panjab Digital Library

Mr. Speaker : Question is—

That the demand be reduced by Re. 1.

The motion was lost.

Mr. Speaker : Now I put the Cut Motion to Demand No. 16 by Comrade Raj Kumar, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Now I put Cut Motion to Demand No. 16 by Sardar Dalip Singh Pandhi, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Question is—

That a sum not exceeding Rs. 65,05,74.000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Education.

The motion was carried.

Demand No. 37

Mr. Speaker : Now I put the first Cut Motion to Demand No. 37 by Sardar Prem Singh Lalpura, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Now I put the second Cut Motion to Demand No. 37 by Sardar Gurdev Singh Badal, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Now I put the third Cut Motion to Demand No. 37 by Sardar Baldev Singh Mann, M.L.A., to the vote of the House.

Original with;
Punjab Vidhan Sabha
Digitized by;
Panjab Digital Library

Mr. Speaker : Question is—

That the demand be reduced by Re. 1.

The motion was lost.

Mr. Speaker : Now I put the fourth Cut Motion to Demand No. 37 by Comrade Raj Kumar, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Now I put the fifth Cut Motion to Demand No. 37 by Sardar Dalip Singh Pandhi, M.L.A., to the vote of the House.

Mr. Speaker : Question is—

That the demand be reduced by Re. 1.

The motion was lost.

Mr. Speaker : Question is—

That a sum not exceeding Rs. 27,52,77,000 on Revenue Account and Rs. 4,66,67,000 on Capital Account be granted to the Governor to defray the charges that will come in course of payment for the year 1980-81 (excluding the amount already voted on account), in respect of Road Transport.

The motion was carried.

Demand No. 1

Mr. Speaker : Question is—

That a sum not exceeding Rs. 50,32,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of State Legislature.

The motion was carried.

Demand No. 2

Mr. Speaker : Question is—

That a sum not exceeding Rs. 52,39,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Council of Ministers.

The motion was carried

Demand No. 3

Mr. Speaker : Question is—

That a sum not exceeding Rs. 1,85,71,000 on Revenue Account be granted to the Governor to defray the charges that will come in course of payment for the

Original with;
Punjab Vidhan Sabha
Digitized by;
Panjab Digital Library

year 1980-81 (excluding the amount already voted on account) in respect of Administration of Justice.

The motion was carried

Demand No. 4

Mr. Speaker : Question is—

That a sum not exceeding Rs. 9.77.000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Elections.

The motion was carried

Demand No. 5

Mr. Speaker : Question is,—

That a sum not exceeding Rs. 8,95,56,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Revenue.

The motion was carried

Demand No. 6

Mr. Speaker : Question is—

That a sum not exceeding Rs. 2,04,43,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Excise and Taxation.

The motion was carried

Demand No. 7

Mr. Speaker : Question is—

That a sum not exceeding Rs. 7,06,22,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Finance.

The motion was carried

Demand No. 8

Mr. Speaker : Question is—

That a sum not exceeding Rs. 8,69,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Public Service Commission.

The motion was carried

Original with;
Punjab Vidhan Sabha
Digitized by:
Panjab Digital Library

Demand No. 12

Mr. Speaker : Question is—

That a sum not exceeding Rs. 1,40,81,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Jails.

The motion was carried

Demand No. 13

Mr. Speaker : Question is.—

That a sum not exceeding Rs. 2,29,71,000 on Revenue Account and Rs. 8,67,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Stationery and Printing.

The motion was carried

Demand No. 14

Mr. Speaker : Question is—

That a sum not exceeding Rs. 1,85,84,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Miscellaneous Services.

The motion was carried

Demand No. 15

Mr. Speaker : Question is—

That a sum not exceeding Rs. 42,56,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Rehabilitation, Relief and Resettlement.

The motion was carried

Demand No. 17

Mr. Speaker : Question is—

That a sum not exceeding Rs. 1,00,07,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Technical Education.

The motion was carried.

Demand No. 18

Mr. Speaker : Question is—

That a sum not exceeding Rs. 25,25,11,000 on Revenue Account and Rs. 1,00,00,000 on Capital Account be granted to the Governor to defray the charges that

Original with;
Punjab Vidhan Sabha
Digitized by;
Panjab Digital Library

will come in course of payment for the year 1980-81 (excluding the amount already voted on account) in respect of Medical and Public Health.

The motion was carried.

Demand No. 19

Mr. Speaker : Question is—

That a sum not exceeding Rs. 1,74,98,000 on Revenue Account and Rs. 4,70,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Housing and Urban Development.

The motion was carried.

Demand No. 20

Mr. Speaker : Question is—

That a sum not exceeding Rs. 86,41,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Information and Publicity.

The motion was carried.

Demand No. 21

Mr. Speaker : Question is—

That a sum not exceeding Rs. 26,37,000 on Revenue Account and Rs. 30,00,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Tourism and Cultural Affairs.

The motion was carried.

Demand No. 24

Mr. Speaker : Question is—

That a sum not exceeding Rs. 68,13,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Planning and Statistics.

The motion was carried.

Demand No. 27

Mr. Speaker : Question is—

That a sum not exceeding Rs. 2,55,90,000 on Revenue Account be granted to the Governor to defray the charges that will come in course of payment for the year 1980-81 (excluding the amount already voted on acoount) in respect of Soil and Water Conservation.

The motion was carried.

Original with;
Punjab Vidhan Sabha
Digitized by;
Panjab Digital Library

Demand No. 28

Mr. Speaker : Question is—

That a sum not exceeding Rs. 5,52,97,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Food.

The motion was carried.

Demand No. 29

Mr. Speaker : Question is—

That a sum not exceeding Rs. 4,88,63,000 on Revenue Account and Rs. 10,00,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Animal Husbandry.

The motion was carried.

Demand No. 30

Mr. Speaker : Question is—

That a sum not exceeding Rs. 35,70,000 on Revenue Account and Rs. 35,00,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Dairy Development.

The motion was carried.

Demand No. 31

Mr. Speaker : Question is—

That a sum not exceeding Rs. 30,15,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Fisheries.

The motion was carried.

Demand No. 32

Mr. Speaker : Question is—

That a sum not exceeding Rs. 2,52,08,000 on Revenue Account be granted to the Governor to defray the charges that will come in course of payment for the year 1980-81 (excluding the amount already voted on account) in respect of Forest.

The motion was carried.

Demand No. 33

Mr. Speaker : Question is—

That a sum not exceeding Rs. 12,15,36,000 on Revenue Account be granted to the Governor to defray the charges that will come in course of payment for

Original with;
Punjab Vidhan Sabha
Digitized by;
Panjab Digital Library

the year 1980-81 (excluding the amount already voted on account) in respect of Community Development.

The motion was carried.

Demand No. 34

Mr. Speaker : Question is—

That a sum not exceeding Rs.4,31,46,000 on Revenue Account and Rs.3,19,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Industries.

The motion was carried.

Demand No. 35

Mr. Speaker : Question is—

That a sum not exceeding Rs. 17,25,000 on Revenue Account and Rs. 16,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Civil Aviation.

The motion was carried.

Demand No. 36

Mr. Speaker : Question is—

That a sum not exceeding Rs. 13,98,73,000 on Revenue Account and Rs. 8,33,33,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Roads and Bridges.

The motion was carried.

Demand No. 40

Mr. Speaker : Question is—

That a sum not exceeding Rs.21,21,85,000 on Revenue Account and Rs.8,12,37,000 on Capital Account be granted to the Governor to defray the charges that will come in course of payment for the year 1980-81 (excluding the amount already voted on account) in respect of Buildings.

The motion was carried.

Demand No. 41

Mr. Speaker : Question is—

That a sum not exceeding Rs. 87,61,65,000 on Capital Account be granted to the Governor to defray the charges that will come in course of payment for

Original with;
Punjab Vidhan Sabha
Digitized by;
Panjab Digital Library

the year 1980-81 (excluding the amount already voted on account) in respect of Loans and Advances by the State Government.

The motion was carried.

Mr. Speaker : The House stands adjourned till 2.45 P.M. today, the 18th July, 1980.

*1.53 *P.M.* (*The Sabha then* **adjourned till* 2.45 *P.M. on the* 18*th July*, 1980

Original with:
Punjab Vidhan Sabha
Digitized by:
Panjab Digital Library

APPENDIX
TO
PUNJAB VIDHAN SABHA DEBATES
Dated the 18th July, 1980 (Forenoon Sitting)

Vol. I No. 17

CONSTRUCTION OF DHARAMSHALAS FOR SCHEDULED CASTES IN DISTRICT AMRITSAR

***134. Sardar Lakha Singh** : Will the Minister for Welfare be pleased to state—

(a) The block-wise number of villages in District Amritsar in which Dharamshalas for the Scheduled Castes have since been constructed with the Government aid ;

(b) The number and names of those villages block-wise in the said District where such Dharamshalas are yet to be constructed and the time by which the Government aid is proposed to be given for this purpose.

ਚੌਧਰੀ ਜਗਤ ਰਾਮ ; (ੳ) 849; ਅੰਤਿਕਾ-I ਦੀ ਤਰ੍ਹਾਂ ।

(ਅ) 38; ਅੰਤਿਕਾ-II ਦੀ ਤਰ੍ਹਾਂ ।

ਇਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਵਾਂ ਦੀ ਉਸਾਰੀ ਲਈ ਸਮੇਂ ਦੀ ਕੋਈ ਸੀਮਾਂ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ਹੈ ਕਿਉਂਕਿ ਇਹ ਕਈ ਤੱਤਾਂ ਤੇ ਨਿਰਭਰ ਹੈ, ਜਿਵੇਂ ਫੰਡਾਂ ਦੀ ਉਪਲਭਧਤਾ, ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਦੀ ਯੋਗ ਆਬਾਦੀ ਤੇ ਜ਼ਮੀਨ ।

ANNEXURE—I

(a) Blockwise number of villages in District Amritsar in which Dharamshalas have been constructed with the Government aid :

Serial No.	Name of the Block		Total number of villages in which Dharamshalas have been constructed
1	Jandiala Guru	..	50
2	Verka	..	46
3	Rayya	..	68
4	Majitha	..	72
5	Tarsika	..	67
6	Ajnala	..	131
7	Chogawan	..	86
8	Tarn Taran	..	54
9	Chohla Sahib	..	21
10	Gandiwind	..	56
11	Naushehra Pannuan	..	35
12	Khadur Sahib	..	45
13	Patti	..	43
14	Bhikhiwind	..	47
15	Valtoha	..	28
	Total	..	849

Original with;
Punjab Vidhan Sabha
Digitized by;
Panjab Digital Library

ANNEXURE– II

Serial No.	Name of the Block	Name of the village where Dharamshalas are yet to be sanctioned in 1980-81
1	Verka	.. 1. Nowshera
2	Majitha	.. 2. Rorhi
3	Rayia	.. 3. Bhinder 4. Ball Sarai 5. Gajiwal Miani 4. Khasi Thane Wal
4	Tarsika	.. 7. Banian
5	Ajnala	.. 8. Daria Dal 9. Laharka 10. Kotli Kajian
6	Chugawan	.. 11. Bhindi Nain 12. Sarai Lohar 13. Kotli Khelwan 14. Valat 15. Dudal 16. Bhawan 17. Alipur 18. Lala Afgan 19. Manrhi 20. Virak 21. Kanon 22. Adar 23. Makhan Pura
7	Patti	.. 24. Bahewal 25. Mararh 26. Gaddeke 27. Jattoke 28. Talwandi Macksandan Singh
8	Bhikhi Wind	.. 29. Theh Nowshera
9	Valtoha	.. 30. Amirke 31. Nuro Wala
10	Tarn Taran	.. 32. Ram Naoumi
11	Chohla Sahib	.. 33. Jauka 34. Khan Rajdid
12	Gandi Wind	.. 35. Jhinger Pur
13	Khadur Sahib	.. 36. Dieol Wala 37. Gill Kaler 38. Anet Pur

43449/P.V.S.—Govt. Press, Chd.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

©1980

Published under the authority of the Punjab Vidhan Sabha and printed by the Controller, Printing and Stationery Department, (U.T.), Chandigarh

Original with:
Punjab Vidhan Sabha
Digitized by:
Panjab Digital Library

Punjab Vidhan Sabha Debates

18th July, 1980
(Afternoon Sitting)
Vol. I-No. 18
OFFICIAL REPORT



CONTENTS


Friday, the 18th July, 1980
(Afternoon Sitting)

	Page
Starred Questions and Answers ..	(18)1
Statement by the Chief Minister ..	(18)23
Call Attention Notices under rule 66 ..	(18)25
Paper Laid on the Table ..	(18)27
LEGISLATIVE BUSINESS	
The Punjab Appropriation (No. 2) Bill, 1980 ..	(18)27
Extension of Time of the Sitting ..	(18)67
The Punjab Appropriation (No. 2) Bill, 1980 (*Resumption of consideration*) ..	(18)68
Extension of Time of the Sitting ..	(18)82
The Punjab Appropriation (No. 2) Bill, 1980 (*Resumption of consideration*) ..	(18)82
Extension of Time of the Sitting ..	(18)86
The Punjab Appropriation (No. 2) Bill, 1980 (*Resumption of consideration*) ..	(18)86

Punjab Vidhan Sabha Secretariat, Chandigarh.

Price: Rs. 28.75

Original with;
Punjab Vidhan Sabha
Digitized by;
Panjab Digital Library



Original with
Punjab Vidhan Sabha
Digitized by;
Panjab Digital Library

PUNJAB VIDHAN SABHA

Friday, the 18th July, 1980

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.45 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Sujon Primary Health Centre

*167. **Sardar Dilbagh Singh :** Will the Minister for Health and Family Welfare be pleased to state whether any scheme has been sanctioned by the Government to upgrade the Sujon Primary Health Centre to 25 bed hospital ; if so, the time by which it is likely to be upgraded ?

ਸ਼੍ਰੀ ਸਰਦਾਰੀ ਲਾਲ ਕਪੂਰ : ਪ੍ਰਾਇਮਰੀ ਹੈਲਥ ਸੈਂਟਰ ਸੁਜੋਂ 1977-78 ਦੌਰਾਨ 30 ਬਿਸਤਰਿਆਂ ਦੇ ਚਿਹਾਤੀ ਹਸਪਤਾਲ ਦੇ ਰੂਪ ਤੇ ਅਪਗਰੇਡ ਕੀਤਾ ਗਿਆ ਸੀ ।

---

100 Bed Civil Hospitalat Nawanshahar

*166. **Sardar Dilbagh Singh :** Will the Minister for Health and Family Welfare be pleased to state whether there is any proposal under consideration of the Government to construct a 100-bed Civil Hospital at Tehsil Nawanshahar ; if so, the time by which it is likely to be done ?

ਸ਼੍ਰੀ ਸਰਦਾਰੀ ਲਾਲ ਕਪੂਰ : ਨਹੀਂ ਜੀ ।

ਸਰਦਾਰ ਦਿਲਬਾਗ ਸਿੰਘ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਥੇ ਰੋਡਵੇਜ਼ ਦਾ ਡੀਪੂ ਬਣ ਗਿਆ ਹੈ। 50,60 ਹਜ਼ਾਰ ਦੀ ਆਬਾਦੀ ਹੋ ਗਈ ਹੈ। 1976 ਵਿਚ ਚੀਫ ਮਨਿਸਟਰ ਸਾਹਿਬ ਨੇ ਅਨਾਊਂਸ ਕੀਤਾ ਸੀ ਕਿ ਅਸੀਂ ਉਥੇ 100 –ਬੈਡਿਡ ਹਸਪਤਾਲ ਬਣਾਵਾਂਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਕਦੋਂ ਤਕ ਹਸਪਤਾਲ ਬਣਾ ਦਿੱਤਾ ਜਾਏਗਾ ?

ਮੰਤਰੀ : ਹੋਰ 5 ਐਸੀਆਂ ਜਗ੍ਹਾ ਹਨ ਜਿਥੇ ਹੁਣੇ ਹੀ ਹਸਪਤਾਲ ਅਪਗਰੇਡ ਹੋਏ ਸੀ। ਮੇਰੀ ਪ੍ਰਾਰਥਨਾ ਹੈ ਕਿ ਮੌਕੇ ਦੇ ਮੁਤਾਬਿਕ ਜਦੋਂ ਉਹ 5 ਅਪਗਰੇਡ ਹੋਣਗੇ ਤਾਂ ਇਸ ਦਾ ਵੀ ਨੰਬਰ ਆਏਗਾ।

ਮਾਸਟਰ ਚੰਦ ਸਿੰਘ : ਜਿਨ੍ਹਾਂ 100 ਬੈਡਿਡ, 50 ਬੈਡਿਡ ਜਾਂ 30 ਬੈਡਿਡ ਹਸਪਤਾਲਾਂ ਦੀ ਉਸਾਰੀ ਹੋ ਚਹੀ ਹੈ ਅਤੇ ਉਥੇ ਕੰਮ ਖੜ ਗਿਆ ਹੈ । ਕੀ ਉਨ੍ਹਾਂ ਵਲ ਉਚੇਚਾ ਧਿਆਨ ਦੇਕੇ ਉਨ੍ਹਾਂ ਦੀਆਂ ਬਿਲਡਿੰਗਾਂ ਕੰਪਲੀਟ ਕਰਾ ਚੋਣਗੇ ?

ਮੰਤਰੀ : ਜਿਹੜੇ ਜਿਹੜੇ ਹਸਪਤਾਲ ਅਧੂਰੇ ਪਏ ਹਨ ਭਾਵੇਂ ਉਨ੍ਹਾਂ ਨੂੰ ਕਿਸੇ ਨੇ ਵੀ ਸ਼ੁਰੂ ਕੀਤਾ ਹੋਵੇ, ਅਸੀਂ ਉਨ੍ਹਾਂ ਨੂੰ ਟੇਕ–ਅੱਪ ਕਰਾਂਗੇ। ਅਸੀਂ ਹੈਪ-ਹੈਜ਼ਰਡ ਤਰੀਕੇ ਦੇ ਨਾਲ ਕੰਮ ਨਹੀਂ ਕਰਾਂਗੇ। ਇਥੇ ਪਿਛਲੀ ਸਰਕਾਰ ਵੇਲੇ ਕਈ ਐਲਾਨ ਹੁੰਦੇ ਰਹੇ ਹਨ, ਪਰ ਉਨ੍ਹਾਂ ਤੇ ਅਮਲ ਨਹੀਂ ਕੀਤਾ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਕਲਿਆਣ ਮੰਤਰੀ]

ਗਿਆ। ਅਸੀਂ ਕਹਿੰਦੇ ਹਾਂ ਕਿ ਜਿਹੜੀ ਗਲ ਕਹਾਂਗੇ ਉਸ ਨੂੰ ਪੂਰਾ ਕਰਾਂਗੇ। ਜਿਹੜੇ ਹਸਪਤਾਲ ਬਣਾਉਣੇ ਹਨ ਉਹ ਵੈਲ-ਇਕਵਿਪਡ ਹੋਣਗੇ ਅੱਖ ਜਿਹੜੀਆਂ ਡਿਸਪੈਂਸਰੀਆਂ ਬਣਾਉਣੀਆਂ ਹਨ ਉਹ ਵੀ ਵੈਲ-ਇਕਵਿਪਡ ਹੋਣਗੀਆਂ।

ਸਰਦਾਰ ਦਲੀਪ ਸਿੰਘ ਪਾਂਧੀ: ਪਿਛਲੀ ਸਰਕਾਰ ਨੇ ਅਮਲੋਹ ਵਿਖੇ 25 ਬੈਡਿਡ ਹਸਪਤਾਲ ਅੱਰ ਗੋਬਿੰਦਗੜ੍ਹ ਵਿਖੇ 50-ਬੈਡਿਡ ਹਸਪਤਾਲ ਬਣਾਇਆ ਸੀ। ਪਰ ਅਜੇ ਤਕ ਉਥੇ ਸਟਾਫ ਨਹੀਂ ਗਿਆ। ਪਤਾ ਲਗਿਆ ਹੈ ਕਿ ਉਸ ਕੰਮ ਲਈ ਪੈਸੇ ਨਹੀਂ ਹਨ। ਲੁਧਿਆਣਾ ਅੱਰ ਅੰਮ੍ਰਿਤ-ਸਰ ਦੇ ਹਸਪਤਾਲਾਂ ਵਾਂਗ ਕੀ ਬੱਚਿਆਂ ਦੀ ਤਾਦਾਦ ਦੇ ਮੁਤਾਬਿਕ ਇਹ ਉਥੇ ਵੀ ਚਿਲਡਰਨ ਵਾਰਡ ਵਧਾਉਣਗੇ ? ਅਮਲੋਹ ਅੱਰ ਗੋਬਿੰਦਗੜ੍ਹ ਚੇ ਹਸਪਤਾਲਾਂ ਵਾਸਤੇ ਕਦੋਂ ਤਕ ਸਟਾਫ ਭੇਜ ਦੇਣਗੇ ?

ਮੰਤਰੀ: ਇਸ ਸਵਾਲ ਨਾਲ ਇਹ ਤੁਅੱਲਕ ਨਹੀਂ ਰਖਦਾ। ਪਰ ਫਿਰ ਵੀ ਮੈਂ ਦਸੱਣਾ ਚਾਹੁੰਦਾ ਹਾਂ ਜਿਵੇਂ ਮੈਂ ਹੁਣੇ ਦਸ ਚੁੱਕਾ ਹਾਂ ਕਿ ਜਿਹੜੇ ਅਧੂਰੇ ਕੰਮ ਪਏ ਹਨ, ਅਗਰ ਉਹ ਇੱਕ ਬਲਾਕ ਵਿਚ ਇੱਕ ਹੀ ਹਸਪਤਾਲ ਹੈ ਤਾਂ ਉਸ ਵੱਲ ਲਾਜ਼ਮੀ ਤੌਰ ਤੇ ਪਹਿਲਾਂ ਧਿਆਨ ਦੇਵਾਂਗੇ। ਜਿਹੜੀ ਕੋਈ ਕੰਸਟ੍ਰਕਸ਼ਨ ਹੋਰ ਹੋਈ ਹੈ ਉਸ ਨੂੰ ਯੂਟੇਲਾਈਜ਼ ਕਰਾਂਗੇ। ਅਧੂਰੀ ਚੀਜ਼ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਏਗਾ।

ਸ਼੍ਰੀ ਗੁਰਦਿਆਲ ਸੈਣੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਕਾਂਗਰਸ ਸਰਕਾਰ ਨੇ ਜਲੰਧਰ ਹਸਪਤਾਲ ਵਾਸਤੇ 16 ਲੱਖ ਰੁਪਿਆ ਮਨਜ਼ੂਰ ਕੀਤਾ ਸੀ। ਕੀ ਇਹ ਦਸਣਗੇ ਕਿ ਉਹ ਰੁਪਿਆ ਕਿੱਥੇ ਖਰਚ ਕੀਤਾ ਗਿਆ ਹੈ ?

ਸ਼੍ਰੀ ਸਪੀਕਰ: ਸਪਲੀਮੈਂਟਰੀ ਇਸ ਸਵਾਲ ਨਾਲ ਰੀਲੇਟ ਨਹੀਂ ਕਰਦਾ ਹੈ।

ਮਾਸਟਰ ਬਾਬੂ ਸਿੰਘ: ਬਠਿੰਡਾ ਜ਼ਿਲ੍ਹਾ ਬਹੁਤ ਪੱਛੜਿਆ ਹੋਇਆ ਹੈ। ਉਥੇ ਦੀਆਂ ਡਿਸ-ਪੈਂਸਰੀਆਂ ਵਿਚ ਫਾਰਮਾਸਿਸਟ ਅੱਰ ਡਾਕਟਰਾਂ ਦੀਆਂ ਪੋਸਟਾਂ ਖਾਲੀਆਂ ਪਈਆਂ ਹਨ। ਕੀ ਮੰਤਰੀ ਸਾਹਿਬ ਇਹ ਆਸਵਾਸਨ ਦੇਣਗੇ ਕਿ ਇਕ ਦੋ ਯਾ ਤਿੰਨ ਮਹੀਨਿਆਂ ਵਿਚ ਉਨ੍ਹਾਂ ਡਿਸਪੈਂਸਰੀਆਂ ਵਿਚ ਜਿਥੇ ਲੋੜ ਹੈ, ਇਹ ਸਟਾਫ ਭੇਜ ਦਿੱਤਾ ਜਾਏਗਾ ?

ਮੰਤਰੀ: ਸਭ ਤੋਂ ਵੱਧ ਇਸ ਲਈ ਫਾਈਨਾਂਸ ਦੀ ਲੋੜ ਹੈ। ਜਿਉਂ ਜਿਉਂ ਪੈਸੇ ਮਿਲਦੇ ਜਾਣਗੇ ਤਿਉਂ ਤਿਉਂ ਅਧੂਰੀਆਂ ਚੀਜ਼ਾਂ ਪੂਰੀਆਂ ਕੀਤੀਆਂ ਜਾਣਗੀਆਂ।

ਮਾਨਸਾ ਤਹਿਸੀਲ ਨੂੰ ਜ਼ਿਲ੍ਹੇ ਵਿਚ ਅਪਗ੍ਰੇਡ ਕਰਨਾ

*111. **ਕਾਮਰੇਡ ਬੂਟਾ ਸਿੰਘ**: ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1979-80 ਦੇ ਦੌਰਾਨ ਫਿਰੋਜ਼ਪੁਰ ਡਵੀਜ਼ਨ ਦੇ ਕਮਿਸ਼ਨਰ ਦੁਆਰਾ ਮਾਨਸਾ ਤਹਿਸੀਲ ਨੂੰ ਜ਼ਿਲ੍ਹੇ ਵਿਚ ਅਪਗ੍ਰੇਡ ਕਰਨ ਲਈ ਕੋਈ ਸਿਫਾਰਸ਼ ਸਰਕਾਰ ਨੂੰ ਭੇਜੀ ਗਈ ਸੀ? ਜੇਕਰ ਅਜਿਹਾ ਹੋਵੇ ਤਾਂ ਇਸ ਤੇ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸਰਦਾਰ ਬੇਅੰਤ ਸਿੰਘ: ਨਹੀਂ ਜੀ। ਪਰ ਮਾਨਸਾ ਵਿਖੇ ਜ਼ਿਲ੍ਹਾ ਬਣਾਉਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

ਕੈਪਟਨ ਬੂਟਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਅੌਰ ਖਾਸ ਕਰਕੇ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਜਿਹੜਾ ਕਿ ਰਾਜਵਾੜਾਸ਼ਾਹੀ ਦੇ ਖਿਲਾਫ ਕੇਂਦਰ ਸੀ, ਇਸ ਨੂੰ ਜ਼ਿਲ੍ਹਾ ਬਣਾਉਣ ਬਾਰੇ ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਲਿਖਿਆ ਹੈ ਕਿ ਵਿਚਾਰ-ਗੋਚਰੇ ਹੈ। ਕੀ ਮੁੱਖ ਮੰਤਰੀ ਜੀ ਇਸ ਬਾਰੇ ਭਰੋਸਾ ਦਿਵਾਉਣਗੇ ਕਿ ਇਹ ਜ਼ਿਲ੍ਹਾ ਬਣਾ ਦਿੱਤਾ ਜਾਏਗਾ ?

ਮੰਤਰੀ : ਇੱਕ ਉੱਚ ਪੱਧਰ ਪੁਨਰਗਠਨ ਕਮੇਟੀ, ਜਿਹੜੀ ਕਿ ਪਿਛਲੀ ਸਰਕਾਰ ਵੇਲੇ ਬਣੀ ਸੀ, ਉਸ ਦੀ ਮੀਟਿੰਗ ਫਿਰੋਜ਼ਪੁਰ ਵਿਚ ਹੋਈ ਸੀ ਅੌਰ ਇਸ ਤੇ ਵਿਚਾਰ ਹੋਇਆ ਸੀ। ਡੀ.ਸੀ. ਦੀ ਰਿਪੋਰਟ ਸੀ ਕਿ ਇਸ ਵਿਚ ਬੁਢਲਾਡਾ ਅੌਰ ਸਰਦੂਲਗੜ੍ਹ ਦਾ ਇਲਾਕਾ ਮਿਲਾਕੇ ਜ਼ਿਲ੍ਹਾ ਬਣਾਇਆ ਜਾ ਸਕਦਾ ਹੈ। ਪਰ ਕਮਿਸ਼ਨਰ ਨੇ ਰਿਕਮੈਂਡ ਨਹੀਂ ਕੀਤਾ। ਅਸੀਂ ਇਸ ਨੂੰ ਘੋਖਾਂਗੇ। ਲੇਕਿਨ ਇਸ ਨੂੰ ਇਸ ਕਰਕੇ ਰੋਕਿਆ ਗਿਆ ਹੈ ਕਿਉਂਕਿ ਅਗਲੇ ਸਾਲ ਮਰਦਮਸ਼ੁਮਾਰੀ ਹੋ ਰਹੀ ਹੈ। ਸੈਂਟਰਲ ਗੌਰਮਿੰਟ ਨੇ ਹਦਾਇਤ ਕੀਤੀ ਹੈ ਕਿ ਕੋਈ ਰੀ-ਆਰਗੇਨਾਈਜ਼ੇਸ਼ਨ ਨਾ ਕੀਤੀ ਜਾਏ, ਜਿਨੀ ਦੇਰ ਤਕ ਮਰਦਮਸ਼ੁਮਾਰੀ ਨਾ ਹੋ ਜਾਏ।

ਸਰਦਾਰ ਬਸੰਤ ਸਿੰਘ ਖਾਲਸਾ : ਮਲੌਦ ਲੁਧਿਆਣਾ ਤੋਂ 28 ਮੀਲ ਦੀ ਦੂਰੀ ਤੇ ਹੈ। ਇਸ ਤੋਂ ਅੱਗੇ ਸੰਗਰੂਰ ਜ਼ਿਲ੍ਹਾ ਸ਼ੁਰੂ ਹੋ ਜਾਂਦਾ ਹੈ। ਇਹ 28 ਮੀਲ ਦੀ ਦੂਰੀ ਹੈ ਅੌਰ ਗਰੀਬ ਕਿਸਾਨ ਉਥੇ ਜਾ ਨਹੀਂ ਸਕਦੇ। ਕੀ ਉਸ ਸਬ ਤਹਿਸੀਲ ਨੂੰ ਅਪਗ੍ਰੇਡ ਕੀਤਾ ਜਾਵੇਗਾ ਤਾਂਕਿ ਕਿਸਾਨਾਂ ਨੂੰ ਜਾਂ ਇਲਾਕੇ ਨੂੰ ਨੇੜੇ ਇਨਸਾਫ ਮਿਲ ਸਕੇ ?

ਮੰਤਰੀ : ਉਹ ਮੇਰੇ ਹਲਕੇ ਵਿਚ ਹੈ। ਮਲੌਦ ਸਬ ਤਹਿਸੀਲ ਇਸੇ ਸਾਲ ਬਣੀ ਹੈ। ਉਥੇ ਕੋਈ ਬਿਲਡਿੰਗ ਨਹੀਂ ਹੈ। ਉਸ ਦੇ ਨਾਲ ਹੀ ਸੰਗਰੂਰ ਦੇ ਜ਼ਿਲ੍ਹੇ ਦਾ ਬਾਰਡਰ ਲਗਦਾ ਹੈ। ਇਸ ਤੇ ਵਿਚਾਰ ਕੀਤਾ ਜਾਏਗਾ। ਜਦੋਂ ਰੀ-ਆਰਗੇਨਾਈਜ਼ੇਸ਼ਨ ਹੋਈ, ਉਸ ਤੇ ਵਿਚਾਰ ਕਰਾਂਗੇ ਤਾਂਕਿ ਉਸ ਇਲਾਕੇ ਨੂੰ ਰਾਹਤ ਮਿਲ ਸਕੇ।

ਸ਼੍ਰੀ ਭਗਵਾਨ ਦਾਸ : ਸਾਡੇ ਜ਼ਿਲ੍ਹੇ ਫਰੀਦਕੋਟ ਵਿਚ ਜੈਤੋ ਮੰਡੀ ਅਰਸਟਵ੍ਹਾਈਲ ਨਾਭਾ ਸਟੇਟ ਵੇਲੇ ਤਹਿਸੀਲ ਹੁੰਦੀ ਸੀ। ਉਸ ਤੋਂ ਬਾਅਦ ਦੇਸ਼ ਆਜ਼ਾਦ ਹੋਏ ਨੂੰ ਵੀ 33 ਸਾਲ ਹੋ ਗਏ ਹਨ ਪਰ ਤਹਿਸੀਲ ਦੀ ਬਜਾਏ ਉਸ ਨੂੰ ਸਬ ਤਹਿਸੀਲ ਵਿਚ ਰਖਿਆ ਗਿਆ ਹੈ। ਉਹ ਸ਼ਹੀਦਾਂ ਦੀ ਯਾਦਗਾਰ ਹੈ, ਉਨ੍ਹਾਂ ਦੀ ਧਰਤੀ ਹੈ। ਪਿਛਲੀ ਸਰਕਾਰ ਨੇ ਉਸਨੂੰ ਤਹਿਸੀਲ ਬਣਾਉਣ ਦਾ ਫੈਸਲਾ ਕੀਤਾ ਸੀ ਅੌਰ ਉਦਘਾਟਨ ਕਰਨ ਵਾਸਤੇ ਤਾਰੀਖ ਵੀ ਨਿਸ਼ਚਿਤ ਕਰ ਦਿੱਤੀ ਸੀ। ਪਰ ਉਹ ਚੀਜ਼ ਕਾਗਜ਼ਾਂ ਵਿਚ ਹੀ ਰਹਿ ਗਈ। ਇਹ ਖਬਰ ਅਖਬਾਰਾਂ ਵਿਚ ਆ ਗਈ ਸੀ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਉਸ ਨੂੰ ਤਹਿਸੀਲ ਬਣਾਉਣ ਦੀ ਕ੍ਰਿਪਾਲਤਾ ਕਰਨਗੇ ?

ਮੰਤਰੀ : ਜੂਨ, 1981 ਤੋਂ ਬਾਅਦ ਇਸ ਤੇ ਵਿਚਾਰ ਕੀਤਾ ਜਾਏਗਾ।

ਸਰਦਾਰ ਅਵਤਾਰ ਸਿੰਘ ਗਟਵਾਲੀ। ਤਲਵੰਡੀ ਸਾਬੋ ਸਬ ਡਵੀਜ਼ਨ ਹੁਣੇ ਹੋਂਦ ਵਿਚ ਆਇਆ ਹੈ। ਪਰ ਉਸ ਵਿਚੋਂ ਕੁਝ ਪਿੰਡ ਕੱਢਕੇ ਦੁਬਾਰਾ ਮਾਨਸਾ ਸਬ ਡਵੀਜ਼ਨ ਨਾਲ ਲਗਾ ਦਿੱਤੇ ਗਏ ਹਨ, ਜਿਸ ਕਾਰਣ ਲੋਕਾਂ ਨੂੰ ਜ਼ਿਆਦਾ ਤੁਰਨਾ ਪੈਂਦਾ ਹੈ ਅੌਰ ਜ਼ਿਆਦਾ ਖਰਚ ਕਰਨਾ ਪੈਂਦਾ ਹੈ। ਜਿਹੜੇ ਪਿੰਡ ਤਲਵੰਡੀ ਸਾਬੋ ਸਬ ਡਵੀਜ਼ਨ ਵਿੱਚੋਂ ਕੱਢੇ ਗਏ ਹਨ, ਕੀ ਉਹ ਦੁਬਾਰਾ ਫਿਰ ਇਸ ਵਿਚ ਹੀ ਰਖੇ ਜਾਣਗੇ ?

Original with;
Punjab Vidhan Sabha
Digitized by;
Panj... Digital Library

ਮੰਤਰੀ : ਪਿੰਡ ਵਾਲਿਆਂ ਦੀ ਥਾਏ ਦੇ ਮੁਤਾਬਿਕ ਕੰਮ ਕਰਾਂਗੇ। ਇਸ ਬਾਰੇ ਲਿਖ ਕੇ ਭਿਜਵਾ ਦਿਓ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਟਾਂਡਾ ਤੋਂ 10 ਮੀਲ ਦੀ ਦੂਰੀ ਤੇ ਦਸੂਹਾ ਤਹਿਸੀਲ ਹੈ। ਲੋਕਾਂ ਨੂੰ ਆਪਣੇ ਕੰਮਾਂ ਖਾਤਰ ਦਸੂਹੇ ਜਾਣਾ ਪੈਂਦਾ ਹੈ ਜੋ ਕਿ ਬਹੁਤ ਦੂਰ ਹੈ। ਇਸ ਲਈ ਕੀ ਇਹ ਟਾਂਡੇ ਨੂੰ ਸਬ-ਡਵੀਜ਼ਨ ਬਣਾਉਣ ਦਾ ਫੈਸਲਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਸਾਰੇ ਪੰਜਾਬ ਦਾ ਮਸਲਾ ਛਿੜ ਪਿਆ ਹੈ। ਮੈਂ ਕਹਾਂਗਾ ਕਿ ਉਹ ਇਸ ਬਾਰ ਵੱਖਰਾ ਨੋਟਿਸ ਦੇ ਦੇਣ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਤਹਿਸੀਲ ਤੋਂ ਗੱਲ ਦੱਲਕੇ ਸਬ-ਡਵੀਜ਼ਨ ਤੱਕ ਆ ਪਹੁੰਚੀ ਹੈ। ਹੁਣ ਮੈਂ ਜ਼ਿਲ੍ਹੇ ਦੀ ਗੱਲ ਕਰਨ ਲੱਗਾ ਹਾਂ। ਫਤਹਿਗੜ੍ਹ ਸਾਹਿਬ ਪਹਿਲਾਂ ਵੀ ਜ਼ਿਲ੍ਹਾ ਰਿਹਾ ਹੈ। ਉਸਦੀ ਇਤਿਹਾਸਕ ਮਹੱਤਤਾ ਹੈ। ਪਿਛਲੀ ਸਰਕਾਰ ਵੇਲੇ ਵੀ ਉਸ ਨੂੰ ਜ਼ਿਲ੍ਹਾ ਬਣਾਉਣ ਦੀ ਪਰਪੋਜ਼ਲ ਸੀ। ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਫਤਹਿਗੜ੍ਹ ਸਾਹਿਬ ਨੂੰ ਵੀ ਜ਼ਿਲ੍ਹਾ ਬਣਾਉਣ ਦੀ ਖੇਚਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, 11 ਫਰਵਰੀ, 1980 ਨੂੰ ਪਿਛਲੇ ਮਾਲ ਮੰਤਰੀ ਸਰਦਾਰ ਜੀਵਨ ਸਿੰਘ ਉਮਰਾਨੰਗਲ ਉਥੇ ਗਏ ਸੀ। ਉਥੇ ਉਨ੍ਹਾਂ ਨੇ ਇਕ ਮੀਟਿੰਗ ਕੀਤੀ ਸੀ। ਮੈਂ ਵੀ ਉਸ ਮੀਟਿੰਗ ਵਿਚ ਬਤੌਰ ਐਮ. ਐਲ. ਏ. ਸ਼ਾਮਿਲ ਹੋਇਆ ਸੀ। ਲੇਕਿਨ ਉਥੇ ਇਨ੍ਹਾਂ ਦੀ ਕਮੇਟੀ ਫੈਸਲਾ ਨਹੀਂ ਕਰ ਸਕੀ ਕਿ ਕਿਹੜਾ ਇਲਾਕਾ ਉਸ ਜ਼ਿਲ੍ਹੇ ਨਾਲ ਲਾਉਣਾ ਹੈ, ਕਿਉਂਕਿ ਜੇ ਲੁਧਿਆਣਾ ਜ਼ਿਲ੍ਹੇ ਦਾ ਕੋਈ ਇਲਾਕਾ ਕੱਢਕੇ ਉਸ ਨਾਲ ਲਾਉਂਦੇ ਸੀ ਤਾਂ ਉਥੇ ਦੇ ਲੋਕੀ ਮੰਨਦੇ ਨਹੀਂ ਸੀ ਅਤੇ ਜੇ ਪਟਿਆਲਾ ਦਾ ਇਲਾਕਾ ਉਸ ਨਾਲ ਲਾਉਂਦੇ ਸੀ ਤਾਂ ਉਹ ਛੱਟਾ ਹੋ ਜਾਂਦਾ ਹੈ। ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੇ ਆਸਪੈਕਟਸ ਨੂੰ ਸੋਚਣ ਤੋਂ ਬਾਅਦ ਫੈਸਲਾ ਕਰਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਸੀ ਕਿ ਮਰਦਮਸ਼ੁਮਾਰੀ ਤੋਂ ਬਾਅਦ ਮਾਨਸਾ ਨੂੰ ਜ਼ਿਲ੍ਹਾ ਬਣਾਉਣ ਵਾਸਤੇ ਵਿਚਾਰ ਕੀਤਾ ਜਾਵੇਗਾ ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਨਸਾ ਜ਼ਿਲ੍ਹਾ ਬਠਿੰਡਾ ਵਿਚ ਹੈ। ਲੋਕਾਂ ਨੂੰ ਮਾਨਸਾ ਤੋਂ ਬਠਿੰਡਾ ਜਾਣ ਵਾਸਤੇ 70-75 ਕਿਲੋ ਮੀਟਰ ਦਾ ਫਾਸਲਾ ਤਹਿ ਕਰਨਾ ਪੈਂਦਾ ਹੈ। ਮਾਨਸਾ ਦੀ ਆਬਾਦੀ ਕਪੂਰਥਲਾ ਨਾਲੋਂ ਵੱਧ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਰਦਮਸ਼ੁਮਾਰੀ ਤੋਂ ਬਾਅਦ ਇਹ ਮਾਨਸਾ ਨੂੰ ਜ਼ਿਲ੍ਹਾ ਬਣਾਉਣ ਵਾਸਤੇ ਕਾਰਵਾਈ ਕਰਨਗੇ ?

ਮੰਤਰੀ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਰਦਮਸ਼ੁਮਾਰੀ ਤੋਂ ਬਾਅਦ ਇਨ੍ਹਾਂ ਨੂੰ ਕਾਨਫੀਡੈਂਸ ਵਿਚ ਲੈਕੇ ਮਾਨਸਾ ਨੂੰ ਜ਼ਿਲ੍ਹਾ ਬਣਾਉਣ ਦਾ ਪੂਰਾ ਯਤਨ ਕਰਾਂਗੇ।

ਤਾਰਾ ਅੰਕਿਤ ਪ੍ਰਸ਼ਨ ਨੰ: 135

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋ ਸਕਿਆ)।

Original with;
Punjab Vidhan Sabha
Digitized by;
Panjab Digital Library

ਤਾਰਾ ਅੰਕਿਤ ਪ੍ਰਸ਼ਨ ਨੰ: 136

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋ ਸਕਿਆ)।

Non-Payment of Salaries to the Teaching Staff of T.P. D. Malwa College, Rampura Phul

*71. **Master Babu Singh** : Will the Minister for Education be pleased to state whether it is a fact that the teaching staff of T.P.D. Malwa College, Rampura Phul, district Bhatinda have not been paid their salaries since October, 1979, if so, the reasons therefor alongwith the steps proposed to be taken by the Government for providing relief to this sick College ?

ਸਰਦਾਰ ਹਰਚਰਨ ਸਿੰਘ ਅਜਨਾਲਾ : ਹਾਂ ਜੀ। ਸਰਕਾਰ ਨੇ ਕਾਲਜਾਂ ਦੇ ਘਾਟੇ ਦੀ 95 % ਪ੍ਰਤੀ ਪੂਰਤੀ ਸਕੀਮ ਅਧੀਨ ਮਿਤੀ 29-2-80 ਤੱਕ ਟੀ. ਪੀ. ਡੀ. ਮਾਲਵਾ ਕਾਲਜ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਨੂੰ ਮਿਲਣ ਵਾਲੀ ਸਾਰੀ ਗਰਾਂਟ ਦੇ ਚੁੱਕੀ ਹੈ। ਇਸ ਲਈ ਫਰਵਰੀ, 1980 ਤੱਕ ਕਾਲਜ ਨੂੰ ਤਨਖਾਹਾਂ ਦੇ ਬਕਾਇਆ ਦੇਣ ਲਈ ਕਿਸੇ ਹੋਰ ਰਾਹਤ ਦੀ ਕੋਈ ਲੋੜ ਨਹੀਂ ਹੈ। ਤਨਖਾਹਾਂ ਦੇ ਬਕਾਏ ਕਾਲਜ ਪ੍ਰਬੰਧ ਵਲੋਂ ਹੀ ਅਦਾ ਕੀਤੇ ਜਾਣੇ ਹਨ।

ਮਾਸਟਰ ਬਾਬੂ ਸਿੰਘ : ਕੀ ਮੰਤਰੀ ਸਾਹਿਬ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਸਟੇਟ ਵਿਚ ਇਸ ਤਰ੍ਹਾਂ ਦੇ ਹੋਰ ਵੀ ਸਿੱਕ ਕਾਲਜ ਹਨ ? ਜੇ ਉਹ ਕਾਲਜ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਤਾਂ ਕੀ ਸਰਕਾਰ ਉਨ੍ਹਾਂ ਕਾਲਜਾਂ ਨੂੰ ਟੇਕ-ਓਵਰ ਕਰਨ ਵਾਸਤੇ ਕੋਸ਼ਿਸ਼ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਸ ਮਸਲੇ ਤੇ ਕਈ ਚੀਜ਼ਾਂ ਵਿਚਾਰਨੀਆਂ ਪੈਂਦੀਆਂ ਹਨ। ਸਭ ਤੋਂ ਮੁਢਲੀ ਸ਼ਰਤ ਇਹ ਹੁੰਦੀ ਹੈ ਕਿ ਕੀ ਉਸ ਕਾਲਜ ਦੀ ਮੈਨੇਜਿੰਗ ਕਮੇਟੀ ਉਸ ਕਾਲਜ ਨੂੰ ਸਰਕਾਰ ਦੇ ਪ੍ਰਬੰਧ ਵਿਚ ਦੇਣ ਨੂੰ ਤਿਆਰ ਹੈ, ਫਿਰ ਕੁਝ ਹੋਰ ਸ਼ਰਤਾਂ ਹੁੰਦੀਆਂ ਹਨ, ਜਿਵੇਂ ਕਿ ਬਿਲਡਿੰਗ ਦਾ ਹੋਣਾ, ਫਰਨੀਚਰ, ਲਾਇਬ੍ਰੇਰੀ ਬੁੱਕਸ ਅਤੇ ਪਲੇ ਗਰਾਊਂਡਜ਼, ਇਹ ਸਾਰੀਆਂ ਚੀਜ਼ਾਂ ਦੇਖਣੀਆਂ ਪੈਂਦੀਆਂ ਹਨ ਅਤੇ ਫਿਰ ਫੈਸਲਾ ਕੀਤਾ ਜਾਂਦਾ ਹੈ ਕਿ ਆਇਆ ਉਹ ਕਾਲਜ ਗੌਰਮਿੰਟ ਲੈ ਸਕਦੀ ਹੈ। ਬਾਕੀ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਜੇ ਉਨ੍ਹਾਂ ਨੇ ਕੋਈ ਹੋਰ ਇਨਫਰਮੇਸ਼ਨ ਲੈਣੀ ਹੈ ਤਾਂ ਉਹ ਸਵਾਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ।

ਮਾਸਟਰ ਬਾਬੂ ਸਿੰਘ : ਮੈਂ ਅਰਜ਼ ਕੀਤੀ ਸੀ ਕਿ ਜੇ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ, ਉਥੇ ਦੀ ਮੈਨੇਜਮੈਂਟ ਰੈਜ਼ੋਲਿਊਸ਼ਨ ਪਾਸ ਕਰਕੇ ਦੇਵੇ ਅਤੇ ਉਨ੍ਹਾਂ ਦੇ ਡੈਪੂਟੇਸ਼ਨ ਵੀ ਵਜ਼ੀਰ ਕੋਲ ਆਉਣ ਤਾਂ ਕੀ ਇਸ ਸੂਰਤ ਵਿਚ ਸਰਕਾਰ ਉਸ ਕਾਲਜ ਨੂੰ ਟੇਕ-ਓਵਰ ਕਰਨ ਨੂੰ ਤਿਆਰ ਹੈ ?

ਮੰਤਰੀ : ਹਮਦਰਦੀ ਦੇ ਨਾਲ ਇਸ ਉਤੇ ਵਿਚਾਰ ਕਰ ਲਿਆ ਜਾਵੇਗਾ, ਜੇ ਉਹ ਕਾਲਜ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।

Original with;
Punjab Vidhan Sabha
Digitized by;
Panjab Digital Library

Facilities to the Directorate of Primary Education

*193. **Sardar Basant Singh Khalsa :** Will the Minister for Education be pleased to state :—

(a) whether the Primary Education Directorate has got all those facilities which an independent and separate Directorate should have ;

(b) whether all the necessary appointments in the Primary Education Directorate have been made ;

c) the number of Directors, Joint Directors, Deputy Directors, Assistant Directors, C.E.Os. D.E.Os., Dy. D.E.O.s, B.E.O.s, Head-teachers or Centre Head teachers working in the said Directorate ;

(d) the number out of those referred to in part (c) above, who belong to the Scheduled Castes ?

ਸਰਦਾਰ ਹਰਚਰਨ ਸਿੰਘ ਅਜਨਾਲਾ (ੳ) ਹਾਂ ਜੀ ।

(ਅ) ਹਾਂ ਜੀ ।

(ਏ) ਡਾਇਰੈਕਟਰ 1

ਸੰਯੁਕਤ ਡਾਇਰੈਕਟਰ —

ਡਿਪਟੀ ਡਾਇਰੈਕਟਰ 1

ਸਹਾਇਕ ਡਾਇਰੈਕਟਰ 3

ਮੰਡਲ ਸਿਖਿਆ ਅਫਸਰ —

ਜ਼ਿਲ੍ਹਾ ਸਿਖਿਆ ਅਫਸਰ —

ਉਪ ਜ਼ਿਲ੍ਹਾ ਸਿਖਿਆ ਅਫਸਰ (ਪ੍ਰਾਇਮਰੀ) 19 (ਇਨ੍ਹਾਂ ਵਿਚੋਂ ਇਕ ਆਸਾਮੀ ਖਾਲੀ ਹੈ)

ਬਲਾਕ ਪ੍ਰਾਇਮਰੀ ਸਿਖਿਆ ਅਫਸਰ 228 (ਇਨ੍ਹਾਂ ਵਿਚੋਂ 9 ਆਸਾਮੀਆਂ ਖਾਲੀ ਹਨ)

ਹੈਡ ਟੀਚਰ/ਸੈਂਟਰਲ ਹੈਡ ਟੀਚਰ —

(ਸ) ਡਿਪਟੀ ਡਾਇਰੈਕਟਰ 1

ਉਪ ਜ਼ਿਲ੍ਹਾ ਸਿਖਿਆ ਅਫਸਰ 1

ਬਲਾਕ ਪ੍ਰਾਇਮਰੀ ਸਿਖਿਆ ਅਫਸਰ 52

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ,ਵਜ਼ੀਰ ਸਾਹਿਬ ਨੇ ਸੁਆਲ ਦੇ ਪਾਰਟ 'ਏ' , ਕਿ ਇਹ ਜਿਹੜਾ ਡਾਇਰੈਕਟੋਰੇਟ ਹੈ ਕੀ ਇਹ ਸੈਪਰੇਟ ਅਤੇ ਇੰਡੀਪੈਂਡੈਂਟ ਬਣ ਗਿਆ ਹੈ ਅਤੇ ਇਸ ਦੇ ਕੋਲ ਸਾਰੀਆਂ ਸਹੂਲਤਾਂ ਹਨ ਜੋ ਦੂਸਰੇ ਡਾਇਰੈਕਟੋਰੇਟ ਨੂੰ ਹਨ, ਦਾ 'ਹਾਂ' ਵਿਚ ਜਵਾਬ ਦਿੱਤਾ ਹੈ। ਸਪੀਕਰ ਸਾਹਿਬ, 22 ਲੱਖ ਵਿਦਿਆਰਥੀ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਹਨ ਅਤੇ 50 ਹਜ਼ਾਰ ਟੀਚਰ ਇਨ੍ਹਾਂ ਸਕੂਲਾਂ ਵਿਚ ਪੜ੍ਹਾਉਂਦੇ ਹਨ। ਉਨ੍ਹਾਂ ਨੇ ਉਤਰ'ਹਾਂ' ਵਿਚ ਦਿੱਤਾ ਹੈ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਾਲਾਂ ਤੱਕ ਉਹ ਡੀ.ਈ.ਓ. ਨਹੀਂ ਲਾ ਸਕੇ, ਉਹ ਡਿਪਟੀ ਡੀ.ਈ.ਓ. ਨੂੰ ਡੀ.ਈ.ਓ. ਕਹੀ ਜਾਂਦੇ ਹਨ। ਫਿਰ ਸੀ.ਈ.ਓ, ਨਹੀਂ ਲਾ ਸਕੇ। ਉਥੇ ਬਲਾਕ ਸਿਖਿਆ ਅਫ਼ਸਰਾਂ ਦੀਆਂ 11 ਪੋਸਟਾਂ ਖਾਲੀ ਪਈਆਂ ਹਨ। ਇਸੇ ਤਰ੍ਹਾਂ ਹੀ ਉਹ ਹੈਡ–ਟੀਚਰ ਨਹੀਂ ਲਾ ਸਕੇ ਅਤੇ ਨਾ ਹੀ ਹਾਲਾਂ ਤੱਕ ਸੈਂਟਰ ਹੈਡ ਟੀਚਰ ਲਾ ਸਕੇ ਹਨ। ਇਹ ਸਾਰਾ ਕੰਮ ਇਨਕੰਪਲੀਟ ਪਿਆ ਹੈ ਪਰ ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਡਾਇਰੈਕਟੋਰੇਟ ਸੈਪਰੇਟ ਬਣ ਗਿਆ ਹੈ ਅਤੇ ਉਸ ਦਾ ਪੂਰਾ ਸਟੇਟਸ ਹੈ। ਇਹ ਜਿਹੜੀਆਂ ਪੋਸਟਾਂ ਹੈਡ ਟੀਚਰ ਅੱਤ ਸੈਂਟਰ ਹੈਡ ਟੀਚਰ ਦੀਆਂ ਦਾ ਮੈਂ ਉਪਰ ਜ਼ਿਕਰ ਕੀਤਾ ਹੈ, ਉਨ੍ਹਾਂ ਬਾਰੇ ਨੋਟੀਫੀਕੇਸ਼ਨ ਵੀ ਹੋ ਚੁੱਕਾ ਹੈ ਅਤੇ ਚੀਮਾਈਂਡਰ ਵੀ ਆਏ ਹਨ ਪਰ ਹਾਲਾਂ ਤੱਕ ਸਾਰਾ ਕੰਮ ਕੰਪਲੀਟ ਨਹੀਂ ਹੋਇਆ। ਕੀ ਵਜ਼ੀਰ ਸਾਹਿਬ ਇਸ ਤੇ ਚਾਨਣਾ ਪਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਡਾਇਰੈਕਟੋਰੇਟ ਦੇ ਵੱਖਰਾ ਕਰਨ ਜਾਂ ਉਸ ਦੇ ਸਟੇਟਸ ਦਾ ਸਵਾਲ ਸੀ, ਉਸ ਦਾ ਮੈਂ ਜਵਾਬ "ਹਾਂ" ਵਿਚ ਦਿਤਾ ਹੈ। ਜਿਥੋਂ ਤਕ ਡਾਇਰੈਕਟੋਰੇਟ ਦੀ ਫੰਕਸ਼ਨਿੰਗ ਦਾ ਸਵਾਲ ਹੈ ਉਥੇ ਪੂਰੀ ਤਰ੍ਹਾਂ ਦਫ਼ਤਰ ਵਿਚ ਕੰਮ ਚਲ ਰਿਹਾ ਹੈ । ਬਾਕੀ ਜਿਹੜਾ ਉਨ੍ਹਾਂ ਨੇ ਇਹ ਸਵਾਲ ਰੇਜ਼ ਕੀਤਾ ਹੈ ਕਿ ਹੈਡ ਟੀਚਰ ਆਦਿ ਮੁਕੰਮਲ ਨਹੀਂ ਕੀਤੇ, ਇਹ ਸਾਰਾ ਮਾਮਲਾ ਵਿਚਾਰ ਅਧੀਨ ਹੈ। ਇਸ ਵਿਚ ਫੰਡਜ਼ ਵੀ ਇਨਵਾਲਵਡ ਹਨ। ਸੋ ਇਸ ਪੱਖ ਤੋਂ ਵੀ ਵੇਖਿਆ ਜਾ ਰਿਹਾ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਜਿਵੇਂ ਮੈਂ ਬੇਨਤੀ ਕੀਤੀ ਸੀ ਕਿ ਇਹ ਹਾਲਾਂ ਤੱਕ ਡੀ.ਈ.ਓ. ਨਹੀਂ ਲਾ ਸਕੇ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਤੋਂ ਪਹਿਲਾਂ ਜ਼ਿਲ੍ਹਾ ਭਲਾਈ ਅਫ਼ਸਰ ਗਜ਼ਟਿਡ ਨਹੀਂ ਸੀ ਹੁੰਦੇ, ਉਨ੍ਹਾਂ ਕੋਲ ਟੈਲੀਫੋਨ ਨਹੀਂ ਸੀ ਹੁੰਦਾ। ਅਸੀਂ ਉਨ੍ਹਾਂ ਨੂੰ ਗਜ਼ਟਿਡ ਬਣਾਇਆ ਅਤੇ ਟੈਲੀਫੋਨ ਦਿਤੇ ਤਾਕਿ ਉਹ ਦੂਜੇ ਅਫ਼–ਸਰਾਂ ਦੇ ਨਾਲ ਕੰਮ ਕਰ ਸਕਣ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਸਟੇਟਸ ਦੂਜਿਆਂ ਅਫ਼ਸਰਾਂ ਦੇ ਬਰਾਬਰ ਕੀਤਾ। ਪਰ ਇਨ੍ਹਾਂ ਨੇ ਹਾਲਾਂ ਤੱਕ ਡੀ.ਈ.ਓ, ਨਹੀਂ ਲਾਏ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਡੀ.ਈ.ਓਜ਼., ਸੀ.ਈ.ਓ.ਜ਼ ਲਾ ਦੇਣਗੇ ਅਤੇ ਇਸ ਸਾਰੇ ਕੰਮ ਨੂੰ ਕਦੋਂ ਤੱਕ ਕੰਪਲੀਟ ਕਰਨਗੇ ਤਾਂ ਕਿ ਇਹ ਡਾਇਰੈਕਟੋਰੇਟ ਵੀ ਪੂਰਾ ਡਾਇਰੈਕਟੋਰੇਟ ਬਣ ਸਕੇ ?

ਮੰਤਰੀ : ਸਪੀਕਰ ਸਾਹਿਬ, ਮੈਂ ਖਾਲਸਾ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਡਾਇਰੈਕਟੋਰੇਟ ਹੈ ਇਹ ਇਨ੍ਹਾਂ ਦੇ ਆਪਣੇ ਵੇਲੇ ਦਾ ਬਣਾਇਆ ਹੋਇਆ ਹੈ ਅੱਤ ਉਸ ਦੇ ਲਈ ਜਿਹੜਾ ਸਟਾਫ਼ ਦਿੱਤਾ ਹੈ ਉਹ ਵੀ ਉਹੀ ਹੈ।

By and large, we are trying to remove those anomalies which were created by you but it will take time.

ਤੁਹਾਨੂੰ ਪਤਾ ਹੈ ਕਿ ਇਹ ਸਾਰੀ ਚੀਜ਼ ਵਿਚਾਰ ਅਧੀਨ ਹੈ ਅਤੇ ਇਸ ਦੇ ਵਿਚ ਡਾਇ–ਰੈਕਟੋਰੇਟ, ਜ਼ਿਲ੍ਹਾ ਲੈਵਲ ਦਾ ਸਟਾਫ ਅਤੇ ਹੈਡਮਾਸਟਰਜ਼ ਵਗੈਰਾ ਦੀ ਨਿਯੁਕਤੀ, ਯਾਨੀ ਸਾਰਾ ਕੁਝ ਦੇਖਣਾ ਹੈ। ਇਸ ਨੂੰ ਹਰ ਪੱਖ ਤੋਂ ਦੇਖਿਆ ਜਾਵੇਗਾ। (ਵਿਘਨ)

Original with;
Punjab Vidhan Sabha
Digitized by;
Panjab Digital Library

ਮਾਸ਼ਟਰ ਚੰਚ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਵਿਚ ਕਮੀਆਂ ਹਨ, ਇਹ ਗਲ ਠੀਕ ਹੈ। ਪਰ ਸਰਕਾਰ ਦਾ ਫਰਜ਼ ਹੈ ਕਿ ਜੋ ਕਮੀਆਂ ਰਹਿ ਗਈਆਂ ਹਨ ਉਹ ਦੂਰ ਕਰੇ। ਇਕ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਡਿਪਟੀ ਡੀ.ਈ.ਓ. ਜ਼ਿਲ੍ਹਾ ਪੱਧਰ ਤੇ ਲਗਣੇ ਹਨ, ਉਹ ਕਦੋਂ ਲਗਣਗੇ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸੀ.ਈ.ਓ. ਹਨ, ਇਨ੍ਹਾਂ ਦਾ ਬਿਲਕੁਲ ਖਜ਼ਾਨੇ ਤੇ ਬੋਝ ਪੈ ਰਿਹਾ ਹੈ ਅੱਤ ਇਹ ਬਿਲਕੁਲ ਬੇਲੋੜੇ ਹਨ। ਕੀ ਇਹ ਸੀ.ਈ.ਓ. ਦੇ ਦਫ਼ਤਰ ਨੂੰ ਰਿਮੂਵ ਕਥਕੇ ਹੋਰ ਕਿਧਰੇ ਉਨ੍ਹਾਂ ਨੂੰ ਐਡਜਸਟ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜੋ ਖਾਲਸਾ ਜੀ ਨੇ ਸੁਆਲ ਪੁੱਛਿਆ ਸੀ, ਉਸ ਦੇ ਜਵਾਬ ਵਿਚ ਮੈਂ ਆਪਣੇ ਵਿਚਾਰ ਬਿਲਕੁਲ ਕਲੀਅਰ ਦੇ ਦਿਤੇ ਸਨ। ਜੇ ਇਹ ਕੋਈ ਹੋਰ ਇਨਫਰਮੇਸ਼ਨ ਲੈਣਾ ਚਾਹੁੰਦੇ ਹਨ ਤਾਂ ਨਵਾਂ ਸਵਾਲ ਕਰ ਦੇਣ।

ਮਾਸਟਰ ਚੰਦ ਸਿੰਘ : ਇਸੇ ਦੇ ਨਾਲ ਹੀ ਤੱਲਕ ਰੱਖਦਾ ਹੈ। ਮੈਂ ਪੁੱਛਿਆ ਹੈ ਕਿ ਸੀ.ਈ.ਓ. ਦਾ ਦਫ਼ਤਰ ਖਜ਼ਾਨੇ ਤੇ ਵਾਧੂ ਭਾਰ ਹੈ, ਕੀ ਉਹ ਦਫ਼ਤਰ ਰਿਮੂਵ ਕਰਨਗੇ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਤਾਂ ਪ੍ਰਾਇਮਰੀ ਐਜੂਕੇਸ਼ਨ ਡਾਇਰੈਕਟੋਰੇਟ ਦੇ ਨਾਲ ਤੱਲਕ ਰਖਦਾ ਹੈ। ਜੋ ਇਹ ਪੁੱਛਣਾ ਚਾਹੁੰਦੇ ਹਨ ਉਸ ਦੇ ਲਈ ਇਹ ਵੱਖਰਾ ਸਵਾਲ ਦੇ ਦੇਣ। (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਇਨ੍ਹਾਂ ਨੇ ਪੜ੍ਹਿਆ ਨਹੀਂ ਹੈ, ਸੀ.ਈ.ਓ. ਦਾ ਪ੍ਰਾਇਮਰੀ ਐਜੂਕੇਸ਼ਨ ਨਾਲ ਕੋਈ ਤੁਅੱਲਕ ਹੀ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪ੍ਰਾਇਮਰੀ ਐਜੂਕੇਸ਼ਨ ਡਾਇਰੈਕਟੋਰੇਟ ਵਿਚ ਪ੍ਰਬੰਧ ਕੀ ਅਫ਼ਸਰ ਹਾਲੀਂ ਤਕ ਨਹੀਂ ਲਾਇਆ ਗਿਆ, ਪੋਸਟ ਸੈਂਕਸ਼ਨ ਹੋਈ ਪਈ ਹੈ ਪਰ ਹਾਲੀਂ ਤਕ ਕੋਈ ਆਦਮੀ ਲਾਇਆ ਨਹੀਂ ਗਿਆ। ਪ੍ਰਾਇਮਰੀ ਐਜੂਕੇਸ਼ਨ ਡਾਇਰੈਕਟੋਰੇਟ ਵਿਚ ਪੀ.ਸੀ.ਐਸ. ਲਗਾਏ ਜਾਂਦੇ ਹਨ ਲੇਕਿਨ ਮੁਲਾਜ਼ਮਾਂ ਦੀ ਮੰਗ ਹੈ ਕਿ ਜਿਹੜੀਆਂ ਕਲੈਰੀਕਲ ਪੋਸਟਾਂ ਹਨ ਉਥੇ ਉਨ੍ਹਾਂ ਨੂੰ ਪ੍ਰਮੋਟ ਕਰਕੇ ਲਗਾਇਆ ਜਾਵੇ। ਫਾਈਨਾਂਸ ਡਿਪਾਰਟਮੈਂਟ ਦਾ ਇਕ ਅਸੈਸਮੈਂਟ ਯੂਨਿਟ ਵੀ ਬਣਿਆ ਸੀ ਜਿਸ ਦੀਆਂ ਕੁਝ ਰਿਕੁਮੈਂਡੇਸ਼ਨਜ਼ ਵੀ ਹਨ, ਕੀ ਉਹ ਜਿਹੜੀਆਂ ਅਸੈਸਮੈਂਟ ਯੂਨਿਟ ਦੀਆਂ ਰਿਕੁਮੈਂਡੇਸ਼ਨਜ਼ ਹਨ, ਉਨ੍ਹਾਂ ਨੂੰ ਪੂਰਾ ਕਥਨਗੇ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਬਿਲਕੁਲ ਹੋਰ ਹੈ ਅਤੇ ਮਾਨਯੋਗ ਮੈਂਬਰ ਜੋ ਸਪਲੀਮੈਂਟਰੀ ਰਾਹੀਂ ਜਵਾਬ ਮੰਗਣ ਲਗੇ ਹਨ ਉਹ ਕੁਝ ਹੋਰ ਹੈ। ਇਹ ਪ੍ਰਿੰਸੀਪਲ ਦਾ ਸਵਾਲ ਹੈ, ਜਿਹੜਾ ਉਨ੍ਹਾਂ ਨੇ ਭੇਜ਼ ਕੀਤਾ ਹੈ। ਕਿ ਐਡਮਨਿਸਟਰੇਟਿਵ ਅਫ਼ਸਰ ਜਿਹੜਾ ਲਗਣਾ ਹੈ ਉਹ ਕਿਸ ਕੈਟੇਗਰੀ ਵਿਚੋਂ ਲਗਣਾ ਹੈ। ਇਸ ਸਵਾਲ ਨਾਲ ਇਸ ਦਾ ਕੋਈ ਤਲੱਕ ਨਹੀਂ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਇਹ ਪੋਸਟ ਸੈਂਕਸ਼ਨ ਹੋਈ ਪਈ ਹੈ ਅੱਤ ਫਾਈਨਾਂਸ ਡੀਪਾਰਟਮੈਂਟ ਦੇ ਅਸੈਸਮੈਂਟ ਯੂਨਿਟ ਨੇ ਅਸੈਸ ਕੀਤੀ ਹੋਈ ਹੈ। ਇਹ ਫਾਈਲ ਮੰਗਵਾ ਕੇ ਦੇਖ ਲੈਣ। ਮੈਂ ਤਾਂ ਅਮਲੇ ਨੂੰ ਹੀ ਲਾਉਣ ਦੀ ਗਲ ਕੀਤੀ ਹੈ ਅਤੇ ਇਹ ਸਵਾਲ ਇਸ ਸਵਾਲ ਦੇ ਵਿਚੋਂ ਹੀ ਅਥਾਈਜ਼ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਜਿਹੜੀਆਂ ਸ਼ਾਰਟ-ਕਮਿੰਗਜ਼ ਹਨ ਅਮਲੇ ਨੂੰ ਲਾਉਣ ਦੀਆਂ ਉਹ ਸਾਰੀਆਂ ਵਿਚਾਰ ਅਧੀਨ ਹਨ। (ਵਿਘਨ)

Bus Service between Mandi Phul and Phul

*72 **Master Babu Singh:** Will the Chief Minister be pleased to state whether there is any proposal under the active consideration of the Government to start shuttle bus service between Mandi Phul and Phul for the benefit of the public and students of T.P.D. Malwa College, Rampura Phul ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਾਲਜ ਨੂੰ ਅੱਤ ਪਚਿਹਰੀ ਨੂੰ ਮੁੱਖ ਰੱਖ ਕੇ ਹੀ ਸ਼ਟਲ-ਬਸ ਸਰਵਿਸ ਜੇ ਨਹੀਂ ਚਲਾਉਣ ਦੀ ਸਕੀਮ ਤਾਂ ਕੋਈ ਟੈਂਪਰੇਰੀ ਅਰੇਂਜਮੈਂਟ ਸੁਬਾਹ ਸ਼ਾਮ ਵਾਸਤੇ ਕਰਵਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ,ਟੀ.ਪੀ.ਡੀ. ਮਾਲਵਾ ਕਾਲਜ, ਰਾਮਪੁਰਾ ਫੂਲ ਦੇ ਪ੍ਰਿੰਸੀਪਲ ਵਲੋਂ ਮੰਡੀ ਫੂਲ ਅਤੇ ਫੂਲ ਵਿਚਕਾਰ ਲੋਕਲ ਬਸ ਚਲਾਉਣ ਲਈ ਮੰਗ ਕੀਤੀ ਗਈ ਸੀ। ਰੂਟ ਸਰਵੇ ਉਪਰੰਤ ਇਸ ਮੰਗ ਦੀ ਪੜਤਾ ਉਸ ਵੇਲੇ ਦੇ ਐਸ.ਡੀ.ਐਮ. ਅਤੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਬਠਿੰਡਾ ਵਲੋਂ ਕੀਤੀ ਗਈ ਸੀ ਤਾਂ ਜੋ ਰਾਮਪੁਰਾ ਫੂਲ ਅਤੇ ਫੂਲ ਦੇ ਸਥਾਨਿਕ ਵਸਨੀਕਾਂ ਨੂੰ ਬੱਸ ਸੇਵਾ ਦੀ ਸਹੂਲਤ ਮਿਲ ਸਕੇ। ਡੀਪੂ ਮੈਨੇਜਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਬਠਿੰਡਾ ਨੂੰ ਇਸ ਰੂਟ ਲਈ ਪਰਮਿਟ ਹਾਸਲ ਕਰਨ ਲਈ ਹਦਾਇਤ ਕੀਤੀ ਗਈ ਸੀ। ਸਵਾਰੀਆਂ ਦੀ ਘਾਟ ਕਾਰਨ ਡੀਪੂ ਮੈਨੇਜਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਇਸ ਰੂਟ ਤੇ ਲੋਕਲ ਬਸ ਸੇਵਾ ਚਲਾਉਣ ਦੀ ਸਿਫਾਰਸ਼ ਨਾ ਕੀਤੀ। ਉਸ ਨੇ ਰੂਟ ਪਰਮਿਟ ਲਈ ਵੀ ਦਰਖਾਸਤ ਨਾ ਦਿੱਤੀ। ਜਨਰਲ ਮੈਨੇਜਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਸੂਚਿਤ ਕੀਤਾ ਹੈ ਕਿ ਪੰਜਾਬ ਰੋਡਵੇਜ਼ , ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪ੍ਰਾਈਵੇਟ ਆਪਰੇਟਰਾਂ ਵਲੋਂ ਇਨ੍ਹਾਂ ਦੇ ਕਸਬਿਆਂ ਦਰਮਿਆਨ ਇਸ ਸਮੇਂ 46 ਬਸ ਸੇਵਾਵਾਂ ਚੱਲ ਰਹੀਆਂ ਹਨ। ਲੋਕਾਂ ਅਤੇ ਟੀ.ਪੀ.ਡੀ. ਮਾਲਵਾ ਕਾਲਜ ਦੇ ਵਿਦਿਆਰਥੀਆਂ ਦੇ ਲਾਭ ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਲੋਂ ਰਾਮਪੁਰਾ ਫੂਲ ਤੋਂ ਮਹਰਾਜ ਰੂਟ ਤੇ ਬਸ ਸੇਵਾ ਚਲਾਈ ਜਾ ਰਹੀ ਹੈ। ਪਰ ਉਨ੍ਹਾਂ ਨੂੰ ਸਹੂਲਤ ਦੇਣ ਵਾਸਤੇ ਅਗਰ ਕੋਈ ਟਾਈਮਿੰਗਜ਼ ਦਾ ਫਰਕ ਹੋਵੇ ਤਾਂ ਉਸ ਨੂੰ ਐਡਜਸਟ ਕੀਤਾ ਜਾ ਸਕਦਾ ਹੈ।

Starred Question 178*

ਸ਼੍ਰੀ ਸਪੀਕਰ : ਇਸ ਸੁਆਲ ਲਈ ਐਕਸਟੈਨਸ਼ਨ ਮੰਗੀ ਗਈ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਇਸ ਦਾ ਜਵਾਬ ਇਸੇ ਸੈਸ਼ਨ ਵਿਚ ਆ ਜਾਵੇ।

ਸੁਲਤਾਨਪੁਰ ਲੋਧੀ ਨਗਰਪਾਲਕਾ ਦੇ ਕਾਰਜਕਾਰੀ ਅਫ਼ਸਰ ਵਿਰੁੱਧ ਯਾਦ ਪੱਤਰ।

*103. **ਸਰਦਾਰ ਆਤਮਾ ਸਿੰਘ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ 1979-80 ਜਾਂ ਚਾਲੂ ਵਿੱਤੀ ਸਾਲ ਦੇ ਦੌਰਾਨ ਨਗਰ ਪਾਲਕਾ, ਸੁਲਤਾਨਪੁਰ ਲੋਧੀ ਦੇ ਪੰਜ ਮੈਂਬਰਾਂ

---

*Starredquestion No 178 and reply thereto please see Punjab Vidhan Sabha Deate dated 23-7-1980.

Original with;
Punjab Vidhan Sabha
Digitized by;
Panjab Digital Library

[ਸਰਦਾਰ ਆਤਮਾ ਸਿੰਘ]

ਵਲੋਂ ਨਗਰ ਪਾਲਕਾ ਦੇ ਕਾਰਜਕਾਰੀ ਅਫ਼ਸਰ ਵਿਰੁੱਧ ਕੁੱਝ ਸ਼ਿਕਾਇਤਾਂ ਵਾਲਾ ਕੋਈ ਯਾਦ ਪੱਤਰ ਮਿਲਿਆ ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ ਅਤੇ ਉਸ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

ਡਾਕਟਰ ਕੇਵਲ ਕ੍ਰਿਸ਼ਨ : ਹਾਂ ਜੀ। ਅਜਿਹੇ ਦੋ ਮੈਮੋਰੈਂਡਮ ਮਿਤੀ 23 ਅਤੇ 25 ਜੂਨ, 1980 ਨੂੰ ਪ੍ਰਾਪਤ ਹੋਏ ਸਨ ਜਿਨ੍ਹਾਂ ਵਿਚ ਲਾਏ ਗਏ ਦੋਸ਼ ਹਾਊਸ ਦੇ ਟੇਬਲ ਤੇ ਰੱਖੇ ਜਾਂਦੇ ਹਨ। ਇਸ ਮਾਮਲੇ ਦੀ ਪੜਤਾਲ ਰੀਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਜਲੰਧਰ ਤੋਂ ਕਰਵਾਈ ਗਈ ਹੈ ਜਿਸ ਦੀ ਰਿਪੋਰਟ ਵਿਚਾਰ ਅਧੀਨ ਹੈ।

(ਦੋਸ਼ਾਂ ਦੀ ਸੂਚੀ)

ਨਗਰ ਪਾਲਕਾ ਸੁਲਤਾਨਪੁਰ ਲੋਧੀ ਦੇ ਫੰਡਜ਼ ਮਿਉਂਸਪਲ ਕਮਿਸ਼ਨਰ ਵਲੋਂ ਕਾਰਜ ਸਾਧਕ ਅਫਸਰ ਮਿਉਂਸਪਲ ਕਮੇਟੀ ਸੁਲਤਾਨਪੁਰ ਲੋਧੀ ਵਿਰੁੱਧ ਨਿਮਨ ਲਿਖਤ ਦੋਸ਼ ਲਾਏ ਗਏ ਹਨ.--

(1) ਸ਼੍ਰੀ ਧਰਮਪਾਲ, ਪੁੱਤਰ ਸ਼੍ਰੀ ਬੈਕੁੰਠ ਲਾਲ ਨੇ ਨਗਰ ਪਾਲਕਾ ਦੀ ਜਗ੍ਹਾ ਤੇ ਨਜ਼ਾਇਜ਼ ਕਬਜ਼ਾ ਕਰਕੇ 10--12 ਦੁਕਾਨਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਪਰੰਤੂ ਸਰਦਾਰ ਸਵਰਨ ਸਿੰਘ ਗਿੱਲ ਕਾਰਜ ਸਾਧਕ ਅਫਸਰ ਨੇ ਉਪਰੋਕਤ ਜਗ੍ਹਾ ਤੇ ਸ਼੍ਰੀ ਧਰਮ ਪਾਲ ਦਾ ਕਬਜ਼ਾ ਕਰਵਾ ਦਿੱਤਾ ਹੈ ਜਿਸ ਵਿੱਚ ਘਪਲੇਬਾਜ਼ੀ ਦਾ ਸ਼ੱਕ ਹੈ।

(2) ਇਹ ਕਿ ਇਹਨਾਂ ਮੈਂਬਰਾਂ ਵਲੋਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਬਾਰ ਬਾਰ ਮੰਗਣ ਤੇ ਨਹੀਂ ਦਿੱਤੀ ਗਈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਕਾਰਜ ਸਾਧਕ ਅਫ਼ਸਰ ਪ੍ਰਧਾਨ ਨਾਲ ਮਿਲ ਕੇ ਮੀਟਿੰਗ ਤੋਂ ਬਾਅਦ ਮਨਮਰਜ਼ੀ ਦੀ ਕਾਰਵਾਈ ਕਰ ਲੈਂਦਾ ਹੈ।

(3) ਸ਼ਹਿਰ ਵਿਚ ਅੰਧਾਧੁੰਦ ਨਗਰ ਪਾਲਕਾ ਦੀ ਥਾਂ ਤੇ ਇਨਕਰੋਚਮੈਂਟਾਂ ਹੋ ਰਹੀਆਂ ਹਨ ਅਤੇ ਇਹ ਕਾਰਜ ਸਾਧਕ ਅਫ਼ਸਰ ਖੁਦ ਕਿਸੇ ਲਾਲਚ ਵਿਚ ਕਰਵਾ ਰਿਹਾ ਹੈ।

(4) ਸਦਰ ਬਜ਼ਾਰ ਵਿਚ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਅਗੇ ਸਬਜ਼ੀ ਅਗੇ ਵਾਧਾ ਕੇ ਰੱਖੀ ਹੋਈ ਹੈ ਅਤੇ ਕਾਰਜ ਸਾਧਕ ਅਫ਼ਸਰ ਇਸ ਵਲ ਕੋਈ ਧਿਆਨ ਨਹੀਂ ਦੇ ਰਿਹਾ।

(5) ਸ਼ਹਿਰ ਵਿਚ ਪਾਣੀ ਦੀ ਸਪਲਾਈ ਦਾ ਢੰਗ ਬਹੁਤ ਥੋੜ੍ਹਾ ਹੈ ।

(6) ਸ਼ਹਿਰ ਵਿਚ ਸਟਰੀਟ ਲਾਈਟ ਦਾ ਪ੍ਰਬੰਧ ਬਹੁਤ ਨਿਕੰਮਾ ਹੈ ਜਿਸ ਕਾਰਨ ਚੋਰੀ ਦੀਆਂ ਵਾਰਦਾਤਾਂ ਹੋ ਚੁੱਕੀਆਂ ਹਨ ਪਰ ਕਾਰਜ ਸਾਧਕ ਅਫ਼ਸਰ ਸਟਰੀਟ ਲਾਈਟ ਵਲ ਕੋਈ ਧਿਆਨ ਨਹੀਂ ਦੇ ਰਿਹਾ ।

Original with;
Punjab Vidhan Sabha
Digitized by;
Panjab Digital Library

(7) ਸ਼ਹਿਰ ਵਿਚ ਸਫਾਈ ਦੀ ਹਾਲਤ ਕਾਫੀ ਖਰਾਬ ਹੈ ਅਤੇ ਨਾਲੀਆਂ ਬੰਦ ਪਈਆਂ ਹਨ ਜਿਸ ਵਲ ਕਾਰਜ ਸਾਧਕ ਅਫ਼ਸਰ ਨੇ ਕੋਈ ਧਿਆਨ ਨਹੀਂ ਦਿੱਤਾ।

(8) ਗੁਰਦੁਆਰਾ ਸ਼੍ਰੀ ਬੇਰ ਸਾਹਿਬ ਅਤੇ ਗੁਰਦੁਆਰਾ ਸ਼੍ਰੀ ਹੱਟ ਸਾਹਿਬ ਸੜਕ ਤੇ ਕੁਝ ਝਟਕਈਆਂ ਨੇ ਸੜਕ ਤੇ ਹੀ ਬਕਰੇ ਝਟਕਾਉਣੇ ਸ਼ੁਰੂ ਕਰ ਦਿੱਤੇ ਹਨ ਜਿਸ ਕਾਰਨ ਬਾਹਰੋਂ ਆਉਣ ਵਾਲੇ ਯਾਤਰੀਆਂ ਤੇ ਭੈੜਾ ਅਸਰ ਪੈਂਦਾ ਹੈ। ਇਸ ਵਲ ਵੀ ਕਾਰਜ ਸਾਧਕ ਅਫ਼ਸਰ ਨੇ ਕੋਈ ਧਿਆਨ ਨਹੀਂ ਦਿੱਤਾ।

(9) ਜਦੋਂ ਦੇ ਸਰਦਾਰ ਸਵਰਨ ਸਿੰਘ ਗਿੱਲ ਬਤੌਰ ਕਾਰਜ ਸਾਧਕ ਅਫ਼ਸਰ ਆਏ ਹਨ, ਮਹਿਸੂਲ ਚੋਰੀ ਜ਼ੋਰਾਂ ਤੇ ਹੈ।

(10) ਕਾਰਜ ਸਾਧਕ ਅਫ਼ਸਰ ਚੌਥੀ ਸ਼੍ਰੇਣੀ ਦੇ ਕਰਮਚਾਰੀਆਂ ਪਾਸੋਂ ਆਪਣੇ ਘਰੇਲੂ ਜਾਤੀ ਕੰਮ ਕਰਵਾਉਂਦੇ ਰਹਿੰਦੇ ਹਨ।

(11) ਕਾਰਜ ਸਾਧਕ ਅਫ਼ਸਰ ਕਈ ਕਈ ਦਿਨ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਰਹਿੰਦੇ ਹਨ ਜਿਸ ਕਾਰਨ ਲੋਕਾਂ ਦੇ ਕੰਮ ਕਾਜ ਰੁੱਕੇ ਰਹਿੰਦੇ ਹਨ।

(12) ਕਾਰਜ ਸਾਧਕ ਅਫ਼ਸਰ ਦਾ ਰਵੱਈਆ, ਵਿਵਹਾਰ ਮੈਂਬਰਾਂ, ਮੁਲਾਜ਼ਮਾਂ ਅਤੇ ਆਮ ਲੋਕਾਂ ਨਾਲ ਬਹੁਤ ਘਟੀਆ ਹੈ।

(13) ਨਗਰ ਪਾਲਕਾ ਦੀ ਲਾਇਬ੍ਰੇਰੀ ਵਿਚ ਲੋਕੀ ਸਿਗਰਟਾਂ ਪੀਂਦੇ ਰਹਿੰਦੇ ਹਨ।

(14) ਸ਼ਹਿਰ ਦਾ ਗੰਦਾ ਪਾਣੀ ਪਵਿੱਤਰ ਵਈ ਨਦੀ ਵਿਚ ਪੈਂਦਾ ਹੈ ਇਸ ਨੂੰ ਰੋਕਣ ਲਈ ਪੁਰਾਣਾ ਪਾਈਪ ਪ੍ਰਬੰਧ ਨਕਾਰਾ ਹੋ ਚੁੱਕਿਆ ਹੈ ਜਿਸ ਨੂੰ ਠੀਕ ਨਾ ਕਰਨ ਦੀ ਜ਼ਿਮੇਵਾਰੀ ਕਾਰਜ ਸਾਧਕ ਦੀ ਅਫਸਰ ਹੈ।

(15) ਨਗਰ ਪਾਲਕਾ ਦੇ ਕੁਝ ਸੇਵਾਦਾਰਾਂ ਪਾਸੋਂ ਚੁੰਗੀ ਮੁਹੱਰਰ ਦਾ ਕੰਮ ਲਿਆ ਜਾਂਦਾ ਹੈ ਜੋ ਕਿ ਕਾਨੂੰਨੀ ਤੌਰ ਤੇ ਗਲਤ ਹੈ।

(16) ਜਦੋਂ ਦੇ ਸ਼੍ਰੀ ਸਵਰਨ ਸਿੰਘ, ਕਾਰਜ ਸਾਧਕ ਅਫ਼ਸਰ ਇਸ ਨਗਰਪਾਲਕਾ ਵਿਚ ਆਏ ਹਨ ਵਿਕਾਸ ਦਾ ਕੰਮ ਬਿਲਕੁੱਲ ਠੱਪ ਪਿਆ ਹੈ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਫੁਰਮਾਇਆ ਹੈ ਕਿ ਈ.ਓ. ਸੁਲਤਾਨਪੁਰ ਦੇ ਵਿਰੁੱਧ 5 ਮੈਂਬਰਾਂ ਨੇ ਮੈਮੋਰੈਂਡਮ ਭੇਜਿਆ ਹੈ ਅਤੇ ਉਸ ਦੇ ਵਿਚ 16 ਸੰਗੀਨ ਇਲਜ਼ਾਮ ਲਗਾਏ ਹਨ ਅਤੇ ਇਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਰਿਜਨਲ ਡਿਪਟੀ ਡਾਇਰੈਕਟਰ ਸਥਾਨਕ ਸਰਕਾਰ ਜਲੰਧਰ ਨੇ ਇਸ ਦੀ ਇਨਕੁਆਇਰੀ ਕੀਤੀ ਹੈ। ਲੇਕਿਨ ਉਸ ਇਨਕੁਆਇਰੀ ਵਿਚ ਡਿਪਟੀ ਡਾਇਰੈਕਟਰ ਨੇ ਜੋ ਸ਼ਿਕਾਇਤ ਕਰਤਾ ਸਨ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਅਤੇ ਇਹ ਸ਼ੱਕ ਕੀਤਾ ਜਾਂਦਾ ਹੈ ਕਿ ਮੁਲਾਜ਼ਮਾਂ ਨੂੰ ਬਚਾਉਣ ਲਈ ਐਸਾ ਕੀਤਾ ਜਾ ਰਿਹਾ ਹੈ। ਕੀ ਮਨਿਸਟਰ ਸਾਹਿਬ ਹੈਡਕੁਆਟਰ ਤੋਂ ਅਫ਼ਸਰ ਭੇਜ ਕੇ ਇਨ੍ਹਾਂ ਦੋਸ਼ਾਂ ਦੀ ਪੜਤਾਲ ਕਰਾਉਣਗੇ ਅਤੇ ਜਿਹੜੇ ਸ਼ਿਕਾਇਤ ਕਰਨ ਵਾਲੇ ਹਨ ਉਨ੍ਹਾਂ ਨੂੰ ਉਸ ਪੜਤਾਲ ਵੇਲੇ ਭਰੋਸੇ ਵਿਚ ਲਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਸ ਦੀ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਨੇ ਇਨਕੁਆਇਰੀ ਕੀਤੀ ਹੈ। ਉਸ ਦੇ ਬਾਰੇ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੀ ਤਸੱਲੀ ਨਹੀਂ ਹੋਈ। ਮੈਂ ਡਾਇਰੈਕਟਰ, ਲੋਕਲ ਬਾਡੀਜ਼ ਨੂੰ ਕਿਹਾ ਹੈ ਕਿ ਇਸ ਨੂੰ ਐਗਜ਼ਾਮਿਨ ਕਰਕੇ ਦੇਖੇ ਕਿ ਇਹ ਤੱਥਾਂ ਦੇ ਮੁਤਾਬਿਕ ਠੀਕ ਹੈ ਜਾਂ ਗਲਤ ਹੈ, ਫਿਰ ਰਿਪੋਰਟ ਕਰੇ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਹ ਜਿਹੜੇ ਦੋਸ਼ ਲਗਾਏ ਗਏ ਹਨ ਇਨ੍ਹਾਂ ਦੋਸ਼ਾਂ ਵਿਚ ਇਕ ਦੋਸ਼ ਇਹ ਵੀ ਹੈ ਸ਼੍ਰੀ ਧਰਮਪਾਲ ਪੁੱਤਰ ਸ਼੍ਰੀ ਬੈਕੁੰਠ ਲਾਲ ਨੇ ਨਗਰ ਪਾਲਕਾ ਦੀ ਜਗ੍ਹਾ ਤੇ ਨਜਾਇਜ਼ ਕਬਜ਼ਾ ਕਰਕੇ 10–12 ਦੁਕਾਨਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਪਰੰਤੂ ਸਰਦਾਰ ਸਵਰਨ ਸਿੰਘ ਗਿੱਲ ਕਾਰਜ ਸਾਧਕ ਅਫ਼ਸਰ ਨੇ ਉਪਰੋਕਤ ਜਗ੍ਹਾ ਤੇ ਸ਼੍ਰੀ ਧਰਮਪਾਲ ਦਾ ਕਬਜ਼ਾ ਕਰਾ ਦਿੱਤਾ ਹੈ ਜਿਸ ਵਿਚ ਘੱਪਲੇਬਾਜ਼ੀ ਦਾ ਸ਼ੱਕ ਹੈ।

ਇਕ ਇਲਜ਼ਾਮ ਇਹ ਵੀ ਹੈ ਕਿ ਸ਼ਹਿਰ ਦਾ ਗੰਦਾ ਪਾਣੀ ਪਵਿੱਤਰ ਵਈਂ ਨਦੀ ਵਿਚ ਜਿਥੇ ਯਾਤਰੂ ਸ਼ਰਧਾ ਨਾਲ ਇਸ਼ਨਾਨ ਕਰਦੇ ਹਨ, ਉਥੇ ਪਾਇਆ ਜਾ ਰਿਹਾ ਹੈ। ਕੀ ਵਿੱਤ ਮੰਤਰੀ ਸਾਹਿਬ ਉਚੇਚੇ ਤੌਰ ਤੇ ਜੋ ਨਗਰਪਾਲਕਾ ਦੀਆਂ ਜਾਇਦਾਦਾਂ ਤੇ ਨਾਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ ਅੌਰ ਜੋ ਗੰਦਾ ਪਾਣੀ ਵਈਂ ਨਦੀ ਵਿਚ ਪਾਇਆ ਜਾ ਰਿਹਾ ਹੈ, ਉਸ ਨੂੰ ਰੋਕਣ ਦਾ ਕੋਈ ਪ੍ਰਬੰਧ ਕਰਨਗੇ ?

ਮੰਤਰੀ : ਮਾਨਯੋਗ ਮੈਂਬਰ ਨੇ ਜੋ ਚਿੰਤਾ ਪ੍ਰਗਟ ਕੀਤੀ ਹੈ ਉਸ ਦਾ ਧਿਆਨ ਰਖਦਿਆਂ ਹੋਇਆਂ ਜ਼ਰੂਰ ਮੁਨਾਸਿਬ ਕਾਰਵਾਈ ਕੀਤੀ ਜਾਏਗੀ ਅੌਰ ਜੇ ਕੋਈ ਦੋਸ਼ੀ ਪਾਇਆ ਗਿਆ ਤਾਂ ਉਸਦੇ ਵਿਰੁੱਧ ਕਾਰਵਾਈ ਕੀਤੀ ਜਾਏਗੀ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਇਕ ਸਪੈਸਿਫ਼ਿਕ ਕੇਸ ਵਿੱਤ ਮੰਤਰੀ ਦੇ ਨੋਟਿਸ ਵਿਚ ਲਿਆਂਦਾ ਹੈ ਕਿ ਕਿਸੇ ਆਦਮੀ ਨੇ ਨਗਰਪਾਲਕਾ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕੀਤਾ ਹੈ ਅਤੇ ਨਗਰਪਾਲਕਾ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਜੋ ਜ਼ਮੀਨ ਤੇ ਨਾਜਾਇਜ਼ ਕਬਜ਼ਾ ਹੋਇਆ ਹੈ ਕੀ ਤੁਰੰਤ ਉਸ ਨੂੰ ਖਾਲੀ ਕਰਾਉਣ ਲਈ ਮੁਨਾਸਿਬ ਕਾਰਵਾਈ ਕਰਨਗੇ ?

ਮੰਤਰੀ : ਇਸ ਸਬੰਧ ਵਿਚ ਜੋ ਵੀ ਮੁਨਾਸਬ ਕਾਰਵਾਈ ਹੋ ਸਕੇਗੀ, ਸਰਕਾਰ ਪੂਰੇ ਤੌਰ ਤੇ ਕਰੇਗੀ।

Starred Question No. 179*

ਸ਼੍ਰੀ ਸਪੀਕਰ : ਇਸ ਸੁਆਲ ਵਾਸਤੇ ਐਕਸਟੈਨਸ਼ਨ ਮੰਗੀ ਗਈ ਹੈ।

Withdrawal of the list of 25 bed and 30 bed hospitals

***104. Sardar Atma Singh** : Will the Minister for Health and Family Welfare be pleased to state—

(a) whether the list of 25 bed and 30 bed hospitals which had been approved by the previous Ministry headed by Sardar

---

*For Starred Question No. 179 and reply thereto please see Punjab Vidhan Sabha Debates dated 23-7-1980

Original with;
Punjab Vidhan Sabha
Digitized by;
Panjab Digital Library

Parkash Singh Badal was withdrawn during the President's Rule in the State; if so, the reasons for the same ;

(b) whether the Government propose to take up the construction of Hospitals mentioned in part (a) above ?

ਸ਼੍ਰੀ ਸਰਦਾਰੀ ਲਾਲ ਕਪੂਰ (ਓ) ਪਿੱਛਲੀ ਸਰਕਾਰ ਦੁਆਰਾ ਸਾਲ 1979-80 ਵਿਚ ਪ੍ਰਵਾਨ ਕੀਤੇ ਗਏ 23, ਪੰਝੀ ਬਿਸਤਰਿਆਂ ਵਾਲੇ ਹਸਪਤਾਲਾਂ ਵਿਚੋਂ ਕੇਵਲ ਉਹ 11 ਕੰਸਲ ਕੀਤੇ ਗਏ ਸਨ ਜਿਹੜੇ ਕਿ ਉਨ੍ਹਾਂ ਥਾਵਾਂ ਵਿਚ ਪ੍ਰਵਾਨ ਕੀਤੇ ਗਏ ਸਨ ਜਿਥੇ ਕਿ ਪਹਿਲਾਂ ਹੀ ਅਜਿਹਾ ਹਸਪਤਾਲ ਮੌਜੂਦ ਸੀ ।

(ਅ) ਪ੍ਰਵਾਨਿਤ ਹਸਪਤਾਲਾਂ ਦੀਆਂ ਬਿਲਡਿੰਗਾਂ ਦੀ ਉਸਾਰੀ ਸਬੰਧੀ ਮਾਮਲਾ ਰਿਵਿਊ ਕੀਤਾ ਜਾ ਰਿਹਾ ਹੈ ।

Decision to set up 50—Bed Hospitals at Sub-Divisional Level in the State

***174. Sardar Shamsher Singh** : Will the Health and Family Welfare Minister be pleased to state—

(a) whether it is a fact that previous Ministry had decided to set up 50—bed hospitals at Sub-Divisional level in the State ;

(b) if the reply to part (a) above be in the affirmative ; whether any 50-bed hospital is being set up at Sub-Division Khanna ; if so, the steps taken in this behalf so far ?

ਸ਼੍ਰੀ ਸਰਦਾਰੀ ਲਾਲ ਕਪੂਰ : (ਓ) ਸਬ-ਡਵੀਜ਼ਨਲ ਪੱਧਰ ਤੇ ਹਸਪਤਾਲਾਂ ਨੂੰ 50 ਬਿਸਤਰਿਆਂ ਦੇ ਹਸਪਤਾਲ ਦੇ ਤੌਰ ਤੇ ਅਪਗਰੇਡ ਕਰਨ ਦੀ ਜਨਰਲ ਪਾਲਿਸੀ 1966-67 ਤੋਂ ਅਪਣਾਈ ਜਾ ਰਹੀ ਹੈ ।

(ਅ) ਸਿਵਲ ਹਸਪਤਾਲ ਪੰਨਾ ਨੂੰ 50 ਬਿਸਤਰਿਆਂ ਚੇ ਹਸਪਤਾਲ ਦੇ ਤੌਰ ਤੇ ਸਾਲ 1980-81 ਦੌਰਾਨ ਅਪਗਰੇਡ ਕਰਨ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਖੰਨੇ ਵਿਚ 50 ਬਿਸਤਰਿਆਂ ਦਾ ਹਸਪਤਾਲ ਬਣਾਉਣ ਲਈ ਪਿਛਲੀ ਸਰਕਾਰ ਵਲੋਂ ਕਾਗਜ਼ਾਂ ਵਿਚ ਐਲਾਨ ਹੋਇਆ ਸੀ ਅਤੇ ਅਖਬਾਰਾਂ ਵਿਚ ਵੀ ਆਇਆ ਸੀ। ਖੰਨਾ 60 ਹਜ਼ਾਰ ਦੀ ਆਬਾਦੀ ਵਾਲਾ ਸ਼ਹਿਰ ਹੈ ਅਤੇ ਇਸ ਦੇ ਨਾਲ ਆਲੇ ਦੁਆਲੇ ਦੇ ਦੋ ਢਾਈ ਸੌ ਪਿੰਡ ਲਗਦੇ ਹਨ। ਉਥੇ ਸਿਰਫ ਇਕ ਹੀ ਡਾਕਟਰ ਹੈ। ਉਥੇ ਬਿਲਡਿੰਗ ਦਾ ਪ੍ਰਬੰਧ ਸਫੀਸ਼ੈਂਟ ਹੈ। ਮੈਂ ਸਪੈਸਿਫਿਕਲੀ ਪੁੱਛਦਾ ਹਾਂ ਕਿ ਉਹ ਹਸਪਤਾਲ ਕਦੋਂ ਤਕ ਬਣ ਜਾਏਗਾ ? 1979 ਵਿਚ ਲੁਧਿਆਣਾ ਅੰਰ ਪਟਿਆਲਾ ਦੇ ਦਰਮਿਆਨ ਇਕ ਐਕਸੀਡੈਂਟ ਹੋ ਗਿਆ ਸੀ ਜਿਸ ਵਿਚ 27,28 ਮੌਤਾਂ ਹੋ ਗਈਆਂ ਸਨ। ਹਰ ਸਾਲ ਦੋ ਤਿੰਨ ਐਕਸੀਡੈਂਟ ਹੋ ਜਾਂਦੇ ਹਨ ਅਤੇ ਕਈ ਫੱਟੜ ਲੁਧਿਆਣਾ ਜਾਂ ਪਟਿਆਲੇ ਜਾਂਦੇ ਰਸਤੇ ਵਿਚ ਹੀ ਦਮ ਤੋੜ ਜਾਂਦੇ ਹਨ। ਇਹ ਮਸਲਾ ਬਹੁਤ ਗੰਭੀਰ ਹੈ। ਜੀ.ਟੀ.ਰੋਡ ਕਰਕੇ ਆਮ ਐਕਸੀਡੈਂਟ ਹੁੰਦੇ ਰਹਿੰਦੇ ਹਨ ਉਨ੍ਹਾਂ ਦੀ ਦੇਖ ਭਾਲ ਲਈ ਇਹ ਜ਼ਰੂਰੀ ਹੈ ਕਿ ਉਥੇ ਸਰਕਾਰ ਜਲਦੀ ਮੈਡੀਕਲ ਏਡ ਦਾ ਪ੍ਰਬੰਧ ਕਰੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮੈਂ ਆਸ਼ਾ ਕਰਦਾ ਹਾਂ ਕਿ ਇਸ ਫਾਇਨਾਂਸ਼ਲ ਈਅਰ ਵਿਚ ਇਹ ਬਣ ਜਾਏਗਾ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਜਿਹੜਾ ਸਰਕਾਰ ਦਾ ਫੈਸਲਾ ਹੈ ਕਿ ਹਰ ਇਕ ਸੱਬ ਡਵੀਜ਼ਨਲ ਲੈਵਲ ਤੇ 50 ਬੈਡਜ਼ ਦਾ ਹਸਪਤਾਲ ਬਣਾਉਣਾ ਹੈ, ਮੈਂ ਪੁੱਛਦਾ ਹਾਂ ਕਿ ਕੀ ਤਲਵੰਡੀ ਸਾਬੋ ਵਿਚ ਵੀ ਅਜਿਹਾ ਹਸਪਤਾਲ ਬਣਾਇਆ ਜਾਏਗਾ ?

ਮੰਤਰੀ : ਮੈਂ ਇਸ ਦਾ ਜਵਾਬ ਪਹਿਲਾਂ ਹੀ ਦੇ ਚੁੱਕਾ ਹਾਂ। ਹਸਪਤਾਲਾਂ ਵਿਚ ਲੋਕਾਂ ਨੂੰ ਤਕਲੀਫ਼ ਹੈ। ਮੈਂ ਚਾਹੁੰਦਾ ਹਾਂ ਕਿ ਕੋਈ ਗਲ ਹੈਪਹੈਜ਼ਰਡਲੀ ਨਾ ਹੋਵੇ। ਐਲਾਨ ਤਾਂ ਪਹਿਲਾਂ ਵੀ ਬੜੇ ਹੁੰਦੇ ਰਹੇ ਹਨ ਪਰ ਅਸੀਂ ਐਲਾਨਾਂ ਵਿਚ ਨਹੀਂ ਪੈਣਾ। ਬਾਦਲ ਸਾਹਿਬ ਸ਼ਰੀਫ਼ ਆਦਮੀ ਹਨ। ਜੋ ਗਲਾਂ ਉਹ ਕਰਦੇ ਰਹੇ ਹਨ ਉਹ ਆਪ ਹੀ ਕਰ ਲੈਂਦੇ ਪਰ ਉਨ੍ਹਾਂ ਨੇ ਤਾਂ ਆਪਣੇ ਆਪ ਕੰਮ ਨਹੀਂ ਕੀਤਾ। ਅਸੀਂ ਜੇ ਵਾਇਦਾ ਕਰਾਂਗੇ ਤਾਂ ਪੱਕਾ ਕਰਾਂਗੇ, ਐਵੇਂ ਨਹੀਂ ਕਰਦੇ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਤਲਵੰਡੀ ਸਾਬੋ ਬਾਰੇ ਅਸ਼ਿਓਰੈਂਸ ਦੇਣਗੇ ਕਿ ਕਦੋਂ ਤਕ ਉਥੇ ਹਸਪਤਾਲ ਬਣਾ ਦਿਤਾ ਜਾਏਗਾ ?

ਮੰਤਰੀ : ਅਸੀਂ ਤਾਂ ਚਾਹੁੰਦੇ ਹਾਂ ਕਿ ਬਣ ਜਾਏ ਪਰ ਸਭ ਨਾਲੋਂ ਜ਼ਰੂਰੀ ਗਲ ਇਹ ਹੈ ਕਿ ਜੇ ਸਾਡੇ ਕੋਲ ਪੈਸਾ ਆ ਗਿਆ ਤਾਂ ਅਸੀਂ ਜ਼ਰੂਰ ਬਣਾ ਦਿਆਂਗੇ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦਸਣਾ ਚਾਹੁੰਦਾ ਹਾਂ ਕਿ ਖੰਨਾਂ ਵਿਚ ਈ.ਐਸ.ਆਈ. ਹਸਪਤਾਲ ਬਣਾਉਣ ਲਈ ਫੈਸਲਾ ਹੋਇਆ ਸੀ ਅਤੇ ਸਰਕਾਰ ਵਲੋਂ ਪਲਾਟ ਵੀ ਖਰੀਦਿਆ ਗਿਆ ਸੀ। ਈ.ਐਸ. ਆਈ. ਕਾਰਪੋਰੇਸ਼ਨ ਨੇ ਆਪਣਾ ਰੁਪਿਆ ਜਮ੍ਹਾਂ ਕਰਾ ਦਿਤਾ ਹੈ। ਹੁਣ ਉਹ ਹਸਪਤਾਲ ਕਦੋਂ ਤਕ ਬਣ ਜਾਏਗਾ ?

ਮੰਤਰੀ : ਇਹ ਇਸ ਕੁਐਸ਼ਚਨ ਨਾਲ ਤੁਅੱਲਕ ਨਹੀਂ ਰਖਦਾ। ਮੈਂ ਪ੍ਰਾਰਥਨਾ ਕਰਾਂਗਾ ਕਿ ਮੇਰੇ ਮੋਹਤਰਮ ਦੋਸਤ ਲਿਖ ਕੇ ਭੇਜ ਦੇਣ , ਜ਼ਰੂਰ ਗੌਰ ਕਰਾਂਗੇ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਕੰਟਰਾਡਿਕਸ਼ਨ ਕਰ ਗਏ ਹਨ। ਇਕ ਸੁਆਲ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਇਸ ਫਾਈਨਾਂਸ਼ਲ ਈਅਰ ਵਿਚ ਹਸਪਤਾਲ ਬਣਾ ਦਿਆਂਗੇ । ਫਿਰ ਸਰਦਾਰ ਅਵਤਾਰ ਸਿੰਘ ਦੇ ਦੂਜੇ ਸੁਆਲਾਂ ਦਾ ਇਹ ਜਵਾਬ ਦਿੱਤਾ ਕਿ ਪੈਸੇ ਆ ਗਏ ਤਾਂ ਬਣਾ ਦਿਆਂਗੇ। ਇਹ ਸਪੱਸ਼ਟ ਕਰਨ ਕਿ ਬਣਾਉਣਗੇ ਜਾਂ ਨਹੀਂ ?

ਮੰਤਰੀ : ਬੜਾ ਸੁਲਝਿਆ ਹੋਇਆ ਸੁਆਲ ਕੀਤਾ ਹੈ। ਮੇਰੀ ਪ੍ਰਾਰਥਨਾ ਹੈ ਕਿ ਮੈਂ ਪਹਿਲਾਂ ਕਹਿ ਚੁਕਾ ਹਾਂ ਕਿ ਫਾਈਨਾਂਸ਼ਲ ਤੌਰ ਤੇ ਸਾਡੀ ਵੀਕਨੈਸ ਹੈ। ਹਸਪਤਾਲ ਬਣਾਉਣ ਲਈ ਜੀ ਤਾਂ ਕਰਦਾ ਹੈ। ਪਰ ਨਾਵਾਂ ਤਾਂ ਤੁਸੀਂ ਸਾਰਾ ਖ਼ਤਮ ਕਰ ਗਏ ਹੋ। ਹੁਣ ਨਵੇਂ ਸਿਰੇ ਤੋਂ ਜਿਉਂ ਜਿਉਂ ਪੈਸਾ ਆਉਂਦਾ ਜਾਏਗਾ ਹਸਪਤਾਲ ਬਣਾਏ ਜਾਣਗੇ।

ਕਾਮਰੇਡ ਬਲਦੇਵ ਸਿੰਘ ਲੁੱਬਾ : ਸਪੀਕਰ ਸਾਹਿਬ, ਮੰਤਰੀ ਸਾਹਿਬ ਹਸਪਤਾਲਾਂ ਦੇ ਮਾਮਲੇ ਵਿਚ ਜਵਾਬ ਦੇ ਰਹੇ ਹਨ। ਉਹ ਮੇਰੇ ਨਾਲੋਂ ਉਮਰ ਵਿਚ ਬਹੁਤ ਵੱਡੇ ਹਨ, ਅਤੇ ਤਜਰਬੇਕਾਰ ਹਨ। ਖੰਨੇ ਦੇ ਹਸਪਤਾਲ ਦਾ ਸੁਆਲ ਬੜਾ ਗੰਭੀਰ ਹੈ ਜਿਹੜਾ ਕਿ ਮੇਰੇ ਸਾਥੀ ਨੇ ਉਠਾਇਆ ਹੈ। ਜੀ.ਟੀ. ਰੋਡ ਤੇ ਆਮ ਐਕਸੀਡੈਂਟ ਹੁੰਦੇ ਰਹਿੰਦੇ ਹਨ। ਜੇ ਬੰਦਾ ਚੁੱਕ ਕੇ ਰਾਜਪੁਰੇ ਲੈ ਜਾਈਏ ਜਾਂ

Original with;
Punjab Vidhan Sabha
Digitized by;
Panjab Digital Library

ਖੰਨੇ ਤੋਂ ਲੁਧਿਆਣੇ ਲੈ ਜਾਈਏ ਤਾਂ ਉਹ ਰਸਤੇ ਵਿਚ ਹੀ ਮਰ ਜਾਂਦਾ ਹੈ। ਇਹ ਬੜਾ ਸੀਰੀਅੱਸ ਮਾਮਲਾ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 'ਆਸ਼ਾ ਹੈ' ਕਹਿ ਦਿਤਾ ਹੈ। ਕੀ ਇਹ ਗਰੰਟੀ ਕਥਨਗੇ ਕਿ ਇਸ ਫਾਈਨਾਂਸ਼ਲ ਈਅਰ ਵਿਚ ਇਹ ਹਸਪਤਾਲ ਬਣ ਜਾਏਗਾ ?

ਮੰਤਰੀ : ਮੇਰਾ ਖਿਆਲ ਹੈ ਕਿ ਤੁਸੀਂ ਮੇਰਾ ਜਵਾਬ ਨਹੀਂ ਸੁਣਿਆ। ਮੈਂ ਤਾਂ ਕਹਿ ਦਿੱਤਾ ਹੈ ਕਿ ਇਸ ਫਾਈਨਾਂਸ਼ਲ ਈਅਰ ਵਿਚ ਬਣ ਜਾਏਗਾ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਪਿਛਲੀ ਸਰਕਾਰ ਵੱਲੋਂ ਫਿਫਟੀ ਬੈਡਜ਼ ਦੇ ਹਸਪਤਾਲ ਸੱਬ ਡਵੀਜ਼ਨਲ ਪੱਧਰ ਤੇ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ। ਕੀ ਫਗਵਾੜਾ, ਜਿਹੜਾ ਜੀ.ਟੀ. ਰੋਡ ਤੇ ਵਾਕਿਆ ਹੈ, ਉਥੇ ਇਹ ਹਸਪਤਾਲ ਬਣਾਉਣਗੇ ? ਮਹਾਰਾਜਾ ਕਪੂਰਥਲਾ ਦੇ ਵੇਲੇ ਦਾ ਉਥੇ ਹਸਪਤਾਲ ਬਣਿਆ ਹੋਇਆ ਹੈ, ਜਿਸ ਵੇਲੇ ਸਿਰਫ਼ 14 ਹਜ਼ਾਰ ਦੀ ਆਬਾਦੀ ਸੀ। ਉਹ ਬਹੁਤ ਛੋਟਾ ਜਿਹਾ ਹਸਪਤਾਲ ਹੈ। ਇਹ ਹਸਪਤਾਲ ਦੋ ਤਿੰਨ ਵਾਰੀ ਮਨਜ਼ੂਰ ਵੀ ਹੋ ਚੁੱਕਾ ਹੈ ਪਰ ਉਸ ਦਾ ਮਨਜ਼ੂਰ ਸ਼ੁਦਾ ਪੈਸਾ ਇਧਰ ਉਧਰ ਖਰਚ ਹੋ ਜਾਂਦਾ ਰਿਹਾ ਹੈ। ਉਥੇ ਇਕ ਜ਼ਿਮੀਂਦਾਰ ਨੇ ਹੈਲਥ ਡਿਪਾਰਟਮੈਂਟ ਨੂੰ ਜ਼ਮੀਨ ਵੀ ਦੇ ਦਿੱਤੀ ਹੈ। ਕੀ ਉਥੇ ਛੇਤੀ ਤੋਂ ਛੇਤੀ ਹਸਪਤਾਲ ਬਣਾਉਣਗੇ ?

ਮੰਤਰੀ : ਫਗਵਾੜੇ ਦਾ ਨਾਂ ਵੀ ਮੇਰੇ ਕੋਲ ਲਿਖਿਆ ਹੋਇਆ ਹੈ। ਮੈਂ ਅਗੇ ਹੀ ਦਸ ਚੁਕਾ ਹਾਂ ਕਿ ਸਾਰੀ ਗਲ ਪੈਸੇ ਦੀ ਹੈ। ਐਵੇਂ ਵਾਇਦੇ ਦਾ ਕੋਈ ਫਾਇਦਾ ਨਹੀਂ। ਜਿਹੜੀ ਸਹੀ ਗਲ ਹੈ ਉਹ ਮੈਂ ਪਹਿਲੋਂ ਹੀ ਦਸ ਦਿੱਤੀ ਹੈ ਕਿ ਭਿਖੀਵਿੰਡ, ਵੇਰਕਾ, ਜਲੰਧਰ ਕੈਂਟ, ਜਲੰਧਰ ਵੈਸਟ, ਫਿਲੌਰ, ਲੁਧਿਆਣਾ, ਪਟਿਆਲਾ, ਧੂਰੀ, ਮਲੇਰਕੋਟਲਾ, ਮੋਗਾ ਵਗੈਰਾ ਵਿਚ ਇਹ ਹਸਪਤਾਲ ਬਣਾਉਣ ਦੀ ਸਕੀਮ ਹੈ। ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹ ਦਿਲਚਸਪੀ ਲੈਣ। ਜਿਹੜੀ ਗੌਰਮਿੰਟ ਨੇ ਸਕੀਮ ਬਣਾਈ ਹੈ ਉਸਦੇ ਮੁਤਾਬਿਕ 1/3 ਹਿੱਸਾ ਸ਼ੇਅਰ ਪਾਉਣ, ਜ਼ਮੀਨ ਲੈ ਕੇ ਦੇਣ, ਅਸੀਂ ਹਸਪਤਾਲ ਬਣਾਉਣ ਦੀ ਕੋਸ਼ਿਸ਼ ਕਰਾਂਗੇ।

(ਇਸ ਸਮੇਂ ਕਈ ਆਨਰੇਬਲ ਮੈਂਬਰ ਸਪਲੀਮੈਂਟਰੀ ਰੇਜ਼ ਕਥਨ ਦੀ ਮੰਗ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਅਗਲਾ ਸੁਆਲ ਕਾਲ ਅਪਾਨ ਕੀਤਾ)।

ਖੰਨਾ ਵਿਖੇ ਕਾਰਜਕਾਰੀ ਅਤੇ ਨਿਆਂ ਪਾਲਿਕਾ ਦੇ ਉਪ ਮੰਡਲ ਦਫਤਰਾਂ ਵਾਸਤੇ ਨਵੀਂ ਇਮਰਤ ਬਣਾਉਣਾ।

*175. **ਸਰਦਾਰ ਸ਼ਮਸ਼ੇਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰ ਕੇ ਦਸਣਗੇ ਕਿ ਕੀ ਖੰਨਾ ਵਿਖੇ ਕਾਰਜਕਾਰੀ ਅਤੇ ਨਿਆਂ ਪਾਲਕਾ ਦੇ ਉਪ-ਮੰਡਲ ਦਫਤਰਾਂ ਵਾਸਤੇ ਇਕ ਨਵੀਂ ਇਮਾਰਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕਦੋਂ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ (ਮਾਲ ਅਤੇ ਪੁਨਰਵਾਸ ਮੰਤਰੀ) : ਹਾਂ ਜੀ, ਖੰਨਾ ਵਿਖੇ ਪ੍ਰਬੰਧਕੀ ਕੰਪਲੈਕਸ ਉਸਾਰਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਸਟੇਜ ਤੇ ਇਹ ਦਸੱਣਾ ਸੰਭਵ ਨਹੀਂ ਕਿ ਇਹ ਕਿਸ ਮਿਤੀ ਤਕ ਮੁਕੰਮਲ ਹੋ ਜਾਵੇਗਾ।

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਲਦੀ ਬਣਾਵਾਂਗਾ। ਇਨ੍ਹਾਂ ਦੀ ਆਪਣੀ ਕਾਂਸਟੀਚੂਐਂਸੀ ਵੀ ਸਾਡੇ ਸਬ ਡਵੀਜ਼ਨ ਖੰਨੇ ਵਿਚ ਪੈਂਦੀ ਹੈ, ਉਸੇ ਐਸ. ਡੀ. ਐਮ. ਅਤੇ ਤਹਿਸੀਲ ਦੇ ਆਫਿਸ ਦਾ ਫਾਸਲਾ ਦੋ ਮੀਲ ਦੇ ਕਰੀਬ ਹੈ। ਕਾਫੀ ਦੇਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ]

ਤੋਂ ਸਬ ਡਵੀਜ਼ਨ ਖੰਨੇ ਬਣਿਆ ਹੈ। ਜੂਡੀਸ਼ੀਅਲ ਕੋਰਟਸ ਸਮਾਲੇ ਵਿਚ ਹਨ। ਪਬਲਿਕ ਨੂੰ ਤਹਿਸੀਲਦਾਰ ਦੇ ਦਫਤਰ ਤੋਂ ਐਸ. ਡੀ. ਐਮ. ਦੇ ਦਫਤਰ ਵਿਚ ਜਾਣ ਲਈ ਦੋ ਤਿੰਨ ਮੀਲ ਦਾ ਫਾਸਲਾ ਤਹਿ ਕਰਨਾ ਪੈਂਦਾ ਹੈ। ਜਾਣ ਵਿਚ ਬੜੀ ਦਿਕੱਤ ਪੇਸ਼ ਆਉਂਦੀ ਹੈ। ਕੀ ਵਜ਼ੀਰ ਸਾਹਿਬ ਨੇ ਉਥੇ ਜ਼ਮੀਨ ਖਰੀਦਣ ਲਈ ਅਤੇ ਉਸ ਤੇ ਬਿਲਡਿੰਗ ਬਾਅਦ ਵਿਚ ਬਣਾਉਣ ਲਈ ਇਸ ਫਾਇਨਾਂਸ਼ਲ ਈਅਰ ਵਿਚ ਕਿਤਨੇ ਫੰਡਜ਼ ਰਖੇ ਹਨ ?

ਮੰਤਰੀ : ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ 55 ਲੱਖ ਰੁਪਿਆ ਕੰਪਲੈਕਸ ਬਣਾਉਣ ਵਾਸਤੇ ਰਖਿਆ ਸੀ। ਇਹ ਮਹਿਸੂਸ ਕਰਦੇ ਹੋਏ ਕਿ ਇਹ ਪੈਸਾ ਬਹੁਤ ਘੱਟ ਹੈ, ਅਸੀਂ ਇਸ ਰਕਮ ਨੂੰ ਵਧਾ ਕੇ 85 ਲੱਖ ਕਰ ਦਿਤਾ ਹੈ। ਖੰਨੇ ਵਾਸਤੇ 5 ਲੱਖ ਰੁਪਿਆ ਰਖਿਆ ਹੈ। ਇਸ ਪੈਸੇ ਨਾਲ ਕੰਮ ਸ਼ੁਰੂ ਕਰਾਂਗੇ। ਡੇਟ ਅਸੀਂ ਫਿਕਸ ਕਰ ਨਹੀਂ ਸਕਦੇ। ਲੇਕਿਨ ਜਿਹੜੀਆਂ ਐਲੀ ਮੈਂਟਰੀ ਚੀਜ਼ਾਂ ਹਨ ਉਹ ਸ਼ੁਰੂ ਕਰਾਂਗੇ ਅਤੇ ਬਾਅਦ ਵਿਚ ਇਸ ਨੂੰ ਮੁਕੰਮਲ ਕਰਨ ਦਾ ਵੀ ਯਤਨ ਕਰਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਸੀਮਿੰਟ ਤਾਂ ਇਨ੍ਹਾਂ ਬਿਲਡਿੰਗਾਂ ਨੂੰ ਬਣਾਉਣ ਲਈ ਮਿਲਦਾ ਨਹੀਂ, ਬਜਟ ਇਨ੍ਹਾਂ ਨੂੰ ਅਲਾਓ ਨਹੀਂ ਕਰਦਾ, ਫਿਰ ਕਿਸ ਤਰ੍ਹਾਂ ਬਣਾਉਗੇ। ਜਿਸ ਤਰ੍ਹਾਂ ਐਗਜ਼ੈਕਟਿਵ ਕੋਰਟਸ ਸਮਾਲੇ ਵਿਚ ਲਿਆਂਦੀਆਂ ਹਨ ਇਸੇ ਤਰ੍ਹਾਂ ਕੀ ਜੂਡੀਸ਼ੀਅਲ ਕੋਰਟਸ ਵੀ ਕਿਸੇ ਬਣੀ ਹੋਈ ਬਿਲਡਿੰਗ ਵਿਚ ਲਿਆਉਣਗੇ, ਕਿਉਂਕਿ ਇਨ੍ਹਾਂ ਕੋਲ ਪੰਜ ਸੱਤ ਸਾਲ ਤਾਂ ਇਹ ਬਿਲਡਿੰਗ ਬਣਨੀ ਨਹੀਂ। ਇਸ ਲਈ ਕੀ ਖੰਨੇ ਸ਼ਹਿਰ ਵਿਚ ਜੂਡੀਸ਼ੀਅਲ ਕੋਰਟਸ ਕਿਸੇ ਹੋਰ ਬਿਲਡਿੰਗ ਵਿਚ ਲਿਆਉਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਮੈਂ ਸਰਦਾਰ ਬਸੰਤ ਸਿੰਘ ਨਾਲ ਸਹਿਮਤ ਹਾਂ ਕਿ ਜਿਥੇ ਅਸੀਂ ਐਡਮਨਿਸਟਰੇਟਿਵ ਕੰਪਲੈਕਸ ਬਣਾਉਂਦੇ ਹਾਂ ਉਥੇ ਉਸ ਦੇ ਨਾਲ ਜੂਡੀਸ਼ੀਅਲ ਕੋਰਟਸ ਲਈ ਵੀ ਕੰਪਲੈਕਸ ਹੋਣਾ ਚਾਹੀਦਾ ਹੈ। ਇਹ ਪ੍ਰਿਲੀਮੀਨਰੀ ਗਲਾਂ ਹਨ। ਇਨ੍ਹਾਂ ਨੂੰ ਬਾਅਦ ਵਿਚ ਪੂਰਾ ਕਰਨ ਦਾ ਯਤਨ ਕਰਾਂਗੇ। ਉਥੇ ਜੂਡੀਸ਼ੀਅਲ ਕੋਰਟਸ ਵੀ ਲਿਆਉਣ ਲਈ ਵਿਚਾਰ ਕਰਾਂਗੇ।

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਫਤਿਹਗੜ੍ਹ ਸਬ-ਡਵੀਜ਼ਨ ਹੈ। ਉਸ ਦਾ ਹੈਡ ਕੁਆਰਟਰ ਬੱਸੀ ਪਠਾਣੇ ਸੀ। ਪਿਛਲੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਇਹ ਹੈਡਕੁਆਟਰ ਬੱਸੀ ਪਠਾਣੇ ਤੋਂ ਬਦਲ ਕੇ ਫਤਿਹ ਗੜ੍ਹ ਸਾਹਿਬ ਬਣਾ ਦਿਤਾ ਜਾਵੇ। ਉਸ ਦੇ ਲਈ 41 ਏਕੜ ਜ਼ਮੀਨ ਅਕਵਾਇਰ ਕਰ ਲਈ ਹੈ। ਆਫੀਸ਼ੀਅਲਜ਼ ਦੇ ਕੁਆਟਰ ਬਣਾ ਚੁਕੇ ਹਨ। ਪਿਛਲੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਾਫੀ ਵਰ੍ਹੇ ਪਹਿਲਾਂ ਉਥੇ ਨੀਂਹ ਪੱਥਰ ਰੱਖਿਆ ਸੀ। ਲੇਕਿਨ ਅਜੇ ਤਕ ਐਡਮਨਿਸਟਰੇਟਿਵ ਕੰਪਲੈਕਸ ਦੀ ਇਮਾਰਤ ਬਣਾਉਣੀ ਸ਼ੁਰੂ ਨਹੀਂ ਕੀਤੀ ਗਈ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹਾਗਾ ਕਿ ਇਹ ਕਦੋਂ ਤਕ ਐਡਮਨਿਸਟਰੇਟਿਵ ਕੰਪਲੈਕਸ ਦਾ ਕੰਮ ਕਰਵਾ ਦੇਣਗੇ ?

ਮੰਤਰੀ : ਮੈਂ ਕੋਈ ਡੈਫਿਨਿਟ ਡੇਟ ਨਹੀਂ ਦੇ ਸਕਦਾ। ਜਿਹੜੇ 10 ਕੰਪਲੈਕਸ ਅੰਡਰ ਕਨਸਟਰਕਸ਼ਨ ਹਨ, ਉਨ੍ਹਾਂ ਵਿਚ ਇਹ ਵੀ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੰਤ ਰਾਮ ਸਿੰਗਲਾ : ਸਪੀਕਰ ਸਾਹਿਬ ਸਮਾਣਾ ਸਬ-ਡੀਵੀਜ਼ਨ ਵਿਚ ਐਸ. ਡੀ. ਓ ਸਿਵਿਲ ਲਈ ਬਿਲਡਿੰਗ ਕੰਪਲੈਕਸ ਬਣਿਆ ਹੋਇਆ ਹੈ। ਜੁਡੀਸ਼ੀਅਲ ਕੋਰਟ ਸਥਾਪਤ ਕਰਨ ਲਈ ਮਨਜ਼ੂਰੀ ਮਿਲੀ ਹੋਈ ਹੈ। ਸ਼ੁਤਰਾਣੇ ਦਾ ਏਰੀਆ ਵੀ ਇਸ ਸਬ ਡਵੀਜ਼ਨ ਵਿਚ ਪੈਂਦਾ ਹੈ। ਲੋਕਾਂ ਨੂੰ ਬੜੀ ਤਕਲੀਫ ਹੁੰਦੀ ਹੈ । ਉਨ੍ਹਾਂ ਨੂੰ ਪਟਿਆਲੇ ਜਾਣਾ ਪੈਂਦਾ ਹੈ। ਜਿਤਨੀ ਦੇਰ ਅਦਾਲਤਾਂ ਲਈ ਨਵੀਂ ਬਿਲਡਿੰਗ ਦਾ ਪ੍ਰਬੰਧ ਨਹੀਂ ਹੁੰਦਾ ਕੀ ਉਸੀ ਬਿਲਡਿੰਗ ਵਿਚ ਜੁਡੀਸ਼ੀਅਲ ਕੋਰਟਸ ਲਈ ਜਗ੍ਹਾ ਪ੍ਰੋਵਾਈਡ ਕਰਨ ਦਾ ਪ੍ਰਬੰਧ ਕਰਨਗੇ ਤਾਂ ਕਿ ਲੋਕਾਂ ਦੀ ਤਕਲੀਫ ਦੂਰ ਹੋਵੇ ।

ਮੰਤਰੀ : ਵੈਸੇ, ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਦਾ ਸਬੰਧ ਨਹੀਂ ਹੈ । ਮੈਂ ਮੈਂਬਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਹ ਸੈਪੇਰੇਟਲੀ ਮੈਨੂੰ ਲਿਖ ਕੇ ਭੇਜ ਦੇਣ, ਮੈਂ ਐਗਜ਼ਾਮਿਨ ਕਰ ਲਵਾਂਗਾ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਸਬ ਡਵੀਜ਼ਨ ਮਾਨਸਾ ਵਿਚ 5, 6 ਸਾਲ ਹੋ ਗਏ ਹਨ, ਕਚਿਹਰੀਆਂ ਵਾਸਤੇ ਇੱਕ ਜ਼ਿਮੀਂਦਾਰ ਨੇ ਮੁਫਤ ਜ਼ਮੀਨ ਦਿਤੀ ਹੋਈ ਹੈ, ਸਰਕਾਰ ਦੇ ਨਾਂ ਇੰਤਕਾਲ ਵੀ ਹੋ ਗਿਆ ਹੈ, ਕੀ ਉਥੇ ਵਜ਼ੀਰ ਸਾਹਿਬ ਇਮਾਰਤ ਬਣਾਉਣਗੇ ?

ਸ਼੍ਰੀ ਸਪੀਕਰ : ਸਾਰੇ ਪੰਜਾਬ ਦੇ ਵਿਚ ਇਹ ਕੰਮ ਸੁਰੂ ਕੀਤਾ ਹੋਇਆ ਹੈ। ਇਸ ਲਈ ਤੁਸੀਂ ਵਖਰਾ ਨੋਟਿਸ ਦੇ ਦਿਓ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਮਾਣੇ ਦੀ ਜੁਡੀਸ਼ੀਅਲ ਕੋਰਟ ਦਾ ਮਾਮਲਾ ਬੜੇ ਚਿਰ ਤੋਂ ਲਟਕਦਾ ਆ ਰਿਹਾ ਹੈ। 10, 12 ਮੀਲ ਤੋਂ ਲੋਕਾਂ ਨੂੰ ਆਉਣਾ ਪੈਂਦਾ ਹੈ । ਜਦੋਂ ਵੀ ਕੋਈ ਹਾਈ ਕੋਰਟ ਦਾ ਜੱਜ ਪਟਿਆਲੇ ਆਇਆ ਤਾਂ ਉਦੋਂ ਵਕੀਲਾਂ ਨੇ ਮੰਗ ਕੀਤੀ ਕਿ ਉਥੇ ਜੁਡੀਸ਼ੀਅਲ ਕੋਰਟ ਚਾਲੂ ਕੀਤੀਆਂ ਜਾਣ। ਹਾਈ ਕੋਰਟ ਦੇ ਜੱਜ ਹਮੇਸ਼ਾ ਪੰਜਾਬ ਸਰਕਾਰ ਨੂੰ ਲਿਖਦੇ ਰਹੇ ਹਨ । ਸਾਨੂੰ ਉਨ੍ਹਾਂ ਨੇ ਦਸਿਆ ਵੀ ਹੈ ਕਿ ਪੰਜਾਬ ਸਰਕਾਰ ਨਹੀਂ ਮੰਨਦੀ। ਲੋਕਾਂ ਦੀਆਂ ਬੜੀਆਂ ਰਿਪਰੈਜ਼ੈਂਟੇਸ਼ਨਜ਼ ਆਈਆਂ ਹਨ ਅਤੇ ਪੰਜਾਬ ਹਾਈ ਕੋਰਟ ਦੇ ਜੱਜ ਨੇ ਵੀ ਲਿਖ ਕੇ ਦਿਤਾ ਹੋਇਆ ਹੈ ਕਿ ਉਥੇ ਸਰਕਾਰ ਬਿਲਡਿੰਗ ਬਣਾ ਦੇਵੇ, ਉਹ ਕੋਰਟਸ ਖੋਲ ਦੇਣਗੇ। ਕੀ ਵਜ਼ੀਰ ਸਾਹਿਬ ਉਥੇ ਜੁਡੀਸ਼ੀਅਲ ਕੋਰਟਸ ਦਾ ਕੰਪਲੈਕਸ ਬਣਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਸਾਰੇ ਪੰਜਾਬ ਵਿਚ ਇਹ ਕੰਪਲੈਕਸ ਬਣਨ ਵਾਲੇ ਹਨ । ਅਸੀਂ ਇਸ ਵਾਸਤੇ 30 ਲੱਖ ਰੁਪਿਆ ਵਧਾਇਆ ਹੈ। ਜਿਥੇ ਜਿਥੇ ਜ਼ਰੂਰਤ ਹੋਵੇਗੀ ਅਸੀਂ ਬਣਾਉਣ ਦਾ ਯਤਨ ਕਰਾਂਗੇ। ਇਸ ਨੂੰ ਵੀ ਐਗਜ਼ਾਮਿਨ ਕਰ ਕੇ ਬਣਾਉਣ ਦਾ ਯਤਨ ਕਰਾਂਗੇ ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਤਲਵੰਡੀ ਸਾਬੋ ਦਾ ਸਬ-ਡਵੀਜ਼ਨ ਬਣਿਆ ਹੈ। ਪਹਿਲਾਂ ਵੀ ਖਾਲਸਾ ਹਾਈ ਸਕੂਲ ਦੀ ਇਮਾਰਤ ਵਿਚ ਹੀ ਕੰਮ ਹੁੰਦਾ ਹੈ। ਪਹਿਲੀ ਸਰਕਾਰ ਕਹਿੰਦੀ ਸੀ ਕਿ ਅਸੀਂ ਸਬ-ਡਵੀਜ਼ਨ ਬਣਾ ਦਿਤਾ ਹੈ। ਜ਼ਮੀਨ ਕੋਈ ਨਹੀਂ ਸੀ। ਜੇ ਅਸੀਂ ਜੁਡੀਸ਼ੀਅਲ ਕੋਰਟਸ ਦਾ ਵੀ ਇੰਤਜ਼ਾਮ ਕਿਸੇ ਬਣੀ ਹੋਈ ਬਿਲਡਿੰਗ ਵਿਚ ਕਰ ਦੇਈਏ ਤਾਂ ਕੀ ਉਥੇ ਛੇਤੀ ਹੀ ਜੁਡੀਸ਼ੀਅਲ ਕੋਰਟਸ ਚਾਲੂ ਕਰਵਾ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਵਿਚਾਰ ਕਰ ਲਿਆ ਜਾਵੇਗਾ ।

Completion of Road

***160.** (1) **Sardar Balwinder Singh Bhunder**
(2) **Sardar Baldev Singh Khiala** } : Will the Chief Minister
(3) **Sardar Sarwan Singh :**

be pleased to state the time by which the road from Talwandi Sabo to Mansa in District Bhatinda is likely to be completed ?

ਸਰਦਾਰ ਦਰਬਾਰਾ ਸਿੰਘ : ਇਹ ਸੜਕ ਸਾਲ 1981–82 ਵਿਚ ਮੁਕੰਮਲ ਕੀਤੇ ਜਾਣ ਦੀ ਆਸ ਹੈ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੈਂ ਮੁਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਪਲੈਨ ਰੋਡ ਹੈ। 1970 ਵਿਚ ਇਹ ਮਨਜ਼ੂਰ ਹੋਈ ਸੀ। ਤਕਰੀਬਨ 1 ਫਰਲਾਂਗ ਦਾ ਝਗੜਾ ਹੈ, ਉਹ ਨਹੀਂ ਬਣੀ। ਇਸ ਦੇ ਨਾਲ 20 ਕਿਲੋ ਮੀਟਰ ਜਿਹੜੀ ਸੜਕ ਬਣੀ ਹੋਈ ਹੈ ਉਸ ਦਾ ਵੀ ਕੋਈ ਫਾਇਦਾ ਨਹੀਂ ਹੋ ਰਿਹਾ। ਕੀ ਉਸ ਝਗੜੇ ਨੂੰ 1, 2 ਮਹੀਨਿਆਂ ਵਿਚ ਹੱਲ ਕਰ ਕੇ, ਇਸ ਸੜਕ ਨੂੰ ਕੰਪਲੀਟ ਕਰਾਉਣਗੇ ?

ਮੁੱਖ ਮੰਤਰੀ : ਲੈਂਡ ਐਕਵੀਜ਼ੀਸ਼ਨ ਦੇ ਪ੍ਰੋਸੈਸ ਵਿਚ ਇਹ ਝਗੜਾ ਹੋਇਆ ਹੈ। ਉਸ ਨੂੰ ਐਕਸ-ਪੀਡਾਈਟ ਕਰਨ ਲਈ, ਪਿੱਛਾ ਕੀਤਾ ਜਾਵੇਗਾ । ਜਿਤਨੀ ਜਲਦੀ ਹੋ ਸਕਦਾ ਹੈ, ਲੋਕਾਂ ਦੀ ਤਕਲੀਫ ਨੂੰ ਵੇਖਦੇ ਹੋਏ, ਇਸ ਨੂੰ ਕੰਪਲੀਟ ਕਰਾਵਾਂਗੇ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, 1 ਕਿਲੋ ਮੀਟਰ ਦਾ ਝਗੜਾ ਹੈ। ਉਸ ਨੂੰ ਪਾਸੇ ਰਖ ਕੇ ਬਾਕੀ ਦੀ ਸੜਕ ਨੂੰ ਮੁਕੰਮਲ ਕੀਤਾ ਜਾਵੇ। ਲੋਕੀਂ ਪਿੰਡਾਂ ਵਿਚ ਦੀ ਜਾਣਗੇ । ਕੀ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਇਸ ਤੇ ਵਿਚਾਰ ਕਰ ਕੇ ਇਹ ਸੜਕ ਛੇਤੀ ਮੁਕੰਮਲ ਕਰਨ ਦੀ ਕੋਸ਼ਿਸ਼ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਇਨਫਰਮੇਸ਼ਨ ਮੇਰੇ ਕੋਲ ਆਈ ਹੈ ਉਸ ਦੇ ਮੁਤਾਬਿਕ ਇਹ 3 ਕਿਲੋ ਮੀਟਰ ਦਾ ਟੋਟਾ ਹੈ। ਕੀ ਮਿਸਿੰਗ ਲਿੰਕ ਦਾ ਇਨ੍ਹਾਂ ਦਾ ਇਹ ਮਤਲਬ ਹੈ ਕਿ ਦੋਨੋਂ ਪਾਸਿਉਂ ਸੜਕ ਬਣ ਜਾਵੇ ਅਤੇ ਉਹ ਟੋਟਾ ਰਹਿਣ ਦਿਤਾ ਜਾਵੇ ਤਾਂ ਕਿ ਲੋਕ ਕਿਧਰੇ ਨਾ ਜਾ ਸਕਣ । ਸਾਰੀ ਸੜਕ ਮੁਕੰਮਲ ਕਰਨ ਦੀ ਛੇਤੀ ਤੋਂ ਛੇਤੀ ਕੋਸ਼ਿਸ਼ ਕਰਾਂਗੇ ਅਤੇ ਜਿਹੜੀ ਬਾਟਲਨੈਕ ਹੈ ਉਸ ਨੂੰ ਵੀ ਦੂਰ ਕਰਾਂਗੇ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਇਹ ਜਿਹੜੀਆਂ ਪਿੰਡਾਂ ਦੀਆਂ ਸੜਕਾਂ ਹਨ, ਇਹ ਕਰੈਸ਼ ਪ੍ਰੋਗਰਾਮ ਅਧੀਨ ਬਾਦਲ ਸਾਹਿਬ ਦੀ ਸਰਕਾਰ ਨੇ ਬਣਾਈਆਂ, ਗੁਰਨਾਮ ਸਿੰਘ ਦੀ ਸਰਕਾਰ ਨੇ ਬਣਾਈਆਂ .. ..

(ਇੱਕ ਆਵਾਜ਼ : ਫਾਊਂਡਰ ਦਾ ਵੀ ਨਾਂ ਲੈ ਦਿਓ ।)

ਆਮ ਤੌਰ ਤੇ ਜਨਰਲ ਬਜਟ ਵਿਚ ਪੈਸੇ ਰਖਦੇ ਸੀ। ਕੁਝ ਪੈਸੇ ਮਾਰਕੀਟ ਕਮੇਟੀਆਂ ਤੋਂ ਲੈਂਦੇ ਸੀ ਕਿਉਂਕਿ ਕਿਸਾਨਾਂ ਦੀ ਉਪਜ ਉਨ੍ਹਾਂ ਸੜਕਾਂ ਰਾਹੀਂ ਹੀ ਮੰਡੀਆਂ ਵਿਚ ਆਉਂਦੀ ਸੀ । ਕਾਫੀ ਦੇਰ ਹੋ ਗਈ ਹੈ ਹਾਈ ਕੋਰਟ ਨੇ ਇਕ ਫੈਸਲਾ ਕਰ ਦਿਤਾ ਹੈ ਕਿ ਮਾਰਕਿਟ ਕਮੇਟੀਆਂ ਦਾ ਪੈਸਾ ਇਸ ਕੰਮ ਲਈ

Original with;
Punjab Vidhan Sabha
Digitized by;
Panjab Digital Library

ਨਹੀਂ ਖਰਚ ਕੀਤਾ ਜਾ ਸਕਦਾ। ਹਾਲੇ ਤਕ ਇਸ ਦਾ ਕੁਝ ਨਹੀਂ ਬਣ ਸਕਿਆ। ਅਸੀਂ ਵੀ ਇਸ ਦਾ ਕੁਝ ਨਹੀਂ ਕਰ ਸਕੇ। ਕੋਈ ਐਸਾ ਬਿਲ ਜਾਂ ਆਰਡੀਨੈਂਸ ਕੀ ਚੀਫ ਮਨਿਸਟਰ ਸਾਹਿਬ ਛੇਤੀ ਤੋਂ ਛੇਤੀ ਕਰਨਗੇ ਤਾਂ ਕਿ ਜਿਹੜੀਆਂ ਸੜਕਾਂ ਅਜੇ ਬਣਨ ਵਾਲੀਆਂ ਹਨ, ਲੋਕਾਂ ਦੀ ਬਹੁਤ ਡਿਮਾਂਡ ਹੈ, ਉਹ ਬਣ ਸਕਣ ਅਤੇ ਹਾਈ ਕੋਰਟ ਦੀ ਕੀਤੀ ਹੋਈ ਮਨਾਹੀ ਨੂੰ ਠੀਕ ਕੀਤਾ ਜਾ ਸਕੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਰਜ਼ ਹੈ ਕਿ ਜਿਹੜੀ ਡਿਫੀਕਲਟੀ ਹੈ, ਉਹ ਤਾਂ ਖਾਲਸਾ ਜੀ ਨੇ ਆਪ ਹੀ ਦੱਸ ਦਿੱਤੀ ਹੈ। ਉਹ ਡਿਫੀਕਲਟੀ ਅਜੇ ਵੀ ਹੈ। ਪਰ ਸਾਡੀ ਸਰਕਾਰ ਦੀ ਕੋਸ਼ਿਸ਼ ਹੈ ਕਿ ਜਲਦੀ ਤੋਂ ਜਲਦੀ, ਭਾਵੇਂ ਆਰਡੀਨੈਂਸ ਦੀ ਸ਼ਕਲ ਵਿਚ ਕਰੀਏ, ਇਸ ਡਿਫੀਕਲਟੀ ਨੂੰ ਦੂਰ ਕਰੀਏ। ਅਸੀਂ ਸਾਰੀ ਤਹਿਕੀਕਾਤ ਕਰਾਂਗੇ ਕਿ ਕਿਸ ਢੰਗ ਨਾਲ ਇਹ ਕਰਨਾ ਚਾਹੀਦਾ ਹੈ ਜਿਸ ਨਾਲ ਕਿ ਉਹ ਰੁਪਿਆ ਰਿਲੀਜ਼ ਹੋ ਸਕੇ ਅਤੇ ਸੜਕਾਂ ਤੇ ਜਾਂ ਜਿੰਨਾਂ ਕੰਮਾਂ ਵਾਸਤੇ ਉਹ ਰਖਿਆ ਸੀ ਉਨ੍ਹਾਂ ਤੇ ਖਰਚ ਹੋ ਸਕੇ। ਇਸ ਪਾਸੇ ਸ਼ੀਘਰ ਹੀ ਕਾਰਵਾਈ ਹੋਣ ਵਾਲੀ ਹੈ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਹ ਬੜੀ ਅਹਿਮ ਗੱਲ ਹੈ। ਤਲਵੰਡੀ ਸਾਬੋ ਸਬ ਡਵੀਜ਼ਨ ਹੈ, ਮਾਨਸਾ ਸਬ ਡਵੀਜ਼ਨ ਹੈ। ਰਾਮ ਤੀਰਥ ਤੇ ਇਕ ਫਰਲਾਂਗ ਦਾ ਟੁਕੜਾ ਹੈ। ਕੀ ਮੁੱਖ ਮੰਤਰੀ ਸਾਹਿਬ ਉਸ ਟੁਕੜੇ ਨੂੰ ਛੇਤੀ ਬਣਾਉਣ ਦਾ ਯਤਨ ਕਰਨਗੇ ? ਉਥੇ ਸਿਰਫ ਇਕ ਕਿਸਾਨ ਦੀ ਜ਼ਮੀਨ ਦਾ ਝਗੜਾ ਹੈ।

ਸ਼੍ਰੀ ਸਪੀਕਰ : ਇਸ ਸਵਾਲ ਦਾ ਜਵਾਬ ਆ ਗਿਆ ਹੈ ਕਿ ਸ਼ੀਘਰ ਕਾਰਵਾਈ ਕੀਤੀ ਜਾਵੇਗੀ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਥੋਹੜੀ ਜਿਹੀ ਕਲੈਰੀਫਿਕੇਸ਼ਨ ਦੀ ਗੱਲ ਹੈ ਕਈ ਵਾਰੀ ਅਫਸਰ ਇਨਫਰਮੇਸ਼ਨ ਗਲਤ ਦੇ ਦਿੰਦੇ ਹਨ। ਇਹ ਇਕ ਫਰਲਾਂਗ ਦੀ ਗੱਲ ਹੀ ਹੈ ਜੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਦੇਵਾਂ ਕਿ ਮੈਂ ਸਾਰੇ ਸਵਾਲ ਚੰਗੀ ਤਰ੍ਹਾਂ ਨਾਲ ਵੇਖਦਾ ਹਾਂ ਅੱਰ ਜਿਹੜੀ ਇਨਫਰਮੇਸ਼ਨ ਠੀਕ ਨਾ ਹੋਵੇ ਉਸ ਨੂੰ ਵਾਪਸ ਭੇਜ ਦਿੰਦਾ ਹਾਂ। ਅੱਰ ਤੁਹਾਡੇ ਪਾਸੋਂ ਐਕਸਟੈਨਸ਼ਨ ਮੰਗ ਲੈਂਦਾ ਹਾਂ। ਬਾਕੀ ਇਹ ਜਿਹੜੀ ਇਨ੍ਹਾਂ ਨੇ ਲੋਕਾਂ ਦੀ ਤਕਲੀਫ ਦੱਸੀ ਹੈ ਅਸੀਂ ਕੋਸ਼ਿਸ਼ ਕਰਾਂਗੇ ਕਿ ਜਲਦੀ ਤੋਂ ਜਲਦੀ ਇਹ ਦੂਰ ਹੋ ਜਾਵੇ। ਸਪੀਕਰ ਸਾਹਿਬ, ਜਿਹੜਾ ਵੀ ਕੰਮ ਜਲਦੀ ਹੋ ਸਕੇ ਉਸ ਨੂੰ ਜਲਦੀ ਕਰਨ ਵਿਚ ਸਾਨੂੰ ਖੁਸ਼ੀ ਹੁੰਦੀ ਹੈ। ਅਸੀਂ ਇਹ ਨਹੀਂ ਚਾਹੁੰਦੇ ਕਿ ਜਿਹੜਾ ਪੈਸਾ ਕਿਸੇ ਕੰਮ ਲਈ ਰੱਖਿਆ ਹੋਇਆ ਹੋਵੇ ਉਸ ਨੂੰ ਸਰੈਂਡਰ ਕੀਤਾ ਜਾਵੇ ਜਾਂ ਅੱਗੇ ਰੱਖ ਦਿੱਤਾ ਜਾਵੇ। ਤੁਹਾਨੂੰ ਯਕੀਨ ਕਰਨਾ ਚਾਹੀਦਾ ਹੈ। ਇਹ ਕੰਮ ਜਲਦੀ ਹੋ ਜਾਵੇਗਾ। ਡੀ. ਸੀ. ਇਸ ਨਾਲ ਇਨ ਟੱਚ ਹੈ। ਐਕੁਵੀਜ਼ੀਸ਼ਨ ਦਾ ਝਗੜਾ ਹੈ। ਇਹ ਠੀਕ ਹੈ ਕਿ ਉਥੇ ਜ਼ਮੀਨ ਦਾ ਵੀ ਝਗੜਾ ਹੈ। ਲੇਕਿਨ ਉਸ ਆਦਮੀ ਨੇ ਸਟੇਅ ਆਰਡਰ ਲਿਆਂਦਾ ਹੋਇਆ ਹੈ। ਇਸ ਵਾਸਤੇ ਹੀ ਕੰਮ ਵਿਚ ਰੁਕਾਵਟ ਆਈ ਹੋਈ ਹੈ ਇਸ ਕਰ ਕੇ ਹੀ ਇਹ ਨੁਕਸ ਪਿਆ ਹੈ। ਪਰ ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇ।

Repair of a Bridge on the Neelowal Branch Canal

***146. Jathedar Gurbachan Singh Lakhmirwala : Will the Chief Minister be pleased to state the time by which the bridge on the Neelowal Branch Canal at village Ratta Khera which has been lying damaged is likely to be repaired ?**

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਬੁਢਲਾਡਾ ਏਰੀਆ ਦੀ ਬੁਰਜੀ ਆਰ. ਡੀ. 48223 ਤੇ ਪਿੰਡ ਰੱਤਾ ਖੇੜਾ ਦੇ ਨਜ਼ਦੀਕ ਪੁਲ ਦੀ ਮੁੰਰਮਤ ਦਾ ਕੰਮ ਪਹਿਲਾਂ ਹੀ ਸ਼ੁਰੂ ਕੀਤਾ ਹੋਇਆ ਹੈ ਅਤੇ ਇਹ ਜਲਦੀ ਹੀ ਮੁੰਕਮਲ ਕੀਤਾ ਜਾ ਰਿਹਾ ਹੈ ।

ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਸਪੀਕਰ ਸਾਹਿਬ, ਉਥੇ ਤਾਂ ਕਾਫੀ ਦੇਰ ਦੀਆਂ ਬੁਰਜੀਆਂ ਹੀ ਖੜੀਆਂ ਹਨ ਪਰ ਉਨ੍ਹਾਂ ਉਪਰ ਸਲੈਬ ਨਹੀਂ ਪਿਆ । ਡੇਢ ਸਾਲ ਹੋ ਗਿਆ ਹੈ ਕੰਮ ਰੁਕਿਆ ਪਿਆ ਹੈ । ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੁਲ ਕਿਤਨੇ ਚਿਰ ਵਿਚ ਸਰਕਾਰ ਬਣਾ ਦੇਵੇਗੀ ?

ਮੁੱਖ ਮੰਤਰੀ : ਇਹ ਤਾਂ ਇਨਫਰਮੇਸ਼ਨ ਤੁਹਾਡੀ ਹੀ ਦਿਤੀ ਹੋਈ ਹੈ । ਸਾਲ 1980 ਦੇ ਆਖੀਰ ਤਕ ਇਹ ਪੁਲ ਬਣਾ ਦਿਤਾ ਜਾਵੇਗਾ ।

ਪਿੰਡ ਭਗਤ ਲਾਲ ਖੁਰਦ ਜ਼ਿਲਾ ਫਰੀਦਕੋਟ ਵਿਚ ਅੱਗ ਨਾਲ ਤਬਾਹ ਹੋਏ ਘਰ/ਘਰ ਦਾ ਸਮਾਨ

*140. **ਸਰਦਾਰ ਦਲੀਪ ਸਿੰਘ ਪਾਂਧੀ :** ਕੀ ਮੁੱਖ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ—

(ੳ) ਕੀ ਜੂਨ, 1980 ਵਿੱਚ ਪਿੰਡ ਭਗਤ ਲਾਲ ਖੁਰਦ, ਜ਼ਿਲ੍ਹਾ ਫਰੀਦਕੋਟ ਵਿੱਚ ਕੁਝ ਪ੍ਰਭਾਵਸ਼ਾਲੀ ਗੈਰ-ਅਨੁਸੂਚਿਤ ਜਾਤੀ ਦੇ ਵਿਅਕਤੀਆਂ ਦੁਆਰਾ ਅੱਗ ਲਾਣ ਨਾਲ ਕੁਝ ਘਰ/ਘਰ ਦਾ ਸਮਾਨ ਤਬਾਹ ਹੋ ਗਿਆ ਸੀ ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ ;

(ਅ) ਕੀ ਕੋਈ ਦੋਸ਼ੀ ਹੁਣ ਤਕ ਗ੍ਰਿਫਤਾਰ ਕੀਤਾ ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਕੇਸ ਦੀ ਤਾਜ਼ਾ ਸਥਿਤੀ ਕੀ ਹੈ ;

(ਏ) ਕੀ ਇਸ ਅੱਗ ਲਗਣ ਦੇ ਸੰਦੇਹ ਸਬੰਧੀ ਪ੍ਰਭਾਵਿਤ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਦੁਆਰਾ ਪੁਲਿਸ ਪਾਸ ਕੋਈ ਰਿਪੋਰਟ ਦਰਜ ਕਰਵਾਈ ਗਈ ਸੀ ?

ਸਰਦਾਰ ਦਰਬਾਰਾ ਸਿੰਘ : (ੳ) ਭਗਤ ਲਾਲ ਖੁਰਦ ਨਾਂ ਦਾ ਪਿੰਡ ਜ਼ਿਲ੍ਹਾ ਫਰੀਦਕੋਟ ਵਿਚ ਕੋਈ ਨਹੀਂ ਹੈ । ਮਗਰ ਇਕ ਪਿੰਡ ਭਾਗ ਥਲਾ ਖੁਰਦ ਥਾਨਾ ਸਦਰ ਫਰੀਦਕੋਟ ਵਿੱਚ ਹੈ । ਉਸ ਪਿੰਡ ਵਿੱਚ ਭੀ ਕਿਸੀ ਭੀ ਹਰੀਜਨ ਦੇ ਘਰ ਨੂੰ ਨਾਨ-ਹਰੀਜਨ ਵਲੋਂ ਅੱਗ ਲਾਉਣ ਬਾਰੇ ਪੁਲਿਸ ਨੂੰ ਕੋਈ ਇਤਲਾਹ ਨਹੀਂ ਮਿਲੀ ਹੈ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

(ਏ) ਨਹੀਂ ਜੀ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਕਿਤੇ ਸਪੈਲਿੰਗ ਮਿਸਟੇਕ ਹੋ ਗਈ ਹੈ ਜੀ । ਸਪੀਕਰ ਸਾਹਿਬ, ਇਨ੍ਹਾਂ ਨੇ ਫਿਰ ਹਰੀਜਨ ਦਾ ਲਫਜ਼ ਵਰਤਿਆ ਹੈ । ਮੈਂ ਪੁੱਛਿਆ ਸੀ ਕਿ ਕੀ ਅਨੁਸੂਚਿਤ ਜਾਤੀ ਦੇ ਵਿਅਕਤੀ ਨਾਲ ਕੋਈ ਇਸ ਤਰ੍ਹਾਂ ਦੀ ਘਟਨਾ ਵਾਪਰੀ ਹੈ । ਪਰ ਇਨ੍ਹਾਂ ਕਾਂਗਰਸ ਵਾਲਿਆਂ ਨੂੰ ਹਰੀਜਨ ਤੋਂ ਸਿਵਾਏ ਹੋਰ ਕੋਈ ਸ਼ਬਦ ਹੀ ਨਹੀਂ ਲਭਦਾ । ਮੈਂ ਕੱਲ ਵੀ ਇਸ ਗੱਲ ਤੇ ਇਤਰਾਜ਼

Original with;
Punjab Vidhan Sabha
Digitized by;
Panjab Digital Library

ਕੀਤਾ ਸੀ ਕਿ ਹਰੀਜਨ ਲਫਜ਼ ਨਹੀਂ ਵਰਤਣਾ ਚਾਹੀਦਾ। ਪਰ ਇਨ੍ਹਾਂ ਦੇ ਅਫਸਰ ਵੀ ਇਹ ਲਫਜ਼ ਵਰਤਣੋਂ ਨਹੀਂ ਹਟਦੇ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਮੁੜ ਪੁਲਿਸ ਰਿਪੋਰਟ ਲੈ ਲੈਣ, ਇਨਕੁਆਇਰੀ ਕਰਵਾ ਲੈਣ। ਮੈਂ ਵੀ ਇਨਕੁਆਇਰੀ ਕਰਾਂਗਾ। ਕਿਸੇ ਮਾੜੇ ਮੋਟੇ ਸਪੈਲਿੰਗਾਂ ਦੀ ਗਲਤੀ ਹੋ ਗਈ ਹੋਣੀ ਹੈ।

ਮੁੱਖ ਮੰਤਰੀ : ਜੇਕਰ ਇਨ੍ਹਾਂ ਨੇ ਇਨਕੁਆਇਰੀ ਕਰਨੀ ਹੈ ਤਾਂ ਸਾਨੂੰ ਸਵਾਲ ਕਾਹਦੇ ਲਈ ਕਰਦੇ ਹਨ। (ਹਾਸਾ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪੁਲਿਸ ਨੇ ਰਿਪੋਰਟ ਦਰੁਸਤ ਨਹੀਂ ਕੀਤੀ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਦੇਵਾਂ ਕਿ ਕਿਸੇ ਪਿੰਡ ਦਾ ਨਾਉਂ ਮਾੜੇ ਮੋਟੇ ਸਪੈਲਿੰਗ ਗਲਤ ਲਿਖਣ ਨਾਲ ਨਹੀਂ ਬਦਲ ਜਾਂਦਾ। ਜਿਹੜੇ ਪਿੰਡ ਦਾ ਤੁਸੀਂ ਜ਼ਿਕਰ ਕੀਤਾ ਹੈ ਉਹ ਹੋਰ ਕਿਸੇ ਨਾਉਂ ਦਾ ਪਿੰਡ ਹੈ। ਪਰ ਤੁਹਾਨੂੰ ਸ਼ਾਇਦ ਵਾਕਫੀਅਤ ਹੋਵੇ ਉਸ ਪਿੰਡ ਦੀ, ਹੋ ਸਕਦਾ ਹੈ ਉਹ ਪਿੰਡ ਪੰਜਾਬ ਤੋਂ ਬਾਹਰ ਹੋਵੇ। (ਹਾਸਾ) ਸਪੀਕਰ ਸਾਹਿਬ, ਇਸ ਵਿਚ ਮੈਂਬਰ ਦੀ ਇਗਨੋਰੈਂਸ ਦਾ ਸਵਾਲ ਪੈਦਾ ਹੁੰਦਾ ਹੈ। (ਹਾਸਾ)

ਡਿਪਟੀ ਕਮਿਸ਼ਨਰ ਜਲੰਧਰ ਦੁਆਰਾ ਗੁਰੂ ਨਾਨਕ ਜ਼ਿਲਾ ਲਾਇਬ੍ਰੇਰੀ ਜਲੰਧਰ ਤੇ ਮਾਰਿਆ ਛਾਪਾ

*132. **ਕਾਮਰੇਡ ਬਲਦੇਵ ਸਿੰਘ ਲੁੰਬਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਡਿਪਟੀ ਕਮਿਸ਼ਨਰ ਜਲੰਧਰ ਨੇ ਮਈ, 1980 ਵਿਚ ਗੁਰੂ ਨਾਨਕ ਜ਼ਿਲ੍ਹਾ ਲਾਇਬਰੇਰੀ ਜਲੰਧਰ ਤੇ ਕੋਈ ਛਾਪਾ ਮਾਰਿਆ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਕੀ ਉਸ ਨੇ ਲਾਇਬਰੇਰੀ ਨੂੰ ਸੀਲ ਕਰਵਾ ਦਿਤਾ ਅਤੇ ਜਾਂਚ ਦੇ ਹੁਕਮ ਦਿਤੇ ਸਨ ;

(ਏ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਜਾਂਚ ਮੁਕੰਮਲ ਕਰ ਲਈ ਗਈ ਹੈ ; ਜੇਕਰ ਕਰ ਲਈ ਗਈ ਹੈ ਤਾਂ ਉਸ ਦਾ ਵੇਰਵਾ ਕੀ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ (ਸਿਖਿਆ ਮੰਤਰੀ) : (ੳ) ਹਾਂ ਜੀ।

(ਅ) ਡਿਪਟੀ ਕਮਿਸ਼ਨਰ ਜਲੰਧਰ ਵਲੋਂ ਦੋ ਕਮਰੇ ਸੀਲ ਕੀਤੇ ਗਏ ਅਤੇ ਉਹਨਾਂ ਨੇ ਅਡੀਸ਼ਨਲ ਡਿਪਟੀ ਕਮਿਸ਼ਨਰ ਜਲੰਧਰ ਨੂੰ ਇਨਕੁਆਇਰੀ ਦੇ ਆਦੇਸ਼ ਦਿਤੇ।

(ਏ) ਨਹੀਂ ਜੀ। ਇਹ ਮਾਮਲਾ ਮਹਿਕਮੇ ਦੇ ਜ਼ੇਰੇ ਤਫਤੀਸ਼ ਹੈ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਇਹ ਗੰਭੀਰ ਮਾਮਲਾ ਹੈ। ਜਲੰਧਰ ਦੀ ਡੇੜ ਪੌਣੇ ਦੋ ਮਹੀਨੇ ਹੋ ਗਏ ਹਨ ਲਾਇਬਰੇਰੀ ਬੰਦ ਪਈ ਹੈ। ਡੀ. ਸੀ. ਸਾਹਿਬ ਨੇ ਰੇਡ ਕੀਤਾ ਔਰ ਉਥੋਂ ਅਨ-ਅਕਾਊਂਟਿਡ ਬੁੱਕਸ ਬਹੁਤ ਸਾਰੀਆਂ ਪਾਈਆਂ ਗਈਆਂ। ਹੋਰ ਵੀ ਕਈ ਬੰਗਲਿੰਗ ਦੇ ਕੇਸ ਪਾਏ ਗਏ। ਇਹ ਸੱਭ ਕੁਝ ਵੇਖ ਕੇ ਡੀ. ਸੀ. ਸਾਹਿਬ ਨੇ ਲਾਇਬਰੇਰੀ ਸੀਲ ਕੀਤੀ ਔਰ ਹੁਣ ਏ. ਡੀ. ਸੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੁੱਬਾ]

ਦੀ ਇਨਕੁਆਇਰੀ ਕਰਨ ਦੀ ਡਿਊਟੀ ਲਗਾ ਦਿਤੀ ਹੈ। ਇਸ ਗੱਲ ਨੂੰ ਪੌਣੇ ਦੋ ਮਹੀਨੇ ਹੋ ਗਏ ਹਨ, ਕੀ ਇਹ ਹਾਊਸ ਨੂੰ ਦੱਸਣਗੇ ਕਿ ਉਹ ਲਾਇਬ੍ਰੇਰੀ ਬੰਦ ਪਈ ਹੈ ਜਾਂ ਨਹੀਂ ? ਕੀ ਉਸ ਲਾਇਬਰੇਰੀਅਨ ਦੇ ਖਿਲਾਫ ਮੁਨਾਸਿਬ ਐਕਸ਼ਨ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਡੀ. ਸੀ. ਸਾਹਿਬ ਦੇ ਛਾਪਾ ਮਾਰਨ ਤੋਂ ਬਾਅਦ ਦੋ ਕਮਰੇ ਬੰਦ ਕਰ ਦਿਤੇ ਗਏ। ਲਾਇਬਰੇਰੀਅਨ ਦੀ ਟਰਾਂਸਫਰ ਹੋ ਗਈ ਹੈ ਅੱਰ ਉਸ ਨੂੰ ਉਥੋਂ ਰਿਲੀਵ ਕੀਤਾ ਗਿਆ ਹੈ, ਮੁਨਾਸਿਬ ਐਕਸ਼ਨ ਉਸੇ ਵੇਲੇ ਹੀ ਲਿਆ ਗਿਆ ਸੀ।

ਕਾਮਰੇਡ ਬਲਦੇਵ ਸਿੰਘ ਲੁੱਬਾ : ਸਪੀਕਰ ਸਾਹਿਬ, ਇਕ ਗੱਲ ਤਾਂ ਸਾਫ ਹੈ ਕਿ ਉਸ ਦੀ ਟ੍ਰਾਂਸਫਰ ਕੀਤੀ ਗਈ ਹੈ। ਇਸ ਦਾ ਮਤਲਬ ਹੈ ਕਿ ਗ਼ਬਨ ਕਰਨ ਕਾਰਨ ਉਸ ਦੀ ਟਰਾਂਸਫਰ ਕੀਤੀ ਗਈ ਹੈ। ਹੁਣ ਉਹ ਲਾਇਬਰੇਰੀਅਨ ਇਨਕੁਆਇਰੀ ਰੋਕਣ ਦੀ ਖਾਤਰ ਪੂਰਾ ਜ਼ੋਰ ਲਗਾ ਰਿਹਾ ਹੈ। ਉਥੇ ਦੇ ਮੁਲਾਜ਼ਮਾਂ ਨੂੰ ਧਮਕੀਆਂ ਦੇ ਰਿਹਾ ਹੈ ਕਿ ਮੈਂ ਫਿਰ ਇਥੇ ਆ ਰਿਹਾ ਹਾਂ। ਇਸ ਲਈ ਜੇਕਰ ਮੇਰੇ ਖਿਲਾਫ ਕੋਈ ਗਵਾਹੀ ਦਿੱਤੀ ਤਾਂ ਮੈਂ ਵੇਖ ਲਵਾਂਗਾ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਐਡੇ ਵੱਡੇ ਸ਼ਕੈਂਡਲ ਕਰਨ ਵਾਲੇ ਬੰਦੇ ਨੂੰ ਕਿਉਂ ਨਹੀਂ ਸਸਪੈਂਡ ਕੀਤਾ ਗਿਆ, ਅੱਰ ਕੀ ਹੁਣ ਉਸ ਨੂੰ ਸਸਪੈਂਡ ਕਰ ਕੇ ਇਨਕੁਆਇਰੀ ਕਰਾ-ਉਣਗੇ ਤਾਂ ਕਿ ਉਹ ਇਨਕੁਆਇਰੀ ਤੇ ਅਸਰ ਨਾ ਪਾ ਸਕੇ ? ਉਹ ਫਿਰ ਵਾਪਿਸ ਆਉਣ ਨੂੰ ਫਿਰਦਾ ਹੈ।

ਮੰਤਰੀ : ਸਪੀਕਰ ਸਾਹਿਬ, ਉਸ ਦੇ ਵਾਪਿਸ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਸ ਦੀ ਟਰਾਂਸਫਰ ਹੋ ਗਈ ਹੈ ਅੱਰ ਫੌਰਨ ਉਸ ਨੂੰ ਰਿਲੀਵ ਕਰ ਦਿਤਾ ਗਿਆ ਹੈ। ਅਗਰ ਉਹ ਅਗਲੀ ਥਾਂ ਤੇ ਨਹੀਂ ਜਾਵੇਗਾ ਤਾਂ ਉਸ ਦੀ ਵੱਖਰੀ ਉਸ ਨੂੰ ਸਜ਼ਾ ਮਿਲੇਗੀ ਅੱਰ ਇਨਕੁਆਇਰੀ ਦੀ ਵੱਖਰੀ ਸਜ਼ਾ ਮਿਲੇਗੀ। ਬਾਕੀ ਜਿਥੋਂ ਤਕ ਉਸ ਆਦਮੀ ਦਾ ਇਨਕੁਆਇਰੀ ਤੇ ਅਸਰ ਪਾਉਣ ਦੇ ਸਵਾਲ ਦਾ ਤੁਅਲਕ ਹੈ ਉਸ ਦੇ ਵਾਸਤੇ ਮੈਂ ਦਸ ਦੇਵਾਂ ਕਿ ਇਨਕੁਆਇਰੀ ਐਸੇ ਅਫ਼ਸਰ ਪਾਸ ਹੈ, ਜਿਹੜਾ ਕਿ ਉਸ ਦੇ ਅਸਰ ਥੱਲੇ ਨਹੀਂ ਆਉਣ ਲਗਾ।

ਕਾਮਰੇਡ ਬਲਦੇਵ ਸਿੰਘ ਲੁੱਬਾ : ਸਪੀਕਰ ਸਾਹਿਬ, ਅਖਬਾਰਾਂ ਵਿਚ ਖਬਰਾਂ ਛਪੀਆਂ ਹਨ ਕਿ ਉਥੇ ਉਨ੍ਹਾਂ ਨੇ ਕੁਝ ਮੁਲਾਜ਼ਮ ਰੱਖੇ ਹਨ। ਮੁਲਾਜ਼ਮ ਰੱਖਿਆਂ ਨੂੰ ਚਾਰ ਪੰਜ ਮਹੀਨੇ ਹੋ ਗਏ ਹਨ ਲੇਕਿਨ ਅਜੇ ਤਕ ਉਨ੍ਹਾਂ ਨੂੰ ਤਨਖਾਹਾਂ ਨਹੀਂ ਮਿਲੀਆਂ। ਇਹ ਕਹਿ ਕੇ ਤਨਖਾਹਾਂ ਨਹੀਂ ਦਿਤੀਆਂ ਗਈਆਂ ਕਿ ਉਪਰੋਂ ਸੈਂਕਸ਼ਨ ਨਹੀਂ ਆਈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਹ ਗੱਲ ਐਨਸ਼ਿਓਰ ਕਰਨਗੇ ਕਿ ਉਨ੍ਹਾਂ ਮੁਲਾਜ਼ਮਾਂ ਨੂੰ ਤਨਖਾਹਾਂ ਮਿਲ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਸਵਾਲ ਤਾਂ ਲਾਇਬਰੇਰੀਅਨ ਦੀ ਟਰਾਂਸਫਰ ਤੇ ਸੱਸਪੈਨਸ਼ਨ ਨਾਲ ਸਬੰਧ ਰਖਦਾ ਹੈ। ਇਹ ਇਸ ਲਈ ਵੱਖਰਾ ਨੋਟਿਸ ਦੇ ਦੇਣ, ਮੈਂ ਇਨਫਰਮੇਸ਼ਨ ਦੇ ਦੇਵਾਂਗਾ।

ਤਾਰਾ ਅੰਕਿਤ ਪ੍ਰਸ਼ਨ ਨੰ : 194*

ਸ਼੍ਰੀ ਸਪੀਕਰ : ਸੁਆਲ ਨੰ: 194 ਦੀ ਐਕਸਟੈਨਸ਼ਨ ਮੰਗੀ ਗਈ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਇਹ ਸੁਆਲ ਇਸ ਸੈਸ਼ਨ ਵਿਚ ਹੀ ਆ ਜਾਵੇਗਾ ਜੀ ?

ਸ਼੍ਰੀ ਸਪੀਕਰ : ਹਾਂ ਜੀ, ਆ ਜਾਵੇਗਾ।

---

*For Starred Question No. 194 and reply thereto please see Punjab Vidhan Sabha Debates dated 23rd July, 1980.

Original with;
Punjab Vidhan Sabha
Digitized by;
Panjab Digital Library

Effecting decrease in the prices of Fertilizers in the State

***100. Comrade Baldev Singh Loomba :** Will the Chief Minister be pleased to state —

(a) whether the Punjab Government had approached the Government of India to effect decrease in the prices of fertilizers in the State in June, 1980 ;

(b) if reply to (a) above be in the affirmative, whether the Government of India has agreed to it ;

(c) if the reply to part (b) above be in the negative, whether the Punjab Government proposes to give subsidy to the farmers in order to provide relief to them from high prices of fertilizers ?

ਚੌਧਰੀ ਕਾਂਸ਼ੀ ਰਾਮ (ਖੇਤੀਬਾੜੀ ਅਤੇ ਜੰਗਲਾਤ ਮੰਤਰੀ) : (ੳ) ਹਾਂ ਜੀ।

(ਅ) ਅਜੇ ਤਕ ਭਾਰਤ ਸਰਕਾਰ ਵਲੋਂ ਜਵਾਬ ਪ੍ਰਾਪਤ ਨਹੀਂ ਹੋਇਆ ਹੈ ।

(ਏ) ਉਪਰੋਕਤ (ਅ) ਨੂੰ ਧਿਆਨ ਵਿਚ ਰੱਖਦੇ ਹੋਏ ਹਾਲ ਦੀ ਘੜੀ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਪੀਕਰ ਸਾਹਿਬ, ਇਹ ਸਵਾਲ ਤਾਂ ਪਹਿਲੇ ਵੀ ਕਈ ਵਾਰ ਆ ਚੁੱਕਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੇਰਾ ਸਪੈਸੇਫਿਕ ਕੁਐਸਚਨ ਇਹ ਸੀ ਕਿ ਕੀ ਕੇਂਦਰੀ ਸਰਕਾਰ ਕਿਸਾਨਾਂ ਦੀ ਕੋਈ ਹੈਲਪ ਕਰਨ ਲਈ ਤਿਆਰ ਹੈ ; ਜੇ ਨਹੀਂ, ਤਾਂ ਕੀ ਪੰਜਾਬ ਸਰਕਾਰ ਆਪਣੇ ਕਿਸਾਨਾਂ ਨੂੰ ਕੋਈ ਰਿਆਇਤ ਦੇਣ ਨੂੰ ਤਿਆਰ ਹੈ ? ਪਰ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਸਵਾਲ ਹੀ ਨਹੀਂ ਪੈਦਾ ਹੁੰਦਾ । ਮੈਂ ਫਿਰ ਪੁਛਦਾ ਹਾਂ ਕਿ ਕੀ ਕੇਂਦਰੀ ਸਰਕਾਰ ਉਨ੍ਹਾਂ ਨੂੰ ਕੋਈ ਸਬਸਿਡੀ ਦੇਣ ਨੂੰ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ ਜਾਂ ਤਾਂ ਮੈਂਬਰ ਸਾਹਿਬ ਨੇ ਜੋ ਕੁਐਸਚਨ ਕੀਤਾ ਸੀ ਉਹ ਨਹੀਂ ਪੜ੍ਹਿਆ ਜਾਂ ਜਵਾਬ ਸੁਣ ਕੇ ਤਸੱਲੀ ਨਹੀਂ ਹੋਈ । ਇਨ੍ਹਾਂ ਨੇ ਪੁੱਛਿਆ ਸੀ ਕਿ ਕੀ ਕੇਂਦਰ ਦੀ ਸਰਕਾਰ ਨਾਲ ਕੋਈ ਗੱਲ ਬਾਤ ਜਾਰੀ ਹੈ ਮੈਂ ਉਸ ਦਾ ਜਵਾਬ ਦੇ ਦਿਤਾ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਦੀ ਤਸੱਲੀ ਹੋ ਜਾਣੀ ਚਾਹੀਦੀ ਸੀ ।

Mr. Speaker : Question hour is over.

STATEMENT BY THE CHIEF MINISTER

Chief Minister (Sardar Darbara Singh) : Sir, through you, I would like to break a very good and happy news.

ਉਹ ਇਹ ਹੈ ਕਿ 8 ਵਜ ਕੇ 45 ਮਿੰਟ ਤੇ ਸੈਟੇਲਾਈਟ ਮਦਰਾਸ ਦੇ ਨਜ਼ਦੀਕ ਲਾਂਚ ਕੀਤਾ ਗਿਆ ਹੈ ਅੱਰ ਉਹ ਹੁਣ ਘੁੰਮ ਰਿਹਾ ਹੈ । ਸਾਰਾ ਚੱਕਰ ਕੱਟ ਰਿਹਾ ਹੈ। ਇਹ ਸੈਟੇਲਾਈਟ ਸਾਰੇ ਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਾਰਾ ਇਥੋਂ ਦਾ ਹੀ ਬਣਾਇਆ ਹੋਇਆ ਹੈ। ਇਸ ਲਈ ਇਹ ਖੁਸ਼ੀ ਦਾ ਮਕਾਮ ਹੈ ਅਤੇ ਹਿੰਦੁਸਤਾਨ ਦਾ ਪ੍ਰਗਤੀ ਵਲ ਇਕ ਵਡਾ ਕਦਮ ਹੈ। ਮੇਰਾ ਖਿਆਲ ਹੈ ਕਿ ਸਾਨੂੰ ਇਸ ਖੁਸ਼ੀ ਦੇ ਮੌਕੇ ਤੇ ਗੌਰਮਿੰਟ ਆਫ ਇੰਡੀਆ ਨੂੰ, ਸ਼੍ਰੀਮਤੀ ਇੰਦਰਾ ਗਾਂਧੀ ਨੂੰ, ਕਾਂਗ੍ਰੈਚੁਲੇਟ ਕਰਨਾ ਚਾਹੀਦਾ ਹੈ । ਮੇਰਾ ਖਿਆਲ ਹੈ ਕਿ ਸਾਰਾ ਹਾਊਸ ਇਸ ਨਾਲ ਇਤਫਾਕ ਕਰੇਗਾ । (ਤਾੜੀਆਂ)

ਸ਼੍ਰੀ ਸਪੀਕਰ : ਬੜੀ ਖੁਸ਼ੀ ਦੀ ਗੱਲ ਹੈ ਇਸ ਹਾਊਸ ਨੂੰ ਇਹ ਪਰਵਾਨ ਹੈ ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, 16 ਤਾਰੀਖ ਨੂੰ ਮੈਂ ਬਜਟ ਤੇ ਸਪੀਚ ਹੋਏ ਕੁਝ ਇਲਫਾਜ਼ ਕਹੇ ਸੀ ਔਰ ਹੁਣ ਮੈਨੂੰ ਬਜਟ ਸਪੀਚ ਦਾ ਪੋਰਸ਼ਨ ਕੁਰੈਕਸ਼ਨ ਕਰਨ ਵਾਸਤੇ ਮਿਲਿਆ ਹੈ। ਸਾਰਾ ਹਾਊਸ ਗਵਾਹ ਹੈ ਕਿ ਮੈਂ ਇਸ ਹਾਊਸ ਵਿਚ ਕਿਹਾ ਸੀ ਕਿ

** ** **

ਉਸ ਦਾ ਰਿਕਾਰਡ ਹਾਊਸ ਦੇ ਸਾਹਮਣੇ ਹੈ ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਇਹ ਬੜਾ ਸੰਗੀਨ ਮਸਲਾ ਹੈ ਔਰ ਇਸ ਉਤੇ ਮੈਂ ਆਪਣੇ ਵਿਚਾਰ ਪ੍ਰਗਟ ਕੀਤੇ ਸੀ। ਪਰ ਹੁਣ ਮੇਰੀ ਸਪੀਚ ਵਿਚ ਇਹ ਸਾਰੇ ਲਫਜ਼ ਕੱਟ ਦਿੱਤੇ ਗਏ ਹਨ । ਇਸ ਕਰ ਕੇ ਮੈਂ ਬੇਨਤੀ ਕਰਦਾ ਹਾਂ ਕਿ ਇਹ ਹਾਊਸ ਦੀ ਪ੍ਰਿਵੇਲਿਜ ਦਾ ਸਵਾਲ ਹੈ ਕਿਉਂਕਿ ਪੰਜਾਬ ਦੀ ਸਰਕਾਰ ਨੇ ਡੈਮੋਕਰੇਸੀ ਨੂੰ ਖਤਮ ਕਰਨ ਵਾਸਤੇ ਇਹ ਕਾਰਨਾਮਾ ਕੀਤਾ ਸੀ। ਇਸ ਕਰ ਕੇ ਮੈਂ ਇਹ ਤੁਹਾਡੇ ਨੋਟਿਸ ਵਿਚ ਲਿਆਂਦਾ ਹੈ।

ਸ਼੍ਰੀ ਸਪੀਕਰ : ਮੈਂ ਇਨਕੁਆਇਰੀ ਕਰਾ ਲਵਾਂਗਾ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਚੇਅਰਮੈਨ ਨੇ ਇਹ ਲਫਜ਼ ਐਕਸਪੰਜ ਕਰ ਦਿਤੇ ਸਨ।

ਸ਼੍ਰੀ ਸਪੀਕਰ : ਮੈਂ ਕਹਿ ਦਿਤਾ ਹੈ ਕਿ ਮੈਂ ਇਸ ਬਾਰੇ ਇਨਕੁਆਇਰੀ ਕਰਾ ਲਵਾਂਗਾ ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਲਫਜ਼ ਹੁਣ ਦੋਬਾਰਾ ਕਹੇ ਗਏ ਹਨ । ਇਸ ਲਈ ਇਹ ਵੀ ਐਕਸਪੰਜ ਹੋਣੇ ਚਾਹੀਦੇ ਹਨ ।

ਮੁੱਖ ਮੰਤਰੀ : ਮੈਂ ਸਬਮਿਸ਼ਨ ਕਰਾਂਗਾ ਕਿ ਜਿਸ ਤਰ੍ਹਾਂ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਇਹ ਲਫਜ਼ ਚੇਅਰਮੈਨ ਵਲੋਂ ਐਕਸਪੰਜ ਕਰ ਦਿਤੇ ਗਏ ਸਨ, ਤੁਸੀਂ ਹੁਣ ਇਸ ਨੂੰ ਵੀ ਵੇਖ ਲੈਣਾ । ਮੈਨੂੰ ਇਸ ਗੱਲ ਦਾ ਇਤਰਾਜ਼ ਹੈ ਕਿ ਮੈਂਬਰ ਸਾਹਿਬ ਨੇ ਰਿਪੋਰਟ ਕੀਤੀ ਹੈ। ਹੁਣ ਦੋਬਾਰਾ ਕਹੇ ਹੋਏ ਲਫਜ਼ ਪਰੋਸੀਡਿੰਗਜ਼ ਦਾ ਪਾਰਟ ਨਾਂ ਬਣਨ। (ਵਿਘਨ)

ਸ਼੍ਰੀ ਸਪੀਕਰ : ਜੇਕਰ ਇਹ ਲਫਜ਼ ਓਰਿਜਨਲੀ ਰਿਕਾਰਡ ਤੇ ਨਹੀਂ ਆਏ ਹੋਏ ਹੋਣਗੇ ਤਾਂ ਇਹ ਲਫਜ਼ ਵੀ ਐਕਸਪੰਜ ਕਰ ਦਿਤੇ ਜਾਣਗੇ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਰੂਲਜ਼ ਆਫ ਪਰੋਸੀਜਰ ਐਂਡ ਕੰਨਡਕਟ ਆਫ ਬਿਜ਼ਨੈਸ ਦੇ ਰੂਲ 109 ਵੱਲ ਦਿਵਾਉਂਦਾ ਹਾਂ। ਸਿਰਫ ਉਹੀ ਲਫਜ਼ ਐਕਸਪੰਜ ਹੋ ਸਕਦੇ ਹਨ :

'If those are defamatory or indecent or unparliamentary or undignified.'

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੈਂ ਪਹਿਲੇ ਹੀ ਕਹਿ ਦਿਤਾ ਹੈ ਕਿ ਇਹ ਕੇਸ ਮੈਂ ਪਰਸਿਉ ਕਰਾ ਲਵਾਂਗਾ।

(ਇਸ ਵੇਲੇ ਬਹੁਤ ਸਾਰੇ ਆਨਰੇਬਲ ਮੈਂਬਰ ਬਗੈਰ ਪਰਮਿਸ਼ਨ ਤੋਂ ** ** ਬੋਲ ਰਹੇ ਸਨ ਪਰ ਹਾਊਸ ਵਿਚ ਸ਼ੋਰ ਹੋਣ ਕਾਰਣ ਕੁਝ ਨਹੀਂ ਸੀ ਸੁਣਾਈ ਦੇ ਰਿਹਾ)।

ਸ਼੍ਰੀ ਸਪੀਕਰ : ਕੋਈ ਵੀ ਮੈਂਬਰ ਜਿਹੜਾ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਿਹਾ ਹੈ, ਉਹ ਸਭ ਐਕਸਪੰਜ ਕਰ ਦਿਤਾ ਜਾਵੇ। (ਵਿਘਨ) (ਸ਼ੋਰ)

ਸ਼੍ਰੀ ਵਿਨੋਦ ਸ਼ਰਮਾ : ** ** ** (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਜਸਮਤ ਸਿੰਘ ਢਿਲੋਂ : ** ** ** (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਸਾਡੇ ਹਾਊਸ ਦਾ ਇਕ ਮੈਂਬਰ ਜੋ ਪਿਛਲੇ ਸਮੇਂ ਤੋਂ ਮੰਤਰੀ ਵੀ ਸੀ ਦੇ ਖਿਲਾਫ ਬਠਿੰਡੇ ਦੀ ਅਦਾਲਤ ਵਿਚ ਕੇਸ ਚਲ ਰਿਹਾ ਹੈ। ਜਿਹੜੇ ਆਦਮੀਆਂ ਨੇ ਉਸ ਮੰਤਰੀ ਦੇ ਖਿਲਾਫ ਹਲਫੀਆ ਬਿਆਨ ਦਿਤੇ ਹਨ ਉਨ੍ਹਾਂ ਤੇ ਅੱਜ ਸਰਕਾਰ ਵਲੋਂ ਦਬਾਅ ਪਾ ਕੇ ਹਲਫੀਆ ਬਿਆਨ ਤਬਦੀਲ ਕਰਨ ਦੇ ਯਤਨ ਹੋ ਰਹੇ ਹਨ ਇਸ ਲਈ ਤੁਹਾਡੇ ਦੁਆਰਾ ਮੁੱਖ ਮੰਤਰੀ ਕੋਲ ਬੇਨਤੀ ਕਰਦੇ ਹਾਂ ਕਿ ਇਸ ਕੇਸ ਵਿਚ ਦਖਲ ਅੰਦਾਜ਼ੀ ਕਰ ਕੇ ਪਬਲਿਕ ਦਿਲਚਸਪੀ ਕਾਇਮ ਰਖੇਗੀ। (ਵਿਘਨ) (ਸ਼ੋਰ)

Mr. Speaker : Call Attention Notices.

CALL ATTENTION NOTICES UNDER RULE 66

(*Serial No.* 118)

Shri Chaman Lal : Sir, I beg to draw the attention of the Government towards a matter of urgent public importance, namely, that the previous Akali Janta Government had cancelled the route permits of station wagons running on short routes in different parts of Punjab, but still these wagons are continuing their business illegally on the same routes with the connivance of government officers. Matter be discussed.

Chief Minister (Sardar Darbara Singh) : No route permit for Station Wagon was cancelled during the Akali Janta Government. Therefore, the question of any such vehicle plying without valid permit does not arise.

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਲੈਣੀ ਹੈ।

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛ ਸਕਦੇ ਹੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਆਪਣੇ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੀਆਂ ਸਟੇਸ਼ਨ ਵੈਗਨਾਂ ਬਗੈਰ ਪਰਮਿਸ਼ਨ ਤੋਂ ਚਲ ਰਹੀਆਂ ਹਨ ਅਤੇ ਬਹੁਤ ਨੁਕਸਾਨ ਹੋ ਰਿਹਾ ਹੈ । (ਵਿਘਨ) ਐਕਸੀਡੈਂਟਸ ਦੇ ਨਾਲ ਬਹੁਤ ਮੌਤਾਂ ਵੀ ਹੋਈਆਂ ਹਨ।

ਸ਼੍ਰੀ ਸਪੀਕਰ : ਇਹ ਕੋਈ ਸਵਾਲ ਨਹੀਂ।

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਪਰਵਾਹ ਨਹੀਂ ਕੀਤੀ। ਇਹ ਵੀ ਦੱਸਿਆ ਗਿਆ ਹੈ। (ਵਿਘਨ) (ਸ਼ੋਰ)

Chief Minister : I would like to give a statement. ਸਪੀਕਰ ਸਾਹਿਬ, ਇਸ ਬਾਰੇ ਮਿਸ-ਅੰਡਰਸਟੈਂਡਿੰਗ ਹੈ । ਪਿਛਲੀ ਅਕਾਲੀ ਜਨਤਾ ਸਰਕਾਰ ਵੇਲੇ ਸਟੇਸ਼ਨ ਵੈਗਨ ਦਾ ਕੋਈ ਰੂਟ ਪਰਮਿਟ ਕੈਂਸਲ ਨਹੀਂ ਹੋਇਆ । ਇਸ ਕਰ ਕੇ ਵਹੀਕਲ ਬਗੈਰ ਵੈਲਿਡ ਪਰਮਿਟ ਤੋਂ ਨਹੀਂ ਚਲ ਰਹੇ (ਵਿਘਨ) ਜਿਥੋਂ ਤਕ ਮੈਂ ਸਮਝਿਆ ਹਾਂ, ਇਨ੍ਹਾਂ ਦਾ ਸਵਾਲ ਇਹ ਹੋ ਸਕਦਾ ਹੈ ਕਿ ਕੀ ਕੋਈ ਵਹੀਕਲਜ਼ ਇਲਲੀਗਲੀ ਤਾਂ ਨਹੀਂ ਚਲ ਰਹੇ, ਉਸ ਨੂੰ ਦੇਖਣ ਦੀ ਲੋੜ ਹੈ।

ਸ਼੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਨੰ: 121.

(*Serial No.* 121)

Shri Ram Swaroup Baghi : Sir, I beg to draw the attention of the Government towards a matter of urgent public importance, namely, that in Dhar Block of District Gurdaspur some schools are running without buildings or the buildings are repairable. It is a hilly area. The Akali Janta Government had not given any attention towards this problem of the public, There is a great resentment amongst the public of the Illaqa on this issue. Hence it is a fit matter for the Education Minister to make a statement on the floor of the House..

Education Minister (Sardar Harcharan Singh Ajnala): Sir, it is within the notice of the Government that there are not adequate buildings for schools in Dhar Block. Being a hilly area, every effort shall be made to pay proper attention to the school buildings of Dhar Block. The Public Works Department will be asked to survey the school buildings of the Dhar Block and submit plans and estimates for repairs and extension of the school buildings wherever needed so that proper assessment of the expenditure could be made for making necessary provision in the revised budget estimates. Government school buildings which are on the books of the State P.W.D. are repaired by that Department in consultation with the Education Department. Action by the Department is taken for getting the buildings repaired after the receipt of necessary plans and estimates from the Public Works Department. Primary school buildirgs are maintained by the panchayats. The grants for this purpose are placed by the Education Department at the disposal of the Development and Panchayats Department.

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਪਿਛਲੀ ਗੌਰਮਿੰਟ ਜਿਹੜੀ ਸੀ ਉਸ ਨੇ ਢਾਈ ਸਾਲ ਸਕੂਲਾਂ ਦੀ ਸ਼ਕਲ ਤਕ ਨਹੀਂ ਦੇਖੀ। ਕੀ ਮਨਿਸਟਰ ਸਾਹਿਬ, ਜਿਥੇ ਬਿਲਡਿੰਗ ਦੀ ਰਿਪੇ ਅਰ

Original with;
Punjab Vidhan Sabha
Digitized by;
Panjab Digital Library

ਕਰਾਉਣਗੇ ਉਥੇ ਨਾਲ ਦੀ ਨਾਲ ਪਿਛੇ ਜੋ ਗਲਤੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਬਾਰੇ ਵੀ ਐਕਸ਼ਨ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਨੋਟਿਸ ਦੇ ਜਵਾਬ ਵਿਚ ਮੈਂ ਬੜੇ ਵਿਸਥਾਰ ਦੇ ਨਾਲ ਦੱਸਿਆ ਹੈ। ਸਪੀਕਰ ਸਾਹਿਬ, ਪਿਛਲੀ ਗੌਰਮਿੰਟ ਨੇ ਇਸ ਗੱਲ ਵੱਲ ਧਿਆਨ ਨਹੀਂ ਦਿਤਾ ਕਿ ਬਿਲਡਿੰਗ ਦੀ ਰਿਪੈਅਰ ਵੀ ਕਰਨੀ ਹੈ ਜਾਂ ਜਿਹੜੀਆਂ ਕਮੀਆਂ ਹਨ, ਉਨ੍ਹਾਂ ਨੂੰ ਦੂਰ ਕਰਨਾ ਹੈ। ਐਸਟੀਮੈਟਸ ਪਲੈਨਜ਼ ਬਣਾਏ ਜਾ ਰਹੇ ਹਨ। ਬਾਕੀ ਦੂਜੇ ਪੱਖ ਦਾ ਵੀ ਧਿਆਨ ਰੱਖ ਲਿਆ ਜਾਵੇਗਾ।

(Serial No. 125)

Professor Darbari Lal : Sir, I beg to draw the attention of the Government towards an urgent matter of public importance, namely, due to unprecedented rains, lots of houses in Amritsar City have been damaged which require immediate repairs. But there is shortage of cement. Government should take immediate steps to provide cement for urgent repairs to the damaged houses of the people. Government should also ensure that no sanction of the Municipal Committee is required for such repairs.

Chief Minister (Sardar Darbara Singh) : It is admitted that there is shortage of cement in the State of Punjab, including Amritsar. The State Government have been making strenuous efforts and impressing upon the Government of India to make allocation of cement commensurate with our requirement and also to ensure maximum despatches against the allocations. However, in so far as Amritsar City is concerned, 3,367 bags are in stock at present and a rake and 25 wagons carrying about 35,000 bags of cement are in transit and are expected to reach Amritsar any day. This will help ease the prevailing scarcity of cement in Amritsar and cement would become available to the consumers for repairs of their houses. Sanction of the Muincipal Committee is not required for carrying out repairs.

PAPER LAID ON THE TABLE

Finance Minister (Dr. Kewal Krishan) : Sir, I beg to lay on the Table of the House The Punjab Land Improvement Schemes (First Amendment) Rules, 1978, as required under section 30(3) of the Punjab Land Improvement Schemes Act, 1963.

LEGISLATIVE BUSINESS

The Punjab Appropriation (No. 2) Bill, 1980

Finance Minister (Dr. Kewal Krishan) : Sir, I beg to introduce the Punjab Appropriation (No. 2) Bill.

Sir, I also beg to move—

That the Punjab Appropriation (No. 2) Bill be taken into consideration at once.

Original with;
Punjab Vidhan Sabha
Digitized by;
Panjab Digital Library

Mr. Speaker : Motion moved—

That the Punjab Appropriation (No. 2) Bill be taken into consideration at once.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਸਪੀਕਰ ਸਾਹਿਬ, ਪਿਛਲੇ ਕੁਝ ਦਿਨਾਂ ਤੋਂ ਬਜਟ ਤੇ ਬਹਿਸ ਹੋ ਰਹੀ ਹੈ । ਪਹਿਲਾਂ ਜਨਰਲ ਡਿਸਕਸ਼ਨ ਹੋਈ। ਉਸ ਤੋਂ ਬਾਅਦ ਕੁਝ ਮੱਦਾਂ ਤੇ ਡਿਸਕਸ਼ਨ ਹੋਈ ਅੱਜ ਫਾਈਨਾਂਸ ਮਨਿਸਟਰ ਸਾਹਿਬ ਨੇ ਐਪ੍ਰੋਪ੍ਰੀਏਸ਼ਨ ਬਿਲ ਪੇਸ਼ ਕੀਤਾ ਹੈ। ਜੋ ਸਰਕਾਰ ਨੇ ਬਜਟ ਪੇਸ਼ ਕੀਤਾ ਹੈ, ਮੈਂ ਉਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ। ਫਾਈਨਾਂਸ ਮਨਿਸਟਰ ਸਾਹਿਬ ਦੀ ਸਪੀਚ ਵੀ ਮੈਂ ਚੰਗੀ ਤਰ੍ਹਾਂ ਸੁਣੀ ਹੈ ਅੱਤੇ ਬਜਟ ਦੇ ਨਾਲ ਕੁਝ ਹੋਰ ਵੀ ਸਰਵੇ ਦੀਆਂ ਕਾਪੀਆਂ ਅਤੇ 25 ਨੁਕਾਤੀ ਪ੍ਰੋਗਰਾਮ ਵੀ ਮੈਂ ਚੰਗੀ ਤਰ੍ਹਾਂ ਵੇਖਿਆ ਹੈ। ਇਹ ਸਾਰਾ ਕੁਝ ਵੇਖ ਕੇ ਮੈਂ ਕਹਿ ਸਕਦਾ ਹਾਂ ਕਿ ਇਹ ਬਜਟ ਇਕ ** ਬਜਟ ਹੈ। ਮੈਂ ਇਸ ਲਈ ਨਹੀਂ ਕਹਿ ਰਿਹਾ ਬਲਕਿ ਮੈਂ ਫੈਕਟਸ ਐਂਡ ਫਿਗਰਜ਼ ਦੇ ਕੇ ਦੱਸਾਂਗਾ ਕਿਉਂਕਿ ਬਜਟ ਉਹ ਹੁੰਦਾ ਹੈ ਜਿਸ ਵਿਚ ਫਾਈਨਾਂਸ ਮਨਿਸਟਰ ਇਹ ਦਸ ਸਕੇ ਕਿ ਰਿਸੋਰਸਿਜ਼ ਉਨ੍ਹਾਂ ਲਈ ਕਿਥੋਂ ਪੈਦਾ ਕਰਨੇ ਹਨ । 70, 75 ਕਰੋੜ ਰੁਪਏ ਦਾ ਘਾਟਾ ਸ਼ੋਅ ਕੀਤਾ ਹੈ ਲੇਕਿਨ ਕੋਈ ਗੱਲ ਇਸ ਤਰ੍ਹਾਂ ਦੀ ਨਹੀਂ ਦਸੀ ਗਈ ਕਿ ਰਿਸੋਰਸਿਜ਼ ਨੂੰ ਇਸ ਤਰ੍ਹਾਂ ਨਾਲ ਮੋਬੇਲਾਈਜ਼ ਕਰਾਂਗੇ। ਇਕ ਗੱਲ ਕੀਤੀ ਹੈ । ਜਿਹੜਾ ਸੇਲਜ਼ ਟੈਕਸ 1 ਫੀ ਸਦੀ ਇਨ੍ਹਾਂ ਨੇ ਵਧਾਇਆ ਸੀ, ਟਰੇਜ਼ਰੀ ਬੈਂਚਾਂ ਵਲੋਂ, ਆਪੋਜ਼ੀਸ਼ਨ ਬੈਂਚਾਂ ਵਲੋਂ ਪੰਜਾਬ ਦੀ ਜਨਤਾ ਵਲੋਂ ਪ੍ਰੈਸ਼ਰ ਪੈਣ ਤੇ ਉਹ ਵੀ ਉਨ੍ਹਾਂ ਨੇ ਵਾਪਸ ਲੈ ਲਿਆ । ਮੈਂ ਸਮਝਦਾ ਹਾਂ ਕਿ ਇਹ ਜੋ ਬਜਟ ਹੈ ਇਸ ਨੂੰ ਅਗਰ ਬਲੈਕ ਬਜਟ ਕਿਹਾ ਜਾਏ ਤਾਂ ਕੋਈ ਗਲਤ ਗੱਲ ਨਹੀਂ ਹੋਏਗੀ । ਸਪੀਕਰ ਸਾਹਿਬ, ਥੋੜੇ ਦਿਨਾਂ ਬਾਅਦ ਇਹ ਬਲੈਕ ਬਜਟ ਪੰਜਾਬ ਦੇ ਲੋਕਾਂ ਵਾਸਤੇ ਬਲੈਕ ਬਜਟ ਬਣ ਜਾਣਾ ਹੈ। ਮੇਰੇ ਸਾਹਮਣੇ ਬੈਠੇ ਭਰਾ ਡਰਦੇ ਹਨ ਕਿ ਜੇ ਟੈਕਸਾਂ ਦਾ ਬੋਝ ਲੱਦ ਦਿਤਾ .....

(ਵਿਘਨ)

ਮਾਲ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ** ਕਿਹਾ ਹੈ, ਇਹ ਅਨਪਾਰਲੀਮੈਂਟਰੀ ਸ਼ਬਦ ਹੈ ਅੱਤੇ ਐਕਸਪੰਜ ਹੋਣਾ ਚਾਹੀਦਾ ਹੈ (ਵਿਘਨ) ਮੇਰੀ ਅਰਜ਼ ਇਹ ਹੈ ਕਿ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਭਰਾ ਬਾਜ਼ ਅੱਤੇ ** ਕਿਹੇ ਜਾਣ ਤੇ ਇਤਰਾਜ਼ ਕੀਤਾ ਸੀ । (ਵਿਘਨ) ਇਨ੍ਹਾਂ ਨੂੰ ਵੀ ** ** ** ਨਹੀਂ ਕਹਿਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਲਫਜ਼ ** ** ਐਕਸਪੰਜ ਕਰ ਦਿਤਾ ਜਾਏ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ ਮੈਂ ਇਹ ਵੀ ਦੇਖਿਆ ਹੈ ਕਿ ਜ਼ਿਮੇਵਾਰ ਸੱਜਣ ਹਾਊਸ ਵਿਚ ਬੈਠਦੇ ਹਨ। ਚੀਫ ਮਨਿਸਟਰ ਸਾਹਿਬ ਉਸ ਵੇਲੇ ਨਹੀਂ ਸਨ ਅੱਤੇ ਖੁਸ਼ਕਿਸਮਤੀ ਨਾਲ ਸਰਦਾਰ ਸਾਹਿਬ ਮਨਿਸਟਰ ਸਨ। ਬਹੁਤ ਚੰਗੇ ਪ੍ਰੈਸੀਡੈਂਟਸ ਛਡਣੇ ਚਾਹੀਦੇ ਹਨ ਜਦੋਂ ਕੋਈ ਹੋਰ ਬੋਲੇ ਤਾਂ ਉਸ ਵਿਚ ਹੋਰ ਨੂੰ ਨਹੀਂ ਬੋਲਣਾ ਚਾਹੀਦਾ ਹੈ। ਜਦੋਂ ਚੀਫ ਮਨਿਸਟਰ ਬੋਲਦੇ ਹਨ ਤਾਂ ਅਸੀਂ ਤੁਹੱਮਲ ਨਾਲ ਸੁਣਦੇ ਹਾਂ। ਇਕ ਘੰਟਾ ਦਮ ਰਖ ਕੇ ਮੇਰੀਆਂ ਗਲਾਂ ਸੁਣ ਲਓ । ਜੇ ਦਸ ਮਿਨਟ ਮੈਨੂੰ ਸੁਣ ਲਿਆ ਤਾਂ ਇਹ ਬੋਲ ਨਹੀਂ ਸਕਣਗੇ ।

ਬਜਟ ਕੀ ਹੁੰਦਾ ਹੈ ? ਦੁਨੀਆ ਦੇ ਮਸ਼ਹੂਰ ਇਕਾਨੋਮਿਸਟ ਮਿਸਗ੍ਰੇਵ ਨੇ ਆਪਣੇ ਵੀਊਜ਼ ਦਿੰਦੇ ਹੋਏ ਕਿਹਾ ਹੈ ਕਿ ਬਜਟ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

To secure adjustment in the distribution of income and wealth.

ਭਾਵ ਇਹ ਹੈ ਕਿ ਬਜਟ ਵਿਚ ਐਸੀਆਂ ਪਰਪੋਜ਼ਲਜ਼ ਲਿਆਉਣ ਜਿਸ ਨਾਲ ਅਮੀਰਾਂ ਤੋਂ ਪੈਸਾ ਖਿਚਿਆ ਜਾ ਸਕੇ ਅਤੇ ਗਰੀਬਾਂ ਦੀ ਮੱਦਦ ਵਾਸਤੇ ਲਿਆ ਜਾ ਸਕੇ। (ਬੰਪਿੰਗ) ਇਹ ਪਹਿਲੀ ਕੰਡੀਸ਼ਨ ਹੈ ਚੰਗੇ ਬਜਟ ਦੀ। ਫਾਈਨਾਂਸ ਮਨਿਸਟਰ ਸਾਹਿਬ ਵੇਖਣ ਕਿ ਕੀ ਕੋਈ ਇਹੋ ਜਿਹੀ ਪਰਪੋਜ਼ਲ ਉਨ੍ਹਾਂ ਨੇ ਲਿਆਂਦੀ ਹੈ ਜਿਸ ਨਾਲ ਅਮੀਰਾਂ ਤੋਂ ਪੈਸੇ ਖਿੱਚ ਕੇ ਗਰੀਬਾਂ ਤੇ ਲਾਏ ਜਾ ਸਕਣ। ਇਕ ਵੀ ਅਜਿਹੀ ਪਰਪੋਜ਼ਲ ਨਹੀਂ ਹੈ।

ਮਿਸਗਰੈਵ ਨੇ ਕਿਹਾ ਹੈ ਕਿ ਬਜਟ ਇੰਸਟਰੂਮੈਂਟ ਹੈ ---to secure economic stabilization.

ਭਾਵ ਇਹ ਹੈ ਕਿ ਸਟੇਬਿਲਿਟੀ ਹੋਵੇ। ਚੀਜ਼ਾਂ ਦੇ ਭਾਅ ਠੀਕ ਹੋਣ। ਤੁਸੀਂ ਆਪ ਦੇਖ ਲਓ ਕਿ ਇਸ ਬਜਟ ਨਾਲ ਕੀ ਅਸਰ ਪੈਣਾ ਹੈ? ਅੱਜ ਸਾਨੂੰ ਬਿਜਲੀ, ਖਾਦ ਅੌਰ ਡੀਜ਼ਲ ਆਦਿ ਕਿਸ ਭਾਅ ਤੇ ਮਿਲ ਰਹੇ ਹਨ। ਕਿੰਨੀ ਤੇਜ਼ੀ ਇਨ੍ਹਾਂ ਚੀਜ਼ਾਂ ਦੇ ਭਾਵਾਂ ਵਿਚ ਆ ਗਈ ਹੈ। ਇਸ ਦਾ ਨਤੀਜਾ ਕੀ ਨਿਕਲਣਾ ਹੈ? ਕਦੇ ਟੈਕਸ ਲਗਾਉਣ ਬਾਰੇ ਸੋਚਦੇ ਹਨ ਅੌਰ ਕਦੇ ਸਬਸਿਡੀ ਦੇਣ ਬਾਰੇ ਸੋਚਦੇ ਹਨ। ਭਾਅ ਵੱਧਣ ਨਾਲ ਇਹੋ ਜਿਹਾ ਸਾਈਕਲ ਚਲਣਾ ਹੈ ਜਿਹੜੀ ਸਥਿਰਤਾ ਥੋੜੀ ਬਹੁਤ ਹੈ, ਉਹ ਵੀ ਦਰਹਮ ਬਰਹਮ ਹੋ ਜਾਣੀ ਹੈ। ਕੋਈ ਸਟੇਬੇਲਾਈਜ਼ੇਸ਼ਨ ਨਹੀਂ ਰਹਿਣੀ। ਅੱਜ ਦੇਸ਼ ਦੀ ਇਸ ਸੂਬੇ ਦੀ ਕੀ ਹਾਲਤ ਹੈ? ਖੰਡ ਵਰਗੀਆਂ ਚੀਜ਼ਾਂ ਸਾਡੀ ਸਰਕਾਰ ਵੇਲੇ ਰੁਲਦੀਆਂ ਫਿਰਦੀਆਂ ਸਨ (ਬੰਪਿੰਗ) ਪਿੰਡਾਂ ਵਿਚ ਹੋਕੇ ਦਿੰਦੇ ਸਨ ਕਿ ਪੁਰਾਣੀਆਂ ਜੁਤੀਆਂ ਦੇ ਦਿਉ ਅੌਰ ਖੰਡ ਲੈ ਲਉ। ਪੁਰਾਣੇ ਭਾਂਡੇ ਦੇ ਦਿਉ ਤੇ ਖੰਡ ਲੈ ਲਉ। ਲੋਕ ਗਧਿਆਂ ਤੇ ਖੰਡ ਲਈ ਫਿਰਦੇ ਸਨ। ਅੱਜ ਖੰਡ 8 ਰੁਪਏ ਕਿੱਲੋ ਹੋ ਗਈ ਹੈ। ਦਾਲਾਂ ਦੇ ਭਾਅ, ਘਿਓ ਦੇ ਭਾਅ ਦੇਖ ਲਓ ਕਿਥੇ ਚਲੇ ਗਏ ਹਨ। ਸੀਮਿੰਟ ਬਾਰੇ ਤਾਂ ਇਨ੍ਹਾਂ ਨੇ ਆਪ ਮੰਨਿਆ ਹੈ ਕਿ ਨਹੀਂ ਹੈ। ਜੇ ਸੀਮਿੰਟ ਨਹੀਂ ਹੈ ਤਾਂ ਡਿਵੈਲਪਮੈਂਟ ਦੇ ਕੰਮ ਕਿਸ ਤਰ੍ਹਾਂ ਨਾਲ ਹੋਣਗੇ।

ਮਿਸਗਰੈਵ ਨੇ ਕਿਹਾ ਹੈ to secure adjustment in the allocation of resources.

ਭਾਵ ਇਹ ਹੈ ਕਿ ਰਿਸੋਰਸਿਜ਼ ਇਸ ਤਰ੍ਹਾਂ ਨਾਲ ਐਲੋਕੇਟ ਕੀਤੇ ਜਾਣ ਕਿ ਸੋਸ਼ਲੀ ਅੌਰ ਇਕਨਾਮੀਕਲੀ ਲੋਕਾਂ ਦੀ ਡਿਵੈਲਪਮੈਂਟ ਹੋ ਸਕੇ। ਇਹ ਚੀਜ਼ਾਂ ਜਿਹੜੀਆਂ ਕਿ ਇਕ ਚੰਗੇ ਬਜਟ ਵਿਚ ਹੋਣੀਆਂ ਚਾਹੀਦੀਆਂ ਹਨ ਉਹ ਇਸ ਬਜਟ ਵਿਚ ਨਹੀਂ ਹਨ। ਮੈਂ ਇਸ ਬਜ਼ਟ ਨੂੰ ** ਕਹਿੰਦਾ ਹਾਂ ਅੌਰ ਇਹ ਮੈਂ ਕਲੀਅਰ ਕਰ ਦਿਆਂਗਾ।

ਸ਼੍ਰੀ ਸਪੀਕਰ: ** ਲਫਜ਼ ਮੈਂ ਫਿਰ ਐਕਸਪੰਜ ਕਰਦਾ ਹਾਂ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਮੈਂ ਕਹਾਂਗਾ ਕਿ ਇਹ ਬਜਟ ਅੌਂਟੀ ਪੀਪਲ, ਅੌਂਟੀ ਰੂਰਲ ਅੌਰ ਅਰੈਸਟ ਦੀ ਵੀਕਰ ਸੈਕਸ਼ਨ ਆਫ ਦੀ ਸੁਸਾਇਟੀ ਹੈ।

ਦੂਸਰੀ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਬਹੁਤ ਕੁਝ ਕਿਹਾ ਗਿਆ ਹੈ ਅੌਰ ਮਨਿਸਟਰ ਸਾਹਿਬ ਦੀ ਸਪੀਚ ਵਿਚ ਵੀ ਲਿਖਿਆ ਹੈ, ਅਖਬਾਰਾਂ ਵਿਚ ਵੀ ਗਲਾਂ ਆਉਂਦੀਆਂ ਰਹਿੰਦੀਆਂ ਹਨ, ਕਿ ਜਿਸ ਵੇਲੇ ਸਾਡੀ ਸਰਕਾਰ ਇਥੇ ਬਣੀ ਸੀ ਉਸ ਵੇਲੇ ਸੂਬੇ ਦੀ ਬੜੀ ਬੁਰੀ ਹਾਲਤ ਸੀ। ਬੜੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਘਾਟੇ ਸੀ । ਫਾਈਨਾਂਸ ਮਨਿਸਟਰ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਨਿਗਾਹ ਮਾਰੋ ਜਦੋਂ ਗਿਆਨੀ ਜ਼ੈਲ ਸਿੰਘ ਸਰਕਾਰ ਛੱਡ ਕੇ ਗਏ ਸਨ ਔਰ ਅਸੀਂ ਸਰਕਾਰ ਸੰਭਾਲੀ ਸੀ ਤਾਂ ਕਿੰਨਾ ਘਾਟਾ ਸੀ। ਉਸ ਵੇਲੇ 143.59 ਕਰੋੜ ਦਾ ਘਾਟਾ ਸੀ, ਅੰਦਾਜ਼ਾ ਲਗਾ ਲਓ, ਸਰਕਾਰ ਸੰਭਾਲਦਿਆਂ ਹੋਇਆਂ ਐਨਾ ਘਾਟਾ ਸੀ। ਇਸ ਨਾਲ ਕਿਸ ਤਰ੍ਹਾਂ ਦੀਆਂ ਮੁਸ਼ਕਲਾਤਾਂ ਆ-ਉਂਦੀਆਂ ਹਨ। ਓਪਨਿੰਗ ਡੈਫੀਸਿਟ 50 ਕਰੋੜ ਦਾ ਸੀ। 61 ਕਰੋੜ ਦੀ ਲਾਇਬਿਲਟੀ ਟੂ ਬੈਂਕਸ ਸੀ। ਕਾਰਪੋਰੇਸ਼ਨਾਂ ਤੋਂ ਪੈਸੇ ਲੈ ਕੇ ਮੁਲਾਜ਼ਮਾਂ ਨੂੰ ਤਨਖਾਹ ਦਿੱਤੀ ਗਈ। ਉਨ੍ਹਾਂ ਤੋਂ 21 ਕਰੋੜ ਲਿਆ ਗਿਆ। 10 ਕਰੋੜ ਦੇ ਹੋਰ ਕਨਸੈਸ਼ਨ ਛੱਡੇ ਗਏ । 143.59 ਕਰੋੜ ਦਾ ਘਾਟਾ ਸੀ। ਪਰ ਅਸੀਂ ਘਬਰਾਏ ਨਹੀਂ, ਜਿਸ ਤਰ੍ਹਾਂ ਕਿ ਇਹ ਅੱਜ ਘਬਰਾਏ ਹੋਏ ਹਨ । ਇਹ ਕੋਈ ਸਕੀਮ ਨਹੀਂ ਦਿੰਦੇ । ਸਾਡੀ ਗੌਰਮਿੰਟ ਨੇ ਤਕੜੇ ਹੋ ਕੇ ਸਟੈਪਸ ਲਏ। ਸਭ ਤੋਂ ਪਹਿਲਾਂ ਸਟੈਪ ਇਹ ਲਿਆ ਕਿ ਨਾਨ ਪਲੈਨ ਐਕਸਪੈਂਡੀਚਰ ਤੇ ਪੂਰੀ ਇਕਾਨੋਮੀ ਕੀਤੀ।

ਇਸੇ ਤਰ੍ਹਾਂ ਜਿਹੜੀਆਂ ਰਿਕਵਰੀਆਂ ਕਰਨੀਆਂ ਸਨ, ਉਹ ਰਿਕਵਰੀਆਂ ਕੀਤੀਆਂ। ਸਪੀਕਰ ਸਾਹਿਬ, ਸਭ ਤੋਂ ਵੱਡੀ ਕਰੈਡੀਟੇਬਲ ਗੱਲ ਜਿਹੜੀ ਹੈ ਉਹ ਮੈਂ ਦੱਸਦਾ ਹਾਂ ਕਿ ਅਸੀਂ ਜੋ ਸਪੈਸ਼ਲ ਅਸਿਸਟੈਂਸ ਲਿਆਂਦੀ ਉਸ ਨਾਲ ਇਨ੍ਹਾਂ ਦੇ ਸਾਰੇ ਪੁਰਾਣੇ ਰਿਕਾਰਡ ਮਾਤ ਪਾ ਦਿੱਤੇ। (ਤਾੜੀਆਂ) ਇਸ ਤਰ੍ਹਾਂ ਇਨ੍ਹਾਂ ਦਾ ਜਿਹੜਾ ਸਾਰਾ ਘਾਟਾ ਸੀ ਉਸ ਤੇ ਲਕੀਰ ਫੇਰ ਦਿੱਤੀ ਅਤੇ ਸਾਰਾ ਘਾਟਾ ਪੂਰਾ ਕਰ ਦਿੱਤਾ (ਤਾੜੀਆਂ) ਸਪੀਕਰ ਸਾਹਿਬ, ਇਹ ਰਿਕਾਰਡ ਦੀ ਗੱਲ ਹੈ। ਮੈਂ ਇਹ ਐਵੇਂ ਨਹੀਂ ਕਹਿ ਰਿਹਾ। ਹੁਣ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਹਿਲੀ ਜਦੋਂ ਸਰਕਾਰ ਸੀ ਤਾਂ ਉਦੋਂ ਇਨ੍ਹਾਂ ਨੇ ਸੈਂਟਰ ਤੋਂ ਕਿੰਨੀ ਅਸਿਸਟੈਂਸ ਲਿਆਂਦੀ ਅਤੇ ਅਸੀਂ ਕਿੰਨੀ ਲਿਆਂਦੀ। ਸਪੀਕਰ ਸਾਹਿਬ, 1974-75 ਵਿਚ ਇਨ੍ਹਾਂ ਨੇ 20 ਕਰੋੜ ਰੁਪਿਆ ਸੈਂਟਰ ਤੋਂ ਲਿਆਂਦਾ। 1975-76 ਵਿਚ 20 ਕਰੋੜ ਰੁਪਿਆ ਲਿਆਂਦਾ, 1976-77 ਵਿਚ ਇਨ੍ਹਾਂ ਨੇ 22 ਕਰੋੜ ਰੁਪਿਆ ਲਿਆਂਦਾ। ਪਰ, ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਪਹਿਲੇ ਸਾਲ ਹੀ 26 ਕਰੋੜ ਰੁਪਿਆ ਲਿਆਂਦਾ ਅਤੇ ਫਿਰ ਅਗਲੇ ਸਾਲ 51 ਕਰੋੜ ਰੁਪਿਆ ਲਿਆਂਦਾ। ਇਸ ਤਰ੍ਹਾਂ ਜਿੰਨਾ ਪੈਸਾ ਇਨ੍ਹਾਂ ਨੇ 3 ਸਾਲਾਂ ਵਿਚ ਲਿਆਂਦਾ ਉਸ ਨਾਲੋਂ ਜ਼ਿਆਦਾ ਪੈਸਾ ਅਸੀਂ 2 ਸਾਲਾਂ ਵਿਚ ਲਿਆਂਦਾ। (ਤਾੜੀਆਂ) ਇਕ ਐਡਵਾਂਸ ਹੁੰਦਾ ਹੈ। ਸਪੀਕਰ ਸਾਹਿਬ, ਐਡ-ਵਾਂਸ ਲੈਣ ਲਈ ਕੋਸ਼ਿਸ਼ ਕਰਨੀ ਪੈਂਦੀ ਹੈ । ਉਥੇ ਸੈਂਟਰ ਵਿਚ ਜਾ ਕੇ ਮਿਲਣਾ ਪੈਂਦਾ ਹੈ ਤਾਂ ਜਾ ਕੇ ਐਡਵਾਂਸ ਮਿਲਦਾ ਹੈ। ਇਹ ਵੀ ਲਿਆਉਂਦੇ ਰਹੇ ਹਨ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 1975-76 ਅਤੇ 1976-77 ਵਿਚ ਇਨ੍ਹਾਂ ਨੇ 5-5 ਕਰੋੜ ਰੁਪਿਆ ਲਿਆਂਦਾ ਪਰ 1977-78 ਵਿੱਚ ਮੈਂ ਅਤੇ ਸਾਡੇ ਉਦੋਂ ਦੇ ਖਜ਼ਾਨਾ ਮੰਤਰੀ, ਸਰਦਾਰ ਬਲਵੰਤ ਸਿੰਘ, ਨੇ ਇਕੱਠੇ ਜਾ ਕੇ ਉਥੇ ਕੋਸ਼ਿਸ਼ ਕੀਤੀ ਅਤੇ ਅਸੀਂ 31 ਕਰੋੜ ਰੁਪਿਆ ਪਹਿਲੇ ਸਾਲ ਵਿਚ ਲਿਆਂਦਾ। (ਤਾੜੀਆਂ) ਇਨ੍ਹਾਂ ਨੇ 2 ਸਾਲਾਂ ਵਿਚ 10 ਕਰੋੜ ਰੁਪਿਆ ਲਿਆਂਦਾ ਸੀ ਪਰ ਅਸੀਂ ਇਕ ਸਾਲ ਵਿਚ ਹੀ 31 ਕਰੋੜ ਰੁਪਿਆ ਲਿਆਂਦਾ। (ਤਾੜੀਆਂ) ਸਪੀਕਰ ਸਾਹਿਬ, ਸੈਂਟਰ ਵਿਚ ਜਾ ਕੇ ਆਪਣੇ ਸੂਬੇ ਦੀਆਂ ਪਰਾਬਲਮਜ਼ ਵੀ ਦੱਸਣੀਆਂ ਪੈਂਦੀਆਂ ਹਨ। ਜੇ ਸਪੈਸ਼ਲ ਅਸਿਸਟੈਂਸ ਸੂਬੇ ਵਾਸਤੇ ਮੰਗਣੀ ਹੋਵੇ ਤਾਂ ਆਪਣਾ ਕੇਸ ਪੇਸ਼ ਕੀਤਾ ਜਾਂਦਾ ਹੈ ਕਿ ਸਾਡਾ ਬਾਰਡਰ ਦਾ ਸੂਬਾ ਹੈ ਆਦਿ, ਆਦਿ। ਇਹ ਸਭ ਕੁਝ ਉਥੇ ਦੱਸਣਾ ਪੈਂਦਾ ਹੈ। ਸਾਡਾ ਬਾਰਡਰ ਦਾ ਸੂਬਾ ਹੈ ਅਤੇ ਪੰਜਾਬ ਵਿਚ ਹਰੀਜਨਾਂ ਦੀ ਆਬਾਦੀ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਵੱਧ ਹੈ। ਅਸੀਂ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਵਿੱਚ ਸਭ ਤੋਂ ਵੱਧ ਹਿਸਾ ਪਾਉਂਦੇ ਹਾਂ। ਇਹ ਸਾਰੀਆਂ ਗੱਲਾਂ ਅਸੀਂ ਉਨ੍ਹਾਂ ਨੂੰ ਦੱਸੀਆਂ, ਤਾਂ ਸਾਨੂੰ ਐਨੀ ਸਪੈਸ਼ਲ ਅਸਿਸਟੈਂਸ ਮਿਲੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

1974 ਤੋਂ 1978 ਤੱਕ ਇਨ੍ਹਾਂ ਨੇ ਜ਼ੀਰੋ ਸਪੈਸ਼ਲ ਅਸਿਸਟੈਂਸ ਲਿਆਂਦੀ ਸੀ ਪਰ ਅਸੀਂ 68 ਕਰੋੜ ਰੁਪਿਆ ਸਪੈਸ਼ਲ ਅਸਿਸਟੈਂਸ ਲਿਆਂਦੀ । (ਤਾੜੀਆਂ) ਇਥੇ ਹੀ ਬੱਸ ਨਹੀਂ, ਸਪੀਕਰ ਸਾਹਿਬ ਇਨ੍ਹਾਂ ਨੇ 1974-75 ਅਤੇ 1975-76 ਵਿਚ ਆਈ. ਡੀ. ਏ. ਤੋਂ ਡੇਢ ਕਰੋੜ ਰੁਪਿਆ ਲਿਆਂਦਾ ਪਰ ਅਸੀਂ 8-9 ਕਰੋੜ ਰੁਪਿਆ ਲਿਆਂਦਾ। (ਤਾੜੀਆਂ) ਇਹੀ ਕਾਰਨ ਹੈ ਕਿ ਜਿਹੜਾ ਅਸੀਂ 145 ਕਰੋੜ ਰੁਪਿਆ ਲਿਆਂਦਾ ਸੀ ਉਸ ਵਿਚੋਂ ਸਾਨੂੰ ਕਾਫੀ ਬੱਚਤ ਹੋਈ। ਇਸ ਤਰ੍ਹਾਂ ਅਸੀਂ ਸਟੇਟ ਨੂੰ ਬਹੁਤ ਅੱਗੇ ਲੈ ਜਾਣ ਦੇ ਯਤਨ ਕੀਤੇ। ਸਪੀਕਰ ਸਾਹਿਬ, ਸਾਨੂੰ ਟੈਕਸਾਂ ਵਿਚੋਂ ਸ਼ੇਅਰ ਮਿਲਦਾ ਸੀ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਜ਼ਰਾ ਆਰਾਮ ਨਾਲ ਸੁਣ ਲੈਣ ਅਤੇ ਇਸ ਤਰ੍ਹਾਂ ਵਿਘਨ ਨਾ ਪਾਉਣ। ਸਪੀਕਰ ਸਾਹਿਬ, ਫਾਈਨੈਂਸ ਕਮਿਸ਼ਨ ਬਣਦੇ ਹਨ। ਜਿਸ ਵੇਲੇ ਇਨ੍ਹਾਂ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਛੇਵੇਂ ਫਾਈਨੈਂਸ ਕਮਿਸ਼ਨ ਤੋਂ 168.97 ਕਰੋੜ ਰੁਪਿਆ ਲਿਆਂਦਾ ਪਰ ਜਿਸ ਵੇਲੇ ਸਾਡੀ ਸਰਕਾਰ ਸੀ ਤਾਂ ਅਸੀਂ ਉਥੇ ਆਪਣਾ ਕੇਸ ਪੇਸ਼ ਕੀਤਾ। ਦਿੱਲੀ ਜਾ ਕੇ 2-3 ਮੀਟਿੰਗਾਂ ਕੀਤੀਆਂ ਅਤੇ ਇਸ ਤਰ੍ਹਾਂ ਅਸੀਂ ਕੋਸ਼ਿਸ਼ ਕਰਕੇ 419 ਕਰੋੜ ਰੁਪਿਆ ਲਿਆਂਦਾ (ਤਾੜੀਆਂ) ਪਰ, ਸਪੀਕਰ ਸਾਹਿਬ, ਅੱਜ ਜੇ ਅਸੀਂ ਕਹਿੰਦੇ ਹਾਂ ਕਿ ਹਸਪਤਾਲਾਂ ਤੇ 8-8, 10-10 ਲੱਖ ਰੁਪਿਆ ਖਰਚ ਕਰਕੇ ਬਿਲਡਿੰਗਾਂ ਬਣ ਗਈਆਂ ਹਨ, ਉਨ੍ਹੇ ਡਾਕਟਰ ਭੇਜੇ ਜਾਣ ਤਾਂ ਸਾਡੇ ਹੈਲਥ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਅਸੀਂ ਉਥੇ ਡਾਕਟਰ ਨਹੀਂ ਭੇਜ ਸਕਦੇ । ਸਪੀਕਰ ਸਾਹਿਬ, ਐਨਾ ਪੈਸਾ ਲੱਗਿਆ ਹੋਵੇ ਪਰ ਇਹ ਕਹਿਣ ਕਿ ਅਸੀਂ ਉਥੇ ਡਾਕਟਰ ਨਹੀਂ ਭੇਜ ਸਕਦੇ, ਇਹ ਕਿੰਨੇ ਅਫਸੋਸ ਦੀ ਗੱਲ ਹੈ। ਸਪੀਕਰ ਸਾਹਿਬ, ਇਥੇ ਕਈ ਵਾਰ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਇਹ ਕਹਿੰਦੇ ਹਨ ਕਿ ਤੁਸੀਂ ਦਿੱਲੀ ਜਾ ਕੇ ਬੜੀ ਲੜਾਈ ਕੀਤੀ। ਫਾਈਨੈਂਸ ਮਨਿਸਟਰ ਨੇ ਕਿਹਾ ਕਿ ਤੁਸੀਂ ਦਿੱਲੀ ਜਾ ਕੇ ਲੜਦੇ ਰਹੇ ਅਤੇ ਉਸ ਲੜਾਈ ਦਾ ਰਿਜ਼ਲਟ ਇਹ ਨਿਕਲਿਆ ਕਿ ਤੁਹਾਨੂੰ ਪੈਸਾ ਘੱਟ ਮਿਲਿਆ ਅਤੇ ਜਿਸ ਨਾਲ ਸਾਡਾ ਨੁਕਸਾਨ ਹੋਇਆ। ਸਪੀਕਰ ਸਾਹਿਬ, ਇਹ ਸੱਚੀ ਗੱਲ ਹੈ ਕਿ ਅਸੀਂ ਬਹੁਤ ਲੜਾਈ ਕੀਤੀ। ਸਾਨੂੰ ਲੜਨ ਦੀ ਆਦਤ ਹੈ। ਅਸੀਂ ਸੂਬੇ ਦੇ ਹਿੱਤ ਵਾਸਤੇ ਲੜ ਵੀ ਸਕਦੇ ਹਾਂ ਅਤੇ ਲੋੜ ਪਵੇ ਤਾਂ ਖੂਨ ਵੀ ਦੇ ਸਕਦੇ ਹਾਂ। (ਤਾੜੀਆਂ) ਅਸੀਂ ਖੂਨ ਦਿੱਤਾ ਵੀ ਹੈ। ਸਪੀਕਰ ਸਾਹਿਬ, ਉਸ ਲੜਾਈ ਦਾ ਹੀ ਇਹ ਨਤੀਜਾ ਹੈ ਕਿ ਅਸੀਂ ਇਨ੍ਹਾਂ ਨਾਲੋਂ ਸੈਂਟਰ ਤੋਂ ਜ਼ਿਆਦਾ ਪੈਸਾ ਲਿਆਂਦਾ। ਅਸੀਂ ਢਾਂਚਾ ਹੀ ਬਦਲਵਾ ਦਿੱਤਾ। ਪਹਿਲਾਂ ਇਹ ਹੁੰਦਾ ਸੀ ਕਿ ਕਾਮਨ ਵਿਚੋਂ 80% ਇਨਕਮ ਟੈਕਸ ਆਉਂਦਾ ਸੀ ਉਹ ਅਸੀਂ 85% ਕਰਵਾ ਲਿਆ। ਐਕਸਾਈਜ਼ ਡਿਊਟੀ ਪਹਿਲਾਂ 20% ਮਿਲਦੀ ਸੀ ਉਹ ਅਸੀਂ 20 ਤੋਂ 40% ਕਰਵਾ ਲਈ। ਇਸੇ ਤਰ੍ਹਾਂ ਹੀ ਐਡੀਸ਼ਨਲ ਐਕਸਾਈਜ਼ ਡਿਊਟੀ ਤੰਬਾਕੂ, ਸ਼ੂਗਰ ਆਦਿ ਤੇ ਜਿਹੜੀ ਮਿਲਦੀ ਸੀ ਉਹ ਪਾਪੂਲੇਸ਼ਨ ਦੇ ਬੇਸਿਜ਼ ਤੇ ਮਿਲਦੀ ਸੀ ਕਿ ਜਿੰਨੀ ਕਿਸੇ ਸੂਬੇ ਦੀ ਪਾਪੂਲੇਸ਼ਨ ਹੋਵੇ ਉਸੇ ਹਿਸਾਬ ਨਾਲ ਲੈ ਲਵੇ। ਇਸ ਵਿਚ ਪੰਜਾਬ ਨੂੰ ਘਾਟਾ ਸੀ। ਅਸੀਂ ਕਿਹਾ ਕਿ ਸਾਡੀ ਪੰਜਾਬ ਸਟੇਟ ਦੀ ਤਾਂ ਡੇਢ ਕਰੋੜ ਪਾਪੂਲੇਸ਼ਨ ਹੈ ਪਰ ਸਾਡੀ ਖੰਡ, ਕੱਪੜਾ ਆਦਿ ਦੀ ਜਿਹੜੀ ਕੰਜ਼ੰਪਸ਼ਨ ਹੈ ਉਹ 5-6% ਹੈ, ਇਸ ਲਈ ਸਾਨੂੰ ਪਾਪੂਲੇਸ਼ਨ ਦੇ ਬੇਸਿਜ਼ ਤੇ ਨਹੀਂ ਮਿਲਣੀ ਚਾਹੀਦੀ ਹੈ। ਇਨ੍ਹਾਂ ਨੇ ਸਾਡੀ ਗੱਲ ਮੰਨ ਲਈ ਅਤੇ ਇਹ ਵਧਾ ਕੇ ਉਨ੍ਹਾਂ ਨੇ 5% ਕਰ ਦਿਤੀ। (ਤਾੜੀਆਂ) ਸਪੀਕਰ ਸਾਹਿਬ, ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦਾ ਖਜ਼ਾਨਾ ਅਸੀਂ ਭਰ ਦਿੱਤਾ। ਅਸੀਂ ਸੈਂਟਰ ਤੋਂ ਪੈਸਾ ਲਿਆ ਕੇ ਪੰਜਾਬ ਦਾ ਖਜ਼ਾਨਾ ਭਰ ਦਿੱਤਾ ਸੀ। ਸਰਦਾਰ ਬਲਵੰਤ ਸਿੰਘ ਹੋਰੀਂ ਮੈਨੂੰ ਕਹਿਣ ਲੱਗੇ ਕਿ ਬਾਦਲ ਸਾਹਿਬ ਤੁਸੀਂ ਸਕੀਮਾਂ ਬਣਾਈ ਜਾਓ ਅਤੇ ਮੈਂ ਪੈਸਾ ਲਈ ਆਵਾਂਗਾ। (ਤਾੜੀਆਂ) ਮੈਂ ਤਾਂ ਹੈਰਾਨ ਸੀ ਕਿ ਪਤਾ ਨਹੀਂ ਉਨ੍ਹਾਂ ਨੇ ਰੁਪਏ ਬਣਾਉਣ ਦੀ ਮਸ਼ੀਨ ਲਾ ਲਈ ਹੈ । (ਤਾੜੀਆਂ)

ਸਪੀਕਰ ਸਾਹਿਬ, ਇਥੇ ਇਕ ਗਲ ਦੀ ਬੜੀ ਚਰਚਾ ਚਲ ਰਹੀ ਹੈ । ਪਰ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਜੇ ਅਸੀਂ ਸੂਬੇ ਦੀ ਭਲਾਈ ਦੀ ਕੋਈ ਗੱਲ ਕਰਦੇ ਹਾਂ ਤਾਂ ਉਸ ਨੂੰ ਮਾੜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਮਝਦੇ ਹਨ। ਅਟਾਨੋਮੀ ਦਾ ਲਫਜ਼ ਇਨ੍ਹਾਂ ਨੂੰ ਮਾੜਾ ਲੱਗਦਾ ਹੈ। ਇਸ ਦੇ ਨਾਂ ਨਾਲ ਇਨ੍ਹਾਂ ਨੂੰ ਬੜੀ ਤਕਲੀਫ ਹੁੰਦੀ ਹੈ ਭਾਵੇਂ ਇਨ੍ਹਾਂ ਦੀ ਜੇਬ ਵਿਚ ਹੀ ਪੈਸੇ ਜਾਂਦੇ ਹੋਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਫਿਸਕਲ ਅਟਾਨੋਮੀ ਕੀ ਚੀਜ਼ ਹੈ? (ਵਿਘਨ) ਇਨ੍ਹਾਂ ਨੂੰ ਤਕਲੀਫ ਜ਼ਰੂਰ ਹੋਣੀ ਹੈ ਪਰ, ਸਪੀਕਰ ਸਾਹਿਬ, ਮੈਂ ਇਹ ਸਾਰੀਆਂ ਗੱਲਾਂ ਇਸ ਕਰਕੇ ਕਹਿ ਰਿਹਾ ਹਾਂ ਕਿਉਂਕਿ ਬਹੁਤ ਸਾਰੇ ਨਵੇਂ ਮੈਂਬਰ ਮਾਹਿਬਾਨ ਆਏ ਹਨ ਅਤੇ ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵੀ ਕੁਝ ਵਾਕਫੀਅਤ ਹੋ ਜਾਵੇ। ਇਸ ਲਈ ਇਹ ਵਿਘਨ ਨਾ ਪਾਉਣ ਅਤੇ ਮੈਨੂੰ ਸਮਾਂ ਦੇਣ ਤਾਂਕਿ ਮੈਂ ਕੁਝ ਗੱਲਾਂ ਕਹਿ ਸਕਾਂ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਫਾਈਨੈਂਸ਼ਲ ਅਟਾਨੋਮੀ ਕਿਉਂ ਮੰਗਦੇ ਹਾਂ ਕਿਸੇ ਵੀ ਸਟੇਟ ਦੀ ਡਿਵੈਲਪਮੈਂਟ ਕਰਨੀ ਹੋਵੇ, ਭਾਵੇਂ ਉਹ ਹਰਿਆਣਾ ਸਟੇਟ ਹੈ, ਪੰਜਾਬ ਸਟੇਟ ਹੈ ਜਾਂ ਹਿਮਾਚਲ ਸਟੇਟ ਹੈ, ਇਹ ਸੂਬੇ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਡਿਵੈਲਪਮੈਂਟ ਕਰੇ। ਡਿਵੈਲਪਮੈਂਟ ਦੇ ਕੰਮਾਂ ਵਿਚ ਜਿਵੇਂ ਸਕੂਲ ਖੋਲ੍ਹਣੇ, ਸੜਕਾਂ ਪੱਕੀਆਂ ਬਣਾਉਣੀਆਂ, ਖਾਲ ਪੱਕੇ ਕਰਨੇ, ਹਸਪਤਾਲ ਖੋਲ੍ਹਣੇ ਆਦਿ ਆਉਂਦੇ ਹਨ। ਇਸ ਕਿਸਮ ਦੀ ਡਿਵੈਲਪਮੈਂਟ ਕਰਨੀ ਸੂਬੇ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ। ਲੇਕਿਨ ਇਹ ਸਾਨੂੰ ਕਹਿੰਦੇ ਹਨ ਕਿ ਅਜਿਹੀ ਗੱਲ ਨਾ ਕਰੋ। ਇਸ ਕਰਕੇ ਅਸੀਂ ਫਾਈਨੈਂਸ਼ਲ ਅਟਾਨੋਮੀ ਦੀ ਮੰਗ ਕਰਦੇ ਹਾਂ ਤਾਂਕਿ ਸੂਬਿਆਂ ਕੋਲ ਵੱਧ ਪਾਵਰਜ਼ ਹੋਣ ਅਤੇ ਉਹ ਆਪਣੀ ਡਿਵੈਲਪਮੈਂਟ ਚੰਗੀ ਤਰ੍ਹਾਂ ਕਰ ਸਕਣ। (ਵਿਘਨ) ਅਸੀਂ ਚਾਹੁੰਦੇ ਹਾਂ ਕਿ ਸਾਨੂੰ ਐਲਾਸਟਿਕ ਸੋਰਸਿਜ਼ ਵਿਚੋਂ ਵੱਧ ਹਿਸਾ ਮਿਲੇ। ਸਾਨੂੰ ਸੇਲਜ਼ ਟੈਕਸ ਵਿਚੋਂ ਵੱਧ ਹਿੱਸਾ ਮਿਲੇ। ਸਪੀਕਰ ਸਾਹਿਬ, ਤੁਸੀਂ ਤਕੜੇ ਇੰਡਸਟਰੀਆਲਿਸਟ ਹੋ। ਤੁਸੀਂ ਪੰਜਾਬ ਸਰਕਾਰ ਨੂੰ ਟੈਕਸ ਨਹੀਂ ਦਿੰਦੇ। ਤੁਸੀਂ ਸੈਂਟਰ ਦੀ ਸਰਕਾਰ ਨੂੰ ਟੈਕਸ ਦਿੰਦੇ ਹੋ। ਤੁਸੀਂ ਪੰਜਾਬ ਦੇ ਖਜ਼ਾਨਾ ਮੰਤਰੀ ਨੂੰ ਟੈਕਸ ਨਹੀਂ ਦਿੰਦੇ। ਪਰ ਅਸੀਂ ਕਹਿੰਦੇ ਹਾਂ ਕਿ ਤੁਹਾਡਾ ਟੈਕਸ ਪੰਜਾਬ ਦੇ ਖਜ਼ਾਨਾ ਮੰਤਰੀ ਪਾਸ ਆਵੇ। ਹੁਣ ਤੁਸੀਂ ਇਹ ਦੱਸੋ ਕਿ ਇਸ ਵਿਚ ਕਿਹੜੀ ਮਾੜੀ ਗੱਲ ਹੈ? (ਤਾੜੀਆਂ) ਇਨ੍ਹਾਂ ਨੂੰ ਪਤਾ ਨਹੀਂ ਅਟਾਨੋਮੀ ਦੇ ਨਾਂ ਤੋਂ ਕਿਉਂ ਤਕਲੀਫ ਹੁੰਦੀ ਹੈ? ਸਪੀਕਰ ਸਾਹਿਬ, ਇਹੋ ਨਹੀਂ ਹੋਰ ਬੜੇ ਟੈਕਸ ਹਨ। ਐਕਸਾਈਜ਼ ਡਿਊਟੀ ਹੈ, ਉਸ ਦੇ ਵਿਚ ਵੀ ਸਾਨੂੰ ਹਿਸਾ ਨਹੀਂ ਮਿਲਦਾ। ਇਸ ਦੇ ਬਾਰੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਪਰ ਉਧਰੋਂ ਬਹੁਤ ਸਾਰੇ ਸਾਡੇ ਭਰਾ ਪਿੰਡਾਂ ਵਿਚੋਂ ਆਏ ਹਨ ਉਨ੍ਹਾਂ ਨੂੰ ਇਸ ਗਲ ਦਾ ਨਹੀਂ ਪਤਾ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸੂਬੇ ਦੀ ਭਲਾਈ ਤਾਂ ਕਰ ਸਕਾਂਗੇ ਜੇ ਸਾਨੂੰ ਵੱਧ ਪੈਸੇ ਮਿਲਣਗੇ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੇ ਚੀਫ ਮਨਿਸਟਰਜ਼ ਕਾਨਫਰੰਸ ਵਿਚ ਜਾਣਾ ਹੈ। ਉਥੇ ਜਾ ਕੇ ਉਹ ਦੂਸਰੇ ਚੀਫ ਮਨਿਸਟਰਜ਼ ਨੂੰ ਮਿਲਣ। ਅਸੀਂ ਬਹੁਤ ਕੋਸ਼ਿਸ਼ ਕੀਤੀ ਹੈ ਔਰ ਕੁਝ ਗੱਲਾਂ ਸਾਡੀਆਂ ਸਿਰੇ ਵੀ ਲੱਗ ਗਈਆਂ ਸਨ। ਇਸੇ ਤਰ੍ਹਾਂ ਕਾਰਪੋਰੇਸ਼ਨ ਟੈਕਸ ਵਿੱਚ ਜੋ ਹਿੱਸਾ ਹੈ, ਉਹ ਸਾਨੂੰ ਮਿਲੇ। ਫਿਰ ਸਰਚਾਰਜ ਜਿਹੜਾ ਇਨਕਮ ਟੈਕਸ ਤੇ ਲਗਦਾ ਹੈ ਉਹ ਸਾਨੂੰ ਮਿਲੇ। ਇਸ ਵੇਲੇ ਇਨਕਮ ਟੈਕਸ ਵਿਚੋਂ ਸ਼ੇਅਰ ਸਾਨੂੰ ਮਿਲਦਾ ਹੈ, ਸਰਚਾਰਜ ਵਿਚੋਂ ਨਹੀਂ ਮਿਲਦਾ। ਅਸੀਂ ਚਾਹੁੰਦੇ ਹਾਂ ਕਿ ਸਰਚਾਰਜ ਵਿਚੋਂ ਹਿੱਸਾ ਸਾਨੂੰ ਮਿਲੇ। ਸੋ ਮੇਰੇ ਕਹਿਣ ਦਾ ਭਾਵ ਹੈ ਕਿ ਜਿੰਨੇ ਵੀ ਫਾਈਨਾਂਸਿਜ਼ ਚੰਗੇ ਹੋ ਜਾਣ ਉਤਨੀ ਹੀ ਸਾਡੇ ਸੂਬੇ ਦੀ ਤਰੱਕੀ ਹੋਵੇਗੀ। ਅਸੀਂ ਸੂਬੇ ਦੀ ਤਰੱਕੀ ਹੋਰ ਕਰ ਸਕਾਂਗੇ। ਸਪੀਕਰ ਸਾਹਿਬ, ਇਸ ਸਭਾ ਵਿਚ ਜਿੰਨੀਆਂ ਸਪੀਚਿਜ਼ ਹੋਈਆਂ ਹਨ. ਜਿੰਨੇ ਵੀ ਇਥੇ ਲੈਕਚਰ ਹੋਏ ਹਨ ਜਾਂ ਉਨ੍ਹਾਂ ਦੇ ਜਵਾਬ ਦਿੱਤੇ ਗਏ ਹਨ ਉਹ ਤੁਸੀਂ ਰਿਕਾਰਡ ਕਢਵਾ ਕੇ ਦੇਖ ਲਓ ਤਾਂ ਤੁਹਾਨੂੰ ਪਤਾ ਲਗੇਗਾ ਕਿ ਅਸੀਂ ਅੱਧਾ ਟਾਈਮ ਇਸੇ ਗਲ ਤੇ ਲਗਾ ਦਿੱਤਾ ਹੈ ਕਿ ਪਹਿਲੀ ਸਰਕਾਰ ਨੇ ਕੁਝ ਨਹੀਂ ਕੀਤਾ। ਮੈਂ ਪਹਿਲਾਂ ਵੀ ਇਕ ਦਿਨ ਕਿਹਾ ਸੀ ਕਿ ਤੁਸੀਂ ਇਕ ਦਿਨ ਇਸ ਗੱਲ ਤੇ ਬਹਿਸ ਕਰਨ ਲਈ ਰੱਖ ਦਿਓ ਕਿ ਪਿਛਲੀ ਸਰਕਾਰ ਨੇ ਕੀ ਕੀ ਕੰਮ ਕੀਤਾ ਹੈ,

Original with;
Punjab Vidhan Sabha
Digitized by;
Panjab Digital Library

ਉਸ ਤੋਂ ਪਹਿਲੀ ਕਾਂਗਰਸ ਦੀ ਸਰਕਾਰ ਨੇ ਕੀ ਕੀ ਕੰਮ ਕੀਤਾ ਹੈ ਅਤੇ ਹੁਣ ਵਾਲੀ ਕਾਂਗਰਸ ਦੀ ਸਰਕਾਰ ਨੇ ਕੀ ਕੀ ਕਰਨਾ ਹੈ। ਇਸ ਤਰ੍ਹਾਂ ਸ਼ਾਇਦ ਇਤਨਾ ਟਾਈਮ ਬਚਾ ਲੈਂਦੇ ਅਤੇ ਸੋਚਦੇ ਕਿ ਅੱਗੇ ਨੂੰ ਅਸੀਂ ਕੀ ਕਰਨਾ ਹੈ। ਜਿਹੜਾ ਮਨਿਸਟਰ ਉਠਦਾ ਹੈ ਇਹ ਕਹਿਣਾ ਸ਼ੁਰੂ ਕਰ ਦਿੰਦਾ ਹੈ ਕਿ ਇਹ ਪਹਿਲੀ ਸਰਕਾਰ ਨੇ ਕੰਮ ਨਹੀਂ ਕੀਤਾ, ਫਲਾਣਾ ਇਹ ਨਹੀਂ ਕੀਤਾ, ਫਲਾਣਾ ਉਹ ਨਹੀਂ ਕੀਤਾ ਤੁਸੀਂ ਇਹ ਕੰਮਪੈਰੀਜ਼ਨ ਕਰਕੇ ਦੇਖੋ ਕਿ ਕਿਹੜੀ ਸਰਕਾਰ ਨੇ ਕਿਹੜਾ ਕੰਮ ਕੀਤਾ ਹੈ। ਸਾਡੇ ਚੀਫ ਮਨਿਸਟਰ ਸਾਹਿਬ ਨੇ ਇਥੇ ਵੱਡੀ ਲਕੀਰ ਦੀ ਗਲ ਕੀਤੀ ਸੀ। ਤੁਸੀਂ ਕਮਪੈਰੀਜ਼ਨ ਕਰਕੇ ਦੇਖੋ ਕਿ ਉਨ੍ਹਾਂ ਦੀ ਲਕੀਰ ਵੱਡੀ ਹੈ ਜਾਂ ਸਾਡੀ ਲਕੀਰ ਵੱਡੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਡੀ ਤਰੱਕੀ ਸਾਡੀ ਤਾਂ ਹੋ ਸਕਦੀ ਹੈ ਜੇ ਅਸੀਂ ਇਕਨਾਮੀਕਲੀ ਅਤੇ ਸੋਸ਼ਲੀ ਐਗਰੀਕਲਚਰ ਦੀ ਤਰੱਕੀ ਕਰੀਏ। ਤੁਸੀਂ, ਸਪੀਕਰ ਸਾਹਿਬ, ਐਗਰੀਕਲਚਰ ਦੀ ਮਹਾਨਤਾ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਹੋ ਪੰਜਾਬ ਦੀ ਇਨਾਕਮੀ ਹੀ ਐਗਰੀਕਲਚਰ ਦੇ ਉਤੇ ਬੇਸਡ ਹੈ। 52% ਡੋਮੈਸਟਿਕ ਪ੍ਰੋਡਕਸ਼ਨ ਜਿਹੜੀ ਹੈ ਉਹ ਇਸ ਸੈਕਟਰ ਤੋਂ ਆਉਂਦੀ ਹੈ ਅਤੇ 76% ਲੋਕ ਖੇਤੀਬਾੜੀ ਤੇ ਨਿਰਭਰ ਕਰਦੇ ਹਨ ਇੰਡਸਟਰੀ ਲਈ ਵੀ ਇਸ ਤੋਂ ਰਾਅ ਮੈਟੀਰੀਅਲ ਮਿਲਦਾ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਸਾਡੀ ਤਰੱਕੀ ਦੀ ਕੁੰਜੀ ਹੀ ਐਗਰੀਕਲਚਰ ਹੈ। ਜੇ ਐਗਰੀਕਲਚਰਲ ਪਰੋਡਕਸ਼ਨ ਵੱਧੀ ਹੈ, ਚਾਹੇ ਇਹ ਕਿਸੇ ਸਰਕਾਰ ਦੇ ਸਮੇਂ ਵੱਧੀ ਹੈ ਤਾਂ ਇਹ ਸਮਝਣਾ ਚਾਹੀਦਾ ਹੈ ਕਿ ਉਸ ਸਰਕਾਰ ਦਾ ਕੰਮ ਚੰਗਾ ਹੈ। ਸਪੀਕਰ ਸਾਹਿਬ, ਕੋਈ ਸਾਧ ਸੀ। ਕਿਸੇ ਨੇ ਪੁੱਛਿਆ ਕਿ ਤੇਰੇ ਜਿਹੜੇ ਚੇਲੇ ਹਨ ਇਨ੍ਹਾਂ ਵਿਚੋਂ ਸਭ ਤੋਂ ਚੰਗਾ ਚੇਲਾ ਕਿਹੜਾ ਹੈ ਤਾਂ ਉਹ ਕਹਿਣ ਲੱਗੇ ਕਿ ਮੇਰਾ ਤਾਂ ਉਹੀ ਚੇਲਾ ਚੰਗਾ ਹੈ ਜਿਹੜਾ ਆਟਾ ਵੱਧ ਮੰਗ ਕੇ ਲਿਆਵੇ। ਇਸ ਲਈ ਸੂਬੇ ਦੀ ਸਰਕਾਰ ਲੋਕਾਂ ਲਈ ਉਹ ਚੰਗੀ ਹੈ ਜਿਸ ਦੇ ਸਮੇਂ ਵਿਚ ਪੈਦਾਵਾਰ ਵੱਧੀ। ਮੈਂ ਥੋੜੇ ਜਿਹੇ ਅੰਕੜੇ ਦਿੰਦਾ ਹਾਂ ਕਿ ਕਿਹੜੀ ਸਰਕਾਰ ਦੇ ਸਮੇਂ ਕਿੰਨੀ ਪੈਦਾਵਾਰ ਵੱਧੀ ਅਤੇ ਕਿਹੜੀ ਸਰਕਾਰ ਦੇ ਵੇਲੇ ਕਿੰਨੀ ਪੈਦਾਵਾਰ ਘੱਟੀ। ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਲੈਣਾ ਕਿ ਲਕੀਰ ਕਿਸ ਦੀ ਵੱਡੀ ਹੈ। 1971-72 ਵਿਚ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਉਸ ਵੇਲੇ ਪੰਜਾਬ ਵਿਚ ਮੈਂ ਉਸ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਸੀਟ ਤੇ ਬੈਠਾ ਸੀ ਅਤੇ ਸਾਡੀ ਉਦੋਂ ਸਰਕਾਰ ਸੀ। ਇਹ ਕੁਦਰਤੀ ਗਲ ਹੈ ਕਿ ਸਾਨੂੰ ਪੰਜਾਬ ਨਾਲ ਹਮਦਰਦੀ ਹੈ, ਸਾਨੂੰ ਕਿਸਾਨ ਨਾਲ ਹਮਦਰਦੀ ਹੈ। ਅਸੀਂ ਕਿਸਾਨ ਨੂੰ ਕਨਸੈਸ਼ਨ ਦਿੱਤਾ, ਅਸੀਂ ਮਜ਼ਦੂਰ ਨੂੰ ਕਨਸੈਸ਼ਨ ਦਿੱਤਾ। ਜੋ ਅਸੀਂ ਕਨਸੈਸ਼ਨ ਦਿੱਤਾ ਇਸ ਦੇ ਨਾਲ ਹੋਇਆ ਕੀ ? ਇਸ ਦੇ ਨਾਲ ਪੈਦਾਵਾਰ ਵੱਧੀ। ਮੈਂ ਦੱਸਣਾ ਚਾਹੁੰਦਾ ਹਾਂ ਕਿ 1971-72 ਵਿਚ ਕਣਕ ਦੀ ਪੈਦਾਵਾਰ ਅਸੀਂ 56 ਲੱਖ ਟਨ ਕਰ ਦਿੱਤੀ ਜਿਸ ਨੇ ਕਿ ਰਿਕਾਰਡ ਮਾਤ ਕਰ ਦਿੱਤਾ। (ਥੰਪਿੰਗ) ਲੇਕਿਨ ਉਸ ਦੇ ਬਾਅਦ ਕੀ ਹੋਇਆ ? ਉਸ ਦੇ ਬਾਅਦ ਕਾਂਗਰਸ ਦੀ ਸਰਕਾਰ ਬਣ ਗਈ। ਹਮੇਸ਼ਾ ਇਹੀ ਹੁੰਦਾ ਹੈ ਕਿ ਜਿਹੜੀ ਸਰਕਾਰ ਅਗੇ ਨੂੰ ਬਣੇ ਉਹ ਪਹਿਲੀ ਬਣੀ ਸਰਕਾਰ ਦੇ ਨਾਲੋਂ ਪੈਦਾਵਾਰ ਵਧਾਵੇ ਲੇਕਿਨ ਉਹ ਜਦੋਂ ਸਰਕਾਰ ਬਣੀ ਤਾਂ ਜਿਹੜੀ ਪੈਦਾਵਾਰ ਅਸੀਂ 56 ਲੱਖ ਟਨ ਤੇ ਲੈ ਗਏ ਸੀ ਉਹ ਅਗਲੇ ਸਾਲ ਕਾਂਗਰਸ ਸਰਕਾਰ ਦੇ ਵੇਲੇ 53.7 ਲੱਖ ਟਨ ਰਹਿ ਗਈ। ਯਾਨੀ ਇਕ ਸਾਲ ਚੇ ਵਿਚ ਹੀ 3 ਲੱਖ ਟਨ ਕਣਕ ਦੀ ਪੈਦਾਵਾਰ ਘੱਟ ਗਈ। (ਵਿਘਨ)

ਇਕ ਅਵਾਜ : ਇੰਨੀ ਵੱਡੀ ਗਲ ਨਹੀਂ ਹੈ। ਤਿੰਨ ਲੱਖ ਟਨ ਘੱਟ ਨਹੀਂ ਹੋ ਸਕਦੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਰਿਕਾਰਡ ਕਢਵਾ ਕੇ ਦੇਖ ਲਓ। (ਵਿਘਨ) ਸਪੀਕਰ ਸਾਹਿਬ, ਕਿਸੇ ਨੇ ਕਿਹਾ--

'ਜਾਟ ਰੇ ਜਾਟ ਤੇਰੇ ਸਿਰ ਪੇ ਖਾਟ'

ਜਟ ਨੇ ਸੋਚਿਆ ਕਿ ਇਹ ਤਾਂ ਥੋੜ੍ਹੇ ਜਿਹੇ ਭਾਰ ਵਾਲੀ ਗੱਲ ਹੈ।

ਇਕ ਅਵਾਜ਼ : ਫਿਰ ਤੁਸੀਂ ਕੀ ਕਿਹਾ ?

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜੱਟ ਨੇ ਕਿਹਾ---

'ਤੇਲੀ ਰੇ ਤੇਲੀ ਤੇਰੇ ਸਿਰ ਪੇ ਕੋਹਲੂ'

ਜੱਟ ਨੇ ਸੋਚਿਆ ਕਿ ਹੋਰ ਨਹੀਂ ਤਾਂ ਸਹੁਰਿਆਂ ਦੇ ਭਾਰ ਨਾਲ ਤਾਂ ਮਰੇਂਗਾ ਹੀ। ਇਕ ਐਗਰੀ-ਕਲਚਰ ਮਨਿਸਟਰ ਹੋ ਕੇ ਤੁਸੀਂ ਇਥੇ ਉਠ ਉਠ ਕੇ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੋ। (ਵਿਘਨ) ਤੁਹਾਨੂੰ ਤਾਂ ਕਹਿਣਾ ਚਾਹੀਦਾ ਹੈ ਕਿ ਉਜੜ ਗਿਆ ਸਭ ਕੁਝ। ਕਿਤੇ ਇਹ ਹੀ ਨਾ ਹੋਵੇ ਕਿ ਤੁਹਾਡੇ ਸੱਜੇ ਖੱਬੇ ਬੈਠੇ ਹੀ ਸਭ ਕੁਝ ਲੈ ਜਾਣ। (ਵਿਘਨ) (ਬੰਪਿੰਗ) ਸੋ ਤੁਸੀਂ ਜ਼ਰਾ ਧਿਆਨ ਕਰਿਆ ਕਰੋ। ਤੁਹਾਡੀ ਤਾਂ ਅਸੀਂ ਵਕਾਲਤ ਕਰਦੇ ਹਾਂ ਤਾਂਕਿ ਤੁਹਾਡੇ ਹੱਥ ਮਜ਼ਬੂਤ ਹੋਣ।

ਤੋ, ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ 3 ਲੱਖ ਟਨ ਕਣਕ ਸਾਡੀ ਸਰਕਾਰ ਤੋਂ ਬਾਅਦ ਅਗਲੇ ਸਾਲ ਹੀ ਘੱਟ ਗਈ। ਫਿਰ ਉਸ ਤੋਂ ਅਗਲੇ ਸਾਲ 1973-74 ਵਿਚ ਇਹ 52 ਲੱਖ ਟਨ ਰਹਿ ਗਈ। ਸਪੀਕਰ ਸਾਹਿਬ, ਉਸ ਸਰਕਾਰ ਦੇ ਸਮੇਂ ਪੈਦਾਵਾਰ ਵਿਚ ਸਟੈਗਨੇਸ਼ਨ ਹੋ ਗਈ।

ਇਕ ਅਵਾਜ਼ : ਅਗਲੇ ਸਾਲਾਂ ਦੀਆਂ ਵੀ ਫਿਗਰਜ਼ ਪੜ੍ਹ ਦਿਓ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਉਹ ਤੁਸੀਂ ਪੜ੍ਹ ਦੇਣਾ, ਇਹ ਮੈਂ ਪੜ੍ਹ ਦਿੱਤੀਆਂ ਹਨ। ਜਿਹੜੀਆਂ ਤੁਸੀਂ ਪੜ੍ਹਨੀਆਂ ਹਨ, ਉਹ ਤੁਸੀਂ ਪੜ੍ਹ ਦੇਣਾ। ਸਪੀਕਰ ਸਾਹਿਬ, ਜੇ ਤੁਹਾਡਾ ਹੁਕਮ ਚਲਦਾ ਹੈ ਤਾਂ ਤੁਸੀਂ ਇਨ੍ਹਾਂ ਨੂੰ ਇਸ ਤਰ੍ਹਾਂ ਬੋਲਣ ਤੋਂ ਬੰਦ ਕਰੋ।

ਇਕ ਹੋਰ ਅਵਾਜ਼ : ਆਪਣੇ ਮਤਲਬ ਦੀਆਂ ਫਿੱਗਰਜ਼ ਪੜ੍ਹ ਦਿੱਤੀਆਂ ਹਨ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਤੁਸੀਂ ਤਾਂ ਜਵਾਬ ਦੇਣਾ ਹੈ। ਤੁਸੀਂ ਦੱਸਣਾ ਜੇ ਮੇਰੀ ਇਕ ਵੀ ਫਿੱਗਰ ਗਲਤ ਹੋਵੇ ਤਾਂ ਮੈਂ ਦੇਣਦਾਰ ਹਾਂ। ਐਵੇਂ ਰੌਲਾ ਪਾਉਣ ਨਾਲ ਤਾਂ ਕੋਈ ਗਲ ਨਹੀਂ ਬਣਦੀ। ਜੇ ਤੁਹਾਡਾ ਰਿਕਾਰਡ ਦੱਸੇ ਕਿ ਸਾਡੇ 5 ਸਾਲਾਂ ਦੇ ਰਾਜ ਦੌਰਾਨ ਪੈਦਾਵਾਰ 5 ਗੁਣਾ ਹਰ ਸਾਲ ਵੱਧੀ ਹੋਵੇ ਤਾਂ ਫਿਰ ਤੁਹਾਡੀ ਤਸੱਲੀ ਹੋ ਜਾਵੇਗੀ ?

ਇਕ ਅਵਾਜ਼ : ਪੰਜ ਗੁਣਾ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ, ਜੀ, ਪੰਜ ਗੁਣਾ। ਸਪੀਕਰ ਸਾਹਿਬ, ਤੁਹਾਡੇ ਕੋਲ ਸਾਰੀਆਂ ਪ੍ਰੋਸੀਡਿੰਗਜ਼ ਆਉਣੀਆਂ ਹਨ, ਜੇ ਕਿਧਰੇ ਕੋਈ ਮੇਰੇ ਕਹਿਣ ਵਿਚ ਗਲਤੀ ਹੋਵੇ ਤਾਂ ਮੈਨੂੰ ਬੁਲਾ ਲੈਣਾ। ਮੈਂ ਦੱਸਣਾ ਚਾਹੁੰਦਾ ਹਾਂ ਕਿ 1972-73 ਤੋਂ 1976-77 ਤਕ ਇਨਕਰੀਜ਼ ਇਨ ਐਗਰੀਕਲਚਰਲ ਪ੍ਰੋਡਕਸ਼ਨ 1.5 ਲੱਖ ਟਨ ਪਰ ਈਅਰ ਹੋਈ ਲੇਕਿਨ ਸਾਡੇ ਰਾਜ ਦੇ 3 ਸਾਲਾਂ ਵਿਚ ਹਰ ਸਾਲ ਇਨਕਰੀਜ਼ ਇਨ ਪ੍ਰੋਡਕਸ਼ਨ ਹੋਈ 5.2 ਲੱਖ ਟਨ। 5 ਗੁਣਾ ਇਕੋ ਸਾਲ ਵਿਚ ਔਸਤ ਪੈਦਾਵਾਰ ਦੀ ਇਨ੍ਹਾਂ ਨਾਲੋਂ ਵੱਧੀ ਹੈ। ਇਸ ਤੋਂ ਹੀ ਤੁਸੀਂ ਅੰਦਾਜ਼ਾ ਲਗਾ ਲਓ ਕਿ ਇਨ੍ਹਾਂ ਵਿਚ ਤੇ ਸਾਡੇ ਵਿਚ ਕਿੰਨਾ ਕੁ ਅੰਤਰ ਹੈ। ਇਹ ਸਾਨੂੰ ਹਰ ਗੱਲ ਵਿਚ ਕਹਿ ਦਿੰਦੇ ਹਨ ਕਿ ਲਕੀਰ ਸਾਡੀ ਵੱਡੀ ਹੈ। ਜਦੋਂ ਮੈਂ ਸਾਰੀਆਂ ਗਲਾਂ ਆਪਣੀਆਂ ਕਹਿ ਲਵਾਂ ਤਾਂ ਤੁਸੀਂ ਆਪ ਹੀ ਆਖੋਗੇ ਕਿ ਲਕੀਰ ਸਾਡੀ ਵੱਡੀ ਸੀ।

ਰਾਈਸ ਬਾਰੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ, ਆਪਣੀ ਪਾਰਟੀ ਦੀ ਤਰਫੋਂ ਪੰਜਾਬ ਦੇ ਕਿਸਾਨ ਨੂੰ ਇਸ ਗਲ ਤੇ ਵਧਾਈ ਦਿੰਦਾ ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਜਿਸ ਨੇ ਰਾਈਸ ਦੀ ਪ੍ਰੋਡਕਸ਼ਨ ਨੂੰ ਵਧਾਇਆ ਹੈ। ਸਰਦਾਰ ਦਰਬਾਰਾ ਸਿੰਘ ਜੀ ਨੇ ਸਾਇੰਟਿਸਟਸ ਨੂੰ ਵਧਾਈ ਦਿਤੀ ਹੈ। ਮੈਂ ਕਹਾਂਗਾ ਕਿ ਇਸ ਤੋਂ ਬਾਅਦ ਉਹ ਅੱਜ ਖੜ੍ਹੇ ਹੋ ਕੇ ਪੰਜਾਬ ਦੇ ਕਿਸਾਨ ਨੂੰ ਵਧਾਈ ਦੇਣ। ਜੇ ਇਹ ਇਨ੍ਹਾਂ ਦੇ ਹਮਦਰਦ ਹਨ, ਜੇ ਉਨ੍ਹਾਂ ਪ੍ਰਤੀ ਇਨ੍ਹਾਂ ਦੀ ਕੋਈ ਹਮਦਰਦੀ ਹੈ ਤਾਂ ਇਹ ਇਨ੍ਹਾਂ ਨੂੰ ਵਧਾਈ ਦੇਣ ਜਿਸ ਨੇ ਦੁਨੀਆਂ ਦੇ ਰਿਕਾਰਡ ਨੂੰ ਮਾਤ ਕਰ ਦਿੱਤਾ ਹੈ। ਇੰਨੀਆਂ ਔਕੜਾਂ ਦੇ ਬਾਵਜੂਦ, ਇਨ੍ਹਾਂ ਹਾਲਾਤ ਦੇ ਬਾਵਜੂਦ ਇਹ ਪੰਜਾਬ ਦਾ ਕਿਸਾਨ ਹੈ ਜਿਸ ਨੇ ਇਤਨੀ ਰਾਈਸ ਦੀ ਪੈਦਾਵਾਰ ਕੀਤੀ ਹੈ। ਸਪੀਕਰ ਸਾਹਿਬ, ਸਿਰਫ ਦੋ ਮੁਲਕਾਂ-ਕੋਰੀਆ ਅਤੇ ਜਪਾਨ ਨੂੰ ਛੱਡ ਕੇ ਬਾਕੀ ਸਾਰੀ ਦੁਨੀਆਂ ਦੇ ਰਿਕਾਰਡ ਨੂੰ ਪੰਜਾਬ ਨੇ ਮਾਤ ਕਰ ਦਿੱਤਾ ਹੈ। (ਥੰਪਿੰਗ) ਸਪੀਕਰ ਸਾਹਿਬ, ਇਸ ਮੁਲਕ ਤੇ, ਇਸ ਸੂਬੇ ਤੇ ਭੂਲ ਹੋਇਆ ਉਨ੍ਹਾਂ ਲੋਕਾਂ ਦਾ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਜਿਹੜੇ ਐਂਟੀ ਕਿਸਾਨ ਹਨ, ਐਂਟੀ ਰੂਰਲ ਏਰੀਆਜ਼ ਹਨ। ਇਹ ਠੀਕ ਹੈ ਕਿ ਅੱਜ 5-4 ਦੀ ਗਿਣਤੀ ਵਿਚ ਇਹ ਵੱਧ ਆ ਗਏ। ਇਨ੍ਹਾਂ ਨੇ ਦਿੱਲੀ ਵਾਲਾ ਸਿਸਟਮ ਸ਼ੁਰੂ ਕਰ ਦਿੱਤਾ ਕਿ ਜੇ ਕੋਈ ਬੋਲਣ ਲਗ ਜਾਏ ਤਾਂ ਫਟਾ ਫਟ ਭੌਲਾ ਪਾਉਣਾ ਸ਼ੁਰੂ ਕਰ ਦਿਓ। ਇਹ ਦਿੱਲੀ ਤੋਂ, ਪਾਰਲੀਮੈਂਟ ਤੋਂ, ਇਨ੍ਹਾਂ ਨੇ ਗਲ ਸਿੱਖ ਲਈ ਹੈ। ਸਪੀਕਰ ਸਾਹਿਬ, 1972-73 ਵਿਚ 9.55 ਲੱਖ ਟਨ 1973-74 ਵਿਚ 11.4 ਲੱਖ ਟਨ, 1974-75 ਵਿੱਚ 11.8 ਲੱਖ ਟਨ, 1975-76 ਵਿੱਚ 14.47 ਲੱਖ ਟਨ ਅਤੇ 1976-77 ਵਿੱਚ 17.76 ਲੱਖ ਟਨ ਚਾਵਲ ਪੈਦਾ ਹੋਇਆ। ਰਾਜਾ ਸਾਹਿਬ, ਨਾਭਾ, ਇਨ੍ਹਾਂ ਨੂੰ ਬੜੀ ਚੰਗੀ ਤਰ੍ਹਾਂ ਗੱਲ ਸਮਝ ਆਉਂਦੀ ਹੈ ਸਪੀਕਰ ਸਾਹਿਬ, ਮੈਂ ਰਾਜਾ ਸਾਹਿਬ ਨਹੀਂ ਕਹਿਣਾ ਚਾਹੁੰਦਾ ਸੀ। ਕਹਿਣਾ ਤਾਂ ਮੈਂ ਵਜ਼ੀਰ ਚਾਹੁੰਦਾ ਸੀ ਪਰ ਚੂੰਕਿ ਨਹੀਂ ਬਣੇ ਇਸ ਲਈ ਇਨ੍ਹਾਂ ਨੇ ਮੰਨਣਾ ਨਹੀਂ (ਵਿਘਨ) ਇਸ ਲਈ ਰਾਜਾ ਸਾਹਿਬ ਕਹਿ ਦਿਤਾ।

ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਪੈਦਾਵਾਰ ਸੀ। ਫਿਰ ਸਾਡੀ ਸਰਕਾਰ ਆਈ ਔਰ ਇਹ ਕੁਦਰਤੀ ਹੋਣਾ ਸੀ ਕਿ ਕਿਉਂਕਿ ਸਾਡੀ ਹਮਦਰਦੀ ਪੰਜਾਬ ਦੇ ਨਾਲ ਹੈ, ਪੰਜਾਬ ਦੇ ਕਿਸਾਨ ਦੇ ਨਾਲ ਹੈ। ਜਦੋਂ ਵੀ ਪੰਜਾਬ ਦੀ ਧਰਤੀ ਤੇ ਇਸ ਪਾਸੇ ਵਾਲਿਆਂ ਦਾ ਰਾਜ ਆਉਂਦਾ ਹੈ ਤਾਂ ਖੇਤੀ ਦੀ ਪੈਦਾਵਾਰ ਵੱਧ ਜਾਂਦੀ ਹੈ। ਕਿਸੇ ਸਾਇੰਟਿਸਟ ਨੇ ਕਿਹਾ ਹੈ ਕਿ ਖੇਤੀ ਦੀ ਸੱਭ ਤੋਂ ਵੱਧ ਪੈਦਾਵਾਰ ਉਦੋਂ ਹੁੰਦੀ ਹੈ ਜਦੋਂ ਕਿਸਾਨ ਦਾ ਖੇਤ ਵਿੱਚ ਪੈਰ ਪੈਂਦਾ ਹੈ। ਇਸ ਲਈ ਇਸ ਸੂਬੇ ਦੀ ਖਾਦ ਅਸੀਂ ਬੈਠੇ ਹਾਂ। ਜਦੋਂ ਅਸੀਂ ਆਏ, ਉਦੋਂ ਚਾਵਲ ਦੀ ਪੈਦਾਵਾਰ ਵੀ ਵੱਧ ਗਈ। 1976-77 ਵਿਚ ਚਾਵਲ ਦੀ ਕਰਾਪ 17.76 ਲੱਖ ਟਨ ਸੀ, ਪਰ ਜਦੋਂ ਸਾਡਾ ਟਾਈਮ ਆਇਆ ਤਾਂ ਇਹ ਦੁਗੱਣੀ ਦੇ ਕਰੀਬ ਹੋ ਗਈ ਯਾਨੀ 30.56 ਲੱਖ ਟਨ ਹੋ ਗਈ। ਇਸ ਤਰ੍ਹਾਂ 78 ਪਰਸੈਂਟ ਇਨਕਰੀਜ਼ ਹੋਈ। ਸਪੀਕਰ ਸਾਹਿਬ, ਸਾਰੀ ਦੁਨੀਆਂ ਦਾ ਰਿਕਾਰਡ ਵੇਖ ਲਵੋ। 3 ਸਾਲਾਂ ਵਿਚ ਕਿਤੇ ਵੀ ਐਡੀ ਵੱਡੀ ਇਨਕਰੀਜ਼ ਨਹੀਂ ਹੋਈ ਹੋਣੀ। ਅਜੇ ਵੀ ਇਹ ਕਹਿੰਦੇ ਹਨ ਕਿ ਅਸੀਂ ਕੁਝ ਨਹੀਂ ਕੀਤਾ, ਕੋਈ ਪ੍ਰੋਡਕਸ਼ਨ ਨਹੀਂ ਹੋਈ। ਸਾਰੇ ਕੰਮ ਥਲੇ ਚਲੇ ਗਏ। ਇਹ ਤਾਂ ਫਿਗਰਜ਼ ਦੱਸਦੀਆਂ ਹਨ। ਐਵਰੇਜ ਪ੍ਰੋਡਕਸ਼ਨ ਜਿਹੜੀ ਇਨ੍ਹਾਂ ਦੇ ਪੰਜ ਸਾਲਾਂ ਦੇ ਰਾਜ ਵਿਚ 13 ਲੱਖ ਟਨ ਸੀ ਉਹ ਸਾਡੇ 3 ਸਾਲਾਂ ਦੇ ਸਮੇਂ ਵਿਚ 28.8 ਲੱਖ ਟਨ ਹੋ ਗਈ। ਇਸ ਤਰ੍ਹਾਂ ਬਾਕੀ ਕਰਾਪਸ ਦੀ ਹਾਲਤ ਸੀ। ਜਿਵੇਂ ਕਾਟਨ ਦੀ ਪੈਦਾਵਾਰ ਦੇ ਅੰਕੜੇ ਹਨ। ਇਨ੍ਹਾਂ ਚੀਜ਼ਾਂ ਦਾ ਪਤਾ ਕਿਸੇ ਦੇਸ਼ ਜਾਂ ਕਿਸੇ ਸੂਬੇ ਦੀ ਗਰੋਥ ਰੇਟ ਤੋਂ ਲਗ ਜਾਂਦਾ ਹੈ। ਸੈਂਟਰ ਕੋਲ ਫਿਗਰਜ਼ ਹਨ ਕੰਟਰੀ ਦੇ ਗਰੋਥ ਰੇਟ ਦੀਆਂ, ਸਾਡੇ ਸੂਬੇ ਕੋਲ ਵੀ ਆਪਣੀਆਂ ਫਿਗਰਜ਼ ਹਨ। ਉਹ ਵੇਖ ਕੇ ਸਿਟਾ ਨਿਕਲ ਆਉਂਦਾ ਹੈ। ਇਨ੍ਹਾਂ ਦੇ ਸਮੇਂ 1972-73 ਵਿੱਚ 3 ਫੀਸਦੀ ਗਰੋਥਰੇਟ ਸੀ, 1973-74 ਵਿਚ 4.2 ਸੀ, 1974-75 ਵਿੱਚ 2.3 ਸੀ ਅਤੇ ਫਿਰ 5.00 ਹੋ ਗਿਆ। ਇਨ੍ਹਾਂ ਦਾ ਐਵਰੇਜ ਗਰੋਥ ਰੇਟ 4.2 ਫੀ ਸਦੀ ਸੀ। ਜਦੋਂ ਸਾਡੀ ਸਰਕਾਰ ਆਈ ਤਾਂ ਇਸ ਦੇ 3 ਸਾਲਾਂ ਦੇ ਰਾਜ ਵਿੱਚ, ਭਾਵੇਂ ਇਕ ਸਾਲ ਡਰਾਉਟ ਵਾਲਾ ਸੀ ਅਤੇ ਤੁਸੀਂ ਜਾਣਦੇ ਹੋ ਕੇ ਸਾਰੇ ਹਿੰਦੁਸ-

Original with;
Punjab Vidhan Sabha
Digitized by;
Panj

[ਸਰਦਾਰ ਪ੍ਰਕਾਸ ਸਿੰਘ ਬਾਦਲ]

ਤਾਨ ਦਾ ਗਰੋਥਰੇਟ ਹੇਠਾਂ ਨੂੰ ਗਿਆ ਸੀ । ਨੈਸ਼ਨਲ ਲੈਵਲ ਤੇ ਐਗਰੀਕਲਚਰ ਦਾ ਗਰੋਥ ਰੇਟ 10 ਫੀ ਸਦੀ ਘਟਿਆ ਸੀ ਅਤੇ ਇੰਡਸਟਰੀ ਦਾ 3 ਫੀ ਸਦੀ ਘੱਟ ਗਿਆ ਸੀ । ਇਸ ਦੇ ਬਾਵਜੂਦ ਸਾਡੀ ਐਵਰੇਜ ਗਰੋਥ ਰੇਟ 6.17 ਫੀ ਸਦੀ ਰਹੀ ਇਨ੍ਹਾਂ ਦੇ 4.2 ਫੀ ਸਦੀ ਦੇ ਮੁਕਾਬਲੇ ਵਿੱਚ। ਸਪੀਕਰ ਸਾਹਿਬ, ਇਸੇ ਤਰ੍ਹਾਂ ਮੈਂ ਇਕੱਲੀ ਇਕੱਲੀ ਚੀਜ਼ ਦਾ ਦੱਸ ਸਕਦਾ ਹਾਂ । ਫਿਰ ਤੁਸੀਂ ਪੁਛੋਗੇ ਕਿ ਤੁਹਾਡੇ ਕੋਲ ਕਿਹੜਾ ਛੂ ਮੰਤਰ ਸੀ ਕਿ ਤੁਸੀਂ ਇਹ ਵੱਧ ਕਰ ਦਿੱਤਾ । ਇਹ ਸਾਡੇ ਕੋਲੋਂ ਪੁੱਛ ਲੈਣ, ਅਸੀਂ ਦੱਸ ਦਿਆਂਗੇ । ਅਸੀਂ ਚੀਫ਼ ਮਨਿਸਟਰ ਸਾਹਿਬ ਨੂੰ ਕਿਹਾ ਹੈ ਕਿ ਸਾਡੀ ਕੋਆਪਰੇਸ਼ਨ ਸੂਬੇ ਲਈ ਜਿਥੇ ਚਾਹੀਦੀ ਹੈ ਅਸੀਂ ਦੇਣ ਨੂੰ ਤਿਆਰ ਹਾਂ । ਸਪੀਕਰ ਸਾਹਿਬ, ਹੁਣ ਮੈਂ ਦੱਸਣ ਲਗਾ ਹਾਂ ਕਿ ਅਸੀਂ ਕੀ ਕੀਤਾ ? ਸਭ ਤੋਂ ਪਹਿਲਾਂ ਇਹ ਕੀਤਾ ਕਿ ਖੇਤੀ ਦੀ ਪੈਦਾਵਾਰ ਵਧਾਉਣ ਵਾਸਤੇ ਕੀ ਕੀ ਚੀਜ਼ ਚਾਹੀਦੀ ਹੈ । ਸੱਭ ਤੋਂ ਪਹਿਲਾਂ ਅਸੀਂ ਕਿਹਾ ਕਿ ਰਾਅ ਮੈਟੀਰੀਅਲ ਸੱਸਤਾ ਕੀਤਾ ਜਾਏ । ਇਹ ਇਸ ਦੇ ਉਲਟ ਚਲਦੇ ਹਨ । ਅਸੀਂ ਚਲਦੇ ਹਾਂ ਵਾਧੇ ਨੂੰ ਔਰ ਇਹ ਚਲਦੇ ਹਨ ਘਾਟੇ ਨੂੰ। ਲੋਕਾਂ ਨੂੰ ਚਾਹੀਦੀ ਹੈ ਸੱਸਤੀ ਬਿਜਲੀ, ਪਾਣੀ ਅਤੇ ਖਾਦ। ਜੇਕਰ ਸੱਸਤੀ ਖਾਦ, ਸੱਸਤੀ ਬਿਜਲੀ ਅਤੇ ਸੱਸਤਾ ਪਾਣੀ ਦਿਆਂਗੇ ਤਾਂ ਪੈਦਾਵਾਰ ਵੱਧੇਗੀ । ਜੇਕਰ ਨਹੀਂ ਦਿਓਗੇ ਤਾਂ ਪੈਦਾਵਾਰ ਕਿਥੋਂ ਵੱਧ ਜਾਏਗੀ ? ਤੁਸੀਂ ਮੁਕਾਬਲਾ ਕਰ ਲਵੋ । ਸਭ ਤੋਂ ਵੱਧ ਐਗਰੀਕਲਚਰ ਲਈ ਫਰਟੇਲਾਈਜ਼ਰ ਦੀ ਕਿਸਾਨਾਂ ਨੂੰ ਲੋੜ ਹੈ। ਅਸੀਂ ਸੱਸਤਾ ਫਰਟੇਲਾਈਜ਼ਰ ਦਿੱਤਾ ਔਰ ਉਸ ਦੀ ਖਰੀਦ ਲਈ ਘੱਟ ਸੂਦ ਤੇ ਬੈਂਕਾਂ ਤੋਂ ਕਰਜ਼ੇ ਦਾ ਅਰੇਂਜਮੈਂਟ ਕੀਤਾ ਜਿਸ ਦਾ ਪਰੋਡਕਸ਼ਨ ਤੇ ਬਹੁਤ ਅਸਰ ਪਿਆ । ਲੋਕਾਂ ਨੇ ਠੀਕ ਢੰਗ ਨਾਲ ਵਰਤੋਂ ਕੀਤੀ। ਲੋਕ ਖੁਸ਼ ਹੋਏ ਔਰ ਪਰੋਡਕਸ਼ਨ ਵੱਧੀ। ਸਾਡੀ 3 ਸਾਲ ਗੌਰਮਿੰਟ ਰਹੀ । ਸਾਡੇ ਮਾਨਯੋਗ ਬਰਨਾਲਾ ਸਾਹਿਬ ਸੈਂਟਰ ਵਿਚ ਐਗਰੀਕਲਚਰ ਦੇ ਮਨਿਸਟਰ ਰਹੇ ਹਨ । ਸਾਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਸਾਡੇ ਸੂਬੇ ਦਾ ਨਾਂ ਉੱਚਾ ਕੀਤਾ ਹੈ। (ਵਿਘਨ) ਸਪੀਕਰ ਸਾਹਿਬ, ਅਸੀਂ ਖਾਦ ਵਿਚ ਕਿੰਨਾਂ ਕਨਸੈਸ਼ਨ ਦਿੱਤਾ । 1977–78 ਵਿਚ ਯੂਰੀਆ ਵਿਚ 100 ਰੁਪਏ ਪਰ ਟਨ ਅਤੇ ਇਫਕੋ ਖਾਦ ਵਿਚ 130 ਰੁਪਏ ਪਰ ਟਨ ਖਾਦ ਦਾ ਰੇਟ ਘਟਾਇਆ । ਫਿਰ 1979–80 ਵਿੱਚ ਯੂਰੀਆ ਵਿੱਚ 100 ਰੁਪਏ, ਕੇਨ ਵਿੱਚ 15, ਡੀ. ਏ. ਪੀ. ਵਿੱਚ 10, ਇਫਕੋ ਵਿੱਚ 90 ਰੁਪਏ ਦਾ ਕਨਸੈਸ਼ਨ ਦਿੱਤਾ, ਫਿਰ ਕੁਝ ਇੰਪੋਰਟਿਡ ਖਾਦਾਂ ਹੁੰਦੀਆਂ ਹਨ ਉਹ ਦਿੱਤੀਆਂ ਅਤੇ ਇਸ ਤਰ੍ਹਾਂ 30 ਕਰੋੜ ਰੁਪਏ ਦਾ ਰਿਲੀਫ ਦਿੱਤਾ । ਸਪੀਕਰ ਸਾਹਿਬ, ਜਦੋਂ ਰਿਲੀਫ ਮਿਲਦਾ ਹੈ ਤਾਂ ਕਿਸਾਨ ਵੀ ਚਾਹ ਨਾਲ ਕੰਮ ਕਰਨਾ ਹੈ। ਪੈਦਾਵਾਰ ਵੀ ਵੱਧਦੀ ਹੈ। ਸਾਨੂੰ ਕਹਿੰਦੇ ਹਨ ਕਿ ਇਹ ਤਾਂ ਸਕੀਮਾਂ ਬਣਾਉਂਦੇ ਹਨ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਅਸੀਂ ਸਕੀਮਾਂ ਬਣਾਉਂਦੇ ਹਾਂ, ਪਰ ਇਨ੍ਹਾਂ ਦਾ ਬਜਟ ਵੇਖ ਲਵੋ ਜੇ ਕੋਈ ਇਕ ਨਵੀਂ ਸਕੀਮ ਵੀ ਇਨ੍ਹਾਂ ਨੇ ਬਣਾਈ ਹੋਵੇ । ਸਾਡੀਆਂ ਹੀ ਸਕੀਮਾਂ ਮਿਲਣਗੀਆਂ । ਅਸੀਂ ਕਹਿੰਦੇ ਹਾਂ ਕਿ ਸਕੀਮ ਬਣਾਓ । ਜਿਹੜੀ ਕੋਈ ਅਧੂਰੀ ਰਹਿ ਗਈ ਹੈ ਉਹ ਅਗਲੇ ਬਜਟ ਵਿਚ ਪੂਰੀ ਹੋ ਜਾਏਗੀ।

ਸਪੀਕਰ ਸਾਹਿਬ, ਫਿਰ ਮੈਂ ਕੋਆਪਰੇਟਿਵ ਮਹਿਕਮੇਂ ਦੇ ਅਫਸਰਾਂ ਦੀ ਮੀਟਿੰਗ ਬੁਲਾਈ । ਮੈਂ ਪੁਛਿਆ ਕਿ ਕਿੰਨਾ ਸੂਦ ਚਾਰਜ ਕਰਦੇ ਹੋ ਤਾਂ ਕਹਿਣ ਲਗੇ ਕਿ ਸੈਂਟਰ ਤੋਂ ਪੈਸਾ ਆਉਂਦਾ ਹੈ । ਉਸ ਵਿਚ ਸੂਬੇ ਦੇ ਖਰਚੇ ਪੈਂਦੇ ਹਨ । ਫਿਰ ਡਿਸਟ੍ਰਿਕਟ ਲੈਵਲ ਤੇ ਪੈਸਾ ਆ ਜਾਂਦਾ ਹੈ, ਵਗੈਰਾ ਵਗੈਰਾ । ਮੈਂ ਸਾਫ ਕਹਿ ਦਿੱਤਾ ਕਿ ਮੈਂ ਸੂਦ ਦੀ ਦਰ ਘਟਾਉਣੀ ਹੈ । ਮੈਨੂੰ ਨਹੀਂ ਪਤਾ ਇਹ 13.5 ਫੀ ਸਦੀ ਦੀ ਬਜਾਏ 10 ਫੀ ਸਦੀ ਕਰ ਦਿੱਤੀ ਜਾਏ। ਉਨ੍ਹਾਂ ਨੇ ਸੂਦ ਦੀ ਦਰ 10 ਫੀ ਸਦੀ ਕਰ ਦਿਤੀ। ਮੈਂ ਕਹਿੰਦਾ ਹਾਂ ਕਿ ਇਹ ਅੰਕੜਿਆਂ ਦੀ ਗਲ ਹੈ, ਸੱਭ ਕੁਝ ਕਾਗਜ਼ਾਂ ਵਿੱਚ ਹੈ। ਫਿਰ ਕੋਆਪਰੇਟਿਵ ਦੇ ਅਦਾਖਿਆਂ ਨੂੰ ਕਿਹਾ ਕਿ ਇਨ੍ਹਾਂ ਨੂੰ ਵੱਧ ਤੋਂ ਵੱਧ ਲੋਨ ਦਿਓ । ਇਥੋਂ ਹੀ ਅੰਦਾਜ਼ਾ ਲਾ ਲਵੋ। ਇਨ੍ਹਾਂ ਦੇ 5 ਸਾਲਾਂ ਵਿਚ 245.88 ਕਰੋੜ ਰੁਪਏ ਦੀ ਵੈਲਿਊ ਦੀ ਫਰ-

Original with;
Punjab Vidhan Sabha
Digitized by;
Panjab Digital Library

ਟੇਲਾਈਜ਼ਰ ਕਿਸਾਨ ਨੂੰ ਬੈਂਕਾਂ ਰਾਹੀਂ ਦਿੱਤੀ ਗਈ। ਅਸੀਂ 3 ਸਾਲਾਂ ਵਿਚ 274 ਕਰੋੜ ਰੁਪਏ ਦੀ ਫਰਟੇ-ਲਾਈਜ਼ਰ ਦਿਤੀ। ਅਸੀਂ ਇਨ੍ਹਾਂ ਦੇ 5 ਸਾਲਾਂ ਦੇ ਮੁਕਾਬਲੇ ਵਿਚ 3 ਸਾਲਾਂ ਵਿੱਚ ਤਕਰੀਬਨ ਉਤਨੀ ਖਾਦ ਦਿੱਤੀ। ਫਿਰ ਖਾਦ ਸੱਸਤੀ ਦਿੱਤੀ । ਇਹ ਕਹਿੰਦੇ ਹਨ ਕਿ ਜਿਹੜਾ 150 ਕਰੋੜ ਰੁਪਿਆ ਕਰਜ਼ਾ ਦੇਣਾ ਸੀ ਉਹ ਵੱਧਾ ਕੇ 185 ਕਰੋੜ ਕਰ ਦੇਣਾ ਹੈ। ਮੈਂ ਕਹਿੰਦਾ ਹਾਂ ਕਿ 185 ਕਰੋੜ ਰੁਪਏ ਦੇ ਨਾਲ ਇਤਨੀ ਖਾਦ ਨਹੀਂ ਆਉਣੀ, ਇਹ ਸਭ ਨੂੰ ਪਤਾ ਹੈ। ਇਸ ਤਰ੍ਹਾਂ ਬਿਆਨ ਦੇਣ ਨਾਲ ਕੁਝ ਨਹੀਂ ਬਣਦਾ। ਫਰਟੇਲਾਈਜ਼ਰ ਦੀ ਕਨਜ਼ੰਪਸ਼ਨ ਤਾਂ ਵੱਧੇਗੀ ਜੇਕਰ ਫਰਟੇਲਾਈਜ਼ਰ ਸੱਸਤੀ ਮਿਲੇ ਅੱਰ ਉਸ ਤੇ ਲੋਨ ਮਿਲੇ । ਮੈਂ ਦੱਸਦਾ ਹਾਂ ਕਿ ਇਨ੍ਹਾਂ ਦੀ ਐਨੂਅਲ ਫਰਟੇਲਾਈਜ਼ਰ ਦੀ ਜਿਹੜੀ ਕਨਜ਼ੰਮਪਸ਼ਨ ਸੀ, ਉਹ ਇਕ ਲੱਖ ਟਨ ਸੀ। ਅਸੀਂ ਇਹ ਵਧਾ ਕੇ 5.85 ਲੱਖ ਟਨ ਕਰ ਦਿੱਤੀ। ਮੈਂ ਕਿਹੜੀਆਂ ਕਿਹ-ੜੀਆਂ ਗੱਲਾਂ ਦਸਾਂ। ਪਰ ਇਹ ਤਾਂ ਕਹੀ ਗਏ ਹਨ ਕਿ ਪੈਦਾਵਾਰ ਨਹੀਂ ਵੱਧੀ । ਇਨ੍ਹਾਂ ਸਾਰੀਆਂ ਗਲਾਂ ਵਲ ਇਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ : ਬਾਦਲ ਸਾਹਿਬ, ਤੁਹਾਡਾ ਸਮਾਂ 10 ਮਿੰਟ ਹੱਚ ਰਹਿ ਗਿਆ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਮੇਰੀ ਮੇਜਰ ਸਪੀਚ ਹੈ । ਮੈਂ ਪੂਰਾ ਟਾਈਮ ਲੈਣਾ ਹੈ । ਮੇਰੀ ਪਾਰਟੀ ਦੇ ਕਿਸੇ ਹੋਰ ਮੈਂਬਰ ਨੇ ਨਹੀਂ ਬੋਲਣਾ। ਤੁਸੀਂ ਅਗਰ ਹਾਊਸ ਦਾ ਸਮਾਂ ਵਧਾਉਣਾ ਹੋਏਗਾ ਤਾਂ ਵੱਧਾ ਲੈਣਾ। ਮੈਂ ਪੂਰਾ ਬੋਲਣਾ ਹੈ।

ਸਪੀਕਰ ਸਾਹਿਬ, ਅਸੀਂ ਇਕ ਇਕ ਸਬਜੈਕਟ ਲੈ ਲੈਂਦੇ ਸੀ। ਸਾਨੂੰ ਬੜੀ ਹੈਰਾਨੀ ਹੋਈ ਜਦੋਂ ਸਾਨੂੰ ਪਤਾ ਲਗਿਆ ਕਿ ਪੰਜਾਬ ਵਰਗੇ ਪਰਦੇਸ਼ ਵਿਚ ਕਲਰ ਵਾਲੀ ਜ਼ਮੀਨ ਪਈ ਹੋਈ ਹੈ। ਮੈਂ ਕਿਹਾ ਕਿ ਇਨ੍ਹਾਂ ਸਾਲਾਂ ਵਿਚ ਕਲਰ ਵਾਲੀ ਜ਼ਮੀਨ ਦਾ ਕਲਰ ਖਤਮ ਕਰਨਾ ਹੈ। ਜਿਨ੍ਹਾਂ ਪੈਸਾ ਚਾਹੀਦਾ ਹੈ, ਅਸੀਂ ਦਿਆਂਗੇ। ਅਸੀਂ ਜਿਪਸਮ ਦੇਣ ਦਾ ਪ੍ਰਬੰਧ ਕੀਤਾ। ਇਨ੍ਹਾਂ ਦੇ ਵੇਲੇ 1972-73 ਵਿੱਚ 800 ਟਨ ਜਿਪਸਮ ਦਿੱਤਾ ਗਿਆ, ਫਿਰ 2,200, ਫਿਰ 2,300 ਫਿਰ 1,700 ਅਤੇ ਫਿਰ 1,500 ਟਨ ਦਿੱਤਾ ਗਿਆ। ਅਸੀਂ ਇਹ ਵਧਾ ਕਿ 1.58 ਲੱਖ ਟਨ ਦੇ ਦਿੱਤਾ। ਫਿਰ ਅਗਲੇ ਸਾਲ 1978-79 ਵਿੱਚ 2.12 ਲੱਖ ਟਨ ਦਿੱਤਾ ਅਤੇ ਕਲਰ ਵਾਲੀ ਜ਼ਮੀਨ ਠੀਕ ਕੀਤੀ। ਇਸ ਦੇ ਨਾਲ ਕੋਈ 6.98 ਲੱਖ ਹੈਕ-ਟੇਅਰ ਜ਼ਮੀਨ ਰਿਕਲੇਮ ਕੀਤੀ। ਟੈਮਪਰੇਰੀ ਸ਼ੂਟਸ ਦਿੱਤੇ, ਜਿਸ ਦਾ ਬਹੁਤ ਵੱਡਾ ਬੈਨੀਫਿਟ ਹੋਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਤਿੰਨ ਸਾਲਾਂ ਵਿਚ ਕਿਸਾਨਾਂ ਨੂੰ ਟੋਟਲ ਬੈਨੀਫਿਟ 621 ਕਰੋੜ ਰੁਪਏ ਦਾ ਦਿੱਤਾ। ਅਸੀਂ ਕਿਸਾਨ ਨੂੰ ਤਿੰਨ ਸਾਲਾਂ ਵਿਚ ਕੀ ਦਿੱਤਾ ? ਇੱਕ ਤਾਂ ਅਸੀਂ 221 ਕਰੋੜ ਰੁਪਿਆ ਦਿੱਤਾ due to increase in the rates of agricultural production. ਵੀਟ ਦਾ ਰੇਟ ਵੱਧਾ ਕੇ ਅਸੀਂ 221 ਕਰੋੜ ਰੁਪਿਆ ਦਿੱਤਾ। ਪੈਡੀ ਦਾ ਰੇਟ ਵਧਾ ਕੇ 310 ਕਰੋੜ ਰੁਪਏ ਦਿੱਤਾ। ਫਰਟੇਲਾਈਜ਼ਰ ਵਿਚ ਕਨਸੈਸ਼ਨ 60 ਕਰੋੜ ਰੁਪਏ ਦਾ ਕਿਸਾਨ ਨੂੰ ਦਿਤਾ ਅਤੇ ਪਾਵਰ ਦੇ ਰੇਟ ਵਿਚ ਰਿਲੀਫ ਦਿੱਤਾ, ਫੀ ਹਾਰਸ ਪਾਵਰ ਬਿਜਲੀ ਦੀ ਮੋਟਰ ਦਾ ਰੇਟ ਘਟਾਇਆ ਅਤੇ ਇਸ ਤਰ੍ਹਾਂ ਨਾਲ 30 ਕਰੋੜ ਰੁਪਿਆ ਦਿੱਤਾ। ਇਸ ਤਰ੍ਹਾਂ ਇਹ 621 ਕਰੋੜ ਰੁਪਿਆ ਬਣਦਾ ਹੈ। ਇੱਕ ਪਾਸੇ ਤਾਂ ਉਹ ਸਰਕਾਰ ਸੀ ਜਿਸ ਨੇ ਕਿਸਾਨ ਨੂੰ 621 ਕਰੋੜ ਰੁਪਿਆ ਦਿੱਤਾ ਅਤੇ ਦੂਸਰੇ ਪਾਸੇ ਇਹ ਸਹਕਾਰ ਹੈ ਜਿਸ ਨੇ ਬੈਠਦੇ ਹੀ 108 ਕਰੋੜ ਰੁਪਏ ਦਾ ਬੋਝ ਫਰਟੇਲਾਈਜ਼ਰ ਦਾ ਰੇਟ ਵਧਾ ਕੇ ਅਤੇ 30 ਕਰੋੜ ਰੁਪਏ ਦਾ ਬੋਝ ਡੀਜ਼ਲ ਦੇ ਰੇਟ ਵੱਧਾ ਕੇ ਕਿਸਾਨ ਤੇ ਪਾ ਦਿਤਾ ਹੈ।

4.45 ਸ਼ਾਮ] (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ 138 ਕਰੋੜ ਰੁਪਏ ਦਾ ਭਾਰ ਕਿਸਾਨ ਤੇ ਇਸ ਸਹਕਾਰ ਨੇ ਪਾਇਆ ਹੈ। ਇਸ ਦਾ ਜੇ ਹਿਸਾਬ ਲਾਓ ਤਾਂ ਪੰਜਾਬ ਵਿਚ ਖੇਤੀ ਕਰਨ ਵਾਲੀ ਪਰ ਫੈਮਿਲੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਤੇ 1000 ਰੁਪਏ ਦਾ ਇੱਕ ਸਾਲ ਦਾ ਭਾਰ ਪੈ ਗਿਆ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇੱਕ ਸਵਾਲ ਉਠਿਆ ਹੈ, ਸਾਡੀਆਂ ਬੈਂਚਾਂ ਵਲੋਂ ਵੀ ਅਤੇ ਕਮਿਊਨਿਸਟ ਭਰਾਵਾਂ ਵੱਲੋਂ ਵੀ ਕਿ ਸਾਨੂੰ ਅੱਖਾਂ ਨਹੀਂ ਮੀਚਣੀਆਂ ਚਾਹੀਦੀਆਂ। ਇਸ ਨੂੰ ਇਵੇਡ ਨਹੀਂ ਕਰਨਾ ਚਾਹੀਦਾ। ਜਦੋਂ ਸਰਕਾਰ ਜਵਾਬ ਦੇਵੇ ਤਾਂ ਇਸ ਦਾ ਡੈਫੀਨਿਟ ਜਵਾਬ ਦੇਵੇ। ਜਿਹੜਾ ਬੋਝ ਕਿਸਾਨ ਤੇ ਪਾਇਆ ਗਿਆ ਹੈ ਜੇ ਸੈਂਟਰ ਦੀ ਸਰਕਾਰ ਇਸ ਲਈ ਕੰਪੈਨਸੇਸ਼ਨ ਦੇਵੇ ਤਾਂ ਠੀਕ ਹੈ, ਜੇ ਉਹ ਨਹੀਂ ਦਿੰਦੀ ਤਾਂ ਕੀ ਪੰਜਾਬ ਦੇ ਖਜ਼ਾਨੇ ਵਿਚੋਂ ਕਿਸਾਨ ਨੂੰ ਕੰਪੈਨਸੇਟ ਕਰਨ ਲਈ ਇਹ ਸਰਕਾਰ ਤਿਆਰ ਹੈ ? ਇਸ ਚੀਜ਼ ਦੀ ਅਸੀਂ ਡੈਫੀਨਿਟ ਕੁਮਿਟਮੈਂਟ ਮੰਗਦੇ ਹਾਂ। ਕਿਸਾਨ ਨੂੰ ਮਰਨ ਨਹੀਂ ਦੇਣਾ ਚਾਹੀਦਾ। ਭਾਵਾਂ ਦਾ ਕੋਈ ਸਿਸਟਮ ਰਖਣਾ ਚਾਹੀਦਾ ਹੈ। ਪ੍ਰੋਕਿਉਰਮੈਂਟ ਪ੍ਰਾਈਸ ਅਤੇ ਇਨਪੁਟਸ ਦੀ ਪ੍ਰਾਈਸ ਵਿਚ ਪੈਰਿਟੀ ਹੋਣੀ ਚਾਹੀਦੀ ਹੈ। ਮਹਿੰਗਾਈ ਵੱਧਦੀ ਹੈ ਤਾਂ ਸਰਕਾਰ ਫੌਰਨ ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ ਦੇ ਦਿੰਦੀ ਹੈ। ਇਸ ਲਈ ਜਦੋਂ ਇਨਪੁਟਸ ਦੀਆਂ ਪ੍ਰਾਈਸਿਜ਼ ਵੱਧ ਜਾਣ ਤਾਂ ਨਾਲ ਦੀ ਨਾਲ ਸਰਕਾਰ ਨੂੰ ਪ੍ਰਕਿਓਰਮੈਂਟ ਪ੍ਰਾਈਸ ਵਿਚ ਵੀ ਪੈਰਿਟੀ ਰਖਣੀ ਚਾਹੀਦੀ ਹੈ ਅਤੇ ਉਪਜ ਦੀ ਕੀਮਤ ਵਧਾਉਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਨੂੰ ਇੰਡਸਟਰੀ ਦੇ ਤੌਰ ਤੇ ਟਰੀਟ ਕਰਨਾ ਚਾਹੀਦਾ ਹੈ ਅਤੇ ਜੋ ਇੰਡਸਟਰੀ ਨੂੰ ਫੈਸਿਲਟੀਜ਼ ਹਨ, ਇਹ ਹੀ ਇਸ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ। ਕਰਾਪ ਇਨਸ਼ੋਰੈਂਸ ਹੋਣੀ ਚਾਹੀਦੀ ਹੈ। ਭਾਵੇਂ ਇਸ ਵਿਚ ਤਕਲੀਫਾਂ ਹਨ। ਤੁਸੀਂ ਕਹੋਗੇ ਕਿ ਅਸੀਂ ਨਹੀਂ ਕਰ ਸਕੇ। ਅਸੀਂ ਕੋਸ਼ਿਸ਼ ਕੀਤੀ ਕਿ ਕੋਈ ਰਿਵਾਲਵਿੰਗ ਫੰਡ ਬਣਾਇਆ ਜਾਵੇ। ਸਾਡੇ ਉਸ ਵੇਲੇ ਦੇ ਰੈਵੇਨਿਊ ਮਨਿਸਟਰ ਨੇ ਕੋਸ਼ਿਸ਼ ਕੀਤੀ ਸੀ ਕਿ ਇੱਕ 10 ਕਰੋੜ ਰੁਪਏ ਦਾ ਰਿਵਾਲਵਿੰਗ ਫੰਡ ਬਣਾ ਦੇਈਏ। ਜੇ ਕਰਾਪ ਇਨਸ਼ੋਰੈਂਸ ਨਹੀਂ ਹੁੰਦੀ ਤਾਂ ਅਸੀਂ ਕੋਈ ਹੋਰ ਸਿਸਟਮ ਕਰ ਸਕਦੇ ਹਾਂ। ਚੌਧਰੀ ਸਾਹਿਬ ਰਿਵਾਲਵਿੰਗ ਫੰਡ ਕਰੀਏਟ ਕਰਨ। ਫਾਇਨਾਂਸ ਮਨਿਸਟਰ ਸਾਹਿਬ ਪੈਸੇ ਦੇ ਦੇਣਗੇ। ਜਦੋਂ ਵੀ ਕਿਸਾਨ ਦਾ ਨੁਕਸਾਨ ਹੋਵੇ ਤਾਂ ਉਸ ਨੂੰ ਪੈਸਾ ਮਿਲ ਜਾਵੇ। ਡਿਪਟੀ ਸਪੀਕਰ ਸਾਹਿਬ, ਜਦੋਂ ਗਰੀਬ ਕਿਸਾਨ ਤੇ ਆਫਤ ਆਉਂਦੀ ਹੈ ਤਾਂ ਉਹ ਸਮਝਦਾ ਹੈ ਕਿ ਵਾਹਿ-ਗੁਰੂ ਦਾ, ਪ੍ਰਮਾਤਮਾ ਦਾ ਕਰੋਪ ਆ ਗਿਆ ਹੈ। ਦੂਜੇ ਪਾਸੇ ਜੇ ਕਿਸੇ ਦੀ ਦੁਕਾਨ ਤੇ ਕੋਈ ਸਾਈਕਲ ਵਾਲਾ ਸਾਈਕਲ ਵੀ ਮਾਰ ਜਾਵੇ ਤਾਂ ਉਹ ਕਹਿੰਦਾ ਹੈ ਕਿ ਮੈਨੂੰ ਕੰਪਨਸੇਸ਼ਨ ਦੇ, ਨਹੀਂ ਤਾਂ ਮੈਂ ਪਰਚਾ ਦਰਜ ਕਰਾਉਂਦਾ ਹਾਂ। ਹੜਤਾਲਾਂ ਤੱਕ ਹੋ ਜਾਂਦੀਆਂ ਹਨ। ਉਠਾਂ ਦੀਆਂ ਪੂਛਾਂ ਫੜਨ ਵਾਲਿਆਂ ਦੀ ਪੂਛ ਫੜੋ। ਕਰਾਪ ਇਨਸ਼ੋਰੈਂਸ ਨਹੀਂ ਹੋ ਸਕਦੀ ਤਾਂ ਕੋਈ ਹੋਰ ਇੰਤਜ਼ਾਮ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਤੱਕ ਅਸੀਂ ਕਣਕ ਅਤੇ ਕਪਾਹ ਹੀ ਬੀਜਦੇ ਆਏ ਹਾਂ। ਸਾਨੂੰ ਫਿਨਿਸ਼ਡ ਪ੍ਰੋਡਕਟ ਬਣਾ ਕੇ ਵੇਚਣੇ ਚਾਹੀਦੇ ਹਨ ਅਤੇ ਐਕਸਪੋਰਟ ਕਰਨੇ ਚਾਹੀਦੇ ਹਨ। ਬਾਸਮਤੀ ਦਾ ਬਾਹਰਲੇ ਮੁਲਕਾਂ ਵਿਚ ਬੜਾ ਸਕੋਪ ਹੈ। ਉਸ ਦੀ ਜ਼ਿਆਦਾ ਪੈਦਾਵਾਰ ਕਈਏ। ਇਸ ਨਾਲ ਸਾਨੂੰ ਫਾਰੇਨ ਐਕਸਚੇਂਜ ਵੀ ਮਿਲ ਸਕਦੀ ਹੈ। ਕਣਕ ਦੇ ਸੀਡ ਦੀ ਬੜੀ ਬਾਹਰ ਮੰਗ ਹੈ। ਇਹ ਅਸੀਂ ਐਕਸਪੋਰਟ ਕਰ ਸਕਦੇ ਹਾਂ। ਵੈਜੀਟੇਬਲਜ਼ ਬਹੁਤ ਬਾਹਰ ਜਾਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਕਿਸੇ ਗੱਲ ਨੂੰ ਚੰਗੀ ਤਰ੍ਹਾਂ ਨਾ ਸਮਝ ਕੇ, ਉਸ ਦਾ ਮਜ਼ਾਕ ਨਹੀਂ ਉੜਾਉਣਾ ਚਾਹੀਦਾ। ਵੈਜੀਟੇਬਲਜ਼, ਫਰੂਟਸ ਬਾਹਰ ਭੇਜਣ ਲਈ ਅਤੇ ਇਸ ਵਿਚ ਕਿਸਾਨ ਨੂੰ ਇਨਸੈਂਟਿਵ ਦੇਣ ਲਈ ਅਸੀਂ 5 ਲੱਖ ਰੁਪਿਆ ਰਖਿਆ ਸੀ। ਇਹ ਕਹਿੰਦੇ ਹਨ ਕਿ ਦਿੱਤਾ ਕੱਖ ਨਹੀਂ। ਅਸੀਂ ਸਕੀਮ ਤਾਂ ਚਲਾਈ ਸੀ। ਮਾਰਕਫੈਡ ਅਤੇ ਪਨਸੱਪ ਨੇ ਕੁਝ ਕੰਮ ਕੀਤਾ। ਸਾਡੀ ਸੋਚ

Original with;
Punjab Vidhan Sabha
Digitized by;
Panjab Digital Library

ਇਸ ਪਾਸੇ ਤੁਰਦੀ ਹੈ। ਠੀਕ ਹੈ ਰੁਕਾਵਟਾਂ ਆਉਂਦੀਆਂ ਹਨ। ਇਸਦਾ ਮਤਲਬ ਇਹ ਤਾਂ ਨਹੀਂ ਕਿ ਅਸੀਂ ਇਹ ਛੱਡ ਹੀ ਦੇਈਏ। ਤੁਸੀਂ ਤਾਂ ਇਸ ਤੇ ਲਕੀਰ ਹੀ ਫੇਰ ਦਿੱਤੀ। ਫਰੂਟਸ ਅਤੇ ਵੈਜੀਟੇਬਲਜ਼ ਦੀ ਐਕਸਪੋਰਟ ਦੇ ਕੰਮ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਤੁਸੀਂ ਕਹਿੰਦੇ ਹੋ ਕਿ ਹਾਰਟੀਕਲਚਰ ਦਾ ਡਾਇਰੈਕਟੋਰੇਟ ਬਣਾ ਦਿੱਤਾ ਸੀ। ਵ੍ਹੀਟ ਅਤੇ ਰਾਈਸ ਦੀ ਪੈਦਾਵਾਰ ਵਿਚ ਸਾਨੂੰ ਡਾਇਵਰਸੀਫਿਕੇਸ਼ਨ ਕਰਨੀ ਚਾਹੀਦੀ ਹੈ। ਇਹ ਤਾਂ ਤੁਹਾਡੇ ਵੱਸ ਦੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਇਸ ਮਹਿਕਮੇਂ ਦੇ ਡਾਇਰੈਕਟਰ ਸਾਹਿਬ ਬੜੇ ਅੱਛੇ ਹਾਰਟੀਕਲਚਰਿਸਟ ਹਨ। ਉਨ੍ਹਾਂ ਨੂੰ ਪੂਰੀਆਂ ਫੈਸਿਲਟੀਜ਼ ਦਿਓ, ਫੰਡਜ਼ ਦਿਓ ਤਾਂ ਕਿ ਉਹ ਇਸ ਨੂੰ ਅੱਗੇ ਲੈ ਜਾਣ। ਸਾਡੇ ਫਰੂਟਸ ਦੇ ਜਿਊਸਿਜ਼ ਬਣ ਸਕਦੇ ਹਨ ਅਤੇ ਇਨ੍ਹਾਂ ਦੀ ਕੈਨਿੰਗ ਹੋ ਸਕਦੀ ਹੈ।

ਸਪਿਨਿੰਗ ਮਿੱਲਜ਼ ਅਤੇ ਸ਼ੂਗਰ ਫੈਕਟਰੀਜ਼ ਲਾਈਆਂ ਜਾਣ। ਇਹ ਨਾ ਹੋਵੇ ਕਿ ਕਪਾਹ ਵੀ ਬਾਹਰ ਭੇਜੀ ਜਾਵੇ ਅਤੇ ਸਾਡਾ ਗੰਨਾ ਵੀ ਪੂਰਾ ਕਰੱਸ਼ ਨਾ ਹੋਵੇ। ਐਗਰੋ-ਏਸਡ ਇੰਡਸਟਰੀਜ਼ ਸਾਨੂੰ ਖੋਲ੍ਹਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਯੂਨੀਵਰਸਿਟੀ ਵਿਚ ਡਾਕਟਰ ਸੰਧੂ ਰਿਸਰਚ ਕਰਦੇ ਹਨ। ਉਨ੍ਹਾਂ ਨੇ ਸਟੱਡੀ ਕੀਤੀ ਹੈ। ਮੇਰੇ ਕੋਲ ਇਹ ਕਿਤਾਬ ਹੈ। ਪ੍ਰਾਈਸ ਪਾਲਿਸੀ ਫਾਰ ਵ੍ਹੀਟ ਇਨ ਇੰਡੀਆ। ਇਸ ਵਿਚ ਇਨ੍ਹਾਂ ਨੇ ਫਿੱਗਰਜ਼ ਦਿੱਤੀਆਂ ਹਨ। 1967-68 ਵਿਚ ਕਿਸਾਨ ਨੂੰ ਇਕ ਕੁਇੰਟਲ ਮਗਰ ਕੀ ਬਚਦਾ ਸੀ ? ਹੁਣ ਪ੍ਰਾਫਿਟ ਦਾ ਕੀ ਮਾਰਜਨ ਹੈ ? 1967-68 ਵਿਚ ਕਣਕ ਦੀ ਕਾਸ਼ਤ 76 ਰੁਪਏ ਕੁਇੰਟਲ ਸੀ। ਉਦੋਂ 25.98 ਰੁਪਏ ਪਰ ਕੁਇੰਟਲ ਮਾਰਜਨ ਸੀ ਫਿਰ ਫਰਟੇਲਾਈਜ਼ਰ ਦੀਆਂ ਕੀਮਤਾਂ ਵੱਧ ਗਈਆਂ ਅਤੇ ਪ੍ਰਾਫਿਟ ਦਾ ਮਾਰਜਨ ਘੱਟ ਕੇ 4.05 ਰੁਪਏ ਪਰ ਕੁਇੰਟਲ ਰਹਿ ਗਿਆ। ਜੇ ਐਗਰੀਕਲਚਰ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਸ ਦਾ ਅਸਰ ਬੜਾ ਭੈੜਾ ਪੈ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਸਾਡੀ ਤਰੱਕੀ ਪਾਵਰ ਤੇ ਨਿਰਭਰ ਹੈ। ਭਾਵੇਂ ਇੰਡਸਟਰੀ ਚਲਣੀ ਹੈ, ਭਾਵੇਂ ਟਿਊਬਵੈਲ ਚਲਣਾ ਹੈ, ਜਦੋਂ ਤੱਕ ਸੂਬੇ ਵਿਚ ਪੂਰੀ ਪਾਵਰ ਨਹੀਂ, ਉਹ ਸੂਬਾ ਤਦ ਤੱਕ ਤਰੱਕੀ ਨਹੀਂ ਕਰ ਸਕਦਾ। ਸਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਅਸੀਂ ਉਦੋਂ ਇਹ ਨਹੀਂ ਸੋਚਿਆ ਸੀ ਕਿ ਸਿਰਫ ਦੋ ਸਾਲਾਂ ਦਾ ਹੀ ਉਪਰਾਲਾ ਕਰੀਏ। ਅਸੀਂ ਲੰਮੀਆਂ ਸਕੀਮਾਂ ਚਲਾਈਆਂ। ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਤਿੰਨਾਂ ਸਾਲਾਂ ਵਿਚ ਅਸੀਂ ਸੂਬੇ ਨੂੰ ਦੋ ਵੱਡੇ ਪ੍ਰਾਜੈਕਟਸ ਮਨਜ਼ੂਰ ਕਰਾ ਕੇ ਦਿੱਤੇ ਸਨ, ਜਿਸ ਲਈ ਇਹ ਸਾਨੂੰ ਵਧਾਈ ਦੇਣ। ਭਾਖੜੇ ਤੋਂ ਬਾਅਦ ਕੋਈ ਐਡਾ ਵੱਡਾ ਪ੍ਰਾਜੈਕਟ ਪੰਜਾਬ ਵਿਚ ਨਹੀਂ ਆਇਆ। ਬਠਿੰਡੇ ਦਾ ਜੋ ਥਰਮਲ ਪਲਾਂਟ ਆਇਆ ਸੀ ਉਹ ਵੀ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਅਕਾਲੀਆਂ ਦੀ ਸਰਕਾਰ ਵੇਲੇ ਹੀ ਆਇਆ ਸੀ। ਸਰਦਾਰ ਦਰਬਾਰਾ ਸਿੰਘ ਨੇ ਇੱਥੇ ਕਿਹਾ ਸੀ ਕਿ ਸਾਨੂੰ ਬਹਿਸ ਨਹੀਂ ਕਰਨੀ ਚਾਹੀਦੀ। ਮੈਂ ਆਪਣੇ ਜਜ਼ਬਾਤ ਨਾਲ ਕਹਿ ਰਿਹਾ ਹਾਂ। ਇਸ ਲਈ ਜੇ ਕੋਈ ਗੱਲ ਬੁਰੀ ਲੱਗੇ ਤਾਂ ਮੁਆਫ ਕਰਨ। ਉਨ੍ਹਾਂ ਨੇ ਕਿਹਾ ਸੀ ਕਿ ਸਾਨੂੰ ਬਹਿਸ ਨਹੀਂ ਕਰਨੀ ਚਾਹੀਦੀ ਨਹੀਂ ਤਾਂ ਸਾਡਾ ਨੁਕਸਾਨ ਹੋ ਸਕਦਾ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਬੁੱਕਲ ਵਿਚ ਗੁੜ ਨਾ ਭੱਰਣ।

Chief Minister : Then you start saying whatever you likeand Iwould be ready to reply.

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਤੁਸੀਂ ਐਵੇਂ ਕੈਮਾਫਲਾਜ਼ ਕਰਦੇ ਹੋ। ਇਹ ਇਕ ਖੁਲ੍ਹੀ ਕਿਤਾਬ ਹੈ। ਇਹ ਗੱਲਾਂ ਅਸੀਂ ਕਮਰੇ ਵਿਚ ਕਿਉਂ ਕਰੀਏ। ਇਹ ਕੀ ਕੋਈ ਰੇਪ ਦੇ ਕੇਸ ਹਨ ?

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਜੇ ਤੁਸੀਂ ਰਿਸਪਾਂਸੀਬਿਲਟੀ ਚੁੱਕਣ ਨੂੰ ਤਿਆਰ ਨਹੀਂ ਹੋ ਤਾਂ ਤੁਸੀਂ ਇਧਰ ਆ ਜਾਓ। (ਆਪੋਜੀਸ਼ਨ ਵੱਲੋਂ ਤਾੜੀਆਂ) (ਟਰੈਜ਼ਰੀ ਬੈਂਚਾਂ ਵੱਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਐਵੇਂ ਕਹਿੰਦੇ ਹਨ ਕਿ ਮਨਜ਼ੂਰੀਆਂ ਸਾਡੇ ਵੇਲੇ ਨਹੀਂ ਮਿਲੀਆਂ। ਇਸ ਦੇ ਵਿਚ ਲੁਕੋ ਵਾਲੀ ਕਿਹੜੀ ਗੱਲ ਹੈ? ਡਿਪਟੀ ਸਪੀਕਰ ਸਾਹਿਬ, ਮੈਂ ਥਰਮਲ ਪਲਾਂਟ ਦੀ ਗੱਲ ਕਰ ਰਿਹਾ ਸੀ । ਇਹ ਵੇਖ ਲੈਣ ਇਹ ਕਦੋਂ ਬਣਿਆ ਸੀ। ਇਹ ਉਦੋਂ ਕਹਿੰਦੇ ਸਨ ਕਿ ਮਨਜ਼ੂਰੀ ਨਹੀਂ ਆਉਂਦੀ। ਅਸੀਂ ਟਰੈ ਨਾਲ ਥਰਮਲ ਪਲਾਂਟ ਲਾ ਦਿੱਤਾ। ਅਸੀਂ ਕਿਹਾ ਕਿ ਕੋਈ ਨਹੀਂ ਸੈਂਟਰ ਦੀ ਸਰਕਾਰ ਉਪਰੋਂ ਮਾਰਦੀ। ਜੇ ਅਸੀਂ ਇਹ ਥਰਮਲ ਪਲਾਂਟ ਉਸ ਵੇਲੇ ਨਾ ਲਾਉਂਦੇ ਤਾਂ ਅੱਜ ਸੂਬੇ ਵਿਚ 4 ਘੰਟੇ ਬਿਜਲੀ ਨਹੀਂ ਆਉਣੀ ਸੀ। ਇਹ ਅਕਾਲੀ ਪਾਰਟੀ ਦੀ ਦੇਣ ਹੈ। ਜੇ ਕੋਈ ਅਸੀਂ ਚੰਗੀ ਗਲ ਵੀ ਕੀਤੀ ਹੋਵੇ ਤਾਂ ਉਸ ਨੂੰ ਵੀ ਮਾੜੀ ਕਹੀ ਜਾਣਾ, ਠੀਕ ਨਹੀਂ। ਮੁਕਾਬਲਾ ਕਰੋ। ਡਿਪਟੀ ਸਪੀਕਰ ਸਾਹਿਬ, ਇਹ ਥੀਨ ਡੈਮ ਦਾ ਕੇਸ ਕਦੋਂ ਪੰਜਾਬ ਸਰਕਾਰ ਨੇ ਭੇਜਿਆ ਸੀ। ਇਹ 1964 ਵਿੱਚ ਸੈਂਟਰ ਦੀ ਸਰਕਾਰ ਨੂੰ ਭੇਜਿਆ ਗਿਆ ਸੀ। ਉਦੋਂ 70 ਕਰੋੜ ਰੁਪਿਆ ਖਰਚ ਆਉਂਦਾ ਸੀ ਸੈਂਟਰ ਦੀ ਸਰਕਾਰ ਨੂੰ ਕੀ ਤਕਲੀਫ ਸੀ ? ਐਵੇਂ ਹੀ ਅੱਠ ਸਾਲ ਉਨ੍ਹਾਂ ਨੇ ਆਪਣੀਆਂ ਫਾਈਲਾਂ ਵਿੱਚ ਇਹ ਕੇਸ ਦੱਬੀ ਰੱਖਿਆ, ਕੀਤਾ ਕੁਝ ਨਹੀਂ।

ਅਸੀਂ ਜਦੋਂ, ਡਿਪਟੀ ਸਪੀਕਰ ਸਾਹਿਬ, ਉਥੇ ਗਏ, ਬਰਨਾਲਾ ਸਾਹਿਬ ਵੀ ਉਥੇ ਪੁਜੇ ਸਨ । ਉਸ ਦੇ ਬਾਰੇ ਵਿੱਚ ਇਥੇ ਕਿਸੇ ਨੇ ਕਿਹਾ ਸੀ ਕਿ ਬਾਦਲ ਸਾਹਿਬ ਨੇ ਕਿਹਾ ਸੀ ਕਿ ਅਸੀਂ ਅਜੇ ਅੱਧੀ ਪਿਆਲੀ ਚਾਹ ਦੀ ਨਹੀਂ ਪੀਤੀ ਕਿ ਥੀਨ ਡੈਮ ਦੀ ਮਨਜ਼ੂਰੀ ਲੈ ਲਈ। ਮੈਂ ਡਿਪਟੀ ਸਪੀਕਰ ਸਾਹਿਬ, ਗੱਲ ਸਪਸ਼ਟ ਕਰ ਦੇਵਾਂ ਕਿ ਉਸ ਦਿਨ ਮੈਂ ਦੋ ਪਿਆਲੀਆਂ ਪੀਤੀਆਂ ਔਰ ਮੁਰਾਰਜੀ ਡਿਸਾਈ ਸਾਹਿਬ ਤੋਂ ਚਾਰ ਲੱਡੂ ਵੀ ਖਾਧੇ ਸਨ। (ਥੰਪਿੰਗ) (ਹਾਸਾ) ।

ਵਿਕਾਸ ਮੰਤਰੀ : ਕੋਈ ਹੋਰ ਚੀਜ਼ ਤਾਂ ਨਹੀਂ ਪਿਲਾਈ ਹਾਰਡ ਡਰਿੰਕ ਵਗੈਰਾ ? (ਹਾਸਾ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਾਨੂੰ ਤਾਂ ਉਨ੍ਹਾਂ ਨਾਲ ਤਿੰਨ ਸਾਲ ਹੀ ਵਾਸਤਾ ਪਿਆ ਹੈ ਤੁਹਾਨੂੰ ਤਾਂ ਵੀਹ ਸਾਲ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਜੱਟ ਲੋਕ ਕਿਹਾ ਕਰਦੇ ਹਨ ਕਿ ਪਹਿਲੇ ਤੋੜ ਵਾਲੀ ਪੀਣੀ ਹੈ। ਇਸ ਲਈ ਪਹਿਲੇ ਤੋੜ ਵਾਲੀ ਤਾਂ ਇਹ ਲੈ ਗਏ ਸਾਨੂੰ ਤਾਂ ਬਚਿਆ ਖੁਚਿਆ ਹੀ ਆਉਣਾ ਸੀ। (ਹਾਸਾ, ਬਹੁਤ ਹਾਸਾ) (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਹ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਜਦੋਂ ਸਾਡੀ ਸਰਕਾਰ ਬਣੀ ਤਾਂ ਅਸੀਂ ਤਿੰਨ ਅਕਤੂਬਰ, 1977 ਨੂੰ ਉਥੇ ਗਏ, ਮੀਟਿੰਗ ਹੋਈ। ਇਥੇ ਸਾਰੇ ਕਾਗਜ਼ ਪਏ ਹਨ, ਤੁਸੀਂ ਵੇਖ ਸਕਦੇ ਹੋ। ਉਥੇ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ 'ਗੋ ਅਹੈਡ' ਔਰ ਇਸ ਨੂੰ ਪੰਜਾਬ ਬਣਾਏਗਾ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਹ ਵੀ ਫਖਰ ਵਾਲੀ ਗੱਲ ਹੈ ਕਿ ਇਸ ਦੀ ਕੰਸਟੱਰਕਸ਼ਨ ਪੰਜਾਬ ਕਰੇਗਾ (ਥੰਪਿੰਗ) । ਇਹ ਕਹਿੰਦੇ ਹਨ ਕਿ ਇਥੇ ਗੱਲ ਨਾ ਕਰੋ। ਇਹ ਤਾਂ ਓਪਨ ਗੱਲ ਹੈ। ਇਸ ਵਿਚ ਜੰਮੂ ਐਂਡ ਕਸ਼ਮੀਰ ਦਾ ਹਿੱਸਾ ਹੈ, ਹਿਮਾਚਲ ਪ੍ਰਦੇਸ਼ ਦਾ ਹਿੱਸਾ ਹੈ। ਮੈਂ ਇਸ ਦੇ ਬਾਰੇ ਜੇ. ਐਂਡ ਕੇ. ਦੇ ਚੀਫ ਮਨਿਸਟਰ, ਸ਼ੇਖ ਅਬਦੁੱਲਾ ਪਾਸ ਗਿਆ ਅਤੇ ਉਥੇ ਮੈਂ ਐਗਰੀਮੈਂਟ ਕੀਤਾ। ਇਸੇ ਤਰ੍ਹਾਂ ਹੀ ਹਿਮਾਚਲ ਪ੍ਰਦੇਸ਼ ਗਿਆ ਔਰ ਉਨ੍ਹਾਂ ਨਾਲ ਐਗਰੀਮੈਂਟ ਕੀਤਾ। ਸੈਂਟਰ ਦੀਆਂ ਦੋ ਅਥਾਰਟੀਜ਼ ਹਨ ਇਕ ਵਾਟਰ ਕਮਿਸ਼ਨ ਹੈ ਔਰ ਦੂਜੀ ਹੈ ਇਲੈਕਟ੍ਰੀਸਿਟੀ ਅਥਾਰਿਟੀ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੋਹਾਂ ਨੇ ਕਲੀਅਰੈਂਸ ਦੇ ਦਿੱਤੀ। ਜੋ ਸੈਂਟਰ ਹਿੱਸਾ ਪਾਉਂਦਾ ਹੈ ਉਸ ਦੇ ਵਾਸਤੇ ਬਜਟ ਵਿਚ ਪ੍ਰੋਵੀਜ਼ਨ ਹੋਈ ਇਹ ਉਹ ਕਹਿੰਦੇ ਹਨ ਕਿ ਅਸੀਂ ਬਾਰਾਂ ਕਰੋੜ ਰੁਪਿਆ ਲਗਾਉਣਾ ਹੈ। ਇਹ ਕਹਿੰਦੇ ਹਨ ਕਿ ਕੈਮਰੇ ਵਿਚ ਗੱਲ ਕਰੋ। ਕੋਈ ਗੱਲ ਬਾਹਰ ਨਾ ਚਲੀ ਜਾਵੇ। .....

ਮੁੱਖ ਮੰਤਰੀ : ਫਿਰ ਠੀਕ ਹੈ, ਤੁਸੀਂ ਹਾਊਸ ਵਿਚ ਕਰ ਲਵੋ। ਉਨ੍ਹਾਂ ਨੇ ਮੈਨੂੰ ਅਪਰੋਚ ਕੀਤਾ ਹੈ। I never acceptedit. They said we should seek their co-operation.

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਅਸੀਂ ਹੁਣ ਵੀ ਕਹਿੰਦੇ ਹਾਂ ਕਿ ਅਸੀਂ ਕੋਆਪ੍ਰੇਟ ਕਰਨ ਨੂੰ ਤਿਆਰ ਹਾਂ। ਤੁਸੀਂ ਪਿੰਡਾਂ ਦੇ ਲੋਕਾਂ ਨੂੰ ਵੰਗਾਰੋ ਕਿ ਅਸੀਂ ਤੁਹਾਡੇ ਲਈ ਥੀਂਨ ਡੈਮ ਬਣਾਉਣਾ ਹੈ, ਰੋਪੜ ਥਰਮਲ ਪਲਾਂਟ ਲਗਾਉਣਾ ਹੈ, ਲੋਕ ਤੁਹਾਨੂੰ ਕੋਆਪ੍ਰੇਟ ਕਰਨਗੇ। ਅਸੀਂ ਤਾਂ ਕਹਿੰਦੇ ਹਾਂ ਕਿ ਤੁਸੀਂ ਅਗਰ ਇਸ ਕੰਮ ਵਾਸਤੇ ਕੋਈ ਟੈਕਸ ਲਗਾਉਣਾ ਚਾਹੁੰਦੇ ਹੋ ਤਾਂ ਲਗਾ ਲਵੋ। ਲੇਕਿਨ ਇਨ੍ਹਾਂ ਦੋ ਪ੍ਰਾਜੈਕਟਾਂ ਨੂੰ ਸਿਰੇ ਚੜ੍ਹਾਓ। (ਥੰਪਿੰਗ) ਅਸੀਂ ਤੁਹਾਨੂੰ ਕੋਆਪ੍ਰੇਟ ਕਰਾਂਗੇ।.....

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਤੁਸੀਂ ਤਿੰਨਾਂ ਸਾਲਾਂ ਵਿਚ 20 ਕਰੋੜ ਲਗਾਇਆ ਹੈ। ਅਸੀਂ ਇਕ ਸਾਲ ਵਿਚ 12 ਕਰੋੜ ਲਗਾਉਣਾ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਨਾ ਥੀਂਨ ਡੈਮ ਦੀ ਜਗ੍ਹਾ ਵੇਖੀ ਹੈ ਔਰ ਨਾ ਹੀ ਕਾਗਜ਼ ਵੇਖੇ ਹਨ। ਇਨ੍ਹਾਂ ਵਿਚਾਰਿਆਂ ਨੂੰ ਕੀ ਪਤਾ ਹੈ ? (ਹਾਸਾ) ਸਾਡਾ ਇਕ ਸਾਲ ਤਾਂ ਗੱਲ ਬਾਤ ਵਿਚ ਲੰਘ ਲਿਆ। ਮੈਂ ਸਮਝਦਾ ਹਾਂ ਕਿ ਇਹ ਕੈਡਿਟੇਬਲ ਗੱਲ ਹੈ ਕਿ ਦੋ ਸਾਲਾਂ ਵਿਚ 20 ਕਰੋੜ ਰੁਪਿਆ ਉਥੇ ਪੰਜਾਬ ਸਰਕਾਰ ਦਾ ਖਰਚ ਹੋਇਆ। ਸੈਂਟਰਲ ਗੌਰਮਿੰਟ ਰੇਲਵੇ ਲਾਈਨ ਬਣਾ ਰਹੀ ਹੈ। ਇਹ ਕਹਿੰਦੇ ਹਨ ਕਿ ਮਨਜ਼ੂਰੀ ਨਹੀਂ ਆਈ। ਜੇਕਰ ਮਨਜ਼ੂਰੀ ਨਾ ਆਈ ਹੁੰਦੀ ਤਾਂ ਰੇਲਵੇ ਲਾਈਨ ਕਿਸ ਤਰ੍ਹਾਂ ਬਣ ਸਕਦੀ ਸੀ। ਸੈਂਟਰਲ ਗੌਰਮਿੰਟ ਨੂੰ ਚਾਰ ਕਰੋੜ ਰੁਪਿਆ ਦਿੱਤਾ ਸੀ ਮਸ਼ੀਨਰੀ ਮੰਗਾਉਣ ਲਈ ਔਰ ਉਨ੍ਹਾਂ ਨੇ ਮਸ਼ੀਨਰੀ ਮੰਗਵਾ ਲਈ। ਸਟਾਫ ਵਾਸਤੇ ਮਕਾਨ ਬਣ ਗਏ ਹਨ। ਧਾਰ ਬਲਾਕ ਦੇ ਐਮ.ਐਲ.ਏ. ਸਾਹਿਬ ਜਿਹੜੇ ਹਨ, ਉਨ੍ਹਾਂ ਨੂੰ ਸਾਰਾ ਪਤਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਥੋੜ੍ਹੀ ਜਿਹੀ ਹਿੰਮਤ ਕਰੋ ਤਾਂ ਇਹ ਬਣ ਜਾਵੇਗਾ। ਫਿਰ ਰੋਪੜ ਥਰਮਲ ਪਲਾਂਟ ਹੈ। ਸੰਨ 1971 ਵਿਚ ਜਦੋਂ ਸਾਡੀ ਸਰਕਾਰ ਸੀ ਉਸ ਨੇ ਇਕ ਪ੍ਰੋਪੋਜ਼ਲ ਬਣਾਈ ਔਰ ਜਿਵੇਂ ਅਸੀਂ ਫਾਈਲ ਬਣਾਈ ਸੀ ਉਸੇ ਤਰ੍ਹਾਂ ਹੀ ਸਾਨੂੰ ਉਹ ਗਰਦ ਨਾਲ ਭਰੀ ਹੋਈ ਮਿਲੀ। ਜਦੋਂ ਅਸੀਂ ਫਿਰ ਆਏ ਤਾਂ ਗਰਦ ਝਾੜ ਕੇ ਉਸ ਪਲਾਂਟ ਦੀ ਮਨਜ਼ੂਰੀ ਲਿਆਂਦੀ। (ਥੰਪਿੰਗ) ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿਚ ਇਹ ਪਹਿਲੀ ਪੰਜਾਬ ਦੀ ਸਰਕਾਰ ਹੈ ਜਿਸ ਨੇ ਦੋ ਵੱਡੇ ਪ੍ਰਾਜੈਕਟ ਸੈਂਕਸ਼ਨ ਕਰਵਾਏ। ਇਨ੍ਹਾਂ ਨੇ ਇਹ ਦਸਾਂ ਸਾਲਾਂ ਵਿਚ ਨਹੀਂ ਲਿਆਂਦੇ। ਮੈਂ ਤਾਂ ਪੂਰੇ ਫੈਕਟਸ ਦੇ ਕੇ ਦੱਸ ਰਿਹਾ ਹਾਂ ਕਿ ਤੁਸੀਂ ਕੀ ਕੀਤਾ ਹੈ ਔਰ ਅਸੀਂ ਕੀ ਕੀਤਾ ਹੈ ਔਰ ਤੁਸੀਂ ਅੱਗੋਂ ਕੀ ਕਰੋਗੇ ? ਮੈਂ ਤਾਂ ਇਹ ਵੀ ਦੱਸ ਰਿਹਾ ਹਾਂ ਕਿ ਤੁਸੀਂ ਅੱਗੋਂ ਕੀ ਕਰਨਾ ਹੈ। ਮੈਂ ਇਨ੍ਹਾਂ ਦੋਹਾਂ ਚੀਜ਼ਾਂ ਦਾ ਮੁਕਾਬਲਾ ਕਰਕੇ ਦੱਸ ਰਿਹਾ ਹਾਂ (ਵਿਘਨ) ਸਾਡੇ ਸੂਬੇ ਵਿਚ ਵੱਡੀ ਪ੍ਰਾਬਲਮ ਪਾਵਰ ਦੀ ਹੈ। ਪਾਵਰ ਦੋ ਤਰੀਕਿਆਂ ਨਾਲ ਜੈਨਰੇਟ ਹੁੰਦੀ ਹੈ। (ਵਿਘਨ) ਜ਼ਰਾ ਧਿਆਨ ਦਿਓ ਤਾਂ ਮੈਂ ਬੋਲ ਲਵਾਂ। ਸੋ, ਮੈਂ ਅਰਜ਼ ਕਰਦਾ ਹਾਂ ਕਿ ਇਕ ਤਾਂ ਪਾਵਰ ਕੁਨੈਕਸ਼ਨ ਦਿੱਤੇ ਜਾਂਦੇ ਹਨ। ਉਨ੍ਹਾਂ ਤੋਂ ਪਤਾ ਇਸ ਗੱਲ ਦਾ ਲੱਗ ਸਕਦਾ ਹੈ ਕਿ ਇਸ ਸਬੰਧ ਵਿਚ ਤੁਸੀਂ ਕੀ ਕੀਤਾ ਔਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਅਸੀਂ ਕੀ ਕੀਤਾ ? ਪਾਵਰ ਕੁਨੈਕਸ਼ਨ ਇਕ ਤਾਂ ਟਿਊਬਵੈਲਾਂ ਨੂੰ ਦਿੱਤੇ ਜਾਂਦੇ ਹਨ ਅੱਰ ਦੂਜੇ ਇੰਡਸਟਰੀ ਨੂੰ ਦਿੱਤੇ ਜਾਂਦੇ ਹਨ। ਮੈਂ ਟਿਊਬਵੈਲ ਕੁਨੈਕਸ਼ਨਾਂ ਦੀ ਗੱਲ ਦੱਸਦਾ ਹਾਂ। ਸੰਨ 1972-73, 1973-74, 1974-75, 1975-76 ਅੱਰ 1976-77 ਦੇ ਇਨ੍ਹਾਂ ਪੰਜਾਂ ਸਾਲਾਂ ਵਿਚ ਜਿਹੜੇ ਇਨ੍ਹਾਂ ਨੇ ਟਿਊਬਵੈਲ ਕੁਨੈਕਸ਼ਨ ਦਿੱਤੇ, ਉਹ ਹਨ 71,003। ਇਸ ਤਰ੍ਹਾਂ ਇਨ੍ਹਾਂ ਨੇ 1976 ਵਿਚ 12 ਹਜ਼ਾਰ, ਇਕ ਸਾਲ ਵਿਚ 9 ਹਜ਼ਾਰ ਅੱਰ ਇਕ ਸਾਲ ਵਿਚ 21 ਹਜ਼ਾਰ ਦਿੱਤੇ ਹਨ। ਸੋ, ਤੁਸੀਂ ਪੰਜਾਂ ਸਾਲਾਂ ਵਿੱਚ 71 ਹਜ਼ਾਰ ਕੁਨੈਕਸ਼ਨ ਦਿੱਤੇ ਅੱਰ ਅਸੀਂ ਤਿੰਨ ਸਾਲਾਂ ਵਿਚ 94,524 ਦਿੱਤੇ। (ਥੰਪਿੰਗ) ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਤਾਂ ਤੁਸੀਂ ਕੋਈ ਸਾਡੇ ਨਾਲੋਂ ਵੱਡੀ ਲਕੀਰ ਖਿੱਚੀ ਹੁੰਦੀ ਤਾਂ ਅਸੀਂ ਮੰਨਦੇ ਹਾਂ ਕਿ ਸਾਡੇ ਤੋਂ ਜ਼ਿਆਦਾ ਕੰਮ ਤੁਸੀਂ ਅਗੇ ਕਰੋਗੇ। ਸਾਡੀ ਐਵਰੇਜ ਕੁਨੈਕਸ਼ਨ ਦੇਣ ਦੀ ਇਕ ਸਾਲ ਦੀ 31 ਹਜ਼ਾਰ ਸੀ। ਜੇਕਰ ਤੁਸੀਂ ਇਸ ਦਾ ਟਾਰਗੈਟ 32 ਹਜ਼ਾਰ ਰਖਦੇ ਤਾਂ ਅਸੀਂ ਕਹਿੰਦੇ ਕਿ ਤੁਸੀਂ ਕੰਮ ਵੱਧ ਕਰੋਗੇ। ਪਰ ਤੁਸੀਂ ਐਤਕੀਂ ਐਵਰੇਜ 28 ਹਜ਼ਾਰ ਕੁਨੈਕਸ਼ਨ ਇਕ ਸਾਲ ਵਿਚ ਦੇਣ ਦਾ ਟੀਚਾ ਰਖਿਆ ਹੈ। ਇਸ ਤਰ੍ਹਾਂ ਨਾਲ 31 ਹਜ਼ਾਰ ਤੋਂ ਐਵਰੇਜ਼ ਘੱਟਕੇ 28 ਹਜ਼ਾਰ ਹੋ ਗਈ ਹੈ। ਫਿਰ ਕੰਮ ਵੱਧ ਕਿਸ ਨੇ ਕੀਤਾ ਹੈ, ਇਹ ਤੁਸੀਂ ਆਪ ਹੀ ਵੇਖ ਲਵੋ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਕੁਨੈਕਸ਼ਨ ਵੱਧ ਦੇਣੇ ਚਾਹੀਦੇ ਹਨ। ਇੰਡਸਟਰੀ ਨੂੰ ਵੀ ਵੱਧ ਇਲੈਕਟ੍ਰਿਕ ਕੁਨੈਕਸ਼ਨ ਦੇਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੰਜ ਸਾਲਾਂ ਵਿਚ 8,859 ਕੁਨੈਕਸ਼ਨ ਇੰਡਸਟਰੀ ਨੂੰ ਦਿੱਤੇ ਅੱਰ ਅਸੀਂ ਤਿੰਨ ਸਾਲਾਂ ਵਿਚ 12,688 ਦਿੱਤੇ (ਥੰਪਿੰਗ) (ਵਿਘਨ) ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਥੇ ਹਰੀਜਨਾਂ ਦੀ ਜਾਂ ਸ਼ਡਿਊਲਡ ਕਾਸਟਸ ਦੀ ਗੱਲ ਨਹੀਂ ਹੋ ਰਹੀ। ਗੱਲ ਇਹ ਹੈ ਕਿ ਤੁਸੀਂ ਓਵਰਆਲ ਕਿਤਨਾਂ ਕੰਮ ਕੀਤਾ ਹੈ ਅੱਰ ਅਸੀਂ ਕਿਤਨਾਂ ਕੀਤਾ ਹੈ, ਇਹ ਵੇਖਣਾ ਚਾਹੀਦਾ ਹੈ। ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਤੁਸੀਂ ਵੱਧ ਕੰਮ ਕੀਤਾ ਹੈ ਜਾਂ ਅਸੀਂ ਕੀਤਾ ਹੈ। ਜੈਨਰੇਸ਼ਨ ਆਫ ਪਾਵਰ ਦੀ ਗੱਲ ਵੀ ਲੈ ਲਵੋ। ਤੁਹਾਡੇ ਆਪਣੇ ਟਾਈਮ ਵਿਚ ਜਦੋਂ ਤੁਹਾਡੀ ਸਰਕਾਰ ਸੀ ਤਾਂ 3,08,000 ਯੂਨਿਟ ਹੋਈ ਸੀ। ਇਹ ਪੰਜ ਸਾਲਾਂ ਵਿਚ ਤੁਸੀਂ ਕੀਤਾ। ਇਕ ਗੱਲ ਮੈਂ ਜ਼ਰੂਰ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਇਹ ਜਿਹੜਾ ਫਲੈਟ ਰੇਟ ਨੂੰ ਤਬਦੀਲ ਕਰਨ ਲਈ ਸੋਚ ਰਹੇ ਹਨ, ਉਸ ਨੂੰ ਤਬਦੀਲ ਨਾ ਕਰਨ। ਇਹ ਫਲੈਟ ਰੇਟ ਹੀ ਰੱਖਣ ਜਿਸ ਨਾਲ ਕਿ ਕਿਸਾਨ ਤੇ ਹੋਰ ਬੋਝ ਨਾ ਪਵੇ। ਇਕ ਗੱਲ ਜ਼ਰੂਰ ਕਰਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਮੇਨ ਜਿਹੜੀ ਪ੍ਰਾਬਲਮ ਹੈ ਉਹ ਪਾਵਰ ਦੀ ਹੈ। ਇਹ ਨਹੀਂ ਦੱਸਦੇ ਕਿ ਪਾਵਰ ਕਿਸ ਤਰ੍ਹਾਂ ਨਾਲ ਵਧਾਉਣੀ ਹੈ ਬਲਕਿ ਇਹ ਕਹਿੰਦੇ ਹਨ ਕਿ ਅਸੀਂ ਮੁਕੇਰੀਆਂ ਹਾਈਡਲ ਅਤੇ ਅਨੰਦਪੁਰ ਹਾਈਡਲ ਦਾ ਕੰਮ 8 ਮਹੀਨੇ ਪਹਿਲੇ ਮੁਕਾ ਦਿਆਂਗੇ। ਪਰ ਮੈਂ ਕਹਿੰਦਾ ਹਾਂ ਕਿ ਇਸ ਨਾਲ ਸਾਡੀ ਸੈਟਿਸਫੈਕਸ਼ਨ ਨਹੀਂ ਹੁੰਦੀ। ਸਾਡੀ ਸੈਟਿਸਫੈਕਸ਼ਨ ਤਾਂ ਹੁੰਦੀ ਹੈ ਜੇ ਪਾਵਰ ਵੱਧੇ।

ਇਸੇ ਤਰ੍ਹਾਂ ਇਰੀਗੇਸ਼ਨ ਦੇ ਬਾਰੇ ਮੈਂ ਗਲ ਕਰਦਾ ਹਾਂ।

(ਇਸ ਵੇਲੇ ਮੁੱਖ ਮੰਤਰੀ ਸਾਹਿਬ ਕਿਸੇ ਕੰਮ ਲਈ ਹਾਊਸ ਵਿਚੋਂ ਬਾਹਰ ਗਏ।)

ਡਿਪਟੀ ਸਪੀਕਰ ਸਾਹਿਬ, ਮੇਰੀਆਂ ਗੱਲਾਂ ਇਨ੍ਹਾਂ ਨੂੰ ਸੁਣਨੀਆਂ ਔਖੀਆਂ ਹੋ ਜਾਂਦੀਆਂ ਹਨ। ਇਸ ਤਰ੍ਹਾਂ ਕਦੇ ਨਹੰ ਹੋਇਆ ਕਿ ਲੰਡਰ ਆਫ ਦੀ ਆਪੋਜ਼ੀਸ਼ਨ ਬੋਲ ਰਿਹਾ ਹੋਵੇ ਅਤੇ ਸੀ.ਐਮ. ਸਾਹਿਬ ਉਠ ਕੇ ਹਾਊਸ ਵਿਚੋਂ ਬਾਹਰ ਚਲੇ ਜਾਣ। ਪਰ ਅਸਲ ਗਲ ਇਹ ਹੈ ਕਿ ਇਨ੍ਹਾਂ ਨੂੰ ਮੇਰੀਆਂ ਗੱਲਾਂ ਸੁਣ ਕੇ ਪਸੀਨਾ ਆ ਜਾਂਦਾ ਹੈ (ਹਾਸਾ)

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਇਰੀਗੇਸ਼ਨ ਦੀ ਇੰਪਰੂਵਮੈਂਟ ਬਾਰੇ ਦਸਣਾ ਚਾਹੁੰਦਾ ਹਾਂ। ਮੈਂ ਤੁਹਾਨੂੰ ਦੱਸਦਾ ਹਾਂ ਕਿ ਅਸੀਂ ਹਰ ਸਾਲ ਏਰੀਆ ਅੰਡਰ ਇਰੀਗੇਸ਼ਨ ਇਨਕਰੀਜ਼ ਕਰਦੇ ਗਏ। ਇਨ੍ਹਾਂ ਦੇ ਰਾਜ ਵਿਚ 52 ਹਜ਼ਾਰ ਏਕੜ ਏਰੀਆ ਅੰਡਰ ਇਰੀਗੇਸ਼ਨ ਹਰ ਸਾਲ ਇਨਕਰੀਜ਼ ਹੁੰਦਾ ਰਿਹਾ। ਲੇਕਿਨ ਜਦੋਂ ਸਾਡੀ ਸਰਕਾਰ ਆਈ ਤਾਂ ਪਹਿਲੇ ਸਾਲ ਹੀ 1.95 ਲੱਖ ਏਕੜ ਏਰੀਆ ਅੰਡਰ ਇਰੀਗੇਸ਼ਨ ਇਨਕਰੀਜ਼ ਹੋਇਆ ਅੱਰ ਦੂਸਰੇ ਸਾਲ 1.15 ਲੱਖ ਏਕੜ ਇਨਕਰੀਜ਼ ਹੋਇਆ। ਮੈਂ ਇਸ ਦਾ ਕਾਰਨ ਵੀ ਦੱਸਦਾ ਹਾਂ ਕਿ ਇਹ ਕਿਸ ਤਰ੍ਹਾਂ ਇਨਕਰੀਜ਼ ਹੋਈ। ਸੀ.ਐਮ. ਸਾਹਿਬ ਆ ਗਏ ਹਨ .....

ਮੁੱਖ ਮੰਤਰੀ : ਤੁਹਾਨੂੰ ਪਸੀਨਾ ਆਏਗਾ ਤਾਂ ਅਸੀਂ ਏਅਰ ਕੰਡੀਸ਼ਨ ਵਿਚ ਰਖਾਂਗੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਮੈਨੂੰ ਤਾਂ ਪਸੀਨਾ ਆਉਂਦਾ ਹੀ ਨਹੀਂ, ਭਾਵੇਂ ਤੁਸੀਂ ਜੇਲ੍ਹ ਅੰਦਰ ਕਰ ਦਿਓ।

ਮੁੱਖ ਮੰਤਰੀ : ਜੇਲ੍ਹ ਅੰਦਰ ਮੈਂ ਤਾਂ ਨਹੀਂ ਕਰਨਾ। ਆਪਣੇ ਕੰਮਾਂ ਨਾਲ ਜਾਓਗੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਅਸੀਂ ਜ਼ਰੂਰ ਜੇਲ੍ਹ ਜਾਵਾਂਗੇ ਅੱਰ ਪੰਜਾਬ ਦੇ ਲੋਕਾਂ ਵਾਸਤੇ ਜਾਵਾਂਗੇ। ਅਸੀਂ ਐਮਰਜੈਂਸੀ ਵਿੱਚ ਵੀ ਆਪਣੇ ਕੰਮਾਂ ਨਾਲ ਗਏ ਸੀ ਅੱਰ ਹੁਣ ਵੀ ਆਪਣੇ ਕੰਮਾਂ ਨਾਲ ਹੀ ਜਾਵਾਂਗੇ (ਤਾੜੀਆਂ)

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ ਮੈਂ ਕੋਈ ਕਾਗਜ਼ ਲੈਣ ਗਿਆ ਸੀ ਤਾਂ ਪਿੱਛੋਂ ਇਨ੍ਹਾਂ ਨੇ ਪਸੀਨੇ ਦੀ ਗੱਲ ਕੀਤੀ ਹੈ। ਇਸ ਕਰਕੇ ਮੈਂ ਕਿਹਾ ਸੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਸੋਚਿਆ ਸੀ ਕਿ ਸ਼ਾਇਦ ਚੀਫ਼ ਮਨਿਸਟਰ ਸਾਹਿਬ ਬਾਹਰ ਚਲੇ ਗਏ ਹਨ। ਮੈਂ ਦੱਸ ਰਿਹਾ ਸੀ ਕਿ ਇਰੀਗੇਸ਼ਨ ਵਿਚ ਅਸੀਂ ਕਿਨ੍ਹਾਂ ਕਾਰਣਾਂ ਕਰਕੇ ਤਰੱਕੀ ਕੀਤੀ ਸੀ। ਉਸ ਦੇ ਦੋ ਕਾਰਨ ਹਨ, ਇਕ ਲਾਈਨਿੰਗ ਆਫ਼ ਚੈਨਲਜ਼ ਅਤੇ ਦੂਜਾ ਲਾਈਨਿੰਗ ਆਫ਼ ਵਾਟਰ ਕੋਰਸਿਜ਼। ਮੈਂ ਦੱਸਦਾ ਹਾਂ ਕਿ 1977 ਤਕ ਪਿਛਲੇ 30 ਸਾਲਾਂ ਵਿੱਚ ਸਿਰਫ਼ 480 ਕਿਲੋਮੀਟਰ ਚੈਨਲਜ਼ ਦੀ ਲਾਈਨਿੰਗ ਹੋਈ ਸੀ। ਪਰ ਜਦੋਂ ਸਾਡੀ ਸਰਕਾਰ ਆਈ ਤਾਂ 2 ਸਾਲਾਂ ਵਿਚ ਹੀ 925 ਕਿਲੋਮੀਟਰ ਚੈਨਲਜ਼ ਦੀ ਲਾਈਨਿੰਗ ਕਰ ਦਿੱਤੀ। ਲੱਗਭਗ ਇਨ੍ਹਾਂ ਦੇ 30 ਸਾਲਾਂ ਨਾਲੋਂ ਦੁੱਗਣਾ ਕੰਮ ਕਰ ਦਿੱਤਾ। ਇਸੇ ਤਰ੍ਹਾਂ ਹੀ ਵਾਟਰ ਕੋਰਸਿਜ਼ ਜਿਹੜੇ ਹਨ ਇਹ 1977 ਤਕ 750 ਕਿਲੋਮੀਟਰ ਪੱਕੇ ਕੀਤੇ ਗਏ ਸਨ ਪਰ ਅਸੀਂ ਇਹ ਵਧਾ ਕੇ 2287 ਕਿਲੋਮੀਟਰ ਪੱਕੇ ਕਰ ਦਿੱਤੇ (ਤਾੜੀਆਂ) ਮੇਰਾ ਖਿਆਲ ਹੈ ਕਿ ਇਨ੍ਹਾਂ ਦੇ 30 ਸਾਲਾਂ ਦੇ ਕੰਮ ਨਾਲੋਂ 4 ਗੁਣਾ ਜ਼ਿਆਦਾ ਸਿਰਫ਼ 2 ਸਾਲਾਂ ਵਿਚ ਹੀ ਵਾਟਰ ਕੋਰਸਿਜ਼ ਪੱਕੇ ਕੀਤੇ। ਇਸ ਤਰ੍ਹਾਂ ਨਾਲ ਅਸੀਂ ਪੰਜਾਬ ਦੀ ਤਰੱਕੀ ਕੀਤੀ।

ਡਿਪਟੀ ਸਪੀਕਰ ਸਾਹਿਬ, ਇਥੇ ਸਬਸਿਡੀ ਦੀ ਗੱਲ ਕਰਦੇ ਹੋਏ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਕਿਸਾਨ ਬੜੇ ਐਜੀਟੇਟਿਡ ਹਨ। ਅਸੀਂ 25% ਸਬਸਿਡੀ ਦਾ ਮਾਰਕਿਟਿੰਗ ਬੋਰਡ ਵਲੋਂ ਦੇਣ ਦਾ ਫੈਸਲਾ ਕਰ ਦਿੱਤਾ ਸੀ। ਪਰ ਉਸ ਵੇਲੇ ਇਹ ਕੋਰਟ ਵਲੋਂ ਸਟ੍ਰਾਈਕ ਡਾਊਨ ਕਰ ਦਿੱਤਾ ਗਿਆ ਅਤੇ ਅਸੀਂ ਇਹ ਪੈਸਾ ਉਥੇ ਨਾ ਖਰਚ ਸਕੇ। ਇਹ ਪੈਸਾ ਹੋਰ ਡਿਵੈਲਪਮੈਂਟ ਦੇ ਕੰਮਾਂ ਤੇ ਖਰਚ ਕਰ ਦਿੱਤਾ। ਪਰ ਇਸ ਤੋਂ ਬਾਅਦ ਅਸੀਂ ਇਹ ਫੈਸਲਾ ਕੀਤਾ ਸੀ, ਤੁਸੀਂ ਆਪਣੇ ਅਫ਼ਸਰਾਂ ਨੂੰ ਪੁੱਛ ਲੈਣਾ ਕਿ ਸਰਕਾਰ 50% ਸਬਸਿਡੀ ਦੇਣਾ ਚਾਹੁੰਦੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਅਗਲੀ ਮੀਟਿੰਗ ਵਿੱਚ ਇਸ ਦੇ ਬਾਰੇ ਪਰਪੋਜ਼ਲ ਲੈ ਆਉਣਾ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਹੁਣ ਇਨ੍ਹਾਂ ਨੂੰ ਉਸ ਫੈਸਲੇ ਦੇ ਮੁਤਾਬਿਕ 50% ਸਬਸਿਡੀ ਕਿਸਾਨਾਂ ਨੂੰ ਦੇਣੀ ਚਾਹੀਦੀ ਹੈ। (ਤਾੜੀਆਂ)।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਫ. ਐਮ. ਸਾਹਿਬ ਨੂੰ ਇਕ ਗਲ ਕਹਿਣੀ ਚਾਹਵਾਂਗਾ ਕਿ ਜਿਹੜਾ ਕੰਡੀ ਦਾ ਇਲਾਕਾ ਹੈ, ਰੋਪੜ ਅਤੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਦਾ, ਇਥੇ ਪਾਣੀ ਦੀ ਬਹੁਤ ਕਮੀ ਹੈ। ਮੈਂ ਉਥੇ ਗਿਆ ਸੀ, ਮੈਂ ਆਪ ਵੇਖਿਆ ਹੈ ਕਿ ਉਥੋਂ ਦੇ ਲੋਕਾਂ ਨੂੰ ਪੀਣ ਲਈ ਤਾਂ ਚਾਹੇ ਪਾਣੀ ਦੀ ਬੂੰਦ ਮਿਲ ਜਾਵੇ ਪਰ ਖੇਤੀ ਲਈ ਇਕ ਬੂੰਦ ਵੀ ਪਾਣੀ ਦੀ ਨਹੀਂ ਸੀ ਮਿਲਦੀ। ਮੈਂ ਉਥੇ ਸਾਰੇ ਚੀਫ਼ ਇੰਜੀਨੀਅਰਜ਼ ਇਕੱਠੇ ਕੀਤੇ ਅੱਤੇ ਉਨ੍ਹਾਂ ਨੂੰ ਕਿਹਾ ਕਿ ਕੰਡੀ ਦੇ ਇਲਾਕੇ ਦੇ ਲੋਕਾਂ ਨੂੰ ਪਾਣੀ ਜ਼ਰੂਰ ਮਿਲਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਕੰਡੀ ਕੈਨਾਲ ਉਥੇ ਬਣਾਈ ਗਈ। ਜਿਵੇਂ ਕਿਸੇ ਵੇਲੇ ਫਰਿਆਦ ਨੇ ਸ਼ੀਰੀਂ ਦੇ ਕਹਿਣ ਤੇ ਉਥੇ ਕੈਨਾਲ ਚਲਾ ਦਿੱਤੀ ਸੀ ਉਸੇ ਤਰ੍ਹਾਂ ਹੀ ਅਸੀਂ ਲੋਕਾਂ ਦੇ ਕਹਿਣ ਤੇ ਉਥੇ ਕੈਨਾਲ ਚਲਾ ਦਿੱਤੀ। (ਤਾੜੀਆਂ) (ਹਾਸਾ) ਡਿਪਟੀ ਸਪੀਕਰ ਸਾਹਿਬ, ਮੈਨੂੰ ਤਾਂ ਸਿਰਫ਼ ਪੰਜਾਬ ਦੀ ਯਾਦ ਹੈ ਇਸ ਲਈ ਮੈਂ ਪੰਜਾਬ ਦੀ ਹੀ ਗਲ ਕੀਤੀ ਹੈ ਕਿਉਂਕਿ ਫਰਿਆਦ ਪੰਜਾਬ ਦਾ ਸੀ। ਇਸੀ ਕੰਡੀ ਕੈਨਾਲ ਨਾਲ 46 ਹਜ਼ਾਰ ਏਕੜ ਜ਼ਮੀਨ ਇਰੀਗੇਟ ਹੋਵੇਗੀ।

ਵਿੱਤ ਮੰਤਰੀ : : ਇਹ ਤਾਂ ਮੈਂ ਦਸਾਂਗਾ ਕਿ ਫਰਿਆਦ ਕੌਣ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਸੇ ਤਰ੍ਹਾਂ ਲਿਫਟ ਇਰੀਗੇਸ਼ਨ ਦੀ ਸਕੀਮ ਵੀ ਅਸੀਂ ਚਾਲੂ ਕੀਤੀ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਵਰਲਡ ਬੈਂਕ ਤੋਂ ਸੀਵਰੇਜ ਲੈ ਕਰਨ ਵਾਸਤੇ ਅਸੀਂ 300 ਕਰੋੜ ਰੁਪਿਆ ਲਿਆਂਦਾ ਸੀ ਇਹ ਕੰਮ ਪਿੰਡਾਂ ਵਿਚ ਹੀ ਨਹੀਂ ਹੋਣਾ ਬਲਕਿ ਸ਼ਹਿਰਾਂ ਵਿਚ ਵੀ ਇਸ ਪੈਸੇ ਦੇ ਨਾਲ ਸੀਵਰੇਜ ਹੋਣੇ ਹਨ। ਇਸ ਦੇ ਨਾਲ ਹੀ ਹੋਰ ਵੀ ਕਈ ਪਰਾਜੈਕਟਸ ਅਸੀਂ ਸ਼ੁਰੂ ਕੀਤੇ।

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਸਕੀਮ ਦੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੋ ਪਿੰਡਾਂ ਵਿਚ ਤਰੱਕੀ ਦੀਆਂ ਸਕੀਮਾਂ ਅਸੀਂ ਸ਼ੁਰੂ ਕੀਤੀਆਂ ਸਨ ਉਨ੍ਹਾਂ ਨੂੰ ਇਹ ਇਸ ਨੁਕਤਾ ਨਿਗਾਹ ਨਾਲ ਨਾ ਵੇਖਣ ਕਿ ਇਹ ਉਸ ਪਾਰਟੀ ਦੀਆਂ ਸਕੀਮਾਂ ਸਨ ਬਲਕਿ ਜਿਹੜੀਆਂ ਅਸੀਂ ਤਰੱਕੀ ਦੀਆਂ ਸਕੀਮਾਂ ਸ਼ੁਰੂ ਕੀਤੀਆਂ ਸਨ ਉਨ੍ਹਾਂ ਨੂੰ ਸਿਰੇ ਚੜ੍ਹਾਉਣ।

ਡਿਪਟੀ ਸਪੀਕਰ ਸਾਹਿਬ, ਆਦਰਸ਼ ਸਕੂਲਾਂ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਸ ਬਾਰੇ ਇਥੇ ਕ੍ਰਿਟੀਸਿਜ਼ਮ ਕੀਤਾ ਹੈ। ਪਰ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਮੇਰੇ ਨਾਲ ਚਲਣ, ਆਦਰਸ਼ ਸਕੂਲਾਂ ਦੇ ਬੱਚੇ ਵੇਖਣ, ਉਨ੍ਹਾਂ ਨਾਲ ਗਲਬਾਤ ਕਰਨ, ਉਨ੍ਹਾਂ ਦੇ ਪੇਰੈਂਟਸ ਨਾਲ ਗਲ ਕਰਨ ਤਾਂ ਇਨ੍ਹਾਂ ਨੂੰ ਪਤਾ ਲਗੇਗਾ ਕਿ ਇਨ੍ਹਾਂ ਸਕੂਲਾਂ ਨਾਲ ਕਿੰਨਾਂ ਫਾਇਦਾ ਹੋਇਆ ਹੈ। ਫਿਰ ਇਥੇ ਸਿਰਫ਼ ਅਮੀਰਾਂ ਦੇ ਹੀ ਬੱਚੇ ਨਹੀਂ ਪੜ੍ਹਦੇ, ਸਗੋਂ ਗਰੀਬ ਕਿਸਾਨਾਂ ਦੇ ਅਤੇ ਹਰੀਜਨਾਂ ਦੇ ਬੱਚੇ ਵੀ ਪੜ੍ਹਦੇ ਹਨ। ਇਹ ਆਦਰਸ਼ ਸਕੂਲ ਬਣਾਉਣ ਦੀ ਸਕੀਮ ਬਹੁਤ ਚੰਗੀ ਸਕੀਮ ਸੀ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਦੇ ਹੋਰ ਵੀ ਸਕੂਲ ਬਣਾ ਕੇ ਪਿੰਡਾਂ ਵਾਲਿਆਂ ਨੂੰ ਦੇਵੋ।

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਜਿਹੜੇ ਫੋਕਲ ਪੁਆਇੰਟ ਅਸੀਂ ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਸਕੀਮ ਦੇ ਥੱਲੇ 500 ਫੋਕਲ ਪੁਆਇੰਟ ਸਿਲੈਕਟ ਕੀਤੇ ਸਨ ਇਨ੍ਹਾਂ ਵਿਚੋਂ ਹੋ ਸਕਦਾ ਹੈ ਕਿ 10,20 ਜਾਂ 50 ਦੀ ਸਿਲੈਕਸ਼ਨ ਗਲਤ ਹੋ ਗਈ ਹੋਵੇ। ਮੈਂ ਦੱਸਦਾ ਹਾਂ ਕਿ ਡੈਮੋਕਰੇਸੀ ਵਿੱਚ ਸਿਫਾਰਿਸ਼ ਤਾਂ ਚਲਦੀ ਹੀ ਹੈ, ਪਰ ਇਹ ਕਹਿਣਾ ਕਿ ਇਹ ਸਕੀਮ ਹੀ ਗਲਤ ਹੈ, ਠੀਕ ਨਹੀਂ ਬਾਕੀ । ਜੇ ਕੁਝ ਫੋਕਲ ਪੁਆਇੰਟ ਸਿਫਾਰਿਸ਼ ਨਾਲ ਬਣੇ ਹਨ ਤਾਂ ਇਸ ਵਿੱਚ ਕੋਈ ਅਜਿਹੀ ਗਲ ਨਹੀਂ। ਸਿਫਾਰਿਸ਼ ਤਾਂ ਕੈਬਨਿਟ ਵਿਚ ਵੀ ਚਲਦੀ ਹੈ। ਤੁਸੀਂ ਕਹੋ, ਜੇ ਨਹੀਂ ਚਲਦੀ ? ਮੈਂ ਦੱਸਦਾ ਹਾਂ ਕਿ ਜਦੋਂ ਇਨ੍ਹਾਂ ਦੀ ਸਰਕਾਰ ਬਣਨੀ ਸੀ ਤਾਂ ਉਦੋਂ ਇਹ ਜ਼ਰੂਰ ਵੇਖਿਆ ਗਿਆ ਕਿ ਇਹ ਸਰਦਾਰ ਦਰਬਾਰਾ ਸਿੰਘ ਦਾ ਆਦਮੀ ਹੈ, ਇਹ ਗਿਆਨੀ ਜ਼ੈਲ ਸਿੰਘ ਦਾ ਆਦਮੀ ਹੈ ਅੱਤ ਇਹ ਚੌਧਰੀ ਸੁੰਦਰ ਸਿੰਘ ਦਾ ਆਦਮੀ ਹੈ । ਸੋ ਇਸ ਤਰੀਕੇ ਨਾਲ ਸਿਫਾਰਿਸ਼ ਤਾਂ ਚਲਦੀ ਹੀ ਹੈ। ਜਦੋਂ ਵਜ਼ੀਰ ਬਣਾਉਣ ਵਿੱਚ ਵੀ ਸਿਫਾਰਸ਼ ਚਲਦੀ ਹੈ ਤਾਂ ਫਿਰ ਹੋਰ ਕਿਥੇ ਨਹੀਂ ਹੋ ਸਕਦੀ। ਫਿਰ ਜਿਹੜੀ ਲਿਸਟ ਬਣੀ ਸੀ ਉਹ ਵੀ ਬਦਲ ਗਈ ਅਤੇ ਅਜਨਾਲਾ ਸਾਹਿਬ ਦਾ ਨਾਂ ਅਖੀਰ ਵਿਚ ਪੈ ਗਿਆ।

ਮੁੱਖ ਮੰਤਰੀ : ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਆਪਣੀ ਗੱਲ ਕਰਨੀ ਚਾਹੀਦੀ ਹੈ ਕੋਈ ਪਾਲਿਸੀ ਦੀ ਗਲ ਕਰਨੀ ਚਾਹੀਦੀ ਹੈ। ਇਹ ਸਾਡੀ ਗਲ ਕਿਉਂ ਕਰਦੇ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਮੈਂ ਇਨ੍ਹਾਂ ਦੀ ਗਲ ਨਹੀਂ ਕਰਦਾ। ਮੈਂ ਤਾਂ ਇਹ ਕਹਿ ਰਿਹਾ ਸੀ ਕਿ ਇਸ ਪੌਲਿਟਿਕਸ ਵਿਚ ਸਿਫਾਰਿਸ਼ ਤਾਂ ਚਲਦੀ ਹੀ ਹੈ। ਸਿਫਾਰਿਸ਼ ਤੋਂ ਬਿਨਾਂ ਤਾਂ ਕੋਈ ਗਲ ਨਹੀਂ ਹੁੰਦੀ। ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਜਿਹੜੇ ਸਰਕਾਰ ਦੇ ਕੰਮ ਹੁੰਦੇ ਹਨ ਉਨ੍ਹਾਂ ਵਿਚ ਕੁਝ ਨਾ ਕੁਝ ਸਿਫਾਰਿਸ਼ ਤਾਂ ਚਲਦੀ ਹੀ ਹੈ। ਪਰ ਜਿਹੜੇ ਸਰਕਾਰ ਦੇ ਤਰੱਕੀ ਦੇ ਕੰਮ ਹੁੰਦੇ ਹਨ ਉਹ ਨਹੀਂ ਰੁਕਣੇ ਚਾਹੀਦੇ। ਠੀਕ ਹੈ ਅਸੀਂ ਜਿਹੜੀ ਫੋਕਲ ਪੁਆਇੰਟ ਦੀ ਸਿਲੈਕਸ਼ਨ ਕੀਤੀ, ਉਸ ਵਿੱਚ 5, 10 ਦੀ ਗਲਤੀ ਹੋ ਸਕਦੀ ਹੈ ਪਰ ਹੁਣ ਇਸ ਚੀਜ਼ ਨੂੰ ਲੈ ਕੇ ਕੰਮ ਬੰਦ ਕਰ ਦੇਣਾ ਅਤੇ ਇਹ ਕਹਿਣਾ ਕਿ ਇਹ ਸਕੀਮ ਗਲਤ ਹੈ, ਇਸ ਵਿਚ ਲੋਕਾਂ ਦਾ ਫਾਇਦਾ ਨਹੀਂ ਹੈ, ਇਹ ਠੀਕ ਨਹੀਂ ਹੈ। ਇਹ ਸਕੀਮ ਚੰਗੀ ਸੀ। ਇਸ ਦਾ ਲੋਕਾਂ ਨੇ ਸਵਾਗਤ ਕੀਤਾ । ਮੈਂ ਤੁਹਾਨੂੰ ਦਸਾਂਗਾ ਕਿ ਇਨ੍ਹਾਂ ਫੋਕਲ ਪੁਆਇੰਟਾਂ ਦੇ ਬਣਾਉਣ ਨਾਲ ਜੋ ਪਰੋਡਕਸ਼ਨ ਵਿੱਚ ਵਾਧਾ ਹੋਇਆ ਹੈ ਉਹ ਰਿਕਾਰਡ ਤੇ ਹੈ।

ਡਿਪਟੀ ਸਪੀਕਰ ਸਾਹਿਬ, ਅਸੀਂ 55 ਫੋਕਲ ਪੁਆਇੰਟ ਚਾਲੂ ਕੀਤੇ ਸਨ। ਉਥੇ ਜੋ ਵ੍ਹੀਟ ਦੀ ਪਰੋਡਕਸ਼ਨ ਵਿਚ ਵਾਧਾ ਹੋਇਆ ਉਹ 24.57% ਸੀ ਅਤੇ ਜਿਥੇ ਇਹ ਫੋਕਲ ਪੁਆਇੰਟ ਨਹੀਂ ਹਨ ਉਥੇ ਪਰੋਡਕਸ਼ਨ ਵਿਚ ਵਾਧਾ 11.49% ਹੋਇਆ। ਹੁਣ ਤੁਸੀਂ ਦੇਖ ਲਵੋ ਕਿ ਦੁੱਗਣੀ ਨਾਲੋਂ ਜ਼ਿਆਦਾ ਪਰੋਡਕਸ਼ਨ ਵਿੱਚ ਫਰਕ ਪਿਆ ਹੈ। ਇਸੇ ਤਰ੍ਹਾਂ ਰਾਈਸ ਦੀ ਪਰੋਡਕਸ਼ਨ ਵਿੱਚ ਜਿਥੇ ਫੋਕਲ ਪੁਆਇੰਟ ਨਹੀਂ ਸਨ, ਉਥੇ 12.52% ਇਨਕਰੀਜ਼ ਹੋਈ ਅੱਤ ਜਿਥੇ ਫੋਕਲ ਪੁਆਇੰਟ ਬਣਾਏ ਗਏ ਸਨ ਉਥੇ 22.56% ਇਨਕਰੀਜ਼ ਹੋਈ। ਫਿਰ ਜਿਹੜੇ ਉਥੇ ਬੈਂਕ ਬਣਾਏ ਗਏ, ਇਸ ਨਾਲ ਉਨ੍ਹਾਂ ਨੂੰ ਬਹੁਤ ਫਾਇਦਾ ਹੋਇਆ ਹੈ। ਇਸੇ ਤਰ੍ਹਾਂ ਜਿਹੜੇ ਉਥੇ ਮਾਰਕੀਟਿੰਗ ਸੈਂਟਰ ਬਣਾਏ ਗਏ ਸਨ ਉਨ੍ਹਾਂ ਨਾਲ ਵੀ ਕਿਸਾਨਾਂ ਨੂੰ ਬਹੁਤ ਫਾਇਦਾ ਹੋਇਆ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਅੰਦਾਜ਼ਾ ਲਗਾ ਲਓ। ਪਹਿਲੇ ਕਿਸਾਨ ਆਪਣੀ ਪਰੋਡਿਊਸ 10 ਮੀਲ ਦੀ ਦੂਰੀ ਤੇ ਜਾ ਕੇ ਵੇਚਦਾ ਸੀ ਪਰ ਹੁਣ ਫੋਕਲ ਪੁਆਇੰਟ ਬਣਨ ਨਾਲ ਉਸ ਨੇ ਉਹ ਉਪਜ ਇਕ ਮੀਲ ਤੇ ਹੀ ਜਾਕੇ ਵੇਚ ਦਿੱਤੀ। ਉਸਨੂੰ 10 ਮੀਲ ਨਹੀਂ ਜਾਣਾ ਪਿਆ। ਇਸ ਨਾਲ ਉਨ੍ਹਾਂ ਕਿਸਾਨਾਂ ਨੂੰ ਕਿੰਨਾ ਲਾਭ ਹੋਇਆ ਹੈ। ਫਿਰ ਕੋਆਪਰੇਟਿਵ ਸੈਂਟਰ ਖੋਲ੍ਹੇ ਗਏ, ਦੁਕਾਨਾਂ ਖੋਲ੍ਹੀਆਂ ਗਈਆਂ, ਬੈਂਕ ਖੋਲ੍ਹੇ ਗਏ, ਇਨ੍ਹਾਂ ਨਾਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਪਿੰਡਾਂ ਦੇ ਕਿਸਾਨਾਂ ਨੂੰ ਬਹੁਤ ਲਾਭ ਹੋਇਆ ਹੈ। ਹਾਂ, ਜੇ ਕੋਈ ਕੰਮ ਕਿਸੇ ਢੱਕਲ ਪੁਆਇੰਟ ਤੇ ਕਰਨਾ ਰਹਿ ਗਿਆ ਹੈ, ਤਾਂ ਉਸ ਸਕੀਮ ਨੂੰ ਬੰਦ ਕਰਨ ਦੀ ਬਜਾਏ, ਮੈਂ ਸਮਝਦਾ ਹਾਂ ਕਿ ਉਹ ਕੰਮ ਇਸ ਸਰਕਾਰ ਨੂੰ ਜੁਣ ਪੂਰਾ ਕਰਨਾ ਚਾਹੀਦਾ ਹੈ। ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਸਕੀਮ ਪਿਛਲੀ ਸਰਕਾਰ ਦੀ ਸੀ ਇਸ ਲਈ ਇਸ ਨੂੰ ਬਦਲ ਦਿਓ।

ਫਿਰ ਇਥੇ ਪੰਚਾਇਤਾਂ ਦੇ ਬਾਰੇ ਗਲ ਕੀਤੀ ਗਈ ਹੈ। ਇਥੇ ਕਿਹਾ ਗਿਆ ਕਿ ਅਕਾਲੀ ਪਾਰਟੀ ਨੇ ਪੰਚਾਇਤੀ ਰਾਜ ਨੂੰ ਖਤਮ ਕਰ ਦਿੱਤਾ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਪੰਚ ਦੀ ਡਾਇਰੈਕਟ ਇਲੈਕਸ਼ਨ ਬੰਦ ਕਰਕੇ ਇਨਡਾਇਰੈਕਟ ਇਲੈਕਸ਼ਨ ਕਰਵਾਉਣ ਨਾਲ ਪੰਚਾਇਤੀ ਰਾਜ ਖਤਮ ਹੋ ਗਿਆ ਹੈ? (ਵਿਘਨ) ਤੁਸੀਂ ਸੁਣੋ, ਮੈਂ ਤੁਹਾਡੀ ਹੁਣੇ ਹੀ ਤਸੱਲੀ ਕਰਵਾ ਦਿੰਦਾ ਹਾਂ।.....

ਸ਼੍ਰੀ ਡਿਪਟੀ ਸਪੀਕਰ: ਬਾਦਲ ਸਾਹਿਬ, ਕਿੰਨਾ ਟਾਈਮ ਹੋਰ ਲਵੋਗੇ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਮੈਂ ਹਾਲੇ ਇੱਕ ਘੰਟਾ ਹੋਰ ਲਵਾਂਗਾ।

ਸ਼੍ਰੀ ਡਿਪਟੀ ਸਪੀਕਰ: ਤੁਹਾਡੇ 55 ਮਿੰਟ ਸਨ ਪਰ ਤੁਸੀਂ ਇਕ ਘੰਟਾ ਅਤੇ 15 ਮਿੰਟ ਲੈ ਲਏ ਹਨ। ਜਲਦੀ ਖਤਮ ਕਰਨ ਦੀ ਕੋਸ਼ਿਸ਼ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਮੈਂ ਪੰਚਾਇਤਾਂ ਦੀ ਇਲੈਕਸ਼ਨ ਬਾਰੇ ਗਲ ਕਰ ਰਿਹਾ ਸੀ। 10,610 ਪੰਚਾਇਤਾਂ ਇਲੈਕਟ ਹੋਈਆਂ। ਸਭ ਤੋਂ ਵੱਡੀ ਖੁਸ਼ੀ ਦੀ ਗਲ ਇਹ ਹੈ ਕਿ ਇਨ੍ਹਾਂ ਵਿਚੋਂ 4,128 ਸਰਪੰਚ ਜਿਹੜੇ ਸਨ, ਉਹ ਯੂਨੈਨੀਮਸਲੀ ਚੁਣੇ ਗਏ। ਸਾਨੂੰ ਖੁਸ਼ੀ ਹੁੰਦੀ ਹੈ ਅਗਰ ਗਰੀਬ ਆਦਮੀ ਅਗੇ ਆ ਸਕਣ। ਇਨ੍ਹਾਂ ਵਿਚੋਂ 589 ਸਰਪੰਚ ਸ਼ਡਿਊਲਡ ਕਾਸਟਸ ਦੇ ਚੁਣੇ ਗਏ ਹਨ। (ਥੰਪਿੰਗ) ਸ਼ਡਿਊਲਡ ਕਾਸਟਾਂ ਦਾ ਪਹਿਲਾਂ ਇੱਕ ਵੀ ਨਹੀਂ ਸੀ ਆਇਆ। ਮੈਂ ਅਸਲ ਗੱਲ ਦੱਸਣਾ ਚਾਹੁੰਦਾ ਹਾਂ। ਹੋ ਸਕਦਾ ਹੈ ਕਿਸੇ ਨੂੰ ਇਸ ਬਾਰੇ ਪਤਾ ਨਾ ਹੋਵੇ ਕਿਉਂਕਿ ਸਾਡੀ ਮਨਸ਼ਾ ਦਾ ਸਾਨੂੰ ਪਤਾ ਹੈ ਅਤੇ ਤੁਹਾਡੀ ਮਨਸ਼ਾ ਦਾ ਤੁਹਾਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੀ ਇਹ ਮਨਸ਼ਾ ਸੀ ਕਿ ਪਿੰਡਾਂ ਵਿਚ ਫੁੱਟ ਨਾ ਪਵੇ, ਏਕਤਾ ਹੋਵੇ, ਪੰਡੂ ਦੋ ਫਾੜ ਨਾ ਹੋਣ। ਪਰ ਕਾਂਗਰਸੀ ਚਾਹੁੰਦੇ ਹਨ ਕਿ ਪਿੰਡਾਂ ਵਿਚ ਫੁੱਟ ਪਵੇ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਦਾ ਇੱਕ ਪ੍ਰਿੰਸੀਪਲ ਹੈ ਕਿ ਫੁੱਟ ਪਾਓ ਅਤੇ ਰਾਜ ਕਰੋ। ਪੰਜਾਬ ਦੀ ਪਵਿੱਤਰ ਧਰਤੀ ਤੇ ਇਹ ਹਿੰਦੂ ਸਿੱਖ ਦਾ ਫਰਕ ਪਾਉਂਦੇ ਰਹੇ ਹਨ। ਮਨਘੜਤ ਬੰਦਿਆਂ ਕੋਲੋਂ ਖਾਲਿਸਤਾਨ ਦੇ ਨਾਅਰੇ ਲਵਾਉਂਦੇ ਹਨ। (ਵਿਘਨ) (ਸ਼ੋਰ) ਮਨਘੜਤ ਸਟੇਟਮੈਂਟਾਂ ਦੇ ਦਿੰਦੇ ਹਨ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ: ਸਰਦਾਰ ਪ੍ਰੇਮ ਸਿੰਘ ਲਾਲਪੁਰਾ ਜੀ ਨੇ ਕਿਹਾ ਸੀ ਕਿ ਪੁਲੀਟੀਕਲ ਅਟਾਨੈਮੀ ਲਵਾਂਗੇ। ਬੇਸ਼ਕ, ਡਿਪਟੀ ਸਪੀਕਰ ਸਾਹਿਬ, ਤੁਸੀਂ ਪ੍ਰੋਸੀਡਿੰਗਜ਼ ਕੱਢਾ ਕੇ ਵੇਖ ਲਓ। ਹੁਣ ਬਾਦਲ ਸਾਹਿਬ, ਕਾਂਗਰਸ ਸਰਕਾਰ ਨੂੰ ਦੋਸ਼ ਦੇ ਰਹੇ ਹਨ।

ਸ਼੍ਰੀ ਡਿਪਟੀ ਸਪੀਕਰ: ਬਾਦਲ ਸਾਹਿਬ, ਵਾਈਂਡ ਅੱਪ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਮੈਂ ਹੈਲਥ ਮਨਿਸਟਰ ਸਾਹਿਬ ਦਾ ਬਹੁਤ ਮਸ਼ਕੂਰ ਹਾਂ। ਮੈਂ ਉਨ੍ਹਾਂ ਦਾ ਬੜਾ ਆਦਰ ਕਰਦਾ ਹਾਂ, ਸਤਿਕਾਰ ਕਰਦਾ ਹਾਂ। ਮੈਨੂੰ ਇੱਕ

Original with;
Punjab Vidhan Sabha
Digitized by;
Panj... Digitized...

ਗੱਲ ਯਾਦ ਆ ਗਈ ਹੈ । ਉਹ ਇਹ ਹੈ ਕਿ ਐਮਰਜੈਂਸੀ ਦੇ ਦਿਨਾਂ ਵਿਚ ਜਦੋਂ ਅਸੀਂ ਜੇਲ੍ਹਾਂ ਅੰਦਰ ਸੀ ਤਾਂ ਸਾਡੇ ਰਿਸ਼ਤੇਦਾਰ ਵੀ ਸਾਨੂੰ ਜੇਲ੍ਹਾਂ ਅੰਦਰ ਮਿਲਣ ਵਾਸਤੇ ਨਹੀਂ ਸਨ ਆਉਂਦੇ। ਮੈਂ ਲੁਧਿਆਣਾ ਜੇਲ੍ਹ ਵਿਚ ਸਾਂ। ਸਾਡੇ ਹੈਲਥ ਮਨਿਸਟਰ, ਜੋ ਲੁਧਿਆਣੇ ਦੇ ਹਨ, ਉਹ ਕਦੇ ਨਾ ਕਦੇ ਸਾਨੂੰ ਮਿਲ ਜਾਇਆ ਕਰਦੇ ਸਨ। ਮੈਂ ਇੱਕ ਗੱਲ ਜਰੂਰ ਕਹਾਂਗਾ। ਉਹ ਗੁੱਸਾ ਨਾ ਕਰਨ ਕਿਉਂਕਿ ਮੈਂ ਇਹ ਗੱਲ ਕਹਿ ਕੇ ਕੋਈ ਉਨ੍ਹਾਂ ਤੇ ਅਟੈਕ ਨਹੀਂ ਕਰ ਰਿਹਾ । ਹੁਣ ਮੈਂ ਹੈਲਥ ਡਿਪਾਰਟਮੈਂਟ ਦੀ ਗੱਲ ਕਰਨਾ ਚਾਹੁੰਦਾ ਹਾਂ। ਕਾਂਗਰਸ ਦੇ 30 ਸਾਲਾਂ ਦੇ ਰਾਜ ਵਿਚ ਸਬ-ਹੈਲਥ ਸੈਂਟਰ 855 ਬਣੇ ਸਨ। ਅਸੀਂ, ਡਿਪਟੀ ਸਪੀਕਰ ਸਾਹਿਬ, ਤਿੰਨਾਂ ਸਾਲਾਂ ਵਿਚ 1638 ਕਰ ਦਿੱਤੇ ਸਨ। ਸਬਸੀਡਿਅਰੀ ਹੈਲਥ ਸੈਂਟਰ ਜਿਨ੍ਹਾਂ ਨੂੰ ਅਸੀਂ ਪੇਂਡੂ ਡਿਸਪੈਂਸਰੀਆਂ ਕਹਿੰਦੇ ਹਾਂ, ਪਿਛਲੇ 30 ਸਾਲਾਂ ਦੇ ਕਾਂਗਰਸ ਦੇ ਰਾਜ ਵਿੱਚ ਸਾਰੇ ਪੰਜਾਬ ਵਿੱਚ 516 ਡਿਸਪੈਂਸ਼ਰੀਆਂ ਸਨ। ਪਰ ਜਦੋਂ ਸਾਡਾ ਰਾਜ ਆਇਆ ਤਾਂ ਅਸੀਂ ਤਿੰਨ ਸਾਲਾਂ ਵਿਚ 580 ਹੋਰ ਖੋਲ੍ਹ ਦਿੱਤੀਆਂ । (ਥੰਪਿੰਗ)

ਸਰਦਾਰ ਸੁਰਿੰਦਰ ਸਿੰਘ ਕੋਰੋਂ: ਸਪੀਕਰ ਸਾਹਿਬ, ਬਾਦਲ ਸਾਹਿਬ, ਡਿਸਪੈਂਸਰੀਆਂ ਵੰਡਾਉਣ ਦੀ ਗੱਲ ਕਰਦੇ ਹਨ। ਪਰ ਮੈਂ ਕਹਿੰਦਾ ਹਾਂ ਕਿ ਜਦੋਂ ਵੀ ਇਨ੍ਹਾਂ ਨੇ ਮੋਰਚਾ ਲਗਾਇਆ, ਐਜੀਟੇਸ਼ਨ ਕੀਤੀ ਤਾਂ ਪੰਜਾਬ ਨੂੰ ਛੋਟਾ ਕਰਾ ਦਿੱਤਾ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਮੈਨੂੰ, ਡਿਪਟੀ ਸਪੀਕਰ ਸਾਹਿਬ, ਅਫ਼ਸੋਸ ਹੈ ਕਿ ਕਿਸੇ ਬਿਲਡਿੰਗ ਤੇ 8 ਲੱਖ ਰੁਪਿਆ ਖਰਚ ਹੋ ਜਾਵੇ ਪਰ ਉਥੇ ਕੋਈ ਡਾਕਟਰ ਨਾ ਜਾਵੇ। (ਵਿਘਨ) ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ 20-25 ਹਸਪਤਾਲਾਂ ਦੀਆਂ ਬਿਲਡਿੰਗਾਂ ਅੱਠ-ਅੱਠ, ਦੱਸ-ਦੱਸ ਅਤੇ ਪੰਦਰਾਂ-ਪੰਦਰਾਂ ਲੱਖ ਰੁਪਏ ਦੇ ਲਗਭਗ ਖਰਚ ਕਰਕੇ ਬਣਾਈਆਂ ਸਨ। ਇਹ ਪੈਸਾ ਕਦੇ ਸੈਂਟਰ ਸਰਕਾਰ ਪਾਸੋਂ ਮੰਗਿਆ ਗਿਆ, ਕਦੇ ਰੋਡ-ਕਰਾਸ ਕੋਲੋਂ ਮੰਗਿਆ ਗਿਆ ਅਤੇ ਕਦੇ ਲੋਕਾਂ ਕੋਲੋਂ ਮੰਗਿਆ ਗਿਆ ਤਾਂ ਜਾ ਕੇ ਬਿਲਡਿੰਗਾਂ ਬਣਾਈਆਂ ਗਈਆਂ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਅਰਜ਼ ਕਰਾਂਗਾ ਕਿ ਇਹ ਸਕੀਮ ਬੰਦ ਨਾ ਕਰੋ। ਪਿੰਡਾਂ ਦੇ ਵਾਸਤੇ ਜੇਕਰ ਹੋਰ ਕੁਝ ਨਹੀਂ ਕਰਨਾ ਤਾਂ ਘੱਟੋ ਘੱਟ ਇਨ੍ਹਾਂ ਨਵੀਆਂ ਬਣੀਆਂ ਡਿਸਪੈਂਸਰੀਆਂ ਵਿਚੋਂ ਡਾਕਟਰ ਅਤੇ ਇਕਵਿਪਮੈਂਟ ਤਾਂ ਭੇਜ ਦਿਓ। (ਵਿਘਨ)

ਸ਼੍ਰੀ ਡਿਪਟੀ ਸਪੀਕਰ: ਬਾਦਲ ਸਾਹਿਬ, ਪਹਿਲਾਂ ਸਾਰੀਆਂ ਪਾਰਟੀਆਂ ਦਾ ਸਮਾਂ ਸੁਣ ਲਓ । ਇੰਦਰਾ ਕਾਂਗਰਸ-ਇੱਕ ਘੰਟਾ 33 ਮਿੰਟ, ਸ਼੍ਰੋਮਣੀ ਅਕਾਲੀ ਦਲ 55 ਮਿੰਟ । ਬਾਦਲ ਸਾਹਿਬ ਤੁਸੀਂ ਇਕ ਘੰਟਾ 20 ਮਿੰਟ ਲੈ ਚੁਕੇ ਹੋ। ਸੀ.ਪੀ.ਆਈ. 30 ਮਿੰਟ, ਸੀ.ਪੀ.ਐਮ. 7 ਮਿੰਟ, ਇਨਡੀਪੈਂਡੈਂਟ 3 ਮਿੰਟ ਅਤੇ ਭਾਰਤੀਆ ਜਨਤਾ ਪਾਰਟੀ 2 ਮਿੰਟ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਚਾਰਜ ਲਿਆ ਉਦੋਂ ਬਲਾਕ ਲੈਵਲ ਤੇ ਹਸਪਤਾਲ 6 ਸਨ। ਅਸੀਂ 6 ਤੋਂ ਵੱਧਾ ਕੇ 105 ਹਸਪਤਾਲ 25 ਬਿਸਤਰਿਆਂ ਦੇ ਬਣਾ ਦਿੱਤੇ। ਇਸੇ ਤਰ੍ਹਾਂ ਹੀ ਡੈਂਟਲ ਕਲੀਨਿਕਸ ਲੈ ਲਓ। ਪਿੰਡਾਂ ਵਾਲਿਆਂ ਦੇ ਵੀ ਦੰਦ ਖਰਾਬ ਹੁੰਦੇ ਹਨ। ਪਹਿਲਾਂ ਡੈਂਟਲ ਕਲੀਨਿਕਸ 29 ਸਨ, ਅਸੀਂ ਇਹ 49 ਕਰ ਦਿੱਤੇ ।ਪਹਿਲਾਂ ਸਾਰੇ ਹਸਪਤਾਲਾਂ ਵਿਚ ਕੁਲ ਬੈਂਡਜ਼ 12,613 ਸਨ। ਅਸੀਂ ਆਪਣੇ ਸਮੇਂ ਵਿੱਚ ਇਨ੍ਹਾਂ ਵਿੱਚ 6,068 ਦਾ ਵਾਧਾ ਕੀਤਾ। ਮਜ਼ਦੂਰਾਂ ਦੀਆਂ ਡਿਸਪੈਂਸਰੀਆਂ, ਜਦੋਂ ਅਸੀਂ ਚਾਰਜ ਸੰਭਾਲਿਆ, ਉਦੋਂ 20 ਸਨ। ਅਸੀਂ ਤਿੰਨ ਸਾਲਾਂ ਵਿੱਚ 19 ਹੋਰ ਖੋਲ੍ਹੀਆਂ ਅੱਰ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਇਸ ਸਾਲ ਸਿਰਫ ਦੋ ਖੋਲ੍ਹ ਰਹੇ ਹਨ। ਅਸੀਂ ਸਲੱਮ ਏਰੀਆਜ਼ ਵਿੱਚ ਡਿਸਪੈਂਸਰੀਆਂ ਖੋਲ੍ਹੀਆਂ। ਅਸੀਂ ਫਰੀਦਕੋਟ ਵਿਚ ਮੈਡੀਕਲ ਕਾਲਜ ਬਣਾਇਆ। ਤੁਹਾਡੇ ਬਹੁਤ ਥੋੜ੍ਹੇ ਟਾਰਗੈਟਸ ਹਨ। ਇਨ੍ਹਾਂ ਨਾਲ ਕੰਮ ਨਹੀਂ ਚਲਣਾ। ਉਸ ਮੈਡੀਕਲ ਕਾਲਜ ਦੇ ਬੱਚੇ ਆਏ ਹੋਏ ਹਨ। ਉਨ੍ਹਾਂ ਤੋਂ ਪੰਜ ਸਾਲਾਂ ਦੀ ਇਕੱਠੀ ਫੀਸ ਜੋ ਕਿ 25,000 ਬਣਦੀ ਹੈ, ਲਈ ਜਾ ਰਹੀ ਹੈ। ਇਹ ਸਿਸਟਮ ਇਸੇ ਸਾਲ ਹੀ ਸ਼ੁਰੂ ਹੋਇਆ ਹੈ। ਉਹ ਵਿਚਾਰੇ 25,000 ਕਿਸ ਤਰ੍ਹਾਂ ਇੱਕ ਦਮ ਦੇ ਸਕਦੇ ਹਨ।

ਸਿਹਤ ਮੰਤਰੀ : ਅਸੀਂ ਉਨ੍ਹਾਂ ਦੀਆਂ ਫੀਸਾਂ ਤਿੰਨ ਹਿੱਸਿਆਂ ਵਿਚ ਲਵਾਂਗੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਬਾਹਰੋਂ ਜਿਹੜੇ ਗੈਰ ਮੁਲਕਾਂ ਤੋਂ ਬੱਚੇ ਆਉਣਗੇ ਉਨ੍ਹਾਂ ਤੋਂ 25,000 ਡਾਲਰ ਲੈ ਕੇ ਇੱਕ ਸੀਟ ਦਿੱਤੀ ਜਾਏਗੀ। ਇਹ 2 ਲੱਖ ਰੁਪਿਆ ਬਣਦਾ ਹੈ। ਕੀ ਇਹ ਦੁਕਾਨਦਾਰੀ ਹੈ ? ਕੀ ਇਸ ਲਈ ਸੌਦੇ ਹੋ ਰਹੇ ਹਨ ? ਸਾਡੇ ਵੇਲੇ ਨੌਮੀਨੇਸ਼ਨ ਕਰਨ ਦਾ ਸਾਡਾ ਰਾਈਟ ਸੀ ਪਰ ਉਹ ਵੀ ਅਸੀਂ ਛੱਡ ਦਿੱਤਾ ਸੀ। ਅੱਜ ਦੋ, ਦੋ ਲੱਖ ਰੁਪਿਆ ਲੈ ਕੇ ਬਾਹਰਲੇ ਮੁਲਕਾਂ ਦੇ ਬੱਚੇ ਇਥੇ ਦਾਖਲ ਕੀਤੇ ਜਾਣ ਤਾਂ ਇਸ ਨਾਲ ਸਾਡੇ ਸੂਬੇ ਦਾ ਬਾਹਰ ਕੀ ਇਮੇਜ ਹੋਏਗਾ ? ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅੱਜ ਹੀ ਚੀਫ ਮਨਿਸਟਰ ਸਾਹਿਬ ਆਪਣੀ ਸਟੇਟਮੈਂਟ ਦੇਣ ਕਿ ਦੋ ਲੱਖ ਰੁਪਿਆ ਉਨ੍ਹਾਂ ਤੋਂ ਨਹੀਂ ਲਵਾਂਗੇ। ਇਹ ਚੀਜ਼ਾਂ ਖ਼ਤਮ ਹੋਣੀਆਂ ਚਾਹੀਦੀਆਂ ਹਨ।

ਪੰਜਾਬ ਵਿਚੋਂ ਇਸ ਮੈਡੀਕਲ ਕਾਲਜ ਵਿਚ ਦਾਖਲੇ ਲਈ ਕਿਸੇ ਹਰੀਜਨ ਦੀ ਅਰਜ਼ੀ ਨਹੀਂ ਆਈ। 25,000 ਫੀਸ ਦਾ ਰੱਖ ਦਿੱਤਾ। ਜਿਸ ਨਾਲ ਕੋਈ ਵੀ ਅਰਜ਼ੀ ਹਰੀਜਨ ਦੀ ਨਹੀਂ ਆਈ ਇਸ ਲਈ ਕੋਈ ਰੈਮੇਡੀ ਲਿਆਉਣੀ ਚਾਹੀਦੀ ਹੈ।

ਇਸੇ ਤਰ੍ਹਾਂ ਸਕੂਲਾਂ ਦੀ ਅਪਗਰੇਡੇਸ਼ਨ ਦੇ ਸਿਲਸਿਲੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਦੇ ਪੰਜ ਸਾਲਾਂ ਵਿਚ ਸਾਰੇ ਸਕੂਲ ਜੋ ਖੋਲ੍ਹੇ ਗਏ ਉਨਾਂ ਦੀ ਗਿਣਤੀ 331 ਸੀ ਜਦ ਕਿ ਸਾਡੇ ਪਹਿਲੇ ਸਾਲ ਵਿੱਚ ਹੀ 150 ਖੋਲ੍ਹੇ ਗਏ। 1977-78 ਵਿਚ 240 ਪਰਾਇਮਰੀ ਸਕੂਲ ਅਪਗਰੇਡ ਕਰਕੇ ਮਿਡਲ ਕੀਤੇ ਗਏ। 1978-79 ਵਿਚ 150 ਅਪਗ੍ਰੇਡ ਕੀਤੇ ਗਏ ਅੱਤ 1979-80 ਵਿੱਚ 100 ਹਾਈ ਸਕੂਲ ਅਸੀਂ ਅਪਗ੍ਰੇਡ ਕੀਤੇ। ਪਹਿਲੇ ਸਾਲ ਜਦੋਂ ਕਿ ਅਸੀਂ 150 ਸਕੂਲ ਖੋਲ੍ਹੇ ਸਨ ਉਸ ਦੇ ਮੁਕਾਬਲੇ ਵਿੱਚ ਇਨ੍ਹਾਂ ਦਾ ਟਾਰਗੈਟ 1 ਸਾਲ ਵਿਚ 100 ਸਕੂਲ ਖੋਲ੍ਹਣ ਦਾ ਹੈ। ਇਸ ਦੀ ਵਜ੍ਹਾ ਇਹ ਹੈ ਕਿ ਅਸੀਂ ਤਕੜੇ ਹੋ ਕੇ ਸੈਂਟਰ ਤੋਂ ਪੈਸਾ ਲਿਆਂਦੇ ਸੀ ਅਤੇ ਆਪਣੇ ਰਿਸੋਰਸਿਜ਼ ਤੋਂ ਵੀ ਪੈਸਾ ਪ੍ਰੋਵਾਈਡ ਕਰਦੇ ਸੀ। ਇਹੀ ਵਜ੍ਹਾ ਹੈ ਕਿ ਪੰਜਾਬ ਵਿੱਚ ਪ੍ਰਾਈਵੇਟ ਕਾਲਿਜਜ਼ ਨੂੰ ਅਸੀਂ 95% ਗਰਾਂਟ ਦਿੱਤੀ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਟਾਈਮ ਬਹੁਤ ਘੱਟ ਹੈ। ਤੁਹਾਨੂੰ ਵਾਈਂਡ ਅੱਪ ਕਰਨਾ ਚਾਹੀਦਾ ਹੈ। 5 ਮਿੰਟਾਂ ਵਿਚ ਤੁਸੀਂ ਖ਼ਤਮ ਕਰੋ। ਦੂਸਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਵੀ ਬੋਲਣਾ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਨ੍ਹਾਂ ਦਾ ਐਪ੍ਰੋਪ੍ਰੀਏਸ਼ਨ ਬਿਲ ਪਾਸ ਹੋ ਜਾਣਾ ਹੈ। ਡਿਪਟੀ ਸਪੀਕਰ ਸਾਹਿਬ, 95% ਤੋਂ ਇਲਾਵਾ 50 ਲੱਖ ਰੁਪਿਆ ਬਤੌਰ ਸਪੈਸ਼ਲ ਗਰਾਂਟ ਪ੍ਰਾਈਵੇਟ ਕਾਲਜਾਂ ਨੂੰ ਦੇ ਦਿੱਤਾ ਗਿਆ। ਸਭ ਤੋਂ ਵੱਡੀ ਗਲ ਜੋ ਸਾਡੀ ਸਰਕਾਰ ਵੇਲੇ ਕੀਤੀ ਗਈ ਉਹ ਇਹ ਹੈ ਕਿ

Original with;
Punjab Vidhan Sabha
Digitized by;
Panjab Digital Library

ਗੌਰਮਿੰਟ ਮੁਲਾਜ਼ਮਾਂ ਅੱਰ ਪ੍ਰਾਈਵੇਟ ਮੁਲਾਜ਼ਮਾਂ ਦੀ ਤਨਖਾਹ ਵਿਚ ਪੈਰਿਟੀ ਲਿਆਂਦੀ ਗਈ ਜਿਹੜੀ ਕਿ ਬਹੁਤ ਦੇਰ ਦੀ ਮੰਗ ਸੀ। ਹੁਣ ਗਰੀਨ ਰੈਵੋਲਿਊਸ਼ਨ ਤਾਂ ਇਨ੍ਹਾਂ ਨੇ ਖ਼ਤਮ ਕਰ ਦਿੱਤਾ ਹੈ। ਕਿਸਾਨ ਅੱਰ ਜੱਟ ਖ਼ਤਮ ਹੋ ਗਏ ਹਨ। (ਵਿਘਨ) ਵ੍ਹਾਈਟ ਰੈਵੋਲਿਊਸ਼ਨ ਜੇਕਰ ਲਿਆਉਣਾ ਹੋਵੇ ਤਾਂ ਉਸ ਲਈ ਪੈਸੇ ਰਖਣੇ ਚਾਹੀਦੇ ਹਨ। ਵੈਟਰਨਰੀ ਹਸਪਤਾਲ/ਡਿਸਪੈਂਸਰੀਆਂ ਪਹਿਲੀ ਕਾਂਗਰਸ ਸਰਕਾਰ ਨੇ ਇੱਕ ਸਾਲ ਵਿਚ 13 ਖੋਲ੍ਹੀਆਂ (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਆਨ ਏ ਪੁਆਇੰਟ ਆਫ ਆਰਡਰ। ਇਨ੍ਹਾਂ (ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲ ਇਸ਼ਾਰਾ) ਦੀ ਪਾਰਟੀ ਨੂੰ 55 ਮਿੰਟ ਮਿਲਣੇ ਚਾਹੀਦੇ ਸਨ ਜਦੋਂ ਕਿ ਇਨ੍ਹਾਂ ਨੂੰ ਬੋਲਦਿਆਂ ਹੋਇਆਂ ਡੇਢ ਘੰਟਾ ਹੋ ਗਿਆ ਹੈ। ਕੀ ਹਾਊਸ ਨੇ ਇਨ੍ਹਾਂ ਦੀ ਮਰਜ਼ੀ ਨਾਲ ਤੁਰਨਾ ਹੈ? (ਵਿਘਨ)

ਸ਼੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਤੁਸੀਂ ਵਾਈਂਡ ਅੱਪ ਕਰੋ। ਦੋ ਤਿੰਨ ਮਿੰਟਾਂ ਵਿੱਚ ਹੀ ਖ਼ਤਮ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਦਸ ਮਿੰਟ ਹੋਰ ਮੇਰੀ ਗਲ ਸੁਣ ਲਓ।

ਸ਼੍ਰੀ ਡਿਪਟੀ ਸਪੀਕਰ : ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਬੋਲਣਾ ਹੈ। ਤੁਸੀਂ ਵਾਈਂਡ ਅੱਪ ਕਰੋ ਜੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪਿਛਲੀ ਕਾਂਗਰਸ ਸਰਕਾਰ ਨੇ ਪੰਜ ਸਾਲਾਂ ਵਿੱਚ ਕ੍ਰਮਵਾਰ 13,17,15,25 ਅੱਰ 30 ਵੈਟਰਨਰੀ ਹਸਪਤਾਲ/ਡਿਸਪੈਂਸਰੀਆਂ ਖੋਲ੍ਹੀਆਂ। ਵੱਧ ਤੋਂ ਵੱਧ ਇੱਕ ਸਾਲ ਵਿਚ 30 ਡਿਸਪੈਂਸਰੀਆਂ ਖੋਲ੍ਹੀਆਂ ਗਈਆਂ। ਇਨ੍ਹਾਂ ਵੇਲੇ ਸਾਰੀਆਂ ਰਲਾ ਕੇ 100 ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਜਦੋਂ ਕਿ ਅਸੀਂ ਤਿੰਨ ਸਾਲਾਂ ਵਿਚ 308 ਅਜਿਹੀਆਂ ਡਿਸਪੈਂਸਰੀਆਂ ਖੋਲ੍ਹੀਆਂ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਸਾਡੀ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿਚ ਕੰਮ ਕੀਤਾ, ਉਸੇ ਤਰ੍ਹਾਂ ਇਹ ਵੀ ਕੰਮ ਕਰਨ ਤਾਕਿ ਇਨ੍ਹਾਂ ਦਾ ਲੋਕਾਂ ਵਿਚ ਇਮੇਜ ਵੱਧੇ (ਘੰਟੀ)

ਸ਼੍ਰੀ ਡਿਪਟੀ ਸਪੀਕਰ : ਦੂਸਰੀਆਂ ਪਾਰਟੀਆਂ ਵਾਲਿਆਂ ਦੇ ਮੈਂਬਰਾਂ ਨੇ ਵੀ ਬੋਲਣਾ ਹੈ। ਤੁਸੀਂ ਖ਼ਤਮ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਸ਼ਡਿਊਲਡ ਕਾਸਟਸ ਦੀ ਵੈਲਫੇਅਰ ਵਾਸਤੇ ਵੀ ਬੇਨਤੀ ਕਰਨਾ ਚਾਹੁੰਦਾ ਹਾਂ। ਮੈਂ ਉਸ ਦਿਨ ਵੀ ਹਾਊਸ ਵਿਚ ਦਸਿਆ ਸੀ ਕਿ ਜੋ ਚੰਗੀਆਂ ਸਕੀਮਾਂ ਬਣੀਆਂ, ਉਹ ਸਾਰੀਆਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਬਣੀਆਂ। ਭਾਵੇਂ ਇਨ੍ਹਾਂ ਲਈ ਧਰਮਸ਼ਾਲਾਵਾਂ ਖੜਾਉਣ ਦਾ ਕੰਮ ਹੋਵੇ, ਭਾਵੇਂ ਕਾਰਪੋਰੇਸ਼ਨ ਬਣਾਈ ਗਈ ਅੱਰ ਭਾਵੇਂ ਇਨ੍ਹਾਂ ਨੂੰ ਅਰਬਨ ਏਰੀਆਜ਼ ਵਿਚ ਪਲਾਟਸ ਦਿੱਤੇ ਗਏ। ਸ਼ਿਕਾਇਤ ਕੀਤੀ ਗਈ ਹੈ ਕਿ ਅਕਾਲੀ ਸਰਕਾਰ ਵੇਲੇ 1500 ਪਲਾਟਸ ਦੇਣ ਦੀ ਬਜਾਏ ਸ਼ਹਿਰਾਂ ਵਿਚ ਸਿਰਫ 750 ਪਲਾਟਸ ਦਿੱਤੇ ਗਏ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 30 ਸਾਲਾਂ ਵਿਚ ਇਕ ਹਰੀਜਨ ਨੂੰ ਵੀ ਪਲਾਟ ਨਹੀਂ ਦਿੱਤਾ। ਅਸੀਂ ਦਿੱਤੇ ਤਾਂ ਹਨ।

ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਡਿਵੈਲਪਮੈਂਟ ਦੇ ਕੰਮ ਹੋਣੇ ਚਾਹੀਦੇ ਹਨ। ਅਸਲੀ ਸੇਧ ਦੇਣ ਦੀ ਲੋੜ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਲਛਮਣ ਸਿੰਘ ਗਿੱਲ ਨੇ ਪਿੰਡ ਪਿੰਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਵਿਚ ਸੜਕਾਂ ਬਣਾਈਆਂ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਸਾਨੂੰ ਸੇਧ ਦਿੱਤੀ ਸੀ। ਇਸ ਲਈ ਅਸਲੀ ਸੇਧ ਦੇਣ ਦੀ ਲੋੜ ਹੈ ਤਾਕਿ ਕੋਈ ਵੀ ਸਰਕਾਰ ਆਵੇ ਉਹ ਉਸ ਸੇਧ ਤੇ ਚੱਲੇ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲੀ ਵਾਰ ਅਸੀਂ ਹਰੀਜਨ ਭਰਾਵਾਂ ਨੂੰ ਬਾਹਰ ਜਾਣ ਵਾਸਤੇ ਸਕੀਮ ਬਣਾਈ ਸੀ। ਇਹ ਸਕੀਮ ਮਾੜੀ ਨਹੀਂ ਸੀ। ਠੀਕ ਹੈ ਕੁਝ ਨੁਕਸ ਹੋ ਸਕਦੇ ਹਨ ਪਰ ਉਹ ਨੁਕਸ ਦੂਰ ਕੀਤੇ ਜਾ ਸਕਦੇ ਹਨ। ਅਸੀਂ ਬਹੁਤ ਸਾਰੇ ਹਰੀਜਨ ਬਾਹਰ ਭੇਜੇ। ਡਿਪਟੀ ਸਪੀਕਰ ਸਾਹਿਬ, ਅਸੀਂ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਲਈ 10 ਕਰੋੜ ਰੁਪਿਆ ਦੇਣ ਦਾ ਫੈਸਲਾ ਕੀਤਾ ਸੀ। (ਤਾੜੀਆਂ) ਇਨ੍ਹਾਂ ਨੇ 30 ਸਾਲਾਂ ਵਿਚ ਉਤਨੇ ਕੰਮ ਨਹੀਂ ਕੀਤੇ ਜਿੰਨੇ ਅਸੀਂ ਢਾਈ, ਤਿੰਨ ਸਾਲਾਂ ਵਿਚ ਕੀਤੇ। ਇਹ ਹਰੀਜਨ ਭਰਾਵਾਂ ਨੂੰ 5–5, 10–10 ਏਕੜ ਜ਼ਮੀਨ ਦੇ ਮਾਲਿਕ ਨਹੀਂ ਸੀ ਬਣਾ ਸਕੇ, ਪਰ ਡਿਪਟੀ ਸਪੀਕਰ ਸਾਹਿਬ, ਅਸੀਂ ਪਹਿਲੀ ਵਾਰ ਉਨ੍ਹਾਂ ਨੂੰ ਮਾਲਿਕ ਬਣਾਇਆ। (ਤਾੜੀਆਂ) ਇਨ੍ਹਾਂ ਨੇ ਪੰਨਸੱਪ ਦੀਆਂ ਦੁਕਾਨਾਂ ਖ਼ਤਮ ਕਰ ਦੇਣੀਆਂ ਹਨ । ਇਹ ਕਹਿੰਦੇ ਹਨ ਕਿ ਇਹ ਸਕੀਮ ਚੰਗੀ ਨਹੀਂ ਸੀ। ਮੈਂ ਕਹਿੰਦਾ ਹਾਂ ਕਿ ਇਹ ਸਕੀਮ ਚੰਗੀ ਹੈ ਇਸ ਨੂੰ ਬੰਦ ਨਹੀਂ ਕਰਨਾ ਚਾਹੀਦਾ। ਸਾਢੇ ਤਿੰਨ ਕਰੋੜ ਰੁਪਿਆ ਅਸੀਂ ਉਸ ਦੇ ਵਿਚ ਸਬਸਿਡੀ ਦਿੱਤੀ ਸੀ। ਜੇ ਉਸ ਵਿਚ ਕੋਈ ਕਮੀ ਹੈ ਤਾਂ ਉਸ ਨੂੰ ਸੁਧਾਰਨਾ ਚਾਹੀਦਾ ਹੈ ਨਾ ਕਿ ਉਸ ਸਕੀਮ ਨੂੰ ਬੰਦ ਕਰ ਦਿੱਤਾ ਜਾਵੇ।

ਹੁਣ ਮੈਂ ਮੁਲਾਜ਼ਮਾਂ ਦੀ ਗੱਲ ਕਰਨਾ ਚਾਹੁੰਦਾ ਹਾਂ। ਮੁਲਾਜ਼ਮਾਂ ਨੂੰ ਅਸੀਂ 50 ਕਰੋੜ ਰੁਪਏ ਦੇ ਕਨਸੈਸ਼ਨ ਦਿਤੇ। ਪੇ ਕਮਿਸ਼ਨ ਮੁਕੱਰਰ ਕੀਤਾ। ਮੁਲਾਜ਼ਮਾਂ ਨੂੰ 5 ਐਡੀਸ਼ਨਲ ਡੀ.ਏ. ਦੀਆਂ ਕਿਸ਼ਤਾਂ ਦਿੱਤੀਆਂ। ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਨੂੰ ਬੋਨਸ ਦਿੱਤਾ। ਇਸੇ ਤਰ੍ਹਾਂ ਹੀ ਮੁਲਾਜ਼ਮਾਂ ਨੂੰ ਫਿਕਸਡ ਮੈਡੀਕਲ ਅਲਾਊਂਸ ਦਿੱਤਾ। ਡਿਪਟੀ ਸਪੀਕਰ ਸਾਹਿਬ, ਅਸੀਂ ਆਪਣੇ ਮੈਨੀਫੈਸਟੋ ਵਿਚ ਲਿਖਿਆ ਸੀ ਕਿ ਰੂਰਲ ਏਰੀਆਜ਼ ਵਿਚ ਜਿਹੜੇ ਮੁਲਾਜ਼ਮ ਰਹਿੰਦੇ ਹਨ ਉਨ੍ਹਾਂ ਨੂੰ ਵੀ ਹਾਊਸ ਰੈਂਟ ਦਿਆਂਗੇ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਸਾਡੀ ਇਹ ਗੱਲ ਇਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਹੈ ਅਤੇ ਰੂਰਲ ਏਰੀਆਜ਼ ਵਿਚ ਜਿਹੜੇ ਮੁਲਾਜ਼ਮ ਰਹਿੰਦੇ ਹਨ ਉਨ੍ਹਾਂ ਨੂੰ ਵੀ ਹਾਊਸ ਰੈਂਟ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਕਿਤਾਬ ਛਪਾਈ ਹੈ ਜਿਸ ਦਾ ਨਾਮ ਹੈ New programmes and areas of emphasis ਇਸ ਵਿਚ ਇਨ੍ਹਾਂ ਨੇ ਬਹੁਤ ਸਾਰੀਆਂ ਚੀਜ਼ਾਂ ਦਿੱਤੀਆਂ ਹਨ । ਇਸ ਵਿਚ ਇਨ੍ਹਾਂ ਨੇ ਲਿਖਿਆ ਹੈ ਕਿ ਅਸੀਂ ਹਰੀਜਨ ਭਰਾਵਾਂ ਦੀ ਬਹੁਤ ਵੱਡੀ ਇਕਨਾਮਿਕ ਤਰੱਕੀ ਕਰਨੀ ਹੈ । (ਵਿਘਨ) ਇਹ ਕਹਿੰਦੇ ਹਨ ਕਿ ਕੁੜੀਆਂ ਦੇ ਪਿੱਟਸ ਵਾਸਤੇ ਅਸੀਂ 25 ਲੱਖ ਰੁਪਿਆ ਦੇਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 25 ਲੱਖ ਰੁਪਏ ਨਾਲ ਕੀ ਬਣੇਗਾ ? ਐਨੀ ਰਕਮ ਨਾਲ ਉਨ੍ਹਾਂ ਦੀ ਤੁਸੀਂ ਕੀ ਭਲਾਈ ਕਰੋਗੇ ? (ਵਿਘਨ) ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਸੋਸ਼ਲਿਸਟਿਕ ਪੈਟਰਨ ਆਫ ਸੋਸਾਇਟੀ ਦਾ ਬੜੀ ਦੇਰ ਤੋਂ ਨਾਅਰਾ ਲਾਇਆ ਸੀ। ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਦੇ ਰਾਜ ਵਿਚ ਗਰੀਬ ਅਤੇ ਅਮੀਰ ਵਿਚਕਾਰ ਪਾੜਾ ਬਹੁਤ ਵੱਧ ਗਿਆ। ਬਿਰਲਾ, ਟਾਟਾ ਅਤੇ ਡਾਲਮੀਆ ਕਿਥੋਂ ਤੱਕ ਪਹੁੰਚ ਗਏ ਹਨ ਉਹ ਕਿੰਨੇ ਅਮੀਰ ਹੋ ਗਏ ਹਨ। ਪਰ ਦੂਜੇ ਪਾਸੇ ਕਈ ਲੱਖ ਐਸੇ ਹਨ ਜਿਨ੍ਹਾਂ ਦੀ ਆਮਦਨੀ ਜ਼ੀਰੋ ਹੈ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ 5.10 ਕਰੋੜ ਰੁਪਿਆ ਫਾਰਮਰਜ਼ ਵਾਸਤੇ ਰੱਖਿਆ ਹੈ । ਐਨੀ ਰਕਮ ਕਿਸਾਨਾਂ ਵਾਸਤੇ ਕੁਝ ਵੀ ਨਹੀਂ ਹੈ। ਉਨ੍ਹਾਂ ਦਾ ਇਸ ਰਕਮ ਨਾਲ ਕੁਝ ਨਹੀਂ ਬਣਨਾ। ਇਸੇ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਹੀ ਇਹ ਕਹਿੰਦੇ ਹਨ ਕਿ 1 ਕਰੋੜ 10 ਲੱਖ ਰੁਪਿਆ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਜ਼ ਵਾਸਤੇ ਰੱਖਿਆ ਹੈ। ਐਨੀ ਰਕਮ ਨਾਲ ਇਹ ਕੀ ਸੇਧ ਦੇਣਗੇ ? ਇਨ੍ਹਾਂ ਨੂੰ ਇਸ ਪਾਸੇ ਚੰਗਾ ਧਿਆਨ ਦੇਣਾ ਚਾਹੀਦਾ ਹੈ।

ਫਿਰ ਇਹ ਕਹਿੰਦੇ ਹਨ ਕਿ ਅਸੀਂ ਟਰੀਜ਼ ਲਗਵਾਵਾਂਗੇ । ਇਹ ਕੋਈ ਨਵੀਂ ਗੱਲ ਨਹੀਂ ਹੈ। ਟਰੀਜ਼ ਤਾਂ ਲੱਗਦੇ ਹੀ ਰਹੇ ਹਨ ਅਤੇ ਲੱਗਦੇ ਰਹਿਣਗੇ । ਇਹ ਕੋਈ ਵੱਡੀ ਇੰਡਸਟਰੀ ਲਾਉਣ ਵਾਲੀ ਗੱਲ ਨਹੀਂ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਗੁਰਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਕੀ ਇਹ ਐਪਰੋਪਰੀਏਸ਼ਨ ਬਿੱਲ ਤੇ ਬੋਲ ਰਹੇ ਹਨ ? ਇਹ ਤਾਂ ਮਿਸਐਪਰੋਪਰੀਏਸ਼ਨ ਆਫ ਟਾਈਮ ਹੋ ਰਿਹਾ ਹੈ ?

ਸ਼੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਤੁਸੀਂ ਖਤਮ ਕਰੋ ਜੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਹ ਕਹਿੰਦੇ ਹਨ ਕਿ ਅਸੀਂ 700 ਨਵੇਂ ਹਾਊਸਿਜ਼ ਦੇਣੇ ਹਨ। (ਵਿਘਨ) ਬੱਸ ਜੀ ਮੈਂ ਹੁਣ ਖਤਮ ਹੀ ਕਰਨ ਲੱਗਾ ਹਾਂ। ਇਸੇ ਤਰ੍ਹਾਂ ਹੀ ਅਡਲਟ ਐਜੂਕੇਸ਼ਨ ਦੀ ਸਕੀਮ ਹੈ। ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਸਾਡੀਆਂ ਚਲਾਈਆਂ ਹੋਈਆਂ ਸਕੀਮਾਂ ਹਨ।

ਸ਼੍ਰੀ ਡਿਪਟੀ ਸਪੀਕਰ : ਬੱਸ ਜੀ, ਤੁਸੀਂ ਖਤਮ ਕਰੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੇ ਗਵਾਂਢੀ ਹੋ। ਜੇ ਤੁਸੀਂ ਮੇਰੀ ਗੱਲ ਨਹੀਂ ਮੰਨਦੇ ਤਾਂ ਮੈਂ ਤੁਹਾਡੀ ਗੱਲ ਮੰਨ ਲੈਂਦਾ ਹਾਂ (ਵਿਘਨ) ਡਿਪਟੀ ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਨੇ ਵੀ ਕਿਹਾ ਸੀ ਅਤੇ ਮੈਂ ਵੀ ਕਹਿੰਦਾ ਹਾਂ ਕਿ ਇਹ ਜਿਹੜਾ ਬੱਜਟ ਹੈ ਇਸ ਵਿਚ ਕੋਈ ਤੱਤ ਨਹੀਂ ਹੈ, ਇਹ ਥੋਥਾ ਬੱਜਟ ਹੈ। ਇਸ ਨਾਲ ਪੰਜਾਬ ਦੇ ਲੋਕਾਂ ਦੀ ਤਸੱਲੀ ਨਹੀਂ ਹੁੰਦੀ। ਐਨਾ ਕੁਝ ਕਹਿੰਦਾ ਹੋਇਆ ਮੈਂ ਆਪਣੀ ਸੀਟ ਲੈਂਦਾ ਹਾਂ। (ਤਾੜੀਆਂ)

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਮੌਕਾ ਦਿੱਤਾ ਹੈ। ਬਾਦਲ ਸਾਹਿਬ ਦੇ ਬੋਲਣ ਤੋਂ ਬਾਅਦ ਮੇਰਾ ਖਿਆਲ ਹੈ ਕਿ ਸਾਰਾ ਹਾਊਸ ਇਹ ਮਹਿਸੂਸ ਕਰਦਾ ਹੋਵੇਗਾ ਕਿ ਉਨ੍ਹਾਂ ਨੇ ਪੰਜਾਬ ਦੇ ਕਿਸਾਨ ਅਤੇ ਪੰਜਾਬ ਦੇ ਲੋਕਾਂ ਵਾਸਤੇ ਬੜਾ ਕੁਝ ਕੀਤਾ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਲੋਕਾਂ ਨੇ ਇਨ੍ਹਾਂ ਨੂੰ ਇਥੇ ਚੰਗੇ ਕੰਮ ਕਰਨ ਵਾਸਤੇ ਭੇਜਿਆ ਸੀ। ਇਸ ਗੱਲ ਵਾਸਤੇ ਨਹੀਂ ਸੀ ਭੇਜਿਆ ਕਿ ਇਹ ਇਥੇ ਆ ਕੇ ਕੁਝ ਨਾ ਕਰਨ ਜਾਂ ਇਥੇ ਲੜਦੇ ਰਹਿਣ । ਜਦ ਲੋਕਾਂ ਨੇ ਇਨ੍ਹਾਂ ਨੂੰ ਇਥੇ ਚੁਣ ਕੇ ਭੇਜਿਆ ਸੀ ਤਾਂ ਇਨ੍ਹਾਂ ਦਾ ਫਰਜ਼ ਬਣਦਾ ਸੀ ਕਿ ਇਹ ਉਨ੍ਹਾਂ ਲਈ ਕੋਈ ਚੰਗੇ ਕੰਮ ਕਰਦੇ ਅਤੇ ਲੋਕੀਂ ਇਨ੍ਹਾਂ ਦੇ ਚੰਗੇ ਕੰਮਾਂ ਦੀ ਐਪਰੀਸੀਏਸ਼ਨ ਕਰਦੇ। ਠੀਕ ਹੈ ਇਨ੍ਹਾਂ ਨੇ ਕਈ ਸਕੀਮਾਂ ਬਣਾਈਆਂ ਸਨ, ਪਰ ਉਹ ਕਾਮਯਾਬ ਨਹੀਂ ਹੋਈਆਂ । ਇਨ੍ਹਾਂ ਨੇ ਚੰਗੇ ਕੰਮ ਨਹੀਂ ਕੀਤੇ ਜਿਸ ਕਾਰਨ ਅੱਤਕੀਂ ਲੋਕਾਂ ਨੇ ਸਾਨੂੰ ਵੋਟਾਂ ਪਾਕੇ ਕਾਮਯਾਬ ਕੀਤਾ ਹੈ। ਜੇ ਇਹ ਚੰਗੇ ਕੰਮ ਕਰਦੇ ਤਾਂ ਸ਼ਾਇਦ ਲੋਕੀਂ ਇਨ੍ਹਾਂ ਦੇ ਹੱਕ ਵਿਚ ਫੈਸਲਾ ਦਿੰਦੇ । ਖੈਰ ਮੈਂ ਇਸ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ । ਡਿਪਟੀ ਸਪੀਕਰ ਸਾਹਿਬ, ਮੈਨੂੰ ਪਹਿਲਾਂ ਬੋਲਣ ਦਾ ਟਾਈਮ ਨਹੀਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਮਿਲਿਆ, ਕੋਈ ਗੱਲ ਨਹੀਂ ਹੈ । ਸਭ ਤੋਂ ਪਹਿਲਾਂ ਮੈਂ ਐਚ. ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਬੱਜਟ ਟੈਕਸ ਰਹਿਤ ਪੇਸ਼ ਕੀਤਾ ਹੈ । ਇਸ ਬਜਟ ਦੇ ਵਿਚ ਕੋਈ ਟੈਕਸ ਨਹੀਂ ਲਾਇਆ ਗਿਆ । ਸਿਰਫ ਇਕ ਸੇਲਜ਼ ਟੈਕਸ ਵਿਚ 1 ਫੀ ਸਦੀ ਵਾਧਾ ਕਰਨਾ ਸੀ ਪਰ ਉਹ ਵੀ ਇਨ੍ਹਾਂ ਨੇ ਸੋਚ ਵਿਚਾਰ ਲਈ ਰੱਖ ਲਿਆ ਹੈ। ਇਹ ਸੇਲਜ਼ ਟੈਕਸ ਦਾ ਵਾਧਾ ਵੀ ਸੋਚ ਵਿਚਾਰ ਕਰਨ ਤੋਂ ਬਾਅਦ ਫੈਸਲਾ ਕਰਕੇ ਕਰਨਾ ਹੈ। ਬਾਦਲ ਸਾਹਿਬ ਨੇ ਅੱਜ ਸਾਨੂੰ ਬਜਟ ਦੀ ਡੈਫੀਨੀਸ਼ਨ ਦੱਸੀ ਹੈ । ਮੈਂ ਉਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਦੇ ਟਾਈਮ ਵਿਚ ਸਰਦਾਰ ਬਲਵੰਤ ਸਿੰਘ ਬਜਟ ਪੇਸ਼ ਕਰਦੇ ਹੁੰਦੇ ਸੀ ਤਾਂ ਕੀ ਉਸ ਵੇਲੇ ਇਨ੍ਹਾਂ ਨੂੰ ਬਜਟ ਦੀ ਡੈਫੀਨੀਸ਼ਨ ਦੱਸਣ ਦਾ ਮੌਕਾ ਨਹੀਂ ਸੀ ਮਿਲਿਆ ? (ਵਿਘਨ) ਇਹ ਬਜਟ ਬੜਾ ਅਗਾਂਹ ਵਧੂ ਬਜਟ ਹੈ । ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਦੀ ਉਨਤੀ ਵਲ ਖਾਸ ਧਿਆਨ ਦੇਵੇਗੀ ਅਤੇ ਸੂਬੇ ਦੀ ਤਰੱਕੀ ਹਰ ਪਹਿਲੂ ਤੋਂ ਕਰਨ ਦੀ ਕੋਸ਼ਿਸ਼ ਕਰੇਗੀ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ, ਮੈਂ ਆਪਣੀ ਸਰਕਾਰ ਵਲੋਂ ਵਾਅਦਾ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਸੂਬੇ ਦੀ ਤਰੱਕੀ ਵਾਸਤੇ ਇਨ੍ਹਾਂ ਨਾਲੋਂ ਚਾਰ ਕਦਮ ਅੱਗੇ ਜਾਵੇਗੀ, ਪਿੱਛੇ ਨਹੀਂ ਜਾਏਗੀ । (ਤਾੜੀਆਂ) ਜਿਹੜੇ ਇਨ੍ਹਾਂ ਨੇ ਕਿਸਾਨਾਂ ਵਾਸਤੇ ਕੰਮ ਕੀਤੇ ਹਨ ਉਹ ਕਿਸੇ ਤੋਂ ਭੁਲੇ ਹੋਏ ਨਹੀਂ ਹਨ । ਇਹ ਆਪਣੇ ਆਪ ਨੂੰ ਕਿਸਾਨਾਂ ਦੇ ਬੜੇ ਹਿਤੈਸ਼ੀ ਕਹਾਉਂਦੇ ਹਨ ਪਰ ਜੋ ਇਨ੍ਹਾਂ ਨੇ ਕੰਮ ਕੀਤੇ ਹਨ ਉਹ ਕਿਸੇ ਤੋਂ ਭੁਲੇ ਹੋਏ ਨਹੀਂ ਹਨ। ਜਦ ਬਾਦਲ ਸਾਹਿਬ ਇਸ ਪਾਸੇ ਬੈਠੇ ਹੁੰਦੇ ਸੀ ਤਾਂ ਉਦੋਂ ਇਹ ਕਿਸਾਨਾਂ ਦੀ ਕੋਈ ਗੱਲ ਨਹੀਂ ਸੀ ਕਰਦੇ ਹੁੰਦੇ । ਪਰ ਜਦੋਂ ਇਹ ਆਪੋਜ਼ੀਸ਼ਨ ਵਿਚ ਚਲੇ ਗਏ ਹਨ ਤਾਂ ਹੁਣ ਇਹ ਕਿਸਾਨਾਂ ਦੀਆਂ ਗੱਲਾਂ ਕਰਨ ਲਗ ਪਏ ਹਨ । ਮੈਂ ਕਹਿੰਦਾ ਹਾਂ ਕਿ ਇਹ ਆਪੋਜ਼ੀਸ਼ਨ ਵਿਚ ਹੀ ਰਹਿਣ ਤਾਂ ਕਿ ਉਨ੍ਹਾਂ ਦਾ ਕਾਜ਼ ਤਾਂ ਪਲੀਡ ਕਰਦੇ ਰਹਿਣ। ਇਨ੍ਹਾਂ ਨੇ ਜੋ ਕਿਸਾਨਾਂ ਨਾਲ ਇਲੈਕਸ਼ਨਾਂ ਵਿਚ ਵਾਅਦੇ ਕੀਤੇ ਸੀ ਉਹ ਪੂਰੇ ਨਹੀਂ ਕੀਤੇ । ਇਨ੍ਹਾਂ ਨੇ ਇਲੈਕਸ਼ਨਾਂ ਵਿਚ ਵਾਅਦਾ ਕੀਤਾ ਸੀ ਕਿ ਕਿਸਾਨਾਂ ਨੂੰ, ਜ਼ਿਮੀਂਦਾਰਾਂ ਨੂੰ ਟਰੈਕਟਰ ਸੱਸਤੇ ਦਿਵਾਉਣਗੇ। ਜ਼ਿਮੀਂਦਾਰਾਂ ਨੂੰ ਉਨ੍ਹਾਂ ਦੀ ਜਿਣਸ ਦੇ ਭਾਅ ਵੱਧ ਦਿਵਾਣਗੇ। ਅੱਜ ਵੀ ਬੋਲਦਿਆਂ ਆਪਣੀ ਸਪੀਚ ਵਿਚ ਕਪਾਹ ਦੀ ਗਲ ਨੂੰ ਵਿਚੋਂ ਸਕਿਪ ਓਵਰ ਕਰ ਗਏ, ਕਾਟਨ ਦੀ ਗਲ ਕਹਿਣੀ ਭੁਲ ਗਏ । ਪਹਿਲਾਂ ਇਨ੍ਹਾਂ ਨੇ ਪਾਰਲੀਮੈਂਟ ਅਗੇ ਜਾ ਕੇ ਉਥੇ ,ਨਰਮਾ ਸਾੜਿਆ ਸੀ ਅਤੇ ਕਿਹਾ ਸੀ ਕਿ ਮੈਂ 700 ਰੁਪਏ ਨਰਮੇ ਦਾ ਭਾਅ ਦੁਆਵਾਂਗਾ । ਮਗਰ ਜਦੋਂ ਇਨ੍ਹਾਂ ਦਾ ਰਾਜ ਆਇਆ, ਇਥੇ ਪੰਜਾਬ ਵਿਚ ਵੀ ਇਨ੍ਹਾਂ ਦਾ ਰਾਜ ਸੀ ਅਤੇ ਸੈਂਟਰ ਦੇ ਵਿਚ ਵੀ ਇਨ੍ਹਾਂ ਦਾ ਰਾਜ ਸੀ, ਉਥੇ ਇਹ ਜਨਤਾ ਪਾਰਟੀ ਦੇ ਨਾਲ ਭਾਈਵਾਲ ਸੀ ਤਾਂ ਦਸਣ ਕਿ ਉਦੋਂ ਨਰਮੇ ਦੇ ਭਾਅ ਵਧਾਉਣ ਲਈ ਕੀ ਇਨ੍ਹਾਂ ਨੇ ਕੀਤਾ ਸੀ। ਜਦੋਂ ਇਨ੍ਹਾਂ ਦਾ ਰਾਜ ਸੀ ਤਾਂ ਇਨ੍ਹਾਂ ਨੇ ਜ਼ਰਾ ਜਿੰਨਾ ਵੀ ਮੂਲ ਵਧਾਉਣ ਵਾਸਤੇ ਕੰਮ ਨਹੀਂ ਕੀਤਾ । ਉਦੋਂ ਇਹ ਕਹਿੰਦੇ ਹੁੰਦੇ ਸੀ ਕਿ ਅਸੀਂ ਕਾਟਨ ਕਾਰਪੋਰੇਸ਼ਨ ਬਣਾ ਦੇਣੀ ਹੈ ਪਰ ਇਹ ਆਪਸ ਵਿਚ ਉਸ ਸਮੇਂ ਲੜਾਈ ਝਗੜਿਆਂ ਵਿਚ ਹੀ ਰਹੇ ਅਤੇ ਨਾ ਇਨ੍ਹਾਂ ਨੇ ਕਾਟਨ ਕਾਰਪੋਰੇਸ਼ਨ ਬਣਾਈ ਅਤੇ ਨਾ ਕੁਝ ਹੋਰ ਕੀਤਾ। ਸਗੋਂ ਕੋਆਪਰੇਟਿਵ ਮਨਿਸਟਰ ਇਨ੍ਹਾਂ ਦਾ ਕੁਝ ਹੋਰ ਕਹਿੰਦਾ ਸੀ ਅਤੇ ਐਗਰੀਕਲਚਰ ਮਨਿਸਟਰ ਕੁਝ ਹੋਰ ਕਹਿੰਦਾ ਸੀ। ਇਹ ਆਪਸ ਵਿਚ ਹੀ ਲੜਦੇ ਝਗੜਦੇ ਰਹੇ ਅਤੇ ਇਸ ਦੇ ਨਾਲ ਨੁਕਸਾਨ ਕਿਸਾਨ ਦਾ ਹੁੰਦਾ ਰਿਹਾ। ਟਰੈਕਟਰਾਂ ਦੇ ਬਾਰੇ ਬੜਾ ਕਹਿੰਦੇ ਸੀ ਕਿ ਅਸੀਂ ਟਰੈਕਟਰ ਜ਼ਿਮੀਂਦਾਰਾਂ ਨੂੰ ਸੱਸਤੇ ਦੁਆਵਾਂਗੇ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਢਾਈ ਸਾਲ ਦੇ ਰਾਜ ਵਿਚ ਟਰੈਕਟਰਾਂ ਦੀ ਕੀਮਤ 10 ਹਜ਼ਾਰ ਰੁਪਏ ਤੋਂ 20 ਹਜ਼ਾਰ ਰੁਪਏ ਤੱਕ ਵਧ ਗਈ ਸੀ । ਬਾਕੀ ਰਹੀ ਭਾਅ ਵੱਧ ਦੇਣ

Original with;
Punjab Vidhan Sabha
Digitized by;
Panjab Digital Library

ਦੀ ਗਲ । ਉਦੋਂ ਇਹ ਬਹੁਤ ਗਲਾਂ ਕਰਦੇ ਸੀ ਕਿ ਅਸੀਂ ਉਥੇ ਜਾ ਕੇ ਜ਼ਿਮੀਂਦਾਰਾਂ ਦੀ ਜਿਣਸ ਦੇ ਭਾਅ ਜ਼ਿਆਦਾ ਵਧਾਵਾਂਗੇ, ਨਰਮੇ ਦੇ ਭਾਅ ਵਧਾਵਾਂਗੇ ਪਰ ਇਨ੍ਹਾਂ ਨੂੰ ਸਿਵਾਏ ਆਪਸ ਵਿਚ ਲੜਾਈ ਦੇ ਹੋਰ ਕੋਈ ਕੰਮ ਨਹੀਂ ਸੀ ਅਤੇ ਇਹ ਕੋਈ ਭਾਅ ਨਹੀਂ ਵਧਵਾ ਸਕੇ।

ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਐਗਰੀਕਲਚਰ ਹੀ ਸਾਡਾ ਮੇਨ ਕਿੱਤਾ ਹੈ। ਇਸ ਲਈ ਮੈਂ ਵਿੱਤ ਮੰਤਰੀ ਜੀ ਅਤੇ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੇ 76 ਫੀ ਸਦੀ ਲੋਕ ਖੇਤੀ ਬਾੜੀ ਤੇ ਨਿਰਭਰ ਕਰਦੇ ਹਨ । ਐਗਰੀਕਲਚਰ ਤੇ ਸਾਨੂੰ ਬਜਟ ਦਾ 70 ਫੀ ਸਦੀ ਖਰਚ ਕਰਨਾ ਚਾਹੀਦਾ ਹੈ । ਜੇ ਇਸ ਤੇ ਇਹ ਵੱਧ ਖਰਚ ਕਰਨਗੇ ਤਾਂ ਪ੍ਰੋਡਕਸ਼ਨ ਵੱਧ ਜਾਵੇਗੀ । ਅਸੀਂ ਪਰ ਏਕੜ ਐਗਰੀਕਲਚਰ ਦੀ ਪ੍ਰੋਡਕਸ਼ਨ ਬਹੁਤ ਅੱਛੀ ਕੀਤੀ ਹੈ ਅਤੇ ਜੇ ਅਸੀਂ ਇਸ ਨੂੰ ਮੇਨਟੇਨ ਰਖੀਏ ਤਾਂ ਸਾਡੇ ਸੂਬੇ ਦੀ ਹਾਲਤ ਬਹੁਤ ਅੱਛੀ ਹੋਵੇਗੀ ਅਤੇ ਜੋ ਅਸੀਂ ਬਾਹਰਲੇ ਦੇਸ਼ਾਂ ਨੂੰ ਮਾਲ ਐਕਸਪੋਰਟ ਕਰਦੇ ਰਹੇ ਹਾਂ ਉਹ ਟੈਮਪੋ ਵੀ ਮੇਨਟੇਨ ਰਹੇਗਾ । ਐਗਰੀਕਲਚਰ ਸਾਡੀ ਇਨਕਮ ਦਾ ਇਕ ਚੰਗਾ ਸਾਧਨ ਹੈ । ਇਸ ਵਾਸਤੇ ਇਸ ਤੇ ਵੱਧ ਤੋਂ ਵੱਧ ਖਰਚ ਕੀਤਾ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮਾਰਕੀਟਿੰਗ ਦੇ ਬਾਰੇ ਮੈਂ ਅਰਜ਼ ਕਰਾਂਗਾ ਕਿ ਕਿਸਾਨ ਜਦੋਂ ਮਾਲ ਮੰਡੀਆਂ ਵਿਚ ਲੈ ਕੇ ਜਾਂਦਾ ਹੈ ਤਾਂ ਉਸ ਨੂੰ ਬੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਮਾਰਕੀਟਿੰਗ ਬੋਰਡ ਵਿਚ ਜਿਹੜਾ ਪੈਸਾ ਹੈ ਉਹ ਕਿਸਾਨ ਦੀ ਬੇਹਤਰੀ ਵਾਸਤੇ, ਕਿਸਾਨ ਦੇ ਭਲੇ ਵਾਸਤੇ ਲਾਇਆ ਜਾਵੇ । ਇਹ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਕਹਿੰਦੇ ਹਨ ਕਿ ਅਸੀਂ ਕਿਸਾਨਾਂ ਦੀ ਬੜੀ ਭਲਾਈ ਸੋਚਦੇ ਹਾਂ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਰਕੀਟਿੰਗ ਬੋਰਡ ਦੇ ਬਾਰੇ ਵਿਚ ਇਕ ਸੁਪਰੀਮ ਕੋਰਟ ਦਾ ਫੈਸਲਾ ਆ ਗਿਆ ਅਤੇ ਉਸ ਦੇ ਵਿਚ ਇਹ ਛੋਟੀ ਜਿਹੀ ਤਰਮੀਮ ਵੀ ਨਹੀਂ ਕਰ ਸਕੇ। ਪਿੰਡਾਂ ਦੇ ਵਿਚ ਜਿਹੜੀਆਂ ਸੜਕਾਂ ਮਾਰਕੀਟਿੰਗ ਬੋਰਡ ਵਲੋਂ ਬਣਦੀਆਂ ਸਨ, ਜਾਂ ਹੋਰ ਡਿਵੈਲਪ-ਮੈਂਟ ਦੇ ਕੰਮ ਹੁੰਦੇ ਸਨ, ਸੁਪਰੀਮ ਕੋਰਟ ਦੀ ਰੂਲਿੰਗ ਆਉਣ ਦੇ ਨਾਲ ਉਹ ਕੰਮ ਉਥੇ ਹੀ ਰੁਕ ਗਏ ਅੱਤ ਮਾਰਕਿਟ ਕਮੇਟੀਆਂ ਰੂਰਲ ਏਰੀਏ ਵਿਚ ਕੋਈ ਕੰਮ ਨਹੀਂ ਕਰ ਸਕੀਆਂ। ਇਨ੍ਹਾਂ ਕੋਲ ਉਦੋਂ ਇਨ੍ਹਾਂ ਵਕਤ ਨਹੀਂ ਸੀ ਕਿ ਇਸ ਦੇ ਵਾਸਤੇ ਕੁਝ ਸੋਚਦੇ। ਆਪਸ ਵਿਚ ਲੜਾਈ ਤੋਂ ਸਿਵਾਏ ਇਨ੍ਹਾਂ ਨੂੰ ਕੋਈ ਹੋਰ ਕੰਮ ਨਹੀਂ ਸੀ। ਇਕੋ ਗਲ ਨੂੰ ਇਹ ਬੜੇ ਜੋਰ ਜ਼ੋਰ ਨਾਲ ਕਹਿੰਦੇ ਰਹਿੰਦੇ ਹਨ ਕਿ ਇਥੇ ਕਾਂਗਰਸ ਦੀ 30 ਸਾਲ ਹਕੂਮਤ ਰਹੀ। ਬੜੇ ਦੁਖ ਦੀ ਗੱਲ ਹੈ ਕਿ ਇਹ ਇਸ ਵਾਰੀ ਹੀ ਢਾਈ ਸਾਲ ਰਹੇ ਹਨ ਨਹੀਂ ਤਾਂ ਪਹਿਲਾਂ ਤਾਂ ਇਹ 9-9 ਮਹੀਨੇ ਹੀ ਰਾਜ ਕਰਦੇ ਰਹੇ। ਤੁਹਾਨੂੰ ਪਤਾ ਹੈ ਕਿ 9 ਮਹੀਨੇ ਦਾ ਟਾਈਮ ਕਿੰਨਾ ਕਰੂਸ਼ਅਲ ਟਾਈਮ ਹੁੰਦਾ ਹੈ। ਮੈਨੂੰ ਤਾਂ ਪਤਾ ਨਹੀਂ, ਇਨ੍ਹਾਂ ਨੂੰ ਹੀ ਪਤਾ ਹੈ ਕਿ ਇਹ 9 ਮਹੀਨੇ ਵਿਚ ਕੀ ਪ੍ਰੋਡਕਸ਼ਨ ਵਧਾਉਂਦੇ ਰਹੇ ਅਤੇ ਕੀ ਕੰਮ ਕਰਦੇ ਰਹੇ ਹੋਣਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਪ੍ਰੋਡਕਸ਼ਨ ਵਧੀ ਹੈ, ਜੋ ਇਥੇ ਗਰੀਨ ਰੈਵੋਲਿਊਸ਼ਨ ਆਇਆ ਹੈ ਇਹ ਕਾਂਗਰਸ ਰਾਜ ਦੀ ਦੇਣ ਹੈ। (ਬੰਪਿੰਗ) ਇਹ ਤਾਂ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) 9 ਮਹੀਨੇ ਸਿਵਾਏ ਲੜਨ ਦੇ ਕੁਝ ਕਰਦੇ ਹੀ ਨਹੀਂ ਸੀ। ਇਹ ਕਾਂਗਰਸ ਰਾਜ ਨੇ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ ਡਿਪਟੀ ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਯਕੀਨ ਦੁਆਉਂਦੇ ਹਾਂ ਕਿ ਇਨ੍ਹਾਂ ਦੇ ਢਾਈ ਸਾਲਾਂ ਦੇ ਰਾਜ ਦੇ ਵਿਚ ਕੀਤੇ ਕੰਮ ਕੱਢ ਕੇ ਦੇਖ ਲਓ ਅਤੇ ਸਾਡੇ ਵੀ ਢਾਈ ਸਾਲਾਂ ਦੇ ਰਾਜ ਦੇ ਕੀਤੇ ਕੰਮਾਂ ਦੀ ਕਮਪੈਰਿਟਿਵ ਸਟਡੀ ਕਰ ਲਉ ਤਾਂ ਤੁਹਾਨੂੰ ਪਤਾ ਲਗੇਗਾ ਕਿ ਸਾਡੇ ਰਾਜ ਵਿਚ ਹੀ ਤਰੱਕੀ ਹੋਈ ਹੈ। ਇਹ ਸਿਵਾਏ ਲੜਨ ਦੇ ਹੋਰ ਕੋਈ ਕੰਮ ਨਹੀਂ ਜਾਣਦੇ। ਇਨ੍ਹਾਂ ਨੂੰ ਰਾਜ ਖੋਹਣਾ ਆਉਂਦਾ ਹੈ, ਰਾਜ ਕਰਨਾ ਨਹੀਂ ਆਉਂਦਾ । (ਵਿਘਨ) ਸਰਦਾਰ ਜੀ ਪਿੰਡ ਦੀ ਖੂੰਡ ਤੇ ਅਸੀਂ ਨਹੀਂ ਬੈਠੇ, ਜੋ ਬੋਲਣਾ ਹੈ, ਉਠ ਕੇ ਬੋਲੋ। ਤੁੰ ਮੈਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਮਾਰਕਿਟ ਕਮੇਟੀਆਂ ਦੀ ਗਲ ਕਰ ਰਿਹਾ ਸੀ। ਮੈਂ ਬੇਨਤੀ ਕਰਾਂਗਾ ਕਿ ਮਾਰਕਿਟ ਕਮੇਟੀਆਂ ਨੂੰ ਜ਼ਿਮੀਂਦਾਰਾਂ ਦੇ ਲਈ ਗੈਸਟ ਹਾਊਸ ਬਣਾਉਣੇ ਚਾਹੀਦੇ ਹਨ ਤਾਂ ਕਿ ਜਦੋਂ ਜ਼ਿਮੀਂਦਾਰ ਆਪਣੀ ਜਿਣਸ ਮੰਡੀ ਵਿਚ ਵੇਚਣ ਆਵੇ ਅਤੇ ਜੇ ਉਸ ਨੂੰ ਉਥੇ ਰਾਤ ਪੈ ਜਾਵੇ ਤਾਂ ਉਹ ਉਸ ਵਿਚ ਆਪਣੀ ਰਾਤ ਕੱਟ ਸਕੇ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੰਡੀਆਂ ਵਿਚ ਪੀਣ ਦੇ ਪਾਣੀ ਦਾ ਵੀ ਜ਼ਰੂਰ ਪ੍ਰਬੰਧ ਕਰਨਾ ਚਾਹੀਦਾ ਹੈ।

ਲਾਅ ਐਂਡ ਆਰਡਰ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਮੁਬਾਰਕਬਾਦ ਦੇਣਾ ਚਾਹੁੰਣਾ ਹਾਂ। ਜਿਸ ਦਿਨ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਬਣੀ, ਜਿਸ ਦਿਨ ਤੋਂ ਇਨ੍ਹਾਂ ਕੰਮ ਸੰਭਾਲਿਆ, ਜਿਸ ਦਿਨ ਇਨ੍ਹਾਂ ਨੇ ਵਾਗ ਡੋਰ ਸੰਭਾਲੀ, ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਉਸੇ ਵੇਲੇ ਹੀ ਜੋ ਗੁੰਡਾ ਐਲੀਮੈਂਟਸ ਸੀ, ਜਿਨ੍ਹਾਂ ਨੂੰ ਇਨ੍ਹਾਂ ਦੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਰਾਜ ਵਿਚ ਸ਼ਹਿ ਸੀ, ਉਨ੍ਹਾਂ ਸਮਗਲਰਾਂ ਅਤੇ ਬਦਮਾਸ਼ਾਂ ਨੂੰ ਜਿਨ੍ਹਾਂ ਨੂੰ ਇਨ੍ਹਾਂ ਸਾਹਮਣੇ ਬੈਠੇ ਵੀਰਾਂ ਦੀ ਸ਼ਹਿ ਸੀ ਉਨ੍ਹਾਂ ਨੂੰ ਜੇਲ੍ਹ ਵਿਚ ਦੇ ਦਿੱਤਾ। ਇਸ ਤਰ੍ਹਾਂ ਦਾ ਚੰਗਾ ਕੰਮ ਕਰਨ ਤੇ ਮੈਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਮੈਂ ਇਨ੍ਹਾਂ ਦੇ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਰਾਜ ਦੀ ਵੀ ਗਲ ਕਰਨਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਇਨ੍ਹਾਂ ਦੇ ਰਾਜ ਵਿਚ ਲੋਕੀਂ ਅਫੀਮ ਵੇਚਦੇ ਸੀ— They were famous for this. ਇਨ੍ਹਾਂ ਦੀ ਪਾਰਟੀ ਦੇ ਇਕ ਸਭ ਤੋਂ ਵੱਡੇ ਲੀਡਰ ਤੇ ਚਾਰਜਿਜ਼ ਲਗੇ। ਮੈਂ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੁੰਦਾ। ਉਸ ਨੇ ਕਿਹਾ ਕਿ ਮੈਂ ਬਾਅਦ ਵਿਚ ਚੈਲੰਜ ਕਰਾਂਗਾ, ਪਰ ਉਨ੍ਹਾਂ ਨੂੰ ਚੈਲੰਜ ਕਰਨ ਦੀ ਜ਼ਰੂਰਤ ਨਹੀਂ ਪਈ। (ਵਿਘਨ) ਬਾਦਲ ਸਾਹਿਬ ਇਸ ਗਲ ਤੇ ਖੁਸ਼ ਹੋ ਰਹੇ ਹਨ। (ਵਿਘਨ)

ਮੈਂ ਇਕ ਖਾਸ ਗਲ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਆਪਣੇ ਰਾਜ ਵਿਚ ਇਨ੍ਹਾਂ ਨੇ ਇਕ ਦੂਜੇ ਦੇ ਖਿਲਾਫ਼ ਐਲੀਗੇਸ਼ਨਜ਼ ਲਗਾਏ ਸਨ ਕਿ ਜ਼ਿਮੀਦਾਰਾਂ ਨੂੰ ਚੀਜ਼ਾਂ ਮਾੜੀਆਂ ਮਿਲਦੀਆਂ ਹਨ। ਮੈਂ ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜ਼ਿਮੀਦਾਰਾਂ ਨੂੰ ਚੰਗੇ ਬੀਜ ਮਿਲਣੇ ਚਾਹੀਦੇ ਹਨ, ਦਵਾਈਆਂ ਚੰਗੀਆਂ ਮਿਲਣੀਆਂ ਚਾਹੀਦੀਆਂ ਹਨ ਅੱਰ ਇਹ ਦਵਾਈਆਂ ਅਨ-ਅਡਲਟਰੇਟਿਡ ਮਿਲਣੀਆਂ ਚਾਹੀਦੀਆਂ ਹਨ। ਇਨ੍ਹਾਂ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਦੇ ਰਾਜ ਵਿਚ ਇਨ੍ਹਾਂ ਦੇ ਹੀ ਇਕ ਐਮ. ਐਲ. ਏ. ਜੋ ਸਨ, ਸਰਦਾਰ ਸੁਖਦੇਵ ਸਿੰਘ ਢਿੱਲੋਂ, ਉਨ੍ਹਾਂ ਨੇ ਇਸ ਹਾਊਸ ਦੇ ਵਿਚ ਐਲੀਗੇਸ਼ਨਜ਼ ਲਗਾਏ ਕਿ ਦਵਾਈਆਂ ਵਿਚ ਹੇਰਾ ਫੇਰੀ ਹੁੰਦੀ ਹੈ, ਕੁਰੱਪਸ਼ਨ ਹੁੰਦੀ ਹੈ। ਇਨ੍ਹਾਂ ਦੇ ਰਾਜ ਵਿਚ ਕੁਰੱਪਸ਼ਨ ਵੱਧੀ। ਮਗਰ ਬਾਦਲ ਸਾਹਿਬ ਅਨੰਦਪੁਰ ਸਾਹਿਬ ਵਿਚ ਇਹ ਕਸਮ ਖਾ ਕੇ ਆਏ ਸੀ ਕਿ ਇਹ ਕੁਰੱਪਸ਼ਨ ਖ਼ਤਮ ਕਰ ਦੇਣਗੇ। ਕੁਰੱਪਸ਼ਨ ਇਨ੍ਹਾਂ ਨੇ ਖ਼ਤਮ ਤਾਂ ਕੀ ਕਰਨੀ ਸੀ, ਕੁਰੱਪਸ਼ਨ ਇਨ੍ਹਾਂ ਦੇ ਰਾਜ ਵਿਚ ਵੱਧਦੀ ਹੀ ਗਈ। ਕੁਰੱਪਸ਼ਨ ਦੇ ਸਬੰਧ ਵਿਚ ਇਕ ਦੂਸਰੇ ਤੇ ਇਨ੍ਹਾਂ ਦੇ ਆਪਣੇ ਹੀ ਬੰਦੇ ਇਲਜ਼ਾਮ ਲਗਾਉਂਦੇ ਰਹੇ। ਇਨ੍ਹਾਂ ਦੇ ਇਕ ਮਨਿਸਟਰ ਸਾਹਿਬ ਤਾਂ ਅਨੰਦ ਪੁਰ ਸਾਹਿਬ ਜਾ ਕੇ ਬੈਠੇ ਪਾਠ ਕਰਦੇ ਰਹੇ ਅਤੇ ਇਨ੍ਹਾਂ ਨੂੰ ਕਹਿੰਦੇ ਰਹੇ ਕਿ ਜੇ ਤੁਸੀਂ ਕੋਈ ਇਮਾਨਦਾਰ ਹੋ ਜੇ ਤੁਹਾਡੇ ਵਿਚ ਹੈ ਕੋਈ ਇਮਾਨਦਾਰੀ ਤਾਂ ਆ ਜਾਓ, ਬੈਠੋ ਪਾਠ ਤੇ। ਪਰ ਇਨ੍ਹਾਂ ਵਿਚੋਂ ਕਿਸੇ ਇਕ ਸੱਜਣ ਦੀ ਵੀ ਉਥੇ ਜਾਣ ਦੀ ਹਿੰਮਤ ਨਾ ਪਈ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਰਦਾਰ ਜੀ ਉਠ ਕੇ ਗਲ ਕਰਨ। ਇਹ 4-5 ਵਾਰੀ ਐਮ. ਐਲ. ਏ. ਬਣ ਕੇ ਇਥੇ ਆਏ ਹਨ ਪਰ ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਰੂਲ ਇਕ ਵਾਰੀ ਵੀ ਨਹੀਂ ਪੜ੍ਹਿਆ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਪਾਵਰ ਦੀ ਜੋ ਪ੍ਰਾਬਲਮ ਹੈ, ਉਹ ਬੜੀ ਸੀਰੀਅਸ ਪ੍ਰਾਬਲਮ ਹੈ। ਅਸੀਂ ਵਧਾਈ ਦਿੰਦੇ ਹਾਂ ਕਿ ਇਥੇ ਥੀਨ ਡੈਮ ਲਿਆ ਕੇ ਦਿਤਾ ਹੈ ।ਇਸ ਦੇ ਬਣਾਉਣ ਲਈ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੈਸਾ ਭਾਵੇਂ ਜਿਥੋਂ ਮੰਗਣਾ ਹੈ ਮੰਗਣ, ਸੈਂਟਰ ਤੋਂ ਲੈਣਾ ਹੈ ਜਾਂ ਹੋਰ ਕਿਧਰੋਂ ਲੈਣਾ ਹੈ, ਪਰ ਜੋ ਕਿਹਾ ਹੈ ਕਿ ਵਾਰ ਫੁਟਿੰਗ ਤੇ ਥੀਨ ਡੈਮ ਬਣਾਉਣਾ ਹੈ ਉਹ ਇਨ੍ਹਾਂ ਨੂੰ ਵਾਰ ਫੁਟਿੰਗ ਤੇ ਹੀ ਬਣਾਉਣਾ ਚਾਹੀਦਾ ਹੈ। (ਥੰਪਿੰਗ)

ਇਰੀਗੇਸ਼ਨ ਦੇ ਮੁਤਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਕਹਿੰਦੇ ਹਨ ਕਿ ਅਸੀਂ ਲਾਈਨਿੰਗ ਦਾ ਕੰਮ ਚਾਲੂ ਕੀਤਾ। ਇਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਕੰਮ ਸਾਇਲ ਕਨਜ਼ਰਵੇਸ਼ਨ ਵਾਲੇ ਕਰਦੇ ਸਨ । ਪਰ ਬਾਦਲ ਸਾਹਿਬ ਨੇ ਮਿਤੀ 1 ਫਰਵਰੀ, 1980 ਨੂੰ ਇਕ ਫੈਸਲਾ ਕਰ ਦਿਤਾ ਕਿ ਖਾਲੇ ਪੱਕੇ ਕਰਨ ਦਾ ਕੰਮ ਟਿਊਬਵੈਲ ਕਾਰਪੋਰੇਸ਼ਨ ਕਰੇਗੀ । ਪਤਾ ਨਹੀਂ ਕਿਸ ਕਾਰਣ ਇਹ ਫੈਸਲਾ ਕੀਤਾ ਗਿਆ। ਪਰ ਮੈਂ ਤੁਹਾਨੂੰ ਇਸ ਦਾ ਫਰਕ ਦੱਸਣਾ ਚਾਹੁੰਦਾ ਹਾਂ। ਇਹ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਦੇ ਬੜੇ ਹਮਦਰਦ ਹਾਂ, ਕਿਸਾਨਾਂ ਦਾ ਅਸੀਂ ਬੜਾ ਭਲਾ ਚਾਹੁੰਣ ਵਾਲੇ ਹਾਂ। ਪਹਿਲਾਂ ਅਰਥ-ਵਰਕ ਹੁੰਦਾ ਸੀ 100 ਕਿਉਸਿਕ ਫੁਟ ਸਾਇਲ ਕਨਜ਼ਰਵੇਸ਼ਨ ਡਿਪਾਰਟਮੈਂਟ ਵਲੋਂ ਤਾਂ ਉਸ ਤੇ 167 ਰੁਪਏ 15 ਪੈਸੇ ਲਗਦੇ ਸੀ। ਲੇਕਿਨ ਉਸੇ 100 ਕਿਉਸਿਕ ਫੁਟ ਦਾ ਅਰਥ ਵਰਕ ਟਿਊਬਵੈਲ ਕਾਰਪੋਰੇਸ਼ਨ ਹੁਣ 321 ਰੁਪਏ 44 ਪੈਸੇ ਵਿਚ ਕਰਦੀ ਹੈ। ਇਸੇ ਤਰ੍ਹਾਂ ਬ੍ਰਿਕ ਲਾਈਨਿੰਗ ਸਾਇਲ ਕਨਜ਼ਰਵੇਸ਼ਨ ਵਾਲਿਆਂ ਕੋਲੋਂ ਕਰਵਾਉਣ ਦਾ 100 ਕਿਉਸਿਕ ਫੁਟ ਪਿਛੇ 45 ਰੁਪਏ ਖਰਚ ਆਉਂਦਾ ਸੀ। ਪਰ ਹੁਣ 100 ਕਿਉਸਿਕ ਫੁਟ ਬ੍ਰਿਕ ਲਾਈ-ਨਿੰਗ ਟਿਊਬਵੈਲ ਕਾਰਪੋਰੇਸ਼ਨ ਕੋਲੋਂ ਕਰਵਾਉਣ ਦਾ 75 ਰੁਪਏ ਦਾ ਖਰਚਾ ਆਉਂਦਾ ਹੈ । ਇਸੇ ਤਰ੍ਹਾਂ ਇਸ ਕੰਮ ਦੇ ਚਾਰਜਿਜ਼ ਪਾ ਕੇ ਕਿਸਾਨਾਂ ਤੇ ਖਾਲਿਆਂ ਨੂੰ ਪੱਕਾ ਕਰਨ ਦਾ 127.2 ਕਰੋੜ ਰੁਪਏ ਦਾ ਹੋਰ ਵਾਧੂ ਬੋਝ ਪਾਇਆ ਗਿਆ ਹੈ। ਅਗਰ ਸੇਮ ਦੇ ਨਾਲੇ ਠੀਕ ਕੀਤੇ ਜਾਂਦੇ ਤਾਂ ਚੰਗਾ ਹੁੰਦਾ। ਕਿਸਾਨ ਤੇ ਇਹ ਸਕੀਮ ਲਾਗੂ ਕਰ ਕੇ ਬੋਝ ਨਾ ਪਾਉਂਦੇ। ਫਿਰ ਇਰੀਗੇਸ਼ਨ ਡਿਪਾਰਟਮੈਂਟ ਵਿਚ ਨਵੇਂ ਐਸ. ਈ, ਅਤੇ ਉਨ੍ਹਾਂ ਲਈ ਹੋਰ ਅਮਲਾ ਭਰਤੀ ਕਰ ਕੇ ਬਜਟ ਤੇ ਬੋਝ ਪਾਇਆ ਗਿਆ ਸੀ ।

ਹੁਣ ਮੈਂ ਕੋਆਪਰੇਟਿਵ ਡਿਪਾਰਟਮੈਂਟ ਬਾਰੇ ਬੇਨਤੀ ਕਰਨੀ ਚਾਹਾਂਗਾ। ਇਹ ਠੀਕ ਹੈ ਕਿ ਰੇਟ ਆਫ਼ ਇੰਟਰੈਸਟ ਘਟਾ ਦਿਤਾ ਹੈ। ਪਰ ਇਕ ਪੀਨਲ ਇੰਟਰੈਸਟ ਵੀ ਕਿਸਾਨ ਤੇ ਪੈਂਦਾ ਹੈ। ਜਿਤਨੀ ਕਿਸੇ ਨੇ ਰਕਮ ਲਈ ਹੁੰਦੀ ਹੈ ਉਸ ਦੇ ਨਾਲੋਂ 4, 5 ਗੁਣਾ ਵੱਧ ਰਕਮ ਉਸ ਨੂੰ ਦੇਣੀ ਪੈਂਦੀ ਹੈ। ਦਾੜ੍ਹੀ ਨਾਲੋਂ ਮੁੱਛਾਂ ਭਾਰੀ ਹੋ ਜਾਂਦੀਆਂ ਹਨ। ਇਹ ਪੀਨਲ ਇੰਟਰੈਸਟ ਨਹੀਂ ਲੈਣਾ ਚਾਹੀਦਾ । ਇਹ ਖਤਮ ਕਰਨਾ ਚਾਹੀਦਾ ਹੈ। ਕੋਆਪਰੇਟਿਵ ਸਹਿਕਮੇਂ ਵਿਚ ਵੀ ਸੁਧਾਰ ਹੋਣਾ ਚਾਹੀਦਾ ਹੈ ।

ਮੈਂ ਇਨ੍ਹਾਂ ਦੇ ਵੇਲੇ ਦੀ ਲਾਅ ਐਂਡ ਆਰਡਰ ਦੀ ਗਲ ਕਰਦਾ ਹਾਂ। ਇਨ੍ਹਾਂ ਦੇ (ਆਪੋਜ਼ੀਸ਼ਨ ਵਲ ਇਸ਼ਾਰਾ) ਫਿਰੋਜ਼ਪੁਰ ਹਲਕੇ ਵਿਚ ਇਨ੍ਹਾਂ ਦੇ ਇਕ ਰਿਸ਼ਤੇਦਾਰ ਦੇ ਲੜਕੇ ਨੇ ਐਕਸੀਡੈਂਟ ਕਰ ਕੇ ਤਿੰਨ ਬੰਦੇ ਮਾਰੇ। ਦੋ ਪਹਿਲੇ ਐਕਸੀਡੈਂਟ ਵਿਚ ਮਾਰੇ ਅਤੇ ਫਿਰ ਅਗੇ ਜਾ ਕੇ ਟਾਂਗੇ ਵਿਚ ਕਾਰ ਮਾਰੀ। ਪਰ ਕੇਸ ਕਿਸੇ ਤੇ ਦਰਜ ਨਹੀਂ ਹੋਇਆ ਔਰ ਫਿਰ ਜੋ ਬਾਅਦ ਵਿਚ ਕੇਸ ਬਣਾਇਆ ਤਾਂ ਉਹ ਵੀ ਡਰਾਈਵਰ ਤੇ ਬਣਾਇਆ ਗਿਆ ।

ਇਹ ਕਹਿੰਦੇ ਹਨ ਕਿ ਕਿਸਾਨ ਨੂੰ ਅਸੀਂ ਕੋਈ ਰਿਆਇਤਾਂ ਨਹੀਂ ਦਿੱਤੀਆਂ। ਮੈਂ ਦੱਸਦਾ ਹਾਂ ਕਿ ਫਰਟੇਲਾਈਜ਼ਰ ਅਤੇ ਬਿਜਲੀ ਦੀਆਂ ਕੀਮਤਾਂ ਬਾਰੇ, ਜਿਸ ਤਰ੍ਹਾਂ ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੈ,

Original with;
Punjab Vidhan Sabha
Digitized by
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਸਾਡੀ ਸੈਂਟਰ ਦੀ ਸਰਕਾਰ ਬਹੁਤ ਹੀ ਚਿੰਤਿਤ ਹੈ। ਸ਼ਾਇਦ ਉਹ ਇਨ੍ਹਾਂ ਨਾਲੋਂ ਕਿਤੇ ਵੱਧ ਸੋਚ ਰਹੇ ਹਨ। ਇਨ੍ਹਾਂ ਦੀਆਂ ਕੀਮਤਾਂ ਬਾਰੇ ਏ. ਪੀ. ਸੀ. ਦੋਬਾਰਾ ਕਨਸਿਡਰ ਕਰ ਰਹੀ ਹੈ ਅਤੇ ਉਮੀਦ ਹੈ ਕਿ ਇਨ੍ਹਾਂ ਦੀ ਤਸੱਲੀ ਹੋ ਜਾਏਗੀ । ਸਾਡੀ ਸੈਂਟਰ ਦੀ ਸਰਕਾਰ ਸਾਡੇ ਵਾਸਤੇ ਇਤਨੀ ਚਿੰਤਾ ਕਰਦੀ ਹੈ, ਜਿਤਨੀ ਸ਼ਾਇਦ ਇਹ ਵੀ ਨਾ ਕਰਦੇ ਹੋਣ । ਹਾਰਟੀਕਲਚਰ ਦੀ ਤਰਕੀ ਵਾਸਤੇ ਵੀ ਮੈਂ ਅਰਜ਼ ਕਰਾਂਗਾ ਕਿਉਂਕਿ ਇਹ ਵੀ ਕਿਸਾਨ ਦੇ ਨਾਲ ਸਬੰਧਤ ਹੈ। ਸ਼ੂਗਰ ਫੈਕਟਰੀਆਂ ਲਾਉਣ ਬਾਰੇ ਇਥੇ ਦਸਿਆ ਗਿਆ ਹੈ, ਪਰ ਜੋ ਹਾਲ ਇਨ੍ਹਾਂ ਦੇ ਸਮੇਂ ਸੀ ਉਹ ਕਿਸੇ ਤੋਂ ਭੁਲਿਆ ਨਹੀਂ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਇਹ ਬਿਲ ਪਾਸ ਕਰ ਦੇਣਾ ਚਾਹੀਦਾ ਹੈ।

ਕਾਮਰੇਡ ਬਲਦੇਵ ਸਿੰਘ ਲੁੱਧਾ (ਸ਼ੁਤਰਾਣਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਉਤੇ ਕੁਝ ਗਲਾਂ ਜਿਹੜੀਆਂ ਕਹਿਣੀਆਂ ਚਾਹੁੰਦਾ ਹਾਂ ਉਤਨੇ ਸਮੇਂ ਵਿਚ ਕਹਾਂਗਾ ਜਿਤਨਾ ਤੁਸੀਂ ਇਧਰਲਿਆਂ (ਅਕਾਲੀ ਪਾਰਟੀ ਵਲ ਇਸ਼ਾਰਾ) ਨੂੰ ਦਿਤਾ ਹੈ । ਉਸ ਦਾ ਚੌਥਾ ਸਮਾਂ ਮੈਨੂੰ ਦੇ ਦੇਣਾ ਜਿਹੜਾ ਕਿ ਮੇਰੀ ਪਾਰਟੀ ਦਾ ਹਿੱਸਾ ਬਣਦਾ ਹੈ ।

ਡਿਪਟੀ ਸਪੀਕਰ ਸਾਹਿਬ, ਦੋਹਾਂ ਪਾਸਿਆਂ ਤੋਂ ਖਾਸ ਕਰ ਕੇ ਕਾਂਗਰਸ ਪਾਰਟੀ ਵਲੋਂ ਸਮਾਜਵਾਦ ਦਾ ਨਾਅਰਾ ਬੜੇ ਜ਼ੋਰ ਸ਼ੋਰ ਨਾਲ ਲਾਇਆ ਜਾਂਦਾ ਹੈ ਅਤੇ ਸਾਡੀ ਇਧਰਲੀ ਪਾਰਟੀ ਵੀ ਸਮਾਜਵਾਦ ਤੋਂ ਹੇਠਾਂ ਨਹੀਂ ਉਤਰਦੀ । 1972-73 ਵਿਚ ਕਈ ਵਾਰੀ ਗੈਲਰੀਆਂ ਵਿਚ ਬਜਟ ਸੈਸ਼ਨ ਵੇਖਣ ਲਈ ਆਉਂਦੇ ਸੀ ਤਾਂ ਉਸ ਵੇਲੇ ਸ਼੍ਰੀ ਹੰਸ ਰਾਜ ਸ਼ਰਮਾ ਅੰਕੜਿਆਂ ਦਾ ਸਹਾਰਾ ਲੈ ਕੇ ਲੱਛੇਦਾਰ ਤਕਰੀਰਾਂ ਕਰਕੇ ਸਮਾਜਵਾਦ ਇਥੇ ਹੀ ਘੁੰਮਾ ਦਿੰਦੇ ਹੁੰਦੇ ਸਨ । ਸਮਾਜਵਾਦ ਇਥੇ ਹੀ ਘੁੰਮਣ ਲਗ ਪੈਂਦਾ ਸੀ । ਢਾਈ ਸਾਲ ਇਨ੍ਹਾਂ ਦਾ ਰਾਜ਼ ਰਿਹਾ । ਸਰਦਾਰ ਬਲਵੰਤ ਸਿੰਘ ਜੀ ਵੀ ਅੰਕੜਿਆਂ ਦਾ ਸਹਾਰਾ ਲੈਕੇ ਸਾਰੀ ਗਰੀਬੀ ਦੂਰ ਕਰ ਦਿੰਦੇ ਸਨ । ਸਾਰੇ ਮਾੜੇ ਕੰਮ ਦੂਰ ਹੋ ਜਾਂਦੇ ਅਤੇ ਸਮਾਜਵਾਦ ਇਥੇ ਹੀ ਘੁੰਮਣ ਲਗ ਪੈਂਦਾ । ਮੈਂ ਅੰਕੜਿਆਂ ਦੀ ਗਲ ਕਰਨ ਲਗਾ ਹਾਂ । ਸਾਡੇ ਜਿਹੜੇ ਅਫਸਰ ਸਾਹਿਬਾਨ ਹਨ ਜੇ ਉਨ੍ਹਾਂ ਨੂੰ ਇਹ ਪਤਾ ਹੁੰਦਾ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਨਹੀਂ ਆਉਣਾ ਤਾਂ ਸ਼ਾਇਦ ਇਹ ਕਿਤਾਬ 'ਇਕਨਾਮਿਕ ਸਰਵੇ' ਜਿਸ ਦੀ ਚਰਚਾ ਇਥੇ ਹੁੰਦੀ ਰਹੀ ਹੈ, ਇਹ ਇਸ ਤਰ੍ਹਾਂ ਨਾ ਛਪਵਾਉਂਦੇ । ਇਨ੍ਹਾਂ ਨੇ ਕਾਫੀ ਤਿਆਰੀ ਕੀਤੀ ਸੀ ਇਸ ਆਈਡਿਏ ਨਾਲ ਕਿ ਅਕਾਲੀ ਪਾਰਟੀ ਦੀ ਸਰਕਾਰ ਆਉਣੀ ਹੈ। ਉਸ ਦੇ ਮੁਤਾਬਿਕ ਹੀ 6 ਪੇਜ ਤੇ ਜ਼ਿਕਰ ਹੈ ਕਿ 18 ਫੋਕਲ ਪੁਆਇੰਟ ਕੰਪਲੀਟ ਹੋ ਗਏ ਹਨ, ਵਗੈਰਾ, ਵਗੈਰਾ । ਪਰ ਸਰਕਾਰ ਆ ਗਈ ਕਾਂਗਰਸ ਪਾਰਟੀ ਦੀ । ਉਸ ਤੇ ਫਿਰ ਚੇਪੀਆਂ ਲਾ ਦਿਤੀਆਂ । ਇਹ ਅੰਕੜੇ ਸਾਬਤ ਕਰਦੇ ਹਨ ਕਿ ਅਫਸਰ ਸਾਹਿਬਾਨ ਇਹੋ ਜਿਹੇ ਅੰਕੜੇ ਬਣਾ ਕੇ ਦਿੰਦੇ ਹਨ ਉਨ੍ਹਾਂ ਨੂੰ ਜਿਸ ਪਾਸੇ ਮਰਜ਼ੀ ਲਾ ਲਵੋ ਅਤੇ ਸਮਾਜਵਾਦ ਉਥੇ ਹੀ ਘੁੰਮਣ ਲਗ ਜਾਂਦਾ ਹੈ । ਇਸ ਦੇ ਇਲਾਵਾ ਅੰਕੜਿਆਂ ਦੀ ਗਲਤ ਬਿਆਨੀ ਦਾ ਜ਼ਿਕਰ ਇਥੇ ਆਇਆ ਸੀ । ਇਹ ਜਿਹੜੀ 'ਪੰਜਾਬ ਦੇ ਅੰਕੜੇ' ਦੇ ਬਾਹਰ ਲਿਸਟ ਹੈ ਇਸ ਵਿਚ ਦਿਤਾ ਹੋਇਆ ਹੈ ਕਿ ਕਿੰਨੇ ਹਰੀਜਨ ਰਿਜ਼ਰਵੇਸ਼ਨ ਦੇ ਮੁਤਾਬਿਕ ਭਰਤੀ ਹੋਣੇ ਚਾਹੀਦੇ ਸਨ ਅਤੇ ਕਿੰਨੀ ਪਰਸੈਂਟ ਰਿਜ਼ਰਵੇਸ਼ਨ ਦਿਤੀ ਗਈ ਹੈ । ਅਜੀਬ ਚੀਜ਼ ਲੱਭੀ ਹੈ । ਇਸ ਵਿਚ ਕਰਮਚਾਰੀਆਂ ਦੀ ਗਿਣਤੀ ਦਿਤੀ ਹੈ । 1979 ਵਿਚ 2,35,008 ਮੁਲਾਜ਼ਮ ਸਾਡੀ ਸਰਕਾਰ ਕੋਲ ਸਨ । ਜਿਹੜਾ ਇਹ ਸਾਲ ਹੈ, ਇਸ ਦੇ ਸਾਹਮਣੇ ਇਹ ਲਿਖਿਆ ਹੈ ਕਿ ਕੁਲ ਮੁਲਾਜ਼ਮ 2,52,848 ਹਨ । ਇਸ ਲਈ ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਇਹ ਅੰਕੜੇ ਇਧਰ ਹੋਰ ਹਨ ਉਧਰ ਹੋਰ ਹਨ। ਇਹ ਅੰਕੜਿਆਂ ਦਾ ਸਹਾਰਾ ਲੈ ਕੇ ਕੰਮ ਨਹੀਂ

Original with;
Punjab Vidhan Sabha
Digitized by;
Panjab Digital Library

ਚਲਣੀ। ਕਹਿੰਦੇ ਹਨ ਕਿ ਗਰੀਨ ਰੈਵੋਲਿਊਸ਼ਨ ਲਿਆਏ ਹਾਂ । ਵੇਖਣਾ ਇਹ ਹੈ ਕਿ ਇਸ ਦੇ ਨਾਲ ਗਰੀਬ ਕਿਸਾਨ ਨੂੰ ਰਾਹਤ ਮਿਲੀ ਹੈ ਜਾਂ ਨਹੀਂ। ਪਹਿਲੀ ਗਲ ਹੀ ਲੈ ਲਵੋ। 1947 ਤੋਂ ਹੁਣ ਤਕ ਕੋਈ ਸਾਲ ਦਸ ਦਿਓ ਜਦੋਂ ਕੀਮਤਾਂ ਘਟੀਆਂ ਹੋਣ। ਲਗਾਤਾਰ ਹਰ ਚੀਜ਼ ਦੀ ਕੀਮਤ ਵੱਧ ਰਹੀ ਹੈ। ਜਿਸ ਤਰੀਕੇ ਨਾਲ ਸਾਡਾ ਰਾਜ ਪ੍ਰਬੰਧ ਚਲ ਰਿਹਾ ਹੈ, ਜਿਹੜੀਆਂ ਲੀਹਾਂ ਤੇ ਸਾਡਾ ਰਾਜ਼ ਪ੍ਰਬੰਧ ਪਿਆ ਹੋਇਆ ਹੈ, ਕੋਈ ਵੀ ਸਰਕਾਰ ਇਸ ਪ੍ਰਬੰਧ ਵਿਚ ਆ ਜਾਵੇ, ਕੀਮਤਾਂ ਨਹੀਂ ਘੱਟ ਸਕਦੀਆਂ । ਕਿਉਂ ? ਕਿਉਂਕਿ ਕੀਮਤਾਂ ਮਨਾਪਲਿਸਟਾਂ ਦੇ ਹੱਥ ਵਿਚ ਹਨ, ਕੋਈ ਜ਼ੋਰ ਲਾ ਲਵੋ, ਜਿੰਨੀ ਦੇਰ ਰਾਜ ਪ੍ਰਬੰਧ ਮਨਾਪਲਿਸਟਾਂ ਦੇ ਹੱਥ ਵਿਚ ਰਹੇਗਾ, ਕੀਮਤਾਂ ਨਹੀਂ ਘਟ ਸਕਦੀਆਂ।

ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਗਰੀਬੀ ਦੂਰ ਹੋ ਗਈ ਹੈ । ਬੀਬੀ ਇੰਦਰਾ ਨੇ ਨਾਅਰਾ ਲਾਇਆ। ਜਨਤਾ ਪਾਰਟੀ ਨੇ ਵੀ ਨਾਅਰਾ ਲਾਇਆ ਕਿ ਗਰੀਬੀ ਦੂਰ ਕਰ ਦੇਣੀ ਹੈ । ਮੈਂ ਦਸਦਾ ਹਾਂ ਕਿ ਫਗਵਾੜੇ ਵਿਚ ਇਕ ਆਦਮੀ ਨੇ ਪਹਿਲਾਂ ਆਪਣੀ 8 ਸਾਲ ਦੀ ਧੀ ਮਾਰੀ, ਫਿਰ 11 ਸਾਲਾਂ ਦਾ ਬੱਚਾ ਮਾਰਿਆ ਅਤੇ ਬਾਅਦ ਵਿਚ ਆਪਣੇ ਆਪ ਮਰ ਗਿਆ। 3 ਜੀਅ ਖ਼ਤਮ ਹੋ ਗਏ ਕਿਉਂ ਕਿ ਉਨ੍ਹਾਂ ਨੂੰ ਰੋਟੀ ਖਾਣ ਨੂੰ ਨਹੀਂ ਸੀ ਮਿਲਦੀ। ਇਸੇ ਤਰ੍ਹਾਂ 16 ਮਾਰਚ ਦੀ ਖਬਰ ਹੈ ਕਿ ਇਕ ਮਾਂ ਨੇ ਬੱਚਾ ਛੱਡ ਦਿਤਾ । ਮਾਂ ਨੇ ਆਪਣੇ ਬੱਚੇ ਨੂੰ ਪਟੜੀ ਤੇ ਰਖ ਦਿਤਾ ਤਾਂ ਕਿ ਕੋਈ ਚੁਕ ਲਵੇ ਅਤੇ ਉਸ ਨੂੰ ਘੱਟੋ ਘੱਟ ਇਹ ਅਹਿਸਾਸ ਰਹੇ ਕਿ ਉਸ ਦਾ ਬੱਚਾ ਪਲ ਰਿਹਾ ਹੈ । ਮੈਂ ਨਹੀਂ ਬੋਲ ਸਕਦਾ। ਗਰੀਬਾਂ ਦਾ ਨਾਅਰਾ ਮਾਰਨ ਵਾਲੇ ਭਰਾ ਜ਼ਰਾ ਇਹ ਚੀਜ਼ ਤਾਂ ਵੇਖਣ ਕਿ ਲੋਕ ਕਿਸ ਹੱਦ ਤਕ ਪਹੁੰਚ ਚੁਕੇ ਹਨ। ਡਿਵੈਲਪਮੈਂਟ ਮਨਿਸਟਰ ਸਾਹਿਬ ਦਾ ਬਿਆਨ ਆਇਆ ਸੀ ਕਿ ਜਿਹੜੇ ਥਾਣੇਦਾਰ ਬੇਈਮਾਨ ਹਨ ਉਨ੍ਹਾਂ ਦੇ ਥਾਣਿਆਂ ਵਿਚ ਛਾਪੇ ਮਾਰੇ ਜਾਣਗੇ। ਮੈਂ ਕਹਿੰਦਾ ਹਾਂ ਕਿ ਤੁਹਾਨੂੰ ਪਤਾ ਹੈ ਕਿ ਫਲਾਂ ਫਲਾਂ ਥਾਣੇਦਾਰ ਕੁਰੱਪਟ ਹੈ। ਫਿਰ ਛਾਪੇ ਮਾਰਨ ਦੀ ਕੀ ਲੋੜ ਹੈ। ਉਸ ਨੂੰ ਲਾਈਨ ਵਿਚ ਹਾਜ਼ਰ ਕਰ ਦਿਓ। ਪਰ ਜੇਕਰ ਵਜ਼ੀਰ ਇਸ ਤਰ੍ਹਾਂ ਕਰਦੇ ਰਹੇ ਤਾਂ ਫਿਰ ਸਾਡੇ ਪੰਜਾਬ ਵਿਚ ਕੀ ਹਾਲਤ ਹੋਣੀ ਹੈ। ਇਹ ਇਕ ਖਬਰ ਟ੍ਰਿਬਿਊਨ ਵਿਚ ਆਈ ਹੈ ਜਿਸ ਦਾ ਹੈਡਿੰਗ ਹੈ' Tale of torture.

ਇਹ ਜਲੰਧਰ ਦੀ ਗਲ ਹੈ । ਇਕ ਧੰਨੀ ਕਿਸਾਨ ਨੇ ਜਿਹੜੇ ਬਾਹਰੋਂ ਮਜ਼ਦੂਰ ਆਉਂਦੇ ਹਨ ਉਨ੍ਹਾਂ ਨੂੰ ਬੰਦ ਕਰ ਦਿਤਾ। ਫਿਰ ਕੋਰਟ ਰਾਹੀਂ ਵਾਰੰਟ ਇਸ਼ੂ ਹੋਏ ਉਹ ਬੰਦੇ ਲਿਆਂਦੇ ਗਏ । ਠੇਕੇਦਾਰ ਇਸ ਤਰ੍ਹਾਂ ਦੀਆਂ ਗਲਾਂ ਬਾਹਰਲੇ ਲੋਕਾਂ ਨਾਲ ਕਰਨ ਲਗ ਪਏ ਹਨ । ਇਹ ਕਿਹੜੇ ਮੂੰਹ ਨਾਲ ਗਰੀਬਾਂ ਦਾ ਦਮ ਭਰਦੇ ਹਨ। ਬਜਟ ਦੇ ਆਂਕੜੇ ਇਤਨੇ ਪਰਸੈਂਟ ਵੱਧਾ ਦਿਤੇ ਇਤਨੇ ਘਟਾ ਦਿਤੇ ਇਨ੍ਹਾਂ ਦੇ ਨਾਲ ਲੋਕਾਂ ਦਾ ਢਿੱਡ ਨਹੀਂ ਭਰਨਾ । ਲੋਕਾਂ ਦੀ ਤਸੱਲੀ ਤਾਂ ਉਦੋਂ ਹੋਣੀ ਹੈ ਜਦੋਂ ਉਨ੍ਹਾਂ ਨੂੰ ਅਮਲੀ ਰੂਪ ਵਿਚ ਰਿਆਇਤਾਂ ਮਿਲਣਗੀਆਂ। ਇਸ ਦੇ ਇਲਾਵਾ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲਾਅ ਐਂਡ ਆਰਡਰ ਦੀ ਗਲ ਕਰਨਾ ਚਾਹੁੰਦਾ ਹਾਂ। ਇੱਕ ਮੀਰਾਂ ਕਾਂਡ ਹੋਇਆ ਹੈ ਇਹ ਪਟਿਆਲੇ ਦੀ ਲੜਕੀ ਹੈ। ਸੰਗਰੂਰ ਵਿਆਹੀ ਹੋਈ ਹੈ । ਉਹ ਬਰਨਾਲੇ ਤੋਂ ਪਤਾ ਨਹੀਂ ਕਿਧਰ ਚਲੀ ਗਈ। 100 ਫੀਸਦੀ ਇਹੋ ਗਲ ਸੁਣੀਂਦੀ ਹੈ ਕਿ ਦਾਜ ਦੇ ਲਾਲਚ ਵਿਚ ਆ ਕੇ ਉਸ ਨੂੰ ਕਤਲ ਕਰ ਦਿਤਾ ਗਿਆ ਹੈ। ਕਿਉਂਕਿ ਉਸ ਦੇ ਵਿਚ ਇੱਕ ਪੁਲਿਸ ਅਫਸਰ ਇਨਵਾਲਵਡ ਹੈ ਇਸ ਲਈ ਨਿੱਤ ਨਵੀਆਂ ਨਵੀਆਂ ਕਹਾਣੀਆਂ ਬਣਦੀਆਂ ਹਨ। ਹਰ ਰੋਜ਼ ਇਕ ਕੇਸ ਦਾਜ ਦੀ ਭੇਟਾ ਚੜ੍ਹਦਾ ਹੈ। ਕੋਈ ਸੱਸ ਸਹੁਰੇ ਨੇ ਤੇਲ ਬਾਲ ਕੇ ਸਾੜ ਦਿਤੀ, ਕਿਸੇ ਲੜਕੀ ਨੇ ਖੁਦਕਸ਼ੀ ਕਰ ਲਈ ਹੈ, ਕਿਸੇ ਨੇ ਜ਼ਹਿਰ ਖਾ ਲਈ ਹੈ। ਇਸ ਤਰੀਕੇ ਨਾਲ ਸਾਨੂੰ ਸਮਾਜ ਵਾਦ ਦੀ ਗਲ ਨਹੀਂ ਕਥਨੀ ਚਾਹੀਦੀ ਹੈ।

ਇਥੇ ਨੌਜਵਾਨਾਂ ਦੇ ਬੜੇ ਪੁਲ ਬੰਨੇ ਜਾਂਦੇ ਹਨ ਕਿ ਨੌਜਵਾਨਾਂ ਨੂੰ ਇਹ ਰਿਆਇਤਾਂ ਦਿਤੀਆਂ ਜਾਂਦੀਆਂ ਹਨ। ਮੈਂ ਤੁਹਾਡੇ ਸਾਹਮਣੇ ਅੰਕੜੇ ਪੇਸ਼ ਕਰਨਾ ਚਾਹੁੰਦਾ ਹਾਂ। ਨੌਜਵਾਨਾਂ ਦਾ ਸਭ ਤੋਂ

Original with;
Punjab Vidhan Sabha
Digitized by;
Panjab Digital

[ਕਾਮਰੇਡ ਬਲਦੇਵ ਸਿੰਘ ਲੂੰਬਾ]

ਵੱਡਾ ਮਸਲਾ ਇਸ ਵੇਲੇ ਬੇਰੁਜ਼ਗਾਰੀ ਦਾ ਹੈ। ਜਿਥੇ ਵਿਦਿਆ ਦਾ ਚੰਗਾ ਸਿਸਟਮ ਬਣਾਉਣਾ ਹੈ ਉਥੇ ਉਨ੍ਹਾਂ ਨੂੰ ਰੁਜ਼ਗਾਰ ਵੀ ਦੇਣਾ ਹੈ। ਜਿਹੜੀ ਵੀ ਸਰਕਾਰ ਆਈ ਉਹ ਇਹੀ ਕਹਿੰਦੀ ਰਹੀ ਕਿ ਪੰਜ ਸਾਲ ਦਿਓ ਅਸੀਂ ਬੇਰੁਜ਼ਗਾਰੀ ਖਤਮ ਕਰ ਦਿਆਂਗੇ ਮੈਂ ਤੁਹਾਡੇ ਸਾਹਮਣੇ ਸਰਕਾਰੀ ਅੰਕੜੇ ਹੀ ਰਖਣਾ ਚਾਹੁੰਦਾ ਹਾਂ 1966 ਤੋਂ ਮੈਂ ਸ਼ੁਰੂ ਕਰਦਾ ਹਾਂ। 1966 ਵਿਚ ਪੰਜਾਬ ਵਿਚ 50,478 ਬੇਰੁਜ਼ਗਾਰ ਸਨ।

6.04 ਸ਼ਾਮ

(ਇਸ ਵੇਲੇ ਸ਼੍ਰੀ ਸਪੀਕਰ ਨੇ ਸਦਨ ਦੀ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਪੰਜਾਬ ਵਿਚ 1966 ਤੋਂ ਬਾਅਦ ਦੋਨਾਂ ਪਾਰਟੀਆਂ ਦੀਆਂ ਸਰਕਾਰਾਂ ਰਹੀਆਂ। ਕਦੇ ਅਕਾਲੀਆਂ ਦੀ ਸਰਕਾਰ ਰਹੀ ਅਤੇ ਕਦੇ ਕਾਂਗਰਸ ਦੀ ਸਰਕਾਰ ਰਹੀ। 31 ਮਾਰਚ, 1980 ਤਕ ਬੇਰੁਜ਼ਗਾਰਾਂ ਦੀ ਗਿਣਤੀ ਵੱਧ ਕੇ 4,28,000 ਹੋ ਗਈ। ਹਰ ਸਾਲ ਲਗਾਤਾਰ ਬੇਰੁਜ਼ਗਾਰੀ ਵਿਚ ਵਾਧਾ ਹੁੰਦਾ ਰਿਹਾ। ਕਿਸੇ ਸਾਲ 30 ਹਜ਼ਾਰ ਵਾਧਾ ਹੋਇਆ, ਕਿਸੇ ਸਾਲ 40 ਹਜ਼ਾਰ ਅਤੇ ਕਿਸੇ ਸਾਲ 50 ਹਜ਼ਾਰ ਬੇਰੁਜ਼ਗਾਰਾਂ ਦਾ ਵਾਧਾ ਹੋਇਆ। ਕਿਹੜਾ ਪੰਜਾਬ ਦਾ, ਚੀਫ ਮਨਿਸਟਰ ਹੈ ਜਿਹੜਾ ਕੋਈ ਵੀ ਹੁਣ ਤਕ ਰਿਹਾ ਹੈ, ਜੋ ਦਾਅਵੇ ਨਾਲ ਕਹਿ ਸਕੇ ਕਿ ਮੈਂ ਬੇਰੁਜ਼ਗਾਰੀ ਆਪਣੇ ਰਾਜ ਵਿਚ ਘਟਾਈ ਹੈ। ਇਹ ਤੁਹਾਡੇ ਪੰਜਾਬ ਸਰਕਾਰ ਦੇ ਹੀ ਅੰਕੜੇ ਮੈਂ ਦਸੇ ਹਨ। ਇਸ ਲਈ ਇਨ੍ਹਾਂ ਨੂੰ ਬੇਰੁਜ਼ਗਾਰੀ ਨੂੰ ਘਟਾਉਣ ਦੇ ਨਾਅਰੇ ਨਹੀਂ ਲਗਾਉਣੇ ਚਾਹੀਦੇ। ਅਸਲ ਵਿਚ ਬੇਰੁਜ਼ਗਾਰੀ ਲਗਾਤਾਰ ਵੱਧਦੀ ਰਹੀ ਹੈ। ਇਸ ਮਸਲੇ ਵਿਚ ਅਜੇ ਤਕ ਕੋਈ ਸੁਧਾਰ ਨਹੀਂ ਹੋਇਆ।

ਸਪੀਕਰ ਸਾਹਿਬ, ਇਸ ਦੇ ਇਲਾਵਾ ਸ਼ਡਿਊਲਡ ਕਾਸਟਸ ਦੀ ਬੜੀ ਚਰਚਾ ਇਥੇ ਨਿੱਤ ਕੀਤੀ ਜਾਂਦੀ ਹੈ। ਪਰ ਇਸ ਲਈ ਬਜਟ ਵਿਚ ਇਨ੍ਹਾਂ ਲਈ ਕਿਤਨਾ ਪੈਸਾ ਰਖਿਆ ਗਿਆ ਹੈ। ਬੜੇ ਢੋਲ ਢਮਾਕੇ ਹਰੀਜਨਾਂ ਦੀ ਭਲਾਈ ਦੇ ਲਗਦੇ ਹਨ। 'ਪੰਜਾਬ ਐਟ ਏ ਗਲਾਂਸ' ਵਿਚ ਲੇਬਰ ਐਂਡ ਇੰਪਲਾਇਮੈਂਟ ਦੀ ਮੱਦ ਥਲੇ ਕਿਤਨਾ ਪੈਸਾ ਰਖਿਆ ਗਿਆ ਹੈ। 4,28,000 ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣਾ ਹੈ ਅਤੇ ਲੇਬਰ ਨੂੰ ਵੀ ਸਹੂਲਤਾਂ ਦੇਣੀਆਂ ਹਨ। ਇਸ ਲਈ 100 ਪੈਸਿਆਂ ਵਿਚੋਂ 1 ਪੈਸਾ ਬਜਟ ਦਾ ਰਖਿਆ ਗਿਆ ਹੈ। ਸੋਸ਼ਲ ਸ਼ਿਕਯੋਰਟੀ ਐਂਡ ਵੈਲਫੇਅਰ ਲਈ 5 ਪੈਸੇ ਰਖੇ ਹਨ। ਇਸ ਦੇ ਨਾਲ ਸਾਰਿਆਂ ਪੈਨਸ਼ਨਾਂ ਮਿਲ ਜਾਣਗੀਆਂ, ਹਰੀਜਨਾਂ ਲਈ ਧਰਮਸ਼ਾਲਾਂ ਬਣ ਜਾਣਗੀਆਂ, ਬਚਿਆਂ ਨੂੰ ਵਜ਼ੀਫੇ ਵੀ ਮਿਲ ਜਾਣਗੇ, ਕਿਤਾਬਾਂ ਵੀ ਮੁਫਤ ਮਿਲ ਜਾਣਗੀਆਂ ਅਤੇ ਮੁਫਤ ਕਾਨੂੰਨੀ ਸਹਾਇਤਾ ਵੀ ਮਿਲ ਜਾਵੇਗੀ। ਇਹ ਸਾਰਾ ਕੁਝ ਸਿਰਫ 5 ਪੈਸੇ ਜਿਹੜੇ ਬਜਟ ਦੇ 100 ਪੈਸਿਆਂ ਵਿਚੋਂ ਰਖੇ ਹਨ, ਉਸ ਨਾਲ ਹੋ ਜਾਵੇਗਾ। ਇਸ ਨਾਲ 25 ਫੀ ਸਦੀ ਆਬਾਦੀ ਨੂੰ ਸਹੂਲਤਾਂ ਦੇਣੀਆਂ ਹਨ। ਮੁਫਤ ਕਾਨੂੰਨੀ ਸਹਾਇਤਾ ਲਈ ਬਜਟ ਵਿਚ ਪੈਸਾ ਪਹਿਲਾਂ ਨਾਲੋਂ ਘਟਾਇਆ ਗਿਆ ਹੈ। ਪਹਿਲਾਂ ਇਸ ਸਕੀਮ ਦੇ ਲਈ 1978-79 ਵਿਚ 50,000 ਰੁਪਿਆ ਰਖਿਆ ਸੀ ਅਤੇ ਹੁਣ 1980-81 ਵਿਚ ਇਹ ਘਟਾ ਕੇ 25,000 ਰੁਪਏ ਕਰ ਦਿਤਾ ਗਿਆ ਹੈ। ਐਨੀ ਛਾਲ ਮਾਰ ਦਿਤੀ ਕਿ ਸਭ ਨੂੰ ਕਾਨੂੰਨੀ ਸਹਾਇਤਾ ਮੁਫਤ ਮਿਲਣ ਲਗ ਗਈ। ਇਹ ਸਾਰੇ ਸਬਜ਼ ਬਾਗ ਜਿਸ ਤਰੀਕੇ ਨਾਲ ਲੋਕਾਂ ਨੂੰ ਦਿਖਾਏ ਜਾ ਰਹੇ ਹਨ ਇਸ ਨਾਲ ਲੋਕਾਂ ਦੇ ਢਿੱਡ ਨਹੀਂ ਭਰਨੇ, ਬਲਕਿ ਉਹ ਲੋਕ ਹੋਰ ਜ਼ਿਆਦਾ ਇਸ ਸਿਸਟਮ ਤੋਂ ਦੂਰ ਹੋ ਰਹੇ ਹਨ। ਸਪੀਕਰ ਸਾਹਿਬ, ਰਿਜ਼ਰਵੇਸ਼ਨ ਐਕਟ ਦਾ ਬੜਾ ਰੌਲਾ ਪਾਇਆ ਹੈ। ਜਦੋਂ ਬਾਦਲ ਸਾਹਿਬ ਚੀਫ ਮਨਿਸਟਰ ਸਾਹਿਬ ਸਨ ਤਾਂ ਇਨ੍ਹਾਂ ਨੇ ਹਰੀਜਨ ਐਮ. ਐਲ. ਏਜ਼ ਦੀ ਇਕ ਮੀਟਿੰਗ ਬੁਲਾਈ ਸੀ। ਉਥੇ ਐਮ.ਪੀ. ਵੀ ਆ ਗਏ ਸਨ। ਗਲ ਹੋ ਗਈ ਕਿ ਐਕਟ ਲਿਆਉਣਗੇ। ਪਰ ਉਹ ਆਇਆ ਨਹੀਂ। ਉਦੋਂ ਜਿਹੜੇ ਆਪੋਜ਼ੀਸ਼ਨ ਵਿਚ ਬੈਠੇ ਸਨ ਅੱਜ ਉਹ ਟਰੈਜ਼ਰੀ ਬੈਂਚਾਂ ਤੇ ਬੈਠੇ ਹਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਜ਼ੋਰ ਲਾਉਣ। ਜਦੋਂ ਉਸ ਵੇਲੇ ਇਹ ਕਹਿੰਦੇ ਸਨ ਕਿ ਇਹ ਐਕਟ ਬਣਨਾ ਚਾਹੀਦਾ ਹੈ, ਬਾਦਲ ਸਾਹਿਬ ਤੋਂ ਇਸ ਦੀ ਮੰਗ ਕਰਦੇ ਸਨ

Original with;
Punjab Vidhan Sabha
Digitized by;
Panjab Digital Library

ਤਾਂ ਅੱਜ ਟਰੈਜ਼ਰੀ ਬੈਂਚਾਂ ਤੇ ਬੈਠ ਕੇ ਇਨ੍ਹਾਂ ਨੂੰ ਆਪਣੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਰਿਜ਼ਰਵੇਸ਼ਨ ਦਾ ਐਕਟ ਬਣਨਾ ਚਾਹੀਦਾ ਹੈ ਤਾਂ ਕਿ ਰੋਜ਼ ਦਾ ਲੜਾਈ ਝਗੜਾ ਖਤਮ ਹੋ ਸਕੇ। ਇਸ ਲਈ, ਸਪੀਕਰ ਸਾਹਿਬ, ਮੈਂ ਫਿਰ ਮੰਗ ਕਰਦਾ ਹਾਂ ਕਿ ਇਹ ਐਕਟ ਬਣਨਾ ਚਾਹੀਦਾ ਹੈ।

ਸਪੀਕਰ ਸਾਹਿਬ, ਪੰਜਾਬ ਦਾ ਆਦਮੀ ਉਦੋਂ ਸੈਂਟਰ ਵਿਚ ਡਿਪਟੀ ਮਨਿਸਟਰ ਸੀ ਸੈਂਟਰ ਵਿਚ ਇਸ ਦੀ ਮੀਟਿੰਗ ਹੋਈ ਅਤੇ ਕਿਹਾ ਗਿਆ ਕਿ ਪੈਨਸ਼ਨ ਜਿਹੜੀ 50 ਰੁਪਏ ਮਿਲਦੀ ਹੈ, ਇਸ ਦੇ ਨਾਲ ਗੁਜ਼ਾਰਾ ਨਹੀਂ ਹੁੰਦਾ ਇਸ ਲਈ ਇਸ ਨੂੰ ਵੱਧਾ ਕੇ 60 ਰੁਪਏ ਕਰ ਦਿਤਾ ਜਾਵੇ। ਗੁਜ਼ਾਰਾ ਤਾਂ 60 ਰੁਪਏ ਨਾਲ ਵੀ ਨਹੀਂ ਹੁੰਦਾ। ਮੈਂ ਇਹ ਮੰਗ ਕਰਦਾ ਹਾਂ ਕਿ ਇਹ 50 ਰੁਪਏ ਤੋਂ 60 ਰੁਪਏ ਕਰ ਦਿਓ। ਵੈਲਫੇਅਰ ਮਨਿਸਟਰ ਸਾਹਿਬ ਇਥੇ ਬੈਠੇ ਹਨ। ਇਹ ਸੈਂਟਰ ਦੀ ਸਿਫਾਰਿਸ਼ ਹੈ। 10 ਰੁਪਏ ਤਾਂ ਘੱਟ ਤੋਂ ਘੱਟ ਵਧਾ ਦਿਓ। ਸਪੀਕਰ ਸਾਹਿਬ, ਬਹਿਸ ਦੇ ਦੌਰਾਨ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਜ਼ਿਲਿਆਂ ਵਿਚ ਇਨ੍ਹਾਂ ਦੇ ਦਫਤਰ ਭੇਜ ਦਿੱਤੇ ਹਨ ਬੜੀ ਖੁਸ਼ੀ ਦੀ ਗਲ ਹੈ। ਪਰ ਸਪੀਕਰ ਸਾਹਿਬ ਜ਼ਿਲ੍ਹਿਆਂ ਵਿਚ ਇਸ ਨਾਲ ਲੁਟ ਵੱਧੇਗੀ। ਜੇ ਤਾਂ ਉਥੋਂ ਵੀ ਸਿਧਾ ਮਨੀਆਰਡਰ ਚਲਾ ਜਾਵੇ ਤਾਂ ਤੇ ਠੀਕ ਹੈ। ਜੇ ਇਹ ਕਰ ਦਿਤਾ ਕਿ ਹੈਡਕੁਆਰਟਰ ਤੇ ਹੀ ਪੈਨਸ਼ਨ ਮਿਲੇਗੀ ਤਾਂ ਪਹਿਲਾਂ ਤਾਂ ਕਿਰਾਇਆ ਖਰਚ ਕੇ ਉਹ ਜ਼ਿਲ੍ਹਾ ਹੈਡ ਕੁਆਰਟਰ ਤੇ ਆਉਣਗੇ। ਫਿਰ ਵੀ ਪਤਾ ਨਹੀਂ ਉਸ ਨੂੰ ਪੈਨਸ਼ਨ ਮਿਲੇਗੀ ਜਾਂ ਨਹੀਂ। ਕੁਰਪਸ਼ਨ ਤਾਂ ਅੱਗੇ ਹੀ ਜ਼ੋਰਾਂ ਤੇ ਸਾਰੇ ਹਿੰਦੁਸਤਾਨ ਵਿਚ ਚਲ ਰਹੀ ਹੈ। 50 ਰੁਪਏ ਵਿਚੋਂ ਉਨ੍ਹਾਂ ਨੂੰ 25 ਰੁਪਏ ਹੀ ਫਿਰ ਮਿਲਣਗੇ। ਜੇ ਮਨਿਸਟਰ ਸਾਹਿਬ ਇਹ ਆਰਡਰ ਕਰ ਦੇਣ ਕਿ ਪੈਸੇ ਮਨੀਆਰਡਰ ਰਾਹੀਂ ਮਿਲਣਗੇ ਜਾਂ ਬੈਂਕਾਂ ਰਾਹੀਂ ਦਿਵਾ ਦੇਣਗੇ ਤਾਂ ਠੀਕ ਹੋਵੇਗਾ। ਅੰਨੇ, ਕੋਹੜੀ, ਲੂਲੇ, ਲੰਗੜੇ ਬੁੱਢੇ ਕਿਥੇ ਭਜੇ ਫਿਰਣਗੇ। ਉਨ੍ਹਾਂ ਵਿਚਾਰਿਆਂ ਨੂੰ ਤਾਂ ਫਿਰ ਧੱਕੇ ਹੀ ਪੈਣੇ ਹਨ।

ਮੈਂ, ਸਪੀਕਰ ਸਾਹਿਬ, ਵੈਲਫੇਅਰ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੁਫਤ ਕਾਨੂੰਨੀ ਸਹਾਇਤਾ ਲਈ ਅਗਰ ਪੈਸੇ ਵਧਾਉਣੇ ਨਹੀਂ ਤਾਂ ਘਟਾਓ ਵੀ ਨਾ। ਇਸ ਵੱਲ ਜ਼ਰੂਰ ਧਿਆਨ ਦੇਣ।

ਇਸ ਦੇ ਇਲਾਵਾ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ। ਬਹਿਸ ਬਹੁਤ ਹੋ ਚੁਕੀ ਹੈ। ਮੈਂ ਜ਼ਿਆਦਾ ਸਮਾਂ ਨਹੀਂ ਬੋਲਣਾ। ਇਕ ਪਾਸੇ ਤੋਂ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਪਬਲਿਕ ਸਕੂਲ ਖੋਲ੍ਹੇ ਹਨ। ਦੂਜੇ ਪਾਸੇ ਤੋਂ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਆਦਰਸ਼ ਸਕੂਲ ਖੋਲ੍ਹ ਦਿੱਤੇ ਹਨ। ਇਥੇ ਡਾਕਟਰ ਭਗਤ ਸਿੰਘ ਨੇ ਦਰੁਸਤ ਕਿਹਾ ਹੈ ਕਿ ਇਹ ਡਿਸਕ੍ਰਿਮੀਨੇਸ਼ਨ ਨਹੀਂ ਹੋਣੀ ਚਾਹੀਦੀ। ਉਹ ਪਬਲਿਕ ਸਕੂਲਾਂ ਦੇ ਖਿਲਾਫ ਹਨ, ਇਹ ਆਦਰਸ਼ ਸਕੂਲਾਂ ਦੇ ਖਿਲਾਫ ਹਨ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਡਿਸਕ੍ਰਿਮੀਨੇਸ਼ਨ ਬੰਦ ਹੋਣੀ ਚਾਹੀਦੀ ਹੈ। ਸੀ.ਐਮ. ਸਾਹਿਬ ਨੂੰ ਇਥੇ ਹਾਊਸ ਵਿਚ ਐਲਾਨ ਕਰਨਾ ਚਾਹੀਦਾ ਹੈ ਕਿ ਪੰਜਾਬ ਵਿਚ ਇੱਕੋ ਪੱਧਰ ਤੇ ਐਜੂਕੇਸ਼ਨ ਹੋਵੇਗੀ। ਹਰ ਬੱਚਾ ਇੱਕ ਤਰ੍ਹਾਂ ਦੇ ਸਕੂਲ ਵਿਚ ਹੀ ਪੜ੍ਹੇਗਾ। ਲੇਕਿਨ ਨਾਅਰੇਬਾਜ਼ੀ ਨਾਲ ਕੰਮ ਨਹੀਂ ਚਲੇਗਾ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਐਲਾਨ ਕੀਤਾ ਜਾਵੇ ਕਿ ਇੱਕੋ ਕਿਸਮ ਦੀ ਐਜੂਕੇਸ਼ਨ ਪੰਜਾਬ ਵਿਚ ਦੇਣੀ ਹੈ।

ਸਪੀਕਰ ਸਾਹਿਬ, ਬੀ.ਐਡ. ਦੇ ਦਾਖਲੇ ਹੋ ਰਹੇ ਹਨ। 33% ਸੀਟਾਂ ਘੱਟਾ ਦਿੱਤੀਆਂ ਗਈਆਂ ਹਨ। ਜਿਹੜੇ ਨੌਜਵਾਨ ਅਡਮਿਸ਼ਨ ਲੈਣਾ ਚਾਹੁੰਦੇ ਸਨ ਉਹ ਅੱਜ ਬੇਚੈਨ ਫਿਰਦੇ ਹਨ। ਉਹ ਕਹਿੰਦੇ ਹਨ ਕਿ ਕਿਧਰ ਜਾਈਏ, ਕੀ ਕਰੀਏ ? ਮੈਂ ਸਮਝਦਾ ਹਾਂ ਕਿ ਇਹ ਜਿਹੜਾ ਫੈਸਲਾ ਕੀਤਾ ਹੈ, ਇਸ ਨੂੰ ਸਰਕਾਰ ਨੂੰ ਦਰੁਸਤ ਕਰਨਾ ਚਾਹੀਦਾ ਹੈ। ਸਰਕਾਰ ਨੇ ਇਹ ਦਰੁਸਤ ਕੰਮ ਨਹੀਂ ਕੀਤਾ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਇਸ ਦੇ ਇਲਾਵਾ ਮੈਂ ਜਲੰਧਰ ਦੀ ਗੱਲ ਕਰਨਾ ਚਾਹੁੰਦਾ ਹਾਂ। ਮਨਿਸਟਰ ਸਾਹਿਬ ਸਾਰੀ ਗੱਲ ਸਮਝਦੇ ਹਨ।

ਹੁਣ ਸਪੀਕਰ ਸਾਹਿਬ, ਮੈਂ ਖੇਤੀਬਾੜੀ ਦੇ ਸਬੰਧ ਵਿਚ ਇਕੱ ਗਲ ਕਰਨੀ ਹੈ। ਸਾਡੇ ਫਲੱਡਜ਼ ਬੜੇ ਆਉਂਦੇ ਹਨ, ਗੜ੍ਹੇ ਵੀ ਪੈਂਦੇ ਹਨ, ਹਨ੍ਹੇਰੀਆਂ ਵੀ ਆਉਂਦੀਆਂ ਹਨ। ਇਸ ਦੇ ਬਾਰੇ ਅਸੀਂ ਲਗਾਤਾਰ ਮੰਗ ਕਰਦੇ ਆ ਰਹੇ ਹਾਂ ਕਿ ਜਦੋਂ ਵੀ ਫਲੱਡਜ਼ ਆਉਣ, ਨੈਚੂਰਲ ਕਲੈਮਿਟੀਜ਼ ਆਉਣ ਅਤੇ ਉਸ ਨਾਲ ਕਿਸਾਨ ਦੀ ਫਸਲ ਜਿਹੜੀ ਹੈ ਉਹ ਤਬਾਹ ਹੋ ਜਾਵੇ ਤਾਂ ਕਿਸਾਨ ਨੂੰ ਮੁਆਵਜ਼ਾ ਮਿਲੇ। ਇਸ ਲਈ ਕਿਸਾਨ ਦੀ ਫਸਲ ਦਾ ਬੀਮਾ ਹੋਣਾ ਚਾਹੀਦਾ ਹੈ। ਜਿਹੜੇ ਭਰਾ ਇਧਰ ਆਪੋ-ਜ਼ੀਸ਼ਨ ਵਿਚ ਉਸ ਵੇਲੇ ਬੈਠੇ ਸਨ ਅੱਜ ਹੁਣ ਉਧਰ ਟਰੈਜ਼ਰੀ ਬੈਂਚਾਂ ਤੇ ਚਲੇ ਗਏ ਹਨ, ਇਹ ਵੀ ਬੜੀ ਇਸ ਗੱਲ ਦੀ ਮੰਗ ਕਦੇ ਹੁੰਦੇ ਸੀ ਕਿ ਬੀਮਾ ਸਕੀਮ ਨੂੰ ਲਾਗੂ ਕਰਨਾ ਚਾਹੀਦਾ ਹੈ। ਹੁਣ ਉਨ੍ਹਾਂ ਦੀ ਉਹ ਮੰਗ ਕਿੱਧਰ ਗਈ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਉਸ ਬੀਮਾਂ ਸਕੀਮ ਨੂੰ ਲਾਗੂ ਕਰੋ। ਇਸ ਤੋਂ ਬਗੈਰ ਜ਼ਿਮੀਦਾਰ ਦਾ ਗੁਜ਼ਾਰਾ ਨਹੀਂ ਹੋ ਸਕਦਾ, ਕਿਸਾਨ ਦਾ ਗੁਜ਼ਾਰਾ ਨਹੀਂ ਹੋ ਸਕਦਾ। ਭਵਿੱਖ ਵਿਚ ਤਾਂ ਹੀ ਕਿਸਾਨ ਦਾ ਬਚਾ ਹੋ ਸਕਦਾ ਹੈ ਜੇਕਰ ਉਸ ਦੀ ਫਸਲ ਦਾ ਬੀਮਾਂ ਹੋਵੇ। ਇਸੇ ਤਰ੍ਹਾਂ ਹੀ ਬਿਜਲੀ ਦੀ ਬੜੀ ਮੰਗ ਹੈ । ਅੱਗੇ ਤਾਂ ਦਸ ਘੰਟੇ, ਗਿਆਰਾਂ ਘੰਟੇ ਬਿਜਲੀ ਮਿਲਦੀ ਰਹੀ ਹੈ। ਸਾਡੀ ਇਹ ਮੰਗ ਹੈ ਕਿ ਕਿਸਾਨ ਨੂੰ ਬਿਜਲੀ ਪੂਰੀ ਦਿਓ, ਉਸ ਦੇ ਟਿਊਬਵੈਲ ਸਾਰਾ ਦਿਨ ਚਲਣ ਦਿਓ ਤਾਂ ਹੀ ਉਹ ਸਾਰੇ ਹਿੰਦੋਸਤਾਨ ਨੂੰ ਇਕੱਲਾ ਅਨਾਜ ਦੇਵੇਗਾ। ਬਾਕੀ ਹਿੰਦੋਸਤਾਨ ਦੇ ਲੋਕ ਹੋਰ ਕੰਮ ਕਰਨ। ਉਸ ਦੇ ਡੀਜ਼ਲ ਦੇ ਇੰਜਣ ਡੀਜ਼ਲ ਦੀ ਔਰ ਬਿਜਲੀ ਦੀਆਂ ਮੋਟਰਾਂ ਬਿਜਲੀ ਦੀ ਥੁੜ੍ਹ ਕਾਰਣ ਖੜੀਆਂ ਨਾ ਹੋਣ ਦਿਓ, ਉਹ ਤੁਹਾਨੂੰ ਅਨਾਜ ਦੇਵੇਗਾ। ਇਸ ਲਈ ਤੁਸੀਂ ਸੈਂਟਰ ਤੇ ਜ਼ੋਰ ਪਾ ਕੇ ਕਹੋ ਔਰ ਉਨ੍ਹਾਂ ਤੋਂ ਅਟਾਮਿਕ ਪਲਾਂਟ ਬਿਜਲੀ ਜੈਨਰੇਟ ਕਰਨ ਲਈ ਲੈ ਆਓ। ਅਨਾਜ ਲਈ ਸਾਰੇ ਹਿੰਦੁਸਤਾਨ ਦੇ ਲੋਕ ਪੰਜਾਬ ਤੇ ਡਿਪੈਂਡ ਕਰ ਸਕਦੇ ਹਨ ਜੇਕਰ ਇਥੋਂ ਦੇ ਕਿਸਾਨ ਨੂੰ ਪੂਰੀਆਂ ਸਹੂਲਤਾਂ ਮਿਲਣ। ਇਸ ਲਈ ਹੁਣ ਅਟਾਮਿਕ ਅਨਰਜੀ ਲਈ ਪਲਾਂਟ ਲੈ ਆਓ। ਸੋਲਰ ਅਨਰਜੀ ਵੀ ਕਾਮਯਾਬ ਹੋ ਰਹੀ ਹੈ। ਬਾਦਲ ਸਾਹਿਬ ਨੇ ਠੀਕ ਕਿਹਾ ਹੈ ਕਿ ਖੇਤੀਬਾੜੀ ਵੀ ਅੱਜ ਇਕ ਇੰਡਸਟਰੀ ਬਣਦੀ ਜਾ ਰਹੀ ਹੈ। ਇਸ ਲਈ ਜੋ ਇੰਡਸ-ਟਰੀ ਦੀਆਂ ਸਕੀਮਾਂ ਹਨ, ਜੋ ਲੇਬਰਜ਼ ਲਈ ਸਕੀਮਾਂ ਹਨ ਉਹ ਹੀ ਇਥੇ ਵੀ ਲਾਗੂ ਕਰਨੀਆਂ ਚਾਹੀਦੀਆਂ ਹਨ। ਇਸ ਉਤੇ ਤੁਹਾਨੂੰ ਬਹੁਤ ਛੇਤੀ ਸੋਚਣਾ ਪਵੇਗਾ। ਇਸ ਗੱਲ ਨਾਲ ਸਾਰੇ ਸਹਿਮਤ ਹੋਣਗੇ ਕਿ ਅਸੀਂ ਬੜੀ ਦੇਰ ਦੀ ਮੰਗ ਕਰਦੇ ਆ ਰਹੇ ਹਾਂ ਕਿ ਜਿਹੜਾ ਛੋਟਾ ਕਿਸਾਨ ਹੈ, ਜਿਸ ਦੇ ਪਾਸ ਦੋ, ਤਿੰਨ, ਚਾਰ ਜਾਂ ਪੰਜ ਕਿੱਲੇ ਜ਼ਮੀਨ ਹੈ, ਉਸ ਦੇ ਨਾਲ ਉਸ ਦਾ ਗੁਜ਼ਾਰਾ ਨਹੀਂ ਹੁੰਦਾ। ਇਸ ਲਈ ਜੇਕਰ ਉਸ ਕਿਸਾਨ ਦੀ ਸਹਾਇਤਾ ਕਰਨੀ ਚਾਹੁੰਦੇ ਹੋ ਤਾਂ ਉਸ ਦੇ ਵਾਸਤੇ ਮੀਰੀ-ਅਸਲੀ ਸੋਚੋ।

ਸ਼੍ਰੀ ਸਪੀਕਰ : ਲੂੰਬਾ ਸਾਹਿਬ, ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਬੱਸ ਜੀ ਮੈਂ ਛੇਤੀ ਹੀ ਖ਼ਤਮ ਕਰ ਦਿੰਦਾ ਹਾਂ। ਸੋ, ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜੇਕਰ ਤੁਸੀਂ ਕਿਸਾਨ ਦੀ ਸਹਾਇਤਾ ਕਰਨੀ ਚਾਹੁੰਦੇ ਹੋ, ਛੋਟੇ ਕਿਸਾਨ ਨੂੰ ਰਿਲੀਫ ਦੇਣਾ ਚਾਹੁੰਦੇ ਹੋ ਤਾਂ ਮਾਰਕਿਟਿੰਗ ਬੋਰਡ ਨੇ ਜਿਹੜੇ ਢੋਲਾਂ ਦੇ ਪੈਸੇ ਲਏ ਹਨ, ਉਹ ਢੋਲ ਪਤਾ ਨਹੀਂ ਕਿੱਥੇ ਗਏ, ਪਤਾ ਨਹੀਂ ਸ਼ਹਿਰੀਆਂ ਦੇ ਘਰ ਵਿਚ ਪਏ ਹੋਣਗੇ, ਉਨ੍ਹਾਂ ਦਾ ਪਤਾ ਕਰੋ। ਕਿਸਾਨ ਦਾ ਅਨਾਜ ਰੱਖਣ ਵਾਸਤੇ ਮਾਰਕੀਟਿੰਗ ਬੋਰਡ ਸ਼ੈਡ ਬਣਾ ਕੇ ਦੇਵੇ ਔਰ

Original with;
Punjab Vidhan Sabha
Digitized by;
Panjab Digital Library

ਉਸ ਤੇ ਆਪਣੇ ਕੋਲੋਂ ਪੈਸੇ ਲਗਾਵੇ । ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਉਹ ਕਿਸਾਨਾਂ ਵਾਸਤੇ ਪਿੰਡਾਂ ਵਿਚ ਟਰੈਕਟਰ ਸਟੇਸ਼ਨਜ਼ ਖੋਲ੍ਹੇ ਤਾਕਿ ਜਿਹੜਾ ਕਿਸਾਨ ਪਿੰਡ ਵਿਚ ਬਲਦ ਰੱਖਣ ਦੇ ਵੀ ਕਾਬਲ ਨਹੀਂ ਹੈ, ਉਹ ਟਰੈਕਟਰ ਸਰਕਾਰ ਦਾ ਵਰਤ ਸਕੇ ਅੱਰ ਪੈਦਾਵਾਰ ਵਧਾ ਸਕੇ। ਇਸ ਲਈ ਮੈਂ ਕਹਾਂਗਾ ਕਿ ਟਰੈਕਟਰ ਸਟੇਸ਼ਨਜ਼ ਬਣਾਉਣੇ ਚਾਹੀਦੇ ਹਨ। (ਘੰਟੀ) ਬਸ ਜੀ, ਮੈਂ ਦੋ ਤਿੰਨ ਗੱਲਾਂ ਹੀ ਹੋਰ ਕਹਿਣੀਆਂ ਹਨ। ਸਪੀਕਰ ਸਾਹਿਬ, ਸਾਡੇ ਨਾਲ ਇਕ ਹੋਰ ਧੱਕਾ ਹੋਇਆ ਹੈ, ਜਿਸ ਵੱਲ ਸਾਡੀ ਸਰਕਾਰ ਨੇ ਧਿਆਨ ਨਹੀਂ ਦਿੱਤਾ। ਅਸੀਂ ਲਗਾਤਾਰ ਹੇਠਾਂ ਨੂੰ ਜਾ ਰਹੇ ਹਾਂ। ਸੁਰਜੀਤ ਸਿੰਘ ਅੱਰ ਗਰੇਵਾਲ ਨੂੰ ਜਾਣ ਬੁਝ ਕੇ ਓਲੰਮਪਿਕ ਹਾਕੀ ਟੀਮ ਵਿਚੋਂ ਕੱਢ ਦਿੱਤਾ ਗਿਆ। ਉਹ ਦੋ ਨੌਜਵਾਨ ਘਰੀਂ ਬੈਠੇ ਹਨ। ਉਨ੍ਹਾਂ ਨੂੰ ਪੰਜਾਬ ਵਿਚ ਵਾਪਸ ਮੋੜ ਦਿੱਤਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਵੀ ਕੁਝ ਨਾ ਕੁਝ ਸਰਕਾਰ ਨੂੰ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਜੇਕਰ ਅਸੀਂ ਇਸ ਬੱਜਟ ਨੂੰ ਸੀਰੀਅਸਲੀ ਵੇਖਦੇ ਹਾਂ ਤਾਂ ਸਾਨੂੰ ਕੋਈ ਸੇਧ ਨਹੀਂ ਮਿਲਦੀ ਜਿਹੜੀ ਕਿ ਗਰੀਬਾਂ ਨੂੰ ਅੱਗੇ ਲੈ ਜਾਵੇਗੀ।

ਸਪੀਕਰ ਸਾਹਿਬ, ਹੁਣ ਮੈਂ ਕੁਰੱਪਸ਼ਨ ਦੇ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ। ਜਿਸ ਵੇਲੇ ਇਹ ਭਰਾ (ਟਰੈਜ਼ਰੀ ਬੈਂਚਾਂ ਵਲ ਇਸ਼ਾਰਾ) ਉਧਰ ਬੈਠੇ ਸਨ ਤਾਂ ਇਹ ਕਹਿੰਦੇ ਸਨ ਕਿ ਇਕ ਹਾਈ ਪਾਵਰਡ ਕਮਿਸ਼ਨ ਬਣਾਉਣਾ ਚਾਹੀਦਾ ਹੈ ਅੱਰ ਜਦੋਂ ਹੁਣ ਇਹ ਉਧਰ ਚਲੇ ਗਏ ਹਨ ਤਾਂ ਹੁਣ ਇਹ ਸਰਕਾਰ ਤੇ ਜ਼ੋਰ ਪਾ ਕੇ ਇਹ ਕੰਮ ਕਰਵਾ ਸਕਦੇ ਹਨ। ਜਦੋਂ ਪਹਿਲਾਂ ਇਹ ਵੀਰ (ਅਕਾਲੀ ਪਾਰਟੀ ਵੱਲ ਇਸ਼ਾਰਾ) ਅਪੋਜ਼ੀਸ਼ਨ ਵਿਚ ਹੁੰਦੇ ਸਨ ਤਾਂ ਇਹ ਵੀ ਇਸ ਤਰ੍ਹਾਂ ਦੀ ਮੰਗ ਕਰਦੇ ਹੁੰਦੇ ਸਨ। ਪਰ ਜਦੋਂ ਇਹ ਉਧਰ ਚੱਲੇ ਗਏ ਤਾਂ ਇਨ੍ਹਾਂ ਨੇ ਵੀ ਕਮਿਸ਼ਨ ਨਹੀਂ ਬਣਾਇਆ। ਇਥੇ ਇਹ ਹੀ ਹੁੰਦਾ ਰਹਿੰਦਾ ਹੈ। ਇਕ ਕਹਿੰਦਾ ਹੈ ਕਿ ਫਲਾਣੇ ਨੇ ਕੁਰੱਪਸ਼ਨ ਕੀਤੀ ਹੈ, ਉਹ ਕਹਿੰਦਾ ਹੈ ਕਿ ਤੁਸੀਂ ਕੀਤੀ ਹੈ। ਇਸ ਤਰ੍ਹਾਂ ਚੈਲੰਜਬਾਜ਼ੀ ਹੁੰਦੀ ਰਹਿੰਦੀ ਹੈ। ਕਿਉਂ ਨਹੀਂ, ਸਪੀਕਰ ਸਾਹਿਬ, ਸਰਕਾਰ ਇਕ ਪਰਮਾਨੈਂਟ ਕਮਿਸ਼ਨ ਆਫ ਇਨਕੁਆਇਰੀ ਬਣਾ ਦਿੰਦੀ। ਜਿਸ ਆਦਮੀ ਨੂੰ ਕੋਈ ਸ਼ਿਕਾਇਤ ਹੋਵੇ ਉਹ ਪੰਜ ਸੌ ਰੁਪਿਆ ਜਮ੍ਹਾਂ ਕਰਵਾਵੇ ਅੱਰ ਇਨਕੁਆਇਰੀ ਕਰਵਾ ਲਵੇ। ਜੇਕਰ ਉਸ ਦੇ ਐਲੀ-ਗੇਸ਼ਨ ਸਾਬਤ ਨਾ ਹੋ ਸਕਣ ਤਾਂ ਉਸ ਦਾ ਪੰਜ ਸੌ ਰੁਪਿਆ ਜ਼ਬਤ ਕਰ ਲਿਆ ਜਾਵੇ। ਪੰਜ ਸੌ ਰੁਪਿਆ ਸਿਕਉਰਟੀ ਦਾ ਤਾਂ ਜ਼ਰੂਰ ਚਾਹੀਦਾ ਹੈ। ਇਸ ਨਾਲ ਇਹ ਹੋਵੇਗਾ ਕਿ ਜੇਕਰ ਕਿਸੇ ਨੂੰ ਕਿਸੇ ਅਫ਼ਸਰ ਦੇ ਖਿਲਾਫ ਸ਼ਿਕਾਇਤ ਹੋਵੇ, ਉਹ ਇਨਕੁਆਇਰੀ ਕਰਵਾ ਲਵੇ। ਕਿਸੇ ਵਜ਼ੀਰ ਦੇ ਖਿਲਾਫ ਸ਼ਿਕਾਇਤ ਹੋਵੇ ਤਾਂ ਇਨਕੁਆਇਰੀ ਕਰਵਾ ਲਵੇ। ਚੀਫ ਮਨਿਸਟਰ ਦੇ ਖਿਲਾਫ ਸ਼ਿਕਾਇਤ ਹੋਵੇ ਤਾਂ ਉਸਦੇ ਖਿਲਾਫ ਇਨਕੁਆਇਰੀ ਕਰਵਾ ਲਵੇ। ਇਸ ਤਰ੍ਹਾਂ ਦਾ ਕਮਿਸ਼ਨ ਬਣਾ ਦਿਓ। ਫਿਰ ਲੋਕਾਂ ਨੂੰ ਪਤਾ ਲਗੇਗਾ ਕਿ ਤੁਸੀਂ ਵਾਕਿਆ ਹੀ ਕੁਰੱਪਸ਼ਨ ਦੇ ਖਿਲਾਫ ਹੋ। ਫਿਰ ਮੋਰ ਪਾਵਰਜ਼ ਦੀ ਗੱਲ ਚਲਦੀ ਰਹੀ ਹੈ। ਸਾਡੀ ਪਾਰਟੀ ਦੀ ਪਾਲਿਸੀ ਇਸ ਗੱਲ ਤੇ ਸਪੱਸ਼ਟ ਹੈ ਕਿ ਜਦੋਂ ਤਕ ਸੂਬਿਆਂ ਨੂੰ ਇਕਨਾਮਿਕ ਪਾਵਰਜ਼ ਹੋਰ ਨਾ ਦਿੱਤੀਆਂ ਜਾਣ, ਇਨ੍ਹਾਂ ਦੇ ਹੋਰ ਸਾਧਨ ਨਾ ਵਧਾਏ ਜਾਣ, ਉਤਨੀ ਦੇਰ ਤਕ ਕੋਈ ਵੀ ਸਟੇਟ ਤਰੱਕੀ ਨਹੀਂ ਕਰ ਸਕਦੀ। (ਥੰਪਿੰਗ) ਇਸ ਲਈ ਇਕਨਾਮਿਕ ਅਧਿ-ਕਾਰ ਵੱਧ ਹੋਣੇ ਚਾਹੀਦੇ ਹਨ। ਜਿਹੜੀ ਪੁਲੀਟੀਕਲ ਆਟਾਨੌਮੀ ਦੀ ਗੱਲ ਹੈ, ਉਸ ਬਾਰੇ ਮੈਂ ਦੱਸ ਦਿੰਦਾ ਹਾਂ। ਕਿਸੇ ਨੂੰ ਇਹ ਅਧਿਕਾਰ ਨਹੀਂ ਹੋ ਸਕਦਾ ਕਿ ਉਹ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਤੋੜੇ। ਇਸ ਤਰ੍ਹਾਂ ਦੇ ਅਧਿਕਾਰ ਕਿਸੇ ਨੂੰ ਨਹੀਂ ਹੋਣੇ ਚਾਹੀਦੇ। ਇਸ ਗੱਲ ਤੇ ਸਾਡੀ ਪਾਰਟੀ ਦੀ ਪਾਲਿਸੀ ਬਿਲਕੁਲ ਸਪੱਸ਼ਟ ਹੈ।

ਸ਼੍ਰੀ ਸਪੀਕਰ : ਲੁੰਬਾ ਸਾਹਿਬ, ਤੁਹਾਡਾ ਟਾਈਮ ਖਤਮ ਹੋ ਗਿਆ ਹੈ।

(ਇਸ ਸਮੇਂ ਕਾਮਰੇਡ ਦਰਸ਼ਨ ਸਿੰਘ ਝਬਾਲ ਬੋਲਣ ਲਈ ਖੜੇ ਹੋਏ।)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹਾਂ ਜੀ, ਦਰਸ਼ਨ ਸਿੰਘ ਜੀ, ਤੁਸੀਂ ਬੋਲੋ।

ਕਾਮਰੇਡ ਬਲਦੇਵ ਸਿੰਘ ਲੂੰਬਾ : ਬਸ ਜੀ, ਸਪੀਕਰ ਸਾਹਿਬ, ਮੈਂ ਆਖਿਰ ਵਿਚ ਇਤਨ ਹੀ ਕਹਾਂਗਾ ਕਿ ਫਾਇਨਾਂਸ ਮਨਿਸਟਰ ਸਾਹਿਬ ਨੇ ਜੋ ਆਂਕੜੇ ਦਿੱਤੇ ਹਨ, ਜੋ ਬਜਟ ਪੇਸ਼ ਕੀਤਾ ਹੈ, ਉਸ ਦੇ ਲਈ ਅਗਰ ਇਹ ਹੀ ਕਹਿ ਲਈਏ ਕਿ ਇਹ ਰਿਐਕਸ਼ਨਰੀ ਬੱਜਟ ਹੈ, ਪਿੱਛਾਂ ਖਿੱਚੂ ਬਜਟ ਹੈ, ਲੋਕ ਵਿਰੋਧੀ ਬਜਟ ਹੈ, ਲੋਕਾਂ ਨਾਲ, ਗਰੀਬ ਕਿਸਾਨਾਂ ਨਾਲ ਇਹ ਛਲਾਂਗ ਹੈ ਤਾਂ ਕੋਈ ਗਲਤ ਗੱਲ ਨਹੀਂ ਹੋਵੇਗੀ। ਇਸ ਬਾਰੇ ਇਸ ਤੋਂ ਬਿਨਾਂ ਹੋਰ ਕੁਝ ਨਹੀਂ ਕਿਹਾ ਜਾ ਸਕਦਾ।

ਸ਼੍ਰੀ ਸਪੀਕਰ : ਦਰਸ਼ਨ ਸਿੰਘ ਜੀ, ਇਕ ਗੱਲ ਵੇਖ ਲੈਣਾ ਕਿ ਤੁਸੀਂ ਪੰਜ ਮਿੰਟ ਹੀ ਬੋਲਣਾ ਹੈ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ, ਐਸ. ਸੀ.) : ਨਹੀਂ ਜੀ, ਪੰਜ ਮਿੰਟ ਤਾਂ ਥੋੜ੍ਹੇ ਹਨ, ਸਾਡਾ ਟਾਈਮ ਤਾਂ ਬਹੁਤ ਜ਼ਿਆਦਾ ਰਹਿੰਦਾ ਹੈ ਜੀ।

ਸ਼੍ਰੀ ਸਪੀਕਰ : ਤੁਹਾਡਾ ਕੁਝ ਟਾਈਮ ਬਾਦਲ ਸਾਹਿਬ ਲੈ ਗਏ ਹਨ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੈਂ ਐਪ੍ਰੋਪਰੀਏਸ਼ਨ ਬਿੱਲ ਤੇ ਵਿਚਾਰ ਪੇਸ਼ ਕਰਨ ਲੱਗਿਆ ਹਾਂ। ਬੱਜਟ ਪੇਸ਼ ਕਰਨ ਲੱਗਿਆਂ ਵਿੱਤ ਮੰਤਰੀ ਨੇ ਆਪਣੇ ਭਾਸ਼ਣ ਵਿਚ ਇਹ ਗੱਲ ਕਹੀ ਹੈ :—

> "ਸਾਡੀ ਪਾਰਟੀ ਨੇ, ਲੋਕਾਂ ਪਾਸੋਂ, ਭਾਰੀ ਸੰਮਤੀ ਨਾਲ ਜੋ ਸਮਰਥਨ ਪ੍ਰਾਪਤ ਕੀਤਾ ਹੈ, ਇਹ ਸਪੱਸ਼ਟ ਤੌਰ ਤੇ ਸਮਾਜਕ–ਆਰਥਕ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਆਦੇਸ਼ ਹੈ, ਜਿਸ ਦਾ ਉਦੇਸ਼, ਸਮਾਜ ਦੇ ਕਮਜ਼ੋਰ ਵਰਗਾਂ ਦੀ ਦਸ਼ਾ ਨੂੰ ਸੁਧਾਰਨਾ ਅਤੇ ਆਰਥਕਤਾ ਦਾ ਤੇਜ਼ੀ ਨਾਲ ਵਿਕਾਸ ਕਰਨਾ ਹੈ। ..."

ਪਰ, ਸਪੀਕਰ ਸਾਹਿਬ, ਫੈਕਟਸ ਕੀ ਹਨ। ਜੋ ਫੈਕਟਸ ਹਨ ਉਹ ਵੇਖ ਕੇ ਮੈਨੂੰ ਅਫਸੋਸ ਹੁੰਦਾ ਹੈ। ਬਾਦਲ ਸਾਹਿਬ ਨੇ ਬੜੇ ਵਿਸਥਾਰ ਨਾਲ ਇਸ ਦੇ ਬਾਰੇ ਦੱਸਿਆ ਹੈ ਅੱਤੇ ਮੈਂ ਸਮਝਦਾ ਹਾਂ ਕਿ ਉਸ ਤੋਂ ਬਾਅਦ ਕੋਈ ਗੱਲ ਸਰਕਾਰੀ ਬੈਂਚਾਂ ਵਾਲਿਆਂ ਪਾਸ ਕਹਿਣ ਵਾਸਤੇ ਨਹੀਂ ਰਹਿ ਜਾਂਦੀ। ਐਵੇਂ ਤਾਹਨੇ, ਮੇਹਣੇ ਦੇਣ ਵਾਲੀ ਗੱਲ ਕਰਨ ਤਾਂ ਵੱਖਰੀ ਗੱਲ ਹੈ। ਬੜੀ ਸਪੱਸ਼ਟ ਗੱਲ ਹੈ ਕਿ ਇਸ ਬੱਜਟ ਬਾਰੇ ਸਾਰੇ ਅਖਬਾਰਾਂ ਵਾਲੇ ਕਹਿੰਦੇ ਹਨ, ਲੋਕ ਕਹਿੰਦੇ ਹਨ ਕਿ ਇਹ ਲੋਕ ਵਿਰੋਧੀ ਬੱਜਟ ਹੈ। ਗਰੀਬਾਂ ਨੂੰ ਇਸ ਨੇ ਕੁਝ ਨਹੀਂ ਦੇਣਾ। ਇਹ ਸ਼ਡਿਊਲਡ ਕਾਸਟਸ ਵਿਰੋਧੀ ਬੱਜਟ ਹੈ, ਇਸ ਵਿਚੋਂ ਸ਼ਡਿਊਲਡ ਕਾਸਟਸ ਨੂੰ ਕੁਝ ਨਹੀਂ ਮਿਲਣਾ। ਇਹ ਗੱਲ ਆਮ ਲੋਕ ਕਹਿੰਦੇ ਹਨ। ਪਰ ਵਾਰੇ ਵਾਰੇ ਜਾਈਏ, ਸਪੀਕਰ ਸਾਹਿਬ, ਇਨ੍ਹਾਂ ਵੀਰਾਂ ਦੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਜਿਹੜੇ ਫਿਰ ਵੀ ਕਹਿੰਦੇ ਹਨ ਕਿ ਇਹ ਬੜਾ ਚੰਗਾ ਬੱਜਟ ਹੈ। (ਹਾਸਾ) ਸਪੀਕਰ ਸਾਹਿਬ, ਮੈਨੂੰ ਜੇਲ੍ਹ ਵਾਲੀ ਗੱਲ ਯਾਦ ਆ ਜਾਂਦੀ ਹੈ। ਜੇਲ੍ਹ ਵਿਚ ਇਕ ਨੰਬਰਦਾਰ ਸੀ। ਉਸ ਨੂੰ ਜਦੋਂ ਜੇਲ੍ਹ ਦੇ ਅਫ਼ਸਰ ਪੁੱਛਦੇ ਹੁੰਦੇ ਸਨ ਕਿ ਕੀ ਕੈਦੀਆਂ ਦੀ ਗਿਣਤੀ ਠੀਕ ਹੈ ਤਾਂ ਉਹ ਕਹਿ ਦਿਆ ਕਰਦਾ ਸੀ 'ਸੱਭ ਅੱਛਾ ਹੈ'। ਇਕ ਵਾਰੀ ਕੀ ਹੋਇਆ ਕਿ ਕੋਈ ਕੈਦੀ ਮਰ ਗਿਆ। ਜਦੋਂ ਸ਼ਾਮ ਨੂੰ ਉਸ ਪਾਸੋਂ ਗਿਣਤੀ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਫਿਰ ਕਹਿ ਦਿੱਤਾ ਕਿ ਬਹੁਤ ਅੱਛਾ ਹੈ। ਸਵੇਰੇ ਜਦੋਂ ਪਤਾ ਲੱਗਿਆ ਕਿ ਉਹ ਕੈਦੀ ਤਾਂ ਕੱਲ ਦਾ ਹੀ ਮਰਿਆ ਪਿਆ ਹੈ ਤਾਂ ਉਸ ਨੰਬਰਦਾਰ ਨੂੰ ਪੁੱਛਿਆ ਗਿਆ ਕਿ ਉਹ ਤਾਂ ਕਹਿੰਦਾ ਸੀ ਕਿ ਸਾਰੇ ਹਾਜ਼ਰ ਹਨ ਪਰ ਇਹ ਤਾਂ ਮਰਿਆ ਪਿਆ ਹੈ ਤਾਂ ਉਹ

Original with;
Punjab Vidhan Sabha
Digitized by;
Panjab Digital Library

ਕਹਿਣ ਲੱਗਾ ਉਸਨੇ ਤਾਂ ਗਿਣਤੀ ਹੀ ਦੱਸੀ ਸੀ, ਗਿਣਤੀ ਵੇਖ ਲਵੋ ਹੁਣ ਵੀ ਪੂਰੀ ਹੈ (ਹਾਸਾ) ਸੋ, ਇਨ੍ਹਾਂ ਦੀ ਤਾਂ ਉਸ ਨੰਬਰਦਾਰ ਵਾਲੀ ਗੱਲ ਹੈ। ਇਹ ਕਹੀ ਜਾਂਦੇ ਹਨ ਕਿ ਸੱਭ ਅੱਛਾ ਹੈ ਭਾਵੇਂ ਕੋਈ ਮਰਿਆ ਹੀ ਪਿਆ ਹੋਵੇ। (ਹਾਸਾ) ਸਪੀਕਰ ਸਾਹਿਬ, ਮਹਿਸੂਸ ਇਹ ਵੀ ਕਰਦੇ ਹਨ ਕਿ ਇਸ ਬੱਜਟ ਨੇ ਗਰੀਬਾਂ ਨੂੰ ਦੇਣਾ ਕੁਝ ਨਹੀਂ ਹੈ। ਪਰ ਫਿਰ ਵੀ ਇਸ ਨੂੰ ਠੀਕ ਕਹੀ ਜਾਂਦੇ ਹਨ।

ਸਪੀਕਰ ਸਾਹਿਬ, ਜਿੱਥੋਂ ਤਕ ਦੇਸ਼ ਦੀ ਆਰਥਕਤਾ ਦੀ ਗੱਲ ਹੈ ਜੇਕਰ ਅਸੀਂ ਪਿਛਲੇ ਸਾਲਾਂ ਦੇ ਫੈਕਟਸ ਵੇਖੀਏ ਤਾਂ ਪਤਾ ਲਗਦਾ ਹੈ ਕਿ ਪਹਿਲਾਂ ਪੇਂਡੂ ਲੋਕਾਂ ਤੇ ਕਰਜ਼ 750 ਕਰੋੜ ਰੁਪਏ ਸੀ ਪਰ ਇਹ ਹੁਣ 6 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ। ਇਸ ਤਰ੍ਹਾਂ ਹੀ ਖੇਤ ਮਜ਼ਦੂਰਾਂ ਦੀ ਭੈੜੀ ਹਾਲਤ ਹੈ। ਇਸੇ ਤਰ੍ਹਾਂ ਪੰਜਾਬ ਵਿਚ 1974-75 ਵਿਚ ਛੋਟੀ ਮਿਆਦ ਦੇ ਜਿਹੜੇ ਕਰਜ਼ੇ ਸਨ ਉਹ 74.98 ਲੱਖ ਰੁਪਏ ਦੇ ਸਨ। ਪਰ ਹੁਣ ਉਹ ਵੱਧ ਕੇ 100 ਕਰੋੜ ਰੁਪਏ ਦੇ ਹੋ ਗਏ ਹਨ। ਇਸੇ ਤਰ੍ਹਾਂ ਲੈਂਡ ਮਾਰਟਗੇਜ ਬੈਂਕ ਦਾ ਕਰਜ਼ਾ 169 ਕਰੋੜ ਸੀ ਉਸ ਵਿਚ 37 ਕਰੋੜ ਦੇ ਕਰਜ਼ੇ ਦਾ ਹੋਰ ਵਾਧਾ ਹੋਗਿਆ ਹੈ। 25 ਤੋਂ 30 ਫੀ ਸਦੀ ਲੋਕ ਐਸੇ ਹਨ ਜਿਹੜੇ ਕਿ ਇਸ ਦੀਆਂ ਕਿਸ਼ਤਾਂ ਵੀ ਹੁਣ ਨਹੀਂ ਦੇ ਸਕਦੇ ਇਹ ਹਾਲਤ ਹੋ ਗਈ ਹੈ ਸਾਡੇ ਪੰਜਾਬ ਦੇ ਕਿਸਾਨ ਦੀ। ਜਦੋਂ ਬਜਟ ਇਥੇ ਪੇਸ਼ ਹੋਇਆ ਤਾਂ ਇਹ 70 ਕਰੋੜ ਦਾ ਘਾਟੇ ਦਾ ਬਜਟ ਪੇਸ਼ ਕੀਤਾ ਗਿਆ। ਪਰ ਫਿਰ ਵਿੱਤ ਮੰਤਰੀ ਸਾਹਿਬ ਨੇ ਕਿਹਾ ਕਿ ਅਸੀਂ ਇਸ ਘਾਟੇ ਨੂੰ ਪੂਰਾ ਕਰਨ ਦੇ ਪ੍ਰਬੰਧ ਕਰਨੇ ਹਨ। ਹੁਣ ਇਹ ਪ੍ਰਬੰਧ ਕਿਸ ਤਰ੍ਹਾਂ ਕਰਨਾ ਹੈ। ਇਹ ਇਨ੍ਹਾਂ ਨੇ ਟੈਕਸ ਲਾ ਕੇ ਕਰਨਾ ਹੈ। ਇਨ੍ਹਾਂ ਨੇ ਇਥੇ ਵਿਕਰੀ ਕਰ ਵਧਾਇਆ। ਪਰ ਜਦੋਂ ਇਥੇ ਵੀ ਅਤੇ ਬਾਹਰ ਵੀ ਬੜਾ ਸ਼ੋਰ ਪਿਆ ਅਤੇ ਕਾਫੀ ਦਬਾਅ ਪਿਆ ਤਾਂ ਇਨ੍ਹਾਂ ਨੇ ਇਹ ਟੈਕਸ ਵਾਪਸ ਲੈ ਲਿਆ। ਸਪੀਕਰ ਸਾਹਿਬ, ਮੈਂ ਇਹ ਨਹੀਂ ਕਹਿੰਦਾ ਕਿ ਇਹ ਟੈਕਸ ਨਹੀਂ ਲਗਣੇ ਚਾਹੀਦੇ, ਇਹ ਟੈਕਸ ਲਗਣੇ ਚਾਹੀਦੇ ਹਨ। ਪਰ ਇਹ ਟੈਕਸ ਉਨ੍ਹਾਂ ਤੇ ਲਗਣੇ ਚਾਹੀਦੇ ਹਨ ਜਿਹੜੇ ਦੇ ਸਕਦੇ ਹਨ। ਜਿਹੜੇ ਨਹੀਂ ਦੇ ਸਕਦੇ ਉਨ੍ਹਾਂ ਤੇ ਇਹ ਟੈਕਸ ਨਹੀਂ ਲਗਣੇ ਚਾਹੀਦੇ। ਪਰ, ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਹੁਣ ਇਕ ਨਵਾਂ ਤਰੀਕਾ ਟੈਕਸ ਲਾਉਣ ਦਾ ਲੱਭ ਲਿਆ ਹੈ। ਉਹ ਹੈ ਇਨਡਾਇਰੈਕਟ ਟੈਕਸ। ਇਹ ਇਕ ਨਵੀਂ ਮਿਸਾਲ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ 1947 ਤੋਂ ਪਹਿਲਾਂ ਸਿੱਧੇ ਟੈਕਸ 81 ਫੀ ਸਦੀ ਸਨ ਅਤੇ ਟੇਢੇ ਟੈਕਸ 19 ਫੀ ਸਦੀ ਸਨ। ਪਰ ਹੁਣ ਸਿੱਧੇ ਟੈਕਸ 19 ਫੀ ਸਦੀ ਰਹਿ ਗਏ ਹਨ ਅਤੇ ਟੇਢੇ ਟੈਕਸ 81 ਫੀ ਸਦੀ ਹੋ ਗਏ ਹਨ। ਇਹ ਤਾਂ ਐਸਾ ਤਰੀਕਾ ਹੈ ਜਿਸ ਨਾਲ ਲੋਕਾਂ ਨੂੰ ਪਤਾ ਵੀ ਨਾ ਲਗੇ ਅਤੇ ਉਨ੍ਹਾਂ ਦੀ ਜੇਬ ਵੀ ਕੱਟ ਲਈ ਜਾਵੇ। ਇਹ ਇਕ ਨਵਾਂ ਤਰੀਕਾ ਹੈ ਜਿਸ ਨਾਲ ਇਹ ਲੋਕਾਂ ਦੀ ਜੇਬ ਕੱਟ ਰਹੇ ਹਨ।

ਸਪੀਕਰ ਸਾਹਿਬ, ਹੁਣ ਮੈਂ ਖਾਦ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਖਾਦ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ। ਖਾਦ ਕਿਸਾਨ ਲਈ ਬਹੁਤ ਜ਼ਰੂਰੀ ਹੈ। ਪਰ ਕਿਸਾਨ ਦੇ ਗਾੜੇ ਖੂਨ ਪਸੀਨੇ ਦੀ ਕਮਾਈ ਇਹ ਲੁੱਟ ਰਹੇ ਹਨ। ਇਸ ਤਰ੍ਹਾਂ ਨਾਲ ਕਿਸਾਨ ਨੂੰ ਭਾਰ ਥੱਲੇ ਦਬਿਆ ਜਾ ਰਿਹਾ ਹੈ। ਇਸ ਦਾ ਉਸ ਤੇ ਬੜਾ ਭਾਰੀ ਬੋਝ ਪਿਆ ਹੈ। ਮੈਂ ਦਸਦਾ ਹਾਂ ਕਿ ਖਾਦ ਦੋ ਕਿਸਮ ਦੀ ਹੁੰਦੀ ਹੈ ਇਕ ਤਾਂ ਸਾਡੇ ਆਪਣੇ ਦੇਸ਼ ਦੀ ਹੁੰਦੀ ਹੈ ਅਤੇ ਦੂਸਰੀ ਬਾਹਰੋਂ ਆਉਂਦੀ ਹੈ। ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੀ ਖਾਦ ਬਾਹਰੋਂ ਆਉਂਦੀ ਹੈ ਉਸ ਤੇ ਜਿਹੜੇ ਇਹ ਟੈਕਸ ਆਦਿ ਲਾਉਂਦੇ ਹਨ ਉਹ ਘੱਟਾ ਦੇਣੇ ਚਾਹੀਦੇ ਹਨ ਤਾਕਿ ਕਿਸਾਨਾਂ ਦੀ ਕੁਝ ਮਦਦ ਹੋ ਸਕੇ। ਫਿਰ ਡੀਜ਼ਲ ਤੇ ਵੀ ਕੁਝ ਟੈਕਸ ਇਨ੍ਹਾਂ ਨੂੰ ਘੱਟ ਕਰਨਾ ਚਾਹੀਦਾ ਹੈ। ਤਾਂ ਹੀ ਉਨ੍ਹਾਂ ਨੂੰ ਕੁਝ ਰਿਆਇਤ ਮਿਲ ਸਕਦੀ ਹੈ। ਹੋਰ ਜਿਹੜਾ ਫਲੈਟ ਰੇਟ ਤੇ ਟੈਕਸ ਲਿਆ ਜਾਂਦਾ ਹੈ ਉਹ ਵੀ ਖਤਮ ਕਰਨਾ ਚਾਹੀਦਾ ਹੈ। ਹਾਲੇ ਇਨ੍ਹਾਂ ਦੀ ਤਜਵੀਜ਼ ਬਿਜਲੀ ਤੇ ਹੋਰ ਟੈਕਸ ਲਾਉਣ ਦੀ ਹੈ। ਇਸ ਵਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਇਨ੍ਹਾਂ ਦਾ ਇਸ਼ਾਰਾ ਹੈ। ਆਬਿਆਨਾ ਤੇ ਵੀ ਹੋਰ ਟੈਕਸ ਲਾਉਣ ਦਾ ਇਸ਼ਾਰਾ ਹੈ। ਸਪੀਕਰ ਸਾਹਿਬ ਜਦੋਂ ਨਹਿਰਾਂ ਨਿਕਲੀਆਂ ਸੀ ਤਾਂ ਇਹ ਫੈਸਲਾ ਹੋਇਆ ਸੀ ਕਿ ਜਦੋਂ ਇਹ ਸਾਡਾ ਖਰਚਾ ਪੂਰਾ ਹੋ ਗਿਆ ਫਿਰ ਅਸੀਂ ਜਿਤਨਾ ਕੋਈ ਖਰਚ ਕਰੇਗਾ ਉਤਨਾ ਹੀ ਉਸ ਕੋਲੋਂ ਆਬਿਆਨਾ ਲਵਾਂਗੇ ਪਰ ਇਹ ਹੁਣ ਤਕ ਰੇਟ ਇਸ ਦੇ ਹੋਰ ਵੀ ਵਧਾ ਰਹੇ ਹਨ।

ਸਪਿਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਦੇਸ਼ ਨੂੰ ਸਾਂਝੀਵਾਲਤਾ ਵਲ ਲੈ ਗਏ ਹਾਂ। ਗਰੀਬੀ ਦੂਰ ਕਰ ਦੇਣੀ ਹੈ। ਪਰ ਮੈਂ ਦਸਦਾ ਹਾਂ ਕਿ ਗਰੀਬੀ ਕਿਸ ਤਰ੍ਹਾਂ ਦੂਰ ਹੋਵੇਗੀ। ਸਾਡੇ ਪੰਜਾਬ ਦੇ 75% ਲੋਕ ਖੇਤੀਬਾੜੀ ਕਰਦੇ ਹਨ। ਇਸ ਲਈ ਜਿੰਨੀ ਦੇਰ ਜ਼ਮੀਨੀ ਸੁਧਾਰ ਨਹੀਂ ਹੁੰਦਾ ਉਤਨੀ ਦੇਰ ਤਕ ਗਰੀਬੀ ਦੂਰ ਨਹੀਂ ਹੋ ਸਕਦੀ। ਬਜਟ ਸਪੀਚ ਵਿਚ ਇਸ ਤਰ੍ਹਾਂ ਦੀਆਂ ਗਲਾਂ ਕੀਤੀਆਂ ਗਈਆਂ ਹਨ ਕਿ ਜਿਵੇਂ ਸਾਰਾ ਜ਼ਮੀਨੀ ਸੁਧਾਰ ਹੋ ਗਿਆ ਹੈ, ਹੁਣ ਕੋਈ ਮਸਲਾ ਹੀ ਨਹੀਂ ਰਿਹਾ। ਕਲ੍ਹ ਮੁੱਖ ਮੰਤਰੀ ਸਾਹਿਬ ਨੇ ਬੜੇ ਨਾਟਕੀਏ ਢੰਗ ਨਾਲ ਇਥੇ ਇਹ ਕਿਹਾ ਸੀ ਕਿ ਇਸ ਵਾਸਤੇ ਅਸੀਂ ਸਾਰੇ ਰੱਲ ਕੇ ਫੈਸਲਾ ਕਰਾਂਗੇ। ਮੈਂ ਪੁੱਛਦਾ ਹਾਂ ਕਿ ਪਿਛਲੇ 30 ਸਾਲ ਇਥੇ ਕਾਂਗਰਸ ਪਾਰਟੀ ਦਾ ਹੀ ਰਾਜ ਰਿਹਾ ਹੈ। ਪਰ ਇਹ ਇਸ ਵਿਚ ਸੁਧਾਰ ਨਹੀਂ ਲਿਆ ਸਕੇ। ਅੱਜ ਇਹ ਹਾਲਤ ਹੋ ਗਈ ਹੈ ਕਿ ਸਾਡੇ ਦੇਸ਼ ਵਿਚ 65 ਫੀ ਸਦੀ ਲੋਕ ਐਸੇ ਹਨ ਜਿਨ੍ਹਾਂ ਕੋਲ ਜ਼ਮੀਨਾਂ ਨਹੀਂ ਹਨ। 22 ਫੀ ਸਦੀ ਲੋਕ ਇਕ ਏਕੜ ਜ਼ਮੀਨ ਦੇ ਮਾਲਕ ਹਨ, 14 ਫੀ ਸਦੀ ਲੋਕ ਢਾਈ ਏਕੜ ਜ਼ਮੀਨ ਦੇ ਮਾਲਕ ਹਨ ਅੌਰ 5 ਫੀ ਸਦੀ ਲੋਕ 20 ਏਕੜ ਜ਼ਮੀਨ ਅਤੇ ਇਸ ਤੋਂ ਉਪਰ ਦੇ ਮਾਲਕ ਹਨ। ਮੈਂ ਇਥੇ ਦਾਵੇ ਨਾਲ ਕਹਿੰਦਾ ਹਾਂ ਅਤੇ ਗਵਰਨਰ ਐਡਰੈਸ ਵੇਲੇ ਵੀ ਕਿਹਾ ਸੀ ਕਿ ਇਹ ਸਰਕਾਰ ਜ਼ਮੀਨੀ ਸੁਧਾਰ ਨਹੀਂ ਕਰ ਰਹੀ। ਜੇ ਇਹ ਜ਼ਮੀਨੀ ਸੁਧਾਰ ਕਰਨਾ ਚਾਹੁੰਦੇ ਤਾਂ ਇਹ ਜਾਗੀਰਦਾਰਾਂ ਨੂੰ ਟਿਕਟਾਂ ਨਾ ਦਿੰਦੇ। ਇਸ ਕਰਕੇ ਉਨ੍ਹਾਂ ਨੂੰ ਟਿਕਟਾਂ ਦਿੱਤੀਆਂ ਹਨ ਕਿਉਂਕਿ ਇਹ ਜ਼ਮੀਨੀ ਸੁਧਾਰ ਨਹੀਂ ਚਾਹੁੰਦੇ ਅੌਰ ਹੁਣ ਇਸ ਤਰ੍ਹਾਂ ਦੀਆਂ ਝੂਠੀਆਂ ਗਲਾਂ ਕਰ ਰਹੇ ਹਨ। ਜ਼ਮੀਨੀ ਸੁਧਾਰ ਦੇ ਨਾਲ ਹੀ ਗਰੀਬੀ ਦਾ ਮਸਲਾ ਕਾਫੀ ਹਲ ਹੋ ਸਕਦਾ ਹੈ। ਇਸ ਲਈ ਇਹ ਜ਼ਰੂਰ ਕਰਨਾ ਚਾਹੀਦਾ ਹੈ।

ਫਿਰ ਜਿਹੜਾ ਬੇਰੁਜ਼ਗਾਰੀ ਦਾ ਮਸਲਾ ਹੈ ਇਹ ਵੀ ਇਹ ਦੂਰ ਨਹੀਂ ਕਰ ਸਕਦੇ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਵਲ ਧਿਆਨ ਦੇ ਕੇ ਉਨ੍ਹਾਂ ਨੂੰ ਕੋਈ ਨਾ ਕੋਈ ਕੰਮ ਦੇਵੇ। ਉਨ੍ਹਾਂ ਨੂੰ ਕੰਮ ਤਦ ਹੀ ਮਿਲ ਸਕਦਾ ਹੈ ਜੇ ਇਥੇ ਕੋਈ ਵੱਡੀ ਸਨਅਤ ਹੋਵੇ। ਸੈਂਟਰ ਦੀ ਸਰਕਾਰ ਇਸ ਮਾਮਲੇ ਵਿਚ ਹਮੇਸ਼ਾਂ ਹੀ ਪੰਜਾਬ ਨਾਲ ਵਿਤਕਰਾ ਕਰਦੀ ਰਹੀ ਹੈ। ਕੋਈ ਵੱਡੀ ਸਨਅੱਤ ਪੰਜਾਬ ਨੂੰ ਨਹੀਂ ਦਿੱਤੀ ਤਾਂ ਕਿ ਪੰਜਾਬ ਤਥੱਕੀ ਨਾ ਕਰ ਸਕੇ। ਖੰਡ ਦੀ ਮਿਲ ਲਾਉਣ ਵਾਸਤੇ ਅਸੀਂ ਬਾਰ ਬਾਰ ਜ਼ੋਰ ਲਾਉਂਦੇ ਰਹੇ ਹਾਂ ਅੌਰ ਇਥੇ ਸਵਾਲ ਵੀ ਕਰਦੇ ਰਹੇ ਹਾਂ ਪਰ ਇਹ ਇਥੇ ਨਹੀਂ ਲਗ ਸਕੀ। ਸਾਡੇ ਪੰਜਾਬ ਵਿਚ ਛੋਟੀ ਛੋਟੀ ਕਿਸਾਨੀ ਹੈ ਉਨ੍ਹਾਂ ਦਾ ਗੰਨਾ ਰੁਲਦਾ ਰਹਿੰਦਾ ਹੈ। ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਅੱਜ ਮਹਿੰਗਾਈ ਇਤਨੀ ਵੱਧ ਗਈ ਹੈ ਕਿ ਖੰਡ ਜਿਹੜੀ ਹੈ ਉਹ 8 ਰੁਪਏ ਕਿਲੋ ਵਿੱਕ ਰਹੀ ਹੈ। ਜਦੋਂ ਕੋਈ ਗਲ ਹੁੰਦੀ ਹੈ ਤਾਂ ਇਥੇ ਕਿਹਾ ਜਾਂਦਾ ਹੈ ਕਿ ਪਾਕਿਸਤਾਨ ਵਿਚ 20 ਰੁਪਏ ਕਿਲੋ ਖੰਡ ਹੈ। ਸੋ ਮੈਨੂੰ ਲਗਦਾ ਹੈ ਕਿ ਇਹ ਵੀ 20 ਰੁਪਏ ਕਿਲੋ ਵਲ ਹੀ ਤੁਰ ਰਹੇ ਹਨ। ਅਸੀਂ ਕਹਿੰਦੇ ਹਾਂ ਕਿ ਨਾ ਗੰਨੇ ਦਾ ਭਾਅ ਮਹਿੰਗਾ ਹੋਇਆ ਹੈ ਨਾ ਲੇਬਰ ਮਹਿੰਗੀ ਹੋਈ ਹੈ, ਫਿਰ ਇਹ ਖੰਡ ਕਿਉਂ ਮਹਿੰਗੀ ਹੋ ਗਈ ਹੈ ? ਇਸ ਦਾ ਕਾਰਣ ਮੈਂ ਦਸਦਾ ਹਾਂ। ਜਿਹੜੇ ਖੰਡ ਦੀਆਂ ਮਿਲਾਂ ਦੇ ਵੱਡੇ ਵੱਡੇ ਮਾਲਕ ਹਨ, ਉਨ੍ਹਾਂ ਕੋਲੋਂ ਇਨ੍ਹਾਂ ਨੇ ਇਲੈਕਸ਼ਨਾਂ ਦੇ ਦਿਨਾਂ ਵਿਚ ਪੈਸੇ ਲਏ ਸਨ। ਇਸ ਕਰਕੇ ਉਹ ਹੁਣ ਖੰਡ ਦੀਆਂ ਕੀਮਤਾਂ ਵਧਾ ਕੇ ਪੈਸਾ ਇਕੱਠਾ ਕਢਣ ਨੂੰ ਲਗੇ ਹਨ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਇਕੋ ਗਲ ਹੋਰ ਕਹਾਂਗਾ ਕਿ ਇਥੇ ਇਹ ਸ਼ਡਿਊਲਡ ਕਾਸਟਸ ਵਾਸਤੇ ਬੜਾ ਕੁਝ ਕਹਿੰਦੇ ਹਨ। ਪਰ ਮੈਂ ਇਨ੍ਹਾਂ ਨੂੰ ਦਸਣਾ ਚਾਹਵਾਂਗਾ ਕਿ ਮੈਂ ਵੈਲਫੇਅਰ ਕਮੇਟੀ ਦਾ ਮੈਂਬਰ ਰਿਹਾ ਹਾਂ। ਮੈਨੂੰ ਪਤਾ ਹੈ ਕਿ ਕਿਸ ਤਰ੍ਹਾਂ ਨਾਲ ਸਰਵਿਸਜ਼ ਵਿਚ ਅਨੁਸੂਚਿਤ ਜਾਤੀਆਂ ਨਾਲ ਧੱਖਾ ਕੀਤਾ ਜਾਂਦਾ ਹੈ। ਕਹਿਣ ਨੂੰ ਤਾਂ ਇਹ ਉਨ੍ਹਾਂ ਦੀ ਹਮਦਰਦੀ ਦੀ ਗਲ ਕਰਦੇ ਹਨ। ਪਰ ਅਸਲ ਵਿਚ ਇਹ ਉਨ੍ਹਾਂ ਨੂੰ ਮਾਰਨ ਦੀ ਹੀ ਗਲ ਕਰਦੇ ਹਨ। ਮੈਨੂੰ ਇਥੇ ਇਕ ਗਲ ਯਾਦ ਆ ਗਈ ਹੈ। ਮੈਂ ਦਸਦਾ ਹਾਂ ਕਿ ਇਕ ਵਾਰ ਇਕ ਸਰਦਾਰ ਨੂੰ ਪੰਡਿਤ ਨੇ ਕਿਹਾ ਕਿ ਮੈਨੂੰ ਕੋਈ ਨਿਉਂਦਾ ਨਹੀਂ ਦਿੱਤਾ। ਜੱਟ ਨੇ ਕਿਹਾ ਕਿ ਮੈਂ ਤੁਹਾਨੂੰ ਨਿਉਂਦਾ ਦਿਆਂਗਾ ਤੁਸੀਂ ਮਾਘੀ ਵਾਲੇ ਦਿਨ ਮੇਰੇ ਘਰ ਖਾਣੇ ਤੇ ਆਣਾ, ਪੰਡਤ ਮੰਨ ਗਿਆ। ਜਿਸ ਦਿਨ ਪੰਡਿਤ ਨੇ ਆਉਣਾ ਸੀ ਉਸ ਤੋਂ ਇਕ ਦਿਨ ਪਹਿਲੇ ਉਸ ਸਰਦਾਰ ਨੇ ਗੰਨੇ ਦਾ ਰੱਸ ਕੱਢ ਕੇ ਉਸ ਦੀ ਖੀਰ ਪਕਾਈ ਅਤੇ ਰਾਤ ਨੂੰ ਠੰਡੀ ਹੋਣ ਲਈ ਰੱਖ ਦਿੱਤੀ। ਸਵੇਰੇ ਜਦ ਪੰਡਿਤ ਆਇਆ ਤਾਂ ਸਰਦਾਰ ਨੇ ਕਿਹਾ: 'ਪੰਡਿਤ ਜੀ ਤੁਸੀਂ ਇਸ਼ਨਾਨ ਕਰੋਗੇ'। ਪੰਡਿਤ ਚਾਹੁੰਦਾ ਤਾਂ ਨਹੀਂ ਸੀ ਪਰ ਉਸ ਨੇ ਇਹ ਸੋਚ ਕੇ ਕਿਤੇ ਉਹ ਨਾਰਾਜ਼ ਨਾ ਹੋ ਜਾਵੇ, ਕਿਹਾ, 'ਹਾਂ ਕਰ ਲਵਾਂਗਾ'। ਜੱਟ ਨੇ ਉਸ ਨੂੰ ਠੰਡਾ ਪਾਣੀ ਇਸ਼ਨਾਨ ਕਰਨ ਲਈ ਦਿੱਤਾ। ਜਦੋਂ ਪੰਡਿਤ ਇਸ਼ਨਾਨ ਕਰਕੇ ਆਇਆ ਤਾਂ ਜੱਟ ਨੇ ਠੰਡੀ ਠੰਡੀ ਖੀਰ ਉਸ ਦੇ ਸਾਹਮਣੇ ਖਾਣ ਲਈ ਰੱਖ ਦਿੱਤੀ। ਫਿਰ ਉਹ ਕਹਿਣ ਲਗਾ ਕਿ ਮੈਨੂੰ ਤੁਹਾਡੇ ਨਾਲ ਬੜਾ ਪਿਆਰ ਹੈ ਤੁਸੀਂ ਖੀਰ ਖਾਉ। ਇਸ ਤੇ ਉਹ ਪੰਡਿਤ ਕਹਿਣ ਲਗਾ ਕਿ ਪਿਆਰ ਤਾਂ ਬੜਾ ਕੀਤਾ ਹੈ ਪਰ ਮੈਂ ਵੇਖਦਾ ਹਾਂ ਕਿ ਮੇਰੇ ਪ੍ਰਾਣ ਕਦੋਂ ਨਿਕਲਣੇ ਹਨ। ਇਹ ਹਾਲ ਇਨ੍ਹਾਂ ਨੇ ਸ਼ਡਿਊਲਡ ਕਾਸਟਸ ਦਾ ਕੀਤਾ ਹੋਇਆ ਹੈ।

ਹੁਣ ਮੈਂ ਕੁਝ ਪੁਲਿਸ ਐਡਮਿਨਸਟਰੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਹਸਨਪੁਰ ਵਿਚ ਕੀ ਹੋਇਆ ? (ਇਸ ਸਮੇਂ ਮਾਈਕ ਬੰਦ ਹੋ ਗਿਆ)

ਸ਼੍ਰੀ ਸਪੀਕਰ : ਝਬਾਲ ਜੀ, ਤੁਸੀਂ ਬੈਠ ਜਾਓ।

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪੀਕਰ ਸਾਹਿਬ, ਉਸੇ ਐਸ.ਐਚ.ਓ. ਨੇ ਗੁੰਡੇ ਇਕੱਠੇ ਕੀਤੇ। (ਵਿਘਨ) (ਸ਼ੋਰ) ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਪੁਲਿਸ ਨੇ ਜ਼ਿਆਦਤੀਆਂ ਕੀਤੀਆਂ। ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ। (ਇਸ ਸਮੇਂ ਮਾਈਕ ਬੰਦ ਸੀ)

ਸ਼੍ਰੀ ਸਪੀਕਰ : ਕਾਮਰੇਡ ਦਰਸ਼ਨ ਸਿੰਘ ਜੀ, ਤੁਸੀਂ ਬੈਠ ਜਾਓ।

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪੀਕਰ ਸਾਹਿਬ, ਮੈਂ ਇਕ ਗੱਲ ਕਹਿਕੇ ਬੈਠਦਾ ਹਾਂ। ਸਾਡੇ ਬਾਰਡਰ ਏਰੀਏ ਵਾਸਤੇ ਬਜਟ ਵਿਚ ਕੋਈ ਚੀਜ਼ ਨਹੀਂ ਰੱਖੀ ਗਈ। ਮੈਂ ਇਸ ਬਾਰੇ ਇੱਕ ਸਵਾਲ ਵੀ ਕੀਤਾ ਸੀ ਕਿ ਜੋ ਜੰਗ ਵਿਚ ਲੜ ਕੇ ਤਬਾਹ ਹੋ ਜਾਂਦੇ ਹਨ। ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਕੀ ਕੋਈ ਕਮਿਸ਼ਨ ਬਣਾਇਆ ਜਾਵੇਗਾ ? ਪਰ ਮੈਨੂੰ ਜਵਾਬ ਇਹ ਦੇ ਦਿਤਾ ਗਿਆ ਕਿ ਕੋਈ ਕਮਿਸ਼ਨ ਨਹੀਂ ਬਣ ਸਕਦਾ। ਉਥੇ ਨਾਂ ਕੋਈ ਟਰਾਂਸਪੋਰਟ ਠੀਕ ਚਲਦੀ ਹੈ ਅਤੇ ਨਾਂ ਕੋਈ ਹੋਰ ਫੈਸਿਲਟੀਜ਼ ਹਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਸਿਰਫ ਇਤਨਾ ਹੀ ਕਹਾਂਗਾ ਕਿ ਇਹ ਬਜਟ ਪੰਜਾਬ ਦੇ ਲੋਕਾਂ ਦੇ ਹਿੱਤ ਦਾ ਨਹੀਂ ਹੈ। ਇਸ ਕਰਕੇ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ। (ਇਸ ਸਮੇਂ ਮਾਇਕ ਬੰਦ ਸੀ ਪਰ ਕਾਮਰੇਡ ਦਰਸ਼ਨ ਸਿੰਘ ਝਬਾਲ ਬੋਲ ਰਹੇ ਸਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਝਬਾਲ ਸਾਹਿਬ, ਮੈਂ ਬੀਰਦਵਿੰਦਰ ਸਿੰਘ ਜੀ ਨੂੰ ਟਾਈਮ ਦੇ ਦਿਤਾ ਹੈ ਇਸ ਲਈ ਹੁਣ ਤੁਸੀਂ ਬੈਠ ਜਾਓ। ਬੀਰਦਵਿੰਦਰ ਸਿੰਘ ਜੀ, ਤੁਸੀਂ ਬੋਲੋ।

ਸਰਦਾਰ ਬੀਰਦਵਿੰਦਰ ਸਿੰਘ (ਸਰਹਿੰਦ) : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੋ ਦਫ਼ਾ ਇਥੇ ਤਫਸੀਲ ਵਿਚ ਆਪਣੇ ਵਿਚਾਰ ਰੱਖੇ ਹਨ। ਮੈਂ ਇੱਕ ਦੋ ਗਲਾਂ ਕਰਨੀਆਂ ਜ਼ਰੂਰੀ ਸਮਝਦਾ ਹਾਂ ਅਤੇ ਇਸ ਹਾਊਸ ਦੇ ਨਾਲ ਆਪਣੇ ਖਿਆਲਾਤ ਸਾਂਝੇ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਅੱਜ ਬਾਦਲ ਸਾਹਿਬ ਨੇ ਹਾਊਸ ਵਿਚ ਬਹੁਤ ਲੰਬੀ ਤਕਰੀਰ ਕੀਤੀ ਹੈ ਅਤੇ ਬੜੇ ਅੰਕੜੇ ਕੋਟ ਕੀਤੇ ਹਨ। ਮੈਨੂੰ ਝਬਾਲ ਸਾਹਿਬ ਦੀ ਉਦਾਹਰਣ ਦੇ ਨਾਲ ਨਾਲ ਇੱਕ ਗੱਲ ਯਾਦ ਆ ਗਈ ਹੈ। ਇੱਕ ਮਾਈ ਕਿਸੇ ਨੂੰ ਲੰਗਰ ਪਾਣੀ ਛਕਾਉਣਾ ਚਾਹੁੰਦੀ ਸੀ। ਰਾਹ ਵਿਚ ਉਸ ਨੂੰ ਇੱਕ ਸੰਤ ਬਾਬਾ ਮਿਲਿਆ। ਬੜੀ ਮਿਹਨਤ ਕਰਕੇ ਉਸ ਮਾਈ ਨੇ ਸੰਤ ਬਾਬੇ ਲਈ ਪਰਸ਼ਾਦਾ ਬਣਾਇਆ ਅਤੇ ਸੰਤ ਬਾਬਾ ਜੀ ਦੇ ਹੱਥ ਧੁਆ ਕੇ ਬੜੇ ਪ੍ਰੇਮ ਨਾਲ ਉਸ ਨੂੰ ਪਰਸ਼ਾਦਾ ਛਕਾਇਆ। ਸੰਤ ਬਾਬਾ ਜੀ ਨੇ ਪਰਸ਼ਾਦਾ ਖਾਦਾ ਅਤੇ ਹੱਥ ਮੂੰਹ ਧੋਹ ਕੇ ਚਲਣ ਲਗਾ ਤਾਂ ਮਾਈ ਕਹਿਣ ਲਗੀ ਕਿ ਬਾਬਾ ਜੀ ਮੈਂ ਤਾਂ ਤੁਹਾਨੂੰ ਪਰਸ਼ਾਦਾ ਇਸ ਲਈ ਛਕਾਇਆ ਸੀ ਕਿ ਤੁਸੀਂ ਪਰਸ਼ਾਦਾ ਛੱਕ ਕੇ ਮੇਰੇ ਲਈ ਅਤੇ ਮੇਰੇ ਪਰਿਵਾਰ ਲਈ, ਮੇਰੇ ਬੱਚਿਆਂ ਲਈ ਕੁਝ ਅਰਦਾਸ ਕਰੋਗੇ। ਬਾਬਾ ਮਾਈ ਦੀ ਗੱਲ ਸੁਣ ਕੇ ਕਹਿਣ ਲਗਾ ਕਿ ਮਾਈ ਤੂੰ ਸਾਨੂੰ ਪਰਸ਼ਾਦਾ ਛਕਾਇਆ ਹੈ ਅਤੇ ਇਸ ਬਾਰੇ ਪਰਮਾਤਮਾ ਨੂੰ ਪਤਾ ਹੈ। ਫਿਰ ਪਰਮਾਤਮਾ ਤੇਰੀ ਅਰਦਾਸ ਆਪੇ ਮਨਜ਼ੂਰ ਕਰੇਗਾ। ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਬੜੇ ਅੰਕੜੇ ਕੋਟ ਕੀਤੇ ਹਨ ਅੌਰ ਮੈਂ ਸਮਝਦਾ ਹਾਂ ਕਿ ਡੈਮੋਕਰੇਸੀ ਵਿਚ ਪੁਲਿਟੀਕਲ ਪਾਰਟੀ ਲਈ ਜਿਹੜਾ ਰੱਬ ਹੈ, ਉਹ ਲੋਕਾਂ ਵਿਚ ਵੱਸਦਾ ਹੈ। ਜਨਤਾ ਵਿਚ ਵੱਸਦਾ ਹੈ। ਮੈਂ ਸਮਝਦਾ ਹਾਂ ਕਿ ਜੇਕਰ ਬਾਦਲ ਸਾਹਿਬ ਨੇ ਲੋਕਾਂ ਦੀ ਇਤਨੀ ਸੇਵਾ ਕੀਤੀ ਸੀ, ਇਤਨੇ ਸਕੂਲ ਬਣਾਏ, ਹਸਪਤਾਲ ਬਣਾਏ ਅਤੇ ਹੋਰ ਇਤਨਾ ਕੁਝ ਕੀਤਾ, ਸੈਂਟਰ ਤੋਂ ਰੁਪਿਆ ਲੈ ਕੇ ਆਏ, ਤਾਂ ਫਿਰ ਇਹ ਨੌਬਤ ਕਿਉਂ ਆਈ ? ਇਧਰਲੀ ਕੁਰਸੀ ਤੋਂ ਉਧਰਲੀ ਕੁਰਸੀ ਤੇ ਉਹ ਕਿਉਂ ਚਲੇ ਗਏ ? (ਥੰਪਿੰਗ)

ਸਪੀਕਰ ਸਾਹਿਬ, ਜੋ ਪੰਜਾਬ ਦੇ ਲੋਕਾਂ ਨੇ ਪੰਜਾਬ ਦੀ ਜਨਤਾ ਨੇ ਫੈਸਲਾ ਕੀਤਾ ਤੁਸੀਂ ਉਸਨੂੰ ਜਾਣਦੇ ਹੋ ?

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਸਰਦਾਰ ਬੀਰ ਦਵਿੰਦਰ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਉਹੀ ਸਾਰੇ ਦੇ ਸਾਰੇ ਅਕਾਲੀ ਇਥੇ ਆਏ ਹਾਂ ਜਿਨ੍ਹਾਂ ਨੇ ਜਨਤਾ ਦੀ ਸੇਵਾ ਕੀਤੀ ਸੀ। (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਪਤੰਗ ਜੀ, ਤਾਂ ਫਿਰ ਇਸ ਦਾ ਮਤਲਬ ਇਹ ਹੈ ਕਿ ਜਿਨ੍ਹਾਂ ਨੇ ਜਨਤਾ ਦੀ ਸੇਵਾ ਨਹੀਂ ਕੀਤੀ, ਉਹ ਨਹੀਂ ਆਏ। ਮੈਨੂੰ ਬੜੀ ਖੁਸ਼ੀ ਹੈ ਕਿ ਇਨ੍ਹਾਂ ਨੇ ਇਹ ਗੱਲ ਸਵੀਕਾਰ ਕਰ ਲਈ ਹੈ। ਸਿਰਫ ਉਹ ਬੰਦੇ ਆਏ ਹਨ, ਜਿਨ੍ਹਾਂ ਨੇ ਲੋਕਾਂ ਦੀ ਸੇਵਾ ਕੀਤੀ ਸੀ। ਸਪੀਕਰ ਸਾਹਿਬ, ਸਾਹਮਣੇ ਬੈਠੇ ਭਰਾਵਾਂ ਵਿਚੋਂ ਜਿਹੜੇ ਘੱਟੇ ਹਨ, ਇਸ ਦਾ ਮਤਲਬ ਹੈ ਕਿ ਉਨ੍ਹਾਂ ਨੇ ਲੋਕਾਂ ਦੀ ਸੇਵਾ ਨਹੀਂ ਕੀਤੀ। ਸਪੀਕਰ ਸਾਹਿਬ, ਅਸੀਂ ਨਵੇਂ ਬੰਦੇ ਲਿਆਂਦੇ ਹਨ। (ਵਿਘਨ) ਅਸੀਂ ਨਵੀਂ ਜੈਨਰੇਸ਼ਨ ਨੂੰ ਸੇਵਾ ਕਰਨ ਦਾ ਮੌਕਾ ਦਿੰਦੇ ਹਾਂ। ਅਸੀਂ ਤੁਹਾਡੇ ਵਰਗੇ ਬ੍ਰਿਧ ਬਜ਼ੁਰਗਾਂ ਨੂੰ ਨਹੀਂ ਲਿਆਂਦਾ, ਜਿਹੜੇ 20–20 ਸਾਲਾਂ ਤੋਂ ਪੁਰਾਣੇ ਚਲੇ ਆ ਰਹੇ ਹਨ। (ਵਿਘਨ) ਇਸ ਵਾਰ, ਸਪੀਕਰ ਸਾਹਿਬ, ਅਸੀਂ 30–35 ਨਵੇਂ ਬੰਦੇ ਲਿਆਏ ਹਾਂ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। (ਵਿਘਨ) (ਸ਼ੋਰ) ਸਰਦਾਰ ਉਮਰਾਨੰਗਲ ਜੀ ਨੇ ਬਾਰ ਬਾਰ ਮੁਸਲਮਾਨਾਂ ਦਾ ਜ਼ਿਕਰ ਕੀਤਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਮੁਸਲਮਾਨ ਕਤਲ ਨਹੀਂ ਕੀਤੇ ਬਲਕਿ ਤੁਹਾਡੇ ਵਰਗਿਆਂ

Original with;
Punjab Vidhan Sabha
Digitized by;
Panjab Digital Library

ਨੇ ਸ਼ੀਤੇ ਹਨ। (ਵਿਘਨ) ਮੈਂ ਇਨ੍ਹਾਂ ਨੂੰ ਇਹ ਕਹਾਂਗਾ "ਖੁਸ਼ ਰਹੋ, ਆਂਸੂ ਨਾ ਬਹਾ, ਹਮ ਜੀ ਲੇਂਗੇ।"

ਤੁਸੀਂ ਸਾਡਾ ਫਿਕਰ ਨਾ ਕਰੋ, ਆਪਣਾ ਫਿਕਰ ਕਰੋ। ਮੈਂ ਸੀ.ਐਮ. ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਜਿਥੇ ਹੋਰ ਬਹੁਤ ਸਾਰੇ ਕੇਸਾਂ ਦੀ ਪੜਤਾਲ ਹੋ ਰਹੀ ਹੈ, ਉਥੇ ਇਸ ਗੱਲ ਦੀ ਵੀ ਪੜਤਾਲ ਹੋਣੀ ਚਾਹੀਦੀ ਹੈ। ਜਿਹੜੇ ਕੋਰਟਸ ਵਿਚ ਦੋਸ਼ੀ ਹੁੰਦੇ ਹਨ ਅਤੇ ਉਹ ਆਪਣਾ ਜੁਰਮ ਮੰਨ ਲੈਂਦੇ ਹਨ ਤਾਂ ਉਨ੍ਹਾਂ ਨੂੰ ਕੋਰਟ ਸਜ਼ਾ ਦਿੰਦੀ ਹੈ ਅਤੇ ਮਾਫ ਨਹੀਂ ਕਰਦੀ। ਇਸ ਲਈ ਮੈਂ ਸੀ.ਐਮ. ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਸਾਡੇ ਮਾਨਯੋਗ ਮੈਂਬਰ ਨੇ ਪਬਲੀਕਲੀ ਤਾਂ ਨਹੀਂ ਪਰ ਦਰਗਾਹ ਵਿਚ ਮੰਨਿਆ ਸੀ ਕਿ ਮੈਂ ਮੁਸਲਮਾਨ ਦਾ ਕਤਲ ਕੀਤਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਤੇ ਕਤਲ ਦਾ ਮੁਕੱਦਮਾ ਚਲਾਉਣਾ ਚਾਹੀਦਾ ਹੈ। (ਵਿਘਨ)

ਬਾਕੀ ਬਾਦਲ ਸਾਹਿਬ ਨੇ ਬੜਾ ਜ਼ਿਕਰ ਕੀਤਾ ਕਿ ਉਨ੍ਹਾਂ ਨੇ ਤਥੱਕੀ ਦੇ ਕੰਮ ਕੀਤੇ ਸਨ। ਮੈਂ ਇੱਕ ਦੋ ਮੋਟੀਆਂ ਗਲਾਂ ਕਰਨੀਆਂ ਚਾਹੁੰਦਾ ਹਾਂ। ਕਿਸਾਨਾਂ ਦੀ ਬੜੀ ਚਰਚਾ ਕੀਤੀ ਗਈ। ਚੋਣਾਂ ਵਿਚ ਬਾਦਲ ਸਾਹਿਬ ਵਲੋਂ ਬੜੀਆਂ ਤਕਰੀਰਾਂ ਕੀਤੀਆਂ ਗਈਆਂ ਅਤੇ ਕਿਸਾਨਾਂ ਨੂੰ ਕਿਹਾ ਜਾਂਦਾ ਸੀ ਕਿ ਸਾਨੂੰ ਵੋਟ ਦਿਉ, ਅਸੀਂ ਤੁਹਾਨੂੰ ਟਰੈਕਟਰ ਜੋ ਸੋਨੇ ਦੇ ਭਾਅ ਵਿਕਦੇ ਹਨ, ਉਹ ਲੋਹੇ ਦੇ ਭਾਅ ਲੈ ਕੇ ਦਿਆਂਗੇ। ਉਸ ਤੋਂ ਬਾਅਦ ਬਾਦਲ ਸਾਹਿਬ ਦੀ ਸਰਕਾਰ ਬਣੀ। ਇਹ ਗਲ ਮੈਂ ਦਾਵੇ ਦੇ ਨਾਲ ਕਹਿ ਸਕਦਾ ਹਾਂ ਕਿ ਉਦੋਂ ਹਰ ਟਰੈਕਟਰ ਦੀ ਕੀਮਤ 20,000 ਰੁਪਏ ਵੱਧੀ ਸੀ। ਟਰੈਕਟਰਾਂ ਦੀ ਕੀਮਤ ਨੂੰ ਇਹ ਸਰਕਾਰ ਘਟਾ ਨਹੀਂ ਸਕੀ। (ਬਰਨਾਲਾ ਸਾਹਿਬ ਵੱਲ ਇਸ਼ਾਰਾ) ਇਨ੍ਹਾਂ ਨੇ ਇਹ ਆਪਣੀ ਤਕਰੀਰ ਵਿਚ ਕਿਹਾ ਸੀ ਕਿ ਸਾਨੂੰ ਸੈਂਟਰ ਵਿਚ ਬੜਾ ਮਾਣ ਬਖਸ਼ਿਆ ਸੀ ਕਿਉਂਕਿ ਪਹਿਲੀ ਦਫਾ ਪੰਜਾਬ ਦਾ ਐਮ. ਪੀ. ਖੇਤੀਬਾੜੀ ਮੰਤਰੀ ਸੈਂਟਰ ਵਿਚ ਲਿਆ ਗਿਆ ਸੀ। ਇਸ ਤੋਂ ਪਹਿਲਾਂ ਕਦੇ ਵੀ ਪੰਜਾਬ ਨੂੰ ਇਹ ਮਾਣ ਨਹੀਂ ਬਖਸ਼ਿਆ ਗਿਆ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਮਾਣ ਪਹਿਲੀ ਵਾਰੀ ਪੰਜਾਬ ਦੇ ਲੋਕਾਂ ਨੂੰ ਨਹੀਂ ਮਿਲਿਆ ਬਲਕਿ ਇਸ ਤੋਂ ਪਹਿਲਾਂ ਵੀ ਸਾਨੂੰ ਮਾਣ ਮਿਲਿਆ ਹੈ। ਉਦੋਂ ਫਾਈਲਾਂ ਤੋਂ ਔਖੇ ਹੋ ਕੇ ਪਾਰਲੀਆਮੈਂਟ ਦੀ ਵਜ਼ੀਰੀ ਨੂੰ ਛੱਡ ਕੇ ਇਨ੍ਹਾਂ ਨੇ ਅਸੰਬਲੀ ਦੀਆਂ ਚੋਣਾਂ ਲੜੀਆਂ। ਇਹ ਵੀ ਮਾਣ ਇਨ੍ਹਾਂ ਨੂੰ ਹੀ ਮਿਲਿਆ ਹੈ। ਇਸ ਤੋਂ ਇਲਾਵਾ ਇਹ ਸਵਾਲ ਉਠਿਆ ਕਿ ਇਨ੍ਹਾਂ ਨੇ ਸੈਂਟਰ ਗੌਰਮਿੰਟ ਦੇ ਨਾਲ ਸਾਂਝ ਪਾਉਣੀ ਹੈ ਜਾਂ ਨਹੀਂ। ਸਪੀਕਰ ਸਾਹਿਬ, ਇਹ ਫੈਸਲਾ ਇੱਕ ਮਹੀਨਾ ਇਹ ਨਹੀਂ ਸਨ ਕਰ ਸਕੇ ਕਿ ਇਨ੍ਹਾਂ ਨੇ ਕਿਸ ਪੱਖ ਦਾ ਸਾਥ ਦੇਣਾ ਹੈ। ਇਸ indecision ਦਾ ਮਾਣ ਵੀ ਇਨ੍ਹਾਂ ਨੂੰ ਹੀ ਮਿਲਿਆ ਹੈ। ਉਸ ਪਾਰਟੀ ਦੀ ਕੇਂਦਰੀ ਸਰਕਾਰ ਦੀ ਤੁਸੀਂ ਗਲ ਕਰ ਰਹੇ ਹੋ ਕਿ ਅਸੀਂ ਫਲਾਣੀ ਚੀਜ਼ ਉਥੇ ਲੈ ਕੇ ਆਏ। ਉਸ ਕੇਂਦਰੀ ਸਰਕਾਰ ਵਿਚ ਤੁਹਾਡੇ ਵਜ਼ੀਰਾਂ ਨੇ ਦੋ ਦਫਾ ਅਸਤੀਫਾ ਦਿੱਤਾ। ਉਸ ਤੋਂ ਬਾਅਦ ਕਿਸਾਨ ਦੀ ਵਜ਼ਾਰਤ ਬਣੀ। ਤੁਸੀਂ ਉਸ ਦਾ ਵਿਰੋਧ ਕੀਤਾ। (ਵਿਘਨ)। ਮੈਂ ਇਕ ਦੋ ਗਲਾਂ ਕਰਨੀਆਂ ਜ਼ਰੂਰੀ ਸਮਝਦਾ ਹਾਂ ਜੋ ਕਿ ਇਸ ਐਪ੍ਰੋਪ੍ਰੀਏਸ਼ਨ ਬਿਲ ਨਾਲ ਸਬੰਧਤ ਹਨ। ਜਿੰਨੀਆਂ ਚਿੱਠੀਆਂ ਇਸ ਵੇਲੇ ਡਾਕ ਵਿਚ ਆਉਂਦੀਆਂ ਹਨ ਉਨ੍ਹਾਂ ਵਿਚੋਂ ਅੱਧੀਆਂ ਚਿੱਠੀਆਂ ਕੈਦੀਆਂ ਦੀਆਂ ਆਉਂਦੀਆਂ ਹਨ। ਜੇਲ੍ਹ ਵਿਚ ਬੰਦ ਕੈਦੀਆਂ ਦੇ ਮਸਲੇ ਬਾਰੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਪਿਛਲੀ ਸਰਕਾਰ ਨੇ (ਵਿਘਨ)

EXTENSION OF TIME OF THE SITTING

ਸ਼੍ਰੀ ਸਪੀਕਰ: ਹਾਊਸ ਦੀ ਪਲੈਜ਼ਰ ਨਾਲ ਹਾਊਸ ਦੇ ਸਮੇਂ ਨੂੰ 8.00 ਵਜੇ ਤਕ ਮੈਂ ਐਕਸਟੈਂਡ ਕਰਦਾ ਹਾਂ। ਅਜੇ ਐਫ. ਐਮ. ਸਾਹਿਬ ਨੇ ਜਵਾਬ ਦੇਣਾ ਹੈ। ਸੀ.ਐਮ. ਸਾਹਿਬ ਨੇ ਵੀ ਜਵਾਬ ਦੇਣਾ ਹੈ। ਜੇਕਰ ਸਪੀਚਾਂ ਜਲਦੀ ਖਤਮ ਹੋ ਗਈਆਂ ਤਾਂ ਹਾਊਸ ਜਲਦੀ ਖਤਮ ਹੋ ਜਾਏਗਾ।

Original with;
Punjab Vidhan Sabha
Digitized by;
Panjab Digital Library

THE PUNJAB APPROPRIATION (NO 2) BILL, 1980
(Resumption of Consideration)

ਸਰਦਾਰ ਬੀਰਦਵਿੰਦਰ ਸਿੰਘ: ਜੇਲ੍ਹਾਂ ਵਿਚ ਸੁਧਾਰ ਕਰਨ ਦੇ ਸਬੰਧ ਵਿਚ ਪਿਛਲੀ ਸਰਕਾਰ ਨੇ ਕੈਦੀਆਂ ਨਾਲ ਬੜੇ ਵਾਅਦੇ ਕੀਤੇ ਸਨ ਅੌਰ ਨਾਲ ਇਹ ਵੀ ਕਿਹਾ ਸੀ ਕਿ ਅਸੀਂ ਕੈਦੀਆਂ ਦੇ ਨਕਸ਼ੇ ਖਤਮ ਕਰਾਂਗੇ । ਲੇਕਿਨ ਉਹ 20 ਸਾਲਾ ਕੈਦੀ ਜਿਛੜਾ ਪਹਿਲਾਂ ਸੱਤ ਜਾਂ ਸਾਢੇ ਸੱਤ ਸਾਲ ਦੀ ਕੈਦ ਕੱਟਣ ਤੋਂ ਬਾਅਦ ਰਿਹਾ ਹੋ ਜਾਂਦਾ ਸੀ, ਬਾਦਲ ਸਰਕਾਰ ਵੇਲੇ ਅੌਰ ਮਰਕਜ਼ ਵਿਚ ਜਨਤਾ ਪਾਰਟੀ ਦੀ ਸਰਕਾਰ ਵੇਲੇ ਕੈਦੀਆਂ ਨੂੰ ਇਹ ਤੋਹਫਾ ਦਿੱਤਾ ਗਿਆ ਕਿ ਸਾਢੇ ਸੱਤ ਸਾਲ ਦੀ ਬਜਾਏ ਉਨ੍ਹਾਂ ਨੂੰ ਇਸ ਵੇਲੇ 14 ਸਾਲ ਦੀ ਸਜ਼ਾ ਭੁਗਤਣੀ ਪੈਂਦੀ ਹੈ। ਇਸ ਤਰ੍ਹਾਂ ਨਾਲ ਜਿਹੜੇ ਰਿਹਾਈ ਤੇ ਆ ਚੁੱਕੇ ਸੀ ਉਨ੍ਹਾਂ ਨੂੰ ਉਹ ਕਾਨੂੰਨ ਬਣਨ ਤੋਂ ਬਾਅਦ ਸੱਤ, ਸੱਤ ਸਾਲ ਹੋਰ ਜੇਲ੍ਹਾਂ ਵਿਚ ਕੱਟਣੇ ਪੈਣਗੇ। ਇਸ ਲਈ ਮੇਰੀ, ਤੁਹਾਡੇ ਰਾਹੀਂ, ਸਰਕਾਰ ਨੂੰ ਅਪੀਲ ਹੈ ਕਿ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ। ਕੈਦੀ ਦੀ ਜ਼ਿੰਦਗੀ ਪ੍ਰਤੀ ਇਹੋ ਅੈਪ੍ਰੋਚ ਸਾਨੂੰ ਰੱਖਣੀ ਚਾਹੀਦੀ ਹੈ ਕਿ hate the sin, not the sinner, ਨਿੱਜੀ ਤਜਰਬੇ ਤੋਂ ਕਿਹਾ ਜਾ ਸਕਦਾ ਹੈ ਕਿ ਜਿਸ ਕਿਸਮ ਦੇ ਵਧੀਆ ਬੰਦੇ, ਕਲਾਕਾਰ, ਚਿੱਤਰਕਾਰ, ਗੀਤਕਾਰ, ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਹਨ, ਉਨ੍ਹਾਂ ਨੂੰ ਉਤਸ਼ਾਹ ਦੇ ਕੇ ਕਿਸੇ ਢੰਗ ਨਾਲ ਬਾਹਰ ਲਿਆਉਣਾ ਚਾਹੀਦਾ ਹੈ। ਉਹ ਪੰਜਾਬ ਦੀ ਬੜੀ ਵੱਡੀ ਸੇਵਾ ਵੀ ਕਰ ਸਕਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਜੇਲ੍ਹਾਂ ਦੀ ਚਾਰ ਦੀਵਾਰੀ ਵਿਚ ਹਰ ਵਿਅਕਤੀ ਮਾੜਾ ਹੈ ਜਾਂ ਉਥੇ ਹਰ ਵਿਅਕਤੀ ਚੰਗਾ ਹੈ। ਜੇ ਉਨ੍ਹਾਂ ਦੇ ਕ੍ਰਾਈਮਾਂ ਦੀ ਬੈਕਗਰਾਉਂਡ ਇਨਸਾਨੀ ਨਾਤੇ ਫਰੋਲ ਕੇ ਵੇਖੀਏ ਤਾਂ ਪਤਾ ਲਗੇਗਾ ਕਿ ਬਹੁਤ ਸਾਰੇ ਬੰਦੇ ਜੇਲ੍ਹ ਵਿਚ ਐਸੇ ਹਨ ਜਿਨ੍ਹਾਂ ਨੇ ਗੁਨਾਹ ਨਹੀਂ ਕੀਤਾ ਲੇਕਿਨ ਕਾਨੂੰਨ ਦੀ ਨਿਗਾਹ ਵਿਚ ਉਹ ਗੁਨਾਹਗਾਰ ਸਾਬਤ ਹੋ ਗਏ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਲਈ ਜੇਲ੍ਹਾਂ ਦੇ ਮਾਹੌਲ ਨੂੰ ਅੱਛਾ ਬਨਾਉਣ ਵਾਸਤੇ ਇਕ ਤਾਂ ਮੁਲਾਕਾਤਾਂ ਵਾਸਤੇ ਮੁਲਕਾਤੀ ਕਮਰਾ ਬਣਾਉਣਾ ਚਾਹੀਦਾ ਹੈ ਤਾਕਿ ਉਹ ਆਪਣੀ ਮਿਲਣ ਆਈ ਮਾਂ, ਭੈਣ, ਬੀਵੀ ਅਤੇ ਹੋਰ ਰਿਸ਼ਤੇਦਾਰਾਂ ਨੂੰ ਮਿਲ ਸਕੇ । ਕੈਦੀ ਨੂੰ ਮਿਲਣ ਜਦੋਂ ਉਸ ਦੇ ਰਿਸ਼ਤੇਦਾਰ ਆਉਂਦੇ ਹਨ, ਉਸ ਦੀ ਮਾਂ ਆਉਂਦੀ ਹੈ ਤਾਂ ਉਸ ਦਾ ਕੈਦੀ ਦੇ ਸਿਰ ਤਕ ਹੱਥ ਨਹੀਂ ਪੁਜ ਸਕਦਾ ਕਿਉਂਕਿ ਰਸਤੇ ਵਿਚ ਜਾਲੀ ਹੈ । ਇਸ ਜਾਲੀ ਨੂੰ ਹਟਾ ਦੇਣਾ ਚਾਹੀਦਾ ਹੈ । ਇਹ 14 ਸਾਲਾਂ ਦੀ ਕੈਦ ਖਤਮ ਕਰਨ ਲਈ ਕੇਂਦਰ ਸਰਕਾਰ ਨਾਲ ਗਲ ਬਾਤ ਕਰਨੀ ਚਾਹੀਦੀ ਹੈ। ਜਿਹੜਾ ਕੈਦੀ ਨੇਕ ਚਾਲ ਚਲਣ ਦਾ ਹੈ ਅੌਰ ਉਸ ਨੇ ਛੁੱਟੀ ਕੱਟ ਲਈ ਹੈ ਤਾਂ ਦੂਜੀ ਛੁਟੀ ਵੇਲੇ ਉਸ ਲਈ ਇਹ ਜ਼ਰੂਰੀ ਨਹੀਂ ਹੋਣਾ ਚਾਹੀਦਾ ਕਿ ਉਹ ਡੀ. ਸੀ. ਤੋਂ ਹੋਮ ਸਕੱਤਰ ਤੋਂ ਛੁਟੀ ਮਨਜ਼ੂਰ ਕਰਾਵੇ । ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ 14 ਸਾਲ ਕੈਦ ਭੁਗਤਣ ਤੋਂ ਬਾਅਦ ਕੇਂਦਰੀ ਜੇਲ੍ਹ, ਪਟਿਆਲਾ ਵਿਖੇ ਇਕ ਕੈਦੀ ਹੋਰ ਸਜ਼ਾ ਭੁਗਤ ਰਿਹਾ ਸੀ ਕਿਉਂਕਿ ਸਰਕਾਰੀ ਦਫਤਰਾਂ ਤੋਂ ਕਾਗਜ਼ ਮੁਕੰਮਲ ਹੋ ਕੇ ਨਹੀਂ ਸੀ ਗਏ। ਇਹ ਨਕਸ਼ੇ ਦੀ ਜੋ ਲਾਹਨਤ ਹੈ, ਜਿਸ ਨਾਲ ਕਈ ਸਾਲ ਫਾਲਤੂ ਜੇਲ੍ਹ ਉਨ੍ਹਾਂ ਨੂੰ ਭੁਗਤਣੀ ਪੈਂਦੀ ਹੈ, ਇਹ ਲਾਹਨਤ ਖਤਮ ਕਰਨੀ ਚਾਹੀਦੀ ਹੈ।

ਇਕ ਗਲ ਹੋਰ ਕਰਕੇ ਮੈਂ ਛੁਟੀ ਲਵਾਂਗਾ ਕਿਉਂਕਿ ਉਹ ਬੜੀ ਜ਼ਰੂਰੀ ਗਲ ਹੈ । ਮੈਂ ਪੰਛੀਆਂ ਦੇ ਬਾਰੇ ਵਿਚ ਗਲ ਕਰਨਾ ਚਾਹੁੰਦਾ ਹਾਂ। ਪੰਜਾਬ ਦੀ ਧਰਤੀ ਵਿਚ ਬਹੁਤ ਪਿਆਰੇ ਪੰਛੀ ਹੋਏ ਹਨ । ਗੁਰਬਾਣੀ ਵਿਚ ਵੀ ਥਾਂ ਥਾਂ ਉਨ੍ਹਾਂ ਪੰਛੀਆਂ ਦਾ ਜ਼ਿਕਰ ਆਉਂਦਾ ਹੈ। ਗੁਰਬਾਣੀ ਵਿਚ ਟੂਕਾਂ ਦੇ ਕੇ ਉਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ।ਜਿਉਂ ਜਿਉਂ ਸਮਾਂ ਬੀਤਦਾ ਰਿਹਾ ਸਾਡੇ ਪੰਜਾਬ ਨੂੰ, ਸਾਡੇ ਦੇਸ਼ ਨੂੰ ਉਹ ਛੱਡ ਕੇ ਦੂਸਰੇ ਦੇਸ਼ਾਂ ਵਲ ਜਾਂਦੇ ਰਹੇ ਹਨ। ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ

Original with;
Punjab Vidhan Sabha
Digitized by;
Panjab Digital Library

ਕਿ ਅਜਿਹਾ ਕੋਈ ਪਰਬੰਧ ਜ਼ਰੂਰ ਕਰਨ ਜਿਸ ਨਾਲ ਪਿਆਰੇ ਪੰਛੀ ਜਿਹੜੇ ਸਾਡੇ ਦੇਸ਼ ਨੂੰ ਛੱਡ ਕੇ ਦੂਸਰੇ ਦੇਸ਼ਾਂ ਵਲ ਜਾ ਰਹੇ ਹਨ ਉਨ੍ਹਾਂ ਪੰਛੀਆਂ ਨੂੰ ਮੁੜ ਆਪਣੇ ਵਤਨ ਪਰਤਣ ਲਈ ਕੋਈ ਪ੍ਰਬੰਧ ਕੀਤਾ ਜਾਏ । (ਵਿਘਨ) ਇਸ ਵਾਸਤੇ ਮੈਨੂੰ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਇਕ ਹਰੀਕੇ ਪੱਤਣ ਵਿਖੇ ਇਕ ਸਕੀਮ ਚਲਾਈ ਹੈ । ਪੰਛੀਆਂ ਦੇ ਰਿੰਗ ਪਾ ਦਿਤੇ ਜਾਂਦੇ ਹਨ ਔਰ ਉਸ ਉਤੇ ਲਿਖ ਦਿਤਾ ਜਾਂਦਾ ਹੈ । ਅਗਰ ਕਿਸੇ ਦੇਸ਼ ਵਿਚ ਜਾਕੇ ਉਹ ਉਤਰਦਾ ਹੈ ਤਾਂ ਉਸ ਪੰਛੀ ਦੇ ਪੈਰ ਤੋਂ ਰਿੰਗ ਮਿਲ ਜਾਏਗਾ ਅਤੇ ਪਤਾ ਲਗ ਜਾਏਗਾ ਕਿ ਉਹ ਪੰਛੀ ਕਿਸ ਮੁਲਕ ਤੋਂ ਆਇਆ ਹੈ । ਇਹ ਪੰਛੀਆਂ ਦਾ ਰਿੰਗ ਪਰੀਜ਼ਰਵ ਕਰਨ ਲਈ ਸਾਨੂੰ ਕੁਝ ਕਰਨਾ ਚਾਹੀਦਾ ਹੈ। ਅੱਛਾ ਜੀ, ਧੰਨਵਾਦ ।

ਸ਼੍ਰੀ ਸਪੀਕਰ : ਢਿਲੋਂ ਸਾਹਿਬ, ਤੁਸੀਂ 5 ਮਿੰਟਾਂ ਵਿਚ ਖਤਮ ਕਰੋ ।

ਸਰਦਾਰ ਜਸਮਤ ਸਿੰਘ ਢਿਲੋਂ (ਫਰੀਦਕੋਟ) : ਸਾਡੀ ਮੈਨਾਰਿਟੀ ਪਾਰਟੀ ਹੈ। ਸਾਡਾ ਵੀ ਖਿਆਲ ਰਖਿਆ ਕਰੋ । ਵੱਡੀਆਂ ਪਾਰਟੀਆਂ ਤੇ ਕੱਟ ਲਾਇਆ ਕਰੋ । ਸਪੀਕਰ ਸਾਹਿਬ, ਅੱਜ ਐਪ੍ਰੋਪ੍ਰੀਏਸ਼ਨ ਬਿਲ ਤੇ ਮੈਂ ਸਦਨ ਵਿਚ ਮੈਂਬਰ ਸਾਹਿਬਾਨ ਨਾਲ ਆਪਣੇ ਖਿਆਲ ਸਾਂਝੇ ਕਰਨਾ ਚਾਹੁੰਦਾ ਹਾਂ, ਮੈਂ ਪਹਿਲਾਂ ਵੀ ਸਰਕਾਰ ਨੂੰ ਬੇਨਤੀ ਕੀਤੀ ਸੀ । ਬਾਦਲ ਸਾਹਿਬ ਨੇ ਅੱਜ ਜੋ ਇਨ੍ਹਾਂ ਦੇ ਸਮੇਂ ਵਿਚ ਖੇਤੀਬਾੜੀ ਦੇ ਬਾਰੇ ਉਨਤੀ ਹੋਈ ਉਹ ਅੰਕੜਿਆਂ ਨਾਲ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ । ਪਰ ਇਹ ਜਿਹੜੀ ਰਾਜ ਚਲਾ ਰਹੀ ਪਾਰਟੀ ਹੈ, ਉਸ ਨੇ ਵੀ ਕਿਹਾ ਹੈ ਕਿ ਉਹ ਕਿਸਾਨ ਦੇ ਹਿੱਤੂ ਹਨ । ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬੀਆਂ ਦੀ ਪ੍ਰਧਾਨ ਕਿਰਤ ਖੇਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਰੋਡਕਸ਼ਨ ਵਧਾਉਣ ਤੇ ਜ਼ੋਰ ਲਾਇਆ ਜਾ ਰਿਹਾ ਹੈ ਇਸੇ ਤਰ੍ਹਾਂ ਹੀ ਫੈਮਲੀ ਪਲਾਨਿੰਗ ਵਾਲੇ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਫੈਮਿਲੀ ਪਲਾਨਿੰਗ ਵਾਸਤੇ ਇਸ ਬਜਟ ਵਿਚ ਕੋਈ ਵਿਸ਼ੇਸ਼ ਉਪਰਾਲੇ ਕਰਨ ਬਾਰੇ ਨਹੀਂ ਲਿਖਿਆ ਗਿਆ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਐਗਰੀਕਲਚਰ ਮਨਿਸਟਰ ਸਾਹਿਬ ਨੇ ਹਾਰਟੀਕਲਚਰ ਦਾ ਅਲਹਿਦਾ ਡਾਇਰੈਕਟੋਰੇਟ ਬਣਾਇਆ ਹੈ, ਇਸੇ ਤਰ੍ਹਾਂ ਮੈਂ ਸੁਝਾਓ ਦਿਆਂਗਾ ਕਿ ਫੈਮਿਲੀ ਪਲਾਨਿੰਗ ਦਾ ਡਾਇਰੈਕਟੋਰੇਟ ਵੱਖਰਾ ਬਣਾਉਣਾ ਚਾਹੀਦਾ ਹੈ। ਜੇ ਸਰਕਾਰ ਲੈਜਿਸਲੇਸ਼ਨ ਨਹੀਂ ਲਿਆਉਣਾ ਚਾਹੁੰਦੀ ਅਤੇ ਇਨ੍ਹਾਂ ਨੂੰ ਡਰ ਲਗਦਾ ਹੈ ਤਾਂ ਪਰਸੂਏਸ਼ਨ ਮੈਥਡ ਨਾਲ, ਐਜੂਕੇਸ਼ਨ ਦੇ ਸਿਸਟਮ ਵਿਚ ਚੇਂਜ ਕਰ ਕੇ, ਲੋਕਾਂ ਨੂੰ ਇਸ ਪਾਸੇ ਪਰੇਰਨਾ ਦੇਣੀ ਚਾਹੀਦੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡ ਦੇ ਲੈਵਲ ਤੇ ਘਰਾਂ ਵਿਚ ਜਾ ਕੇ ਉਥੇ ਉਨ੍ਹਾਂ ਲੋਕਾਂ ਨੂੰ ਫੈਮਿਲੀ ਪਲਾਨਿੰਗ ਬਾਰੇ ਸਮਝਾਉਣਾ ਚਾਹੀਦਾ ਹੈ ਅਤੇ ਪਿੰਡ ਦੇ ਲੈਵਲ ਤੇ ਉਨ੍ਹਾਂ ਨੂੰ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ । ਜੇ ਆਉਣ ਵਾਲੇ ਸਮੇਂ ਵਿਚ ਅਸੀਂ ਪਾਪੂਲੇਸ਼ਨ ਤੇ ਕੰਟਰੋਲ ਨਾ ਕੀਤਾ ਤਾਂ ਅਸੀਂ ਅਗੇ ਨਹੀਂ ਵੱਧ ਸਕਾਂਗੇ। ਅਤੇ ਸਾਡੇ ਕੀਤੇ ਹੋਏ ਉਪਰਾਲੇ ਐਵੇਂ ਜਾਣਗੇ। ਬਾਦਲ ਸਾਹਿਬ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਖੇਤੀਬਾੜੀ ਵਾਸਤੇ ਸੈਂਟਰ ਤੋਂ ਬਹੁਤ ਸਾਰੀ ਸਪੈਸ਼ਲ ਅਸਿਸਟੈਂਸ ਲਿਆਂਦੀ। ਮੈਂ ਇਸ ਸਰਕਾਰ ਨੂੰ ਕਹਾਂਗਾ ਕਿ ਉਹ ਫੈਮਿਲੀ ਪਲਾਨਿੰਗ ਦਾ ਡਾਇਰੈਕਟੋਰੇਟ ਅਲਹਿਦਾ ਬਣਾ ਦੇਣ ਅਤੇ ਉਸ ਵਿਚ ਐਕਸਪਰਟ ਡਾਕਟਰਾਂ ਦੀ ਟੀਮ ਰੱਖ ਕੇ ਅਤੇ ਉਸ ਦੇ ਨਾਲ ਪਬਲਿਕ ਰੀਲੇਸ਼ਨਜ਼ ਅਫਸਰ ਅਟੈਚ ਕਰ ਕੇ ਪਿੰਡਾਂ ਵਿਚ ਇਸ ਪ੍ਰੋਗਰਾਮ ਨੂੰ ਚੰਗੀ ਤਰ੍ਹਾਂ ਚਾਲੂ ਕਰਨ ਤਾ ਕਿ ਆਉਣ ਵਾਲੇ ਸਮੇਂ ਵਿਚ ਪਾਪੂਲੇਸ਼ਨ ਤੇ ਕੰਟਰੋਲ ਹੋ ਸਕੇ । ਇਸ ਨਾਲ ਸਾਡੇ ਦੇਸ਼ ਦਾ ਬੜਾ ਭਲਾ ਹੋਵੇਗਾ । ਮੈਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਉਹ 25 ਪੁਆਇੰਟ ਪ੍ਰੋਗਰਾਮ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਹਨ ਤਾਂ ਪੰਜਾਬ ਸਰਕਾਰ ਸਾਰੇ ਹਿੰਦੁਸਤਾਨ ਵਿਚੋਂ ਇਸ ਰੈਡੀਕਲ ਚੇਂਜ ਵਾਸਤੇ ਲੀਡ ਲੋਵੇ ਅਤੇ ਇਕ ਮਿਸਾਲ ਕਾਇਮ ਕਰੇ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਮਤ ਸਿੰਘ ਢਿਲੋਂ]

ਸਰਕਾਰ ਨੂੰ ਚਾਹੀਦਾ ਹੈ ਕਿ ਫੈਮਿਲੀ ਪਲਾਨਿੰਗ ਦਾ ਡਾਇਰੈਕਟੋਰੇਟ ਅਲਹਿਦਾ ਕਰੇ ਅਤੇ ਇਸ ਵਾਸਤੇ ਵੱਖ ਪੈਸਾ ਰੱਖ ਕੇ ਇਸ ਦਾ ਪਰਚਾਰ ਵਾਰ ਫੁਟਿੰਗ ਤੇ ਕੀਤਾ ਜਾਵੇ ।

ਇਕ ਹੋਰ ਬੇਨਤੀ ਮੈਂ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਖਾਲੇ ਪੱਕੇ ਕਰਨ ਦਾ, ਸੂਏ ਪੱਕੇ ਕਰਨ ਦਾ ਪ੍ਰੋਗਰਾਮ ਬਾਦਲ ਸਾਹਿਬ ਦੇ ਵੇਲੇ ਬਣਿਆ ਸੀ। ਇਹ ਬੜਾ ਅੱਛਾ ਪ੍ਰੋਗਰਾਮ ਸੀ। ਉਸ ਨਾਲ ਪਾਣੀ ਵੀ ਵੱਧ ਗਿਆ ਅਤੇ ਕੱਟ ਵੀ ਘੱਟ ਹੋਏ। ਅੱਜ ਕੱਲ ਜਿਹੜੇ ਖਾਲੇ ਬਣ ਰਹੇ ਹਨ ਅਤੇ ਉਨ੍ਹਾਂ ਦੀ ਦੇਖ ਭਾਲ ਦਾ ਜੋ ਕੰਮ ਹੈ ਉਹ ਬਿਲਕੁਲ ਠੀਕ ਨਹੀਂ ਹੈ। ਇਸ ਪਾਸੇ ਜ਼ਰੂਰ ਧਿਆਨ ਦਿਤਾ ਜਾਵੇ। ਜਦੋਂ ਖਾਲੇ ਕੱਚੇ ਹੁੰਦੇ ਸਨ ਤਾਂ ਕਿਸਾਨ ਕਹੀ ਨਾਲ ਠੀਕ ਕਰ ਲੈਂਦਾ ਸੀ। ਪਰ ਹੁਣ ਖਾਲੇ ਪੱਕੇ ਬਣਨ ਕਰਕੇ ਕਹੀ ਨਾਲ ਠੀਕ ਨਹੀਂ ਹੋ ਸਕਦੇ । ਜੇ ਖਾਲਿਆਂ ਤੇ ਪਲਸਤਰ ਠੀਕ ਨਾ ਕੀਤਾ ਗਿਆ ਤਾਂ ਫਿਰ ਕਿਸਾਨ ਵਾਸਤੇ ਬੜੀ ਮੁਸ਼ਕਲ ਹੋ ਜਾਵੇਗੀ। ਇਸ ਤਰ੍ਹਾਂ ਕਿਸਾਨ ਦੇ ਖੇਤ ਨੂੰ ਪਾਣੀ ਨਹੀਂ ਪਹੁੰਚੇਗਾ ਅਤੇ ਨਤੀਜੇ ਵਜੋਂ ਉਸ ਦੀ ਫਸਲ ਮਾਰੀ ਜਾਵੇਗੀ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਾਰੇ ਮੈਂਬਰ ਸਾਹਿਬਾਨ ਵਲੋਂ ਜਿਹੜੀ ਇਥੇ ਡਿਸਕੱਸ਼ਨ ਹੋਈ ਹੈ, ਭਾਵੇਂ ਉਹ ਗੱਲਾਂ ਆਪੋਜ਼ੀਸ਼ਨ ਵਲੋਂ ਕਹੀਆਂ ਗਈਆਂ ਹਨ, ਭਾਵੇਂ ਟਰੈਜ਼ਰੀ ਬੈਂਚਿਜ਼ ਵਲੋਂ ਕਹੀਆਂ ਗਈਆਂ ਹਨ ਜਾਂ ਸਾਡੇ ਵਲੋਂ ਕਹੀਆਂ ਗਈਆਂ ਹਨ, ਸਰਕਾਰ ਨੂੰ ਚੰਗੀਆਂ ਗੱਲਾਂ ਨੋਟ ਕਰ ਕੇ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ। ਮੈਂ ਫਿਰ ਕਹਾਂਗਾ ਕਿ ਫੈਮਿਲੀ ਪਲਾਨਿੰਗ ਬਾਰੇ ਉਚੇਚਾ ਉਪਰਾਲਾ ਕਰਨਾ ਚਾਹੀਦਾ ਹੈ ਤਾਂ ਜੋ ਸਾਡਾ ਪੰਜਾਬ ਹਿੰਦੁਸਤਾਨ ਵਾਸਤੇ ਮਿਸਾਲ ਬਣ ਸਕੇ । (ਘੰਟੀ) ਪੰਜਾਬੀ ਹਰ ਕੰਮ ਵਿਚ ਸਾਰੇ ਹਿੰਦੁਸਤਾਨ ਵਿਚ ਅੱਗੇ ਰਹਿੰਦਾ ਹੈ। ਇਸੇ ਲਈ ਫੈਮਿਲੀ ਪਲਾਨਿੰਗ ਵਿਚ ਵੀ ਇਸ ਨੂੰ ਅੱਗੇ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਬਾਦਲ ਸਾਹਿਬ ਨੇ ਦੱਸਿਆ ਸੀ ਕਿ ਸਾਡਾ ਪੰਜਾਬੀ ਹਿੰਦੁਸਤਾਨ ਵਿਚੋਂ ਨੰਬਰ ਇਕ ਤੇ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਮੈਂ ਅਤੇ ਮੇਰੇ ਹੋਰ ਸਾਥੀਆਂ ਨੇ ਦਲੀਲਾਂ ਦਿਤੀਆਂ ਹਨ ਉਨ੍ਹਾਂ ਤੇ ਪੂਰੀ ਤਰ੍ਹਾਂ ਅਮਲ ਕਰਨਾ ਚਾਹੀਦਾ ਹੈ ਅਤੇ ਸਾਨੂੰ ਫੈਮਿਲੀ ਪਲਾਨਿੰਗ ਵਿਚ ਵੀ ਪਹਿਲੇ ਨੰਬਰ ਤੇ ਰਹਿਣਾ ਚਾਹੀਦਾ ਹੈ। (ਘੰਟੀ) ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਮਾਨਯੋਗ ਸਪੀਕਰ ਸਾਹਿਬ, ਅੱਜ ਐਪਰੋਪਰੀ-ਏਸ਼ਨ ਬਿੱਲ ਨੰਬਰ 2 ਜਿਹੜਾ ਕਿ 15, 15, 85, 77,000 ਰੁਪਏ ਦਾ ਹੈ, ਤੁਹਾਡੀ ਇਜਾਜ਼ਤ ਨਾਲ ਸਦਨ ਦੇ ਅੱਗੇ ਪੇਸ਼ ਕੀਤਾ ਗਿਆ ਹੈ। ਉਸ ਉਤੇ ਕੁਝ ਮਾਨਯੋਗ ਮੈਂਬਰਾਂ ਨੇ ਆਪਣੇ ਵਿਚਾਰ ਪਰਗਟ ਕੀਤੇ ਹਨ । ਜਿਹੜਾ ਵੀ ਕੰਸਟਰਕਟਿਵ ਸੁਝਾਓ ਹੋਵੇਗਾ ਉਸ ਉਤੇ ਪੰਜਾਬ ਸਰਕਾਰ ਜ਼ਰੂਰ ਵਿਚਾਰ ਕਰੇਗੀ । ਖਾਸ ਕਰਕੇ ਆਪੋਜ਼ੀਸ਼ਨ ਦੇ ਲੀਡਰ, ਸਰਦਾਰ ਪਰਕਾਸ਼ ਸਿੰਘ ਬਾਦਲ, ਨੇ ਕੁਝ ਸੁਝਾਓ ਦਿਤੇ ਹਨ ਅੌਰ ਉਨ੍ਹਾਂ ਨੇ ਆਪਣੀ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਇਸ ਤਰੀਕੇ ਨਾਲ ਦੱਸੀ, ਜਿਵੇਂ ਉਨ੍ਹਾਂ ਨੇ ਕੋਈ ਇਲੈਕਸ਼ਨ ਮੁਹਿੰਮ ਸ਼ੁਰੂ ਕੀਤੀ ਹੋਵੇ । ਮੈਂ ਉਸ ਵੇਲੇ ਇਥੇ ਬੈਠਾ ਸੁਣ ਰਿਹਾ ਸੀ। ਉਸ ਇਲੈਕਸ਼ਨ ਮੁਹਿੰਮ ਦੇ ਵਿਚ ਜਿਸ ਤਰ੍ਹਾਂ ਹਰ ਪਾਰਟੀ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਦੱਸਦੀ ਹੈ ਉਸੇ ਤਰ੍ਹਾਂ ਹੀ ਉਨ੍ਹਾਂ ਨੇ ਦੱਸਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਆਪਣਾ ਬਹੁਤਾ ਸਮਾਂ ਆਪਣੀ ਸਰਕਾਰ ਦੀ ਤਿੰਨ, ਪੌਣੇ ਤਿੰਨ ਸਾਲ ਦੀ ਕਾਰਗੁਜ਼ਾਰੀ ਤੇ ਲਾਇਆ। ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਦੀ ਉਸ ਕਾਰਗੁਜ਼ਾਰੀ ਨੂੰ ਠੁਕਰਾਇਆ ਹੈ। (ਤਾੜੀਆਂ) ਉਨ੍ਹਾਂ ਦੀ ਉਸ ਕਾਰਗੁਜ਼ਾਰੀ ਦਾ ਇਨਾਮ ਜਨਤਾ ਨੇ ਇਹ ਦਿਤਾ ਕਿ ਉਨ੍ਹਾਂ ਨੂੰ ਟਰੈਜ਼ਰੀ ਬੈਂਚਿਜ਼ ਤੋਂ ਉਠਾ ਕੇ ਉਪਰ ਆਪੋਜ਼ੀਸ਼ਨ ਬੈਂਚਿਜ਼ ਤੇ ਬਿਠਾ ਦਿੱਤਾ। (ਤਾੜੀਆਂ) ਬੜਾ ਚੰਗਾ ਹੁੰਦਾ ਜੇ ਸਰਦਾਰ ਬਲਵੰਤ ਸਿੰਘ ਜੀ ਅੱਜ ਬੋਲਦੇ।

Original with;
Punjab Vidhan Sabha
Digitized by;
Panjab Digital Library

ਬੜਾ ਚੰਗਾ ਹੁੰਦਾ ਜੇ ਬਰਨਾਲਾ ਜੀ ਨੂੰ ਅੱਜ ਬੋਲਣ ਦਾ ਮੌਕਾ ਮਿਲਦਾ ਕਿਉਂਕਿ ਉਨ੍ਹਾਂ ਨੇ ਬੱਜਟ ਦੇ ਬਾਰੇ ਕੁਝ ਤੱਥ ਰੱਖੇ ਸਨ। ਸਰਦਾਰ ਬਲਵੰਤ ਸਿੰਘ ਨੇ ਵੀ ਕੁਝ ਤੱਥ ਰੱਖੇ ਸਨ। ਮੈਂ ਸਮਝਦਾ ਹਾਂ ਕਿ ਅੱਜ ਜੋ ਅੰਕੜੇ ਬਾਦਲ ਸਾਹਿਬ ਨੇ ਦਿਤੇ ਹਨ ਉਹ ਸਰਦਾਰ ਬਲਵੰਤ ਸਿੰਘ ਨੇ ਉਨ੍ਹਾਂ ਨੂੰ ਦਿਤੇ ਹਨ।

ਸਰਦਾਰ ਬਲਵੰਤ ਸਿੰਘ : : ਇਹ ਗਲਤ ਗੱਲ ਹੈ। ਉਨ੍ਹਾਂ ਨੇ ਆਪ ਅੰਕੜੇ ਦਿੱਤੇ ਹਨ। ਉਹ ਚੀਫ਼ ਮਨਿਸਟਰ ਰਹੇ ਹਨ।

ਵਿੱਤ ਮੰਤਰੀ : ਜੇ ਤੁਸੀਂ ਨਹੀਂ ਦਿੱਤੇ ਤਾਂ ਠੀਕ ਹੈ ਕਿਉਂਕਿ ਉਹ ਤੁਹਾਡੇ ਸਾਰਿਆਂ ਵੱਲੋਂ ਬੋਲੇ ਹਨ। (ਵਿਘਨ) ਉਹ ਪਾਰਟੀ ਦੇ ਤੌਰ ਤੇ ਦੇ ਸਕਦੇ ਹਨ। ਬਾਦਲ ਸਾਹਿਬ ਬੜੇ ਚੰਗੇ ਭਲੇ ਆਦਮੀ ਹਨ ਪਰ ਮੈਨੂੰ ਬੜਾ ਅਫ਼ਸੋਸ ਹੈ ਅਤੇ ਦੁੱਖ ਹੈ ਕਿ ਉਨ੍ਹਾਂ ਦੇ ਮੂੰਹ ਵਿਚ ਗਲਤ ਅੰਕੜੇ ਪਾ ਦਿਤੇ ਹਨ। (ਵਿਘਨ) ਉਨ੍ਹਾਂ ਨੇ ਹਾਊਸ ਦੇ ਸਾਹਮਣੇ ਇਸ ਤਰ੍ਹਾਂ ਦੀ ਤਸਵੀਰ ਪੇਸ਼ ਕੀਤੀ ਜਿਸ ਤੋਂ ਇੰਜ ਲਗਦਾ ਸੀ ਕਿ ਪਿਛਲੇ ਤਿੰਨ ਸਾਲਾਂ ਵਿਚ ਉਨ੍ਹਾਂ ਨੇ ਸਾਰੀ ਦੁਨੀਆਂ ਦੇ ਖਜ਼ਾਨੇ, ਸਾਰੇ ਹਿੰਦੁਸਤਾਨ ਦੇ ਖਜ਼ਾਨੇ ਪੰਜਾਬ ਵਿਚ ਲਿਆ ਕੇ ਪੰਜਾਬ ਦੀ ਉਸਾਰੀ ਵਾਸਤੇ ਖਰਚ ਕਰ ਦਿਤੇ ਅਤੇ ਸਾਰੇ ਘਾਟੇ ਵੀ ਪੂਰੇ ਕਰ ਦਿਤੇ ਅਤੇ ਪੰਜਾਬ ਨੂੰ ਸਵਰਗ ਬਣਾ ਦਿਤਾ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਇਸ ਤਰ੍ਹਾਂ ਹੋਇਆ ਹੁੰਦਾ ਤਾਂ ਅੱਜ ਉਹ ਆਪੋਜ਼ੀਸ਼ਨ ਵਿਚ ਨਾ ਹੁੰਦੇ। (ਤਾੜੀਆਂ) (ਵਿਘਨ) ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਫ਼ਰਮਾਇਆ ਸੀ ਕਿ 143.59 ਕਰੋੜ ਰੁਪਏ ਦਾ ਘਾਟਾ ਉਨ੍ਹਾਂ ਨੂੰ ਵਿਰਾਸਤ ਵਿਚ ਮਿਲਿਆ ਸੀ। ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਹ ਗਲਤ ਫਿਗਰ ਦੱਸੀ ਗਈ ਹੈ। ਸਪੀਕਰ ਸਾਹਿਬ, ਮੈਂ ਇਸ ਦਾ ਸਬੂਤ ਤੁਹਾਡੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ। 1978-79 ਦੀ ਬੱਜਟ ਸਪੀਚ ਜਿਹੜੀ ਸਰਦਾਰ ਬਲਵੰਤ ਸਿੰਘ ਨੇ ਇਸ ਪਵਿੱਤਰ ਸਦਨ ਵਿੱਚ ਦਿੱਤੀ ਸੀ ਉਹ ਮੇਰੇ ਹੱਥ ਵਿਚ ਹੈ। ਉਹ ਮੈਂ ਤੁਹਾਨੂੰ ਪੜ੍ਹਕੇ ਸੁਣਾਉਂਦਾ ਹਾਂ। ਤੁਹਾਨੂੰ ਸਭ ਕੁਝ ਪਤਾ ਲੱਗ ਜਾਵੇਗਾ। (ਵਿਘਨ) ਬਾਦਲ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਨੂੰ 143.59 ਕਰੋੜ ਰੁਪਏ ਦਾ ਘਾਟਾ ਵਿਰਾਸਤ ਵਿਚ ਮਿਲਿਆ ਸੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਅਸਲੀਅਤ ਸਾਹਮਣੇ ਨਹੀਂ ਲਿਆਂਦੀ। ਜੇ ਉਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਹੁੰਦਾ ਤਾਂ ਉਹ ਇਹ ਅੰਕੜੇ ਇਥੇ ਪੇਸ਼ ਨਾ ਕਰਦੇ ਅਤੇ ਉਨ੍ਹਾਂ ਦੇ ਸਿੱਖੇ ਸਿਖਾਏ ਇਥੇ ਇਸ ਤਰ੍ਹਾਂ ਦੀ ਗੱਲ ਨਾ ਕਰਦੇ। ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਦੇ ਨਾਲ ਹੁਣ ਮੈਂ ਉਨ੍ਹਾਂ ਦੀ ਲਿਖੀ ਹੋਈ, ਉਨ੍ਹਾਂ ਦੀ ਇਸ ਹਾਊਸ ਵਿਚ ਦਿੱਤੀ ਹੋਈ ਸਪੀਚ ਹਾਊਸ ਦੇ ਸਾਹਮਣੇ ਰਖਣਾ ਚਾਹਾਂਗਾ, ਉਨ੍ਹਾਂ ਦੀ ਸਪੀਚ ਦਾ ਸਫਾ 34 ਹੈ। ਉਸ ਦੇ ਵਿਚ ਲਿਖਿਆ ਹੈ:—

> 'In the Budget document for the year 1977-78, it was estimated that the year would close with a debit balance of Rs. 22.42 crores. The figure was, however, increased to Rs. 28.42 crores at the time of presentation of the budget...

ਇਹ ਲਿਖਦੇ ਸਾਰ ਫਿਰ ਇਨ੍ਹਾਂ ਨੇ ਅਗੇ ਜਾ ਕੇ ਕੁਝ ਜ਼ਿਕਰ ਕੀਤਾ ਹੈ ਕਿ ਸਾਨੂੰ ਕਾਰਪੋਰੇਸ਼ਨਾਂ ਤੋਂ ਘਾਟਾ ਹੋਇਆ, ਕੁਝ ਇਧਰੋਂ ਘਾਟਾ ਹੋਇਆ, ਕੁਝ ਉਧਰੋਂ ਘਾਟਾ ਹੋਇਆ ਹੈ ਅੌਰ ਸਾਰਾ ਮਿਲ ਮਿਲਾ ਕੇ ਇਨ੍ਹਾਂ ਨੇ ਅਗੇ ਇਕ ਲਾਈਨ ਹੋਰ ਲਿਖ ਦਿਤੀ —

> 'A quick estimate taking into account the total effect of the above-mentioned factors showed that the year was likely to close with a gap of Rs. 97 crores.'

ਕਿਥੇ 143 ਕਰੋੜ ਰੁਪਿਆ ਅਤੇ ਕਿਥੇ, ਸਪੀਕਰ ਸਾਹਿਬ, 97 ਕਰੋੜ ਰੁਪਿਆ।

ਸਰਦਾਰ ਬਲਵੰਤ ਸਿੰਘ। ਇਹ ਕੁਇਕ ਅੰਸਟੀਮੇਟ ਸੀ।

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ : ਇਸ ਦੇ ਬਾਅਦ ਫਿਰ, ਸਪੀਕਰ ਸਾਹਿਬ, ਅਗੇ ਜਾ ਕੇ ਇਹ ਲਿਖਦੇ ਹਨ–

'The result of all these measures has been that we have been able to restrict the closing gap for the current year to Rs. 43.(3 crores only against the real gap of about Rs. 97 crores....

ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹਾਂਗਾ ਕਿ ਬਾਦਲ ਸਾਹਿਬ ਨੇ ਜਿਹੜੀ 143 ਕਰੋੜ ਰੁਪਏ ਦੀ ਫਿਗਰ ਦਿੱਤੀ ਹੈ, ਇਸ ਤਰ੍ਹਾਂ ਇਹ ਹਾਊਸ ਦੇ ਨਾਲ ਉਨ੍ਹਾਂ ਨੇ ਧੋਖਾ ਕੀਤਾ ਹੈ। ਇਹ ਸਾਨੂੰ ** ਕਹਿੰਦੇ ਸੀ ਪਰ ਇਨ੍ਹਾਂ ਨੇ ਜੋ ਸ਼ਬਦ ਕਹੇ ਹਨ ਇਹ ਇਨ੍ਹਾਂ ਤੇ ਢੁੱਕਦੇ ਹਨ। (ਵਿਘਨ)

ਸ਼੍ਰੀ ਸਪੀਕਰ : ਮੈਂ ਉਨ੍ਹਾਂ ਵਲੋਂ ਕਿਹਾ * ਦਾ ਲਫਜ਼ ਐਕਸਪੰਜ ਕਰ ਦਿਤਾ ਹੈ ਅਤੇ ਤੁਹਾਡਾ ਵੀ ਕਿਹਾ ਐਕਸਪੰਜ ਕਰਦਾ ਹਾਂ।

ਵਿੱਤ ਮੰਤਰੀ : ਇਨ੍ਹਾਂ ਨੇ ਇਹ ਫਿਗਰ ਅਮਰੀਕਨ ਇਕਾਨੋਮਿਸਟ ਦੇ ਬੜੇ ਆਦਰਸ਼ ਦੱਸਦੇ ਹੋਏ ਦਿਤੀ ਹੈ। ਉਨ੍ਹਾਂ ਦੇ ਆਦਰਸ਼ਾਂ ਦੇ ਬੜੇ ਪੜਛੇ ਪਾਉਣ ਤੋਂ ਬਾਅਦ 55 ਕਰੋੜ ਰੁਪਏ ਦਾ ਘਾਟਾ ਇਨ੍ਹਾਂ ਨੇ ਦੱਸਿਆ। ਅਗੇ ਆਣ ਕੇ ਆਖਿਰ ਵਿਚ ਆਪਣੀ ਬਜਟ ਸਪੀਚ ਦੇ 38 ਸਫ਼ੇ ਤੇ ਲਿਖਦੇ ਹਨ—

'For financing the Plan of this size, there is a considerable gap in the States own resources which is duly reflected in the overall closing gap of Rs. 55.69 crores in the budget estimates of 1978-79.'

ਯਾਨੀ 55.69 ਕਰੋੜ ਰੁਪਏ ਦਾ ਘਾਟਾ ਸੀ ਅੌਰ ਪਲੈਨ ਕਿੰਨਾ ਸੀ ? ਪਲੈਨ ਸੀ 260 ਕਰੋੜ ਰੁਪਏ ਦਾ। ਅਸੀਂ ਹੁਣ ਪਲੈਨ ਕਿੰਨਾ ਬਣਾਇਆ ਹੈ ? ਅਸੀਂ ਪਲੈਨ ਬਣਾਇਆ ਹੈ 300 ਕਰੋੜ ਰੁਪਏ ਦਾ ਅੌਰ 300 ਕਰੋੜ ਰੁਪਏ ਦੇ ਪਲੈਨ ਦੇ ਵਿਚੋਂ 70 ਕਰੋੜ ਰੁਪਏ ਦੇ ਘਾਟੇ ਬਾਰੇ ਤੁਸੀਂ ਹੁਣ ਆਪ ਹੀ ਅੰਦਾਜ਼ਾ ਲਗਾਓ ਕਿ ਉਹ ਜਸਟੀਫਾਈ ਹੁੰਦਾ ਹੈ ਜਾਂ ਨਹੀਂ ਹੁੰਦਾ ਇਨ੍ਹਾਂ ਨੇ ਇਕ ਨਵੀਂ ਗਲ ਕੀਤੀ ਕਿ 260 ਕਰੋੜ ਦੇ ਮੁਕਾਬਲੇ ਵਿਚ 55.69 ਕਰੋੜ ਦਾ ਘਾਟਾ ਦੱਸਿਆ। ਇਹੀ ਨਹੀਂ, ਮੈਂ ਦੱਸਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਇਨ੍ਹਾਂ ਦਾ ਅਗਲੇ ਸਾਲ ਦਾ ਬਜਟ 1979-80 ਦਾ ਹੈ। 1979-80 ਦੀ ਬਜਟ ਸਪੀਚ ਵਿਚ ਇਨ੍ਹਾਂ ਨੇ ਕਿਹਾ ਹੈ—

"If this is also accounted for, the year 1979-80 is likely to close with a debit balance of Rs. 43.82 crores.'

43 ਕਰੋੜ ਰੁਪਏ ਦਾ ਘਾਟਾ ਜੋ ਇਨ੍ਹਾਂ ਨੇ 260 ਕਰੋੜ ਰੁਪਏ ਦੇ ਪਲੈਨ ਵਿਚ ਜ਼ਾਹਿਰ ਕੀਤਾ ਸੀ ਉਸ ਨੂੰ ਇਨ੍ਹਾਂ ਨੇ ਪੂਰਾ ਨਹੀਂ ਕੀਤਾ। ਉਹ ਘਾਟਾ ਵੀ ਇਨ੍ਹਾਂ ਨੇ ਸਾਡੇ ਗਲ ਪਾਇਆ ਹੈ। ਇਨ੍ਹਾਂ ਨੇ ਕੋਈ ਘਾਟਾ ਪੂਰਾ ਨਹੀਂ ਕੀਤਾ, ਕੋਈ ਰਿਸੋਰਸਿਜ਼ ਪੂਰੇ ਟੈਪ ਨਹੀਂ ਕੀਤੇ ਜਿਸ ਦਾ ਨਤੀਜਾ ਇਹ ਹੋਇਆ ਕਿ ਸਾਨੂੰ ਜਿਹੜਾ ਬਜਟ ਮਿਲਿਆ ਹੈ ਉਹ ਘਾਟੇ ਦਾ ਹੀ ਬਜਟ ਮਿਲਿਆ ਹੈ। ਇਨ੍ਹਾਂ ਨੇ ਦੱਸਿਆ ਕਿ ਅਸੀਂ ਬੜਾ ਜ਼ੋਰ ਲਾਇਆ ਅਤੇ ਬੜਾ ਜ਼ੋਰ ਲਾ ਕੇ ਵਰਲਡ ਬੈਂਕ ਤੋਂ, ਦਿਲੀ ਤੋਂ ਅਸਿਸਟੈਂਸ ਲੈ ਕੇ ਆਏ। ਇਹ ਵੀ ਇਨ੍ਹਾਂ ਦਾ ਸ਼ੀਰੀਂ ਫਰਿਆਦ ਦਾ ਕਿੱਸਾ ਮੈਂ ਦੱਸਣਾ ਚਾਹੁੰਦਾ ਹਾਂ ਕਿ ਸੈਂਟਰਲ ਅਸਿਸਟੈਂਸ ਦੀ ਹਾਲਤ ਕੀ ਹੈ ? 1977-78 ਵਿਚ 65 ਕਰੋੜ ਰੁਪਿਆ ਕੁਲ ਇਨ੍ਹਾਂ ਨੂੰ ਸੈਂਟਰਲ ਸਰਕਾਰ ਵਲੋਂ ਮਿਲਿਆ ਜਿਸ ਦੇ ਵਿਚੋਂ ਲੋਨ ਸੀ 48.35 ਕਰੋੜ ਰੁਪਿਆ ਅੌਰ ਗਰਾਂਟ ਸੀ 17.29 ਕਰੋੜ ਰੁਪਏ ਦੀ। ਫਿਰ 1978-79 ਵਿਚ 127.17 ਕਰੋੜ ਰੁਪਿਆ ਇਨ੍ਹਾਂ ਨੂੰ ਕੁਲ ਸੈਂਟਰ ਤੋਂ ਮਿਲਿਆ 109.82 ਕਰੋੜ ਰੁਪਿਆ ਇਸ ਦੇ ਵਿਚੋਂ ਇਨ੍ਹਾਂ ਨੂੰ ਲੋਨ ਮਿਲਿਆ ਅੌਰ ਗਰਾਂਟ ਜੋ ਮਿਲੀ ਉਹ 17.35 ਕਰੋੜ ਰੁਪਏ ਦੀ ਸੀ 1979-80

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਾਲ ਵਿਚ ਇਹ ਘੱਟ ਗਿਆ। ਇਹ ਕਹਿੰਦੇ ਹਨ ਕਿ ਅਸੀਂ ਬੜਾ ਜ਼ੋਰ ਲਾਇਆ, ਬੜੀ ਮਿਹਨਤ ਕੀਤੀ ਪੈਸਾ ਲਿਆਉਣ ਦੀ। ਪਰ ਮਿਲਿਆ ਕੀ? ਸਿਰਫ 46.40 ਕਰੋੜ ਰੁਪਿਆ। ਉਸ ਦੇ ਵਿਚੋਂ 34.55 ਕਰੋੜ ਰੁਪਿਆ ਲੋਨ ਦਾ ਮਿਲਿਆ ਅੱਰ 11.82 ਕਰੋੜ ਰੁਪਿਆ ਗਰਾਂਟ ਦਾ ਮਿਲਿਆ। ਇਸ ਤਰ੍ਹਾਂ ਕਰਕੇ ਇਨ੍ਹਾਂ ਨੂੰ ਜਿਹੜਾ 11.78 ਕਰੋੜ ਰੁਪਿਆ 1975-76 ਵਿਚ ਮਿਲਿਆ ਸੀ ਉਹ ਸਾਡੀ ਸੂਦ ਦੀ ਲਾਇਬਿਲਟੀ ਸੀ। ਮੈਂ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 21.60 ਕਰੋੜ ਰੁਪਿਆ ਇਨਟ੍ਰੱਸਟ ਦੀ ਲਾਇਬਿਲਟੀ ਪੰਜਾਬ ਦੇ ਸਿਰ ਤੇ ਇਨ੍ਹਾਂ ਨੇ ਪੈਦਾ ਕਰ ਦਿੱਤੀ। ਜਿਹੜਾ ਕਰਜ਼ਾ ਹੈ ਉਸ ਬਾਰੇ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 31 ਮਾਰਚ, 1977 ਨੂੰ 254.76 ਕਰੋੜ ਰੁਪਿਆ ਸੀ ਅੱਰ 31 ਮਾਰਚ, 1980 ਨੂੰ ਇਹ ਕਰਜ਼ਾ ਪੰਜਾਬ ਦੇ ਸਿਰ ਇਨ੍ਹਾਂ ਨੇ ਕਰ ਦਿੱਤਾ 417.89 ਕਰੋੜ ਰੁਪਿਆ। ਯਾਨੀ 163.13 ਕਰੋੜ ਰੁਪਏ ਦਾ ਕਰਜ਼ਾ ਇਨ੍ਹਾਂ ਨੇ ਆਪਣੇ ਤਿੰਨ ਸਾਲਾਂ ਦੇ ਰਾਜ ਵਿਚ ਪੰਜਾਬ ਦੇ ਸਿਰ ਚੜ੍ਹਾ ਦਿੱਤਾ। ਅਸੀਂ ਸਮਝਦੇ ਹਾਂ ਕਿ ਸਾਡਾ ਭਵਿਸ਼ ਇਨ੍ਹਾਂ ਨੇ ਗਿਰਵੀ ਰੱਖ ਦਿੱਤਾ ਹੈ। ਸਪੀਕਰ ਸਾਹਿਬ, ਇਹੋ ਨਹੀਂ ਬਾਦਲ ਸਾਹਿਬ ਇਥੇ ਬੜੇ ਜ਼ੋਰ ਨਾਲ ਕਹਿੰਦੇ ਹਨ ਕਿ ਸਿਕਸਥ ਪਲੈਨ ਜੋ ਹੈ ਉਸ ਦੇ ਵਿਚ ਅਸੀਂ ਬਹੁਤ ਕੁਝ ਲਿਆਂਦਾ ਸੀ, ਸੈਂਟਰ ਦੇ ਪਾਸ ਅਸੀਂ ਬਹੁਤ ਚਕਰ ਮਾਰੇ ਸਨ, ਸੈਂਟਰ ਵਾਲੇ ਸਾਡੇ ਤੇ ਬਹੁਤ ਦਿਆਲ ਹੋ ਗਏ ਸਨ। ਉਹ ਦਿਆਲਤਾ ਵੀ ਜ਼ਰਾ ਸੁਣ ਲਓ ਕਿ ਸੈਂਟਰ ਦੀ ਸਰਕਾਰ ਨੇ ਇਨ੍ਹਾਂ ਨੂੰ ਕੀ ਦਿੱਤਾ ? ਫਿਫਥ ਪਲੈਨ 1974-75 ਤੋਂ 1978-79 ਤਕ ਸੀ। ਉਸ ਦੇ ਵਿਚ ਕੁਲ 151.84 ਕਰੋੜ ਰੁਪਿਆ ਪੰਜਾਬ ਨੂੰ ਮਿਲਿਆ ਸੈਂਟਰ ਦੇ ਵਲੋਂ ਪਰ ਸੈਂਟਰ ਨੇ ਵੰਡਿਆ ਕਿੰਨਾ ? ਸੈਂਟਰ ਨੇ 4931.58 ਕਰੋੜ ਰੁਪਿਆ ਵੰਡਿਆ ਅੱਰ ਪੰਜਾਬ ਨੂੰ ਸਿਰਫ 151.84 ਕਰੋੜ ਰੁਪਿਆ ਦਿੱਤਾ। ਇਸ ਦੀ ਪਰਸੈਂਟੇਜ ਬਣਦੀ ਹੈ 3.08%। ਇਹ ਜਿਹੜਾ ਇਥੇ ਹਰ ਵੇਲੇ ਕਹਿੰਦੇ ਹਨ ਕਿ ਅਸੀਂ ਇਥੋਂ ਸੈਂਟਰ ਤੋਂ ਬਹੁਤ ਕੁਝ ਲਿਆਏ ਹਾਂ ਉਸ ਦੀ ਵੀ ਗਲ ਸੁਣ ਲਓ। ਸਿਕਸਥ ਪਲਾਨ ਵਿਚ ਜੋ ਸੈਂਟਰਲ ਗੌਰਮਿੰਟ ਨੇ ਕਰਜ਼ਾ ਵੰਡਿਆ ਉਹ 7800 ਕਰੋੜ ਰੁਪਿਆ ਹੈ । ਸਪੀਕਰ ਸਾਹਿਬ, 7800 ਕਰੋੜ ਰੁਪਿਆ ਵੰਡਿਆ ਸੈਂਟਰ ਦੀ ਸਰਕਾਰ ਨੇ ਜਿਸ ਦੇ ਵਿਚੋਂ, ਇਹ ਠੀਕ ਹੈ ਕਿ ਇਹ ਅਗੇ ਨਾਲੋਂ ਜ਼ਿਆਦਾ ਲਿਆਏ, ਇਨ੍ਹਾਂ ਨੂੰ ਸਿਕਸਥ ਪਲਾਨ ਵਿਚੋਂ 220 ਕਰੋੜ ਰੁਪਿਆ ਮਿਲਿਆ। ਇਹ ਵੀ ਪਰਸੈਂਟੇਜ ਬਾਕੀ ਸੂਬਿਆਂ ਨਾਲੋਂ ਘੱਟ ਹੈ। ਪਹਿਲਾਂ ਮਿਲਿਆ ਸੀ 3.08%। ਇਹ ਘੱਟ ਕੇ ਹੋ ਗਈ 2.82%। ਸਪੀਕਰ ਸਾਹਿਬ, ਇਨ੍ਹਾਂ ਨੇ ਵਰਲਡ ਬੈਂਕ ਤੋਂ ਲਏ ਲੋਨ ਦੀਆਂ ਫਿਗਰਜ਼ ਦਿੱਤੀਆਂ ਹਨ ਕਿ ਅਸੀਂ 300 ਕਰੋੜ ਰੁਪਿਆ ਇਕ ਲਿਆਏ, 65 ਕਰੋੜ ਰੁਪਿਆ ਹੋਰ ਲਿਆਏ । ਬੜੀ ਮੱਲ ਮਾਰੀ, 365 ਕਰੋੜ ਰੁਪਿਆ ਵਰਲਡ ਬੈਂਕ ਕੋਲੋਂ ਲਿਆਏ। ਮੈਂ ਦਸਦਾ ਹਾਂ ਕਿ ਇਸ ਵੇਲੇ ਤਕ ਕੁਲ 10 ਕਰੋੜ ਰੁਪਏ ਮਿਲੇ ਹਨ, ਹੋਰ ਕੁਝ ਨਹੀਂ ਮਿਲਿਆ। ਇਕ ਦੂਸਰੀ ਗਲ ਬਾਦਲ ਸਾਹਿਬ ਨੇ ਕੀਤੀ ਕਿ ਸਿਕਸਥ ਫਾਇਨਾਂਸ ਕਮਿਸ਼ਨ ਜਿਹੜਾ ਗੌਰਮਿੰਟ ਆਫ ਇੰਡੀਆ ਦਾ ਹੈ, ਉਸ ਵਿਚੋਂ ਇਹ ਲੜ ਝਗੜ ਕੇ ਬੜਾ ਪੈਸਾ ਲੈ ਕੇ ਆਏ। ਸਪੀਕਰ ਸਾਹਿਬ, ਮੈਂ ਹਿਸਾਬ ਕਿਤਾਬ ਹੀ ਦਸਾਂਗਾ। ਪੁਲੀਟੀਕਲ ਸਪੀਚਾਂ ਇਨ੍ਹਾਂ ਨੇ ਬੜੀਆਂ ਕੀਤੀਆਂ ਹਨ। ਸਿਕਸਥ ਫਾਇਨਾਂਸ ਕਮਿਸ਼ਨ ਨੇ ਟੋਟਲ ਜਿਹੜਾ ਪੈਸਾ ਵੰਡਿਆ ਉਹ ਸੀ 9,609 ਕਰੋੜ। ਪਰ ਇਸ ਦੇ ਵਿਚੋਂ ਇਨ੍ਹਾਂ ਨੂੰ ਮਿਲਿਆ 168.97 ਕਰੋੜ। ਇਹ ਘੱਟ ਮਿਲਿਆ। ਸੈਵੰਥ ਫਾਇਨਾਂਸ ਕਮਿਸ਼ਨ ਨੇ 20,843 ਕਰੋੜ ਰੁਪਿਆ ਵੰਡਿਆ। ਇਸ ਦੇ ਵਿਚੋਂ ਇਹ 419 ਕਰੋੜ ਲਿਆਏ। ਕੋਈ ਫਿੰਡ ਨਹੀਂ ਮਾਰੀ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਜਿਹੜੀ ਗਲ ਮੈਂ ਦਸਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਹੜੇ ਪੂਲ ਵਿਚੋਂ ਇਹ 419.5 ਕਰੋੜ ਲੈ ਆਏ ਹਨ, ਇਹ ਪਹਿਲੇ ਅਮਾਊਂਟ ਨਾਲੋਂ 148% ਇਨਕਰੀਜ਼ ਹੈ। ਹੁਣ ਬਾਕੀ ਸੂਬਿਆਂ ਦੀ ਸੁਣ ਲਵੋ । ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਬੜਾ ਕੁਝ ਕੀਤਾ ਹੈ, ਬੜਾ ਪੈਸਾ ਲਿਆਂਦਾ ਹੈ ਸੈਂਟਰ ਚੋਂ। ਮੈਂ ਸਮਝਦਾ ਹਾਂ ਕਿ ਆਪਣੀਆਂ ਅੱਖਾਂ ਠੀਕ ਕਰਾਉਣ ਲਈ ਅਮਰੀਕਾ ਵਿਚ ਜਾ ਕੇ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨੇ 75 ਹਜ਼ਾਰ ਰੁਪਿਆ ਜ਼ਰੂਰ ਖਰਚ ਕੀਤਾ ਹੈ, ਬਾਕੀ ਸੂਬੇ ਵਾਸਤੇ ਕੁਝ ਨਹੀਂ ਸੋਚਿਆ। ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਮੱਧ ਪ੍ਰਦੇਸ਼ ਨੇ ਉਸ 20,843 ਕਰੋੜ ਰੁਪਏ ਵਿਚੋਂ 193.89 ਫੀ ਸਦੀ ਪਹਿਲਾਂ ਨਾਲੋਂ ਵੱਧ ਪੈਸਾ ਲਿਆ। ਇਨ੍ਹਾਂ ਨਾਲੋਂ ਕਿੰਨਾ ਵੱਧ ਹੈ (ਅਕਾਲੀ ਪਾਰਟੀ ਵਲੋਂ ਵਿਘਨ)

Chief Minister : Sir, I am only bringing this to your notice that everybody from the Opposition is interrupting and raising voice. If this starts from our side, nobody from the Opposition will be able to speak.

ਸ਼੍ਰੀ ਸਪੀਕਰ : ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਬਾਦਲ ਸਾਹਿਬ ਬੋਲ ਰਹੇ ਸਨ ਉਸ ਵੇਲੇ ਕਿਸੇ ਨੇ ਇੰਟਰਪਟ ਨਹੀਂ ਸੀ ਕੀਤਾ। ਹੁਣ ਐਫ.ਐਮ. ਸਾਹਿਬ ਬੋਲ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇੰਟਰਪਟ ਨਾ ਕੀਤਾ ਜਾਏ। (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ,

'ਨਸ਼ਾ ਪਿਲਾ ਕਰ ਗਿਰਾਨਾ ਤੋਂ ਸਭ ਕੋ ਆਤਾ ਹੈ,
ਮਜ਼ਾ ਤੋ ਤਬ ਹੈ ਕਿ ਗਿਰਤੋਂ ਕੋ ਥਾਮ ਲੇ ਸਾਕੀ।'

ਇਹ ਤਾਂ ਗਲਤ ਫਿਗਰਜ਼ ਦੇ ਕੇ ਲੋਕਾਂ ਨੂੰ ਗਿਰਾਉਣ ਵਾਲਿਆਂ ਵਿਚੋਂ ਹਨ, ਅਸੀਂ ਇਧਰ ਪੰਜਾਬ ਦੇ ਗਿਰੇ ਹੋਏ ਲੋਕਾਂ ਨੂੰ ਚੁੱਕਣ ਵਾਸਤੇ ਬੈਠੇ ਹਾਂ। ਮੈਂ ਦਸ ਚੁੱਕਾ ਹਾਂ ਕਿ ਮੱਧ ਪ੍ਰਦੇਸ਼ ਨੂੰ 193.89 ਫੀ ਸਦੀ ਪਹਿਲਾਂ ਨਾਲੋਂ ਵੱਧ ਪੈਸਾ ਦਿਤਾ ਅਤੇ ਤਾਮਿਲ ਨਾਡੂ ਨੂੰ 179.18 ਫੀ ਸਦੀ ਪਹਿਲਾਂ ਨਾਲੋਂ ਵੱਧ ਪੈਸਾ ਦਿੱਤਾ ਗਿਆ। ਕਰਨਾਟਕਾ ਵਿਚ ਜਿਥੇ ਕਾਂਗਰਸ ਦੀ ਸਰਕਾਰ ਸੀ ਉਸ ਵੇਲੇ ਉਨ੍ਹਾਂ ਨੂੰ ਵੀ 161.96 ਪਰਸੈਂਟ ਪਹਿਲਾਂ ਨਾਲੋਂ ਵੱਧ ਪੈਸਾ ਮਿਲਿਆ। ਹੁਣ ਮੈਂ ਤੁਹਾਡੇ ਰਾਹੀਂ ਸਰਦਾਰ ਸੁਖਜਿੰਦਰ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ, ਜਿਹੜੇ ਹੁਣੇ ਹੁਣੇ ਖੜੇ ਹੋਣਾ ਚਾਹੁੰਦੇ ਸੀ, ਕਿ ਹਰਿਆਣਾ ਦੀ ਆਬਾਦੀ ਸਾਡੇ ਨਾਲੋਂ ਘੱਟ ਹੈ ਪਰ ਉਨ੍ਹਾਂ ਨੂੰ ਮਿਲਿਆ ਪਹਿਲਾਂ ਨਾਲੋਂ 154.75% ਵੱਧ ਪੈਸਾ। ਇਨ੍ਹਾਂ ਨੇ ਜੇਕਰ 148% ਪਹਿਲਾਂ ਨਾਲੋਂ ਵੱਧ ਪੈਸਾ ਲਿਆਂਦਾ ਹੈ ਤਾਂ ਕੋਈ ਫਿੰਡ ਨਹੀਂ ਮਾਰੀ। ਕੋਈ ਡਾਕਾ ਨਹੀਂ ਮਾਰਿਆ। ਇਹ ਸਭ ਤੋਂ ਘੱਟ ਸੈਂਟਰ ਪੂਲ ਵਿਚੋਂ ਪੈਸੇ ਲਿਆਏ ਹਨ। ਬਾਦਲ ਸਾਹਿਬ ਨੇ ਆਪਣੀ ਲੰਮੀ ਚੌੜੀ ਸਪੀਚ ਵਿਚ ਬਹੁਤ ਕੁਝ ਕਿਹਾ ਅੌਰ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਬਾਰੇ ਮੈਂ ਸਮਝਦਾ ਹਾਂ ਕਿ ਕਾਫੀ ਡਿਸਕਸ਼ਨ ਹੋ ਚੁੱਕੀ ਹੈ। ਮੈਂ ਕੀ ਫੋਕਲ ਪੁਆਇੰਟਾਂ ਦਾ ਜ਼ਿਕਰ ਕਰਾਂ ? ਉਨ੍ਹਾਂ ਨੂੰ ਸਾਰੇ ਪੰਜਾਬ ਵਿਚ ਫੋਕੇ ਪੁਆਇੰਟ ਕਿਹਾ ਜਾ ਰਿਹਾ ਹੈ। ਮੈਂ ਆਪਣੀ ਸਪੀਚ ਵਿਚ ਦਸ ਚੁਕਾ ਹਾਂ ਕਿ 302 ਕਰੋੜ ਦੇ ਮੁਕਾਬਲੇ ਵਿਚ ਸਾਰੇ ਦਾ ਸਾਰਾ 19 ਕਰੋੜ ਰੁਪਿਆ ਹੀ ਇਨ੍ਹਾਂ ਨੇ 3 ਸਾਲਾਂ ਵਿਚ ਖਰਚ ਕੀਤਾ। ਇਹ ਕਹਿੰਦੇ ਸੀ ਕਿ ਇਹ ਬੜੀ ਚੰਗੀ ਸਕੀਮ ਸੀ। ਇਨ੍ਹਾਂ ਨੇ ਆਦਰਸ਼ ਸਕੂਲ ਖੋਲ੍ਹੇ ਹਨ। ਇਸ ਦੇ ਬਾਰੇ ਸਵੇਰੇ ਸਾਡੇ ਐਜੂਕੇਸ਼ਨ ਮਨਿਸਟਰ ਨੇ ਦਸ ਦਿਤਾ ਸੀ। ਇਨ੍ਹਾਂ ਦੇ ਦੋ ਹੀ ਸ਼ਾਨਦਾਰ ਪ੍ਰੋਗਰਾਮ ਸਨ। ਇਕ ਆਦਰਸ਼ ਸਕੂਲ ਅਤੇ ਦੂਜੇ ਫੋਕਲ ਪੁਆਇੰਟਸ। ਇਹ ਕਹਿੰਦੇ ਹਨ ਕਿ ਜਾ ਕੇ ਵੇਖੋ ਉਹ ਆਦਰਸ਼ ਸਕੂਲ ਕਿਸ ਤਰ੍ਹਾਂ ਦੇ ਹਨ। 20 ਏਕੜ ਜ਼ਮੀਨ ਅਤੇ ਦੋ ਲੱਖ ਰੁਪਏ ਪੰਚਾਇਤ ਤੋਂ ਲਏ ਅਤੇ ਇਕ ਕਰੋੜ ਰੁਪਿਆ ਸਰਕਾਰੀ ਖਜ਼ਾਨੇ ਵਿਚੋਂ ਖਰਚ ਹੋਇਆ। ਬੱਚੇ ਪੜ੍ਹਦੇ ਹਨ 40, 40 ਇਕ ਕਲਾਸ ਵਿਚ। ਅਗਰ ਹਰ ਇਕ ਬਲਾਕ ਵਿਚ ਇਕ ਇਕ ਅਜਿਹਾ ਸਕੂਲ ਖੋਲ੍ਹਣਾ ਹੋਵੇ ਤਾਂ ਕੁਲ 117 ਬਲਾਕ ਹਨ। ਇਨ੍ਹਾਂ ਦੇ

Original with;
Punjab Vidhan Sabha
Digitized by;
Panjab Digital Library

ਪੰਜਾਬ ਨਾਲ ਤਾਂ 19 ਸਾਲ ਲਗਣਗੇ। ਇਹ ਇਕ ਫਜ਼ੂਲ ਖਰਚੀ ਹੈ। ਦੂਜੇ ਪਾਸੇ ਮੇਰੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਨੇ ਕਿਹਾ ਹੈ ਕਿ ਇਕ ਸਾਲ ਵਿਚ ਪਿੰਡਾਂ ਵਿਚ ਢਾਈ ਤਿੰਨ ਸੌ ਸਕੂਲ ਖੋਲ੍ਹੇ ਜਾਣਗੇ ਅੰਰ ਇਹ ਮਹਿਸੂਸ ਕੀਤਾ ਗਿਆ ਹੈ ਕਿ ਇਹ ਖੋਲ੍ਹਣੇ ਵੀ ਚਾਹੀਦੇ ਹਨ। ਇਹ ਜਿਹੜੇ ਮਾਡਲ ਸਕੂਲ ਖੋਲ੍ਹੇ ਹੋਏ ਹਨ, ਮਕਾਨਾਂ ਵਿਚ ਤੇ ਕੋਠੀਆਂ ਵਿਚ, ਇਹ ਦੁਕਾਨਾਂ ਬਣਾਈਆਂ ਹੋਈਆਂ ਹਨ। ਬੱਚਿਆਂ ਦੇ ਮਾਂ-ਬਾਪ ਨੂੰ ਠੱਗਿਆ ਜਾਂਦਾ ਹੈ। ਪਿੰਡਾਂ ਦੇ ਗਰੀਬ ਲੋਕ ਇਸ ਚੀਜ਼ ਨੂੰ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੇ ਵਿਚ ਇਨਫੀਰੀਆਰਟੀ ਕੰਪਲੈਕਸ ਆਉਂਦਾ ਹੈ। ਦੂਜੇ ਸਕੂਲਾਂ ਦੇ ਬੱਚੇ ਵੀ ਮਹਿਸੂਸ ਕਥਦੇ ਹਨ, ਉਹ ਵੀ ਕਹਿੰਦੇ ਹਨ ਕਿ ਅਸੀਂ ਵੀ ਤਾਂ ਭਾਰਤ ਮਾਤਾ ਦੇ ਸਪੂਤ ਹਾਂ। ਉਹ ਕਦੇ ਉਨ੍ਹਾਂ ਵਲ ਵੇਖਦੇ ਹਨ ਅਤੇ ਕਦੇ ਆਪਣੇ ਆਪ ਵਲ। ਸਪੀਕਰ ਸਾਹਿਬ, ਜਿਹੜੇ ਪ੍ਰਾਇਮਰੀ ਸਕੂਲ ਹਨ ਉਨ੍ਹਾਂ ਨੂੰ ਤਾਂ ਬਿਲਡਿੰਗਜ਼ ਨਹੀਂ ਦਿੱਤੀਆਂ ਗਈਆਂ। ਸਾਡੇ ਸੀ.ਐਮ. ਸਾਹਿਬ ਕਹਿੰਦੇ ਹਨ ਜਿੰਨੇ ਸਕੂਲ ਹਨ ਉਨ੍ਹਾਂ ਨੂੰ ਟਾਟ ਦਿਆਂਗੇ, ਫਰਨੀ-ਚਰ ਦਿਆਂਗੇ ਅੰਰ ਬਿਲਡਿੰਗਾਂ ਦਿਆਂਗੇ ਤਾਂ ਹੀ ਅਸੀਂ ਪੰਜਾਬ ਦੇ ਲੋਕਾਂ ਨਾਲ ਇਨਸਾਫ਼ ਕਰ ਸਕਾਂ-ਗੇ। ਇਹ ਕਹਿੰਦੇ ਹਨ ਕਿ ਇਹ ਕਿਸਾਨ-ਮਾਰੂ ਬਜਟ ਹੈ, ਇਹ ਗਰੀਬ-ਮਾਰੂ ਬਜਟ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੀ ਸੋਚ ਪਹਿਲਾਂ ਕਿਸੇ ਸਰਕਾਰ ਦੀ ਨਹੀਂ ਸੀ, ਜਿਸ ਤਰ੍ਹਾਂ ਦਾ ਬਜਟ ਪੰਜਾਬ ਦੀ ਭਲਾਈ ਵਾਸਤੇ ਇਸ ਵਾਰ ਪੇਸ਼ ਕੀਤਾ ਗਿਆ ਹੈ। ਇਹ ਕਹਿੰਦੇ ਹਨ ਕਿ ਅਸੀਂ ਲੋਕਾਂ ਨੂੰ ਚੀਜ਼ਾਂ ਸੱਬਸੀਡਾਈਜ਼ਡ ਰੇਟਸ ਤੇ ਦਿੱਤੀਆਂ। ਇਨ੍ਹਾਂ ਦਾ ਪਨਸੱਪ ਤਾਂ ਸੱਪ ਕਹਾਉਂਦਾ ਹੈ। ਘੀ ਪਤਾ ਨਹੀਂ ਕਿਥੇ ਜਾਂਦਾ ਹੈ, ਕੋਈ ਚੀਜ਼ ਉਥੇ ਮਿਲਦੀ ਹੀ ਨਹੀਂ। ਅਸੀਂ ਸੋਚਿਆ ਹੈ ਕਿ ਜਿਹੜੇ ਪਛੜੇ ਹੋਏ ਲੋਕ ਹਨ, ਜਿਹੜੇ ਡਿਜ਼ਰਵ ਕਰਦੇ ਹਨ ਜਿਨ੍ਹਾਂ ਨੂੰ ਇਹ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ ਉਨ੍ਹਾਂ ਨੂੰ ਰੈਗੂਲਰ ਸਪਲਾਈ ਬਾਕਾਇਦਾ ਮਹੀਨੇ ਦੇ ਮਹੀਨੇ ਮਿਲੇ। ਇਸ ਤਰ੍ਹਾਂ ਦੀ ਯੋਜਨਾ ਸਾਡੀ ਪੰਜਾਬ ਦੀ ਸਰਕਾਰ ਨੇ ਬਣਾਈ ਹੈ ਤਾਂਕਿ ਵੀਕਰ ਸੈਕਸ਼ਨਜ਼ ਨੂੰ ਇਸ ਦੇ ਨਾਲ ਫਾਇਦਾ ਹੋਵੇ। ਸਪੀਕਰ ਸਾਹਿਬ ਇਹ ਜਿਹੜੇ ਕਹੀ ਜਾਂਦੇ ਹਨ ਕਿ ਇਹ ਬਜਟ ਕਿਸਾਨ-ਮਾਰੂ ਹੈ, ਗਰੀਬ-ਮਾਰੂ ਹੈ ਇਹ ਥੋਥਾ ਬਜਟ ਹੈ, ਕੋਈ ਦਿਸ਼ਾ ਨਹੀਂ, ਕੋਈ ਪ੍ਰੋਗਰਾਮ ਨਹੀਂ। ਇਹ ਠੀਕ ਹੈ ਕਿ ਡੀਜ਼ਲ ਦੀ ਕੀਮਤ ਵੱਧੀ ਹੈ, ਖਾਦ ਦੀ ਕੀਮਤ ਵਧੀ ਹੈ। ਪੰਜਾਬ ਦੀ ਸਰਕਾਰ ਇਸ ਲਈ ਚਿੰਤਿਤ ਹੈ। ਪੰਜਾਬ ਦੀ ਸਰਕਾਰ ਕਿਸਾਨ ਦਾ ਨੁਕਸਾਨ ਨਹੀਂ ਹੋਣ ਦੇਣਾ ਚਾਹੁੰਦੀ। ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਨਾਲ ਗਲ ਬਾਤ ਕੀਤੀ ਹੈ। ਅੱਜ ਸੈਂਟਰ ਦੇ ਜ਼ਰਾਇਤ ਦੇ ਵਜ਼ੀਰ ਦਾ ਬਿਆਨ ਆਇਆ ਹੈ ਕਿ ਪੈਡੀ ਦੀ ਕੀਮਤ ਵਧਾਵਾਂਗੇ। (ਤਾੜੀਆਂ) ਲੇਕਿਨ, ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਨੇ 5 ਕਰੋੜ 10 ਲੱਖ ਰੁਪਿਆ ਇਸ ਗਲ ਵਾਸਤੇ ਰਖਿਆ ਹੈ ਕਿ ਪੰਜਾਬ ਦੇ ਕਮਜ਼ੋਰ ਵਰਗ, ਪੰਜਾਬ ਦੇ ਕਿਸਾਨ ਨੂੰ ਕੋਈ ਅਗਰ ਤਕਲੀਫ ਹੋਵੇ ਤਾਂ ਉਸਦੀ ਮਦਦ ਕੀਤੀ ਜਾਵੇ। ਜੇ ਇਸ ਲਈ ਜ਼ਿਆਦਾ ਪੈਸਾ ਵੀ ਖਰਚ ਕਰਨਾ ਪਿਆ ਤਾਂ ਪੰਜਾਬ ਦੀ ਸਰਕਾਰ ਜ਼ਿਆਦਾ ਪੈਸਾ ਵੀ ਖਰਚ ਕਰੇਗੀ। ਲੇਕਿਨ ਪੰਜਾਬ ਦੇ ਕਿਸਾਨ ਨੂੰ ਕੀਮਤਾਂ ਦਾ ਬੁਰਾ ਅਸਰ ਮਹਿਸੂਸ ਨਹੀਂ ਹੋਣ ਦੇਵੇਗੀ।

ਸਪੀਕਰ ਸਾਹਿਬ, ਬਾਦਲ ਜੀ ਨੇ ਬਾਰ ਬਾਰ ਵਰਲਡ ਬੈਂਕ ਦਾ ਜ਼ਿਕਰ ਕੀਤਾ ਹੈ। ਕੰਡੀ ਦੇ ਏਰੀਏ ਦੀ ਗਲ ਕਰਕੇ ਉਨ੍ਹਾਂ ਨੇ ਮੇਰੇ ਵੱਲ ਇਸ਼ਾਰਾ ਕੀਤਾ। ਸ਼ੀਰੀ ਫਰਿਆਦ ਦੀ ਗਲ ਵੀ ਕੀਤੀ ਸੀ। ਮੈਂ ਇਹ ਕਹਿਣਾ ਚਾਹਾਂਗਾ ਕਿ ਹਿੰਦੁਸਤਾਨ ਦੇ 22 ਸੂਬੇ ਹਨ। ਹਿੰਦੁਸਤਾਨ ਦੀ ਆਬਾਦੀ 72 ਕਰੋੜ ਦੇ ਲਗਭਗ ਹੈ। ਪਰ ਅੱਜ ਹਿੰਦੁਸਤਾਨ ਰਾਸ਼ਟਰ ਪੁਰਸ਼ ਦੇ ਰੂਪ ਵਿਚ ਇੱਕ ਮਜ਼ਬੂਤ ਦੇਸ਼ ਹੈ ਜਿਸ ਦੀ ਨੇਤਾ ਇੰਦਰਾ ਗਾਂਧੀ ਜੀ ਹਨ ਜਿਹੜੇ ਕਿ ਇਸ ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਵਚਨਬੱਧ ਹਨ। ਉਨ੍ਹਾਂ ਨੇ ਇਸ ਦੇਸ਼ ਨੂੰ ਮਜ਼ਬੂਤ ਬਣਾਉਣ ਦਾ ਇੱਕ ਪ੍ਰੋਗਰਾਮ ਬਣਾਇਆ ਹੈ। ਇਹ ਕੌਣ ਹੁੰਦੇ ਸਨ ਥਰਮਲ ਪਲਾਂਟ ਲਈ ਕੋਇਲਾ ਲਿਆਉਣ ਵਾਲੇ ਅਗਰ ਸੈਂਟਰ ਵਿਚ ਮਜ਼ਬੂਤ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਰਕਾਰ ਨਾ ਹੁੰਦੀ। ਇਹ ਬਠਿੰਡੇ ਦਾ ਥਰਮਲ ਪਲਾਂਟ ਕਿਸ ਤਰ੍ਹਾਂ ਚਲਾ ਸਕਦੇ ਸਨ। ਦੇਸ਼ ਦੇ ਮਜ਼ਬੂਤ ਹੋਣ ਨਾਲ ਹੀ ਸਾਰੀਆਂ ਚੀਜ਼ਾਂ ਹੋਈਆਂ ਹਨ। ਇਹ ਕਹਿੰਦੇ ਹਨ ਕਿ ਕਿਸਾਨ ਨੂੰ ਬੜਾ ਪਾਣੀ ਦਿੱਤਾ, ਬੜੀ ਬਿਜਲੀ ਦਿੱਤੀ। ਮੈਂ ਇਹ ਦਸਣਾ ਚਾਹਾਂਗਾ ਕਿ ਤਿੰਨ, ਪੌਣੇ ਤਿੰਨ ਸਾਲਾਂ ਦੀ, ਸਰਕਾਰ, ਜਿਹੜੀ ਹਮੇਸ਼ਾ ਟੁੱਟਦੀ ਭੱਜਦੀ ਰਹੀ, ਕਦੇ ਅੱਠ ਮਹੀਨੇ ਰਹੀ ਅਤੇ ਕਦੇ 9 ਮਹੀਨੇ ਰਹੀ ਅਜਿਹੀ ਇਨਸਟੇਬਲ ਸਰਕਾਰ ਪੰਜਾਬ ਦੀ ਤਰੱਕੀ ਕਦੇ ਨਹੀਂ ਕਰ ਸਕਦੀ। ਨਾ ਹੀ ਅਜਿਹੀ ਇਨਸਟੇਬਲ ਸਰਕਾਰ ਆਪ ਤਰੱਕੀ ਕਰ ਸਕਦੀ ਹੈ। ਇਥੇ ਪੰਜ ਸਾਲ ਗਿਆਨੀ ਜ਼ੈਲ ਸਿੰਘ ਦੀ ਹਕੂਮਤ ਰਹੀ। ਉਸ ਹਕੂਮਤ ਦੇ ਸਦਕਾ ਹੀ ਇਹ ਇਥੇ ਡੀਂਘਾਂ ਮਾਰਦੇ ਹਨ ਕਿ ਅਸੀਂ ਐਗਰੀਕਲਚਰਲ ਪ੍ਰੋਡਕਸ਼ਨ ਨੂੰ ਬੜੀ ਤੇਜ਼ੀ ਨਾਲ ਵਧਾ ਦਿੱਤਾ। ਜ਼ਮੀਨ ਵਿਚੋਂ ਕੋਈ ਚੀਜ਼ ਕੀ ਇਨ੍ਹਾਂ ਨੇ ਦੱਬੀ ਹੋਈ ਕੱਢੀ ਹੈ। ਇਥੇ ਫਰਟੇਲਾਈਜ਼ਰ ਦੀ ਫੈਕਟਰੀ ਲਗੀ ਹੈ। ਭਾਖੜਾ ਡੈਮ ਬਣਿਆ ਹੋਇਆ ਹੈ। ਪੌਂਗ ਡੈਮ ਬਣ ਕੇ ਤਿਆਰ ਹੋਇਆ ਹੈ। ਐਗਰੀਕਲਚਰ ਯੂਨੀਵਰਸਿਟੀ ਬਣੀ ਹੋਈ ਹੈ। ਫਾਈਵ ਈਅਰ ਪਲਾਨਜ਼ ਸੈਂਟਰ ਦੀ ਸਰਕਾਰ ਨੇ ਬਣਾਈਆਂ ਹਨ। ਉਸ ਮੁਤਾਬਿਕ ਕੰਮ ਚਲ ਰਿਹਾ ਹੈ। ਉਸ ਮੁਤਾਬਿਕ ਹੀ ਸਾਨੂੰ ਸੈਂਟਰਲ ਅਸਿਸਟੈਂਸ ਮਿਲਦੀ ਰਹੀ ਹੈ। ਦੇਸ਼ ਇੱਕ ਹੋਣ ਨਾਲ ਸਾਰੀਆਂ ਚੀਜ਼ਾਂ ਮਿਲੀਆਂ ਹਨ। ਅੱਜ ਪੰਜਾਬ ਦਾ ਸਿਰ ਇਸ ਕਰਕੇ ਉੱਚਾ ਹੈ ਕਿਉਂਕਿ ਇਹ ਦੇਸ਼ ਇੱਕ ਹੈ, ਇਹ ਦੇਸ਼ ਮਜ਼ਬੂਤ ਹੈ। ਪੰਜਾਬ ਦਾ ਕਿਸਾਨ, ਪੰਜਾਬ ਦਾ ਸਨਅੱਤਕਾਰ, ਪੰਜਾਬ ਦਾ ਨੌਜਵਾਨ ਸੈਂਟਰ ਤੋਂ ਉਤਸ਼ਾਹ ਲੈ ਕੇ ਅੱਗੇ ਵੱਧ ਰਿਹਾ ਹੈ। ਜਿਹੜੀ ਸਰਕਾਰ ਹਮੇਸ਼ਾਂ ਟੁੱਟਦੀ ਭੱਜਦੀ ਰਹੀ ਹੋਵੇ ਅਤੇ ਜਿਸ ਨੇ ਕਦੇ ਪੰਜ ਸਾਲ ਪੂਰੇ ਨਾ ਕੱਟੇ ਹੋਣ, ਉਸ ਦਾ ਕੀ ਪ੍ਰੋਗਰਾਮ ਹੋ ਸਕਦਾ ਹੈ। ਜਿਹੜੀ ਸਰਕਾਰ ਆਪਸ ਵਿਚ ਹੀ ਲੜਦੀ ਰਹੇ, ਉਹ ਕੀ ਕਰ ਸਕਦੀ ਹੈ। ਬਾਦਲ ਸਾਹਿਬ ਇਥੇ ਬੈਠੇ ਹਨ। ਇਨ੍ਹਾਂ ਨੇ ਕਦੇ ਕੁਰੱਪਸ਼ਨ ਦੀ ਗਲ ਨਹੀਂ ਕੀਤੀ ਕਿਉਂਕਿ ਕੁਰੱਪਸ਼ਨ ਦੇ ਜੁਰਮ ਵਿਚ ਸਾਹਮਣੇ ਬੈਠੇ ਸਰਦਾਰ ਸੁਖਜਿੰਦਰ ਸਿੰਘ ਨੂੰ ਇਨ੍ਹਾਂ ਨੇ ਕੰਨੋਂ ਫੜ ਕੇ ਇਸ ਤਰ੍ਹਾਂ ਕੈਬਨਿਟ ਵਿਚੋਂ ਬਾਹਰ ਕੱਢ ਦਿੱਤਾ ਜਿਸ ਤਰ੍ਹਾਂ ਕਿਸੇ ਚਪੜਾਸੀ ਨੂੰ ਕੱਢੀਦਾ ਹੈ। ਇਲਜ਼ਾਮ ਇਹ ਲਗਾਇਆ ਗਿਆ ਕਿ ਇਹ ਬੜੇ ਕੁਰੱਪਟ ਹਨ, ਬੜੇ ਖਰਾਬ ਹਨ। ਉਨ੍ਹਾਂ ਨੇ ਕਿਹਾ ਕਿ ਜੇ ਮੈਂ ਕੁਰੱਪਟ ਹਾਂ ਤਾਂ ਮੇਰੇ ਤੇ ਮੁਕਦਮਾ ਚਲਾਓ, ਇਨਕੁਆਇਰੀ ਕਰਾਓ। ਲੇਕਿਨ ਸਰਕਾਰ ਨੇ ਕੋਈ ਇਨਕੁਆਇਰੀ ਨਹੀਂ ਕਰਵਾਈ। ਇਲਜ਼ਾਮ ਤਾਂ ਚੀਫ ਮਨਿਸਟਰ ਆਪਣੇ ਐਜੂਕੇਸ਼ਨ ਮਨਿਸਟਰ ਤੇ ਲਗਾਉਂਦਾ ਹੈ, ਲੇਕਿਨ ਉਸ ਦੀ ਜੁਰਅਤ ਨਹੀਂ ਪੈਂਦੀ ਸੀ ਕਿ ਸਰਕਾਰੀ ਤੌਰ ਤੇ ਕਾਰਵਾਈ ਕਰਵਾਈ ਜਾਵੇ ਜਾਂ ਮੁਕਦਮਾ ਬਣਾਇਆ ਜਾਵੇ। ਇਨ੍ਹਾਂ ਦੀ ਪਾਰਟੀ ਵੱਲੋਂ, ਲਾਲਪੁਰਾ ਸਾਹਿਬ ਵੱਲੋਂ, ਇਲਜ਼ਾਮ ਲਗਾਏ ਗਏ। ਮੇਰੇ ਕੋਲ ਇਹ ਪਏ ਹਨ। ਉਨ੍ਹਾਂ ਨੇ ਇਹ ਗਵਰਨਰ ਸਾਹਿਬ ਨੂੰ ਪੇਸ਼ ਕੀਤੇ। ਅਗਰ ਮੈਂ ਇਨ੍ਹਾਂ ਨੂੰ ਪੜ੍ਹ ਦਿਆਂ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਇਨ੍ਹਾਂ ਦਾ ਆਪਸ ਵਿਚ ਕੀ ਹਾਲ ਰਿਹਾ ਹੈ। ਉਹ ਲਿਖਦੇ ਹਨ ਕਿ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਗਈ ਹੈ। ਸਰਕਾਰੀ ਅਫ਼ਸਰ ਦਾ ਨਜਾਇਜ਼ ਇਸਤੇਮਾਲ ਕੀਤਾ ਗਿਆ ਹੈ। ਸਰਕਾਰੀ ਅਫ਼ਸਰਾਂ ਨੂੰ ਪਾਰਟੀ ਦੇ ਕੰਮਾਂ ਲਈ, ਦੂਸਰੇ ਕੰਮਾਂ ਲਈ ਮਜ਼ਬੂਰ ਕੀਤਾ ਗਿਆ। ਇਨ੍ਹਾਂ ਦੇ ਨਾਲ ਜਨਤਾ ਪਾਰਟੀ ਜੁੜੀ ਰਹੀ। ਕਦੇ ਅੰਦਰ ਅਤੇ ਕਦੇ ਬਾਹਰ, ਕਦੇ ਨਾਲ ਅਤੇ ਕਦੇ ਦੂਰ। ਜਦੋਂ ਵੀ ਇਹ ਇਕੱਠੇ ਹੋਏ ਤਾਂ ਇਸ ਤਰ੍ਹਾਂ ਦੇ ਡਰਾਮੇ ਕਰਦੇ ਰਹੇ। ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਦੇ ਜਨਰਲ ਸਕੱਤਰ ਨੇ ਕਿਹਾ ਕਿ ਬਾਦਲ ਸਾਹਿਬ ਕੁਰੱਪਟ ਹਨ, ਸਰਕਾਰੀ ਮਸ਼ੀਨਰੀ ਦਾ ਮਿਸਯੂਜ਼ ਕਰਦੇ ਹਨ। ਮੈਂ ਹਾਊਸ ਦਾ ਧਿਆਨ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਸ ਗਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀ ਪਾਰਟੀ ਆਪਸ ਵਿਚ ਹੀ ਲੜਦੀ ਰਹੀ ਹੋਵੇ, ਉਹ ਇੱਕ ਦੂਜੇ ਤੇ ਕੁਰੱਪਸ਼ਨ ਦਾ ਇਲਜ਼ਾਮ ਲਾਉਂਦੇ ਰਹੇ ਹੋਣ,

Original with;
Punjab Vidhan Sabha
Digitized by;
Panjab Digital Library

ਇਕ ਦੂਜੇ ਨੂੰ ਬਦਨਾਮ ਕਰਦੇ ਰਹੇ ਹੋਣ, ਉਹ ਸਰਕਾਰ ਕਦੇ ਵੀ ਪੰਜਾਬ ਦਾ ਭਲਾ ਨਹੀਂ ਕਰ ਸਕਦੀ।

ਸਪੀਕਰ ਸਾਹਿਬ, ਮੈਂ ਦਸਣਾ ਚਾਹਾਂਗਾ ਕਿ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਥੱਲੇ ਇਸ ਸਰਕਾਰ ਦੇ ਜਿਹੜੇ ਕੈਬਨਿਟ ਦੇ ਮੰਤਰੀ ਹਨ, ਉਨ੍ਹਾਂ ਨੇ ਜਿਸ ਦਿਨ ਸਹੁੰ ਖਾਧੀ, ਉਸਦੇ ਨਾਲ ਹੀ ਇਹ ਪ੍ਰਤਿਗਿਆ ਕੀਤੀ ਕਿ ਅਸੀਂ ਕਿਸੇ ਦੇ ਡਿਨਰ, ਕਿਸੇ ਦੇ ਲੰਚ ਅਤੇ ਵੱਡੀਆਂ ਵੱਡੀਆਂ ਪਾਰਟੀਆਂ ਵਿਚ ਨਹੀਂ ਜਾਵਾਂਗੇ। ਇਹ ਇੱਕ ਇਮੇਜ ਹੈ ਜੋ ਪੰਜਾਬ ਦੇ ਲੋਕਾਂ ਵਿਚ ਸਰਦਾਰ ਦਰਬਾਰਾ ਸਿੰਘ ਦੇ ਸਾਥੀਆਂ ਨੇ ਉਨ੍ਹਾਂ ਦੇ ਇਰਾਦੇ ਮੁਤਾਬਿਕ, ਖਾਹਿਸ਼ ਮੁਤਾਬਿਕ ਬਣਾਇਆ ਹੈ। ਅਸੀਂ ਕੁਰੱਪਸ਼ਨ ਨੂੰ ਖਤਮ ਕਰਨਾ ਹੈ। ਅੱਜ ਪੰਜਾਬ ਦੇ ਲੋਕ ਸਰਦਾਰ ਦਰਬਾਰਾ ਸਿੰਘ ਨੂੰ ਵਧਾਈਆਂ ਦਿੰਦੇ ਹਨ ਕਿ ਉਨ੍ਹਾਂ ਨੇ ਲਾਅ ਐਂਡ ਆਰਡਰ ਨੂੰ ਠੀਕ ਕਰਨ ਵਾਸਤੇ ਜੋ ਕਦਮ ਉਠਾਏ ਹਨ ਉਨ੍ਹਾਂ ਦੀ ਮਿਸਾਲ ਬਾਕੀ ਸੂਬਿਆਂ ਵਿਚ ਨਹੀਂ ਮਿਲਦੀ। ਅੱਜ ਪੰਜਾਬ ਦਾ ਸੂਬਾ ਸਿਰ ਉੱਚਾ ਕਰਕੇ ਖੜਾ ਹੈ। ਜਦੋਂ ਬਦਮਾਸ਼, ਚੋਰ ਅਤੇ ਸਮਗਲਰ ਫੜੇ ਜਾਂਦੇ ਹਨ ਤਾਂ ਲੋਕ ਪਿੰਡਾਂ ਵਿਚ ਕਹਿੰਦੇ ਹਨ ਕਿ ਸਰਕਾਰ ਦਾ ਇਮੇਜ ਬਣਿਆ ਹੈ, ਹਾਲਾਤ ਬਦਲੇ ਹਨ। ਇਨ੍ਹਾਂ ਹਾਲਾਤ ਦੇ ਮੁਤਾਬਿਕ ਸਾਨੂੰ ਆਸ਼ਾ ਹੈ ਕਿ ਪੰਜਾਬ ਵਿਚ ਕੁਝ ਤਬਦੀਲੀ ਹੋਵੇਗੀ। ਮੈਨੂੰ ਸਮਝ ਨਹੀਂ ਆਈ ਕਿ ਸਰਦਾਰ ਬਲਵੰਤ ਸਿੰਘ ਨੇ ਕਿਸ ਤਰ੍ਹਾਂ ਇਹ ਕਹਿ ਦਿੱਤਾ ਕਿ ਇਸ ਬਜਟ ਨੂੰ ਸੂਟ ਦੇਣਾ ਚਾਹੀਦਾ ਹੈ ਨਹੀਂ ਤਾਂ ਲੋਕ ਇਸ ਨੂੰ ਸੂਟ ਦੇਣਗੇ ਕਿਉਂਕਿ ਇਹ ਬਜਟ ਬੜਾ ਮਾੜਾ ਹੈ। ਬਰਨਾਲਾ ਸਾਹਿਬ ਕਹਿੰਦੇ ਹਨ ਕਿ ਇਹ ਬਜਟ ਗਰੀਬ-ਮਾਰੂ ਹੈ, ਕਿਸਾਨ-ਮਾਰੂ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਵਿਚ ਜਿਤਨੇ ਵੀ ਸਰਕਾਰ ਦੇ ਪ੍ਰੋਗਰਾਮ ਹਨ ਉਹ ਵੇਖੇ ਜਾ ਸਕਦੇ ਹਨ। ਇਹ ਸਾਰੇ ਪੰਜਾਬ ਦੇ ਲੋਕਾਂ ਦੀ ਭਲਾਈ ਵਾਸਤੇ ਹਨ। ਸਪੀਕਰ ਸਾਹਿਬ, ਕਦੇ ਕਿਸੇ ਨੇ ਸਭ ਤੋਂ ਘੱਟ ਤਨਖਾਹ ਲੈਣ ਵਾਲੇ ਚੌਕੀਦਾਰ ਦੇ ਬਾਰੇ ਸੋਚਿਆ ਸੀ ਕਿ ਉਸਦੀ ਤਨਖਾਹ ਵੀ ਵਧਾਉਣੀ ਚਾਹੀਦੀ ਹੈ? ਕੀ ਕਦੇ ਕਿਸੇ ਨੇ ਇਹ ਸੋਚਿਆ ਸੀ ਕਿ ਪਿੰਡਾਂ ਵਿਚ ਡਾਕਟਰ ਕਿਉਂ ਨਹੀਂ ਜਾਂਦੇ? ਉਨ੍ਹਾਂ ਦੇ ਰਹਿਣ ਵਾਸਤੇ ਠੀਕ ਮਕਾਨਾਂ ਦੀ ਲੋੜ ਹੈ। ਕੀ ਕਦੇ ਕਿਸੇ ਨੇ ਸੋਚਿਆ ਸੀ ਕਿ ਪੌਣੇ ਤਿੰਨ ਲੱਖ ਜਿਹੜੇ ਪਲਾਟ ਗਰੀਬਾਂ ਨੂੰ ਦਿੱਤੇ ਹਨ ਉਨ੍ਹਾਂ ਉਤੇ ਮਕਾਨ ਬਣਾਉਣ ਦੀ ਵੀ ਲੋੜ ਹੈ? ਤਿੰਨਾਂ ਸਾਲਾਂ ਵਿਚ ਇਨ੍ਹਾਂ ਨੇ 778 ਮਕਾਨ ਬਣਾਏ ਹਨ। ਅਸੀਂ ਇੱਕ ਪ੍ਰੋਗਰਾਮ ਬਣਾਇਆ ਹੈ ਕਿ ਗਰੀਬਾਂ ਵਾਸਤੇ 10,000 ਨਵੇਂ ਮਕਾਨ ਬਣਾਵਾਂਗੇ (ਤਾੜੀਆਂ) ਇਹੋ ਹੀ ਨਹੀਂ, ਅਸੀਂ ਦਿਹਾਤੀ ਨੌਜਵਾਨਾਂ ਵਾਸਤੇ ਇੱਕ ਪ੍ਰੋਗਰਾਮ ਬਣਾਇਆ ਹੈ। 1 ਕਰੋੜ ਰੁਪਿਆ ਇਨਸੈਂਟਿਵ ਦੇਣ ਲਈ ਰਖਿਆ ਹੈ ਤਾਂਕਿ ਉਹ ਰੁਜ਼ਗਾਰ ਹਾਸਲ ਕਰ ਸਕਣ। ਜਿਹੜੇ ਟੈਕਨੀਕਲ ਨੋ-ਹਾਊ ਜਾਣਦੇ ਹਨ ਉਨ੍ਹਾਂ ਦੀ ਮਦਦ ਵਾਸਤੇ ਵੀ ਰੁਪਿਆ ਰਖਿਆ ਹੈ। ਜਿਨ੍ਹਾਂ ਮਿਉਂਸਪਲ ਕਮੇਟੀਆਂ ਦੀ ਐਡਮਨਿਸਟਰੇਸ਼ਨ ਅੱਛੀ ਹੋਵੇਗੀ ਉਨ੍ਹਾਂ ਨੂੰ ਇਨਾਮ ਦੇਣ ਦਾ ਪ੍ਰੋਗਰਾਮ ਵੀ ਬਣਾਇਆ ਹੈ। ਦਰਖਤ ਲਗਾਉਣ ਵਾਸਤੇ ਜ਼ੋਰਦਾਰ ਮੁਹਿੰਮ ਚਲਾਈ ਹੈ ਤਾਂ ਕਿ ਸ਼੍ਰੀ ਸੰਜੇ ਗਾਂਧੀ ਜੀ, ਜੋ ਅੱਜ ਸਾਡੇ ਦਰਮਿਆਨ ਨਹੀਂ ਹਨ ਪਰ ਜਿਨ੍ਹਾਂ ਦੀ ਯਾਦ ਸਦੀਆਂ ਤਕ ਕਾਇਮ ਰਹੇਗੀ, ਦੇ ਪੰਜ ਪੁਆਇੰਟ ਦਾ ਪ੍ਰੋਗਰਾਮ ਜਾਰੀ ਰਹੇ। ਉਨ੍ਹਾਂ ਦੀ ਇੰਪਲੀਮੈਂਟੇਸ਼ਨ ਲਈ ਅਸੀਂ ਵਚਨਬੱਧ ਹਾਂ। ਪੰਜਾਬ ਦੇ ਵਿਚ 1 ਕਰੋੜ 72 ਲੱਖ ਦਰਖਤ ਲਗਾਉਣ ਦਾ ਪ੍ਰੋਗਰਾਮ ਹੈ। ਲੈਦਰ ਕਾਰਪੋਰੇਸ਼ਨ ਬਣਾਉਣ ਦਾ ਪ੍ਰੋਗਰਾਮ ਹੈ। ਹਰੀਜਨਾਂ ਲਈ ਸਰਾਵਾਂ ਬਣਾਉਣੀਆਂ ਹਨ। ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਸਾਂ ਤਾਂ ਕਈ ਵਾਰੀ ਲੋਕ ਕਹਿੰਦੇ ਸਨ ਕਿ ਅਸੀਂ ਕੀ ਗੁਨਾਹ ਕੀਤਾ ਹੈ, ਅਸੀਂ ਜੱਟ ਹਾਂ, ਬ੍ਰਾਹਮਣ ਹਾਂ, ਰਾਜਪੂਤ ਹਾਂ, ਸਾਡੇ ਵਾਸਤੇ ਸਰਾਵਾਂ ਕਿਉਂ ਨਹੀਂ ਬਣਾਉਂਦੇ, ਇਹ ਵਿਤਕਰਾ ਕਿਉਂ ਕਰਦੇ ਹੋ? ਅਸੀਂ ਮਹਿਸੂਸ ਕੀਤਾ ਹੈ ਕਿ ਜਿਥੇ ਹਰੀਜਨ ਆਬਾਦੀ ਨਹੀਂ ਹੈ, ਪਰ ਉਥੇ ਕੋਈ ਕਮਿਊਨਿਟੀ ਹਾਲ ਨਹੀਂ ਹੈ ਤਾਂ ਉਥੇ ਵੀ ਸਰਾਵਾਂ ਦੇਣ ਵਾਸਤੇ ਅਸੀਂ ਪ੍ਰੋਗਰਾਮ ਬਣਾਇਆ

Original with;
Punjab Vidhan Sabha
Digitized by;
Panjab

[ਵਿੱਤ ਮੰਤਰੀ]

ਹੈ। ਇਨ੍ਹਾਂ ਨੇ ਪੰਜ ਸਾਲਾਂ ਤਕ ਇੰਪਲਾਇਮੈਂਟ ਵਿਚ ਦਰਜ ਬੇਰੁਜ਼ਗਾਰ ਨੌਜਵਾਨਾ ਨੂੰ ਭੱਤਾ ਦੇਣ ਦਾ ਪ੍ਰੋਗਰਾਮ ਬਣਾਇਆ ਸੀ। ਅਸੀਂ ਉਸ ਪੀਰੀਅਡ ਨੂੰ ਪੰਜਾਂ ਸਾਲਾਂ ਤੋਂ ਘਟਾ ਕੇ ਤਿੰਨ ਸਾਲ ਕੀਤਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਜਿਹੜੇ ਨੌਜਵਾਨ ਬੇਰੁਜ਼ਗਾਰ ਫਿਰਦੇ ਹਨ ਉਨ੍ਹਾਂ ਨੂੰ ਜਲਦੀ ਕੰਮ ਦੇਣਾ ਚਾਹੀਦਾ ਹੈ। ਤਾਲੀਮੇ-ਬਾਲਗਾਂ ਬਾਰੇ ਕੀ ਕਦੇ ਕਿਸੇ ਨੇ ਸੋਚਿਆ ਸੀ ? ਅਸੀਂ ਇਸ ਸਕੀਮ ਨੂੰ ਤੇਜ਼ੀ ਨਾਲ ਵਧਾਵਾਂਗੇ ਕਿਉਂਕਿ ਅਸੀਂ ਸੰਜੇ ਗਾਂਧੀ ਜੀ ਦੇ ਪ੍ਰੋਗਰਾਮ ਨੂੰ ਇੰਪਲੀਮੈਂਟ ਕਰਨ ਲਈ ਵਚਨਬੱਧ ਹਾਂ। ਇੱਕ ਖਰੋੜ ਰੁਪਿਆ ਇਸ ਵਾਸਤੇ ਰਖਿਆ ਹੈ। ਕਿਸੇ ਪਿਛਲੀ ਸਰਕਾਰ ਨੇ ਕਦੇ ਇਹ ਨਹੀਂ ਸੀ ਸੋਚਿਆ ਕਿ ਜਿਹੜੇ ਪਿੰਡਾਂ ਵਿਚ ਰਹਿਣ ਵਾਲੇ ਹੋਣਹਾਰ ਲੜਕੇ ਹਨ ਉਹ ਕਿਉਂ ਨਹੀਂ ਆਈ.ਏ.ਐਸ., ਆਈ. ਐਫ. ਐਸ. ਅਤੇ ਸੈਂਟਰਲ ਗੌਰਮਿੰਟ ਦੇ ਦੂਜੇ ਕੰਪੀਟੀਸ਼ਨਾਂ ਵਿਚ, ਇਮਤਿਹਾਨਾਂ ਵਿਚ ਅੱਗੇ ਆਉਂਦੇ। ਪਹਿਲੀ ਵਾਰੀ ਪੰਜਾਬ ਸਰਕਾਰ ਨੇ ਇਹ ਗੱਲ ਸੋਚੀ ਹੈ ਕਿ ਅਸੀਂ ਕੰਪੀਟੀਸ਼ਨਜ਼ ਵਿਚ ਵੀ ਅੱਗੇ ਵੱਧ ਸਕੀਏ ਅੌਰ ਉਸ ਵਿਚ ਸਾਡੇ ਪੇਂਡੂ ਨੌਜਵਾਨ ਹਿੱਸਾ ਲੈ ਸਕਣ। ਮੈਂ, ਸਪੀਕਰ ਸਾਹਿਬ, ਇਹ ਕਹਿਣਾ ਚਾਹਵਾਂਗਾ ਕਿ ਕਾਂਗਰਸ ਦੀ ਇਹ ਸਰਕਾਰ ਫਿਰਕਾ-ਦਾਰਾਨਾ ਗੱਲਾਂ ਵਿਚ ਵਿਸ਼ਵਾਸ ਨਹੀਂ ਰਖਦੀ। ਇਹ ਸਾਰੇ ਧਰਮਾਂ ਦੀ ਇਜ਼ਤ ਕਰਦੀ ਹੈ। ਪੰਜਾਬ ਸਰਕਾਰ ਨਿਰੋਲ ਸੈਕੂਲਰਿਜ਼ਮ ਵਿਚ ਯਕੀਨ ਰਖਦੀ ਹੈ। ਪੰਜਾਬ ਦੀ ਇਹ ਸਰਕਾਰ ਨਹੀਂ ਚਾਹੁੰਦੀ ਕਿ ਕਿਸੇ ਵੀ ਵਿਅਕਤੀ ਦਾ ਮਨ ਦੁਖੇ। ਪੰਜਾਬ ਸਰਕਾਰ ਮਹਾਤਮਾ ਗਾਂਧੀ ਜੀ ਦੇ ਆਦਰਸ਼ਾਂ ਤੇ ਕਾਇਮ ਹੈ। ਮਹਾਤਮਾ ਗਾਂਧੀ ਜੀ ਨੇ ਜੋ ਆਦਰਸ਼ ਸਾਨੂੰ ਦੱਸੇ ਸਨ ਉਨ੍ਹਾਂ ਤੇ ਅਸੀਂ ਚਲਦੇ ਆ ਰਹੇ ਹਾਂ। ਸਾਡੀ ਅਕਾਲੀ ਪਾਰਟੀ ਵਾਲੀ ਸੋਚ ਨਹੀਂ ਹੈ। ਲਾਲਪੁਰਾ ਜੀ ਨੇ ਇਥੇ ਜੋ ਨਾਅਰਾ ਲਗਾਇਆ ਹੈ ਉਨ੍ਹਾਂ ਦੇ ਉਸ ਨਾਹਰੇ ਤੋਂ ਅਕਾਲੀ ਪਾਰਟੀ ਦੀ ਸੋਚ ਦਾ ਪਤਾ ਲੱਗ ਜਾਂਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਿਆਸੀ ਖੁਦ-ਮੁਖਤਿਆਰੀ ਚਾਹੀਦੀ ਹੈ। ਅਸਲ ਵਿਚ, ਸਪੀਕਰ ਸਾਹਿਬ, ਇਹ ਤਾਂ ਆਪਣਾ ਕੈਪੀਟਲ ਹੀ ਅੰਮ੍ਰਿਤਸਰ ਬਣਾਉਣਾ ਚਾਹੁੰਦੇ ਸਨ ਅੌਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਇਸ ਤਰ੍ਹਾਂ ਦੇ ਨਾਅਰੇ ਲਗਾ ਲਗਾ ਕੇ ਸੂਬੇ ਦਾ ਬਿਲਕੁਲ ਸਤਿਆਨਾਸ ਕਰ ਦਿੱਤਾ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ, ਸਪੀਕਰ ਸਾਹਿਬ, ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਐਪ੍ਰੋਪਰੀਏਸ਼ਨ ਬਿੱਲ ਨੂੰ ਪਾਸ ਕਰ ਦੇਵੇ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਜਿਹੜਾ ਸਾਡੇ ਫਾਈਨਾਂਸ ਮਨਿਸਟਰ, ਡਾਕਟਰ ਕੇਵਲ ਕ੍ਰਿਸ਼ਨ ਹੋਰਾਂ ਨੇ ਬਹਿਸ ਦਾ ਜਵਾਬ ਦਿੱਤਾ ਹੈ, ਜੋ ਅੰਕੜੇ ਇਸ ਹਾਊਸ ਵਿਚ ਆਪੋਜ਼ੀਸ਼ਨ ਵੱਲੋਂ ਜਗਲਰੀ ਤਰੀਕੇ ਨਾਲ ਪੇਸ਼ ਕੀਤੇ ਗਏ ਸਨ, ਉਨ੍ਹਾਂ ਨੂੰ ਤਾਰ ਤਾਰ ਕਰ ਦਿੱਤਾ ਹੈ। ਜਿਹੜਾ ਆਪੋਜ਼ੀਸ਼ਨ ਵਾਲੇ ਦਾਅਵਾ ਕਰਦੇ ਸਨ ਕਿ ਵੱਧ ਪੈਸੇ ਉਨ੍ਹਾਂ ਨੇ ਲਾਏ ਹਨ ਸੂਬੇ ਦੀ ਡਿਵੈਲਪਮੈਂਟ ਵਾਸਤੇ ਉਹ ਵੀ ਫਾਈਨਾਂਸ ਮਨਿਸਟਰ ਨੇ ਗਲਤ ਸਿੱਧ ਕਰ ਦਿੱਤਾ ਹੈ ਅੌਰ ਢੋਲ ਦਾ ਪੋਲ ਖੋਲ੍ਹ ਕੇ ਹਾਊਸ ਦੇ ਸਾਹਮਣੇ ਰੱਖ ਦਿੱਤਾ ਹੈ ਕਿ ਉਹ ਵੀ ਉਨ੍ਹਾਂ ਆਪੋਜ਼ੀਸ਼ਨ ਦੇ ਵੀਰਾਂ ਦੀ ਗੱਲ ਝੂਠੀ ਸੀ। ਉਨ੍ਹਾਂ ਦੇ ਵੇਲੇ ਪੈਦਾਵਾਰ ਵੱਧ ਨਹੀਂ ਹੋਈ ਬਲਕਿ ਘਟੀ ਹੈ। ਇਹ ਕਿਹੜੀ ਇਨ੍ਹਾਂ ਨੇ ਮੱਲ ਮਾਰੀ ਹੈ (ਥੈਪਿਗ)। ਆਪੋਜ਼ੀਸ਼ਨ ਵਾਲਿਆਂ ਨੇ ਸਰਕਾਰ ਨੂੰ ਅੰਕੜਿਆਂ ਦੀ ਘੁੰਮਣ-ਘੇਰੀ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਸੀ ਉਹ ਘੁੰਮਣਘੇਰੀ ਸਾਡੇ ਫਾਈਨਾਂਸ ਮਨਿਸਟਰ ਨੇ ਤੋੜ ਕੇ ਰੱਖ ਦਿੱਤੀ ਹੈ ਅੌਰ ਇਨ੍ਹਾਂ ਦਾ ਪਰਦਾ ਬਿਲਕੁਲ ਫਾਸ਼ ਕਰ ਦਿੱਤਾ ਹੈ। ਇਹ ਅੰਕੜਿਆਂ ਨਾਲ ਸਿੱਧ ਕਰਨ, ਚਾਹੁੰਦੇ ਹਨ ਕਿ ਇਨ੍ਹਾਂ ਨੇ ਕੰਮ ਜ਼ਿਆਦਾ ਕੀਤਾ ਹੈ, ਉਹ ਵੀ ਗੱਲ ਹਾਊਸ ਦੇ ਸਾਹਮਣੇ

Original with;
Punjab Vidhan Sabha
Digitized by;
Panjab Digital Library

ਸਾਫ਼ ਤੌਰ ਤੇ ਆ ਗਈ ਹੈ । ਜਿਹੜੀ ਪਰਸੈਂਟੇਜ ਡਿਵੈਲਪਮੈਂਟ ਦੀ ਇਨ੍ਹਾਂ ਨੇ ਦੱਸੀ ਹੈ ਉਹ ਵੀ ਇਨ੍ਹਾਂ ਦੇ ਵੇਲੇ ਘੱਟੀ ਹੈ, ਵਧੀ ਨਹੀਂ ਹੈ।

ਸਪੀਕਰ ਸਾਹਿਬ, ਇਥੇ ਬਾਰ ਬਾਰ ਇਹ ਕਿਹਾ ਗਿਆ ਹੈ ਕਿ ਕਾਂਗਰਸ ਨੇ 30 ਸਾਲਾਂ ਵਿਚ ਕੁਝ ਨਹੀਂ ਕੀਤਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੰਨ 1947 ਵਿਚ ਬਟਵਾਰਾ ਹੋਇਆ । ਜਦੋਂ ਪਾਕਿਸਤਾਨ ਬਣਿਆ ਤਾਂ ਜਿਹੜੇ ਲੋਕ ਉਥੋਂ ਉਜੜ ਕੇ ਆਏ ਸਨ ਉਨ੍ਹਾਂ ਨੂੰ ਇਥੇ ਵਸਾਉਣ ਦਾ ਕੰਮ ਬਹੁਤ ਵੱਡਾ ਸੀ। ਇਹ ਕੰਮ ਸ਼੍ਰੀ ਜਵਾਹਰ ਲਾਲ ਨਹਿਰੂ ਜੀ ਦੀ ਸਿਆਣਪ ਨਾਲ, ਉਨ੍ਹਾਂ ਦੀ ਮੇਹਨਤ ਨਾਲ, ਉਨ੍ਹਾਂ ਦੀ ਹਿੰਮਤ ਨਾਲ ਹੋਇਆ। ਉਸ ਵੇਲੇ ਸਰਦਾਰ ਪਟੇਲ ਉਨ੍ਹਾਂ ਦੇ ਸਾਥੀ ਸਨ। ਇਹ ਕੰਮ ਕੋਈ ਆਮ ਆਦਮੀ ਦੇ ਕਰਨ ਵਾਲਾ ਨਹੀਂ ਸੀ। ਇਹ ਇਕ ਬਹੁਤ ਵੱਡੀ ਇਨਟੈਲੀਜੈਂਟ ਪਰਸਨੈਲਿਟੀ ਦਾ ਕੰਮ ਸੀ। ਫਿਰ, ਸਪੀਕਰ ਸਾਹਿਬ, ਇਹ ਹੀ ਗੱਲ ਨਹੀਂ। ਉਸ ਤੋਂ ਬਾਅਦ ਸੰਨ 1952 ਵਿਚ ਜਦੋਂ ਪਹਿਲੀ ਵਾਰ ਇਲੈਕਸ਼ਨਾਂ ਹੋਈਆਂ ਤਾਂ ਉਹ ਕਾਂਗਰਸ ਸਰਕਾਰ ਨੇ ਹੀ ਕਰਵਾਈਆਂ, ਕਿਉਂਕਿ ਕਾਂਗਰਸ ਡਿਕਟੇਟਰਸ਼ਿਪ ਵਿਚ ਬਿਲੀਵ ਨਹੀਂ ਕਰਦੀ, ਇਹ ਭਾਵੇਂ ਕਰਦੇ ਹੋਣ । (ਹਾਸਾ) ਸੋ, 1952 ਵਿਚ ਇਥੇ ਪਹਿਲੀ ਵਾਰੀ ਇਲੈਕਸ਼ਨਾਂ ਹੋਈਆਂ ਔਰ ਇਸ ਦੇਸ਼ ਵਿਚ ਡੈਮੋਕਰੇਸੀ ਸੈਟ-ਅੱਪ ਕੀਤੀ ਗਈ। ਇਹ ਕਾਂਗਰਸ ਨੇ ਕੀਤੀ, ਹੋਰ ਕਿਸੇ ਨੇ ਨਹੀਂ ਕੀਤੀ। ਜਿਨ੍ਹਾਂ ਲੋਕਾਂ ਨੂੰ ਸੰਨ 1952 ਦੇ ਹਾਲਾਤ ਦਾ ਨਹੀਂ ਪਤਾ, ਉਹ ਵੀ ਇਥੇ ਬੈਠੇ ਹੋਣਗੇ। ਸਪੀਕਰ ਸਾਹਿਬ, ਮੈਂ ਫਿਰ ਕਹਿੰਦਾ ਹਾਂ ਕਿ ਜੇਕਰ ਭਾਰਤ ਵਿਚ ਡੈਮੋਕਰੇਸੀ ਸੈਟ-ਅੱਪ ਕੀਤੀ ਤਾਂ ਸਿਰਫ਼ ਕਾਂਗਰਸ ਨੇ ਹੀ ਕੀਤੀ, ਜੇਕਰ ਡਿਕਟੇਟਰਸ਼ਿਪ ਖਤਮ ਕੀਤੀ ਤਾਂ ਇਸ ਪਾਰਟੀ ਨੇ ਕੀਤੀ ਹੋਰ ਕਿਸੇ ਪਾਰਟੀ ਨੇ ਨਹੀਂ ਕੀਤੀ। ਜੋ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਹੈ ਤਾਂ ਇਸ ਸਰਕਾਰ ਨੇ ਦਿੱਤਾ ਹੈ। ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਇਹ ਕੀਤਾ ਕਿ ਜੋ ਵੀ ਹਿੰਦੁਸਤਾਨੀ 21 ਸਾਲ ਦਾ ਹੋਵੇ, ਚਾਹੇ ਉਹ ਕਿਸੇ ਮਜ਼ਹਬ ਦਾ ਹੋਵੇ, ਚਾਹੇ ਉਹ ਕ੍ਰਿਸਚੀਅਨ ਹੋਵੇ, ਚਾਹੇ ਉਹ ਹਿੰਦੂ ਹੋਵੇ, ਚਾਹੇ ਉਹ ਮੁਸਲਮਾਨ ਹੋਵੇ ਉਸ ਨੂੰ ਬਰਾਬਰ ਦੇ ਵੋਟ ਦਾ ਹੱਕ ਹੋਵੇਗਾ। (ਥੰਪਿੰਗ) ਕੀ, ਸਪੀਕਰ ਸਾਹਿਬ, ਇਹ ਛੋਟਾ ਜਿਹਾ ਕੰਮ ਹੈ ? ਡੈਮੋਕ੍ਰੇਸੀ ਇਸ ਦੇਸ਼ ਵਿਚ ਇਸ ਕਾਂਗਰਸ ਨੇ ਹੀ ਲਿਆਂਦੀ ਹੈ, ਹੋਰ ਕਿਸੇ ਨੇ ਨਹੀਂ ਲਿਆਂਦੀ (ਸਰਦਾਰ ਬਲਵੰਤ ਸਿੰਘ ਜੀ ਵੱਲੋਂ ਵਿਘਨ) ਮੈਨੂੰ ਪਤਾ ਹੈ, ਸਪੀਕਰ ਸਾਹਿਬ, ਉਸ ਵੇਲੇ ਕਈ ਸਾਡੇ ਵਿਚੋਂ ਮੁਲਾਜ਼ਮ ਸਨ ਜਿਸ ਵੇਲੇ ਅਸੀਂ ਆਜ਼ਾਦੀ ਲਈ ਲੜ ਰਹੇ ਸਾਂ। ਇਸ ਲਈ ਉਹ ਹੁਣ ਚੁਪ ਰਹਿਣ ਮੈਨੂੰ ਸਭ ਪਤਾ ਹੈ ਔਰ ਇਸ ਬਾਰੇ ਮੈਂ ਦੱਸ ਸਕਦਾ ਹਾਂ। ਸਪੀਕਰ ਸਾਹਿਬ, ਪਹਿਲਾਂ ਸਰਦਾਰ ਪਰਕਾਸ਼ ਸਿਘ ਬਾਦਲ ਵੀ ਸਾਡੇ ਵਿਚ ਆਏ ਸਨ। ਪਰ ਪਤਾ ਨਹੀਂ ਉਹ ਕਿਉਂ ਦੂਜੇ ਪਾਸੇ ਫਿਰ ਚਲੇ ਗਏ, ਉਨ੍ਹਾਂ ਦੇ ਆਪਣੇ ਵੈਸਟਿਡ ਇੰਟਰਸਟਸ ਸਨ ਇਸ ਲਈ ਉਹ ਕਾਂਗਰਸ ਵਿਚੋਂ ਬਾਹਰ ਚਲੇ ਗਏ ਕਿਉਂਕਿ ਕਾਂਗਰਸ ਕਿਸੇ ਨੂੰ ਬਾਹੋਂ ਫੜ ਕੇ ਨਹੀਂ ਰੱਖ ਸਕਦੀ। ਇਹ ਸਾਡੇ ਕੋਲੋਂ ਉਧਰ ਚਲੇ ਗਏ, ਇਹ ਸਾਡੇ ਵਿਚੋਂ ਨਿਕਲ ਗਏ। ਹੁਣ ਇਹ ਕਹਿੰਦੇ ਹਨ ਕਿ ਕਾਂਗਰਸ ਰਾਜ ਨੇ ਕੁਝ ਨਹੀਂ ਕੀਤਾ। ਇਨ੍ਹਾਂ ਨੇ ਬਹੁਤ ਕੁਝ ਕਿਹਾ ਹੈ। ਇਸ ਲਈ ਮੈਨੂੰ ਇਹ ਦੱਸਣਾ ਪਿਆ ਹੈ, ਨਹੀਂ ਤਾਂ ਮੈਂ ਆਪਣੇ ਅੰਕੜੇ ਨਾ ਦੱਸਦਾ। ਮੈਂ ਤਾਂ ਬੱਜਟ ਸਪੀਚ ਤੇ ਹੋਈ ਬਹਿਸ ਦਾ ਜਵਾਬ ਹੀ ਦੇਣਾ ਚਾਹੁੰਦਾ ਸੀ। ਸੋ, ਮੈਂ ਅਰਜ਼ ਕਰਦਾ ਹਾਂ ਕਿ ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਬਹੁਤ ਕੁਝ ਕੀਤਾ ਹੈ ਔਰ ਕਾਂਗਰਸ ਨੇ ਕੁਝ ਨਹੀਂ ਕੀਤਾ। ਮੈਂ ਦੱਸਦਾ ਹਾਂ, ਸਪੀਕਰ ਸਾਹਿਬ, ਕਿ ਇਹ ਸਰਦਾਰ ਪ੍ਰਤਾਪ ਸਿਘ ਕੈਰੋਂ ਸਨ ਜਿਨ੍ਹਾਂ ਨੇ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਵਿਚ ਬਣਾਈ। ਉਹ ਅੱਜ ਸਾਡੇ ਵਿਚ ਨਹੀਂ ਹਨ। (ਥੰਪਿੰਗ) ਸਪੀਕਰ ਸਾਹਿਬ, ਇਨ੍ਹਾਂ ਦੀ ਗਿਆਤ ਲਈ ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਕ ਨਾਅਰਾ ਦਿੱਤਾ ਸੀ ਕਿ ਮੈਂ ਪੈਦਾਵਾਰ ਦੁੱਗਣੀ ਕਥਨੀ ਹੈ ਔਰ ਉਨ੍ਹਾਂ ਨੇ ਉਹ ਦੁੱਗਣੀ ਕਰਕੇ ਵਿਖਾਈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਹ ਅੰਕੜੇ ਦੱਸਦੇ ਰਹੇ ਹਨ। ਲਓ ਮੈਂ ਅੰਕੜਿਆਂ ਦੀ ਵੀ ਗੱਲ ਦੱਸ ਦਿੰਦਾ ਹਾਂ। ਮੈਂ, ਸਪੀਕਰ ਸਾਹਿਬ, ਫੂਡ ਗਰੇਨਜ਼ ਦੀ ਗੱਲ ਦੱਸਦਾ ਹਾਂ। ਸੰਨ 1978 ਵਿਚ ਇਨ੍ਹਾਂ ਨੇ 39 ਲੱਖ ਟਨ ਅਨਾਜ ਸੈਂਟਰਲ ਪੂਲ ਵਿਚ ਦਿੱਤਾ ਸੀ। ਸੰਨ 1979 ਵਿਚ ਕਿਤਨਾ ਦਿੱਤਾ ? ਸਪੀਕਰ ਸਾਹਿਬ, 37.8 ਲੱਖ ਟਨ। ਸ਼ਾਰਟਫਾਲ ਕਿਤਨਾ ਹੋਇਆ ? 1.2 ਲੱਖ ਟਨ। ਇਸ ਤਰ੍ਹਾਂ ਹੀ ਕਾਟਨ ਵਿਚ, ਸਪੀਕਰ ਸਾਹਿਬ, ਤੁਸੀਂ ਵੇਖ ਲਵੋ। 13.2 ਲੱਖ ਬੇਲਜ਼ ਸਨ ਸੰਨ 1978 ਵਿੱਚ ਔਰ ਸੰਨ 1979 ਵਿਚ ਇਹ 12.1 ਲੱਖ ਰਹਿ ਗਈਆਂ। ਇਸ ਤਰ੍ਹਾਂ 1.1 ਲੱਖ ਬੇਲਜ਼ ਘਟੀਆਂ। ਇਸ ਤਰ੍ਹਾਂ ਹੁਣ ਮੈਂ ਸ਼ੂਗਰਕੇਨ ਬਾਰੇ ਵੀ ਦੱਸਦਾ ਹਾਂ। ਸੰਨ 1978 ਵਿਚ ਗੰਨਾ ਸੀ 95 ਹਜ਼ਾਰ ਟਨ ਔਰ ਸੰਨ 1979 ਵਿੱਚ ਇਹ ਰਹਿ ਗਿਆ 54 ਹਜ਼ਾਰ ਟਨ। ਸ਼ਾਰਟਫਾਲ ਹੋਈ 41 ਹਜ਼ਾਰ ਟਨ ਦੀ। ਇਹ ਸ਼ਾਰਟ ਫਾਲ ਕਿਉਂ ਹੋਈ ? ਇਨ੍ਹਾਂ ਨੇ ਉਸ ਵੇਲੇ ਗੰਨਾ ਬੀਜਿਆ ਨਹੀਂ ਇਨ੍ਹਾਂ ਨੇ ਗੰਨੇ ਨੂੰ ਇਗਨੋਰ ਕੀਤਾ। ਫਿਰ ਖੰਡ ਤਾਂ ਗੰਨੇ ਦੀ ਹੀ ਬਣਨੀ ਸੀ। ਖੰਡ ਦੀ ਕੋਈ ਉਪਰੋਂ ਨਹੀਂ ਬਾਰਸ਼ ਹੁੰਦੀ। ਇਨ੍ਹਾਂ ਨੇ ਗੰਨੇ ਦੇ ਬੀਜਣ ਵੱਲ ਧਿਆਨ ਨਹੀਂ ਰਖਿਆ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਨਾਲ ਇਨ੍ਹਾਂ ਦੇ ਵੇਲੇ ਸ਼ੂਗਰ ਬਾਹਰ ਭੇਜੀ ਗਈ ਇਸ ਤਰ੍ਹਾਂ ਅੱਗੇ ਕਦੇ ਨਹੀਂ ਸੀ ਭੇਜੀ ਗਈ । ਇਸ ਗੱਲ ਦਾ ਕਿਸ ਨੇ ਖਿਆਲ ਰੱਖਣਾ ਸੀ ਕਿ ਸਾਡੇ ਦੇਸ਼ ਵਿਚ ਵੀ ਖੰਡ ਦੀ ਲੋੜ ਹੈ ? ਇਹ ਗੱਲ ਉਸ ਵੇਲੇ ਇਨ੍ਹਾਂ ਨੇ ਵੇਖਣੀ ਸੀ ਪਰ ਨਹੀਂ ਵੇਖੀ ਔਰ ਖੰਡ ਬਾਹਰ ਐਕਸਪੋਰਟ ਕਰ ਦਿੱਤੀ। ਅੱਜ ਇਸ ਦਾ ਹੀ ਸਾਨੂੰ ਨਤੀਜਾ ਭੁਗਤਣਾ ਪਿਆ ਹੈ। ਸਪੀਕਰ ਸਾਹਿਬ, ਮੈਂ ਇਸ ਤਰ੍ਹਾਂ ਹੀ ਅਰਜ਼ ਕਰਦਾ ਹਾਂ ਕਿ ਉਸ ਐਗਰੀਕਲਚਰ ਯੂਨੀਵਰਸਿਟੀ ਨੇ ਸਟ੍ਰੇਨਜ਼ ਕੀਤੀਆਂ, ਐਫਰਟਸ ਕੀਤੀਆਂ। ਉਸ ਨੇ ਕਿਸਾਨ ਨੂੰ ਚੰਗੇ ਚੰਗੇ ਬੀਜ ਦਿੱਤੇ ਔਰ ਕਿਸਾਨ ਨੇ ਆਪਣੀ ਮਿਹਨਤ ਨਾਲ ਪੈਦਾਵਾਰ ਵਧਾਈ ਪਰ ਤੁਸੀਂ ਉਸ ਦਾ ਧਿਆਨ ਨਹੀਂ ਰਖਿਆ। ਤੁਸੀਂ ਖੇਤ ਮਜ਼ਦੂਰ ਦਾ ਧਿਆਨ ਨਹੀਂ ਰੱਖਿਆ। ਜਿਹੜਾ ਕਿਸਾਨ ਖੇਤੀ ਕਰਦਾ ਹੈ, ਆਪ ਹੱਲ ਵਾਹੁੰਦਾ ਹੈ, ਜਿਹੜਾ ਖੇਤ ਮਜ਼ਦੂਰ ਹੈ ਉਸ ਦਾ ਅਸੀਂ ਖਿਆਲ ਕਰਦੇ ਹਾਂ। ਅਸੀਂ ਲੈਂਡ ਲਾਰਡ ਦੀ ਗੱਲ ਨਹੀਂ ਕਰਦੇ, ਜਿਹੜਾ ਕਿ ਆਪਣੇ ਖੇਤਾਂ ਵਿੱਚ ਵੀ ਨਹੀਂ ਜਾਂਦਾ। ਅਸੀਂ ਕਿਸਾਨ ਉਸ ਨੂੰ ਕਹਿੰਦੇ ਹਾਂ ਜਿਸ ਕਿਸਾਨ ਦੇ ਸਿਰ ਤੇ ਦੇਸ਼ ਜੀਉਂਦਾ ਹੈ, ਕਿਸਾਨ ਉਹ ਹੈ ਜਿਹੜਾ ਆਪ ਖੇਤੀ ਕਰਨ ਵਾਲਾ ਹੈ। ਇਸ ਵਿਚ ਇਕੱਲੇ ਕਿਸਾਨ ਖੇਤੀ ਕਰਨ ਵਾਲੇ ਹੀ ਨਹੀਂ ਬਲਕਿ ਇਹ ਜਿਹੜੀ ਵਿਲੇਜ ਇਕੋਨਮੀ ਹੈ ਇਹ ਇੰਟਰ-ਡਿਪੈਂਡੈਂਟ ਇਕੋਨਮੀ ਹੈ, ਕਿਉਂਕਿ ਇਸ ਵਿਚ ਹੋਰਨਾਂ ਦਾ ਵੀ ਕਾਫੀ ਹਿੱਸਾ ਹੈ। ਸਪੀਕਰ ਸਾਹਿਬ, ਟੈਨੈਂਟਸ ਤੇ ਕਿੰਨਾ ਜ਼ੁਲਮ ਹੁੰਦਾ ਰਿਹਾ ਹੈ। ਉਸ ਨੂੰ ਕਿਸ ਤਰ੍ਹਾਂ ਨਾਲ ਦੁਥਕਾਰਿਆ ਜਾਂਦਾ ਰਿਹਾ ਹੈ, ਇਹ ਸਾਨੂੰ ਪਤਾ ਹੈ। ਜਿਨ੍ਹਾਂ ਨੇ ਕਾਮੇ ਰਖੇ ਹੋਏ ਸੀ ਉਹ ਲੈਂਡਲਾਰਡ ਉਨ੍ਹਾਂ ਨੂੰ ਨੱਪ ਕੇ ਰੱਖਦੇ ਸੀ ਨਾਲੇ ਉਨ੍ਹਾਂ ਕੋਲੋਂ ਕੰਮ ਕਰਵਾਉਂਦੇ ਸੀ। ਪਰ ਪੈਸਾ ਵੀ ਕੁਝ ਨਹੀਂ ਸੀ ਦਿੰਦੇ। ਅੱਜ ਹੀ ਮੇਰੇ ਪਾਸ ਕੁਝ ਅਜਿਹੇ ਕਾਮੇ ਆਏ ਹਨ। ਮੈਂ ਉਨ੍ਹਾਂ ਦੀ ਪੂਰੀ ਤਰ੍ਹਾਂ ਰਖਵਾਲੀ ਕਰਨ ਲਈ ਕਿਹਾ ਹੈ। ਇਹ ਮੈਂ ਅੱਜ ਹੀ ਆਰਡਰ ਕੀਤੇ ਹਨ (ਤਾੜੀਆਂ)। ਕਈ ਆਦਮੀ ਹਾਲੇ ਵੀ ਅਜਿਹੇ ਹਨ ਜਿਹੜੇ ਕਾਮਿਆਂ ਤੋਂ ਇਸ ਤਰ੍ਹਾਂ ਦੇ ਕੰਮ ਲੈਂਦੇ ਹਨ। ਅੱਜ ਇਹ ਆਪਣੇ 3 ਸਾਲਾਂ ਦੇ ਸਮੇਂ ਦੇ ਫਿਗਰਜ਼ ਬਾਰ ਬਾਰ ਦੱਸਕੇ ਜੋ ਕਹਿੰਦੇ ਹਨ ਕਿ ਅਸੀਂ ਬੜੀ ਮਾਤ ਕਰ ਲਈ ਹੈ, ਇਹ ਬਿਲਕੁਲ ਗਲਤ ਹੈ। ਅਦਾਦੋਸ਼ੁਮਾਰ ਇਨ੍ਹਾਂ ਨੇ ਦਿੱਤੇ ਹਨ। ਮੈਂ ਹੁਣ ਅੰਕੜਿਆਂ ਵਿਚ ਨਹੀਂ ਪੈਣਾ ਚਾਹੁੰਦਾ। ਪਰ ਇਹ ਜ਼ਰੂਰ ਕਹਾਂਗਾ ਕਿ ਬਣੇ ਹੋਏ ਮਕਾਨ ਤੇ ਬੈਠ ਕੇ ਅਨੰਦ ਲੈਣਾ ਹੋਰ ਗਲ ਹੈ ਔਰ ਮਕਾਨ ਆਪ ਬਣਾਉਣਾ ਹੋਰ ਗਲ ਹੈ। ਮੈਂ ਉਨ੍ਹਾਂ ਪੰਜਾਬੀਆਂ ਦੀ ਗਲ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਖੂਨ ਪਸੀਨੇ ਦੀ ਮਿਹਨਤ ਕਰਕੇ ਇਸ ਪੰਜਾਬ ਨੂੰ ਬਣਾਇਆ ਤਾਂਕਿ ਇਹ ਮਹੱਲ ਖੜਾ ਹੋ ਸਕੇ। ਇਸ ਕਰਕੇ ਮੈਂ ਇਹ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਬਣੇ ਹੋਏ

Original with;
Punjab Vidhan Sabha
Digitized by;
Panjab Digital Library

ਮਕਾਨ ਵਿਚ ਲੇਟਣ ਵਾਲੇ ਸਜਣੋਂ ਮੈਂ ਇਹ ਤੁਹਾਡੇ ਕੋਲੋਂ ਪੁੱਛਦਾ ਹਾਂ ਕਿ ਇਸ ਮਕਾਨ ਦੀ ਬੁਨਿਆਦ ਕਿਸ ਨੇ ਪਾਈ। ਪਰ ਇਸ ਵਲ ਇਹ ਧਿਆਨ ਨਹੀਂ ਦਿੰਦੇ। ਕਾਂਗਰਸ ਰਾਜ ਨੇ ਹੀ ਕਨਸਾਲੀਡੇਸ਼ਨ ਆਫ਼ ਹੋਲਡਿੰਗਜ਼ ਕਰਕੇ ਜਿਹੜੇ ਜ਼ਮੀਨ ਦੇ ਛੋਟੇ ਛੋਟੇ ਟੁਕੜੇ ਸਨ ਉਨ੍ਹਾਂ ਨੂੰ ਇਕੱਠਾ ਕੀਤਾ। ਇਹ ਕੰਮ ਸਰਦਾਰ ਪ੍ਰਤਾਪ ਸਿੰਘ ਦੇ ਵੇਲੇ ਹੀ ਸ਼ੁਰੂ ਕੀਤਾ ਗਿਆ। ਮੈਂ ਇਕ ਹੋਰ ਅਰਜ਼ ਕਰਦਾ ਹਾਂ ਕਿ ਇਰੀਗੇਸ਼ਨ ਦੇ ਬਾਰੇ ਵਿੱਚ ਬਾਦਲ ਸਾਹਿਬ ਨੇ ਇਥੇ ਬਹੁਤ ਕੁਝ ਕਿਹਾ। ਮੈਂ ਇਸ ਸਬੰਧ ਵਿਚ ਇਨ੍ਹਾਂ ਨੂੰ ਪਹਿਲੇ ਵੀ ਕਿਹਾ ਸੀ, ਕਾਮਰੇਡ ਰਾਜ ਕੁਮਾਰ ਜੀ ਨਾਲ ਵੀ ਗਲ ਕੀਤੀ ਸੀ ਅੱਤ ਮੈਂ ਕਿਹਾ ਸੀ ਕਿ ਆਓ ਅਸੀਂ ਇਕੱਠੇ ਬੈਠ ਕੇ ਕੋਈ ਇਸ ਦਾ ਹੱਲ ਕੱਢ ਲਈਏ। ਇਸ ਲਈ 23-24 ਤਾਰੀਖ ਵੀ ਰਖੀ ਸੀ। ਪਰ ਇਹ ਨਹੀਂ ਮੰਨੇ। ਠੀਕ ਹੈ ਜੇ ਇਨ੍ਹਾਂ ਦੀ ਇਤਨੀ ਹੀ ਕੋਆਪਰੇਸ਼ਨ ਹੈ ਤਾਂ ਅਸੀਂ ਇਸ ਨੂੰ ਆਪਣੇ ਢੰਗ ਨਾਲ ਹੀ ਕਰ ਲਵਾਂਗੇ। ਫਿਰ ਇਹ ਕਹਿੰਦੇ ਹਨ ਕਿ ਥੀਨ ਡੈਮ ਅਸੀਂ ਸ਼ੁਰੂ ਕੀਤਾ ਹੈ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਭੁਲੇਖਾ ਇਨ੍ਹਾਂ ਨੂੰ ਆਪਣੇ ਦਿਮਾਗ ਵਿਚੋਂ ਕੱਢ ਦੇਣਾ ਚਾਹੀਦਾ ਹੈ। ਮੈਂ ਦੱਸਦਾ ਹਾਂ ਕਿ 1962-63 ਵਿੱਚ ਇਸ ਦੀ ਇਨਵੈਸਟੀਗੇਸ਼ਨ ਸ਼ੁਰੂ ਹੋਈ ਸੀ। ਉਸ ਵੇਲੇ ਸਰਦਾਰ ਪ੍ਰਤਾਪ ਸਿੰਘ ਨੇ ਇਹ ਸ਼ੁਰੂ ਕਰਵਾਈ ਸੀ ਅੱਤ ਫਿਰ ਇਸ ਦੀ ਪਰਾਜੈਕਟ ਰਿਪੋਟ 1964 ਵਿਚ ਆਈ। ਇਸ ਕਰਕੇ ਤੁਸੀਂ ਇਹ ਭੁਲੇਖਾ ਦਿਮਾਗ ਵਿਚੋਂ ਕੱਢ ਦਿਓ ਕਿ ਸਾਡੇ ਤੋਂ ਪਹਿਲੇ ਇਸ ਦਾ ਕਿਸੇ ਨੇ ਨਾਂ ਨਹੀਂ ਸੀ ਲਿਆ। ਇਸੇ ਤਰ੍ਹਾਂ ਹੀ ਭਾਖੜਾ ਡੈਮ ਵੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਸ਼ੁਰੂ ਹੋਇਆ ਸੀ।

ਵੇਦ ਕਰਤਾਰ ਸਿੰਘ : ਸੰਨ 1942 ਵਿਚ ਇਸ ਦੇ ਟੈਂਡਰਜ਼ ਕਾਲ ਹੋਏ ਸਨ। ਮੈਂ ਵੀ ਟੈਂਡਰ ਦਿੱਤੇ ਸੀ।

ਮੁੱਖ ਮੰਤਰੀ : ਠੀਕ ਹੈ ਇਨ੍ਹਾਂ ਨੇ ਟੈਂਡਰ ਦਿੱਤੇ ਹੋਣੇ ਹਨ। ਪਰ ਅਸੀਂ ਤਾਂ ਉਸ ਵੇਲੇ ਜੇਲ੍ਹਾਂ ਵਿੱਚ ਸੀ। ਇਸ ਲਈ ਇਹ ਬੜਾ ਨੇਕ ਕੰਮ ਕਰ ਰਹੇ ਸੀ। ਕੋਈ ਗਲ ਨਹੀਂ।

ਵੇਦ ਕਰਤਾਰ ਸਿੰਘ : ਸ਼ਾਇਦ ਮੈਂ ਤੁਹਾਡੇ ਨਾਲੋਂ ਵੱਧ ਜੇਲ੍ਹ ਕੱਟੀ ਹੋਵੇ। ਮੈਂ ਵੀ 1942 ਵਿਚ ਜੇਲ੍ਹ ਕੱਟੀ ਸੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਿਸੇ ਮੁਕਾਬਲੇ ਵਿਚ ਨਹੀਂ ਪੈਣਾ ਚਾਹੁੰਦਾ (ਵਿਘਨ) ਮੈਂ ਕਹਿੰਦਾ ਹਾਂ ਕਿ ਮੈਨੂੰ ਛੇੜੋ ਨਾ। ਮੈਂ ਇਹ ਵੀ ਦੱਸ ਸਕਦਾ ਹਾਂ ਕਿ ਜਿਸ ਵੇਲੇ ਹਿੰਦੁਸਤਾਨ ਦੇ ਲੋਕ ਮਰਨ ਮਰਾਣ ਨੂੰ ਲਗੇ ਹੋਏ ਸੀ ਉਸ ਵੇਲੇ ਇਹ ਆਪਣਾ ਢਾਂਗੂ ਚੁੱਕ ਕੇ ਫਿਰਦੇ ਸੀ ਅੰਗ੍ਰੇਜ਼ਾਂ ਦੇ ਹੱਕ ਵਿਚ ਭਰਤੀ ਕਰਨ ਵਾਸਤੇ। ਇਸ ਲਈ ਮੈਂ ਕਹਿੰਦਾ ਹਾਂ ਕਿ ਮੈਨੂੰ ਉਸ ਪਾਸੇ ਨਾ ਲੈ ਜਾਵੋ। ਮੈਂ ਥੀਨ ਡੈਮ ਦੇ ਬਾਰੇ ਗਲ ਕਰ ਰਿਹਾ ਸੀ। ਸਪੀਕਰ ਸਾਹਿਬ, 9 ਸਾਲ ਤਕ ਇਸ ਵਾਸਤੇ ਖਤੋ ਖਤਾਬਤ ਹੁੰਦੀ ਰਹੀ ਪਰ ਕੋਈ ਗਲ ਸਿਰੇ ਨਹੀਂ ਚੜ੍ਹੀ। ਫਿਰ 1976 ਵਿਚ ਇਸ ਦਾ ਫੈਸਲਾ ਹੋਇਆ। ਇਹ ਫੈਸਲਾ ਪਾਣੀ ਦਾ ਹੋਇਆ। ਫੈਸਲਾ ਕਰਨ ਵਾਲਿਆਂ ਨੇ ਕਿਹਾ ਕਿ ਅੱਧਾ-ਅੱਧਾ ਪਾਣੀ ਕਰ ਦਿੱਤਾ ਜਾਵੇ ਜਿਸ ਤੇ ਲੋਕ ਐਜੀਟੇਟਿਡ ਹੋਏ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਇਕਲੇ ਹੀ ਇਸ ਦੇ ਲੰਬਰਦਾਰ ਨਾ ਬਣਨ। ਫਿਰ ਇਹ ਹੁਣ ਕਿਵੇਂ ਇਸ ਦਾ ਕਰੈਡਿਟ ਆਪਣੀਆਂ ਜੇਬਾਂ ਵਿਚ ਪਾਉਣਾ ਚਾਹੁੰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਇਸ ਪਾਣੀ ਦੀ ਵੰਡ ਦੇ ਬਾਰੇ ਫਿਰ ਵੀ ਕਦੇ ਚਰਚਾ ਹੋ ਸਕਦਾ ਹੈ। ਇਸ ਕਰਕੇ ਮੈਂ ਕਿਹਾ ਸੀ ਕਿ ਅਸੀਂ ਇਕੱਠੇ ਹੋ ਕੇ ਇਸ ਦੇ ਵਾਸਤੇ ਕੁਝ ਸੋਚੀਏ। ਇਨ੍ਹਾਂ ਪਲੈਨਿੰਗ ਦੇ ਕੰਮ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੇ ਬਾਰੇ ਵਿਚ ਮੈਂ ਚਾਹੁੰਦਾ ਸੀ ਕਿ ਇਨ੍ਹਾਂ ਦੇ ਨਾਲ ਅਲਹਿਦਾ ਬੈਠ ਕੇ ਗਲ ਕਰ ਲੈਂਦਾ ਪਰ ਮੈਨੂੰ ਹੁਣ ਸਾਰੀ ਗੱਲ ਇਥੇ ਹੀ ਕਹਿਣੀ ਪਵੇਗੀ। ਮੈਂ ਨਹੀਂ ਚਾਹੁੰਦਾ ਕਿ ਕੋਈ ਐਸੀ ਗਲ ਸਾਡੇ ਵਿੱਚ ਆਵੇ ਜਿਸ ਨਾਲ ਕਿ ਕੋਈ ਮੁਸੀਬਤ ਦੀ ਸੰਭਾਵਨਾ ਹੋਵੇ।

ਸਪੀਕਰ ਸਾਹਿਬ, ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੋਲ ਰਹੇ ਸਨ ਤਾਂ ਮੈਂ ਕੋਈ ਕਾਗਜ਼ ਲੈਣ ਲਈ ਬਾਹਰ ਗਿਆ । ਸਪੀਕਰ ਸਾਹਿਬ, ਮੈਂ ਕੋਈ ਗੱਲ ਇਨ੍ਹਾਂ ਨੂੰ ਐਸੀ ਨਹੀਂ ਕਰਨਾ ਚਾਹੁੰਦਾ ਜਿਸ ਨਾਲ ਇਨ੍ਹਾਂ ਦਾ ਆਦਰ ਮਾਣ ਘਟੇ। ਪਰ ਇਨ੍ਹਾਂ ਨੇ ਇਹ ਕਹਿ ਦਿਤਾ ਕਿ ਇਹ ਪਰੰਪਰਾ ਹੈ ਕਿ ਜਦੋਂ ਲੀਡਰ ਆਫ ਦੀ ਆਪੋਜ਼ੀਸ਼ਨ ਬੋਲਦਾ ਹੋਵੇ ਤਾਂ ਚੀਫ ਮਨਿਸਟਰ ਉਠ ਕੇ ਬਾਹਰ ਨਹੀਂ ਜਾ ਸਕਦਾ। ਸਪੀਕਰ ਸਾਹਿਬ, ਮੈਨੂੰ ਇਸ ਪਰੰਪਰਾ ਦਾ ਪਤਾ ਹੈ। ਮੈਂ ਵੀ ਇਸ ਹਾਊਸ ਦਾ ਮੈਂਬਰ ਰਿਹਾ ਹਾਂ। ਮਨਿਸਟਰ ਵੀ ਰਿਹਾ ਹਾਂ। ਮੈਂ ਸਭ ਕੁਝ ਜਾਣਦਾ ਹਾਂ। ਲੇਕਿਨ ਮੈਂ ਕੋਈ ਇਸ ਵੇਲੇ ਅਜਿਹੀ ਗਲ ਨਹੀਂ ਕਰਨਾ ਚਾਹੁੰਦਾ। ਜਦ ਮੈਂ ਕਾਗਜ਼ ਲੈ ਕੇ ਆਇਆ ਤਾਂ ਇਨ੍ਹਾਂ ਨੇ ਕਿਹਾ ਕਿ ਗਰਮੀ ਆ ਜਾਂਦੀ ਹੈ ਪਰ ਮੈਂ ਕਹਿੰਦਾ ਹਾਂ ਕਿ ਅਸੀਂ ਵੀ ਤੁਹਾਡੇ ਵਾਂਗ ਠੰਡੇ ਹਾਂ। ਸਾਨੂੰ ਕੋਈ ਗਰਮੀ ਨਹੀਂ ਆਉਂਦੀ। ਪਰ ਜੇ ਤੁਹਾਨੂੰ ਬਹੁਤ ਗਰਮੀ ਆ ਜਾਂਦੀ ਹੈ ਤਾਂ ਸਾਡੇ ਕੋਲ ਆਓ ਅਸੀਂ ਤੁਹਾਨੂੰ ਏਅਰ ਕੰਡੀਸ਼ਨਡ ਕਮਰਿਆਂ ਵਿਚ ਬੈਠਾਵਾਂਗੇ ਪਰ ਇਹ ਕਹਿਣਾ ਕਿ ਫੋਕਾ ਹੀ ਫੋਕਾ ਸਭ ਕੁਝ ਹੈ ਇਸ ਪਲੈਨ ਵਿਚ ਕੁਝ ਵੀ ਠੀਕ ਨਹੀਂ। ਇਕ ਪਾਸੇ ਤਾਂ ਇਹ ਪਲੈਨ ਨੂੰ ਕੰਟਰਾਡਿਕਟ ਕੀਤੀ ਜਾਂਦੇ ਹਨ ਪਰ ਦੂਜੇ ਪਾਸੇ ਅਸੀਂ ਜਿਹੜੇ ਟੀਚੇ ਮੁਕੱਰਰ ਕੀਤੇ ਹਨ ਉਨ੍ਹਾਂ ਲਈ ਕਹਿੰਦੇ ਹਨ ਕਿ ਉਹ ਵਧਾਏ ਹਨ। ਇਹ ਠੀਕ ਨਹੀਂ । ਇਹ ਮੈਂ ਮੰਨਦਾ ਹਾਂ ਕਿ ਜਿਹੜੀਆਂ ਇਨ੍ਹਾਂ ਦੀਆਂ ਚੰਗੀਆਂ ਸਕੀਮਾਂ ਸਨ ਅਸੀਂ ਉਨ੍ਹਾਂ ਨੂੰ ਥਰੋ-ਅਵੇ ਨਹੀਂ ਕਰਾਂਗੇ । ਜਿਹੜੀਆਂ ਚੰਗੀਆਂ ਸਕੀਮਾਂ ਹੋਣਗੀਆਂ ਉਨ੍ਹਾਂ ਤੇ ਵਿਚਾਰ ਕਰਾਂਗੇ ਇਨ੍ਹਾਂ ਨੇ ਆਦਰਸ਼ ਸਕੂਲਾਂ ਦੀ ਗਲ ਕੀਤੀ ਹੈ। ਅਸੀਂ ਇਹ ਵੇਖਾਂਗੇ ਅੱਰ ਜੇ ਇਨ੍ਹਾਂ ਨੂੰ ਨਾਲ ਲੈਜਾਣਾ ਪਵੇਗਾ ਤਾਂ ਇਨ੍ਹਾਂ ਨੂੰ ਵੀ ਨਾਲ ਲੈ ਜਾਵਾਂਗੇ। ਪਰ ਅਸੀਂ ਇਹ ਵੇਖਾਂਗੇ ਕਿ ਜਿਹੜੇ ਇਹ ਸਕੂਲ ਖੋਲ੍ਹੇ ਹਨ ਉਨ੍ਹਾਂ ਨਾਲ ਐਜੂਕੇਸ਼ਨ ਵਿਚ ਕਿੰਨਾ ਫਰਕ ਪਿਆ ਹੈ। ਆਇਆ ਉਹ ਬੱਚੇ ਕੰਪੀਟੀਸ਼ਨ ਵਿਚ ਬੈਠ ਸਕਦੇ ਹਨ ਅੱਰ ਉਹ ਦੂਜੇ ਬੱਚਿਆਂ ਦਾ ਮੁਕਾਬਲਾ ਕਰ ਸਕਦੇ ਹਨ ਜਿਹੜੇ ਕਿ ਵੱਡੇ ਵੱਡੇ ਸਕੂਲਾਂ ਵਿਚ ਪੜ੍ਹਦੇ ਹਨ। ਇਹ ਨਾ ਹੋਵੇ ਕਿ ਉਹ ਬੱਚੇ ਪਿੱਛੇ ਰਹਿ ਜਾਣ ।

EXTENSION OF TIME OF THE SITTING

ਸ਼੍ਰੀ ਸਪੀਕਰ : ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 15 ਮਿੰਟ ਵਧਾ ਦਿੱਤਾ ਜਾਵੇ ?

ਆਵਾਜ਼ਾਂ : ਹਾਂ ਜੀ, ਹਾਂ ਜੀ।

ਸ਼੍ਰੀ ਸਪੀਕਰ : ਠੀਕ ਹੈ ਜੀ । ਹਾਊਸ ਦਾ ਸਮਾਂ 8.15 ਸ਼ਾਮ ਤੱਕ ਵਧਾਇਆ ਜਾਂਦਾ ਹੈ।

THE PUNJAB APPROPRIATION (NO. 2) BILL, 1980
(Resumption of Consideration)

ਮੁੱਖ ਮੰਤਰੀ : ਸਪੀਕਰ ਸਾਹਿਬ, ਛੇ ਸਕੂਲਾਂ ਤੇ ਇੱਕ ਕਰੋੜ 25 ਲੱਖ ਰੁਪਿਆ ਖਰਚ ਕਰਨਾ ਹੈ। ਬਿਲਡਿੰਗ ਉਤੇ 20 ਲੱਖ ਰੁਪਿਆ ਖਰਚ ਹੁੰਦਾ ਹੈ । ਲੇਕਿਨ ਉਥੇ

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਨੂੰ ਚਾਰ ਪੰਜ ਸੌ ਰੁਪਏ ਤੋਂ ਵੱਧ ਤਨਖਾਹ ਨਹੀਂ ਮਿਲਦੀ। ਇਸ ਲਈ, ਸਪੀਕਰ ਸਾਹਿਬ ਮੈਂ ਐਗਰੀ ਕਰਦਾ ਹਾਂ ਕਿ ਐਜੂਕੇਸ਼ਨ ਦੇ ਸਿਸਟਮ ਨੂੰ ਓਵਰਹਾਲ ਕਰਨ ਦੀ ਲੋੜ ਹੈ। (ਥੰਪਿੰਗ) ਐਜੂਕੇਸ਼ਨ ਸਿਸਟਮ ਨੂੰ ਚੰਗੀ ਤਰ੍ਹਾਂ ਘੋਖ ਕੇ ਦਰੁਸਤ ਕੀਤਾ ਜਾ ਸਕਦਾ ਹੈ।

ਹੁਣ ਮੈਂ, ਸਪੀਕਰ ਸਾਹਿਬ ਸਕੂਲਾਂ ਦੀ ਅਪਗ੍ਰੇਡੇਸ਼ਨ ਦੀ ਗਲ ਦੱਸਦਾ ਹਾਂ। 1972 ਤੋਂ ਲੈ ਕੇ 1977 ਤਕ ਕਾਂਗਰਸ ਸਰਕਾਰ ਵੇਲੇ 200 ਪ੍ਰਾਇਮਰੀ ਸਕੂਲ ਅਪਗ੍ਰੇਡ ਕਰਕੇ ਮਿਡਲ ਬਣਾਏ ਗਏ । ਸਪੀਕਰ ਸਾਹਿਬ, 1978-79 ਵਿਚ ਕੋਈ ਵੀ ਸਕੂਲ ਅਪਗ੍ਰੇਡ ਨਹੀਂ ਹੋਇਆ। ਇਹ ਅੰਕੜੇ ਮੈਂ ਇਨ੍ਹਾਂ ਦੇ ਅੰਕੜਿਆਂ ਵਿਚੋਂ ਹੀ ਲਏ ਹਨ ਅਤੇ ਬਾਹਰੋਂ ਨਹੀਂ ਲਏ । ਸਪੀਕਰ ਸਾਹਿਬ, 1972 ਤੋਂ 1977 ਤਕ 700 ਪ੍ਰਾਇਮਰੀ ਸਕੂਲ ਖੋਲ੍ਹੇ ਗਏ ਪਰ 1977 ਤੋਂ 1980 ਤਕ 10 ਪ੍ਰਾਇਮਰੀ ਸਕੂਲ ਓਪਨ ਕੀਤੇ ਗਏ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਸਕੂਲਾਂ ਦੀ ਭਰਮਾਰ ਕਰ ਦਿੱਤੀ ਸੀ ।

ਸਪੀਕਰ ਸਾਹਿਬ, ਅਸੀਂ ਕਿਹਾ ਹੈ ਕਿ ਅਜੇ 154 ਪਿੰਡ ਸੜਕਾਂ ਦੇ ਨਾਲ ਨਹੀਂ ਜੋੜੇ ਹਨ। ਉਥੇ ਸਭ ਕੁਝ ਕਰਨ ਦੀ ਲੋੜ ਹੈ। ਸਪੀਕਰ ਸਾਹਿਬ, ਅਸੀਂ, 250 ਸਕੂਲਾਂ ਨੂੰ ਅਪਗ੍ਰੇਡ ਕਰਨਾ ਹੈ ਅਤੇ ਉਸ ਬਾਰੇ ਪਰਪੋਜ਼ਲ ਭੀ ਦੱਸੀ ਹੈ। ਪਰ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਇਨ੍ਹਾਂ ਨੇ ਘੱਟ ਗਿਣਤੀ ਦੱਸ ਕੇ ਇਸ ਫੈਕਟ ਨੂੰ ਇਗਨੋਰ ਕਰਨ ਦੀ ਗਲ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਹ ਅੰਕੜੇ ਇਧਰ ਉਧਰ ਕਰਨ ਦੇ ਨਾਲ ਹੋਈ ਹੈ। ਮੈਂ, ਸਪੀਕਰ ਸਾਹਿਬ, ਵਿਚੋਂ ਹੀ ਛੱਡ ਗਿਆ ਸੀ ਪਰ ਇਨ੍ਹਾਂ ਦੀ ਪਰੋਵੋਕੇਸ਼ਨ ਨਾਲ ਮੈਂ ਆਪਣੇ ਕੇਸ ਨੂੰ ਕਮਜ਼ੋਰ ਨਹੀਂ ਕਰਨਾ ਚਾਹੁੰਦਾ। ਸਾਨੂੰ ਪਾਣੀ ਦਾ ਜੋ ਸ਼ੇਅਰ ਘੱਟ ਮਿਲਿਆ ਹੈ ਅਤੇ ਜੋ ਸਾਡਾ ਹਕ ਬਣਦਾ ਹੈ ਉਸ ਨੂੰ, ਲੈਣ ਵਾਸਤੇ ਅਸੀਂ ਜ਼ੋਰ ਲਾਵਾਂਗੇ। (ਥੰਪਿੰਗ) ਅਸੀਂ ਪੰਜਾਬ ਦੇ ਕਿਸਾਨ ਦੇ ਹਮਾਇਤੀ ਹਾਂ। ਭਾਵੇਂ ਇਥੇ ਕੋਈ ਵੀ ਸਰਕਾਰ ਆਵੇ। ਐਗਰੀਕਲਚਰ ਮਨਿਸਟਰ ਸਾਹਿਬ ਨੇ ਸਾਰੇ ਅੰਕੜੇ ਦੱਸ ਦਿੱਤੇ ਹਨ। ਪਰ ਮੈਂ ਉਸ ਗਲ ਵਿਚ ਨਹੀਂ ਪੈਣਾ ਚਾਹੁੰਦਾ। ਇਹ ਕਹਿੰਦੇ ਹਨ ਕਿ ਖਾਦ ਮਹਿੰਗੀ ਹੋ ਗਈ ਹੈ। ਇਸ ਕਰਕੇ ਅਸੀਂ ਪਹਿਲਾਂ ਹੀ ਕੋਸ਼ਿਸ਼ ਕੀਤੀ ਹੈ ਅਤੇ ਨਤੀਜੇ ਤੁਹਾਡੇ ਸਾਹਮਣੇ ਆਉਣਗੇ। ਮੈਂ ਸੈਂਟਰ ਦੇ ਐਗਰੀਕਲਚਰ ਮਨਿਸਟਰ, ਫਾਈਨਾਂਸ ਮਨਿਸਟਰ ਅਤੇ ਪ੍ਰਾਈਮ ਮਨਿਸਟਰ ਨੂੰ ਮਿਲਿਆ ਹਾਂ ਅਤੇ ਪੰਜਾਬ ਦੇ ਕਿਸਾਨਾਂ ਦਾ ਕੇਸ ਪਲੀਡ ਕੀਤਾ ਹੈ। ਮੈਂ ਕਿਹਾ ਹੈ ਕਿ ਸਾਡਾ ਪੰਜਾਬ ਦਾ ਸੂਬਾ ਅਤੇ ਗਵਾਂਢੀ ਸੂਬਾ ਹਰਿਆਣਾ ਅਸੀਂ ਦੋਨੋਂ ਮਿਲਕੇ 50% ਤੋਂ ਵੱਧ ਅਨਾਜ ਹਿੰਦੁਸਤਾਨ ਨੂੰ ਦਿੰਦੇ ਹਾਂ। ਇਸ ਕਰਕੇ ਕਿਸਾਨ ਦੀ ਮੱਦਦ ਕਰਨ ਦੀ ਲੋੜ ਹੈ । ਜੇਕਰ ਤੁਸੀਂ ਪੈਡੀ ਦੀ ਪ੍ਰਾਈਸ 100 ਰੁਪਏ ਤੋਂ 105 ਰੁਪਏ ਕਰ ਦਿਤੀ ਹੈ ਤਾਂ ਉਸ ਨਾਲ ਸਾਡੀ ਸੈਟਿਸਫੈਕਸ਼ਨ ਨਹੀਂ ਹੋਈ ਹੈ। ਮੈਂ, ਸਪੀਕਰ ਸਾਹਿਬ, ਸੈਸ਼ਨ ਵਿਚੋਂ ਭੱਜ ਕੇ ਸੈਂਟਰ ਦੇ ਐਗਰੀਕਲਚਰ ਮਨਿਸਟਰ ਨੂੰ ਮਿਲਿਆ ਅਤੇ ਕਿਹਾ ਕਿ ਇਹ ਥੋੜੀ ਕੰਪੈਨਸੇਸ਼ਨ ਹੈ ਅਤੇ ਇਸ ਨਾਲ ਕਿਸਾਨ ਕੰਪਨਸੇਟ ਨਹੀਂ ਹੁੰਦਾ। ਸਪੀਕਰ ਸਾਹਿਬ, ਇਥੇ ਹਾਊਸ ਵਿਚ ਅਸੀਂ ਅਖਬਾਰ ਵਿਚੋਂ ਕੋਟ ਨਹੀਂ ਕਰ ਸਕਦੇ। ਇਸ ਕਰਕੇ ਮੈਂ ਅੰਗ੍ਰੇਜ਼ੀ ਦਾ ਅਖਬਾਰ ਨਹੀਂ ਪੜ੍ਹਦਾ ਲੇਕਿਨ ਮੈਂ ਟਰਾਂਸਲੇਟ ਕਰਕੇ ਤੁਹਾਨੂੰ ਦੱਸਦਾ ਹਾਂ। ਸੈਂਟਰ ਦੇ ਐਗਰੀਕਲਚਰ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੋ ਏ. ਪੀ. ਸੀ. ਦੀ ਰਿਪੋਰਟ ਹੈ, ਸਾਨੂੰ ਇਹ ਠੀਕ ਨਹੀਂ ਲੱਗੀ ਅਸੀਂ ਉਸ ਏ. ਪੀ. ਸੀ. ਦੀ ਰਿਪੋਰਟ ਨੂੰ ਫਿਰ ਵਾਪਿਸ ਕੀਤਾ ਹੈ ਅਤੇ ਕਿਹਾ ਹੈ ਕਿ ਫਰਟੇਲਾਈਜ਼ਰ ਦੀ ਕੀਮਤ ਵਧੀ ਹੈ, ਉਸ ਹਿਸਾਬ ਨਾਲ ਦੁਬਾਰਾ ਇਸ ਰਿਪੋਰਟ ਤੇ ਗੌਰ ਕੀਤੀ ਜਾਵੇ ਅਤੇ ਇਨ੍ਹਾਂ ਗੱਲਾਂ ਨੂੰ ਮੁੱਖ ਰੱਖਕੇ ਫੈਸਲਾ ਕੀਤਾ ਜਾਵੇ। ਸਪੀਕਰ ਸਾਹਿਬ, ਇਸ ਤੋਂ ਜਾਹਿਰ ਹੈ ਕਿ ਕੀਮਤ ਹੋਰ ਵਧੇਗੀ (ਥੰਪਿੰਗ) ਅਸੀਂ, ਸਪੀਕਰ ਸਾਹਿਬ, ਕਿਸਾਨਾਂ ਦੇ ਹਮਾਇਤੀ ਹਾਂ। ਮੈਂ ਇਹ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਹੀਂ ਕਹਿੰਦਾ ਕਿ ਤੁਸੀਂ ਕਿਸਾਨ ਨਹੀਂ ਹੋ, ਪਰ ਜਿਤਨੇ ਕਿਸਾਨ ਤੁਹਾਡੇ ਵਿਚੋਂ ਹਨ ਉਤਨੇ ਹੀ ਸਾਡੇ ਵਿਚੋਂ ਵੀ ਹਨ। ਹੋਰ ਧੰਦੇ ਵੀ ਕਰਨ ਵਾਲੇ ਹਨ ਸ਼ਹਿਰਾਂ ਵਾਲੇ ਵੀ ਕਿਸਾਨਾਂ ਦੇ ਹਮਾਇਤੀ ਹਨ। ਇਸ ਲਈ ਜੋ ਅਸੀਂ ਕਿਹਾ ਹੈ ਉਸ ਦਾ ਨਤੀਜਾ ਸਾਹਮਣੇ ਆਉਣ ਵਾਲਾ ਹੈ।

ਸਪੀਕਰ ਸਾਹਿਬ, ਹੁਣ ਮੈਂ ਥਰਮਲ ਪਲਾਂਟ ਰੋਪੜ ਦੀ ਗਲ ਕਰਦਾ ਹਾਂ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਹਾਊਸ ਨੂੰ ਅਰਜ਼ ਕਰਦਾ ਹਾਂ ਕਿ ਸਾਨੂੰ ਜਿਤਨੀ ਵੀ ਪੈਸੇ ਦੀ ਲੋੜ ਪਵੇਗੀ, ਅਸੀਂ ਉਸ ਲਈ ਸੈਂਟਰ ਦੀ ਸਰਕਾਰ ਨੂੰ ਕਹਾਂਗੇ। ਸਪੀਕਰ ਸਾਹਿਬ, 200 ਕਰੋੜ ਰੁਪਿਆ ਥਰਮਲ ਪਲਾਂਟ ਰੋਪੜ ਤੇ ਖਰਚ ਹੋਣਾ ਹੈ ਅਤੇ ਥੀਨ ਡੈਮ ਤੇ 400 ਕਰੋੜ ਰੁਪਿਆ ਖਰਚ ਆਵੇਗਾ। ਇਸ ਲਈ ਸਾਨੂੰ, ਸਪੀਕਰ ਸਾਹਿਬ, ਅੱਖ ਜ਼ਰੂਰ ਹੈ ਕਿਉਂਕਿ ਸਾਰੇ ਸੈਕਟਰਜ਼ ਨੂੰ ਫੀਡ ਕਰਨਾ ਹੈ। ਅਸੀਂ ਇਹ ਨਹੀਂ ਕਰਨਾ ਕਿ ਇੱਕ ਸੈਕਟਰ ਨੂੰ ਫੀਡ ਕਰ ਦਈਏ ਪਰ ਬਾਕੀ ਸੈਕਟਰਜ਼ ਫੀਡ ਹੋਣੋਂ ਰਹਿ ਜਾਣ। ਇਥੇ, ਸਪੀਕਰ ਸਾਹਿਬ, ਬੜਾ ਕੁਝ ਕਿਹਾ ਗਿਆ ਹੈ ਕਿ ਥੀਨ ਡੈਮ ਤੇ ਬਹੁਤ ਕੁਝ ਹੋ ਗਿਆ ਹੈ। ਉਥੇ ਅਜੇ ਕੁਝ ਨਹੀਂ ਹੋਇਆ ? ਜੇਕਰ ਰੋਲ ਥੀਨ ਡੈਮ ਤੇ ਜਾ ਸਕਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਭ ਕੁਝ ਬਣ ਗਿਆ ਹੈ। ਹਾਂ ਇਹ ਠੀਕ ਹੈ ਕਿ ਰੋਲ ਰਾਹੀਂ ਆਵਾਜਾਈ ਦੇ ਸਾਧਨ ਬਣ ਸਕਦੇ ਹਨ। ਪਰ ਉਥੇ ਮਸ਼ੀਨਾਂ ਚਾਹੀਦੀਆਂ ਹਨ ਅਤੇ ਹੋਰ ਚੀਜ਼ਾਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਇਥੇ ਇਹ ਵੀ ਕਿਹਾ ਗਿਆ ਕਿ ਬਠਿੰਡਾ ਥਰਮਲ ਪਲਾਂਟ ਅਸੀਂ ਬਣਾਇਆ ਹੈ। ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਬਠਿੰਡੇ ਵਾਲਾ ਥਰਮਲ ਪਲਾਂਟ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਦਿਤਾ ਗਿਆ ਸੀ। (ਥੰਪਿੰਗ) ਜ਼ਮੀਨ ਅੌਰ ਮਸ਼ੀਨ ਇਕ ਗੱਡੀ ਦੇ ਦੋ ਪਹੀਏ ਹਨ। ਜੇਕਰ ਇੱਕ ਪਹੀਆ ਨਾ ਹੋਵੇ ਤਾਂ ਕੰਮ ਨਹੀਂ ਚਲ ਸਕਦਾ। ਜੇਕਰ ਇੱਕ ਪਹੀਏ ਨੂੰ ਹੀ ਉਪਰ ਚੁਕੀ ਜਾਈਏ ਤਾਂ ਕੰਮ ਨਹੀਂ ਚਲ ਸਕਦਾ। ਇਸ ਲਈ ਲੋੜ ਹੈ ਕਿ ਦੋਨੋਂ ਪਹੀਏ ਉਪਰ ਚੁਕੇ ਜਾਣ। ਅਸੀਂ ਐਗਰੀਕਲਚਰਲ ਸੈਕਟਰ ਨੂੰ ਇਗਨੋਰ ਨਹੀਂ ਕੀਤਾ। ਅਸੀਂ ਹਰ ਚੀਜ਼ ਸੈਂਟਰ ਗੌਰਮਿੰਟ ਦੇ ਨਾਲ ਟੇਕ-ਅਪ ਕਰਾਂਗੇ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ। (ਥੰਪਿੰਗ) ਵੀਟ ਦਾ ਸਵਾਲ, ਸਪੀਕਰ ਸਾਹਿਬ, ਇਥੇ ਪਹਿਲਾਂ ਹੀ ਉਠਾਇਆ ਗਿਆ ਹੈ। ਅਸੀਂ ਇਸ ਬਾਰੇ ਸੈਂਟਰ ਦੇ ਐਗਰੀਕਲਚਰ ਮਨਿਸਟਰ ਅਤੇ ਪ੍ਰਾਈਮ ਮਨਿਸਟਰ ਸਾਹਿਬ ਦੇ ਨਾਲ ਗਲ ਕਰਾਂਗੇ ਤਾਂਕਿ ਅਸੀਂ ਕਿਸੇ ਪਾਸੇ ਲਗ ਸਕੀਏ। ਮੈਂ, ਸਪੀਕਰ ਸਾਹਿਬ, ਮੋਟੀਆਂ ਮੋਟੀਆਂ ਹੀ ਗਲਾਂ ਕੀਤੀਆਂ ਹਨ ਅੌਰ ਮੈਂ ਜ਼ਿਆਦਾ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ। ਪਿਛਲੇ ਤਿੰਨਾਂ ਸਾਲਾਂ ਦੇ ਵਿਚ ਜੋ ਕਮੀਆਂ ਰਹਿ ਗਈਆਂ ਸਨ, ਉਸ ਕਰਕੇ ਅਸੀ ਕਿਸੇ ਪਾਸਿਓ ਕਮਜ਼ੋਰ ਨਹੀਂ ਹੋਣਾ ਚਾਹੁੰਦੇ। (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਰਾਵੀ ਬਿਆਸ ਦੇ ਪਾਣੀਆਂ ਦਾ ਜ਼ਿਕਰ ਨਹੀਂ ਕੀਤਾ ?

ਮੁੱਖ ਮੰਤਰੀ: ਮੇਰੀ ਅਰਜ਼ ਇਹ ਹੈ ਕਿ ਇਥੇ ਜਿਸ ਤਰ੍ਹਾਂ ਇਨ੍ਹਾਂ ਨੇ ਗੁਸੇ ਵਿਚ ਗਲ ਕਹੀ ਹੈ ਉਸ ਤਰ੍ਹਾਂ ਇਨ੍ਹਾਂ ਨੂੰ ਨਹੀਂ ਕਹਿਣੀ ਚਾਹੀਦੀ ਸੀ। ਇਨ੍ਹਾਂ ਦਾ ਠੰਢਾ ਸੁਭਾਅ ਹੈ, ਇਹ ਬਹੁਤ ਗੁਸੇ ਵਿਚ ਨਹੀਂ ਆਉਂਦੇ। ਇਹ ਇਨ੍ਹਾਂ ਵਿਚ ਕੁਆਲਿਟੀ ਹੈ। ਗੁਸੇ ਵਿਚ ਕਈ ਗਲਾਂ ਕਹਿ ਗਏ ਹਨ ਪਰ ਫਿਰ ਵੀ ਇਹ ਠੰਡੇ ਸੁਭਾਅ ਦੇ ਹਨ। ਮੈ ਕਹਾਂਗਾ ਕਿ ਕਿਤੇ ਇਹ ਠੰਡੇ ਹੁੰਦੇ ਹੁੰਦੇ ਫਰੀਜ਼ ਨਾ ਹੋ ਜਾਣ। ਇਥੇ ਸਾਡੀ ਪਾਰਟੀ ਬਾਰੇ ਕਿਹਾ ਗਿਆ ਕਿ ਕੋਈ ਕਿਸੇ ਬੰਦੇ ਦਾ ਹੈ ਕੋਈ ਕਿਸੇ ਬੰਦੇ ਦਾ ਹੈ। ਇਹ ਕਾਂਗਰਸੀ ਵਜ਼ੀਰ ਮੇਰੇ ਨਾਲ ਹਨ। ਕੋਈ ਵਿੱਥ ਹੋਵੇ ਤਾਂ ਕਹਿ ਦਿਓ। (ਵਿਘਨ) ਮੈਂ ਸਮਝਦਾ ਹਾਂ ਕਿ ਸਰਦਾਰ ਸੁਖਜਿੰਦਰ ਸਿੰਘ ਹੋਰਾਂ ਨੂੰ ਬਿਲਕੁਲ ਨਹੀਂ

Original with;
Punjab Vidhan Sabha
Digitized by;
Panjab Digital Library

ਬੋਲਣਾ ਚਾਹੀਦਾ ਕਿਉਂਕਿ ਜਿੰਨੇ ਇਹ ਇਸ ਹਾਊਸ ਵਿਚ ਅਫੈਕਟਿਡ ਹਨ ਹੋਰ ਕੋਈ ਅਫੈਕਟਿਡ ਨਹੀਂ ਹੈ। ਅਸੀਂ ਇਨ੍ਹਾਂ ਤੇ ਰਹਿਮ ਕੀਤਾ ਹੈ। ਅਸੀਂ ਇਨ੍ਹਾਂ ਨੂੰ ਬਿਲਕੁਲ ਛੇੜਨਾ ਨਹੀਂ ਚਾਹੁੰਦੇ।

ਸਰਦਾਰ ਸੁਖਜਿੰਦਰ ਸਿੰਘ ਖੇਰਾ: ਮੇਰੇ ਤੇ ਰਹਿਮ ਕਰਨ ਦੀ ਲੋੜ ਨਹੀਂ ਹੈ। ਮੈਂ ਪਹਿਲਾਂ ਵੀ ਇਸ ਹਾਊਸ ਦਾ ਮੈਂਬਰ ਸੀ ਅੱਜ ਹੁਣ ਵੀ ਇਸ ਹਾਊਸ ਦਾ ਮੈਂਬਰ ਹਾਂ। ਜੇਕਰ ਕੋਈ ਮੇਰੀ ਗਲਤੀ ਹੈ ਤਾਂ ਉਸ ਲਈ ਸਜ਼ਾ ਜ਼ਰੂਰ ਮੈਨੂੰ ਮਿਲਣੀ ਚਾਹੀਦੀ ਹੈ।

ਮੁੱਖ ਮੰਤਰੀ : ਮੈਂ ਤੁਹਾਡਾ ਨਾਂ ਨਹੀਂ ਲੈਂਦਾ। ਇਕ ਸੱਜਣ ਇਥੇ ਬੈਠਾ ਹੈ। ਉਸ ਨਾਲ ਬੜੀਆਂ ਜ਼ਿਆਦਤੀਆਂ ਹੋਈਆਂ ਹਨ। ਉਦੋਂ ਦੇ ਚੀਫ ਮਨਿਸਟਰ ਨੇ ਕਿਹਾ ਕਿ ਇਹ ਮੇਰਾ ਵਜ਼ੀਰ ਮਾੜਾ ਹੈ, ਇਸ ਲਈ ਮੈਂ ਕੱਢ ਦਿੱਤਾ। ਉਨ੍ਹਾਂ ਨੇ ਵੀ ਕਾਊਂਟਰ ਐਲੀਗੇਸ਼ਨਜ਼ ਲਗਾਏ। ਅਸੀਂ ਇਥੇ ਡਰਟੀ ਲਿਨਨ ਸਾਫ ਨਹੀਂ ਕਰਨਾ ਚਾਹੁੰਦੇ। ਮੈਂ ਇੱਕ ਹੋਰ ਅਰਜ਼ ਕਰਨਾ ਚਾਹੁੰਦਾ ਹਾਂ। ਇਨ੍ਹਾਂ ਨੇ ਗਲਾਂ ਕੁਝ ਹੋਰ ਵੀ ਕਹੀਆਂ ਅੱਜ ਉਸ ਕਾਰਨ ਇਨ੍ਹਾਂ ਦਾ ਹਾਲ ਬੁਰਾ ਹੋਇਆ ਹੈ। ਇਨ੍ਹਾਂ ਨੂੰ ਕੀ ਜ਼ਰੂਰਤ ਸੀ ਇਸ ਤਰ੍ਹਾਂ ਦੀਆਂ ਗਲਾਂ ਕਰਨ ਦੀ। ਆਪਣੀ ਪਾਰਟੀ ਵਿਚ ਸੌ ਵਾਰੀ ਗਲਾਂ ਕਰਨ, ਗੰਦ ਉਛਾਲਣ, ਸਾਨੂੰ ਕੋਈ ਇਤਰਾਜ਼ ਨਹੀਂ ਲੇਕਿਨ ਗਵਰਨਰ ਨੂੰ ਲਿਖਿਆ ਗਿਆ। ਜਿਸ ਤਰ੍ਹਾਂ ਮਥਜ਼ੀ ਕਰਨ ਮੈਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ। (ਵਿਘਨ) ਮੈਂ ਨਹੀਂ ਕਹਿੰਦਾ ਕਿ ਗਵਰਨਰ ਨੂੰ ਚਿੱਠੀ ਲਿਖੋ, ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਮੈਂ ਕੁਝ ਨਹੀਂ ਕਹਿਣਾ। ਜਦ ਇਨ੍ਹਾਂ ਨੇ ਆਪ ਮੰਨ ਲਿਆ ਹੈ ਤਾਂ ਮੈਂ ਕੁਝ ਨਹੀਂ ਕਹਿਣਾ (ਵਿਘਨ) ਇਸ ਕਰਕੇ ਇਹ ਕਹਿਣਾ ਕਿ ਇਹ ਫਲਾਣੇ ਦਾ ਬੰਦਾ ਹੈ, ਇਹ ਠੀਕ ਨਹੀਂ ਹੈ। ਸਰਦਾਰ ਹਰਚਰਨ ਸਿੰਘ ਹੋਰਾਂ ਬਾਰੇ ਕਿਹਾ ਗਿਆ। ਇਨ੍ਹਾਂ ਨੂੰ ਪਤਾ ਨਹੀਂ ਕਿ ਉਹ ਵੀ ਪਾਰਟੀ ਦੇ ਬੰਦੇ ਹਨ। ਜਦੋਂ ਇਨ੍ਹਾਂ ਨੂੰ ਕਿਹਾ ਗਿਆ ਤਾਂ ਇਹ ਸ਼ਾਮਿਲ ਹੋਏ। ਸਰਦਾਰ ਗੁਰਦਰਸ਼ਨ ਸਿੰਘ ਬਾਰੇ ਕਿਹਾ ਗਿਆ, ਇਹ ਤਾਂ ਆਏ ਨਹੀਂ, ਰਹਿ ਗਏ। ਇਸ ਤਰ੍ਹਾਂ ਦੀਆਂ ਗਲਾਂ ਕਹਿਣੀਆਂ ਠੀਕ ਨਹੀਂ ਹਨ। ਉਹ ਸਾਫ ਸੁਥਰੇ ਸਾਡੇ ਮੈਂਬਰ ਹਨ। ਕੋਈ ਉਨ੍ਹਾਂ ਵਲ ਉਂਗਲ ਨਹੀਂ ਕਰ ਸਕਦਾ। ਇਸ ਤਰ੍ਹਾਂ ਕਰਕੇ ਤੁਸੀਂ ਸਾਨੂੰ ਲੜਾ ਨਹੀਂ ਸਕਦੇ (ਵਿਘਨ) ਮੈਂ ਹੁਣ ਕੁਝ ਇਨਫਰਮੇਸ਼ਨ ਦੇਣਾ ਚਾਹੁੰਦਾ ਹਾਂ। ਆਨੰਦਪੁਰ ਸਾਹਿਬ ਸ਼ਾਨਨ ਔਰ ਮੁਕੇਰੀਆਂ ਪ੍ਰਾਜੈਕਟਸ ਦੀ ਕੰਪਲੀਸ਼ਨ ਵਿੱਚ ਵਕਫਾ ਜਿਹੜਾ ਰਖਿਆ ਗਿਆ ਸੀ ਉਹ ਲੰਬਾ ਚੌੜਾ ਸੀ। ਅਸੀਂ ਸੱਤ, ਅੱਠ ਮਹੀਨੇ ਐਡਵਾਂਸ ਵਿੱਚ ਇਹ ਪੂਰੇ ਕਰਨੇ ਹਨ ਤਾਕਿ ਬਿਜਲੀ ਦੀ ਘਾਟ ਜ਼ਿਆਦਾ ਤੋਂ ਜ਼ਿਆਦਾ ਰਿਡਊਸ ਕੀਤੀ ਜਾਏ। ਸਾਨੂੰ ਜਿਹੜੀ ਹੁਣ ਦਸ ਬਾਰਾਂ ਘੰਟੇ ਬਿਜਲੀ ਤੇ ਕੱਟ ਲਾਉਣੀ ਪੈਂਦੀ ਹੈ, ਇਹ ਰਿਮੂਵ ਹੋ ਸਕੇ। ਇਹ ਸਰਕਾਰ ਲੋਕਾਂ ਦੀ, ਜੋ ਪੰਜਾਬ ਵਿਚ ਰਹਿਣ ਵਾਲੇ ਹਨ, ਉਨ੍ਹਾਂ ਦੀ ਹੈ। ਹਾਲੇ ਮੈਂ ਲੈਂਡ ਰਿਫਾਰਮਜ਼ ਦੀ ਗਲ ਨਹੀਂ ਕੀਤੀ। ਜਿਹੜੇ ਬੰਧੇਜ ਹਨ, ਉਨ੍ਹਾਂ ਵਿਚ ਰਹਿੰਦੇ ਹੋਏ ਉਸ ਕਮੀ ਦੀ ਪੂਰਤੀ ਲਈ ਸਾਰੀਆਂ ਪਾਰਟੀਆਂ ਇਕੱਠੀਆਂ ਖੜੀਆਂ ਹੋਣ ਮੈਂ ਐਨੀ ਗਲ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਇਥੇ ਕਿਹਾ ਗਿਆ ਹੈ ਔਰ ਜੋ ਮੈਂ ਅਰਜ਼ ਕੀਤੀ ਹੈ ਉਸ ਮੁਤਾਬਿਕ ਅਸੀਂ ਕਿਸਾਨਾਂ ਲਈ, ਮਜ਼ਦੂਰਾਂ ਲਈ, ਪੇਂਡੂ ਦਿਹਾਤੀਆਂ ਲਈ, ਸ਼ਹਿਰਾਂ ਵਿਚ ਰਹਿਣ ਵਾਲਿਆਂ ਲੋਕਾਂ ਦੀ ਉਨ੍ਹਾਂ ਦਾ ਆਦਰ ਮਾਣ ਕਰਦੇ ਹੋਏ, ਡਿਵੈਲਪਮੈਂਟ ਵਾਸਤੇ ਸਾਡੀ ਕੋਸ਼ਿਸ਼ ਰਹੇਗੀ।

ਇਹ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦੋ ਚੀਜ਼ਾਂ ਦਾ ਕੱਤਅਨ ਜ਼ਿਕਰ ਨਹੀਂ ਕੀਤਾ। ਇੱਕ ਲਾਅ ਐਂਡ ਆਰਡਰ ਔਰ ਦੂਸਰੇ ਇੰਡਸਟਰੀਜ਼ ਬਾਰੇ ਨਹੀਂ ਜ਼ਿਕਰ ਕੀਤਾ। ਇਹ ਦੋ ਬਹੁਤ ਇੰਪਾਰਟੈਂਟ ਫੈਕਟਰਜ਼ ਛੱਡੇ ਗਏ ਹਨ। ਇੰਡਸਟਰੀਜ਼ ਦੇ ਬਾਰੇ ਮੈਂ ਐਨਾ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪ੍ਰਾਜੈਕਟ ਹੁਣ ਲਿਆਂਦੇ ਹਨ ਔਰ ਸਮਾਲ ਸਕੇਲ ਇੰਡਸਟਰੀਜ਼ ਸਰਦਾਰ

Original with;
Punjab Vidhan Sabha
Digitized by;
Panj

[ਮੁੱਖ ਮੰਤਰੀ]

ਪ੍ਰਤਾਪ ਸਿੰਘ ਵੇਲੇ ਦੀ ਬਣੀ ਹੋਈ ਚੱਲ ਰਹੀ ਹੈ। ਵੱਡੀਆਂ ਇੰਡਸਟਰੀਜ਼ ਲਿਆਉਣ ਵਾਸਤੇ ਸਾਡੀ ਕੋਸ਼ਿਸ਼ ਹੈ, ਸਫਲਤਾ ਹੋਏਗੀ।

ਇਨ੍ਹਾਂ ਸ਼ਬਦਾਂ ਨਾਲ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਸਰ ਮੈਂ ਦੋ ਪੁਆਇੰਟਸ ਬਾਰੇ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ। ਇਹ ਪਰੰਪਰਾ ਰਹੀ ਹੈ ਕਿ ਕਲੈਰੀਫਿਕੇਸ਼ਨ ਲੈ ਸਕਦੇ ਹਾਂ। ਸਰ, ਮੈਂ ਐਫ.ਐਮ., ਸਾਹਿਬ ਨੂੰ ਬੇਨਤੀ ਕਰਾਂਗਾ ਔਰ ਇਨ੍ਹਾਂ ਦਾ ਧਿਆਨ ਖਾਸ ਤੌਰ ਤੇ ਇਸ ਗਲ ਵਲ ਲਿਆਵਾਂਗਾ ਕਿ ਕੁਲ ਬਜਟ ਵਿਚ 70 ਕਰੋੜ ਦਾ ਘਾਟਾ ਹੈ ਔਰ ਜਿਹੜੀ 4 ਕਰੋੜ ਦਾ ਸੇਲਜ਼ ਟੈਕਸ ਵਿਚ 1% ਵਾਧਾ ਕਰਨ ਨਾਲ ਆਮਦਨ ਹੋਣੀ ਸੀ ਉਹ ਇਨ੍ਹਾਂ ਨੇ ਹਾਲੇ ਨਹੀਂ ਲਾਉਣਾ। ਉਸ ਨਾਲ ਇਹ ਘਾਟਾ 74 ਕਰੋੜ ਦਾ ਹੋ ਜਾਣਾ ਹੈ। ਜਿਸ ਢੰਗ ਨਾਲ ਇਨਫਲੇਸ਼ਨ ਹੋ ਰਹੀ ਹੈ, ਪ੍ਰਾਇਸਿਜ਼ ਵਿੱਚ ਵਾਧਾ ਹੋ ਰਿਹਾ ਹੈ ਮੈਨੂੰ ਸ਼ੱਕ ਹੈ ਕਿ ਚਾਰ ਪੰਜ ਵਾਰੀ ਐਡੀਸ਼ਨਲ ਡੀ.ਏ. ਦੇਣਾ ਪਏਗਾ ਜਿਸ ਨਾਲ 15,20 ਕਰੋੜ ਰੁਪਏ ਦਾ ਸਰਕਾਰ ਤੇ ਹੋਰ ਬੋਝ ਪੈਣਾ ਹੈ। ਉਸ ਨਾਲ ਇਹ ਪਲੈਨ ਦਾ ਸਾਈਜ਼ 226 ਕਰੋੜ ਦਾ ਰਹਿ ਜਾਣਾ ਹੈ। ਜੇ ਪ੍ਰਾਈਸ ਇੰਡੈਕਸ ਹੋਰ ਵੱਧ ਗਿਆ ਤਾਂ ਇਹ 200 ਕਰੋੜ ਦੀ ਪਲੈਨ ਰਹਿ ਜਾਣੀ ਹੈ। ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਇਹ ਦੱਸਣ ਕਿ ਇਹ ਘਾਟਾ ਕਿਸ ਤਰ੍ਹਾਂ ਪੂਰਾ ਕਰਨਗੇ ?

EXTENSION OF TIME OF THE SITTING

Mr. Speaker : Is it the pleasure of the House ਕਿ ਹਾਊਸ ਦਾ ਸਮਾਂ 15 ਮਿੰਟ ਹੋਰ ਵਧਾ ਦਿੱਤਾ ਜਾਵੇ ?

ਆਵਾਜ਼ਾਂ : ਹਾਂ ਜੀ, ਹਾਂ ਜੀ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਵਧਾਇਆ ਜਾਂਦਾ ਹੈ।

THE PUNJAB APPROPRIATION (NO. 2) BILL, 1980

(Resumption of Consideration)

ਸਰਦਾਰ ਬਲਵੰਤ ਸਿੰਘ : ਇਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ। ਅਸੀਂ ਦੇਰ ਤੱਕ ਬੈਠਣ ਲਈ ਤਿਆਰ ਹਾਂ। ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਫਾਈਨੈਂਸ ਮਨਿਸਟਰ ਸਾਹਿਬ ਨੇ ਬਿਲਕੁਲ ਬਜਾ ਕਿਹਾ ਹੈ ਕਿ ਸਤਵੇਂ ਫਾਈਨੈਂਸ ਕਮਿਸ਼ਨ ਨੇ 419 ਕਰੋੜ ਰੁਪਿਆ ਦਿੱਤਾ ਸੀ ਅਤੇ ਛੇਵੇਂ ਫਾਈਨੈਂਸ ਕਮਿਸ਼ਨ ਨੇ 168 ਕਰੋੜ ਰੁਪਿਆ ਦਿੱਤਾ ਸੀ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਕਿਹਾ ਕਿ ਪਿਛਲੇ 3 ਸਾਲਾਂ ਵਿਚ ਪੰਜਾਬ ਦੇ ਉਤੇ ਲੋਨ, ਕਰਜ਼ਾ ਵੱਧ ਗਿਆ, ਕੀ ਇਹ ਸਹੀ ਹੈ ਕਿ ਸੈਂਟਰਲ ਅਸਿਸਟੈਂਸ ਦਾ ਜਿਹੜਾ ਪੈਟਰਨ ਹੈ ਸਾਰੇ ਦੇਸ਼ ਵਿਚ ਉਹ ਇਹ ਹੈ ਕਿ ਜਦ ਪੈਸੇ ਦਿੱਤੇ ਜਾਣ ਤਾਂ 70% ਕਰਜ਼ਾ ਹੋਵੇਗਾ ਅਤੇ 30% ਗਰਾਂਟ ਹੋਵੇਗੀ ? ਜੇ ਇਹ ਸਹੀ ਹੈ ਤਾਂ ਜਿਹੜਾ 3 ਸਾਲਾਂ ਵਿਚ ਭਾਰ ਵਧਿਆ ਹੈ ਕੀ ਇਹ ਇੰਡੀਕੇਟਰ ਨਹੀਂ ਕਿ ਉਦੋਂ ਸੈਂਟਰਲ ਅਸਿਸਟੈਂਸ ਜ਼ਿਆਦਾ ਮਿਲੀ ਹੈ ?

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਇਕ ਕਲੈਰੀਫੀਕੇਸ਼ਨ ਲੈਣੀ ਚਾਹੁੰਦਾ ਹਾਂ। ਸੀ.ਐਮ. ਸਾਹਿਬ ਨੇ ਕੁਝ ਦਿਨ ਪਹਿਲਾਂ ਇਥੇ ਇਕ ਸਵਾਲ ਦੇ ਜਵਾਬ ਵਿਚ ਅਟਾਮਿਕ

Original with;
Punjab Vidhan Sabha
Digitized by;
Panjab Digital Library

ਅਨਰਜੀ ਪਲਾਂਟ ਦੇ ਬਾਰੇ ਕਿਹਾ ਸੀ ਲੇਕਿਨ ਅੱਜ ਪਤਾ ਨਹੀਂ ਉਹ ਇਸ ਬਾਰੇ ਦੱਸਣਾ ਭੁਲ ਗਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਇਸ ਬਾਰੇ ਦੱਸ ਦੇਣ ਕਿ ਕੀ ਕਰ ਰਹੇ ਹਨ ?

ਮੁੱਖ ਮੰਤਰੀ : ਮੈਂ ਸਾਰੀ ਇੰਡਸਟਰੀ ਦਾ ਜ਼ਿਕਰ ਨਹੀਂ ਕੀਤਾ । (ਵਿਘਨ) ਜਿਥੋਂ ਤਕ ਅਟਾਮਿਕ ਅਨਰਜੀ ਪਲਾਂਟ ਦਾ ਤੁਅੱਲਕ ਹੈ ਅਸੀਂ ਸੈਂਟਰ ਨੂੰ ਲਿਖਿਆ ਹੈ ਕਿ ਸਾਨੂੰ ਇਸ ਨੂੰ ਲਾਉਣ ਦੀ ਆਗਿਆ ਦਿੱਤੀ ਜਾਵੇ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਜੋ ਸਾਬਕਾ ਫਾਈਨੈਂਸ ਮਨਿਸਟਰ, ਸਰਦਾਰ ਬਲਵੰਤ ਸਿੰਘ, ਨੇ ਦੋ ਸਵਾਲ ਕੀਤੇ ਹਨ ਮੈਂ ਉਨ੍ਹਾਂ ਦਾ ਜਵਾਬ ਦੇਣ ਲੱਗਾ ਹਾਂ। ਉਨ੍ਹਾਂ ਨੇ ਇਕ ਤਾਂ ਇਹ ਜ਼ਿਕਰ ਕੀਤਾ ਹੈ ਕਿ ਸੈਂਟਰਲ ਅਸਿਸਟੈਂਸ ਨਾਲ ਕਰਜ਼ਾ ਵਧਿਆ, ਸਾਡੇ ਤੇ ਭਾਰ ਪਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜਾ ਕਰਜ਼ਾ ਹੈ ਇਸ ਨੂੰ ਛੱਡ ਦੇਈਏ ਅਤੇ ਨਾ ਲਈਏ । (ਵਿਘਨ)

ਸਰਦਾਰ ਬਲਵੰਤ ਸਿੰਘ : ਮੈਂ ਇਹ ਚੀਜ਼ ਨਹੀਂ ਕਹੀ। ਮੈਂ ਕਿਹਾ ਸੀ ਕਿ ਜਦ ਪੈਸੇ ਮਿਲਦੇ ਹਨ ਤਾਂ 70% ਕਰਜ਼ਾ ਹੁੰਦਾ ਹੈ ਅਤੇ 30% ਗਰਾਂਟ ਹੁੰਦੀ ਹੈ। ਇਸ ਲਈ ਇਹ ਜਿਹੜਾ ਕਿਹਾ ਗਿਆ ਕਿ 3 ਸਾਲਾਂ ਵਿਚ ਭਾਰ ਵਧਿਆ, ਕੀ ਇਹ ਇੰਡੀਕੇਟਰ ਨਹੀਂ ਕਿ ਉਦੋਂ ਸੈਂਟਰਲ ਅਸਿਸਟੈਂਸ ਜ਼ਿਆਦਾ ਮਿਲੀ ਸੀ ?

ਵਿੱਤ ਮੰਤਰੀ : ਇਨ੍ਹਾਂ ਨੇ ਖਾਸ ਐਫਰਟਸ ਨਹੀਂ ਕੀਤੀਆਂ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਸੈਂਟਰਲ ਪੈਟਰਨ ਜਿਹੜਾ ਹੁੰਦਾ ਹੈ ਉਸ ਦੇ ਮੁਤਾਬਿਕ ਹੀ ਡਿਵੀਜ਼ਨ ਹੁੰਦੀ ਹੈ। ਉਸ ਦੇ ਮੁਤਾਬਿਕ ਹੀ ਲੋਨ ਅਤੇ ਗਰਾਂਟ ਆਦਿ ਮਿਲਦੀ ਹੈ। ਪਿਛਲੇ ਸਾਲ ਜ਼ਰੂਰ ਕਰਜ਼ਾ ਵੱਧ ਮਿਲਿਆ ਪਰ ਨਾਲ ਹੀ ਇੰਟਰੈਸਟ ਦੀ ਲਾਇਬਿਲਿਟੀ ਵੀ ਵਧੀ ਹੈ ਕਿਉਂਕਿ ਇਨ੍ਹਾਂ ਨੇ ਉਹ ਲਾਇਬਿਲਿਟੀ ਹਟਾਉਣ ਲਈ ਜਾਂ ਘਟਾਉਣ ਦਾ ਕੋਈ ਪ੍ਰਬੰਧ ਨਹੀਂ ਕੀਤਾ । ਇਨ੍ਹਾਂ ਦੇ ਮੁਤਾਬਿਕ ਜੇ 300 ਕਰੋੜ ਰੁਪਏ ਦੀ ਪਲਾਨ ਹੁੰਦੀ ਤਾਂ 55 ਕਰੋੜ ਰੁਪਏ ਦਾ ਘਾਟਾ ਹੁੰਦਾ । ਪਰ ਮੈਂ ਦੱਸਦਾ ਹਾਂ ਕਿ 300 ਕਰੋੜ ਦੀ ਪਲਾਨ ਵੇਲੇ 95.69 ਕਰੋੜ ਰੁਪਏ ਦਾ ਘਾਟਾ ਹੋਇਆ ਸੀ । 1979-80 ਦੇ ਬੱਜਟ ਦੇ ਮੁਤਾਬਿਕ ਜੇ ਪਲਾਨ 300 ਕਰੋੜ ਰੁਪਏ ਦੀ ਹੁੰਦੀ ਤਾਂ ਇਨ੍ਹਾਂ ਦੇ ਮੁਤਾਬਿਕ 83.82 ਕਰੋੜ ਰੁਪਏ ਦਾ ਘਾਟਾ ਹੁੰਦਾ । ਇਨ੍ਹਾਂ ਨੇ ਇਸ ਸਾਰੇ ਗੈਪ ਨੂੰ ਪੂਰਾ ਕਰਨ ਦਾ ਯਤਨ ਨਹੀਂ ਕੀਤਾ । ਅੱਜ ਇਹ ਸਾਨੂੰ ਕਹਿੰਦੇ ਹਨ ਕਿ ਅਸੀਂ ਰਿਸੋਰਸਿਜ਼ ਕਿਥੋਂ ਪੈਦਾ ਕਰਾਂਗੇ ? ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਬਣੀ ਨੂੰ ਸਿਰਫ ਇਕ ਮਹੀਨਾ ਹੋਇਆ ਹੈ। ਰਾਜ ਭਾਗ ਸੰਭਾਲਣ ਦੇ ਬਾਅਦ ਅਸੀਂ ਸੋਚਣਾ ਚਾਹੁੰਦੇ ਸੀ ਕਿ ਇਹ ਸਾਰਾ ਗੈਪ ਪੂਰਾ ਕਰਨ ਲਈ ਕੀ ਯਤਨ ਕੀਤਾ ਜਾਵੇ। ਤੁਸੀਂ 2 ਸਾਲਾਂ ਵਿਚ ਗੈਪ ਪੂਰਾ ਨਹੀਂ ਕੀਤਾ। ਤੁਸੀਂ ਇਤਨਾ ਚਿਰ ਕੁਝ ਨਹੀਂ ਕਰ ਸਕੇ। ਤੁਸੀਂ ਢਾਈ ਸਾਲਾਂ ਬਾਅਦ ਚਲੇ ਗਏ ਪਰ ਗੈਪ ਪੂਰਾ ਨਹੀਂ ਕੀਤਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ 5 ਸਾਲ ਚਲੇਗੀ ਅਤੇ ਇਹ ਜਿਹੜਾ 70 ਕਰੋੜ ਰੁਪਏ ਦਾ ਘਾਟਾ ਹੈ ਉਸ ਲਈ ਵੀ ਅਸੀਂ ਰਿਸੋਰਸਿਜ਼ ਸੋਚ ਸਮਝ ਕੇ ਪੈਦਾ ਕਰਾਂਗੇ ਅਤੇ ਉਸ ਨੂੰ ਪੂਰਾ ਕਰਾਂਗੇ । ਇਥੇ ਸੇਲਜ਼ ਟੈਕਸ ਬਾਰੇ ਗੱਲ ਕੀਤੀ ਗਈ। ਸੇਲਜ਼ ਟੈਕਸ ਦੇ ਸਟਰੱਕਚਰ ਨੂੰ ਆਸਾਨ ਬਣਾਉਣ ਲਈ ਅਸੀਂ ਮੁੜ ਕੇ ਸੋਚਾਂਗੇ ਅਤੇ ਇਹ ਜਿਹੜਾ 1% ਵਧਾਇਆ ਹੈ ਇਸ ਉਤੇ ਦੁਬਾਰਾ ਸੋਚਕੇ ਫਿਰ ਇਸ ਨੂੰ ਲਾਗੂ ਕਰਾਂਗੇ। ਮੈਂ ਫਿਰ ਯਕੀਨ ਦਿਵਾਉਂਦਾ ਹਾਂ ਕਿ ਪੰਜਾਬ ਸਰਕਾਰ ਰਿਸੋਰਸਿਜ਼ ਮੋਬਲਾਈਜ਼ ਕਰਨ ਤੇ ਪੂਰਾ ਜ਼ੋਰ ਦੇਵੇਗੀ ਅਤੇ ਇਹ ਜਿਹੜਾ 70 ਕਰੋੜ ਰੁਪਏ ਦਾ ਘਾਟਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹੈ ਇਸ ਨੂੰ ਸਰਕਾਰ ਪੂਰਾ ਕਰੇਗੀ। ਇਨ੍ਹਾਂ ਵਾਂਗਰ ਅਸੀਂ ਘਾਟਾ ਨਹੀਂ ਛੱਡ ਕੇ ਜਾਵਾਂਗੇ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਸ ਐਪਰੋਪਰੀਏਸ਼ਨ ਬਿੱਲ ਨੂੰ ਪਾਸ ਕੀਤਾ ਜਾਵੇ।

Mr. Speaker : Question is—

That the Punjab Appropriation (No. 2) Bill be taken into consideration at once.

The motion was carried.

Mr. Speaker : Now the House will proceed to consider the Bill clause by clause.

Clause 2

Mr. Speaker : Question is—

That Clause 2 stand part of the Bill.

The motion was carried.

Clause 3

Mr. Speaker : Question is—

That Clause 3 stand part of the Bill.

The motion was carried.

SCHEDULE

Mr. Speaker : Question is—

That the Schedule stand part of the Bill.

The motion was carried.

Clause 1

Mr. Speaker : Question is—

That Clause 1 stand part of the Bill.

The motion was carried.

TITLE

Mr. Speaker : Question is—

That Title be the title of the Bill.

The motion was carried.

Finance Minister (Doctor Kewal Krishan) : Sir, I beg to move—

That the Punjab Appropriation (No. 2) Bill be passed.

Original with;
Punjab Vidhan Sabha
Digitized by;
Panjab Digital Library

Mr. Speaker : Motion moved—

That the Punjab Appropriation (No.2) Bill be passed.

Mr. Speaker : Question is—

That the Punjab Appropriation (No.2) Bill be passed.

The motion was carried.

Mr. Speaker: The House stands adjourned till 2.00 P.M. on Monday, the 21st July, 1980.

*8,20 P.M. (*The Sabha then *till adjourned 2.00 P.M. on Monday, the 21st July, 1980).*

44178 PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1980

Published under the authority of Punjab Vidhan Sabha and Printed by the Controller, Government Press, U. T., Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

21st July, 1980

Vol.–I No. 19

OFFICIAL REPORT

CONTENTS

Monday, the 21st July, 1980

	Page
Obituary Reference ..	(19)1
Starred Questions and Answers ..	(19)1
Written Answers to Starred Questions laid on the Table of the House under Rule 38 ..	(19)25
Unstarred Questions and Answers ..	(19)27
Call Attention Notices under Rule 66 ..	(19)40
LEGISLATIVE BUSINESS	
Resolution under Article 213(2)(a) of the Constitution of India disapproving the Punjab Panchayat Samitis and Zila Parishads (Temporary Supersession) Amendment Ordinance,1980,(Punjab Ordinance No. 3 of 1980)	
AND	
The Punjab Panchayat Samitis and Zila Parishads (Temporary Supersession) Amendment Bill, 1980 ..	(19)42

Punjab Vidhan Sabha Secretariat, Chandigarh.

Price Rs. 31-00 P.

Original with
Punjab Vidhan Sabha
Digitized by
Panjab Digital Library

Punjab Vidhan Sabha Debates

Page

Resolution under Article 213 (2)(a) of the Constitution of India disapproving the Punjab Courts (Second Amendment) Ordinance, 1980 (Punjab Ordinance No. 4 of 1980) ..

AND

The Punjab Courts (Amendment) Bill, 1980. .. (19)65

Resolution under Article 213 (2)(a) of the Constitution of India disapproving the Punjab Agricultural Produce Markets (Amendment) Ordinance, 1980 (Punjab Ordinance No. 5 of 1980)

AND

The Punjab Agricultural Produce Markets (Amendment) Bill, 1980 .. (

Extension of Time of the Sitting ..

Resolution under Article 213 (2) (a) of the Constitution of India disapproving the Punjab Agricultural Produce Markets (Amendment) Ordinance, 1980 (Punjab Ordinance No. 5 of 1980)

AND

The Punjab Agricultural Produce Markets (Amendment) Bill, 1980 (*Resumption of consideration*),

The Punjab Nurses Registration (Amendment and Validation) 1980

The Punjab Medical Registration (Amendment and Valida Bill, 1980

Appendix.

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Monday, the 21st July, 1980

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Shri Brij Bhushan Mehra) in the Chair.

OBITUARY REFERENCE

ਸ਼੍ਰੀ ਸਪੀਕਰ : ਮੈਂ ਨੂੰ ਬੜੇ ਦੁਖ ਨਾਲ ਸਦਨ ਨੂੰ ਦੱਸਣਾ ਪੈਂਦਾ ਹੈ ਕਿ ਸਾਡੇ ਸਦਨ ਦੇ ਇਕ ਪੁਰਾਣੇ ਮੈਂਬਰ ਕਾਮਰੇਡ ਹਰਦਿੱਤ ਸਿੰਘ ਭੱਠਲ ਦੀ ਮੌਤ ਹੋ ਗਈ ਹੈ। ਉਹ 1969 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਹ ਪੈਪਸੂ ਲੇਜਿਸਲੇਟਿਵ ਅਸੈਂਬਲੀ ਦੇ ਵੀ ਮੈਂਬਰ ਰਹੇ ਸਨ। ਉਨ੍ਹਾਂ ਨੇ 1919 ਵਿਚ ਨੈਸ਼ਨਲ ਮੂਵਮੈਂਟ ਅੌਰ ਅਕਾਲੀ ਮੂਵਮੈਂਟਸ ਵਿਚ ਹਿੱਸਾ ਲਿਆ ਸੀ। ਮੈਂ ਵਿਲਮਬਤ ਆਤਮਾ ਦੀ ਸ਼ਾਂਤੀ ਲਈ ਪ੍ਰਮਾਤਮਾ ਅਗੇ ਦੁਆ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੀ ਵਿਛੜੀ ਆਤਮਾ ਨੂੰ ਸ਼ਾਂਤੀ ਦੇਵੇ। ਇਸ ਹਾਊਸ ਵਲੋਂ ਮੈਂ ਉਨ੍ਹਾਂ ਦੇ ਦੁੱਖੀ ਪ੍ਰੀਵਾਰ ਨੂੰ ਸ਼ੋਕ ਦਾ ਮਤਾ ਭੇਜ ਦੇਵਾਂਗਾ। ਮੈਂ ਹੁਣ ਮਾਨਯੋਗ ਮੈਂਬਰਜ਼ ਅਗੇ ਬੇਨਤੀ ਕਰਾਂਗਾ ਕਿ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ 2 ਮਿੰਟ ਲਈ ਉਹ ਮੌਨ ਧਾਰਨ ਲਈ ਖੜੇ ਹੋ ਜਾਣ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਰ, ਮੈਂ ਕੁਝ ਕਹਿਣਾ ਚਾਹਾਂਗਾ।

ਸ਼੍ਰੀ ਸਪੀਕਰ : ਹੁਣ ਮੈਂ ਓਬੀਚੂਅਰੀ ਰੈਫਰੈਂਸ ਕਰ ਚੁੱਕਾ ਹਾਂ। (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਕੁਐਸ਼ਚਨ ਆਵਰ ਤੋਂ ਬਾਅਦ ਅਲਾਓ ਕਰ ਦੇਣਾ। (ਵਿਘਨ)

ਮਾਸਟਰ ਬਾਬੂ ਸਿੰਘ: ਸਰ, ਅਸੀਂ ਪਿਛਲੀ ਪ੍ਰੰਪਰਾ ਤੋੜ ਰਹੇ ਹਾਂ। ਸਾਨੂੰ ਬੋਲਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ। (ਵਿਘਨ)

(ਇਸ ਵਕਤ ਸਦਨ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ 2 ਮਿੰਟ ਲਈ ਮੌਨ ਧਾਰਨ ਲਈ ਖੜੇ ਹੋ ਗਏ)

ਸ਼੍ਰੀ ਸਪੀਕਰ : ਤਸ਼ਰੀਫ ਰਖੋ ਜੀ। ਸਟਾਰਡ ਕੁਐਸਚਨਜ਼

STARRED QUESTIONS AND ANSWERS

ਖਿਡਾਰੀਆ ਦੇ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਖੇਡਾਂ ਵਿਚ ਹਿੱਸਾ ਲੈਣ ਅਨੁਸਾਰ ਮਿਥੇ ਗਏ ਖੇਡ ਸਰਟੀਫਿਕੇਟ

*186. 1. **ਸਰਦਾਰ ਸੁਰਜੀਤ ਸਿੰਘ ਬਰਨਾਲਾ**
2. **ਸਰਦਾਰ ਹਰਚਰਨ ਸਿੰਘ ਹੀਰੋ** } : ਕੀ ਵਿਦਿਆ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ—

(ੳ) ਕੀ ਖਿਡਾਰੀਆਂ ਨੂੰ ਜਾਰੀ ਕੀਤੇ ਜਾਂਦੇ ਖੇਡ ਸਰਟੀਫਿਕੇਟ, ਉਨ੍ਹਾਂ ਦੇ ਅੰਤਰਰਾਸ਼ਟਰੀ, ਰਾਸ਼ਟਰੀ, ਰਾਜ ਅਤੇ ਯੂਨੀਵਰਸਿਟੀ ਦੀਆਂ ਖੇਡਾਂ ਵਿਚ ਹਿੱਸਾ ਲੈਣ ਅਨੁਸਾਰ

Original with;
Punjab Vidhan Sabha
Digitized by
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ
ਸਰਦਾਰ ਹਰਚਰਨ ਸਿੰਘ ਹੀਰੋ]

ਮਿਥੇ ਜਾਂਦੇ ਹਨ ; ਜੇ ਕਰ ਅਜਿਹਾ ਹੋਵੇ ਤਾਂ ਕੀ ਅਪ੍ਰੈਲ, 1980 ਵਿਚ ਨਿਯਮ ਸੋਧੇ ਗਏ ਹਨ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ;

(ਅ) ਕੀ 1 ਅਪ੍ਰੈਲ, 1980 ਤੋਂ ਬਾਅਦ ਖਿਡਾਰੀਆਂ ਨੂੰ ਕੋਈ ਸਰਟੀਫਿਕੇਟ ਜਾਰੀ ਕੀਤੇ ਗਏ ;

(ਏ) ਜੇਕਰ ਭਾਗ (ਅ) ਦਾ ਉਤਰ 'ਹਾਂ' ਵਿਚ ਹੋਵੇ, ਤਾਂ ਕੀ ਉਕਤ ਸਰਟੀਫਿਕੇਟ ਜਾਰੀ ਕਰਨ ਲਈ ਕੋਈ ਫੀਸ ਲਈ ਗਈ ਹੈ ;

(ਸ) ਉਪਰੋਕਤ ਭਾਗ (ਏ) ਵਿਚ ਵਰਣਿਤ ਕਿੰਨੇ ਸਰਟੀਫਿਕੇਟ ਜਾਰੀ ਕੀਤੇ ਗਏ ;

(ਹ) ਕੀ ਸਰਕਾਰ ਨੇ ਕੋਈ ਹੋਰ ਹੁਕਮ ਜਾਰੀ ਕੀਤਾ ਹੈ ਕਿ 1 ਅਪ੍ਰੈਲ, 1980 ਤੋਂ ਬਾਅਦ ਜਾਰੀ ਕੀਤੇ ਗਏ ਸਰਟੀਫਿਕੇਟ 1 ਅਪ੍ਰੈਲ, 1981 ਤੋਂ ਲਾਗੂ ਹੋਣਗੇ ?

ਸਰਦਾਰ ਹਰਚਰਨ ਸਿੰਘ : (ਓ) ਹਾਂ ਜੀ । ਵਿਧੀ ਅਪ੍ਰੈਲ, 1980 ਵਿਚ ਸੋਧੀ ਗਈ ਸੀ। ਵੇਰਵਾ ਹਾਊਸ ਦੀ ਮੇਜ਼ ਤੇ ਰਖਿਆ ਜਾਂਦਾ ਹੈ। ਇਹ 1 ਅਪ੍ਰੈਲ, 1981 ਤੋਂ ਲਾਗੂ ਹੋਵੇਗੀ।

(ਅ) ਹਾਂ ਜੀ ।

(ਏ) ਨਹੀਂ ਜੀ ।

(ਸ) 175

(ਹ) ਨਹੀਂ ਜੀ ।

A copy of letter No. 47/13/79-ɔ Edu(5). dated nil from the Punjab Government. Education Department, Education V Branch, Secretary to Government, Punjab, Education Department addressed to all Heads of Departments, Registrar, Punjab and Haryana High Court, Commissioners of Divisions. Deputy Commissioners. District and Sessions Judges and Sub Divisional Officers in the State.

Subject.—Reservation of seats for outstanding Sportsmen/Women in Technical/Medical Institutions and Services of the State Government.

Sir,

In supersession of Punjab Government letter No. 1751-2Edu-III-77/17407, dated 10th May, 1977, I am directed to inform you that the Government, after careful consideration, have decided to lay down the following criteria for judging whether a person is a sportsman/sports woman of requisite standard for availing of concessions for reservation of seats for outstanding sportsmen/women in Technical/Medical Institutions and Services of the State Government with effect from 1st April, 1980 :—

GRADE 'A'

1. For getting any of the first six positions in the Olympic games.
2. For getting any of the first four positions in the World Competitions/Common Wealth Games.
3. For representing India in World Cup Tournaments/competitions.
4. For representing India in Common Wealth Games.
5. For representing India in Olympic Games.

Original with;
Punjab Vidhan Sabha
Digitized by;
Panjab Digital Library

6. For getting any of the first four positions in the Asian Games.

7. For getting any of the first four position s in the Asian Championships.

8. For representing India in Asian Games.

9. For representing in Asian Championships.

10. For representing India in formal Test Matches/Competitions abroad.

11. For representing India in formal Test Matches/Competitions within the country.

GRADE 'B'

1. For getting any of the first three positions in the National Championship/ National Women Sports Festival/Pre-Asian/Inter State and Inter Zonal Championships.

2. For representing All India Combined Universities team for Senior abroad provided one has also earlier participated in the All India Inter Universities Champion- ship for Seniors.

3. For representing the All India Combined Universities team, for Seniors within the country provided one has also participated earlier in the Inter-Varisity Champion- ship for Seniors.

4. For getting any of the 1st three positions in the All India Inter-Varsity Championship for Seniors.

5. For representing the National team for Juniors in the Inter National Meets/ Championships abroad provided one has also participated earlier in the National Championship for Juniors.

6. For representing the national team for Juniors in the Inter National Meets/ Championships/Dual Meets within the country, provided one has also participated in earlier in the National Championship for Juniors.

7. For getting any of the first three positions in the National Championships for Juniors.

8. For representing the All India combined Universities Team for Juniors abroad provided one has also participated earlier in the All India Inter Universities Championships for Juniors.

9. For representing the Combined Universities team for Juniors within the country, provided one has also participated earlier in the All India Inter-University Championship for Juniors.

10. For getting any of the first three positions in All India Inter-Varsity Championships for Juniors.

11. For representing the National Team for schools in the Inter-National Championships/meets abroad provided one has also participated earlier in the National Championship for Schools.

12. For representing the National team for schools in the Inter-National Championships/Meets within the country provided one has also participated earlier in the National Championship for School.

13. For getting any of the first three positions in the National Championship for Schools.

14. For getting any of the first three positions in the All India Rural Sports Championships for Seniors/All India Civil Services Tournaments.

15. For getting any of the first three positions in the All India Rural Sports Championships for Juniors.

16. For getting any of the first three positions in National Championship for Sub-Juniors/Mini Championships.

Original with;
Punjab Vidhan Sabha
Digitized by:
Panjab Digital Library

[ਵਿਦਿਆ ਮੰਤਰੀ]

GRADE 'C'

1. For representing the State team in the Seniors National Championships/National Sports Festival for Women/National Cross Country Meets, provided one has also parti- cipated earlier in the Inter District State Championships for Seniors/Juniors Sports Festival for Women.

2. For representing the Union Territory team in the Seniors National Championships/ National Sports Festival for Women/Meets provided one has also participated in the Union Territory Championships.

3. For achieving any of the first three positions in the Inter-District Championships for Seniors and State Sports Festival for Women.

4. For representing State Civil Services team/State Rural team in National tournaments for Seniors.

5. For achieving any of the first three positions in the Union Territory Championship for Seniors

6. For representing the University Team in the Inter-University Championship for Seniors.

7. For getting any of the first three positions in the Inter-College University Championship for seniors.

8. For getting any of the first three positions in the residential university championship for seniors.

9. For getting any of the first three positions in the State Rural Championship for Seniors.

10. For achivement any of the first three positions in the Inter-College Championships for B Division College Seniors.

11. For achieving any of the first three positions in the Inter-District State Championship for Juniors.

12. For achieving any of the first three positions in the Inter-College University Championships for Juniors.

13. For achieving any of first three positions in the Inter-District State Championship for Schools.

14. For representng the University team in the Inter-University Championship for Junjors.

15. For achieving any of the first three positions in the Union Territory Championship for Schools.

16. For achieving any of the first three positions in the Inter District Rural Sports tournaments for Juniors.

17. For achieving any of the first three positions in the Inter-District State Championship for sub-Juniors/Mini participants.

GRADE 'D'

1. For participating in the Inter-District State Championship for Seniors.

2. For participating in the Inter College University Championships for Seniors/ U.T. Championship.

3. For participating in Inter District Rural Sports Championships for Seniors.

4. For participating in the Inter College University Championships for B Divisions.

5. For participating in the Inter District-Championships for Juniors.

Original with;
Punjab Vidhan Sabha
Digitized by;
Panjab Digital Library

6. For participating in Inter-College Universities Championships for Juniors/U.T. Inter College Championship for Junior.

7. For participating in the Inter-District School Championships.

8. For participating in Inter-Central School Board Championships/U.T. Inter-Schools Championships.

9. For participating in the Inter-District Rural Championship for Junior.

10. For participating in Inter-District Championships for Sub-Juniors Mini Championships.

11. For participating in U.T. Sub-Juniors/Mini Championships.

In this regard general instructions as well as the specimen of the application form and affidavit are attached as Annexure 'A'. The receipt of this letter may be acknowledged.

Application forms will be available from the offices of respective Senior District Sports Officer/District Sports Officers and Headquarters of the Sports Directorate, Punjab at Chandigarh. Each application form will cost Rs. 5.

2. Application will be entertained only if the applicant submits two passport size photographs alongwith the application.

3. Each applicant will bring alongwith the application his/her original certificates and their copies attested by a Gazetted Officer, photostate copies of the original certificates will also be entertained. The applicants will be interviewed before the grading certificate is issued to them. The attested/photostat copies of the certificates will be retained in the peramanent record of the Sports Directorate and the original certificates will be returned.

4. After filling in the applications the applicants will get the facts mentioned therein, verified from the respective Senior District Sports Officers and bring the applications to the Directorate of Sports at Chandigarh personally on Mondays and Tuesdays only. Applicants residing at Chandigarh will get their facts verified from the Sports Officer, U.T., Chandigarh. Others i.e. candidates residing outside Punjab and Chandigarh will bring their applications direct to the Directorate of Sports, Punjab, Chandigarh. No application will be entertained on any other day of the week.

5. If every thing is found in order, the grading certificate will be issued to the applicant the same day.

6. The certificate in a particular financial year will be issued on the performance of the applicant during the preceding two financial years.

7. National Sports Festival for women will be treated at par with the open National Championship.

8. State Sports Festival for Women will be treated at par with the open State Championships.

9. Since the Zonal Competitions are not organised in all the Sports Disciplines hence participation and any position achieved in the zonal competitions will not be entertained for grading purposes.

10. Position in competitions at various level will be counted only if the at least teams from 10 units will take part in it. Otherwise the position, if achieved will be equal to participation only.

11. One who gets higher grade on the merit list will get preference over the one who gets lower grade.

12. One who gets first position will be rated higher than the one who gets second position in a competition of the same level. Similarly second and third positions holders will get preference to third and fourth position holders respectively and so on.

13. One who achieves distinction in the two events will be rated higher than the other who achieves distinction in one event in the competition of the same level.

Original with;
Punjab Vidhan Sabha
Digitized by:
Panjab Digital Library

[ਵਿਦਿਆ ਮੰਤਰੀ]

14. Punjabi domicile benefit for the sportsmen/women who play for other States will be given only in case of the children of Punjab Government/Central Government employees posted outside Punjab.

15. Gradation Certificates will be given only for participation in the Sports disciplines recognised by the IOA/POA and Sports Department, Punjab.

16. In case of individual sports disciplines position in individual events will be considered for gradation and not the position of the teams as a whole.

17. Director Sports, Punjab has the authority to cancel the gradation certificate issued to any applicant at any time. If it is found to have been issued on false or incorrect statement/record.

18. The applicant will be required to submit alongwith the application, his/her affidavit duly attested by the Magistrate Class regarding his/her achievements (Sports) on a stamp paper of Rs. 3. In case of minor the affidavit will be given by the parents/guardian in respect of their wards/children's achievements.

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਇਨ੍ਹਾਂ ਨੇ ਪਾਰਟ 'ਹ' ਦੇ ਜਵਾਬ ਵਿਚ ਕਿਹਾ ਹੈ 'ਨਹੀਂ ਜੀ।' ਜੈਨਰਲ ਅੰਡਰਸਟੈਂਡਿੰਗ ਲੋਕਾਂ ਵਿਚ ਇਹ ਪਹੁੰਚੀ ਹੈ ਕਿ ਇਹ ਰੂਲਜ਼ ਜੋ ਹਨ ਉਹ 1 ਅਪ੍ਰੈਲ, 1981 ਤੋਂ ਲਾਗੂ ਹੋਣਗੇ। ਰੂਲਜ਼ 1 ਅਪ੍ਰੈਲ, 1980 ਤੋਂ ਬਣੇ ਹਨ ਲੇਕਿਨ ਇਹ ਲਾਗੂ 1 ਅਪ੍ਰੈਲ, 1981 ਤੋਂ ਹੋਣਗੇ, ਕਿਆ ਇਹ ਠੀਕ ਹੈ ?

ਮੰਤਰੀ : ਸਰ, ਇਸ ਦਾ ਜਵਾਬ ਮੈਂ ਪਹਿਲਾਂ ਹੀ ਦੇ ਚੁੱਕਾ ਹਾਂ ਕਿ ਇਹ 1 ਅਪ੍ਰੈਲ, 1981 ਤੋਂ ਲਾਗੂ ਹੋਣਗੇ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਇਹ, ਸਰ, ਕੰਟਰਾਡਿਕਟਰੀ ਜਵਾਬ ਹੈ। ਇਨ੍ਹਾਂ ਨੇ ਇਸ ਸਵਾਲ ਦੀਆਂ ਡੀਟੇਲਜ਼ ਜੋ ਟੇਬਲ ਆਫ ਦੀ ਹਾਊਸ ਤੇ ਲੇ ਕੀਤੀਆਂ ਹਨ ਉਨ੍ਹਾਂ ਵਿਚ ਲਿਖਿਆ ਹੈ—

> "In supersession of Punjab Government letter, dated the 10th May, 1977, I am directed to inform you that the Government after careful consideration have decided to lay down the following criteria, etc. etc....." They have further said that these will be effective from 1st April, 1980.

Now they say that these will be effective from 1st April, 1981. People thinking that these will be effective from 1st April, 1980 applied for Certificates and 175 Certificates were issued. That is why I have asked this question.

ਇਨ੍ਹਾਂ ਨੇ ਕੋਈ ਸਰਟੀਫਿਕੇਟ ਲੈਣ ਵਾਸਤੇ ਫਾਰਮ ਦਿਤੇ ਸੀ। ਕੀ ਉਸ ਦੀ ਕੋਈ ਕੀਮਤ ਰਖੀ ਗਈ ਸੀ ਕਿਉਂਕਿ ਮੈਨੂੰ ਪਤਾ ਲਗਿਆ ਹੈ ਕਿ ਉਸ ਫਾਰਮ ਦੀ ਕੀਮਤ 5 ਰੁਪਏ ਰੱਖੀ ਗਈ ਹੈ। ਕੀ ਇਹ ਗਲ ਠੀਕ ਹੈ ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਜੋ ਰੂਲਜ਼ ਬਣੇ ਹਨ ਉਹ 1 ਅਪ੍ਰੈਲ, 1980 ਤੋਂ ਲਾਗੂ ਹੋਣੇ ਸੀ ਲੇਕਿਨ ਸਪੋਰਟਸਮੈਨ ਵਲੋਂ ਰਿਪ੍ਰੀਜ਼ੈਂਟੇਸ਼ਨਜ਼ ਆਈਆਂ ਅੱਰ ਉਨ੍ਹਾਂ ਰਿਪ੍ਰੀਜ਼ੈਂਟੇਸ਼ਨਜ਼ ਨੂੰ ਵਿਚਾਰ ਕੇ ਡੀ. ਪੀ. ਆਈ. ਕਾਲਿਜਿਜ਼ ਅੱਰ ਡਾਇਰੈਕਟਰ, ਸਪੋਰਟਸ ਨੇ ਇਹ ਰਿਕੁਮੈਂਡ ਕੀਤਾ ਕਿ ਇਹ ਰੂਲਜ਼ ਉਨ੍ਹਾਂ ਸਪੋਰਟਸਮੈਨ ਦੇ ਹਿੱਤ ਵਿਚ 1 ਅਪ੍ਰੈਲ, 1981 ਤੋਂ ਲਾਗੂ ਹੋਣ। ਇਹ ਉਨ੍ਹਾਂ ਦੇ ਹਿੱਤ ਵਿਚ ਫੈਸਲਾ ਕੀਤਾ ਗਿਆ ਕਿ ਇਹ ਰੂਲਜ਼ 1 ਅਪ੍ਰੈਲ, 1980 ਦੀ ਥਾਂ 1 ਅਪ੍ਰੈਲ, 1981 ਤੋਂ

Original with;
Punjab Vidhan Sabha
Digitized by;
Panjab Digital Library

ਲਾਗੂ ਹੋ ਜਾਣ । ਮੈਂ ਇਸ ਗਲ ਦੇ ਜਵਾਬ ਵਿਚ ਬੜੀ ਚੰਗੀ ਤਰ੍ਹਾਂ ਸਪੱਸਟੀਕਰਨ ਦਿੱਤਾ ਹੈ ਅੱਰ ਹੁਣ ਫਿਰ ਕਰ ਦਿੱਤਾ ਹੈ ।

ਦੂਸਰਾ, ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਪੁੱਛਿਆ ਹੈ ਫਾਰਮ ਦੀ ਕੀਮਤ ਦੇ ਮੁਤੱਲਕ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੋਈ ਕੀਮਤ ਨਹੀਂ ਚਾਰਜ ਕੀਤੀ ਗਈ । ਇਸ ਗਲ ਦਾ ਜਵਾਬ ਮੈਂ ਅਗੇ ਹੀ ਦੇ ਚੁੱਕਾ ਹਾਂ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਇਹ ਜਿਹੜੀ ਕੈਟੇਗਰਾਈਜ਼ੇਸ਼ਨ ਕੀਤੀ ਗਈ ਹੈ ਅਤੇ ਕੈਟੇਗਰੀ 'ਡੀ' ਰਖੀ ਗਈ ਹੈ ਪਹਿਲਾਂ ਇਹ ਕੈਟੇਗਰੀ 'ਡੀ' ਨਹੀਂ ਸੀ ਹੁੰਦੀ । ਸਕੂਲਾਂ ਦੇ ਸਟੂਡੈਂਟਸ ਭਾਵੇਂ ਉਹ ਇੰਟਰ-ਨੈਸ਼ਨਲ ਲੈਵਲ ਤੇ ਪਲੇ ਕਰਨ, ਉਨ੍ਹਾਂ ਦੇ ਵਾਸਤੇ ਪਹਿਲਾਂ ਰੂਲਜ਼ ਵਿਚ ਕੋਈ ਪ੍ਰੋਵੀਜ਼ਨ ਨਹੀਂ ਸੀ ਕਿ ਉਨ੍ਹਾਂ ਨੂੰ ਸਰਟੀਫਿਕੇਟ ਦਿਤੇ ਜਾਣ। ਮੈਂ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ ਗੋਇੰਗ ਚਿਲਡਰਨ ਹਨ ਅਤੇ ਜਿਹੜੇ ਆਈ ਟੀ. ਆਈਜ਼ ਪੋਲੀਟੈਕਨਿਕ ਜਾਂ ਕਾਲਿਜਜ਼ ਵਿਚ ਇੰਟਰ ਵਿਯੂਜ਼ ਲਈ ਜਾਂਦੇ ਹਨ ਉਨ੍ਹਾਂ ਤੋਂ ਸਪੋਰਟਸ ਬਾਰੇ ਸਰਟੀਫਿਕੇਟ ਮੰਗਿਆ ਜਾਂਦਾ ਹੈ ਪਰ ਐਕਚੂਅਲੀ ਉਨ੍ਹਾਂ ਨੂੰ ਰੂਲਜ਼ ਮੁਤਾਬਕ ਪਹਿਲਾਂ ਸਰਟੀਫਿਕੇਟ ਮਿਲੇ ਨਹੀਂ, ਕੀ ਇਹ ਡਿਪਾਰਟਮੈਂਟ ਨੂੰ ਹਦਾਇਤ ਕਰਨਗੇ ਜਿਹੜੇ ਇਹੋ ਜਿਹੇ ਕੇਸਿਜ਼ ਆਉਂਦੇ ਹਨ ਉਨ੍ਹਾਂ ਨੂੰ ਮੁੜ ਵਿਚਾਰ ਕੇ ਸਰਟੀਫਿਕੇਟ ਦੇ ਦੇਣ ਤਾਂ ਕਿ ਉਹ ਵੀ ਬੈਨੇਫਿਟ ਲੈ ਸਕਣ ?

ਮੰਤਰੀ : ਸਪੀਕਰ ਸਾਹਿਬ, ਪੋਲੀਟੈਕਨਿਕ ਇੰਸਟੀਚਿਊਸ਼ਨਜ਼ ਵਿਚ ਇੰਟਰਵਿਯੂ ਦੇ ਬਾਰੇ ਜੋ ਸਵਾਲ ਮਾਨਯੋਗ ਮੈਂਬਰ ਨੇ ਕੀਤਾ ਹੈ ਉਸ ਦੇ ਬਾਰੇ ਬੇਨਤੀ ਇੰਨੀ ਹੀ ਹੈ ਕਿ ਇਸ ਪੱਖ ਤੋਂ ਸਾਰਾ ਵਿਚਾਰ ਕਰ ਲਵਾਂਗੇ।

ਮਾਸਟਰ ਬਾਬੂ ਸਿੰਘ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਡਾਇਰੈਕਟਰ ਨੇ ਕੋਈ ਸਰਟੀਫੀਕੇਟ ਇਸ ਸਾਲ ਵਾਸਤੇ ਇਸ਼ੂ ਕੀਤੇ ਹਨ ਜਿਨ੍ਹਾਂ ਦੀ ਵਰਤੋਂ ਪੋਲੀਟੈਕਨਿਕ ਜਾਂ ਹੋਰ ਕਾਲਜਾਂ ਵਿਚ ਯੂਨੀਵਰਸਿਟੀ ਦੇ ਦਾਖਲੇ ਸਮੇਂ ਕੀਤੀ ਜਾਂਦੀ ਹੈ ਅਤੇ ਉਥੇ ਇਹ ਪੁੱਛਿਆ ਜਾਂਦਾ ਹੈ ਕਿ ਅਗਰ ਡਾਇਰੈਕਟੋਰੇਟ ਤੋਂ ਸਰਟੀਫਿਕੇਟ ਹੈ ਤਾਂ ਅਸੀਂ ਕੰਸਿਡਰ ਕਰਾਂਗੇ ਅਦਰਵਾਈਜ਼ ਹੋਰ ਜਿੰਨੇ ਵੀ ਸਰਟੀਫਿਕੇਟ ਹਨ ਉਹ ਕੰਸਿਡਰ ਨਹੀਂ ਕਰਦੇ । ਜੋ ਚਤਰਥ ਸਾਹਿਬ ਨੇ ਕਿਹਾ ਹੈ ਉਹ ਐਕਚੂਅਲੀ ਦਾਖਲੇ ਵਿਚ ਇਸ ਤਰ੍ਹਾਂ ਹੋਇਆ ਹੈ। ਕੀ ਇਹ ਮਨਿਸਟਰ ਸਾਹਿਬ ਦੇ ਗਿਆਤ ਵਿਚ ਹੈ ?

ਮੰਤਰੀ : ਇਸ ਦੀ ਜਾਣਕਾਰੀ ਮੈਂ ਲੈ ਕੇ ਸਦਨ ਦੀ ਮੇਜ਼ ਤੇ ਰੱਖ ਦੇਵਾਂਗਾ ।

Starred Question No. 191

(The Member concerned was not present in the House).

Sardar Dalip Singh Pandhi : Sir, I may be allowed to put the question.

Finance Minister : Mr. Pandhi cannot put question.

Mr. Speaker : Any Member can put question of another Member.

Finance Minister : Without written permission of the concerned Member, nobody can put question of that Member.

Original with;
Punjab Vidhan Sabha
Digitized by:
Panjab Digital Library

Mr. Speaker : Sub-rule (3) of Rule 45 of the Rules of Procedure and Conduct of Business in the Punjab Vidhan Sabha (Punjab Legislative Assembly) which will make the position clear reads as under :—

"(3) If on a question being called it is not put or the member in whose name it stands is absent and no one has been authorised by him in writing to put it and such authority has not been sent to the Speaker in adavnce, the Speaker at the request of any member, may direct that the answer to it be given".

ਵਿੱਤ ਮੰਤਰੀ : ਸਪੀਕਰ ਸਾਹਿਬ, ਰੂਲਜ਼ ਬਨਾਉਣ ਦੀ ਕੀ ਲੋੜ ਹੈ ਕਿਉਂਕਿ ਹਰ ਵਕਤ ਤੁਸੀਂ ਆਪਣੀ ਡਿਸਕਰੀਸ਼ਨ ਇਸਤੇਮਾਲ ਕਰਦੇ ਹੋ, ਇਹ ਠੀਕ ਨਹੀਂ।

ਸ਼੍ਰੀ ਸਪੀਕਰ : ਇਕ ਮਸਲਾ ਹਾਊਸ ਵਿਚ ਆਇਆ ਹੈ। ਮੈਂ ਕਹਿੰਦਾ ਹਾਂ ਕਿ ਅਗਰ ਕੋਈ ਮੈਂਬਰ ਹਾਊਸ ਵਿਚ ਗੈਰ-ਹਾਜ਼ਰ ਹੋਵੇ ਤਾਂ ਉਸ ਦਾ ਕੁਐਸਚਨ ਅਲਾਓ ਕੀਤਾ ਜਾ ਸਕਦਾ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਤੁਹਾਡੀਆਂ ਆਪਣੀਆਂ ਪਾਵਰਜ਼ ਹਨ ਤੁਸੀਂ ਅਲਾਓ ਕਰ ਦਿਤਾ ਹੈ, ਇਹ ਠੀਕ ਹੈ।

ਰਾਜ ਵਿਚ ਸਰਕਾਰੀ ਕਾਲਜਾਂ ਵਿਚ ਕੰਮ ਕਰ ਰਹੇ ਪ੍ਰੋਫੈਸਰਾਂ ਨੂੰ ਪੱਕਾ ਕਰਨਾ

*191. **ਕਾਮਰੇਡ ਬਲਵੰਤ ਸਿੰਘ** (ਸਰਦਾਰ ਦਲੀਪ ਸਿੰਘ ਪਾਂਧੀ ਵਲੋਂ ਪੁੱਟ ਕੀਤਾ ਗਿਆ): ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਰਕਾਰੀ ਕਾਲਜਾਂ ਵਿਚ ਪਿਛਲੇ 15 ਸਾਲਾਂ ਤੋਂ ਕੰਮ ਕਰ ਰਹੇ ਸਾਰੇ ਪ੍ਰੋਫੈਸਰਾਂ ਨੂੰ ਪੱਕੇ ਕਰ ਦਿੱਤਾ ਗਿਆ ਹੈ ? ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

Sardar Harcharan Singh Ajnala : No. The seniority list is being recast as per judgement of the Punjab and Haryana High Court in Civil Writ Petition No. 1115 of 1972. Confirmations are possible only after the seniority list is finally approved.

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਵਿਚ ਜਿਹੜਾ ਰਿੱਟ ਦਾ ਫੈਸਲਾ ਹੋਇਆ ਹੈ ਕੀ ਉਸ ਵਿਚ ਕਿਸੇ ਉਚ ਅਧਿਕਾਰੀ ਦੇ ਖਿਲਾਫ ਸਟਰਿਕਚਰਜ਼ ਪਾਸ ਹੋਏ ਹਨ ? ਦੂਸਰਾ ਕਦੋਂ ਤਕ ਸੀਨੀਆਰਟੀ ਦੀ ਲਿਸਟ ਦਾ ਐਜੂਕੇਸ਼ਨ ਡਿਪਾਰਟਮੈਂਟ ਫੈਸਲਾ ਕਰ ਦੇਵੇਗਾ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਸੁਆਲ ਮੈਂਬਰ ਸਾਹਿਬ ਨੇ ਕੀਤਾ ਹੈ ਮੈਂ ਉਸ ਦੇ ਬਾਰੇ ਦੱਸਦਾ ਹਾਂ ਕਿ ਹਾਈ ਕੋਰਟ ਦੇ ਫੈਸਲੇ ਦੇ ਬਾਅਦ ਗੌਰਮਿੰਟ ਨੇ ਅੱਲ. ਪੀ. ਏ, ਦਾਇਰ ਕੀਤੀ ਸੀ, ਉਸ ਦਾ ਫੈਸਲਾ ਅਜੇ ਹਾਈ ਕੋਰਟ ਦੇ ਵਿਚਾਰ ਅਧੀਨ ਹੈ। ਇਸ ਲਈ ਇਹ ਸਾਰੀ ਚੀਜ਼ ਦੁਬਾਰਾ ਵਿਚਾਰੀ ਜਾ ਰਹੀ ਹੈ।

ਸਟਾਰਡ ਸਵਾਲ ਨੰ: 215

(ਸੰਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਸਵਾਲ ਪੇਸ਼ ਨਹੀਂ ਹੋਇਆ)।

Original with;
Punjab Vidhan Sabha
Digitized by;
Panjab Digital Library

Setting up of Memorial in the memory of Late Shri Sanjay Gandhi

*177. **Shri Gopal Krishan Chatrath :** Will the Chief Minister be pleased to state whether there is any proposal under the consideration of the Government to set-up a memorial to commemorate the memory of ate Shri Sanjay Gandhi in the State ; if so, the details thereof ?

ਸਰਦਾਰ ਦਰਬਾਰਾ ਸਿੰਘ : ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਵਰਗਵਾਸੀ ਸੰਜੇ ਗਾਂਧੀ, ਐਮ. ਪੀ. ਦੀ ਯਾਦ ਵਿੱਚ ਇੱਕ ਢੁੱਕਵੀਂ ਯਾਦਗਾਰ ਬਣਾਏਗਾ।

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਬਟਾਲੇ ਦੇ ਲੋਕਾਂ ਨੇ ਇਸ ਗਲ ਦੀ ਮੰਗ ਕੀਤੀ ਹੈ ਕਿ ਜਿਹੜਾ ਬਟਾਲੇ ਵਿਚ ਮਜ਼ਦੂਰਾਂ ਵਾਸਤੇ ਹਸਪਤਾਲ ਬਣਾਇਆ ਜਾ ਰਿਹਾ ਹੈ ਉਸ ਨੂੰ ਜਲਦੀ ਸ਼ੁਰੂ ਕਰਕੇ ਕੰਪਲੀਟ ਕੀਤਾ ਜਾਏ ਅਤੇ ਉਸ ਨੂੰ ਸੰਜੇ ਗਾਂਧੀ ਦੀ ਯਾਦਗਾਰ ਬਣਾਇਆ ਜਾਵੇ।

ਮੁੱਖ ਮੰਤਰੀ : ਬਹੁਤ ਪਾਸਿਆਂ ਤੋਂ ਇਹੋ ਜਿਹੀਆਂ ਤਜਵੀਜ਼ਾਂ ਆਈਆਂ ਹਨ ਅਤੇ ਇਨ੍ਹਾਂ ਤੇ ਮੁਨਾਸਬ ਕਾਰਵਾਈ ਜ਼ਰੂਰ ਕੀਤੀ ਜਾਏਗੀ । ਜੋ ਮੈਂਬਰ ਸਾਹਿਬ ਨੇ ਪੁੱਛਿਆ ਹੈ ਮੇਰੇ ਪਾਸ ਇਹ ਇਨਫਰਮੇਸ਼ਨ ਨਹੀਂ ਹੈ, ਅਗਰ ਕੋਈ ਤਜਵੀਜ਼ ਆਈ ਹੋਵੇਗੀ ਲਾਜ਼ਮੀ ਤੌਰ ਤੇ ਗੌਰ ਕਰਾਂਗੇ ਕਿਉਂਕਿ ਇਹ ਚੀਜ਼ ਮਜ਼ਦੂਰਾਂ ਨਾਲ ਸਬੰਧਤ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼੍ਰੀ ਸੰਜੇ ਗਾਂਧੀ ਦੀ ਜਿਹੜੀ ਇਨ੍ਹਾਂ ਨੇ ਢੁਕਵੀਂ ਯਾਦਗਾਰ ਬਣਾਉਣ ਦਾ ਕਿਹਾ ਹੈ ਇਸ ਦੇ ਲਈ ਕੋਈ ਪਰਪੋਜ਼ਲ ਜਾਂ ਕੋਈ ਕਮੇਟੀ ਬਣਾਈ ਹੋਈ ਹੈ ਜਿਸ ਦੇ ਕਿ ਇਹ ਯਾਦਗਾਰ ਵਿਚਾਰ ਅਧੀਨ ਹੈ ?

ਮੁੱਖ ਮੰਤਰੀ: ਮੈਂ ਇਸੇ ਕਰਕੇ ਕਿਹਾ ਹੈ ਕਿ ਢੁਕਵੀਂ ਯਾਦਗਾਰ ਬਣਾਉਣੀ ਹੈ ਪਰ ਕਿਹੜੀ ਬਣਾਉਣੀ ਹੈ ਇਹ ਫੈਸਲਾ ਨਹੀਂ ਹੋਇਆ। ਬਣਾਉਣੀ ਜ਼ਰੂਰ ਹੈ, ਉਸ ਦੇ ਲਈ ਪਲੈਨਿੰਗ ਕੀਤੀ ਜਾਏਗੀ, ਕੋਈ ਖਾਕਾ ਬਣਾਇਆ ਜਾਏਗਾ । ਲੇਕਿਨ ਐਕਸਪੀਡਾਈਟ ਜ਼ਰੂਰ ਕਰਨੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਪੰਜਾਬ ਸਰਕਾਰ ਉਨ੍ਹਾਂ ਦੀ ਯਾਦ ਗਾਰ ਬਣਾ ਰਹੀ ਹੈ ਕੀ ਉਨ੍ਹਾਂ ਦੇ ਜਿਹੜੇ ਪ੍ਰੋਗਰਾਮ ਸਨ ਉਨ੍ਹਾਂ ਨੂੰ ਵੀ ਲਾਗੂ ਕਰੇਗੀ ?

ਗੋਬਿੰਦਗੜ੍ਹ ਬਸ ਸਟੈਂਡ ਦਾ ਜਦੋਂ ਉਨ੍ਹਾਂ ਨੇ ਉਦਘਾਟਨ ਕੀਤਾ ਸੀ ਤਾਂ ਕਈ ਬੱਸਾਂ ਚਲਾਉਣ ਲਈ ਵਾਇਦੇ ਕੀਤੇ ਸਨ ਅੰਦਰ ਇੰਡਸਟਰੀਜ਼ ਬਾਰੇ ਜੋ ਸਹੂਲਤਾਂ ਦੇਣ ਲਈ ਵਾਇਦੇ ਕੀਤੇ ਸਨ, ਕੀ ਉਹ ਪੂਰੇ ਕੀਤੇ ਜਾਣਗੇ ?

ਮੁੱਖ ਮੰਤਰੀ : ਇਹ ਸਵਾਲ ਕੇਵਲ ਯਾਦਗਾਰ ਤਕ ਹੀ ਸੀਮਿਤ ਹੈ। ਬਾਕੀ ਜਿਹੜੇ ਗੋਬਿੰਦਗੜ੍ਹ ਵਿਚ ਵਾਇਦੇ ਕੀਤੇ ਸੀ, ਪੂਰੇ ਕਰਾਂਗੇ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਕੀ ਲੋਕਾਂ ਦੀ ਮੰਗ ਤੇ ਜੇਕਰ ਕੋਈ ਹੋਰ ਐਮ. ਪੀ. ਸਵਰਗਵਾਸ ਹੋਣ ਤਾਂ ਕੀ ਸਾਰਿਆਂ ਦੀ ਯਾਦਗਾਰ ਬਣਾਈ ਜਾਏਗੀ ?

ਮੁੱਖ ਮੰਤਰੀ : ਮੈਂ ਤਾਂ ਜੀ ਸਾਰੇ ਐਮ. ਪੀਜ਼ ਦੀ ਸੁੱਖ ਮੰਗਦਾ ਹਾਂ ਕਿ ਉਹ ਆਪਣੀ ਆਯੂ ਪੂਰੀ ਕਰਨ।

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਕੁਐਸਚਨ ਵਿਚ ਆਲਰੈਡੀ ਡਿਟੇਲਜ਼ ਪੁਛੀਆਂ ਗਈਆਂ ਹਨ । ਜੇਕਰ ਸਾਡੀ ਸਰਕਾਰ ਸੰਜੇ ਗਾਂਧੀ ਦੀ ਯਾਦਗਾਰ ਬਣਾਉਣ ਤੇ ਸੀਰੀਅਸ ਹੈ ਅਤੇ ਕੇਵਲ ਪ੍ਰਾਪੇਗੰਡੇ ਤੇ ਬਿਲੀਵ ਨਹੀਂ ਕਰਦੀ ਤਾਂ ਕੀ ਅੱਜ ਹਾਊਸ ਨੂੰ ਉਸ ਯਾਦਗਾਰ ਦੀ ਡਿਟੇਲਜ਼ ਦੱਸਣਗੇ ?

ਮੁੱਖ ਮੰਤਰੀ : ਮੈਂ ਹਾਊਸ ਦੀ ਵਾਕਫੀਅਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਬਹੁਤ ਪਾਸਿਆਂ ਤੋਂ ਆਫ਼ਰਜ਼ ਆਈਆਂ ਹਨ ਲੇਕਿਨ ਅਸੀਂ ਇਹ ਸੋਚ ਰਹੇ ਹਾਂ ਕਿ ਅਸੀਂ ਉਹ ਚੀਜ਼ ਕਰੀਏ ਜਿਹੜੀ ਪਬਲਿਕ ਨਾਲ ਜੁੜੀ ਹੋਈ ਹੋਵੇ, ਜਿਸ ਦੀ ਮਹਾਨਤਾ ਇਤਨੀ ਉਚੀ ਜਾਵੇ ਤਾਂ ਕਿ ਕੋਈ ਕਹਿ ਸਕੇ ਕਿ ਕੋਈ ਨੇਕ ਕੰਮ ਕੀਤਾ ਹੈ।

Hill Compensatory Allowance

***131. Miss Sarla Prasher :** Will the Minister for Finance be pleased to state—

(a) whether the Hill Compensatory Allowance to the employees, posted in Ropar district, Hajipur Block of Hoshiarpur district, Dhar Block of Gurdaspur district and Dera Bassi tehsil of Patiala district, is paid at two different rates i.e. 6¼% to the employees working in their own district and 12½% to others ;

(b) the steps taken or proposed to be taken by the Government to remove this discrimination ?

ਡਾਕਟਰ ਕੇਵਲ ਕ੍ਰਿਸ਼ਨ : (ੳ) ਹਾਂ ਜੀ।

(ਅ) ਮੁਆਵਜ਼ਾ ਭੱਤੇ ਸਬੰਧੀ ਮੁੱਖ ਨੀਤੀ ਦੀ ਪੜਚੋਲ ਕੀਤੀ ਜਾ ਰਹੀ ਹੈ।

ਕੁਮਾਰੀ ਸਰਲਾ ਪ੍ਰਾਸ਼ਰ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਇਹ ਜਿਹੜੀ ਹਿਲ ਕੰਪਨਸੇਟਰੀ ਅਲਾਊਂਸ ਵਿਚ ਡਿਸਪੇਰੇਟੀ ਹੈ ਇਸ ਦੀ ਕੀ ਵਜ੍ਹਾ ਹੈ ਅੌਰ ਇਸ ਦਾ ਕਰਾਈਟੇਰੀਆ ਕੀ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਹਿਲ ਕੰਪਨਸੇਟਰੀ ਅਲਾਊਂਸ ਧਾਰ ਬਲਾਕ, ਗੁਰਦਾਸ, ਪੁਰ, ਹਾਜੀ ਪੁਰ ਬਲਾਕ ਅਤੇ ਰੋਪੜ ਡਿਸਟ੍ਰਿਕਟ ਵਗੈਰਾ ਵਿਚ ਦਿੱਤਾ ਜਾਂਦਾ ਹੈ ਉਸ ਦੇ ਬਾਰੇ ਇਹ ਹੈ ਕਿ ਜਿਹੜੇ ਡਿਸਟ੍ਰਿਕਟ ਤੋਂ ਬਾਹਰੋਂ ਆਉਂਦੇ ਹਨ ਉਨ੍ਹਾਂ ਨੂੰ 12½ ਫੀ ਸਦੀ ਅਤੇ ਜਿਹੜੇ ਉਸ ਜ਼ਿਲ੍ਹੇ ਦੇ ਰਹਿਣ ਵਾਲੇ ਹਨ ਉਨ੍ਹਾਂ ਨੂੰ 6¼ ਫੀ ਸਦੀ ਮਿਲਦਾ ਹੈ । ਸਵਾਲ ਪੁਛਿਆ ਗਿਆ ਹੈ ਕਿ ਇਹ ਡਿਸਕ੍ਰਿਮੀਨੇਸ਼ਨ ਕਿਉਂ ਹੈ ? ਮੈਂ ਦਸਦਾ ਹਾਂ ਕਿ ਇਹ ਫੈਸਲਾ ਪਹਿਲਾਂ ਦਾ ਹੋਇਆ ਹੋਇਆ ਹੈ ਕਿ ਜਿਹੜਾ ਉਸ ਜ਼ਿਲ੍ਹੇ ਦਾ ਕਰਮਚਾਰੀ ਹੈ ਉਸ ਦਾ ਉਹ ਹੋਮ ਡਿਸਟ੍ਰਿਕਟ ਹੋ ਜਾਂਦਾ ਹੈ, ਉਸ ਨੂੰ ਘੱਟ ਦਿਤਾ ਜਾਂਦਾ ਹੈ । ਮੈਂ ਵੀ ਇਹ ਮਹਿਸੂਸ ਕਰਦਾ ਹਾਂ ਕਿ ਇਸ ਨੂੰ ਮੁੜ ਵਿਚਾਰਨਾ ਚਾਹੀਦਾ ਹੈ ਅਤੇ ਜੋ ਡਿਸਪੈਰਿਟੀ ਇਸ ਸਬੰਧ ਵਿਚ ਹੈ ਉਸ ਦੇ ਲਈ ਜ਼ਰੂਰੀ ਕਦਮ ਉਠਾਉਣੇ ਚਾਹੀਦੇ ਹਨ । ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅੌਰ ਇਸ ਬਾਰੇ ਜਲਦੀ ਫੈਸਲਾ ਕੀਤਾ ਜਾਵੇਗਾ ।

ਕੁਮਾਰੀ ਸਰਲਾ ਪ੍ਰਾਸ਼ਰ: ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਆਸ਼ਵਾਸਨ ਦੇਣਗੇ ਕਿ ਇਹ ਡਿਸਪੈਰਿਟੀ ਜਲਦੀ ਦੂਰ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਇਸ ਮਾਮਲੇ ਉਤੇ ਜਲਦੀ ਤੋਂ ਜਲਦੀ ਫੈਸਲਾ ਕਰਾਂਗੇ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਤੇ ਬੇਟ ਏਰੀਏ ਵਿਚ, ਕਿਤੇ ਪਹਾੜੀ ਇਲਾਕੇ ਵਿਚ ਅਤੇ ਕਿਤੇ ਸਬ-ਮਾਊਂਟੇਨੀਅਸ ਏਰੀਏ ਵਿਚ, ਅਲਹਿਦਾ ਅਲਹਿਦਾ ਭੱਤਾ ਮਿਲਦਾ ਹੈ। ਬਾਦਲ ਸਰਕਾਰ ਵੇਲੇ ਇਹ ਸਕੀਮ ਸੀ ਕਿ ਪਿੰਡਾਂ ਵਿਚ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੇਂਡੂ ਭੱਤਾ ਦਿੱਤਾ ਜਾਵੇ। ਕੀ ਵਜ਼ੀਰ ਸਾਹਿਬ ਉਸ ਪ੍ਰੋਪੋਜ਼ਲ ਤੇ ਵਿਚਾਰ ਕਰਕੇ ਲਾਗੂ ਕਰਨ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਤਾਂ ਹਿੱਲ ਕੰਪਨਸੇਟਰੀ ਅਲਾਊਂਸ ਦਾ ਹੈ । ਵੈਸੇ ਰੂਰਲ ਅਲਾਊਂਸ ਦਾ ਜਿਹੜਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਪਹਿਲੀ ਸਰਕਾਰ ਦੇ ਇਹ ਸਕੀਮ ਜ਼ੇਰੇ ਗੌਰ ਸੀ, ਉਹ ਫਾਈਲ ਮੰਗਵਾ ਕੇ ਉਸ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਕਾਂਗਰਸ ਦੀ ਸਰਕਾਰ ਨੇ ਕਲੋ ਫਲਾਈਟ ਡਿਸਟੈਂਸਇਸ ਅਲਾਊਂਸ ਲਈ ਮੁਕਰਰ ਕੀਤਾ ਸੀ ਪਰ ਪਿਛਲੀ ਅਕਾਲੀ ਜਨਤਾ ਸਰਕਾਰ ਨੇ ਉਸ ਨੂੰ ਬਦਲ ਕੇ ਰੋਡ ਮਾਈਲੇਜ ਬਣਾ ਦਿਤੀ। ਜਿਹੜਾ ਕਾਂਗਰਸ ਸਰਕਾਰ ਵਾਲਾ ਫੈਸਲਾ ਸੀ ਉਹ ਮੁਲਾਜ਼ਮਾਂ ਨੂੰ ਜ਼ਿਆਦਾ ਫਾਇਦੇਮੰਦ ਸੀ। ਅਕਾਲੀ ਸਰਕਾਰ ਦੇ ਫੈਸਲੇ ਨਾਲ ਸੈਂਕੜੇ ਪਿੰਡ ਇਸ ਵਿਚੋਂ ਨਿਕਲ ਗਏ ਹਨ। ਸੜਕ ਤੇ ਜਿਹੜਾ ਪਹਿਲਾ ਪਿੰਡ ਹੈ ਉਹ ਤਾਂ ਆਉਂਦਾ ਨਹੀਂ ਅਤੇ ਜਿਹੜਾ ਤਿੰਨ ਮੀਲ ਦੀ ਦੂਰੀ ਤੇ ਹੈ ਉਹ ਆ ਜਾਂਦਾ ਹੈ। ਕੀ ਸਰਕਾਰ ਕਲੋ ਫਲਾਈਟ ਵਾਲਾ ਫਾਰਮੂਲਾ ਫਿਰ ਲਾਗੂ ਕਰਨ ਤੇ ਵਿਚਾਰ ਕਰੇਗੀ ?

ਮੰਤਰੀ : ਵੈਸੇ ਜਿਹੜੀ ਇਨਫਰਮੇਸ਼ਨ ਆਨਰੇਬਲ ਮੈਂਬਰ ਨੇ ਦਿੱਤੀ ਹੈ ਉਸ ਦਾ ਇਸ ਸਵਾਲ ਨਾਲ ਤਾਂ ਕੋਈ ਸਬੰਧ ਨਹੀਂ ਹੈ, ਫਿਰ ਵੀ ਜਿਸ ਤਰਫ ਉਨ੍ਹਾਂ ਨੇ ਇਸ਼ਾਰਾ ਕੀਤਾ ਹੈ ਉਸ ਤੇ ਵੀ ਵਿਚਾਰ ਕਰ ਲਵਾਂਗੇ।

ਸ਼੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹਾਂਗਾ ਕਿ ਜ਼ਿਲ੍ਹਾ ਫਰੀਦਕੋਟ ਤੇ ਜੈਤੋਂ ਦੇ ਵਿਚ ਪਿਛਲੀ ਕਾਂਗਰਸ ਸਰਕਾਰ ਵੇਲੇ ਸਾਰੇ ਮੁਲਾਜ਼ਮਾਂ ਨੂੰ ਭੱਤਾ ਮਿਲਦਾ ਸੀ। ਬਾਦਲ ਸਾਹਿਬ ਦੀ ਜਦੋਂ ਸਰਕਾਰ ਆਈ ਤਾਂ ਉਨ੍ਹਾਂ ਨੇ ਜੈਤੋਂ ਦੇ ਇੰਪਲਾਈਜ਼ ਵਾਸਤੇ ਇਹ ਭੱਤਾ ਬੰਦ ਕਰ ਦਿੱਤਾ ਅਤੇ ਬਾਕੀ ਸਾਰਿਆਂ ਨੂੰ ਮਿਲਦਾ ਰਿਹਾ । ਮੈਂ ਸੀ. ਐਮ. ਸਾਹਿਬ ਨੂੰ ਵੀ ਬੇਨਤੀ ਕੀਤੀ ਸੀ ਅਤੇ ਹੁਣ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਸਾਡੇ ਨਾਲ ਜੋ ਧੱਕਾ, ਧੋਖਾ ਅਤੇ ਵਿਤਕਰਾ ਹੋਇਆ ਹੈ, ਕੀ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮਾਨ ਯੋਗ ਮੈਂਬਰ ਨੇ ਇਹ ਇਨਫਰਮੇਸ਼ਨ ਦਿੱਤੀ ਹੈ। ਇਸ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

ਸ਼੍ਰੀ ਸਰਵਣ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਾਇਨਾਂਸ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪਹਾੜੀ ਭੱਤਾ ਦਿੱਤਾ ਗਿਆ ਹੈ ਇਹ ਸਾਡੇ ਗੜ੍ਹਸ਼ੰਕਰ ਦੇ ਏਰੀਏ ਵਿਚ ਸਿਰਫ ਬੇਟ ਅਤੇ ਕੰਡੀ ਏਰੀਏ ਦੇ ਮੁਲਾਜ਼ਮਾਂ ਨੂੰ ਮਿਲਦਾ ਹੈ ਜਦੋਂ ਕਿ ਉਹ ਸਾਰਾ ਇਲਾਕਾ ਹੀ ਪਹਾੜੀ ਹੈ। ਕੀ ਸਾਰੇ ਇਲਾਕੇ ਵਿਚ ਕੰਮ ਕਰਦੇ ਮੁਲਾਜ਼ਮਾਂ ਨੂੰ ਇਹ ਭੱਤਾ ਦਿਵਾਉਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਬ, ਮੈਂ ਇਸ ਸਬੰਧ ਵਿਚ ਇਹੀ ਕਹਿਣਾ ਚਾਹੁੰਦਾ ਹਾਂ ਕਿ ਹਿੱਲੀ ਏਰੀਏ ਅਤੇ ਸਬ-ਮਾਉਂਟੇਨੀਅਸ ਏਰੀਏ ਦੇ ਸਬੰਧ ਵਿਚ ਜੋ ਡੈਫੀਨੀਸ਼ਨ ਸਰਕਾਰ ਦੀ ਹੈ ਉਸ ਦੇ ਮੁਤਾਬਿਕ ਹੀ ਜਿਤਨੇ ਪਿੰਡ ਉਸ ਏਰੀਏ ਵਿਚ ਆਉਂਦੇ ਹਨ, ਉਥੇ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਹੀ ਇਹ ਭੱਤਾ ਦਿਤਾ ਜਾਂਦਾ ਹੈ । ਅਗਰ ਇਨ੍ਹਾਂ ਦੇ ਕਹਿਣ ਦੇ ਮੁਤਾਬਿਕ ਇਹ ਪਿੰਡ ਵੀ ਆਉਂਦੇ ਹੋਣਗੇ ਤਾਂ ਉਸ ਬਾਰੇ ਵੀ ਕੰਸਿਡਰ ਕਰ ਲਵਾਂਗੇ ।

Draining out water from the Mohallas of Scheduled Castes in the villages in Tehsil Batala

***171. Shri Gopal Krishan Chatrath :** Will the Minister for Development be pleased to state—

(a) whether it is a fact that there are a large number of villages in Batala Tehsil where there is no outlet of water from the Mohallas of Scheduled Castes ;

(b) whether it is also a fact that during the rainy season, the entire water of the village collects in the said mohallas and creates situation in which it becomes humanly impossible to live ;

(c) whether there is any proposal under the consideration of the Government to make arrangements for draining out such water ; if so, the details thereof ?

ਚੌਧਰੀ ਜਗਤ ਰਾਮ (ਸਮਾਜ ਭਲਾਈ ਮੰਤਰੀ) : (ੳ) ਇਸ ਵਿਭਾਗ ਦੁਆਰਾ ਕੋਈ ਵੀ ਪਿੰਡ-ਵਾਈਜ਼ ਸਰਵੇਖਣ ਨਹੀਂ ਕੀਤਾ ਗਿਆ, ਜਿਸ ਤੋਂ ਪਤਾ ਲੱਗ ਸਕੇ ਕਿ ਹਰੀਜਨ ਮੁਹੱਲਿਆਂ ਦਾ ਪਾਣੀ ਦਾ ਨਿਕਾਸ ਨਹੀਂ ।

(ਅ) ਉਪਰੋਕਤ (ੳ) ਅਨੁਸਾਰ ਅਜਿਹੀ ਕੋਈ ਸੂਚਨਾਂ ਉਪਲੱਬਧ ਨਹੀਂ ਹੈ।

(ਏ) ਇਸ ਵਿਭਾਗ ਵਲੋਂ "ਹਰੀਜਨ ਬਸਤੀ ਸੁਧਾਰ" ਨਾਮ ਦੀ ਇਕ ਸਕੀਮ ਚਲਾਈ ਜਾਂਦੀ ਹੈ ਜਿਸ ਅਧੀਨ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਦੀਆਂ ਗਲੀਆਂ ਨੂੰ ਇੱਟਾਂ ਨਾਲ ਪੱਕਿਆਂ ਕੀਤਾ ਜਾਂਦਾ ਹੈ ਅਤੇ ਪੱਕੀਆਂ ਨਾਲੀਆਂ ਬਣਾਈਆਂ ਜਾਂਦੀਆਂ ਹਨ। ਜਿਥੋਂ ਤੱਕ ਖੜੇ ਪਾਣੀ ਅਤੇ ਵਾਤਾਵਰਨ ਨੂੰ ਗੰਦਿਆਂ ਕਰਨ ਤੋਂ ਰੋਕਣ ਲਈ ਹੋਰ ਪਾਣੀ ਦੇ ਨਿਕਾਸ ਦਾ ਸਬੰਧ ਹੈ, ਜਿਥੇ ਕਿਤੇ ਲੋੜ ਹੋਵੇਗੀ ਉਥੇ ਨਿਸ਼ਚਿਤ ਸਕੀਮਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਗੈਰ ਸਰਵੇ ਕੀਤਿਆਂ, ਬਗੈਰ ਇਸ ਗਲ ਦੀ ਪੜਚੋਲ ਕੀਤਿਆਂ ਕਿ ਪ੍ਰਾਬਲਮ ਕੀ ਹੈ ਅਤੇ ਪ੍ਰਾਬਲਮ ਦੀ ਇਨਟੈਨਸਿਟੀ ਕੀ ਹੈ, ਜੋ ਕੋਈ ਹੈਪ-ਹੈਜ਼ਰਡ ਸਕੀਮਾਂ ਚਲਦੀਆਂ ਹਨ, ਉਸ ਦਾ ਨਤੀਜਾ ਜੋ ਹੋਇਆ ਹੈ ਉਹ ਸਾਡੇ ਸਾਹਮਣੇ ਹੈ । ਕੀ ਇਹ ਆਪਣੇ ਬੀ. ਡੀ. ਓਜ਼ ਰਾਹੀਂ ਇਹ ਸਰਵੇ ਕਰਾਉਣ ਲਈ ਤਿਆਰ ਹਨ ਕਿ ਕਿਹੜੇ ਕਿਹੜੇ ਪਿੰਡ ਹਨ ਜਿਨ੍ਹਾਂ ਵਿਚ ਹਰੀਜਨਾਂ ਦੀ ਬਸਤੀ ਵਿਚ ਪਾਣੀ ਜਮ੍ਹਾਂ ਹੁੰਦਾ ਹੈ ਅਤੇ ਉਸ ਦੇ ਨਿਕਾਸ ਦਾ ਕੋਈ ਇੰਤਜ਼ਾਮ ਨਹੀਂ ਹੈ ? ਕੀ ਇਸ ਸਾਰੀ ਸਕੀਮ ਤੇ ਸਰਵੇ ਕਰਵਾ ਕੇ ਉਸ ਤੇ ਅਮਲ ਕਰਨ ਲਈ ਵਜ਼ੀਰ ਸਾਹਿਬ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਚਲਾਈ ਗਈ ਹੈ ਹਰੀਜਨ ਬਸਤੀ ਸੁਧਾਰ ਦੀ ਇਸ ਦਾ ਪਰਪਜ਼ ਹੀ ਇਹੀ ਹੈ ਕਿ ਨਾਲੀਆਂ ਪੱਕੀਆਂ ਕੀਤੀਆਂ ਜਾਣ ਅਤੇ ਪਾਣੀ ਦਾ ਨਿਕਾਸ ਹੋਵੇ । ਇਹ ਜ਼ਰੂਰੀ ਨਹੀਂ ਕਿ ਜੇ ਪਾਣੀ ਹਰੀਜਨਾਂ ਦੀ ਬਸਤੀ ਵੱਲ ਹੀ ਆਉਂਦਾ ਹੈ ਤਾਂ ਹੀ ਉਸ ਦੇ ਨਿਕਾਸ ਦਾ ਪ੍ਰਬੰਧ ਕਰਨਾ ਹੈ। ਜੇ ਪਾਣੀ ਦੂਜੇ ਪਾਸੇ ਵੀ ਜਾਂਦਾ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆ ਦੇਣ, ਸਰਕਾਰ ਸਰਵੇ ਕਰਵਾ ਕੇ ਠੀਕ ਕਰਵਾ ਦੇਵੇਗੀ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਹਰੀਜਨ ਬਸਤੀਆਂ ਵਿਚ ਗਲੀਆਂ ਅਤੇ ਨਾਲੀਆਂ ਪੱਕਿਆਂ ਕਰਨ ਦੀ ਸਕੀਮ ਬਹੁਤ ਅੱਛੀ ਹੈ। ਇਸ ਦੇ ਨਾਲ ਇਹ ਵੀ ਪ੍ਰਬੰਧ ਕੀਤਾ ਜਾਂਦਾ ਹੈ ਕਿ ਪਾਣੀ ਦਾ ਬਹਾ ਠੀਕ ਕੀਤਾ ਜਾਵੇ। ਕੀ ਇਹ ਗਲ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਹੈ ਕਿ ਇਨ੍ਹਾਂ ਬਸਤੀਆਂ ਦੇ ਬਣਨ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਪਾਣੀ ਦਾ ਨਿਕਾਸ ਠੀਕ ਨਹੀਂ ਹੁੰਦਾ, ਇਸ ਕਾਰਨ ਹੀ ਆਪੋ ਵਿਚ ਝਗੜੇ ਰਹਿੰਦੇ ਹਨ । ਜਿਹੜਾ ਪਾਣੀ ਹਰੀਜਨਾ ਦੀ ਬਸਤੀ ਵੱਲ ਆਉਂਦਾ ਹੈ ਉਸ ਨੂੰ ਪਿੰਡ ਦੇ ਸਾਂਝੇ ਛੱਪੜ ਵਿਚ ਪੈਣ ਨਹੀਂ ਦਿੰਦੇ । ਮੇਰੇ ਹਲਕੇ ਵਿਚ ਕਈ ਪਿੰਡਾਂ ਵਿਚ ਅਜਿਹੀ ਪ੍ਰਾਬਲਮ ਹੈ। ਅਜਿਹੀਆਂ ਪ੍ਰਾਬਲਮਜ਼ ਦੇ ਹੱਲ ਵਾਸਤੇ ਕੀ ਇਹ ਡੀ. ਸੀ. ਨੂੰ ਜਾਂ ਐਸ. ਡੀ ਐਮ. ਨੂੰ ਕਹਿਣਗੇ ਤਾਂ ਕਿ ਇਸ ਦਾ ਫੈਸਲਾ ਕੀਤਾ ਜਾਵੇ ਕਿ ਜਿਥੇ ਬਹੁਤ ਦੇਰ ਤੱਕ ਪੱਕੀਆਂ ਨਾਲੀਆਂ ਦੇ ਬਣਨ ਦੇ ਬਾਵਜੂਦ ਵੀ ਪਾਣੀ ਖੜਾ ਰਹਿੰਦਾ ਹੈ, ਦੂਜੇ ਪਾਸੇ ਪਿੰਡ ਵਾਲੇ ਪਾਣੀ ਜਾਣ ਨਹੀਂ ਦਿੰਦੇ ਅਤੇ ਇਸ ਕਾਰਨ ਹਰੀਜਨ ਵਰਸਿਜ਼ ਜੱਟਾਂ ਦੇ ਝਗੜੇ ਬਣ ਜਾਂਦੇ ਹਨ, ਉਥੇ ਸਾਂਝੀ ਥਾਂ ਪਾਣੀ ਜਾਣ ਦਾ ਇੰਤਜ਼ਾਮ ਕਰਨ ਬਾਰੇ ਸਰਕਾਰ ਵਿਚਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਖਾਲਸਾ ਜੀ ਦੀ ਗਲ ਕੁਝ ਠੀਕ ਹੈ। ਇਸ ਵਿਚ ਕੋਈ ਸ਼ੱਕ ਵਾਲੀ ਗਲ ਨਹੀਂ ਕਿ ਇਨ੍ਹਾਂ ਦੀ ਸਰਕਾਰ ਵੇਲੇ ਇਸ ਚੀਜ਼ ਦਾ ਕੋਈ ਨੋਟਿਸ ਨਹੀਂ ਲਿਆ ਗਿਆ, ਲੇਕਿਨ ਜਿਥੋਂ ਤਕ ਸਰਦਰ ਦਰਬਾਰਾ ਸਿੰਘ ਦੀ ਸਰਕਾਰ ਦਾ ਤੁਅੱਲਕ ਹੈ, ਜਦੋਂ ਵੀ ਇਹੋ ਜਿਹੀ ਚੀਜ਼ ਨੋਟਿਸ ਵਿਚ ਆਨਰੇਬਲ ਮੈਂਬਰ ਲਿਆਉਣਗੇ ਤਾਂ ਡੀ. ਸੀ. ਨੂੰ ਕਹਿ ਕੇ ਫੌਰਨ ਐਕਸ਼ਨ ਕਰਵਾ-ਵਾਂਗੇ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਸ ਦਾ ਇੰਤਜ਼ਾਮ ਕਰਨ ਲਈ ਕੀ ਕੋਈ ਇੰਸਟਰਕਸ਼ਨਜ਼ ਬੀ. ਡੀ. ਓਜ਼ ਨੂੰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਖਾਲਸਾ ਜੀ ਬਹੁਤ ਸਿਆਣੇ ਅਤੇ ਸਮਝਦਾਰ ਮੈਂਬਰ ਹਨ । ਇਸ ਮਸਲੇ ਦੇ ਹੱਲ ਦਾ ਤਰੀਕਾ ਤਾਂ ਬੜਾ ਆਸਾਨ ਹੈ । ਇਹ ਤਕੜੇ ਹੋ ਕੇ ਡੀ. ਸੀ. ਨੂੰ ਕਹਿ ਦਿੰਦੇ, ਇਹ ਪਾਣੀ ਜ਼ਿਮੀਂਦਾਰਾਂ ਦੇ ਛੱਪੜ ਵਿਚ ਪੈ ਜਾਣਾ ਸੀ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਾਰਟ 'ਏ' ਵਿਚ ਮੈਂਬਰ ਸਾਹਿਬ ਦਾ ਬੜਾ ਸਪੈਸਿਫਿਕ ਕੁਐਸਚਨ ਹੈ।

Question reads as under—

(a) whether it is a fact that there are a large number of villages in Batala Tehsil where there is no outlet of water from the Mohallas of Scheduled Castes ;

(b) whether it is also a fact that during the rainy season, the entire water of the village collects in the said mohall as and creates a situation in which it becomes humanly impossible to live :

Original with;
Punjab Vidhan Sabha
Digitized by:
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਸਪੀਕਰ ਸਾਹਿਬ, ਇਹ ਬੜਾ ਸਪੈਸੇਫਿਕ ਕੁਐਸਚਨ ਸੀ। ਵਜ਼ੀਰ ਸਾਹਿਬ ਨੇ ਕਹਿ ਦਿਤਾ ਹੈ ਕਿ ਸੂਚਨਾ ਇਕੱਠੀ ਨਹੀਂ ਕੀਤੀ ਜਾ ਰਹੀ, ਇਹ ਬੜੀ ਮੁਸ਼ਕਲ ਹੈ। ਸਪੀਕਰ ਸਾਹਿਬ, ਇਨ੍ਹਾਂ ਕੋਲ ਤਹਿਸੀਲ ਵੈਲਫੇਅਰ ਅਫਸਰ ਹਨ, ਡਿਸਟ੍ਰਿਕਟ ਵੈਲਫੇਅਰ ਆਫਸਰ ਹਨ, ਬੀ. ਡੀ. ਓਜ਼ ਹਨ। ਜ਼ਿਆਦਾ ਤੋਂ ਜ਼ਿਆਦਾ ਇਹ 200 ਪਿੰਡ ਹੋਣਗੇ। ਸਤਕਾਰ ਨੂੰ ਇਹ ਅੰਕੜੇ ਦੇਣ ਵਿਚ ਕੀ ਮੁਸ਼ਕਲ ਸੀ ਕਿ ਫਲਾਣੇ ਫਲਾਣੇ ਪਿੰਡ ਵਿਚ ਇਹ ਪ੍ਰਾਬਲਾਮ ਹੈ, ਇਹ ਅਸੀਂ ਦੂਰ ਕਰ ਦਿਆਂਗੇ। ਇਨ੍ਹਾਂ ਨੂੰ ਸਪੈਸੇਫਿਕਲੀ ਇਹ ਦੱਸ ਦੇਣਾ ਚਾਹੀਦਾ ਸੀ ਕਿ ਬਟਾਲੇ ਤਹਿਸੀਲ ਦੇ ਵਿਚ ਪਾਣੀ ਦੇ ਆਊਟਲੈਟ ਦੀ ਪ੍ਰਾਬਲਮ ਹੈ।

ਇਸ ਪਾਸੇ ਇਨ੍ਹਾਂ ਨੇ ਸਰਵੇ ਕਿਉਂ ਨਹੀਂ ਕਰਵਾਇਆ ? ਤੁਸੀਂ ਆਪ ਹੀ ਫੈਸਲਾ ਕਰ ਦਿਓ ਕਿ ਕੀ ਇਨ੍ਹਾਂ ਨੇ ਦਰੁਸਤ ਜਵਾਬ ਦਿਤਾ ਹੈ ? ਸਪੀਕਰ ਸਾਹਿਬ, ਇਹ ਦੱਸਣ ਕਿ ਇਨ੍ਹਾਂ ਨੇ ਦਰੁਸਤ ਜਵਾਬ ਕਿਉਂ ਨਹੀਂ ਦਿਤਾ ?

(ਕੋਈ ਉੱਤਰ ਨਹੀਂ ਆਇਆ)

ਸ਼੍ਰੀ ਸਪੀਕਰ : ਵੇਖੋ, ਜਿਹੜੇ ਮੈਂਬਰ ਨੇ ਸਵਾਲ ਕੀਤਾ ਸੀ ਉਸ ਨੇ ਸਪਲੀਮੈਂਟਰੀ ਰਾਹੀਂ ਆਪਣੀ ਸੈਟਿਸਫੈਕਸ਼ਨ ਕਰ ਲਈ ਹੈ। ਤੁਸੀਂ ਉਸ ਦੇ ਬਾਰੇ ਕਿਉਂ ਗਿਲਾ ਕਰਦੇ ਹੋ ?

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਤੁਸੀਂ ਆਪ ਹੀ ਇਨ੍ਹਾਂ ਦਾ ਜਵਾਬ ਪੜ੍ਹ ਲਵੋ। ਇਨ੍ਹਾਂ ਨੇ ਕਿਹਾ ਹੈ। No village-wise survey has been Conducted. ਜਦੋਂ ਸਪੀਕਰ ਸਾਹਿਬ, ਸਵਾਲ ਹੋ ਗਿਆ ਤਾਂ ਵਜ਼ੀਰ ਸਾਹਿਬ ਸਰਵੇ ਕਰਵਾ ਸਕਦੇ ਸੀ, ਇਨ੍ਹਾਂ ਨੇ ਸਰਵੇ ਕਿਉਂ ਨਹੀਂ ਕਰਵਾਇਆ ? ਇਨ੍ਹਾਂ ਨੇ ਇਨਫਰਮੇਸ਼ਨ ਮੰਗਵਾ ਕੇ ਕਿਉਂ ਨਹੀਂ ਦਿੱਤੀ ? ਬਾਕੀ ਤੁਸੀਂ ਆਪ ਹੀ ਫੈਸਲਾ ਕਰ ਲਵੋ ਬਤੌਰ ਇਸ ਹਾਊਸ ਦੇ ਕਸਟੋਡੀਅਨ ਦੇ ਕਿ ਕੀ ਇਹ ਵਜ਼ੀਰ ਸਾਹਿਬ ਦਾ ਠੀਕ ਜ਼ਵਾਬ ਹੈ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਪੰਜਾਬ ਦੇ ਪਿੰਡਾਂ ਵਿਚ ਵਧੇਰੇ ਤੌਰ ਤੇ ਹਰੀਜਨ ਬਸਤੀਆਂ ਦੇ ਪਾਣੀ ਦੇ ਨਿਕਾਸ ਦਾ ਮਸਲਾ ਗੰਭੀਰ ਹੈ ਅੌਰ ਜਿਥੇ ਇਹ ਹਰੀਜਨਾਂ ਲਈ ਪ੍ਰੇਸ਼ਾਨੀ ਦਾ ਕਾਰਨ ਹੈ ਉਸੇ ਪਿੰਡਾਂ ਵਿਚ ਖਿੱਚੋਤਾਣ ਤੇ ਲੜਾਈ ਦਾ ਕਾਰਨ ਵੀ ਹੈ। ਕੀ ਪੰਜਾਬ ਸਰਕਾਰ ਇਸ ਗੱਲ ਲਈ ਵਿਚਾਰ ਕਰ ਰਹੀ ਹੈ ਕਿ ਜਿਹੜੇ ਲੋਕ ਹਰੀਜਨਾਂ ਦਾ ਪਾਣੀ ਨਿਕਲਣ ਤੋਂ ਰੋਕਣ ਉਨ੍ਹਾਂ ਲਈ ਕਾਨੂੰਨ ਵਿਚ ਸੋਧ ਕਰਕੇ, ਕਾਗਨੀਜ਼ੇਬਲ ਓਫੈਂਸ ਬਣਾ ਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣ ਨੂੰ ਤਿਆਰ ਹਨ ?

ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਸ ਤਰ੍ਹਾਂ ਦੀ ਕੋਈ ਗੱਲ ਉਨ੍ਹਾਂ ਦੇ ਨੋਟਿਸ ਵਿਚ ਨਹੀਂ ਹੈ ਜਿਥੇ ਕਿ ਹਰੀਜਨਾਂ ਦਾ ਪਾਣੀ ਰੁਕਿਆ ਹੋਵੇ। ਮੈਂ ਮਨਿਸਟਰ ਸਾਹਿਬ ਨੂੰ ਦੱਸਦਾ ਹਾਂ ਕਿ ਰਾਏ ਬੇਟ ਥਾਣੇ ਦੇ ਪਿੰਡ ਭੈਣੀ ਭਾਰਵਾ ਅਤੇ ਬੋਪਾ ਰਾਵਾਂ ਦਾ ਪਾਣੀ ਨਹੀਂ ਨਿਕਲਣ ਦਿੰਦੇ। ਉਨ੍ਹਾਂ ਨੇ ਪੁਲਿਸ ਵਾਲਿਆਂ ਨੂੰ ਲਿਖ ਕੇ ਵੀ ਦਿੱਤਾ ਹੈ ਪਰ ਕੋਈ ਕਾਰਵਾਈ ਨਹੀਂ ਹੋਈ। ਕੀ ਸਰਕਾਰ ਉਨ੍ਹਾਂ ਪੁਲਿਸ ਕਰਮਚਾਰੀਆਂ ਦੇ ਖਿਲਾਫ ਕਾਰਵਾਈ ਕਰੇਗੀ ਅੌਰ ਉਨ੍ਹਾਂ ਪਿੰਡਾਂ ਦੀਆਂ ਹਰੀਜਨ ਬਸਤੀਆਂ ਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਵਾਏਗੀ ?

(ਕੋਈ ਉੱਤਰ ਨਹੀਂ ਦਿਤਾ ਗਿਆ।)

Originall with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਥੇ ਦੋਹਾਂ ਹੀ ਪਾਸਿਆਂ ਤੋਂ ਐਸਾ ਸਵਾਲ ਪੈਦਾ ਹੋਇਆ ਹੈ ਕਿ ਪਿੰਡਾਂ ਦੇ ਜਿਹੜੇ ਕਾਮਨ ਛੱਪੜ ਹਨ ਉਨ੍ਹਾਂ ਵਿਚ ਹਰੀਜਨਾਂ ਦੀਆਂ ਬਸਤੀਆਂ ਦਾ ਪਾਣੀ ਨਹੀਂ ਪਾਉਣ ਦਿਤਾ ਜਾਂਦਾ। ਕੀ ਮੰਤਰੀ ਸਾਹਿਬ ਦੱਸਣਗੇ ਕਿ ਹਰੀਜਨਾਂ ਦੇ ਪਾਣੀ ਵਿਚ ਅੌਰ ਜੱਟਾਂ ਦੇ ਪਾਣੀ ਵਿਚ ਕੋਈ ਫਰਕ ਹੈ ? ਜੇਕਰ ਹੈ ਤਾਂ ਕੀ ਉਸ ਨੂੰ ਡਿਸਟ੍ਰੀਲਾਈਜ਼ ਕਰਵਾ ਕੇ ਇਕੱਠਾ ਇਕ ਥਾਂ ਪਵਾ ਦਿਆ ਕਰਨਗੇ ? (ਹਾਸਾ)

(ਕੋਈ ਉਤਰ ਨਹੀਂ ਦਿਤਾ ਗਿਆ)

ਸਰਦਾਰ ਬਸੰਤ ਸਿੰਘ ਖਾਲਸਾ : ਤੁਸੀਂ ਹਰੀਜਨਾਂ ਨੂੰ ਤਾਂ ਕੁੱਤਿਆਂ ਤੋਂ ਵੀ ਭੈੜਾ ਸਮਝਦੇ ਹੋ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਇਕ ਤਾਂ ਵਜ਼ੀਰ ਸਾਹਿਬ ਨੇ ਚੰਗੀ ਗੱਲ ਕਹੀ ਹੈ ਕਿ ਇਹ ਡੀ. ਸੀ. ਸਾਹਿਬਾਨ ਨੂੰ ਲਿਖਣਗੇ। ਪਰ ਇਕ ਗੱਲ ਹੋਰ ਹੁੰਦੀ ਹੈ ਕਿ ਜਿਸ ਵੇਲੇ ਮਹਿਕਮੇਂ ਵਾਲੇ ਨਾਲੀਆਂ ਪੱਕੀਆਂ ਕਰਦੇ ਹਨ ਤਾਂ ਉਹ ਬਿਨਾਂ ਨਕਸ਼ਾ ਬਣਾਇਆਂ ਹੀ ਪੱਕੀਆਂ ਕਰ ਦਿੰਦੇ ਹਨ ਅੌਰ ਪਾਣੀ ਦਾ ਫਲੋ ਨਹੀਂ ਵੇਖਿਆ ਜਾਂਦਾ ਕਿ ਕਿਸ ਪਾਸੇ ਨੂੰ ਚਲਦਾ ਹੈ। ਕੀ ਮੰਤਰੀ ਸਾਹਿਬ ਮਹਿਕਮੇਂ ਨੂੰ ਲਿਖਣਗੇ ਕਿ ਉਹ ਪਾਣੀ ਦਾ ਬਹਾ ਵੇਖ ਕੇ ਹੀ ਪਲਾਨਿੰਗ ਕਰਿਆ ਕਰਨ ?

ਮੰਤਰੀ : ਸਪੀਕਰ ਸਾਹਿਬ, ਪਬਲਿਕ ਹੈਲਥ ਵਾਲੇ ਪਹਿਲਾਂ ਹੀ ਨਕਸ਼ਾ ਵਣਾ ਕੇ ਨਾਲੀਆਂ ਵਗੈਰਾ ਬਣਾਉਂਦੇ ਹਨ। ਜਿਥੇ ਕਿਤੇ ਨਾਲੀਆਂ ਵਣੀਆਂ ਹੋਈਆਂ ਹਨ, ਉਥੇ ਇਸ ਤਰ੍ਹਾਂ ਦੀ ਕੋਈ ਪ੍ਰਾਬਲਮ ਨਹੀਂ ਹੈ। ਜੇਕਰ ਹੈ ਤਾਂ ਇਹ ਦੱਸ ਦੇਣ ਜ਼ਰੂਰ ਵੇਖ ਲਵਾਂਗੇ।

ਸਟਾਰਡ ਸਵਾਲ ਨੰਬਰ 209 ਅਤੇ 207*

ਸ਼੍ਰੀ ਸਪੀਕਰ : ਨੈਕਸਟ ਕੁਅੈਸਚਨ ਨੰ: 209 ਅੌਰ 207 ਦੀ ਅੈਕਸਟੈਨਸ਼ਨ ਮੰਗੀ ਗਈ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਕ ਮੇਰਾ ਸਵਾਲ ਪਰਸੋਂ ਸੀ ਜੀ. ਉਸ ਦੀ ਵੀ ਸਰਕਾਰ ਨੇ ਅੈਕਸ ਟੈਂਸ਼ਨ ਮੰਗ ਲਈ ਸੀ ਅੌਰ ਇਸ ਸਵਾਲ ਦੀ ਵੀ ਅੈਕਸ ਟੈਂਨਸ਼ਨ ਮੰਗ ਲਈ ਹੈ। ਇਨ੍ਹਾਂ ਨੂੰ ਸਾਡੇ ਤਾਂ ਸਵਾਲ ਹੀ ਬੁਰੇ ਲਗਦੇ ਹਨ, ਇਹ ਸਾਡੇ ਸਵਾਲਾਂ ਦਾ ਜਵਾਬ ਹੀ ਨਹੀਂ ਦਿੰਦੇ। ਕੀ ਇਸ ਸਵਾਲ ਦਾ ਜਵਾਬ ਇਸ ਸੈਸ਼ਨ ਵਿਚ ਆ ਜਾਵੇਗਾ ?

ਸ਼੍ਰੀ ਸਪੀਕਰ : ਹਾਂ ਜੀ, ਆ ਜਾਵੇਗਾ। (ਵਿਘਨ)

---

*For Starred Questions No. 207 and 209 and reply thereto please see Appendix to this Debate.

Original with;
Punjab Vidhan Sabha
Digitized by:
Panjab Digital Library

Application of Gratuity Act, 1972

*187. 1. **Comrade Sohan Singh**
2. **Comrade Raj Kumar** } Will the Minister for Agriculture and Forests be pleased to state—

(a) whether the Gratuity Act, 1972 has been made applicable to the employees of the Punjab State Marketing Board ; if so, a copy of the Government orders be laid on the table of the House ;

(b) if the reply to part (a) be in the negative, whether Comrade Sayta Pal Dang, Ex-M.L.A. wrote a letter to the Government demanding the extension of the said Act for the employees of the said Board; if so, the action taken thereon ?

Chaudhri Kanshi Ram : (a) No.

(b) Yes. The matter is under consideration.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਇਕ ਪਾਰਟ ਦਾ ਦਿੱਤਾ ਹੈ 'no' ਅੱਰ ਦੂਸਰੇ ਪਾਰਟ ਦਾ ਦਿਤਾ ਹੈ 'yes' ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਬਾਡੀਜ਼ ਹਨ ਇਹ ਗੌਰਮਿੰਟ ਦੀਆਂ ਅੰਡਰ ਟੇਕਿੰਗਜ਼ ਹਨ ਪਰ ਇਨ੍ਹਾਂ ਨੇ ਕਿਹਾ ਹੈ the matter is under consideration. What is the result of consideration? So far there must be some result of the consideration which I would like to know. ਮੈਂ ਇਹ ਇਨ੍ਹਾਂ ਤੋਂ ਪੁਛਦਾ ਹਾਂ ਕਿ ਕਿਸ ਲੈਵਲ ਦੀ ਕੰਸਿਡਰੇਸ਼ਨ ਹੈ ?

Minister: The matter is under consideration,. To derive out a result the matter is under consideration.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਹ ਤਾਂ ਦੱਸ ਦੇਣ ਕਿ ਕੰਸਿਡਰੇਸ਼ਨ ਕਿਹੜੀ ਸਟੇਜ ਤੇ ਹੈ ? ਕੀ ਲੋਅਰ ਸਟੇਜ ਤੇ ਹੈ ਜਾਂ ਹਾਇਰ ਸਟੇਜ ਤੇ ਹੈ ?

Minister: The matter is under active consideration.

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਚੌਧਰੀ ਕਾਂਸ਼ੀ ਰਾਮ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਪਿੰਡ ਬੂੜਾ ਗੁਜਰਾਂ ਪਾਣੀ ਵਿਚ ਡੁਬਿਆ ਪਿਆ ਹੈ। ਇਹ ਕੱਲ੍ਹ ਵੇਖ ਕੇ ਆਏ ਹਨ । (ਇਸ ਸਮੇਂ ਕਈ ਮਾਨਯੋਗ ਮੈਂਬਰ ਹੱਸ ਰਹੇ ਸਨ) ਕੋਈ ਕੰਮ ਦਾ ਸਵਾਲ ਪੁਛਦੇ ਹਾਂ ਤਾਂ ਤੁਸੀਂ ਕਿਉਂ ਹੱਸਦੇ ਹੋ ? ਸਪੀਕਰ ਸਾਹਿਬ, ਉਥੇ ਉਹ ਪਿੰਡ ਬੁਰੀ ਤਰ੍ਹਾਂ ਨਾਲ ਪਾਣੀ ਵਿਚ ਡੁਬਿਆ ਪਿਆ ਹੈ, ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਕੋਈ ਕੰਪੈਨਸੇਸ਼ਨ ਦੇਵੇਗੀ .....

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਸਵਾਲ ਵੱਖਰਾ ਹੈ। ਤੁਸੀਂ ਵੱਖਰਾ ਸਵਾਲ ਦੇ ਦੇਣਾ । ਹੁਣ ਬੈਠੋ।

ਸਰਦਾਰ ਹਰਚੰਦ ਸਿੰਘ : ਨਹੀਂ ਜੀ, ਸਪੀਕਰ ਸਾਹਿਬ, ਇਹ ਉਥੇ ਆਪ ਵੇਖ ਕੇ ਆਏ ਹਨ । ਇਹ ਮੌਕੇ ਦਾ ਸਵਾਲ ਹੈ। ਇਹ ਮੌਕਾ ਵੇਖ ਕੇ ਆਏ ਹਨ । (ਹਾਸਾ) (ਵਿਘਨ)

ਸ਼੍ਰੀ ਸਪੀਕਰ : ਤੁਸੀਂ ਇਸ ਤਰ੍ਹਾਂ ਕੁਐਸਚਨ ਆਵਰ ਵਿਚ ਸਵਾਲ ਨਹੀਂ ਕਰ ਸਕਦੇ। ਕੁਐਸਚਨ ਆਵਰ ਤੋਂ ਪਿਛੋਂ ਹੋ ਸਕਦਾ ਹੈ। ਉਸ ਵੇਲੇ ਤੁਸੀਂ ਕਰ ਲੈਣਾ ।

Comrade Raj Kumar: Sir, the Minister has replied that the matter is under consideration and has further replied that the matter is under active consideration. Let us take this question seriously and also the House should take it seriously, ਸਪੀਕਰ ਸਾਹਿਬ, ਇਹ ਕੰਸਿਡਰੇਸ਼ਨ ਦੀ ਸਟੇਜ ਵੀ ਨਹੀਂ ਦਸਦੇ ਕਿ ਕਿਹੜੀ ਸਟੇਜ ਤੇ ਇਨ੍ਹਾਂ ਦੀ ਕੰਸਿਡਰੇਸ਼ਨ ਹੈ । ਇਨ੍ਹਾਂ ਨੇ ਕਿਹਾ ਹੈ ਕਿ ਅੰਡਰ ਕੰਸਿਡਰੇਸ਼ਨ ਹੈ। ਫਿਰ ਕਿਹਾ ਹੈ ਕਿ ਇਹ ਅੰਡਰ ਐਕਟਿਵ ਕੰਸਿਡਰੇਸ਼ਨ ਹੈ ਪਰ ਇਹ ਮੇਰੀ ਸਪਲੀਮੈਂਟਰੀ ਦਾ ਡੈਫੀਨੇਟ ਜਵਾਬ ਕਿਉਂ ਨਹੀਂ ਦਿੰਦੇ ਕਿ ਇਨ੍ਹਾਂ ਦੀ ਕੰਸਿਡਰੇਸ਼ਨ ਕਿਹੜੀ ਸਟੇਜ ਤੇ ਹੈ ? ਸਪੀਕਰ ਸਾਹਿਬ, ਕੀ ਇਨ੍ਹਾਂ ਦੀ ਕੰਸਿਡਰੇਸ਼ਨ ਪਾਜ਼ਿਟਿਵ ਹੋ ਰਹੀ ਹੈ ਜਾਂ ਨੈਗੇਟਿਵ ਹੋ ਰਹੀ ਹੈ ? ਸਵਾਲ ਇਹ ਹੈ ਕਿ-ਕੀ-ਇਨ੍ਹਾਂ ਨੇ ਐਕਟ ਲਾਗੂ ਕਰਨਾ ਹੈ ਜਾਂ ਨਹੀਂ ਕਰਨਾ ?

ਮੰਤਰੀ : ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਬੜਾ ਲੰਬਾ ਚੌੜਾ ਸਵਾਲ ਕੀਤਾ ਹੈ । ਗਲ ਸਿਰਫ ਐਨੀ ਹੀ ਸੀ ਕਿ ਜਿਹੜੀ ਕੰਸਿਡਰੇਸ਼ਨ ਹੈ ਉਸ ਦੀ ਕੀ ਸਟੇਜ ਹੈ । ਸਪੀਕਰ ਸਾਹਿਬ, ਉਨ੍ਹਾਂ ਨੂੰ ਮਾਰਕਿਟਿੰਗ ਕਮੇਟੀ ਇੰਪਲਾਈਜ਼ ਪਰੋਵੀਡੈਂਟ ਫੰਡਜ਼ ਐਂਡ ਗਰੈਚੂਅਟੀ ਰੂਲਜ਼, 1965 ਦੇ ਲਾਗੂ ਹੁੰਦੇ ਹਨ ਜਿਹੜੇ ਕਿ 26 ਮਈ, 1968 ਨੂੰ ਪੰਜਾਬ ਸਟੇਟ ਗੌਰਮਿੰਟ ਦੁਆਰਾ ਨੋਟੀਫਾਈ ਕੀਤੇ ਗਏ ਸਨ । ਹੁਣ ਇਹ ਮਾਮਲਾ ਅੰਡਰ ਸੈਕਸ਼ਨ 4(3) ਆਫ ਦੀ ਪੰਜਾਬ ਸਟੇਟ ਐਗਰੀਕਲਚਰ ਪਰੋਡਿਊਸ ਮਾਰਕਿਟਿੰਗ ਐਕਟ, 1961 ਦੇ ਹੇਠ ਕੰਸਿਡਰ ਕਰਨਾ ਹੈ। ਇਸ ਸਬੰਧ ਵਿਚ ਇਕ ਚਿੱਠੀ ਕਾਮਰੇਡ ਡਾਂਗ ਸਾਹਿਬ ਵਲੋਂ 30 ਅਪ੍ਰੈਲ, 1979 ਨੂੰ ਮਿਲੀ ਸੀ ਜਿਸ ਦਾ ਜਵਾਬ 28 ਜਨਵਰੀ, 1980 ਨੂੰ ਦਿੱਤਾ ਗਿਆ ਸੀ। The Agriculture Department and the Marketing Board are to make out whether the old Act or the 1972 Act is beneficial to the employees. This difference is to be made out and after that whichever Act would be more effective would be made applicable to the employees.

Construction of a new building for the 50-bed Hospital at Sunam Sub-Division Headquarter, District Sangrur

***210. Sardar Sukhdev Singh Dhindsa :** Will the Minister for Health and Family Welfare be pleased to state—

(a) the steps so far taken for the construction of a new building for the 50-bed hospital at Sunam Sub-Division headquarter of District Sangrur ;

Original with;
Punjab Vidhan Sabha
Digitized by;
Panjab Digital Library

(b) the time by which the said building is likely to be completed ?

Shri Sardari Lal Kapur : (a) Land is being acquired for the construction of the new building of 50-bedded Civil Hospital at Sunam.

(b) It is not possible to specify the time by which the said building is likely to be completed.

ਸਰਦਾਰ ਸੁਖਦੇਵ ਸਿੰਘ ਢੀਡਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਵਿਚ ਦੱਸਿਆ ਹੈ ਕਿ ਅੱਜੇ ਬਿਲ ਡਿੰਗ ਮੁਕੰਮਲ ਹੋਣ ਬਾਰੇ ਦੱਸਣਾ ਸੰਭਵ ਨਹੀਂ ਹੈ ਪਰ ਜ਼ਮੀਨ ਐਕੁਆਇਰ ਕਰ ਲਈ ਹੈ। ਸਪੀਕਰ ਸਾਹਿਬ, ਸੁਨਾਮ ਸਬ ਡਿਵੀਜ਼ਨ ਹੈਡ ਕੁਆਰਟਰ ਹੈ ਅਤੇ ਸ਼ਹੀਦ ਊਧਮ ਸਿੰਘ ਦੀ ਜਨਮ ਭੂਮੀ ਹੈ। ਉਸ ਹਸਪਤਾਲ ਨੂੰ ਸੈਂਕਸ਼ਨ ਹੋਏ 6 ਮਹੀਨੇ ਹੋ ਗਏ ਹਨ । ਪਹਿਲੇ ਇਹ 7 ਬਿਸਤਰਿਆਂ ਦਾ ਹਸਪਤਾਲ ਸੀ। ਜ਼ਮੀਨ ਐਕੁਆਇਰ ਕਰਨ ਲਈ 8-9 ਮਹੀਨੇ ਤੋਂ ਕੇਸ ਚਲ ਰਿਹਾ ਹੈ। ਕੀ ਹੁਣ ਇਹ ਦਸਣਗੇ ਕਿ ਇਹ ਬਿਲਡਿੰਗ ਕਦੋਂ ਤਕ ਮੁਕੰਮਲ ਹੋ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜ਼ਮੀਨ ਐਕੁਆਇਰ ਕੀਤੇ ਨੂੰ 8-9 ਮਹੀਨੇ ਹੋ ਗਏ ਹਨ ਪਰ ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਇਹ ਜ਼ਮੀਨ 28 ਫਰਵਰੀ, 1980 ਨੂੰ ਐਕੁਆਇਰ ਕੀਤੀ ਗਈ ਸੀ ਅੱਰ ਉਸ ਤੋਂ ਬਾਅਦ ਸਾਰੀਆਂ ਫਾਰਮੈਲਿਟੀਜ਼ ਕੰਪਲੀਟ ਕਰਨੀਆਂ ਸਨ। ਉਸ ਦੇ ਵਿਚ ਜਿਸ ਦੀ ਜ਼ਮੀਨ ਲਈ ਹੈ ਉਸ ਨੂੰ ਨੋਟਿਸ ਦੇਣਾ ਹੈ, ਉਸ ਦਾ ਜਵਾਬ ਵੀ ਆਉਣਾ ਹੈ ਅੱਰ ਉਸ ਤੋਂ ਬਾਅਦ ਪਬਲਿਕ ਵਰਕਸ ਡਿਪਾਰਟਮੈਂਟ ਕੋਲ ਚਲਾ ਜਾਣਾ ਹੈ ਅੱਰ ਨਕਸ਼ਾ ਵਗੈਰਾ ਤਿਆਰ ਹੋਣਾ ਹੈ। ਇਸ ਲਈ ਮੈਂ ਆਨਰੇਬਲ ਮੈਂਬਰਜ਼ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਹਸਪਤਾਲ ਜਲਦੀ ਤੋਂ ਜਲਦੀ ਬਣਾ ਦਿਤਾ ਜਾਵੇਗਾ ।

ਸ਼੍ਰੀ ਸਰਵਣ ਰਾਮ : ਸਪੀਕਰ ਸਾਹਿਬ, ਮੇਰਾ ਹਲਕਾ ਕੰਡੀ ਅੱਰ ਬੇਟ ਦਾ ਏਰੀਆ ਹੈ ਪਰ ਉਸ ਏਰੀਏ ਵਿਚ ਕੋਈ ਹਸਪਤਾਲ ਨਹੀਂ ਹੈ। ਉਥੇ ਕਈ ਜਗ੍ਹਾਂ ਤੇ ਲੋਕਾਂ ਨੂੰ ਬੜੀ ਤਕਲੀਫ ਹੁੰਦੀ ਹੈ । ਕੀ ਵਜ਼ੀਰ ਸਾਹਿਬ ਉਥੇ ਵੀ ਕੋਈ ਬਿਲਡਿੰਗ ਬਣਾਉਣ ਦਾ ਯਤਨ ਕਰਨਗੇ ?

ਮੰਤਰੀ : ਮੈਂ ਆਨਰੇਬਲ ਮੈਂਬਰ ਨੂੰ ਅਰਜ਼ ਕਰਾਂਗਾ ਕਿ ਉਨ੍ਹਾਂ ਦੀ ਸਪਲੀਮੈਂਟਰੀ ਇਸ ਸਵਾਲ ਨਾਲ ਤੁਅੱਲਕ ਨਹੀਂ ਰਖਦੀ । ਇਹ ਵੱਖਰਾ ਲਿਖ ਕੇ ਦੇਣ ਮੈਂ ਜਵਾਬ ਦੇ ਦੇਵਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਮੇਰੇ ਹਲਕੇ ਨੂੰ ਜਾਣਦੇ ਹਨ । ਮੇਰੇ ਸਾਰੇ ਏਰੀਏ ਵਿਚ ਕੋਈ ਹਸਪਤਾਲ ਨਹੀਂ ਹੈ। ਮੁਲਾਂਪੁਰ ਮੰਡੀ ਨੂੰ ਤੁਸੀਂ ਜਾਣਦੇ ਹੋ ਉਥੇ ਇਕ ਛੋਟੀ ਜਿਹੀ ਡਿਸਪੈਂਸਰੀ ਹੈ ਪਰ ਉਥੇ 5-10 ਹਜ਼ਾਰ ਦੀ ਆਬਾਦੀ ਹੈ। ਉਸ ਡਿਸਪੈਂਸਰੀ ਵਿਚ ਇਕ ਡਾਕਟਰ ਹੈ। ਜਦੋਂ ਡਾਕਟਰ ਕਿਤੇ ਚਲਾ ਜਾਂਦਾ ਹੈ ਤਾਂ ਜਿਹੜਾ ਡਿਸਪੈਂਸਰ ਹੈ ਉਹ ਹੀ ਇਨਚਾਰਜ ਹੁੰਦਾ ਹੈ । ਕੀ ਮਨਿਸਟਰ ਸਾਹਿਬ ਉਥੇ 20-25 ਬਿਸਤਰਿਆਂ ਦਾ ਹਸਪਤਾਲ ਬਣਾਉਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਨੂੰ ਖਾਲਸਾ ਸਾਹਿਬ ਨਾਲ ਬਹੁਤ ਪਿਆਰ ਹੈ ਪਰ ਜਿਹੜਾ ਇਨ੍ਹਾਂ ਨੇ ਕੁਐਸ਼ਚਨ ਕੀਤਾ ਹੈ ਉਸ ਲਈ ਮੈਂ ਪ੍ਰਾਰਥਨਾ ਕਰਾਂਗਾ ਕਿ ਉਹ ਮੈਨੂੰ ਮਿਲ ਕੇ ਸਾਰੀ ਗਲ ਦੱਸ ਦੇਣ । ਇਹ ਸਪਲੀਮੈਂਟਰੀ ਤਾਂ ਇਸ ਸਵਾਲ ਵਿਚੋਂ ਨਹੀਂ ਉੱਠਦਾ ।

25/50-bed Hospital at Arjanwal, Block Adampur

*172. 1. **Comrade Kulwant Singh**
2. **Comrade Raj Kumar** } : Will the Minister for Health and Family Welfare be pleased to state—

(a) the steps taken by the Government to construct the building of 25/50 bed hospital at Arjanwal, Block Adampur, district Jullundur ;

(b) the time by which the said building is likely to be constructed and the hospital is likely to start functioning ;

(c) the amount sanctioned for the construction of the building of the said hospital and the staff quarters ;

(d) the amount sanctioned for the medicines and the various plants/ instruments for current financial year ;

(e) the details of funds contributed by various villages for the construction of the said hospital ?

Shri Sardari Lal Kapur : (a) The land has been mutated in favour of the District Red Cross Society, Jullundur, and the possession of tne land has been taken. Funds amounting to Rs. 8,16,624 for the construction of the building have been sanctioned. Bricks worth about Rs. 24,000 have been purchased and brought to the site...

(b) It is not possible to give definite time for completion of the building.

(c) Rs. 8,16,624.

(d) In the absence of hospital building, the question of providing funds for medicines and other instruments does not arise.

(e) Rs 29,575/-.

Original with;
Punjab Vidhan Sabha
Digitized by;
Punjab Digital Library

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਨ੍ਹਾਂ ਨੇ ਕਾਫੀ ਡੀਟੇਲਜ਼ ਦਿੱਤੀਆਂ ਹਨ ਪਰ ਜਿਹੜਾ ਮੇਰਾ ਬੇਸਿਕ ਸਵਾਲ ਹੈ ਉਸ ਦੇ ਬਾਰੇ ਕਿਹਾ ਹੈ ਕਿ "ਇਹ ਦੱਸਣਾ ਸੰਭਵ' ਨਹੀਂ ਹੈ ਕਿ ਬਿਲਡਿੰਗ ਦੀ ਉਸਾਰੀ ਕਦੋਂ ਤੱਕ ਮੁਕੰਮਲ ਹੋ ਜਾਵੇਗੀ ।" ਮੈਂ ਕਹਿੰਦਾ ਹਾਂ ਕਿ ਉਥੇ ਇੱਟਾਂ ਵੀ ਪਹੁੰਚ ਗਈਆਂ ਹਨ, ਹੋਰ ਵੀ ਹਰ ਚੀਜ਼ ਪਹੁੰਚ ਗਈ ਹੈ। ਜੇ ਇਹ ਸਾਰੀਆਂ ਚੀਜ਼ਾਂ ਇਕੱਠੀਆਂ ਹੋ ਗਈਆਂ ਹਨ ਤਾਂ ਇਨ੍ਹਾਂ ਨੇ ਕੰਟੈਕਟ ਵੀ ਦੇ ਦਿੱਤਾ ਹੋਣਾ ਹੈ ਜਾਂ ਡਿਪਾਰਟਮੈਂਟ ਨੇ ਬਣਾਉਣੀ ਹੈ ਤਾਂ ਵੀ ਫੈਸਲਾ ਹੋ ਗਿਆ ਹੋਣਾ ਹੈ ਕਿ ਇਤਨੇ ਟਾਈਮ ਵਿਚ ਕੰਸਟਰਕਸ਼ਨ ਡੈਫਿਨਿਟ ਹੋ ਜਾਵੇਗੀ । ਇਸ ਲਈ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਆਪਣਾ ਰਿਕਾਰਡ ਵੇਖ ਕੇ ਇਹ ਦੱਸ ਸਕਦੇ ਹਨ ਕਿ ਇਹ ਬਿਲਡਿੰਗ ਅੱਪਰੈਕਸੀਮੇਟਲੀ ਕਦੋਂ ਤੱਕ ਮੁਕੰਮਲ ਹੋ ਜਾਵੇਗੀ ?

ਮੰਤਰੀ : ਇਸ ਜਵਾਬ ਦਾ ਜਵਾਬ ਬੜਾ ਕਲੀਅਰ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਕਾਫੀ ਹੱਦ ਤਕ ਗਲ ਸਿਰੇ ਪਹੁੰਚ ਗਈ ਹੈ। ਇੱਟਾਂ ਉਥੇ ਪਹੁੰਚ ਗਈਆਂ ਹਨ ਅੰਰ ਸੀਮਿੰਟ ਦਰਕਾਰ ਹੈ। ਰੈਡਕਰਾਸ ਨੇ ਇਸ ਬਿਲਡਿੰਗ ਦੀ ਉਸਾਰੀ ਕਰਨੀ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਜਲਦੀ ਤੋਂ ਜਲਦੀ ਇਹ ਉਸਾਰੀ ਕੀਤੀ ਜਾਵੇਗੀ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬਹੁਤ ਇੰਪਾਰਟੈਂਟ ਸਟੇਟਮੈਂਟ ਦਿੱਤੀ ਹੈ ਕਿ ਤਾਰੀਖ ਇਸ ਕਰ ਕੇ ਨਹੀਂ ਦਸ ਸਕਦੇ ਕਿਉਂਕਿ ਸੀਮਿੰਟ ਦਾ ਪ੍ਰਬੰਧ ਨਹੀਂ ਹੈ। ਜੇਕਰ ਸਰਕਾਰੀ ਕੰਸਟਰਕਸ਼ਨ ਵਾਸਤੇ ਸੀਮਿੰਟ ਨਹੀਂ ਤਾਂ .....(ਵਿਘਨ)

ਮੰਤਰੀ : ਮੈਂ ਇਹ ਨਹੀਂ ਕਿਹਾ ਕਿ ਸੀਮਿੰਟ ਦਾ ਪ੍ਰਬੰਧ ਨਹੀਂ ਹੈ। ਸੀਮਿੰਟ ਦਾ ਪ੍ਰਬੰਧ ਕੀਤਾ ਜਾਵੇਗਾ ।

ਕਾਮਰੇਡ ਰਾਜ ਕੁਮਾਰ : ਜੇ ਗੌਰਮਿੰਟ ਕੋਲ ਆਪਣੇ ਕੰਮ ਕਰਨ ਲਈ ਸੀਮਿੰਟ ਨਹੀਂ ਹੈ ਤਾਂ ਫਿਰ ਬਾਕੀ ਪੰਜਾਬ ਦਾ ਕੀ ਬਣੇਗਾ ?

ਸ਼੍ਰੀ ਸਪੀਕਰ : ਸੀਮਿੰਟ ਦੀ ਸ਼ਾਰਟੇਜ ਹੈ । ਸਰਕਾਰ ਬੜੀ ਤੇਜ਼ੀ ਨਾਲ ਕੋਸ਼ਿਸ਼ ਕਰ ਰਹੀ ਹੈ।

ਕਾਮਰੇਡ ਰਾਜ ਕੁਮਾਰ : ਮੇਰਾ ਸਵਾਲ ਤਾਂ ਇਹ ਹੈ ਕਿ ਇਹ ਕੋਈ ਟਾਈਮ ਦੱਸ ਦੇਣ । ਸਾਲ, 2 ਸਾਲ, ਕਦੋਂ ਤੱਕ ਇਹ ਬਿਲਡਿੰਗ ਮੁਕੰਮਲ ਹੋ ਜਾਵੇਗੀ ?

ਮੰਤਰੀ : ਮੈਂ ਅਰਜ਼ ਕਰਦਾ, ਕਿ ਤੁਹਾਡਾ ਸਵਾਲ ਪਿਛਲੇ ਸਵਾਲ ਨਾਲ ਤੁਅੱਲਕ ਰਖਦਾ ਹੈ। ਅਸੀਂ ਜਲਦੀ ਤੋਂ ਜਲਦੀ ਬਣਾ ਦਿਆਂਗੇ । (ਥੰਪਿੰਗ)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਾਡੀ ਗੌਰਮਿੰਟ ਐਕਸ਼ਨ ਓਰੀਐਨਟਿਡ ਹੈ । ਇਸ ਬਾਰੇ ਇਹ ਕਈ ਵਾਰੀ ਕਹਿ ਚੁੱਕੇ ਹਨ । ਜਦੋਂ ਵੀ ਅਸੀਂ ਜਵਾਬ ਪੁਛਦੇ ਹਾਂ ਤਾਂ ਕਹਿੰਦੇ ਹਨ ਕਿ ਅਸੀਂ ਜਲਦੀ ਤੋਂ ਜਲਦੀ ਕਰਾਂਗੇ । ਕੀ ਮਨਿਸਟਰ ਸਾਹਿਬ ਇਸ ਕੁਐਸਚਨ ਵਿਚ ਕੋਈ ਟਾਈਮ ਫਿਕਸ ਕਰਨਗੇ ਕਿ ਛੇ ਮਹੀਨੇ, ਅੱਠ ਮਹੀਨੇ ਜਾਂ ਇਤਨੇ ਮਹੀਨਿਆਂ ਤੱਕ ਐਕਸ਼ਨ ਹੋ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਜੋ ਸਵਾਲ ਪਹਿਲਾਂ ਮੈਂਬਰ ਸਾਹਿਬ ਨੇ ਪੁਛਿਆ ਸੀ, ਉਹੀ ਸਵਾਲ ਤੁਸੀਂ ਪੁਛਿਆ ਹੈ। ਮੈਂ ਜੋ ਜਵਾਬ ਦਿਤਾ ਸੀ ਉਸ ਨਾਲ ਤੁਹਾਡੀ ਸੈਟਿਸਫੈਕਸ਼ਨ ਹੋਣੀ ਚਾਹੀਦੀ ਸੀ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਨੂਰ ਮਹਿਲ ਬਲਾਕ ਵਿਚ ਸਾਬਕਾ ਚੀਫ਼ ਮਨਿਸਟਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 25 ਬਿਸਤਰਿਆਂ ਦੇ ਹਸਪਤਾਲ ਦਾ ਨੀਂਹ ਪੱਥਰ ਰਖਿਆ ਸੀ। ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਹੁਣ ਉਸ ਦੀ ਉਸਾਰੀ ਕਦੋਂ ਤੱਕ ਹੋ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਕੁਐਸਚਨ ਅਲਿਹਦਾ ਹੈ। ਇਸ ਲਈ ਇਹ ਇਸ ਬਾਰੇ ਲਿਖ ਕੇ ਦੇ ਦੇਣ ਤਾਂ ਮੈਂ ਜਵਾਬ ਭੇਜ ਦੇਵਾਂਗਾ।

STARRED QUESTION NO. 192*

Mr. Speaker : Extension has been asked for in respect of Starred Question No. 192.

Opening of a primary School in village Chhana Gajjuwal in Block Sultanpur (Kapurthala.)

*112. **Sardar Atma Singh** : Will the Minister for Education be pleased to state —

(a) the action, so far, taken on the representations received in June, 1980 from the People for opening a Primary School in village, Amritpur (Chhana Gajjuwal) in Block Sultanpur, district Kapurthala

(b) the time by which said primary school is likely to start functioning ?

Sardar Harcharan Singh Ajnala (a) The representation is being examined.

ਸਰਦਾਰ ਆਤਮਾ ਸਿੰਘ : ਪੰਜਾਬੀ ਵਿਚ ਜਵਾਬ ਦਿਓ।

ਮੰਤਰੀ : ਜੇਕਰ ਤੁਹਾਨੂੰ ਅੰਗਰੇਜ਼ੀ ਨਹੀਂ ਆਉਂਦੀ ਤਾਂ ਮੈਂ ਪੰਜਾਬੀ ਵਿਚ ਜਵਾਬ ਦੇ ਦਿੰਦਾ ਹਾਂ।

ਸਰਦਾਰ ਹਰਚਰਨ ਸਿੰਘ, ਸਿਖਿਆ ਮੰਤਰੀ : (ਓ) ਪ੍ਰਤੀ ਬੇਨਤੀ ਤੇ ਵਿਚਾਰ ਕੀਤਾ ਜਾ ਰਿਹਾ ਹੈ।

(ਅ) ਪਿੰਡ ਦੀਆਂ ਲੋੜਾਂ ਦਾ ਅੰਗੀਕਰਣ ਕਰਨ ਉਪਰੰਤ ਅਤੇ ਹੋਰ ਜ਼ਰੂਰੀ ਰਸਮਾਂ ਦੀ ਪੂਰਤੀ ਸਬੰਧੀ ਤਸੱਲੀ ਕਰਨ ਉਪਰੰਤ ਇਸ ਪਿੰਡ ਵਿਚ ਬਰਾਂਚ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ ਜਾਵੇਗਾ।

*For Starred Question No. 192 and reply thereto, please see Appendix to this Debate.

Original with;
Punjab Vidhan Sabha
Digitized by:
Panjab Digital Library

ਸਰਦਾਰ ਆਤਮਾ ਸਿੰਘ : ਧੰਨਵਾਦ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਕੀ ਕਰਾਈਟੇਰੀਆ ਹੈ ? ਕਿਤਨੀ ਆਬਾਦੀ ਹੋਵੇ ਜਾਂ ਕਿਤਨੇ ਘਰ ਵਗੈਰਾ ਹੋਣ ਜਾਂ ਹੋਰ ਕੀ ਕੁਝ ਚਾਹੀਦਾ ਹੈ ?

ਮੰਤਰੀ : ਸਪੀਕਰ ਸਾਹਿਬ, ਪੁਰਾਣੀ ਸਰਕਾਰ ਦਾ ਫੈਸਲਾ ਸੀ ਕਿ ਜਿਥੇ ਕਿਸੇ ਪਿੰਡ ਦੀ ਹਦਬਸਤ ਰੈਵੇਨਿਊ ਰਿਕਾਰਡ ਦੇ ਮੁਤਾਬਿਕ ਹੋਵੇ, ਉਥੇ ਪ੍ਰਾਇਮਰੀ ਸਕੂਲ ਖੋਲ੍ਹਿਆ ਜਾਵੇ। ਇਸ ਲਈ ਸਪੀਕਰ ਸਾਹਿਬ, ਜਿਹੜੇ ਵੀ ਪਿੰਡ ਦੀ ਹਦਬਸਤ ਰੈਵੇਨਿਊ ਰਿਕਾਰਡ ਦੇ ਮੁਤਾਬਿਕ ਹੋਵੇਗੀ, ਉਥੇ ਪ੍ਰਾਇਮਰੀ ਸਕੂਲ ਜ਼ਰੂਰ ਖੋਲ੍ਹਿਆ ਜਾਵੇਗਾ, ਜੇਕਰ ਕਿਤੇ ਸਕੂਲ ਨਹੀਂ ਖੋਲ੍ਹਿਆ ਗਿਆ ਤਾਂ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਲਿਆਉਣ ਤਾਂ ਅਸੀਂ ਉਥੇ ਸਕੂਲ ਖੋਲ੍ਹਾਂਗੇ । (ਥੰਪਿੰਗ)

ਸਰਦਾਰ ਗੁਰਦੇਵ ਸਿੰਘ ਬਾਦਲ : ਜਿਹੜੇ ਲੋਕ ਪਿੰਡ ਛੱਡ ਕੇ ਬਾਹਰ ਖੇਤਾਂ ਵਿਚ 25, 25, 30, 30 ਘਰਾਂ ਦੀਆਂ ਬਸਤੀਆਂ ਬਣਾ ਕੇ ਬੈਠੇ ਹਨ, ਕੀ ਉਨ੍ਹਾਂ ਬਸਤੀਆਂ ਵਿਚ ਵੀ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਪ੍ਰਬੰਧ ਕੀਤਾ ਜਾਵੇਗਾ ?

ਮੰਤਰੀ : ਮੈਂ ਜਵਾਬ ਬੜਾ ਸਪੱਸ਼ਟ ਦੇ ਚੁੱਕਾ ਹਾਂ ਪਰ ਪਤਾ ਨਹੀਂ ਮੈਂਬਰ ਸਾਹਿਬ ਦੇ ਕਿਉਂ ਨਹੀਂ ਸਮਝ ਆਇਆ । ਕੋਈ ਵੀ ਪਿੰਡ ਰੈਵੇਨਿਊ ਰਿਕਾਰਡ ਦੇ ਮੁਤਾਬਿਕ ਹਦਬਸਤ ਹੋਵੇ, ਉਥੇ ਮੈਂ ਹਾਊਸ ਨੂੰ ਐਸ਼ੋਰੈਂਸ ਦਿੰਦਾ ਹਾਂ ਕਿ ਅਸੀਂ ਉਥੇ ਪ੍ਰਾਇਮਰੀ ਸਕੂਲ ਜ਼ਰੂਰ ਖੋਲ੍ਹਾਂਗੇ ।
(ਥੰਪਿੰਗ)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਪਿਛੇ ਜਿਹੇ 1200 ਪ੍ਰਾਇਮਰੀ ਸਕੂਲ ਖੋਲੇ ਗਏ ਹਨ । ਮੈਂ ਪਿੱਛੇ ਵੀ ਬੇਨਤੀ ਕੀਤੀ ਸੀ ਕਿ ਇਕ ਪਿੰਡ ਵਿਚ ਜਿਥੇ ਪ੍ਰਾਇਮਰੀ ਸਕੂਲ ਖੋਲ੍ਹਿਆ ਗਿਆ ਹੈ, ਉਥੇ ਇਕ ਹੀ ਟੀਚਰ ਹੈ ਅਤੇ ਜਦੋਂ ਉਹ ਟੀਚਰ ਛੁੱਟੀ ਤੇ ਚਲਾ ਜਾਂਦਾ ਹੈ ਜਾਂ ਬਿਮਾਰ ਹੋ ਜਾਂਦਾ ਹੈ ਤਾਂ ਉਥੇ ਸਕੂਲ ਵਿਚ ਕੋਈ ਵੀ ਟੀਚਰ ਪੜ੍ਹਾਉਣ ਵਾਸਤੇ ਨਹੀਂ ਆਉਂਦਾ, ਦੂਸਰਾ ਟੀਚਰ ਨਹੀਂ ਮਿਲਦਾ। ਕੀ ਇਸ ਦਾ ਕੋਈ ਪ੍ਰਬੰਧ ਕਰਨਗੇ ?

ਦੂਜਾ ਪਿੰਡ ਮੁਲਾਂ ਪੁਰ ਤੇ ਜੰਗਪੁਰ ਵਿਚਾਲੇ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ ਹੈ ਪਰ ਬਿਲਡਿੰਗ ਉਥੇ ਕੋਈ ਨਹੀਂ ਹੈ ਨਾ ਹੀ ਫਰਨੀਚਰ ਹੈ । ਸਿਰਫ ਦੋ ਕੁਰਸੀਆਂ ਹਨ ਜਿਹੜੀਆਂ ਕਿ ਛੁੱਟੀ ਤੋਂ ਬਾਅਦ ਦੂਜੇ ਸਕੂਲ, ਖਾਲਸਾ ਸਕੂਲ, ਵਿਚ ਰੱਖ ਕੇ ਉਹ ਜਾਂਦੇ ਹਨ । ਕੀ ਮਨਿਸਟਰ ਸਾਹਿਬ, ਜਿਥੇ ਸਕੂਲ ਖੋਲ੍ਹਿਆ ਹੈ, ਉਥੇ ਬਿਲਡਿੰਗ ਬਣਾਉਣ ਦਾ ਇੰਤਜ਼ਾਮ ਕਰਨਗੇ ?

ਮੰਤਰੀ : ਪਹਿਲਾ ਪਾਰਟ ਜੋ ਹੈ ਉਹ, ਸਪੀਕਰ ਸਾਹਿਬ, ਇਸ ਸਵਾਲ ਨਾਲ ਕੋਈ ਤੁਅਲਕ ਨਹੀਂ ਰਖਦਾ । ਇਸ ਲਈ ਉਸ ਪਾਰਟ ਲਈ ਤਾਂ ਇਹ ਵੱਖਰਾ ਨੋਟਿਸ ਦੇ ਦੇਣ ।

ਸਵਾਲ ਦਾ ਦੂਸਰਾ ਪਾਰਟ, ਸਪੀਕਰ ਸਾਹਿਬ, ਇਨ੍ਹਾਂ ਦਾ ਬਿਲਡਿੰਗ ਬਣਾਉਣ ਬਾਰੇ ਹੈ। ਜਿਥੇ ਕਿਤੇ ਵੀ ਸਕੂਲ ਖੋਲ੍ਹਦੇ ਹਨ, ਉਥੇ ਪਿੰਡ ਦੀਆਂ ਪੰਚਾਇਤਾਂ ਬਿਲਡਿੰਗਾਂ ਬਣਾਉਂਦੀਆਂ ਹਨ, ਮੈਨੂੰ ਪਤਾ ਨਹੀਂ ਹੈ ਕਿ ਉਥੇ ਕਿਉਂ ਨਹੀਂ ਬਿਲਡਿੰਗ ਬਣਾਈ ਗਈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਨੌਟੀਫਾਈਡ ਏਰੀਆ ਡਿਕਲੇਅਰ ਹੋਣ ਕਰਕੇ ਉਥੇ ਪਿੰਡ ਵਾਲੇ ਬਿਲਡਿੰਗ ਨਹੀਂ ਬਣਾ ਸਕਦੇ ।

ਮੰਤਰੀ: ਸਪੀਕਰ ਸਾਹਿਬ, ਸਾਰੀ ਚੀਜ਼ ਦੇਖ ਕੇ ਹੀ ਵਿਚਾਰ ਕੀਤਾ ਜਾ ਸਕਦਾ ਹੈ ।

Construction of a bridge on the Railway Lines

***195. Shri Surinder Kapur** : Will the Chief Minister be pleased to state whether there is any proposal under the consideration of the Government to construct a bridge at Bhatinda on the Railway line near Khalsa School to link the city with the Railway colony and other attached colonies of the city if so, the details thereof and the time by which it is likely to be started/completed ?

Sardar Darbara Singh : Yes Sir. Estimates for the bridge structure and the approaches to the bridge are being prepared by the Railway/State authorities, respectively. As Railway authorities (Govt. of India) are invloved in the matter, it is difficult to state time by which it is likely to be started/completed.

ਸ਼੍ਰੀ ਸੁਰਿੰਦਰ ਕਪੂਰ: ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਪੁਲ ਨਾ ਬਣਨ ਕਰਕੇ ਬਹੁਤ ਸਾਰੇ ਐਕਸੀਡੈਂਟ ਹੋ ਗਏ ਹਨ ਅਤੇ ਕਈ ਜਾਨਾਂ ਚਲੀਆਂ ਗਈਆਂ ਹਨ । ਸਪੀਕਰ ਸਾਹਿਬ, ਇਸ ਪੁਲ ਲਈ 50 ਫੀ ਸਦੀ ਰੇਲਵੇ ਨੇ ਦੇਣਾ ਹੈ, 25 ਫੀ ਸਦੀ ਸਟੇਟ ਨੇ ਦੇਣਾ ਹੈ ਅਤੇ 25 ਫੀ ਸਦੀ ਮਿਉਂਸਪਲ ਕਮੇਟੀ ਨੇ ਜੋ ਦੇਣਾ ਹੈ ਉਹ ਉਸਦੇ ਕੋਲ ਪੈਸਾ ਪਿਆ ਹੈ । ਸਟੇਟ ਸਰਕਾਰ ਨੇ ਬਜਟ ਵਿਚ ਪ੍ਰੋਵੀਜ਼ਨ ਵੀ ਰੱਖੀ ਹੈ। ਕੀ ਮੁੱਖ ਮੰਤਰੀ ਜੀ ਇਸ ਪੁਲ ਨੂੰ ਜਲਦੀ ਸ਼ੁਰੂ ਕਰਵਾ ਦੇਣਗੇ ਤਾ ਕਿ ਨੁਕਸਾਨ ਤੋਂ ਬਚਾਓ ਹੋ ਸਕੇ ?

ਮੁੱਖ ਮੰਤਰੀ: ਮੈਂਬਰ ਸਾਹਿਬ, ਨੇ, ਸਪੀਕਰ ਸਾਹਿਬ, ਠੀਕ ਕਿਹਾ ਹੈ। ਪੁਲ ਦੀ ਉਸਾਰੀ ਹੋਣੀ ਬਹੁਤ ਜ਼ਰੂਰੀ ਹੈ। ਇਸ ਦੇ ਲਈ ਸਾਡੇ ਪਾਸ 60,000 ਰੁਪਿਆ ਜਮ੍ਹਾਂ ਹੈ । ਪਿਛੇ 11 ਜੂਨ, 1980 ਨੂੰ ਇੱਕ ਮੀਟਿੰਗ ਵੀ ਇਸ ਸਿਲ ਸਿਲੇ ਵਿਚ ਹੋਈ ਸੀ ਅਤੇ ਐਸਟੀਮੇਟ ਵਗੈਰਾ ਬਣਾਏ ਗਏ ਹਨ। ਅਸੀਂ ਪੈਸਾ ਵੀ ਜਮ੍ਹਾਂ ਕਰਾਇਆ ਹੈ। ਇਸ ਲਈ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਲਦੀ ਤੋਂ ਜਲਦੀ ਇਹ ਸ਼ੁਰੂ ਹੋ ਜਾਵੇ ਤਾ ਕਿ ਐਕਸੀਡੈਂਟ ਅਤੇ ਦੂਜੇ ਨੁਕਸਾਨ ਤੋਂ ਬਚਾਓ ਹੋ ਸਕੇ। (ਥੰਪਿੰਗ)

ਸ਼੍ਰੀ ਸੁਰਿੰਦਰ ਕਪੂਰ: ਅਕਾਲੀ-ਜਨਤਾ ਸਰਕਾਰ ਨੇ ਇਸ ਪੁਲ ਨੂੰ ਬਣਾਉਣ ਵਾਸਤੇ ਬਜਟ ਵਿਚ ਰੁਪਿਆ ਵੀ ਰਖਿਆ ਸੀ ਪਰ ਉਨ੍ਹਾਂ ਦੀ ਮਨਸ਼ਾ ਟੀਚਾ ਪੂਰਾ ਕਰਨ ਦੀ ਨਹੀਂ ਸੀ । ਹੁਣ ਸਾਡੀ ਸਰਕਾਰ ਨੇ ਵੀ ਬਜਟ ਵਿਚ ਰੁਪਿਆ ਰਖਿਆ ਹੈ। ਕੀ ਇਸ ਪੁਲ ਨੂੰ ਜਲਦੀ ਤੋਂ ਜਲਦੀ ਬਣਾਉਣ ਦਾ ਟੀਚਾ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ ?

ਮੁੱਖ ਮੰਤਰੀ: ਤਕਰੀਬਨ 5 ਲੱਖ ਰੁਪਿਆ ਇਸ ਪੁਲ ਵਾਸਤੇ ਰਖਿਆ ਗਿਆ ਹੈ । ਇਸ ਰੁਪਏ ਨੂੰ ਇਸਤੇਮਾਲ ਕਰਨ ਵਾਸਤੇ ਫੌਰੀ ਐਕਸ਼ਨ ਲਿਤਾ ਜਾਵੇਗਾ । । (ਥੰਪਿੰਗ)

Original with;
Punjab Vidhan Sabha
Digitized by
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਲੁਧਿਆਣਾ ਵਿਚ ਭਗਤ ਸਿੰਘ ਬਰਿਜ ਹੈ। ਉਸਦੀ ਇੱਕ ਸਾਈਡ ਤਾਂ ਪਿਛਲੀ ਕਾਂਗਰਸ ਸਰਕਾਰ ਨੇ ਬਣਾ ਦਿਤੀ ਸੀ ਪਰ ਦੂਜੀ ਸਾਈਡ ਬਣਨੀ ਰਹਿੰਦੀ ਹੈ। ਉਥੇ ਤਕਰੀਬਨ 40, 50 ਹਜ਼ਾਰ ਰਿਕਸ਼ਾ, ਟਾਂਗੇ, ਏਕਸਰੀਆਂ ਆਦਿ ਚਲਦੀਆਂ ਹਨ। ਕੀ ਮੁੱਖ ਮੰਤਰੀ ਜੀ ਉਸ ਦੀ ਦੂਜੀ ਸਾਈਡ ਨੂੰ ਜਲਦੀ ਤੋਂ ਜਲਦੀ ਬਣਾਉਣ ਦੀ ਕੋਸ਼ਿਸ਼ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਗੁਪਤਾ ਜੀ ਨੇ ਲੁਧਿਆਣੇ ਦੇ ਬਰਿਜ ਦਾ ਜ਼ਿਕਰ ਕੀਤਾ ਹੈ। ਮੈਨੂੰ ਲੁਧਿਆਣੇ ਦੇ ਉਸ ਬਰਿਜ ਦਾ ਚੰਗੀ ਤਰ੍ਹਾਂ ਪਤਾ ਹੈ। ਇਹ ਬਰਿਜ ਲਕੜੀ ਦਾ ਹੈ। ਹਰ ਇੱਕ ਨੂੰ ਇਸ ਬਰਿਜ ਤੋਂ ਪੈਦਲ ਜਾਣਾ ਪੈਂਦਾ ਹੈ ਅਤੇ ਸਾਈਕਲ ਵੀ ਸਿਰ ਤੇ ਚੁੱਕ ਕੇ ਲੰਘਾਉਣਾ ਪੈਂਦਾ ਹੈ। ਇਸ ਬਰਿਜ ਦੀ ਵੀ ਬਹੁਤ ਲੋੜ ਹੈ। ਇਸ ਦੇ ਲਈ ਵੀ ਅਸੀਂ ਕੋਸ਼ਿਸ਼ ਕਰਾਂਗੇ ਕਿ ਰੇਲਵੇ ਵਾਲਿਆਂ ਦੇ ਨਾਲ ਮਿਲ ਕੇ ਇਸ ਦੀ ਮਨਜ਼ੂਰੀ ਤੇਜ਼ੀ ਦੇ ਨਾਲ ਲਈ ਜਾਵੇ।

ਸਰਦਾਰ ਗੁਰਦੇਵਸਿੰਘ ਬਾਦਲ : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਪੰਜਾਬ ਵਿਚ ਕਈ ਥਾਵਾਂ ਤੇ ਲੋਕਾਂ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਡੇ ਜ਼ਿਲ੍ਹਾ ਫਰੀਦਕੋਟ ਵਿਚ ਕੋਟਕਪੂਰਾ ਵਿਖੇ ਡੀਜ਼ਲ ਅਤੇ ਪੈਟਰੋਲ ਦਾ ਡਿਪੂ ਹੈ ਅਤੇ ਉਥੇ ਰੇਲ ਦੀ ਆਵਾਜਾਈ ਬਹੁਤ ਰਹਿੰਦੀ ਹੈ। ਜਿਸ ਤਰ੍ਹਾਂ ਮੋਗੇ ਵਿਚ ਪੁਲ ਬਣਾ ਕੇ ਥਲੇ ਦੀ ਗੱਡੀਆਂ ਲੰਘਾਉਣ ਦਾ ਪਰਬੰਧ ਕੀਤਾ ਗਿਆ ਹੈ, ਕੀ ਉਸੇ ਤਰ੍ਹਾਂ ਮੁਕਤਸਰ ਤੋਂ ਜਿਹੜੀ ਸੜਕ ਜਾਂਦੀ ਹੈ, ਉਥੇ ਵੀ ਇਸ ਤਰ੍ਹਾਂ ਦਾ ਪੁਲ ਬਣਾਉਣ ਦਾ ਪ੍ਰਬੰਧ ਕੀਤਾ ਜਾਏਗਾ ਤਾ ਕਿ ਲੋਕਾਂ ਦਾ ਭਲਾ ਹੋ ਸਕੇ ?

ਮੁੱਖ ਮੰਤਰੀ : ਓਵਰ ਬਰਿਜ ਦੀ ਕਾਸਟ ਰੇਲਵੇ ਵਾਲੇ ਖਰਚ ਕਰਦੇ ਹਨ। ਜੇ ਥਲੇ ਦੀ ਲਿਜਾਈਏ ਤਾਂ ਮਨਜ਼ੂਰੀ ਆਮ ਕਰਕੇ ਉਨ੍ਹਾਂ ਦੀ ਲੈਣੀ ਪੈਂਦੀ ਹੈ ਔਰ ਖਰਚ ਸਟੇਟ ਦਾ ਕਰਨਾ ਪੈਂਦਾ ਹੈ। ਮੈਨੂੰ ਉਸ ਪੁਆਇੰਟ ਦਾ ਪਤਾ ਹੈ ਅਤੇ ਹੋਰ ਵੀ ਜਿਹੜੇ ਐਸੇ ਪੁਆਇੰਟ ਹਨ ਫੰਡਜ਼ ਦੀ ਕਮੀ ਕਰਕੇ ਲੇਟ ਹੋ ਸਕਦੇ ਹਨ ਲੇਕਿਨ ਉਥੇ ਵੀ ਅਸੀਂ ਸਮਝਦੇ ਹਾਂ ਕਿ ਇਸ ਤਰ੍ਹਾਂ ਦੀ ਜ਼ਰੂਰਤ ਹੈ।

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Completion of certain link roads in block Mansa, district Bhatinda

***127. Sardar Baldev Singh Khiala** : Will the Chief Minister be pleased to state the time by which the Government propose to complete the following incomplete link roads :-

(i) from Bhupal to Khiala Kalan

(ii) Alishar to Anupgarh.

Original with;
Punjab Vidhan Sabha
Digitized by;
Panjab Digital Library

(iii) Ralla to Ubhan.

(iv) Joga to Bhaini Fatta and

(v) Aklia to Rooreke

falling in block Mansa, District Bhatinda ?

ਸਰਦਾਰ ਦਰਬਾਰਾ ਸਿੰਘ: ਇਨ੍ਹਾਂ ਇੰਟਰ-ਲਿੰਕ ਸੜਕਾਂ ਦੀ ਉਸਾਰੀ ਇਹ ਸੋਚ ਕੇ ਸ਼ੁਰੂ ਕੀਤੀ ਗਈ ਸੀ ਕਿ ਇਨ੍ਹਾਂ ਦੀ ਉਸਾਰੀ ਲਈ ਲੋੜੀਂਦਾ ਧਨ ਮਾਰਕੀਟ ਕਮੇਟੀ ਮਾਨਸਾ ਦੇਵੇਗੀ। ਪ੍ਰੰਤੂ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਮਾਰਕੀਟ ਕਮੇਟੀ ਮਾਨਸਾ ਸੜਕਾਂ ਦੀ ਉਸਾਰੀ ਲਈ 13.55 ਲੱਖ ਰੁਪਏ ਜਮ੍ਹਾਂ ਨਹੀਂ ਕਰਵਾ ਸਕੀ। ਇਨ੍ਹਾਂ ਅਧੂਰੀਆਂ ਇੰਟਰ-ਲਿੰਕ ਸੜਕਾਂ ਦੀ ਉਸਾਰੀ ਧਨ ਉਪਲਭਧ ਹੋਣ ਤੇ ਹੱਥ ਵਿਚ ਲਈ ਜਾਵੇਗੀ।

Case of firing incident registered against the bank Manager Land Mortgage Bank, Sunam

*214. 1. **Master Chand Singh**
2. **Professor Balwant Singh** : Will the Chief Minister be plesaed to state :

(a) whether a case of firing incident was registered against the Bank Manager, land Mortgage Bank, Sunam, during the period from 1.9.79 to 31.12.79 ;

(b) if the reply to part (a) above be in the affirmative, the action taken against the said Manager, so far ?

ਸਰਦਾਰ ਦਰਬਾਰਾ ਸਿੰਘ: (ੳ) ਹਾਂ ਜੀ।

(ਅ) ਭਾਗ (ੳ) ਵਿੱਚ ਦੱਸੇ ਮੁਕੱਦਮੇ ਵਿੱਚ ਦੋਸ਼ੀ ਗ੍ਰਿਫਤਾਰ ਹੋ ਚੁੱਕਿਆ ਹੈ ਅਤੇ ਮੁਕੱਦਮਾ ਮੇਰੇ ਤਫਤੀਸ਼ ਹੈ।

Completion of Kapurthala-Bholath Bhogpur Road

*173. **Comrade Kulwant Singh** : Will the Chief Minister be pleased to state :-

(a) whether the Kapurthala Bholath Bhogpur Road has since been completed ; if so, the date of its completion together-with the length thereof ;

(b) if the road mentioned in part (a) above is still incomplete, the time by which it is likely to be completed and the position of the road encircling the Laroa village ?

ਸਰਦਾਰ ਦਰਬਾਰਾ ਸਿੰਘ: (ੲ) ਜੀ ਨਹੀਂ।

(ਬੀ) (1) ਇਸ ਸੜਕ ਦੇ 31 ਮਾਰਚ, 1982 ਤੱਕ ਮੁਕੰਮਲ ਹੋਣ ਦੀ ਆਸ ਹੈ।

Original with;
Punjab Vidhan Sabha
Digitized by;
Panjab Digital Library

(2) ਜਿਥੋਂ ਤੱਕ ਪਿੰਡ ਲੜੋਇਆ ਦੇ ਆਲੇ ਦੁਆਲੇ ਸੜਕ ਬਨਾਉਣ ਦਾ ਸਬੰਧ ਹੈ, ਇਹ ਭੀ ਪ੍ਰਾਪਤੀ ਉਪਰੰਤ ਉਸਾਰੀ ਜਾਵੇਗੀ।

Retrenchment of work charge Employees

*185. 1. **Comrade Sohan Singh**
2. **Comrade Raj Kumar** } Will the Chief Minister be pleased to state whether the Irrigation and Power Department received any representation from a former legislator of Amritsar District in May, 1980 regarding stopping of retrenchment of workcharged employees in Mechanical Drainage Division, Amritsar, if so, the details thereof and action taken thereon be laid on the Table of the House.

ਸਰਦਾਰ ਦਰਬਾਰਾ ਸਿੰਘ: ਹਾਂ ਜੀ। 42 ਵਰਕਚਾਰਜ਼ਡ ਕਰਮਚਾਰੀ ਜਿਨ੍ਹਾਂ ਦੀ ਸੇਵਾ ਇਕ ਸਾਲ ਤੋਂ ਘੱਟ ਸੀ, ਦੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਗਈਆਂ ਹਨ। 266 ਹੋਰ ਵਰਕਮੈਨ ਜਿਨ੍ਹਾਂ ਦੀ ਸੇਵਾ ਇਕ ਸਾਲ ਤੋਂ ਵਧੀਕ ਹੈ, ਨੂੰ ਮਿਤੀ 4 ਜੂਨ, 1980 ਨੂੰ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਕੰਮ ਦੀ ਘਾਟ ਕਾਰਨ ਛਾਂਟੀ ਕਰਨੀ ਜ਼ਰੂਰੀ ਹੋ ਗਈ ਹੈ।

Water level in Joga distributory

*148. 1. **Sardar Baldev Singh Khiala.**
2. **Sardar Parshotam Singh** } Will the Chief Minister be pleased to state whether there is any proposal under the consideration of the Government to increase the water level upto 3.5 cusecs after lining Joga Distributary canal Division, Sangrur ; if so, the time by which it is likely to be done ?

ਸਰਦਾਰ ਦਰਬਾਰਾ ਸਿੰਘ : ਹਾਂ ਜੀ।

ਜੋਗਾ ਡਿਸਟ੍ਰੀਬਿਯੂਟਰੀ ਦੀ ਲਾਈਨਿੰਗ, ਵਾਟਰ ਅਲਾਉਂਸ 3.5 ਕਿਊਸਿਕ ਦੇ ਨਾਲ ਜੋ ਕਿ ਪੰਜਾਬ ਸਿੰਚਾਈ ਪ੍ਰੋਜੈਕਟ–ਲਾਈਨਿੰਗ ਆਫ ਡਿਸਟ੍ਰੀਬਿਯੂਟਰੀ ਅਤੇ ਮਾਈਨਰਜ਼ ਦੇ ਅਧੀਨ ਹੈ ਸਾਲ 1980—84 ਦੇ ਦੌਰਾਨ ਮੁਕੰਮਲ ਕਰ ਦਿੱਤੀ ਜਾਵੇਗੀ।

Memorandum against the Officers of the Panchayats and Rural Development Department

*110. **Sardar Atma Singh** : Will the Chief Minister be pleased to state :-

(a) The names of the suspended officers of panchayats and Rural Development department during the period from 1977 to 1980 who were reinstated during the President's Rule in the State together with the reasons therefor ;

(b) Whether he has received any memorandum against the reinstatements referred to in part (a) above ; if so the details thereof ;

Original with;
Punjab Vidhan Sabha
Digitized by;
Panjab Digital Library

(c) the action so far taken by the Government on the said memorandum referred to in part (b) above ?

ਸਰਦਾਰ ਸੰਤੋਖ ਸਿੰਘ ਰੰਧਾਵਾ (ਵਿਕਾਸ ਅਤੇ ਪੰਚਾਇਤ ਮੰਤਰੀ) : (ੳ) ਸਰਦਾਰ ਕਰਤਾਰ ਸਿੰਘ ਮਾਹਲ ਅਤੇ ਸਰਦਾਰ ਮੁਖਤਿਆਰ ਸਿੰਘ ਸਿੱਧੂ, ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ ਅਤੇ ਸਰਦਾਰ ਲਖਮੀਰ ਸਿੰਘ ਰੰਧਾਵਾ, ਸ਼ਕੱਤਰ, ਜ਼ਿਲ੍ਹਾ ਪ੍ਰੀਸ਼ਦ ਨੂੰ ਉਨ੍ਹਾਂ ਦੇ ਖਿਲਾਫ ਚਲ ਰਹੀਆਂ ਪੜਤਾਲਾਂ ਦੇ ਸਿੱਟੇ ਤੇ ਬਿਨਾਂ ਅਸਰ ਪਏ ਅਤੇ ਉਨ੍ਹਾਂ ਵਿਰੁੱਧ ਲਾਏ ਦੋਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹਾਲ ਕੀਤਾ ਗਿਆ।

(ਅ) ਅਜਿਹਾ ਕੋਈ ਯਾਦ ਪੱਤਰ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਪ੍ਰਾਪਤ ਨਹੀਂ ਹੋਇਆ।

(ਏ) ਉਪਰ (ਅ) ਅਨੁਸਾਰ ਸੁਆਲ ਨਹੀਂ ਉੱਠਦਾ।

UNSTARRED QUESTIONS AND ANSWERS

Recognition of qualification of Ayurved-Vachaspati by Government

12. Sardar Dalip Singh Pandhi : Will the Minister for Health and Family Welfare be pleased to state :-

(a) whether 'Ayurved-Vachaspati' qualification from the Guru-Kul Kangri Vishav Vidyalaya, Hardwar has ever been recognised by the punjab Government ;

(b) if the reply to part (a) above be in the affirmative, the number and date of the State Government Notification by which it was recognised ;

(c) the total number of employees who got the degree referred to in part (b) above during their service in the Ayurveda Department and the period of leave granted to each candidate for the preparation/Examination purpose ?

ਸ਼੍ਰੀ ਸਰਦਾਰੀ ਲਾਲ ਕਪੂਰ : (ੲ) ਜੀ ਹਾਂ। ਇਹ ਮਾਨਤਾ, ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਦੇ ਟੀਚਿੰਗ ਸਟਾਫ ਨੂੰ ਸੋਧੇ ਹੋਏ ਤਨਖਾਹ ਸਕੇਲ ਦੇਣ ਲਈ ਦਿੱਤੀ ਗਈ ਸੀ।

(ਬੀ) ਮੀਮੋ ਨੰ: 5229-ਐਚ.ਬੀ.-2-ਏ ਐਸ.ਓ. 2-66/22109, ਮਿਤੀ 2 ਅਗੱਸਤ, 1966।

(ਸੀ) ਜਾਣਕਾਰੀ ਇਕੱਠੀ ਕਰਨ ਵਿਚ ਲੱਗਦਾ ਸਮਾਂ ਅਤੇ ਮਿਹਨਤ ਪ੍ਰਾਪਤ ਕੀਤੇ ਜਾਣ ਵਾਲੇ ਕਿਸੇ ਲਾਭ ਦੇ ਸਮਾਨ ਨਹੀਂ ਹੋਵੇਗਾ।

Original with;
Punjab Vidhan Sabha
Digitized by
Panjab Digital Library

Cases registered by police under section 107/151 Cr.P.C. in Faridkot District

11. Sardar Harchand Singh : Will the Chief Minister be pleased to lay a comparative statement of cases registered by police under section 107/151 Cr. P.C. during the months of June, 1979 and June, 1980 in Faridkot district alongwith the reasons for their increase/decrease ?

ਸਰਦਾਰ ਦਰਬਾਰਾ ਸਿੰਘ : ਧਾਰਾ 107/151 ਸੀ ਆਰ.ਪੀ.ਸੀ. ਦੇ ਅਧੀਨ ਮੁਕੱਦਮੇ ਦਰਜ ਨਹੀਂ ਕੀਤੇ ਜਾਂਦੇ ਹਨ। ਇਸ ਧਾਰਾ ਦੇ ਅਧੀਨ ਅਹਿਤਹਾਤੀ ਪੇਸ਼ਬੰਦੀ ਲਈ ਵਿਅੱਕਤੀ ਗ੍ਰਿਫਤਾਰ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਅਮਨ ਕਾਇਮ ਰੱਖਣ ਲਈ ਜ਼ਮਾਨਤ ਲੈਣ ਲਈ ਮੈਜਿਸਟਰੇਟ ਦੇ ਪੇਸ਼ ਕੀਤਾ ਜਾਂਦਾ ਹੈ। ਜੂਨ, 1979 ਵਿਚ 668 ਅਤੇ ਜੂਨ 1980 ਵਿਚ 682 ਵਿਅੱਕਤੀ 107/151 ਸੀ ਆਰ.ਪੀ.ਸੀ. ਦੇ ਅਧੀਨ ਗ੍ਰਿਫਤਾਰ ਕੀਤੇ ਗਏ ਸਨ।

Number of Adarsh Schools sanctioned actually started in Muktsar tehsil

14. Sardar Harchand Singh : Will the Minister for Education be pleased to state :—

(a) the number of Adarsh Schools sanctioned for the Muktsar Tehsil ;

(b) the number of the Adarsh Schools the buildings of which have since been completed in the said Tehsil ;

(c) the number of the Adarsh Schools in the said tehsil which have actually started functioning and the date since when they have started functioning ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਤਿੰਨ।

(ਅ) ਤਿੰਨ, ਜਿਨ੍ਹਾਂ ਵਿਚੋਂ ਇਕ ਇਮਾਰਤ ਅਜੇ ਤੱਕ ਰਸਮੀ ਤੌਰ ਤੇ ਬੋਰਡ ਦੇ ਹਵਾਲੇ ਨਹੀਂ ਕੀਤੀ ਗਈ।

(ਏ) ਦੋ, ਜਿਨ੍ਹਾਂ ਵਿਚੋਂ ਇਕ ਮਿਤੀ 1 ਅਗੱਸਤ, 1979 ਤੋਂ ਅਤੇ ਦੂਜਾ 1 ਮਈ, 1980 ਤੋਂ।

Registration of Pharmacists as R.M.P.

21. Comrade Kulwant Singh : Will the Minister for Health and Family Welfare be pleased to state :-

(a) whether the previous Ministry had taken a decision that the Pharmacists registered prior to 1962 would be able to get themselves registered as R.M.P. in the State ;

(b) if the reply to part (a) above be in the affirmative, whether their registration is being made; if not the reasons therefor ?

ਸ਼੍ਰੀ ਸਰਦਾਰੀ ਲਾਲ ਕਪੂਰ : (ੳ) ਨਹੀਂ ਜੀ।

(ਅ) ਉਪਰੋਕਤ (ੳ) ਨੂੰ ਮੁੱਖ ਰਖਦੇ ਹੋਏ ਸਵਾਲ ਹੀ ਪੈਦਾ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

Distribution of Coal to Brick Kilns in District Jullundur

28. Comrade Kulwant Singh : Will the Chief Minister be pleased to—

(a) lay on the Table of the House a statement, in the following form, regarding the distribution of coal by the Food and Supplies Department in district Jullundur to get bricks during the period from Ist March, 1975 to 31st March, 1980.

Serial No.	Name of the kiln	Name of department which supplies coal	Date of issue of coal	Quantity of coal issued
1	2	3	4	5

Quantity of bricks required	Quantity of bricks received	Quantity of bricks in balance	The reasons for not receiving bricks
6	7	8	9

(b) state the details of the action, if any, taken against the brick kiln owners referred to in part (a) above who did not supply the requisite number of bricks as per demand ?

ਸਰਦਾਰ ਦਰਬਾਰਾ ਸਿੰਘ : ਜੋ ਸੂਚਨਾ ਮਾਨਯੋਗ ਮੈਂਬਰ ਜੀ ਨੇ ਮੰਗੀ ਹੈ ਉਸ ਵਿੱਚ ਜਿੰਨੀ ਮਿਹਨਤ ਦਰਕਾਰ ਹੈ, ਉਸ ਦੇ ਬਰਾਬਰ ਦਾ ਜਨ ਸਾਧਾਰਨ ਨੂੰ ਲਾਭ ਪਹੁੰਚਦਾ ਨਜ਼ਰ ਨਹੀਂ ਆਉਂਦਾ।

Scheme to supply water from Bhakra Main Branch to Dhondal Branch and Rurkee Minor of Sukchain Branch Canal

15. Sardar Balwinder Singh Bhunder: Will the Chief Minister be pleased to state whether Government had approved a scheme to supply water from Bhakra main Branch to the Dhondal Branch and Rurkee minor of Sukchain Branch Canal in 1978; if so, the progress thereof?

ਸਰਦਾਰ ਦਰਬਾਰਾ ਸਿੰਘ : ਹਾਂ ਜੀ। ਸਰਕਾਰ ਨੇ ਮਾਰਚ, 1978 ਵਿਚ ਇਹ ਸਕੀਮ ਜਿਸ ਦੀ ਅਨੁਮਾਨਤ ਕੀਮਤ 96.82 ਲੱਖ ਰੁਪਏ ਮੰਨਜ਼ੂਰ ਕੀਤੀ ਸੀ ਅਤੇ ਜਿਸ ਅਨੁਸਾਰ ਇਹ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਇਸ ਉਪਰੰਤ ਸਕੀਮ ਤੇ ਦੋ ਕਰੋੜ ਰੁਪਏ ਦਾ ਖਰਚਾ ਘੱਗਰ ਦਰਿਆ ਤੇ ਬਰਾਸਿੰਗ ਕਾਰਨ ਵੱਧ ਜਾਣ ਕਰਕੇ ਸਰਕਾਰ ਨੇ ਇਸ ਨੂੰ ਮੁੜ ਵਿਚਾਰਨ ਦਾ ਫੈਸਲਾ ਕੀਤਾ, ਕਿ ਪਾਣੀ ਦੀ ਵੱਧ ਸਪਲਾਈ ਸੁਖਚੈਨ ਰਜਵਾਹੇ ਰਾਹੀਂ ਕੀਤੀ ਜਾਵੇ ਜੋ ਕਿ ਹਰਿਆਣਾ ਦੀ ਹੱਦ ਵਿਚੋਂ ਨਿਕਲਦਾ ਹੈ ਜਾਂ ਘੱਗਰ ਦਰਿਆ ਨੂੰ ਪਾਰ ਕਰਨ ਲਈ ਕੋਈ ਹੋਰ ਸਸਤਾ ਸਾਧਨ ਲੱਭਿਆ ਜਾਵੇ। ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

Cane Cess

16. Chaudhri Jagjit Singh : Will the Minister for Agriculture and Forests be pleased to state—

(a) the total amount of cane cess due from various Sugar Mills for the cane purchased during the last three cane crushing seasons;

(b) the amount actually recovered during the said period;

(c) whether the amount in full has been recovered; if not, the action taken to recover the arrears;

(d) the action taken against the officer who failed to recover the amount;

(e) the loss caused to the State Exchequer for this non-recovery from the Sugar Mills?

ਚੌਧਰੀ ਕਾਂਸ਼ੀ ਰਾਮ : (ੳ) ਵੱਖ ਵੱਖ ਖੰਡ ਮਿਲਾਂ ਵਲੋਂ ਪਿਛਲੇ ਤਿੰਨ ਸਾਲਾਂ ਵਿਚ ਖਰੀਦੇ ਗਏ ਗੰਨੇ ਤੇ ਕੁੱਲ ਬਣਦੇ "ਕੇਨ ਸੈਸ" ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਖੰਡ ਮਿਲ ਦਾ ਨਾਂ		ਖੰਡ ਮਿਲਾਂ ਵਲ ਬਣਦਾ ਕੇਨ ਸੈਸ			
			1977-78	1978-79	1979-80	ਕੁੱਲ ਜੋੜ
			ਰੁਪਏ	ਰੁਪਏ	ਰੁਪਏ	ਰੁਪਏ
1	ਬਟਾਲਾ	...	4,47,182.12	5,02,660.80	2,83,065.08	12,32,908.00
2	ਭੁੱਗਪੁਰ	...	4,21,348.40	3,95,096.18	1,56,026.37	9,72,470.95
3	ਨਵਾਂ ਸ਼ਹਿਰ	...	4,24,164.13	4,35,844.26	1,88,971.76	10,48,980.15
4	ਫਗਵਾੜਾ	...	3,40,789.04	3,46,167.07	1,42,593.09	8,29,549.20
5	ਧੂਰੀ	...	3,43,573.36	3,75,998.20	1,52,827.24	8,72,398.80
6	ਮੋਰਿੰਡਾ	...	4,32,551.94	3,43,860.05	3,20,603.59	10,97,015.58
	ਕੁੱਲ ਜੋੜ	...	24,09,608.99	23,99,626.56	12,44,087.13	60,53,322.68

Original with;
Punjab Vidhan Sabha
Digitized by;
Panjab Digital Library

(ਅ) ਪਿਛਲੇ ਤਿੰਨ ਸਾਲਾਂ 1977-78 ਤੋਂ 1979-80 ਤਕ ਵਸੂਲ ਕੀਤੀ ਕੇਨ ਸੈਸ ਦੀ ਰਕਮ :

ਲੜੀ ਨੰ.	ਖੰਡ ਮਿਲ ਦਾ ਨਾਂ	ਕੇਨ ਸੈਸ ਦੀ ਸਾਲ 1977-78 ਤੇ 1979-80 ਤਕ ਵਸੂਲ ਕੀਤੀ ਰਕਮ			
		1977-78	1978-79	1979-80	ਕੁਲ ਜੋੜ
		ਰੁਪਏ	ਰੁਪਏ	ਰੁਪਏ	ਰੁਪਏ
1	ਬਣਾਲਾ	4,45,007.22	5,00,554.01	...	9,45,561.23
2	ਭੋਗਪੁਰ	...	...	1,56,026.37	1,56,026.37
3	ਨਵਾਂ ਸ਼ਹਿਰ	4,00,000,00	4,35,844.26	...	8,35,844.26
4	ਫਗਵਾੜਾ	...	...	...	...
5	ਧੂਰੀ	...	...	...	...
6	ਮੋਰਿੰਡਾ	...	65,000.00	...	65,000.00
	ਕੁਲ ਜੋੜ	8,45,007.22	10,01,398.27	1,56,026.37	20,02,431.86

(ੲ) ਨਹੀਂ ਜੀ,

ਦੀ ਪੰਜਾਬ ਸ਼ੂਗਰ ਕੇਨ (ਰੈਗੂਲੇਸ਼ਨ ਆਫ ਪਰਚੇਜ਼ ਐਂਡ ਸਪਲਾਈ) ਐਕਟ, 1953 ਦੀ ਧਾਰਾ 17 (2) ਅਨੁਸਾਰ ਜੇ ਕੇਨ ਸੈਸ ਦੀ ਬਣਦੀ ਕੁਲ ਰਕਮ ਸਮੇਂ ਸਿਰ ਨਹੀਂ ਜਮ੍ਹਾਂ ਕਰਵਾਈ ਜਾਂਦੀ ਤਾਂ ਇਸ ਦੀ ਵਸੂਲੀ ਬਤੌਰ ਮਾਲੀਆ (ਏਰੀਅਰ ਆਫ ਲੈਂਡ ਰੈਵੀਨਿਊ) ਕੀਤੀ ਜਾਂਦੀ ਹੈ, ਇਸ ਲਈ ਸਬੰਧਤ ਜ਼ਿਲ੍ਹਾ ਕੁਲੈਕਟਰਾਂ ਨੂੰ, ਜਿਨ੍ਹਾਂ ਦੀ ਹੱਦ ਵਿਚ ਖੰਡ ਮਿਲਾਂ ਪੈਂਦੀਆਂ ਹਨ, ਉਹਨਾਂ ਨੂੰ ਰੈਵੀਨਿਊ ਰਿਕਵਰੀ ਐਕਟ, 1890 ਦੀ ਧਾਰਾ 5 ਅਨੁਸਾਰ ਕੇਨ ਸੈਸ ਦੀ ਵਸੂਲੀ ਬਤੌਰ ਮਾਲੀਆ ਕਰਨ ਲਈ ਕੁਲੈਕਟਰ, ਚੰਡੀਗੜ੍ਹ ਰਾਹੀਂ ਰਿਕਵਰੀ ਸਰਟੀਫਿਕੇਟ ਜਾਰੀ ਕਰਵਾਏ ਗਏ । ਮਾਲ ਅਧਿਕਾਰੀਆਂ ਨੇ ਵਸੂਲੀ ਦੀ ਕਾਰਵਾਈ ਸ਼ੁਰੂ ਕਰ ਦਿਤੀ ਹੈ, ਜਿਸ ਦੇ ਫਲਸਰੂਪ 20, 02, 431.86 ਰੁਪਏ ਦੀ ਰਕਮ ਦੀ ਵਸੂਲੀ ਕੀਤੀ ਜਾ ਚੁਕੀ ਹੈ ਅਤੇ ਬਾਕੀ ਦੀ ਰਹਿੰਦੀ 40,50,890.82 ਰੁਪਏ ਦੀ ਰਕਮ ਵਸੂਲਣ ਲਈ ਕਾਰਵਾਈ ਜਾਰੀ ਹੈ।

Original with;
Punjab Vidhan Sabha
Digitized by:
Panjab Digital Library

[ਖੇਤੀਬਾੜੀ ਤੇ ਜੰਗਲਾਤ ਮੰਤਰੀ]

(ਸ) ਜਦੋਂ ਕਿ ਵਸੂਲੀ ਦੀ ਕਾਰਵਾਈ ਜਾਰੀ ਹੈ, ਕਿਸੇ ਅਧਿਕਾਰੀ ਦੇ ਖਿਲਾਫ ਕੋਈ ਕਾਰਵਾਈ ਕਰਨ ਦਾ ਸਵਾਲ ਨਹੀਂ ਉਠਦਾ ।

(ਹ) ਸਾਲ 1977-78 ਦੀ ਕੇਨ ਸੈਸ ਦੀ ਵਸੂਲੀ ਲਈ 16 ਅਪ੍ਰੈਲ, 1979 ਨੂੰ ਸਾਲ 1978-79 ਦੀ 1 ਨਵੰਬਰ, 1979 ਨੂੰ ਅਤੇ ਸਾਲ 1979-80 ਦੀ 30 ਮਈ, 1980 ਨੂੰ ਰੀਕਵਰੀ ਸਰਟੀਫਿਕੇਟ ਜਾਰੀ ਕੀਤੇ ਗਏ । ਹਰ ਇਕ ਖੰਡ ਮਿਲ ਵਲ ਕੇਨ ਸੈਸ ਦੀ ਡੀਮਾਂਡ ਹਾਲੀ ਖੜ੍ਹੀ ਦੀ ਖੜ੍ਹੀ ਹੈ। ਵਸੂਲੀ ਦੀ ਕਾਰਵਾਈ ਹਾਲੀ ਜ਼ੋਰਾਂ ਤੇ ਹੈ । ਇਸ ਲਈ ਸਰਕਾਰੀ ਖਜ਼ਾਨੇ ਨੂੰ ਕੋਈ ਨੁਕਸਾਨ ਪਹੁੰਚਣ ਦਾ ਸਵਾਲ ਨਹੀਂ ਉਠਦਾ ।

Old Age/Widow Pension

17. Chaudhri Jagjit Singh: Will the Minister for Welfare be pleased to state the number of persons belonging to Scheduled Castes and Non-Scheduled Castes separately to whom old age/widow pension was granted during the last three years?

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ਜੋਧਰੀ ਜਗਤ ਰਾਮ :

ਸਕੀਮ	1977–78		1978–79		1979–80		ਜੋੜ	
	ਅਨੁਸੂਚਿਤ ਜਾਤੀ ਦੇ ਪੈਨਸ਼ਨਰ	ਗੈਰ-ਅਨੁ-ਸੂਚਿਤ ਜਾਤੀ ਦੇ ਪੈਨਸ਼ਨਰ	ਅਨੁਸੂਚਿਤ ਜਾਤੀ ਦੇ ਪੈਨਸ਼ਨਰ	ਗੈਰ-ਅਨੁ-ਸੂਚਿਤ ਜਾਤੀ ਦੇ ਪੈਨਸ਼ਨਰ	ਅਨੁਸੂਚਿਤ ਜਾਤੀ ਦੇ ਪੈਨਸ਼ਨਰ	ਗੈਰ-ਅਨੁ-ਸੂਚਿਤ ਜਾਤੀ ਦੇ ਪੈਨਸ਼ਨਰ	ਅਨੁਸੂਚਿਤ ਜਾਤੀ ਦੇ ਪੈਨਸ਼ਨਰ	ਗੈਰ-ਅਨੁ-ਸੂਚਿਤ ਜਾਤੀ ਦੇ ਪੈਨਸ਼ਨਰ
ਬੁਢਾਪਾ ਪੈਨਸ਼ਨ	3,365	7,575	2,497	5,183	2,747	4,646	8,609	17,404
ਵਿਧਵਾ ਪੈਨਸ਼ਨ	972	2,488	778	1,634	988	3,627	2,738	7,749

Village Covered under the Basti Sudhar Scheme

18. Chaudhri Jagjit Singh: Will the Minister for Welfare be pleased to state—

(a) the number of villages covered under the Basti Sudhar Scheme;

(b) whether the said scheme has been completed; if not, the time by which the same is likely to be completed ?

ਚੌਧਰੀ ਜਗਤ ਰਾਮ : (ੳ) ਮਿਤੀ 31 ਮਾਰਚ, 1980 ਤੱਕ 1083 ਪਿੰਡ ਕਵਰ ਕੀਤੇ ਜਾ ਚੁੱਕੇ ਹਨ।

(ਅ) ਨਹੀਂ। ਇਸ ਸਕੀਮ ਦੇ ਮੁਕੰਮਲ ਹੋਣ ਬਾਰੇ ਕੋਈ ਨਿਸ਼ਚਿਤ ਸਮਾਂ ਮੁਕੱਰਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦੇ ਵੱਖ ਵੱਖ ਬਹੁਤ ਪਹਿਲੂ ਹਨ, ਜਿਹਾ ਕਿ ਫੰਡਾਂ ਦੀ ਉਪਲਭਧਤਾ, ਕੰਮ ਕਰਨ ਵਾਲੀ ਏਜੰਸੀ ਦੀ ਕੰਮ ਮੁਕੰਮਲ ਕਰਨ ਦੀ ਕਾਰਜ-ਕੁਸ਼ਲਤਾ ਮੈਟੀਰੀਅਲ ਮਿਲਣ ਤੇ ਨਿਰਭਰ ਹੈ।

Amount payable to the Co-operative Societies in District Ferozepur

20. Comrade Sarwan Singh : Will the Chief Minister be pleased to state—

(a) the total number of persons in District Ferozepur from whom arears amounting to more than rupees twenty-thousand are due to the Co-operative Societies under "Agriculture" and "Non-Agriculture" Heads separately ;

(b) the steps so far taken or proposed to be taken by the Government to recover the said amount ?

ਸਰਦਾਰ ਦਰਬਾਰਾ ਸਿੰਘ : (ੳ) ਕੋਈ ਨਹੀਂ ਜੀ।

(ਅ) ਨਹੀਂ ਜੀ।

ਸਰਦਾਰ ਬਲਵੰਤ ਸਿੰਘ : ** ** **

ਵਿੱਤ ਮੰਤਰੀ : ਕੀ ਇਹ ਪੁਆਇੰਟ ਆਫ ਆਰਡਰ ਹੈ ? ਕੀ ਇਸ ਤਰ੍ਹਾਂ ਪੁਆਇੰਟ ਆਫ ਆਰਡਰ ਕਰਨਾ ਠੀਕ ਹੈ ?

ਸਰਦਾਰ ਬਲਵੰਤ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਵਿੱਤ ਮੰਤਰੀ : ਇਹ ਪੁਆਇੰਟ ਆਫ ਆਰਡਰ ਨਹੀਂ ਹੈ, ਫਿਰ ਤੁਸੀਂ ਕਿਸ ਤਰ੍ਹਾਂ ਨਾਲ ਇਨ੍ਹਾਂ ਨੂੰ ਅਲਾਓ ਕਰੀ ਜਾਂਦੇ ਹੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵੰਤ ਸਿੰਘ : ** ** **

ਸ਼੍ਰੀ ਸਪੀਕਰ : ਮੈਨੂੰ ਅਫਸੋਸ ਹੈ ਕਿ ਜਦ ਮੈਂ ਤੁਹਾਡਾ ਪੁਆਇੰਟ ਆਫ ਆਰਡਰ ਓਵਰ ਰੂਲ ਕਰ ਦਿੱਤਾ ਹੈ ਤਾਂ ਫਿਰ ਵੀ ਤੁਸੀਂ ਬੋਲੀ ਜਾਂਦੇ ਹੋ । ਜੋ ਕੁਝ ਵੀ ਇਨ੍ਹਾਂ ਨੇ ਕਿਹਾ ਹੈ ਇਹ ਪਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ ।

ਸਰਦਾਰ ਆਤਮਾ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ)

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ ਮੈਂਬਰ ਸਾਹਿਬ ਨੇ, ਸਰਦਾਰ ਆਤਮਾ ਸਿੰਘ ਨੇ, ਤੌਖਲਾ ਜ਼ਾਹਿਰ ਕੀਤਾ ਹੈ, ਇਹ ਸਰਕਾਰ ਉਸ ਦੀ ਫਿਕਰਮੰਦ ਹੈ । ਮੈਂ ਮਨਿਸਟਰ ਸਾਹਿਬ ਦੀ ਡਿਊਟੀ ਲਗਾਈ ਸੀ ਉਹ ਗਏ ਹਨ । ਮੈਂ ਵੀ ਸਾਰੀ ਅਸੈਸਮੈਂਟ ਕਰਕੇ ਆਇਆ ਹਾਂ । ਉਸ ਬਾਰੇ ਜੋ ਸਾਡੇ ਪਾਸ ਵਾਕਫ਼ੀਅਤ ਹੈ, ਡੀ. ਸੀ. ਪਾਸ ਹੈ । ਜੋ ਸਾਨੂੰ ਫੌਰੀ ਤੌਰ ਤੇ ਕਰਨਾ ਚਾਹੀਦਾ ਹੈ, ਉਹ ਕਰਨ ਵਾਸਤੇ ਸਾਡੇ ਰੈਵੇਨਿਊ ਮਨਿਸਟਰ ਸਾਹਿਬ ਸਟੇਟਮੈਂਟ ਕਰਨਗੇ ਅੱਤ ਜੋ ਟੀਚਾ ਪਿਛਲਾ ਮੁਕੱਰਰ ਕੀਤਾ ਹੈ ਉਸ ਮੁਤਾਬਿਕ ਹੀ ਨਹੀਂ ਬਲਕਿ ਜਿਥੇ ਜ਼ਿਆਦਾ ਲੋੜ ਹੋਏਗੀ ਉਥੇ ਵੀ ਰਿਲੀਫ ਦਿਆਂਗੇ । ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਡੀ. ਸੀ. ਉਥੇ ਜਾ ਕੇ ਹੋ ਆਏ ਹਨ । ਉਥੇ ਇਕ ਨਵਯੁਗ ਸਭਾ ਹੈ । ਉਨ੍ਹਾਂ ਨੇ ਵੀ ਲੰਗਰ ਲਾਏ ਹਨ। ਤੁਹਾਡੇ ਵੇਲੇ ਵੀ ਲੋਕੀਂ ਰਿਲੀਫ ਦੇਣ ਵਾਸਤੇ ਆਉਂਦੇ ਸੀ ਭਾਵੇਂ ਉਹ ਰੋਟੀ ਦੀ ਸ਼ਕਲ ਵਿਚ ਹੋਵੇ, ਭਾਵੇਂ ਰਜ਼ਾਈਆਂ ਦੀ ਸ਼ਕਲ ਵਿਚ ਹੋਵੇ ਅਤੇ ਭਾਵੇਂ ਕੋਈ ਕੱਪੜੇ ਦੀ ਸ਼ਕਲ ਵਿਚ ਹੋਵੇ । ਅਜਿਹੀ ਮੱਦਦ ਸਾਰਿਆਂ ਪਾਸਿਆਂ ਤੋਂ ਆਉਂਦੀ ਹੈ। ਸਰਕਾਰ ਦੀ ਆਪਣੀ ਮਦਦ ਦੇ ਬਾਵਜੂਦ ਵੀ ਸਾਰਿਆਂ ਪਾਸਿਆਂ ਤੋਂ ਮਦਦ ਆਉਂਦੀ ਹੈ। ਕੱਲ੍ਹ ਮਨਿਸਟਰ ਸਾਹਿਬ ਸਟੇਟਮੈਂਟ ਦੇਣਗੇ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਉਥੇ ਕੋਈ ਪਹੁੰਚਿਆ ਨਹੀਂ ਹੈ। (ਵਿਘਨ) (ਸ਼ੋਰ)

ਸਰਦਾਰ ਦਲੀਪ ਸਿੰਘ ਪਾਂਧੀ : ਰੋਪੜ ਜ਼ਿਲ੍ਹੇ ਵਿਚ ਬੰਧ ਰੁੜ੍ਹ ਜਾਣ ਨਾਲ 5-4 ਪਿੰਡਾਂ ਵਿਚ ਪਾਣੀ ਆ ਗਿਆ ਹੈ । (ਵਿਘਨ) ਇਨ੍ਹਾਂ ਦੇ ਮਹਿਕਮੇ ਨੇ ਅਤੇ ਸਰਕਾਰ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਜਲਾਨਾ ਪਿੰਡ ਵਿਚ ਐਫ. ਸੀ. ਆਰ. ਗਏ ਸੀ ਪਰ ਉਥੇ ਦੇ ਲੋਕਾਂ ਦੀ ਤਸੱਲੀ ਨਹੀਂ ਹੋਈ । ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਨੰ: 22 ਦਿਤੀ ਸੀ ਪਰ ਉਹ ਤੁਸੀਂ ਕਿਹਾ ਹੈ ਕਿ ਇਹ ਟਾਈਮ ਨਾਲ ਨਹੀਂ ਆਈ ਜਿਸ ਕਰਕੇ ਤੁਸੀਂ ਉਸ ਨੂੰ ਡਿਸਅਲਾਓ ਕਰ ਦਿੱਤਾ ਹੈ। ਸਪੀਕਰ ਸਾਹਿਬ, ਤੁਸੀਂ ਇਸ ਨੂੰ ਕਾਲ-ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਲਓ ਅਤੇ ਮਨਿਸਟਰ ਸਾਹਿਬ ਨੂੰ ਕਹੋ ਕਿ ਉਹ ਜਵਾਬ ਦੇ ਦੇਣ ।

ਸ਼੍ਰੀ ਸਪੀਕਰ : ਉਹ ਡਿਸਅਲਾਓ ਹੋ ਚੁਕੀ ਹੈ।

**Expunged as ordered by the Chair.

Original with;
Punjab Vidhan Sabha
Digitized by:
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਪੀਕਰ : ਇਹ ਜੋ ਮੇਰੀ ਪਰਮਿਸ਼ਨ ਦੇ ਬਗੈਰ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੁਕਤਸਰ ਵਿਚ ਬੂੜਾ ਪਿੰਡ ਹੈ ਅਤੇ ਦਰਿਆ ਉਥੇ 3 ਮੀਲ ਦੇ ਫਾਸਲੇ ਤੇ ਹੈ । ਉਹ ਸਾਰਾ ਪਿੰਡ ਪਾਣੀ ਨਾਲ ਘਿਰ ਗਿਆ ਹੈ। ਪਹਿਲੇ ਲੋਕਾਂ ਨੇ ਬੰਨ੍ਹ ਮਾਰਿਆ ਸੀ ਜਿਸ ਨਾਲ ਉਹ ਬਚੇ ਰਹੇ ਸਨ ਪਰ ਬਾਅਦ ਵਿਚ ਗੌਰਮਿੰਟ ਦੇ ਕਰਮਚਾਰੀਆਂ ਨੇ ਉਹ ਬੰਨ੍ਹ ਤੁੜਵਾ ਦਿੱਤਾ ਜਿਸ ਕਾਰਨ ਉਸ ਪਿੰਡ ਦਾ ਬਹੁਤ ਨੁਕਸਾਨ ਹੋਇਆ । ਉਨ੍ਹਾਂ ਦੇ ਕੱਠੇ ਨਹੀਂ ਬਚੇ । ਸਾਰੇ ਢਹਿ ਗਏ ਹਨ । ਸਾਡੇ ਵਜ਼ੀਰ, ਚੌਧਰੀ ਕਾਂਸ਼ੀ ਰਾਮ ਉਸ ਪਿੰਡ ਨੂੰ ਵੇਖ ਕੇ ਆਏ ਹਨ । ਇਸ ਕਰ ਕੇ ਮੈਂ ਬੇਨਤੀ ਕਰਾਂਗਾ ਕਿ ਉਸ ਪਿੰਡ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਉਥੇ ਦੇ ਲੋਕੀਂ ਬੜੇ ਗਰੀਬ ਹਨ । ਇਸ ਲਈ ਕੀ ਇਹ ਸਰਕਾਰ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਕੰਪੈਨਸੇਸ਼ਨ ਦੇਣ ਦੀ ਕੋਸ਼ਿਸ਼ ਕਰੇਗੀ ?

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਜਿਥੇ ਦਰਿਆਵਾਂ ਦੇ ਹੜ੍ਹਾਂ ਨਾਲ ਨੁਕਸਾਨ ਹੋਇਆ ਹੈ ਉਥੇ ਨਹਿਰੀ ਸੂਇਆਂ ਨਾਲ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਮੈਂ ਦੱਸਦਾ ਹਾਂ ਕਿ ਮੇਰੇ ਹਲਕੇ ਵਿਚ ਪਿੰਡ ਭੈਣੀ, ਮੁਠਿਆਂਵਾਲੀ, ਖਿਆਲਾ ਅਤੇ ਮਲਕਪੁਰ ਆਦਿ ਪਿੰਡਾਂ ਵਿਚ ਨਰਮੇ ਦੀ ਫਸਲ ਤਬਾਹ ਹੋ ਗਈ ਹੈ। ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹੜ੍ਹ ਮਾਰੇ ਲੋਕਾਂ ਨੂੰ ਰਿਲੀਫ ਦਿੱਤੀ ਜਾਂਦੀ ਹੈ ਉਸੇ ਤਰ੍ਹਾਂ ਹੀ ਨਹਿਰਾਂ, ਸੂਏ ਟੁੱਟਣ ਨਾਲ ਜੋ ਲੋਕਾਂ ਦੀ ਫਸਲ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਦਿਤਾ ਜਾਵੇ । ਉਨ੍ਹਾਂ ਨੂੰ ਮੁਆਵਜ਼ਾ ਜਲਦੀ ਤੋਂ ਜਲਦੀ ਦੇਣ ਦੀ ਖੇਚਲ ਕੀਤੀ ਜਾਵੇ ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਤਹਿਸੀਲ ਜ਼ੀਰਾ ਵਿਚ ਪਿੰਡ ਸੰਤੂਵਾਲਾ ਵਿਚ ਟਰਾਂਸਫਾਰਮਰ ਦੇ ਸੜਨ ਨਾਲ 400 ਏਕੜ ਝੋਨੇ ਦੀ ਫਸਲ ਸੜ ਗਈ। ਇਸ ਤਰ੍ਹਾਂ ਜ਼ਿਮੀਂਦਾਰਾਂ ਦੀ 400 ਏਕੜ ਝੋਨੇ ਦੀ ਫਸਲ ਸੜ ਗਈ । ਮੈਂ ਵਜ਼ੀਰ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦੀ ਇਨਕੁਆਇਰੀ ਕੀਤੀ ਜਾਵੇ ਅਤੇ ਜ਼ਿਮੀਂਦਾਰਾਂ ਨੂੰ ਉਨ੍ਹਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਗੱਲ ਤਾਂ ਮੈਂ ਹੋਰ ਕਰਨੀ ਸੀ ਪਰ ਕਿਉਂਕਿ ਫਲੱਡ ਦੀ ਗੱਲ ਚਲ ਰਹੀ ਹੈ ਇਸ ਕਰਕੇ ਮੈਂ ਵੀ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਮੇਰੇ ਹਲਕੇ ਵਿਚ 28 ਪਿੰਡ ਦਰਿਆ ਰਾਵੀ ਦੇ ਕੰਢੇ ਤੇ ਹਨ । ਉਥੇ ਕੋਈ 1 ਕਰੋੜ ਰੁਪਏ ਦਾ ਨੁਕਸਾਨ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਹੋਇਆ ਹੈ। ਉਥੇ ਵਸਨੀਕ ਤਬਾਹ ਹੋ ਗਏ ਹਨ। ਹੁਣ ਮੈਂ ਤੁਹਾਨੂੰ ਦੱਸਦਾ ਹਾਂ ਕਿ ਹਰ ਇਕ ਪਿੰਡ ਵਿਚ ਕਿੰਨਾ ਕਿੰਨਾ ਨੁਕਸਾਨ ਹੋਇਆ ਹੈ:—

ਪਿੰਡ ਦਾ ਨਾਂ		ਹੋਇਆ ਨੁਕਸਾਨ
1. ਬਹਿਲ ਪੁਰ ਚੌੜਾ ਪਿੰਡ	...	300 ਏਕੜ
2. ਛੋਡੇ ਪਿੰਡ	...	300 ਏਕੜ
3. ਕੁੱਕੜ	...	300 ਏਕੜ
4. ਮਾਲੂ ਮੁਆਨ	...	300 ਏਕੜ
5. ਗੱਡੀਆਂ	...	300 ਏਕੜ
6. ਦੋਸਤ ਪੁਰ	...	300 ਏਕੜ
7. ਫਤਿਹਪੁਰ	...	200 ਏਕੜ
8. ਸ਼ਹੁਰ	...	900 ਏਕੜ
9. ਰੋਸੀ	...	ਅੱਧਾ ਪਿੰਡ
10. ਕਮਲਪੁਰ ਜੱਟਾਂ	...	ਤੀਜਾ ਹਿੱਸਾ ਪਿੰਡ
11. ਡੇਰੀਵਾਲ ਕੀਰਾਂ	...	ਬਹੁਤ ਸਾਰਾ ਨੁਕਸਾਨ
12. ਚੀਕਰੀ ਪਿੰਡ	...	ਬਹੁਤ ਸਾਰਾ ਨੁਕਸਾਨ
13. ਕਿੱਲਾ ਨਬੂ ਸਿੰਘ	...	ਬਹੁਤ ਸਾਰਾ ਨੁਕਸਾਨ
14. ਮਾਨੇਪੁਰ	...	ਬਹੁਤ ਸਾਰਾ ਨੁਕਸਾਨ
15. ਨਾਰਾ ਵਾਲੀ	...	ਬਹੁਤ ਸਾਰਾ ਨੁਕਸਾਨ

ਸਪੀਕਰ ਸਾਹਿਬ, ਇਨ੍ਹਾਂ ਪਿੰਡਾਂ ਵਿਚ ਪਾਣੀ ਨੇ ਬੜੀ ਬਰਬਾਦੀ ਕੀਤੀ ਹੈ। ਸਾਡੇ ਮਨਿਸਟਰ ਰੰਧਾਵਾ ਜੀ ਉਥੇ ਹੋ ਕੇ ਆਏ ਹਨ। ਉਹ ਮੇਰੇ ਹਲਕੇ ਦੇ ਕੋਲ ਦੀ ਹੋ ਕੇ ਆਏ ਹਨ ਪਰ ਸਾਡੇ ਕੋਲ ਨਹੀਂ ਗਏ। (ਵਿਘਨ) ਸਪੀਕਰ ਸਾਹਿਬ, ਸਾਡੇ ਉਥੇ 28 ਪਿੰਡ ਉਜੜ ਗਏ ਹਨ। ਇਹ ਸਿਰਫ ਮਹਿਕਮੇਂ ਦੀ ਇਕ ਅਫਸਰ ਦੀ ਅਣਗਹਿਲੀ ਕਾਰਣ ਹੀ ਐਨਾ ਨੁਕਸਾਨ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਉਸ ਇਕ ਅਫ਼ਸਰ ਦੀ ਅਣਗਹਿਲੀ ਕਾਰਨ ਮੇਰੇ ਹਲਕੇ ਦੇ ਲੋਕਾਂ ਨੂੰ 1 ਕਰੋੜ ਰੁਪਿਆ ਰਿਲੀਫ ਦਾ ਦੇਣਾ ਪਵੇਗਾ । ਇਹ ਇਨ੍ਹਾਂ ਦੇ ਇਕ ਅਫ਼ਸਰ ਦੀ ਨਾਅਹਿਲੀਅਤ ਦਾ ਨਤੀਜਾ ਹੈ। ਉਥੇ ਧੁਸੀ ਟੁੱਟ ਗਈ ਅਤੇ ਲੋਕਾਂ ਦੀ ਫਸਲ ਬਰਬਾਦ ਹੋ ਗਈ, ਉਨ੍ਹਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ । ਇਨ੍ਹਾਂ ਨੇ ਕਿਹਾ ਸੀ ਕਿ ਗਿਰਦਾਵਰੀ ਸ਼ੁਰੂ ਹੋ ਜਾਵੇਗੀ ਪਰ ਹਾਲਾਂ ਸ਼ੁਰੂ ਨਹੀਂ ਹੋਈ । (ਵਿਘਨ) ਰੰਧਾਵਾ ਜੀ ਉਥੇ ਐਲਾਨ ਕਰਕੇ ਆਏ ਹਨ ਕਿ ਗਿਰਦਾਵਰੀ ਦੀ ਲੋੜ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਜਿਥੋਂ ਇਹ ਆਏ ਹਨ ਜੇ ਉਥੇ ਗਿਰਦਾਵਰੀ ਦੀ ਲੋੜ ਨਹੀਂ ਹੈ ਤਾਂ ਫਿਰ ਪੰਜਾਬ ਦੇ ਹੋਰਨਾਂ ਥਾਵਾਂ ਤੋਂ ਵੀ ਸਾਰੇ ਐਮ. ਐਲ. ਏਜ਼ ਸਾਹਿਬਾਨ ਆਏ ਹਨ ਫਿਰ ਉਥੇ ਵੀ ਗਿਰਦਾਵਰੀ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਆਪਣੇ ਹਲਕੇ ਵਿਚ ਪੈਸਾ ਵੀ ਅਨਾਊਂਸ ਕਰ ਦਿੱਤਾ ਹੈ। ਸੋ ਇਸ ਕਿਸਮ ਦੀ ਡਿਸਕਰੀਮੀਨੇਸ਼ਨ ਨਹੀਂ ਹੋਣੀ ਚਾਹੀਦੀ । ਇਸ ਲਈ ਉਨ੍ਹਾਂ ਲੋਕਾਂ ਨੂੰ ਵੀ ਛੇਤੀ ਤੋਂ ਛੇਤੀ ਮੁਆਵਜ਼ਾ ਦੇਣਾ ਚਾਹੀਦਾ ਹੈ।

ਸ਼੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਵੀ ਬੜਾ ਨੁਕਸਾਨ ਹੋਇਆ ਹੈ। ਉਥੇ ਵੀ ਗਿਰਦਾਵਰੀ ਦਾ ਹੁਕਮ ਦਿੱਤਾ ਜਾਵੇ ਤਾਂਕਿ ਜ਼ਿਮੀਂਦਾਰ ਆਪਣੀ ਜ਼ਮੀਨ ਨੂੰ ਯੂਟੇਲਾਈਜ਼ ਕਰ ਸਕਣ ਅਤੇ ਉਥੇ ਫਸਲ ਬੀਜ ਸਕਣ। (ਵਿਘਨ) ਇਨ੍ਹਾਂ ਨੇ ਕਿਹਾ ਸੀ ਕਿ 5-7 ਦਿਨਾਂ ਤੱਕ ਗਿਰਦਾਵਰੀ ਸ਼ੁਰੂ ਕਰ ਦਿੱਤੀ ਜਾਵੇਗੀ । (ਵਿਘਨ) ਮੈਂ ਕਹਾਂਗਾ ਕਿ ਗਿਰਦਾਵਰੀ ਸ਼ੁਰੂ ਕੀਤੀ ਜਾਵੇ ਅਤੇ ਲੋਕਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਬਹੁਤ ਬੈਕਵਰਡ ਹੈ । ਉਥੇ 2-3 ਦਰਿਆ ਲਗਦੇ ਹਨ । ਮੈਂ ਜਦੋਂ ਪਤਾ ਕਰਨ ਵਾਸਤੇ ਗਿਆ ਤਾਂ ਮੈਨੂੰ ਪਤਾ ਲਗਿਆ ਕਿ ਐਕਸੀਅਨ ਸਾਹਿਬ ਕਿਧਰੇ ਗਏ ਹੋਏ ਹਨ ਅਤੇ ਬਾਅਦ ਵਿਚ ਪਤਾ ਲਗਿਆ ਕਿ ਉਨ੍ਹਾਂ ਨੂੰ ਲੈ ਗਏ ਸਨ ਅਤੇ ਕਾਮਰੇਡ ਰਾਜ ਕੁਮਾਰ ਨਾਲ ਹੀ ਮਾਧੋਪੁਰ ਠਹਿਰ ਗਏ ਸਨ । ਇਹ ਇਨ੍ਹਾਂ ਦਾ ਹਲਕਾ ਨਹੀਂ ਜੋ ਪਿੰਡਾਂ ਦਾ ਜ਼ਿਕਰ ਇਨ੍ਹਾਂ ਨੇ ਕੀਤਾ ਹੈ, ਉਹ ਮੇਰਾ ਹਲਕਾ ਹੈ। ਮੈਂ ਉਥੇ ਜਾ ਕੇ ਜਦੋਂ ਦੇਖਿਆ ਤਾਂ ਮੈਨੂੰ ਅਫ਼ਸਰ ਕੋਈ ਨਹੀਂ ਲੱਭਿਆ। ਉਨ੍ਹਾਂ ਪਿੰਡਾਂ ਵਿਚ ਅਫ਼ਸਰਾਂ ਦੀ ਮਿਹਰਬਾਨੀ ਨਾਲ ਕਾਗਜ਼ਾਂ ਵਿਚ ਕੰਮ ਕਰਵਾਇਆ ਹੋਇਆ ਹੈ, ਕਾਗਜ਼ਾਂ ਵਿਚ ਉਥੇ ਕਰੇਟ ਪਵਾਏ ਹੋਏ ਹਨ ਲੇਕਿਨ ਅਸਲ ਵਿਚ ਕੋਈ ਨਹੀਂ ਪਾਏ ਹੋਏ ਅਤੇ ਸਾਰੇ ਦਾ ਸਾਰਾ ਰੁਪਿਆ ਉਹ ਖਾ ਗਏ ਹਨ । ਹੁਣ ਉਹ ਪਿੰਡ ਬਰਬਾਦ ਹੋਣ ਤੇ ਆ ਗਏ ਹਨ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਦੀ ਉਹ ਇਨਕੁਆਇਰੀ ਕਰਵਾਉਣ ਅਤੇ ਉਨ੍ਹਾਂ ਅਫ਼ਸਰਾਂ ਦੇ ਖਿਲਾਫ਼, ਜਿਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੈ, ਐਕਸ਼ਨ ਲੈਣ ।

ਦੂਸਰਾ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਐਕਸੀਅਨ, ਐਸ. ਈ. ਜਾਂ ਐਸ. ਡੀ. ਓ. ਵਗੈਰਾ ਜੋ ਹਨ ਉਹ ਬਿਲਕੁਲ ਕੰਮ ਨਹੀਂ ਕਰਦੇ । ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ ਪਰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਗਲ ਦੀ ਇਨਕੁਆਇਰੀ ਕਰਵਾਈ ਜਾਵੇ ਅਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਵੇ । (ਵਿਘਨ)

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਫਿਲੌਰ ਤੋਂ ਲੱਹੀਆਂ ਤਕ ਸਾਰਾ ਇਲਾਕਾ ਦੇਖਿਆ ਹੈ ਅਤੇ ਉਥੇ ਨਾਲ ਲਗਦੇ ਪਿੰਡਾਂ ਦੀਆਂ ਫਸਲਾਂ ਦੀ ਪੂਰੀ ਤਰ੍ਹਾਂ ਤਬਾਹੀ ਹੋਈ ਹੈ।

Original with;
Punjab Vidhan Sabha
Digitized by;
Panjab Digital Library

ਮੈਂ ਤੁਹਾਡੇ ਰਾਹੀਂ ਮਾਲ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਪ ਜਾ ਕੇ ਚੱਕਰ ਲਗਾ ਕੇ ਆਉਣ ਤਾਂ ਕਿ ਉਥੇ ਦਾ ਉਹ ਆਪ ਜਾਇਜ਼ਾ ਲਾ ਸਕਣ ।

ਦੂਸਰਾ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੁਧਿਆਣੇ ਦਾ ਇਕ ਐਕਸੀਅਨ ਚੂਹੜ ਸਿੰਘ ਹੈ ਉਸ ਨੂੰ ਇਨ੍ਹਾਂ ਨੇ ਇਨ੍ਹਾਂ ਦਿਨਾਂ ਵਿਚ ਬਦਲ ਦਿੱਤਾ ਹੈ । ਜੋ ਨਵਾਂ ਐਕਸੀਅਨ ਆਇਆ ਹੈ ਉਸ ਨੂੰ ਏਰੀਏ ਦੀ ਹਾਲੀਂ ਸਮਝ ਨਹੀਂ । ਮੈਨੂੰ ਉਥੋਂ ਦੇ ਪਿੰਡਾਂ ਦੇ ਲੋਕ ਮਿਲੇ ਹਨ ਅਤੇ ਉਥੇ ਕਾਫੀ ਬਰਬਾਦੀ ਹੋਈ ਹੈ । ਮੇਰੀ ਅਰਜ਼ ਹੈ ਕਿ ਜਦੋਂ ਫਲੱਡ ਜ਼ੋਰਾਂ ਤੇ ਹੋਵੇ ਅਗੜ/ਪਿਛੜ ਯਾਨੀ ਫਰਵਰੀ, ਮਾਰਚ ਵਿਚ ਭਾਵੇਂ ਕਿਸੇ ਨੂੰ ਬਦਲ ਦੇਣ, ਮੇਰਾ ਕਿਸੇ ਦੀ ਬਦਲੀ ਨਾਲ ਕੋਈ ਤਲਕ ਨਹੀਂ ਹੈ ਪਰ ਜਦੋਂ ਇਸ ਤਰ੍ਹਾਂ ਦੇ ਹਾਲਾਤ ਹੋਣ ਅਤੇ ਫਲੱਡ ਜ਼ੋਰਾਂ ਤੇ ਹੋਵੇ ਤਾਂ ਇਸ ਤਰ੍ਹਾਂ ਕਿਸੇ ਅਫਸਰ ਨੂੰ ਬਦਲ ਦੇਣਾ, ਇਹ ਗੱਲ ਠੀਕ ਨਹੀਂ ਹੈ । (ਵਿਘਨ) ਸਾਰੇ ਦਾ ਸਾਰਾ ਖਰਸੈਂਦਪੁਰ ਪਿੰਡ ਜੋ ਸਤਲੁਜ ਦੇ ਲੁਧਿਆਣੇ ਪਾਸੇ ਵੱਲ ਹੈ, ਤਬਾਹ ਹੋ ਗਿਆ ਹੈ । (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਪਿੰਡ ਦੇਵੀ ਵਾਲ ਸਿਰਸਿੜੀ, ਬਗਵਾਲਾ ਅਤੇ ਨਥੇਵਾਲ 4-5 ਪਿੰਡ ਹਨ ਜਿਥੇ ਨਵੀਂ ਡਰੇਨ ਪੁੱਟੀ ਗਈ ਹੈ ਲੇਕਿਨ ਕੰਮ ਨਾ ਮੁਕੰਮਲ ਹੋਣ ਕਰ ਕੇ ਇਨ੍ਹਾਂ 4-5 ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਹੈ । ਲੋਕੀਂ ਆਪਣੇ ਜੀ ਅਤੇ ਪਸ਼ੂ, ਡੰਗਰ ਲੈ ਕੇ ਟਿੱਬਿਆਂ ਤੇ ਪਹੁੰਚ ਗਏ ਹਨ । ਇਨ੍ਹਾਂ ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਹੈ । ਦੇਵੀਵਾਲ ਪਿੰਡ ਤੇ 5-7 ਮੋਟਰਾਂ ਲਿਆ ਕੇ ਪਾਣੀ ਇਸ ਪਾਸਿਉਂ ਚੁਕ ਕੇ ਅਤੇ ਸਮਾ ਬਣਾ ਕੇ ਦੂਸਰੇ ਪਾਸੇ ਸੁਟਿਆ ਜਾਵੇ । ਮੋਟਰਾਂ ਵੀ ਉਥੇ ਉਸੇ ਤਰ੍ਹਾਂ ਪਈਆਂ ਹਨ । ਹੁਣ ਉਥੇ ਦੇਵੀ ਵਾਲ ਅਤੇ ਸਿਰਸਿੜੀ ਵਿਚ ਮੋਟਰਾਂ ਚਾਲੂ ਕਰਵਾ ਕੇ ਪਿੰਡ ਦਾ ਸਾਰਾ ਪਾਣੀ ਡਰੇਨ ਵਿਚ ਸੁਟਿਆ ਜਾਵੇ ਅਤੇ ਜਿਨ੍ਹਾਂ ਪਿੰਡਾਂ ਦਾ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਵੀ ਦਿੱਤਾ ਜਾਵੇ । (ਵਿਘਨ) ਮੇਰੀ ਚੀਫ ਮਨਿਸਟਰ ਸਾਹਿਬ ਅਗੇ ਬੇਨਤੀ ਹੈ ਕਿ ਇਸ ਗਲ ਵਲ ਧਿਆਨ ਦਿੱਤਾ ਜਾਵੇ ਅਤੇ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ ।

ਸਰਦਾਰ ਗੁਰਬਚਨ ਸਿੰਘ ਚੀਮਾ : ਸਪੀਕਰ ਸਾਹਿਬ, ਦਰਿਆਵਾਂ ਦੇ ਬਾਰੇ ਸਾਰਿਆਂ ਨੇ ਗੱਲ ਕਹਿ ਲਈ ਹੈ, ਮੇਰਾ ਨੀਮ ਪਹਾੜੀ ਇਲਾਕਾ ਹੈ। ਉਥੇ ਖੱਡਾਂ ਬਹੁਤ ਹਨ ਅਤੇ ਖੱਡਾਂ ਵਿਚੋਂ ਪਾਣੀ ਬੜੀ ਤੇਜ਼ੀ ਨਾਲ ਆਉਂਦਾ ਹੈ। ਮੈਂ 2-3 ਖੱਡਾਂ ਦੇਖੀਆਂ ਹਨ। ਭਗੋਤਾਲ, ਭਟੇੜਾ ਪਿੰਡ ਹਨ, ਡਾਕਟਰ ਸਾਹਿਬ ਦਾ ਵੀ ਹਲਕਾ ਨਾਲ ਹੈ ਅਤੇ ਉਹ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਥੇ ਖੱਡਾਂ ਨੇ ਆਪਣਾ ਰਸਤਾ ਬਦਲ ਲਿਆ ਹੈ ਅਤੇ ਉਹ ਆਬਾਦੀ ਵਲ ਨੂੰ ਹੋ ਗਈਆਂ ਹਨ । ਉਥੇ ਬਹੁਤ ਨੁਕਸਾਨ ਹੋ ਰਿਹਾ ਹੈ ਅਤੇ ਮੇਰੀ ਬੇਨਤੀ ਹੈ ਕਿ ਉਥੇ ਫੌਰੀ ਤੌਰ ਤੇ ਪੱਥਰ ਦੇ ਕਰੇਟ ਵਗੈਰਾ 2-3 ਦਿਨਾਂ ਵਿਚ ਪਾਏ ਜਾਣ ਤਾਂ ਕਿ ਜੋ ਤਬਾਹੀ ਹੋ ਰਹੀ ਹੈ ਉਹ ਰੁਕ ਸਕੇ। ਜੇ ਇਸ ਤਰ੍ਹਾਂ ਰੁਖ ਨਾ ਬਦਲਿਆ ਗਿਆ ਤਾਂ ਇਹ 2 ਪਿੰਡ ਬਿਲਕੁਲ ਤਬਾਹ ਹੋ ਜਾਣਗੇ। (ਵਿਘਨ) (ਇਸ ਵਕਤ ਮਾਨਯੋਗ ਮੈਂਬਰ ਕਾਮਰੇਡ ਬਲਦੇਵ ਸਿੰਘ ਲੂੰਬਾ ਅਤੇ ਮਾਨਯੋਗ ਮੈਂਬਰ ਸਰਦਾਰ ਬਸੰਤ ਸਿੰਘ ਖਾਲਸਾ ਜੀ ਬੋਲਣ ਲਈ ਖੜ੍ਹੇ ਸਨ)

ਕਾਮਰੇਡ ਬਲਦੇਵ ਸਿੰਘ ਲੂੰਬਾ: ਸਪੀਕਰ ਸਾਹਿਬ , ਮੇਰੇ ਹਲਕੇ ਦੇ 9 ਪਿੰਡ ਪਾਣੀ ਦੀ ਲਪੇਟ ਵਿੱਚ ਹਨ । ਤੁਸੀਂ ਮੈਨੂੰ ਬੋਲਣ ਲਈ ਇਥੇ ਟਾਈਮ ਨਹੀਂ ਦਿੰਦੇ । (ਵਿਘਨ) (ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

Original with;
Punjab Vidhan Sabha
Digitized by:
Panjab Digital Library

Mr. Speaker: I have allowed sufficient time. I will not allow now anybody to speak. Sardar Beant Singh will reply.

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਜਿਹੜੀ ਹੈ ਇਹ ਬਿਲਕੁਲ ਅਲਾਈਵ ਹੈ ਅੱਤ ਇਸ ਸਿਚੂਏਸ਼ਨ ਤੋਂ ਫੁੱਲੀ ਸ਼ੀਜ਼ਡ ਆਫ਼ ਹੈ। ਚੀਫ਼ ਮਨਿਸਟਰ ਵਲੋਂ ਹਰ ਇਕ ਮਨਿਸਟਰ ਸਾਹਿਬਾਨ ਨੂੰ ਜ਼ਿਲ੍ਹੇ ਅਲਾਟ ਕੀਤੇ ਗਏ ਹਨ ਅੱਤ ਉਨ੍ਹਾਂ ਨੇ ਇਕ ਇਕ ਪੁਆਇੰਟ ਨੋਟ ਕੀਤਾ ਹੈ। ਚੀਫ਼ ਮਨਿਸਟਰ ਸਾਹਿਬ ਨੇ ਐਲਾਨ ਕਰ ਦਿੱਤਾ ਹੈ। ਜੋ ਤੁਸੀਂ ਕਿਹਾ ਹੈ ਮੈਂ ਐਗਜ਼ਾਸਟਿਵ ਤੌਰ ਤੇ ਆਪਣੀ ਕੱਲ੍ਹ ਸਟੇਟਮੈਂਟ ਦੇਵਾਂਗਾ। ਜੋ ਹਾਊਸ ਦੀਆਂ ਫੀਲਿੰਗਜ਼ ਹਨ ਮੈਂ ਉਨ੍ਹਾਂ ਨੂੰ ਫੁੱਲੀ ਐਪਰੀਸ਼ੀਏਟ ਕਰਦਾ ਹਾਂ। (ਵਿਘਨ)

CALL ATTENTION NOTICES UNDER RULE 66

(ਕ੍ਰਮ ਨੰ: 127)

ਸ਼੍ਰੀ ਸਪੀਕਰ: ਕਾਲ ਅਟੈਨਸ਼ਨ ਨੰਬਰ : 127, ਪ੍ਰੋਫੈਸਰ ਬਲਵੰਤ ਸਿੰਘ। (ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਕਾਲ ਅਟੈਨਸ਼ਨ ਮੋਸ਼ਨ ਪੇਸ਼ ਨਹੀਂ ਹੋਈ)

Mr. Speaker : Next Call Attention Motion No. 129 stands in the name of Comrade Saghar Singh.

(ਕ੍ਰਮ ਨੰ: 129)

ਕਾਮਰੇਡ ਸੱਘੜ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਵਿਚ ਬਾਰਸ਼ਾਂ ਕਾਰਨ ਹੜ੍ਹ ਆਏ ਹੋਏ ਹਨ ਅਤੇ ਆਵਾਜਾਈ ਵਿਚ ਵਿਘਨ ਪਿਆ ਹੋਇਆ ਹੈ। ਪਿੰਡ ਹਿੰਮਤਪੁਰਾ, ਤਹਿਸੀਲ ਮੋਗਾ (ਫਰੀਦਕੋਟ) ਦੇ ਨਾਲ ਦੀ ਬੱਸੀਆਂ ਡਰੇਨ ਲੰਘਦੀ ਹੈ। ਪਿੰਡ ਤੋਂ ਜੋ ਲਿੰਕ ਸੜਕ ਨਿਹਾਲਸਿੰਘਵਾਲਾ ਮੇਨ ਸੜਕ ਨਾਲ ਜੋੜਦੀ ਹੈ, ਉਹ ਡਰੇਨ ਉਪਰ ਦੀ ਲੰਘਦੀ ਹੈ ਜਿਸ ਤੇ ਕੋਈ ਪੁਲ ਨਹੀਂ ਹੈ। ਬਾਰਸ਼ਾਂ ਕਾਰਨ ਆਵਾਜਾਈ ਬੰਦ ਹੋ ਜਾਂਦੀ ਹੈ। ਕਈ ਪਿੰਡਾਂ ਨੂੰ ਤੰਗੀ ਆਉਂਦੀ ਹੈ। ਸਰਕਾਰ ਦਾ ਧਿਆਨ ਇਸ ਵੱਲ ਖਿਚਦੇ ਹੋਏ ਮੰਗ ਕਰਦਾ ਹਾਂ ਕਿ ਡਰੇਨ ਤੇ ਪੁਲ ਬਣਾਇਆ ਜਾਵੇ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਪਿੰਡ ਹਿੰਮਤਪੁਰਾ ਨੂੰ ਜਾਂਦੀ ਸੜਕ ਤੇ ਬੱਸੀਆਂ ਆਊਟਫਾਲ ਡਰੇਨ ਤੇ ਪੁਲ ਬਣਾਉਣ ਲਈ ਚਾਲੂ ਮਾਲੀ ਸਾਲ ਦੇ ਬਜਟ ਵਿਚ 4.00 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ। ਇਸ ਪੁਲ ਸਬੰਧੀ ਹਾਈਡਰਾਲਿਕ ਡੈਟਾ ਇਕੱਠਾ ਕੀਤਾ ਜਾ ਰਿਹਾ ਹੈ। ਲੋੜੀਂਦਾ ਡੈਟਾ ਇਕੱਠਾ ਹੋਣ ਤੇ ਅਤੇ ਹੋਰ ਮੁਢਲੀਆਂ ਕਾਰਵਾਈਆਂ ਮੁਕੰਮਲ ਹੋਣ ਉਪਰੰਤ ਪੁਲ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿੰਡ ਹਿੰਮਤਪੁਰਾ ਤਹਿਸੀਲ ਮੋਗਾ ਦੇ ਨਾਲ ਦੀ ਬਸੀਆਂ ਡਰੇਨ ਲੰਘਦੀ ਹੈ। ਪਿੰਡ ਤੋਂ ਜੋ ਲਿੰਕ ਸੜਕ ਨਿਹਾਲ ਸਿੰਘ ਵਾਲਾ ਮੇਨ ਸੜਕ ਨਾਲ ਜੋੜਦੀ ਹੈ ਉਹ ਡਰੇਨ ਉਪਰ ਦੀ ਲੰਘਦੀ ਹੈ। 1970 ਤੋਂ ਲੈ ਕੇ ਹੁਣ ਤਕ ਅਸੀਂ ਪੁਲ ਪਤੋਂ ਹੀਰਾ ਸਿੰਘ ਡਰੇਨ ਵਾਸਤੇ ਲਿਖਦੇ ਆਏ ਹਾਂ। ਉਹ ਪੁਲ ਬਣ ਚੁਕਾ ਹੈ। ਹਿੰਮਤਪੁਰਾ ਡਰੇਨ ਵਾਸਤੇ ਜਿਹੜਾ ਕਿਹਾ ਹੈ ਕਿ ਚਾਰ ਲੱਖ ਰੁਪਿਆ ਰਖਿਆ ਹੈ ਉਸ ਦੇ ਵਾਸਤੇ ਮੇਰੀ ਅਰਜ਼ ਹੈ ਕਿ ਜਦ ਤਕ ਉਹ ਪੁਲ ਬਣਦਾ ਹੈ ਉਤਨਾ ਚਿਰ ਤਕ ਜਿਹੜਾ

Original with;
Punjab Vidhan Sabha
Digitized by;
Panjab Digital Library

ਲੋਹੇ ਦਾ ਪੁਲ ਢਾਲਤੂ ਪਿਆ ਹੈ ਕੀ ਉਹ ਕਰੇਨ ਦੇ ਨਾਲ ਚੁਕਾ ਕੇ ਉਥੇ ਥਪ ਦੇਣਗੇ ਤਾਂ ਕਿ ਲੋਕਾਂ ਨੂੰ ਢਾਇਦਾ ਹੋ ਸਕੇ ਔਰ ਜਦੋਂ ਪੁਲ ਬਣ ਗਿਆ ਫਿਰ ਭਾਵੇਂ ਉਹ ਚੁਕ ਲਿਆ ਜਾਏ ?

ਮੁੱਖ ਮੰਤਰੀ: ਅਗਰ ਕੋਈ ਉਸ ਦਾ ਆਲਟਰਨੇਟਿਵ ਪ੍ਰਬੰਧ ਹੋ ਸਕਦਾ ਹੋਇਆ ਤਾਂ ਮੈਂ ਵੇਖ ਲਵਾਂਗਾ, ਇਸ ਨੂੰ ਵੀ ਐਕਸਪੀਡਾਈਟ ਕਰਨ ਵਾਸਤੇ ਕੋਸ਼ਿਸ਼ ਕਰਾਂਗਾ ਤਾਂ ਕਿ ਜੋ ਮੁਢਲੀ ਜ਼ਰੂਰਤ ਹੈ ਉਹ ਪੂਰੀ ਹੋ ਸਕੇ।

(*Serial No. 131*)

Comrade Baldev Singh Loomba : Sir, I beg to draw the attention of the Government towards an urgent matter of public importance, namely, that the future of thousand of students has become bleak with the reduction of 33% seats in admission to B.Ed., Classes during last 15 days. There is a sense of unrest amongst the students and youth. The Government may, therefore, make a statement in the House.

Education Minister (Sardar Harcharan Singh Ajnala): Total number of unemployed teachers as per the Registers of Punjab Employment Exchanges is 18,119. Every year 3,500 students pass out from the B.Ed. Colleges swelling the number of un-employed teachers., The capacity of the State's Education Department to absorb them is limited upto 750 only. Keeping in view the limited capacity of the State to absorb un-employed B.Ed. teachers and avoid frustration among them, it has been decided to slash the seats in B.Ed. Colleges by 33%.

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੁਝ ਅੰਕੜੇ ਦਿੱਤੇ ਹਨ, ਜਦੋਂ ਮਨਿਸਟਰ ਸਾਹਿਬ ਜਵਾਬ ਦੇ ਰਹੇ ਸੀ ਮੈਂ ਨੋਟ ਕੀਤੇ ਹਨ। ਸੁਆਲਾਂ ਦੇ ਜਵਾਬਾਂ ਵਾਂਗ ਸਾਨੂੰ ਕਾਪੀ ਤਾਂ ਨਹੀਂ ਮਿਲਦੀ ਪਰ ਮੈਂ ਅੰਕੜੇ ਨੋਟ ਕੀਤੇ ਹਨ । ਇਹ ਠੀਕ ਹੈ ਕਿ ਅਨਇੰਪਲਾਇਡ ਬਹੁਤ ਫਿਰਦੇ ਹਨ। ਇਹ ਸਾਡੀ ਸਟੇਟ ਦੀ ਨਾਅਹਿਲੀਅੱਤ ਹੈ ਕਿ ਜਿਨ੍ਹਾਂ ਨੂੰ ਪ੍ਰੋਫੈਸ਼ਨਲ ਟਰੇਨਿੰਗ ਵੀ ਦਿੱਤੀ ਹੈ ਇਹ ਉਨ੍ਹਾਂ ਨੂੰ ਵੀ ਕੰਮ ਨਹੀਂ ਦੇ ਸਕੇ। ਮੈਂ ਕਹਿੰਦਾ ਹਾਂ ਕਿ ਜੇ ਸਾਡੀ ਸਰਕਾਰ ਚਾਹੁੰਦੀ ਹੈ ਕਿ ਜਿਹੜੀ ਸਾਡਾ ਅਨਇੰਪਲਾਇਡ ਯੂਥ ਹੈ ਉਸ ਨੂੰ ਕੰਮ ਤੇ ਲਾਇਆ ਜਾਵੇ ਤਾਂ ਜਿਨ੍ਹਾਂ ਨੂੰ ਪ੍ਰੋਫੈਸ਼ਨਲ ਟਰੇਨਿੰਗ ਵੀ ਦਿੱਤੀ ਹੋਈ ਹੈ ਉਨ੍ਹਾਂ ਲਈ ਸਾਡੇ ਕੋਲ ਬੜੀਆਂ ਥਾਵਾਂ ਹਨ, ਬਹੁਤ ਸਕੂਲ ਖੁਲ੍ਹੇ ਹਨ, ਉਥੇ ਉਹ ਲਾਏ ਜਾ ਸਕਦੇ ਹਨ। ਇਸ ਦੇ ਇਲਾਵਾ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪ੍ਰੋਫੈਸ਼ਨਲ ਟਰੇਨਿੰਗ ਲੈ ਲੈਂਦੇ ਹਨ ਉਹ ਆਪਣਾ ਪ੍ਰਾਈਵੇਟਲੀ ਕੰਮ ਵੀ ਚਲਾਉਂਦੇ ਹਨ । ਇਹ ਜਿਹੜੀ 33% ਸੀਟਾਂ ਦੀ ਰਿਡਕਸ਼ਨ ਕੀਤੀ ਹੈ ਇਸ ਦੇ ਨਾਲ ਨੌਜਵਾਨਾਂ ਦਾ ਭਵਿੱਖ ਅੰਧੇਰੇ ਵਿਚ ਜਾ ਰਿਹਾ ਹੈ। ਜਿਥੋਂ ਤੱਕ ਉਨ੍ਹਾਂ ਨੂੰ ਲਗਾਉਣ ਦਾ ਸਬੰਧ ਹੈ ਇਹ ਸਟੇਟ ਵੇਖੇ ਕਿ ਕਿਸ ਤਰ੍ਹਾਂ ਲਗਾਉਣਾ ਹੈ। ਇਸ ਲਈ ਇਹ ਸੀਟਾਂ ਮੁੜ ਵਧਾਉਣੀਆਂ ਚਾਹੀਦੀਆਂ ਹਨ ਤਾਕਿ ਜਿਹੜੇ ਨੌਜਵਾਨ ਟਰੇਨਿੰਗ ਲੈਣ ਅਗਰ ਸਰਕਾਰੀ ਨੌਕਰੀ ਨਾ ਮਿਲੀ ਤਾਂ ਉਹ ਪ੍ਰਾਈਵੇਟਲੀ ਕੰਮ ਤਾਂ ਚਲਾ ਸਕਣ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਬਿਲਕੁਲ ਗਲਤ ਸੁਝਾਉ ਦਿੱਤਾ ਹੈ। ਪਤਾ ਨਹੀਂ ਇਹ ਕਿਸ ਬੇਸ ਤੇ ਉਨ੍ਹਾਂ ਨੇ ਕਿਹਾ ਹੈ। ਸਾਡੇ ਕੋਲ 18,119 ਬੀ.ਐਡ. ਟੀਚਰਜ਼ ਹਨ ਜਿਹੜੇ ਵਿਚਾਰੇ ਰਾਊਂਡ ਅਬਾਊਟ ਵਿਹਲੇ ਫਿਰਦੇ ਹਨ ਔਰ 3,500 ਹਰ ਸਾਲ ਹੋਰ ਟਰੇਂਡ ਕਰਦੇ ਜਾਈਏ ਤਾਂ ਉਨ੍ਹਾਂ ਦਾ ਕੀ ਬਣੇਗਾ। ਉਨ੍ਹਾਂ ਨੂੰ ਅੱਬਜ਼ਾਰਬ ਕਰਨ ਦੀ ਕਪੈਸਿਟੀ ਸਾਡੇ ਕੋਲ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਇਹ ਸਾਰੀਆਂ ਚੀਜ਼ਾਂ ਵਿਚਾਰ ਕਰਦੇ ਹੋਏ ਕਿ ਜਿਹੜੇ ਇੰਸਟੀਚਿਊਸ਼ਨਜ਼ ਹਨ ਉਨ੍ਹਾਂ ਵਿਚ ਕੋਈ ਕਿਸੇ ਗੱਲ ਦੀ ਕਮੀ ਪੇਸ਼ੀ ਨਾ ਹੋਵੇ, ਕੋਈ ਸਟਾਫ਼ ਦੀ ਕਮੀ ਨਾ ਹੋਵੇ, ਜਿਹੜੇ ਟਰੇਨਿੰਗ ਲੈਣ ਵਾਲੇ ਸਟੂਡੈਂਟਸ ਹਨ ਉਨ੍ਹਾਂ ਨੂੰ ਸਮਾਂ ਠੀਕ ਮਿਲ ਸਕੇ, ਉਹ ਚੰਗੀ ਟਰੇਨਿੰਗ ਪ੍ਰਾਪਤ ਕਰਕੇ ਜਾਣ ਅੱਤੇ ਉਹ ਉਤਨੇ ਹੋਣੇ ਚਾਹੀਦੇ ਹਨ ਜਿਤਨੇ ਆਉਣ ਵਾਲੇ ਸਮੇਂ ਵਿਚ ਅੱਬਜ਼ਾਰਬ ਕਰਨ ਦੀ ਅਸੀਂ ਸ਼ਕਤੀ ਰਖਦੇ ਹੋਈਏ। ਮੈਂ ਤਾਂ ਸਮਝਦਾ ਸੀ ਕਿ ਇਹ ਸਾਡੀ ਸ਼ਲਾਘਾ ਕਰਨਗੇ ਅਤੇ ਸਾਡੇ ਨਾਲ ਮੁਤਫ਼ਿਕ ਹੋਣਗੇ ਕਿਉਂਕਿ ਇਸ ਦੇ ਨਾਲ ਉਨ੍ਹਾਂ ਨੂੰ ਇੰਪਲਾਇਮੈਂਟ ਮਿਲ ਸਕੇਗੀ।

LEGISLATIVE BUSINESS

RESOLUTION UNDER ARTICLE 213(2)(A) OF THE CONSTITUTION OF INDIA DISAPPROVING THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT OTDINANCE, 1980 (PUNJAB ORDINANCE NO. 3 OF 1980)

AND

THE PUNJAB PANCHAYAT SAMITI AND ZILA PARISHADS (TEMPORARY SUPERSESSION) AMENDMENT BILL, 1980

Mr. Speaker : Comrade Baldev Singh Loomba has given notice of Resolution disapproving the Punjab Panchayat Samitis and Zila Parishads (Temporary Supersession) Amendment Ordinance, 1980 (Punjab Ordinance No. 3 of 1980). If the House agrees, the notice of disapproval of the Ordinance and the consideration motion of the Punjab Panchayat Samities and Zila Parishads (Temporary Supersession) Amendment Bill, 1980 be discussed together and voted upon separately.

Voices: Yes, Yes.

Comrade Baldev Singh Loomba: Sir, I beg to move—

> That this House disapproves the Punjab Panchayat Samitis and Zila Parishads (Temporary Supersession) Amendment Ordinance, 1980 (Punjab Ordinance No. 3 of 1980).

Mr. Speaker : Motion moved—

> That this House disapproves the Panjab Panchayat Samitis and Zila Parishads (Temporary Supersession) Amendment Ordinance, 1980 (Punjab Ordinance No. 3 of 1980.)

Now you can start your discussion

ਕਾਮਰੇਡ ਬਲਦੇਵ ਸਿੰਘ ਲੂੰਬਾ (ਸ਼ੁਤਰਾਣਾ, ਐਸ.ਸੀ.): ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਅਮੈਂਡਮੈਂਟਸ... (ਵਿਘਨ) (ਸ਼ੋਰ)

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਕਿਹਾ ਸੀ ਕਿ ਦੋਨੋਂ ਇਕੱਠੀਆਂ ਡਿਸਕਸ ਕੀਤੀਆਂ ਜਾਣਗੀਆਂ ..... (ਵਿਘਨ) (ਸ਼ੋਰ)

The procedure is this. (Noise) You have already said : (*Interruption and noise*). Sir, you have already said. (Noise)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਜਦ ਪਹਿਲਾਂ ਕੋਈ ਪ੍ਰੋਪੋਜ਼ਲ ਹੀ ਨਹੀਂ ਹੈ (ਵਿਘਨ) (ਸ਼ੋਰ) Amendment on what ? (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

Sardar Gurdarshan Singh : Let the Hon. Minister move a motion. The Minister has not moved the motion as yet. (At this stage so many members were speaking simultaneously).

ਸ਼੍ਰੀ ਸਪੀਕਰ : ਇਹ ਠੀਕ ਹੈ, ਮਨਿਸਟਰ ਸਾਹਿਬ ਨੂੰ ਪਹਿਲਾਂ ਮੋਸ਼ਨ ਮੂਵ ਕਰ ਲੈਣ ਦਿਓ... (ਵਿਘਨ) (ਸ਼ੋਰ)

Development Minister (Sardar Santokh Singh Randhawa): Sir, I beg to introduce the Punjab Panchayat Samitis and Zila Parishads (Temporary Supersession) Amendment Bill.

Sir, I also beg to move—

That the Punjab Panchayat Samitis and Zila Parishads (Temporary Supersession) Amendment Bill be taken into consideration at once.

Mr. Speaker : Motion moved—

That the Punjab Panchayat Samitis and Zila Parishads (Temporary Supersession) Amendment Billbe taken into consideration at once.

ਕਾਮਰੇਡ ਬਲਦੇਵ ਸਿੰਘ ਲੰਬਾ : ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਇਸ ਸੰਬੰਧ ਵਿਚ ਕਈ ਵਾਰੀ ਅਮੈਂਡਮੈਂਟਸ ਆ ਚੁਕੀਆਂ ਹਨ। ਇਸ ਵੇਲੇ ਵੀ ਮੇਰੀ ਇਹ ਰਾਇ ਸੀ ਕਿ ਇਸ ਨੂੰ ਬਹੁਤ ਲੰਬੇ ਸਮੇਂ ਲਈ ਨਾ ਟਾਲਿਆ ਜਾਵੇ । ਜਿਹੜੀਆਂ ਲੋਕ ਰਾਜੀ ਪਰੰਪਰਾਵਾਂ ਹਨ ਉਨ੍ਹਾਂ ਦੇ ਮੁਤਾਬਿਕ ਜੋ ਵੀ ਸਕੀਮ ਸਰਕਾਰ ਦੀ ਹੋਵੇ ਉਹ ਲੋਕ ਰਾਜੀ ਤਰੀਕੇ ਨਾਲ ਜਲਦੀ ਤੋਂ ਜਲਦੀ ਲਿਆਉਣੀ ਚਾਹੀਦੀ ਹੈ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਸਮੇਂ ਸਿਰ ਅੌਰ ਜਲਦੀ ਕਰਾਉਣੀਆਂ ਚਾਹੀਦੀਆਂ ਹਨ। ਹੁਣ ਵੀ ਸਰਕਾਰ ਨੇ ਜੋ ਅਮੈਂਡ-ਮੈਂਟ ਲਿਆਂਦੀ ਹੈ, ਮੈਂ ਸਮਝਦਾ ਹਾਂ ਕਿ ਇਹ ਵੀ ਇਨ੍ਹਾਂ ਨੇ ਹੋਰ ਜ਼ਿਆਦਾ ਅਗੇ ਲਿਜਾਣ ਦੀ ਗੱਲ ਸੋਚੀ ਹੈ। ਇਸ ਦਾ ਕਾਰਨ ਇਹ ਹੈ ਕਿ ਜੋ ਵੀ ਸਰਕਾਰ ਆਉਂਦੀ ਹੈ ਉਹ ਇਹ ਚਾਹੁੰਦੀ ਹੈ ਕਿ ਅਸੀਂ ਕੋਈ ਕੰਮ ਕਰ ਲਈਏ ਜਿਸ ਦੇ ਕਰਨ ਨਾਲ ਲੋਕਾਂ ਨੂੰ ਪਤਾ ਲਗੇ ਅਤੇ ਅਸੀਂ ਉਨ੍ਹਾਂ ਦੇ ਮਨਾਂ ਨੂੰ ਜਿੱਤ ਲਈਏ ਅਤੇ ਲੋਕਾਂ ਤੋਂ ਸਾਨੂੰ ਇਹ ਕਹਿਣ ਨੂੰ ਮਿਲੇ ਕਿ ਅਸੀਂ ਸਫ਼ਲ ਹੋਏ ਹਾਂ। ਪਰ ਜਦੋਂ ਉਹ ਕੋਈ ਕੰਮ ਕਰਦੇ ਹਨ ਅਤੇ ਲੋਕਾਂ ਕੋਲ ਜਾਂਦੇ ਹਨ ਤਾਂ ਲੋਕੀਂ ਉਨ੍ਹਾਂ ਦੇ ਵਿਰੁੱਧ ਹੁੰਦੇ ਹਨ ਕਿਉਂਕਿ ਪ੍ਰਾਈਸ ਚਾਈਜ਼, ਅਨਐਮਪਲਾਇਮੈਂਟ ਵਧੀ ਹੋਈ ਹੁੰਦੀ ਹੈ ਅਤੇ ਲੋਕ ਉਸ ਵੇਲੇ ਸਰਕਾਰ ਬਦਲਣ ਦੀ ਸੋਚਣ ਲਗ ਜਾਂਦੇ ਹਨ ਕਿਉਂਕਿ ਲੋਕਾਂ ਵਿਚ ਅਨਰੈਸਟ ਹੁੰਦਾ ਹੈ। ਇਸ ਲਈ ਇਹ ਡਰ ਜਾਂਦੇ ਹਨ ਤੇ ਸੋਚਦੇ ਹਨ ਕਿ 6 ਮਹੀਨਿਆਂ ਲਈ ਇਨ੍ਹਾਂ ਦੀਆਂ ਚੋਣਾਂ ਨੂੰ ਹੋਰ ਅਗੇ ਪਾ ਦਿਓ ਅਤੇ ਫਿਰ ਜਦੋਂ 6 ਮਹੀਨੇ ਗੁਜ਼ਰ ਜਾਂਦੇ ਹਨ ਤਾਂ ਫਿਰ 6 ਮਹੀਨੇ ਹੋਰ ਅਗੇ ਪਾ ਦਿੱਤੇ ਜਾਂਦੇ ਹਨ, ਫਿਰ ਅਮੈਂਡਮੈਂਟ ਆ ਜਾਂਦੀ ਹੈ ਕਿ ਕੋਈ ਟੈਕਨੀਕਲ ਕਾਰਨ ਲੈ ਲੈਂਦੇ ਹਨ ਕਿ ਹੋਰ ਸਮਾਂ ਚਾਹੀਦਾ ਹੈ। ਦੂਜੇ ਪਾਸੇ ਲੋਕਾਂ ਦੇ ਵਿਚ ਜਾਂਦੇ ਹਨ ਤਾਂ ਲੋਕ ਹੋਰ ਖਿਲਾਫ਼ ਹੁੰਦੇ ਹਨ ਅੌਰ ਬੁਰਜੂਆ ਸਰਕਾਰਾਂ ਨੂੰ ਉਹ ਖ਼ਤਮ ਕਰਕੇ ਇਕ ਸਮਾਜੀ ਅਤੇ ਸਹੀ ਲੋਕ ਰਾਜੀ ਸਰਕਾਰ ਚਾਹੁੰਦੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਜੇ ਅਸੀਂ ਇਸ ਬਿਲ ਨੂੰ ਪਾਸ ਕਰ

Original with;
Punjab Vidhan Sabha
Digitized by:
Panjab Digital Library

[ਕਾਮਰੇਡ ਬਲਦੇਵ ਸਿੰਘ ਲੁੰਬਾ]

ਦਿੰਦੇ ਹਾਂ ਅਤੇ ਇਸ ਨੂੰ ਡਿਸਐਪਰੂਵ ਨਹੀਂ ਕਰਦੇ ਤਾਂ ਇਸ ਸਰਕਾਰ ਨੇ ਇਥੇ ਹੀ ਨਹੀਂ ਖੜ੍ਹਨਾ, ਇਸ ਨੇ ਫਿਰ ਦੁਬਾਰਾ ਇਨ੍ਹਾਂ ਦੀਆਂ ਚੋਣਾਂ ਖਾਤਰ ਸਮਾਂ ਮੰਗਣਾ ਹੈ। ਇਸ ਲਈ ਹਾਊਸ ਨੂੰ ਇਹ ਡਿਸਐਪਰੂਵ ਕਰਨਾ ਚਾਹੀਦਾ ਹੈ ਕਿਉਂਕਿ ਲੋਕਰਾਜੀ ਢਾਂਚੇ ਤੇ ਇਹ ਬੜੀ ਵੱਡੀ ਸੱਟ ਹੈ। ਇਸ ਨਾਲ ਲੋਕਾਂ ਦੀਆਂ ਤਕਲੀਫਾਂ ਅਤੇ ਮਸਲੇ ਸੁਲਝਾਏ ਨਹੀਂ ਜਾ ਸਕਦੇ ਅਤੇ ਬਲਾਕਾਂ ਦੀ ਡਿਵੈਲਪਮੈਂਟ ਦਾ ਕੰਮ ਨਹੀਂ ਹੋ ਸਕਦਾ। ਮੈਂ ਇਸ ਸਰਕਾਰ ਨੂੰ ਇਸ ਗੱਲ ਦੀ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਜਿਉਂ ਜਿਉਂ ਇਹ ਚੋਣਾਂ ਕਰਾਉਣ ਲਈ ਸਮਾਂ ਮੰਗੀ ਜਾਣਗੇ, ਇਹ ਸੋਚ ਕੇ ਕਿ ਲੋਕਾਂ ਦੇ ਮਸਲੇ ਹੱਲ ਕਰਕੇ ਫਿਰ ਚੋਣਾਂ ਕਰਾਈਏ, ਫਿਰ ਸਫਲਤਾ ਮਿਲੇਗੀ, ਇਹ ਸੋਚਣੀ ਗਲਤ ਹੈ। 30 ਸਾਲਾਂ ਦਾ ਰਿਕਾਰਡ ਸਾਡੇ ਸਾਹਮਣੇ ਹੈ। ਅੱਜ ਬੇਰੁਜ਼ਗਾਰੀ ਵੱਧ ਰਹੀ ਹੈ। ਲੋਕ ਬੇਚੈਨ ਹੋ ਰਹੇ ਹਨ। ਪ੍ਰਾਈਸਿਜ਼ ਵੱਧਦੀਆਂ ਜਾ ਰਹੀਆਂ ਹਨ। ਕੋਈ ਵੀ ਸਟੇਟ ਦੀ ਸਰਕਾਰ ਮਨਾਪਲੀ ਨੂੰ ਹੱਥ ਨਹੀਂ ਪਾ ਸਕਦੀ। ਲੋਕਾਂ ਵਿਚ ਬੇਚੈਨੀ ਇਹ ਸਰਕਾਰ ਘੱਟ ਨਹੀਂ ਕਰ ਸਕਦੀ। ਇਸ ਲਈ ਜਿਤਨਾ ਸਮਾਂ ਹੋਰ ਚੋਣਾਂ ਕਰਾਉਣ ਲਈ ਸਰਕਾਰ ਲਈ ਜਾਵੇਗੀ, ਉਤਨੀ ਜ਼ਿਆਦਾ ਸਰਕਾਰ ਨੂੰ ਹਾਰ ਹੋਵੇਗੀ। ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੀਦਾ ਅਤੇ ਜਲਦੀ ਤੋਂ ਜਲਦੀ, 10 ਮਹੀਨੇ ਦੇ ਮੰਗੇ ਸਮੇਂ ਤੋਂ ਵੀ ਪਹਿਲਾਂ, ਚੋਣਾਂ ਬਲਾਕ ਸੰਮਿਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਕਰਾਉਣੀਆਂ ਚਾਹੀਦੀਆਂ ਹਨ। ਲੋਕ ਰਾਜੀ ਢਾਂਚੇ ਵਿਚ ਇਹ ਡਿਵੈਲਪਮੈਂਟ ਦੇ ਸਾਧਨ ਹਨ। ਇਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਕ ਮਿਲਣਾ ਚਾਹੀਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਹਾਊਸ ਇਸ ਨੂੰ ਡਿਸਐਪਰੂਵ ਕਰੇ।

ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ): ਸਪੀਕਰ ਸਾਹਿਬ, ਪੰਚਾਇਤੀ ਰਾਜ ਅਤੇ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਵਾਸਤੇ ਹੋਰ ਸਮਾਂ ਲੈਣ ਲਈ ਸਰਕਾਰ ਨੇ ਇਹ ਬਿਲ ਲਿਆਂਦਾ ਹੈ। ਲੁੰਬਾ ਜੀ ਨੇ ਵੀ ਦੱਸਿਆ ਹੈ ਕਿ ਬਹੁਤਾ ਸਮਾਂ ਲਈ ਜਾਣਾ ਠੀਕ ਨਹੀਂ ਹੈ। ਅੱਗੇ ਸਾਡੀ ਪਾਰਟੀ ਵੱਲੋਂ ਵੀ ਇਸ ਨੂੰ ਲੰਮਾ ਕੀਤਾ ਗਿਆ ਜਿਸ ਦੇ ਸਦਕਾ ਸਾਡੀ ਪਾਰਟੀ ਨੂੰ ਵੀ ਨਮੋਸ਼ੀ ਦਾ ਮੂੰਹ ਵੇਖਣਾ ਪਿਆ। ਪੰਚਾਇਤੀ ਰਾਜ ਬੜਾ ਵਧੀਆ ਰਾਜ ਹੈ। ਪੰਚਾਇਤ ਦਾ ਫੈਸਲਾ ਰੱਬੀ ਫੈਸਲਾ ਹੈ। ਭਾਵੇਂ ਪੰਚਾਇਤਾਂ ਅਸ਼ੋਕ ਦੇ ਜ਼ਮਾਨੇ ਤੋਂ ਚਲੀਆਂ ਆ ਰਹੀਆਂ ਹਨ ਪਰ ਪਹਿਲੀ ਵਾਰ ਸਾਡੇ ਪੂਜਨੀਯ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਪੰਚਾਇਤੀ ਰਾਜ ਦਾ ਉਦਘਾਟਨ ਕਰਕੇ ਬੜਾ ਚੰਗਾ ਕੰਮ ਕੀਤਾ ਸੀ ਤਾਂਕਿ ਪੰਚਾਇਤਾਂ ਵੱਧਣ ਫੁਲਣ ਤੇ ਤਰੱਕੀ ਕਰਨ। ਸਰਦਾਰ ਪ੍ਰਤਾਪ ਸਿੰਘ ਕੈਰੋਂ ਵੀ ਇਸ ਵਿਚ ਬਹੁਤ ਦਿਲਚਸਪੀ ਲੈਂਦੇ ਸਨ। ਸਮੇਂ ਸਮੇਂ ਸਿਰ ਉਹ ਉਨ੍ਹਾਂ ਨੂੰ ਚਿੱਠੀਆਂ ਵੀ ਜਾਰੀ ਕਰਦੇ ਸਨ ਕਿ ਪੰਚਾਂ ਅਤੇ ਸਰਪੰਚਾਂ ਦਾ ਮਾਣ ਹੋਣਾ ਚਾਹੀਦਾ ਹੈ, ਸਰਕਾਰ ਦੇ ਦਰਬਾਰ ਵਿਚ ਉਨ੍ਹਾਂ ਨੂੰ ਇਜ਼ਤ ਮਿਲੇ। ਪਰ ਸਪੀਕਰ ਸਾਹਿਬ, 1975 ਵਿਚ ਪੰਚਾਇਤੀ ਰਾਜ ਦਾ ਬਿਲਕੁਲ ਹੀ ਖਾਤਮਾ ਹੋ ਗਿਆ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਪੰਚਾਇਤੀ ਰਾਜ ਦੀ ਚੋਣ ਬੜੀ ਆਜ਼ਾਦੀ ਨਾਲ ਹੋਣੀ ਚਾਹੀਦੀ ਹੈ। ਜਿਸ ਨੂੰ ਲੋਕ ਚਾਹੁੰਣ, ਜਿਸਨੂੰ ਲੋਕ ਪਸੰਦ ਕਰਨ, ਉਸ ਬੰਦੇ ਨੂੰ ਚੁਣਿਆ ਜਾਵੇ ਤੇ ਉਹ ਲੋਕਾਂ ਦੀ ਸੇਵਾ ਕਰੇ। ਸਪੀਕਰ ਸਾਹਿਬ, ਇਸ ਹਾਊਸ ਵਿਚ ਬੈਠੇ ਸਜਣਾਂ ਨੂੰ ਵੀ ਅਤੇ ਬਾਹਰ ਬੈਠੇ ਸੱਜਣਾਂ ਨੂੰ ਪੂਰੀ ਤਰ੍ਹਾਂ ਪਤਾ ਹੈ ਕਿ 1975 ਵਿਚ ਕਾਂਗਰਸ ਇੰਦਰਾ ਦੇ ਰਾਜ ਵਿਚ, ਸਾਡੇ ਵਿਕਾਸ ਮੰਤਰੀ ਉਦੋਂ ਵੀ ਇਹੋ ਹੀ ਸਨ, ਪਹਿਲੀ ਵਾਰ ਪੰਚਾਇਤੀ ਰਾਜ ਦਾ ਕਤਲ ਕੀਤਾ ਗਿਆ ਅਤੇ ਇਸਦਾ ਗਲਾ ਘੁੱਟਿਆ ਗਿਆ। ਸਾਰਿਆਂ ਨੂੰ ਸਪੀਕਰ ਸਾਹਿਬ ਪਤਾ ਹੈ ਕਿ ਪੰਚਾਂ, ਸਰਪੰਚਾਂ ਦੀ ਚੋਣ ਹੋਣ ਤੋਂ ਬਾਅਦ, ਸੰਮਿਤੀਆਂ ਦੀਆਂ ਚੋਣਾਂ ਆਈਆਂ ਅਤੇ ਇਸ ਦੇ ਵਿਚ ਇੱਕ ਮੈਂਬਰ ਨਾਮੀਨੇਟ ਕਰਨ ਵਾਸਤੇ ਗਿਆਨੀ ਜ਼ੈਲ ਸਿੰਘ ਨੇ ਕਾਢ ਕੱਢੀ ਕਿ ਕਾਰੀਗਰ ਵੀਰਾਂ ਵਿਚੋਂ

Original with;
Punjab Vidhan Sabha
Digitized by;
Panjab Digital Library

ਵੀ ਇੱਕ ਮੈਂਬਰ ਹੋਣਾ ਚਾਹੀਦਾ ਹੈ। ਇਹ ਸਿਰਫ ਇਸ ਵਾਸਤੇ ਕੀਤਾ ਗਿਆ ਸੀ ਕਿ ਜੋ ਸੰਮਿਤੀਆਂ ਦੇ ਮੈਂਬਰ ਚੁਣ ਕੇ ਆਏ ਹਨ ਉਨ੍ਹਾਂ ਦਾ ਲੇਖਾ-ਜੋਖਾ ਕੀਤਾ ਜਾਵੇ ਕਿ ਕਾਂਗਰਸੀ ਪੱਖੀ ਕਿਤਨੇ ਹਨ ਅਤੇ ਅਕਾਲੀ ਤੇ ਦੂਜੀਆਂ ਪਾਰਟੀਆਂ ਦੇ ਪੱਖੀ ਕਿਤਨੇ ਹਨ। ਉਸ ਮੈਂਬਰ ਨੂੰ ਨਾਮੀਨੇਟ ਕਰਨ ਵਾਸਤੇ ਉਨ੍ਹਾਂ ਮੈਂਬਰਾਂ ਦੀਆਂ ਵੋਟਾਂ ਪੈਣੀਆਂ ਸਨ। ਜਦੋਂ ਵੋਟਾਂ ਪਈਆਂ ਤਾਂ ਸਾਰੀਆਂ ਦੀਆਂ ਸਾਰੀਆਂ ਬਲਾਕ ਸੰਮਿਤੀਆਂ ਵਿਚ ਆਪੋਜ਼ੀਸ਼ਨ ਵਾਲੇ ਤੇ ਅਕਾਲੀ ਦਲ ਦੇ ਮੈਂਬਰ ਨਾਮੀਨੇਟ ਹੋ ਗਏ। ਮੈਂਬਰ ਨਾਮੀਨੇਟ ਹੋਣ ਤੋਂ ਬਾਅਦ ਸਰਦਾਰ ਸੰਤੋਖ ਸਿੰਘ ਰੰਧਾਵਾਂ ਨੇ ਇਹ ਸੋਚਿਆ ਕਿ ਪੰਚਾਇਤੀ ਰਾਜ ਦਾ ਤਾਂ ਡੰਡੋਰਾ ਸਾਰਾ ਆਪੋਜ਼ੀਸ਼ਨ ਦੇ ਪਾਸੇ ਵੱਜਦਾ ਜਾ ਰਿਹਾ ਹੈ, ਇਸ ਵਾਸਤੇ ਕਿਸੇ ਤਰੀਕੇ ਨਾਲ ਇਸਨੂੰ ਕਾਬੂ ਕਰਕੇ, ਇਸ ਨੂੰ ਡਿਕਟੇਟਰਸ਼ਿਪ ਦੇ ਥੱਲੇ ਲਿਆ ਕੇ ਆਪਣੇ ਬੰਦਿਆਂ ਨੂੰ ਚੇਅਰ-ਮੈਨ ਬਣਾਇਆ ਜਾਵੇ ਅਤੇ ਹੋਰ ਕਿਸੇ ਪਾਰਟੀ ਦੇ ਆਦਮੀ ਨੂੰ ਚੇਅਰਮੈਨ ਨਾ ਬਣਨ ਦਿੱਤਾ ਜਾਵੇ। ਚਾਰ, ਚਾਰ ਵਾਰੀ ਇੱਕ, ਇੱਕ ਬਲਾਕ ਸੰਮਿਤੀ ਦੀਆਂ ਚੋਣ ਪੋਸਟਪੋਨ ਹੋਈਆਂ। ਜਦੋਂ ਮੀਟਿੰਗ ਵਾਸਤੇ ਮੈਂਬਰ ਆਉਣੇ ਅਤੇ ਇਨ੍ਹਾਂ ਨੂੰ ਇਹ ਪਤਾ ਲਗ ਜਾਣਾ ਕਿ ਆਪੋਜ਼ੀਸ਼ਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ ਤਾਂ ਮੀਟਿੰਗ ਪੋਸਟਪੋਨ ਹੋ ਜਾਂਦੀ ਸੀ। ਫਿਰ ਉਨ੍ਹਾਂ ਮੈਂਬਰਾਂ ਨੂੰ ਫੜਕੇ ਥਾਣਿਆਂ ਵਿਚ ਰਖਿਆ ਗਿਆ। ਸਾਡੇ ਸਰਦੂਲਗੜ੍ਹ ਦੇ ਝਨੀਰ ਬਲਾਕ ਦੇ ਮੈਂਬਰਾਂ ਨੂੰ ਹਰਿਆਣੇ ਵਿਚ ਰਖਿਆ ਗਿਆ ਅਤੇ ਉਥੇ ਉਨ੍ਹਾਂ ਨੂੰ ਕੁਟਿਆ ਗਿਆ। ਉਹ ਕਹਿੰਦੇ ਸਨ ਕਿ ਸਾਨੂੰ ਲੈ ਚਲੋ, ਸਾਡੀਆਂ ਵੋਟਾਂ ਤੁਹਾਨੂੰ ਪੈਣਗੀਆਂ ਪਰ ਇਹ ਨਾ ਮੰਨੇ। ਅਜਿਹਾ ਭੈੜਾ ਹਾਲ ਪੰਚਾਇਤੀ ਰਾਜ ਦਾ ਹੋਇਆ। ਸਪੀਕਰ ਸਾਹਿਬ, ਸਾਨੂੰ ਖੁਸ਼ੀ ਹੋਈ ਹੈ ਕਿ ਸੰਮਿਤੀਆਂ ਬਣਾ ਰਹੇ ਹਨ। ਸਾਨੂੰ ਇਸ ਗਲ ਦੀ ਵੀ ਬੜੀ ਖੁਸ਼ੀ ਹੈ ਕਿ ਪੰਚਾਇਤੀ ਰਾਜ ਦਾ ਕਾਤਲ ਮੁੜ ਕੇ ਪੰਚਾਇਤੀ ਰਾਜ ਬਹਾਲ ਕਰਨ ਲਗਿਆ ਹੈ। ਪਰ ਮੈਂ ਆਪਣੇ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਸਰਦਾਰ ਸੰਤੋਖ ਸਿੰਘ ਤੇ ਜ਼ਰੂਰ ਨਿਗਾਹ ਰੱਖਣ ਕਿਉਂਕਿ ਜਿਸ ਢੰਗ ਨਾਲ ਇਹ ਪੰਚਾਇਤੀ ਰਾਜ ਨੂੰ ਪੇਸ਼ ਕਰਦੇ ਹਨ ਉਹ ਲੋਕਾਂ ਦੇ ਫਿੱਟ ਨਹੀਂ ਆਉਂਦਾ। ਇਥੇ ਸਾਰਿਆਂ ਨੂੰ ਪਤਾ ਹੈ ਕਿ ਸਰਪੰਚਾਂ ਦੀ ਚੋਣ ਸਿੱਧੀ ਹੁੰਦੀ ਸੀ ਅਤੇ ਉਦੋਂ ਪਿੰਡਾਂ ਵਿਚ ਦੋ ਧੜੇ ਬਣ ਜਾਂਦੇ ਸਨ। ਅੱਜ ਇਹ ਸਰਵੇ ਕਰਵਾ ਕੇ ਵੇਖ ਲੈਣ ਕਿ ਸਰਪੰਚ ਦੀ ਚੋਣ ਸਿੱਧੀ ਨਾ ਕਰਨ ਨਾਲ ਕੀ ਫਾਇਦਾ ਹੋਇਆ ਹੈ। ਪਿੰਡਾਂ ਵਿਚ ਅੱਗੇ ਦੋ ਵੰਡੀਆਂ ਪੈ ਜਾਂਦੀਆਂ ਸਨ। ਮੁਕਾਬਲੇ ਤੇ ਦੋ ਧੜੇ ਖੜੇ ਹੋ ਜਾਂਦੇ ਸਨ। ਪਿਛਲੀ ਸਰਕਾਰ ਨੇ ਇਹ ਤਬਦੀਲੀ ਕੀਤੀ ਸੀ ਕਿ ਪੰਚ ਜਿਹੜੇ ਚੁਣੇ ਜਾਣ ਉਨ੍ਹਾਂ ਵਿਚੋਂ ਫਿਰ ਸਰਪੰਚ ਚੁਣਿਆ ਜਾਵੇ ਤਾਂਕਿ ਲੋਕਾਂ ਨੂੰ ਪਤਾ ਹੀ ਨਾ ਲਗੇ ਕਿ ਪਿੰਡ ਦਾ ਸਰਪੰਚ ਕੌਣ ਬਣਨ ਵਾਲਾ ਹੈ। ਅੱਗੇ ਪਿੰਡਾਂ ਦੇ ਹਰੀਜਨ ਅਤੇ ਪਛੜੇ ਵਰਗ ਦੇ ਵੀਰ ਜਿਸ ਪਾਸੇ ਵੀ ਹਿੱਸਾ ਲੈਂਦੇ ਦੂਜੇ ਪਾਸੇ ਦਾ ਉਨ੍ਹਾਂ ਨਾਲ ਝਗੜਾ ਹੋ ਜਾਂਦਾ। ਸਰਪੰਚ ਦੀ ਚੋਣ ਸਿੱਧੀ ਨਾ ਕਰਨ ਨਾਲ ਕਿਸੇ ਨੂੰ ਇਹ ਪਤਾ ਨਹੀਂ ਲਗਦਾ ਸੀ ਕਿ ਕਿਹੜਾ ਬੰਦਾ ਸਰਪੰਚ ਬਣ ਰਿਹਾ ਹੈ। ਇਸ ਤਰੀਕੇ ਨਾਲ ਪਿੰਡਾਂ ਦੇ ਲੋਕ ਦੋ ਧੜਿਆਂ ਵਿਚ ਨਹੀਂ ਵੰਡੇ ਗਏ। ਚੋਣਾਂ ਹੋਣ ਤੋਂ ਬਾਅਦ ਹੀ ਲੋਕਾਂ ਨੂੰ ਪਤਾ ਲਗਿਆ ਕਿ ਕਿਹੜਾ ਆਦਮੀ ਸਰਪੰਚ ਬਣ ਰਿਹਾ ਹੈ। ਕਈ ਚੰਗੇ ਫੈਸਲੇ ਸਾਡੀ ਸਰਕਾਰ ਨੇ ਕੀਤੇ ਸਨ। ਸਪੀਕਰ ਸਾਹਿਬ, ਪੰਚਾਇਤੀ ਰਾਜ ਦਾ ਮਤਲਬ ਇਹ ਹੈ ਕਿ ਪਿੰਡ ਦੇ ਲੋਕ ਸਾਂਝੇ ਕੰਮ ਨੂੰ ਨੇਪਰੇ ਚਾੜ੍ਹ ਸਕਣ, ਪਿੰਡ ਦੇ ਸਾਂਝੇ ਕੰਮ ਲੋਕ ਇਕੱਠੇ ਹੋ ਕੇ ਕਰਨ। ਜੇ ਉਨ੍ਹਾਂ ਦੀ ਵੰਡੀ ਪਾ ਕੇ ਪਾੜਾ ਹੀ ਪਾ ਦੇਣਾ ਹੈ ਤਾਂ ਫਿਰ ਕਾਂਗਰਸ ਵਾਲਿਆਂ ਤੇ ਇਹ ਅੰਗਰੇਜ਼ਾਂ ਤੋਂ ਮਿਲੀ ਗਲ ਕਿ ਪਾੜੋ ਤੇ ਰਾਜ ਕਰੋ, ਠੀਕ ਢੁੱਕਦੀ ਹੈ। ਪੰਚਾਇਤੀ ਰਾਜ ਲਾਗੂ ਕਰਨ ਵਾਲੇ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਅਮੈਂਡਮੈਂਟ ਥੋੜ੍ਹਾ ਸਮਾਂ ਪਾਕੇ ਲਿਆਉਣ ਅਤੇ ਪੰਚਾਇਤਾਂ ਦੀਆਂ ਚੋਣਾਂ ਜ਼ਿਆਦਾ ਦੇਰ ਤਕ ਨਾ ਕਰਾ ਸ਼ਕਣ ਅਤੇ ਦੂਜੇ ਪਾਸੇ ਮਾਰਕਿਟ ਕਮੇਟੀਆਂ ਵੀ ਪੰਚਾਂ ਸਰਪੰਚਾਂ ਨੇ ਚੁਣਨੀਆਂ ਹੋਣ ਤਾਂ ਕਾਫੀ ਦੇਰ ਲਗ ਜਾਵੇਗੀ। ਮਾਰਕਿਟ ਕਮੇਟੀਆਂ ਵੀ ਬੜਾ ਚੰਗਾ ਅਦਾਰਾ ਹੈ। 20

ਇੱਕ ਆਵਾਜ਼ : ਮਾਰਕਿਟ ਕਮੇਟੀਆਂ ਦੀ ਗਲ ਤਾਂ ਨਹੀਂ ਹੋ ਰਹੀ।

ਸਰਦਾਰ ਬਲਦੇਵ ਸਿੰਘ ਖਿਆਲਾ : ਪੰਚਾਇਤਾਂ ਨੂੰ ਸੱਟ ਮਾਰਨ ਵਾਸਤੇ ਜੋ ਕੁਝ ਸਰਦਾਰ ਸੰਤੋਖ ਸਿੰਘ ਰੰਧਾਵਾ ਨੇ 1975 ਵਿੱਚ ਕੀਤਾ, ਇਸ ਦੀ ਮਿਸਾਲ ਸ਼ਾਇਦ ਇਤਿਹਾਸ ਵਿਚ ਨਹੀਂ ਮਿਲਣੀ। ਮੈਂ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜੇ ਸਰਦਾਰ ਦਰਬਾਰਾ ਸਿੰਘ ਜੀ ਪੰਚਾਇਤੀ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨਾ ਚਾਹੁੰਦੇ ਹਨ, ਪੰਚਾਇਤਾਂ ਦੀ ਪਕੜ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ ਤਾਂ ਸੰਮਿਤੀਆਂ ਬਣਾਉਣ ਦਾ ਕੋਈ ਫਾਇਦਾ ਨਹੀਂ। ਸੰਮਿਤੀਆਂ ਬਣਾਉਣ ਦਾ ਫਾਇਦਾ ਉਸ ਵੇਲੇ ਸੀ ਜਦੋਂ ਉਨ੍ਹਾਂ ਕੋਲੋਂ ਗਰਾਂਟਾਂ ਜਾਂਦੀਆਂ ਸਨ। ਉਹ ਅੱਗੇ ਪੰਚਾਇਤਾਂ ਨੂੰ ਗਰਾਂਟਾਂ ਦਿੰਦੇ ਸਨ, ਉਦੋਂ ਮਿਨੀ ਕੈਬਨਿਟ ਵਾਂਗ ਉਥੇ ਕੰਮ ਹੁੰਦਾ ਸੀ। ਹੁਣ ਇੱਕ ਪਾਸੇ ਤਾਂ ਸੰਮਿਤੀਆਂ ਹੋਣ ਅਤੇ ਦੂਜੇ ਪਾਸੇ ਜ਼ਿਲ੍ਹਾ ਪ੍ਰੀਸ਼ਦਾਂ ਹੋਣ ਅਤੇ ਪਹਿਲਾਂ ਉਸੀ ਚੀਜ਼ ਨੂੰ ਸੰਮਿਤੀਆਂ ਪਾਸ ਕਰਨ ਅਤੇ ਫਿਰ ਜ਼ਿਲ੍ਹਾ ਪ੍ਰੀਸ਼ਦਾਂ ਪਾਸ ਕਰਨ, ਇਸ ਦੇ ਨਾਲ ਬੜਾ ਜ਼ਰੂਰੀ ਹੈ ਕਿ ਚਾਰ ਮੈਂਬਰ ਬਲਾਕ ਦੇ ਚੁਣੇ ਜਾਣ ਫਿਰ ਚਾਰ ਮੈਂਬਰ ਜ਼ਿਲਾ ਪ੍ਰੀਸ਼ਦਾਂ ਦੇ ਹੋਣ। ਜਿਹੜੀ ਚੀਜ਼ ਥੱਲੇ ਲਾਗੂ ਕਰਨ ਲਈ ਆਵੇ, ਉਸ ਤੇ ਸੰਮਿਤੀ ਵਾਲੇ ਵਿਚਾਰ ਕਰ ਲੈਣ। ਉਥੇ ਕੋਈ ਪੈਸੇ ਖਰਚਣ ਵਾਸਤੇ ਨਹੀਂ ਹਨ । ਫਿਰ ਉਥੇ ਜਾਣ ਬੁਝ ਕੇ 20, 25 ਬੰਦੇ ਬਿਠਾਉਣ ਦਾ ਕੋਈ ਫਾਇਦਾ ਨਹੀਂ ਜੇ ਉਨ੍ਹਾਂ ਨੂੰ ਤਨਖਾਹਾਂ ਦੇਣ ਵਾਸਤੇ ਪੈਸੇ ਹੀ ਨਹੀਂ ਹਨ। ਜੇ ਪੰਚਾਇਤੀ ਰਾਜ ਨੂੰ ਪੱਕੇ ਤੌਰ ਤੇ ਲਾਗੂ ਕਰਨਾ ਚਾਹੁੰਦੇ ਹੋ ਤਾਂ ਮੇਰਾ ਸੁਝਾਓ ਹੈ ਕਿ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਹੋਰ ਤਾਕਤਾਂ ਦੇ ਕੇ, ਹੋਰ ਫੰਡ ਦੇ ਕੇ ਤਕੜਾ ਕਰੋ। ਇਹ ਨਾ ਹੋਵੇ ਕਿ ਪੰਚਾਂ ਦੀ ਚੋਣ ਕਰਕੇ ਚਾਰ ਬੰਦੇ ਬਲਾਕ ਸੰਮਿਤੀ ਵਿਚ ਹੋਣ, ਉਹੀ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਹੋਣ, ਉਹੀ ਪੰਚਾਇਤ ਸੰਮਿਤੀ ਦੇ ਮੈਂਬਰ ਹੋਣ ਅਤੇ ਦੂਜੇ ਪਾਸੇ ਪੰਚਾਇਤ ਸੰਮਿਤੀ ਕੋਲ ਕੋਈ ਫੰਡ ਨਾ ਹੋਣ, ਕੋਈ ਪੈਸਾ ਨਾ ਹੋਵੇ ਤਾਂ ਕੋਈ ਵੀ ਮੈਂਬਰ ਦਿਲਚਸਪੀ ਨਹੀਂ ਲੈਂਦਾ। ਉਨ੍ਹਾਂ ਕੋਲ ਕੋਈ ਸਕੀਮ ਨਾ ਜਾਵੇ, ਕੋਈ ਪੈਸਾ ਨਾ ਜਾਵੇ, ਕੋਈ ਗਰਾਂਟ ਨਾ ਜਾਵੇ ਤਾਂ ਫਿਰ ਨਾਂ ਨਾਲ ਚੌਧਰ ਜੋੜਨ ਦਾ ਕੋਈ ਫਾਇਦਾ ਨਹੀਂ। ਮੈਂ ਸਪੀਕਰ ਸਾਹਿਬ, ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਬਾਹਲਾ ਲੰਮਾ ਨਾ ਕੀਤਾ ਜਾਵੇ। ਇਸ ਦਾ ਦੋ ਮਹੀਨੇ ਦੇ ਅੰਦਰ ਅੰਦਰ ਸਮਾਂ ਮੁਕੱਰਰ ਕਰਕੇ, ਅਮੈਂਡਮੈਂਟ ਤੋਂ ਬਾਅਦ ਪੱਕਾ ਕਾਨੂੰਨ ਬਣਾ ਕੇ ਚੋਣ ਨਿਆਂਪੂਰਵਕ ਕਰਵਾਈ ਜਾਵੇ । ਕਿਤੇ ਇਹ ਨਾ ਹੋਵੇ ਕਿ ਜਿਹੜੇ ਪਹਿਲੇ ਮੈਂਬਰ ਸਨ ਉਹ ਤਾਂ ਖੜ੍ਹੇ ਨਹੀਂ ਹੁੰਦੇ ਅੱਰ ਨਵਿਆਂ ਨੂੰ ਇਨਸਾਫ ਨਾ ਮਿਲੇ। ਇਸ ਕਰਕੇ ਚੀਫ ਮਨਿਸਟਰ ਸਾਹਿਬ ਪਾਸ ਮੇਰੀ ਬੇਨਤੀ ਹੈ ਕਿ ਉਹ ਨਿਆਂਪੂਰਵਕ ਚੋਣਾਂ ਕਰਾਉਣ ਦਾ ਪ੍ਰਬੰਧ ਕਰਨ ਅੱਰ ਜਲਦੀ ਤੋਂ ਜਲਦੀ ਕਰਾਉਣ ਦਾ ਪ੍ਰਬੰਧ ਕਰਨ।

ਸਰਦਾਰ ਬੀਰਦਵਿੰਦਰ ਸਿੰਘ (ਸਰਹਿੰਦ) : ਸਪੀਕਰ ਸਾਹਿਬ, ਜੋ ਆਰਡੀਨੈਂਸ ਦੀ ਐਕਸ-ਟੈਂਸ਼ਨ ਵਾਸਤੇ ਅੱਰ ਇਸ ਨੂੰ ਬਿਲ ਬਣਾਉਣ ਲਈ ਮਾਨਯੋਗ ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਮਤਾ ਪੇਸ਼ ਕੀਤਾ ਹੈ ਮੈਂ ਉਸ ਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਖੜਾ ਹੋਇਆ ਹਾਂ। ਸਰਦਾਰ ਬਲਦੇਵ ਸਿੰਘ ਖਿਆਲਾ ਜੀ ਜਦੋਂ ਪੰਚਾਇਤੀ ਰਾਜ ਦੇ ਸਬੰਧ ਵਿਚ ਬੋਲ ਰਹੇ ਸੀ ਤਾਂ ਮੈਂ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਨ੍ਹਾਂ ਨੇ ਬਾਰ ਬਾਰ ਪੰਚਾਇਤੀ ਰਾਜ ਬਾਰੇ ਕਿਹਾ ਹੈ ਕਿ ਪੰਚਾ

Original with;
Punjab Vidhan Sabha
Digitized by;
Panjab Digital Library

ਨੂੰ ਤਾਕਤ ਦਿੱਤੀ ਜਾਵੇ ਅੱਤ ਪੰਚਾਇਤਾਂ ਨੂੰ ਮਜ਼ਬੂਤ ਬਣਾਇਆ ਜਾਵੇ। ਇਸ ਦਾ ਜ਼ਿਕਰ ਕਰਦਿਆਂ ਮੈਨੂੰ ਇਕ ਕਹਾਵਤ ਯਾਦ ਆ ਗਈ ਹੈ --

In sematic wisdom even the devil has a right to quote scriptures.

ਯਾਨੀ ਆਜ਼ਾਦ ਹਿੰਦੁਸਤਾਨ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲਾ ਹੀ ਵਾਕਿਆ ਆਇਆ ਹੋਵੇ ਜਦੋਂ ਅਕਾਲੀ ਦਲ ਦੀ ਹਕੂਮਤ ਇਥੇ ਬਣੀ ਉਨ੍ਹਾਂ ਨੇ ਗੱਦੀ ਸੰਭਾਲਣ ਵੇਲੇ ਪਹਿਲਾ ਕੰਮ ਇਹ ਕੀਤਾ ਜਿਹੜਾ ਹੁਣ ਮੈਂ ਦੱਸਣ ਲੱਗਾ ਹਾਂ। ਸੰਨ 1975 ਵਿਚ ਇਹ ਕਹਿੰਦੇ ਹਨ ਕਿ ਲੋਕ-ਤੰਤਰ ਦੀਆਂ ਕੀਮਤਾਂ ਘਟਾਈਆਂ ਜਾ ਰਹੀਆਂ ਸਨ ਜਦੋਂ ਕਿ ਇਥੇ ਐਮਰਜੈਂਸੀ ਸੀ। ਪਰ ਇਨ੍ਹਾਂ ਦੀ ਆਪਣੀ ਸਾਰੀ ਤਕਰੀਰ ਤੋਂ ਹੀ ਉਸ ਇਲਜ਼ਾਮ ਦੀ ਕੰਟਰਾਡਿਕਸ਼ਨ ਹੋ ਜਾਂਦੀ ਹੈ।

ਸਰਦਾਰ ਹਰਚੰਦ ਸਿੰਘ ਬਰਾੜ : ਤੁਸੀਂ ਅਜੇ ਜੇਲ੍ਹ ਨਹੀਂ ਵੇਖੀ ਲਗਦੀ। (ਹਾਸਾ)

ਸਰਦਾਰ ਬੀਰਦਵਿੰਦਰ ਸਿੰਘ : ਨਹੀਂ ਜੀ, ਮੈਂ ਨਹੀਂ ਵੇਖੀ । (ਹਾਸਾ) ਇਨ੍ਹਾਂ ਨੂੰ ਤਾਂ ਕਿਸੇ ਚਿੜੀਆ ਘਰ ਦਾ ਇੰਚਾਰਜ ਲੱਗਾਉਣਾ ਚਾਹੀਦਾ ਸੀ। (ਵਿਘਨ) ਮੈਂ ਤਕਰੀਰ ਕਰ ਰਿਹਾ ਹੈਂ।

ਸਰਦਾਰ ਹਰਚੰਦ ਸਿੰਘ ਬਰਾੜ : ਕੋਈ ਨਹੀਂ ਤੇਰੇ ਮਗਰੋਂ ਮੇਰੀ ਬੋਲਣ ਦੀ ਵਾਰੀ ਹੈ। ਮੈਂ ਵੀ ਦੱਸਾਂਗਾ। (ਹਾਸਾ)

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਇਨ੍ਹਾਂ ਨੇ ਆਪ ਹੀ ਜ਼ਿਕਰ ਕੀਤਾ ਸੀ ਕਿ ਸੰਨ 1975, ਜਿਸ ਨੂੰ ਇਹ ਕਾਲਾ ਦੌਰ ਆਖਦੇ ਹਨ, ਉਸ ਵਿਚ ਕੀ ਕੁਝ ਹੋਇਆ। ਮੈਨੂੰ ਇਹ ਗੱਲ ਦੱਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਉਸ ਹੀ ਦੌਰ ਵਿਚ ਪੰਜਾਬ ਵਿਚ ਬਲਾਕ ਸੰਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾ ਹੋਈਆਂ। ਇਸ ਗੱਲ ਨੂੰ ਤਾਂ ਕੋਈ ਝੁਠਲਾ ਨਹੀਂ ਸਕਦਾ। ਸੰਨ 1975 ਜਿਸ ਨੂੰ ਕਿ ਤੁਸੀਂ ਕਹਿੰਦੇ ਹੋ ਕਿ ਉਸ ਸਾਲ ਵਿਚ ਡੈਮੋਕਰੇਸੀ ਦੀਆਂ ਕੀਮਤਾਂ ਖ਼ਤਮ ਕਰ ਦਿੱਤੀਆਂ ਗਈਆਂ ਸਨ, ਉਸੇ ਹੀ ਦੌਰ ਵਿਚ ਬਲਾਕ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹੋਈਆਂ । (ਮਾਨਯੋਗ ਮੈਂਬਰ ਸਰਦਾਰ ਹਰਚੰਦ ਸਿੰਘ ਬਰਾੜ ਵੱਲੋਂ ਬੈਠੇ ਬੈਠੇ ਵਿਘਨ)

ਸ੍ਰੀ ਸਪੀਕਰ : ਸਰਦਾਰ ਹਰਚੰਦ ਸਿੰਘ ਜੀ, ਉਨ੍ਹਾਂ ਨੂੰ ਟੋਕੋ ਨਾ।

ਸਰਦਾਰ ਹਰਚੰਦ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਥੋੜ੍ਹਾ ਜਿਹਾ ਖਿਆਲ ਰੱਖਿਆ ਕਰੋ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਸਰਦਾਰ ਸਾਹਿਬ ਨੂੰ ਸ਼ਾਇਦ ਪਤਾ ਨਹੀਂ ਹੈ ਕਿ ਸੰਨ 1975 ਵਿਚ ਚੋਣਾਂ ਹੋਈਆਂ ਸਨ। ਜਦੋਂ ਦਾਸ ਬਲਾਕ ਸੰਮਿਤੀ ਦਾ ਚੇਅਰਮੈਨ ਬਣਿਆ, ਉਸ ਸਮੇਂ ਦੇ ਦੌਰਾਨ, ਚੇਅਰਮੈਨ ਬਣਨ ਵੇਲੇ ਮੈਨੂੰ ਤਾਂ ਘੱਟੋ ਘੱਟ ਇਸ ਤਰ੍ਹਾਂ ਦੀ ਕੋਈ ਗੱਲ ਮਹਿਸੂਸ ਨਹੀਂ ਹੋਈ ਜੋ ਕਿ ਡੈਮੋਕਰੈਸੀ ਦੇ ਖਿਲਾਫ਼ ਹੋਵੇ। .....

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚੰਦ ਸਿੰਘ ਬਰਾੜ : ਉਦੋਂ ਗਿਆਨੀ ਜ਼ੈਲ ਸਿੰਘ ਨਾਲ ਤੇਰੀ ਯਾਰੀ ਹੋਣੀ ਨੀ ਨਾ। (ਹਾਸਾ)

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਵੀਰਾਂ ਨੇ ਇਲਜ਼ਾਮ ਲਗਾਇਆ ਹੈ ਕਿ ਜਿਹੜਾ ਉਸ ਵੇਲੇ ਪੰਚਾਇਤੀ ਸਿਸਟਮ ਸੀ ਉਹ ਰੰਧਾਵਾ ਸਾਹਿਬ ਦੇ ਵਕਤ ਦੀ ਸਰਕਾਰ ਵੱਲੋਂ ਭੰਗ ਕੀਤਾ ਗਿਆ ਸੀ। ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਬੈਠੇ ਹਨ। ਬੜੇ ਗੁਰਮੁੱਖ ਸੱਜਣ ਹਨ। ਮੈਨੂੰ ਯਕੀਨ ਹੈ ਕਿ ਇਹ ਝੂਠ ਨਹੀਂ ਬੋਲਦੇ ਇਹ ਵੀ ਇਸ ਗੱਲ ਨੂੰ ਮੰਨਣਗੇ ਕਿ ਜਦੋਂ ਇਨ੍ਹਾਂ ਦੀ ਸਰਕਾਰ ਨੇ ਚਾਰਜ ਲਿਆ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਿਤੀਆਂ ਦੀਆਂ ਚੋਣਾਂ ਦੀ ਮਿਆਦ ਦੋ ਸਾਲ ਹੋਰ ਬਕਾਇਆ ਸੀ ਪਰ ਇਨ੍ਹਾਂ ਨੇ ਉਨ੍ਹਾਂ ਨੂੰ ਭੰਗ ਕੀਤਾ ਅੌਰ ਭੰਗ ਕਰਨ ਤੋਂ ਬਾਅਦ ਅਫ਼ਸਰਸ਼ਾਹੀ ਦੇ ਹਵਾਲੇ ਕਰ ਦਿੱਤਾ। ਬਲਾਕ ਸੰਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਐਡਮਨਿਸਟਰੇਟਰ ਲਗਾ ਕੇ ਉਨ੍ਹਾਂ ਨੂੰ ਚੌਧਰ ਸੌਂਪ ਦਿੱਤੀ ਅੌਰ ਉਸ ਤੋਂ ਬਾਅਦ ਰੋਜ਼ ਢੰਡੋਰਾ ਪਿੱਟਦੇ ਰਹੇ ਹਨ ਕਿ we belived in decentralised statecraft.

3.54 (ਸ਼ਾਮ) (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਹੁਣੇ ਹੀ ਖਿਆਲਾ ਸਾਹਿਬ ਨੇ ਆਪਣੀ ਪਾਰਟੀ ਵੱਲੋਂ ਵਿਚਾਰ ਪੇਸ਼ ਕਰਦਿਆਂ ਕਿਹਾ ਹੈ ਕਿ ਜ਼ੋਨ ਬਣਾ ਦੇਣੇ ਚਾਹੀਦੇ ਹਨ। ਬੁਨਿਆਦੀ ਤੌਰ ਤੇ ਪੰਚਾਇਤ ਸੰਮਿਤੀਆਂ ਚਾਹੀਂ 25 ਬੰਦੇ ਬਲਾਕ ਸੰਮਿਤੀਆਂ ਦੇ ਮੈਂਬਰ ਬਣਨੇ ਹਨ ਪਰ ਇਨ੍ਹਾਂ ਨੇ ਕਿਹਾ ਹੈ ਕਿ ਚਾਰ ਜ਼ੋਨ ਬਣਾ ਕੇ ਚਾਰ ਨੁਮਾਇੰਦੇ ਹੀ ਲਏ ਜਾਣ ਅੌਰ ਉਹੀ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਹੋਣ, ਉਹੀ ਬਲਾਕ ਸੰਮਿਤੀਆਂ ਦੇ ਮੈਂਬਰ ਹੋਣ। ਚਾਰ ਮੈਂਬਰਾਂ ਨੂੰ ਤਾਕਤ ਦਿੱਤੀ ਜਾਵੇ। ਸੱਚਾਈ ਇਹ ਹੈ ਕਿ 25 ਮੈਂਬਰ ਬੁਨਿਆਦੀ ਤੌਰ ਤੇ ਜੋ ਪਹਿਲਾਂ ਲਏ ਜਾਂਦੇ ਹਨ ਉਨ੍ਹਾਂ ਵਿਚ ਹਰੀਜਨ ਵੀਰ ਵੀ ਆਉਂਦੇ ਸਨ। ਮੈਨੂੰ ਖੁਸ਼ੀ ਹੈ ਕਿ ਪਿਛਲੀ ਸਾਡੀ ਸਰਕਾਰ ਨੇ ਇਹ ਕੀਤਾ ਹੈ ਕਿ ਬੈਕਵਰਡ ਕਲਾਸਿਜ਼ ਦੇ ਵੀ ਵਿਚ ਨੁਮਾਇੰਦੇ ਲੈ ਲੈਣ ਲਈ ਫੈਸਲਾ ਕੀਤਾ ਸੀ ਕਿਉਂਕਿ ਉਨ੍ਹਾਂ ਦੀਆਂ ਇਤਨੀਆਂ ਵੋਟਾਂ ਨਹੀਂ ਸਨ ਹੁੰਦੀਆਂ ਜਿਨ੍ਹਾਂ ਚਾਹੀਂ ਉਹ ਸਿੱਧੇ ਤੌਰ ਤੇ ਆ ਸਕਣ। ਉਨ੍ਹਾਂ ਪੱਛੜੀਆਂ ਸ਼੍ਰੇਣੀਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ ਅੌਰ ਇਹ ਵੀ ਕੀਤਾ ਕਿ ਪਹਿਲਾਂ ਨਾਲੋਂ ਵਧੇਰੇ ਰਿਪ੍ਰੀਜ਼ੈਂਟੇਸ਼ਨ ਬਲਾਕ ਸੰਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਵਿਚ ਆ ਗਈ। ਇਹ ਮੇਰੇ ਵੀਰ (ਵਿਰੋਧੀ ਧਿਰ ਵੱਲ ਇਸ਼ਾਰਾ) ਕਹਿੰਦੇ ਹਨ ਕਿ ਜ਼ੋਨ ਸਿਸਟਮ ਲਾਗੂ ਹੋਣਾ ਚਾਹੀਦਾ ਹੈ ਅੌਰ ਉਹ ਤਾਕਤ 25 ਬੰਦਿਆਂ ਦੇ ਅਧਿਕਾਰ ਵਿਚੋਂ ਜੋ ਕਿ 25 ਪਿੰਡਾਂ ਦੇ ਨੁਮਾਇੰਦੇ ਹਨ ਉਨ੍ਹਾਂ ਤੋਂ ਖੋਹ ਕੇ ਚਾਰ ਆਦਮੀਆਂ ਦੇ ਹੱਥਾਂ ਵਿਚ ਦਿੱਤੀ ਜਾਵੇ। ਜਿਹੜੀ ਪਹਿਲਾਂ ਬਲਾਕ ਸੰਮਿਤੀਆਂ ਦੀ ਤਾਕਤ ਸੀ, ਬਲਾਕ ਸੰਮਿਤੀ ਦੇ ਚੇਅਰਮੈਨ ਕੋਲ ਤਾਕਤ ਸੀ ਅੌਰ ਬਲਾਕ ਸੰਮਿਤੀ ਕੋਲ ਐਜ਼ ਏ ਹਾਊਸ ਤਾਕਤ ਸੀ ਉਹ ਤਾਕਤ ਖੋਹ ਲਵੋ ਅੌਰ ਸਿਰਫ ਚਾਰ ਆਦਮੀਆਂ ਨੂੰ ਦੇ ਦਿਓ। ਉਹ ਤਾਕਤ ਜਿਸ ਦੇ ਨਾਲ ਉਹ ਬਲਾਕ ਵਿਚ ਕੰਮ ਕਰ ਰਹੀਆਂ ਸਨ, ਕਰਮਚਾਰੀਆਂ ਦੇ ਕੰਮ ਤੇ ਨਿਗਰਾਨੀ ਰੱਖ ਰਹੀਆਂ ਸਨ, ਉਸ ਬਾਰੇ ਖਿਆਲਾ ਸਾਹਿਬ ਨੇ ਪ੍ਰੋਪੋਜ਼ ਕੀਤਾ ਹੈ ਕਿ ਸਿਰਫ ਚਾਰ ਹੀ ਬੰਦੇ ਚੁਣੇ ਜਾਣ, ਚਾਰ ਜ਼ੋਨ ਬਣਾਏ ਜਾਣ, ਜ਼ਿਲ੍ਹਾ ਪ੍ਰੀਸ਼ਦ ਦੇ ਅੌਰ ਬਲਾਕ ਸੰਮਿਤੀ ਦੇ ਉਹੀ ਮੈਂਬਰ ਹੋਣ। ਬੀ.ਡੀ.ਓ. ਵੀ ਉਥੇ ਬੈਠੇਗਾ, ਲੇਕਿਨ ਉਸ ਬਲਾਕ ਵਿਚ ਵਸਣ ਵਾਲੇ ਸੈਂਕੜੇ ਪਿੰਡਾਂ ਦੇ ਨੁਮਾਇੰਦਿਆਂ ਦਾ ਤਾਣ-ਮੇਲ ਨਹੀਂ ਹੋਵੇਗਾ। ਉਹ ਚਾਰ ਮੈਂਬਰ ਹੀ ਕੰਮ ਵਿਚ ਦਖਲਅੰਦਾਜ਼ੀ ਕਰ ਸਕਣਗੇ ਲੇਕਿਨ ਪਿੰਡਾਂ ਦੇ ਨੁਮਾਇੰਦੇ ਹੋਣ ਦੇ ਰੂਪ ਵਿਚ ਕੋਈ ਵੀ ਕੰਮ ਵਿਚ ਦਖਲ ਨਹੀਂ ਦੇ ਸਕੇਗਾ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਹੋਰ ਵੀ ਪ੍ਰੋਪੋਜ਼ਲਜ਼ ਆਈਆਂ ਹਨ। ਇਕ ਅਸ਼ੋਕ ਮਹਿਤਾ ਕਮੇਟੀ ਬਣੀ, ਉਸ ਦਾ ਵੀ ਜ਼ਿਕਰ ਕੀਤਾ ਗਿਆ। ਕਦੇ ਮੇਰੇ ਵੀਰ ਕਹਿਣ ਮਹਾਰਾਸ਼ਟਰਾ ਪੈਟਰਨ ਅਡਾਪਟ ਕਰਨਾ ਚਾਹੀਦਾ ਹੈ, ਲੇਕਿਨ ਉਨ੍ਹਾਂ ਵੀਰਾਂ ਦੀ ਸਰਕਾਰ ਦੇ ਵੇਲੇ ਨਾ ਤਾਂ ਇਹ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਨੂੰ ਓਨ ਕਰ ਸਕੇ, ਨਾ ਹੀ ਇਹ ਮਹਾਰਾਸ਼ਟਰਾ ਪੈਟਰਨ ਨੂੰ ਲਾਗੂ ਕਰ ਸਕੇ। ਉਸ ਦਾ ਨਤੀਜਾ ਇਹ ਹੋਇਆ ਹੈ ਕਿ ਪੰਚਾਇਤੀ ਰਾਜ ਜੋ ਕਿ ਇਕ ਚੰਗਾ ਸਿਸਟਮ ਸੀ, ਜਿਸ ਵਿਚ ਪਿੰਡਾਂ ਦੇ ਲੋਕਾਂ ਦੀ ਨੁਮਾਇੰਦਗੀ ਸੀ, ਉਸ ਸਿਸਟਮ ਨੂੰ ਇਕ ਅੱਧ-ਮੋਇਆ ਸਿਸਟਮ ਬਣਾ ਕੇ ਸਾਡੀ ਝੋਲੀ ਵਿਚ ਪਾਇਆ ਗਿਆ। ਜਿਸ ਤਰ੍ਹਾਂ ਦਾ ਮੁਰਦਾ ਸਿਸਟਮ ਇਨ੍ਹਾਂ ਨੇ ਸਾਡੇ ਹਵਾਲੇ ਕੀਤਾ, ਉਹ ਮੈਂ ਬਿਆਨ ਨਹੀਂ ਕਰ ਸਕਦਾ। ਇਨ੍ਹਾਂ ਨੇ ਸੁਪਰਸੈਸ਼ਨਾਂ ਕੀਤੀਆਂ, ਆਰਡੀਨੈਂਸ ਕੀਤੇ, ਇਨ੍ਹਾਂ ਦੇ ਆਰਡੀਨੈਂਸ ਨੂੰ ਗਵਰਨਰ ਨੇ ਐਕਸਟੈਂਸ਼ਨ ਦਿੱਤੀ। ਮੈਨੂੰ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਔਰ ਵਿਕਾਸ ਮੰਤਰੀ, ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਨੇ ਇਹ ਫੈਸਲਾ ਕੀਤਾ ਹੈ ਕਿ ਜਿਸ ਤਰ੍ਹਾਂ ਪਿਛਲਾ ਸਿਸਟਮ ਸੀ ਉਹ ਸਿਸਟਮ ਹੀ ਮੁੜ ਕੇ ਕਾਇਮ ਕੀਤਾ ਜਾਵੇ। ਜਿਸ ਨੂੰ ਮੇਰੇ ਇਨ੍ਹਾਂ ਵੀਰਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਅੱਧਮੋਇਆ ਕੀਤਾ ਹੋਇਆ ਸੀ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਸ ਨੂੰ ਸੁਰਜੀਤ ਕੀਤਾ ਜਾਵੇ। ਇਹ ਪਹਿਲਾਂ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਜਿਸ ਤਰ੍ਹਾਂ ਤਿੰਨ ਪੱਖੀ ਸਿਸਟਮ ਸੀ ਉਸੇ ਤਰ੍ਹਾਂ ਹੀ ਲਾਗੂ ਕਰਨਾ ਹੈ।

ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਸਰਪੰਚਾਂ ਦੀਆਂ ਚੋਣਾਂ ਅਸਿੱਧੀਆਂ ਕਰਵਾਈਆਂ ਸੀ। ਲੋਕਾਂ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਪਿੰਡ ਦੇ ਸਰਪੰਚ ਦੀ ਚੋਣ ਕਰ ਸਕਣ। ਇਹ ਅਧਿਕਾਰ ਕੇਵਲ ਪੰਜ, ਸੱਤ ਬੰਦਿਆਂ ਤਕ ਹੀ ਸੀਮਤ ਕਰ ਦਿੱਤਾ ਗਿਆ।

(ਇਸ ਸਮੇਂ ਮਾਨਯੋਗ ਮੈਂਬਰਤ, ਸਰਦਾਰ ਗੁਰਦੇਵ ਸਿੰਘ ਬਾਦਲ, ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ਼੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਤੁਸੀਂ ਬੈਠੋ। ਇਨ੍ਹਾਂ ਦੀ ਸਪੀਚ ਖ਼ਤਮ ਹੋਣ ਤੋਂ ਬਾਅਦ ਤੁਸੀਂ ਪੁਆਇੰਟ ਆਫ ਆਰਡਰ ਕਰ ਲੈਣਾ।

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਤਾਂ ਸੁਣ ਲਓ (ਵਿਘਨ)। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੂੰ ਜੇ ਸਰਪੰਚ ਦੀ ਚੋਣ ਗਲਤ ਲਗਦੀ ਹੈ ਤਾਂ ਜਿਹੜੀ ਇਥੇ ਚੀਫ ਮਨਿਸਟਰ ਦੀ ਚੋਣ ਹੁੰਦੀ ਹੈ ਉਹ ਵੀ ਲੋਕਾਂ ਦੀਆਂ ਵੋਟਾਂ ਲੈ ਕੇ ਕਰਵਾਇਆ ਕਰਨ। ਇਹ ਇਥੇ ਇਸ ਤਰ੍ਹਾਂ ਕਿਉਂ ਹੁੰਦੀ ਹੈ ? (ਤਾੜੀਆਂ)।

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਸਰਪੰਚ ਦੀ ਚੋਣ ਇਨਡਾਇਰੈਕਟ ਸ਼ੁਰੂ ਕੀਤੀ। ਇਨ੍ਹਾਂ ਨੇ

Original with;
Punjab Vidhan Sabha
Digitized by:
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਇਹ ਕੀਤਾ ਕਿ ਸਰਪੰਚ ਦੀ ਚੋਣ ਲੋਕ ਨਹੀਂ ਕਰਨਗੇ ਬਲਕਿ ਜਿਹੜੇ ਪੰਚ ਹੋਣਗੇ ਉਹ ਕਰਨਗੇ। ਇਹ ਪ੍ਰਣਾਲੀ ਇਨ੍ਹਾਂ ਨੇ ਸ਼ੁਰੂ ਕੀਤੀ ਸੀ। ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹਵਾਂਗਾ ਕਿ ਫਰਜ਼ ਕਰੋ ਇਕ ਪਿੰਡ ਦੀ ਅਬਾਦੀ 500 ਦੀ ਹੈ ਅੱਰ ਜੇ ਸਰਪੰਚ ਦੀ ਸਿੱਧੀ ਚੋਣ ਹੋਵੇਗੀ ਤਾਂ 500 ਬੰਦੇ ਉਸ ਨੂੰ ਚੁਣਨਗੇ, 2 ਦਿਨ ਪਹਿਲੇ ਉਸ ਦੀ ਨਾਮੀਨੇਸ਼ਨ ਹੋਵੇਗੀ ਫਿਰ ਇਲੈਕਸ਼ਨ ਹੋਵੇਗੀ ਜਿਸ ਵਿਚ ਪਿੰਡ ਦੇ ਹਰ ਇਕ ਆਦਮੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਪੂਰਾ ਸੋਚ ਕੇ ਜਿਸ ਨੂੰ ਚਾਹੁੰਣ ਸਰਪੰਚ ਚੁਣ ਲੈਣ। ਪਰ ਇਨ੍ਹਾਂ ਨੇ ਇਸ ਸਿਸਟਮ ਨੂੰ ਜਿਸ ਵਿਚ 500 ਆਦਮੀ ਇਨਵਾਲਵ ਹੋਣੇ ਸੀ ਤੋੜ ਕੇ ਸਿਰਫ ਪੰਚ ਹੀ ਸ਼ਾਮਲ ਕਰ ਲਏ। ਇਸ ਪ੍ਰਣਾਲੀ ਮੁਤਾਬਿਕ ਲੋਕ ਹਿੱਸਾ ਨਹੀਂ ਪਾਉਣਗੇ ਬਲਕਿ ਪੰਚ ਹੀ ਜਿਹੜੇ 20—30 ਵੋਟਾਂ ਨਾਲ ਜਿੱਤ ਕੇ ਆਏ ਹੋਣਗੇ ਉਹ ਚੁਣਨਗੇ ਅੱਰ ਉਹ ਉਸ ਨੂੰ ਚੁਣਨਗੇ ਜਿਹੜਾ 20–30 ਵੋਟਾਂ ਨਾਲ ਜਿੱਤ ਕੇ ਆਇਆ ਹੋਵੇਗਾ। ਇਨ੍ਹਾਂ ਨੇ ਇਸ ਪ੍ਰਣਾਲੀ ਨੂੰ ਲਾਗੂ ਕੀਤਾ। ਪਿੰਡ ਦੀ ਸਾਰੀ ਆਬਾਦੀ ਕੋਲੋਂ ਇਹ ਅਧਿਕਾਰ ਖੋਹ ਕੇ ਸਿਰਫ ਕੁਝ ਬੰਦਿਆਂ ਨੂੰ ਦੇ ਦਿੱਤੇ। ਹੁਣ ਇਹ ਦੱਸਣ ਕਿ ਇਨ੍ਹਾਂ ਨੇ ਤਾਕਤਾਂ ਦਾ ਕੇਂਦਰੀ–ਕਰਨ ਕੀਤਾ ਜਾਂ ਵਿਕੇਂਦਰੀਕਰਨ ਕੀਤਾ ? (ਵਿਘਨ) ਠੀਕ ਹੈ, ਜਦੋਂ ਅਸੈਂਬਲੀ ਦੀਆਂ ਚੋਣਾਂ ਦੀ ਗੱਲ ਆਵੇਗੀ ਤਾਂ ਉਸ ਵੇਲੇ ਤੁਸੀਂ ਇਹ ਵੀ ਬੋਲ ਲੈਣਾ ਪਰ ਹਾਲੇ ਤਾਂ ਪੰਚਾਇਤਾਂ ਦੀ ਗਲ ਆ ਰਹੀ ਹੈ। ਇਹ ਤਾਂ ਉਹ ਗੱਲ ਹੈ :—

'ਸਵਾਲ ਚਨਾ ਅੱਰ ਜਵਾਬ ਗੰਦਮ'

ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਤਾਕਤਾਂ ਨੂੰ ਕੇਂਦਰੀਕਰਨ ਕਰਨ ਦੀ ਕੋਸ਼ਿਸ਼ ਕੀਤੀ। ਹੁਣ ਮੈਂ ਮੰਤਰੀ ਸਾਹਿਬ ਨੂੰ ਆਪਣੀ ਰਾਏ ਦਿੰਦਾ ਹਾਂ ਕਿ ਜੋ ਇਹ ਆਰਡੀਨੈਂਸ ਦੀ ਐਕਸਟੈਨਸ਼ਨ ਦੇ ਮੁਤੱਲਕ ਬਿਲ ਪੇਸ਼ ਕੀਤਾ ਗਿਆ ਹੈ ਇਹ ਬਿਲਕੁਲ ਵਾਜਿਬ ਹੈ ਅੱਰ ਇਸ ਦੇ ਨਾਲ ਮੈਂ ਇਕ ਦੋ ਬੇਨਤੀਆਂ ਮੰਤਰੀ ਸਾਹਿਬ ਨੂੰ ਹੋਰ ਕਰਨਾ ਚਾਹਵਾਂਗਾ। ਮੈਂ ਸਮਝਦਾ ਹਾਂ ਕਿ ਪੰਚਾਇਤਾਂ ਨੂੰ ਇਸ ਤੋਂ ਵਧੇਰੇ ਤਾਕਤ ਦੇਣ ਦੀ ਜ਼ਰੂਰਤ ਹੈ ਅੱਰ ਜੋ ਸਰ ਫਲੈਚਰ ਵੇਲੇ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਤਾਕਤਾਂ ਸਨ, ਉਹ ਇਨ੍ਹਾਂ ਨੂੰ ਮਿਲਣੀਆਂ ਚਾਹੀਦੀਆਂ ਹਨ। ਜੋ ਸਤਿਕਾਰ ਸਰ ਫਲੈਚਰ ਵੇਲੇ ਇਨ੍ਹਾਂ ਦਾ ਹੁੰਦਾ ਸੀ ਉਹੀ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਮੈਂ ਇਨ੍ਹਾਂ ਦੀ ਇਸ ਵੇਲੇ ਮਜਬੂਰੀ ਸਮਝਦਾ ਹਾਂ ਕਿ ਜੇ ਇਸ ਆਰਡੀਨੈਂਸ ਨੂੰ ਬਿਲ ਬਣਾ ਕੇ ਐਕਸਟੈਨਸ਼ਨ ਨਾ ਦਿੱਤੀ ਗਈ ਤਾਂ ਇਹ ਆਰਡੀਨੈਂਸ ਜਲਦੀ ਖ਼ਤਮ ਹੋ ਜਾਵੇਗਾ। ਇਸ ਲਈ ਇਹ ਤਾਂ ਠੀਕ ਹੈ ਕਿ ਹੁਣ ਇਹ ਬਿਲ ਪਾਸ ਕਰਵਾ ਲੈਣ ਪਰ ਬਾਅਦ ਵਿਚ ਫੌਰੀ ਤੌਰ ਤੇ ਇਸ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਹ ਠੀਕ ਹੈ ਕਿ 4–5 ਮਹੀਨੇ ਦਾ ਸਮਾਂ ਤਾਂ ਜ਼ਰੂਰ ਚਾਹੀਦਾ ਹੈ ਕਿਉਂਕਿ ਨਵੀਂ ਰੂਪ-ਰੇਖਾ ਜੋ ਬਣਾਉਣੀ ਹੈ ਉਸ ਦੇ ਮੁਤਾਬਿਕ ਛਾਣਬੀਣ ਕਰਕੇ ਹੀ ਚੋਣਾ ਕਰਵਾਈਆਂ ਜਾ ਸਕਦੀਆਂ ਹਨ। ਆਖਿਰ ਵਿਚ ਮੈਂ ਇਹ ਕਹਿੰਦਾ ਹਾਂ ਕਿ ਇਹ ਬਿਲ ਬਹੁਤ ਅੱਛਾ ਹੈ ਅੱਰ ਮੈਂ ਵਿਕਾਸ ਮੰਤਰੀ, ਸਰਦਾਰ ਸੰਤੋਖ ਸਿੰਘ ਰੰਧਾਵਾ ਜੀ, ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਟੁੱਟੇ ਹੋਏ ਥਿਰੀ ਟਾਇਰ ਸਿਸਟਮ ਨੂੰ ਮੁੜ ਕੇ ਸੁਰਜੀਤ ਕਰਨ ਦਾ ਯਤਨ ਕੀਤਾ ਹੈ, ਪਿੰਡ ਦੇ ਲੋਕਾਂ ਤੋਂ ਖੋਹੀਆਂ ਹੋਈਆਂ ਤਾਕਤਾਂ ਨੂੰ ਮੁੜ ਦੇਣ ਦਾ ਯਤਨ ਕੀਤਾ ਹੈ ਅੱਰ ਗੁਰੂ ਨਾਨਕ ਦੇਵ ਜੀ ਦੇ ਦੱਸੇ ਅਸੂਲਾਂ ਨੂੰ ਅਪਣਾਇਆ ਹੈ। ਉਨ੍ਹਾਂ ਨੇ ਕਿਹਾ ਸੀ .. —

'ਪੰਚ ਪਰਵਾਣ ਪੰਚ ਪਰਧਾਨੁ।
ਪੰਚੇ ਪਾਵਹਿ ਦਰਗਹ ਮਾਨੁ॥'

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT ORDINANCE, 1980 (PUNJAB ORDINANCE NO. 3 OF 1980)
AND
THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1980

ਇਸ ਦੇ ਨਾਲ ਹੀ ਮੈਂ ਉਨ੍ਹਾਂ ਨੂੰ, ਜਿਨ੍ਹਾਂ ਨੇ ਇਸ ਦੀ ਮੁਖਾਲਫ਼ਤ ਕਰਨੀ ਹੈ, ਕਹਾਂਗਾ ਕਿ ਉਨ੍ਹਾਂ ਨੂੰ ਇਸ ਦੀ ਮੁਖਾਲਫ਼ਤ ਕਰਨਾ ਸ਼ੋਭਾ ਨਹੀਂ ਦਿੰਦਾ। ਇਸ ਲਈ ਮੈਂ ਸਰਦਾਰ ਆਤਮਾ ਸਿੰਘ ਨੂੰ ਤੁਹਾਡੇ ਰਾਹੀਂ ਇਕ ਗੱਲ ਕਹਿ ਕੇ ਖ਼ਤਮ ਕਰਾਂਗਾ ਕਿ ——

'ਦਰਦੋਂ ਕਾ ਮੇਰਾ ਯਕੀਂ, ਆਪ ਕਰੇਂ ਨਾ ਕਰੇਂ।
ਅਰਜ਼ ਇਤਨੀ ਹੈ ਕਿ ਇਸ ਰਾਜ਼ ਕਾ ਚਰਚਾ ਨਾ ਕਰੇਂ।'

(ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਮਾਨਯੋਗ ਮੈਂਬਰ, ਕਾਮਰੇਡ ਸਰਵਣ ਸਿੰਘ ਚੀਮਾ, ਨੂੰ ਕਾਲ ਅਪੈਨ ਕੀਤਾ।)

ਸਰਦਾਰ ਹਰਚੰਦ ਸਿੰਘ ਬਰਾੜ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਹਰਚੰਦ ਸਿੰਘ ਬਰਾੜ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਹਰਚੰਦ ਸਿੰਘ ਬਰਾੜ : ** ** **

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ। ਚੀਮਾ ਸਾਹਿਬ ਨੂੰ ਬੋਲ ਲੈਣ ਦਿਓ। ਇਹ ਤੁਹਾਡਾ ਰਿਕਾਰਡ ਨਹੀਂ ਹੋਣਾ।

(ਇਸ ਵਕਤ ਵੀ ਸਰਦਾਰ ਹਰਚੰਦ ਸਿੰਘ ਬਰਾੜ ਬੋਲੀ ਜਾ ਰਹੇ ਸਨ **)

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਇਨ੍ਹਾਂ ਨੂੰ ਲਗਾਮ ਪਾਓ। (ਵਿਘਨ)

Mr. Deputy Speaker ; Sardar Harchand Jee, please be seated.

ਤੁਹਾਡੀ ਕੋਈ ਗਲ ਰਿਕਾਰਡ ਨਹੀਂ ਹੋਣੀ। (ਵਿਘਨ) ਚੀਮਾ ਸਾਹਿਬ, ਤੁਸੀਂ ਸ਼ੁਰੂ ਕਰੋ, ਇਹ ਆਪਣੇ ਆਪ ਬੰਦ ਹੋ ਜਾਣਗੇ। (ਵਿਘਨ)

(ਇਸ ਵਕਤ ਵੀ ਸਰਦਾਰ ਹਰਚੰਦ ਸਿੰਘ ਬੋਲੀ ਜਾ ਰਹੇ ਸਨ ** **)

ਸ਼੍ਰੀ ਡਿਪਟੀ ਸਪੀਕਰ। ਇਹ ਰਿਕਾਰਡ ਨਾ ਕੀਤਾ ਜਾਵੇ। ਤੁਸੀਂ ਬੈਠ ਜਾਓ। ਚੀਮਾ ਸਾਹਿਬ, ਤੁਸੀਂ ਸ਼ੁਰੂ ਕਰੋ।

**Expunged/not recorded as ordered by the Chair.

Original with;
Punjab Vidhan Sabha
Digitized by
Panjab Digital Library

(ਇਸ ਵਕਤ ਬਹੁਤ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ। (ਵਿਘਨ) (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਦਨ ਦੀ ਰਵਾਇਤ ਨੂੰ ਕਾਇਮ ਰੱਖਣ ਅਤੇ ਇਸ ਸਦਨ ਨੂੰ ਪੰਚਾਇਤ ਘਰ ਨਾ ਬਣਾਉਣ। ਸਾਰੇ ਮਾਨਯੋਗ ਮੈਂਬਰ ਕਿਰਪਾ ਕਰਕੇ ਬੈਠ ਜਾਣ ਅਤੇ ਚੀਮਾ ਸਾਹਿਬ ਨੂੰ ਸੁਣਨ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ) : ਡਿਪਟੀ ਸਪੀਕਰ ਸਾਹਿਬ, ਜਿਹੜਾ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਸਬੰਧੀ ਮਤਾ ਇਥੇ ਲਿਆਂਦਾ ਗਿਆ ਹੈ, ਉਸ ਬਾਰੇ ਮੈਂ ਬੋਲਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਪੰਚਾਇਤ ਸੰਮਿਤੀਆਂ ਤੋੜਨੀਆਂ ਨਹੀਂ ਚਾਹੀਦੀਆਂ ਅੱਤ ਜਿਤਨੇ ਵੀ ਜ਼ਿਆਦਾ ਮੈਂਬਰ ਹੋਣਗੇ ਉਤਨਾ ਹੀ ਪੰਚਾਇਤ ਸੰਮਿਤੀਆਂ ਵਿਚ ਜਮਹੂਰੀਅਤ ਹੋਵੇਗੀ, ਉਹ ਚੰਗੀ ਤਰ੍ਹਾਂ ਕੰਮ ਕਰ ਸਕਣਗੀਆਂ। ਪੰਚਾਇਤ ਸੰਮਿਤੀਆਂ ਨੂੰ ਵੱਧ ਤਾਕਤਾਂ ਦੇਣੀਆਂ ਚਾਹੀਦੀਆਂ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਈਆਂ ਪਿੰਡਾਂ ਦਾ ਰਕਬਾ ਬਹੁਤ ਵੱਡਾ ਹੁੰਦਾ ਹੈ। ਕੋਈ ਡੇਢ ਮੀਲ ਜਾਂ ਦੋ ਮੀਲ ਦਾ ਰਕਬਾ ਹੁੰਦਾ ਹੈ। ਉਨ੍ਹਾਂ ਸਾਰਿਆਂ ਨੂੰ ਇਕੱਠਾ ਕਰਕੇ ਇੱਕ ਪੰਚਾਇਤ ਬਣਾ ਦੇਣੀ ਚਾਹੀਦੀ ਹੈ। ਹਦਬੰਦੀ, ਡਿਪਟੀ ਸਪੀਕਰ ਸਾਹਿਬ, ਘਟਾਉਣੀ ਚਾਹੀਦੀ ਹੈ। ਜਿਹੜੇ ਪੰਚਾਂ ਤੋਂ ਸਰਪੰਚ ਚੁਣੇ ਜਾਂਦੇ ਹਨ, ਉਹ ਜਮਹੂਰੀਅਤ ਦੇ ਤਰੀਕੇ ਨਾਲ ਚੁਣੇ ਜਾਂਦੇ ਹਨ। ਪਿਛਲੀਆਂ ਪੰਚਾਇਤ ਸੰਮਿਤੀਆਂ ਦੀਆਂ ਚੋਣਾਂ ਜੋ ਹੋਈਆਂ ਹਨ, ਉਨ੍ਹਾਂ ਵਿਚ ਪੰਚਾਂ ਨੇ ਸਰਪੰਚ ਬਣਾਏ ਹਨ। ਅਕਾਲੀ-ਜਨਤਾ ਸਰਕਾਰ ਵੇਲੇ ਚੁਣੀਆਂ ਗਈਆਂ ਪੰਚਾਇਤ ਸੰਮਿਤੀਆਂ ਵਿਚ ਜਮਹੂਰੀਅਤ ਦਾ ਤਰੀਕਾ ਅਪਣਾਇਆ ਗਿਆ ਸੀ ਜਿਸ ਨਾਲ ਕਿ ਗਰੀਬ ਜ਼ਿਆਦਾ ਸਰਪੰਚ ਬਣੇ, ਔਰਤਾਂ ਵੱਧ ਸਰਪੰਚ ਬਣੀਆਂ। ਡਿਪਟੀ ਸਪੀਕਰ ਸਾਹਿਬ, ਤੁਸੀਂ ਬੇਸ਼ਕ ਕਾਂਗਰਸ ਰਾਜ ਦੇ ਵੇਲੇ ਦਾ ਅਤੇ ਅਕਾਲੀ-ਜਨਤਾ ਸਰਕਾਰ ਦੇ ਰਾਜ ਦੇ ਵੇਲੇ ਦਾ ਰਿਕਾਰਡ ਕਢਾ ਕੇ ਵੇਖ ਲਓ ਤਾਂ ਤੁਹਾਨੂੰ ਪਤਾ ਲਗੇਗਾ ਕਿ ਅਕਾਲੀ-ਜਨਤਾ ਸਰਕਾਰ ਦੇ ਵੇਲੇ ਗਰੀਬ ਸਰਪੰਚ ਤੇ ਔਰਤਾਂ ਸਰਪੰਚ ਕਾਂਗਰਸ ਰਾਜ ਦੇ ਵੇਲੇ ਨਾਲੋਂ ਜ਼ਿਆਦਾ ਆਈਆਂ ਹਨ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਕ ਪਾਸੇ 30 ਵੋਟਾਂ ਲੈ ਕੇ ਸਰਪੰਚ ਬਣਾਏ ਗਏ ਲੇਕਿਨ ਦੂਜੇ ਪਾਸੇ 250 ਵੋਟਾਂ ਲੈ ਕੇ ਵੀ ਸਰਪੰਚ ਨਹੀਂ ਬਣ ਸਕਿਆ। (ਵਿਘਨ)

ਬੀਰ ਦਵਿੰਦਰ ਸਿੰਘ ਜੀ, ਤੁਸੀਂ 12,000 ਤੋਂ ਵੱਧ ਵੋਟਾਂ ਨਾਲ ਜਿੱਤ ਕੇ ਆਏ ਹੋ। ਤੁਹਾਡੇ ਚੀਫ਼ ਮਨਿਸਟਰ, ਸਰਦਾਰ ਦਰਬਾਰਾ ਸਿੰਘ ਜੀ, 723 ਵੋਟਾਂ ਨਾਲ ਜਿੱਤ ਕੇ ਆਏ ਹਨ। ਇਸੇ ਵਿਚ ਇਹ ਮੁੱਖ ਮੰਤਰੀ ਬਣ ਗਿਆ। (ਵਿਘਨ) (ਸ਼ੋਰ) ਇਸ ਲਈ ਜਿਹੜੀ ਗੱਲ ਕਹੀ ਜਾਵੇ, ਸਰਦਾਰ ਬੀਰਦਵਿੰਦਰ ਸਿੰਘ ਜੀ, ਉਸ ਵਿਚ ਵਜ਼ਨ ਹੋਣਾ ਚਾਹੀਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਚਾਇਤ ਸੰਮਿਤੀਆਂ ਦੇ ਇਲੈਕਸ਼ਨ ਕਦੋਂ ਹੋਣਗੇ ? ਇਸ ਬਾਰੇ ਕੋਈ ਡੇਟ ਫਿਕਸ ਕੀਤੀ ਜਾਣੀ ਚਾਹੀਦੀ ਹੈ, ਜਿਹੜੀ ਵੀ ਡੇਟ ਫਿਕਸ ਕੀਤੀ ਜਾਵੇ, ਉਸ ਡੇਟ ਦੇ ਅੰਦਰ ਅੰਦਰ ਸਾਰੀਆਂ ਪੰਚਾਇਤ ਸੰਮਿਤੀਆਂ ਦੀਆਂ ਚੋਣਾਂ ਮੁਕੰਮਲ ਹੋ ਜਾਣ। ਸਾਰੀਆਂ ਪਾਵਰਾਂ ਚੁਣੀਆਂ ਹੋਈਆਂ ਪੰਚਾਇਤ ਸੰਮਿਤੀਆਂ ਦੇ ਹੱਥਾਂ ਵਿਚ ਹੋਣੀਆਂ ਚਾਹੀਦੀਆਂ ਹਨ ਤਾਕਿ ਪੰਚਾਇਤ ਸੰਮਿਤੀਆਂ ਦਾ ਠੀਕ ਕੰਮ ਚਲ ਸਕੇ।

ਪੰਚਾਇਤ ਸੰਮਿਤੀਆਂ ਦੇ ਨਾਲ ਨਾਲ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਵੀ ਜਲਦੀ ਤੋਂ ਜਲਦੀ ਕਰਵਾ ਦਿੱਤੀਆਂ ਜਾਣ। ਜ਼ਿਲ੍ਹਾ ਪਰੀਸ਼ਦਾਂ ਦੀ ਚੋਣਾਂ ਕਰਵਾਉਣ ਲਈ ਦੋ ਤਿੰਨ ਜਾਂ ਚਾਰ ਮਹੀਨੇ

Original with;
Punjab Vidhan Sabha
Digitized by;
Panjab Digital Library

ਦਾ ਸਮਾਂ ਬਹੁਤ ਹੁੰਦਾ ਹੈ। ਮਨਿਸਟਰ ਸਾਹਿਬ ਜਵਾਬ ਦਿੰਦੇ ਹਨ ਕਿ ਜਲਦੀ ਤੋਂ ਜਲਦੀ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ। ਮੈਂ ਕਹਿੰਦਾ ਹਾਂ ਕਿ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਵੱਖੀ ਤੌਰ ਤੇ ਛੇਟ ਫਿਕਸ ਕਰਕੇ ਕਰਵਾ ਦਿੱਤੀਆਂ ਜਾਣ ਤਾਂਕਿ ਇਲੈਕਸ਼ਨਾਂ ਤੋਂ ਬਾਅਦ ਜ਼ਿਲ੍ਹਾ ਪਰੀਸ਼ਦਾਂ ਦਾ ਕੰਮ ਠੀਕ ਤਰੀਕੇ ਦੇ ਨਾਲ ਚਲ ਸਕੇ । ਮੈਂ ਮੁੱਖ ਮੰਤਰੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਨਾ ਹੋਵੇ ਕਿ ਜਲੰਧਰ ਜ਼ਿਲ੍ਹੇ ਵਿਚ ਪੰਜ ਸਾਲਾਂ ਲਈ ਜ਼ਿਲ੍ਹਾ ਪਰੀਸ਼ਦ ਦੇ ਮੈਂਬਰ ਚੁਣੇ ਗਏ ਪਰ ਚੇਅਰਮੈਨ ਦੀ ਚੋਣ ਨਹੀਂ ਹੋਈ। ਜਿਤਨੀ, ਡਿਪਟੀ ਸਪੀਕਰ ਸਾਹਿਬ, ਜ਼ਿਲ੍ਹਾ ਪਰੀਸ਼ਦ ਦੀ ਉਮਰ ਸੀ ਉਹ ਸਾਰੀ ਦੀ ਸਾਰੀ ਲੰਘ ਗਈ, ਮੈਂਬਰ ਤਾਂ ਰਹੇ ਲੇਕਿਨ ਜ਼ਿਲ੍ਹਾ ਪਰੀਸ਼ਦ ਦਾ ਕੋਈ ਚੇਅਰਮੈਨ ਨਹੀਂ ਚੁਣਿਆ ਗਿਆ ਅਤੇ ਇਕ ਵੀ ਮੀਟਿੰਗ ਜ਼ਿਲ੍ਹਾ ਪਰੀਸ਼ਦ ਦੀ ਨਹੀਂ ਹੋਈ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀਆਂ ਇਲੈਕਸ਼ਨਾਂ ਨਾ ਹੋਣ ਕਿ ਬਾਅਦ ਵਿਚ ਚੇਅਰਮੈਨ ਹੀ ਨਾ ਚੁਣਿਆ ਜਾਵੇ ਅਤੇ ਕੋਈ ਮੀਟਿੰਗ ਹੀ ਨਾ ਹੋਵੇ। ਮੈਂ, ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਜ਼ਿਲ੍ਹਾ ਪਰੀਸ਼ਦਾਂ ਨੂੰ ਵੱਧ ਤੋਂ ਵੱਧ ਅਧਿਕਾਰ ਦੇਣੇ ਚਾਹੀਦੇ ਹਨ। ਪੰਚਾਇਤ ਸੰਮਿਤੀਆਂ ਨੂੰ ਵੀ ਵੱਧ ਤੋਂ ਵੱਧ ਅਧਿਕਾਰ ਦੇਣੇ ਚਾਹੀਦੇ ਹਨ। ਜੇਕਰ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਵੱਧ ਅਧਿਕਾਰ ਹੋਣਗੇ ਤਾਂ ਪਿੰਡਾਂ ਦੀ ਤਰੱਕੀ ਦੇ ਕੰਮ ਹੋ ਸਕਣਗੇ। ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੇਰੀ ਮੰਗ ਹੈ ਕਿ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਦੀ ਤਾਰੀਖ ਮੁਕੱਰਰ ਹੋਣੀ ਚਾਹੀਦੀ ਹੈ। ਇੰਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਬੀਰਦਵਿੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਕਾਮਰੇਡ ਸਰਵਣ ਸਿੰਘ ਚੀਮਾ ਨੇ ਆਪਣੀ ਤਕਰੀਰ ਵਿਚ ਜ਼ਿਕਰ ਕੀਤਾ ਸੀ ਕਿ ਮੈਂ 12,000 ਵੋਟਾਂ ਤੇ ਜਿੱਤ ਕੇ ਆਇਆ ਹਾਂ ਪਰ ਸਰਦਾਰ ਦਰਬਾਰਾ ਸਿੰਘ ਜੀ 723 ਵੋਟਾਂ ਦੇ ਨਾਲ ਜਿੱਤ ਕੇ ਆਏ ਹਨ। (ਵਿਘਨ) ਇਹ ਸਾਡੀ ਜੱਥੇਬੰਦੀ ਦਾ ਆਪਣਾ ਮਾਮਲਾ ਹੈ। ਅਸੀਂ ਜਿਤਨੇ ਵੀ ਅੱਜ ਇਥੇ ਬੈਠੇ ਹਾਂ ਅਤੇ ਸਾਨੂੰ ਜਿਤਨੀਆਂ ਵੀ ਵੋਟਾਂ ਪਈਆਂ ਹਨ, ਉਹ ਸਾਰੀਆਂ ਦੀਆਂ ਸਾਰੀਆਂ ਸਰਦਾਰ ਦਰਬਾਰਾ ਸਿੰਘ ਜੀ ਕਰਕੇ ਹੀ ਪਈਆਂ ਹਨ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਜੇਕਰ ਮਾਰਕਸਿਸਟਾਂ ਦਾ ਰਾਜ ਆ ਗਿਆ ਤਾਂ ਫਿਰ ਕੋਈ ਅਸੈਂਬਲੀ ਨਹੀਂ ਲਗਣੀ ਅਤੇ ਨਾ ਮੁੜ ਚੋਣਾਂ ਹੋਣੀਆਂ ਹਨ। ਇਸ ਲਈ ਤੁਹਾਡਾ ਰਾਜ ਨਹੀਂ ਆਉਣਾ । (ਵਿਘਨ)

ਸਰਦਾਰ ਆਤਮਾ ਸਿੰਘ (ਸੁਲਤਾਨਪੁਰ) : ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਬੜੀਆਂ ਗਲਾਂ ਕੀਤੀਆਂ ਹਨ। ਇਹ ਸਾਡੇ ਵਿਚੋਂ ਹੀ ਗਏ ਹਨ । ਇਹ ਦਲ ਬਦਲੂ ਹਨ। (ਵਿਘਨ) (ਸ਼ੋਰ) ** ** ** ਉਸੇ ਤਰ੍ਹਾਂ ਇਨ੍ਹਾਂ ਨੇ ਬਹੁਤ ਵੱਡੀਆਂ ਵੱਡੀਆਂ ਗਲਾਂ ਕਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਥੇ ਪੰਚਾਇਤਾਂ ਦੀਆਂ ਚੋਣਾਂ ਦਾ ਜ਼ਿਕਰ ਆਇਆ। ਇਹ ਕਹਿੰਦੇ ਹਨ ਕਿ ਸਾਰਾ ਪਿੰਡ ਸਰਪੰਚ ਦੀ ਚੋਣ ਕਰੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਅੰਗਰੇਜ਼ਾਂ ਵਾਲੀ ਪਾਲਿਸੀ ਹੈ ਕਿ ਡੀਵਾਈਡ ਐਂਡ ਰੂਲ। ਕਾਂਗਰਸ ਦੀ ਅੰਗਰੇਜ਼ਾਂ ਵਾਲੀ ਪਾਲਿਸੀ ਹੈ ਕਿ ਪਾੜੋ ਤੇ ਰਾਜ ਕਰੋ । ਇਨ੍ਹਾਂ ਕਾਂਗਰਸੀਆਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਆਤਮਾ ਸਿੰਘ]

ਦੀ ਪਾਲਿਸੀ ਨਾਲ, ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਧੜੇਬੰਦੀ ਪੈਦਾ ਹੁੰਦੀ ਹੈ ਅਤੇ ਪਿੰਡਾਂ ਵਿਚ ਏਕਤਾ ਨਹੀਂ ਆਉਂਦੀ।

ਬਾਦਲ ਸਾਹਿਬ ਦੀ ਸਰਕਾਰ ਦਾ ਨਿਸ਼ਾਨਾ ਸੀ ਕਿ ਉਸ ਨੇ ਪਿੰਡਾਂ ਵਿਚ ਏਕਤਾ ਲਿਆਉਣੀ ਹੈ ਅੌਰ ਧੜੇਬੰਦੀ, ਪਾਰਟੀਬਾਜ਼ੀ ਖ਼ਤਮ ਕਰਨੀ ਹੈ। ਇਨ੍ਹਾਂ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਦੀ ਨੀਤੀ ਹੈ ਕਿ ਪਾੜੋ ਤੇ ਰਾਜ ਕਰੋ। ਸਾਡਾ ਨਿਸ਼ਾਨਾ ਸੀ ਕਿ ਪਿੰਡਾਂ ਵਿਚ ਦੋਣਾਂ ਕਰਕੇ ਪੰਚਾਂ ਰਾਹੀਂ ਸਰਪੰਚ ਚੁਣਿਆ ਜਾਵੇ। (ਥੰਪਿੰਗ) ਦਸ ਹਜ਼ਾਰ ਤੋਂ ਵੱਧ ਪੰਚਾਇਤਾਂ ਪੰਜਾਬ ਦੀਆਂ ਸਨ। ਅਸੀਂ ਐਲਾਨ ਕੀਤਾ ਸੀ ਕਿ ਜਿਹੜੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਹੋਏਗੀ ਉਸ ਨੂੰ ਅਸੀਂ 5,000 ਰੁਪਿਆ ਬਤੌਰ ਇਨਾਮ ਦਿਆਂਗੇ। ਮੈਨੂੰ ਖੁਸ਼ੀ ਹੈ ਕਿ 5,000 ਤੋਂ ਵੱਧ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਅੌਰ ਸਾਡੇ ਵੇਲੇ ਪਿੰਡਾਂ ਦੀ ਡਿਵੈਲਪਮੈਂਟ ਲਈ ਖਾਸ ਤੌਰ ਤੇ ਪਿੰਡਾਂ ਦੇ ਪਛੜੇ ਹੋਏ ਵਰਗ ਲਈ, ਸਾਡੀ ਇਸਤਰੀ ਜਾਤੀ ਲਈ ਕੰਮ ਕੀਤਾ ਗਿਆ। ਮਹਿਲਾ ਮੰਡਲ ਬਣਾਏ ਗਏ। (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਜਿਹੜੀਆਂ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਜਾਣ, ਇਨ੍ਹਾਂ ਨੇ ਕਿਹਾ ਹੈ ਕਿ, ਉਨ੍ਹਾਂ ਨੂੰ 5,000 ਰੁਪਿਆ ਬਤੌਰ ਇਨਾਮ ਦਿੱਤਾ ਜਾਏਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਇੱਕ ਪੰਚਾਇਤ ਦਾ ਨਾਂ ਲੈ ਦੇਣ ਜਿਹੜੀ ਕਿ ਸਰਬਸੰਮਤੀ ਨਾਲ ਚੁਣੀ ਗਈ ਹੋਵੇ ਅੌਰ ਇਨ੍ਹਾਂ ਨੇ ਉਸ ਨੂੰ 5,000 ਰੁਪਿਆ ਬਤੌਰ ਇਨਾਮ ਦਿੱਤਾ ਹੋਵੇ। (ਵਿਘਨ) ਇਨ੍ਹਾਂ ਨੇ ਜਿਹੜੀ ** ** ਵਾਲੀ ਗੱਲ ਕੀਤੀ ਹੈ, ਇਹ ਜ਼ਿਆਦਾ ਤਰ ਮੇਰੇ ਮਜ਼ਹਬ ਤੇ ਹਮਲਾ ਹੈ, ਜਿਹੜਾ ਕਿ ਇਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ ਸੀ। ਇਹ ਸ਼ਬਦ ਇਨ੍ਹਾਂ ਨੂੰ ਵਾਪਿਸ ਲੈਣੇ ਚਾਹੀਦੇ ਹਨ। (ਵਿਘਨ)

ਮੁੱਖ ਮੰਤਰੀ : ਮੈਂ ਸਮਝਦਾ ਹਾਂ ਕਿ ਸਰਦਾਰ ਆਤਮਾ ਸਿੰਘ ਜੀ ਬੜੇ ਪੁਰਾਣੇ ਸਿਆਸਤਦਾਨ ਹਨ। ਮੈਂ ਇਨ੍ਹਾਂ ਨੂੰ ਸਵਾਲ ਕਰਦਾ ਹਾਂ ਕਿ ਇਹ ਜਿਹੜੀ ਇਨ੍ਹਾਂ ਨੇ ਦੀਨ ਬਦਲਣ ਦੀ ਗੱਲ ਆਖੀ ਹੈ, ਇਨ੍ਹਾਂ ਨਾਲੋਂ ਚੰਗੇ ਸਿੱਖ ਇਧਰ ਬੈਠੇ ਹਨ।

ਸਰਦਾਰ ਬੀਰਦਵਿੰਦਰ ਸਿੰਘ : ਤੁਸੀਂ ਬਾਣੀ ਦਾ ਮੁਕਾਬਲਾ ਕਰ ਲਓ, ਅਸੀਂ ਤੁਹਾਡੇ ਨਾਲੋਂ ਜ਼ਿਆਦਾ ਬਾਣੀ ਪੜ੍ਹਾਂਗੇ। ਮੇਰੇ ਤੇ ਸਿੱਧਾ ਹਮਲਾ ਕੀਤਾ ਗਿਆ ਹੈ। ਇਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ ਜਾਂ ਉਹ ਲਫਜ਼ ਵਿਦਡਰਾ ਕਰਨੇ ਚਾਹੀਦੇ ਹਨ। (ਵਿਘਨ)

ਮੁੱਖ ਮੰਤਰੀ: ਅਗਰ ਇਹ ਕਹਿੰਦੇ ਹਨ ਕਿ ਮੈਂ ਨਹੀਂ ਕਿਹਾ ਫਿਰ ਕਾਰਵਾਈ ਦੇਖ ਲੈਣੀ ਚਾਹੀਦੀ ਹੈ।

ਸਰਦਾਰ ਆਤਮਾ ਸਿੰਘ : ਮੈਂ ਇਨ੍ਹਾਂ ਨੂੰ ਨਹੀਂ ਕਿਹਾ। ਇਹ ** ਦੀ ਕਹਾਵਤ ਹੈ ਅੌਰ ਮੈਂ ਕਹਾਵਤ ਕਹੀ ਹੈ (ਵਿਘਨ)।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਇਹ ** ਵਾਸਤੇ ਕਹਿ ਰਹੇ ਹਨ। ਇਨ੍ਹਾਂ ਨੂੰ ਇਹ ਲਫਜ਼ ਵਾਪਿਸ ਲੈਣੇ ਚਾਹੀਦੇ ਹਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਦਵਿੰਦਰ ਸਿੰਘ : ਜਿਥੇ ਇਨ੍ਹਾਂ ਨੇ ਮੇਰੇ ਤੇ ਹਮਲਾ ਕੀਤਾ ਹੈ, ਉਥੇ ਇਨ੍ਹਾਂ ਨੇ ** ਤੇ ਵੀ ਹਮਲਾ ਕੀਤਾ ਹੈ।

ਮੁੱਖ ਮੰਤਰੀ : ਇਸ ਆਨਰੇਬਲ ਹਾਊਸ ਵਿਚ ਬੇਗਮ ਸਾਹਿਬਾ ਵੀ ਮੈਂਬਰ ਹਨ, ਉਹ ** ਹਨ। ਇਸ ਲਈ ਕੋਈ ਵੀ ਲਫਜ਼ ਜੋ ਇਸ ਸਬੰਧੀ ਕਿਹਾ ਗਿਆ ਹੋਵੇ, ਉਹ ਵਾਪਸ ਲੈਣਾ ਚਾਹੀਦਾ ਹੈ। (ਵਿਘਨ) (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਸਰਦਾਰ ਆਤਮਾ ਸਿੰਘ ਜੀ, ਜੇ ਤੁਸੀਂ ਕਿਹਾ ਹੈ ਤਾਂ ਤੁਹਾਨੂੰ ਵਾਪਸ ਲੈਣਾ ਚਾਹੀਦਾ ਹੈ।

ਜੱਥੇ ਚਾਰ ਜੀਵਨ ਸਿੰਘ ਉਮਰਾਨੰਗਲ : ਡਿਪਟੀ ਸਪੀਕਰ ਸਾਹਿਬ, ਇਹ ਕਹਾਵਤ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਨ੍ਹਾਂ ਨੂੰ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ।

ਵਿਕਾਸ ਮੰਤਰੀ : ਸਰਦਾਰ ਆਤਮਾ ਸਿੰਘ ਨੂੰ ਆਪਣੇ ਲਫਜ਼ ਵਾਪਸ ਲੈਣੇ ਚਾਹੀਦੇ ਹਨ ਕਿਉਂਕਿ ਹਿੰਦੁਸਤਾਨ ਦਾ ਵਿਧਾਨ ਸੈਕੂਲੇਰਿਜ਼ਮ ਵਿਚ ਵਿਸ਼ਵਾਸ ਰੱਖਦਾ ਹੈ। ਅਸੀਂ ਸਾਰੇ ਧਰਮਾਂ ਦੀ ਇੱਜ਼ਤ ਕਰਨੀ ਹੈ। ਇਸ ਲਈ ** ਨੂੰ ਕੋਈ ਮਾੜੀ ਗਲ ਨਹੀਂ ਕਰਨੀ ਚਾਹੀਦੀ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜੇ ਐਸੇ ਲਫਜ਼ ਕਹੇ ਹਨ ਤਾਂ ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਸਰਦਾਰ ਆਤਮਾ ਸਿੰਘ ਜੀ, ਅਗਰ ਤੁਸੀਂ ਇਹ ਲਫਜ਼ ਕਹੇ ਹਨ ਤਾਂ ਵਿਦਡਰਾ ਕਰ ਲਓ।

ਸਰਦਾਰ ਆਤਮਾ ਸਿੰਘ : ਮੈਂ ਕੋਈ ਸ਼ਬਦ ਬੀਰਦਵਿੰਦਰ ਸਿੰਘ ਦੇ ਖਿਲਾਫ ਨਹੀਂ ਕਿਹਾ। ਮੈਂ ਕਿਹਾ ਹੈ ਕਿ ਇਹ ਦਲ ਬਦਲੂ ਹਨ। ਮੈਂ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹਾਂ। ਲੋਕਾਂ ਵਿਚ ਇਹ ਕਹਾਵਤ ਹੈ, ਜੋ ਕਿ ਮੈਂ ਕਹੀ ਹੈ।

ਵਿਕਾਸ ਮੰਤਰੀ : ਦਲ ਬਦਲੂ ਉਸ ਨੂੰ ਕਿਹਾ ਜਾਂਦਾ ਹੈ ਜੋ ਇੱਕ ਪਾਰਟੀ ਤੋਂ ਚੁਣ ਕੇ ਆਵੇ ਅਤੇ ਫਿਰ ਦੂਜੀ ਪਾਰਟੀ ਵਿਚ ਚਲਾ ਜਾਵੇ, ਪਰ ਇਹ ਤਾਂ ਸਾਡੀ ਪਾਰਟੀ ਦੇ ਟਿਕਟ ਤੇ ਇਲੈਕਸ਼ਨ ਲੜੇ ਹਨ ਔਰ ਸ਼ਾਨ ਨਾਲ ਜਿੱਤ ਕੇ ਆਏ ਹਨ।

ਮੁੱਖ ਮੰਤਰੀ : ਤੁਹਾਡੇ ਬੋਲਣ ਤੋਂ ਪਹਿਲਾਂ, ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹਾਂਗਾ। ਇਨ੍ਹਾਂ ਦੇ ਪਾਸੇ (ਅਕਾਲੀ ਪਾਰਟੀ ਵਲ ਇਸ਼ਾਰਾ) ਕਈ ਮੈਂਬਰ ਸਾਹਿਬਾਨ ਐਸੇ ਬੈਠੇ ਹਨ ਜਿਹੜੇ ਪਹਿਲਾਂ ਕਾਂਗਰਸ ਪਾਰਟੀ ਵਿਚ ਮੈਂਬਰ ਰਹੇ ਹਨ। ਅਸੀਂ ਉਨ੍ਹਾਂ ਨੂੰ ਕਦੇ ਦਲ ਬਦਲੂ ਨਹੀਂ ਕਿਹਾ। ਜਿਹੜਾ ਇਕ ਪਾਰਟੀ ਦੇ ਟਿਕਟ ਤੇ ਜਿੱਤ ਕੇ ਦੂਜੀ ਪਾਰਟੀ ਵਿਚ ਚਲਾ ਗਿਆ ਹੋਵੇ, ਅਸੀਂ

**Expunged as ordered by the Chair.

Original with;
Punjab Vidhan Sabha
Digitized by:
Panjab Digital Library

[ਮੁੱਖ ਮੰਤਰੀ]

ਉਸ ਨੂੰ ਵੀ ਕਦੇ ਨਹੀਂ ਕਿਹਾ ਕਿ ਉਹ ਦਲ ਬਦਲੂ ਹੈ। ਪਰ ਇਹ ਮੈਂਬਰ ਸਾਹਿਬ ਤਾਂ ਕਾਂਗਰਸ ਪਾਰਟੀ ਦੇ ਟਿਕਟ ਤੇ ਕਾਮਯਾਬ ਹੋਏ ਹਨ। ਇਨ੍ਹਾਂ ਨੂੰ ਅਸੀਂ ਕੁਝ ਨਹੀਂ ਕਹਿੰਦੇ। ਇਨ੍ਹਾਂ ਦਾ ਇਹ ਕਹਿਣਾ ਕਿ ਇਹ ** ਹੋਏ ਹਨ। I object to this, either he should withdraw or you should expunge these words.

ਸਰਦਾਰ ਆਤਮਾ ਸਿੰਘ : ਮੈਂ ਇਹ ਨਹੀਂ ਕਿਹਾ।

ਸ਼੍ਰੀ ਸਪੀਕਰ : ਸਰਦਾਰ ਆਤਮਾ ਸਿੰਘ ਨੇ ਜਿਹੜੇ ਸ਼ਬਦ ਕਹੇ ਸਨ, ਉਹ ਐਕਸਪੰਜ ਕੀਤੇ ਜਾਂਦੇ ਹਨ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਸਨ)

Mr. Deputy Speaker : Please don't *interrupt*, There are so many other bills.

ਸਰਦਾਰ ਆਤਮਾ ਸਿੰਘ ਜੀ, ਤੁਸੀਂ ਵਾਈਂਡ ਅੱਪ ਕਰੋ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਆਰਡੀਨੈਂਸ ਨੂੰ ਹੀ ਬਿੱਲ ਬਣਾਉਣਾ ਹੈ, ਹੋਰ ਕੋਈ ਗੱਲ ਨਹੀਂ ਹੈ। (ਵਿਘਨ)

ਸਰਦਾਰ ਆਤਮਾ ਸਿੰਘ : ਡਿਪਟੀ ਸਪੀਕਰ ਸਾਹਿਬ, ਅਸੀਂ ਗਰੀਬ ਲੋਕਾਂ , ਅਨਾਥ ਬੀਬੀਆਂ, ਵਿਧਵਾਵਾਂ ਦੀ ਮੱਦਦ ਕਰਨਾ ਚਾਹੁੰਦੇ ਸੀ। (ਵਿਘਨ) (ਸ਼ੋਰ) ਇਨ੍ਹਾਂ ਦੀ ਸਰਕਾਰ ਨੇ ਸਾਡੀ ਉਹ ਨੀਤੀ ਬਦਲ ਦਿੱਤੀ ਹੈ, ਇਸ ਤਰ੍ਹਾਂ ਇਹ ਉਨ੍ਹਾਂ ਗਰੀਬ ਲੋਕਾਂ, ਅਨਾਥ ਬੀਬੀਆਂ, ਵਿਧਵਾਵਾਂ ਨਾਲ ਬੇਇਨਸਾਫੀ ਹੈ। (ਵਿਘਨ) ਫਿਰ ਸੰਮਿਤੀਆਂ ਤੋੜਨ ਦਾ ਜ਼ਿਕਰ ਆਇਆ ਹੈ।

ਸਰਦਾਰ ਅਵਤਾਰ ਸਿੰਘ ਗਟਵਾਲੀ : ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਆਤਮਾ ਸਿੰਘ ਪੁਆਇੰਟ ਆਫ ਆਰਡਰ ਤੇ ਬੋਲ ਰਹੇ ਹਨ ਜਾਂ ਐਜ਼ ਏ ਮਨਿਸਟਰ ਜਵਾਬ ਦੇ ਰਹੇ ਰਹੇ ਹਨ ? (ਵਿਘਨ)

ਸਰਦਾਰ ਆਤਮਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਅਸੀਂ ਸੰਮਿਤੀਆਂ ਤੋੜੀਆਂ। ਫਿਰ ਇਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਕਰਕੇ ਅਸੀਂ ਆਤਮਘਾਤ ਕੀਤਾ। ਡਿਪਟੀ ਸਪੀਕਰ ਸਾਹਿਬ, ਸੰਮਿਤੀਆਂ ਜਿਹੜੀਆਂ ਤੋੜੀਆਂ ਗਈਆਂ ਉਹ ਇਸ ਕਰਕੇ ਕਿਉਂਕਿ ਉਨ੍ਹਾਂ ਨੂੰ ਟੈਕਸ ਲਾਉਣ ਦਾ ਅਧਿਕਾਰ ਨਹੀਂ ਸੀ, ਉਨ੍ਹਾਂ ਕੋਲ ਬੱਜਟ ਨਹੀਂ ਸੀ। (ਵਿਘਨ) ਸਿਰਫ ਚੇਅਰਮੈਨ ਦੀ ਜੀਪ ਤੇ ਸਾਰਾ ਪੈਸਾ ਪੈਟਰੋਲ ਦੀ ਸ਼ਕਲ ਵਿਚ ਖਰਚ ਹੁੰਦਾ ਸੀ। ਬੀ.ਡੀ.ਓ. ਕੰਮ ਨਹੀਂ ਸੀ ਕਰ ਸਕਦੇ । (ਵਿਘਨ) ਉਨ੍ਹਾਂ ਦੇ ਦਫਤਰ ਸਿਆਸੀ ਅੱਡੇ ਬਣੇ ਹੋਏ ਸਨ। (ਵਿਘਨ) ਇਸ ਵਾਸਤੇ ਅਸੀਂ ਫੈਸਲਾ ਕੀਤਾ ਕਿ ਜ਼ਿਲ੍ਹਾ ਪਰੀਸ਼ਦ ਨੂੰ ਵੱਧ ਤੋਂ ਵੱਧ ਅਧਿਕਾਰ ਦਿੱਤੇ ਜਾਣ ਤਾਕਿ ਡਿਵੈਲਪਮੈਂਟ ਦਾ ਕੰਮ ਹੋ ਸਕੇ। (ਵਿਘਨ) ਭਾਰਤ ਸਰਕਾਰ ਨੇ ਸਾਨੂੰ ਡਾਇਰੈਕਟਿਵ

**Expunged as ordered by the Chair

Original with;
Punjab Vidhan Sabha
Digitized by;
Panjab Digital Library

ਭੇਜਿਆ ਕਿ ਇਨ੍ਹਾਂ ਦੇ ਕੰਮ ਵਿਚ ਕੋਈ ਬਦਲੀ ਨਾ ਕੀਤੀ ਜਾਵੇ ਕਿਉਂਕਿ ਭਾਰਤ ਸਰਕਾਰ ਚਾਹੁੰਦੀ ਸੀ ਕਿ ਸਾਰੇ ਹਿੰਦੁਸਤਾਨ ਵਿਚ ਥਿਰੀ ਟਾਇਰ ਸਿਸਟਮ ਜਾਂ ਟੂ ਟਾਇਰ ਸਿਸਟਮ ਲਾਗੂ ਹੋਣਾ ਚਾਹੀਦਾ ਹੈ। (ਵਿਘਨ) ਅਸੀਂ ਆਪਣੀ ਪਰਪੋਜ਼ਲ ਭੇਜੀ ਕਿ ਸਰਪੰਚ ਆਮ ਲੋਕਾਂ ਦੀਆਂ ਵੋਟਾਂ ਨਾਲ ਬਣਨਾ ਚਾਹੀਦਾ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਜਿਹੜੇ ਮੈਂਬਰ ਹੋਣਗੇ ਉਹ 3 ਜਨਰਲ ਹੋਣਗੇ ਅਤੇ ਇਕ ਰੀਜ਼ਰਵ ਹੋਵੇਗਾ ਹਰ ਬਲਾਕ ਲਈ ਨਾਲ ਹੀ ਉਥੇ ਦਾ ਐਮ. ਐਲ. ਏ ਵਿਚ ਸ਼ਾਮਿਲ ਹੋਵੇਗਾ, ਇਸ ਤਰ੍ਹਾਂ ਥੱਲੇ ਪੰਚਾਇਤ ਹੋਵੇਗੀ ਅਤੇ ਉਤੇ ਜ਼ਿਲ੍ਹਾ ਪਰੀਸ਼ਦ ਹੋਵੇਗੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਗੁਜਰਾਤ ਵੀ ਗਿਆ ਹਾਂ ਅਤੇ ਮਹਾਂਰਾਸ਼ਟਰ ਵੀ ਗਿਆ ਹਾਂ। ਮੈਂ ਉਥੇ ਜਾ ਕੇ ਉਨ੍ਹਾਂ ਦਾ ਕੰਮ ਵੇਖਿਆ ਹੈ। ਉਥੇ ਫਰਜ਼ ਕਰੋ ਕਿ ਜ਼ਿਲ੍ਹਾ ਪਰੀਸ਼ਦ ਦੇ ਚੇਅਰਮੈਨ ਨੂੰ 40 ਕਰੋੜ ਰੁਪਿਆ ਦਿੱਤਾ ਜਾਂਦਾ ਹੈ, ਤਾਂ ਉਹ ਉਸ ਨੇ ਜ਼ਿਲ੍ਹੇ ਵਿਚ ਉਥੇ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਜਿਵੇਂ ਕਿ ਸੜਕਾਂ ਬਣਾਉਣੀਆਂ, ਸਕੂਲਾਂ ਤੇ ਖਰਚ ਕਰਨਾ ਅਤੇ ਹੋਰ ਡਿਵੈਲਪਮੈਂਟ ਦੇ ਕੰਮਾਂ ਤੇ ਖਰਚ ਕਰਨਾ ਹੁੰਦਾ ਹੈ ਨਾ ਕਿ ਉਹ ਪੈਸਾ ਸੈਕਟਰੀਏਟ ਜਾਂ ਡਾਇਰੈਕਟੋਰੇਟ ਵਿਚ ਰਹਿਣਾ ਹੈ। ਉਹ ਪਿੰਡਾਂ ਵਿਚ ਖਰਚ ਹੋਣਾ ਹੈ। ਪਰ ਇਸ ਦੇ ਉਲਟ ਸਾਡੇ ਇਥੇ ਕੀ ਹੁੰਦਾ ਹੈ ਕਿ ਥੱਲਿਉਂ ਪਰਪੋਜ਼ਲ ਬਣਕੇ ਆਉਂਦੀ ਹੈ ਅਤੇ ਉਹ ਚੰਡੀਗੜ੍ਹ ਦੇ ਦਫ਼ਤਰ ਵਿਚ ਗੇੜੇ ਖਾਂਦੀ ਰਹਿੰਦੀ ਹੈ। ਸਾਲ ਦੇ ਆਖਿਰ ਵਿਚ ਰਕਮ ਕਢਾਈ ਜਾਂਦੀ ਹੈ ਅਤੇ ਇਸ ਤਰ੍ਹਾਂ ਪੈਸਾ ਲੈਪਸ ਹੋ ਜਾਂਦਾ ਹੈ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਸਾਡਾ ਇਹ ਨਿਸ਼ਾਨਾ ਸੀ ਕਿ ਜ਼ਿਲ੍ਹਾ ਪਰੀਸ਼ਦ ਨੂੰ ਵੱਧ ਅਧਿਕਾਰ ਦਿੱਤੇ ਜਾਣ। (ਵਿਘਨ) ਇਨ੍ਹਾਂ ਨੇ ਇਸ ਵਿਚ 6 ਮਹੀਨਿਆਂ ਦੀ ਮਿਆਦ ਹੋਰ ਵਧਾਉਣ ਦੀ ਮੰਗ ਕੀਤੀ ਹੈ। ਮੈਂ ਕਹਾਂਗਾ ਕਿ ਇਨ੍ਹਾਂ ਨੂੰ ਚਾਹੀਦਾ ਹੈ ਕਿ ਗੁਜਰਾਤ ਅਤੇ ਮਹਾਂਰਾਸ਼ਟਰ ਦੇ ਪੈਟਰਨ ਤੇ ਇਹ ਬਿੱਲ ਬਣਾਕੇ ਲਿਆਉਣ, ਉਸ ਨੂੰ ਪਾਸ ਕਰਾਉਣ ਤਾਂ ਅਸੀਂ ਉਸ ਦਾ ਸਮਰਥਨ ਕਰਾਂਗੇ। ਜ਼ਿਲ੍ਹਾ ਪਰੀਸ਼ਦ ਨੂੰ ਵੱਧ ਅਧਿਕਾਰ ਦਿੱਤੇ ਜਾਣ ਤਾਂ ਅਸੀਂ ਉਸ ਦਾ ਸਮਰਥਨ ਕਰਾਂਗੇ।

ਵਿਕਾਸ ਮੰਤਰੀ (ਸਰਦਾਰ ਸੰਤੋਖ ਸਿੰਘ ਰੰਧਾਵਾ) : ਡਿਪਟੀ ਸਪੀਕਰ ਸਾਹਿਬ, ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀ ਸੁਪਰਸੈਸ਼ਨ ਦਾ ਜਿਹੜਾ ਆਰਡੀਨੈਂਸ ਸੀ ਉਸ ਨੂੰ ਬਿਲ ਦੀ ਸ਼ਕਲ ਵਿਚ ਲਿਆਂਦਾ ਗਿਆ ਹੈ ਤਾਂਕਿ ਉਸ ਨੂੰ ਐਕਟ ਦੀ ਸ਼ਕਲ ਦਿੱਤੀ ਜਾ ਸਕੇ ਨਹੀਂ ਤਾਂ ਉਹ 7 ਅਗਸਤ ਨੂੰ ਲੈਪਸ ਹੋ ਜਾਣਾ ਸੀ। ਕੁਝ ਸੱਜਣਾਂ ਨੇ ਇਸ ਦੇ ਉਤੇ ਆਪਣੇ ਆਪਣੇ ਵਿਚਾਰ ਪਰਗਟ ਕੀਤੇ ਹਨ। ਬਲਦੇਵ ਸਿੰਘ ਨੇ ਬਿਲਕੁਲ ਠੀਕ ਕਿਹਾ ਹੈ ਕਿ ਪਿਛੇ ਡਿਵੈਲਪਮੈਂਟ ਨਹੀਂ ਹੋਈ। (ਵਿਘਨ) ਦਰਅਸਲ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਗਸਤ, 1978 ਵਿਚ ਪੰਚਾਇਤਾਂ ਦੇ ਇਲੈਕਸ਼ਨ ਹੋਏ ਸਨ ਅਤੇ ਪੰਚਾਇਤ ਸੰਮਿਤੀਆਂ ਦੇ ਇਲੈਕਸ਼ਨ 1975 ਵਿਚ ਹੋਏ ਸਨ। ਉਨ੍ਹਾਂ ਦੀ ਮਿਆਦ 5 ਸਾਲ ਸੀ। ਇਨ੍ਹਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਟੂ ਟਾਇਰ ਸਿਸਟਮ ਦੀ ਜਾਂ ਥਿਰੀ ਟਾਇਰੀ ਸਿਸਟਮ ਦਾ ਜੋ ਫੈਸਲਾ ਕਰਨਾ ਸੀ ਉਹ ਕਰਦੇ ਰਹਿੰਦੇ ਪਰ ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਸਨ ਉਨ੍ਹਾਂ ਨੂੰ ਆਪਣੀ ਮਿਆਦ ਦੇ ਮੁਤਾਬਿਕ ਕੰਮ ਕਰਦਾ ਰਹਿਣ ਦਿੰਦੇ। ਲੇਕਿਨ ਬੜੇ ਅਫ਼ਸੋਸ ਦੀ ਗੱਲ ਹੈ ਕਿ ਪੰਚਾਇਤਾਂ ਦੀ ਇਲੈਕਸ਼ਨ ਦੇ ਫੌਰਨ 3 ਮਹੀਨਿਆਂ ਬਾਅਦ ਹੀ, ਇਨ੍ਹਾਂ ਨੇ 12 ਅਕਤੂਬਰ, 1978 ਨੂੰ ਬਗੈਰ ਕੁਝ ਸੋਚੇ ਸਮਝੇ ਸਰਦਾਰ ਆਤਮਾ ਸਿੰਘ ਨੇ ਆਪਣੀ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਕਲਮ ਨਾਲ ਉਨ੍ਹਾਂ ਨੂੰ ਤੋੜ ਦਿਤਾ। ਚਾਹੀਦਾ ਤਾਂ ਇਹ ਸੀ ਕਿ ਜਿਹੜੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਸਨ ਉਨ੍ਹਾਂ ਨੂੰ ਆਪਣੀ ਮਿਆਦ ਦੇ ਮੁਤਾਬਿਕ ਕੰਮ ਕਰਦੇ ਰਹਿਣ ਦਿੰਦੇ ਪਰ ਇਨ੍ਹਾਂ ਨੇ ਇਸ ਤਰ੍ਹਾਂ ਨਹੀਂ ਕੀਤਾ। ਇਹ ਜਿਹੜਾ ਹੁਣ ਕਹਿੰਦੇ ਹਨ ਕਿ ਪਾਵਰ ਦੀ ਡੀਸੈਂਟਰੇਲਾਈਜ਼ੇਸ਼ਨ ਹੋਣੀ ਚਾਹੀਦੀ ਹੈ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਦੋਂ ਤੁਹਾਨੂੰ ਇਸ ਗੱਲ ਦਾ ਨਹੀਂ ਸੀ ਪਤਾ ਜਦੋਂ ਸੰਮਿਤੀਆਂ ਤੋੜ ਦਿੱਤੀਆਂ ਸਨ ? (ਵਿਘਨ) ਬਲਵੰਤ ਰਾਏ ਕਮੇਟੀ ਜਿਹੜੀ ਬਣੀ ਸੀ ਉਸ ਨੇ ਕਿਹਾ ਸੀ ਕਿ ਥਿਰੀ ਟਾਇਰ ਸਿਸਟਮ ਬਣਾਇਆ ਜਾਵੇ। 2 ਅਕਤੂਬਰ, 1962 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਥੇ ਉਸ ਥਿਰੀ ਟਾਇਰ ਸਿਸਟਮ ਦਾ ਉਦਘਾਟਨ ਕੀਤਾ ਸੀ। ਮੈਂ ਸਮਝਦਾ ਹਾਂ ਕਿ ਇਹ ਬਹੁਤ ਅੱਛੀ ਗੱਲ ਸੀ। ਇਨ੍ਹਾਂ ਨੂੰ ਚਾਹੀਦਾ ਸੀ ਕਿ ਜਾਂ ਤਾਂ ਇਹ ਉਸ ਐਕਟ ਵਿਚ ਅਮੈਂਡਮੈਂਟ ਕਰਕੇ ਟੂ ਟਾਇਰ ਸਿਸਟਮ ਕਰ ਲੈਂਦੇ ਨਾ ਕਿ ਉਨ੍ਹਾਂ ਨੂੰ ਤੋੜ ਹੀ ਲੈਂਦੇ। ਇਨ੍ਹਾਂ ਨੇ 12 ਅਕਤੂਬਰ, 1978 ਨੂੰ ਉਨ੍ਹਾਂ ਨੂੰ ਤੋੜ ਦਿੱਤਾ। ਜਿਹੜਾ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਤੁਸੀਂ ਮੇਰਾ ਸਾਥ ਦਿਓ ਮੈਂ ਤੁਹਾਨੂੰ ਆਜ਼ਾਦੀ ਲੈ ਕੇ ਦਿਆਂਗਾ ਅਤੇ ਤੁਹਾਨੂੰ ਪਿੰਡਾਂ ਵਿਚ ਪੰਚਾਇਤੀ ਰਾਜ ਮਿਲੇਗਾ, ਉਸ ਚੀਜ਼ ਦੇ ਬਿਲਕੁਲ ਉਲਟ ਜਾ ਕੇ ਉਸ ਉਸਾਰੇ ਹੋਏ ਮਹੱਲ ਨੂੰ ਇਨ੍ਹਾਂ ਨੇ ਢਾਹ ਦਿੱਤਾ। ਉਸ ਪੰਚਾਇਤੀ ਰਾਜ ਦਾ ਸੁਪਨਾ ਜੋ ਲੋਕਾਂ ਨੇ ਲਿਆ ਹੋਇਆ ਸੀ ਉਹ ਟੁੱਟ ਗਿਆ ਅੱਰ ਜੋ ਪਿੰਡਾਂ ਵਿਚੋਂ, ਪੇਂਡੂ ਲੋਕਾਂ ਵਿਚੋਂ, ਪੰਚਾਇਤ ਸੰਮਤੀਆਂ ਵਿੱਚ ਲੀਡਰਸ਼ਿਪ ਪੈਦਾ ਹੁੰਦੀ ਸੀ ਉਹ ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਖ਼ਤਮ ਕਰ ਦਿੱਤੀ। ਮੈਂ ਇਹ ਅਰਜ਼ ਕਰਾਂਗਾ ਕਿ ਇਹ ਤਾਂ ਉਹ ਆਰਡੀਨੈਂਸ ਹੈ, ਮੈਂ ਇਥੇ ਹੁਣ ਕੀ ਕਰਾਂ ਕਿ ਇਨ੍ਹਾਂ ਦੇ ਖਿਲਾਰੇ ਹੋਏ ਕੰਡੇ ਅਸੀਂ ਹੁਣ ਚੁਗਣ ਵਾਸਤੇ ਇਥੇ ਇਹ ਲਿਆਏ ਹਾਂ। ਮੇਰੀ ਅਰਜ਼ ਹੈ ਕਿ ਤੁਸੀਂ ਇਥੇ ਕਿਹਾ ਹੈ ਕਿ ਇਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਉ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਆਲ ਇੰਡੀਆ ਪੰਚਾਇਤ ਪ੍ਰੀਸ਼ਦ ਦਾ ਇਜਲਾਸ ਕੁਰੂਕੁਸ਼ੇਤਰ ਵਿਚ ਹੋਇਆ ਸੀ ਅੱਰ ਉਥੇ ਇਹ ਫੈਸਲਾ ਹੋਇਆ ਸੀ ਕਿ ਥਿਰੀ ਟਾਇਰ ਸਿਸਟਮ ਸਾਰੇ ਹਿੰਦੁਸਤਾਨ ਵਿਚ ਲਾਗੂ ਹੋਵੇ। ਉਸ ਦੀ ਬਿਨਾਂ ਤੇ ਅਸੀਂ ਇਹ ਫੈਸਲਾ ਕੀਤਾ ਹੈ ਕਿ ਹੋਰ ਟਾਈਮ ਲਾਉਣ ਦੀ ਬਜਾਏ, ਜਿਵੇਂ ਇਥੇ ਲੂੰਬਾ ਸਾਹਿਬ, ਜੋ ਸਾਡੇ ਨੌਜਵਾਨ ਮੈਂਬਰ ਹਨ, ਉਨ੍ਹਾਂ ਨੇ ਦੱਸਿਆ ਕਿ ਫੌਰੀ ਤੌਰ ਤੇ ਇਲੈਕਸ਼ਨ ਕਰਵਾਏ ਜਾਣੇ ਚਾਹੀਦੇ ਹਨ, ਉਨ੍ਹਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਅਤੇ ਹਾਊਸ ਨੂੰ ਇਹ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਜਦੋਂ ਇਧਰੋਂ ਅਸੈਂਬਲੀ ਉਠ ਜਾਂਦੀ ਹੈ ਤਾਂ ਉਦੋਂ ਹੀ ਮੇਰੇ ਮਹਿਕਮੇ ਦੇ ਬੰਦੇ ਉਸ ਪਾਸੇ ਕੰਮ ਵਾਸਤੇ ਬੈਠ ਜਾਣਗੇ ਤਾਕਿ ਫੌਰੀ ਤੌਰ ਤੇ ਇਲੈਕਸ਼ਨ ਕਰਵਾ ਦਿੱਤੀ ਜਾਵੇ। (ਥੰਪਿੰਗ)

ਸਰਦਾਰ ਆਤਮਾ ਸਿੰਘ : (ਬੈਠੇ ਬੈਠੇ) : ਅਧਿਕਾਰਾਂ ਦੀ ਗਲ ਦੱਸੋ।

ਵਿਕਾਸ ਮੰਤਰੀ : ਉਸ ਦੇ ਬਾਅਦ ਇਨ੍ਹਾਂ ਨੂੰ ਅਧਿਕਾਰ ਦਿੱਤੇ ਜਾਣਗੇ। ਮੈਂ ਲੰਗੜਾ ਪੰਚਾਇਤੀ ਰਾਜ ਨਹੀਂ ਚਾਹੁੰਦਾ । ਸਰਦਾਰ ਦਰਬਾਰਾ ਸਿੰਘ ਜੀ ਨੇ ਉਥੇ ਇਜਲਾਸ ਵਿਚ ਬੋਲਦਿਆਂ ਇਹ ਕਿਹਾ ਸੀ ਕਿ ਅਸੀਂ ਪੰਚਾਇਤੀ ਰਾਜ ਨੂੰ ਸ਼ਕਤੀਸ਼ਾਲੀ ਬਣਾਉਣਾ ਹੈ। ਅਸੀਂ ਪੰਚਾਇਤ ਸੰਮਿਤੀਆਂ ਅੱਰ ਜ਼ਿਲ੍ਹਾ ਪ੍ਰੀਸ਼ਦ ਜੋ ਹਨ, ਉਨ੍ਹਾਂ ਨੂੰ ਫਾਈਨਾਂਸ਼ਲ ਪਾਵਰ ਦਿਆਂਗੇ ਅੱਰ ਥਲੇ ਜਿਹੜੇ ਕੁਝ ਫੰਕਸ਼ਨਰੀਜ਼ ਹਨ ਉਹ ਉਨ੍ਹਾਂ ਦੇ ਅੰਡਰ ਕੰਮ ਕਰਨਗੇ। ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ ਜੋ ਪਿਛੇ ਜਿਹੇ ਕਿਹਾ ਗਿਆ ਹੈ, ਖਿਆਲਾ ਸਾਹਿਬ ਇਥੇ ਬੈਠੇ ਹਨ, ਉਨ੍ਹਾਂ ਨੇ ਕਿਹਾ ਸੀ ਕਿ ਰੰਧਾਵਾ ਸਾਹਿਬ ਪੰਚਾਇਤੀ ਰਾਜ ਦੇ ਕਾਤਲ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ 37 ਅਮੈਂਡਮੈਂਟਸ ਪੰਚਾਇਤੀ ਰਾਜ ਵਿਚ ਲਿਆਂਦੀਆਂ ਸਨ ਅੱਰ ਉਨ੍ਹਾਂ ਅਮੈਂਡਮੈਂਟਸ ਰਾਹੀਂ ਮੈਂ ਇਕੱਲਾ ਹੀ ਨਹੀਂ ਇਕ ਹਾਈ ਪਾਵਰਡ ਕਮੇਟੀ ਅਸੀਂ ਬਣਾਈ ਸੀ ਜਿਸ ਦੇ ਵਿਚ ਸੀ.ਪੀ.ਆਈ. ਗਰੁੱਪ ਦੇ ਮੈਂਬਰ

Original with;
Punjab Vidhan Sabha
Digitized by;
Panjab Digital Library

ਸਨ, ਕਾਮਰੇਡ ਰਾਜ ਕੁਮਾਰ ਜੀ ਵੀ ਉਸ ਵਿਚ ਮੈਂਬਰ ਸਨ, ਇਨ੍ਹਾਂ ਵਲੋਂ (ਅਕਾਲੀ ਪਾਰਟੀ ਵਲ ਇਸ਼ਾਰਾ) ਸਰਦਾਰ ਜਸਦੇਵ ਸਿੰਘ ਸੰਧੂ ਅਤੇ ਹੋਰ 2–3 ਸਜਣ ਸਨ, ਉਸ ਕਮੇਟੀ ਨੇ ਡਿਸੀਜ਼ਨ ਲਿਆ ਸੀ ਕਿ ਇਸ ਪੰਚਾਇਤੀ ਰਾਜ ਨੂੰ ਸ਼ਕਤੀਸ਼ਾਲੀ ਬਣਾਇਆ ਜਾਏ, ਇਸ ਨੂੰ ਤਾਕਤ ਦਿੱਤੀ ਜਾਏ ਅੱਰ ਥਿਰੀ ਟਾਇਰ ਸਿਸਟਮ ਜੋ ਹੈ ਉਸ ਨੂੰ ਲਾਗੂ ਕੀਤਾ ਜਾਵੇ । ਇਹ ਤਾਂ ਹੀ ਖੜਾ ਹੋ ਸਕੇਗਾ ਜੇ ਇਸ ਦਾ ਕੋਈ ਵੱਖਰਾ ਡਾਇਰੈਕਟੋਰੇਟ ਹੋਵੇ। ਇਸ ਤੋਂ ਪਹਿਲਾਂ ਇਸ ਦਾ ਕੋਈ ਡਾਇਰੈਕਟੋਰੇਟ ਨਹੀਂ ਸੀ। ਇਹ ਸਾਡੀ ਪਿਛਲੀ ਸਰਕਾਰ ਨੇ ਡਾਇਰੈਕਟੋਰੇਟ ਬਣਾਇਆ ਸੀ ਅੱਰ ਉਸ ਸਰਕਾਰ ਦੇ ਵਿਚ ਮੈਨੂੰ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਸੀ। (ਥੰਪਿੰਗ) ਤੁਸੀਂ ਦੱਸੋ ਕਿ ਕਾਤਲ ਕੌਣ ਹੋਇਆ ? ਅਸੀਂ ਫੈਸਲਾ ਕਰ ਦਿੱਤਾ ਸੀ ਕਿ ਹਰ ਛਿਮਾਹੀ, ਹਾੜੀ ਅਤੇ ਸਾਉਣੀ, ਇਸ ਦੇ ਇਜਲਾਸ ਹੋਣਗੇ। ਜਿਸ ਤਰ੍ਹਾਂ ਇਥੇ ਸਾਡਾ ਅਸੈਂਬਲੀ ਦਾ ਇਜਲਾਸ ਹੁੰਦਾ ਹੈ, ਇਸੇ ਤਰ੍ਹਾਂ ਦਾ ਇਸ ਦਾ ਹਰ ਛਿਮਾਹੀ ਵਿਚ ਇਕ ਇਜਲਾਸ ਕਰਨਾ ਜ਼ਰੂਰੀ ਕਰ ਦਿੱਤਾ ਕਿ ਪਿੰਡ ਵਿਚ ਗਰਾਮ ਸਭਾ ਦਾ ਆਪਣਾ ਇਜਲਾਸ ਹੋਵੇ । (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਨਿਰੰਕਾਰੀ ਭਵਨ ਬਣਾ ਦਿੱਤਾ, ਇਹ ਤਾਂ ਕੰਮ ਠੀਕ ਕਰੋ। (ਵਿਘਨ)

ਵਿਕਾਸ ਮੰਤਰੀ : ਮੈਂ ਪਹਿਲਾਂ ਵੀ ਸਰਦਾਰ ਆਤਮਾ ਸਿੰਘ ਜੀ ਨੂੰ ਅਰਜ਼ ਕੀਤੀ ਸੀ ਅੱਰ ਉਨ੍ਹਾਂ ਨੇ ਮੇਰੀ ਗੱਲ ਮੰਨ ਲਈ ਸੀ। ਪਤਾ ਨਹੀਂ ਇਹ ਮੇਰੀ ਗੱਲ ਮੰਨਣ ਕਿ ਨਾ ਮੰਨਣ। ਇਸ ਦੇ ਬਾਰੇ ਸਾਨੂੰ ਕੋਈ ਗੱਲ ਨਹੀਂ ਕਰਨੀ ਚਾਹੀਦੀ।

Sardar Dalip Singh Pandhi : He should not have such power in the office. (*Interruption*)

ਪ੍ਰਾਈਵੇਟ ਤੌਰ ਤੇ ਉਥੇ ਜੋ ਮਰਜ਼ੀ ਕਰ ਲੈਂਦੇ। ਮੈਂ ਤੁਹਾਡੇ ਨੋਟਿਸ ਵਿਚ ਲਿਆਂਦਾ ਹੈ, ਤੁਸੀਂ ਇਨਕੁਆਇਰੀ ਕਰਵਾ ਲਓ। (ਵਿਘਨ) ਦਫ਼ਤਰ ਵਿਚ ਪ੍ਰਚਾਰ ਨਹੀਂ ਕਰਨਾ ਚਾਹੀਦਾ । He should not have held any meeting.

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਜਿਹੜਾ ਖਿਆਲਾ ਜੀ ਨੇ ਇਹ ਕਿਹਾ ਹੈ ਕਿ ਰੰਧਾਵਾ ਸਾਹਿਬ ਪੰਚਾਇਤੀ ਰਾਜ ਦੇ ਕਾਤਲ ਹਨ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਪੰਚਾਇਤੀ ਰਾਜ ਦਾ ਸਿਸਟਮ ਐਸਾ ਬਣਾਇਆ ਸੀ ਕਿ ਹਰ ਛਿਮਾਹੀ ਵਿਚ ਗਰਾਮ ਸਭਾ ਦਾ ਆਪਣਾ ਇਜਲਾਸ ਹੋਵੇਗਾ ਜਿਸ ਦੇ ਵਿਚ ਫੈਸਲਾ ਹੋਵੇਗਾ ਕਿ ਕਰਨਾ ਕੀ ਕੀ ਹੈ। ਸਰਪੰਚ ਉਥੇ ਦੱਸੇਗਾ ਕਿ ਮੇਰੇ ਕੋਲ ਇਤਨਾ ਪੈਸਾ ਹੈ, ਇਨ੍ਹਾਂ ਨੂੰ ਕਿਸ ਤਰ੍ਹਾਂ ਲਾਇਆ ਜਾਵੇ। ਇਹ ਨਹੀਂ ਹੋਵੇਗਾ ਕਿ ਸਰਪੰਚ 4–5 ਪੰਚਾਂ ਨੂੰ ਪੁੱਛ ਲਵੇਗਾ ਅੱਰ ਆਪਣੀ ਮਰਜ਼ੀ ਨਾਲ ਇਧਰ ਦੀ ਗਲੀ ਬਣਾ ਦਿੱਤੀ ਅਤੇ ਉਧਰ ਦੀ ਗਲੀ ਬਣਾ ਦਿੱਤੀ ਪਰ ਗਰੀਬ ਆਦਮੀ ਦੇਖਦੇ ਰਹਿਣ। ਸਾਰੀ ਗਰਾਮ ਸਭਾ ਦਾ ਇਜਲਾਸ ਹੋਵੇਗਾ ਅਤੇ ਜਿਸ ਦੇ ਵਿਚ ਸੋਚਿਆ ਜਾਵੇਗਾ ਕਿ ਫਲਾਣੀ ਥਾਂ ਦੀ ਗਲੀ ਨਹੀਂ ਬਣੀ ਤਾਂ ਕਿਉਂ ਨਹੀਂ ਬਣੀ, ਅਰਥਵਰਕ ਨਹੀਂ ਹੋਇਆ ਤਾਂ ਕਿਉਂ ਨਹੀਂ ਹੋਇਆ ? ਸਰਪੰਚ ਉਨ੍ਹਾਂ ਨੂੰ ਕਹੇਗਾ ਕਿ ਤੁਹਾਡੀ ਪਾਰਟੀਸੀਪੇਸ਼ਨ ਤੋਂ ਬਗੈਰ ਮੈਂ ਕੋਈ ਕੰਮ ਨਹੀਂ

Original with;
Punjab Vidhan Sabha
Digitized by
Panjab Digital Library

[ਵਿਕਾਸ ਮੰਤਰੀ]

ਕਰ ਸਕਦਾ। ਲੇਕਿਨ ਮੈਨੂੰ ਅਫ਼ਸੋਸ ਹੈ ਕਿ ਪਿਛਲੇ 2-3 ਸਾਲਾਂ ਵਿਚ ਇਕ ਵੀ ਗਰਾਮ ਸਭਾ ਦੀ ਇਜਲਾਸ ਹਾੜੀ, ਸਾਉਣੀ ਦਾ ਨਹੀਂ ਸੀ ਹੋਇਆ।

ਸਰਦਾਰ ਆਤਮਾ ਸਿੰਘ : ਤੁਸੀਂ ਗਲਤ ਗਲ ਕਹਿ ਰਹੇ ਹੋ। ਜਿਸ ਸਰਪੰਚ ਨੇ ਗਬਨ ਕੀਤਾ, ਉਸ ਨੂੰ ਅਸੀਂ ਮੁਅੱਤਲ ਕੀਤਾ ਹੈ।

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਫਿਰ ਇਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਤਾਕਤ ਦਿਓ। ਮੈਂ ਤੁਹਾਨੂੰ ਅਰਜ਼ ਕਰ ਦਿਆਂ ਕਿ ਅਸੀਂ ਤਾਂ ਇਨ੍ਹਾਂ ਨੂੰ ਤਾਕਤ ਹੀ ਦਿੱਤੀ ਸੀ। ਪੰਚਾਇਤ ਸੰਮਤੀਆਂ ਜਿਹੜੀਆਂ ਬਣਾਈਆਂ ਗਈਆਂ ਸਨ ਉਸ ਦੇ ਵਿਚ ਇਹ ਕੀਤਾ ਗਿਆ ਸੀ ਕਿ ਉਸ ਦੀ ਕੁਆਟਰਲੀ ਮੀਟਿੰਗ ਹੋਇਆ ਕਰੇਗੀ ਜਿਸ ਦੇ ਵਿਚ ਪੰਚ ਅਤੇ ਸਰਪੰਚ ਸ਼ਾਮਲ ਹੋਣਗੇ। ਇਸ ਦੇ ਵਿਚ ਤਹਿਸੀਲ ਹੈਡਕੁਆਰਟਰਜ਼ ਦੇ ਅਫ਼ਸਰ ਸ਼ਾਮਲ ਹੋਣਗੇ, ਡੀ.ਐਸ.ਪੀ. ਬੈਠਾ ਹੋਵੇਗਾ, ਤਹਿਸੀਲਦਾਰ ਬੈਠਾ ਹੋਵੇਗਾ, ਐਸ.ਡੀ.ਐਮ. ਬੈਠਾ ਹੋਵੇਗਾ। ਉਸ ਦੇ ਵਿਚ ਏ.ਆਰ. ਬੈਠਾ ਹੋਵੇਗਾ, ਜੋ ਫੈਸਲੇ ਕਰ ਦਿਆ ਕਰਨਗੇ ਲੇਕਿਨ ਮੈਨੂੰ ਅਫ਼ਸੋਸ ਹੈ ਕਿ ਜਿਹੜੀਆਂ ਕੁਆਟਰਲੀ ਮੀਟਿੰਗਜ਼ ਅਸੀਂ ਕਿਹਾ ਸੀ ਕਿ ਹੋਣਗੀਆਂ, ਉਹ ਵੀ ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਬੰਦ ਕਰ ਦਿੱਤੀਆਂ। ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਖਿਆਲਾ ਜੀ ਨੂੰ ਮੈਂ ਅਰਜ਼ ਕਰਾਂਗਾ ਕਿ ਤੁਸੀਂ ਰੰਧਾਵਾ ਸਾਹਿਬ ਨੂੰ ਤਾਂ ਇਸ ਪੰਚਾਇਤੀ ਰਾਜ ਦਾ ਕਾਤਲ ਕਹਿ ਦਿੱਤਾ ਮਗਰ ਜਿਸ ਦਿਨ ਇਨ੍ਹਾਂ ਨੇ (ਸਰਦਾਰ ਆਤਮਾ ਸਿੰਘ ਵਲ ਇਸ਼ਾਰਾ) ਸੁਪਰਸੀਡ ਕੀਤਾ ਸੀ ਉਦੋਂ ਤੁਸੀਂ ਇਨ੍ਹਾਂ ਨੂੰ ਕਹਿਣਾ ਸੀ ਕਿ ਰੰਧਾਵਾ ਸਾਹਿਬ ਤਾਂ ਕੋਈ ਗਲਤੀ ਕਰ ਗਏ ਪਰ ਤੁਸੀਂ ਤਾਂ ਗਲਤੀ ਨਾ ਕਰੋ ਅਤੇ ਇਸ ਦੇ ਕਾਤਲ ਨਾ ਬਣੋ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਤਾਂ ਡਾਇਰੈਕਟੋਰੇਟ ਬਣਾ ਕੇ ਪੰਚਾਇਤੀ ਰਾਜ ਨੂੰ ਤਾਕਤ ਦਿੱਤੀ ਸੀ ਪਰ ਤੁਸੀਂ ਤਾਂ ਉਨ੍ਹਾਂ ਦੀ ਮਿਆਦ ਵੀ ਪੂਰੀ ਨਹੀਂ ਹੋਣ ਦਿੱਤੀ। ਮੈਂ ਕਹਿੰਦਾ ਹਾਂ ਕਿ ਇਸ ਨੂੰ ਸੁਪਰਸੀਡ ਕਰਕੇ ਅਸਲ ਮਾਅਨਿਆਂ ਵਿਚ ਤੁਸੀਂ ਕਤਲ ਕੀਤਾ ਹੈ। (ਵਿਘਨ) ਅੱਜ ਤੁਸੀਂ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹੋ ਕਿ ਇਨ੍ਹਾਂ ਨੂੰ ਤਾਕਤ ਦਿਓ, ਇਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਓ ਜਦੋਂ ਤੁਹਾਨੂੰ ਲੋਕਾਂ ਨੇ ਹੁਣ ਜਵਾਬ ਦੇ ਦਿੱਤਾ ਹੈ। ਇਹ ਕਾਂਗਰਸ ਦੀ ਹੀ ਸਰਕਾਰ ਹੈ ਜਿਸ ਨੂੰ ਲੋਕਾਂ ਨੇ ਆਪਣਾ ਵਰਡਿਕਟ ਦਿੱਤਾ ਹੈ। ਇਹ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਹੈ, ਇਹ ਕਾਂਗਰਸ ਦੀ ਸਰਕਾਰ ਹੈ ਜਿਸ ਨੇ ਕਿਹਾ ਕਿ ਥਿਰੀ ਟਾਇਰ ਸਿਸਟਮ ਹੋਣਾ ਚਾਹੀਦਾ ਹੈ। ਇਕ ਇਕੱਲਾ ਇਥੇ ਪੰਜਾਬ ਵਿਚ ਹੀ ਨਹੀਂ ਬਲਕਿ ਯੂਨਾਨੀਮਸਲੀ ਤੌਰ ਤੇ ਇਹ ਫੈਸਲਾ ਹੋਇਆ ਹੈ ਕਿ ਸਾਰੇ ਹਿੰਦੁਸਤਾਨ ਵਿਚ ਫੌਰੀ ਤੌਰ ਤੇ ਥਿਰੀ ਟਾਇਰ ਸਿਸਟਮ ਲਾਗੂ ਕੀਤਾ ਜਾਵੇ ਅਤੇ ਇਸਦੀਆਂ ਇਲੈਕਸ਼ਨਜ਼ ਕਰਵਾ ਦਿੱਤੀਆਂ ਜਾਣ।

ਡਿਪਟੀ ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਨੇ ਇਕ ਹੋਰ ਗਲ ਕਹੀ ਕਿ ਯੂਨਾਨੀਮਸਲੀ ਜੋ ਪੰਚਾਇਤ ਆਪਣਾ ਸਰਪੰਚ ਚੁਣੇਗੀ ਉਸ ਨੂੰ 5 ਹਜ਼ਾਰ ਰੁਪਿਆ ਦਿੱਤਾ ਸੀ ਜਾਂ ਦੇਣਾ ਸੀ ਅੌਰ ਉਸ ਦੇ ਵਿਚ ਮਹਿਲਾ ਮੰਡਲ ਜੋ ਸਨ ਉਸ ਤੇ ਖਰਚ ਹੋਣੇ ਸੀ। ਮੈਂ ਜਦੋਂ ਆਇਆ ਤਾਂ ਆ ਕੇ ਦੇਖਿਆ ਕਿ ਜਿਹੜਾ ਮਹਿਲਾ ਮੰਡਲ ਹੈ ਉਹ 5 ਹਜ਼ਾਰ ਰੁਪਿਆ ਇਕੱਠਾ ਕਥਕੇ ਦੇਵੇ ਤੇ ਫਿਰ 5 ਹਜ਼ਾਰ ਰੁਪਿਆ ਹੋਰ ਉਸ ਤੇ ਖਰਚ ਹੋ ਸਕਦਾ ਹੈ ਨਹੀਂ ਤਾਂ ਨਹੀਂ ਹੋ ਸਕਦਾ। ਇਹ ਪਾਬੰਦੀ ਬਹੁਤ ਵੱਡੀ ਸੀ। ਮੈਂ ਇਕ ਦੋ ਮਹਿਲਾ ਮੰਡਲ ਵਿਜ਼ਿਟ ਵੀ ਕੀਤੇ। (ਵਿਘਨ) ਮੈਨੂੰ ਕਹਿਣ ਲਗੇ ਕਿ ਇਕ ਹਜ਼ਾਰ ਰੁਪਿਆ ਵੀ ਅਸੀਂ ਇਕੱਠਾ ਨਹੀਂ ਕਰ ਸਕਦੇ। ਮੈਂ ਉਹ ਆਰਡਰ ਦੇਖੇ, ਉਸ ਸਰਕਾਰ ਦੇ ਆਰਡਰ ਦੇਖੇ, ਉਸ ਦੇ ਵਿਚ ਇਹ ਲਿਖਿਆ ਸੀ ਕਿ ਯੂਨਾਨੀਮਸਲੀ ਜਿਥੇ

Original with;
Punjab Vidhan Sabha
Digitized by;
Panjab Digital Library

ਇਲੈਕਸ਼ਨ ਹੋਵੇਗੀ ਉਸ ਨੂੰ 5 ਹਜ਼ਾਰ ਰੁਪਿਆ ਦਿੱਤਾ ਜਾਵੇਗਾ । ਇਸ ਦੇ ਵਿਚ ਕੋਈ ਪਾਬੰਦੀ ਨਹੀਂ ਸੀ ਅੱਰ ਉਥੇ ਦੀ ਪੰਚਾਇਤ ਚਾਹੇ ਤਾਂ ਮਹਿਲਾ ਮੰਡਲ ਤੇ ਖਰਚ ਕਰ ਦਿੱਤਾ ਜਾਵੇ ਜਾਂ ਕਿਸੇ ਹੋਰ ਕੰਮ ਵਾਸਤੇ ਖਰਚ ਕਰ ਦਿੱਤਾ ਜਾਵੇ। (ਵਿਘਨ) ਮੈਂ ਬਹੁਤ ਲੰਮੀਆਂ ਚੌੜੀਆਂ ਗਲਾਂ ਤਾਂ ਨਹੀਂ ਕਰਨਾ ਚਾਹੁੰਦਾ ਲੇਕਿਨ ਇਕ ਗਲ ਮੈਂ ਸਰਦਾਰ ਆਤਮਾ ਸਿੰਘ, ਸਾਬਕਾ ਵਿਕਾਸ ਮੰਤਰੀ, ਨੂੰ ਉਨ੍ਹਾਂ ਦੇ ਗਿਆਤ ਲਈ ਥੋੜ੍ਹੀ ਜਿਹੀ ਕਹਿ ਦੇਣੀ ਚਾਹੁੰਦਾ ਹਾਂ ਕਿ ਉਸ ਦਿਨ ਇਥੇ ਕਾਫੀ ਰੌਲਾ ਪਾਇਆ ਅਤੇ ਮਾਨਯੋਗ ਮੈਂਬਰ ਬਰਨਾਲਾ ਜੀ ਨੇ ਵੀ ਕਿਹਾ ਕਿ ਸੰਤੋਖ ਸਿੰਘ ਰੰਧਾਵਾ ਨੇ ਗਲਤ ਕਿਹਾ ਹੈ ਕਿ ਅਕਾਲੀ–ਜਨਤਾ ਸਰਕਾਰ ਨੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਅਧਿਕਾਰ ਵਾਪਸ ਲੈ ਲਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਜਿਹੜਾ ਬੀ.ਡੀ.ਪੀ.ਓ. ਸੀ ਉਸ ਦੀ ਕੈਜ਼ੂਅਲ ਲੀਵ ਸੈਂਕਸ਼ਨ ਕਰਨ ਦੇ ਅਧਿਕਾਰ ਚੇਅਰਮੈਨ ਨੂੰ ਸਨ , ਲੇਕਿਨ 20 ਜਨਵਰੀ, 1980 ਨੂੰ ਚਿੱਠੀ ਤੁਹਾਡੇ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਹੱਥਾਂ ਦੇ ਨਾਲ ਗਈ ਹੈ ਕਿ ਪੰਚਾਇਤ ਸੰਮਿਤੀ ਦੇ ਚੇਅਰਮੈਨ ਦੀ ਬਜਾਏ ਇਹ ਛੁੱਟੀ ਐਸ.ਡੀ.ਓ. (ਸਿਵਿਲ) ਦਿਆ ਕਰੇਗਾ। ਤੁਸੀਂ ਅਧਿਕਾਰ ਖੋਹੇ ਹਨ। (ਵਿਘਨ) ਉਸ ਦੇ ਲਈ ਸਾਨੂੰ ਦੁਬਾਰਾ ਆਰਡਰ ਕਰਨੇ ਪੈਣਗੇ। ਇਸ ਤੋਂ ਅੱਗੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਬੀ.ਡੀ.ਪੀ.ਓ. ਹੈ ਉਸ ਦੀ ਕੰਨਫੀਡੈਂਸ਼ਲ ਰਿਪੋਰਟ ਪਹਿਲਾਂ ਚੇਅਰਮੈਨ ਲਿਖਦਾ ਹੁੰਦਾ ਸੀ ਫਿਰ ਇਨ੍ਹਾਂ ਦੀ (ਵਿਰੋਧੀ ਪਾਰਟੀ ਵਲ ਇਸ਼ਾਰਾ) ਸਰਕਾਰ ਵੇਲੇ ਇਹ ਕਰ ਦਿੱਤਾ ਕਿ ਉਹ ਐਸ.ਡੀ.ਓ. (ਸਿਵਿਲ) ਲਿਖੇਗਾ । (ਵਿਘਨ) (ਸ਼ੋਰ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਅਧਿਕਾਰ ਖੋਹੇ ਜਾਂ ਤੁਸੀਂ ? (ਵਿਘਨ) (ਸ਼ੋਰ) ਹੁਣ ਸਰਦਾਰ ਆਤਮਾ ਸਿੰਘ ਜੀ ਨੇ ਕਿਹਾ ਹੈ ਕਿ ਇਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਉ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਉਰਿਜਨਲ ਆਊਟ ਲੇ ਪਲਾਨ ਸੀ ਉਹ 1980–81 ਵਾਸਤੇ 215 ਲੱਖ ਰੁਪਏ ਦਾ ਸੀ ਲੇਕਿਨ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਥੇ 85% ਲੋਕ ਪਿੰਡਾਂ ਵਿਚ ਵਸਦੇ ਹਨ ਉਨ੍ਹਾਂ ਲਈ ਇਹ ਰਕਮ ਥੋੜ੍ਹੀ ਹੈ, ਇਸ ਲਈ ਇਹ ਫੈਸਲਾ ਕੀਤਾ ਕਿ ਸਾਡੇ ਪੰਜਾਬ ਦੇ ਜਿਹੜੇ 12,188 ਪਿੰਡ ਹਨ ਉਨ੍ਹਾਂ ਦੀਆਂ ਸਾਰੀਆਂ ਨਾਲੀਆਂ ਅਤੇ ਗਲੀਆਂ ਪੱਕੀਆਂ ਕਰ ਦਿੱਤੀਆਂ ਜਾਣਗੀਆਂ। ਇਸ ਸਾਲ ਸਾਢੇ 6 ਕਰੋੜ ਰੁਪਏ ਪੰਚਾਇਤਾਂ ਵਾਸਤੇ ਰਖੇ ਗਏ ਹਨ ਇਥੇ ਹੀ ਬਸ ਨਹੀਂ ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਪੰਚਾਇਤੀ ਰਾਜ ਕੋਲ ਸਾਡੀ ਜਿਹੜੀ ਸ਼ਾਮਲਾਤ ਲੈਂਡ ਸੀ ਅੰਡਰ ਕਲਟੀਵੇਸ਼ਨ ਉਹ ਸੀ 1,84,291 ਏਕੜ ਲੇਕਿਨ ਉਸ ਦੇ ਬਾਦ ਵੀ ਜਿਹੜੀ ਲੋਕਾਂ ਦੇ ਕਬਜ਼ੇ ਵਿਚ ਜ਼ਮੀਨ ਸੀ ਉਹ ਵੀ ਕਢਾਈ ਸੀ ਅੱਰ ਅਸੀਂ ਪੰਚਾਇਤਾਂ ਨੂੰ ਕਿਹਾ ਸੀ ਕਿ ਤੁਸੀਂ ਪੈਸੇ ਲਵੋ ਅਤੇ ਆਬਾਦ ਕਰੋ। ਉਸ ਦੇ ਮੁਤਾਬਿਕ 2,39,400 ਏਕੜ ਜ਼ਮੀਨ ਪੰਚਾਇਤਾਂ ਨੇ ਆਬਾਦ ਕੀਤੀ। ਇਹ ਜ਼ਮੀਨ ਉਹ ਸੀ ਜਿਹੜੀ ਲੋਕਾਂ ਦੇ ਕੋਲ ਨਾਜਾਇਜ਼ ਕਬਜ਼ੇ ਥੱਲੇ ਸੀ। ਇਹ ਜ਼ਮੀਨ 1974–75 ਵਿਚ 30,515 ਏਕੜ ਸੀ , 1975–76 ਵਿਚ 28,750 ਏਕੜ ਰਹਿ ਗਈ ਅਤੇ 1976–77 ਵਿਚ 6367 ਏਕੜ ਰਹਿ ਗਈ ਜਿਹੜੀ ਲੋਕਾਂ ਕੋਲ ਨਾਜਾਇਜ਼ ਕਬਜ਼ੇ ਥਲੇ ਸੀ। ਇਹ ਜਦੋਂ ਇਨ੍ਹਾਂ ਦਾ (ਵਿਰੋਧੀ ਪਾਰਟੀ ਵਲ ਇਸ਼ਾਰਾ) ਰਾਜ ਆਇਆ ਤਾਂ ਇਕ ਸਾਲ ਵਿਚ ਉਸੇ ਤਰ੍ਹਾਂ ਮੁੜ ਕੇ ਉਨ੍ਹਾਂ ਜ਼ਾਬਰਾਂ ਨੇ 1977 ਵਿਚ 12,961 ਏਕੜ ਜ਼ਮੀਨ ਤੇ ਕਬਜ਼ਾ ਕਰ ਲਿਆ। ਅੱਜ ਜਦੋਂ ਮੈਂ ਚਾਰਜ ਸੰਭਾਲਿਆ ਤਾਂ ਹੁਣ 17,113 ਏਕੜ ਜ਼ਮੀਨ ਤੇ ਨਾਜਾਇਜ਼ ਕਬਜ਼ਾ ਸੀ । ਉਹ ਜ਼ਮੀਨ ਅਸੀਂ ਹੁਣ ਨਾਜਾਇਜ਼ ਕਬਜ਼ੇ ਥਲੇ ਨਹੀਂ ਰਹਿਣ ਦੇਣੀ, ਉਸ ਨੂੰ ਪੰਚਾਇਤਾਂ ਥਲੇ ਲਿਆਵਾਂਗੇ।

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਇਕ ਮੈਂ ਪਲਾਨ ਸਕੀਮ ਬਣਾਈ ਸੀ ਕਿ ਜਿਸ ਪੰਚਾਇਤ ਕੋਲ 10 ਹਜ਼ਾਰ ਰੁਪਏ ਤੋਂ ਵੱਧ ਹੋਏ ਉਹ ਆਪਣਾ ਇਜਲਾਸ ਬੁਲਾਏ। ਉਸ ਦੇ ਵਿਚ ਸਾਰੇ ਫੰਕਸ਼ਨਰੀਜ਼ ਜਾਣਗੇ, ਉਹ ਕੰਮ ਦਾ ਪਲਾਨਿੰਗ ਕਰਨਗੇ। ਐਸ.ਡੀ.ਓ., ਪੰਚਾਇਤੀ ਰਾਜ, ਉਥੇ ਬੈਠਾ ਹੋਵੇਗਾ। ਪੰਚਾਇਤਾਂ ਦੀ ਮਰਜ਼ੀ ਮੁਤਾਬਕ ਜੋ ਕੰਮ ਪੰਚਾਇਤ ਕਰਾਉਣਾ ਚਾਹੇਗੀ ਉਸ ਦੇ ਲਈ ਟੈਕਨੀਕਲ ਸਹਾਇਤਾ ਦੇਵੇਗਾ ਅੱਤੇ ਜਿਸ ਪੰਚਾਇਤ ਕੋਲ 10 ਹਜ਼ਾਰ ਰੁਪਏ ਤੋਂ ਘੱਟ ਫੰਡਜ਼ ਹੋਣ ਉਹ ਆਪਣੀ ਮਰਜ਼ੀ ਨਾਲ ਆਪ ਖਰਚ ਕਰਨ। ਮੈਂ ਦੱਸਦਾ ਹਾਂ ਕਿ ਦਸ ਹਜ਼ਾਰ ਰੁਪਏ ਨਹੀਂ, ਵੀਹ ਹਜ਼ਾਰ ਰੁਪਏ ਨਹੀਂ ਬਲਕਿ ਡੇਢ ਡੇਢ ਲੱਖ ਰੁਪਏ ਦੀ ਸਾਲਾਨਾ ਆਮਦਨ ਸੀ, ਉਹ ਰੁਪਿਆ ਅਸੀਂ ਕਢਵਾਇਆ ਸੀ ਅਤੇ ਤਿੰਨ ਕਰੋੜ ਰੁਪਏ ਤੋਂ ਵੱਧ ਖਰਚ ਕਰਵਾਇਆ ਸੀ ਪਰ ਇਨ੍ਹਾਂ ਨੇ ਉਸ ਪਲਾਨ ਨੂੰ ਵੀ ਅੱਖੋਂ ਓਹਲੇ ਕਰ ਦਿੱਤਾ ਸੀ। ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਸ ਦੇ ਲਈ ਸਾਢੇ 6 ਕਰੋੜ ਰੁਪਿਆ ਰਖਿਆ ਹੈ, ਤਕਰੀਬਨ ਇਤਨਾ ਹੀ ਪੈਸਾ ਪੰਚਾਇਤਾਂ ਤੋਂ ਜਿਨ੍ਹਾਂ ਨੇ ਗੋਲਮਾਲ ਕੀਤਾ ਹੋਇਆ ਹੈ, ਕਢਵਾਵਾਂਗੇ ਅਤੇ ਸਾਢੇ 12 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਅਖ਼ੀਰ ਕਹਾਂਗਾ ਕਿ ਇਹ ਬਿਲ ਪਾਸ ਕੀਤਾ ਜਾਏ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਾਂਗਰਸੀ ਪੰਚਾਂ, ਸਰਪੰਚਾਂ ਨੇ ਡੇਢ ਡੇਢ ਲੱਖ ਜਾਂ ਦੋ, ਦੋ ਲੱਖ ਰੁਪਏ ਗਬਨ ਕੀਤੇ ਹੋਏ ਹਨ, ਕੀ ਉਨ੍ਹਾਂ ਕੋਲੋਂ ਪੈਸੇ ਵਸੂਲ ਕੀਤੇ ਜਾਣਗੇ ? ਇਸ ਬਾਰੇ ਹਾਊਸ ਨੂੰ ਯਕੀਨ ਦਿਲਾਉਣ। (ਵਿਘਨ) (ਸ਼ੋਰ)

ਵਿਕਾਸ ਮੰਤਰੀ: ਇਸ ਬਾਰੇ ਮੇਰੇ ਯਕੀਨ ਦਿਲਾਉਣ ਦੀ ਲੋੜ ਨਹੀਂ ਹੈ। ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਇਕ ਵਾਰੀ ਨਹੀਂ ਕਈ ਵਾਰੀ ਕਿਹਾ ਹੈ ਕਿ ਕੋਈ ਗਲਤ ਕੰਮ ਚਾਹੇ ਕੋਈ ਕਾਂਗਰਸੀ ਕਰੇ, ਅਕਾਲੀ ਕਰੇ ਜਾਂ ਕੋਈ ਹੋਰ ਕਰੇ ਕਿਸੇ ਨੂੰ ਮਾਫ਼ ਨਹੀਂ ਕੀਤਾ ਜਾਏਗਾ। ਮੈਂ ਫਿਰ ਯਕੀਨ ਦਿਲਾਉਂਦਾ ਹਾਂ ਕਿ ਅਸੀਂ ਇਹ ਰੁਪਿਆ ਕਢਵਾਵਾਂਗੇ ਅਤੇ ਆਨੰਦਪੁਰ ਸਾਹਿਬ ਜਾ ਕੇ ਬਰਤਨ ਸਾਫ਼ ਨਹੀਂ ਕਰਾਂਗਾ। (ਵਿਘਨ) (ਸ਼ੋਰ)

ਸਰਦਾਰ ਜਗਦੇਵ ਸਿੰਘ ਜੱਸੋਵਾਲ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਮਸਲਾ ਖੜਾ ਕੀਤਾ ਹੈ। ਮੈਂ ਦੱਸਦਾ ਹਾਂ ਕਿ ਪਿੱਛੇ ਜਿਹੇ ਜੱਥੇਦਾਰ ਉਮਰਾਨੰਗਲ ਨੇ ਅਕਾਲ ਤਖਤ ਤੇ ਕਿਹਾ ਸੀ ਕਿ ਅਸੀਂ ਚੰਡੀਗੜ੍ਹ, ਨਾਲ ਲਗਦੇ ਪੰਜਾਬੀ ਬੋਲਦੇ ਇਲਾਕੇ ਵਗੈਰਾ ਲਵਾਂਗੇ ਨਹੀਂ ਤਾਂ ਸ਼ਹੀਦ ਹੋ ਜਾਵਾਂਗੇ। (ਵਿਘਨ) (ਸ਼ੋਰ) ਇਨ੍ਹਾਂ ਨੂੰ ਕਹੋ ਕਿ ਜਾਂ ਤੇ ਜ਼ਿੰਦਾ ਸ਼ਹੀਦ ਨਾ ਕਹਾਓ ਅਤੇ ਜਾਂ ਫਿਰ ਆਪਣਾ ਵਚਨ ਪੂਰਾ ਕਰੋ (ਵਿਘਨ) (ਸ਼ੋਰ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਡਿਪਟੀ ਸਪੀਕਰ ਸਾਹਿਬ, ਚੰਡੀਗੜ੍ਹ, ਨਾਲ ਲਗਦੇ ਪੰਜਾਬੀ ਬੋਲਦੇ ਇਲਾਕੇ, ਭਾਖੜਾ ਹੈਡ ਵਰਕਸ ਅਸੀਂ ਲੈਣੇ ਹਨ ਅੱਤੇ ਪੰਜਾਬ ਦਾ ਪੂਰਾ ਹਿੱਸਾ ਲੈਣਾ ਹੈ। ਸ਼ੁਕਰ ਹੈ ਕਿ ਅੱਜ ਇਹ ਵੀ ਚੰਡੀਗੜ੍ਹ ਦੀ ਗਲ ਕਰਦੇ ਹਨ, ਪੰਜਾਬੀ ਬੋਲਦੇ ਇਲਾਕਿਆਂ ਦੀ ਗਲ ਕਰਦੇ ਹਨ। (ਵਿਘਨ) ਅਸੀਂ ਕਿਹਾ ਸੀ ਕਿ ਪੰਜਾਬੀ ਸੂਬਾ ਲਵਾਂਗੇ। ਇਹ ਕਹਿੰਦੇ ਸੀ ਕਿ ਪੰਜਾਬੀ ਸੂਬਾ ਸਾਡੀਆਂ ਲਾਸ਼ਾਂ ਤੇ ਬਣੇਗਾ। ਪੰਜਾਬੀ ਸੂਬਾ ਅਸੀਂ ਲੈ ਲਿਆ ਹੈ ਅਤੇ ਇਹ ਜ਼ਿੰਦਾ ਲਾਸ਼ਾਂ ਤੁਰਦੀਆਂ ਫਿਰਦੀਆਂ ਹਨ। (ਵਿਘਨ) ਸਹੀ ਮਾਅਨਿਆਂ ਵਿਚ ਲਾਸ਼ਾਂ ਕਿਉਂ ਨਹੀਂ ਹੋਈਆਂ ?

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB PAANCHAYAT SAMITIS AND ZILA PARISHADS (TEMPORARY SUPERSESSION) AMENDMENT ORDINANCE, 1980 (PUNJAB ORDINANCE NO. 3 OF 1980)
AND
THE PUNJAB PANCHAYAT SAMITIS AND ZILA PARIISHADS (TEMPORARY SUPERSESSION) AMENDMENT BILL, 1980

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਬਿਲ ਪਾਸ ਕਰ ਦੇਣਾ ਚਾਹੀਦਾ ਹੈ। ਦੂਜੀਆਂ ਗੱਲਾਂ ਵਿਚ ਸਾਨੂੰ ਨਹੀਂ ਜਾਣਾ ਚਾਹੀਦਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵਿਚੋਂ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਦੁਬਾਰਾ ਜਾ ਕੇ ਅਰਦਾਸ ਕੀਤੀ ਸੀ ਕਿ ਪਹਿਲੀ ਜਿਹੜੀ ਅਸੀਂ ਅਰਦਾਸ ਕੀਤੀ ਸੀ ਕਿ ਅਸੀਂ ਕੁਰੱਪਸ਼ਨ ਨਹੀਂ ਕਰਾਂਗੇ, ਉਹ ਠੀਕ ਨਹੀਂ, ਸਾਰੇ ਕੁਰੱਪਸ਼ਨ ਕਰਦੇ ਰਹੇ ਹਨ। ਸੱਚੇ ਪਾਤਸ਼ਾਹ ਮੈਨੂੰ ਬਲ ਬਖਸ਼ ਕਿ ਮੈਂ ਕੁਰੱਪਸ਼ਨ ਨਾ ਕਰਾਂ (ਸਰਕਾਰੀ ਬੈਂਚਾਂ ਵੱਲੋਂ 'ਸ਼ੇਮ' 'ਸ਼ੇਮ' ਦੀਆਂ ਆਵਾਜ਼ਾਂ) ।

Mr. Deputy Speaker : Question is—

That this House disapproves the Punjab Panchayat Samitis and Zila Parishads (Temporary Supersession) Amendment Ordinance, 1980 (Punjab Ordinance No. 3 of 1980).

The motion was lost.

Mr. Deputy Speaker : Question is—

That the Punjab Panchayat Samitis and Zila Parishads (Temporary Supersession) Amendment Bill be taken into consideration at once.

The motion was carried

Mr. Deputy Speaker : Now the House will proceed to consider the Bill Clause by Clause.

Sub-Clause (2) of Clause 1

Mr. Deputy Speaker : Question is—

That Sub-clause (2) of Clause I stand part of the Bill.

The motion was carried.

Clause 2

Mr. Deputy Speaker : Question is—

That Clause 2 stand part of the Bill.

The motion was carried.

Clause 3

Mr. Deputy Speaker : Question is—

Thar Clause 3 stand part of the Bill.

The motion was carried.

Original with;
Punjab Vidhan Sabha
Digitized by
Punjab Digital Library

Sub-Clause (1) of Clause 1

Mr. Deputy Speaker : Question is—

That Sub-clause (1) of Clause 1 stand part of the Bill.

The motion was carried.

Title

Mr. Deputy Speaker : Question is—

That Title be the title of the Bill.

The motion was carried

Development Minister (Sardar Santokh Singh Randhawa): Sir, I beg to move—

That the Punjab Panchayat Samitis and Zila Parishads (Temporary Supersession) Amendment Bill be passed.

Mr. Deputy Speaker : Motion moved—

That the Punjab Panchayat Samitis and Zila Parishads(Temporary Supersession) Amendment Bill be passed.

Sardar Dalip Singh Pandhi : Sir, I want to speak. (*Interruption*)

Mr. Deputy Speaker : Question is—

That the Punjab Panchayat Samitis and Zila Parishads (Temporary Supersession) Amendment Bill be passed.

The motion was carried.

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਐਕਸਪੰਜ ਕਰ ਦਿੱਤਾ ਜਾਵੇ ਕਿਉਂਕਿ ਇਹ ਚੇਅਰ ਤੇ ਅਸ-ਪਰਸ਼ਨ ਹੈ।

ਮੁੱਖ ਮੰਤਰੀ : ਮੈਂ ਇਕ ਸਬਮਿਸ਼ਨ ਕਰਨਾ ਚਾਹੁੰਦਾ ਹਾਂ। ਮੇਰਾ ਖਿਆਲ ਹੈ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿਚ ਨਹੀਂ ਆਇਆ ਕਿ ਕੋਈ ਬੰਦਾ ਬੋਲਣ ਲਈ ਖੜਾ ਹੋਇਆ ਹੈ। ਇਸ ਕਰਕੇ ਹੋ ਸਕਦਾ ਹੈ ਕਿ ਉਸ ਨੂੰ ਇਜਾਜ਼ਤ ਬੋਲਣ ਦੀ ਨਹੀਂ ਮਿਲੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਇਹ ਗਲਤ ਕਹਿੰਦੇ ਹਨ। ਸੈਕਟਰੀ ਸਾਹਿਬ ਤਾਂ ਇਥੇ ਬੈਠੇ ਹੀ ਨਹੀਂ ਹਨ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਡਿਪਟੀ ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਇਹ ਯਕੀਨ ਦਿਵਾਉਣ ਕਿ ਅੱਗੇ ਤੋਂ ਇਸ ਤਰ੍ਹਾਂ ਨਹੀਂ ਹੋਵੇਗਾ। ਜੇ ਉਹ ਯਕੀਨ ਦਿਵਾਉਣਗੇ ਤਾਂ ਹਾਊਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਨੂੰ ਚਲਣ ਦੇਵਾਂਗੇ ਨਹੀਂ ਤਾਂ ਹਾਊਸ ਨੂੰ ਨਹੀਂ ਚਲਣ ਦੇਵਾਂਗੇ । ਮੈਂਬਰਜ਼ ਦੇ ਰਾਈਟ ਨੂੰ ਬਿਲਕੁਲ ਖ਼ਤਮ ਨਹੀਂ ਹੋਣ ਦਿੱਤਾ ਜਾਵੇਗਾ ।

ਵਿੱਤ ਮੰਤਰੀ : ਹਾਊਸ ਪ੍ਰੀਜ਼ਾਈਡਿੰਗ ਅਫ਼ਸਰ ਨੇ ਚਲਾਉਣਾ ਹੈ ਨਾ ਕਿ ਲੀਡਰ ਆਫ ਦੀ ਹਾਊਸ ਨੇ । ਹੋ ਸਕਦਾ ਹੈ ਕਿ ਚੇਅਰ ਦੀ ਨਜ਼ਰ ਵਿਚ ਨਾ ਆਇਆ ਹੋਵੇ, ਅੱਖ ਨਾਲ ਅੱਖ ਨਾ ਮਿਲੀ ਹੋਵੇ।

ਇਕ ਆਵਾਜ਼ : ਬਿਲਕੁਲ ਗਲਤ ਹੈ ।

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਡਿਪਟੀ ਸਪੀਕਰ ਸਾਹਿਬ, ਸਾਨੂੰ ਸੁਣਨ ਦਾ ਮੌਕਾ ਦਿਓ, ਗੱਲ ਕਰਨ ਦਾ ਮੌਕਾ ਦਿਓ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਹਾਊਸ ਦੀ ਕਾਰਵਾਈ ਤਰੀਕੇ ਨਾਲ ਚਲਣੀ ਚਾਹੀਦੀ ਹੈ ਜੀ, ਬਗੈਰ ਤਰੀਕੇ ਨਹੀਂ ਚਲਣੀ ਚਾਹੀਦੀ। (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਡਿਪਟੀ ਸਪੀਕਰ ਸਾਹਿਬ, ਜ਼ਰਾ ਤਵੱਜੋ ਦਿਓਗੇ ਜੀ ? ਡਿਪਟੀ ਸਪੀਕਰ ਸਾਹਿਬ, ਇਸ ਬਹਿਸ ਵਿਚ ਹਾਊਸ ਦਾ ਖਾਸਾ ਟਾਈਮ ਖਰਚ ਹੋਇਆ ਹੈ। ਉਧਰੋਂ ਲੀਡਰ ਆਫ ਦੀ ਹਾਊਸ ਨੇ ਵੀ ਮਹਿਸੂਸ ਕੀਤਾ ਹੈ ਕਿ ਸ਼ਾਇਦ ਪਾਂਧੀ ਸਾਹਿਬ ਜਦੋਂ ਖੜੇ ਸਨ ਤੁਹਾਡੀ ਨਜ਼ਰ ਨਹੀਂ ਆਏ ਲੇਕਿਨ ਇਹ ਮੈਂਬਰ ਦਾ ਰਾਈਟ ਹੈ ਕਿ ਉਹ ਆਪਣੀ ਗੱਲ ਕਹਿ ਸਕਦਾ ਹੈ। ਅਗਰ ਤੁਸੀਂ ਇਸ ਗੱਲ ਨੂੰ ਮੁਨਾਸਿਬ ਸਮਝੋ ਤਾਂ ਤੁਸੀਂ ਏਨਾ ਹੀ ਫੁਰਮਾ ਦਿਓ ਕਿ ਮਾਨਯੋਗ ਮੈਂਬਰ ਜਦੋਂ ਖੜਾ ਸੀ ਉਹ ਨਜ਼ਰ ਨਹੀਂ ਆਇਆ ਔਰ ਅੱਗੇ ਤੋਂ ਧਿਆਨ ਰੱਖੋਗੇ। ਤੁਸੀਂ ਸਿਰ ਹੇਠਾਂ ਕਰਕੇ ਆਰਡਰ ਪਾਸ ਨਾ ਕਰਿਆ ਕਰੋ ਕਿਉਂਕਿ ਮੈਂਬਰਜ਼ ਦੇ ਕੁਝ ਰਾਈਟਸ ਵੀ ਹਨ।

RESOLUTION UNDER ARTICLE 213 (2) (A) OF THE CONSTITUTION OF INDIA DISAPPROVING THE PUNJAB COURTS (SECOND AMENDMENT) ORDINANCE, 1980 (PUNJAB ORDINANCE NO. 4 OF 1980) AND THE PUNJAB COURTS (AMENDMENT) BILL, 1980.

Mr. Deputy Speaker : Sardar Dalip Singh Pandhi has given notice of Resdution disapproving the Punjab Courts (Second Amendment) Ordinance, 1980 (Punjab Ordinance No. 4 of 1980). If the House agrees the notice of disapproval of the Ordinance and the consideration motion of the Punjab Courts (Amendment) Bill, 1980 be discussed together and voted upon separately.

Voices : Yes, Yes.

Sardar Dalip Singh Pandhi: Sir, I beg to move—

That this House disapproves the Punjab Courts (Second Amendment) Ordinance, 1980 (Punjab Ordinance No. 4 of 1980).

Original with;
Punjab Vidhan Sabha
Digitized by:
Panjab Digital Library

Mr. Deputy Speaker : Motion moved—

That this House disapproves the Punjab Courts (Second Amendment) Ordinance 1980 (Punjab Ordinance No. 4 of 1980).

Chief Minister (Sardar Darbara Singh): Sir, I beg to introduduce the Punjab Courts (Amendment) Bill.

Sir, I also beg to move—

That the Punjab Courts (Amendment) Bill be taken into consideration at once.

Mr. Deputy Speaker: Motion moved—

That the Punjab Courts (Amendment) Bill be taken into consideration at once

ਸਰਦਾਰ ਦਲੀਪ ਸਿੰਘ ਪਾਂਧੀ: ਕੀ ਹੁਣ , ਜਨਾਬ, ਮੈਨੂੰ ਬੋਲਣ ਦੀ ਇਜਾਜ਼ਤ ਹੈ ਜੀ ?

Mr. Deputy Speaker : You have full right to speak but previously you could not catch my eye.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਤੁਸੀਂ ਪਹਿਲਾ ਹੱਕ ਤਾਂ ਮੇਰਾ ਖੋਹ ਲਿਆ ਹੈ। ਤੁਸੀਂ ਵੀ ਐਮਰਜੈਂਸੀ ਵਾਲੀ ਗੱਲ ਕੀਤੀ ਹੈ। ਉਸ ਵੇਲੇ ਇਨ੍ਹਾਂ ਨੇ 25,962 ਟੀਚਰਾਂ ਨੂੰ ਜੇਲ੍ਹਾਂ ਵਿਚ ਦੇ ਦਿੱਤਾ ਸੀ ...

ਵਿੱਤ ਮੰਤਰੀ : ਬਿੱਲ ਤੇ ਬੋਲੋ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੈਂ ਬਿਲ ਤੇ ਹੀ ਬੋਲ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਰੂਲ ਆਫ਼ ਲਾਅ ਦੇ ਲਿਆਉਣ ਲਈ ਲੋਕਾਂ ਨੇ ਬੜੀ ਕੁਰਬਾਨੀ ਦਿੱਤੀ ਹੈ ਔਰ ਅਸੀਂ ਇਸ ਆਰਡਸਟ ਹਾਊਸ ਵਿਚ ਲੋਕਾਂ ਦੇ ਹੱਕਾਂ ਦੀ ਪ੍ਰੋਟੈਕਸ਼ਨ ਲਈ ਆਏ ਹਾਂ। ਜੇਕਰ ਪਿੰਡਾਂ ਦੇ ਹਿੱਤਾਂ ਦੀ ਗੱਲ ਇਥੇ ਕਹਿਣ ਦਾ ਆਰਡਰ ਨਹੀਂ ਹੈ ਤਾਂ ਹੋਰ ਕਿੱਥੇ ਸਰਕਾਰ ਸੁਣਨ ਨੂੰ ਤਿਆਰ ਹੋਵੇਗੀ ..... (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਕੋਰਟਸ ਐਕਟ, 1918 ਜਿਹੜਾ ਕਿ ਅੰਗਰੇਜ਼ਾਂ ਦੇ ਜ਼ਮਾਨੇ ਦਾ ਬਣਿਆ ਹੋਇਆ ਹੈ ਉਸ ਦੇ ਸੈਕਸ਼ਨ 39 ਵਿਚ ਤਰਮੀਮ ਚਾਹੀਦੀ ਹੈ ਕਿ ਜਿਸ ਤਰ੍ਹਾਂ ਡਿਸਟ੍ਰਿਕਟ ਕੋਰਟ ਹੈ ਜੋ ਜ਼ਿਲ੍ਹੇ ਵਿਚ ਸਭ ਤੋਂ ਵੱਡੀ ਅਦਾਲਤ ਹੈ ਉਸ ਨੂੰ ਵੱਧ ਅਧਿਕਾਰ ਦਿੱਤੇ ਜਾਣ ਤਾਕਿ ਬਹੁਤੇ ਲੋਕ ਹਾਈ ਕੋਰਟ ਵਿਚ ਨਾ ਆਉਣ। ਲੇਕਿਨ ਮੈਨੂੰ ਸ਼ੱਕ ਹੈ, ਮੈਂ ਬਤੌਰ ਵਕੀਲ ਦੇ ਕਹਿ ਸਕਦਾ ਹਾਂ ਔਰ ਮੈਂ ਆਪਣੇ ਵਕੀਲ ਦੋਸਤਾਂ ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਨੇ ਵੀ ਇਹ ਹੀ ਕਿਹਾ ਹੈ ਕਿ ਇਸ ਨਾਲ ਕੋਈ ਲਾਭ ਨਹੀਂ ਹੋਵੇਗਾ। ਹੋ ਸਕਦਾ ਹੈ ਕਿ ਕੋਈ ਇਨ੍ਹਾਂ ਦਾ ਕੇਸ ਡਿਸਟ੍ਰਿਕਟ ਸੈਸ਼ਨ ਜੱਜ ਦੀ ਕੋਰਟ ਵਿਚ ਕਿਸੇ ਦਾ ਹੋਵੇ ਉਸ ਨੂੰ ਸੈਟਿਸਫਾਈ ਕਰਨਾ ਹੋਵੇਗਾ। ਖੈਰ, ਮੈਂ ਇਹ ਗੱਲ ਨਹੀਂ ਕਹਿ ਸਕਦਾ ਲੇਕਿਨ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖਿਆ ਹੋਵੇਗਾ ਕਿ ਅਦਾਲਤਾਂ ਵਿਚ ਲੱਸ਼ ਆਫ਼ ਵਰਕ ਬਹੁਤ ਹੈ, ਬੜੇ ਕੇਸ ਪੈਂਡਿੰਗ ਪਏ ਹਨ। ਮੈਂ ਅਮੈਂਡਮੈਂਟ ਦਿੱਤੀ ਸੀ ਲੇਕਿਨ ਸਭਾ ਸੈਕ੍ਰੇਟੇਰੀ-ਏਟ ਮੰਨਿਆਂ ਨਹੀਂ ਹੈ ਅਤੇ ਮੈਨੂੰ ਕਿਹਾ ਹੈ ਕਿ ਤੁਸੀਂ ਦੇ ਨਹੀਂ ਸਕਦੇ। ਉਸ ਨਾਲ ਸਬ-ਜੱਜ ਦੀ ਅਦਾਲਤ ਜਿਹੜੀ ਹੈ, ਮੈਂ ਕਿਹਾ ਸੀ ਕਿ ਉਹ ਵੀ ਨਾਲ ਐਡ ਹੋਣੀ ਚਾਹੀਦੀ ਹੈ। ਉਸ ਨੂੰ ਵੀ ਵੱਧ ਪਾਵਰਜ਼ ਹੋਣੀਆਂ ਚਾਹੀਦੀਆਂ ਹਨ। ਸੈਕਸ਼ਨ 37 ਵਿਚ ਲਿਖਿਆ ਹੈ —

"A District Court may, with the previous sanction of the High Court, delegate to any Subordinate Judge in the District the power conferred on a District

Original with;
Punjab Vidhan Sabha
Digitized by;
Panjab Digital Library

Court by sections 33and 34, of this Part and section 24 of the Code of Civil Procedure, to be exercised by the Subordinate Judge any specified portion of the district subject to the control of the District Court.'

ਮੈਂ ਇਹ ਮੂਵ ਕਰਨਾ ਚਾਹੁੰਦਾ ਸੀ ਕਿ ਇਹ ਲਫਜ਼ with the previous sanction of the High Court ਕੱਟਣੇ ਚਾਹੀਦੇ ਹਨ ਤਾਕਿ ਪਾਵਰਜ਼ ਦੀ ਡੀਸੈਂਟੇਰਲਾਈਜ਼ੇਸ਼ਨ ਹੋ ਸਕੇ। ਹਾਈਕੋਰਟ ਦਾ ਚੱਕਰ ਨਾ ਪੈਣ ਦੇਣ। ਹਾਈ ਕੋਰਟ ਵਿਚ ਵੀ ਬਹੁਤ ਕੰਮ ਵੱਧ ਰਿਹਾ ਹੈ। ਹਾਈ ਕੋਰਟ ਵਿਚ ਤਰੀਕਾ ਬਣਿਆ ਹੋਇਆ ਹੈ। ਹਾਈ ਕੋਰਟ ਵਿਚ ਰਿਵਾਇਤ ਹੈ ਕਿ ਦੋ, ਦੋ ਸਾਲ ਲੰਘ ਜਾਂਦੇ ਹਨ ਪਰ ਫੈਸਲੇ ਨਹੀਂ ਹੁੰਦੇ। ਪੀਪਲਜ਼ ਰਿਪਰੇਜ਼ੈਂਟੇਸ਼ਨਜ਼ ਦਾ ਇਕ ਤਰੀਕਾ ਬਣਿਆ ਹੋਇਆ ਹੈ, ਕਾਨੂੰਨ ਬਣਿਆ ਹੋਇਆ ਹੈ। ਸਾਡੇ ਖਿਲਾਫ ਵੀ ਬਹੁਤ ਇਲੈਕਸ਼ਨ ਪੈਟੀਸ਼ਨਾਂ ਆਈਆਂ ਹਨ। ਹਾਈਕੋਰਟ ਵਿਚ ਰਿਵਾਇਤ ਬਣੀ ਹੋਈ ਹੈ ਕਿ ਦੋ, ਦੋ ਸਾਲ ਲੰਘ ਜਾਂਦੇ ਹਨ ਕੋਈ ਫੈਸਲਾ ਨਹੀਂ ਹੁੰਦਾ। ਕਈ ਵਾਰੀ ਤਾਂ ਉਥੇ ਇਲੈਕਸ਼ਨ ਦੀ ਟਰਮ ਹੀ ਨਿਕਲ ਜਾਂਦੀ ਹੈ ਪਰ ਫੈਸਲਾ ਨਹੀਂ ਹੁੰਦਾ। ਡਿਸਟ੍ਰਿਕਟ ਪੱਧਰ ਤੇ ਵੀ ਸਾਲ, ਸਾਲ ਅਪੀਲਾਂ ਨਹੀਂ ਨਿਕਲਦੀਆਂ। ਇਸ ਲਈ ਜੇਕਰ ਇਹ ਮੇਹਰਬਾਨੀ ਕਰਨ ਤਾਂ ਇਸ ਨੂੰ ਸਿਲੈਕਟ ਕਮੇਟੀ ਵਿਚ ਲੈ ਜਾਣ, ਉਥੇ ਸਾਡੀ ਰਾਏ ਲੈ ਲੈਣ ਔਰ ਸਿਆਣੇ ਵਕੀਲਾਂ ਦੀ ਵੀ ਰਾਏ ਲੈ ਲੈਣ।

ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਅਦਾਲਤਾਂ ਵਿਚ ਗਏ ਹੋਵੋਗੇ ਉਥੇ ਲੋਕਾਂ ਵਾਸਤੇ ਕੋਈ ਪੀਣ ਦੇ ਪਾਣੀ ਦਾ ਪ੍ਰਬੰਧ ਨਹੀਂ, ਕੋਈ ਪੱਖਾ ਨਹੀਂ, ਫਿਰ ਅਸ਼ਟਾਮ ਪੇਪਰ ਨਹੀਂ ਮਿਲਦੇ ਪਏ। ਜੇਕਰ ਐਗਰੀਮੈਂਟ ਕਰਨਾ ਹੁੰਦਾ ਹੈ ਤਾਂ ਉਹ 2 ਰੁਪਏ 25 ਪੈਸੇ ਦੇ ਅਸ਼ਟਾਮ ਪੇਪਰ ਤੇ ਹੁੰਦਾ ਹੈ, ਐਫੀਡੇਵਿਟ ਤਿੰਨ ਰੁਪਏ ਦੇ ਅਸ਼ਟਾਮ ਪੇਪਰ ਤੇ ਦੇਣਾ ਹੁੰਦਾ ਹੈ ਪਰ ਉਹ ਪੇਪਰ ਮਿਲਦਾ ਨਹੀਂ ਹੈ। ਉਥੇ ਅਸ਼ਟਾਮ ਪੇਪਰ ਦੀ ਘਾਟ ਹੈ, ਉਥੇ ਕੋਈ ਲੈਟਰੀਨ ਯਾ ਯੂਰੀਨਲ ਨਹੀਂ ਹੈ, ਕੋਈ ਲੋਕਾਂ ਦੇ ਬੈਠਣ ਖੜਨ ਵਾਸਤੇ ਸ਼ੈਡ ਨਹੀਂ ਹੈ ਔਰ ਵਕੀਲ ਸਾਹਿਬਾਨ ਵਾਸਤੇ ਕੋਈ ਬੈਠਣ ਦੀ ਥਾਂ ਨਹੀਂ ਹੈ। ਇਸ ਲਈ ਜੇਕਰ ਪੰਜਾਬ ਸਰਕਾਰ ਚਾਹੁੰਦੀ ਹੈ ਤਾਂ ਇਸ ਸਾਰੀ ਚੀਜ਼ ਦਾ ਸੁਧਾਰ ਕਰੇ।

ਡਿਪਟੀ ਸਪੀਕਰ ਸਾਹਿਬ, ਹਾਈ ਕੋਰਟ ਬਾਰੇ ਫੈਸਲਾ ਕੀਤਾ ਗਿਆ ਹੈ, ਤੁਸੀਂ ਵੀ ਅਖ਼ਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਚੀਫ ਜਸਟਿਸ ਬਾਹਰਲਾ ਆਦਮੀ ਹੋਣਾ ਚਾਹੀਦਾ ਹੈ। ਇਹ ਬੜੀ ਚੰਗੀ ਗੱਲ ਹੈ। ਉਥੇ ਵੀ ਜੱਜਾਂ ਦੇ ਰਿਸ਼ਤੇਦਾਰ ਹੁੰਦੇ ਹਨ। ..... (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਜੁਡੀਸ਼ੀਅਰੀ ਨੂੰ ਡਿਸਕਸ ਨਹੀਂ ਕਰਨਾ ਚਾਹੁੰਦਾ ਪਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੱਜਾਂ ਦੀਆਂ ਜਿਹੜੀਆਂ ਪਾਵਰਜ਼ ਹਨ, ਉਨ੍ਹਾਂ ਬਾਰੇ ਵੇਖ ਲਵੋ। ਮਟੌਰ ਸੈਸ਼ਨ ਦੇ ਕੁਰੱਪਸ਼ਨ ਦੇ ਕੇਸਿਜ਼ ਆਏ ਸਨ। ਪਟਿਆਲੇ ਦੇ ਜਨਰਲ ਸੈਕਟਰੀ, ਕਾਂਗਰਸ ਪਾਰਟੀ ਦਾ, ਪੈਸੇ ਲੈਣ ਦੇ ਚੱਕਰ ਵਿਚ ਫਸ ਗਿਆ ਸੀ ਲੇਕਿਨ ਜਿਹੜੀ ਸਪੈਸ਼ਲ ਚੀਜ਼ ਸੀ ਉਹ ਇਹ ਸੀ (ਵਿਘਨ)

Shri Piara Ram Dhannowalia : He is discussing judiciary.

Sardar Dalip Singh Pandhi : I am discussing only Section 37 of the Act. According to this is a power can be delegated, with the previous sanction of the High Court, to a subordinate court because of rush of work so that decisions are taken quickly.

Original with;
Punjab Vidhan Sabha
Digitized by:
Panjab Digital Library

[Sardar Dalip Singh Pandhi]

ਡਿਪਟੀ ਸਪੀਕਰ ਸਾਹਿਬ, ਹੁਣ ਕੀ ਹੁੰਦਾ ਹੈ ਕਿ ਬਾਈ ਦੀ ਪੇਸ ਆਫ ਟਾਈਮ ਕੇਸ ਦੀ ਅਹਿਮੀਅਤ ਹੀ ਖ਼ਤਮ ਹੋ ਜਾਂਦੀ ਹੈ। ਇਕ ਹੋਰ ਗੱਲ, ਡਿਪਟੀ ਸਪੀਕਰ ਸਾਹਿਬ, ਹੈ ਕਿ ਛੋਟੀਆਂ ਕੋਰਟਾਂ ਵਿਚ ਕਾਫੀ ਇਸ਼ਫਤ-ਖੋਰੀ ਹੈ। ਕੋਈ ਫਾਈਲ ਇਨਸਪੈਕਸ਼ਨ ਕਰਨੀ ਹੋਵੇ ਤਾਂ ਉਸ ਦੇ ਵਾਸਤੇ ਪੰਜ ਰੁਪਏ ਹੋ ਗਏ ਹਨ। ਪਹਿਲਾਂ ਇਹ ਦੋ ਰੁਪਏ ਹੁੰਦੇ ਸਨ। ਪੰਜਾਬ ਸਰਕਾਰ ਹਾਈਕੋਰਟ ਦੇ ਜੱਜਾਂ ਨੂੰ ਪੈਸੇ ਦਿੰਦੀ ਹੈ ਲੇਕਿਨ ਕੰਸਟੀਚਿਊਸ਼ਨ ਵਿਚ ਪ੍ਰੋਵੀਜ਼ਨ ਹੈ ਕਿ ਉਸ ਵਿਚ ਡਾਇਰੈਕਟ ਇੰਟਰਫੀਅਰੈਂਸ ਨਹੀਂ ਕਰ ਸਕਦੇ। ਫਿਰ, ਡਿਪਟੀ ਸਪੀਕਰ ਸਾਹਿਬ, ਕੋਈ ਸ਼ੈਡਿਊਲਡ ਕਾਸਟ ਜੱਜ ਨਹੀਂ ਹੈ। ਜਿਹੜੇ ਪਹਿਲਾਂ ਸ਼ੈਡਿਊਲਡ ਕਾਸਟਸ ਸਬ-ਜੱਜ ਹੁੰਦੇ ਸਨ ਉਹ ਵੀ ਕਿਸੇ ਨਾ ਕਿਸੇ ਤਰੀਕੇ ਨਾਲ ਹਟਾ ਦਿੱਤੇ ਗਏ ਹਨ।

Shri Gopal Krishan Chatrath : He cannot discuss the conduct of High Court.

ਸਰਦਾਰ ਦਲੀਪ ਸਿੰਘ ਪਾਂਧੀ: ਮੈਂ ਤਾਂ ਇਤਨੀ ਹੀ ਅਰਜ਼ ਕਰ ਰਿਹਾ ਹਾਂ ਕਿ ਕੰਸਟੀਚਿਊਸ਼ਨ ਵਿਚ ਆਰਟੀਕਲ 229 ਹੈ ਉਸ ਦੇ ਮੁਤਾਬਿਕ ਸ਼ੈਡਿਊਲਡ ਕਾਸਟਸ ਨੂੰ ਪੂਰੀ ਨੁਮਾਇੰਦਗੀ ਨਹੀਂ ਦਿੱਤੀ ਜਾਂਦੀ।

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਇਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅੱਰ ਜਿਹੜੇ ਲੋਕਾਂ ਤੇ ਝੂਠੇ ਮੁਕਦਮੇ ਬਣਾਏ ਜਾਂਦੇ ਹਨ ਸੀ.ਪੀ.ਸੀ. ਵਿਚ ਧਾਰਾ 35 ਹੇਠ ਪਬ ਉਸ ਦੇ ਅਨੁਸਾਰ ਖਾਸ ਖਰਚੇ ਨਹ ਪਾਏ ਜਾ ਰਹੇ।

ਵਿੱਤ ਮੰਤਰੀ: ਡਿਪਟੀ ਸਪੀਕਰ ਸਾਹਿਬ, ਇਹ ਬਿਲ ਦੇ ਸਕੋਪ ਤੋਂ ਬਿਲਕੁਲ ਬਾਹਰ ਬੋਲ ਰਹੇ ਹਨ। ਗਲ ਤਾਂ ਸਿਰਫ ਐਨੀ ਹੀ ਹੈ ਕਿ ਡਿਸਟ੍ਰਿਕਟ ਕੋਰਟਸ ਲਈ 20,000 ਰੁਪਏ ਤੋਂ 5 ਲੱਖ ਰੁਪਏ ਤੱਕ ਦੀ ਲਿਮਿਟ ਵਧਾਉਣ ਵਾਸਤੇ ਹੈ ਪਰ ਇਨ੍ਹਾਂ ਨੇ ਤਾਂ ਸਾਰੀ ਜੁਡੀਸ਼ਰੀ ਡਿਸਕਸ ਕਰਨੀ ਸ਼ੁਰੂ ਕਰ ਦਿੱਤੀ ਹੈ It is not relevant.

ਸਰਦਾਰ ਦਲੀਪ ਸਿੰਘ ਪਾਂਧੀ : ਡਿਸ਼ਟ੍ਰਿਕਟ ਕੋਰਟਸ ਵਿਚ ਟਾਊਟਸ ਬਹੁਤ ਹੁੰਦੇ ਹਨ। ਉਹ ਲੋਕਾਂ ਨੂੰ ਗੁਮਰਾਹ ਕਰਦੇ ਹਨ ਤੇ ਲੁੱਟਦੇ ਹਨ।

ਸ਼੍ਰੀ ਸੰਤ ਰਾਮ ਸਿੰਗਲਾ : ਡਿਪਟੀ ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਕਹਿ ਰਹੇ ਹਨ ਇਹ ਐਡਵੋਕੇਟ ਹਨ, ਇਹ ਠੀਕ ਨਹੀਂ ਕਹਿ ਰਹੇ ਹਨ। ਜੁਡੀਸ਼ਰੀ ਦੇ ਬਾਰੇ ਇਸ ਤਰ੍ਹਾਂ ਗਲਾਂ ਕਰਕੇ ਇਸ ਹਾਊਸ ਵਿਚ ਜੁਡੀਸ਼ਰੀ ਦਾ ਅਪਮਾਨ ਕਰ ਰਹੇ ਹਨ। ਇਨ੍ਹਾਂ ਨੂੰ ਇਥੇ ਇਸ ਗਲ ਲਈ ਹਾਊਸ ਪਾਸੋਂ ਮੁਆਫੀ ਮੰਗਣੀ ਚਾਹੀਦੀ ਹੈ ਅੱਰ ਜਿਹੜੀਆਂ ਗਲਾਂ ਜੁਡੀਸ਼ਰੀ ਦੇ ਬਾਰੇ ਕਹੀਆਂ ਹਨ ਉਹ ਐਕਸਪੰਜ ਹੋਣੀਆਂ ਚਾਹੀਦੀਆਂ ਹਨ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਰਕਾਰ ਨੇ ਬਿਊਰੋਕਰੇਸੀ ਨੂੰ ਖੁਲ੍ਹ ਦਿੱਤੀ ਹੈ। ਜ਼ਮੀਨ ਦੀ ਕੀਮਤ ਕੋਈ ਨਹੀਂ ਪਾਉਂਦਾ.....

5.20 ਸ਼ਾਮ | (ਇਸ ਵੇਲੇ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਸੁਪਰੀਮ ਕੋਰਟ ਔਰ ਜੱਜਾਂ ਦੇ ਬਾਰੇ ਜੋ ਕੁਝ ਕਿਹਾ ਹੈ ਉਹ ਐਕਸਪੰਜ ਹੋਣਾ ਚਾਹੀਦਾ ਹੈ । (ਵਿਘਨ)

(ਇਸ ਵੇਲੇ ਹਾਊਸ ਦੇ ਸਾਰੇ ਮਾਈਕ ਬੰਦ ਸਨ।)

ਸ਼੍ਰੀ ਸਪੀਕਰ : ਤੁਸੀਂ ਰੈਲੇਵੈਂਟ ਬੋਲੋ ਔਰ ਜਲਦੀ ਵਾਈਂਡ ਅੱਪ ਕਰੋ ।

ਸਰਦਾਰ ਦਲੀਪ ਸਿੰਘ ਪਾਂਧੀ : ਇਸ ਪਾਸੇ ਵੀ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿਹੜੇ ਝੂਠੇ ਮੁਕਦਮੇ ਬਣਾਏ ਜਾਂਦੇ ਹਨ ਉਹ ਨਾ ਬਣਨ । ਲੋਕ ਝੂਠੇ ਐਫੀਡੈਵਿਟ ਦੇ ਕੇ ਰਜਿਸਟਰੀਆਂ ਕਰਵਾ ਲੈਂਦੇ ਹਨ। ਇਸ ਪਾਸੇ ਵੀ ਸਰਕਾਰ ਨੂੰ ਵੇਖਣਾ ਚਾਹੀਦਾ ਹੈ ਕਿਉਂਕਿ ਜਿਹੜੇ ਸਰਕਾਰੀ ਵਕੀਲ ਹੁੰਦੇ ਹਨ .....

ਸ਼੍ਰੀ ਸਪੀਕਰ : ਮੇਰੀ ਗਲ ਸੁਣੋ। ਅੱਜ 6.30 ਵਜੇ ਤਕ 5 ਬਿਲ ਪਾਸ ਕਰਨੇ ਹਨ। ਇਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦਾ ਫੈਸਲਾ ਹੈ। ਇਸ ਮੁਤਾਬਿਕ ਇਕ ਬਿਲ ਤੇ 20 ਮਿੰਟ ਲਗਣੇ ਚਾਹੀਦੇ ਹਨ। ਤੁਸੀਂ ਖ਼ਤਮ ਕਰੋ। ਮੇਰੀ ਅਵਾਜ਼ ਸੁਣਾਈ ਦੇ ਰਹੀ ਹੈ ਜਾਂ ਨਹੀਂ ?

(ਹਾਊਸ ਦੇ ਸਾਰੇ ਮਾਈਕ ਬੰਦ ਹੋਣ ਕਰਕੇ ਸਾਫ਼ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ।)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਚਾਏ ਦਿੰਦਾ ਹਾਂ ਕਿ ਜਿਵੇਂ ਐਲ. ਆਈ ਸੀ. ਵਾਲੇ ਮੋਹਰਾਂ ਲਗਾਉਂਦੇ ਹਨ ਉਸੇ ਤਰ੍ਹਾਂ ਹੀ ਪੰਜਾਬ ਸਰਕਾਰ ਨੂੰ ਕੋਈ ਮੋਹਰ ਬਣਾ ਕੇ ਲਾਉਣੀ ਚਾਹੀਦੀ ਹੈ ਤਾਕਿ ਲੋਕਾਂ ਨੂੰ ਅਸ਼ਟਾਮ ਵਗੈਰਾ ਮਿਲਦੇ ਰਹਿਣ। ਜੇਕਰ ਇਹ ਨਾ ਕੀਤਾ ਗਿਆ ਤਾਂ ਜਿਸ ਤਰ੍ਹਾਂ ਅਸ਼ਟਾਮ ਦੀ ਬਲੈਕ ਹੋ ਰਹੀ ਹੈ, ਇਹ ਚਲਦੀ ਰਹੇਗੀ। ਮੈਂ ਇਹ ਅਰਜ਼ ਕਰਦਾ ਹਾਂ ਕਿ ਅਦਾਲਤਾਂ ਵਿਚ ਫੈਸਲਿਆਂ ਨੂੰ ਲੰਬਾ ਟਾਈਮ ਲਗ ਜਾਂਦਾ ਹੈ। (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ।) (ਵਿਘਨ)

ਸ਼੍ਰੀ ਪਿਆਰਾ ਰਾਮ ਧਨੋਵਾਲੀਆ : ਸਪੀਕਰ ਸਾਹਿਬ, ਹੋਰ ਮਾਨਯੋਗ ਮੈਂਬਰਾਂ ਨੇ ਵੀ ਬੋਲਣਾ ਹੈ। ਇਨ੍ਹਾਂ ਨੂੰ ਬੰਦ ਕਰਾਓ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਸਰਕਾਰ ਅੰਗ੍ਰੇਜ਼ਾਂ ਦੇ ਵੇਲੇ ਦੀ ਤਰ੍ਹਾਂ ਕੋਰਟਾਂ ਵਿਚ ਕਰ ਰਹੀ ਹੈ। ਉਸ ਵੇਲੇ ਸਾਡੀ ਕੋਈ ਸੁਣਵਾਈ ਨਹੀਂ ਸੀ ਹੁੰਦੀ । ਜਿਵੇਂ ਪੰਜਾਬ ਦੀ ਪੁਲਿਸ ..... (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਮਸਲਾ ਕੁਝ ਹੋਰ ਹੈ ਔਰ ਇਹ ਕੁਝ ਹੋਰ ਕਹਿ ਰਹੇ ਹਨ। ਸਾਨੂੰ ਵੀ ਟਾਈਮ ਬੋਲਣ ਲਈ ਦਿਓ। (ਵਿਘਨ)

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ ਪਰ **ਸ਼੍ਰੀ ਸਪੀਕਰ** ਨੇ ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ ਨੂੰ ਆਗਿਆ ਦਿੱਤੀ।)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪੰਧੀ ਸਾਹਿਬ, ਹੁਣ ਤੁਸੀਂ ਬੈਠ ਜਾਓ । ਕਾਫੀ ਸਮਾਂ ਹੋ ਗਿਆ ਹੈ । (ਵਿਘਨ) ਮੈਂ ਹੋਰ ਮੈਂਬਰ ਸਾਹਿਬ ਨੂੰ ਕਾਲ ਕਰ ਲਿਆ ਹੈ, ਤੁਸੀਂ ਬੈਠ ਜਾਓ ।

ਸਰਦਾਰ ਦਲੀਪ ਸਿੰਘ ਪੰਧੀ : ਸੋ ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਜਿਹੜੇ ਅਦਾਲਤਾਂ ਦੇ ਮਾਮਲੇ ਹਨ ਇਨ੍ਹਾਂ ਵਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅੱਰ ਜਿਹੜਾ ਇਹ ਬਿਲ ਪੇਸ਼ ਕੀਤਾ ਜਾ ਰਿਹਾ ਹੈ ਇਸ ਨੂੰ ਕਾਫੀ ਘੋਖ ਕੇ ਵੇਖਣਾ ਚਾਹੀਦਾ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ) : ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਪੰਜਾਬ ਕੋਰਟਸ ਐਕਟ, 1980, ਸੈਕਸ਼ਨ 39 ਦੀ ਅਮੈਂਡਮੈਂਟ ਪੇਸ਼ ਹੋਈ ਹੈ। ਇਸ ਸੈਕਸ਼ਨ 39 ਦੇ ਮੁਤਾਬਿਕ ਉਹ ਸਾਰੇ ਸਿਵਿਲ ਕੇਸ ਜਿਨ੍ਹਾਂ ਦੀ ਵੈਲਿਯੂ 20 ਹਜ਼ਾਰ ਰੁਪਏ ਤੋਂ ਉਪਰ ਹੁੰਦੀ ਸੀ ਉਹ ਡਿਸਟ੍ਰਿਕਟ ਕੋਰਟਸ ਵਿਚ ਨਹੀਂ ਰਹਿੰਦੇ ਸਨ ਅੱਰ ਹਾਈਕੋਰਟ ਵਿਚ ਚਲੇ ਜਾਂਦੇ ਸਨ ਪਰ ਹੁਣ ਇਸ ਅਮੈਂਡਮੈਂਟ ਦੇ ਰਾਹੀਂ ਇਹ ਫੈਸਲਾ ਕਰਨਾ ਹੈ ਕਿ 5 ਲੱਖ ਰੁਪਏ ਤਕ ਦੇ ਜਿਹੜੇ ਕੇਸ ਹੋਣਗੇ ਉਹ ਡਿਸਟ੍ਰਿਕਟ ਕੋਰਟਸ ਵਿਚ ਰਿਹਾ ਕਰਨਗੇ ਅੱਰ ਇਸ ਤੋਂ ਉਪਰ ਹਾਈਕੋਰਟ ਵਿਚ ਜਾਣਗੇ । ਇਹ ਕਿਉਂ ਕੀਤਾ ਗਿਆ ਹੈ ? ਇਸ ਦੇ ਦੋ ਰੀਜ਼ਨ ਹਫ਼ ਪਹਿਲਾ ਰੀਜ਼ਨ ਤਾਂ ਇਹ ਹੈ ਕਿ ਜਿਹੜੇ ਹਾਈਕੋਰਟ ਦੇ ਕੇਸਿਜ਼ ਹਨ ਉਥੇ ਕਈ ਕੇਸ 8-8, 9-9 ਸਾਲ ਤਕ ਪੈਂਡਿੰਗ ਪਏ ਰਹਿੰਦੇ ਹਨ, ਇਸ ਵਿਚ ਕਈ ਵਿਚਾਰੇ ਗਰੀਬ ਜਿਨ੍ਹਾਂ ਦਾ 8-8, 9-9 ਸਾਲ ਫੈਸਲਾ ਨਹੀਂ ਹੁੰਦਾ, ਉਨ੍ਹਾਂ ਦੀਆਂ ਜ਼ਮੀਨਾਂ ਵੀ ਵਿਕ ਜਾਂਦੀਆਂ ਹਨ। ਇਸ ਕਰਕੇ ਇਹ ਲੋੜ ਮਹਿਸੂਸ ਹੋਈ ਕਿ ਹਾਈ ਕੋਰਟ ਤੇ ਕੰਮ ਦਾ ਬੋਝ ਘੱਟ ਕੀਤਾ ਜਾਵੇ। ਇਹ ਬੋਝ ਘੱਟ ਕਰਨ ਦੇ ਦੋ ਢੰਗ ਸਨ । ਇਕ ਤਾਂ ਇ ਹ ਕਿ ਜਿਹੜੇ ਜੱਜਿਜ਼ ਹਨ ਉਨ੍ਹਾਂ ਦੀ ਗਿਣਤੀ ਵਧਾਈ ਜਾਵੇ ਜਾਂ ਦੂਜਾ ਇਹ ਕਿ ਜਿਹੜੇ ਥਲੇ ਕੋਰਟਾਂ ਦੇ ਕੇਸਿਜ਼ ਹਨ ਉਨ੍ਹਾਂ ਦੀ ਵੈਲਿਊ ਵਧਾ ਕੇ ਉਨ੍ਹਾਂ ਦੇ ਫੈਸਲੇ ਥਲੇ ਹੀ ਹੋਣ ਦਿੱਤੇ ਜਾਣ। ਮੈਨੂੰ ਹੈਰਾਨ-ਗੀ ਹੋਈ ਹੈ ਕਿ ਮੇਰੇ ਮੋਹਤਰਮ ਅਕਾਲੀ ਵੀਰਾਂ ਨੇ ਕਿਹਾ ਹੈ ਕਿ ਇਸ ਨੂੰ ਡਿਸਐਪਰੂਵ ਕੀਤਾ ਜਾਵੇ। ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਇਹ ਆਰਡੀਨੈਂਸ ਇਨ੍ਹਾਂ ਦੀ ਸਰਕਾਰ ਨੇ ਹੀ ਲਿਆਂਦਾ ਸੀ, ਅਕਾਲੀ ਦਲ ਦੀ ਸਰਕਾਰ ਵੇਲੇ ਬਾਦਲ ਸਾਹਿਬ ਨੇ ਹੀ ਲਿਆਂਦਾ ਸੀ, ਪਰ ਹੁਣ ਇਹ ਹੀ ਇਸ ਨੂੰ ਡਿਸ-ਐਪਰੂਵ ਕਰਨ ਲਈ ਕਹਿ ਰਹੇ ਹਨ। ਇਸ ਦਾ ਮਤਲਬ ਇਹ ਹੈ ਕਿ ਜਾਂ ਤਾਂ ਉਸ ਵੇਲੇ ਇਨ੍ਹਾਂ ਦੀ ਕੁਝ ਨੀਅਤ ਵਿਚ ਫਰਕ ਸੀ ਜਾਂ ਹੁਣ ਫਰਕ ਹੈ। (ਵਿਘਨ) ਮੇਰੇ ਸਾਥੀ ਕਹਿ ਰਹੇ ਹਨ ਕਿ ਇਹ ਬਹੁਤ ਪੜ੍ਹੇ ਲਿਖੇ ਸਨ ਇਨ੍ਹਾਂ ਨੂੰ ਸਮਝ ਨਹੀਂ ਲਗੀ। ਇਸ ਛੋਟੇ ਜਿਹੇ ਮਸਲੇ ਨੂੰ ਇਨ੍ਹਾਂ ਨੇ ਇਤਨਾ ਸੀਰੀਅਸ ਕਰ ਦਿੱਤਾ ਅੱਰ ਕਹਿਣ ਲਗੇ ਕਿ ਫਲਾਣਾਂ ਡਿਸਮਿਸ ਹੋ ਗਿਆ । ਇਕ ਵਕੀਲ, ਇਹੋ ਜਿਹੀਆਂ ਗਲਾਂ ਕਰੇ, ਇਹ ਠੀਕ ਨਹੀਂ ਲਗਦਾ। ਇਹ ਜਿਹੜਾ ਕਹਿੰਦੇ ਹਨ ਕਿ ਐਵੇਂ ਹੀ ਹਾਈਕੋਰਟ ਨੇ ਸੁਬਾਰਡੀਨੇਟ ਜੱਜ ਨੂੰ ਡਿਸਮਿਸ ਕਰ ਦਿੱਤਾ; ਸਾਨੂੰ ਹਾਈਕੋਰਟ ਦੇ ਇਹ ਜਿਹੜੇ ਫੈਸਲੇ ਹਨ ਇਨ੍ਹਾਂ ਨੂੰ ਇਥੇ ਡਿਸਕਸ ਨਹੀਂ ਕਰਨਾ ਚਾਹੀਦਾ । ਆਨਰੇਬਲ ਮੈਂਬਰ ਸਾਹਿਬ ਇਥੇ ਜੋ ਇਹ ਗਲਾਂ ਕਰ ਗਏ ਹਨ ਜੇ ਇਹ ਬਾਹਰ ਕਰਦੇ ਤਾਂ ਕੰਟੈਂਪਟ ਆਫ਼ ਦੀ ਕੋਰਟ ਹੋ ਜਾਣਾ ਸੀ। ਵਿਧਾਨ ਸਭਾ ਦੇ ਪਰੋਸੀਜਰ ਦੇ ਮੁਤਾਬਿਕ ਵੀ ਰੂਲਜ਼ ਵਿਚ ਇਹ ਕਲੀਅਰਲੀ ਮੈਨਸ਼ਨ ਹੈ ਕਿ ਜੁਡੀਸ਼ਰੀ ਨੂੰ ਇਥੇ ਡਿਸਕਸ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੂੰ ਇਹ ਗਲਾਂ ਇਥੇ ਨਹੀਂ ਸੀ ਕਰਨੀਆਂ ਚਾਹੀਦੀਆਂ। ਫਿਰ ਇਹ ਅਮੈਂਡਮੈਂਟ ਸਿਰਫ ਪੰਜਾਬ ਦੀ ਨਹੀਂ ਬਲਕਿ ਇਸ ਤੋਂ ਪਹਿਲਾਂ ਹਰਿਆਣਾ ਗੌਰਮਿੰਟ ਵੀ ਕਰ ਚੁਕੀ ਹੈ। ਯੂ.ਟੀ. ਵੀ ਕਰ ਚੁਕੀ ਹੈ। ਸਾਡੀ ਹਾਈਕੋਰਟ ਦੀ ਜੁਰਿਸਡਿਕ-ਸ਼ਨ ਵਿਚ ਤਿੰਨ ਸਟੇਟਾਂ ਹਨ ਜਿਨ੍ਹਾਂ ਵਿਚੋਂ ਦੋ ਪਹਿਲਾਂ ਤੋਂ ਹੀ ਕਰ ਚੁਕੀਆਂ ਹਨ ਅੱਰ ਅਸੀਂ ਹੁਣ ਅਮੈਂਡਮੈਂਟ ਲਿਆ ਰਹੇ ਹਾਂ। ਇਸ ਬਾਰੇ ਕੁਝ ਸੈਕਸ਼ਨਾਂ ਤੋਂ ਮੰਗ ਵੀ ਆਈ ਹੈ। ਕਈਆਂ ਵਕੀਲਾਂ ਨੇ ਵੀ ਕਿਹਾ ਹੈ ਕਿ ਇਹ ਹੱਦ ਜ਼ਰੂਰ ਵਧਾਉਣੀ ਚਾਹੀਦੀ ਹੈ। ਇਸ ਬਾਰੇ ਕਈ ਵਕੀਲਾਂ ਨੇ

Original with;
Punjab Vidhan Sabha
Digitized by;
Panjab Digital Library

ਇਹ ਵੀ ਕਿਹਾ ਹੈ ਕਿ ਸਾਈਮਲਟੇਨੀਅਸਲੀ ਕਰ ਦਿਓ। ਇਹੋ ਜਿਹੇ ਵਿਚਾਰ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਅਮੈਂਡਮੈਂਟ ਕਰਨ ਦੇ ਨਾਲ 98% ਕੇਸਿਜ਼ ਹਾਈਕੋਰਟ ਤੋਂ ਡਿਸਟ੍ਰਿਕਟ ਜੱਜਾਂ ਕੋਲ ਆ ਜਾਣਗੇ। ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਕਿਹਾ ਹੈ ਕਿ ਕੋਈ ਖਾਸ ਬੰਦਾ ਹੈ ਜੋ ਇਸ ਤਰ੍ਹਾਂ ਕਰਵਾ ਰਿਹਾ ਹੈ। ਮੈਂ ਪਾਂਧੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਤੁਹਾਡਾ ਹੀ ਮਤਾ ਸੀ ਜੋ ਕਿ ਹੁਣ ਲਿਆਂਦਾ ਜਾ ਰਿਹਾ ਹੈ। ਇਸ ਲਈ ਤੁਸੀਂ ਹੀ ਇਸ ਬਾਰੇ ਦੱਸ ਦਿਓ ਕਿ ਕਿਹੜਾ ਕੋਈ ਖਾਸ ਬੰਦਾ ਹੈ ਜਿਹੜਾ ਕਿ ਇਸ ਨੂੰ ਪਾਸ ਕਰਾਉਣ ਦਾ ਯਤਨ ਕਰਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਬੇਨਤੀ ਕਰਾਂਗਾ ਕਿ ਇਹ ਜੋ ਅਮੈਂਡਮੈਂਟ ਲਿਆਂਦੀ ਗਈ ਹੈ ਇਹ ਲੋਕਾਂ ਦੇ ਇਨਟਰੈਸਟ ਵਿਚ ਹੈ, ਲੋਕਾਂ ਦੀਆਂ ਤਕਲੀਫਾਂ ਨੂੰ ਘੱਟ ਕਰੇਗੀ, ਇਸ ਦੇ ਨਾਲ ਲੋਕਾਂ ਤੇ ਬੋਝ ਘਟੇਗਾ ਅਤੇ ਲੋਕਾਂ ਨੂੰ ਇਥੇ ਹਾਈਕੋਰਟ ਵਿਚ ਨਹੀਂ ਆਉਣਾ ਪਵੇਗਾ। ਇਸ ਲਈ ਸੀ.ਐਮ. ਸਾਹਿਬ ਨੇ ਜਿਹੜੀ ਅਮੈਂਡਮੈਂਟ ਨੂੰ ਕਾਨੂੰਨ ਦੀ ਸ਼ਕਲ ਦੇਣ ਦਾ ਯਤਨ ਕੀਤਾ ਹੈ ਉਸ ਦੇ ਲਈ ਮੈਂ ਸਾਰੇ ਹਾਊਸ ਨੂੰ ਰਿਕੁਐਸਟ ਕਰਾਂਗੇ ਕਿ ਉਹ ਇਸ ਨੂੰ ਪਾਸ ਕਰ ਦੇਵੇ।

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ) : ਸਪੀਕਰ ਸਾਹਿਬ, ਪੰਜਾਬ ਕੋਰਟਸ (ਅਮੈਂਡਮੈਂਟ) ਬਿਲ, 1980 ..... (ਵਿਘਨ)

ਸ਼੍ਰੀ ਸਪੀਕਰ : ਮਾਸਟਰ ਬਾਬੂ ਸਿੰਘ ਜੀ, ਮੈਂ ਤੁਹਾਨੂੰ ਰਿਕੁਐਸਟ ਕਰਾਂਗਾ ਕਿ ਤੁਸੀਂ ਪੰਜ ਮਿੰਟ ਤੋਂ ਵੱਧ ਸਮਾਂ ਨਾ ਲੈਣਾ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੇਰੇ ਤੇ ਪਹਿਲਾਂ ਜਿਤਨੇ ਵੀ ਮੈਂਬਰ ਬੋਲੇ ਹਨ, ਉਨ੍ਹਾਂ ਦੇ ਬੋਲਣ ਤੇ ਕੋਈ ਪੰਜ ਮਿੰਟ ਦੀ ਪਾਬੰਦੀ ਨਹੀਂ ਲਗੀ। (ਵਿਘਨ) ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ ਪੰਜਾਬ ਕੋਰਟਸ (ਅਮੈਂਡਮੈਂਟ) ਬਿਲ, 1980 ਵਿਚ ਜੋ ਕੁਝ ਤੁਸੀਂ ਲਿਖਿਆ ਹੈ, ਇਹ ਠੀਕ ਨਹੀਂ ਹੈ। (ਵਿਘਨ) ਸਪੀਕਰ ਸਾਹਿਬ, ਨੀਚੇ ਸਰਕਲਾਂ ਵਿਚ ਰਿਸ਼ਵਤ ਆਮ ਹੈ। ਇਹ ਗੱਲ ਮੈਂ ਕਾਂਗਰਸ ਗੌਰਮਿੰਟ ਦੀ ਨਹੀਂ ਕਰਦਾ ਲੇਕਿਨ ਰਿਸ਼ਵਤ ਨੀਚੇ ਆਮ ਹੈ। (ਵਿਘਨ) ਇਹ ਸੱਚ ਹੈ। ਮੈਂ ਹਾਈਕੋਰਟ ਦੇ ਜੱਜਾਂ ਦਾ ਜ਼ਿਕਰ ਨਹੀਂ ਕਰਦਾ (ਵਿਘਨ) ਡਿਸਟ੍ਰਿਕਟ ਜੱਜ ਅਤੇ ਏ.ਡੀ.ਐਮ. ਵਗੈਰਾ ਜੋ ਹਨ, ਉਹ ਸਭ ਸਰਕਾਰ ਦੇ ਕਹਿਣ ਮੁਤਾਬਿਕ ਚਲਦੇ ਹਨ। ਜੇਕਰ ਅਕਾਲੀਆਂ ਦਾ ਰਾਜ ਹੋਵੇ ਤਾਂ ਉਸ ਪਾਰਟੀ ਦਾ ਸੀ.ਐਮ. ਕਹਿੰਦਾ ਹੈ ਕਿ ਕਾਂਗਰਸੀਆਂ ਨੂੰ ਫੜ ਕੇ ਅੰਦਰ ਕਰ ਦਿਓ ਤਾਂ ਡਿਸਟ੍ਰਿਕਟ ਜੱਜ ਵਗੈਰਾ ਉਸ ਸੀ.ਐਮ. ਦਾ ਹੁਕਮ ਮੰਨਦੇ ਹਨ ਅਤੇ ਕਾਂਗਰਸੀਆਂ ਨੂੰ ਫੜ ਫੜ ਕੇ ਅੰਦਰ ਕਰੀ ਜਾਂਦੇ ਹਨ ਔਰ ਜੇਕਰ ਕਾਂਗਰਸ ਪਾਰਟੀ ਦਾ ਰਾਜ ਹੋਵੇ ਤਾਂ ਕਾਂਗਰਸੀ ਸੀ.ਐਮ. ਸਾਹਿਬ ਹੁਕਮ ਕਰਨ ਤਾਂ ਡਿਸਟ੍ਰਿਕਟ ਜੱਜ ਉਸ ਸੀ.ਐਮ. ਸਾਹਿਬ ਦਾ ਹੁਕਮ ਮੰਨਣਗੇ ਅਤੇ ਅਕਾਲੀਆਂ ਨੂੰ ਫੜ ਫੜ ਅੰਦਰ ਕਰੀ ਜਾਣਗੇ। (ਵਿਘਨ) (ਸ਼ੋਰ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮਾਸਟਰ ਬਾਬੂ ਸਿੰਘ ਜੀ ਜੱਜ ਅਤੇ ਡਿਸਟ੍ਰਿਕਟ ਜੱਜ ਤੇ ਐਸਪਰਸ਼ਨ ਕਰ ਰਹੇ ਹਨ। (ਵਿਘਨ) (ਸ਼ੋਰ) ਉਨ੍ਹਾਂ ਦੀ ਇਨਟੈਗਰਿਟੀ ਤੇ ਡਾਊਟ ਕਰ ਰਹੇ ਹਨ।

Original with;
Punjab Vidhan Sabha
Digitized by:
Panjab Digital Library

ਸ਼੍ਰੀ ਸਪੀਕਰ: ਚਤੱਰਥ ਜੀ, ਮਾਸਟਰ ਜੀ ਸਭ ਕੁਝ ਜਾਣਦੇ ਹਨ। ਜੋ ਉਹ ਦੱਸ ਰਹੇ ਹਨ, ਠੀਕ ਦੱਸ ਰਹੇ ਹਨ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਕਿਸੇ ਤੇ ਰਿਮਾਰਕਸ ਨਹੀਂ ਕਸ ਰਿਹਾ, ਮੈਂ ਸਿਰਫ ਮਾਹੌਲ ਦੱਸ ਰਿਹਾ ਹਾਂ। ਸਾਡੇ ਦੇਸ਼ ਦਾ ਕਿਹੋ ਜਿਹਾ ਮਾਹੌਲ ਹੈ, ਮੈਂ ਉਸ ਬਾਰੇ ਦੱਸ ਰਿਹਾ ਹਾਂ। ਸਪੀਕਰ ਸਾਹਿਬ, 25 ਕਰੋੜ ਰੁਪਏ ਦੀ ਰਕਮ ਸ਼ੈਡਿਊਲਡ ਕਾਸਟਸ ਲਈ ਰੱਖੀ ਗਈ ਸੀ ਪਰ ਉਸ ਵਿਚੋਂ ਕੁਲ 3 ਕਰੋੜ 46 ਲੱਖ ਰੁਪਏ ਦੀ ਰਕਮ ਵੰਡੀ ਗਈ, ਬਾਕੀ ਦੀ ਰਕਮ ਕਿਉਂ ਨਹੀਂ ਵੰਡੀ ਗਈ। ਇਸ ਦੇ ਕੀ ਕਾਰਨ ਸਨ ? ਹਰੀਜਨ ਭਰਾਵਾਂ ਨੇ ਛੇ ਹਜ਼ਾਰ ਜਾਂ ਸਾਢੇ ਛੇ ਹਜ਼ਾਰ ਰੁਪਿਆ ਕਰਜ਼ਾ ਲੈਣਾ ਸੀ ਲੇਕਿਨ ਉਹ ਕੇਸ ਡੀਲ ਕਰਨ ਵਾਲਿਆਂ ਨੂੰ ਖੁਸ਼ ਨਹੀਂ ਕਰ ਸਕੇ ਜਿਸ ਕਰਕੇ ਉਨ੍ਹਾਂ ਨੂੰ ਰੁਪਿਆ ਨਹੀਂ ਮਿਲ ਸਕਿਆ ਅਰਜ਼ੀਆਂ ਤਾਂ, ਸਪੀਕਰ ਸਾਹਿਬ, ਕਰਜ਼ਾ ਲੈਣ ਲਈ ਕੋਈ 50 ਕਰੋੜ ਰੁਪਏ ਦੀਆਂ ਆਈਆਂ ਸਨ। ਇਸ ਚੀਜ਼ ਨੂੰ ਦੇਖਣ ਦੀ ਲੋੜ ਹੈ। ਮੈਂ ਬਿਲਕੁਲ ਕਲੀਅਰ ਸ਼ਬਦਾਂ ਵਿਚ ਕਹਿ ਰਿਹਾ ਹਾਂ। (ਵਿਘਨ) ਡੀ.ਸੀ. ਦੇ ਥੱਲੇ ਜੋ ਵੀ ਏ. ਡੀ. ਏ. ਵਗੈਰਾ ਹਨ, ਉਹ ਡਿਪਟੀ ਕਮਿਸ਼ਨਰ ਦਾ ਹੁਕਮ ਮੰਨਦੇ ਹਨ। ਡੀ.ਸੀ. ਸ਼ਾਇਦ ਸਮੱਗਲਰਾਂ ਦੇ ਕੇਸ ਵਿਚ ਪੁਲਿਸ ਦੀ ਰਾਏ ਭਾਵੇਂ ਲੈ ਲੈਂਦਾ ਹੋਵੇ ਲੇਕਿਨ ਬਾਕੀ ਕੇਸਾਂ ਵਿਚ ਨਹੀਂ। ਇਸ ਲਈ, ਸਪੀਕਰ ਸਾਹਿਬ, ਸਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਇਹ ਰਕਮ 20,000 ਤੋਂ 40,000 ਰੁਪਿਆ ਕਰ ਲਓ ਤਾਂ ਕੋਈ ਗੱਲ ਨਹੀਂ ਪਰ ਇੱਕ ਦਮ 5 ਲੱਖ ਰੁਪਿਆ ਕਰਨਾ ਤਾਂ ਠੀਕ ਨਹੀਂ। ਸਪੀਕਰ ਸਾਹਿਬ, ਮੈਨੂੰ ਇਕ ਗੱਲ ਦੀ ਸਮਝ ਵਿਚ ਨਹੀਂ ਆਉਂਦੀ ਕਿ ਸੈਂਟਰ ਵਿਚ ਵੀ ਕਾਂਗਰਸ (ਆਈ) ਦਾ ਰਾਜ ਹੈ ਅਤੇ ਇਥੇ ਵੀ ਕਾਂਗਰਸ (ਆਈ) ਦਾ ਰਾਜ ਹੈ। ਇਹੋ ਜਿਹਾ ਕੋਈ ਕਾਨੂੰਨ ਵੀ ਨਹੀਂ ਕਿ ਅਸੀਂ ਜੱਜ ਵਧਾ ਨਹੀਂ ਸਕਦੇ। ਜੱਜ, ਸਪੀਕਰ ਸਾਹਿਬ, ਵੱਧ ਸ਼ਕਦੇ ਹਨ। ਕੰਮ ਜ਼ਿਆਦਾ ਹੋ ਗਿਆ ਹੈ ਤਾਂ ਇਸ ਦੇ ਲਈ ਜੱਜ ਵਧਾਏ ਜਾ ਸਕਦੇ ਹਨ। ਜੱਜ ਵਧਾਉਣ ਲਈ ਕੋਈ ਕਾਨੂੰਨ ਵਿਚ ਰੁਕਾਵਟ ਨਹੀਂ ਹੈ। ਜੱਜ 10, 10 ਜਾਂ 15, 15 ਸਾਲਾਂ ਦੇ ਵਕਾਲਤ ਦੇ ਐਕਸਪੀਰੀਐਂਸ ਵਾਲੇ ਲਗਦੇ ਹਨ ਅਤੇ ਇਹ ਹਾਈ ਡਿਗਨਿਟੀ ਦੇ ਵਕੀਲ ਹੁੰਦੇ ਹਨ। ਇਸ ਲਈ, ਸਪੀਕਰ ਸਾਹਿਬ, ਹਾਈ ਕੋਰਟ ਦੇ ਜੱਜਾਂ ਦੀ ਇਨਟੈਗਰਿਟੀ ਤੇ ਡਾਊਟ ਨਹੀਂ ਕੀਤਾ ਜਾ ਸਕਦਾ। ਇਹ ਬਹੁਤ ਰਿਸ-ਪੈਕਟੇਬਲ ਬੰਦੇ ਹੁੰਦੇ ਹਨ। (ਵਿਘਨ) ਪਰ ਜੇਕਰ ਅਸੀਂ, ਸਪੀਕਰ ਸਾਹਿਬ, ਡਿਸਟ੍ਰਕਟ ਕੋਰਟ ਨੂੰ 5 ਲੱਖ ਰੁਪਏ ਦੇ ਕੇਸਿਜ਼ ਦੇ ਦਿੰਦੇ ਹਾਂ, ਇਸ ਨਾਲ ਕੰਮ ਖ਼ਰਾਬ ਹੋਵੇਗਾ। ਇਸ ਲਈ ਮੈਂ ; ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਅਮੈਂਡਮੈਂਟ ਬਿਲ ਨੂੰ ਰੀਕੰਸਿਡਰ ਕਰਨ। ਪੰਜ ਲੱਖ ਰੁਪਏ ਦੀ ਰਕਮ ਬਹੁਤ ਜ਼ਿਆਦਾ ਹੈ। ਡਿਸਟ੍ਰਿਕਟ ਲੈਵਲ ਤੇ ਜੱਜ ਇਹੋ ਜਿਹੇ ਹੁੰਦੇ ਹਨ ਜਿਹੜੇ ਡਰਿੰਕ ਕਰਦੇ ਹਨ ਔਰ ਸਮੱਗਲਰਾਂ ਦੇ ਘਰ ਉਨ੍ਹਾਂ ਦਾ ਆਉਣਾ ਜਾਣਾ ਹੁੰਦਾ ਹੈ। ਸਾਰੀ ਪੁਜ਼ੀਸ਼ਨ ਦੇਖ ਕੇ, ਐਨਵਾਇਰਮੈਂਟ ਦੇਖ ਕੇ ਉਸ ਦੇ ਮੁਤਾਬਿਕ ਹੀ ਰਕਮ ਵਧਾਉਣੀ ਚਾਹੀਦੀ ਹੈ। ਸਾਨੂੰ ਹਾਈਕੋਰਟ ਦੇ ਜੱਜਾਂ ਤੇ ਨਿਰਭਰ ਹੋਣਾ ਚਾਹੀਦਾ ਹੈ ਜਿਨ੍ਹਾਂ ਤੇ ਕੋਈ ਡਾਊਟ ਨਹੀਂ ਕਰ ਸਕਦਾ ਅਤੇ ਨਾ ਹੀ ਉਨ੍ਹਾਂ ਦੀ ਨਿਯੁਕਤੀ ਤੇ ਕੋਈ ਡਾਊਟ ਹੋ ਸਕਦਾ ਹੈ। ਬੜੀ ਮੁਸ਼ਕਲ ਦੇ ਨਾਲ 15—20 ਸਾਲਾਂ ਬਾਅਦ ਹਾਈਕੋਰਟ ਦਾ ਜੱਜ ਕੋਈ ਬਣ ਸਕਦਾ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਕੇਸ ਨੂੰ ਸਿਲੈਕਟ ਕਮੇਟੀ ਨੂੰ ਦੇ ਦਿਓ। ਕਿਸੇ ਚੰਗੇ ਐਕਸਪਰਟਸ ਦੀ ਰਾਏ ਲੈ ਲਓ। ਇਹ ਹੋ ਸਕਦਾ ਹੈ ਕਿ ਡਿਸਟ੍ਰਿਕਟ ਕੋਰਟਾਂ ਦੇ ਵਕੀਲ ਖੁਸ਼ ਹੋਏ ਹੋਣਗੇ ਕਿ ਜੇਕਰ 5 ਲੱਖ ਰੁਪਏ ਦੀ ਰਕਮ ਕਰ ਦਿੱਤੀ ਗਈ ਤਾਂ ਸਾਡੇ ਪਾਸ ਬਹੁਤ ਜ਼ਿਆਦਾ ਕੇਸ ਆਉਣਗੇ ਅਤੇ ਸਾਨੂੰ ਬਹੁਤ ਫਾਇਦਾ ਹੋਵੇਗਾ। ਸਪੀਕਰ ਸਾਹਿਬ, ਕੁਰੱਪਸ਼ਨ ਸਾਰੇ ਇੰਡੀਆ ਵਿਚ ਚਲਦੀ ਹੈ। ਇਸ ਨਾਲ ਕੁਰੱਪਸ਼ਨ ਹੋਰ ਵਧੇਗੀ। ਅੱਜ ਪੁਲੀਟੀਕਲ ਕੁਰੱਪਸ਼ਨ ਹੈ। ਹਾਈਕੋਰਟ

Original with;
Punjab Vidhan Sabha
Digitized by;
Panjab Digital Library

ਦੇ ਜੱਜਾਂ ਦੀ ਇਨਟੈਗਰਿਟੀ ਡਾਊਟਫੁਲ ਨਹੀਂ ਹੁੰਦੀ। ਇਸ ਲਈ, ਮੈਂ ਸਝਮਦਾ ਹਾਂ ਕਿ ਡਿਸ-ਟ੍ਰਿਕਟ ਲੈਵਲ ਤੇ 5 ਲੱਖ ਦੀ ਬਜਾਏ 40,000 ਕਰ ਦਿਓ ਤਾਂ ਕੋਈ ਹਰਜ ਵਾਲੀ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਅਮੈਂਡਮੈਂਟ ਬਿਲ ਸਿਲੈਕਟ ਕਮੇਟੀ ਦੇ ਪਾਸ ਬਕਾਇਦਾ ਪੇਸ਼ ਕਰੋ ਅੰਰ ਲੀਗਲ ਐਡਵਾਈਜ਼ ਲੈ ਕੇ ਹੀ ਕੋਈ ਕਦਮ ਚੁਕਣਾ ਚਾਹੀਦਾ ਹੈ। ਮੈਂ ਇਹ ਵੀ ਸਮਝਦਾ ਹਾਂ ਕਿ ਪੰਜ ਲੱਖ ਰੁਪਏ ਦੀ ਰਕਮ ਬਹੁਤ ਜ਼ਿਆਦਾ ਹੈ। ਜੇਕਰ ਇਹ ਰਕਮ ਵਧਾ ਦਿੱਤੀ ਗਈ ਤਾਂ ਇਸ ਦੇ ਨਾਲ ਵੱਡੇ ਵੱਡੇ ਲੈਂਡ ਲਾਰਡ, ਵੱਡੇ ਵੱਡੇ ਕਾਰਖਾਨੇਦਾਰ ਫਾਇਦਾ ਉਠਾਣਗੇ ਅਤੇ ਗਰੀਬਾਂ ਨੂੰ ਕੋਈ ਇਨਸਾਫ ਨਹੀਂ ਮਿਲੇਗਾ। ਗਰੀਬਾਂ ਲਈ ਇਨਸਾਫ ਦੇ ਰਸਤੇ ਬੰਦ ਹੋ ਜਾਣਗੇ। ਜੇਕਰ ਕਿਸੇ ਦਾ ਪੰਜ ਲੱਖ ਦਾ ਕੇਸ ਹੋਵੇਗਾ ਜਾਂ ਚਾਰ ਲੱਖ ਦਾ ਕੇਸ ਹੋਵੇਗਾ ਤਾਂ ਉਹ ਪੰਜ ਜਾਂ ਚਾਰ ਲੱਖ ਦੇ ਕੇਸ ਵਿਚੋਂ ਇੱਕ ਲੱਖ ਰੁਪਏ ਦੇ ਕੇ ਕੇਸ ਜਿੱਤ ਲਵੇਗਾ। (ਵਿਘਨ) ਇਸ ਲਈ, ਸਪੀਕਰ ਸਾਹਿਬ, ਇਸ ਨੂੰ ਰੀਕੰਸਿਡਰ ਕਰਕੇ ਦੁਬਾਰਾ ਲਿਆਣਾ ਚਾਹੀਦਾ ਹੈ। ਰੀਟਰੋਸਪੈਕਟਿਵ ਇਫੈਕਟ, ਜਨਵਰੀ, ਤੋਂ ਹੀ ਲਾਗੂ ਕਰ ਦਿੱਤਾ ਗਿਆ ਹੈ। ਕਈ ਕੇਸਾਂ ਦੇ ਅਜੇ ਫੈਸਲੇ ਹੋਣੇ ਰਹਿੰਦੇ ਹਨ ਪਰ ਅਮੈਂਡ-ਮੈਂਟ ਬਿਲ ਪਾਸ ਹੋਣ ਤੋਂ ਬਾਅਦ ਡਿਸਟ੍ਰਿਕਟ ਕੋਰਟਸ ਵਿਚ ਸਾਰੇ ਕੇਸ ਭੇਜ ਦਿੱਤੇ ਜਾਣਗੇ ਜਿਸ ਨਾਲ ਕਈ ਮੁਸ਼ਕਲਾਂ ਪੇਸ਼ ਆਉਣਗੀਆਂ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਾਂਤੀ ਨਾਲ ਬਿਲ ਪਾਸ ਕਰਾਉਣਾ ਚਾਹੀਦਾ ਹੈ। ਜੇਕਰ ਅੱਜ ਪਾਸ ਕਰ ਦੇਵੋ ਤਾਂ ਛੇ ਮਹੀਨਿਆਂ ਬਾਦ ਹੋਰ ਅਮੈਂਡਮੈਂਟ ਲਿਆਉਣੀ ਪਵੇਗੀ। (ਵਿਘਨ) ਇਸ ਵਾਸਤੇ ਮੈਂ ਤਾਂ ਇਹ ਰਾਏ ਦਿਆਂਗਾ ਕਿ ਇਸ ਨੂੰ ਸਿਲੈਂਕਟ ਕਮੇਟੀ ਦੇ ਸਪੁਰਦ ਕਰਕੇ ਇਸ ਦੇ ਪਰਾਸ ਐਂਡ ਕੌਨਜ਼ ਦੇਖ ਕੇ ਫਿਰ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਇਹ ਆਰਡੀਨੈਂਸ ਜੋ ਪਿਛਲੀ ਸਰਕਾਰ ਨੇ ਬਣਾਇਆ ਸੀ ਪਹ ਲੈਪਸ ਹੁੰਦਾ ਸੀ, ਇਸ ਕਰਕੇ ਇਹ ਹਾਊਸ ਵਿਚ ਲਿਆਂਦਾ ਗਿਆ ਹੈ। ਮੈਂ ਸਮਝਦਾ ਹਾਂ ਕਿ ਸਾਰੇ ਬੋਲਣ ਵਾਲਿਆਂ ਨੇ ਖਾਸ ਕਰਕੇ ਜੋ ਪਾਂਧੀ ਸਾਹਿਬ ਨੇ ਕਿਹਾ ਹੈ ਕਿ ਕੋਰਟਾਂ ਵਿਚ ਪਾਣੀ ਦਾ ਇੰਤਜ਼ਾਮ ਨਹੀਂ, ਇਸ ਨਾਲ ਇਸ ਚੀਜ਼ ਦਾ ਕੋਈ ਤੁਅੱਲਕ ਨਹੀਂ ਹੈ। ਜਦੋਂ ਬਜਟ ਤੇ ਡਿਸਕਸ਼ਨ ਹੋਈ ਸੀ, ਉਦੋਂ ਇਹ ਇਸ ਬਾਰੇ ਕਹਿ ਸਕਦੇ ਸਨ ਕਿ ਲੋਕਾਂ ਨੂੰ ਪੀਣ ਵਾਸਤੇ ਪਾਣੀ ਜਾਂ ਹੋਰ ਅਮਿਨਿਟੀਜ਼ ਮਿਲਣੀਆਂ ਚਾਹੀਦੀਆਂ ਹਨ ਪਰ ਇਹ ਉਸ ਦੇ ਬਰਅਕਸ ਹੈ। ਇਹ ਪੜ੍ਹੇ ਲਿਖੇ ਵਕੀਲ ਹਨ ਅੰਰ ਇਨ੍ਹਾਂ ਨੇ ਕਾਫੀ ਧਿਆਨ ਕੀਤਾ ਹੋਏਗਾ। ਇਸ ਵਿਚ ਮੋਟੀ ਗਲ ਹੈ ਕਿ ਇੱਕ ਆਰਡੀਨੈਂਸ ਬਣਾਇਆ ਸੀ ਤਾਕਿ 20,000 ਤੋਂ 5 ਲੱਖ ਰੁਪਏ ਤਕ ਦੇ ਕੇਸਿਜ਼ ਥਲੇ ਡਿਸਟ੍ਰਿਕਟ ਸੈਸ਼ਨਜ਼ ਜੱਜ ਦੀ ਕੋਰਟ ਵਿਚ ਚਲੇ ਜਾਣ। ਸਪੀਕਰ ਸਾਹਿਬ, ਮੁਖਸਰ ਤੌਰ ਤੇ ਗਲ ਇਹ ਕਿ ਜਿੰਨੀ ਵੀ ਲੈਂਡਿਡ ਪ੍ਰਾਪਰਟੀ ਹੈ ਹੁਣ ਵੀ ਉਨ੍ਹਾਂ ਸਬੰਧੀ ਕੇਸਿਜ਼ ਸੈਸ਼ਨਜ਼ ਜੱਜਿਜ਼ ਕੋਲ ਦਸ ਲੱਖ ਦੇ, 50 ਲੱਖ ਦੇ ਉਨ੍ਹਾਂ ਪਾਸ ਜਾਂਦੇ ਹਨ ਅੰਰ ਉਸ ਵਿਚ ਕੋਈ ਰੋਕ ਨਹੀਂ ਹੈ। ਇਹ ਸਿਰਫ ਐਨਾ ਹੈ ਕਿ ਜੋ 20,000 ਦੀ ਸਟ੍ਰਕਚਰਲ ਕਿਸੇ ਚੀਜ਼ ਦੀ ਕੀਮਤ ਹੈ, ਉਹ ਪਹਿਲਾਂ ਵੀਹ ਹਜ਼ਾਰ ਤਕ ਸੁਣ ਸਕਦੇ ਹਨ ਪਰ ਹੁਣ 5 ਲੱਖ ਤਕ ਸੁਣ ਸਕਣਗੇ। ਇਸ ਵਿਚ ਲੀਗਲ ਪੁਆਇੰਟ ਕੋਈ ਇਨਵਾਲਵਡ ਨਹੀਂ ਹੈ। ਪਾਵਰਜ਼ ਦਿੱਤੀਆਂ ਹਨ ਤਾਂਕਿ ਉਹ ਕੇਸਿਜ਼ ਉਸ ਲੈਵਲ ਤੇ ਡਿਸਪੋਜ਼ ਆਫ ਹੋ ਸਕਣ। ਕੇਸਿਜ਼ ਦੀ ਡਿਸਪੋਜ਼ਲ ਜਲਦੀ ਤੋਂ ਜਲਦੀ ਹੋ ਸਕੇ। ਇਸ ਵਿਚ ਹੋਰ ਕੁਝ ਨਹੀਂ ਹੈ। ਉਸ ਆਰਡੀਨੈਂਸ ਦੀ ਅਨੈਅੈਕਟਮੈਂਟ ਕੀਤੀ ਹੈ, ਇਸ ਨੂੰ ਪਾਸ ਕੀਤਾ ਜਾਵੇ।

Original with;
Punjab Vidhan Sabha
Digitized by:
Panjab Digital Library

Mr Speaker : Question is—

That this House disapproves the Punjab Courts (Second Amendment) Ordinance 1980 (Punjab Ordinance No. 4 of 1980).

The motion was lost.

Mr. Speaker : Question is—

That the Punjab Courts (Amendment) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

SUB-CLAUSE (2) OF CLAUSE 1.

Mr. Speaker : Question is—

That Sub-Clause (2) of Clause 1 stand part of the Bill.

The motion was carried.

CLAUSE 2

Mr. Speaker : I have received a notice of amendment to Clause 2 from Sardar Dalip Singh Pandhi. If the hon. Member wants to move it, he may do so.

(The motion was not moved as the hon. Member was not present).

Mr. Speaker : Since the hon. Member is not present, the notice of amendment is dropped.

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker: Question is—

That Clause 3 stand part of the Bill.

The motion was carried.

SUB-CLAUSE (1) OF CLAUSE 1

Mr. Speaker : Qustion is—

That Sub-clause (1) of Clause 1 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213(2) (a) OF THE CONSTITUTION OF INDIA DISAPPROVING THE PUNJAB AGRICULTURAL PRODUCE MARKETS (AMENDMENT) ORDINANCE, 1980 (PUNJAB ORDINANCE NO. 5 OF 1980)
AND
THE PUNJAB AGRICULTURAL PRODUCE MARKETS (AMENDMENT) BILL, 1980

TITLE

Mr. Speaker : Question is—

That Title be the title of the Bill.

The motion was carried.

Chief Minister (Sardar Darbara Singh) : Sir, I beg to move—

That the Punjab Courts (Amendment) Bill be passed.

Mr. Speaker : Motion moved—

That the Punjab Courts (Amendment) Bill be passed.

Mr. Speaker : Question is—

That the Punjab Courts (Amendment) Bill be passed.

The motion was carried.

RESOLUTION UNDER ARTICLE (213)(2) (a) OF THE CONSTITUTION OF INDIA DISAPPROVING THE PUNJAB AGRICULTURAL PRODUCE MARKETS (AMENDMENT) ORDINANCE, 1980 (PUNJAB ORDINANCE NO. 5 OF 1980)
AND
THE PUNJAB AGRICULTURAL PRODUCE MARKETS (AMENDMENT) BILL, 1980

Mr. Speaker : Comrade Baldev Singh Loomba has given notice of Resolution disapproving the Punjab Agricultural Produce Markets (Amendment) Ordinance, 1980 (Punjab Ordinance No.5 of 1980). If the House agrees, the notice of disapproval of the Ordinance and the consideration motion of the Punjab Agricultural Produce Markets (Amendment) Bill, 1980, be discussed together and voted upon separately.

Voices : Yes, yes.

Comrade Baldev Singh Loomba : Sir, I beg to move—

That this House disapproves the Punjab Agricultural Produce Markets (Amendment) Ordinance, 1980 (Punjab Ordinance No. 5 of 1980).

Mr. Speaker : Motion moved—

That this House disapproves the Punjab Agricultural Produce Markets (Amendment) Ordinance, 1980 (Punjab Ordinance No.5 of 1980).

Agriculture Minister (Chaudhri Kanshi Ram) : Sir, I beg to introduce the Punjab Agricultural Produce Markets (Amendment) Bill.

Sir, I also beg to move—

That the Punjab Agricultural Produce Markets (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

Mr. Speaker : Motion moved—

That the Punjab Agricultural Produce Markets (Amendment) Bill be taken into consideration at once.

ਕਾਮਰੇਡ ਬਲਦੇਵ ਸਿੰਘ ਲੂੰਬਾ (ਸ਼ੁਤਰਾਣਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਇਸ ਐਕਟ ਦੀ ਵਿਰੋਧਤਾ ਇਸ ਪੱਖ ਤੋਂ ਕਰਨ ਲਈ ਖੜਾ ਹੋਇਆ ਹਾਂ ਕਿ ਪੁਲੀਟੀਕਲੀ ਤਾਂ ਇਹ ਜਿੰਨਾ ਕੁਝ ਸਮਾਂ ਮੰਗਿਆ ਹੈ ਇਸ ਸਮੇਂ ਲਈ ਕਹਿ ਦੇਈਏ ਕਿ ਇਹ ਸਮਾਂ ਤਾਂ ਜ਼ਿਆਦਾ ਨਹੀਂ, ਪਰ ਜਦੋਂ ਅਸੀਂ ਸੋਚਦੇ ਹਾਂ ਸਟੇਟ ਦੀ ਵੈਲਫੇਅਰ ਦੇ ਤੌਰ ਤੇ ਤਾਂ ਇਹ ਸਮਾਂ ਜ਼ਿਆਦਾ ਹੋ ਗਿਆ ਹੈ। 1977 ਦੀਆਂ ਮਾਰਕਿਟ ਕਮੇਟੀਆਂ ਤੋੜੀਆਂ ਹੋਈਆਂ ਹਨ ਅੌਰ ਲਗਾਤਾਰ ਛੇ ਮਹੀਨੇ ਬਾਅਦ ਜੋ ਸਾਡੀ ਸਟੇਟ ਦੀ ਮਸ਼ੀਨਰੀ ਹੁੰਦੀ ਹੈ ਉਹ ਇਸ ਹਾਊਸ ਤੋਂ ਐਪਰੂਵਲ ਲੈ ਲੈਂਦੀ ਹੈ ਕਿ ਹੋਰ ਸਮਾਂ ਵਧਾ ਦਿਉ। ਹੁਣ ਇਹ 3 ਸਾਲ 6 ਮਹੀਨੇ ਤਾਂ ਅਗੇ ਹੀ ਹੋ ਗਏ ਹਨ। ਦੂਜੇ ਪਾਸੇ ਇਹ ਵੀ ਠੀਕ ਗੱਲ ਸਮਝ ਲਗ ਜਾਂਦੀ ਜੇ ਇਹ ਹਾਊਸ ਨੂੰ ਗਾਰੰਟੀ ਕਰਦੇ ਕਿ ਮਾਰਕਿਟ ਕਮੇਟੀਆਂ ਨੌਮੀਨੇਟ ਕਰਨ ਦੀ ਬੀਮਾਰੀ ਜਿਹੜੀ 1977 ਤੋਂ ਪਹਿਲਾਂ ਸੀ, ਉਹ ਨਹੀਂ ਰਹੇਗੀ। ਇਨ੍ਹਾਂ ਨੇ ਦੋ ਬਿਲ ਲਿਆਂਦੇ ਹਨ, ਇੱਕ ਇਹ ਪਾਸ ਕਰ ਚੁੱਕੇ ਹਨ। ਮਨਿਸਟਰ ਸਾਹਿਬ ਨੇ ਇਹ ਗਲ ਵੀ ਕਹਿ ਦਿੱਤੀ ਹੈ, ਰੰਧਾਵਾ ਸਾਹਿਬ ਨੇ ਇਹ ਕਹਿ ਦਿੱਤਾ ਹੈ, ਕਿ ਹਾਊਸ ਉਠਣ ਤੋਂ ਬਾਅਦ ਮੈਂ ਆਪਣੇ ਮਹਿਕਮੇ ਨੂੰ ਇਸ ਕੰਮ ਤੇ ਲਗਾ ਦੇਣਾ ਹੈ ਕਿ ਚੋਣਾਂ ਦਾ ਪ੍ਰਬੰਧ ਕਰੋ। ਜਿੰਨਾਂ ਸਮਾਂ ਮੰਗਿਆ ਗਿਆ ਕਿ ਨਵੰਬਰ ਤੋਂ ਪਹਿਲਾਂ ਪਹਿਲਾਂ ਬਲਾਕ ਸੰਮਿਤੀਆਂ ਅੌਰ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਕਰਾ ਦੇਣਗੇ ਲੇਕਿਨ ਮਾਰਕਿਟ ਕਮੇਟੀਆਂ ਦੇ ਨੁਮਾਇੰਦੇ ਉਸ ਵਿਚ ਕਿਵੇਂ ਜਾਣਗੇ ? ਇਸ ਬਾਰੇ ਕੋਈ ਗਲ ਨਹੀਂ ਕੀਤੀ ਗਈ । ਮਾਰਕਿਟ ਕਮੇਟੀਆਂ ਦੇ ਨੁਮਾਇੰਦੇ ਬਲਾਕ ਸੰਮਤੀਆਂ ਵਿਚ ਜਾਣੇ ਹਨ। ਜੇ ਮਾਰਕਿਟ ਕਮੇਟੀਆਂ ਦੇ ਨੁਮਾਇੰਦੇ ਨਹੀਂ ਜਾਣਗੇ ਤਾਂ ਕੁਦਰਤੀ ਹੈ ਕਿ ਚੇਅਰਮੈਨ ਤੇ ਅਸਰ ਪਏਗਾ । ਇਸ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਦੀ ਜੋ ਨੀਤੀ ਹੈ ਉਸ ਤੋਂ ਇਹ ਲਗਦਾ ਹੈ ਕਿ ਜੇ ਪਹਿਲੀ ਗਲ ਦਰੁਸਤ ਹੈ ਤਾਂ ਫਿਰ ਇਹ ਨੌਮੀਨੇਟ ਕਰਨ ਵਲ ਨੂੰ ਤੁਰਨਗੇ ਅੌਰ, ਸਪੀਕਰ ਸਾਹਿਬ, ਇਹ ਬੜੀ ਭੈੜੀ ਗੱਲ ਹੋਵੇਗੀ ਜੇ ਮਾਰਕਿਟ ਕਮੇਟੀਆਂ ਨੂੰ ਇਹ ਇਸੇ ਤਰ੍ਹਾਂ ਨਾਮਜ਼ਦ ਕਰਦੇ ਰਹੇ। ਇਹ ਤਾਂ ਫਿਰ ਉਸੇ ਤਰ੍ਹਾਂ ਦੀ ਗਲ ਹੋਵੇਗੀ ਜਿਸ ਤਰ੍ਹਾਂ ਪਹਿਲੀ ਸਰਕਾਰ ਕਰਿਆ ਕਰਦੀ ਸੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਝ ਇਕ, ਦੋ ਚੇਅਰਮੈਨਾਂ ਨੂੰ ਛੱਡ ਕੇ ਬਾਕੀ ਸਾਰਿਆਂ ਤੇ ਬੜੇ ਐਲੀਗੇਸ਼ਨ ਲੱਗੇ ਹਨ। ਉਨ੍ਹਾਂ ਦੇ ਖਿਲਾਫ ਬੜੇ ਐਲੀਗੇਸ਼ਨ ਹਨ ਕਿ ਕਿਸੇ ਨੇ ਐਨਾ ਪੈਸਾ ਖਾਧਾ ਅਤੇ ਕਿਸੇ ਨੇ ਐਨਾ ਪੈਸਾ ਖਾਧਾ । ਐਨਾ ਪੈਸਾ ਖਾਣ ਦੇ ਬਾਵਜੂਦ ਵੀ ਜੇ ਇਸੇ ਤਰ੍ਹਾਂ ਨਾਮਜ਼ਦਗੀਆਂ ਚੱਲਦੀਆਂ ਰਹੀਆਂ ਤਾਂ ਫਿਰ ਸਾਰਾ ਢਾਂਚਾ ਵਿਗੜ ਜਾਵੇਗਾ। ਇਹ ਕਹਿੰਦੇ ਹਨ ਕਿ ਢੋਲ ਬਣਾਓ, ਢੋਲਾਂ ਵਿਚ ਸਬਸਿਡੀ ਦਿਆਂਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਢੋਲ ਗਰੀਬ ਕਿਸਾਨਾਂ ਨੂੰ ਨਹੀਂ ਮਿਲੇ। ਪਰ ਉਹ ਗਏ ਕਿਥੇ ? ਉਹ ਉਨ੍ਹਾਂ ਲੋਕਾਂ ਦੇ ਘਰਾਂ ਵਿਚ ਗਏ ਹਨ ਜਿਨ੍ਹਾਂ ਦਾ ਖੇਤੀਬਾੜੀ ਨਾਲ ਸਬੰਧ ਨਹੀਂ ਹੈ ਜਾਂ ਉਹ ਲੋਕ ਲੈ ਗਏ ਹਨ ਜਿਹੜੇ ਅਸਰ ਰਸੂਖ ਵਾਲੇ ਸਨ। ਜਿਹੜੇ ਇਨ੍ਹਾਂ ਦੇ ਆਪਣੇ ਬੰਦੇ ਸਨ ਉਹ ਢੋਲ ਲੈ ਗਏ। ਸਪੀਕਰ ਸਾਹਿਬ, ਇਨ੍ਹਾਂ ਵਿਚ ਬੜਾ ਸਕੈਂਡਲ ਹੋਇਆ ਹੈ। ਫਿਰ ਕੁਝ ਤਰਪਾਲਾਂ ਵਿਚ ਸਕੈਂਡਲ ਹੋਇਆ ਹੈ। ਇਸੇ ਤਰ੍ਹਾਂ ਹੀ ਡਰਿੱਲਾਂ ਵਿਚ ਸਕੈਂਡਲ ਹੋਇਆ ਹੈ। ਜਿਹੜੀਆਂ ਇਹ ਸਬਸਿਡੀ ਤੇ ਦਿੰਦੇ ਸਨ ਉਸ ਨਾਲੋਂ ਬਾਜ਼ਾਰ ਵਿਚੋਂ ਘੱਟ ਪੈਸਿਆਂ ਤੇ ਮਿਲ ਜਾਂਦੀਆਂ ਸਨ। ਇਤਨਾ ਕੁਝ ਹੋਣ ਦੇ ਬਾਵਜੂਦ ਵੀ ਜੇ ਇਨ੍ਹਾਂ ਨੇ ਮਾਰਕਿਟ ਕਮੇਟੀਆਂ ਨੌਮੀਨੇਟ ਕੀਤੀਆਂ ਤਾਂ ਫਿਰ ਉਸੇ ਤਰ੍ਹਾਂ ਬੜੀ ਲੁੱਟ ਹੋਵੇਗੀ ਅਤੇ ਇਹ ਮਾਰਕਿਟ ਕਮੇਟੀਆਂ ਫਾਇਦੇਮੰਦ ਸਾਬਤ ਨਹੀਂ ਹੋ ਸਕਣਗੀਆਂ। ਮਾਰਕਿਟ ਕਮੇਟੀਆਂ ਫਾਇਦੇਮੰਦ ਸਾਬਤ ਤਾਂ ਹੋ ਸਕਦੀਆਂ ਹਨ ਜੇ ਕਿਸੇ ਤਰੀਕੇ ਨਾਲ ਪੰਚਾਂ ਅਤੇ ਸਰਪੰਚਾਂ ਰਾਹੀਂ ਇਨ੍ਹਾਂ ਦੀ ਚੋਣ ਕਰਵਾਈ ਜਾਵੇ । ਜਿਹੜੇ ਲੋਕਾਂ ਦੇ ਚੁਣੇ ਹੋਏ

Original with;
Punjab Vidhan Sabha
Digitized by;
Panjab Digital Library

ਨੁਮਾਇੰਦੇ ਹੋਣ ਉਹ ਆਪਣਾ ਚੇਅਰਮੈਨ ਚੁਣਨ। ਉਨ੍ਹਾਂ ਨੂੰ ਸਾਰਾ ਪਤਾ ਹੁੰਦਾ ਹੈ ਕਿ ਕਿਸ ਤਰ੍ਹਾਂ ਦੀ ਡਿਵੈਲਪਮੈਂਟ ਕਰਨੀ ਹੈ ਅਤੇ ਕਿਸ ਤਰ੍ਹਾਂ ਦੇ ਕੰਮ ਕੀਤਿਆਂ ਪੈਦਾਵਾਰ ਵੱਧ ਸਕਦੀ ਹੈ। ਇਥੇ ਚੀਫ਼ ਮਨਿਸਟਰ ਸਾਹਿਬ ਨੇ ਐਪਰੋਪਰੀਏਸ਼ਨ ਬਿਲ ਤੇ ਬੋਲਦੇ ਹੋਏ ਕਿਹਾ ਸੀ ਕਿ ਮੈਂ ਜ਼ਿਮੀਂਦਾਰਾਂ ਦੇ ਹੱਕ ਵਿਚ ਨਹੀਂ ਹਾਂ, ਮੈਂ ਗਰੀਬ ਕਿਸਾਨ ਦੇ ਹੱਕ ਵਿਚ ਹਾਂ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਐਪਰੋਪਰੀਏ-ਸ਼ਨ ਬਿੱਲ ਤੇ ਬੋਲਦੇ ਹੋਏ ਕਿਹਾ ਸੀ ਕਿ ਮੈਂ ਗਰੀਬ ਕਿਸਾਨ ਦਾ ਹਮਾਇਤੀ ਹਾਂ, ਇਸ ਚੀਜ਼ ਨੂੰ ਸਿਧ ਕਰਨ ਲਈ ਮੈਂ ਕਹਾਂਗਾ ਕਿ ਉਹ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਕਰਾਉਣ। ਛੋਟਾ ਕਿਸਾਨ ਜਿਹੜਾ ਹੈ, ਜਿਸ ਦੇ ਪਾਸ 4-5 ਏਕੜ ਜ਼ਮੀਨ ਹੁੰਦੀ ਹੈ ਉਸ ਦੇ ਕੋਲ 2 ਬਲਦ ਹੁੰਦੇ ਹਨ। ਐਨੀ ਜ਼ਮੀਨ ਵਿ ਚੋਂ ਇਕ ਡੇਢ ਏਕੜ ਜ਼ਮੀਨ ਵਿਚ ਤਾਂ ਉਹ ਚਾਰਾ ਬੀਜਦਾ ਹੈ ਅਤੇ ਬਾਕੀ ਵਿਚ ਉਹ ਫਸਲ ਬੀਜਦਾ ਹੈ। ਉਹ ਖਾਦ ਨਹੀਂ ਪਾ ਸਕਦਾ । ਇਸ ਤਰ੍ਹਾਂ ਛੋਟਾ ਕਿਸਾਨ ਮਾਰਿਆ ਜਾ ਰਿਹਾ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਹੜੇ ਇਸ ਕਿਸਮ ਦੇ ਛੋਟੇ ਛੋਟੇ ਕਿਸਾਨ ਹਨ ਉਨ੍ਹਾਂ ਨੂੰ ਮਾਰਕਿਟ ਕਮੇਟੀਆਂ ਰਾਹੀਂ ਵਾਹੁਣ ਲਈ ਟਰੈਕਟਰ ਰਿਆਇਤੀ ਦਰ ਤੇ ਮਿਲਣਾ ਚਾਹੀਦਾ ਹੈ। ਛੋਟਾ ਜ਼ਿਮੀਦਾਰ 30-40 ਰੁਪਏ ਦਿਹਾੜੀ ਤੇ ਟਰੈਕਟਰ ਆਪਣੀ ਜ਼ਮੀਨ ਵਿਚ ਨਹੀਂ ਚਲਵਾ ਸਕਦਾ। ਇਸ ਲਈ ਮਾਰਕਿਟ ਕਮੇਟੀਆਂ ਰਾਹੀਂ ਵਾਹੁਣ ਲਈ ਟਰੈਕਟਰ ਰਿਆਇਤੀ ਦਰ ਤੇ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਜੇ ਚੀਫ਼ ਮਨਿਸਟਰ ਸਾਹਿਬ ਇਸ ਗੱਲ ਨੂੰ ਠੀਕ ਸਮਝਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਜਲਦੀ ਕਰਵਾਉਣ। ਸੀ.ਐਮ. ਸਾਹਿਬ ਕਹਿੰਦੇ ਹਨ ਕਿ ਅਸੀਂ ਸਵੱਛ ਰਾਜ ਪ੍ਰਬੰਧ ਦੇਣਾ ਹੈ। ਮੈਂ ਬੇਨਤੀ ਕਰਾਂਗਾ ਕਿ ਜੇ ਸਾਫ ਸੁਥਰਾ ਪ੍ਰਬੰਧ ਦੇਣਾ ਹੈ ਤਾਂ ਜਿਹੜੇ ਘੱਪਲੇ ਹੋਏ ਹਨ, ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ ਉਸ ਪਾਸੇ ਧਿਆਨ ਕਰਨਾ ਚਾਹੀਦਾ ਹੈ। ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਇਥੇ ਐਸ਼ੋਰੈਂਸ ਦਿਵਾਉਣ ਕਿ ਉਹ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਜਲਦੀ ਕਰਵਾ ਦੇਣਗੇ। (ਵਿਘਨ) ਚੋਣਾਂ ਕਰਾਉਣ ਵਿਚ ਹੋਰ ਦੇਰ ਨਹੀਂ ਕਰਨੀ ਚਾਹੀਦੀ। 3 ਸਾਲ 6 ਮਹੀਨੇ ਪਹਿਲਾਂ ਹੀ ਹੋ ਚੁੱਕੇ ਹਨ। ਇਸ ਤਰ੍ਹਾਂ ਲੋਕਾਂ ਨਾਲ ਧੱਕਾ ਹੋ ਰਿਹਾ ਹੈ। ਲੋਕਾਂ ਦਾ ਪੈਸਾ ਲੋਕਾਂ ਦੀ ਮਰਜ਼ੀ ਨਾਲ ਖਰਚ ਨਹੀਂ ਹੁੰਦਾ। ਐਡਮਨਿਸਟਰੇਟਰ ਆਪਣੀ ਮਰਜ਼ੀ ਨਾਲ ਖਰਚ ਕਰੀ ਜਾਂਦੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਇਸ ਗੱਲ ਦਾ ਹਾਊਸ ਵਿਚ ਯਕੀਨ ਦਿਵਾਏ ਕਿ ਇਕ ਤਾਂ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਪੰਚਾਂ ਅਤੇ ਸਰਪੰਚਾਂ ਦੇ ਰਾਹੀਂ ਕਰਵਾਈਆਂ ਜਾਣਗੀਆਂ ਅਤੇ ਦੂਜਾ ਇਹ ਕਿ ਇਸ ਨੂੰ 3 ਸਾਲ 6 ਮਹੀਨਿਆਂ ਦਾ ਸਮਾਂ ਪਹਿਲਾਂ ਹੀ ਹੋ ਚੁੱਕਾ ਹੈ ਇਸ ਤੋਂ ਹੋਰ ਅੱਗੇ ਨਹੀਂ ਜਾਣਾ ਚਾਹੀਦਾ। ਇਸ ਗੱਲ ਦੀ ਸਰਕਾਰ ਗਰੰਟੀ ਕਰੇ। ਇਤਨਾ ਕੁਝ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਪਰਸ਼ੋਤਮ ਸਿੰਘ (ਬੁਢਲਾਡਾ) : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦਾ ਬੜਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਵਾਇਦਾ ਕੀਤਾ ਹੈ ਕਿ ਅਸੀਂ ਮਾਰਕਿਟ ਕਮੇਟੀਆਂ ਦੀਆਂ ਇਲੈਕ-ਸ਼ਨ ਕਰਵਾਵਾਂਗੇ ਪਰ ਜਿਹੜਾ ਇਨ੍ਹਾਂ ਨੇ ਟਾਈਮ ਮੰਗਿਆ ਹੈ ਉਸ ਤੋਂ ਕੁਝ ਖਦਸ਼ਾ ਜ਼ਾਹਿਰ ਹੁੰਦਾ ਹੈ। ਕਿਉਂਕਿ ਪਹਿਲਾਂ ਜਿਸ ਵੇਲੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ ਤਾਂ ਉਸ ਵੇਲੇ ਮਾਰਕਿਟ ਕਮੇਟੀਆਂ ਇਨ੍ਹਾਂ ਨੇ ਨਾਮੀਨੇਟ ਕੀਤੀਆਂ ਸਨ ਅਤੇ ਇਕ ਇਕ ਚੇਅਰਮੈਨ ਦੀ ਤਨਖਾਹ 4-4 ਸੌ

Original with;
Punjab Vidhan Sabha
Digitized by
Panjab Digital Library

[ਸ਼ਰਦਾਰ ਪਰਸ਼ੋਤਮ ਸਿੰਘ]

ਰੁਪਿਆ ਮੁਕੱਰਰ ਕੀਤੀ ਗਈ। ਜਿਸ ਦਿਨ ਉਹ ਮੀਟਿੰਗ ਅਟੈਂਡ ਕਰਨ ਜਾਵੇ ਤਾਂ ਉਸ ਦਿਨ ਉਸ ਨੂੰ 7-8 ਰੁਪਏ ਡੀ.ਏ. ਦਿੱਤਾ ਜਾਂਦਾ ਸੀ। ਇਸ ਦਾ ਮਤਲਬ ਇਹ ਹੋਇਆ ਕਿ ਚੇਅਰਮੈਨ ਨੂੰ 7 ਸੌ ਰੁਪਿਆ ਮਹੀਨੇ ਦੇ ਕਰੀਬ ਮਿਲਦਾ ਸੀ। ਇਸ ਤਰ੍ਹਾਂ ਇਨ੍ਹਾਂ ਨੇ ਡੈਮੋਕਰੈਸੀ ਦਾ ਜਨਾਜ਼ਾ ਕੱਢਿਆ। ਫਿਰ ਮਾਰਕਿਟ ਕਮੇਟੀਆਂ ਦੇ ਨਾਮੀਨੇਟਿਡ ਮੈਂਬਰਾਂ ਨੂੰ ਕੋਈ ਅਖਤਿਆਰ ਨਹੀਂ ਸੀ ਕਿ ਉਹ ਚੇਅਰਮੈਨ ਅਤੇ ਵਾਈਸ ਚੇਅਰਮੈਨ ਨੂੰ ਖੁਦ ਚੁਣ ਸਕਣ। ਇਸ ਤਰ੍ਹਾਂ ਬੜਾ ਭਾਰੀ ਧੱਕਾ ਹੋਇਆ। ਫਿਰ ਦੂਜੀ ਸ਼ਰਕਾਰ ਆਈ ਉਹ ਇਲੈਕਸ਼ਨ ਨਹੀਂ ਕਰਵਾ ਸਕੀ ਕਿਉਂਕਿ ਉਹ ਨਾਮੀਨੇਸ਼ਨ ਦੇ ਖਿਲਾਫ਼ ਸੀ। ਮੈਂ ਬੇਨਤੀ ਕਰਾਂਗਾ ਕਿ ਸਾਨੂੰ ਆਪਣੀਆਂ ਵੋਟਾਂ ਦੇ ਰਾਹੀਂ ਮੈਂਬਰ ਚੁਣ ਕੇ ਉਥੇ ਭੇਜਣੇ ਚਾਹੀਦੇ ਹਨ ਤਾਕਿ ਉਹ ਲੋਕਾਂ ਨੂੰ ਇਨਸਾਫ ਦੇ ਸਕਣ ਅਤੇ ਉਹ ਜ਼ਿਮੀਦਾਰਾਂ ਦੀ ਸਹੀ ਨੁਮਾਇੰਦਗੀ ਕਰ ਸਕਣ।

ਸਪੀਕਰ ਸਾਹਿਬ, ਹੁਣ ਮੈਂ ਮਾਰਕਿਟ ਕਮੇਟੀਆਂ ਦੇ ਸੁਧਾਰ ਸਬੰਧੀ 2-4 ਗੱਲਾਂ ਦੱਸਣੀਆਂ ਚਾਹੁੰਦਾ ਹਾਂ। ਇਨ੍ਹਾਂ ਨੂੰ ਮਨਿਸਟਰ ਸਾਹਿਬ ਨੋਟ ਕਰ ਲੈਣ। ਇਸ ਵਕਤ ਵੀ ਮਾਰਕਿਟ ਕਮੇਟੀਆਂ ਕੋਲ ਪਾਵਰ ਬਹੁਤ ਘੱਟ ਹੈ। ਜਿਹੜਾ ਉਹ ਫੈਸਲਾ ਕਰਦੀਆਂ ਹਨ ਉਨ੍ਹਾਂ ਨੂੰ ਇੰਪਲੀਮੈਂਟ ਕਰਨ ਵਿਚ ਉਹ ਸਫਲ ਨਹੀਂ ਹੁੰਦੀਆਂ। ਜ਼ਿਮੀਦਾਰਾਂ ਨੂੰ ਉਨ੍ਹਾਂ ਦੀ ਜਿਣਸ ਦਾ ਠੀਕ ਭਾਅ ਨਹੀਂ ਮਿਲਦਾ। ਵਿਉਪਾਰੀ ਲੋਕ ਆਪਸ ਵਿਚ ਮਿਲ ਜਾਂਦੇ ਹਨ ਅਤੇ ਪੂਲ ਕਰ ਲੈਂਦੇ ਹਨ। ਨਰਮੇ ਅਤੇ ਕਪਾਹ ਦੀ ਬੋਲੀ 10-10 ਦਿਨ ਨਹੀਂ ਹੁੰਦੀ। ਜੇ ਬੋਲੀ ਹੋ ਵੀ ਜਾਵੇ ਤਾਂ 10-10 ਦਿਨ ਨਰਮਾ ਅਤੇ ਕਪਾਹ ਤੁਲਦੇ ਨਹੀਂ ਜਿਸ ਨਾਲ ਲੋਕਾਂ ਨੂੰ ਬੜੀ ਮੁਸ਼ਕਲ ਪੇਸ਼ ਆ ਰਹੀ ਹੈ। ਜੇ ਬਾਰਿਸ਼ ਪੈ ਜਾਵੇ ਤਾਂ ਕਿਸਾਨ ਦਾ ਨਰਮਾ ਅਤੇ ਕਪਾਹ ਖ਼ਰਾਬ ਹੋ ਜਾਂਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀਆਂ ਨੂੰ ਜ਼ਿਆਦਾ ਪਾਵਰ ਦਿੱਤੀ ਜਾਵੇ ਤਾਕਿ ਉਹ ਆਪਣੇ ਫੈਸਲੇ ਲਾਗੂ ਕਰ ਸਕਣ ਅਤੇ ਵਿਉਪਾਰੀਆਂ ਦੀ ਜਿਹੜੀ ਮਨਾਪਲੀ ਹੈ, ਜਿਸ ਨਾਲ ਕਿਸਾਨ ਨੂੰ ਠੀਕ ਭਾਅ ਨਹੀਂ ਮਿਲਦੇ, ਉਸ ਨੂੰ ਤੋੜਿਆ ਜਾਵੇ। ਇਨ੍ਹਾਂ ਲਫਜ਼ਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਅਵਤਾਰ ਸਿੰਘ ਗਟਵਾਲੀ (ਤਲਵੰਡੀ ਸਾਬੋ): ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਨੰ: 5, 1980 ਦਾ .....

ਸਰਦਾਰ ਦਲੀਪ ਸਿੰਘ ਪਾਂਧੀ : ** ** **

Mr. Speaker : This is no point of order.

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਲੋਕਾਂ ਵਿਚ ਇਸ ਬਾਰੇ ਬੜੀ ਚੀਜ਼ੈਂਟ-ਮੈਂਟ ਹੈ।

ਸ਼੍ਰੀ ਸਪੀਕਰ: ਪਾਂਧੀ ਸਾਹਿਬ, ਬੜਾ ਅਫਸੋਸ ਹੈ ਕਿ ਮੇਰੇ ਕਹਿਣ ਦੇ ਬਾਵਜੂਦ ਵੀ ਤੁਸੀਂ ਬੋਲੀ ਜਾ ਰਹੇ ਹੋ, ਇਹ ਬੜੀ ਮਾੜੀ ਗੱਲ ਹੈ।

ਸਰਦਾਰ ਸਮਸ਼ੇਰ ਸਿੰਘ: ਸਪੀਕਰ ਸਾਹਿਬ, ਉਥੇ ਸਰਪੰਚ ਨੂੰ ਕੁੱਟਿਆ ਗਿਆ। ਸਰਕਾਰ ਇਸ ਪਾਸੇ ਧਿਆਨ ਦੇਵੇ। (ਵਿਘਨ) ਇਕ ਪਾਸੇ ਤਾਂ ਸਰਕਾਰ ਕਹਿੰਦੀ ਹੈ ਕਿ ਪੰਚਾਇਤੀ ਰਾਜ ਚਾਲੂ ਕਰਨਾ ਹੈ ਅਤੇ ਪੰਚਾਇਤਾਂ ਨੂੰ ਜ਼ਿਆਦਾ ਪਾਵਰਜ਼ ਦੇਣੀਆਂ ਹਨ ਪਰ ਦੂਜੇ ਪਾਸੇ ਏ.ਐਸ.ਆਈ.

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਪੰਚਾਂ ਨਾਲ ਇਸ ਤਰ੍ਹਾਂ ਦਾ ਵਰਤਾਓ ਕਰ ਰਹੇ ਹਨ। (ਵਿਘਨ) ਸਪੀਕਰ ਸਾਹਿਬ, ਖਮਾਣੋਂ ਥਾਣੇ ਦੇ ਏ.ਐਸ.ਆਈ. ਨੇ ਪਿੰਡ ਭਾਮੀਆਂ ਦੇ ਸਰਪੰਚ, ਗੁਰਮੀਤ ਸਿੰਘ, ਨੂੰ ਨੰਗਾ ਕਰਕੇ ਕੁਟਿਆ ਅਤੇ ਥਾਣੇ ਦੇ ਬਾਹਰ ਨੰਗਾ ਕਰਕੇ ਖੜ੍ਹਾ ਕੀਤਾ , ਉਸਨੂੰ ਦਫਾ 107/151 ਵਿਚ ਗ੍ਰਿਫਤਾਰ ਕਰ ਲਿਆ। ਸਰਕਾਰ ਇਕ ਪਾਸੇ ਪੰਚਾਇਤ ਨੂੰ ਜ਼ਿਆਦਾ ਤਾਕਤ ਦੇਣਾ ਚਾਹੁੰਦੀ ਹੈ ਦੂਜੇ ਪਾਸੇ ਪੁਲਿਸ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਇਹੋ ਜਿਹਾ ਸਲੂਕ ਕਰ ਰਹੀ ਹੈ । ਕੀ ਚੀਫ ਮਨਿਸਟਰ ਸਾਹਿਬ ਇਸ ਘਟਨਾ ਦੀ ਇਨਕੁਆਇਰੀ ਕਰਕੇ ਕੋਈ ਐਕਸ਼ਨ ਲੈਣਗੇ ?

ਸ਼੍ਰੀ ਸਪੀਕਰ : ਤੁਸੀਂ ਇਹ ਲਿਖ ਕੇ ਭੇਜ ਦੇਣਾ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਮੈਂ ਆਰਡੀਨੈਂਸ ਨੰਬਰ 5 ਆਫ਼ 1980 ਜੋ ਐਗਰੀਕਲਚਰਲ ਪ੍ਰੋਡਿਊਸ ..... (ਵਿਘਨ) ਮੈਂ ਪੰਜਾਬ ਐਗਰੀਕਲਚਰ ਪ੍ਰੋਡਿਊਸ ਮਾਰਕਿਟਸ (ਅਮੈਂਡਮੈਂਟ) ਬਿਲ ਦੇ ਉਤੇ ਆਪਣੇ ਵਿਚਾਰ ਰਖਾਂਗਾ।

ਇਕ ਆਵਾਜ : ਇਤਨੇ ਲੋਕ ਬਾਹਰ ਆਏ ਹੋਏ ਹਨ ਔਰ ਤੁਹਾਡੇ ਵਲ ਦੇਖ ਰਹੇ ਹਨ, ਜੇ ਸੀ.ਐਮ. ਸਾਹਿਬ 2 ਲਫਜ਼ ਕਹਿ ਦੇਣ ਤਾਂ ਗੱਲ ਕਲੀਅਰ ਹੋ ਜਾਂਦੀ ਹੈ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਮੈਂ ਆਰਡੀਨੈਂਸ ਨੰਬਰ 5 ਆਫ਼.1980 ਦੇ ਉਤੇ ਆਪਣੇ ਵਿਚਾਰ ਤੁਹਾਡੇ ਸਾਹਮਣੇ ਪੇਸ਼ ਕਰਾਂਗਾ । ਇਹ ਐਕਟ ਜਿਸ ਨੂੰ ਪੰਜਾਬ ਐਗਰੀਕਲਚਰ ਪ੍ਰੋਡਿਊਸ ਮਾਰਕਿਟ (ਅਮੈਂਡਮੈਂਟ) ਆਰਡੀਨੈਂਸ, 1980 ਕਿਹਾ ਜਾਂਦਾ ਹੈ ਇਸ ਦੇ ਬਾਰੇ ਮੈਂ ਅਰਜ਼ ਕਰਾਂਗਾ ਕਿ ਇਹ ਕੋਈ ਨਵੀਂ ਗਲ ਨਹੀਂ ਹੈ ਅਤੇ ਇਥੇ ਇਸੇ ਹਾਊਸ ਵਿਚ ਅਕਾਲੀ ਸਰਕਾਰ ਨੇ ਕਮੇਟੀਆਂ ਦੀ ਮਿਆਦ ਵਧਾਉਣ ਦੇ ਲਈ ਇਕ ਆਰਡੀਨੈਂਸ ਰਾਹੀਂ ਇਹ ਪਾਸ ਕੀਤਾ ਸੀ। ਇਸ ਸਰਕਾਰ ਦਾ ਇਸ ਦੇ ਬਾਰੇ ਅਜਿਹਾ ਕੋਈ ਰੋਲ ਨਹੀਂ ਜਿਸ ਦੇ ਬਾਰੇ ਅਸੀਂ ਇਹ ਕਹਿ ਸਕੀਏ ਕਿ ਸਾਡਾ ਕੋਈ ਲਗਾਓ ਹੈ। ਭਾਵੇਂ ਇਹ ਕਾਲਾ ਕਾਨੂੰਨ ਹੈ ਪਰ ਇਹ ਸਾਰਾ ਕੁਝ ਪਿਛਲੀ ਅਕਾਲੀ ਸਰਕਾਰ ਦਾ ਬਣਾਇਆ ਹੋਇਆ ਹੈ ਕਿਉਂਕਿ ਸਾਡੀ ਪਾਰਟੀ ਨੇ ਹੁਣੇ ਹੀ ਸਰਕਾਰ ਸੰਭਾਲੀ ਹੈ ਔਰ ਉਸ ਦੇ ਲਈ ਟਾਈਮ ਲੈਣ ਵਾਸਤੇ ਸਾਨੂੰ ਇਹ ਬਿਲ ਪਾਸ ਕਰਨਾ ਪਿਆ ਹੈ। ਇਥੇ ਜ਼ਿਕਰ ਆਇਆ ਹੈ, ਲੂੰਬਾ ਸਾਹਿਬ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ ਕਿ ਪੰਜਾਬ ਦੀ ਜੋ ਮਾਰਕਿਟ ਕਮੇਟੀ ਦਾ ਰੋਲ ਹੈ ਉਹ ਬਹੁਤ ਵਡਾ ਰੋਲ ਹੈ। ਇਹ ਸੰਸਥਾ ਇਕ ਐਸੀ ਸੰਸਥਾ ਹੈ ਜਿਸ ਦੇ ਵਿਚ ਪੇਂਡੂ ਨੁਮਾਇੰਦੇ, ਸ਼ਹਿਰੀ ਨੁਮਾਇੰਦੇ, ਛੋਟੇ ਤਬਕੇ ਦੇ ਨੁਮਾਇੰਦੇ ਅਤੇ ਹਰੀਜਨਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਜਾਂਦੇ ਹਨ। ਜੇ ਅਸੀਂ ਇਸ ਦੇ ਵਿਚ ਦੇਖੀਏ ਤਾਂ ਇਹ ਇਕ ਐਸੀ ਸੰਸਥਾ ਹੈ ਜਿਸ ਤਰ੍ਹਾਂ ਕਿ ਅਸੀਂ ਕਹਿੰਦੇ ਹਾਂ ਕਿ ਹਿੰਦੁਸਤਾਨ ਦੀ ਨੈਸ਼ਨਲ ਇੰਟੈਗਰੇਸ਼ਨ ਕਰਨੀ ਹੈ ਜੇ ਸਹੀ ਮਾਅਨਿਆਂ ਵਿਚ ਅਸੀਂ ਦੇਖੀਏ ਤਾਂ ਪੰਜਾਬ ਵਿਚ ਇਹ ਰੂਰਲ ਤੇ ਅਰਬਨ ਦੀ ਇੰਟੈਗਰੇਸ਼ਨ ਹੈ। ਇਹ ਇਕ ਐਸੀ ਸੰਸਥਾ ਹੈ ਜਿਸ ਦੇ ਵਿਚ ਅਗਰ ਅਸੀਂ ਜ਼ਿਮੀਂਦਾਰ ਨੂੰ ਪ੍ਰੋਟੈਕਸ਼ਨ ਦੇਣ ਲਈ ਸੋਚੀਏ ਤਾਂ ਉਸ ਨੂੰ ਛੋਟੀ ਪ੍ਰੋਟੈਕਸ਼ਨ ਤੋਂ ਲੈ ਕੇ ਵਡੀ ਪ੍ਰੋਟੈਕਸ਼ਨ ਤਕ ਦੇ ਸਕਦੇ ਹਾਂ । ਪਰ ਹੋਇਆ

Original with;
Punjab Vidhan Sabha
Digitized by:
Panjab Digital Library

]ਸਰਦਾਰ ਅਵਤਾਰ ਸਿੰਘ ਚਣਵਾਲੀ]

ਕੀ ? ਪਿਛਲੇ ਤਿੰਨ ਸਾਲਾਂ ਦੇ ਵਿਚ ਇਹ ਜੋ ਸਾਡੀ ਸੰਸਥਾ ਸੀ ਇਸ ਨੂੰ ਪੰਜਾਬ ਦੇ ਵਿਚ ਅਕਾਲੀ ਸਰਕਾਰ ਨੇ ਦਬਾਈ ਰਖਿਆ ਔਰ ਆਪ ਦੇ ਅਫ਼ਸਰਾਂ ਦੇ ਰਾਹੀਂ, ਪਤਾ ਨਹੀਂ ਇਹ ਇਸ ਦੇ ਵਿਚੋਂ ਕੀ ਕਢਣਾ ਚਾਹੁੰਦੇ ਸੀ, ਇਸ ਤਰ੍ਹਾਂ ਵਰਤਿਆ ਗਿਆ ਕਿ ਜਿਹੜਾ ਬਜਟ ਲੋਕਾਂ ਦੇ ਸਾਹਮਣੇ ਇਸ ਦਾ ਪੇਸ਼ ਹੋਣਾ ਸੀ ਉਸ ਨੂੰ ਲੋਕਾਂ ਦੇ ਸਾਹਮਣੇ ਰਖਣ ਦੀ ਥਾਂ ਲੋਕਾਂ ਤੋਂ ਪਾਸੇ ਰਖਿਆ ਗਿਆ। ਇਸ ਦੇ ਵਿਚ ਐਡਮਨਿਸਟਰੇਟਰ ਨੇ ਆਰਡਰ ਕਰ ਦਿੱਤੇ ਔਰ ਉਹ ਆਰਡਰ ਵਜ਼ੀਰ ਸਾਹਿਬ ਕੋਲ ਆ ਗਏ, ਵਜ਼ੀਰ ਸਾਹਿਬ ਨੇ ਉਹ ਮਨਜ਼ੂਰ ਕਰ ਦਿੱਤੇ। ਇਸ ਦੇ ਵਿਚ ਪੈਸਾ ਪਤਾ ਨਹੀਂ ਲਗਦਾ ਕਿ ਕਿਸ ਹਿਸਾਬ ਦੇ ਨਾਲ ਲੁਟਿਆ ਗਿਆ। ਇਸ ਦੇ ਵਿਚ ਰੱਜ ਕੇ ਹੇਰਾ ਫੇਰੀ ਹੋਈ ਹੈ। ਇਹ ਅਸੀਂ ਮੰਨਦੇ ਹਾਂ ਕਿ ਪਿਛਲੀ ਸਰਕਾਰ ਦੇ ਵੇਲੇ ਨੌਮੀਨੇਸ਼ਨਜ਼ ਹੋਈਆਂ ਹਨ ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿਉਂਕਿ ਸਾਡੀ ਪਾਰਟੀ ਨੇ ਤਜੱਰਬਾ ਕੀਤਾ ਸੀ ਅਤੇ ਸਾਡੇ ਕਈ ਵਰਕਰ ਸੀ ਜਿਨ੍ਹਾਂ ਨੂੰ ਸਰਕਾਰ ਨੇ ਨੌਮੀਨੇਟ ਕੀਤਾ ਉਨ੍ਹਾਂ ਵਰਕਰਾਂ ਨੇ ਦੇਖਿਆ ਹੈ ਕਿ ਮਾਰਕਿਟ ਕਮੇਟੀਆਂ ਵਿਚ ਕੀ ਕੰਮ ਕੀਤਾ ਗਿਆ ਸੀ। ਤੁਸੀਂ ਦੇਖੋਗੇ ਕਿ ਹਜ਼ਾਰਾਂ ਮੀਲ ਸੜਕਾਂ ਮਾਰਕਿਟ ਕਮੇਟੀਆਂ ਨੇ ਆਪਣੇ ਬਜਟ ਨਾਲ ਬਣਾਈਆਂ ਜਿਹੜੀਆਂ ਕਿ ਪਿੰਡਾਂ ਦੇ ਲੋਕਾਂ ਲਈ ਬਣਾਈਆਂ ਗਈਆਂ। (ਵਿਘਨ) ਫਿਰ ਹਾਈ-ਕੋਰਟ ਦੇ ਵਿਚ ਰਿੱਟ ਕਰ ਦਿੱਤੀ ਲੇਕਨ ਇਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ਜਿਹੜਾ ਪੈਸਾ ਪਿੰਡਾਂ ਦੇ ਵਿਚ ਇਸਤੇਮਾਲ ਹੋਣਾ ਸੀ ਉਹ ਬਲਾਕ ਹੋ ਗਿਆ। ਸਪੀਕਰ ਸਾਹਿਬ, ਇਨ੍ਹਾਂ ਮਾਰਕਿਟ ਕਮੇਟੀਆਂ ਵਿਚ ਮੈਨੂੰ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਅਸੀਂ ਪਿੰਡਾਂ ਦੇ ਲੋਕਾਂ ਨੂੰ ਸਬਸਿਡੀ ਦੇ ਉਤੇ, ਘੱਟ ਕੀਮਤ ਦੇ ਉਤੇ ਦਵਾਈਆਂ ਦਿੰਦੇ ਸੀ। ਪੈਸਟੇਸਾਈਡਜ਼ ਤੋਂ ਇਲਾਵਾ ਅਸੀਂ ਜ਼ਿਮੀਂ-ਦਾਰਾਂ ਨੂੰ ਡਰਿਲਾਂ ਵੀ ਦਿੰਦੇ ਸੀ ਜਿਸ ਨੂੰ ਚਾਹੇ ਬਲਦ ਦੇ ਮਗਰ ਜ਼ਿਮੀਦਾਰ ਪਾਉਂਦੇ ਸੀ ਜਾਂ ਟਰੈਕਟਰ ਦੇ ਮਗਰ ਪਾਉਂਦੇ ਸੀ, ਅਸੀਂ ਉਹ ਡ੍ਰਿਲਾਂ ਵੀ ਜ਼ਿਮੀਂਦਾਰਾਂ ਨੂੰ ਦਿੰਦੇ ਸੀ। ਫਿਰ ਅਸੀਂ ਜ਼ਿਮੀਦਾਰਾਂ ਨੂੰ ਬਿਨਜ਼ ਵੀ ਦਿੰਦੇ ਸੀ। ਨਾਲ ਦੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜ਼ਿਮੀਦਾਰਾਂ ਲਈ ਉਥੇ ਰੈਸਟ ਹਾਊਸ ਵੀ ਬਣਾ ਕੇ ਦਿੱਤੇ ਜਿਸ ਦੇ ਵਿਚ ਜਦੋਂ ਕਿਸਾਨ ਆਪਣੀ ਪ੍ਰੋਡਿਊਸ ਵੇਚਣ ਆਉਂਦੇ ਸੀ ਤਾਂ ਉਹ ਆਰਾਮ ਵੀ ਕਰ ਸਕਦੇ ਸੀ। ਪਰ ਹੋਇਆ ਕੀ ? ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਅੱਜ ਤੋਂ ਪਹਿਲਾਂ ਜਿਹੜੀ ਹਮੇਸ਼ਾ ਦੀ ਤਰ੍ਹਾਂ ਚਲਿਆ ਆਉਂਦਾ ਸੀ ਮਾਰਕਿਟ ਕਮੇਟੀ ਨੂੰ ਸਬਸੇਡਾਈਜ਼ ਨਹੀਂ ਕੀਤਾ। ਮਾਰਕਿਟ ਬੋਰਡ ਦੇ ਪ੍ਰਚੈਡੇ ਉੜਾ ਦਿੱਤੇ ਪਰ ਅੱਜ ਜਿਸ ਤਰ੍ਹਾਂ ਨਾਲ ਇਹ ਇਸ ਹਾਊਸ ਦੇ ਵਿਚ ਬੈਠ ਕੇ ਮੰਗ ਕੀਤੀ ਜਾਂਦੀ ਹੈ ਅਤੇ ਇਸ ਸਰਕਾਰ ਤੇ ਤੌਖਲਾ ਪ੍ਰਗਟ ਕੀਤਾ ਜਾਂਦਾ ਹੈ ਮੈਨੂੰ ਇਹ ਕਹਿਣ ਵਿਚ ਥੋੜ੍ਹਾ ਜਿਹਾ ਵੀ ਸੰਕੋਚ ਨਹੀਂ ਕਿ ਜਿਹੜਾ ਕੁਝ ਇਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਵਿਚ ਕੀਤਾ ਉਸ ਦੇ ਕਰਕੇ ਹੋ ਸਕਦਾ ਹੈ ਇਨ੍ਹਾਂ ਦੇ ਮਨ ਵਿਚ ਕੋਈ ਇਰਾਦਾ ਹੋਵੇ ਲੇਕਿਨ ਸਾਡੀ ਸਰਕਾਰ ਦਾ ਕੋਈ ਇਰਾਦਾ ਮਾੜਾ ਨਹੀਂ ਹੈ ਔਰ ਇਨ੍ਹਾਂ ਦੀ ਜਿਹੜੀ ਬਣਾਈ ਹੋਈ ਚੀਜ਼ ਹੈ ਜਿਸ ਦੇ ਲਈ ਇਨ੍ਹਾਂ ਨੇ ਵੀ ਹਾਊਸ ਵਿਚ ਟਾਈਮ ਮੰਗਿਆ ਸੀ ਉਸ ਨੂੰ ਸੁਧਾਰਣ ਵਿਚ ਥੋੜ੍ਹਾ ਜਿਹਾ ਟਾਈਮ ਜ਼ਰੂਰ ਲਗੇਗਾ। ਮੈਂ ਇਹ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਇਸ ਕਿਸਮ ਦਾ ਕੰਮ ਇਸ ਪਾਰਟੀ ਵਿਚ ਕਰਨ ਦੀ ਗਲ ਨਹੀਂ ਹੈ, ਹੋ ਸਕਦਾ ਹੈ ਇਨ੍ਹਾਂ ਦਾ ਤਜਰਬਾ ਕੋਈ ਹੋਇਆ ਹੋਵੇ ਜਾਂ ਜੇ ਕੋਈ ਐਸੀ ਗਲ ਹੋਈ ਹੋਵੇ ਤਾਂ ਉਹ ਇਨ੍ਹਾਂ ਵਲੋਂ ਹੋਈ ਹੈ ਅਤੇ ਉਹ ਇਹ ਆਪ ਹੀ ਦੱਸ ਸਕਦੇ ਹਨ। ਪਿਛਲੇ ਤਿੰਨ ਸਾਲਾਂ ਵਿਚ ਕਿੰਨੇ ਚੇਅਰਮੈਨਾਂ ਦੀਆਂ ਇਨਕੁਆਇਰੀਆਂ ਹੋਈਆਂ ? ਕੀ ਨਿਕਲਿਆ ? ਸਿਵਾਏ ਮੱਡ ਸਲਿੰਗਿੰਗ ਦੇ ਹੋਰ ਕੁਝ ਨਹੀਂ ਨਿਕਲਿਆ। ਮੈਂ ਵੀ ਚੇਅਰਮੈਨ ਰਿਹਾ ਹਾਂ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਤੁਸੀਂ ਦੱਸੋ ਸਾਡੇ ਖਿਲਾਫ਼ ਕੀ ਨਿਕਲਿਆ ਹੈ? ਜੇ ਸਾਬਤ ਕਰ ਦਿਉ ਤਾਂ ਮੈਂ ਅਸੈਂਬਲੀ ਦੀ ਮੈਂਬਰੀ

Original with;
Punjab Vidhan Sabha
Digitized by;
Panjab Digital Library

ਤੋਂ ਅਸਤੀਫਾ ਦਿੰਦਾ ਹਾਂ। (ਥੰਪਿੰਗ) ਇਸ ਲਈ ਮੈਂ ਕਹਾਂਗਾ ਕਿ ਸਾਨੂੰ ਨਾਜਾਇਜ਼, ਬਿਨਾ ਮਤਲਬ ਕੋਈ ਸ਼ੱਕ ਦੀ ਗੱਲ ਨਹੀਂ ਕਰਨੀ ਚਾਹੀਦੀ।

ਇਥੇ, ਸਪੀਕਰ ਸਾਹਿਬ, ਸਰਦਾਰ ਪ੍ਰਸ਼ੋਤਮ ਸਿੰਘ ਜੀ ਨੇ ਇਕ ਸੁਝਾਓ ਦਿੱਤਾ ਹੈ ਕਿ ਮਾਰਕਿਟ ਕਮੇਟੀ ਨੂੰ ਬਹੁਤੇ ਅਖਤਿਆਰ ਦਿੱਤੇ ਜਾਣੇ ਚਾਹੀਦੇ ਹਨ। ਅਸੀਂ ਵੀ ਇਸ ਗੱਲ ਨਾਲ ਸਹਿਮਤ ਹਾਂ। 2–3 ਸਾਲਾਂ ਦੀ ਸੇਵਾ ਦੇ ਦੌਰਾਨ ਮੈ ਵੀ ਮਹਿਸੂਸ ਕੀਤਾ ਹੈ। ਸਭ ਤੋ ਵਡੀ ਗੱਲ ਮੈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀ ਨੂੰ ਪੈਸੇ ਖਰਚ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਜੋ ਪੈਸਾ ਮਾਰਕਿਟ ਕਮੇਟੀ ਖਰਚ ਕਰਦੀ ਹੈ ਉਸ ਦੀ ਮਾਰਕੀਟਿੰਗ ਬੋਰਡ ਤੋਂ ਸੈਂਕਸ਼ਨ ਲੈਣੀ ਪੈਂਦੀ ਹੈ। ਹੈ। ਇਸ ਦੇ ਖਰਚਣ ਲਈ ਕੋਈ ਲਿਮਿਟ ਹੈ, ਮੇਰੀ ਅਰਜ਼ ਹੈ ਕਿ ਉਹ ਪੈਸਾ ਖਰਚਣ ਦੀ ਜਿਹੜੀ ਲਿਮਿਟ ਹੈ ਉਹ ਵਧਾਉਣੀ ਚਾਹੀਦੀ ਹੈ। ਮਾਰਕਿਟ ਕਮੇਟੀ ਨੂੰ ਮਾਰਕੀਟਿੰਗ ਬੋਰਡ ਤੋਂ ਸੈਂਕਸ਼ਨ ਲੈਣੀ ਪੈਂਦੀ ਹੈ ਪਰ ਜੋ ਲਿਮਿਟ ਹੈ ਉਹ ਵਧਾਉਣੀ ਚਾਹੀਦੀ ਹੈ। ਲੋਕਲ ਮਾਰਕਿਟ ਕਮੇਟੀ ਆਪਣੇ ਤੌਰ ਤੇ ਪੈਸਾ ਖਰਚ ਕਰ ਸਕੇ ਇਸ ਦੀ ਇਜਾਜ਼ਤ ਹੋਣੀ ਚਾਹੀਦੀ ਹੈ। (ਵਿਘਨ)

ਬਾਕੀ ਮੈਂ ਸਰਕਾਰ ਅਗੇ ਇਹ ਵੀ ਬੇਨਤੀ ਕਰਾਂਗਾ ਕਿ ਇਨ੍ਹਾਂ ਮਾਰਕਿਟ ਕਮੇਟੀਆਂ ਦੀਆਂ ਜਿਹੜੀਆਂ ਇਲੈਕਸ਼ਨਾਂ ਹਨ ਉਨ੍ਹਾਂ ਵਾਸਤੇ ਹੁਣ ਸਾਨੂੰ ਸਮਾਂ ਲੈ ਲੈਣਾ ਚਾਹੀਦਾ ਹੈ ਕਿਉਂਕਿ ਸਾਡੇ ਕੋਲ ਹੁਣ ਸਮਾਂ ਨਹੀਂ ਕਿ ਇਤਨਾ ਛੇਤੀ ਅਸੀਂ ਇਲੈਕਸ਼ਨ ਕਰਵਾ ਸਕੀਏ ਲੇਕਿਨ ਸਾਨੂੰ ਛੇਤੀ ਤੋਂ ਛੇਤੀ ਇਸ ਸੰਸਥਾ ਵਿਚ, ਜਿਥੇ ਪਿੰਡਾਂ ਦੇ ਲੋਕਾਂ ਨੂੰ ਮੌਕਾ ਮਿਲਦਾ ਹੈ, ਪਿੰਡਾਂ ਦੇ ਲੋਕਾਂ ਨੂੰ ਲੀਡਰ-ਸ਼ਿਪ ਮਿਲਦੀ ਹੈ, ਕਿਸਾਨਾਂ ਵਿਚੋਂ, ਪੇਂਡੂ ਲੋਕਾਂ ਵਿਚੋਂ ਅਤੇ ਛੋਟੇ ਦੁਕਾਨਦਾਰਾਂ ਵਿਚੋਂ ਲੀਡਰਸ਼ਿਪ ਪੈਦਾ ਹੁੰਦੀ ਹੈ, ਇਲੈਕਸ਼ਨ ਕਰਵਾ ਦੇਣੇ ਚਾਹੀਦੇ ਹਨ। ਜੇ ਅਸੀਂ ਨਿਗਾਹ ਮਾਰੀਏ ਤਾਂ ਲੀਡਰਸ਼ਿਪ ਕੋਈ ਜੰਮਦਿਆਂ ਨਹੀਂ ਮਿਲ ਜਾਂਦੀ, ਕੋਈ ਜੰਮਦਿਆਂ ਹੀ ਲੀਡਰ ਨਹੀਂ ਹੁੰਦਾ। ਉਸ ਨੂੰ ਮੌਕਾ ਦਿੱਤਾ ਜਾਂਦਾ ਹੈ। ਛੋਟੀ ਸੰਸਥਾ ਤੋਂ ਮੌਕੇ ਲੈ ਕੇ ਉਹ ਵੱਡੀ ਸੰਸਥਾ ਵਿਚ ਪਹੁੰਚ ਜਾਂਦਾ ਹੈ । ਮੈਂ ਫਖ਼ਰ ਨਾਲ ਕਹਿ ਸਕਦਾ ਹਾਂ ਕਿ ਸਾਡੇ ਵਿਚੋਂ ਬਹੁਤੇ ਐਸੇ ਸਜਣ ਬੈਠੇ ਹਨ ਜੋ ਛੋਟੀ ਸੰਸਥਾ ਤੋਂ ਉਠ ਕੇ ਇਥੇ ਆਏ ਹਨ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਸੰਸਥਾ ਦੀਆਂ ਚੋਣਾਂ ਜਲਦੀ ਤੋਂ ਜਲਦੀ ਕਰਵਾਈਆਂ ਜਾਣ ਅਤੇ ਇਸ ਸੰਸਥਾ ਨੂੰ ਡੈਮੋਕਰੇਟਿਕ ਸੈਟ ਅੱਪ ਦੇ ਸਹਾਰੇ ਖੜਾ ਕਰਨਾ ਚਾਹੀਦਾ ਹੈ। ਇਤਨਾ ਕੁਝ ਕਹਿੰਦਾ ਹੋਇਆ ਮੈਂ ਬੇਨਤੀ ਕਰਾਂਗਾ ਕਿ ਇਹ ਬਿਲ ਪਾਸ ਕਰ ਦਿੱਤਾ ਜਾਵੇ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ) : ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਇਕ ਦੋ ਮਿੰਟ ਨਿੱਕੀਆਂ ਨਿੱਕੀਆਂ ਗੱਲਾਂ ਇਸ ਐਕਟ ਦੇ ਸਬੰਧ ਵਿਚ ਕਹਾਂਗਾ। ਪਹਿਲੀ ਗੱਲ ਇਹ ਹੈ ਕਿ ਇਨ੍ਹਾਂ ਨੇ ਹੋਰ ਸਮੇਂ ਲਈ ਕਿਹਾ ਹੈ, ਇਹ ਬਿਲਕੁਲ ਗਲਤ ਗੱਲ ਹੈ, ਹੋਰ ਸਮਾਂ ਨਹੀਂ ਲੈਣਾ ਚਾਹੀਦਾ ਬਲਕਿ ਚੋਣਾਂ ਵਾਸਤੇ ਕੋਈ ਤਾਰੀਖ ਮੁਕੱਰਰ ਹੋਣੀ ਚਾਹੀਦੀ ਹੈ ਤਾਕਿ ਇਹ ਚੋਣਾਂ ਵੀ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦ ਦੀਆਂ ਚੋਣਾਂ ਨਾਲ ਹੀ ਹੋ ਜਾਣ ਕਿਉਂਕਿ ਇਹ ਚੀਜ਼ ਇਕ ਦੂਜੇ ਨਾਲ ਜੁੜੀ ਹੋਈ ਹੈ । ਮਾਰਕੀਟ ਕਮੇਟੀਆਂ ਦੀਆਂ ਚੋਣਾਂ ਹੋ ਜਾਣ ਅਤੇ ਇਨ੍ਹਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ, ਇਹ ਦਰੁਸਤ ਗੱਲ ਹੈ। ਜਿਥੋਂ ਤੱਕ ਕਾਂਗਰਸ ਗੌਰਮਿੰਟ ਦੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਗੱਲ ਹੈ ਨਾ ਤਾਂ ਇਨ੍ਹਾਂ ਨੇ ਚੋਣਾਂ ਕਰਾਈਆਂ ਅਤੇ ਨਾ ਹੀ ਸਾਡੀ ਪਿਛੇ ਜਿਹੜੀ ਅਕਾਲੀ ਵੀਰਾਂ ਦੀ ਸਰਕਾਰ ਰਹੀ ਹੈ ਉਨ੍ਹਾਂ ਨੇ ਕਰਾਈਆਂ। ਇਨ੍ਹਾਂ ਦੀਆਂ ਚੋਣਾਂ ਕਰਾਉਣੀਆਂ ਚਾਹੀਦੀਆਂ ਹਨ। ਇਹ ਇਕ ਵੱਡਾ ਅਦਾਰਾ ਹੈ ਇਸ ਦੇ ਜਮਹੂਰੀ ਹੱਕ ਖ਼ਤਮ ਨਹੀਂ ਹੋਣੇ ਚਾਹੀਦੇ। ਮੈਂ ਇਕ ਵਾਰੀ ਫਿਰ ਮੰਗ ਕਰਦਾ ਹਾਂ ਕਿ ਮਾਰਕੀਟ ਕਮੇਟੀ ਦੀਆਂ ਚੋਣਾਂ ਫੌਰੀ ਤੌਰ ਤੇ ਹੋਣੀਆਂ ਚਾਹੀਦੀਆਂ ਹਨ।

ਜਿਥੋਂ ਤੱਕ ਮਾਰਕੀਟ ਕਮੇਟੀਆਂ ਦੀਆਂ ਨਾਮੀਨੇਸ਼ਨਜ਼ ਦਾ ਸੁਆਲ ਹੈ, ਮੇਰੇ ਵੀਰ ਬੋਲ ਗਏ ਹਨ ਹੋ ਸਕਦਾ ਹੈ ਉਨ੍ਹਾਂ ਨੇ ਕੰਮ ਕਢਵਾਇਆ ਹੋਵੇ, ਮੈਂ ਜਲੰਧਰ ਜ਼ਿਲ੍ਹੇ ਦੀ ਗੱਲ ਕਰ ਸਕਦਾ ਹਾਂ ਕਿ ਬਹੁਤ ਸਾਰੀਆਂ ਸੜਕਾਂ ਜਿਹੜੀਆਂ ਮਾਰਕੀਟ ਕਮੇਟੀਆਂ ਨੇ ਬਣਾਈਆਂ ਹਨ ਉਹ ਬਿਲਕੁਲ ਖ਼ਰਾਬ ਹਨ, ਬੱਜਰੀ ਨਹੀਂ ਦਿੱਸਦੀ, ਲੁੱਕ ਨਹੀਂ ਦਿੱਸਦੀ, ਖ਼ਬਲ ਉਗਿਆ ਖੜਾ ਹੈ। ਉਨ੍ਹਾਂ ਦੇ ਬਣਾਉਣ ਵਿਚ ਪੈਸਾ ਖਾਧਾ ਗਿਆ, ਗ਼ਬਨ ਕੀਤੇ ਗਏ ਹਨ। ਮੈਂ ਇਥੇ ਹਾਊਸ ਵਿਚ ਕਹਿੰਦਾ ਹਾਂ ਕਿ ਜਿਹੜੀਆਂ ਸੜਕਾਂ ਨੂਰਮਹਿਲ ਅਤੇ ਫਿਲੌਰ ਵਿਚ ਬਣਾਈਆਂ ਹਨ ਚਲ ਕੇ ਵੇਖੋ ਸਾਰੇ ਦਾ ਸਾਰਾ ਪੈਸਾ ਬਰਬਾਦ ਗਿਆ ਹੈ। ਜੇ ਚੁਣੇ ਹੋਏ ਲੋਕਾਂ ਦੇ ਨੁਮਾਇੰਦੇ ਹੁੰਦੇ ਤਾਂ ਉਹ ਪੁੱਛ ਗਿੱਛ ਕਰਦੇ, ਭਾਵੇਂ ਆਸੀਂ ਆਪੋਜ਼ੀਸ਼ਨ ਵਿਚ ਹੁੰਦੇ ਪਰ ਜਿਥੇ ਗਲਤੀ ਹੁੰਦੀ ਨੁਕਤਾਚੀਨੀ ਤਾਂ ਕਰਦੇ। ਇਸ ਲਈ ਮਾਰਕੀਟ ਕਮੇਟੀਆਂ ਦੀਆਂ ਚੋਣਾਂ ਜਲਦੀ ਹੋਣੀਆਂ ਚਾਹੀਦੀਆਂ ਹਨ। ਮੈਂ ਇਕ ਸੁਜੈਸ਼ਨ ਦਿੰਦਾ ਹਾਂ ਕਿ ਜਦੋਂ ਕਿਸਾਨ ਮੰਡੀਆਂ ਵਿਚ ਫਸਲ ਲੈ ਕੇ ਜਾਂਦਾ ਹੈ ਭਾਵੇਂ ਕਣਕ ਹੋਵੇ ਭਾਵੇਂ ਝੋਨਾ..... (ਵਿਘਨ) (ਸ਼ੋਰ) (ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਚਮਨ ਲਾਲ ਜੀ ਕੁਝ ਬੋਲਣ ਲਈ ਖੜ੍ਹੇ ਹੋਏ।)

ਸਪੀਕਰ ਸਾਹਿਬ, ਇਨ੍ਹਾਂ ਦੀ ** ** ** ਹੈ; ਇਨ੍ਹਾਂ ਨੂੰ ਬਿਠਾਉ ..... (ਵਿਘਨ)

ਵਿੱਤ ਮੰਤਰੀ: ਸਪੀਕਰ ਸਾਹਿਬ, ਇਹ ਲਫ਼ਜ਼ ਔਕਸਪੰਜ ਕਰਾਓ ..... (ਵਿਘਨ)

ਸ਼੍ਰੀ ਸਪੀਕਰ: ** ** ** ਔਕਸਪੰਜ ਕੀਤਾ ਜਾਂਦਾ ਹੈ। ਚੀਮਾ ਸਾਹਿਬ, ਤੁਸੀਂ ਕੋਈ ਰਿਮਾਰਕਸ ਪਾਸ ਨਹੀਂ ਕਰ ਸਕਦੇ। ਕੀ ਹੋ ਰਿਹਾ ਹੈ, ਇਹ ਵੇਖਣਾ ਚੇਅਰ ਦਾ ਕੰਮ ਹੈ।

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਜਿਥੋਂ ਤਕ ਮੈਂ ਦੇਖਿਆ ਹੈ ਕਿ ਜਦੋਂ ਕਿਸਾਨ ਮੰਡੀਆਂ ਵਿਚ ਆਪਣੀ ਫਸਲ ਲੈ ਕੇ ਜਾਂਦੇ ਹਨ ਉਨ੍ਹਾਂ ਦੇ ਬੈਠਣ ਵਾਸਤੇ, ਆਰਾਮ ਕਰਨ ਵਾਸਤੇ ਕੋਈ ਥਾਂ ਨਹੀਂ ਬਣੀ ਹੋਈ। ਉਹ ਧੁੱਪੇ ਫਿਰਦੇ ਰਹਿੰਦੇ ਹਨ। ਉਨ੍ਹਾਂ ਦੇ ਲੰਮੇ ਪੈਣ ਨੂੰ ਕੋਈ ਥਾਂ ਨਹੀਂ। ਉਨ੍ਹਾਂ ਦੇ ਆਰਾਮ ਲਈ ਕੋਈ ਥਾਂ ਜ਼ਰੂਰ ਮੰਡੀਆਂ ਵਿਚ ਬਣਾਉਣੀ ਚਾਹੀਦੀ ਹੈ ਜਿਥੇ ਉਹ ਆਰਾਮ ਕਰ ਸਕਣ ਅਤੇ ਆਪਣੀ ਲਿਆਂਦੀ ਜਿਨਸ ਦੀ ਦੇਖ ਭਾਲ ਵੀ ਕਰ ਸਕਣ।

ਇਸੇ ਤਰ੍ਹਾਂ ਗਡਿਆਂ ਨਾਲ ਜਿਹੜੇ ਪਸ਼ੂ ਆਉਂਦੇ ਹਨ ਉਨ੍ਹਾਂ ਲਈ ਵੀ ਕੋਈ ਪ੍ਰਬੰਧ ਨਹੀਂ। ਜੇਕਰ ਕਿਸੇ ਮੰਡੀ ਵਿਚ ਕੋਈ ਥਾਂ ਬਣਾਈ ਹੋਵੇ ਤਾਂ ਸੀ. ਐਮ. ਸਾਹਿਬ ਉਠ ਕੇ ਦੱਸ ਦੇਣ ਪਰ ਜਲੰਧਰ ਵਿਚ ਜਿਨ੍ਹਾਂ ਮੰਡੀਆਂ ਵਿਚ ਮੈਂ ਗਿਆ ਹਾਂ ਉਥੇ ਕੋਈ ਥਾਂ ਨਹੀਂ ਹੈ ਜਿਥੇ ਕਿਤੇ ਪਸ਼ੂ ਬੰਨ੍ਹੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜਾ ਸਕਣ ਅਤੇ ਉਨ੍ਹਾਂ ਨੂੰ ਪਾਣੀ ਆਦਿ ਪਿਲਾਇਆ ਜਾ ਸਕੇ। ਇਸ ਲਈ ਉਨ੍ਹਾਂ ਦੇ ਲਈ ਵੀ ਮੰਡੀਆਂ ਵਿਚ ਪ੍ਰਬੰਧ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੰਡੀਆਂ ਵਿਚ ਛਾਣੇ ਹਨ ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਉਨ੍ਹਾਂ ਲਈ ਵੀ ਵਾਜਬ ਤੌਰ ਤੇ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਹੁਣ ਕਿਸੇ ਕਿਸਮ ਦੀ ਕੋਈ ਸਹੂਲਤ ਮਾਰਕੀਟ ਕਮੇਟੀਆਂ ਵਲੋਂ ਨਹੀਂ ਦਿੱਤੀ ਜਾਂਦੀ। ਜਿਹੜੇ ਮਾਰਕੀਟ ਕਮੇਟੀਆਂ ਦੇ ਚੇਅਰਮੈਨ ਹਨ। ਸੈਕਟਰੀ ਹਨ ਜਾਂ ਹੋਰ ਮੈਂਬਰ ਹਨ ਉਹ ਕਦੇ ਚੰਡੀਗੜ੍ਹ ਅਤੇ ਕਦੇ ਜਲੰਧਰ ਤੁਰੇ ਫਿਰਦੇ ਹਨ ਉਨ੍ਹਾਂ ਨੂੰ ਕੁਝ ਅਧਿਕਾਰ ਹੋਣੇ ਚਾਹੀਦੇ ਹਨ ਤਾਂ ਕਿ ਉਹ ਵੀ ਕੁਝ ਫੈਸਲਾ ਕਰ ਸਕਣ ਅਤੇ ਤਰੱਕੀ ਦੇ ਕੰਮ ਕਰ ਸਕਣ। ਕੋਈ ਵੀ ਗੱਲ ਕਰਨੀ ਹੋਵੇ ਉਹ ਚੰਡੀਗੜ੍ਹ ਨੂੰ ਭੱਜਦੇ ਹਨ, ਇਹ ਨਹੀਂ ਹੋਣਾ ਚਾਹੀਦਾ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

EXTENSION OF TIME OF THE SITTING

Mr. Speaker : Is it the pleasure of the House that the time of the sitting of the House be extended for an hour, that is from 6-30 P.M. to 7-30 P.M. ?

Voices : Yes, yes.

Mr. Speaker : The time of the sitting of the House is extended upto 7-30 P.M.

RESOLUTION UNDER ARTICLE 213(2) (a) OF THE CONSTITUTION OF INDIA DISAPPROVING THE PUNJAB AGRICULTURAL PRODUCE MARKETS (AMENDMENT) ORDINANCE, 1980 (PUNJAB ORDINANCE NO. 5 OF 1980)

AND

THE PUNJAB AGRICULTURAL PRODUCE MARKETS (AMENDMENT) BILL, 1980. (*Resumption of Consideration.*)

ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ): ਸਪੀਕਰ ਸਾਹਿਬ, ਮਾਰਕੀਟ ਕਮੇਟੀਆਂ ਲਈ 6 ਮਹੀਨੇ ਦੀ ਮਿਆਦ ਹੋਰ ਲਈ ਗਈ ਹੈ, ਠੀਕ ਹੈ ਸਰਕਾਰ ਨੇ ਪ੍ਰਬੰਧ ਕਰਨਾ ਹੈ, ਅਸੀਂ ਇਹ ਮੰਨਦੇ ਹਾਂ ਪਰ ਇਸ ਦੇ ਲਈ ਬੜਾ ਚੰਗਾ ਹੋਵੇ ਜੇਕਰ ਟਾਈਮ ਮੁਕੱਰਰ ਕਰ ਦਿੱਤਾ ਜਾਏ (ਵਿਘਨ) (ਸ਼ੋਰ) ਸਪੀਕਰ ਸਾਹਿਬ, ਸਾਡਾ ਦੇਸ਼ ਨਾਲ ਲਗਾਓ ਹੈ। ਸਾਡੇ ਕਿਸਾਨ ਜਿਹੜੇ ਖੇਤੀਬਾੜੀ ਕਰਦੇ ਹਨ ਉਹ ਜਦੋਂ ਫਸਲ ਲੈ ਕੇ ਮੰਡੀਆਂ ਵਿਚ ਜਾਂਦੇ ਹਨ ਉਨ੍ਹਾਂ ਦੀ ਪੈਦਾਵਾਰ ਤੇ ਮਾਰਕੀਟ ਫੀਸ ਲਗਦੀ ਹੈ ਔਰ ਉਹ ਜਿਹੜਾ ਪੈਸਾ ਇਕੱਠਾ ਹੁੰਦਾ ਹੈ ਉਸ ਨਾਲ ਜਿਹੜੇ ਮੰਡੀਆਂ ਵਿਚ ਕਿਸਾਨ ਆਉਂਦੇ ਹਨ ਉਨ੍ਹਾਂ ਲਈ ਸ਼ੈਡਜ਼, ਰੈਸਟ ਹਾਊਸਿਜ਼ ਬਣਾਉਣੇ ਚਾਹੀਦੇ ਹਨ ਅਤੇ ਮਾਰਕੀਟ ਕਮੇਟੀਆਂ ਨੂੰ ਪ੍ਰਬੰਧ ਕਰਨੇ ਚਾਹੀਦੇ ਹਨ। ਜਿਹੜੀ ਜਿਨਸ ਜਾਂ ਨਥਮਾ ਮੰਡੀ ਵਿਚ ਜਾਂਦਾ ਹੈ ਉਹ ਕਈ ਕਈ ਦਿਨ ਰੁਲਦਾ ਰਹਿੰਦਾ ਹੈ। ਜੇਕਰ

Original with;
Punjab Vidhan Sabha
Digitized by:
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਮੀਂਹ ਆ ਜਾਵੇ ਤਾਂ ਜਿਹੜਾ ਵਪਾਰੀ ਹੈ ਉਹ ਵੱਟਾ ਲਾਉਂਦਾ ਹੈ ਅਤੇ ਕਿਸਾਨ ਦੀ ਜਿਨਸ ਨੂੰ ਲੁੱਟਦਾ ਹੈ। ਇਸ ਦੇ ਲਈ ਵੀ ਮਾਰਕੀਟ ਕਮੇਟੀਆਂ ਦੇ ਚੇਅਰਮੈਨਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਇਸ ਦੀ ਜ਼ਿਮੇਵਾਰੀ ਵਪਾਰੀ ਤੇ ਹੋਣੀ ਚਾਹੀਦੀ ਹੈ। ਮਾਰਕੀਟ ਕਮੇਟੀਆਂ ਦੀਆਂ ਚੋਣਾਂ ਵਿਚ ਸਾਡੇ ਪੰਚ, ਸਰਪੰਚ ਚੁਣ ਕੇ ਜਾਂਦੇ ਹਨ। ਉਹ ਸਾਡੇ ਕਿਸਾਨ ਭਰਾਵਾਂ ਦੀ ਉਥੇ ਨੁਮਾਇੰਦਗੀ ਕਰਦੇ ਸਨ। ਕੋਆ-ਪ੍ਰੇਟਿਵ ਸੋਸਾਇਟੀਆਂ ਨੂੰ ਵੀ ਨੁਮਾਇੰਦਗੀ ਮਿਲਦੀ ਸੀ ਪਰ ਜਿਹੜੀ ਇਹ ਕਾਂਗਰਸ ਸਰਕਾਰ ਸੀ ਇਸ ਨੇ ਇਕ ਨਵਾਂ ਤਜਰਬਾ ਕਰਨ ਵਾਸਤੇ ਚੇਅਰਮੈਨ ਨਾਮੀਨੇਟ ਕਰ ਦਿੱਤੇ। ਇਥੇ ਸਰਦਾਰ ਅਵਤਾਰ ਸਿੰਘ ਨੇ ਦੱਸਿਆ ਹੈ ਕਿ ਬੜਾ ਵਧੀਆ ਕੰਮ ਚਲਾਇਆ ਗਿਆ ਸੀ। ਮੈਂ ਪੁੱਛਦਾ ਹਾਂ ਕਿ ਕੀ ਇਹ ਸਾਰੇ ਹਾਊਸ ਨੂੰ ਪਤਾ ਨਹੀਂ ਕਿ ਜਿਹੜੇ ਨਾਮੀਨੇਟ ਹੋਏ ਉਹ ਕੌਣ ਸਨ ? ਉਹ ਜਾਂ ਤੇ ਵਜ਼ੀਰਾਂ ਦੇ ਭਤੀਜੇ, ਸਾਲੇ ਜਾਂ ਜਵਾਈ ਸਨ। ਅਗਰ ਉਹ ਪਿੰਡਾਂ ਵਿਚੋਂ ਉਠੇ ਹੋਏ ਲੋਕ ਹੁੰਦੇ ਤਾਂ ਉਨ੍ਹਾਂ ਨੂੰ ਪਿੰਡਾਂ ਦੇ ਲੋਕਾਂ ਨਾਲ ਹਮਦਰਦੀ ਹੁੰਦੀ। ਪਰ ਉਨ੍ਹਾਂ ਵਿਚ ਤਾਂ ਕੋਈ ਵਜ਼ੀਰ ਦਾ ਮੁੰਡਾ, ਕੋਈ ਸਾਲਾ ਅਤੇ ਕੋਈ ਸਹੁਰਾ (ਵਿਘਨ) ਉਨ੍ਹਾਂ ਨੇ ਕੀ ਕੀਤਾ, ਕਿਤੇ ਤਰਪਾਲਾਂ ਦਾ ਸਕੈਂਡਲ ਅਤੇ ਕਿਤੇ ਢੋਲਾਂ ਦਾ ਸਕੈਂਡਲ (ਵਿਘਨ) ਖੁਲ੍ਹੇ ਆਮ ਮਾਰਕੀਟ ਕਮੇਟੀਆਂ ਲੁੱਟੀਆਂ ਗਈਆਂ (ਵਿਘਨ) ਕਿਤੇ ਤਰਪਾਲਾਂ ਦੇ ਸਕੈਂਡਲ, ਢੋਲਾਂ ਦੇ ਸਕੈਂਡਲ ਅਤੇ ਕਿਤੇ ਡਰਿਲਾਂ ਦੇ ਸਕੈਂਡਲ ਹੋਏ ਹਨ। ਕੀ ਇਸ ਗੱਲ, ਤੇ ਸਪੀਕਰ ਸਾਹਿਬ, ਇਹ ਸਹਿ-ਮਤ ਹਨ ਕਿ ਜੋ ਮਾਲ 1975 ਦੇ ਵਿਚ ਖਰੀਦਿਆ ਸੀ, ਉਸ ਦੀ ਪੜਤਾਲ ਕੀਤੀ ਜਾਵੇ ਕਿ ਕਿਤਨੇ ਲੱਖਾਂ ਦਾ ਮਾਲ ਮਾਰਕਿਟ ਕਮੇਟੀਆਂ ਨੇ ਖਰੀਦਿਆ ਹੈ ਜੋ ਕਿ ਅੱਜ ਵੀ ਜ਼ਾਇਆ ਜਾ ਰਿਹਾ ਹੈ? 2200 ਰੁਪਏ ਦੀ ਡਰਿਲ ਪਈ ਜਦੋਂ ਕਿ 900 ਰੁਪਏ ਦੀ ਇਕ ਡਰਿਲ ਬਣ ਜਾਂਦੀ ਹੈ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਇਨ੍ਹਾਂ ਨੇ ਵਜ਼ੀਰਾਂ ਨੂੰ ਸਹੁਰੇ, ਵਜ਼ੀਰ ਕਿਹਾ ਹੈ। ਇਹ ਸ਼ਬਦ ਐਕਸਪੰਜ ਹੋਣੇ ਚਾਹੀਦੇ ਹਨ।

ਸ਼੍ਰੀ ਸਪੀਕਰ : ਕਿਸੇ ਪਾਰਟੀਕੁਲਰ ਆਦਮੀ ਵਾਸਤੇ ਉਨ੍ਹਾਂ ਨੇ ਕੁਝ ਨਹੀਂ ਕਿਹਾ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ 55, 55 ਹਜ਼ਾਰ ਰੁਪਏ ਦੇ ਤੰਦੂੜੇ ਭੰਨੇ ਗਏ ਸਨ। ਢੋਲਾਂ ਦੀ ਇਨਕੁਆਇਰੀ ਹੋਈ। ਦਿੱਲੀ ਜਾ ਕੇ ਲੁਕ ਗਏ। ਉਨ੍ਹਾਂ ਬੰਦਿਆਂ ਨੇ ਅਰਜ਼ੀਆਂ ਦਿੱਤੀਆਂ (ਵਿਘਨ) ਫਿਰ ਪੜਤਾਲ ਹੋਈ। 42 ਮੁਕਦਮੇ ਚੇਅਰਮੈਨਾਂ ਦੇ ਖਿਲਾਫ ਦਰਜ ਹੋਏ। ਚਾਲਾਨ ਹੋਏ। ਸਰਦਾਰ ਅਵਤਾਰ ਸਿੰਘ ਉਦੋਂ ਚੇਅਰਮੈਨ ਨਹੀਂ ਬਣੇ ਸਨ, ਪਿਛੋਂ ਬਣੇ ਸਨ। ਸਪੀਕਰ ਸਾਹਿਬ, ਸਾਨੂੰ ਖਦਸ਼ਾ ਹੈ ਕਿ ਉਨ੍ਹਾਂ ਬੰਦਿਆਂ ਦੇ ਮੁਕਦਮੇ ਵਾਪਸ ਲਏ ਜਾ ਰਹੇ ਹਨ ਜਿਵੇਂ ਹੋਰਨਾਂ ਦੇ ਵਾਪਸ ਲਏ ਗਏ ਹਨ। ਸਪੀਕਰ ਸਾਹਿਬ, ਜਿਨ੍ਹਾਂ ਲੋਕਾਂ ਨੇ ਮਾਰਕੀਟ ਕਮੇਟੀਆਂ ਦਾ ਪੈਸਾ ਲੁੱਟਿਆ ਹੈ ਉਨ੍ਹਾਂ ਤੇ ਮੁਕਦਮੇ ਚਲਾਣੇ ਚਾਹੀਦੇ ਹਨ। ਅਦਾਲਤ ਫੈਸਲਾ ਕਰੇ। ਉਨ੍ਹਾਂ ਦੇ ਕੇਸ ਵਾਪਸ ਨਹੀਂ ਲੈਣੇ ਚਾਹੀਦੇ। (ਘੰਟੀ) ਸਪੀਕਰ ਸਾਹਿਬ, ਮੈਂ ਇੱਕੋ ਗੱਲ ਹੋਰ ਕਰਨੀ ਹੈ। ਮਾਰਕਿਟ ਕਮੇਟੀਆਂ ਦੇ ਮੈਂਬਰਾਂ ਦਾ ਇਹ ਅਧਿਕਾਰ ਹੈ ਕਿ ਜੇ ਕੋਈ ਆਦਮੀ ਤੋਲ ਵਿਚ ਫਰਕ ਪਾਵੇ ਤਾਂ ਉਸ ਦੁਕਾਨਦਾਰ ਨੂੰ ਕਾਬੂ ਕੀਤਾ ਜਾਵੇ। ਮੈਂ ਆਪਣੇ ਸ਼ਹਿਰ ਦੀ ਗੱਲ ਦੱਸਦਾ ਹਾਂ, ਜਿਸ ਦੀ ਕੋਠੀ ਤੇ, ਜਿਸ ਦੀ ਹਵੇਲੀ ਤੇ ਤਖੰਗਾ ਝੰਡਾ ਝੂਲਦਾ ਸੀ, ਉਹ ਢਾਈ ਕਿਲੋ ਦਾ ਵੱਟਾ ਵੱਧ ਬੰਨ ਕੇ ਕਿਸਾਨਾਂ ਦਾ ਮਾਲ ਲੁੱਟਦਾ ਸੀ। ਉਹ ਵੱਟਾ ਫੜਿਆ ਗਿਆ। ਕੇਸ ਰਜਿਸਟਰ ਕਰਵਾਇਆ। ਉਹ ਕੇਸ ਵੀ ਖੁਰਦਬੁਰਦ ਕਰ ਦਿੱਤਾ। (ਵਿਘਨ) ਮੇਰਾ ਕਹਿਣ ਦਾ ਭਾਵ ਇਹ ਹੈ ਕਿ ਮਾਰਕੀਟ ਕਮੇਟੀਆਂ ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਇਹ ਫਿਰ ਨਾ ਸਾਡੇ ਤੇ ਤਜਰਬੇ ਕਰਨ ਲਗ ਜਾਣ। ਸਾਡੀ ਤੌਬਾ ਹੈ। ਮੁੜ ਕੇ ਨਾਮੀਨੇਟ ਕਰਨ ਵਾਲਾ ਤਜਰਬਾ ਸਾਡੇ ਤੇ ਨਾ ਲਾਗੂ ਕਰਨ। ਲੋਕਾਂ ਦਾ ਰਾਈਟ ਲੋਕਾਂ ਨੂੰ ਦਿਓ। 1975 ਵਿਚ ਜੋ

Original with;
Punjab Vidhan Sabha
Digitized by;
Panjab Digital Library

ਲੁੱਟਾਂ ਹੋਈਆਂ ਹਨ ਉਹ ਸਾਡੇ ਤੋਂ ਭੁਲਦੀਆਂ ਨਹੀਂ। ਜਿਹੜੇ ਮੁਕੱਦਮੇ ਪਹਿਲਾਂ ਦੇ ਚਲਦੇ ਹਨ ਉਹ ਵਾਪਸ ਨਹੀਂ ਹੋਣੇ ਚਾਹੀਦੇ। ਜੋ ਮਾਲ ਮਾਰਕਿਟ ਕਮੇਟੀਆਂ ਵਿਚ ਪਿਆ ਹੈ, ਲੱਖਾਂ ਰੁਪਿਆਂ ਦਾ, ਉਸ ਦੀ ਪੜਤਾਲ ਕਰਕੇ ਉਨ੍ਹਾਂ ਚੇਅਰਮੈਨਾਂ ਤੇ ਪੈਨਲਟੀ ਪਾਉਣੀ ਚਾਹੀਦੀ ਹੈ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਇਨ੍ਹਾਂ ਨੇ ਐਲੀਗੇਸ਼ਨਜ਼ ਤਾਂ ਲਗਾਈਆਂ ਹਨ ਪਰ ਇਹ ਵੀ ਦਸਣ ਕਿ ਛੰਗਾਨੀ ਕਮਿਸ਼ਨ ਦੇ ਮੁਲਜ਼ਮਾਂ ਦਾ ਕੀ ਕਰਨਾ ਚਾਹੀਦਾ ਹੈ?

ਖੇਤੀ ਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ): ਸਪੀਕਰ ਸਾਹਿਬ, ਗੱਲ ਤਾਂ ਬੜੀ ਛੋਟੀ ਜਿਹੀ ਸੀ। 6 ਮਹੀਨੇ ਮਿਆਦ ਵਧਾਉਣ ਵਾਸਤੇ ਬਿਲ ਸੀ। ਪਹਿਲਾਂ ਤਿੰਨ ਸਾਲ ਇਹ ਸੱਜਣ ਪੁਰਜ਼ ਸਮਾਂ ਵਧਾਉਂਦੇ ਰਹੇ। ਫਿਰ ਲਾਟ ਸਾਹਿਬ ਦੀ ਸਰਕਾਰ ਆਈ ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਇਲੈਕਸ਼ਨ ਕਰਾਉਣੀ ਕੋਈ ਨਹੀਂ, ਅਗਲੀ ਸਰਕਾਰ ਆਵੇਗੀ ਤਾਂ ਕਰਵਾਏਗੀ। ਇਸ ਲਈ ਉਨ੍ਹਾਂ ਨੇ ਆਰਡੀਨੈਂਸ ਕਰ ਦਿੱਤਾ। ਸੋ ਮੇਹਰਬਾਨ, ਸਰਦਾਰ ਦਰਬਾਰਾ ਸਿੰਘ ਨੇ ਇਹ ਸ਼ਰਫ ਮੈਨੂੰ ਬਖਸ਼ ਦਿੱਤਾ ਅਤੇ ਮੈਨੂੰ ਇਹ ਬਿਲ ਦੀ ਸੂਰਤ ਵਿਚ ਇਥੇ ਪੇਸ਼ ਕਰਨਾ ਪਿਆ। ਗਲ ਸਿਰਫ ਇਤਨੀ ਸੀ। ਲੇਕਿਨ ਮੇਰੇ ਮੇਹਰਬਾਨ ਦੋਸਤਾਂ ਨੇ ਬੜਾ ਕੁਝ ਕਿਹਾ। ਸਰਦਾਰ ਹਰਚਰਨ ਸਿੰਘ ਦਾ ਸ਼ੇਅਰ ਇਥੇ ਬਿਲਕੁਲ ਢੁਕਦਾ ਹੈ:

'ਕਹੀਂ ਐਸਾ ਨਾ ਹੋ ਜਾਏ, ਕਹੀਂ ਐਸਾ ਨਾ ਹੋ ਜਾਏ'।

ਤਿੰਨ ਸਾਲ ਇਨ੍ਹਾਂ ਨੇ ਲੰਘਾ ਦਿੱਤੇ। ਫਿਰ ਇਨ੍ਹਾਂ ਨੇ ਇੱਕ ਮਾੜਾ ਜਿਹਾ ਫੈਸਲਾ ਕਰ ਦਿੱਤਾ ਕਿ ਜਿਵੇਂ 1975 ਵਿਚ ਨਾਮੀਨੇਸ਼ਨਾਂ ਕੀਤੀਆਂ ਐਵੇਂ ਨਾਮੀਨੇਸ਼ਨਾਂ ਕਰ ਦਿਓ। ਉਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਸੁਰਜੀਤ ਸਿੰਘ ਬਰਨਾਲਾ ਸਰਦਾਰ ਬਸੰਤ ਸਿੰਘ ਖਾਲਸਾ ਵੀ ਡੈਮੋਕਰੇਟ ਹੋ ਚੁਕੇ ਸਨ। ਸਰਦਾਰ ਬਲਵਿੰਦਰ ਸਿੰਘ ਭੂੰਦੜ, ਸਾਬਕਾ ਵਜ਼ੀਰ ਨੇ ਉਸ ਫਾਈਲ ਤੇ ਲਿਖ ਦਿੱਤਾ ਕਿ ਇਲੈਕਸ਼ਨ ਕਰਵਾ ਦਿਓ। ਫਾਈ ਤਿੰਨ ਸਾਲ ਪਤਾ ਨਹੀਂ। ਇਲੈਕਸ਼ਨ ਕਰਾਉਣ ਵਾਲੇ ਕਿਧਰ ਸੁੱਤੇ ਰਹੇ। ਇਹ (ਕਮਿਊਨਿਸਟ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਰੋਜ਼ ਇਥੇ ਇਲੈਕਸ਼ਨਾਂ ਦਾ ਨਾਹਰਾ ਲਾਉਂਦੇ ਹਨ ਪਰ ਇਨ੍ਹਾਂ ਦੀ (ਅਕਾਲੀ ਬੈਂਚਾਂ ਵੱਲ ਇਸ਼ਾਰਾ) ਹਰ ਐਕਸਟੈਨਸ਼ਨ ਦੀ ਮੰਗ ਨਾਲ ਵੋਟ ਪਾਉਂਦੇ ਰਹੇ। ਸਪੀਕਰ ਸਾਹਿਬ, ਅਸੀਂ ਲੋਕਾਂ ਨਾਲ ਕੁਝ ਨਾ ਕੁਝ ਵਾਇਦੇ ਕਰਕੇ ਆਉਂਦੇ ਹਾਂ ਪਰ ਬੜਾ ਅਫਸੋਸ ਹੁੰਦਾ ਹੈ ਕਿ ਜੋ ਕੁਝ ਅਸੀਂ ਕਹਿ ਕੇ ਆਉਂਦੇ ਹਾਂ ਅਸੀਂ ਉਸ ਦੇ ਵਿਪਰੀਤ ਵੋਟਾਂ ਇਥੇ ਪਾਉਂਦੇ ਹਾਂ। ਬੜੇ ਅਫ਼ਸੋਸ ਦਾ ਮੁਕਾਮ ਹੈ ਕਿ ਜਿਹੜੇ ਮੇਰੇ ਦੋਸਤ ਇਨ੍ਹਾਂ ਦੀ ਇਲੈਕਸ਼ਨ ਦਾ ਨਾਹਰਾ ਅੱਜ ਲਾਉਂਦੇ ਹਨ, ਉਹ ਹਰ ਵਕਤ ਸੁਪਰਸੈਸ਼ਨ ਦੇ ਅਧਿਕਾਰ ਨੂੰ ਵਧਾਉਣ ਦੀ ਮਾਰਫ਼ ਵੋਟਾਂ ਨਾਲ ਪਾਉਂਦੇ ਰਹੇ ਹਨ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਗਲਤ ਸਟੇਟਮੈਂਟ ਦਿਤੀ ਹੈ। ਅਸੀਂ ਉਸ ਚੀਜ਼ ਦੀ ਕਦੇ ਸਪੋਰਟ ਨਹੀਂ ਕੀਤੀ।

ਖੇਤੀ ਬਾੜੀ ਮੰਤਰੀ: ਸਪੀਕਰ ਸਾਹਿਬ, ਇਸ ਗਲ ਨੂੰ ਪਰਖਣਾ ਹੈ। ਮੈਂ ਕੋਈ ਵੱਡੀ ਕਰੜੀ ਗਲ ਨਹੀਂ ਆਖੀ। ਮੈਂ ਤਾਂ ਐਨੀ ਗਲ ਕਹੀ ਹੈ ਕਿ ਸੀ. ਪੀ. ਆਈ. (ਐਮ.) ਅਤੇ ਸਾਡੇ ਅਕਾਲੀ ਵੀਰ ਚੌਦਾਂ ਇਕੱਠੇ ਸਨ ਜਦੋਂ ਸੁਪਰਸੈਸ਼ਨ ਵਿਚ ਐਕਸਟੈਨਸ਼ਨ ਇਥੇ ਹੁੰਦੀ ਰਹੀ।

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਮੰਤਰੀ]

ਮੈਂ ਵਾਧੂ ਕੁਝ ਨਹੀਂ ਆਖਿਆ। ਅੱਜ ਉਹ ਇਲੈਕਸ਼ਨ ਦਾ ਨਾਹਰਾ ਲਾਉਣ, ਇਹ ਸ਼ਾਇਦ ਉਨ੍ਹਾਂ ਦੀ ਜ਼ਬਾਨ ਤੋਂ ਸ਼ੋਭਾ ਨਹੀਂ ਦਿੰਦਾ। ਉਹ ਇਹ ਕਹਿਣ ਕਿ ਜੋ ਪੰਥ ਕਰੇਗਾ ਉਹ ਕਬੂਲ ਹੋ ਜਾਵੇਗਾ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੇਰੀਆਂ ਸਪੀਚਾਂ ਪਈਆਂ ਹਨ। ਤੁਸੀਂ ਕਢਵਾ ਕੇ ਵੇਖ ਲਓ।

ਖੇਤੀਬਾੜੀ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤਸਿਰਫ ਇਤਨਾ ਕਹਿਣਾ ਚਾਹੁੰਦਾ ਹਾਂ, ਅਸੀਂ ਪੁਲੀਟੀਕਲ ਬੰਦੇ ਹਾਂ, We are dedicated to some principles. If our principles are somthing else and we narrate and orate something else, it is not fair. It isnot justice to our own conscience and not to the voters itself. (ਤਾੜੀਆਂ) ਸਪੀਕਰ ਸਾਹਿਬ, ਇਥੇ ਮੇਰੇ ਦੋਸਤਾਂ ਨੇ ਬੜੇ ਤੌਖਲੇ ਕੀਤੇ। ਸਪੀਕਰ ਸਾਹਿਬ, ਇਹ ਮਾਰਕਿਟਿੰਗ ਐਕਟ ਕਿਉਂ ਲਾਗੂ ਹੋਇਆ ਸੀ ? ਸਿਰਫ ਇਸ ਕਰਕੇ ਲਾਗੂ ਹੋਇਆ ਸੀ ਕਿ ਕਿਸਾਨ ਨੂੰ ਐਕਸਪਲਾਇਟ ਨਾ ਕੀਤਾ ਜਾਵੇ, ਉਸ ਨੂੰ ਲੁੱਟਿਆ ਨਾ ਜਾਵੇ। ਜਦੋਂ ਇਥੇ ਸਰ ਸਿਕੰਦਰ ਹਯਾਤ ਖਾਨ ਦੀ ਹਕੂਮਤ ਹੁੰਦੀ ਸੀ, ਯੂਨਾਈਟਿਡ ਪੰਜਾਬ ਸੀ, ਉਦੋਂ ਹੀ ਮਾਰਕਿਟਿੰਗ ਐਕਟ ਐਗਜ਼ਿਸਟੈਂਸ ਵਿਚ ਆਇਆ ਸੀ। 40 ਸੇਰ ਦਾ 42 ਸੇਰ ਤੁਲਦਾ ਸੀ। ਤੁਸੀਂ ਵੀ ਵੇਖਿਆ ਹੋਣਾ ਹੈ, ਮੈਨੂੰ ਵੀ ਮਾੜਾ ਮੋਟਾ ਯਾਦ ਹੈ। ਇਸ ਮਾਰਕਿਟਿੰਗ ਐਕਟ ਦੇ ਦੋ ਪਰਪਜ਼ ਸਨ। ਫੇਅਰ ਪੇਮੈਂਟ ਹੋਵੇ, ਤੋਲ ਚਾਲੀ ਸੇਰ ਦਾ ਮਣ ਹੋਵੇ। ਦੂਸਰਾ ਪਰਪਜ਼ ਇਹ ਸੀ ਕਿ ਭਾ ਓਪਨ ਆਕਸ਼ਨ ਵਿਚ ਹੋਵੇ, ਇਹ ਦੋ ਪਰਪਜ਼ ਸਨ। ਤੀਸਰਾ ਪਰਪਜ਼ ਸੀ ਵਕਤ ਦੀ ਸਰਕਾਰ ਦਾ, ਉਸ ਵਕਤ ਦੇ ਲੀਡਰ ਸਰ ਛੋਟੂ ਰਾਮ ਦਾ, ਜਿਸ ਦੇ ਸਾਹਮਣੇ ਹਰ ਕਿਸਾਨ ਦਾ ਸਿਰ ਝੁਕ ਜਾਂਦਾ ਹੈ, ਕਿ ਮਿਡਲਮੈਨ ਇਲੀਮੀਨੇਟ ਕੀਤਾ ਜਾਵੇ। ਇਹ ਕੰਮ ਉਹ ਆਪਣੀ ਜ਼ਿੰਦਗੀ ਵਿਚ ਪੂਰਾ ਨਾ ਕਰ ਸਕੇ। ਸੁਭਾਗ ਹੈ ਕਿਸਾਨ ਦਾ ਕਿ ਕਾਂਗਰਸ ਦਾ ਰਾਜ ਆਇਆ ਅਤੇ ਇਸ ਨੇ ਮਿਡਲਮੈਨ ਇਲੀਮੀਨੇਟ ਕਰ ਦਿੱਤਾ। ਮੈਂ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਭਾਰਤ ਦੀ ਕਾਂਗਰਸ ਸਰਕਾਰ ਨੇ ਸਟੇਟ ਟਰੇਡਿੰਗ ਇੰਟਰੋਡਿਊਸ ਕੀਤੀ, ਮਿਡਲਮੈਨ ਇਲੀਮੀਨੇਟ ਕਰ ਦਿੱਤਾ ਔਰ ਕਿਸਾਨ ਨੂੰ ਪੱਕਾ ਪਤਾ ਹੈ ਕਿ ਉਸ ਦੀ ਜਿਨਸ ਇਸ ਭਾਅ ਵਿਕ ਜਾਣੀ ਹੈ। ਇਹ ਅੱਜ ਇਥੇ ਨਾਹਰੇ ਮਾਰਦੇ ਹਨ। ਦਿੱਲੀ ਵਿਚ ਵੀ ਇਹ (ਵਿਰੋਧੀ ਪਾਰਟੀ ਵਲ ਇਸ਼ਾਰਾ) ਰਹੇ। ਜਦੋਂ ਵੋਟਾਂ ਦਾ ਵੇਲਾ ਆਇਆ ਤਾਂ ਚਾਰ ਇੱਕ ਪਾਸੇ ਹੋ ਜਾਂਦੇ ਸਨ ਅਤੇ ਚਾਰ ਇੱਕ ਪਾਸੇ ਹੋ ਜਾਂਦੇ ਸਨ। ਵੋਟਾਂ ਨਹੀਂ ਪਾਉਂਦੇ ਸਨ। ਇਹ ਕਹਾਣੀ ਕੀਤੀ ਸਾਡੇ ਇਥੇ ਰਾਜ ਕਰਨ ਵਾਲਿਆਂ ਨੇ। ਜਦੋਂ ਮੁਰਾਰ ਜੀ ਅਤੇ ਚਰਨ ਸਿੰਘ ਦਾ ਡਰਾਮਾ ਹੋਇਆ ਤਾਂ ਚਾਰ, ਚਾਰ ਹੋ ਕੇ ਖੜੇ ਹੋ ਗਏ। ਜਿਹੜੇ ਵੋਟ ਦਾ ਅਧਿਕਾਰ ਨਹੀਂ ਐਕਸਰਸਾਈਜ਼ ਕਰ ਸਕਦੇ, ਉਸ ਨੂੰ ਵੋਟ ਦਾ ਅਧਿਕਾਰ ਕਿਸ ਲਈ ਚਾਹੀਦਾ ਹੈ। (ਵਿਘਨ)

ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ। ਉਥੇ ਬੈਠੇ ਮੇਰੇ ਦੋਸਤ ਇਲੈਕਸ਼ਨਾਂ ਦੀਆਂ ਗੱਲਾਂ ਕਰਦੇ ਹਨ। ਮੈਂ ਤਾਂ ਉਨ੍ਹਾਂ ਦੇ ਲੀਡਰਾਂ ਦੇ ਚੱਜ ਦੱਸੇ ਹਨ। ਮੈਂ ਇਤਨਾ ਹੀ ਕਹਿਕੇ ਨਿਵੇਦਨ ਕਰਾਂਗਾ ਕਿ ਇਸ ਆਰਡੀਨੈਂਸ ਨੂੰ ਬਿੱਲ ਵਿਚ ਲਿਆ ਕੇ ਪਾਸ ਕੀਤਾ ਜਾਵੇ। (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਪਹਿਲੀ ਵਾਰੀ ਗੱਲ ਕੀਤੀ ਹੈ (ਵਿਘਨ) ਤੁਸੀਂ ਵੀ ਇਨ੍ਹਾਂ ਨਾਲ ਰਲ ਗਏ ਹੋ ਜੀ।

Original with;
Punjab Vidhan Sabha
Digitized by;
Panjab Digital Library

Mr. Speaker : No aspersion, please.

ਸਰਦਾਰ ਸੁਰਜੀਤ ਸਿੰਘ ਬਰਨਾਲਾ: ਸਪੀਕਰ ਸਾਹਿਬ, ਤੁਹਾਡੇ ਆਉਣ ਤੋਂ ਪਹਿਲਾਂ ਇਹ ਫੈਸਲਾ ਹੋਇਆ ਸੀ ਕਿ ਇਸ ਉਤੇ ਅਗਰ ਦੋ ਮਿੰਟ ਵਾਸਤੇ ਕਿਸੇ ਨੇ ਬੋਲਣਾ ਹੋਵੇ ਤਾਂ ਉਸ ਨੂੰ ਵੀ ਮੌਕਾ ਦਿੱਤਾ ਜਾਵੇਗਾ । (ਵਿਘਨ)

Mr. Speaker : Question is—

That this House disapproves the Punjab Agricultural Produce Markets(Amendment) Ordinance, 1980 (Punjab Ordinance No. 5 of 1980)

The motion was lost.

Mr. Speaker : Question is—

That the Punjab Agricultural Produce Markets (Amendment) Bill be taken into consideration at once

The motion was carried.

Mr. Speaker : Now the House will proceed to consider the Bill Clause by Clause.

Sub-clause(2) of Clause 1

Mr. Speaker : Question is—

That Sub-clause(2) of Clause 1 stand part of the Bill.

The motion was carried.

Clause 2

Mr. Speaker : Question is—

That clause 2 stand part of the Bill.

The motion was carried.

Clause 3

Mr. Speaker : Question is—

The motion was carried.

That clause 3 stand part of the Bill.

Sub-clause (1) of Clause 1

Mr. Speaker : Question is—

That Sub-clause(1) of Clause 1 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

TITLE.

Mr.Speaker : Question is—

That Title be the title of the Bill.

The motion was carried

Agriculture Minister (Chaudhri Kanshi Ram) : Sir, I beg to move—

That the Punjab Agricultural Produce Markets (Amendment) Bill be passed.

Mr. Speaker : Motion moved—

That the Punjab Agricultural Produce Markets (Amendment) Bill be passed.

Mr. Speaker : Question is—

That the Punjab Agricultureal Produce Markets (Amendment) Bill be passed.

The motion was carried.

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਮਾਨਯੋਗ ਮੈਂਬਰ ਮੇਰੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ । ਇਹ ਲਫਜ਼ ਐਕਸਪੰਜ ਕੀਤੇ ਜਾਣ।

THE PUNJAB NURSES REGISTRATION (AMENDMENT AND VALIDATION) BILL, 1980

HEALTH AND FAMILY WELFARE MINISTER (SHRI SARDARI LAL KAPUR) :— Sir, I beg to introduce the Punjab Nurses Registration (Amendment and Validation) Bill.

Sir, I also beg to move —

That the Punjab Nurses Registration (Amendment and Validation) Bill be taken into consideration at once.

Mr. Speaker : Motion moved—

That the Punjab Nurses Registration (Amendment and Validation) Bill be taken into Consideration at once.

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ, ਐਸ. ਸੀ): ਸਪੀਕਰ ਸਾਹਿਬ, ਇਹ ਬਿਲ ਬੜਾ ਇੰਪਾਰਟੈਂਟ ਹੈ ਪਰ ਸਮਾਂ ਬਹੁਤ ਥੋੜ੍ਹਾ ਮੰਗਦਾ ਹੈ ਕਿਉਂਕਿ ਇਸ ਵਿਚ ਬਹੁਤ ਵੱਡੀਆਂ ਗੱਲਾਂ ਨਹੀਂ ਰੱਖੀਆਂ ਗਈਆਂ। ਪੰਜਾਬ ਨਰਸਿਜ਼ ਦਾ ਇਹ ਐਕਟ ਮਈ, 1971 ਦਾ ਜੋ ਅਮੈਂਡਿਡ ਹੈ ਇਹ ਪ੍ਰਿਸੀਪਲ ਐਕਟ, 1932 ਵਿਚ ਪਾਸ ਹੋਇਆ ਸੀ। ਸੰਨ 1971 ਵਿਚ ਕੌਂਸਲ ਬਣੀ ਸੀ ਔਰ ਇਹ ਪੰਜ ਸਾਲਾਂ ਲਈ ਬਣੀ ਸੀ। ਮਈ, 1976 ਵਿਚ ਇਸ ਦੀ ਮਿਆਦ ਖ਼ਤਮ ਹੁੰਦੀ ਸੀ ਪਰ ਉਹ ਹਾਲੇ ਤਕ ਚਲੀ ਆਉਂਦੀ ਹੈ। ਉਸ ਨੂੰ ਰੀਵੈਲੀਡੇਟ ਕਰਨ ਵਾਸਤੇ, ਰੀਕੰਸਟੀਚਿਊਟ ਕਰਨ ਵਾਸਤੇ ਕੋਈ ਗੱਲ ਨਹੀ ਕੀਤੀ ਗਈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਿਲ ਜਿਹੜਾ ਹੈ ਇਹ ਤਾਂ ਠੀਕ ਹੈ ਲੇਕਿਨ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜਿਹੜੀਆਂ ਗੱਲਾਂ ਉਥੇ ਹੁੰਦੀਆਂ ਰਹੀਆਂ ਹਨ, ਇਹ ਮਲੋ ਮੱਲੀ ਹੁੰਦੀਆਂ ਰਹੀਆਂ ਹਨ ਉਨ੍ਹਾਂ ਬਾਰੇ ਵੀ ਕਹਾਂਗਾ ਕਿ ਵਜ਼ੀਰ ਸਾਹਿਬ ਇਸ ਬਿਲ ਦੇ ਪਾਸ ਹੋਣ ਵੇਲੇ ਉਨ੍ਹਾਂ ਤੇ ਜ਼ਰੂਰੀ ਰੋਸ਼ਨੀ ਪਾਉਣ। ਇਸ ਦੇ ਰਜਿਸਟਰਾਰ ਦਾ ਦਫ਼ਤਰ ਲੁਧਿਆਣਾ ਵਿਚ ਹੁੰਦਾ ਸੀ। ਮੇਰਾ ਖਿਆਲ ਹੈ ਕਿ ਕੋਈ 80/85 ਸਾਲਾਂ ਦਾ ਉਹ ਬੁਢਾ ਜਿਸ ਦਾ ਨਾਉਂ ਹੰਸ ਰਾਜ ਸ਼ਰਮਾ ਹੈ ਉਹ ਪਤਾ ਨਹੀਂ ਹੈ ਕਿ ਕਿਸ ਤਰ੍ਹਾਂ ਰਜਿਸਟ੍ਰੇਸ਼ਨ ਕਰਦਾ ਰਿਹਾ ਹੈ। ਉਸ ਦਾ ਟੁੱਟਾ ਫੁੱਟਾ ਜਿਹਾ ਦਫ਼ਤਰ ਸੀ। ਉਥੇ ਇਕ ਅੱਧ ਕਲਰਕ ਹੁੰਦਾ ਸੀ ਅੋਰ ਪਤਾ ਨਹੀਂ ਉਹ ਕੀ ਕਰਦਾ ਰਹਿੰਦਾ ਸੀ ਅੋਰ ਇਹ ਪਤਾ ਨਹੀਂ ਕਿ ਉਹ ਕਦੋਂ ਤੋਂ ਚਲਿਆ ਆਉਂਦਾ ਰਿਹਾ ਹੈ। ਕਾਂਗਰਸ ਰਿਜੀਮ ਦੇ ਵਿਚ ਉਸ ਦਾ ਕੰਮ ਬਹੁਤ ਸੀ। ਕਾਫੀ ਰਜਿਸਟਰੇਸ਼ਨ ਕਰਦਾ ਸੀ। ਮੈਨੂੰ ਨਹੀਂ ਪਤਾ ਕਿ ਕਿਤਨੀਆਂ ਕੁ ਨਰਸਾਂ, ਮਿਡਵਾਈਵਜ਼ ਤੇ ਲੇਡੀ ਹੈਲਥ ਵਿਜ਼ਟਰਜ਼ ਦੀ ਰਜਿਸਟ੍ਰੇਸ਼ਨ ਕਰਦਾ ਸੀ ਲੇਕਿਨ ਕਿਸੇ ਨੇ ਕਦੇ ਉਸ ਦੀ ਇਨਕੁਆਇਰੀ ਨਹੀਂ ਸੀ ਕੀਤੀ ਅੋਰ ਕਦੇ ਉਸ ਨੂੰ ਕੋਈ ਹਟਾ ਨਹੀਂ ਸੀ ਸਕਿਆ। ਮੱਲੋ ਮੱਲੀ ਉਸ ਦਾ ਦਫ਼ਤਰ ਸਰਕਾਰ ਨੇ ਮੁਹਾਲੀ ਲੈ ਆਂਦਾ ਪਰ ਉਹ ਰਿਕਾਰਡ ਨਹੀਂ ਦਿੰਦਾ। ਇਹ ਦਫਤਰ ਮੁਹਾਲੀ ਲਿਆਈ ਬੈਠੇ ਹਨ ਪਰ ਉਹ ਲੁਧਿਆਣਾ ਵਿਚ ਰਿਕਾਰਡ ਲਈ ਬੈਠਾ ਹੈ ਤੇ ਰਜਿਸਟਰੇਸ਼ਨ ਕਰਦਾ ਹੈ ਉਸ ਤੇ ਬਹੁਤ ਝਗੜੇ ਚਲਦੇ ਰਹੇ। ਸਰਕਾਰ ਕਹਿੰਦੀ ਸੀ ਕਿ ਮੁਹਾਲੀ ਆ ਜਾਵੇ, ਉਹ ਕਹਿੰਦੇ ਸਨ ਕਿ ਦਫ਼ਤਰ ਲੁਧਿਆਣਾ ਰਖਣਾ ਹੈ। ਆਖਿਰ ਤੇ ਉਹ ਦਫ਼ਤਰ ਮੁਹਾਲੀ ਆ ਗਿਆ। ਜਿਹੜਾ ਰਜਿਸਟਰਾਰ ਹੈ ਉਸ ਦਾ ਮੈਨੂੰ ਨਹੀਂ ਪਤਾ ਕਿ ਉਹੀ ਚਲਿਆ ਆ ਰਿਹਾ ਹੈ ਜਾਂ ਬਦਲ ਗਿਆ ਹੈ ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਇਹ ਦਫ਼ਤਰ ਲੁਧਿਆਣਾ ਵਿਖੇ ਬਹੁਤ ਦੇਰ ਤੋਂ ਚਲਿਆ ਆਉਂਦਾ ਹੈ। ਉਥੇ 10 ਲੱਖ ਦੇ ਕਰੀਬ ਅਬਾਦੀ ਹੈ, ਦੋ ਮੈਡੀਕਲ ਕਾਲਜ ਹਨ, ਉਸ ਸ਼ਹਿਰ ਦੀ ਉਸ ਦਫ਼ਤਰ ਦੇ ਨਾਲ ਬਹੁਤ ਇੰਪਾਰਟੈਂਸ ਹੈ, ਇਸ ਲਈ ਮੈਂ ਸਮਝਦਾ ਹਾਂ ਕਿ ਇਸ ਦਫ਼ਤਰ ਨੂੰ ਬਦਲ ਕੇ ਲੁਧਿਆਣਾ ਹੀ ਲੈ ਜਾਣਾ ਚਾਹੀਦਾ ਹੈ।

ਦੂਸਰਾ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜੀਆਂ ਨਰਸਿਜ਼ ਹੁੰਦੀਆਂ ਹਨ ਜਾਂ ਲੇਡੀ ਹੈਲਥ ਵਿਜ਼ਟਰਜ਼ ਹੁੰਦੀਆਂ ਹਨ, ਇਹ ਹਰ ਗਰੀਬ ਲੜਕੀ ਨਹੀਂ ਬਣ ਸਕਦੀ। ਇਸ ਵਿਚ ਜਿਹੜੀਆਂ ਚੰਗੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਹੁੰਦੀਆਂ ਹਨ, ਜਿਨ੍ਹਾਂ ਨੇ ਐਜੂਕੇਸ਼ਨ ਤੇ ਚੰਗਾ ਖਰਚ ਕੀਤਾ ਹੁੰਦਾ ਹੈ ਉਹ ਹੀ ਚੰਗੀਆਂ ਨਰਸਿਜ਼ ਬਣ ਸਕਦੀਆਂ ਹਨ। ਇਨ੍ਹਾਂ ਨੂੰ 24-24 ਘੰਟੇ ਦੀ ਡਿਊਟੀ ਦੇਣੀ ਪੈਂਦੀ ਹੈ। ਸਾਰੇ ਡਾਕਟਰ ਚਲੇ ਜਾਂਦੇ ਹਨ, ਹੋਰ ਸਾਰਾ ਸਟਾਫ ਚਲਾ ਜਾਂਦਾ ਹੈ ਪਰ ਇਨ੍ਹਾਂ ਨੂੰ ਡਿਊਟੀ ਦੇਣੀ ਪੈਂਦੀ ਹੈ ਲੇਕਿਨ ਇਨ੍ਹਾਂ ਨੂੰ ਚੰਗੇ ਅਲਾਊਂਸ ਨਹੀਂ ਦਿੱਤੇ ਜਾ ਰਹੇ। ਪਿਛੇ ਜਿਹੇ ਇਨ੍ਹਾਂ ਨੂੰ ਫੂਡ ਅਲਾਊਂਸ ਅਤੇ ਵਰਦੀ ਅਲਾਊਂਸ ਵਗੈਰਾ ਦਿੱਤਾ ਜਾਂਦਾ ਸੀ ਪਰ ਇਹ ਜਿਹੜਾ ਨਵਾਂ ਪੇ ਕਮਿਸ਼ਨ ਆਇਆ ਇਸ ਨੇ ਇਹ ਸਾਰੇ ਅਲਾਊਂਸ ਵਿਚ ਪਾ ਕੇ ਇਕ ਤਨਖਾਹ ਕਰ ਦਿੱਤੀ ਅੋਰ ਇਹ ਤਨਖਾਹ ਵੀ ਉਤਨੀ ਹੀ ਕਰ ਦਿੱਤੀ ਜਿਤਨੀ ਉਹ ਪਹਿਲਾਂ ਲੈਂਦੀਆਂ ਸਨ। ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਫੂਡ ਅਲਾਊਂਸ ਅੋਰ ਵਰਦੀ ਅਲਾਊਂਸ ਉਨ੍ਹਾਂ ਨੂੰ ਸੈਪਰਿਟ ਮਿਲਣਾ ਚਾਹੀਦਾ ਹੈ। ਇਹ ਅਲਾਊਂਸ ਨਾ ਦੇ ਕੇ ਉਨ੍ਹਾਂ ਨਾਲ ਇਨਸਾਫ਼ ਨਹੀਂ ਕੀਤਾ ਜਾ ਰਿਹਾ। ਫਿਰ ਉਨ੍ਹਾਂ ਦੀ ਮਕਾਨਾਂ ਦੀ ਪਰਾਬਲਮ ਭੀ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ 24-24 ਘੰਟੇ ਦੀ ਡਿਊਟੀ ਦੇਣੀ ਪੈਂਦੀ ਹੈ, ਇਸ ਲਈ ਉਨ੍ਹਾਂ ਨੂੰ ਉਥੇ ਹੀ ਹਸਪਤਾਲ ਵਿਚ ਹੀ ਮਕਾਨ ਵਗੈਰਾ ਪਾ ਕੇ ਜ਼ਰੂਰ ਦੇਣੇ ਚਾਹੀਦੇ ਹਨ। ਇਨ੍ਹਾਂ ਦੀ ਐਮਰਜੈਂਟ ਡਿਊਟੀ ਹੁੰਦੀ ਹੈ,ਘਰੋਂ ਵੀ ਬੁਲਾਇਆ ਜਾਂਦਾ ਹੈ, ਇਸ ਲਈ ਇਨ੍ਹਾਂ ਨੂੰ ਮਕਾਨ ਜ਼ਰੂਰ ਦੇਣੇ ਚਾਹੀਦੇ ਹਨ ਅੋਰ ਗਰੇਡ ਵਗੈਰਾ ਚੰਗੇ ਮਿਲਣੇ ਚਾਹੀਦੇ ਹਨ।

ਸਰਦਾਰਨੀ ਰਾਜਿੰਦਰ ਕੌਰ (ਧਨੌਲਾ) : ਆਨਰੇਬਲ ਸਪੀਕਰ ਸਾਹਿਬ, ਇਹ ਜਿਹੜੀ ਨਰਸਿਜ਼ ਕੌਂਸਿਲ ਹੈ ਇਹ ਹੋਣੀ ਚਾਹੀਦੀ ਹੈ। ਖਾਲਸਾ ਸਾਹਿਬ ਨੇ ਵੀ ਬੋਲਦੇ ਹੋਏ ਕਿਹਾ ਹੈ ਅੋਰ ਇਹ ਐਡਮਿਟ ਕੀਤਾ ਹੈ ਕਿ ਇਨ੍ਹਾਂ ਨਰਸਿਜ਼ ਦੀਆਂ ਬਹੁਤ ਸਾਰੀਆਂ ਮਜ਼ਬੂਰੀਆਂ ਹੁੰਦੀਆਂ ਹਨ ਅੋਰ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਰਜਿੰਦਰ ਕੌਰ]

ਇਨ੍ਹਾਂ ਦਾ ਕੰਮ ਬਹੁਤ ਔਖਾ ਹੁੰਦਾ ਹੈ। ਸਾਡੇ ਦੇਸ਼ ਦਾ ਅੱਧਾ ਹਿੱਸਾ, ਖਾਸ ਕਰਕੇ ਜ਼ਨਾਨੀਆਂ ਦਾ ਵਰਗ, ਇਨ੍ਹਾਂ ਦੇ ਉਪਰ ਖਾਸ ਕਰਕੇ ਅਧਾਰਿਤ ਹੈ। ਇਸ ਕਰਕੇ ਹਰ ਪੱਖ ਤੋਂ ਇਨ੍ਹਾਂ ਨੂੰ ਸਤਿਕਾਰਿਆ ਜਾਣਾ ਚਾਹੀਦਾ ਹੈ। 1977 ਵਿਚ ਜਦੋਂ ਅਕਾਲੀ ਦਲ ਦੀ ਸਰਕਾਰ ਆਈ ਤਾਂ ਉਸ ਵੇਲੇ ਬਾਦਲ ਸਾਹਿਬ ਨੇ ਕਿਹਾ ਸੀ ਕਿ ਅਸੀਂ ਬਹੁਤ ਤੇਜ਼ੀ ਨਾਲ ਹਰ ਖੇਤਰ ਵਿਚ ਤਰਕੀ ਦੇ ਕਦਮ ਪੁਟ ਰਹੇ ਹਾਂ ਪਰ ਮੈਂ ਸਮਝਦੀ ਹਾਂ ਕਿ ਇਨ੍ਹਾਂ ਦੀ ਭਲਾਈ ਵਲ ਕੋਈ ਖਿਆਲ ਨਹੀਂ ਕੀਤਾ ਗਿਆ। ਸਪੀਕਰ ਸਾਹਿਬ, ਸੇਵਾ ਦੇਸ਼ ਦੀ ਵੀ ਹੁੰਦੀ ਹੈ ਔਰ ਦੇਸ਼ ਦੇ ਵਿਚ ਰਹਿਣ ਵਾਲਿਆਂ ਦੀ ਵੀ ਹੁੰਦੀ ਹੈ। ਸੇਵਾ ਕਰਨ ਲਈ ਸਭ ਕਹਿੰਦੇ ਹਨ ਪਰ ਕਰਨੀ ਬਹੁਤ ਔਖੀ ਹੁੰਦੀ ਹੈ। ਅਸੀਂ ਜੇ ਘਰ ਵਿਚ ਪਾਣੀ ਪੀਣਾ ਹੋਵੇ ਜਾਂ ਪਿਲਾਉਣਾ ਹੋਵੇ ਤਾਂ ਵੀ ਸੋਚਦੇ ਹਾਂ ਕਿ ਨੌਕਰ ਹੋਣਾ ਚਾਹੀਦਾ ਹੈ ਜਿਹੜਾ ਕਿ ਸਾਡੀ ਸੇਵਾ ਕਰੇ ਪਰ ਇਹ ਵਿਚਾਰੀਆਂ ਤਾਂ ਆਪਣੇ ਸਾਰੇ ਰੁਝੇਵਿਆਂ ਨੂੰ ਛੱਡ ਕੇ ਹਰ ਦੁੱਖੀ, ਪੀੜਤਾਂ ਦੀ ਸੇਵਾ ਕਰਦੀਆਂ ਹਨ। ਸਪੀਕਰ ਸਾਹਿਬ, ਜਦੋਂ ਸਾਡੀ ਕੋਈ ਭੈਣ ਜਾਂ ਭਰਾ ਹਸਪਤਾਲ ਵਿਚ ਦੁੱਖੀ ਪਿਆ ਹੁੰਦਾ ਹੈ ਤਾਂ ਉਸ ਵੇਲੇ ਅਸੀਂ ਉਸ ਦੀ ਮਦਦ ਕੁਝ ਨਹੀਂ ਕਰ ਸਕਦੇ। ਉਸ ਵੇਲੇ ਅਸੀਂ ਇਹ ਸੋਚਦੇ ਹਾਂ ਕਿ ਇਹ ਡਾਕਟਰ ਜਾਂ ਨਰਸ ਹੀ ਸਾਡੇ ਲਈ ਧਰਤੀ ਤੇ ਵਸਦਾ ਰਬ ਹੈ ਜੋ ਸਾਡੀ ਭੈਣ ਜਾਂ ਭਰਾ ਨੂੰ ਬਚਾ ਸਕਦੀ ਹੈ। ਇਸ ਲਈ ਮੈਂ ਇਹ ਸਮਝਦੀ ਹਾਂ ਕਿ ਇਨ੍ਹਾਂ ਦੀਆਂ ਸਹੂਲਤਾਂ ਵਿਚ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਇਹ ਕੌਂਸਿਲ 5 ਸਾਲ ਲਈ ਬਣੀ ਸੀ ਜਿਸ ਦੀ ਮਿਆਦ 1976 ਵਿਚ ਪੂਰੀ ਹੋ ਗਈ ਸੀ। 1977 ਵਿਚ ਜੋ ਇਸ ਦਾ ਰਜਿਸਟਰਾਰ ਸੀ ਉਹ ਵੀ ਰਿਟਾਇਰ ਹੋ ਜਾਣਾ ਸੀ ਪਰ ਮੈਂ ਸਮਝਦੀ ਹਾਂ ਕਿ ਹੁਣ ਇਹ ਜੋ ਹੈਲਥ ਮਨਿਸਟਰ ਸਾਹਿਬ ਨੇ ਇਸ ਕੌਂਸਿਲ ਨੂੰ ਕਾਇਮ ਕਰਨ ਲਈ ਬਿਲ ਰਖਿਆ ਹੈ, ਭਾਵੇਂ ਇਸ ਦੀ ਟਰਮ 2 ਸਾਲ ਹੀ ਹੈ ਪਰ ਇਹ ਬੜਾ ਚੰਗਾ ਕਦਮ ਹੈ। ਮੈਂ ਇਸ ਦੇ ਨਾਲ ਇਹ ਵੀ ਜ਼ਰੂਰ ਕਹਾਂਗੀ ਕਿ ਜਿਹੜੀ ਨਰਸਿਜ਼ ਦੀ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ ਇਹ ਪੂਰੇ ਧਿਆਨ ਨਾਲ ਕੀਤੀ ਜਾਣੀ ਚਾਹੀਦੀ ਹੈ, ਜਿਸ ਦੀ ਪੂਰੀ ਟਰੇਨਿੰਗ ਹੋਵੇ ਉਨ੍ਹਾਂ ਦੀ ਹੀ ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ। ਕਈ ਵਾਰ ਇਹ ਹੁੰਦਾ ਹੈ ਕਿ ਨੀਮ ਹਕੀਮ ਖ਼ਤਰਾ ਏ ਜਾਨ ਵਾਲੀ ਗਲ ਹੁੰਦੀ ਹੈ। ਕਈ ਨਰਸਿਜ਼ ਜਿਹੜੀਆਂ ਪੂਰੀਆਂ ਟਰੇਂਡ ਨਹੀਂ ਹੁੰਦੀਆਂ ਉਨ੍ਹਾਂ ਨੂੰ ਜਦੋਂ ਪਿੰਡਾਂ ਵਿਚ ਕੰਮ ਕਰਨਾ ਪੈਂਦਾ ਹੈ ਤਾਂ ਉਹ ਅਨਟਰੇਂਡ ਹੋਣ ਕਰਕੇ ਜਾਨੀ ਨੁਕਸਾਨ ਕਰ ਦਿੰਦੀਆਂ ਹਨ। ਅਜਿਹੇ ਕਈ ਕੇਸ ਸਾਡੇ ਨੋਟਿਸ ਵਿਚ ਆਏ ਹਨ ਜਿਥੇ ਸਾਡੀਆਂ ਕਈ ਭੈਣਾਂ ਦੀ ਬਿਮਾਰੀ ਦੇ ਸਮੇਂ ਜ਼ਿੰਦਗੀ ਹੀ ਖ਼ਤਮ ਹੋ ਗਈ। ਜੇ ਕੋਈ ਟਰੇਂਡ ਕੰਮ ਕਰਨ ਵਾਲੀ ਨਰਸ ਹੋਵੇ ਤਾਂ ਉਹ ਸਾਡੀਆਂ ਭੈਣਾਂ ਦੀ ਜ਼ਿੰਦਗੀ ਵੀ ਬਚਾ ਸਕਦੀ ਹੈ ਪਰ ਜੇ ਉਹ ਟਰੇਂਡ ਨਾ ਹੋਵੇ ਤਾਂ ਉਸ ਦੀ ਗਲਤੀ ਨਾਲ ਕਈ ਜ਼ਿੰਦਗੀਆਂ ਚਲੀਆਂ ਜਾਂਦੀਆਂ ਹਨ। ਸੋ ਮੈਂ ਇਹ ਸਮਝਦੀ ਹਾਂ ਕਿ ਰਜਿਸਟਰੇਸ਼ਨ ਹੋਣਾ ਚੰਗੀ ਗਲ ਹੈ ਪਰ ਇਹ ਰਜਿਸਟਰੇਸ਼ਨ ਉਸੇ ਦੀ ਹੋਣੀ ਚਾਹੀਦੀ ਹੈ ਜਿਸ ਨੂੰ ਪੂਰਾ ਤਜਰਬਾ ਹੋਵੇ, ਨਾ ਤਜਰਬਾਕਾਰ ਨੂੰ ਰਜਿਸਟਰ ਨਹੀਂ ਕਰਨਾ ਚਾਹੀਦਾ।

ਇਸ ਤੋਂ ਬਾਅਦ ਮੈਂ ਇਕ ਗਲ ਹੋਰ ਕਹਾਂਗੀ ਕਿ ਇਨ੍ਹਾਂ ਨੂੰ ਆਪਣੇ ਘਰ ਦੇ ਸਾਰੇ ਕੰਮ ਛੱਡ ਕੇ ਦੁੱਖੀ ਪੀੜਤਾਂ ਦੀ ਸੇਵਾ ਕਰਨੀ ਪੈਂਦੀ ਹੈ, ਇਸ ਲਈ ਜਿੰਨੀਆਂ ਵੀ ਇਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ, ਜਿੰਨੇ ਵੀ ਇਨ੍ਹਾਂ ਦੇ ਪੇ ਸਕੇਲ ਚੰਗੇ ਹੋਣਗੇ ਉਹ ਚੰਗਾ ਕੰਮ ਕਰਨਗੀਆਂ। ਜੇ ਇਨ੍ਹਾਂ ਨੂੰ ਚੰਗੇ ਗਰੇਡ ਅਤੇ ਸਹੂਲਤਾਂ ਨਹੀਂ ਦਿੱਤੀਆਂ ਜਾਣਗੀਆਂ ਤਾਂ ਇਹ ਆਪਣੀ ਡਿਊਟੀ ਚੰਗੀ ਤਰ੍ਹਾਂ ਨਹੀਂ ਨਿਭਾ ਸਕਣਗੀਆਂ। ਤੁਹਾਨੂੰ ਪਤਾ ਹੈ ਕਿ 1977 ਵਿਚ ਜਦੋਂ ਸਾਹਮਣੇ ਬੈਠੇ ਅਕਾਲੀਆਂ ਦੀ ਸਰਕਾਰ ਸੀ ਤਾਂ ਉਸ ਵੇਲੇ ਨਰਸਿਜ਼ ਨੇ ਹੜਤਾਲ ਕੀਤੀ ਸੀ ਕਿਉਂਕਿ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

ਸਹੂਲਤਾਂ ਪੂਰੀਆਂ ਨਹੀਂ ਸੀ ਦਿੱਤੀਆਂ ਜਾ ਰਹੀਆਂ। ਉਸ ਸਮੇਂ ਵਿਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਸੀ ਹੁੰਦੀ। ਇਸ ਤਰੀਕੇ ਨਾਲ ਉਹ ਭੈਣਾਂ ਆਪਣੀ ਡਿਊਟੀ ਠੀਕ ਤਰ੍ਹਾਂ ਨਹੀਂ ਨਿਭਾ ਸਕਦੀਆਂ। ਇਸ ਲਈ ਮੈਂ ਸਮਝਦੀ ਹਾਂ ਕਿ ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ।

ਇਕ ਗਲ ਮੈਂ ਹੋਰ ਕਹਾਂਗੀ ਕਿ ਹਰ ਇਕ ਸੂਬੇ ਦਾ ਆਪਣਾ ਵੱਖਰਾ ਵੱਖਰਾ ਤਰੀਕਾ ਹੁੰਦਾ ਹੈ। ਆਪਣਾ ਆਪਣਾ ਕਲਚਰ ਹੁੰਦਾ ਹੈ। ਇਸ ਦੇ ਮੁਤਾਬਿਕ ਹੀ ਹਰਇਕ ਨੂੰ ਰਹਿਣਾ ਚਾਹੀਦਾ ਹੈ। ਇਸ ਲਈ ਮੈਂ ਸਮਝਦੀ ਹਾਂ ਕਿ ਜਿਹੜੀ ਡਰੈਸ ਨਰਸਿਜ਼ ਦੀ ਇੰਗਲਿਸ਼ ਸਰਕਾਰ ਦੇ ਵੇਲੇ ਦੀ ਚਲੀ ਆਉਂਦੀ ਹੈ, ਸਕੱਰਟਸ ਵਗੈਰਾ, ਉਹ ਹੀ ਹੁਣ ਚਲੀ ਆ ਰਹੀ ਹੈ, ਇਸ ਦੇ ਲਈ ਮੈਂ ਰਿਕੁਐਸਟ ਕਰਾਂਗੀ ਕਿ ਸਾਡੇ ਸੂਬੇ ਵਿਚ ਔਰਤਾਂ ਦੀ ਇਹ ਡਰੈਸ ਨਹੀਂ ਚਲਦੀ, ਇਸ ਲਈ ਇਨ੍ਹਾਂ ਨੂੰ ਵੀ ਕਮੀਜ਼-ਸਲਵਾਰ ਜਾਂ ਸਾੜੀ ਪਾਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਸਕੱਰਟਸ ਵਾਲੀ ਡਰੈਸ ਇਥੇ ਨਹੀਂ ਹੋਣੀ ਚਾਹੀਦੀ। ਸਾਡੇ ਦੇਸ਼ ਦੇ ਵਿਚ ਇਸ ਸੇਵਾ ਕਰਨ ਵਾਲੀ ਲੜਕੀ ਨੂੰ ਅਗਰ ਅਸੀਂ ਦੇਵੀ ਵੀ ਕਹੀਏ ਤਾਂ ਠੀਕ ਹੈ। ਉਹ ਇਕ ਦੇਵੀ ਦੀ ਤਰ੍ਹਾਂ ਹੀ ਕੰਮ ਕਰਦੀ ਹੈ। ਤੁਸੀਂ ਸਾਰਿਆਂ ਨੇ ਫਲੋਰੈਂਸ ਨਾਈਟਿੰਗੇਲ ਦੀ ਕਹਾਣੀ ਪੜ੍ਹੀ ਹੋਵੇਗੀ। ਉਸ ਨੇ ਕਿਸ ਤਰ੍ਹਾਂ ਨਾਲ ਦੇਸ਼ ਦੀ ਸੇਵਾ ਕੀਤੀ, ਕਿਸ ਤਰ੍ਹਾਂ ਨਾਲ ਦੁੱਖੀ ਪੀੜਤਾਂ ਦੀ ਸੇਵਾ ਕੀਤੀ। ਸੋ ਇਸ ਤਰੀਕੇ ਨਾਲ ਜਿਹੜੀਆਂ ਇਹ ਸਾਡੇ ਭੈਣਾਂ ਭਰਾਵਾਂ ਦੀਆਂ ਦੁੱਖ ਵੇਲੇ ਸੇਵਾ ਕਰਦੀਆਂ ਹਨ ਉਹ ਹਮੇਸ਼ਾ ਹੀ ਯਾਦ ਰਹਿੰਦੀ ਹੈ। ਅਸੀਂ ਉਸ ਨੂੰ ਨਰਸ ਨਹੀਂ ਕਹਿ ਸਕਦੇ ਉਹ ਤਾਂ ਇਕ ਦੇਵੀ ਹੁੰਦੀ ਹੈ ਜਿਹੜੀ ਕਿ ਲੱਖਾਂ, ਕਰੋੜਾਂ ਦੀ ਜ਼ਿੰਦਗੀ ਬਚਾ ਸਕਦੀ ਹੈ । ਫ਼ਲੋਰੈਂਸ ਨਾਈਟਿੰਗੇਲ ਬਾਰੇ ਕਿਤਾਬਾਂ ਸਭ ਨੇ ਪੜ੍ਹੀਆਂ ਹੋਣਗੀਆਂ। ਹਰ ਕੋਈ ਜਾਣਦਾ ਹੈ ਕਿ ਜਿਤਨੀ ਸੇਵਾ ਇਹ ਕਰਦੀਆਂ ਹਨ ਹੋਰ ਕੋਈ ਨਹੀਂ ਕਰ ਸਕਦਾ । ਐਸੀ ਸੇਵਾ ਕਰਨ ਵਾਲੀ ਨਰਸ ਨੂੰ, ਦੁੱਖੀਆਂ ਦੀ ਸੇਵਾ ਕਰਨ ਵਾਲੀ ਨਰਸ ਨੂੰ ਅਗਰ ਮਾੜਾ ਕਿਹਾ ਜਾਵੇ ਔਰ ਉਨ੍ਹਾਂ ਦੀਆਂ ਸਹੂਲਤਾਂ ਦਾ ਧਿਆਨ ਨਾ ਰਖਿਆ ਜਾਵੇ ਤਾਂ ਇਹ ਉਨ੍ਹਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੋਵੇਗੀ। ਉਸ ਨੂੰ ਦੇਵੀ ਮੰਨ ਕੇ ਉਸ ਨੂੰ ਪੂਰੀਆਂ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ, ਚਾਹੇ ਉਹ ਮਕਾਨ ਦੀ ਸਹੂਲਤ ਹੋਵੇ ਜਾਂ ਹੋਰ ਕੋਈ ਸਹੂਲਤ ਹੋਵੇ। ਉਨ੍ਹਾਂ ਦੀਆਂ ਜਿਹੜੀਆਂ ਮੰਗਾਂ ਹਨ ਉਹ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ ਜਿਹੜੀ ਰਜਿਸਟਰੇਸ਼ਨ ਵਿਚ ਉਨ੍ਹਾਂ ਨੂੰ ਤਕਲੀਫ ਹੁੰਦੀ ਹੈ, ਉਹ ਵੀ ਦੂਰ ਕਰਨੀ ਚਾਹੀਦੀ ਹੈ । ਖਾਸ ਕਰਕੇ ਸਾਡੀਆਂ ਭੈਣਾਂ ਲਈ ਤਾਂ ਜਿਸ ਵੇਲੇ ਉਹ ਦੁੱਖੀ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਤਾਂ ਨਰਸ ਦੇ ਅੰਦਰ ਰਬ ਦਾ ਰੂਪ ਦਿਖਦਾ ਹੈ। ਉਹ ਹੀ ਉਸੇ ਵੇਲੇ ਉਨ੍ਹਾਂ ਦੀ ਜ਼ਿੰਦਗੀ ਬਚਾ ਸਕਦੀਆਂ ਹਨ। ਇਸ ਲਈ ਮੈਂ ਇਹ ਕਹਿੰਦੀ ਹਾਂ ਕਿ ਇਨ੍ਹਾਂ ਨੂੰ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ, ਔਰ ਸਪੀਕਰ ਸਾਹਿਬ, ਜੋ ਵੀ ਕਦਮ ਚੁਕੇ ਜਾਣ ਉਹ ਤਕੜੇ ਹੋ ਕੇ ਚੁਕੇ ਜਾਣ। (ਵਿਘਨ)

Mr. Speaker : Please wind up.

ਸਰਦਾਰਨੀ ਰਾਜਿੰਦਰ ਕੌਰ : ਸਪੀਕਰ ਸਾਹਿਬ, ਅਸੀਂ ਜਿਤਨੀਆਂ ਵੀ ਰਿਆਇਤਾਂ ਨਰਸਾਂ ਨੂੰ ਦੇ ਸਕਦੇ ਹਾਂ ਉਹ ਥੋੜੀਆਂ ਹਨ। ਇੱਕ ਵਾਰ ਮਹਾਤਮਾ ਗਾਂਧੀ ਜੀ ਫਾਰੇਨ ਗਏ ਸੀ ਅਤੇ ਉਥੇ ਉਨ੍ਹਾਂ ਨੇ ਜ਼ਖਮੀ ਮਰੀਜ਼ਾਂ ਦੀ ਸੇਵਾ ਕੀਤੀ । ਉਹ ਜ਼ਖਮੀ ਮਰੀਜ਼ਾਂ ਤੇ ਮਲਮ ਪੱਟੀਆਂ ਕਰਦੇ ਸਨ ਉਸ ਦਿਨ ਤੋਂ ਬਾਅਦ ਸਾਡੇ ਦਿਲ ਵਿਚ ਹਮਦਰਦੀ ਪੈਦਾ ਹੋਈ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨਰਸਾਂ ਨੂੰ ਇਹ ਰਿਆਇਤ ਦੇਣੀ ਚਾਹੀਦੀ ਹੈ। ਪਿੰਡਾਂ ਵਿਚ ਅਨਟਰੇਂਡ ਦਾਈਆਂ ਕੇਸ ਖ਼ਰਾਬ ਕਰ ਦਿੰਦੀਆਂ ਹਨ। ਹੁਣ ਇਸ ਨਾਲ ਹਜ਼ਾਰਾਂ ਦੁੱਖੀ ਬੰਦਿਆਂ ਨੂੰ ਸਹੂਲਤ ਮਿਲੇਗੀ। ਇਸ ਲਈ ਮੈਂ ਹੈਲਥ ਮਨਿਸਟਰ ਸਾਹਿਬ ਨੂੰ ਮੁਬਾਰਕਬਾਦ ਦਿੰਦੀ ਹਾਂ ਜਿਨ੍ਹਾਂ ਨੇ ਬਹੁਤ ਸੋਚ ਵਿਚਾਰ ਕਰਕੇ ਇਹ ਬਿਲ ਲਿਆਂਦਾ ਹੈ । ਪਹਿਲਾਂ ਅਕਾਲੀ-ਜਨਤਾ ਸਰਕਾਰ ਸਾਢੇ ਤਿੰਨ ਸਾਲ ਰਾਜ ਕਰਦੀ ਰਹੀ ਪਰ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਰਾਜਿੰਦਰ ਕੌਰ]

ਉਨ੍ਹਾਂ ਨੇ ਕੋਈ ਵੀ ਚੰਗਾ ਕੰਮ ਨਹੀਂ ਕੀਤਾ ਅਤੇ ਨਾ ਹੀ ਉਹ ਇਸ ਕੰਮ ਨੂੰ ਕਰ ਸਕੇ। ਉਨਾਂ ਨੇ ਨਰਸਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ। ਇਸ ਵਾਰ ਪਤਾ ਨਹੀਂ ਕਿ ਸਾਢੇ ਤਿੰਨ ਸਾਲ ਕਿਵੇਂ ਕੱਢ ਗਏ ਵਰਨਾ ਛੇ ਮਹੀਨੇ ਜਾਂ 9 ਮਹੀਨੇ ਤੋਂ ਵੱਧ ਸਮਾਂ ਅਕਾਲੀ–ਜਨਤਾ ਦੀ ਸਰਕਾਰ ਨਹੀਂ ਰਹੀ। ਹੁਣ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ, ਜੋ ਕਿ ਸ਼ਰੀਫ, ਇਮਾਨਦਾਰ ਤੇ ਤਜਰਬੇਕਾਰ ਹਨ, ਗਰੀਬਾਂ ਲਈ ਇਸ ਤਰ੍ਹਾਂ ਦੇ ਬਿਲ ਲਿਆ ਕੇ ਉਨ੍ਹਾਂ ਨੇ ਇੱਕ ਮਿਸਾਲ ਪੇਸ਼ ਕਰ ਦਿੱਤੀ ਹੈ। ਇਹ ਸਾਰੇ ਦੇ ਸਾਰੇ ਵਜ਼ੀਰ ਗਰੀਬਾਂ ਦੀ ਭਲਾਈ ਦੇ ਕੰਮ ਕਰਨ ਵਾਲੇ ਹਨ। ਇਹ ਸਾਰੇ ਦਾ ਸਾਰਾ ਮੰਤਰੀ–ਮੰਡਲ ਗਰੀਬਾਂ ਵਿਚੋਂ ਆਇਆ ਹੈ। ਅਸੀਂ ਸਾਰੇ ਪੰਜਾਬ ਦੇ ਰਹਿਣ ਵਾਲੇ ਹਾਂ। ਜੇਕਰ ਪੰਜਾਬ ਨੂੰ ਉਪਰ ਚੁੱਕਣ ਲਈ ਗੌਰਮਿੰਟ ਸਟੈਪ ਲੈਂਦੀ ਹੈ ਤੇ ਚੰਗੇ ਕੰਮ ਕਰਦੀ ਹੈ ਤਾਂ ਆਪੋਜ਼ੀਸ਼ਨ ਨੂੰ ਕੋਆਪਰੇਸ਼ਨ ਦੇਣੀ ਚਾਹੀਦੀ ਹੈ। ਜੇਕਰ ਉਸ ਨੇ ਕੋਈ ਰਾਏ ਦੇਣੀ ਹੈ ਤਾਂ ਠੀਕ ਤਰੀਕੇ ਦੇ ਨਾਲ ਰਾਏ ਦੇਣੀ ਚਾਹੀਦੀ ਹੈ। (ਵਿਘਨ) ਭੈਣ ਭਰਾਵਾਂ ਦੀ ਤਰ੍ਹਾਂ ਸਾਨੂੰ ਕੰਮ ਕਰਨਾ ਚਾਹੀਦਾ ਹੈ ਔਰ ਅੱਛੀ ਦਲੀਲ ਨੂੰ ਮੰਨ ਲੈਣਾ ਚਾਹੀਦਾ ਹੈ। ਜੇਕਰ ਇਨ੍ਹਾਂ ਨੇ ਕੋਈ ਦਲੀਲ ਦੇਣੀ ਹੈ ਤਾਂ ਸਿੱਧੇ ਤਰੀਕੇ ਦੇ ਨਾਲ ਦੇਣ। ਸਪੀਕਰ ਸਾਹਿਬ, ਮੈਂ ਫਿਰ ਇੱਕ ਵਾਰ ਹੈਲਥ ਮਨਿਸਟਰ ਨੂੰ ਮੁਬਾਰਕਬਾਦ ਦਿੰਦੀ ਹਾਂ ਅਤੇ ਇਸ ਬਿਲ ਦੀ ਪ੍ਰੋੜ੍ਹਤਾ ਕਰਦੀ ਹੋਈ ਬੈਠਦੀ ਹਾਂ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਬੀਬੀ ਜੀ ਨੇ ਸਾਡੀ ਪੁਰਾਣੀ ਸਰਕਾਰ ਬਾਰੇ ਕਿਹਾ ਹੈ ਕਿ ਉਸ ਨੇ ਨਰਸਾਂ ਵਾਸਤੇ ਕੁਝ ਨਹੀਂ ਕੀਤਾ ਲੇਕਿਨ ਮੈਂ ਕਹਿੰਦਾ ਹਾਂ ਕਿ ਅਸੀਂ ਤਾਂ ਨਰਸਾਂ ਦਾ 8 ਘੰਟੇ ਡਿਊਟੀ ਟਾਈਮ ਕੀਤਾ, ਖੁਰਾਕ ਅਲਾਊਂਸ ਵਧਾਇਆ, ਯੂਨੀਫਾਰਮ ਅਲਾਊਂਸ ਦਿੱਤਾ, ਤਨਖਾਹਾਂ ਵਧਾਈਆਂ ਅਤੇ ਹੋਰ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਹਨ।

(ਇਸ ਸਮੇਂ ਮਾਨਯੋਗ ਮੈਂਬਰ, ਮਾਸਟਰ ਬਾਬੂ ਸਿੰਘ, ਬੋਲਣ ਲਈ ਖੜ੍ਹੇ ਹੋਏ)।

ਸ਼੍ਰੀ ਸਪੀਕਰ: ਮਾਸਟਰ ਜੀ ਤੁਸੀਂ ਨਾ ਬੋਲੋ ਵਰਨਾ ਹਾਊਸ ਐਕਸਟੈਂਡ ਕਰਨਾ ਪਏਗਾ।

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ): ਸਪੀਕਰ ਸਾਹਿਬ, ਮੈਂ ਇਕ, ਦੋ ਮਿੰਟ ਹੀ ਲੈਣੇ ਹਨ ?

ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਸ ਬਿਲ ਨੂੰ ਲਿਆ ਕੇ ਬੜਾ ਚੰਗਾ ਕੰਮ ਕੀਤਾ ਹੈ। ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਲ ਬਣਾਕੇ ਬੜਾ ਚੰਗਾ ਕੰਮ ਕੀਤਾ ਗਿਆ ਹੈ। ਇਸ ਬਾਰੇ ਮੇਰੇ ਪਹਿਲਾਂ ਜੋ ਲੇਡੀ ਆਨਰੇਬਲ ਮੈਂਬਰ ਬੋਲੇ ਹਨ ਉਨ੍ਹਾਂ ਨੂੰ ਬਹੁਤ ਚੰਗੇ ਸੁਝਾਓ ਦਿੱਤੇ ਹਨ। ਸਪੀਕਰ ਸਾਹਿਬ, ਨਰਸਿਜ਼ ਬਹੁਤ ਸੇਵਾ ਕਰਦੀਆਂ ਹਨ ਅਤੇ ਉਨ੍ਹਾਂ ਦੇ ਕੰਮ ਲਈ ਟਾਈਮ ਲਿਮਿਟ ਕੋਈ ਨਹੀਂ ਹੁੰਦੀ। ਇਕ ਮਰੀਜ਼ 24, 24 ਘੰਟੇ ਬਿਮਾਰ ਰਹਿੰਦਾ ਹੈ ਅਤੇ ਇਹ 24, 24 ਘੰਟੇ ਹੀ ਉਸ ਦੀ ਦੇਖ ਭਾਲ ਕਰਦੀਆਂ ਹਨ। ਅਸੀਂ ਜੇਕਰ ਕਿਸੇ ਭਾਈ, ਭੈਣ ਜਾਂ ਆਪਣੇ ਲੜਕੇ, ਲੜਕੀ ਦੀ ਸੇਵਾ ਕਰਦੇ ਹਾਂ ਤਾਂ ਦੋ, ਚਾਰ ਘੰਟਿਆਂ ਬਾਅਦ ਹੀ ਅੱਕ ਜਾਂਦੇ ਹਾਂ ਲੇਕਿਨ ਇਹ ਨਰਸਿਜ਼, ਮਿਡ ਵਾਈਵਜ਼ ਲੇਡੀ ਹੈਲਥ ਵਿਜ਼ਟਰਜ਼ ਸੇਵਾ ਕਰਦੀਆਂ ਥਕਦੀਆਂ ਨਹੀਂ ਹਨ। ਇਸ ਦੇ ਬਾਵਜੂਦ ਵੀ ਉਨ੍ਹਾਂ ਦੀ ਅੈਕਸਪਲਾਇਟੇਸ਼ਨ ਹੁੰਦੀ ਹੈ ਅਤੇ ਉਨ੍ਹਾਂ ਦੀ ਇਜ਼ਤ ਤੇ ਹਮਲਾ ਹੁੰਦਾ ਹੈ। ਇਸ ਵੇਲੇ ਮੈਂ ਇਸ ਦੇ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ ਲੇਕਿਨ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਸਿਕਿਉਰਿਟੀ ਹੋਣੀ ਚਾਹੀਦੀ ਹੈ। ਦੂਜਾ, ਜਦ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਲ ਹੀ ਬਣਾ ਦਿੱਤੀ ਹੈ ਤਾਂ ਫਿਰ ਨਾਮੀਨੇਸ਼ਨ ਕਿਉਂ ਰੱਖੀ ਗਈ ਹੈ ? ਮੈਂ, ਸਪੀਕਰ ਸਾਹਿਬ, ਸਮਝਦਾ ਹਾਂ ਕਿ ਨਾਮੀਨੇਸ਼ਨ ਦੀ ਲੋੜ ਨਹੀਂ ਜੋ ਨਾਮੀਨੇਸ਼ਨ ਰੱਖੀ ਹੈ ਉਸ ਦੇ ਬਾਰੇ ਮੈਂ ਤੁਹਾਨੂੰ ਸੈਕਸ਼ਨ 3–ਬੀ ਦਾ ਪ੍ਰਵਾਈਜ਼ੋ ਪੜ੍ਹਕੇ ਸੁਣਾਉਂਦਾ ਹਾਂ—

Original with;
Punjab Vidhan Sabha
Digitized by;
Panjab Digital Library

ਸੈਕਸ਼ਨ 3 ਦੀ ਸਬ ਸੈਕਸ਼ਨ (2) ਦੀ ਧਾਰਾਵਾਂ (ਏ), (ਸ) ਅਤੇ (ਹ) ਦੇ ਵਿਚ ਦੱਸੇ ਗਏ ਮੈਂਬਰ ਰਾਜ ਸਰਕਾਰ ਵਲੋਂ ਰਜਿਸਟਰਡ ਨਰਸਾਂ, ਹੈਲਥ ਵਿਜ਼ਟਰਜ਼, ਜਾਂ ਮਿਡਵਾਈਵਜ਼ ਵਿਚੋਂ, ਜਿਸ ਤਰ੍ਹਾਂ ਦੇ ਹਾਲਾਤ ਹੋਣ ਨਾਮੀਨੇਟ ਕੀਤੀਆਂ ਜਾਣਗੀਆਂ, ਇਲੈਕਸ਼ਨ ਕਰਨ ਦੀ ਬਜਾਏ, ਜਿਵੇਂ ਕਿ ਉਪਰਲੀਆਂ ਧਾਰਾਵਾਂ ਵਿਚ ਕਿਹਾ ਗਿਆ ਹੈ।

ਸਪੀਕਰ ਸਾਹਿਬ, ਮੈਨੂੰ ਇਸ ਗੱਲ ਤੇ ਇਤਰਾਜ਼ ਹੈ। ਜਦੋਂ ਰਜਿਸਟਰੇਸ਼ਨ ਕੌਂਸਲ ਬਣਾਈ ਗਈ ਹੈ ਤਾਂ ਨਾਮੀਨੇਸ਼ਨਾਂ ਦਾ ਕੀ ਮਤਲਬ ? ਇਸ ਲਈ ਮੇਰੀ ਬੇਨਤੀ ਹੈ, ਸਪੀਕਰ ਸਾਹਿਬ, ਕਿ ਨਾਮੀਨੇਸ਼ਨਾਂ ਵਾਲੀ ਗਲ ਵਿਚੋਂ ਕੱਢ ਦਿੱਤੀ ਜਾਵੇ। ਇਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਜਾਣ ਅਤੇ ਇਨ੍ਹਾਂ ਦੀ ਸਿਕਿਉਰਿਟੀ ਦਾ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਵੱਲ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਸਿਹਤ ਅਤੇ ਪ੍ਰੀਵਾਰ ਭਲਾਈ ਮੰਤਰੀ (ਸ਼੍ਰੀ ਸਰਦਾਰੀ ਲਾਲ ਕਪੂਰ) : ਸਪੀਕਰ ਸਾਹਿਬ, ਜਿਨ੍ਹਾਂ ਆਨਰੇਬਲ ਮੈਂਬਰਾ ਨੇ ਇਸ ਬਿਲ ਬਾਰੇ ਸੁਝਾਓ ਦਿੱਤੇ ਹਨ, ਮੈਂ ਉਨ੍ਹਾਂ ਸਾਰਿਆਂ ਮੈਂਬਰਾਂ ਦਾ ਮਸ਼ਕੂਰ ਹਾਂ। ਉਨ੍ਹਾਂ ਦੇ ਜਜ਼ਬਾਤ ਨਾਲ ਮੈਂ ਵੀ ਸ਼ਾਮਲ ਹੁੰਦਾ ਹਾਂ। ਸਪੀਕਰ ਸਾਹਿਬ, ਜਿਹੜੀ ਗੱਲ ਦੱਸੀ ਹੈ ਕਿ ਦੋ ਸਾਲ ਦੀ ਮਿਆਦ ਕਿਉਂ ਕੀਤੀ ਗਈ ? ਜੇ ਕੌਂਸਲ ਨਾ ਬਣਾਈ ਜਾਵੇ ਤਾਂ ਇਲੈਕਸ਼ਨ ਨਹੀਂ ਕਰ ਸਕਦੇ । ਅਗੇ ਇਲੈਕਸ਼ਨ ਨਹੀਂ ਹੋਏ, ਇਹ ਗੱਲ ਠੀਕ ਹੈ। (ਵਿਘਨ) ਇਥੇ ਜਿਸ ਸ਼ਖਸ ਦਾ ਜ਼ਿਕਰ ਕੀਤਾ ਗਿਆ ਹੈ ਉਸ ਸ਼ਖਸ ਨੂੰ 1977 ਵਿਚ ਰਿਟਾਇਰ ਕਰ ਦਿੱਤਾ ਗਿਆ ਸੀ ਪਰ ਉਹ ਫਿਰ ਵੀ ਜ਼ਬਰਦਸਤੀ ਆਪਣੇ ਆਪ ਬੈਠਾ ਰਿਹਾ। ਉਸ ਵਿਰੁੱਧ ਅਸੀਂ ਜਲਦੀ ਐਕਸ਼ਨ ਲਵਾਂਗੇ ਅਤੇ ਜਿਹੜਾ ਇਲੈਕਸ਼ਨ ਨਾ ਕਰਵਾਉਣ ਲਈ ਜ਼ਿੰਮੇਵਾਰ ਹੈ ਉਸ ਦੇ ਖਿਲਾਫ ਵੀ ਐਕਸ਼ਨ ਲਿੱਤਾ ਜਾਵੇਗਾ । (ਵਿਘਨ)

ਸਪੀਕਰ ਸਾਹਿਬ, ਕਈ ਮੈਂਬਰਾਂ ਨੇ ਫਰਮਾਇਆ ਹੈ ਕਿ ਉਨ੍ਹਾਂ ਦੇ ਪੈਸੇ ਘੱਟ ਹਨ ਅਤੇ ਉਨ੍ਹਾਂ ਨੂੰ ਕਈ ਹੋਰ ਤਕਲੀਫਾਂ ਹਨ। ਉਨ੍ਹਾਂ ਲਈ ਰੈਜ਼ੀਡੈਂਸ ਦੀ ਵੀ ਗੱਲ ਕੀਤੀ ਗਈ ਹੈ। ਸਪੀਕਰ ਸਾਹਿਬ, ਰੈਜ਼ੀਡੈਂਸ ਉਨ੍ਹਾਂ ਨੂੰ ਅਗੇ ਹੀ ਮਿਲੀ ਹੋਈ ਹੈ ਮਗਰ ਇਹ ਘੱਟ ਮਿਲੀ ਹੋਈ ਹੈ। ਉਨ੍ਹਾਂ ਲਈ ਰੈਜ਼ੀਡੈਂਸ ਦਾ ਪ੍ਰਬੰਧ ਜ਼ਿਆਦਾ ਕੀਤਾ ਜਾਵੇਗਾ। (ਥੰਪਿੰਗ) ਹਰ ਗੱਲ ਵਿਚ ਹੁਣ ਪੁਰਾਣੀ ਗੱਲ ਨਹੀਂ ਹੋਵੇਗੀ। (ਵਿਘਨ) (ਸ਼ੋਰ) ਖਾਲਸਾ ਜੀ, ਜਿਹੜਾ ਤੁਸੀਂ ਕੰਮ ਨਹੀਂ ਕਰ ਸਕੇ, ਉਹ ਹੁਣ ਅਸੀਂ ਕਰਾਂਗੇ। ਹੁਣ ਤੁਸੀਂ ਕਹਿ ਦਿੱਤਾ ਹੈ ਔਰ ਅਸੀਂ ਧਿਆਨ ਰਖਾਂਗੇ (ਵਿਘਨ) ਸਪੀਕਰ ਸਾਹਿਬ, ਕਈ, ਤਪਦਿਕ ਦੇ ਮਰੀਜ਼ ਵੀ ਹੁੰਦੇ ਹਨ ਪਰ ਫਿਰ ਵੀ ਨਰਸਾਂ ਉਨ੍ਹਾਂ ਦਾ ਖਿਆਲ ਰਖਦੀਆਂ ਹਨ । ਇਸ ਲਈ ਹਰ ਹਾਲਤ ਵਿਚ ਉਨ੍ਹਾਂ ਨੂੰ ਸਹੂਲਤਾਂ ਦੇਣ ਦੀ ਜ਼ਰੂਰਤ ਹੈ । ਇਸ ਵਿਚ ਕੋਈ ਕੰਟਰੋਵਰਸੀ ਵਾਲੀ ਗੱਲ ਨਹੀਂ ਹੈ। ਗਵਰਨਰੀ ਰਾਜ ਵਿਚ ਜਿਹੜਾ ਆਰਡੀਨੈਂਸ ਜਾਰੀ ਹੋਇਆ ਸੀ, ਉਹ ਸਿਰਫ ਚਾਰ ਪੰਜ ਦਿਨ ਹੀ ਰਿਹਾ। (ਵਿਘਨ) ਉਸ ਦੇ ਸਕੱਤਰ ਨੇ ਅਗੇ ਨਹੀਂ ਚਲਾਇਆ। ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਂਦਾ ਹਾਂ ਕਿ ਦੋ ਸਾਲਾਂ ਦੇ ਅੰਦਰ ਅੰਦਰ ਇਲੈਕਸ਼ਨ ਕਰਾ ਕੇ ਇਸ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਾਂਗੇ। (ਥੰਪਿੰਗ)

ਇਕ ਆਵਾਜ਼ : ਉਸ ਦਫਤਰ ਦੀ ਮੁਹਾਲੀ ਥਾਂ ਠੀਕ ਨਹੀਂ ਹੈ।

ਸਿਹਤ ਅਤੇ ਪ੍ਰੀਵਾਰ ਭਲਾਈ ਮੰਤਰੀ : ਸਪੀਕਰ ਸਾਹਿਬ, ਇਸ ਜਗ੍ਹਾ ਦਾ ਫੈਸਲਾ ਕਰਨਾ ਹੈ ਅਤੇ ਇਸ ਬਾਰੇ ਸੋਚਿਆ ਜਾਵੇਗਾ। ਇਸ ਦੇ ਵਾਸਤੇ, ਲੁਧਿਆਣੇ ਬਾਰੇ ਜੋ ਜ਼ਿਕਰ ਕੀਤਾ ਗਿਆ ਹੈ, ਲੁਧਿਆਣਾ ਸੈਂਟਰ ਚੰਗਾ ਨਹੀਂ, ਹੋਰ ਕਈ ਥਾਵਾਂ ਚੰਗੀਆਂ ਨਹੀਂ। ਇਸ ਬਾਰੇ ਸੋਚਿਆ ਜਾਵੇਗਾ।

Original with;
Punjab Vidhan Sabha
Digitized by:
Panjab Digital Library

Mr. Speaker : Question is—

That the Punjab Nurses Registration (Amendment and Validation) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

Sub Clause (2) of Clause 1

Mr. Speaker : Question is—

That Sub-clause(2) of Clause 1 stand part of the Bill.

The motion was carried.

Clause 2

Mr. Speaker : Question is—

That Clause 2 stand part of the Bill.

The motion was carried.

Clause 3

Mr. Speaker : Question is —

That Clause 3 stand part of the Bill.

The motion was carried.

Sub-Clause (1) of Clause 1

Mr. Speaker : Question is—

That Sub-clause(1) of Clause I stand part of the Bill.

The motion was carried.

Title

Mr. Speaker : Question is—

That Title be the title of the Bill.

The motion was carried.

Health and Family Welfare Minister (Shri Sardari Lal Kapur) : Sir, I beg to move—

That the Punjab Nurses Registration (Amendment and Validation) Bill be passed.

Mr. Speaker : Motion moved—

That the Punjab Nurses Registration (Amendment and Validation) Bill be passed.

Original with;
Punjab Vidhan Sabha
Digitized by;
Panjab Digital Library

Mr. Speaker : Question is—

That the Punjab Nurses Registration (Amendment and Validation) Bill be passed.

The motion was carried.

THE PUNJAB MEDICAL REGISTRATION (AMENDMENT AND VALIDATION) BILL, 1980

Health and Family Welfare Minister (Shri Sardari Lal Kapur) : Sir, I beg to introduce the Punjab Medical Registration (Amendment and Validation) Bill.

Sir, I also beg to move—

That the Punjab Medical Registration (Amendment) and Validation) Bill be taken into consideration at once.

Mr. Speaker : Motion moved—

That the Punjab Medical Registration (Amendment and Validation) Bill be taken into consideration at once.

No one rose to speak

Mr. Speaker : Question is—

That the Punjab Medical Registration (Amendment and Validation) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

Sub-clause(2) of Clause 1

Mr. Speaker : Question is—

That Sub-clause (2) of clause 1 stand part of the Bill.

The motion was carried.

Clause 2

Mr. Speaker : Question is—

That Clause 2 stand part of the Bill.

The motion was carried.

Clause 3

Mr. Speaker : Question is—

That Clause 3 stand part of the Bill.

The motion was carried.

Original with;
Punjab Vidhan Sabha
Digitized by:
Panjab Digital Library

Sub-Clause (1) of Clause 1.

Mr. Speaker : Question is—

That Sub-clause(1) of Clause 1 stand part of the Bill

The motion was carried.

TITLE

Mr. Speaker : Question is—

That Title be the title of the Bill.

The motion was carried.

Health and Family Welfare Minister (Shri Sardari Lal Kapur) : Sir, I beg to move—

That the Punjab Medical Registration (Amendment and Validation) Bill be passed.

Mr. Speaker : Motion moved—

That the Punjab Medical Registration (Amendment and Validation) Bill be passed.

Mr. Speaker : Question is—

That the Punjab Medical Registration (Amendment and Validation) Bill be passed.

The motion was carried.

Mr. Speaker : The House stands adjourned till 9-00 A.M. on Tuesday, the 22nd July, 1980.

*7-03 P.M. | (The Sabha then *adjourned till 9-00 A.M. on Tuesday, the 22nd July, 1980).

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

DATED, THE 21ST JULY, 1980

Vol.1-No.19

STARRED QUESTIONS AND ANSWERS

*207 **Shri Surinder Kapur:** Will the Minister for Agriculture and Forests be pleased to state whether the Government received any representation from six legislators on the 4th July, 1980 against some officers of the Agriculture Department containing some allegations regarding the purchase of insecticides during the period from 1977 to 1979; if so, the details thereof and the action taken thereon ?

ਚੌਧਰੀ ਕਾਂਸ਼ੀ ਰਾਮ: ਹਾਂ ਜੀ । ਪ੍ਰਤਿ ਬੇਨਤੀ ਵਿਚ ਖੇਤੀਬਾੜੀ ਵਿਭਾਗ ਦੇ ਅਫਸਰਾਂ ਵਿਰੁਧ ਸਾਲ 1977 ਤੋਂ 1979 ਤੱਕ ਕੀੜੇ ਮਾਰ ਦਵਾਈਆਂ ਦੀ ਰਾਲਤ ਖਰੀਦ, ਨਿਰਦਿਤ ਕਾਰਜਕਾਲ ਤੋਂ ਬਾਅਦ ਜਾਰੀ ਰਖਣਾ, ਕਾਰ ਦੀ ਗਲਤ ਵਰਤੋਂ, ਆਦਿ, ਆਦਿ, ਦੋਸ਼ ਹਨ । ਅਮਲੇ ਦੀ ਘੋਖ ਕੀਤੀ ਜਾ ਰਹੀ ਹੈ ।

Focal Point Villages in Dakha Assembly Constituency

*209 **Sardar Basant Singh Khalsa :** Will the Minister for Development and Panchayats be pleased to state :—

(a) the number of villages in the Dakha Assembly Constituency where focal points have been sanctioned ;

(b) the number of focal points which have been completed alongwith these which are incomplete ;

(c) the number of those focal points where work has not yet been taken in hand and the time by which the work thereon is likely to be started ;

(d) whether the scheme of focal points is intended to be continued ?

ਸਰਦਾਰ ਸੰਤੋਖ ਸਿੰਘ ਰੰਧਾਵਾ :

(ੳ) ਦਾਖਾ ਵਿਧਾਨ ਸਭਾ ਚੋਣ ਹਲਕੇ ਵਿਚ 1977-78 ਤੋਂ 1979-80 ਤੱਕ ਚਾਰ ਫੋਕਲ ਪੁਆਇੰਟ ਚੁਣੇ ਗਏ ਹਨ ;

(ਅ) ਇਨ੍ਹਾਂ ਫੋਕਲ ਪੁਆਇੰਟ ਪਿੰਡਾਂ ਵਿਚੋਂ ਕੋਈ ਵੀ ਪੂਰਣ ਤੌਰ ਤੇ ਮੁਕੰਮਲ ਨਹੀਂ ਹੈ । ਚਾਰ ਫੋਕਲ ਪੁਆਇੰਟਾਂ ਵਿਚੋਂ ਸਾਰੇ ਹੀ ਨਾ ਮੁਕੰਮਲ ਹਨ ;

(ੲ) ਦਾਖਾ ਵਿਧਾਨ ਸਭਾ ਚੋਣ ਹਲਕੇ ਵਿਚ ਕੋਈ ਵੀ ਚੁਣਿਆ ਫੋਕਲ ਪੁਆਇੰਟ ਪਿੰਡ ਅਜਿਹਾ ਨਹੀਂ ਜਿਥੇ ਕੰਮ ਸ਼ੁਰੂ ਨਾ ਹੋਇਆ ਹੋਵੇ ;

(ਸ) ਪਾਲਿਸੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ਅਨੁਲਗ 1

ਦਾਖਾ ਵਿਧਾਨ ਸਭਾ ਚੋਣ ਹਲਕੇ ਵਿਚ ਚੁਣੇ ਗਏ ਫੋਕਲ ਪੁਆਇੰਟਾਂ ਦੀ ਪ੍ਰਗਤੀ ਦਰਸਾਉਂਦੀ ਸਟੇਟਮੈਂਟ

ਲੜੀ ਨੰ :	ਬਲਾਕ ਦਾ ਨਾਮ	ਫੋਕਲ ਪੁਆਇੰਟ ਦਾ ਨਾਮ	ਦੁਕਾਨਾਂ (4)	ਪਸ਼ੂ ਹਸਪਤਾਲ	ਮਾਰਕੀਟਿੰਗ ਯਾਰਡ	ਬੈਂਕ	ਗੁਦਾਮ	ਸੜਕਾਂ
1.	ਲੁਧਿਆਣਾ 11	ਇਆਲੀ ਖੁਰਦ (77-78)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕਮਲ	ਮੁਕੰਮਲ
2.	ਲੁਧਿਆਣਾ 11	ਬੱਗਾ ਖੁਰਦ (79-80)	ਮੁਕੰਮਲ	ਮੁਕੰਮਲ	ਮੁਕੰਮਲ	ਨਾਮੁਕੰਮਲ	ਸ਼ੁਰੂ ਨਹੀਂ ਹੋਇਆ	ਮੁਕੰਮਲ
3.	ਲੁਧਿਆਣਾ 1	ਧਾਂਦਰਾ (78-79)	ਮੁਕੰਮਲ	ਮਕੰਮਲ	ਮੁਕੰਮਲ	ਮੁਕੰਮਲ	ਕੰਮ ਚਾਲੂ ਹੈ	ਮੁਕੰਮਲ
4.	ਸਿਧਵਾਂ ਬੇਟ	ਭੂੰਦੜੀ (78-79)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਕੰਮ ਚਾਲੂ ਹੈ	ਮਕੰਮਲ

Non-Fixation of salaries of professors of Government College in the State in the Grades Recommended by U.G.C.

***192 Professor Balwant Singh** : Will the Minister for Education be pleased to state the number of Professors of Government Colleges in the State whose salaries have not yet been fixed in the grade recommended by the University Grants Commission in the year, 1973 and the reasons therefor ?

ਸਰਦਾਰ ਹਰਚਰਨ ਸਿੰਘ ਅਜਨਾਲਾ : ਅਜਿਹੇ ਲੈਕਚਰਾਰਾਂ ਦੀ ਕੁਲ ਗਿਣਤੀ 51 ਹੈ । ਇਹਨਾਂ ਵਿਚ 19 ਲੈਕਚਰਾਰਜ਼ ਪੀ.ਟੀ.ਐਸ., ਡੀ.ਪੀ.ਈਜ਼ ਆਦਿ ਦੀ ਕੈਟੇਗਰੀ ਨਾਲ ਸਬੰਧਤ ਹਨ ਅਤੇ ਇਨ੍ਹਾਂ ਨੂੰ ਯੂ.ਜੀ.ਸੀ. ਗਰੇਡ ਦੇਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਤਿੰਨ ਲੈਕਚਰਾਰਜ਼ ਦੇ ਕੇਸ ਉਨ੍ਹਾਂ ਦੀ ਤਨਖਾਹ ਵੈਰੀਫਾਈ ਕਰਨ ਵਾਸਤੇ ਮਹਾਂ ਲੇਖਾਕਾਰ ਪੰਜਾਬ, ਚੰਡੀਗੜ੍ਹ ਨੂੰ ਘਲੇ ਹੋਏ ਹਨ । 22 ਲੈਕਚਰਾਰਜ਼ ਸਰਕਾਰ ਵਲੋਂ ਟੇਕ ਓਵਰ ਕੀਤੇ ਗਏ ਪ੍ਰਾਈਵੇਟ ਕਾਲਜਾਂ ਦੀ ਕੈਟੇਗਰੀ ਦੇ ਹਨ ਅਤੇ ਉਹ ਇਸ ਸਮੇਂ ਤਦ-ਅਰਥ ਆਧਾਰ ਤੇ ਕੰਮ ਕਰ ਰਹੇ ਹਨ ਕਿਉਂਕਿ ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ ਉਹਨਾਂ ਦੀਆਂ ਸੇਵਾਵਾਂ ਨਿਯਮਤ ਕਰਨ ਸਬੰਧੀ ਸਹਿਮਤੀ ਪ੍ਰਾਪਤ ਨਹੀਂ ਹੋਈ । ਇਸੇ ਕੈਟੇਗਰੀ ਦੇ 7 ਹੋਰ ਅਜਿਹੇ ਲੈਕਚਰਾਰਜ਼ ਹਨ, ਜਿਹਨਾਂ ਦੀਆਂ ਸੇਵਾਵਾਂ ਹੁਣੇ ਹੀ ਨਿਯਮਤ ਹੋਈਆਂ ਹਨ, ਦੇ ਤਨਖਾਹ ਫਿਕਸ ਕਰਨ ਦੇ ਕੇਸਾਂ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ ।

44179 PVS—Govt. Press, U.T. Chd.


Original with;
Punjab Vidhan Sabha
Digitized by;
Panjab Digital Library

No. Dte. Edn. of subjects of professors in Govt. aided Colleges
in the State in the U.G.C. Regions upgraded by U.G.C.

1972 Punjabi ... Rs. per mensem : It is the Minister for Education be pleased to state the number ... Professors ... of Government Colleges in the State whose salaries have yet been fixed in the grades recommended by the University Grants Commission in the year, 1973 and the reasons therefor ?

4417-D P.V.S.—Govt. Press, U.T., Chd.

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

980

Published under the authority of the Punjab Vidhan Sabha and printed by the Controller, Printing and Stationery Department, (U.T.), Chandigarh

Original with;
Punjab Vidhan Sabha
Digitized by;
Panjab Digital Library

Punjab Vidhan Sabha Debates

22nd July, 1980

Vol. I—No. 20

OFFICIAL REPORT

Chief Reporter
Punjab Vidhan Sabha
Chandigarh

CONTENTS

Tuesday, the 22nd July, 1980.

	Page
Starred Questions and Answers ..	(20)1
Points of Order Re: Adjournment Motion ..	(20)35
Walk-Outs ..	(20)40
Call Attention Notices under Rule 66 ..	(20)40
Walk-Out ..	(20)41
Call Attention Notices under Rule 66 (*Resumption*) ..	(20)42
Statement by the Chief Minister Re: Flood Situation in the State ..	(20)46
Resolution Re: Regular Supply of Raw Material and Uninterrupted Electric Power Supply to the Industry in the State	(20)50
Appendix ..	(i)

Punjab Vidhan Sabha Secretariat, Chandigarh.

Price Rs. 28.00 P.

Original from
Punjab Vidhan Sabha
Digitized by
Panjab Digital Library

The

Bhavan,
Brij Bh

Mr
appeari
(Atter

C

*6

Original from
Punjab Vidhan Sabha
Digitized by
Panjab Digital Library

PUNJAB VIDHAN SABHA

Tuesday the 22nd July, 1980.

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair,.

STARRED QUESTIONS AND ANSWERS

Mr. Speaker : The House will first take up Starred Question No. 64 appearing at page 1-2 of the List of Starred Questions for the 17th July, 1980 (Afternoon Sitting).

Cases Registered under the Essential Commodities Act, 1955 in the State

***64 Master Babu Singh :** Will the Chief Minister be pleased to state—

(a) the total number of cases registered under the Essential Commodities Act, 1955 in the State district-wise, during the recent President's Rule, in the State ;

b) the names and addresses of the persons arrested in the cases referred to in part (a) above ?

ਸਰਦਾਰ ਦਰਬਾਰਾ ਸਿੰਘ : (a) ਕੁਲ ਕੇਸ ਰਜਿਸਟਰਡ .. 198

(1)	ਅੰਮ੍ਰਿਤਸਰ	..	15
(2)	ਬਠਿੰਡਾ	..	9
(3)	ਫਰੀਦਕੋਟ	..	16
(4)	ਫਿਰੋਜ਼ਪੁਰ	..	29
(5)	ਗੁਰਦਾਸਪੁਰ	..	16
(6)	ਹੁਸ਼ਿਆਰਪੁਰ	..	11
(7)	ਜਲੰਧਰ	..	43
(8)	ਕਪੂਰਥਲਾ	..	09
(9)	ਲੁਧਿਆਣਾ	..	12
(10)	ਪਟਿਆਲਾ	..	17
(11)	ਸੰਗਰੂਰ	..	11
(12)	ਰੂਪਨਗਰ	..	10
	ਕੁਲ		198

(b) Sir, there were a number of cases in each district and the list has been laid on the Table of the House.

Original with
Punjab Vidhan Sabha
Digitized by:
Panjab Digital Library

[ਮੁੱਖ ਮੰਤ ਜੀ]

ਜ਼ਿਲ੍ਹਾ ਅੰਮ੍ਰਿਤਸਰ

1. ਰਾਜ ਕੁਮਾਰ ਪੁੱਤਰ ਸ੍ਰੀ ਬਨਾਰਸੀ ਲਾਲ, ਵਾਸੀ ਹਾਈਡ ਮਾਰਕਿਟ, ਅੰਮ੍ਰਿਤਸਰ।
2. ਗੁਰਦੀਪ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਫਤਿਆਬਾਦ।
3. ਮਹਿੰਦਰ ਸਿੰਘ ਪੁੱਤਰ ਮਹਿਤਾਬ ਸਿੰਘ, ਵਾਸੀ ਮਹਿਤਾ।
4. ਦਸੌਂਧਾ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਗੁਰੂ ਕਾ ਖੂਹ ।
5. ਕਰਮ ਸਿੰਘ ਪੁੱਤਰ ਨੰਦ ਸਿੰਘ, ਵਾਸੀ ਗੁਰੂ ਕਾ ਖੂਹ ।
6. ਪਰਮਜੀਤ ਸਿੰਘ ਪੁੱਤਰ ਹਰੀ ਸਿੰਘ, ਵਾਸੀ ਤਰਨਤਾਰਨ ।
7. ਕੰਸ ਰਾਜ ਪੁੱਤਰ ਸਤਿੰਦਰਪਾਲ ਸਿੰਘ, ਵਾਸੀ ਰਾਮਬਾਗ ਅੰਮ੍ਰਿਤਸਰ ।
8. ਅਸ਼ੋਕ ਕੁਮਾਰ ਪੁੱਤਰ ਸੱਤ ਦੇਵ, ਵਾਸੀ ਤਰਨਤਾਰਨ ।
9. ਮਨੋਹਰ ਲਾਲ ਪੁੱਤਰ ਠਾਕੁਰ ਦਾਸ, ਵਾਸੀ ਵਾਲਾ।
10. ਕਿਸ਼ੋਰੀ ਲਾਲ, ਵਾਸੀ ਚਵਾਨ।
11. ਸੁਰੇਸ਼ ਕੁਮਾਰ, ਵਾਸੀ ਹਾਈਡ ਮਾਰਕਿਟ, ਅੰਮ੍ਰਿਤਸਰ ।
12. ਪ੍ਰੇਮ ਸਾਗਰ ਵਾਸੀ ਹਾਈਡ ਮਾਰਕਿਟ ਅੰਮ੍ਰਿਤਸਰ।
13. ਬਨਾਰਸੀ ਦਾਸ, ਵਾਸੀ ਮਜੀਠਾ।
14. ਇਸ਼ ਲਾਲ, ਵਾਸੀ ਘਾਰੀ।
15. ਦਲੀਪ ਸਿੰਘ, ਵਾਸੀ ਸੁਲਤਾਨਪੁਰ ।
16. ਬਚਨ ਸਿੰਘ, ਵਾਸੀ ਸੁਲਤਾਨਪੁਰ।
17. ਅਸ਼ਵਨੀ ਕੁਮਾਰ, ਵਾਸੀ ਗਲੀ ਦਾਈਵਾਲੀ, ਅੰਮ੍ਰਿਤਸਰ।
18. ਤਰਲੋਚਨ ਸਿੰਘ, ਵਾਸੀ ਮਟਾਂ ਵਾਲ।

ਜ਼ਿਲ੍ਹਾ ਬਠਿੰਡਾ

1. ਸੁਦਰਸ਼ਨ ਕੁਮਾਰ ਪੁੱਤਰ ਰਘੂਨਾਥ, ਵਾਸੀ ਮਾਨਸਾ।
2. ਸਾਧੂ ਰਾਮ, ਵਾਸੀ ਗੋਬਿੰਦਪੁਰਾ।
3. ਸ਼ਾਮ ਪੁੱਤਰ ਮੰਗਤ ਰਾਮ, ਵਾਸੀ ਮੌੜ।
4. ਸ੍ਰੀ ਕਾਂਤ ਪੁੱਤਰ ਲਛਮਣ, ਵਾਸੀ ਮੌੜ।
5. ਰਾਜਿੰਦਰ ਕੁਮਾਰ ਪੁੱਤਰ ਭੂਮੀ ਪ੍ਰਸ਼ਾਦ, ਵਾਸੀ ਮੌੜ।

ਜਿਲ੍ਹਾ ਫਰੀਦਕੋਟ

1. ਭਗਵਾਨ ਦਾਸ, ਵਾਸੀ ਮਲੋਟ।
2. ਕਰਤਾਰ ਸਿੰਘ, ਵਾਸੀ ਸਰਵਨ ਬੰਦਲਾ।
3. ਕੇਵਲ ਕਰਿਸ਼ਨ, ਵਾਸੀ ਮਾਛੀਕੇ।
4. ਗੁਰਨਾਮ ਸਿੰਘ, ਹਰਨਾਮ ਸਿੰਘ, ਵਾਸੀ ਚੋਦਰ।
5. ਸਾਧੂ ਸਿੰਘ, ਵਾਸੀ ਚੰਦ ਭਾਨ।
6. ਗੁਰਜੰਟ ਸਿੰਘ, ਵਾਸੀ ਘੋਮਿਆ ਵਾਲਾ ।
7. ਲੇਖ ਰਾਮ, ਵਾਸੀ ਮਲੋਟ।

Original with;
Punjab Vidhan Sabha
Digitized by;
Panjab Digital Library

8. ਵਿਜੇ ਕੁਮਾਰ ਅਤੇ ਰਮੇਸ਼ ਕੁਮਾਰ, ਵਾਸੀ ਵਧਨੀ ਕਾਲਾਂ ।
9. ਬਲਦੇਵ ਰਾਜ, ਵਾਸੀ ਮਾਡੀ ਮਸ਼ਤਾਕ ।
10. ਜੀਤ ਸਿੰਘ, ਰਾਜ ਕੁਮਾਰ, ਮੱਘਰ ਸਿੰਘ ਅਤੇ ਲਛਮਣ ਸਿੰਘ, ਵਾਸੀ ਨੰਗਲ ।
11. ਬਾਬੂ ਰਾਮ, ਵਾਸੀ ਬਿਲਾਸਪੁਰ ।
12. ਸੱਤਪਾਲ, ਹਜ਼ਾਰਾ ਸਿੰਘ ਅਤੇ ਸੁਭਾਸ਼ ਚੰਦਰ, ਵਾਸੀ ਢਿਲਵਾਂ ।
13. ਗੁਲਸ਼ਨ ਕੁਮਾਰ, ਪਰੇਮ ਕੁਮਾਰ, ਵਾਸੀ ਫਰੀਦਕੋਟ ।
14. ਗੋਪਾਲ ਦਾਸ, ਵਾਸੀ ਕੋਟ ਕਪੂਰਾ ।

ਜ਼ਿਲ੍ਹਾ ਫਿਰੋਜ਼ਪੁਰ

1. ਕੇਵਲ ਕ੍ਰਿਸ਼ਨ, ਸ਼ਾਪ ਨੰਬਰ 14, ਇੰਦਰਾ ਮਾਰਕਿਟ, ਫਾਜ਼ਿਲਕਾ ।
2. ਤਰਲੋਕ ਸਿੰਘ, ਇਨਸਪੈਕਟਰ, ਪਨਸਪ ਸ਼ਾਪ, ਗੁਰੂ ਹਰ ਸਹਾਇ ।
3. ਸਰੂਪ ਲਾਲ, ਪਨਸਪ ਸ਼ਾਪ ਨੰ. 16, ਗੁਰੂ ਹਰ ਸਹਾਇ ।
4. ਨੱਥਾ ਸਿੰਘ ਪੁੱਤਰ ਪੂਰਨ ਸਿੰਘ, ਸੇਲਜ਼ਮੈਨ, ਕੋਆਪਰੇਟਿਵ ਐਗਰੋ ਸਰਵਿਸ ਸੋਸਾਇਟੀ 9 ।
5. ਬਨਵਾਰੀ ਲਾਲ ਪੁੱਤਰ ਸੁਭਾਸ਼ ਚੰਦਰ, ਡਿਪੂ ਹੋਲਡਰ, ਬਸਤੀ ਭੱਟੀਆਂ ।
6. ਬਲਬੀਰ ਸਿੰਘ ਪੁੱਤਰ ਪੁਰਸ਼ੋਤਮ ਲਾਲ, ਡਿਪੂ ਹੋਲਡਰ, ਸਿਟੀ ਫਿਰੋਜ਼ਪੁਰ ।
7. ਰਾਜਿੰਦਰ ਕੁਮਾਰ ਮੁੰਗਾ, ਡਿਪੂ ਹੋਲਡਰ, ਸਿਟੀ ਫਿਰੋਜ਼ਪੁਰ ।
8. ਟੇਕ ਚੰਦ, ਪਰਵੀਨ ਕੁਮਾਰ, ਆਇਲ ਡੀਲਰ, ਤਲਵੰਡੀ ਭਾਈ ।
9. ਜਸਬੀਰ ਸਿੰਘ, ਜਗਦੀਸ਼ ਚੰਦ, ਧਰਮ ਪਾਲ, ਰਘੂਨਾਥ, ਵਾਸੀ ਮੱਲਾਂ ਵਾਲਾ ।
10. ਰਾਮ ਪ੍ਰਕਾਸ਼, ਡਿਪੂ ਹੋਲਡਰ, ਮੈਗਜ਼ੀਨ ਗੇਟ, ਫਿਰੋਜ਼ਪੁਰ ਸ਼ਹਿਰ ।
11. ਸ਼੍ਰੀਮਤੀ ਲੀਲਾਵਤੀ, ਹੀਰਾ ਮੰਡੀ, ਫਿਰੋਜ਼ਪੁਰ ।
12. ਮੋਹਨ ਲਾਲ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
13. ਓਮ ਪ੍ਰਕਾਸ਼ ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
14. ਬਲਬੀਰ ਕੌਰ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
15. ਗੁਰਦਿਆਲ ਸਿੰਘ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
16. ਕਰਿਸ਼ਨ ਸਪੁੱਤਰ ਨਾਰਾਇਣ ਸਿੰਘ, ਹਰੀਜਨ, ਰੇਖੀਆ ਪੁੱਤਰ ਕਰਤਾਰ, ਨਿਰੰਜਨ ਸਿੰਘ ਪੁੱਤਰ ਨਾਰਾਇਣ ਸਿੰਘ ਸਤਪਾਲ ਪੁੱਤਰ ਜਾਨਕੀਦਾਸ, ਗੰਗਾ ਰਾਮ ਪੁੱਤਰ ਸੋਹਨ ਲਾਲ, ਵਾਸੀ ਫਿਰੋਜ਼ਪੁਰ ਛਾਉਣੀ ।
17. ਮੂਲ ਸਿੰਘ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
18. ਬਨਾਰਸੀ ਲਾਲ, ਪੁੱਤਰ ਕਰਿਸ਼ਨਾ ਚੰਦ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
19. ਮੋਹਣ ਲਾਲ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
20. ਸੁੰਦਰ ਦਾਸ ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
21. ਮੋਹਣ ਲਾਲ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
22. ਰਾਮ ਲਾਲ ਜਾਖੜ, ਡਿਪੂ ਹੋਲਡਰ ਫਿਰੋਜ਼ਪੁਰ ਸ਼ਹਿਰ ।
23. ਕਰਿਸ਼ਨਾ ਰਾਣੀ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
24. ਸੋਹਣ ਲਾਲ, ਪੁੱਤਰ ਕਰਿਸ਼ਨ ਚੰਦ, ਡਿਪੂ ਹੋਲਡਰ, ਫਿਰੋਜ਼ਪੁਰ ਸ਼ਹਿਰ ।
25. ਮੁਲਖ ਰਾਜ, ਡਿਪੂ ਹੋਲਡਰ, ਵਾਸੀ ਬਸਤੀ ਦਿਹਾੜੀਆਂ, ਫਿਰੋਜ਼ਪੁਰ ।
26. ਭੋਲਾ ਰਾਮ ਪੁੱਤਰ ਕੁੰਦਨ ਲਾਲ, ਪੰਪ ਡੀਲਰ, ਅਬੋਹਰ ਸ਼ਹਿਰ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

27. ਹਰਜੀਤ ਸਿੰਘ ਸੇਲਜ਼ਮੈਨ, ਗੁਰਨਾਮ ਸਿੰਘ ਸਕੱਤਰ, ਸਹਿਕਾਰੀ ਸੋਸਾਇਟੀ, ਮਨਸੂਰ ਦੇਵਾ।
28. ਮੈ: ਮੰਨਾ ਮੋਟਰਜ਼, ਖਾਈ ਭੀਮੀਕੇ, ਫਿਰੋਜ਼ਪੁਰ।
29. ਜਗਦੀਸ਼ ਰਾਇ ਪੁੱਤਰ ਖੁਸ਼ੀ ਰਾਮ, ਵਾਸੀ ਧਰਮਕੋਟ।

ਜ਼ਿਲ੍ਹਾ ਗੁਰਦਾਸਪੁਰ

1. ਨਰੇਸ਼ ਕੁਮਾਰ, ਆਇਲ ਡੀਲਰ, ਪਠਾਨਕੋਟ।
2. ਅਵਤਾਰ ਸਿੰਘ, ਕੈਰੋਸੀਨ ਆਇਲ ਡੀਲਰ, ਵਾਸੀ ਭਦੌੜ, ਥਾਣਾ ਕਾਦੀਆਂ।
3. ਖਜ਼ਾਨ ਚੰਦ, ਪੁੱਤਰ ਧਰਮਪਾਲ, ਡਿਪੂ ਹੋਲਡਰ, ਵਾਸੀ ਬਟਾਲਾ।
4. ਮਲਕੀਅਤ ਸਿੰਘ, ਸੇਲ ਮੈਨੇਜਰ, ਮਦਨ ਫਿਲਿੰਗ ਸਟੇਸ਼ਨ ਬਟਾਲਾ।
5. ਤਰਲੋਚਨ ਸਿੰਘ, ਸੇਲ-ਮੈਨੇਜਰ, ਵਿਮਕੋ ਮੋਟਰ ਫਿਲਿੰਗ ਸਟੇਸ਼ਨ ਪਠਾਨਕੋਟ।
6. ਰਘਬੀਰ ਸਿੰਘ ਮੈ: ਰਘਬੀਰ ਸਿੰਘ ਐਂਡ ਕੰ: ਪੈਟਰੋਲ ਪੰਪ ਡਲਹੌਜ਼ੀ ਰੋਡ, ਪਠਾਨਕੋਟ।
7. ਜੰਗ ਬਹਾਦਰ, ਡਿਪੂ ਹੋਲਡਰ ਪਠਾਨਕੋਟ।
8. ਤਿਲਕ ਰਾਜ ਪੁੱਤਰ ਪਰਾਣ ਨਾਥ ਡਿਪੂ ਹੋਲਡਰ, ਪਠਾਨਕੋਟ।
9. ਅਮਰ ਸਿੰਘ ਪੁੱਤਰ ਲਾਭ ਸਿੰਘ ਮਹਿਤਾ ਵਾਸੀ ਪਠਾਨਕੋਟ।
10. ਅਸ਼ੋਕ ਕੁਮਾਰ ਡਿਪੂ ਹੋਲਡਰ ਬਟਾਲਾ।
11. ਸੱਤ ਪਾਲ ਪੁੱਤਰ ਰੋਸ਼ਨ ਲਾਲ ਖੱਤਰੀ, ਵਾਸੀ ਫਤਿਹਗੜ ਚੂੜੀਆਂ।
12. ਸੁਭਾਸ਼ ਚੰਦਰ, ਡਿਪੂ ਹੋਲਡਰ, ਦੀਨਾ ਨਗਰ।
13. ਰਾਮ ਨਾਥ ਪੁੱਤਰ ਵਸਾਖੀ ਰਾਮ ਅਗਰਵਾਲ, ਵਾਸੀ ਦੀਨਾ ਨਗਰ।
14. ਭਗਵਾਨ ਸਿੰਘ, ਸੇਲਜ਼ਮੈਨ, ਵਾਸੀ ਭਟੋਆ।
15. ਆਂਚਲ ਸਿੰਘ, ਡਿਪੂ ਹੋਲਡਰ।
16. ਸਲਵਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਰਾਮਗੜੀਆਂ ਵਾਸੀ ਮਿਰਥਲ।

ਜ਼ਿਲ੍ਹਾ ਹੁਸ਼ਿਆਰਪੁਰ

1. ਵਿਜੇ ਕੁਮਾਰ ਪੁੱਤਰ ਫਕੀਰ ਚੰਦ, ਵਾਸੀ ਮੁਕੇਰੀਆਂ।
2. ਉਤਮ ਸਿੰਘ ਪੁੱਤਰ ਬੰਦਾ ਰਾਮ ਅਧਰਮੀ, ਵਾਸੀ ਖਦੇਸ਼ਰੋਨ।
3. ਚੰਨਣ ਰਾਮ ਪੁੱਤਰ ਰਾਜਾ ਰਾਮ ਅਧਰਮੀ, ਵਾਸੀ ਛੁਰਾਰਾਨਾ।
4. ਸੁਰਿੰਦਰ ਕੁਮਾਰ ਪੁੱਤਰ ਫਕੀਰ ਬਰਾਹਮਣ, ਵਾਸੀ ਬੁਲੋਵਾਲ।
5. ਕੇਵਲ ਸਿੰਘ ਪੁੱਤਰ ਬਚਨ ਸਿੰਘ, ਝੀਵਰ, ਵਾਸੀ ਭੁਨੋ।
6. ਜੋਗਿੰਦਰ ਰਾਮ ਪੱਤਰ ਬਾਣੂ ਰਾਮ, ਵਾਸੀ ਲੱਕੜਾਂ।
7. ਰਮੇਸ਼ ਕੁਮਾਰ ਪੁੱਤਰ ਫਕੀਰ ਚੰਦ, ਵਾਸੀ ਬੁਲੋਵਾਲ।
8. ਆਤਮਾ ਰਾਮ ਪੁੱਤਰ ਤਿਲਕ 'ਰਾਮ' ਵਾਸੀ ਕੁਰਾਲੀ।
9. ਗਿਰਧਾਰੀ ਲਾਲ ਪੁੱਤਰ ਨੇਸ਼ੋ ਰਾਮ, ਵਾਸੀ ਪੰਚਕੂਲਾ, ਚੰਡੀ ਮੰਦਰ।
10. ਕਸਤੂਰੀ ਲਾਲ ਪੁੱਤਰ ਦਿਆਲਾ ਚੰਦ, ਵਾਸੀ ਟਾਂਡਾ।
11. ਰਾਮ ਸਰੂਪ, ਪੁੱਤਰ ਇੰਦਰ ਭਾਨ, ਵਾਸੀ ਮਾਹਲਪੁਰ।
12. ਲਛਮਣ ਸਿੰਘ, ਪੁੱਤਰ ਤੇਜਾ ਸਿੰਘ, ਵਾਸੀ ਗੜਸ਼ੰਕਰ।
13. ਜਸਪਾਲ ਸਿੰਘ ਪੁੱਤਰ ਸੋਹਣ ਸਿੰਘ, ਗੜ੍ਹਸ਼ੰਕਰ।

Original with;
Punjab Vidhan Sabha
Digitized by;
Panjab Digital Library

14. ਹਰਬਿਲਾਸ ਪੁੱਤਰ ਪਰੀਤੂ, ਵਾਸੀ ਸੈਂਡੋਵਾਲ।
15. ਸਿਦਕਾ ਰਾਮ, ਵਾਸੀ ਮੁਹੱਲਾ ਧੋਬੀਆਂ, ਰੋਪੜ।
16. ਗੁਰਦੇਵ ਸਿੰਘ ਪੁੱਤਰ ਹੁਕਮ ਸਿੰਘ, ਵਾਸੀ ਮੱਤੀਆਂ, ਥਾਣਾ ਮਾਹਲਪੁਰ।
17. ਮੁਨੀ ਲਾਲ ਪੁੱਤਰ ਮੇਹਰ ਚੰਦ ਖੱਤਰੀ, ਵਾਸੀ ਹਰਿਆਣਾ।

ਜ਼ਿਲ੍ਹਾ ਜਲੰਧਰ

1. ਸੁਰਜੀਤ ਸਿੰਘ ਪੁੱਤਰ ਸਰਵਣ ਸਿੰਘ, ਟਰੱਕ ਡਰਾਇਵਰ, ਵਾਸੀ ਕਾਕੀ ਪਿੰਡ।
2. ਜਸਵੰਤ ਸਿੰਘ, ਫੌਜੀ, ਕਰਿਆਨਾ ਸਟੋਰ, ਹੁਸ਼ਿਆਰਪੁਰ ਰੋਡ।
3. ਰਾੜ੍ਹ ਕੁਆਪਰੇਟਿਵ ਐਗਰੀਕਲਚਰਲ ਸਰਵਿਸ ਸੁਸਾਇਟੀ, ਨੂਰਪੁਰ।
4. ਮੈ: ਨਾਰਦਰਨ ਰੋਡ ਸਰਵਿਸ, ਪਟੇਲ ਚੌਕ, ਜਲੰਧਰ।
5. ਦੀ ਪਰੀਮਿਸ਼ਿਸ਼ ਐਂਡ ਜਲੰਧਰ ਗੇਸ ਕੰ:
6. ਮੈ. ਰੋਸ਼ਨ ਸਿੰਘ ਐਂਡ ਸੰਨਜ਼, ਪੈਟਰੋਲ ਪੰਪ, ਜਲੰਧਰ।
7. ਮੈ: ਜਵਾਲਾ ਪੈਟਰੋਲ ਪੰਪ ਡੀਲਰਜ਼ ਨੇੜੇ ਬੱਸ ਸਟੈਂਡ, ਜਲੰਧਰ।
8. ਚਮਨ ਲਾਲ ਮੱਖੜ, ਸਦਰ ਬਾਜ਼ਾਰ, ਜਲੰਧਰ ਛਾਉਣੀ।
9. ਮੈ: ਵਿਜੇ ਆਟੋ ਸਰਵਿਸ, ਕ੍ਰਿਸ਼ਨ ਗੜ੍ਹ ਡੀਜ਼ਲ ਪੰਪ।
10. ਮਦਨ ਲਾਲ ਪੁੱਤਰ ਪ੍ਰਕਾਸ਼, ਰੇਲਵੇ ਰੋਡ, ਭੋਗਪੁਰ।
11. ਸ਼ਾਮ ਸੁੰਦਰ ਪੁੱਤਰ ਰਾਮ ਸਰੂਪ, ਵਾਸੀ ਰੇਲਵੇ ਰੋਡ, ਭੋਗਪੁਰ।
12. ਪਿਆਰਾ ਲਾਲ ਪੁੱਤਰ ਦੇਵੀ ਦਿਤਾ, ਰੇਲਵੇ ਰੋਡ, ਭੋਗਪੁਰ।
13. ਮੈ: ਗੁਰਚਰਨ ਸਿੰਘ ਐਂਡ ਸੰਨਜ਼, ਪੈਟਰੋਲ ਪੰਪ, ਆਦਮਪੁਰ।
14: ਮੈ: ਗੁਰਚਰਨ ਸਿੰਘ ਐਂਡ ਸੰਨਜ਼, ਪੈਟਰੋਲ ਪੰਪ, ਆਦਮਪੁਰ।
15. ਮੈ: ਗੁਰਚਰਨ ਸਿੰਘ ਐਂਡ ਸਨਜ਼, ਪੈਟਰੋਲ ਪੰਪ, ਆਦਮਪੁਰ।
16. ਪ੍ਰਲਾਦ ਸਿੰਘ ਪੁੱਤਰ ਭਗਤ ਸਿੰਘ ਜੱਟ, ਵਾਸੀ ਬੁਲੋਵਾਲ।
17 ਗੁਰਦੇਵ ਸਿੰਘ ਪੁੱਤਰ ਅਮਰ ਸਿੰਘ, ਵਾਸੀ ਜਗਤਪੁਰ।
18. ਬਰਿਜੰਦਰ ਸਿੰਘ ਪੁੱਤਰ ਬਲਵੰਤ ਸਿੰਘ, ਵਾਸੀ ਰੋਪੜ।
19. ਭਜਨ ਸਿੰਘ ਪੁੱਤਰ ਚਰਨ ਸਿੰਘ, ਵਾਸੀ ਰੱਬੋਵਾਲ।
20. ਕਮਲ ਦੇਵ ਪੁੱਤਰ ਮੇਹਰ ਚੰਦ, ਵਾਸੀ ਚੰਡੀਗੜ੍ਹ।
21. ਗੁਰਦਿਆਲ ਸਿੰਘ ਪੁੱਤਰ ਲਾਭ ਸਿੰਘ, ਵਾਸੀ ਫਗਵਾੜਾ।
22. ਰਲਾ ਰਾਮ, ਚੰਨਣ ਰਾਮ, ਪੈਟਰੋਲ ਪੰਪ ਡੀਲਰ, ਨਵਾਂ ਸ਼ਹਿਰ।
23. ਵਲਾਇਤੀ ਰਾਮ ਪੁੱਤਰ ਵੀਰ ਭਾਨ, ਵਾਸੀ ਲਾਡੋਵਾਲ।
24. ਬਨਾਰਸੀ ਦਾਸ ਪੁੱਤਰ ਦੀਵਾਨ ਚੰਦ, ਵਾਸੀ ਬੰਗਾ।
25. ਅਸ਼ੋਕ ਕੁਮਾਰ ਪੁੱਤਰ ਦੇਸ ਰਾਮ, ਵਾਸੀ ਲੋਹੀਆ।
26. ਮਹਿੰਦਰ ਕੁਮਾਰ ਪੁੱਤਰ ਦੇਸ ਰਾਜ, ਵਾਸੀ ਲੋਹੀਆਂ।
27. ਮੈਸ. ਬਿੰਦਰਾ ਫਿਲਿੰਗ ਸਟੇਸ਼ਨ, ਜਲੰਧਰ ਛਾਉਣੀ।
28. ਦਰਸ਼ਨ ਲਾਲ ਪੁੱਤਰ ਚੌਧਰੀ ਰਾਮ, ਵਾਸੀ ਗੜ੍ਹਾ।
29. ਮੈ: ਸੁਭਾਸ਼ ਚੰਦਰ ਐਂਡ ਕੰ: ਗੁਰਾਇਆ।

ਜ਼ਿਲ੍ਹਾ ਕਪੂਰਥਲਾ

1. ਗੁਰਬਚਨ ਲਾਲ, ਸ਼ਾਪ ਕੀਪਰ, ਫਗਵਾੜਾ ਸ਼ਹਿਰ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

2. ਰਮੇਸ਼ ਕੁਮਾਰ, ਵਾਸੀ ਸੁਲਤਾਨਪੁਰ।
3. ਮੁਖਤਿਆਰ ਸਿੰਘ, ਵਾਸੀ ਸੁਲਤਾਨਪੁਰ ।
4. ਰਮੇਸ਼ ਚੰਦਰ, ਵਾਸੀ ਸੁਲਤਾਨਪੁਰ।
5. ਨਰੇਸ਼, ਵਾਸੀ ਸੁਲਤਾਨਪੁਰ ।
6. ਜੀਤ ਕੁਮਾਰ, ਸੇਲਜ਼ਮੈਨ ਆਫ ਕੁਆਪਰੇਟਿਵ ਸੁਸਾਇਟੀ, ਚਹੇੜੂ ।
7. ਪਿਆਰਾ ਲਾਲ, ਵਾਸੀ ਸਿਟੀ ਫਗਵਾੜਾ, ਸ਼ੂਗਰ ਡੀਲਰ ।
8. ਕਰਿਸ਼ਨ ਲਾਲ, ਸ਼ੂਗਰ ਡੀਲਰ, ਫਗਵਾੜਾ ।
9. ਰਤਨ ਲਾਲ, ਸ਼ੂਗਰ ਡੀਲਰ, ਫਗਵਾੜਾ।
10. ਪਰਮਜੀਤ ਸਿੰਘ, ਵਾਸੀ ਜਗਤਪੁਰ ਜਟਾਂ, ਥਾਣਾ ਫਗਵਾੜਾ।
11. ਬਲਕਾਰ ਸਿੰਘ ਵਾਸੀ ਰਾਮਪੂਤ ਜਾਗੀਰ, ਥਾਣਾ ਸੁਲਤਾਨਪੁਰ।
12. ਬਲਵੰਤ ਸਿੰਘ ਪੁੱਤਰ ਮੇਵਾ ਸਿੰਘ, ਵਾਸੀ ਸੁਲਤਾਨਪੁਰ ।

ਜ਼ਿਲ੍ਹਾ ਲੁਧਿਆਣਾ

1. ਰਤਨ ਚੰਦ ਪੁੱਤਰ ਨੰਦ ਲਾਲ, ਵਾਸੀ ਖੰਨਾ ।
2. ਪਰੇਮ ਸਾਗਰ ਪੁੱਤਰ ਰਤਨ ਜੰਗ, ਵਾਸੀ ਖੰਨਾ।
3. ਸ਼ੀ ਰਸ਼ਪਾਲ ਪੁੱਤਰ ਜੈ ਗੋਪਾਲ, ਵਾਸੀ ਦਰੇਸੀ ਰੋਡ, ਲੁਧਿਆਣਾ ।
4. ਕੁਲਦੀਪ ਸਿੰਘ ਪੁੱਤਰ ਹਾਕਮ ਸਿੰਘ ਜੱਟ, ਵਾਸੀ ਮਲਾਲ ਮਾਜਰਾ, ਮਹਿਲ ਕਲਾਂ। ਜ਼ਿਲ੍ਹਾ ਸੰਗਰੂਰ ।
5. ਮੈ: ਓਮ ਪ੍ਰਕਾਸ਼ ਪੁੱਤਰ ਕਰਿਸ਼ਨ ਕੁਮਾਰ, ਵਾਸੀ ਗਰੇਨ ਮੰਡੀ, ਜਗਰਾਵਾਂ।
6. ਮੈ: ਜਗਦੀਸ਼ ਚੰਦ ਰੋਸ਼ਨ ਲਾਲ, ਡਿਪੂ ਹੋਲਡਰ, ਰੇਲਵੇ ਕਰਾਸਿੰਗ, ਜਗਰਾਵਾਂ ।
7. ਜਗਦੀਸ਼ ਚੰਦ ਪੁੱਤਰ ਮੱਖਣ ਲਾਲ (2) ਅਸ਼ੋਕ ਕੁਮਾਰ ਪੁੱਤਰ ਮੱਖਣ ਲਾਲ, ਸੁਭਾਸ਼ ਰਾਣੀ ਪੁੱਤਰੀ ਜਗਦੀਸ਼ ਚੰਦ, ਵਾਸੀ ਖੰਨਾ, ਵੀਜਾ ਆਇਲ ਐਂਡ ਫਿਲੌਰ ਮਿਲ, ਖੰਨਾ।
8. ਸੁਭਾਸ਼ ਚੰਦਰ ਪੁੱਤਰ ਰਮੇਸ਼ਵਰ ਦਾਸ, ਵਾਸੀ ਮਾਲੇਰੀ ਗਲੀ, ਲੁਧਿਆਣਾ ।
9. ਮੈ: ਭਾਰਤ ਆਇਲ ਕੰ:, ਬੰਦਲੀ, ਸਮਰਾਲਾ।
10. ਪਰੀਤਮ ਸਿੰਘ ਪੁੱਤਰ ਗੁਰਦਿਆਲ ਰਾਮਗੜ੍ਹੀਆ, ਕਾਂਸ਼ੀ ਮਾਡਲ ਹਾਊਸ, ਲੁਧਿਆਣਾ।
11. ਪਰਮਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਜੱਟ, ਵਾਸੀ ਮਹਿਰਵਾਨ, ਥਾਣਾ ਸਦਰ ਫਿਲਿੰਗ ਸਟੇਸ਼ਨ, ਇੰਡਸਟਰੀ ਏਰੀਆ।
12. ਗਿਆਨ ਚੰਦ ਪੁੱਤਰ ਜਸਵੰਤ ਰਾਇ ਅਰੋੜਾ, ਵਾਸੀ ਜੋਧੇਵਾਲ।
13. ਰਾਜ ਕੁਮਾਰ ਪੁੱਤਰ ਸੰਤ ਰਾਮ, ਮਕਾਨ ਨੰ. 1201, ਮਹੱਲਾ ਦੀਪ ਨਗਰ, ਲੁਧਿਆਣਾ।
14. ਹੇਮ ਰਾਜ ਪੁੱਤਰ ਸੁਲਤਾਨੀ ਰਾਮ ਅੱਗਰਵਾਲ, ਵਾਸੀ ਮਕਾਨ ਨੰ. 988, ਮਿਲਰ ਗੰਜ।
15. ਸੰਜੀਵਨ ਕੁਮਾਰ ਪੁੱਤਰ ਦੀਨਾ ਨਾਥ ਵਾਸੀ ਪਾਇਲ ।

ਜ਼ਿਲ੍ਹਾ ਪਟਿਆਲਾ

1. ਦਲੀਪ ਸਿੰਘ ਪੁੱਤਰ ਰਾਮ ਸਿੰਘ, ਵਾਸੀ ਮਨੀ ਮਾਜਰਾ ।
2. ਮੈ: ਲਕਸ਼ਮੀ ਟਰੇਡਰਜ਼, ਲਾਹੌਰੀ ਗੇਟ, ਪਟਿਆਲਾ।

Original with;
Punjab Vidhan Sabha
Digitized by;
Panjab Digital Library

3. ਮੈ: ਨੰਦਾ ਫਿਲਿੰਗ ਸਟੇਸ਼ਨ, ਸਹਿੰਦ।
4. ਨਾਨੂੰ ਰਾਮ, ਪੁੱਤਰ ਰਾਮ ਸਰੂਪ, ਵਾਸੀ ਸਮਾਣਾ।
5. ਪਰੀਤਮ ਆਰੋੜਾ, ਵਾਸੀ ਪਟਿਆਲਾ ।
6. ਨਰਾਇਣ ਦਾਸ ਪੁੱਤਰ ਲੈਕੂ ਰਾਮ, ਵਾਸੀ ਲਾਲੜੂ।
7. ਪਵਨ ਕੁਮਾਰ ਪੁੱਤਰ ਬਿਸ਼ਨ ਦਾਸ ਵਾਸੀ ਲਾਲੜੂ ।
8. ਸ਼ਿਵ ਦਿਆਲ, ਜਗਨ ਨਾਥ ਅਤੇ ਸਵਰਨ ਸਿੰਘ, ਪਰੇਮ ਚੰਦ ਪੁੱਤਰ ਸ੍ਰੀ ਰਾਮ, ਵਾਸੀ ਗੋਬਿੰਦਗੜ੍ਹ।
9. ਮੈ: ਪਾਲ ਸ਼ਰਵਿਸ ਸਟੇਸ਼ਨ, ਰਾਜਪੁਰਾ ਰੋਡ, ਪਟਿਆਲਾ।
10. ਮੋਤੀ ਰਾਮ ਪੁੱਤਰ ਰਮੇਸ਼ਵਰ ਦਾਸ, ਠੇਕੇਦਾਰ, ਮੰਡੀ ਗੋਬਿੰਦਗੜ੍ਹ।
11. ਵਿਨੋਦ ਕੁਮਾਰ ਮੈ: ਸਿੰਗਲਾ ਆਇਅਲ, ਪਟਿਆਲਾ।
12. ਮੈ: ਬਾਬੂ ਰਾਮ ਐਂਡ ਸੰਨਜ਼, ਆਇਲ ਸੇਲਜ਼ ਡੀਲਰ, ਪਾਤੜਾਂ।
13. ਸ੍ਰੀ ਰਾਮ, ਸ਼ਾਪ ਕੀਪਰ, ਖਰੋੜਾ, ਥਾਣਾ ਮੂਲੇਪੁਰ।
14. ਚਰਨ ਸਿੰਘ ਪੁੱਤਰ ਕਪੂਰ ਸਿੰਘ ਜੱਟ, ਵਾਸੀ ਜਨਸੂਹਾ ਖੁਰਦ।
15. ਸ੍ਰੀ ਗਨੇਸ਼ ਚੰਦ ਪੁੱਤਰ ਹੰਸ ਰਾਜ, ਸ਼ਾਪ ਕੀਪਰ, ਭੁਪਿੰਦਰਾ ਰੋਡ, ਪਟਿਆਲਾ।
16. ਰਾਮ ਨਾਥ, ਬਨਾਰਸੀ ਦਾਸ, ਵਾਸੀ ਠੱਠੇਰਿਆਂ, ਮੁਹੱਲਾ, ਨਾਭਾ।
17. ਗੁਰਿੰਦਰ ਸਿੰਘ, ਸੇਲਜ਼ਮੈਨ, ਸੀ.ਏ.ਐਸ.ਐਸ., ਕੋਟਲਾ ਘੋਰੂ ।

ਜ਼ਿਲਾ ਸੰਗਰੂਰ

1. ਮੇਘ ਰਾਜ ਅਗਰਵਾਲ, ਵਾਸੀ ਬਰਨਾਲਾ।
2. ਰਾਮ ਲਾਲ, ਵਾਸੀ ਮਲੇਰਕੋਟਲਾ ।
3. ਬੰਸੀ ਪੁੱਤਰ ਰਾਮ ਚੰਦ, ਗੁੱਕ· ਪੁੱਤਰ ਦਿਲਾ ਰਾਮ ਉਰਫ ਹਰਬੰਤ ਸਿੰਘ ਪੁੱਤਰ ਸ਼ਾਮ ਸਿੰਘ, ਵਾਸੀ ਦਿੜਬਾ ।
4. ਨਰਿੰਦਰ ਕੁਮਾਰ, ਪਿੰਡ ਹਮੀਦ, ਥਾਣਾ ਬਰਨਾਲਾ।
5. ਰਾਜ ਕੁਮਾਰ, ਵਾਸੀ ਸੁਨਾਮ।
6. ਨਰੰਜਣ ਦਾਸ ਅਗਰਵਾਲ, ਵਾਸੀ ਉਗੋਕੇ, ਥਾਣਾ ਬਰਨਾਲਾ।
7. ਦਿਨੇਸ਼ ਕੁਮਾਰ ਮਹਾਜਨ, ਵਾਸੀ ਸੁਨਾਮ ।
8. ਨਰਿੰਦਰ ਕੁਮਾਰ, ਵਾਸੀ ਹਮੀਦ ਬਰਨਾਲਾ।
9. ਸ੍ਰੀ ਸਵਰਨ ਸਿੰਘ, ਵਾਸੀ ਮੁਨਾਲ, ਥਾਣਾ ਬਰਨਾਲਾ, ਸੁਖਮਿੰਦਰ ਸਿੰਘ ਪੁੱਤਰ ਸਵਰਨ ਸਿੰਘ, ਵਾਸੀ ਮੁਨਾਲ।
10. ਗਨਪਤ ਰਾਇ ਮਹਾਜਨ, ਵਾਸੀ ਖਾਮਲ ਕਲਾਂ, ਥਾਣਾ ਦਿੜਬਾ।
11. ਭਗਵਾਨ ਦਾਸ ਪੁੱਤਰ ਰਾਮ ਕਰਨ ਵਾਸੀ ਮੰਗਵਾਲ', ਥਾਣਾ ਸੰਗਰੂਰ, ਸ਼ਿਵਜੀ ਰਾਮ ਪੁੱਤਰ ਬਿਸ਼ਨ ਮੱਲ, ਪਿੰਡ ਬੁਘਰਾ ਧੂਰੀ, ਮਾਲਕ ਮੈ: ਗਰਗ ਫਰਟੇਲਾਇਜ਼ਰ, ਨਵੀਂ ਅਨਾਜ ਮੰਡੀ, ਸੰਗਰੂਰ।

ਜ਼ਿਲ੍ਹਾ ਰੋਪੜ

1. ਮੈ: ਚਾਵਲਾ ਫਿਲਿੰਗ ਸਟੇਸ਼ਨ, ਮੁਹਾਲੀ।
2. ਬਸੰਤ ਸਿੰਘ ਪੁੱਤਰ ਦਲੀਪ ਸਿੰਘ, ਵਾਸੀ ਸ਼ੰਕਰਪੁਰ, ਥਾਣਾ ਬਟਾਲਾ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

3. ਰਣਜੀਤ ਸਿੰਘ ਪੁੱਤਰ ਉਧਾਰਾ ਸਿੰਘ।
4. ਬਲਰਾਜ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਭੰਮਰੀ, ਥਾਣਾ ਪਟਿਆਲਾ।
5. ਜਾਗੀਰ ਸਿੰਘ ਪੁੱਤਰ ਚੰਨਣ ਸ਼ਿੰਘ ਵਾਸੀ ਜੁਲਕਾਂ, ਥਾਣਾ ਗੁਰਦਾਸਪੁਰ ।
6. ਸਾਧੂ ਸਿੰਘ ਪੁੱਤਰ ਹਥਨਾਮ ਸਿੰਘ ਵਾਸੀ ਦੁਰਗੀ, ਥਾਣਾ ਰੋਪੜ ।
7. ਨਰਾਤਾ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ, ਦੁੱਘਰੀ, ਥਾਣਾ ਰੋਪੜ।
8. ਪੀਟਰੋ ਐਂਡ ਐਗਰੋ ਪੈਟਰੋਲ ਪੰਪ ਪਿੰਡ ਦਾਓਂ ।
9. ਦੀਦਾਰ ਸਿੰਘ ਪੁੱਤਰ ਪਰਤਾਪ ਸਿੰਘ ਵਾਸੀ ਰੁਰਕੀ ਖਰੜ।
10. ਸੱਤਪਾਲ ਸਿੰਘ ਪੁੱਤਰ ਪਰੇਮ ਸਿੰਘ ਵਾਸੀ ਰੁੜਕੀ, ਖਰੜ ।
11. ਇੰਦਰਜੀਤ ਸਿੰਘ, ਪੁੱਤਰ ਸੁੱਚਾ ਸਿੰਘ ਵਾਸੀ ਅਮਰਾਣਾ, ਸੰਗਰੂਰ।
12. ਇੰਦਰਜੀਤ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਅਮਰਾਣਾ, ਸੰਗਰੂਰ।
13. ਬਲਬੀਰ ਸਿੰਘ ਪੁੱਤਰ ਸੀਤਲ ਸਿੰਘ ਵਾਸੀ ਅਮਰਾਣਾ, ਸੰਗਰੂਰ।
14. ਬੀਰਇੰਦਰ ਸਿੰਘ ਸਹਿਗਲ ਪੁੱਤਰ ਪਰੀਤਮ ਸਿੰਘ, ਫੇਜ਼ 1, ਮੁਹਾਲੀ ।
15. ਕੁਲਦੀਪ ਚੰਦ ਪੁਤਰ ਗਿਆਨ ਚੰਦ, ਮਾਰਕਿਟ ਕਮੇਟੀ, ਕੁਰਾਲੀ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਜਿਹੜਾ ਸੀ. ਐਮ. ਸਾਹਿਬ ਨੇ ਜਵਾਬ ਦਿੱਤਾ ਹੈ ਉਹ ਇਸ ਨਾਲ ਮੇਲ ਨਹੀਂ ਖਾਂਦਾ । ਗਲਤੀ ਇਸ ਵਿਚ ਇਹ ਹੈ ਕਿ ਜਿਸ ਤਰ੍ਹਾਂ ਰੋਪੜ ਵਿਚ ਕੇਸਾਂ ਦੀ ਗਿਣਤੀ 10 ਦੱਸੀ ਹੈ ਪਰ ਉਨ੍ਹਾਂ ਕੇਸਾਂ ਦਾ ਨੰਬਰ 15 ਹੈ। ਇਸੇ ਤਰ੍ਹਾਂ ਹੀ ਜਲੰਧਰ ਦੀ ਗੱਲ ਹੈ । ਉਥੇ ਦੇ ਕੇਸਾਂ ਦਾ ਵੀ ਨੰਬਰ ਜ਼ਿਆਦਾ ਹੈ ਪਰ ਇਨ੍ਹਾਂ ਨੇ ਨੰਬਰ ਠੀਕ ਨਹੀਂ ਦਿੱਤਾ । ਇਨ੍ਹਾਂ ਨੂੰ ਪੂਰੀ ਡੀਟੇਲ ਦੇਣੀ ਚਾਹੀਦੀ ਹੈ । ਮੈਂ ਹੈਰਾਨ ਹਾਂ ਕਿ ਐਕਸਟੈਨਸ਼ਨ ਮੰਗ ਕੇ ਵੀ ਫਿਰ ਉਹੀ ਜਵਾਬ ਦੇਣਾ ਤਾਂ ਇਹ ਗੱਲ ਠੀਕ ਨਹੀਂ ਹੈ । ਠੀਕ ਇਨਫਰਮੇਸ਼ਨ ਦੇਣੀ ਚਾਹੀਦੀ ਹੈ ?

Chief Minister: The number of cases which tne hon. Member was quoting is given in the reply. If he wants me to enumerate all the cases then it is a long list. I do not know whether it was given to him or not. If he wants the list, I can give him.

ਮਾਸਟਰ ਬਾਬੂ ਸਿੰਘ : ਇਹ ਤਾਂ ਪਹਿਲੀ ਹੀ ਲਿਸਟ ਹੈ । ਇਸ ਵਿਚ ਕੋਈ ਕੁਰੈਕਸ਼ਨ ਨਹੀਂ ਕੀਤੀ ਗਈ । ਜੇ ਕੋਈ ਠੀਕ ਕੀਤੀ ਹੋਈ ਹੋਰ ਕਾਪੀ ਹੈ ਤਾਂ ਉਹ ਮੈਂਨੂੰ ਦੇ ਦਿਓ ।

ਮੁੱਖ ਮੰਤਰੀ : ਸਭ ਕੁਝ ਕੀਤਾ ਗਿਆ ਹੈ ਤਾਂ ਹੀ ਤਾਂ ਮੈਂ ਜਵਾਬ ਦੇ ਰਿਹਾ ਹਾਂ।

ਮਾਸਟਰ ਬਾਬੂ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਫ਼ੈਂਸ਼ੀਅਲ ਕਮੋਡਿਟੀਜ਼ ਐਕਟ ਦੇ ਥੱਲੇ ਚਲਾਨ ਹੁੰਦੇ ਹਨ । (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ ਬਲੈਕ ਨੂੰ ਬੰਦ ਕਰਨ ਲਈ ਇਨ੍ਹਾਂ ਨੇ ਕੀ ਕੀਤਾ ਹੈ ਅਤੇ ਕਿੰਨੇ ਕੇਸ ਦਰਜ ਕੀਤੇ ਅਤੇ ਫੜੇ ਹਨ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਅਸੈਂਸ਼ੀਅਲ ਕਮੋਡਿਟੀਜ਼ ਐਕਟ ਦੇ ਥੱਲੇ ਸਭ ਤੋਂ ਵੱਧ ਕੇਸ ਹੁੰਦੇ ਹਨ।

ਮਾਸਟਰ ਬਾਬੂ ਸਿੰਘ : ਅਸੈਂਸ਼ੀਅਲ ਕਮੋਡੀਟੀਜ਼ ਐਕਟ, 1953 ਦੇ ਥਲੇ ਬਹੁਤ ਸਾਰੀਆਂ ਆਈਟਮਜ਼ ਆਉਂਦੀਆਂ ਹਨ ਜਿਸ ਤਰ੍ਹਾਂ ਕਿ ਘੀ, ਸੀਮਿੰਟ ਆਦਿ,। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਆਈਟਮਜ਼ ਆਉਂਦੀਆਂ ਹਨ। ਜਦ ਮਾਰਕਿਟ ਹਾਈ ਹੁੰਦੀ ਹੈ ਤਾਂ ਇਨ੍ਹਾਂ ਦੇ ਰੇਟ ਵੀ ਵੱਧ ਹੁੰਦੇ ਹਨ । ਇਸ ਲਈ ਅਜਿਹੇ ਕੇਸਿਜ਼ ਵੀ ਬਹੁਤ ਹੋਣਗੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਵੇਰਵੇ ਨਾਲ ਦੱਸਣ ਕਿ ਕਿੰਨੇ ਕੇਸ ਬਲੈਕ ਕਰਨ ਵਾਲੇ ਫੜੇ ਹਨ ?

ਮੁੱਖ ਮੰਤਰੀ : ਇਹ ਲੰਬੀ ਚੌੜੀ ਲਿਸਟ ਹੈ, ਇਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਦੱਸ ਦਿਆਂਗਾ ।

ਸ਼੍ਰੀ ਸਪੀਕਰ : ਇਸ ਬਾਰੇ ਬੁਸੀਂ ਲਿਖ ਕੇ ਦੇ ਦੇਣਾ, ਸੀ, ਐਮ, ਸਾਹਿਬ ਦੱਸ ਦੇਣਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਅਸੈਂਸ਼ੀਅਲ ਕਮੋਡਿਟੀਜ਼ ਐਕਟ ਦੇ ਵਿਚ ਪੈਟਰੋਲ, ਡੀਜ਼ਲ, ਚੀਨੀ ਦੇ ਅਤੇ ਹੋਰ ਬਹੁਤ ਸਾਰੇ ਕੇਸਿਜ਼ ਆ ਜਾਂਦੇ ਹਨ। ਮੈਂ ਦਸਣਾ ਚਾਹੁੰਦਾ ਹਾਂ ਕਿ ਮਾਨਸਾ ਦਾ ਇਕ ਕੇਸ ਹੈ। ਪਿਆਰਾ ਲਾਲ ਨੇ ਦਿੱਲੀ ਤੋਂ ਡੀਜ਼ਲ ਲਿਆ ਕੇ ਬਲੈਕ ਕੀਤੀ ਪਰ ਉਸ ਦਾ ਨਾਮ ਇਸ ਵਿਚ ਦਰਜ ਨਹੀਂ ਹੈ। ਡੀ. ਸੀ. ਨੇ ਕੇਸ ਦਰਜ ਕਰਾਇਆ ਕਿ ਉਸ ਨੇ ਡੀਜ਼ਲ ਵਿਚ ਹੇਰਾ ਫੇਰੀ ਕੀਤੀ ਹੈ । ਉਸ ਕੇਸ ਦਾ ਇਸ ਵਿਚ ਜ਼ਿਕਰ ਨਹੀਂ ਹੈ। ਪੁਲਿਸ ਵੀ ਕੇਸਾਂ ਦੇ ਚਲਾਨ ਛੇਤੀ ਨਹੀਂ ਕਰਦੀ । ਇਸ ਲਈ ਕਾਨੂੰਨ ਵਿਚ ਸੁਧਾਰ ਕਰਨ ਦੀ ਲੋੜ ਹੈ ਤਾਂ ਕਿ ਛੇਤੀ ਇਨਸਾਫ ਮਿਲ ਜਾਵੇ ਅਤੇ ਕੇਸਾਂ ਦਾ ਫੈਸਲਾ ਛੇਤੀ ਹੋ ਜਾਵੇ ।

ਮੁੱਖ ਮੰਤਰੀ : ਟਾਈਮ ਬਾਊਂਡ ਕਰਨ ਲਈ ਅਮੈਂਡਮੈਂਟ ਕਰਨ ਦੀ ਲੋੜ ਨਹੀਂ ਹੈ । ਅਸੀਂ ਇਸ ਬਾਰੇ ਸਰਵਿਸਿਜ਼ ਨੂੰ ਕਹਿ ਸਕਦੇ ਹਾਂ ਕਿ ਉਹ ਇਸ ਵੱਲ ਖਾਸ ਧਿਆਨ ਦੇਣ। ਇਸ ਸਵਾਲ ਦੇ ਜਵਾਬ ਵਿਚ ਜਿਹੜੇ ਬਲੈਕ ਮਾਰਕਿਟ ਦੇ ਕੇਸਿਜ਼ ਦੱਸੇ ਗਏ ਹਨ ਉਹ ਜ਼ਿਆਦਾ ਡੀਜ਼ਲ ਅਤੇ ਸੀਮਿੰਟ ਦੇ ਕੇਸਿਜ਼ ਹਨ। ਬਾਕੀ ਜਿਸ ਕੇਸ ਦਾ ਪਾਂਧੀ ਸਾਹਿਬ ਨੇ ਜ਼ਿਕਰ ਕੀਤਾ ਹੈ ਮੇਰੀ ਯਾਦ-ਦਾਸ਼ਤ ਦੇ ਮੁਤਾਬਿਕ ਇਹ ਕੇਸ ਖਮਾਣੋਂ ਦਾ ਹੋ ਸਕਦਾ ਹੈ। ਉਸ ਬਾਰੇ ਮੈਂ ਪੁਲਿਸ ਨੂੰ ਕਹਿ ਦਿਤਾ ਹੈ ਕਿ ਉਹ ਮੁਨਾਸਿਬ ਕਾਰਵਾਈ ਕਰਨ।

ਸ਼੍ਰੀ ਸਪੀਕਰ : ਹੁਣ ਅਸੀਂ ਮਿਤੀ 22 ਜੁਲਾਈ, 1980 ਦੀ ਸਟਾਰਡ ਸਵਾਲਾਂ ਦੀ ਲਿਸਟ ਲੈਂਦੇ ਹਾਂ ।

Opening of Sub-Depot of the Punjab Roadways Moga at Nihalsinghwala

*73. **Master Babu Singh :** Will the Chief Minister be pleased to state whether the Government proposes to set up a sub-depot of the Punjab Roadways, Moga depot at Nihalsinghwala ; if so, the time by which it is likely to be done ?

Original with;
Punjab Vidhan Sabha
Digitized by;
Panjab Digital Library

ਸਰਦਾਰ ਚਰਬਾਰਾ ਸਿੰਘ: ਨਹੀਂ ਜੀ । ਸਵਾਲ ਹੀ ਨਹੀਂ ਪੈਦਾ ਹੁੰਦਾ ਜੀ ।

ਮਾਸਟਰ ਬਾਬੂ ਸਿੰਘ: ਲੋਕਾਂ ਦੀ ਆਵਾਜਾਈ ਵੇਖ ਕੇ ਮੈਂ ਕਹਿ ਸਕਦਾ ਹਾਂ ਕਿ ਕੋਈ ਬੱਸ ਇਹੋ ਜਿਹੀ ਨਹੀਂ ਹੋਵੇਗੀ ਜਿਹੜੀ ਨਿਹਾਲ ਸਿੰਘ ਵਾਲਾ ਤੋਂ ਦੀ ਨਾ ਲੰਘਦੀ ਹੋਵੇ । ਇਸ ਲਈ ਭੀ ਮੁੱਖ ਮੰਤਰੀ ਸਾਹਿਬ ਲੋਕਾਂ ਦੀ ਮੁਸ਼ਕਲ ਨੂੰ ਦੇਖਦੇ ਹੋਏ ਅਤੇ ਲੋਕਾਂ ਨੂੰ ਸਹੂਲਤ ਦੇਣ ਦੀ ਖਾਤਰ ਆਉਣ ਵਾਲੇ ਮਹੀਨਿਆਂ ਵਿਚ ਉਥੇ ਨਿਹਾਲ ਸਿੰਘ ਵਾਲਾ ਵਿਖੇ ਬੱਸਾਂ ਦਾ ਸਬ-ਡਿਪੋ ਬਣਾ ਦੇਣਗੇ ?

ਮੁੱਖ ਮੰਤਰੀ: ਹਾਲਾਂ ਤੱਕ ਦੂਸਰੇ ਡਿਪੂ ਜ਼ੋਰੇ ਗੌਰ ਹਨ । ਪਰ ਇਸ ਦੀ ਲੋੜ ਨੂੰ ਦੇਖ ਕੇ ਉਸ ਨੂੰ ਐਗਜ਼ਾਮਿਨ ਕਰ ਕੇ ਅਗਰ ਹੋਇਆ ਤਾਂ ਜ਼ਰੂਰ ਕੀਤਾ ਜਾਵੇਗਾ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਕੁਝ ਦੂਸਰੇ ਡਿਪੋ ਜ਼ੋਰੇ ਗੌਰ ਹਨ ਪਰ ਨਿਹਾਲ ਸਿੰਘ ਵਾਲਾ ਨਹੀਂ । ਕੀ ਉਹ ਦੱਸਣਗੇ ਕਿ ਕਿਹੜੇ ਕਿਹੜੇ ਦੂਸਰੇ ਡਿਪੋ ਜ਼ੋਰੇ ਗੌਰ ਹਨ ? ਕੀ ਮਾਨਸਾ ਵੀ ਉਨ੍ਹਾਂ ਜ਼ੋਰੇ ਗੌਰ ਵਿਚੋਂ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਹਾਲਾਂ ਤਕ ਤਾਂ ਨਹੀਂ ਹੈ ਪਰ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਇਸ ਲਈ ਇਸ ਨੂੰ ਵੀ ਐਗਜ਼ਾਮਿਨ ਕਰਵਾ ਲਵਾਂਗੇ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਨਿਹਾਲ ਸਿੰਘ ਵਾਲਾ ਵਿਚ ਦੀ ਬਹੁਤ ਸਾਰੀਆਂ ਬੱਸਾਂ ਲੰਘਦੀਆਂ ਹਨ । ਉਥੇ ਦੀ ਬੜੀ ਮਹਾਨਤਾ ਹੈ। ਗੁਰੂ ਮਹਾਰਾਜ ਨੇ ਉਥੇ ਜ਼ਫਰ ਨਾਮਾ ਲਿਖਿਆ ਸੀ। ਉਥੇ ਫਰੀਦਕੋਟ ਵੱਲੋਂ ਬੱਸਾਂ ਆਉਂਦੀਆਂ ਹਨ, ਪਟਿਆਲਾ ਵਲੋਂ ਬਸਾਂ ਆਉਂਦੀਆਂ, ਬਠਿੰਡਾ ਵੱਲੋਂ ਬਸਾਂ ਆਉਂਦੀਆਂ ਹਨ, ਮੋਗਾ ਤੋਂ ਬਸਾਂ ਆਉਂਦੀਆਂ ਹਨ ਮਤਲਬ ਕਿ ਚਾਰ ਚੁਫੇਰਿਆਂ ਤੋਂ ਬੱਸਾਂ ਉਥੇ ਆਉਂਦੀਆਂ ਹਨ ਅਤੇ ਉਥੇ ਮੁਸਾਫਰ ਧਾੜ ਨੂੰ ਸਟੇਅ ਕਰਦੇ ਹਨ । ਇਸ ਲਈ ਜ਼ਰੂਰੀ ਹੈ ਕਿ ਚੀਫ ਮਨਿਸਟਰ ਸਾਹਿਬ ਉਥੇ ਛੇਤੀ ਤੋਂ ਛੇਤੀ ਡਿਪੂ ਬਣਾ ਦੇਣ ਦੀ ਸਾਡੇ ਤੇ ਕਿਰਪਾ ਕਰਨ, ਜਿਸ ਨਾਲ ਲੋਕਾਂ ਨੂੰ ਵੀ ਆਵਾਜਾਈ ਵਿਚ ਸਹੂਲਤ ਹੋ ਸਕੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਜੋ ਇਨ੍ਹਾਂ ਨੇ ਸਾਨੂੰ ਦੱਸਿਆ ਹੈ ਉਸ ਬਾਰੇ ਮੈਂ ਨੋਟ ਕਰ ਲੈਂਦਾ ਹਾਂ ਪਰ ਇਸ ਵੇਲੇ ਮੈਂ ਇਸ ਦਾ ਕੋਈ ਜਵਾਬ ਨਹੀਂ ਦੇ ਸਕਦਾ ਕਿਉਂਕਿ ਅਜਿਹੀ ਡਿਮਾਂਡ ਬਹੁਤ ਸਾਰੇ ਕੇਸਾਂ ਵਿਚ ਹੋਵੇਗੀ । ਜਿਥੇ ਫਿਜ਼ੀਬਲ ਹੋਵੇਗਾ ਉਹ ਕੀਤਾ ਜਾਵੇਗਾ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਨਕੋਦਰ ਚੀਫ ਮਾਨਸਟਰ ਸਾਹਿਬ ਦੇ ਜ਼ਿਲ੍ਹੇ ਵਿਚ ਪੈਂਦਾ ਹੈ। ਉਥੇ ਸਾਰਿਆਂ ਪਾਸਿਆਂ ਨੂੰ ਬੱਸਾਂ ਜਾਂਦੀਆਂ ਹਨ । ਪਿਛੇ ਢੀਂਡਸਾ ਜੀ ਨੇ ਯਕੀਨ ਦਿਵਾਇਆ ਸੀ ਕਿ ਉਥੇ ਸਬ-ਡਿਪੋ ਬਣਾਇਆ ਜਾਵੇਗਾ ਪਰ ਨਹੀਂ ਬਣਾਇਆ ਗਿਆ । ਇਸ ਲਈ ਕੀ ਹੁਣ ਚੀਫ ਮਨਿਸਟਰ ਨਕੋਦਰ ਨੂੰ ਸਬ-ਡਿਪੋ ਬਣਾ ਦੇਣਗੇ, ਕੀ ਐਸੀ ਕੋਈ ਇਨ੍ਹਾਂ ਦੀ ਤਜਵੀਜ਼ ਹੈ ?

ਮੁੱਖ ਮੰਤਰੀ: ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਹਲਕੇ ਨਾਲੋਂ ਦੂਸਰੇ ਹਲਕਿਆਂ ਨੂੰ ਜ਼ਿਆਦਾ ਤਰਜੀਹ ਦਿੰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਮਾਸਟਰ ਦਲੀਪ ਚੰਦ : ਰੋਪੜ ਵਿਖੇ ਸਬ-ਡਿਪੋ ਮੌਜੂਦ ਹੈ ਪਰ ਉਥੇ ਜਗ੍ਹਾ ਘੱਟ ਹੈ ਜਿਸ ਕਾਰਨ ਉਥੇ 3-4 ਬੱਸਾਂ ਤੋਂ ਵੱਧ ਬੱਸਾਂ ਖੜੀਆਂ ਨਹੀਂ ਹੋ ਸਕਦੀਆਂ । ਕੀ ਉਸ ਸਬ-ਡਿਪੋ ਨੂੰ ਉਥੋਂ ਤਬਦੀਲ ਕਰ ਕੇ ਰੋਪੜ ਬੱਸ ਅੱਡੇ ਦੇ ਕੋਲ ਲੈ ਜਾਣ ਦਾ ਪ੍ਰਬੰਧ ਕਰਨਗੇ ਉਥੇ ਸਰਕਾਰ ਪਾਸ ਜ਼ਮੀਨ ਬਹੁਤ ਹੈ ?

ਮੁੱਖ ਮੰਤਰੀ : ਜੇ ਐਸੀ ਗੱਲ ਹੈ ਤਾਂ ਇਸ ਬਾਰੇ ਸੋਚ ਲਵਾਂਗੇ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਨਵੇਂ ਡਿਪੂਆਂ ਦੀ ਗੱਲ ਚੱਲ ਰਹੀ ਹੈ ਪਰ ਮੈਂ ਪੁਰਾਣੇ ਡਿਪੋ ਬਾਰੇ ਕਹਿਣਾ ਚਾਹੁੰਦਾ ਹਾਂ । ਤਰਨ ਤਾਰਨ ਡਿਪੋ ਬਣਿਆ ਹੈ ਪਰ ਉਥੇ ਅੱਡਾ ਕੋਈ ਨਹੀਂ ਹੈ । ਜੇ ਬਾਰਿਸ਼ ਪੈ ਜਾਵੇ ਤਾਂ ਉਥੇ ਪਾਣੀ ਖੜਾ ਹੋ ਜਾਂਦਾ ਹੈ ਅਤੇ ਬੱਸਾਂ ਅੱਗੇ ਪਿਛੇ ਨਹੀਂ ਜਾ ਸਕਦੀਆਂ । ਇਸ ਤਰ੍ਹਾਂ ਐਕਸੀਡੈਂਟਸ ਹੋਣ ਦਾ ਵੀ ਡਰ ਰਹਿੰਦਾ ਹੈ । ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਉਥੇ ਅੱਡਾ ਕਦੋਂ ਤੱਕ ਬਣਾ ਦੇਣਗੇ ?

ਮੁੱਖ ਮੰਤਰੀ : ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ ਮੈਂ ਸਾਰੀ ਇਨਫਰਮੇਸ਼ਨ ਉਨ੍ਹਾਂ ਨੂੰ ਪਹੁੰਚਾ ਦਿਆਂਗਾ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਐਗਜ਼ਿਸਟਿੰਗ ਅੱਡੇ ਹਨ ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੈ। ਮੈਂ ਤੁਹਾਨੂੰ ਲੁਧਿਆਣੇ ਦੀ ਮਿਸਾਲ ਦਿੰਦਾ ਹਾਂ । ਉਥੇ 400 ਬੱਸਾਂ ਆਉਂਦੀਆਂ ਹਨ । ਜੇ ਬਾਰਿਸ਼ ਪੈ ਜਾਵੇ ਤਾਂ ਉਥੇ ਪਾਣੀ ਖੜਾ ਰਹਿੰਦਾ ਹੈ ਜਿਸ ਨਾਲ ਮੁਸਾਫਰਾਂ ਨੂੰ ਤਕਲੀਫ ਹੁੰਦੀ ਹੈ। ਉਥੇ ਦੇ ਜਿਹੜੇ ਠੇਕੇਦਾਰ ਹਨ ਉਹ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਪੈਸੇ ਜ਼ਿਆਦਾ ਲੈਂਦੇ ਹਨ । ਰਿਕਸ਼ਾ ਵਾਲਿਆਂ ਤੋਂ ਵੀ 10-10 ਪੈਸੇ ਲਏ ਜਾਂਦੇ ਹਨ। ਕੀ ਚੀਫ਼ ਮਨਿਸਟਰ ਸਾਹਿਬ ਇਸ ਦਾ ਸੁਧਾਰ ਕਰਨਗੇ ।

ਮੁੱਖ ਮੰਤਰੀ : ਸੁਧਾਰ ਕਰਨ ਦਾ ਸਾਡਾ ਕੰਮ ਹੈ ਅਤੇ ਅਸੀਂ ਸੁਧਾਰ ਕਰਾਂਗੇ ।

Starred Question No. 168*

Mr. Speaker: Extension has been asked for in respect of Starred Question No. 168.

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਸ ਦੇ ਵਿਚ ਐਕਸਟੈਨਸ਼ਨ ਮੰਗਣ ਵਾਲੀ ਤਾਂ ਕੋਈ ਗਲ ਨਹੀਂ ਹੈ । ਇਕ ਟੈਂਪਰੇਰੀ ਪੁੱਲ ਬਣਾਉਣਾ ਸੀ ਕੀ ਇਹ ਪੁਲ ਹੁਣ ਬਣਾਣ ਵਾਸਤੇ ਤਿਆਰ ਹਨ ? (ਵਿਘਨ)

---

*For Starred Question No. 168 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

Compulsory Registration of Rickshaws in the State

*234 (1) **Master Chand Singh**
(2) **Professer Balwant Singh** } : Will the Minister for Finance be pleased to state whether the Government propose to introduce a scheme for the compulsory registration of all the rickshaws in the State in order to check the exploitation of the rickshaw pullers in the State · if so, the action if any, being taken in this regard ?

ਡਾਕਟਰ ਕੇਵਲ ਕ੍ਰਿਸ਼ਨ : ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਨਹੀਂ ਹੈ ਜਿਸ ਰਾਹੀਂ ਰਾਜ ਵਿੱਚ ਰਿਕਸ਼ਿਆ ਦੀ ਲਾਜ਼ਮੀ ਰਜਿਸਟਰੇਸਨ ਕੀਤੀ ਜਾਵੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖਜ਼ਾਨਾ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਈ ਤਰੀਕਿਆਂ ਨਾਲ ਇਹ ਹੈਲਪਫੁਲ ਹੋ ਸਕਦੀ ਹੈ, ਲਾਅ ਐਂਡ ਆਰਡਰ ਵਿਚ ਵੀ ਇਹ ਹੈਲਪਫੁਲ ਹੋ ਸਕਦੀ ਹੈ, ਕੀ ਇਨ੍ਹਾਂ ਗੱਲਾਂ ਨੂੰ ਮੁੱਖ ਰਖਦਿਆਂ ਹੋਇਆਂ ਮੁੜ ਕੇ ਸਾਰੇ ਰਿਕਸ਼ਿਆਂ ਦੀ ਰਜਿਸਟਰੇਸ਼ਨ ਚਾਲੂ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੂੰ ਇਸ ਗਲ ਦੀ ਜਾਣਕਾਰੀ ਹੋਵੇਗੀ ਕਿ ਜਿਨ੍ਹਾਂ ਕਸਬਿਆਂ ਔਰ ਸ਼ਹਿਰਾਂ ਵਿਚ ਰਿਕਸ਼ਾ ਚਲਦੀਆਂ ਹਨ ਤਾਂ ਉਥੇ ਦੀਆਂ ਜਿਹੜੀਆਂ ਮਿਉਂਸਪਲਟੀਜ਼ ਹੁੰਦੀਆਂ ਹਨ ਉਹ ਮਿਉਂਸਪੈਲਟੀਜ਼ ਰਿਕਸ਼ਿਆਂ ਵਾਲਿਆਂ ਨੂੰ ਆਪਣੇ ਲਾਅਜ਼ ਦੇ ਮੁਤਾਬਿਕ ਲਾਇਸੈਂਸ ਦਿੰਦੀਆਂ ਹਨ । ਰਿਕਸ਼ਾ ਚਲਾਉਣ ਵਾਲਿਆਂ ਨੂੰ ਉਥੇ ਬਕਾਇਦਾ ਤੌਰ ਤੇ ਲਾਇਸੈਂਸ ਦਿੱਤੇ ਜਾਂਦੇ ਹਨ ਔਰ ਐਸੀ ਕੋਈ ਗਲ ਨਹੀਂ ਕਿ ਰਿਕਸ਼ੇ ਬਗੈਰ ਰਜਿਸਟਰਰੇਸ਼ਨ ਤੋਂ ਚਲਦੇ ਹੋਣ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਮਿਉਂਸਪਲ ਕਮੇਟੀਆਂ ਹਨ ਕੀ ਉਥੇ ਰਜਿਸਟਰਰੇਸ਼ਨ ਕਰਾਉਣ ਲਈ ਤਿਆਰ ਹਨ ? ਕਿਉਂਕਿ ਜੇਕਰ ·ਰਜਿਸਟਰੇਸ਼ਨ ਨਹੀਂ ਕਰਦੇ ਤਾਂ ਰਿਕਸ਼ਾ ਚਾਲਕ, ਰਿਕਸ਼ਾ ਮਾਲਕ ਵਾਲੀ ਗਲ ਨਹੀਂ ਹੁੰਦੀ ਅਤੇ ਇਕ ਇਕ ਆਦਮੀ ਕਈ ਕਈ ਰਿਕਸ਼ਾ ਰਖ ਕੇ ਅਗੇ ਕਰਾਏ ਤੇ ਦਿੰਦਾ ਹੈ ਅਤੇ ਰਿਕਸ਼ਾ ਚਲਾਉਣ ਵਾਲੇ ਦੀ ਸਾਰੀ ਕਮਾਈ ਕਰਾਇਆਂ ਦੇ ਰੂਪ ਵਿਚ ਲੈ ਲੈਂਦਾ ਹੈ ਅਤੇ ਉਨ੍ਹਾਂ ਵਿਚਾਰਿਆਂ ਦੀ ਰੱਤ ਨਚੋੜਦਾ ਹੈ । ਕੀ ਜਿਥੇ ਮਿਉਂਸਪਲ ਕਮੇਟੀਆਂ ਰਿਕਸ਼ਿਆਂ ਦੀਆਂ ਰਜਿਸਰੇਸ਼ਨ ਨਹੀਂ ਕਰਦੀਆਂ, ਕੀ ਉਥੇ ਕਰਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਾਡੇ ਨੋਟਿਸ ਵਿਚ ਲਿਆ ਦੇਣ ਕਿ ਕਿਹੜੇ ਪਿੰਡ ਐਸੇ ਹਨ ·ਜਿਨ੍ਹਾਂ ਵਿਚ ਰਿਕਸ਼ਾ ਚਾਲਕ ਹਨ ਔਰ ਰਜਿਸਟਰੇਸ਼ਨ ਨਹੀਂ ਹੁੰਦੀ । ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਅਸੀਂ ਕਹਿ ਦਿਆਂਗੇ ਕਿ ਉਹ ਉਨ੍ਹਾਂ ਦੀ ਰਜਿਸਟਰੇਸ਼ਨ ਕਰਨ । (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਰਿਕਸ਼ਾ ਚਾਲਕ ਰਿਕਸ਼ਾ ਮਾਲਕ ਦੇ ਸਬੰਧ ਵਿਚ ਰਜਿਸਟਰੇਸ਼ਨ ਵਾਸਤੇ ਪਿਛਲੀ ਕਾਂਗਰਸ ਸਰਕਾਰ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ, ਨੇ ਇਕ ਸਕੀਮ ਚਲਾਈ ਸੀ ਲੇਕਿਨ ਮੇਰੇ ਅਕਾਲੀ ਵੀਰਾਂ ਨੇ ਆਪਣੇ ਰਾਜ ਵਿਚ ਉਹ ਸਕੀਮ ਤੋੜ ਦਿਤੀ ਅਤੇ ਇਹ ਸਾਰਾ ਕੁਝ ਠੇਕੇਦਾਰਾਂ ਨੂੰ ਖੁਸ਼ ਕਰਨ ਦੀ ਖਾਤਰ ਕੀਤਾ ਗਿਆ, ਕੀ ਵਜ਼ੀਰ ਸਾਹਿਬ ਉਸ ਕਾਨੂੰਨ ਨੂੰ ਮੁੜ ਕੇ ਇਸ ਅਸੈਂਬਲੀ ਵਿਚ ਜਾਂ ਅਗਲੇ ਸੈਸ਼ਨ ਵਿਚ ਜੋ ਰਿਕਸ਼ਾ ਚਾਲਕ ਰਿਕਸ਼ਾ ਮਾਲਕ ਦੀ ਸਕੀਮ ਦੇ ਸਬੰਧ ਵਿਚ ਸੀ ਉਸ ਨੂੰ ਇਥੇ ਲਿਆ ਕੇ ਉਹ ਲਾਗੂ ਕਰਾਉਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਬੜੀ ਅੱਛੀ ਸੁਜੈਸ਼ਨ ਦਿਤੀ ਹੈ ਅਤੇ ਇਨਫਰਮੇਸ਼ਨ ਵੀ ਦਿੱਤੀ ਹੈ ਸਰਕਾਰ ਬੜੀ ਹਮਦਰਦੀ ਨਾਲ ਗੌਰ ਕਰਕੇ ਰਿਕਸ਼ਾ ਚਾਲਕਾਂ ਨੂੰ ਰਿਕਸ਼ਾ ਮਾਲਕ ਬਣਾਉਣ ਦਾ ਯਤਨ ਕਰੇਗੀ।

ਸ਼੍ਰੀ ਪਿਆਰਾ ਰਾਮ ਧੰਨੇਵਾਲੀਆ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਸਾਂ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵੇਲੇ ਰਿਕਸ਼ਾ ਚਾਲਕ ਰਿਕਸ਼ਾ ਮਾਲਕ ਸਕੀਮ ਬਣਾਈ ਸੀ ਅਤੇ ਉਸ ਵੇਲੇ ਰਿਕਸ਼ਾ ਨੂੰ ਇੰਜਣ ਲਾ ਕੇ ਵੀ ਦਿਤਾ ਗਿਆ ਸੀ ਪਰ ਉਹ ਇੰਜਣ ਵਾਲੀ ਸਕੀਮ ਫੇਲ੍ਹ ਹੋਈ ਹੈ, ਕੀ ਸਰਕਾਰ ਜਿਨ੍ਹਾਂ ਗਰੀਬ ਲੋਕਾਂ ਨੇ ਉਨ੍ਹਾਂ ਇੰਜਣਾਂ ਵਾਸਤੇ ਕਰਜ਼ਾ ਲਿਆ ਸੀ ਅੱਜ ਉਹ ਇੰਜਣ ਸਿਸਟਮ ਕਿਉਂਕਿ ਫੈਲ੍ਹ ਹੋ ਗਿਆ ਸੀ ਉਨ੍ਹਾਂ ਗਰੀਬ ਲੋਕਾਂ ਦਾ ਕਰਜ਼ਾ ਮੁਆਫ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਜਿਹੜਾ ਕਰਜ਼ਾ ਬੈਂਕਾਂ ਦੇ ਰਾਹੀਂ ਦਿਤਾ ਗਿਆ ਹੈ ਉਹ ਹੁਣ ਸਰਕਾਰ ਆਪਣੇ ਤੇ ਬੋਝ ਉਠਾ ਸਕੇਗੀ ਜਾਂ ਨਹੀਂ ਮੈਂ ਸਮਝਦਾ ਹਾਂ ਕਿ ਅਜੇ ਤਕ ਤਾਂ ਸੰਭਵ ਨਹੀਂ ਹੈ ਲੇਕਿਨ ਜਦੋਂ ਸਰਕਾਰ ਦੀ ਮਾਲੀ ਹਾਲਤ ਚੰਗੀ ਹੋ ਗਈ ਤਾਂ ਇਸ ਗਲ ਤੇ ਵਿਚਾਰ ਕੀਤਾ ਜਾ ਸਕਦਾ ਹੈ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਿਕਸ਼ਾ ਵਾਲੇ ਬਹੁਤ ਗਰੀਬ ਲੋਕ ਹੁੰਦੇ ਹਨ ਉਨ੍ਹਾਂ ਦੇ ਰਿਕਸ਼ਿਆਂ ਦੀ ਮਿਉਂਸਪਲ ਕਮੇਟੀ ਵਿਚ ਜਾਂ ਸ਼ਹਿਰਾਂ ਵਿਚ ਰਜਿਟਰੇਸ਼ਨ ਹੁੰਦੀ ਹੈ ਪਰ ਕਈ ਜਗ੍ਹਾ ਐਸੀਆਂ ਹਨ ਜਿਥੇ ਬੱਸ ਸਟੈਂਡ ਜਾਂ ਅੱਡੇ ਬਹੁਤ ਵਡੇ ਹਨ ਅਤੇ ਉਥੇ ਉਨ੍ਹਾਂ ਤੋਂ ਅੱਡਾ ਫੀਸ ਲਈ ਜਾਂਦੀ ਹੈ ਅਤੇ ਉਨ੍ਹਾਂ ਤੋਂ 4 ਆਨੇ ਫੀ ਰਿਕਸ਼ਾ ਫੀਸ ਦਾ ਲਿਆ ਜਾਂਦਾ ਹੈ, ਕੀ ਵਜ਼ੀਰ ਸਾਹਿਬ ਇਹ ਫੀਸ ਹਟਾਉਣਗੇ ?

ਦੂਸਰਾ ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਰਿਕਸ਼ਾ ਹਨ ਜਿਸ ਤਰ੍ਹਾਂ ਆਟੋ ਸਕੂਟਰ ਜਾਂ ਹੋਰ ਹਨ, ਕੀ ਇਨ੍ਹਾਂ ਰਿਕਸ਼ਾ ਵਾਸਤੇ ਵੀ ਕੋਈ ਸੋਚਣਗੇ ਕਿ ਇਹ ਵੀ ਮੋਟਰ ਨਾਲ ਚਲਾਈ ਜਾਵੇ ? (ਵਿਘਨ)

ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਇਹ ਗਲ ਪਹਿਲਾਂ ਵੀ ਮੇਰੇ ਨੋਟਿਸ ਵਿਚ ਜਲੰਧਰ ਵਿਚ ਲਿਆਂਦੀ ਸੀ। ਉਸ ਤੇ ਵਿਚਾਰ ਕਰਾਂਗੇ, ਸਰਕਾਰ ਪੂਰੀ ਹਮਦਰਦੀ ਨਾਲ ਵਿਚਾਰ ਕਰੇਗੀ ਪਰ ਇਸ ਸਵਾਲ ਨਾਲ ਇਸ ਦਾ ਕੋਈ ਤੁਅਲਕ ਨਹੀਂ ਹੈ।

Dispensaries opened District-wise in the State

*180 **Sardar Darshan Singh K.P.** : Will the Minister for Health and Family Welfare be pleased to State the total number of dispensaries opened district-wise, in the State during the period from June, 1977 to February, 1980 together with the criteria adopted in this regard ?

Shri Sardari Lal Kapoor: The requisite information is laid down on the Table of the House.

Original with;
Punjab Vidhan Sabha
Digitized by;
Panjab Digital Library

[Minister for Health & Family Welfare]

ANNEXURE 'I'

Serial No.	Name of District	Rural	Urban	E.S.I. (Urban)	Total
1	Amritsar ..	66	..	3	69
2	Jullundur ..	50	2	4	56
3	Ludhiana ..	53	2	9	64
4	Ropar ..	23	3	..	26
5	Hoshiarpur ..	52	..	2	54
6	Faridkot ..	55	5	..	60
7	Bhatinda ..	58	1	..	59
8	Kapurthala ..	17	..	..	17
9	Ferozepur ..	46	4	..	50
10	Gurdaspur ..	44	2	1	47
11	Sangrur ..	57	..	..	57
12	Patiala ..	35	2	..	37
	Total ..	556	21	19	596

ANNEXURE 'II'

CRITERIA LAID DOWN

A. Criteria for Rural Dispensaries

1. The village so proposed, should be located at least 4-5 miles from the nearest organised Medical Care Centre.

2. Its population alongwith nearby villages should be sufficient to justify the location of a dispensary which should cater to the needs of about 5000—10000 population.

3. The village should be approachable by road.

4. The dispensary should have one hand pump.

5. It should have the basic facilities like School, water and electricity etc.

6. The Gram Panchayat should donate one acre of land free of cost as also to construct a dispensary building (covered area 825 square feet) or provide rent free accommodation for the dispensary as well as arrange accommodation for the staff pending construction of Government building.

B. Critieria for Urban Dispensaries.

1. Lack of medical facilities for a particular locality especially in Urban Slum and concentrated industrial workers.

2. The minimum population of such areas should be about five thousand.

Original with;
Punjab Vidhan Sabha
Digitized by;
Panjab Digital Library

3. Local bodies/voluntary organisation undertake to provide rent free/accommodation for housing the dispensaries.

4. The local M. L. A. /D. C. should generally be consulted for deciding the location of the dispensary.

C. For E. S. I. Dispensaries

One E,S.I. dispensary for at least 750 Industrial workers.

CRITERIA FOLLOWED

Lists indicating locations of Subsidiary Health Centres/Urban Dispensaries were finalised by the former Health Minister/former Chief Minister as Health Minister in consultation with the M.L.As. of the District concerned without specific reference to the laid down criteria.

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਹਿ ਦਿੱਤਾ ਕਿ ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਉੱਤੇ ਰੱਖੀ ਜਾਂਦੀ ਹੈ ਪਰ ਇਨ੍ਹਾਂ ਨੂੰ ਖੁਲ੍ਹ ਕੇ ਦਸਣਾ ਚਾਹੀਦਾ ਸੀ ਕਿ 1977 ਤੋਂ ਲੈ ਕੇ 1980 ਤੱਕ ਜ਼ਿਲ੍ਹਾਵਾਰ ਰਾਜ ਵਿਚ ਕਿੰਨੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ। ਅਕਾਲੀ ਰਾਜ ਵੇਲੇ ਆਪਣੀ ਮਨ ਮਰਜ਼ੀ ਨਾਲ ਜਿਥੇ ਲੋੜ ਨਹੀਂ ਸੀ ਉਥੇ ਵੀ ਡਿਸਪੈਂਸਰੀਆਂ ਖੋਲ੍ਹ ਦਿਤੀਆਂ ਅਤੇ ਆਪਣੇ ਆਪਣੇ ਹਲਕੇ ਵਿਚ ਕਿਤੇ 25 ਬੈਡਿਡ ਹਸਪਤਾਲ ਤੇ ਕਿਤੇ ਡਿਸਪੈਂਸਰੀਆਂ ਖੋਲ੍ਹ ਲਈਆਂ ਪਰ ਜਿਥੇ ਡਿਸਪੈਂਸਰੀਆਂ ਦੀ ਜ਼ਰੂਰਤ ਸੀ ਉਥੇ ਨਹੀਂ ਖੋਲ੍ਹੀਆਂ। ਸਾਡੇ ਹਲਕੇ ਵਿਚ, ਜਮਸ਼ੇਰ ਵਿਚ, ਇਕ ਪੁਰਾਣੀ ਡਿਸਪੈਂਸਰੀ ਚਲ ਰਹੀ ਹੈ ਅਤੇ ਉਸ ਵਲ ਪਿਛਲੀ ਸਰਕਾਰ ਨੇ ਕੋਈ ਧਿਆਨ ਨਹੀਂ ਦਿਤਾ । ਕੀ ਵਜ਼ੀਰ ਸਾਹਿਬ ਉਸ ਡਿਸਪੈਂਸਰੀ ਦੀ ਜਾਂ ਹੋਰ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਡਿਸਪੈਂਸਰੀਆਂ ਹਨ ਜਿਨ੍ਹਾਂ ਦੀ ਹਾਲਤ ਠੀਕ ਨਹੀਂ ਹੈ ਉਨ੍ਹਾਂ ਦੀ ਹਾਲਤ ਠੀਕ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਸ ਡਿਸਪੈਂਸਰੀ ਦਾ ਮਾਨਯੋਗ ਮੈਂਬਰ ਨੇ ਜ਼ਿਕਰ ਕੀਤਾ ਹੈ, ਉਹ ਅੰਡਰ ਕੰਸਿਡਰੇਸ਼ਨ ਹੈ ਅਤੇ ਉਸ ਨੂੰ ਲਾਜ਼ਮੀ ਠੀਕ ਕੀਤਾ ਜਾਵੇਗਾ।

ਮਾਸਟਰ ਬਾਬੂ ਸਿੰਘ : ਕੀ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਸ਼ਹਿਰਾਂ ਵਿਚ 596 ਡਿਸਪੈਂਸਰੀਆਂ ਬਣੀਆਂ ਹਨ ਜਦ ਕੇ ਰੂਰਲ ਏਰੀਏ ਵਿਚ ਜਿਥੇ ਕਿ ਸਾਡੀ ਆਬਾਦੀ ਦਾ 70-80 ਫੀ ਸਦੀ ਹਿੱਸਾ ਵਸਦਾ ਹੈ ਉਥੇ ਸਿਰਫ 556 ਡਿਸਪੈਂਸਰੀਆਂ ਹਨ, ਕੀ ਵਜ਼ੀਰ ਸਾਹਿਬ ਇਸ ਸਾਲ ਵਿਚ ਜਾਂ ਅਗਲੇ ਸਾਲ ਦੇ ਬਜਟ ਵਿਚ ਰੂਰਲ ਏਰੀਏ ਦਾ ਖਾਸ ਧਿਆਨ ਰਖ-ਕੇ ਹੋਰ ਡਿਸਪੈਂਸਰੀਆਂ ਉਥੇ ਖੋਲ੍ਹਣਗੇ ਅਤੇ ਲੋਕਾਂ ਦੀ ਤਕਲੀਫ ਨੂੰ ਦੂਰ ਕਰਨਗੇ ?

ਦੂਸਰਾ, ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਬਠਿੰਡਾ ਹੁਣ ਕਾਫੀ ਇੰਡਸਟਰੀਅਲੀ ਡਿਵੈਲਪਡ ਹੋ ਗਿਆ ਹੈ, ਕੀ ਉਥੇ ਕੋਈ ਈ. ਐਸ. ਆਈ. ਦੀ ਡਿਸਪੈਂਸਰੀ ਬਣਾਉਣ ਵਾਸਤੇ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਪਹਿਲੀਆਂ ਡਿਸਪੈਂਸਰੀਆਂ ਬਣੀਆਂ ਉਹ ਪਿਛਲੀ ਸਰਕਾਰ ਦੇ ਹਿਸਾਬ ਨਾਲ ਤਲੱਬ ਰਖਦੀਆਂ ਹਨ ਅਸੀਂ 250 ਡਿਸਪੈਂਸਰੀਆਂ ਖੋਲ੍ਹਣੀਆਂ ਹਨ ਅਤੇ ਉਸ ਦੇ ਵਿਚ ਜਿਹੜਾ ਤੁਸੀਂ ਰੂਰਲ ਏਰੀਏ ਬਾਰੇ ਫਰਮਾਇਆ ਹੈ ਉਸ ਦਾ ਧਿਆਨ ਰਖਿਆ ਜਾਵੇਗਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੰਡੀ ਗੋਬਿੰਦਗੜ੍ਹ ਇਕ ਇੰਡਸਟਰੀਅਲ ਟਾਊਨ ਹੈ ਅਤੇ ਉਥੇ 1952-53 ਤੋਂ ਈ. ਐਸ. ਆਈ. ਡਿਸਪੈਂਸਰੀ ਖੋਲ੍ਹਣ ਦਾ ਇਕ ਝਗੜਾ ਚਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਰਿਹਾ ਹੈ । ਪਰ ਉਥੇ ਹਾਲੀਂ ਤਕ ਬਿਲਡਿੰਗ ਬਣਨੀ ਸ਼ੁਰੂ ਨਹੀਂ ਹੋਈ । ਜਗ੍ਹਾ ਵੀ ਦੇ ਦਿਤੀ ਗਈ ਹੈ ਅਤੇ ਹੋਰ ਸਾਰੀਆਂ ਗਲਾਂ ਵੀ ਠੀਕ ਹਨ ਪਰ ਬਿਲਡਿੰਗ ਬਣਨੀ ਸ਼ੁਰੂ ਨਹੀਂ ਹੋਈ । ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਡਿਸਪੈਂਸਰੀਆਂ ਹਨ ਜਿਥੇ 20-20 ਸਾਲ ਹੋ ਗਏ ਹਨ ਬਿਲਡਿੰਗਾਂ ਨਹੀਂ ਬਣ ਰਹੀਆਂ । ਪਿੰਡਾਂ ਵਾਲਿਆਂ ਨੇ ਸ਼ਰਤਾਂ ਵੀ ਪੂਰੀਆਂ ਕਰ ਦਿੱਤੀਆਂ ਹਨ ਪਰ ਬਿਲਡਿੰਗਾਂ ਨਹੀਂ ਬਣੀਆਂ । ਮੈਂ ਪੁੱਛਣਾ ਚਾਹੁੰਦਾ ਹਾਂ ਵਜ਼ੀਰ ਸਾਹਿਬ ਨੂੰ ਕਿ ਉਹ ਬਿਲਡਿੰਗਾਂ ਕਦੋਂ ਤਕ ਬਣ ਜਾਣਗੀਆਂ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਜਿਸ ਡਿਸਪੈਂਸਰੀ ਲਈ ਪਿੰਡ ਵਾਲਿਆਂ ਨੇ ਕੋਆਪਰੇਸ਼ਨ ਦਿਤੀ ਹੈ ਅਤੇ ਜਿਹੜਾ ਕੁਝ ਉਸਦੇ ਲਈ ਬਣਾਇਆ ਹੈ ਅਸੀਂ ਵੀ ਉਨ੍ਹਾਂ ਨੂੰ ਪੂਰੀ ਕੋਆਪਰੇਸ਼ਨ ਦੇ ਕੇ ਲਾਜ਼ਮੀ ਤੌਰ ਤੇ ਬਿਲਡਿੰਗਾਂ ਜਾਂ ਹੋਰ ਕੰਮ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ ਲੇਕਿਨ ਇਕ ਗਲ ਦਾ ਧਿਆਨ ਰਖਣ ਕਿ ਜਿਥੇ 5 ਹਜ਼ਾਰ ਦੀ ਆਬਾਦੀ ਹੋਵੇ ਅਤੇ ਹੋਰ ਸਾਰੀਆਂ ਗਲਾਂ ਕਾਨੂੰਨ ਮੁਤਾਬਕ ਪੂਰੀਆਂ ਹੁੰਦੀਆਂ ਹੋਣ ਤਾਂ ਉਥੇ ਲਾਜ਼ਮੀ ਤੌਰ ਤੇ ਸਭ ਕੁਝ ਠੀਕ ਹੋਵੇਗਾ । (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਮੰਡੀ ਗੋਬਿੰਦਗੜ੍ਹ ਵਿਚ ਈ. ਐਸ. ਆਈ. ਡਿਸਪੈਂਸਰੀ ਬਾਰੇ ਨਹੀਂ ਦੱਸਿਆ, ਉਹ ਵੀ ਦੱਸ ਦਿਓ । (ਵਿਘਨ)

ਸਰਦਾਰ ਤਾਰਾ ਸਿੰਘ ਲਾਇਲਪੁਰੀ : ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਹਾਊਸ ਵਿਚ ਡਿਸਪੈਂਸਰੀਆਂ ਦੇ ਮੁਤਲਕ ਬੜੇ ਬੜੇ ਸਵਾਲ ਆਏ ਔਰ ਅੱਜ ਵੀ ਇਸ ਦੇ ਬਾਰੇ ਸਵਾਲ ਆਇਆ ਹੈ ਪਰ ਇਹ ਮਸਲਾ ਹੱਲ ਨਹੀਂ ਹੋ ਸਕਿਆ । ਮੈਂ ਸਮਝਦਾ ਹਾਂ ਕਿ ਇਕ ਅਲਗ ਡਾਇਰੈਕਟੋਰੇਟ ਨਾ ਹੋਣ ਕਰ ਕੇ ਇਹ ਮਸਲਾ ਹੱਲ ਨਹੀਂ ਹੋ ਸਕਿਆ । ਇਸ ਮਹਿਕਮੇਂ ਨੂੰ ਠੀਕ ਚਲਾਉਣ ਵਾਸਤੇ ਇਕ ਰੂਰਲ ਏਰੀਏ ਵਾਸਤੇ ਅਲਗ ਡਾਇਰੈਕਟੋਰੇਟ ਬਣਾ ਦਿਤਾ ਜਾਣਾ ਚਾਹੀਦਾ ਹੈ । ਕੀ ਵਜ਼ੀਰ ਸਾਹਿਬ ਇਸ ਦੇ ਬਾਰੇ ਸੋਚਣਗੇ ?

(ਕੋਈ ਉਤਰ ਨਹੀਂ ਆਇਆ ।)

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਹੁਣੇ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਜਿਹੜਾ ਪਿੰਡ ਸਾਡੇ ਨਾਲ ਮਿਲਵਰਤਣ ਦੇਵੇਗਾ ਉਥੇ ਦਾ ਜ਼ਰੂਰ ਧਿਆਨ ਰਖਿਆ ਜਾਵੇਗਾ । ਮੇਰੇ ਹਲਕੇ ਵਿਚ ਇਕ ਪਿੰਡ ਦੀ ਬਿਲਡਿੰਗ 72 ਹਜ਼ਾਰ ਰੁਪਏ ਨਾਲ ਬਣਾ ਦਿਤੀ ਗਈ ਹੈ, ਪਰ ਡਿਸਪੈਂਸਰੀ ਵਿਚ ਕੋਈ ਡਾਕਟਰ ਨਹੀਂ ਪਹੁੰਚਿਆ, ਕੀ ਉਥੇ ਡਾਕਟਰ ਭੇਜਣ ਦੀ ਖੇਚਲ ਕਰਨਗੇ ?

ਮੰਤਰੀ : ਮੇਰਾ ਖਿਆਲ ਹੈ ਕਿ ਡਾਕਟਰ ਤਾਂ ਪਿਛਲੇ ਸਾਲ ਤੋਂ ਹੀ ਨਹੀਂ ਪਹੁੰਚੇ ਹੋਣਗੇ ਮੇਰਾ ਤਾਂ ਪਹਿਲੋਂ ਹੀ ਜਵਾਬ ਆ ਗਿਆ ਹੈ ਕਿ ਜਿਹੜਾ ਮੈਨੂੰ ਲਿਖ ਕੇ ਭੇਜੇਗਾ ਉਸ ਦੇ ਮੁਤਾਬਕ ਵਿਚਾਰ ਜ਼ਰੂਰ ਕੀਤਾ ਜਾਏਗਾ ।

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜਿਥੇ ਜਿਥੇ ਡਿਸਪੈਂਸਰੀਆਂ ਸ਼ੁਰੂ ਕੀਤੀਆਂ ਸਨ ਉਨ੍ਹਾਂ ਵਿਚੋਂ ਕਈ ਥਾਵਾਂ ਤੇ ਪੁਲੀਟੀਕਲ ਹਾਲਾਤ ਦੀ ਵਜ੍ਹਾ ਕਰ ਕੇ ਰੋਕ ਦਿਤੀਆਂ ਸਨ । ਮੇਰੇ ਹਲਕੇ ਕੋਟਲੀ ਖਾਨ ਸਿੰਘ ਹੈ, ਉਸ ਦੀ ਬਿਲਡਿੰਗ ਤੇ ਕਰੀਬ ਇਕ ਲੱਖ ਰੁਪਿਆ ਲਗ ਚੁਕਾ ਹੈ,

Original with;
Punjab Vidhan Sabha
Digitized by;
Panjab Digital Library

ਲੈਂਟਰ ਵੀ ਪੈ ਗਿਆ ਹੈ ਪਰ ਪਤਾ ਨਹੀਂ ਪਲਸਤਰ ਦਾ ਕੰਮ ਰੁਕ ਗਿਆ ਹੈ ਕੀ ਗੌਰਮਿੰਟ ਇਸ ਵਲ ਕੋਈ ਧਿਆਨ ਦੇਵੇਗੀ ਤਾਕਿ ਲੋਕਾਂ ਦੀ ਤਕਲੀਫ ਰਫਾ ਹੋ ਸਕੇ ?

ਮੰਤਰੀ : ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਉਹ ਲਿੱਖ ਕੇ ਭੇਜ ਦੇਣ ਉਸ ਦੇ ਮੁਤਲਕ ਚੰਗੀ ਤਰ੍ਹਾਂ ਜਾਂਚ ਕੀਤੀ ਜਾਏਗੀ ਅਤੇ ਜੋ ਕੁਝ ਹੋ ਸਕਿਆ ਜ਼ਰੂਰ ਕੀਤਾ ਜਾਏਗਾ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ 6 ਹਜ਼ਾਰ ਦੀ ਆਬਾਦੀ ਦਾ ਪਿੰਡ 'ਰੋੜੋ' ਹੈ ਉਸ ਦੀ ਬਿਲਡਿੰਗ 80, 90 ਹਜ਼ਾਰ ਰੁਪਏ ਲਗਾ ਕੇ ਤਿਆਰ ਕੀਤੀ ਹੈ । ਕੀ ਵਜ਼ੀਰ ਸਾਹਿਬ, ਉਥੇ ਵੀ ਡਾਕਟਰ ਭੇਜਣ ਦੀ ਖੇਚਲ ਕਰਨਗੇ ?

ਮੰਤਰੀ : ਜੋ ਵੀ ਲੋਕਾਂ ਨੇ ਪੈਸਾ ਲਗਾਇਆ ਹੈ ਉਸ ਜਗ੍ਹਾ ਦੇ ਮੁਤੱਲਕ ਸਾਡੇ ਵਿਚਾਰ ਵਿਚ ਹੈ ਕਿ ਉਹ ਜਗ੍ਹਾ ਐਵੇਂ ਨਹੀਂ ਰਹਿਣ ਦਿਤੀ ਜਾਏਗੀ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾਏਗੀ ਅਤੇ ਜਿਥੇ ਬਿਲਡਿੰਗ ਬਣੀ ਹੋਈ ਹੈ ਉਸ ਨੂੰ ਖਾਲ੍ਹੀ ਨਹੀਂ ਰਖਿਆ ਜਾਏਗਾ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹਾ ਸੈਂਟਰਲ ਗੌਰਮਿੰਟ ਨੇ ਬੈਕਵਰਡ ਕਰਾਰ ਦਿਤਾ ਹੋਇਆ ਹੈ । ਉਸ ਵਿਚ ਕੰਡੀ ਔਰ ਬੇਟ ਦਾ ਵੀ ਬਹੁਤ ਏਰੀਆ ਹੈ । ਉਸ ਜ਼ਿਲ੍ਹੇ ਵਿਚ ਡਿਸਪੈਂਸਰੀਆਂ ਬਹੁਤ ਘਟ ਹਨ । ਜਿਹੜਾ ਬੈਕਵਰਡ ਔਰ ਕੰਡੀ ਦਾ ਏਰੀਆ ਹੈ ਖਾਸ ਕਰ ਕੇ ਬਲਾਚੌਰ, ਕੀ ਉਥੇ ਜਲਦੀ ਤੋਂ ਜਲਦੀ ਡਿਸਪੈਂਸਰੀਆਂ ਬਣਾਈਆਂ ਜਾਣਗੀਆਂ ?

ਮੰਤਰੀ : ਕੰਡੀ ਏਰੀਆ ਦਾ ਧਿਆਨ ਜ਼ਰੂਰ ਰਖਿਆ ਜਾਏਗਾ ਪਰ ਜਿਹੜਾ ਕਰਾਈਟੇਰੀਆ ਰਖਿਆ ਹੋਇਆ ਹੈ, ਉਹ ਜ਼ਰੂਰ ਪੂਰਾ ਹੋਣਾ ਚਾਹੀਦਾ ਹੈ। 5 ਮੀਲ ਦਾ ਫਾਸਲਾ ਹੋਵੇ ਔਰ 5 ਹਜ਼ਾਰ ਦੀ ਆਬਾਦੀ ਹੋਵੇ, ਜਿਥੇ ਮੈਂਬਰ ਸਾਹਿਬ ਕਹਿਣਗੇ ਜ਼ਰੂਰ ਡਿਸਪੈਂਸਰੀ ਦਿਤੀ ਜਾਏਗੀ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਜਿਹੜੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਉਹ ਪੁਲੀਟੀਕਲ ਬੰਦਿਆਂ ਨੂੰ ਐਡਜਸਟ ਕਰਨ ਲਈ ਖੋਲ੍ਹੀਆਂ ਗਈਆਂ ਔਰ ਦੋ-ਦੋ ਮਿਲੋ ਮੀਟਰ ਤੇ ਖੋਲ੍ਹੀਆਂ ਗਈਆਂ । ਕੀ ਹੁਣ ਦੀ ਸਰਕਾਰ ਉਥੇ ਡਿਸਪੈਂਸਰੀਆਂ ਖੋਲ੍ਹੇਗੀ ਜਿਥੇ 6 ਮਿਲੋ ਮੀਟਰ ਦੇ ਫਾਸਲੇ ਤੇ ਕੋਈ ਡਿਸਪੈਂਸਰੀ ਨਹੀਂ ?

ਮੰਤਰੀ : ਅਸੀਂ ਪੁਲੀਟੀਕਲ ਗਲ ਨੂੰ ਨਹੀਂ ਸੋਚਣਾ, ਪਰ ਹਿਊਮੈਨਿਟੀ ਦੇ ਤਰੀਕੇ ਨਾਲ ਜਿਥੇ ਲੋੜ ਹੈ ਅਤੇ ਕਰਾਈਟੇਰੀਆ ਪੂਰਾ ਹੋਣਾ ਚਾਹੀਦਾ ਹੈ, 5 ਹਜ਼ਾਰ ਦੀ ਆਬਾਦੀ ਹੋਵੇ, ਲਾਜ਼ਮੀ ਤੌਰ ਤੇ ਡਿਸਪੈਂਸਰੀ ਖੋਲ੍ਹੀ ਜਾਏਗੀ ।

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਸਪਲੀਮੈਂਟਰੀ ਲਈ ਖੜੇ ਸਨ ।)

ਸ਼੍ਰੀ ਸਪੀਕਰ : ਸਾਡੇ ਮਨਿਸਟਰ ਸਾਹਿਬ ਚੂੰਕਿ ਬਹੁਤ ਹੀ ਮਾਕੂਲ ਜਵਾਬ ਦੇ ਰਹੇ ਹਨ, ਇਸ ਲਈ ਮੈਂ ਇਸ ਕੁਐਸਚਨ ਤੇ ਬਹੁਤ ਸਪਲੀਮੈਂਟਰੀ ਅਲਾਓ ਕਰ ਚੁਕਾ ਹਾਂ । (ਵਿਘਨ)

ਸਰਦਾਰ ਗੁਰਬਚਨ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਕਮਾਹੀਦੇਵੀ ਇਕ ਇਤਿਹਾਸਕ ਜਗ੍ਹਾ ਹੈ ਉਥੇ ਫੋਕਲ ਪੁਆਇੰਟ ਮਨਜ਼ੂਰ ਹੋਇਆ ਸੀ ਅਤੇ ਉਥੇ ਆਯੁਰਵੈਦਿਕ ਡਿਸਪੈਂਸਰੀ ਚਲਦੀ ਸੀ । ਉਥੇ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਚਨ ਸਿੰਘ ਚੀਮਾ]

ਲੋ ਕਾਂ ਦਾ ਵਿਚਾਰ ਹੈ ਕਿ ਆਯੁਰਵੈਦਿਕ ਡਿਸਪੈਂਸਰੀ ਕਿਤੇ ਹੋਰ ਸ਼ਿਫਟ ਕੀਤੀ ਜਾਏ ਅਤੇ ਅੱਲੇ-ਪੱਥੀ ਦਾ ਡਾਕਟਰ ਉਥੇ ਭੇਜਿਆ ਜਾਏ, ਕੀ ਇਹ ਕਰਨ ਨੂੰ ਤਿਆਰ ਹਨ ?

ਮੰਤਰੀ : ਮੈਂਬਰ ਸਾਹਿਬ ਲਿੱਖ ਕੇ ਭੇਜ ਦੇਣ ਇਸ ਦੇ ਮੁਤਲਕ ਚੰਗੀ ਤਰ੍ਹਾਂ ਜਾਂਚ ਕਰ ਕੇ ਜੋ ਵੀ ਮੁਨਾਸਿਬ ਹੋਇਆ ਕੀਤਾ ਜਾਏਗਾ ।

ਸਰਦਾਰ ਬੀਰ ਪਾਲ ਸਿੰਘ: ਸਪੀਕਰ ਸਾਹਿਬ, ਮਾਡੇ ਆਨਰੇਬਲ ਮੈਂਬਰਜ਼ ਨੇ ਡਿਸਪੈਂਸਰੀਆਂ ਬਾਰੇ ਜ਼ਿਕਰ ਕੀਤਾ ਹੈ, ਆਪਣੇ ਆਪਣੇ ਹਲਕੇ ਵਿਚ ਜਿਥੇ ਜ਼ਰੂਰਤ ਹੈ ਮਗਰ ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਬਹੁਤ ਸਾਰਾ ਏਰੀਆ ਲਗਦਾ ਹੈ ਅਤੇ ਉਹ ਗਰੀਬ ਏਰੀਆ ਹੈ ਪਰ ਉਥੇ ਕੋਈ ਡਿਸਪੈਂਸਰੀ ਦਾ ਇੰਤਜ਼ਾਮ ਨਹੀਂ । ਕੀ ਜਿਹੜੇ ਏਰੀਆਜ਼ ਅੰਕਨਾਮੀਕਲੀ ਜਾਂ ਅਦਰਵਾਈਜ਼ ਵੀ ਬੈਕਵਰਡ ਹਨ, ਉਨ੍ਹਾਂ ਵਲ ਖਾਸ ਧਿਆਨ ਦਿਤਾ ਜਾਏਗਾ ?

ਮੰਤਰੀ : ਜਿਹੜੀ ਵੀ ਡਿਸਪੈਂਸਰੀ ਬੇਟ ਏਰੀਆ ਵਿਚ ਖੋਲ੍ਹੀ ਹੈ ਅੰਦ ਠੀਕ ਕੰਮ ਨਹੀਂ ਕਰਦੀ ਉਸ ਨੂੰ ਵੈਲ ਇਕਿਉਪਡ ਕੀਤਾ ਜਾਏਗਾ । ਅਗਰ ਕੋਈ ਨਵੀਂ ਜਗ੍ਹਾ ਹੈ ਤਾਂ ਜਿਹੜੀ ਕਰਾਈਟੇਰੀਆ ਪੂਰਾ ਕਰਦੀ ਹੋਵੇਗੀ, ਉਥੇ ਲਾਜ਼ਮੀ ਤੌਰ ਤੇ ਡਿਸਪੈਂਸਰੀ ਦਿਤੀ ਜਾਏਗੀ।

Mr Speaker: Next question.

(ਇਸ ਵੇਲੇ ਕਈ ਮਾਨਯੋਗ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ ।)

No more supplementaries. ਬਹੁਤ ਸਪਲੀਮੈਂਟਰੀਜ਼ ਹੋ ਚੁਕੇ ਹਨ । (ਵਿਘਨ)

Representation Submitted by Former Legislator Regarding payment of Unpaid Wages, of Cooks and Kahars of Government Medical College, Amritsar

*181 (1) **Comrade Sohan Singh**
(2) **Comrade Raj Kumar** } : Will the Minister for Health and Family Welfare be pleased to state whether any former legislator submitted a representation in the month of June, 1980 regarding non-payment of wages of Cooks and Kahars working in Government Medical College, Amritsar ; if so, the details thereof along with the action thereon ?

Shri Sardari Lal Kapur : Yes, Sir, statement showing the details of the representation and the factual position is laid on the table of the house.

STATEMENT

Details of the Representation, dated 20th June 1980 received from Shri Satya Pal Dang, Ex- MLA

		Factual Position.
S.No. 1.	They have to work about 18 hours a day, their work is of regular nature as regular as of other categories of employees working in Medical Colleges. There is no reasons as to why they should not be regular Govern-	Cooks and Kahars are not Government employees. They are employed by the Mess-Manager, who is the nominee of the students with the approval of Hostel Superintendent. Two kitchen boys and one Cooks are employed per 25 students in the Hostel Mess. They are paid out

Original with;
Punjab Vidhan Sabha
Digitized by;
Panjab Digital Library

ment employees. But they are not. They are paid from students fund. Their salaries/wages are very low. It would be virtually impossible to pay them properly out of the student fund. It would not be fare to increase the burden on the students. The only just and reasonable solution is that Cooks and Kahars should be made regular Government employees and paid on that basis. They have been making this reasonable demand for years together. I myself took up this matter with various Governments. So far this reasonable demand has not been met. I am not requesting you to please ensure that justice is done to them. It may be pointed out that Cooks/Kahars of SGTB Hospital/Mental Hospitals/ ESI Hospital and Nurses Hostels, Amritsar are already regular employees.

of the servant fee collected at Rs 12 PM from every resident student. Their strength varies according to the strength of the residents. Cooks/Kahars in SGTB/ Mental Hospital Amritsar/E.S.I. and Nurses Hostel, Amritsar are Government employees.

S.No.2. Even as Employees of the students Fund injustice has been done to them in Amritsar. They are supposed to be paid from the students fund on No Profit and No Loss basis. Actually they have been so paid only since, 1976. During the earlier, years, they were not so paid and quite big amounts which should have been paid to them utilized for other purposes. Cooks/ Kahars have been demanding arrears due to them but the same have not yet been paid to them. As the amounts in question has already been spent, they can be paid arrear only if the Government pays equivalent amounts to the college. This would not fair either because amounts which should have been paid to them were spent on purposes for which money should have come from the Government. At least this is what I have been told by the people who should know. Under the circumstances I would requet you to please ensure that the Cooks and Kahars of the Goverrnment Medical College, Amritsar are paid to the arrears to which they are entitled for years prior to 1976.

No injustice has been done to Cooks and Kahars in Amritsar. After the decision taken by Government in December, 1977 all the savings available prior to Government decision and after December, 11 up to 1979 were distributed amongst the Cooks and Kahars working in Government Medical Colleges/Hostels, Amritsar. Government have no liability to pay because it is a private arrangement between the students and the Cooks and Kahars.

3. Till such time as Cooks and Kahars are made regular employees, it would be only fair and just if instructions are issued to give them preference whenever new Government employees are to be recruited in Medical College,

Recruitments to Government jobs are made through the Employment Exchanges. Vacancies have to be notified under the Compulsory Notification of Vacancies Act. This being a statutory provision, a regular procedure is to be followed. However, if they are sponsored

Original with;
Punjab Vidhan Sabha
Digitized by;
Panjab Digital Library

[Minister for Health and & Family Welfare]

for jobs they can do. And for this it should not be necessary that their names should be registered in the employment exchanges. I understand that such a system exists in PSEB, Irrigation and PWD etc etc.

by the Employment Exchange their names can be considered.

4. Even besides Cooks and Kahars there were about 16 other employees being paid from the student fund. I am told that they were being paid same grades and scales of pay as corresponding Government employees. However, they have been given benefit of the Pay of the report of the Pay Commission w.e.f. 16th April, 1980 instead of 1st January, 1978. They feel aggrieved. The Government should give the required amount as grant to the college earmarked for this purpose.

Other categories of class IV employees like Common room attendant, malis, T.T. Markers, bearers etc are employed by the Principals of the Medical Colleges. They are paid out of the amalgamated fund and are governed by "the Amalgamated Funds. Rules of the Punjab State Medical and Dental Colleges, 1978". These posts require the sanction of the Director, Research and Medical Education and it is laid down therein that the rates for these class IV employees should not exceed those sanctioned by the Government for its class IV employees from time to time. Keeping in view the availability of funds for this purpose, it was diecided by the Principal with the approval of Director, Research and Medical Education Punjab, to give pays equal to revised Government grades to these categories w.e.f. 16th April. 1980. Cooks and Kahars are paid out of the Servant Fees specially charged from the resident students, and, therefore, constitute a separate category. Cooks and Kahars are governed by Mess Rules.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਅਗੇ ਵੀ ਇਕ ਵਾਰੀ ਇਹ ਸਵਾਲ ਆਇਆ ਸੀ। ਮੈਂਟਲ ਹਸਪਤਾਲ ਅਤੇ ਐਸ. ਜੀ. ਟੀ. ਬੀ. ਹਸਪਤਾਲਾਂ ਦੇ ਜਿਹੜੇ ਕੁਕਸ ਔਰ ਕੁਹਾਰ ਹਨ ਉਨ੍ਹਾਂ ਦੇ 1977 ਤੋਂ ਕੁਝ ਬਕਾਇਆ ਜਾਤ ਸਨ ਪਰ ਜੋ ਜਵਾਬ ਮਿਲਿਆ ਹੈ ਉਸ ਵਿਚ ਦਸਿਆ ਹੈ ਕਿ ਜੋ ਕੁਝ ਸਾਡੇ ਕੋਲ 1979 ਵਿਚ ਅਵੇਲੇਬਲ ਸੀ ਉਹ ਦੇ ਦਿਤਾ ਹੈ। ਸਪੀਕਰ ਸਾਹਿਬ, 3 ਆਦਮੀਆਂ ਨੂੰ 300 ਰੁਪਏ ਤਨਖਾਹ ਮਿਲਦੀ ਹੈ ਔਰ 25 ਸਟੂਡੈਂਟਸ ਮਗਰ ਇਕ ਰਖਿਆ ਹੁੰਇਆ ਹੈ ਅਤੇ 12 ਰੁਪਏ ਹਰ ਸਟੂਡੈਂਟਸ ਤੋਂ ਲਏ ਜਾਂਦੇ ਹਨ। ਜਿਹੜਾ 1979 ਤਕ ਉਨ੍ਹਾਂ ਦਾ ਪੈਸਾ ਸੀ ਉਹ ਵੀ ਇਸ ਹਿਸਾਬ ਨਾਲ ਨਹੀਂ ਸੀ ਦਿਤਾ ਗਿਆ। ਮੈਂ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਕਿੰਨੇ ਬਕਾਇਆਜਾਤ ਹਨ, ਉਹ ਕਦੋਂ ਤਕ ਦੇ ਦੇਣਗੇ ਔਰ ਜਿਹੜਾ ਪੈਸਾ ਉਨ੍ਹਾਂ ਲੱਕਾਂ ਦੀ ਤਨਖਾਹ ਲਈ ਸਟੂਡੈਂਟਸ ਦਿੰਦੇ ਹਨ ਉਹ ਹੋਰ ਜਗ੍ਹਾ ਤੇ ਕਿਉਂ ਖਰਚ ਕੀਤਾ ਗਿਆ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਹੜੇ 12 ਰੁਪਏ ਸਟੂਡੈਂਟ ਤੋਂ ਕਟੇ ਜਾਂਦੇ ਹਨ ਉਹ ਸਿਰਫ ਕੁਹਾਰਾਂ ਲਈ ਨਹੀਂ ਕੱਟੇ ਜਾਂਦੇ ਉਸ ਦੇ ਵਿਚ ਸਪੋਰਟਸ ਆਦਿ ਦੇ ਪੈਸੇ ਵੀ ਹੁੰਦੇ ਹਨ। ਹੁਣ ਇਨ੍ਹਾਂ ਨੇ ਕਿਹਾ ਹੈ ਕਿ ਇੰਨੇ ਚਿਰ ਤੋਂ ਇੰਨੇ ਚਿਰ ਤਕ ਦੇ ਪੈਸੇ ਨਹੀਂ ਮਿਲੇ। ਜਿਹੜੇ 1979 ਦੇ ਬਕਾਇਆ ਇਨ੍ਹਾਂ ਨੇ ਦੱਸੇ ਹਨ ਉਹ ਵਿਦਇਨ ਥਿਰੀ ਵੀਕਸ ਦੇ ਦਿੱਤੇ ਜਾਣਗੇ। ਪੈਸੇ ਸਟੂਡੈਂਟਸ ਨੇ ਦੇਣੇ ਹਨ ਗੌਰਮਿੰਟ ਨਾਲ ਇਸ ਦਾ ਤੁਅਲਕ ਨਹੀਂ। ਮੈਂ ਉਨ੍ਹਾਂ ਐਮਪਲਾਈਜ਼ ਨੂੰ ਯਕੀਨ ਦਿਲਾਉਂਦਾ ਹਾਂ ਕਿ 1978-79 ਦੇ, ਪਹਿਲੇ ਤਾਂ ਨਹੀਂ, ਜਿਹੜੇ 1979 ਦੇ ਬਕਾਇਆਜਾਤ ਹਨ ਉਹ ਵਿਦਇਨ ਥਿਰੀ ਵੀਕਸ ਦੇ ਦਿਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

ਜੇ.ਬੀ.ਟੀ. ਟੀਚਿੰਗ ਸਕੂਲ

*169. ਸਰਦਾਰ ਦਿਲਬਾਗ ਸਿੰਘ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਕੀ ਨੌਰਾ ਅਤੇ ਰਾਹੋਂ, ਜ਼ਿਲ੍ਹਾ ਜਲੰਧਰ ਵਿਖੇ ਜੇ.ਬੀ.ਟੀ. ਟੀਚਿੰਗ ਸਕੂਲ, ਜਿਹੜੇ ਕਿ 1977 ਵਿੱਚ ਚਾਲੂ ਸਨ, ਪਿਛਲੇ ਮੰਤਰੀ ਮੰਡਲ ਦੁਆਰਾ ਬੰਦ ਕਰ ਦਿੱਤੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਕਾਰਣ ਹਨ;

(ਅ) ਕੀ ਉਕਤ ਸਕੂਲਾਂ ਨੂੰ ਦੁਬਾਰਾ ਚਾਲੂ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਣ ਹਨ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਜੀ ਹਾਂ ।

ਜੇ.ਬੀ.ਟੀ. ਸਪੈਸ਼ਲ ਯੂਨਿਟ ਰਾਹੋਂ 1977 ਵਿੱਚ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦੀ ਟ੍ਰੇਨਿੰਗ ਖਤਮ ਹੋਣ ਤੇ ਬੰਦ ਹੋ ਗਿਆ। 1979-80 ਵਿੱਚ ਜੇ.ਬੀ.ਟੀ.. ਅਧਿਆਪਕਾਂ ਵਿੱਚ ਬੇਰੋਜ਼ਗਾਰੀ ਵੱਧਣ ਕਾਰਨ ਜੇ.ਬੀ.ਟੀ. ਯੂਨਿਟ ਨੌਰਾ ਬੰਦ ਕੀਤਾ ਗਿਆ।

(ਅ) ਸਾਲ 1980-81 ਵਿੱਚ ਜੇ.ਬੀ.ਟੀ. ਦੇ ਨਵੇਂ ਯੂਨਿਟ ਅਲਾਟ ਕਰਨ ਸਬੰਧੀ ਮਾਮਲਾ ਵਿਚਾਰ ਅਧੀਨ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ ਡਿਸਟ੍ਰਿਕਟ ਵਿਚ ਰੂਰਲ ਏਰੀਏ ਵਿਚ ਲੜਕੀਆਂ ਦੇ ਇਸ ਸਕੂਲ ਨੂੰ ਪਿਛਲੀ ਅਕਾਲੀ ਸਰਕਾਰ ਨੇ ਬੰਦ ਕਰ ਦਿੱਤਾ ਸੀ ਕਿਉਂਕਿ ਉਥੇ ਇਨ੍ਹਾਂ ਨੂੰ ਵੋਟਾਂ ਨਹੀਂ ਸੀ ਮਿਲੀਆਂ। ਸਾਰੇ ਡਿਸਟ੍ਰਿਕਟ ਵਿਚ ਇਕੋ ਇਕ ਲੜਕੀਆਂ ਦਾ ਸਕੂਲ ਰੂਰਲ ਏਰੀਏ ਵਿਚ ਸੀ, ਜਿਸ ਵਿਚ ਹੋਸਟਲ ਦੀ ਫੈਸਿਲਟੀ ਵੀ ਸੀ, ਉਸ ਨੂੰ ਬੰਦ ਕਰ ਦਿੱਤਾ ਸੀ। ਕੀ ਵਜ਼ੀਰ ਸਾਹਿਬ ਇਸ ਤੇ ਹਮਦਰਦੀ ਨਾਲ ਗੌਰ ਕਰਕੇ, ਇਸਨੂੰ ਦੁਬਾਰਾ ਚਾਲੂ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੇਰਾ ਜਵਾਬ ਬੜਾ ਸਾਫ ਸੀ। ਇੱਕ ਦਫਾ ਉਹ ਕਲਾਸਾਂ ਬੰਦ ਕਰ ਦਿੱਤੀਆਂ । ਹੁਣ ਨਵਾਂ ਸੈਸ਼ਨ ਸ਼ੁਰੂ ਹੋਣਾ ਹੈ। ਜੇ ਉਥੇ ਖੋਲ੍ਹੀਏ ਤਾਂ ਇਸ ਦਾ ਮਤਲਬ ਹੈ ਕਿ ਨਵਾਂ ਯੂਨਿਟ ਅਲਾਟ ਕਰਨਾ ਪਵੇਗਾ ਮੈਂ ਆਲਰੈਡੀ ਕਹਿ ਚੁਕਾ ਹਾਂ ਕਿ ਮਾਮਲਾ ਵਿਚਾਰ ਅਧੀਨ ਹੈ। ਜਿਸ ਵੇਲੇ ਗੌਰ ਕਰਾਂਗੇ ਤਾਂ ਸਾਰੇ ਪੱਖਾਂ ਤੋਂ ਇਸ ਤੇ ਵਿਚਾਰ ਕਰ ਲਵਾਂਗੇ । ਨੌਰਾਂ ਦੇ ਸਕੂਲ ਅਤੇ ਰਾਹੋਂ ਦੇ ਸਕੂਲ ਬਾਰੇ ਵੀ ਵਿਚਾਰ ਕਰ ਲਿਆ ਜਾਵੇਗਾ।

ਸਰਦਾਰ ਗੁਰਬਚਨ ਸਿੰਘ ਚੀਮਾ : ਸਪੀਕਰ ਸਾਹਿਬ, ਜਿਵੇਂ ਪ੍ਰਾਡੇ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਬੇਰੁਜ਼ਗਾਰੀ ਬੜੀ ਵੱਧ ਗਈ ਹੈ। 1975-76 ਵਿਚ ਤਲਵਾੜੇ ਬਲਾਕ ਵਿਚ ਜੇ.ਬੀ.ਟੀ. ਦੀਆਂ ਕਲਾਸਾਂ ਖੋਲ੍ਹੀਆਂ ਸਨ। ਜਿਨ੍ਹਾਂ ਨੇ ਜੇ.ਬੀ.ਟੀ. ਪਾਸ ਕਰ ਲਈ ਸੀ, ਹਾਲੇ ਤਕ ਉਹ ਵਿਹਲੇ ਫਿਰ ਰਹੇ ਹਨ। ਕਈ ਸਕੂਲਾਂ ਵਿਚ ਟੀਚਰ ਘੱਟ ਹਨ (ਵਿਘਨ)

ਸ਼੍ਰੀ ਸਪੀਕਰ : ਇਹ ਇਸ ਸੁਆਲ ਨਾਲ ਕਿਸ ਤਰ੍ਹਾਂ ਰਿਲੇਟ ਕਰਦਾ ਹੈ ?

ਸਰਦਾਰ ਗੁਰਬਚਨ ਸਿੰਘ ਚੀਮਾ : ਸਪੀਕਰ ਸਾਹਿਬ, ਉਹ ਵਿਹਲੇ ਫਿਰਦੇ ਹਨ। ਕੀ ਉਨ੍ਹਾਂ ਨੂੰ ਕਿਤੇ ਨਾ ਕਿਤੇ ਐਡਜਸਟ ਕਰਨਗੇ ?

(ਕੋਈ ਉੱਤਰ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ: ਸਪੀਕਰ ਸਾਹਿਬ, ਬੇਰੁਜ਼ਗਾਰੀ ਦੀ ਵਜ੍ਹਾ ਨਾਲ ਇਹ ਸਕੂਲ ਬੰਦ ਕਰ ਦਿੱਤੇ, ਮੁੰਡਿਆਂ ਵਿਚ ਬੇਰੁਜ਼ਗਾਰੀ ਜ਼ਿਆਦਾ ਹੈ ਜਾਂ ਲੜਕੀਆਂ ਵਿਚ। ਮੁੰਡੇ ਜ਼ਿਆਦਾ ਬੇਰੁਜ਼ਗਾਰੀ ਫਿਰਦੇ ਹਨ ਤਾਂ ਉਹ ਕਿਸੇ ਹੋਰ ਕੰਮ ਤੇ ਵੀ ਲਗ ਸਕਦੇ ਹਨ । ਇਸ ਲਈ ਮੈਂ ਵਜ਼ੀਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਲੜਕੀਆਂ ਦੇ ਸਕੂਲ ਖੋਲ੍ਹਣ ਨੂੰ ਪਹਿਲ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਬਹੁਤ ਸਪੱਸ਼ਟ ਲਫਜ਼ਾਂ ਵਿਚ ਕਹਿ ਦਿੱਤਾ ਹੈ ਕਿ ਨਵੇਂ ਯੂਨਿਟ ਅਲਾਟ ਕਰਨ ਦੀ ਸਾਰੀ ਪ੍ਰਪੋਜ਼ਲ ਅੰਡਰ ਕਨਸਿਡਰੇਸ਼ਨ ਹੈ। ਉਸ ਵੇਲੇ ਇਸ ਸਕੂਲ ਦਾ ਵੀ ਜ਼ਰੂਰ ਖਿਆਲ ਰਖਿਆ ਜਾਵੇਗਾ। ਬਾਕੀ ਇਸ ਨੂੰ ਬੰਦ ਤਾਂ ਪਿਛਲੀ ਗੌਰਮਿੰਟ ਨੇ ਕੀਤਾ ਸੀ, ਇਸ ਲਈ ਇਸ ਬਾਰੇ ਉਨ੍ਹਾਂ ਕੋਲੋਂ ਹੀ ਪੁੱਛ ਲੈਂਦੇ ਕਿ ਇਹ ਕਿਉਂ ਉਨ੍ਹਾਂ ਨੇ ਬੰਦ ਕੀਤਾ ਸੀ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1977 ਵਿਚ ਇਹ ਸਕੂਲ ਬੰਦ ਕਰ ਦਿੱਤੇ ਸਨ ਕਿਉਂਕਿ 1975-76 ਵਿਚ ਹਰੀਜਨਾਂ ਨੂੰ ਉਥੇ ਟਰੇਨਿੰਗ ਦਿੱਤੀ ਗਈ ਸੀ ਤਾਂਕਿ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਹੋਵੇ। ਇਸ ਲਈ ਸਪੈਸ਼ਲ ਕਲਾਸਾਂ ਚਲਾਈਆਂ ਗਈਆਂ ਸਨ। ਉਹ ਹਰੀਜਨ ਵਿਦਿਆਰਥੀ ਅੱਜ ਵਿਹਲੇ ਫਿਰਦੇ ਹਨ, ਕੀ ਉਨ੍ਹਾਂ ਨੂੰ ਐਬਜ਼ਾਰਬ ਕਰਨ ਲਈ ਕੋਈ ਸਕੀਮ ਤਿਆਰ ਕੀਤੀ ਗਈ ਹੈ ?

ਮੰਤਰੀ: ਇਸ ਸਵਾਲ ਨਾਲ ਇਸ ਸਪਲੀਮੈਂਟਰੀ ਦਾ ਕੋਈ ਡਾਇਰੈਕਟ ਸਬੰਧ ਤਾਂ ਨਹੀਂ ਹੈ, ਪਰ ਚੂੰਕਿ ਇਹ ਪਬਲਿਕ ਇੰਡ ਇੰਟਰੈਸਟ ਵਿਚ ਹੈ, ਇਸ ਲਈ ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਮਾਮਲਾ ਕਾਫੀ ਗੰਭੀਰ ਹੈ, ਇਸ ਵਾਸਤੇ ਇਹ ਕਿਸ ਤਰ੍ਹਾਂ ਸੋਚ ਸਕਦੇ ਹਨ ਕਿ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਜ਼ੀਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ.ਬੀ.ਟੀ. ਦੀ ਤਰ੍ਹਾਂ ਓ.ਟੀ. ਦੀਆਂ ਕਲਾਸਾਂ ਵੀ ਅੰਮ੍ਰਿਤਸਰ ਸ਼ਹਿਰ ਦੇ ਸਕੂਲ ਵਿਚ ਖੋਲ੍ਹੀਆਂ ਗਈਆਂ ਸਨ ਜਿਹੜੇ ਯੂਨਿਟ ਕਿ ਅਕਾਲੀ ਸਰਕਾਰ ਨੇ ਬੰਦ ਕਰ ਦਿੱਤੇ ਸਨ। ਕੀ ਉਨ੍ਹਾਂਨੂੰ ਮੁੜ ਕੇ ਚਾਲੂ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਬੀ.ਐਡ. ਦੀਆਂ ਕਲਾਸਾਂ ਦੇ ਸਬੰਧ ਵਿਚ ਵੀ ਇੱਕ ਮਸਲਾ ਹਾਊਸ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਉਹੀ ਪੁਜ਼ੀਸ਼ਨ ਜੇ.ਬੀ.ਟੀ. ਦੇ ਟਰੇਂਡ ਟੀਚਰਜ਼ ਵਿੱਚ ਹੈ । ਆਸੀਂ ਉਸ ਪੱਖ ਤੋਂ ਵੀ ਵੇਖਣਾ ਹੈ ਕਿ ਸਾਨੂੰ ਕਿਤਨੇ ਯੂਨਿਟ ਰਖਣੇ ਚਾਹੀਦੇ ਹਨ, ਕਿਤਨੇ ਆਦਮੀ ਟਰੇਨਿੰਗ ਲੈ ਕੇ ਆਉਣਗੇ ਅਤੇ ਕਿਤਨਿਆਂ ਨੂੰ ਆਸੀਂ ਹਰ ਸਾਲ ਨੌਕਰੀ ਦੇ ਸਕਾਂਗੇ। ਆਸੀਂ ਅਨ-ਇੰਪਲਾਇਮੈਂਟ ਫੈਲਾਈਏ ਨਾ, ਹੋ ਸਕੇ ਤਾਂ ਇਸਨੂੰ ਰਿਡਿਊਸ ਕਰੀਏ। ਇਸ ਲਈ, ਸਪੀਕਰ ਸਾਹਿਬ, ਮੈਂ ਇਹੋ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਰਿਆਂ ਪੱਖਾਂ ਤੋਂ ਇਸ ਮਸਲੇ ਨੂੰ ਵੇਖਿਆ ਜਾਵੇਗਾ ਕਿ ਕਿਥੇ ਕਿਥੇ ਇਹ ਯੂਨਿਟ ਬੰਦ ਹੋਏ ਸਨ, ਕਿਉਂ ਬੰਦ ਹੋਏ ਸਨ, ਕਿਥੇ ਖੋਲ੍ਹਣੇ ਚਾਹੀਦੇ ਹਨ, ਕਿਤਨੀ ਸੀਟਾਂ ਦੀ ਇਨਟੇਕ ਹੈ ਅਤੇ ਕਿਤਨੀ ਆਊਟ-ਟਰਨ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਵਿਚਾਰ ਕਰਨ ਵੇਲੇ ਅੰਮ੍ਰਿਤਸਰ ਦਾ ਵੀ ਜ਼ਰੂਰ ਖਿਆਲ ਰਖਾਂਗੇ ।

ਸਰਦਾਰਨੀ ਰਾਜਿੰਦਰ ਕੌਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਮੇਰੇ ਸਵਾਲ ਦਾ ਸਬੰਧ ਇਨ੍ਹਾਂ (ਅਕਾਲੀ ਬੈਂਚਾਂ ਵੱਲ ਇਸ਼ਾਰਾ) ਨਾਲ ਹੈ। ਸਾਰੇ ਪੱਖੋਂ ਠੀਕ ਵੇਖ ਕੇ ਪੰਜ ਸਕੂਲ ਮੇਰੇ ਹਲਕੇ ਵਿਚ ਸੈਂਕਸ਼ਨ ਹੋਏ ਸਨ, ਅਨਾਊਂਸ ਵੀ ਹੋ ਗਏ

Original with;
Punjab Vidhan Sabha
Digitized by;
Panjab Digital Library

ਸਨ। ਇਹ ਪਿੰਡ ਹਨ ਕਰੇੜਾ, ਰੋਜ਼ੇ, ਰਾਜ਼ੀਆ ਪਰ ਅਕਾਲੀ ਸਰਕਾਰ ਨੇ ਇਹ ਸਕੂਲ ਨਹੀਂ ਖੁਲ੍ਹਣ ਦਿੱਤੇ। ਸਾਰੇ ਪੱਖਾਂ ਤੋਂ ਵੇਖ ਕੇ ਹੀ ਇਹ ਸਕੂਲ ਮਨਜ਼ੂਰ ਹੋਏ ਸਨ। ਕੀ ਵਜ਼ੀਰ ਸਾਹਿਬ ਉਥੇ ਸਕੂਲ ਖੋਲ੍ਹਣ ਲਈ ਫਿਰ ਵਿਚਾਰ ਕਰਨਗੇ ?

ਸ੍ਰੀ ਸਪੀਕਰ : ਇਨ੍ਹਾਂ ਨੇ ਸਾਰਿਆਂ ਸਵਾਲਾਂ ਦਾ ਇੱਕ ਜਵਾਬ ਦਿੱਤਾ ਹੈ ਕਿ ਮਾਮਲਾ ਜ਼ੇਰੇ-ਗੌਰ ਹੈ। ਉਹੀ ਸਪਲੀਮੈਂਟਰੀ ਫਿਰ ਰਿਪੀਟ ਕਰਨ ਦਾ ਕੋਈ ਫਾਇਦਾ ਨਹੀਂ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਅਕਾਲੀਆਂ ਨੇ ਸਕੂਲ ਖੋਲ੍ਹੇ ਸਨ, ਉਹ ਬੰਦ ਕਰ ਦਿੱਤੇ ਗਏ ਹਨ। ਇਹ ਤਾਂ ਬੜਾ ਜ਼ੁਲਮ ਹੋਇਆ ਹੈ।

ਮੰਤਰੀ : ਸਪੀਕਰ ਸਾਹਿਬ, ਪਤਾ ਨਹੀਂ ਕਿਸ ਖੁਸ਼ਫਹਿਮੀ ਵਿਚ ਆਨਰੇਬਲ ਮੈਂਬਰ ਨੇ ਸਪਲੀਮੈਂਟਰੀ ਸਵਾਲ ਦਾ ਜਵਾਬ ਦੇ ਦਿੱਤਾ ਹੈ ਅਤੇ ਕਿਸ ਇਨਫਰਮੇਸ਼ਨ ਦੇ ਬੇਸਿਜ਼ ਤੇ ਉਨ੍ਹਾਂ ਨੇ ਇਹ ਇਲਜ਼ਾਮ ਲਗਾਇਆ ਹੈ ਕਿ ਇਨ੍ਹਾਂ ਨੇ ਸਕੂਲ ਖੋਲ੍ਹੇ ਸਨ ਅਤੇ ਆਸੀਂ ਬੰਦ ਕਰ ਦਿੱਤੇ ਹਨ। ਦਰਅਸਲ ਸਾਡੀ ਸਰਕਾਰ ਨੇ ਸਕੂਲ ਮਨਜ਼ੂਰ ਕੀਤੇ ਸਨ ਪਰ ਇਨ੍ਹਾਂ ਨੇ ਬੰਦ ਕਰ ਦਿੱਤੇ ਸਨ। ਪਰ ਇਹ ਮਸਲਾ ਅਜੇ ਮੇਰੇ ਕੋਲ ਆਇਆ ਨਹੀਂ। ਮੈਂ ਤਾਂ ਸਿਰਫ ਇਤਨਾ ਕਹਾਂਗਾ ਕਿ ਇਹ ਸਵਾਲ ਜੇ.ਬੀ.ਟੀ. ਟਰੇਨਿੰਗ ਸੈਂਟਰਾਂ ਦਾ ਹੈ, ਸਾਧਾਰਣ ਸਕੂਲ ਖੋਲ੍ਹਣ ਦਾ ਨਹੀਂ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਤਨੇ ਵੀ ਇਸ ਸਵਾਲ ਦੇ ਜਵਾਬ ਦਿੱਤੇ ਹਨ, ਉਨ੍ਹਾਂ ਵਿਚ ਕਿਹਾ ਹੈ ਕਿ ਅੰਡਰ ਕਨਸਿਡਰੇਸ਼ਨ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਗਲ ਬਿਲਕੁਲ ਸੌਲਿਡ ਹੋਵੇ, ਉਸ ਦੇ ਬਾਰੇ ਇਹ ਨਹੀਂ ਕਹਿਣਾ ਚਾਹੀਦਾ ਕਿ ਇਹ ਅੰਡਰ ਕਨਸਿਡਰੇਸ਼ਨ ਹੈ। ਜੇ.ਬੀ.ਟੀ. ਕਲਾਸਾਂ ਵਿਚ ਹਰੀਜਨਾਂ ਨੂੰ ਟਰੇਨਿੰਗ ਦੇਣ ਵਾਸਤੇ ਸੀਟਾਂ ਡੈਫਿਨਿਟਲੀ ਖੋਲ੍ਹੀਆਂ ਸਨ। ਇਹ ਤੁਹਾਡੇ ਗਿਆਤ ਵਿਚ ਵੀ ਹੈ, ਸਾਡੇ ਗਿਆਤ ਵਿਚ ਹੈ, ਫਿਰ ਇਹ ਜਵਾਬ ਕਿਉਂ ਨਾ ਆਵੇ ਕਿ ਇਹ ਸੀਟਾਂ ਜ਼ਰੂਰ ਪੂਰੀਆਂ ਕਰਾਂਗੇ। ਕੀ ਵਜ਼ੀਰ ਸਾਹਿਬ ਇਹ ਗਲ ਪੱਕੇ ਤੌਰ ਤੇ ਦੱਸਣਗੇ ਕਿ ਕਿਤਨੀਆਂ ਸੀਟਾਂ ਇਸ ਵੇਲੇ ਖਾਲੀ ਪਈਆਂ ਹਨ ਅਤੇ ਕੀ ਉਨ੍ਹਾਂ ਨੂੰ ਜ਼ਰੂਰ ਭਰਿਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਬਿਲਕੁਲ ਨਵਾਂ ਸਵਾਲ ਕਰ ਦਿੱਤਾ ਹੈ। ਇਤਨੀ ਡਿਟੇਲਡ ਇਨਫਰਮੇਸ਼ਨ ਇਨ੍ਹਾਂ ਨੇ ਮੰਗੀ ਹੈ। ਇਸ ਲਈ ਨਵਾਂ ਸਵਾਲ ਕਰ ਦੇਣ। ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਕਿਤਨੀਆਂ ਸੀਟਾਂ ਖਾਲੀ ਹਨ, ਇਸ ਲਈ ਵੱਖਰਾ ਸਵਾਲ ਕਰ ਦੇਣ। ਜਿਥੋਂ ਤਕ ਇਨ੍ਹਾਂ ਦੇ ਦੂਜੇ ਸਵਾਲ ਦਾ ਸਬੰਧ ਹੈ, ਮੈਂ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਕੱਚੀ ਕੁੱਜੀ ਇਨਫਰਮੇਸ਼ਨ ਹਾਊਸ ਨੂੰ ਨਹੀਂ ਦੇਣਾ ਚਾਹੁੰਦਾ ਜਿਹੋ ਜਿਹੀ ਕਿ ਇਹ ਦਿੰਦੇ ਰਹੇ ਹਨ।

ਸਿਖਿਆ ਡਾਇਰੈਕਟੋਰੇਟ ਵਿਚ ਕਾਨੂੰਨੀ ਸੈਲ ਸਥਾਪਤ ਕਰਨ ਲਈ ਮਨਜ਼ੂਰ ਕੀਤਾ ਗਿਆ ਸਟਾਫ।

*203. **ਮਾਸਟਰ ਚੰਦ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਕੀ ਸਿਖਿਆ ਦੇ ਡਾਇਰੈਕਟੋਰੇਟ ਵਿਚ ਕਾਨੂੰਨੀ ਸੈਲ ਸਥਾਪਤ ਕਰਨ ਲਈ ਕੋਈ ਸਟਾਫ ਮੰਨਜ਼ੂਰ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕਿਸ ਮਿਤੀ ਤੋਂ ਅਤੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਇਸ ਸੈਲ ਵਿਚ ਹੁਣ ਤਕ ਕਿੰਨੀਆਂ ਆਸਾਮੀਆਂ ਕਾਇਮ ਕੀਤੀਆਂ ਗਈਆਂ ਹਨ ;

(ਅ) ਕੀ ਕਾਨੂੰਨੀ ਸੈਲ ਲਈ ਮੰਨਜ਼ੂਰ ਕੀਤਾ ਗਿਆ ਸਟਾਫ਼ ਭਰਤੀ ਕਰ ਲਿਆ ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਕਿੰਨੀਆਂ ਆਸਾਮੀਆਂ ਭਰੀਆਂ ਗਈਆਂ ਹਨ ਅਤੇ ਕਿੰਨੀਆਂ ਆਸਾਮੀਆਂ ਅਜੇ ਖਾਲੀ ਹਨ ਅਤੇ ਇਸ ਦੇ ਕਾਰਣ ਕੀ ਹਨ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਹਾਂ ਜੀ। ਜੁਲਾਈ 1979 ਵਿਚ।

(i)	ਲੀਗਲ ਸਹਾਇਕ	... 3
(ii)	ਕਲਰਕ	... 2
(iii)	ਸੇਵਾਦਾਰ	... 1

(ਅ) ਨਹੀਂ ਜੀ। ਇਨ੍ਹਾਂ ਨੂੰ ਭਰਨ ਲਈ ਯੋਗ ਕਾਰਵਾਈ ਕੀਤੀ ਜਾ ਰਹੀ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਸੰਨ 1979 ਵਿਚ ਜਿਹੜਾ ਕਾਨੂੰਨੀ ਸੈਲ ਇਨ੍ਹਾਂ ਨੇ ਮਨਜ਼ੂਰ ਕੀਤਾ ਹੈ ਉਸ ਵਿਚ ਲੀਗਲ ਸਹਾਇਕ 3, ਕਲਰਕ 2 ਅੌਰ ਪੀਅਨ 1 ਦੀਆਂ ਪੋਸਟਾਂ ਮਨਜ਼ੂਰ ਕੀਤੀਆਂ ਹਨ। ਉਹ ਪੋਸਟਾਂ ਸੰਨ 1979 ਵਿਚ ਸੈਂਕਸ਼ਨ ਤਾਂ ਕਰ ਦਿੱਤੀਆਂ ਹਨ ਪਰ ਉਸੇ ਤਰ੍ਹਾਂ ਹੀ ਪਈਆਂ ਹਨ, ਭਰੀਆਂ ਨਹੀਂ ਹਨ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਨਾ ਭਰਨ ਦੇ ਕੀ ਕਾਰਨ ਹਨ ਅਤੇ ਇਹ ਖਾਲ੍ਹੀ ਪੋਸਟਾਂ ਕਦੋਂ ਤਕ ਭਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਨਾ ਭਰਨ ਬਾਰੇ ਜੋ ਦੇਰੀ ਹੋਈ ਹੈ ਉਸ ਲਈ ਜੁਲਾਈ, 1979 ਤੋਂ ਫਰਵਰੀ, 1980 ਤਕ ਤਾਂ ਕਾਰਨ ਮੈਂ ਨਹੀਂ ਦੱਸ ਸਕਦਾ, ਸਾਹਮਣੇ ਮੇਰੇ ਵੀਰ ਬੈਠੇ ਹਨ, ਇਹ ਹੀ ਦੱਸ ਸਕਦੇ ਹਨ ਕਿ ਇਨ੍ਹਾਂ ਨੇ ਸੱਤਾਂ ਮਹੀਨਿਆਂ ਵਿਚ ਕੀ ਕੀਤਾ ਹੈ। .....

ਸਰਦਾਰ ਬਸੰਤ ਸਿੰਘ ਖਾਲਸਾ : ਫਿਰ ਇਹ ਗੱਦੀ ਸਾਨੂੰ ਸੰਭਾਲ ਦਿਓ। (ਹਾਸਾ) ਅਸੀਂ ਦੱਸ ਦਿਆਂਗੇ।

ਮੰਤਰੀ : ਇਸ ਬਾਰੇ ਪਹਿਲਾਂ ਲੋਕਾਂ ਨੂੰ ਪੁੱਛ ਲੈਣਾ ਸੀ। (ਹਾਸਾ) ਸੋ, ਸਪੀਕਰ ਸਾਹਿਬ, ਇਸ ਸਿਲਸਿਲੇ ਵਿਚ ਐਸਾ ਹੈ ਕਿ ਜਿਹੜੇ ਇਸ ਵਿਚ ਜੁਲਾਈ, 1979 ਤੋਂ ਫਰਵਰੀ, 1980 ਤਕ ਸੱਤ ਮਹੀਨੇ ਦੀ ਦੇਰੀ ਹੋਈ ਹੈ ਉਸ ਦੇ ਬਾਰੇ ਤਾਂ ਮੈਂ ਜਵਾਬ ਦੇਹ ਨਹੀਂ ਹੋ ਸਕਦਾ ਲੇਕਿਨ ਜਦੋਂ ਤੋਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਵਾਗਡੋਰ ਸੰਭਾਲੀ ਹੈ ਉਸ ਵੇਲੇ ਤੋਂ ਫੈਸਲਾ ਕਰ ਦਿੱਤਾ ਗਿਆ ਹੈ ਅੌਰ ਤਿੰਨੋਂ ਡੀ.ਪੀ.ਆਈਜ਼ ਦੀ ਇਕ ਕਮੇਟੀ ਬਣਾ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਉਹ ਆਪਣੀ ਰਿਪੋਰਟ ਜਲਦੀ ਤੋਂ ਜਲਦੀ ਪੇਸ਼ ਕਰਨ। ਉਸ ਰਿਪੋਰਟ ਦੇ ਆਉਣ ਤੇ ਜਲਦੀ ਫੈਸਲਾ ਕਰ ਲਵਾਂਗੇ।

Amount sanctioned for the construction of the Health Centre Jamsher, District Jullundur

***196. Sardar Darshan Singh, K.P.** : Will the Chief Minister be pleased to state—

(a) whether the Government has sanctioned any amount for the building of Health Centre, Jamsher District Jullundur, if so, the details thereof ;

Original with;
Punjab Vidhan Sabha
Digitized by;
Panjab Digital Library

(b) whether the said building has since been constructed, if not, the reasons therefor ?

Shri Sardari Lal Kapur (Health and Family Welfare Minister) : (a) Administrative approval for the construction of the building at an estimated cost of Rs. 6,86,000 has since been given.

(b) Construction work has since been started.

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਇਸ ਹੈਲਥ ਸੈਂਟਰ ਨੂੰ ਸੈਂਕਸ਼ਨ ਹੋਇਆਂ ਚਾਰ ਸਾਲ ਹੋ ਗਏ ਹਨ। ਜਮਸ਼ੇਰ ਮੇਰੇ ਹਲਕੇ ਵਿਚ ਹੈ ਅੱਤ ਇਹ ਜਲੰਧਰ ਜ਼ਿਲ੍ਹੇ ਵਿਚ ਆਉਂਦਾ ਹੈ। ਉਥੇ ਕੰਮ ਬੰਦ ਰਿਹਾ ਹੈ। ਪਹਿਲਾਂ ਅਕਾਲੀਆਂ ਦੀ ਸਰਕਾਰ ਨੇ ਪਰਵਾਹ ਨਹੀਂ ਕੀਤੀ । ਜਦੋਂ ਹੁਣ ਅਸੀਂ ਜਿੱਤੇ ਹਾਂ ਤਾਂ ਉਸ ਤੋਂ ਬਾਅਦ ਕੰਮ ਸ਼ੁਰੂ ਹੋਇਆ ਹੈ। ਉਤਨੇ ਚਿਰ ਤਕ ਘੱਪਲਾ ਹੋਇਆ ਹੈ। ਮੈਟੀਰੀਅਲ ਮਹਿੰਗਾ ਹੋ ਗਿਆ ਹੈ, ਹਰ ਚੀਜ਼ ਮਹਿੰਗੀ ਹੋ ਗਈ ਹੈ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਹਸਪਤਾਲ ਦੀ ਬਿਲਡਿੰਗ ਸਰਕਾਰ ਕਦੋਂ ਕੁ ਤੱਕ ਪੂਰੀ ਕਰ ਦੇਵੇਗੀ ? ਸਾਰੇ ਪੈਸੇ ਦਾ ਅੱਤ ਮੈਟੀਰੀਅਲ ਦਾ ਪ੍ਰਬੰਧ ਕਰਕੇ ਇਹ ਕੰਮ ਸਰਕਾਰ ਕਦੋਂ ਤਕ ਕਰ ਦੇਵੇਗੀ ?

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੀ ਖਿਦਮਤ ਵਿਚ ਅਰਜ਼ ਕਰ ਦਿੱਤੀ ਹੈ। ਇਨ੍ਹਾਂ ਨੇ ਆਪ ਵੀ ਇਸ ਗੱਲ ਨੂੰ ਮੰਨਿਆ ਹੈ ਕਿ ਉਥੇ ਕੰਮ ਸ਼ੁਰੂ ਹੋ ਗਿਆ ਹੈ । ਜਦੋਂ ਕੰਮ ਸਟਾਰਟ ਕਰ ਦਿੱਤਾ ਹੈ ਤਾਂ ਉਹ ਲਾਜ਼ਮੀ ਤੌਰ ਤੇ ਪੂਰਾ ਕੀਤਾ ਜਾਵੇਗਾ।

Persons died by drinking poisonous liquor in Phagwara Sub-Division

*199. **Sardar Dalip Singh Pandhi** : Will the Chief Minister be pleased to state—

(a) whether any person died in Phagwara Sub-Division by drinking poisonous liquor during the last 15 days, if so, the details there of alongwith the action taken, if any, against the accused ;

(b) the details of the vend shop or person where-from the alleged liquor was purchased ;

(c) the steps taken or proposed to be taken to stop these unnatural deaths in future ?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

(ਏ) ਨਜਾਇਜ਼ ਸ਼ਰਾਬ ਦੀ ਬਰਾਮਦਗੀ, ਜੋ ਕਿ ਕਦੇ-ਕਦੇ ਜ਼ਹਿਰੀਲੀ ਵੀ ਹੋ ਸਕਦੀ ਹੈ, ਲਈ ਪੁਲਿਸ ਲੋੜੀਂਦੀ ਕਾਨੂੰਨੀ ਕਾਰਵਾਈ ਕਰਦੀ ਰਹਿੰਦੀ ਹੈ ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿੱਤਾ ਹੈ;

"ਨਜ਼ਾਇਜ਼ ਸ਼ਰਾਬ ਦੀ ਬਰਾਮਦਗੀ, ਜੋ ਕਿ ਕਦੇ ਕਦੇ ਜ਼ਹਿਰੀਲੀ ਵੀ ਹੋ ਸਕਦੀ ਹੈ"

ਅੱਤ ਮੈਂ ਸਵਾਲ ਵਿਚ ਪੁੱਛਿਆ ਸੀ ਕਿ:—

"The steps taken or proposed to be taken to stop these unnatural deaths in future.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿਘ ਪਾਂਧੀ]

ਇਨ੍ਹਾਂ ਨੇ ਸਾਫ ਤੌਰ ਤੇ ਨਹੀਂ ਦੱਸਿਆ ਕਿ ਕੀ ਕੀ ਸਟੈਪਸ ਲਏ ਗਏ ਹਨ। ਐਸਾ ਤਾਂ ਹੈ ਨਹੀਂ ਕਿ ਕਿਸੇ ਨੇ ਪੁਲਿਸ ਪਾਸ ਰਿਪੋਰਟ ਵੀ ਦਰਜ ਨਾ ਕਰਵਾਈ ਹੋਵੇ ਜਾਂ ਪੁਲਿਸ ਦੇ ਨੋਟਿਸ ਵਿਚ ਇਹ ਚੀਜ਼ ਨਾ ਆਈ ਹੋਵੇ। ਕੀ ਸੀ.ਐਮ. ਸਾਹਿਬ ਇਹ ਦੱਸਣ ਦੀ ਮੇਹਰਬਾਨੀ ਕਰਨਗੇ ਕਿ ਕੀ ਸਟੈਪਸ ਲਏ ਗਏ ਹਨ ਤਾਕਿ ਅੱਗੇ ਤੋਂ ਇਸ ਤਰ੍ਹਾਂ ਦੇ ਵਾਅਕੇ ਨਾ ਹੋਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਸਵਾਲ ਦਾ ਹੀ ਜਵਾਬ ਦਿੱਤਾ ਹੈ। ਮੈਂ ਜਵਾਬ ਵਿਚ ਕਿਹਾ ਹੈ ਕਿ ਉਨ੍ਹਾਂ ਪੰਦਰਾਂ ਦਿਨਾਂ ਵਿਚ ਕੋਈ ਐਸਾ ਵਾਕਿਆ ਨਹੀਂ ਹੋਇਆ। ਪਹਿਲਾਂ ਹੋਇਆ ਹੈ ਪਰ ਜੋ ਤੁਸੀਂ ਪੁੱਛਿਆ ਸੀ ਉਸ ਦਾ ਟੈਕਨੀਕਲੀ ਜਵਾਬ ਮੈਂ ਠੀਕ ਦਿੱਤਾ ਹੈ। ਤੁਸੀਂ ਪੰਦਰਾਂ ਦਿਨਾਂ ਵਿਚ ਪੁੱਛਿਆ ਸੀ ਤੇ ਮੈਂ ਕਿਹਾ ਹੈ ਕਿ ਪੰਦਰਾਂ ਦਿਨਾਂ ਵਿਚ ਕੋਈ ਵਾਕਿਆ ਨਹੀਂ ਹੋਇਆ। ਇਹ ਠੀਕ ਹੈ ਕਿ ਪਹਿਲਾਂ ਵਾਕਿਆ ਹੋਇਆ ਹੈ। ਉਹ ਸ਼ਰਾਬ ਪੀ ਕੇ ਆਏ ਹਨ। ਉਹ ਰਿਕਸ਼ਾ ਵਿਚ ਜਾਂਦੇ ਸੀ ਔਰ ਰਿਕਸ਼ਾ ਵਾਲਾ ਉਨ੍ਹਾਂ ਨੂੰ ਭੁੱਲਾ ਰਾਈ ਪਿੰਡ ਵਿਚ ਉਨ੍ਹਾਂ ਦੇ ਘਰ ਛੱਡ ਆਇਆ। ਫਿਰ ਜਦੋਂ ਉਨ੍ਹਾਂ ਦੀ ਤਬੀਅਤ ਖਰਾਬ ਹੋਈ ਤਾਂ ਉਨ੍ਹਾਂ ਨੂੰ ਹਸਪਤਾਲ ਲੈ ਕੇ ਗਏ ਔਰ ਉਹ ਦਮ ਤੋੜ ਗਏ। ਮੈਡੀਕਲ ਐਗਜ਼ਾਮੀਨੇਸ਼ਨ ਕਰਨ ਵਾਸਤੇ ਭੇਜਿਆ ਹੈ। ਮੈਡੀਕਲ ਐਗਜ਼ਾਮੀਨੇਸ਼ਨ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਕਾਰਵਾਈ ਕੀਤੀ ਜਾਵੇਗੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਦੀ ਬੜੀ ਮੇਹਰਬਾਨੀ ਹੈ, ਮੈਂ ਕਿਹਾ ਸੀ ਕਿ ਪੰਦਰਾਂ ਦਿਨਾਂ ਦੇ ਅੰਦਰ ਕੋਈ ਵਾਕਿਆ ਹੋਇਆ ਹੈ, ਇਨ੍ਹਾਂ ਨੇ ਭਾਵੇਂ ਕਿਹਾ 'ਨਹੀਂ' ਪਰ ਫਿਰ ਵੀ ਜਵਾਬ ਦੇ ਦਿੱਤਾ ਹੈ। ਇਨ੍ਹਾਂ ਦੀ ਮੇਹਰਬਾਨੀ ਹੈ। ਇਨ੍ਹਾਂ ਨੂੰ ਇਨ੍ਹਾਂ ਦੇ ਦਫਤਰ ਵਾਲਿਆਂ ਦੱਸਿਆ ਹੋਣਾ ਹੈ ..... (ਵਿਘਨ)

Chief Minister : Sir, Part (a) of the question is whether : any person died in Phagwara Sub-Division by drinking poisonous liquor during the last 15 days only.

So the Hon. Member sought information relating to the last 15 days only.

Sardar Dalip Singh Pandhi : The Chief Minister has very kindly given reply to my question, but the period of 15 days which I have mentioned in my question related to fifteen days prior to the date when I gave notice of the question.

ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਪਾਇਟ 'ਬੀ' ਵਿਚ ਇਹ ਪੁੱਛਿਆ ਸੀ ਕਿ ਕਿੱਥੋਂ ਉਨ੍ਹਾਂ ਨੇ ਸ਼ਰਾਬ ਖਰੀਦੀ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤਰ੍ਹਾਂ ਦੀ ਸ਼ਰਾਬ ਵੇਚਣ ਵਾਲੇ ਦੇ ਖਿਲਾਫ ਕੋਈ ਐਕਸ਼ਨ ਲੈਣ ਦਾ ਸਰਕਾਰ ਦਾ ਖਿਆਲ ਹੈ ? ਕੀ ਉਸ ਨੂੰ ਅੰਦਰ ਦੇਣਗੇ ? ਜਾਂ ਸਰਕਾਰ ਕੋਈ ਜਨਰਲ ਹਦਾਇਤ ਕਰੇਗੀ ਕਿ ਕੋਈ ਜ਼ਹਿਰੀਲੀ ਸ਼ਰਾਬ ਨਾ ਵੇਚੇ ? ਜੇਕਰ ਇਸ ਤਰ੍ਹਾਂ ਨਹੀਂ ਕਰਨ ਨੂੰ ਤਿਆਰ ਤਾਂ ਕੀ ਸਰਕਾਰ ਸਾਰੇ ਲੋਕਾਂ ਨੂੰ ਖੁਲ੍ਹੀ ਛੁੱਟੀ ਦੇਣ ਨੂੰ ਤਿਆਰ ਹੈ ਤਾਂ ਕੀ ਉਹ ਆਪਣੀ ਮਰਜ਼ੀ ਦੀ ਘਰ ਹੀ ਕੱਢ ਕੇ ਪੀ ਲਿਆ ਕਰਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਕੇਸ ਬਾਰੇ ਪੁੱਛਿਆ ਹੈ। ਇਸ ਕੇਸ ਵਿਚ ਸ਼ਰਾਬ ਕਿੱਥੋਂ ਉਹ ਪੀਕੇ ਆਏ ਸੀ ਔਰ ਕਿਹੜੀ ਪੀ.ਕੇ ਆਏ ਸੀ ਇਹ ਵੀ ਪਤਾ ਕਰਨ ਦੀ ਲੋੜ ਹੈ ਔਰ ਫਿਰ ਉਨ੍ਹਾਂ ਨੇ ਫਰਾਵਾੜੇ ਆ ਕੇ ਪੀ ਲਈ। ਉਨ੍ਹਾਂ ਦੋਹਾਂ ਸ਼ਰਾਬਾਂ ਦੇ ਮਿਲਣ ਨਾਲ ਕੀ ਬਣਿਆ ਹੈ। ਕਿਸੇ ਛਾਪ ਵਾਲੀ ਪੀ ਕੇ ਆਏ ਸੀ ਜਾਂ ਦੇਸ਼ ਮਾਰਕਾ ਪੀ ਕੇ ਆਏ ਸੀ, ਇਹ ਤਾਂ ਪਤਾ ਕਰਨਾ ਪਵੇਗਾ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਬਲਦੇਵ ਸਿਘ ਲੂੰਬਾ : ਸਪੀਕਰ ਸਾਹਿਬ, ਸਾਮਲਾ ਬੜਾ ਗੰਭੀਰ ਹੈ। ਇਹ ਹੀ ਵਾਕਿਆ ਨਹੀਂ ਹੈ, ਕਈ ਵਕਿਆ ਇਸ ਤਰ੍ਹਾਂ ਦੇ ਹੋ ਰਹੇ ਹਨ। ਮਹਾਰਾਸ਼ਟਰਾ ਦੇ ਮੁੱਖ ਮੰਤਰੀ ਨੇ ਇਸ ਕੰਮ ਵਿਚ ਵੀ ਲੀਡ ਕੀਤਾ ਹੈ। ਉਹ ਆਪਣੇ ਦੌਰੇ ਤੇ ਗਏ ਅੱਤ ਇਸ ਤਰ੍ਹਾਂ ਦੇ ਧੰਦਾ ਕਰਨ ਵਾਲੇ ਅੱਡਿਆਂ ਤੇ ਆਪ ਚੈਕ ਕੀਤਾ। ਕੀ ਸਾਡੇ ਮੁੱਖ ਮੰਤਰੀ ਜੀ ਵੀ ਜਿਹੜੇ ਪੰਜਾਬ ਵਿਚ ਇਸ ਤਰ੍ਹਾਂ ਦੇ ਅੱਡੇ ਬਣੇ ਹੋਏ ਹਨ ਉਨ੍ਹਾਂ ਨੂੰ ਚੈਕ ਕਰਿਆ ਕਰਨਗੇ ?

ਮੁੱਖ ਮੰਤਰੀ : ਤੁਸੀਂ ਕਲ੍ਹ ਮੈਨੂੰ ਇਧਰੋਂ ਵਿਹਲੇ ਹੋ ਲੈਣ ਦਿਓ ਫਿਰ ਵੇਖਿਓ ਮੈਂ ਕੀ ਕਰਦਾ ਹਾਂ। (ਹਾਸਾ)

Gazetted posts in the In Service Training Centres in the State

***141. Sardar Atma Singh** : Will the Minister for Education be pleased to state—

(a) the total number of gazetted posts in the In-Service Training Centres in the State and the number out of these posts against which non-gazetted Lecturers, Headmasters or Headmistresses are posted along with their names and duration of their postings and reasons therefor ;

(b) the details of steps being taken to appoint gazetted officers against the posts referred to in para (a) above and the time by which it is likely to be done ;

(c) the names of officers and teachers out of these referred to in para (a) above, who are getting their salaries from somewhere else, but are working in these centres and the reasons therefor ?

ਸਰਦਾਰ ਹਰਚਰਨ ਸਿੰਘ ਅਜਨਾਲਾ :

(ੳ) (I) ਗਜ਼ਟਿਡ ਆਸਾਮੀਆਂ ਦੀ ਗਿਣਤੀ — ਪੀ. ਈ. ਐਸ. 1-3
ਪੀ. ਈ. ਐਸ. 2-12

(II) ਆਸਾਮੀਆਂ ਦੀ ਗਿਣਤੀ ਜਿਨ੍ਹਾਂ ਵਿਰੁਧ ਕਲਾਸ 3 ਦੇ ਕਰਮਚਾਰੀ ਕੰਮ ਕਰ ਰਹੇ ਹਨ । — 7

(III) ਕਲਾਸ 3 ਦੇ ਕਰਮਚਾਰੀ. ਜੋ ਕਲਾਸ 1 ਅਤੇ 2 ਦੀਆਂ ਆਸਾਮੀਆਂ ਵਿਰੁਧ ਕੰਮ ਕਰ ਰਹੇ ਹਨ, ਦਾ ਵੇਰਵਾ। — ਸੂਚੀ ਹਾਊਸ ਦੀ ਮੱਜ਼ ਤੇ ਰੱਖੀ ਜਾਂਦੀ ਹੈ

(IV) ਕਲਾਸ 3 ਦੇ ਕਰਮਚਾਰੀਆਂ ਦੀ ਕਲਾਸ 2 ਦੀਆਂ ਆਸਾਮੀਆਂ ਵਿਰੁਧ ਨਿਯੁਕਤੀ ਨਾਲ ਲੋਕ ਹਿਤ ਵਿਚ ਉਨ੍ਹਾਂ ਆਸਾਮੀਆਂ ਦਾ ਕੰਮ ਚਲਾਉਣ ਹਿਤ ਆਰਜ਼ੀ ਪ੍ਰਬੰਧ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

(ਅ) ਕਲਾਸ 2 ਦੀਆਂ ਖਾਲੀ ਆਸਾਮੀਆਂ
ਨੂੰ ਸਿਧੀ ਭਰਤੀ ਰਾਹੀਂ ਭਰਨ ਹਿਤ ਲੋਕ
ਸੇਵਾ ਕਮਿਸ਼ਨ ਨੂੰ ਮੰਗ ਪੱਤਰ
ਭੇਜਿਆ ਜਾ ਰਿਹਾ ਹੈ । ਜਿਉਂ
ਹੀ ਕਮੀਸ਼ਨ ਦੀਆਂ ਸਿਫਾਰਸ਼ਾ ਪ੍ਰਾਪਤ
ਹੋ ਗਈਆਂ ਇਨ੍ਹਾਂ ਆਸਾਮੀਆਂ ਨੂੰ
ਰੈਗੂਲਰ ਤੌਰ ਤੇ ਭਰਿਆ ਜਾਵੇਗਾ ।

(ਏ) ਇਨ੍ਹਾਂ ਸੈਂਟਰਾਂ ਵਿਚ ਕੰਮ ਕਰ ਰਹੇ
ਸਾਰੇ ਕਰਮਚਾਰੀ ਆਪਣੀ ਤਨਖਾਹ
ਇਨ੍ਹਾਂ ਸੈਂਟਰਾਂ ਲਈ ਪ੍ਰਵਾਨਤ
ਆਸਾਮੀਆਂ ਉਤੇ ਲੈ ਰਹੇ ਹਨ ।

ਕਲਾਸ 3 ਦੇ ਕਰਮਚਾਰੀ ਜੋ ਕਲਾਸ 1 ਅਤੇ 2 ਦੀਆਂ ਆਸਾਮੀਆਂ ਵਿਰੁੱਧ ਕੰਮ ਕਰ ਰਹੇ ਹਨ, ਦਾ ਵੇਰਵਾ ।

(1) **ਸਰਕਾਰੀ ਇਨ-ਸਰਵਸ ਟਰੇਨਿੰਗ ਸੈਂਟਰ, ਜਲੰਧਰ —**

(1) ਸ਼੍ਰੀ ਮਹਿੰਗਾ ਸਿਘ (ਮੁੱਖ ਅਧਿਆਪਕ) ਮਿਤੀ 7 ਸਤੰਬਰ, 1979 ਤੋਂ

(2) ਸ਼੍ਰੀਮਤੀ ਨਰਿਦਰ ਕੌਰ (ਮੁੱਖ ਅਧਿਆਪਕਾ)ਮਿਤੀ 2 ਜੂਨ, 1979 ਤੋਂ ।

(2) **ਸਰਕਾਰੀ ਇਨ-ਸਰਵਸ ਟਰੇਨਿੰਗ ਸੈਂਟਰ, ਪਟਿਆਲਾ—**

(1) ਸ਼੍ਰੀ ਲਾਭ ਸਿੰਘ (ਮੁੱਖ ਅਧਿਆਪਕ) (ਮਿਤੀ 18 ਅਗਸਤ, 1977 ਤੋਂ

(2) ਸ਼੍ਰੀਮਤੀ ਅਮਰਜੀਤ ਕੌਰ (ਮੁੱਖ ਅਧਿਆਪਕਾ) ਮਿਤੀ 17 ਜੁਲਾਈ, 1978 ਤੋਂ ।

(3) **ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ, ਫਿਰੋਜ਼ਪੁਰ—**

(1) ਸ਼੍ਰੀ ਸੋਹਨ ਲਾਲ ਗਰਗ, (ਐਮ.ਐਸ.ਸੀ. ਕਮਿਸਟਰੀ) ਮਿਤੀ 12 ਅਗਸਤ, 1977 ਤੋਂ ।

(2) ਸ਼੍ਰੀ ਹਰਬੰਸ ਲਾਲ ਗੋਇਲ (ਐਮ.ਐਸ.ਸੀ. ਬੋਟਨੀ) ਮਿਤੀ 25 ਮਈ, 1979 ਤੋਂ ।

(3) ਸ਼੍ਰੀਮਤੀ ਸਰੋਜ ਸੇਠੀਆ (ਐਮ.ਏ. ਹਿਸਟਰੀ) ਮਿਤੀ 18 ਅਪੈਲ, 1979 ਤੋਂ ।

Firing exchanged between Police and Dacoits in Ferozepur District

***201. Sardar Dalip Singh Pandhi :** Will the Chief Minister be pleased to state whether any firing was exchanged between the police and dacoits in Ferozepur district during the last fifteen days, if so, the details thereof together with its course ?

ਸਰਦਾਰ ਦਰਬਾਰਾ ਸਿਘ : ਨਹੀਂ ਜੀ । ਪਿਛਲੇ 15 ਦਿਨਾਂ ਵਿਚ ਫਿਰੋਜ਼ਪੁਰ ਜ਼ਿਲ੍ਹਾ ਵਿਚ ਪੁਲਿਸ ਅਤੇ ਡਕੈਤ ਦੇ ਵਿਚਕਾਰ ਕੋਈ ਫਾਇਰਿੰਗ ਨਹੀਂ ਹੋਈ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਮੱਗਲਿਗ ਦੇ ਕੇਸ ਤਾਂ ਬਹੁਤ ਹੋਏ ਹਨ, ਕੀ ਇਹ ਇਸ ਦੀ ਪੜਤਾਲ ਕਰਕੇ ਦੱਸਣਗੇ

Original with;
Punjab Vidhan Sabha
Digitized by;
Panjab Digital Library

ਕਿ ਉਨ੍ਹਾਂ ਦਾ ਵੇਚਵਾ ਕੀ ਹੈ ? ਐਸ.ਐਸ.ਪੀ. ਨੇ ਇਸ ਮਾਮਲੇ ਨੂੰ ਰਫ਼ਅੱਪ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਜਿਹੜੀ ਮੇਰੀ 15 ਦਿਨਾਂ ਵਾਲੀ ਗਲ ਹੈ ਇਸ ਨੂੰ ਮੁਆਫ਼ ਕਰਕੇ ਦੱਸਣ ਕਿ ਇਸ ਤੋਂ ਪਹਿਲਾਂ ਜਿਹੜੀ ਸਮੱਗਲਿੰਗ ਹੋਈ ਹੈ ਉਸ ਬਾਰੇ ਪੜਤਾਲ ਕਰਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਆਪਣਾ ਸਵਾਲ ਫਿਰ ਉਹੀ ਕਰ ਲਿਆ ਹੈ। ਇਨ੍ਹਾਂ ਨੂੰ ਜਵਾਬ ਵਿਚ ਪੁੱਛਣਾ ਚਾਹੀਦਾ ਸੀ ਕਿ ਪਿਛਲੇ ਦਿਨਾਂ ਵਿਚ ਕੋਈ ਅਜਿਹੇ ਕੇਸ ਹੋਏ ਹਨ ਤਾਂ ਜਵਾਬ ਠੀਕ ਆ ਜਾਂਦਾ ਪਰ ਇਨ੍ਹਾਂ ਨੇ 15 ਦਿਨਾਂ ਦਾ ਟਾਈਮ ਮੁਕਰਰ ਕਰ ਦਿੱਤਾ। ਫਿਰ ਵੀ ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ 3 ਮੁਕੱਦਮੇ ਦਰਜ ਹੋਏ ਸਨ :

ਪਹਿਲਾ ਮੁਕਦਮਾ ਨੰ: 355 ਮਿਤੀ 14 ਜੁਲਾਈ, 1980 ਅਧੀਨ ਧਾਰਾ 307/374 ।

ਦੂਜਾ ਮੁਕਦਮਾ ਨੰ: 356 ਮਿਤੀ 14 ਜੁਲਾਈ, 1980 ਅਧੀਨ ਧਾਰਾ 25/54/59

ਤੀਜਾ ਮੁਕਦਮਾ ਨੰ: 357 ਮਿਤੀ 14 ਜੁਲਾਈ, 1980 ਅੰਡਰ ਅਫੀਮ ਐਕਟ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਸੀ.ਐਮ. ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਇਨ੍ਹਾਂ ਦੇ ਕਦੋਂ ਤਕ ਚਾਲਾਨ ਕਰ ਦਿੱਤੇ ਜਾਣਗੇ ? ਇਸ ਵਿਚ ਮੁਲਜ਼ਮ ਕੌਣ ਕੌਣ ਹਨ ਅਤੇ ਉਨ੍ਹਾਂ ਦੇ ਨਾਂ ਕੀ ਹਨ ? ਕੀ ਉਹ ਪਹਿਲੀ ਵਾਰ ਫੜੇ ਗਏ ਹਨ ਜਾਂ ਅੱਗੇ ਵੀ ਇਨ੍ਹਾਂ ਕੇਸਾਂ ਵਿਚ ਫੜੇ ਗਏ ਸਨ ਅੱਰ ਜੇ ਅੱਗੇ ਵੀ ਫੜੇ ਸਨ ਤਾਂ ਕੀ ਉਨ੍ਹਾਂ ਨੂੰ ਸਖਤੀ ਨਾਲ ਠੀਕ ਕਰਨਗੇ ?

ਮੁੱਖ ਮੰਤਰੀ : ਮੈਂਬਰ ਸਾਹਿਬ ਬੜੇ ਪੁਰਾਣੇ ਪਾਰਲੀਮੈਂਟੇਰੀਅਨ ਹਨ। ਇਨ੍ਹਾਂ ਨੂੰ ਪਤਾ ਹੈ ਕਿ ਜਿਹੜੇ ਹੈਬਚਿਉਲ ਓਫੈਂਡਰਜ਼ ਹੁੰਦੇ ਹਨ ਉਨ੍ਹਾਂ ਦੇ ਖਿਲਾਫ਼ ਜ਼ਿਆਦਾ ਕੇਸ ਬਣਦਾ ਹੈ।

Starred Question No. 74

Mr. Speaker : Extension has been asked for in respect of Starred Question No. 74.

Darbara Singh,
Chief Minister, Punjab

D.O. No. 2288/2-PSB-2

Chief Minister,
Chandigarh.
21st July, 1980

Dear Mehra Ji,

The answer to Starred Punjab Vidhan Sabha Question No. 74 appearing in the list of Questions for 22-7-1980 in the name of Master Babu Singh, M.L.A., is not ready. The requisite information is being collected from the quarters conserned. I am, therefore, to request you to extend the time for answering the Question, under Proviso (ii) to Rule 34 of Rules of Procedure and Conduct of Business in the Punjab Vidhan Sabha.

Yours sincerely,

(Sd.)

(DARBARA SINGH).

Shri Brij Bhushan Mehra,
Speaker,
Punjab Vidhan Sabha,
Chandigarh.

Original with;
Punjab Vidhan Sabha
Digitized by;
Panjab Digital Library

Link roads sanctioned for construction in Khadur Sahib Assembly Constituency of District Amritsar

***137. Sardar Lakha Singh :** Will the Chief Minister be pleased to state:—

(a) the datails of link roads which were sanctioned for construction during the years 1977, 1978, 1979 and 1980 in Khadur Sahib Assembly Constituency of District Amritsar ;

(b) the number of link roads out of those mentioned in part (a) above in which construction work has since been completed and the time by which the remaining link roads are likely to be completed?

ਸਰਦਾਰ ਦਰਬਾਰਾ ਸਿੰਘ : (ੳ) 1977-78, 1978-79 ਅਤੇ 1979-80 ਵਿਚ ਪਰਵਾਨ ਕੀਤੀਆਂ ਸੜਕਾਂ ਦੀ ਸੂਚੀ ਸਦਨ ਦੇ ਮੇਜ਼ ਤੇ ਰਖੀ ਜਾਂਦੀ ਹੈ।

(ਅ) ਅਨੈਕਸਚਰ 'ਏ' ਵਿਚ ਦਿਤੀਆਂ ਸੜਕਾਂ ਵਿਚ ਅਜੇ ਤੱਕ ਕਿਸੇ ਭੀ ਸੜਕ ਤੇ ਕੰਮ ਮੁਕੰਮਲ ਨਹੀਂ ਹੋਇਆ ਅਤੇ ਇਨ੍ਹਾਂ ਸੜਕਾਂ ਦੇ ਛੇਵੀ ਯੋਜਨਾ ਦੇ ਅੰਤ ਤਕ ਮੁਕੰਮਲ ਹੋ ਜਾਣ ਦੀ ਆਸ ਹੈ।

ANNEXURE 'A'

List of sanctioned roads

Serial No.	Name of the road
	1977-78
1	Kang to New Kang
2	Fathebad to Rehal Chahal
3	Kot Mehmood Khan to Sheron Dhotian
4	Sarai Talwandi to Dillanwala
5	Pindian to Khadoor Sahib Goindwal road
6	Khojkipur to Lidder Jallalabad
7	Dehra Sahib to Lohar
8	App. Road Ghagge
9	Mianwind to Fatehpur
	1978-79
10	Fathebad Chole Sahib to Khem Chhabri
11	Bhalapur Bhalojala road to village Anaitpura
12	Nagoke Khilchian road to Gill-Kaler
13	Fathebad to Manakdeka

Original with;
Punjab Vidhan Sabha
Digitized by;
Panjab Digital Library

Serial No.	Name of the road
14	Nagoke Khadoor Sahib to village Killian
15	Jandiala Varowal road to Sansara
16	Kang Ghasitpur-Sangher to village Bamnian
17	Sheron Dhotian-Jama Rai to Chamoa Khurd
18	Fathebad to Chak Mehar
19	Sangher to Mallah
20	Rayya Lidder Jallalabad to Saidpur
21	Nagoke Khilchian Road to Uppal
22	Khadoor Sahib-Verowal road to Chak Alimpur

1979-80

Nil.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਤੇ ਕੰਮ ਮੁਕੰਮਲ ਨਹੀਂ ਹੋਇਆ ਉਸ ਦਾ ਰੀਜ਼ਨ ਇਹ ਹੈ ਕਿ ਜਿਹੜੇ ਫੰਡਜ਼ ਮਾਰਕਿਟਿੰਗ ਦੇ ਹੁੰਦੇ ਸਨ ਉਹ ਸੁਪਰੀਮ ਕੋਰਟ ਨੇ ਬੰਦ ਕਰ ਦਿੱਤੇ ਹਨ। ਇਸ ਲਈ ਕੀ ਗੌਰਮਿੰਟ ਆਪਣੇ ਵਲੋਂ ਫੰਡਜ਼ ਦੇ ਕੇ ਇਨ੍ਹਾਂ ਸੜਕਾਂ ਦਾ ਕੰਮ ਮੁਕੰਮਲ ਕਰਵਾਏਗੀ ?

ਮੁੱਖ ਮੰਤਰੀ : ਅਰਜ਼ ਇਹ ਹੈ ਕਿ ਮੈਂਬਰਜ਼ ਸਾਹਿਬਾਨ ਸਾਡੇ ਨਾਲ ਕੋਆਪ੍ਰੇਟ ਕਰਨ ਤਾਂਕਿ ਅਸੀਂ ਇਹ ਰੁਪਿਆ ਰਿਲੀਜ਼ ਕਰਵਾ ਲਈਏ। ਇਹ ਇਨ੍ਹਾਂ ਨੂੰ ਪਤਾ ਹੈ ਕਿ ਇਤਨੇ ਫੰਡਜ਼ ਅਵੇਲੇਬਲ ਨਹੀਂ ਹਨ ਕਿ ਸਾਰੀਆਂ ਸੜਕਾਂ ਕੰਪਲੀਟ ਕਰ ਦਿੱਤੀਆਂ ਜ਼ਾਣ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਜ਼ੀਰਾ ਦੇ ਹਲਕੇ ਵਿਚ ਕਈ ਐਸੇ ਪਿੰਡ ਹਨ ਜਿਥੇ ਕਹਿਲੀ ਲਿੰਕ ਰੋਡਜ਼ ਵੀ ਨਹੀਂ ਬਣੀਆਂ। ਕੀ ਵਜ਼ੀਰ ਸਾਹਿਬ ਉਨ੍ਹਾਂ ਪਿੰਡਾਂ ਵਿਚ ਜਿਥੇ ਫਸਟ ਲਿੰਕ ਰੋਡਜ਼ ਨਹੀਂ ਬਣੀਆਂ ਉਨ੍ਹਾਂ ਇਲਾਕਿਆਂ ਨੂੰ ਪਹਿਲ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬਜਟ ਸਪੀਚ ਵਿਚ ਵੀ ਅਤੇ ਉਸ ਤੋਂ ਪਹਿਲਾਂ ਵੀ ਇਹ ਦੱਸਿਆ ਗਿਆ ਸੀ ਕਿ 154 ਜਾਂ 163 ਐਸੇ ਪਿੰਡ ਹਨ ਜਿਥੇ ਸੜਕਾਂ ਨਹੀਂ ਬਣੀਆਂ। ਉਥੇ ਸੜਕਾਂ ਬਣਾਉਣ ਲਈ ਅਸੀਂ ਵਚਨਬੱਧ ਹਾਂ।

ਸਰਦਾਰ ਲੱਖਾ ਸਿੰਘ : ਕੀ ਮੁੱਖ ਮੰਤਰੀ ਸਾਹਿਬ ਕ੍ਰਿਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਹਲਕੇ ਵਿਚ ਕਿਹੜੇ ਐਸੇ ਹਲਕੇ ਹਨ ਜਿਥੇ ਸੜਕਾਂ ਨਹੀਂ ਬਣੀਆਂ ਅਤੇ ਕੀ ਉਥੇ ਇਹ ਸੜਕਾਂ ਬਣਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਸਾਰੀਆਂ ਸੜਕਾਂ ਦਾ ਜ਼ਿਕਰ ਕੀਤਾ ਹੈ। ਕੋਈ ਖਾਸ ਸੜਕ ਦਾ ਜ਼ਿਕਰ ਕਰਨ ਤਾਂ ਉਸ ਬਾਰੇ ਮੈਂ ਦੱਸ ਸਕਦਾ ਹਾਂ।

Original with;
Punjab Vidhan Sabha
Digitized by;
Panjab Digital Library

Mr. Speaker : Next Question.

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਸਪਲੀਮੈਂਟਰੀ ਪੁੱਟ ਕਰਨ ਲਈ ਖੜੇ ਸਨ)

ਅਜੇ ਬਹੁਤ ਸਾਰੇ ਸਵਾਲ ਕਰਨ ਵਾਲੇ ਪਏ ਹਨ। (ਵਿਘਨ)

ਪੀ.ਸੀ.ਐਸ. ਪ੍ਰੀਖਿਆ ਵਿਚ ਮਾਧਿਅਮ ਵਜੋਂ ਪੰਜਾਬੀ

*142. **ਸਰਦਾਰ ਆਤਮਾ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਪੀ.ਸੀ.ਐਸ. ਪ੍ਰੀਖਿਆ ਦੇ ਪਰਚਿਆਂ ਵਿਚ ਸਵਾਲਾਂ ਦਾ ਉਤਰ ਦੇਣ ਲਈ ਪੰਜਾਬੀ ਨੂੰ ਮਾਧਿਅਮ ਵਜੋਂ ਅਪਨਾਉਣ ਲਈ ਸਰਕਾਰ ਤੋਂ ਆਗਿਆ ਮੰਗੀ ਸੀ; ਜੇਕਰ ਅਜਿਹਾ ਹੋਵੇ ਤਾਂ ਕਦੋਂ;

(ਅ) ਕੀ ਉਕਤ ਭਾਗ (ੳ) ਵਿਚ ਵਰਣਿਤ ਆਗਿਆ ਦਿੱਤੀ ਗਈ ਸੀ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ;

(ਏ) ਉਕਤ ਭਾਗ (ੳ) ਵਿਚ ਵਰਣਿਤ ਕਮਿਸ਼ਨ ਦੇ ਸੁਝਾਅ ਨੂੰ ਮੰਨਣ ਲਈ ਸਰਕਾਰ ਦੁਆਰਾ ਕੀਤੀ ਜਾ ਰਹੀ ਕਾਰਵਾਈ ਦਾ ਵੇਰਵਾ ਕੀ ਹੈ ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ, 1972 ਵਿਚ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਕੇਵਲ ਪੀ.ਸੀ.ਐਸ. ਪ੍ਰੀਖਿਆ ਹੀ ਨਹੀਂ ਬਲਕਿ ਕਮਿਸ਼ਨ ਵਲੋਂ ਲਏ ਜਾਣ ਵਾਲੇ ਸਾਰੇ ਮੁਕਾਬਲੇ ਦੇ ਇਮਤਿਹਾਨਾਂ ਵਿਚ ਭਾਸ਼ਾ ਦੇ ਪਰਚੇ ਨੂੰ ਛੱਡ ਕੇ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਮਾਧਿਅਮ ਵਿਚ ਪਰਚੇ ਕਰਨ ਦੀ ਖੁਲ੍ਹ ਦੇਣ ਬਾਰੇ ਸਰਕਾਰ ਨੂੰ ਲਿਖਿਆ ਸੀ।

(ਅ) ਨਹੀਂ ਜੀ। ਕਿਉਂ ਜੋ ਇਹ ਨੀਤੀ ਦਾ ਪ੍ਰਸ਼ਨ ਸੀ ਅਤੇ ਇਸ ਮਾਮਲੇ ਤੇ ਵਿਸਥਾਰ ਪੂਰਬਕ ਵਿਚਾਰ ਕਰਨ ਅਤੇ ਉਚ ਪੱਧਰ ਤੇ ਫੈਸਲਾ ਕਰਨ ਦੀ ਲੋੜ ਸੀ।

(ਏ) ਸੰਘ ਲੋਕ ਸੇਵਾ ਕਮਿਸ਼ਨ ਅਤੇ ਦੂਜੀਆਂ ਰਾਜ ਸਰਕਾਰਾਂ ਤੋਂ ਸਥਿਤੀ ਦਾ ਪਤਾ ਕਰਨ ਉਪਰੰਤ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਸਰਦਾਰ ਆਤਮਾ ਸਿੰਘ : ਮੁੱਖ ਮੰਤਰੀ ਸਾਹਿਬ ਨੇ ਫਰਮਾਇਆ ਹੈ ਕਿ 1972 ਵਿਚ ਪੰਜਾਬ ਸਰਕਾਰ ਵਲੋਂ ਪਬਲਿਕ ਸਰਵਿਸ ਕਮਿਸ਼ਨ ਨੂੰ ਲਿਖਿਆ ਗਿਆ ਸੀ ਕਿ ਜਿਹੜੇ ਮੁਕਾਬਲੇ ਦੇ ਇਮਤਿਹਾਨ ਹੁੰਦੇ ਹਨ ਉਨ੍ਹਾਂ ਵਿਚ ਅੰਗ੍ਰੇਜ਼ੀ ਦੇ ਨਾਲ ਨਾਲ ਪੰਜਾਬੀ ਵਿਚ ਵੀ ਪਰਚੇ ਦੇਣ ਦੀ ਖੁਲ੍ਹ ਦਿੱਤੀ ਜਾਵੇਗੀ ਪਰ 8 ਸਾਲ ਦਾ ਸਮਾਂ ਲੰਘ ਗਿਆ ਹੈ ਹੁਣ ਤਕ ਇਹ ਪ੍ਰਵਾਨਗੀ ਨਹੀਂ ਦਿੱਤੀ ਗਈ, ਇਸ ਦੇ ਕੀ ਕਾਰਨ ਹਨ ?

ਮੁੱਖ ਮੰਤਰੀ : ਕਾਰਨ ਤਾਂ ਤੁਹਾਨੂੰ ਵੀ ਪਤਾ ਹੋਣਾ ਹੈ। 1972 ਤੋਂ ਬਾਅਦ 2 ਸਰਕਾਰਾਂ ਆਈਆਂ ਹਨ, ਉਸ ਵਿਚ ਤੁਹਾਡੀ ਸਰਕਾਰ ਵੀ ਰਹੀ ਹੈ। ਤੁਹਾਨੂੰ ਪਤਾ ਹੋਣਾ ਹੈ ਕਿ ਇਹ ਕਿਉਂ ਨਹੀਂ ਹੋਇਆ, ਇਸ ਨੂੰ ਤੁਸੀਂ ਕਿਉਂ ਅਵਾਇਡ ਕੀਤਾ ਸੀ ?

ਸਰਦਾਰ ਆਤਮਾ ਸਿੰਘ : ਮੁੱਖ ਮੰਤਰੀ ਸਾਹਿਬ ਨੇ ਫਰਮਾਇਆ ਹੈ ਕਿ ਉਚ ਪੱਧਰ ਤੇ ਵਿਚਾਰ ਕਰਕੇ ਫੈਸਲਾ ਕਰਨਾ ਹੈ। ਕੀ ਇਹ ਦਸਣਗੇ ਕਿ ਇਹ ਉਚ ਪੱਧਰ ਮੰਤਰੀ ਮੰਡਲ ਹੈ ਜਾਂ ਇਸ ਤੋਂ ਕੋਈ ਹੋਰ ਉਚ ਪੱਧਰ ਹੈ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਮੰਤਰੀ ਮੰਡਲ ਹੀ ਉਚ ਪੱਧਰ ਹੁੰਦਾ ਹੈ ਬਾਕੀ ਜੇ ਕੋਈ ਹੋਰ ਹੁੰਦਾ ਹੈ ਤਾਂ ਇਹ ਦੱਸ ਦੇਣ । ਅਸੀਂ ਉਹ ਵੀ ਵਿਚਾਰ ਲਵਾਂਗੇ ।

ਸਰਦਾਰ ਆਤਮਾ ਸਿੰਘ : ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਹ ਉੱਚ ਪੱਧਰੀ ਮੰਤਰੀ ਮੰਡਲ ਤੇ ਫੈਸਲਾ ਕਰ ਕੇ ਇਹ ਖੁਲ੍ਹ ਜਲਦੀ ਤੋਂ ਜਲਦੀ ਦੇਣ ਦਾ ਪ੍ਰਬੰਧ ਕਰਨਗੇ ?

ਮੁੱਖ ਮੰਤਰੀ : ਸਾਨੂੰ ਇਹ ਕਾਹਲੀ ਕਰਨ ਲਈ ਕਹਿੰਦੇ ਹਨ ਪਰ ਆਪ 3 ਸਾਲਾਂ ਵਿਚ ਕੁਝ ਨਹੀਂ ਕਰ ਸਕੇ । ਮੈਂ ਇਨ੍ਹਾਂ ਤੇ ਕੋਈ ਵਿਅਕਤੀਗਤ ਅਟੈਕ ਨਹੀਂ ਕਰਨਾ ਚਾਹੁੰਦਾ ਪਰ ਇਹ ਦਸਾਂਗਾ ਕਿ ਇਸ ਨੂੰ ਇਨ੍ਹਾਂ ਦੇ ਵੇਲੇ ਅਵਾਇਡ ਕੀਤਾ ਗਿਆ । ਅਸੀਂ ਤਾਂ ਕਿਸੇ ਵੇਲੇ ਬੈਠ ਕੇ ਫੈਸਲਾ ਕਰ ਲਵਾਂਗੇ ਔਰ ਲੋੜ ਪਈ ਤਾਂ ਤੁਹਾਡੇ ਕੋਲੋਂ ਵਾਕਫੀਅਤ ਵੀ ਲਵਾਂਗੇ ।

Enquiry into the complaint received from the members of the Cooperative Society Panjgarain of Tehsil Samrala District Ludhiana.

*138. **Sardar Lakha Singh:** Will the Chief Minister be pleased to state:—

(a) whether Government received complaints from some of the members of the Cooperative Society, Panjgarain of Tehsil, Samrala district Ludhiana during the recent President's Rule against some other members/officials of the Society regarding corruption/embezzlements if so, the details thereof ;

(b) whether any enquiry was held on the said complaint; if so, by whom, the findings of the enquiry report; and the action taken thereon ?

Sardar Darbara Singh : (a Part (i) Yes.

Part (ii) The information is placed on the Table of the House.

(b) Part (i) Yes.

Part (ii) By Shri Om parkash Sharma, Inspector Enforcement.

Part (iii) The information is placed on the Table of the House.

ANNEXURE 'A'

Details of the complaint made by Shri Prem Singh, Manager of the Panjgrain Co-operative Agricultural Service Society, Tehsil Samrala, district Ludhiana

Allegations	Findings/Action taken by the Department
1. That Shri Mansa Singh was defaulter but he was elcted as Vice-President of the Society.	Shri Prem Singh, complainant has filed an election petition. Therefore, the matter is subjudice and no action is called for.

Original with;
Punjab Vidhan Sabha
Digitized by;
Panjab Digitized by

[Chief Minister]

Allegation	Findings/Action iaken by the Department
2. That Shri Mansa Singh has drawn loans in the names of the bogus members	Awards have been obtained against the defaulter for the embezzled amount.
3. That Shri Mohan Singh, President, threatens the members that those members do not sell the produce on the artiha shop of his son would not be given loans from the Society.	It is a fact that a son of Shri Mohan Singh runs an artiha shop at the focal point but the allegations of refusal of loan to the members on this account has not been found to be correct. In view of this no action is called for.
4. That the nephew of Shri Mansa Singh is working as salesman in the Society.	It has not been found to be correct.
5. That Shri Amarjit Singh son of Shri Gurmail Singh, member Committee is working as salesman of the Society.	No action is called for as Shri Amarjit Singh has since resigned from the service of the Society.
6. That Shri Parkash Singh, committee member has been coming as member for the last more than six years.	Assistant Registrar, Cooperative Societies, Samrala has been advised to take necessary steps to remove him from the Managing Committe under the law.

Shri Gopal Krishan Chatrath: In reply to first allegation it is stated in the reply :—

"Shri Prem Singh, complainant has filed an election petition. Therefore, the matter is subjudice and no action is called for".

ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਓਫੈਂਡਰ ਪਾਇਆ ਗਿਆ ਹੈ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਮੈਂਬਰ ਸਾਹਿਬ ਦੇ ਸਵਾਲ ਦੀ ਸਮਝ ਨਹੀਂ ਲਗੀ ਕਿ ਕੀ ਉਹ ਡੀਫਾਲਟਰ ਬਾਰੇ ਪੁੱਛ ਰਹੇ ਹਨ ?

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਕ ਐਲੀਗੇਸ਼ਨ ਸੀ ਕਿ ਫਲਾਣੀ ਸੁਸਾਇਟੀ ਦਾ ਫਲਾਣਾ ਬੰਦਾ ਡਿਫਾਲਟਰ ਸੀ, ਉਹ ਵਾਈਸ ਪ੍ਰੈਜ਼ੀਡੈਂਟ ਵੀ ਚੁਣਿਆ ਗਿਆ ਸੀ । ਕੀ ਉਸ ਡਿਫਾਲਟਰ ਦਾ ਕੇਸ ਸਬਜੁਡਿਸ ਹੈ ? (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਸ਼੍ਰੀ ਮਨਸ਼ਾ ਸਿੰਘ ਡੀਫਾਲਟਰ ਸੀ ਅਤੇ ਉਸ ਨੇ ਸੁਸਾਇਟੀ ਦਾ ਪੈਸਾ ਦੇਣਾ ਹੈ ਜਾਂ ਨਹੀਂ ?

ਮੁੱਖ ਮੰਤਰੀ : ਸ਼੍ਰੀ ਮਨਸ਼ਾ ਸਿੰਘ ਤੇ ਬੋਗਸ ਮੈਂਬਰਾਂ ਦੇ ਨਾਂ ਤੇ ਕਰਜ਼ਾ ਲੈਣ ਦਾ ਐਲੀਗੇਸ਼ਨ ਸੀ । ਸਵਾਲ ਇਹ ਹੈ ਕਿ ਹੁਣ ਇਹ ਕੇਸ ਕੋਰਟ ਵਿਚ ਚਲਿਆ ਗਿਆ ਹੈ ਅਤੇ ਇਹ ਕੇਸ ਸਬਜੁਡਿਸ ਹੋ ਗਿਆ ਹੈ । ਅਗਰ ਮੈਂ ਇਸ ਸਟੇਜ ਤੇ ਸਾਰਾ ਵਾਕਿਆ ਦਸਾਂ ਤਾਂ it can go against the case ਜਿਹੜਾ ਕਿ ਕੇਸ ਕੋਰਟ ਵਿਚ ਚਲ ਰਿਹਾ ਹੈ ।

Mr. Speaker Question Hour is over now.

Original with;
Punjab Vidhan Sabha
Digitised by;
Panjab Digital Library

POINTS OF ORDER RE. ADJOURNMENT MOTION

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ) (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਸਾਰੇ ਮਾਨਯੋਗ ਮੈਂਬਰ ਬੈਠ ਜਾਓ। ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਬੋਲੋ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਇੱਕ ਐਡਜਰਨਮੈਂਟ ਮੋਸ਼ਨ ਨੰ: 20 ਦਿਤੀ ਸੀ ਕਿ ਪੰਜਾਬ ਵਿਚ ਇਨੋਸੈਂਟ ਲੋਕਾਂ ਨੂੰ ਹਰਾਸ ਕੀਤਾ ਜਾ ਰਿਹਾ ਹੈ। (ਵਿਘਨ) ਮੈਂ ਆਪਣੀ ਕੰਸਟੀਚਿਊਐਂਸੀ ਵਿਚ ਗਿਆ ਸੀ ਅਤੇ ਬਹੁਤ ਸਾਰੇ ਇਕਠੇ ਹੋਏ ਲੋਕਾਂ ਨੇ ਮੈਨੂੰ ਵੈਲਕਮ ਕੀਤਾ ਅਤੇ ਦੱਸਿਆ ਕਿ ਸਮਗਲਰ ਤਾਂ ਅੰਡਰ ਗਰਾਊਂਡ ਹੋ ਗਏ ਹਨ ਅਤੇ ਕਾਬੂ ਨਹੀਂ ਆ ਰਹੇ। ਸਪੀਕਰ ਸਾਹਿਬ, ਐਂਟੀ ਸੋਸ਼ਲ ਐਲੀਮੈਂਟ ਜਿਹੜਾ ਹੈ ਉਸ ਨੂੰ ਉਪਰੋਂ ਪੁਲਿਸ ਵਾਲੇ ਪ੍ਰੋਟੈਕਸ਼ਨ ਦੇ ਰਹੇ ਹਨ। (ਵਿਘਨ) (ਸ਼ੋਰ) ਜ਼ਿਲ੍ਹਿਆ ਵਿਚ ਬਹੁਤ ਸਾਰੀਆਂ ਥਾਵਾਂ ਤੇ ਉਹ ਫੜੇ ਨਹੀਂ ਜਾ ਰਹੇ। ਸਪੀਕਰ ਸਾਹਿਬ, ਪੁਲਿਟੀਕਲ ਕਨਾਇਵੈਂਸ ਦੇ ਨਾਲ ਉਹ ਫੜੇ ਨਹੀਂ ਜਾ ਰਹੇ ਹਨ ਔਰ ਪੁਲਿਸ ਉਨ੍ਹਾਂ ਨੂੰ ਸ਼ੈਲਟਰ ਦੇ ਰਹੀ ਹੈ। (ਵਿਘਨ) ਪਰ, ਸਪੀਕਰ ਸਾਹਿਬ, ਜਿਹੜੇ ਇਨੋਸੈਂਟ ਬੰਦੇ ਹਨ, ਉਨ੍ਹਾਂ ਨੂੰ ਫੜਿਆ ਜਾ ਰਿਹਾ ਹੈ। ਇੱਕ ਦਿਆਲ ਸਿੰਘ ਸਰਪੰਚ ਹੈ। ਉਸ ਨੂੰ ਪੁਲਿਸ ਨੇ ਫੜ ਕੇ 15 ਦਿਨ ਅੰਮ੍ਰਿਤਸਰ ਥਾਣੇ ਵਿਚ ਰਖਿਆ ਅਤੇ ਉਸ ਨੂੰ ਮਾਰਿਆ ਕੁਟਿਆ ਗਿਆ। ਉਸ ਦੀ ਘੜੀ, ਬਾਈਸਾਈਕਲ ਅਤੇ ਰੁਪਏ ਖੋਹ ਲਏ ਗਏ। ਇਹ ਸਭ ਕੁਝ ਥਾਣੇ ਵਾਲਿਆਂ ਨੇ ਕੀਤਾ ਹੈ। ਸਪੀਕਰ ਸਾਹਿਬ, ਬਲੈਕ ਮਾਰਕੀਟੀਏ ਨੂੰ ਫੜੋ ਅਸੀਂ ਗੌਰਮਿੰਟ ਦੀ ਸਪੋਰਟ ਕਰਾਂਗੇ, ਸਮਗਲਰਾਂ ਨੂੰ ਫੜੋ ਅਸੀਂ ਤੁਹਾਡਾ ਸਾਥ ਦੇਵਾਂਗੇ। ਅੱਜ ਥਾਨਿਆਂ ਵਿਚ ਇਨਐਫੀਸ਼ੈਂਸੀ ਅਤੇ ਸਲੈਕਨੈਸ ਹੈ। ਚਾਰ ਪੰਜ ਐਸ. ਐਚ. ਓਜ਼ ਦੇ ਬਾਰੇ ਉਨ੍ਹਾਂ ਦੀ ਕੇਅਰਲੈਸਨੈਸ ਦਾ ਅਤੇ ਇਨਐਫੀਸ਼ੈਂਸੀ ਦਾ ਜ਼ਿਕਰ ਇਥੇ ਪਹਿਲਾਂ ਵੀ ਹੋ ਚੁਕਾ ਹੈ।

ਸ਼੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਮੇਰੇ ਚੈਂਬਰ ਵਿਚ ਆ ਜਾਓ, ਗੱਲ ਕਰ ਲਵਾਂਗੇ। ਮੈਂ ਤੁਹਾਡੀ ਐਡਜਰਨਮੈਂਟ ਮੋਸ਼ਨ ਡਿਸਅਲਾਓ ਕੀਤੀ ਹੈ .....
(ਵਿਘਨ)

ਕਾਮਰੇਡ ਰਾਜ ਕੁਮਾਰ : ਜਿਹੜਾ ਤੁਹਾਡਾ ਜਵਾਬ ਮੇਰੀ ਐਡਜਰਨਮੈਂਟ ਮੋਸ਼ਨ ਤੇ ਆਇਆ ਹੈ, ਉਸ ਵਿਚ, ਸਪੀਕਰ ਸਾਹਿਬ, ਤੁਸੀਂ ਲਿਖਿਆ ਹੈ—

This matter could have been raised when specific demand relating to Police and Appropriation Bill were under discussion.

(ਇਸ ਵੇਲੇ ਮਾਨਯੋਗ ਮੈਂਬਰ ਪ੍ਰੋਫੈਸਰ ਬਲਵੰਤ ਸਿੰਘ ਅਤੇ ਕਾਮਰੇਡ ਸਰਵਣ ਸਿੰਘ ਚੀਮਾ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ ਅਤੇ ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਪ੍ਰੋਫੈਸਰ ਬਲਵੰਤ ਸਿੰਘ ਅਤੇ ਕਾਮਰੇਡ ਸਰਵਣ ਸਿੰਘ ਚੀਮਾ ਜੀ, ਬੈਠ ਜਾਓ।

ਸਰਦਾਰ ਪ੍ਰੇਮ ਸਿੰਘ ਲਾਲ ਪੁਰਾ : ** ** **

** Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : Sardar Prem Singh Lalpura, you have not been allowed to speak. (*Interruption*) Whatever the hon. Member has said without the permission of the Chair will not form part of the proceedings.

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਕਈਆਂ ਨੇ ਦੁਖ ਅਤੇ ਤਕਲੀਫਾਂ ਝੱਲੀਆਂ। ਹਜ਼ਾਰਾਂ ਬੰਦਿਆਂ ਨੇ ਕੁਰਬਾਨੀਆਂ ਦਿਤੀਆਂ ਹਨ। ਇਹ ਕਹਿੰਦੇ ਸਨ ਕਿ ਪੰਜਾਬੀ ਸੂਬਾ ਸਾਡੀਆਂ ਲਾਸ਼ਾਂ ਤੇ ਬਣੇਗਾ। (ਵਿਘਨ) (ਸ਼ੋਰ)

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਬਾਮਰੇਡ ਹਰਕਿਸ਼ਨ ਸਿੰਘ ਭੱਠਲ ਜਿਨ੍ਹਾਂ ਦਾ ਦਿਹਾਂਤ ਹੋ ਚੁਕਾ ਹੈ ਦੇਸ਼ ਦੀ ਆਜ਼ਾਦੀ ਲਈ 9 ਸਾਲ ਜੇਲ੍ਹਾਂ ਵਿਚ ਰਹੇ ਅਤੇ ਜਿਨ੍ਹਾਂ ਨੇ ਦੇਸ਼ ਲਈ ਮਹਾਨ ਸੇਵਾ ਕੀਤੀ, ਅੱਜ ਤੁਸੀਂ ਉਸ ਨੂੰ ਭੁਲ ਬੈਠੇ ਹੋ ? ਇਸ ਹਾਊਸ ਨੂੰ ਐਡਜਰਨ ਕੀਤਾ ਜਾਣਾ ਚਾਹੀਦਾ ਸੀ। ਜਿਸ ਤਰ੍ਹਾਂ ਸੰਜੇ ਗਾਂਧੀ ਦੀ ਮੌਤ ਤੇ ਅਫਸੋਸ ਪਰਗਟ ਕੀਤਾਗਿਆ ਸੀ ਅਤੇ ਮੈਨੂੰ ਵੀ ਸੰਜੇ ਗਾਂਧੀ ਦੀ ਮੌਤ ਦਾ ਅਫਸੋਸ ਸੀ ਪਰ ਭੱਠਲ ਜੀ ਨੇ ਵੀ ਦੇਸ਼ ਲਈ ਕੁਰਬਾਨੀਆਂ ਕੀਤੀਆਂ ਸਨ, ਇਸ ਬਾਰੇ ਮੈਂ ਕੱਲ ਮੁੱਖ ਮੰਤਰੀ ਜੀ ਨਾਲ ਗੱਲ ਵੀ ਕੀਤੀ ਸੀ ਅਤੇ ਉਨ੍ਹਾਂ ਨੇ ਯੋਸ ਕੀਤੀ ਸੀ। ਅੱਜ ਉਹ ਪੰਜਾਬ ਵਿਚੋਂ ਚਲੇ ਗਏ ਹਨ, ਸਾਨੂੰ ਸ਼ਰਧਾਂਜਲੀ ਭੇਂਟ ਕਰਨ ਵਾਸਤੇ ਸਮਾਂ ਦੇਣਾ ਚਾਹੀਦਾ ਸੀ। ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੂੰ ਇਹ ਸ਼ੋਕ ਦਾ ਮਤਾ ਪੇਸ਼ ਕਰਨਾ ਚਾਹੀਦਾ ਸੀ। ਮੈਂ ਉਮੀਦ ਕਰਦਾ ਹਾਂ ਕਿ ਹੁਣ ਤੁਸੀਂ ਇਸ ਉੱਤੇ ਵਿਚਾਰ ਕਰੋਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ** ** **

(ਵਿਘਨ)

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਮਾਨਯੋਗ ਮੈਂਬਰਾਂ ਨੂੰ ਬੜਾ ਸਮਾਂ ਸੀ ਕਿ ਉਹ ਇਸ ਚੀਜ਼ ਦੇ ਮੁਤਅੱਲਕ, ਸਰਕਾਰ ਦੀ ਇਸ ਪਾਲਿਸੀ ਉਤੇ ਆਪਣੇ ਖਿਆਲਾਂ ਦਾ ਇਜ਼ਹਾਰ ਕਰਦੇ। ਗਵਰਨਰ ਐਡਰਸ ਆਇਆ, ਬਜਟ ਆਇਆ, ਉਸ ਵੇਲੇ ਇਹ ਗਲਾਂ ਕਹੀਆਂ ਜਾ ਸਕਦੀਆਂ ਸਨ। ਇਹ ਐਡਜਰਨਮੈਂਟ ਮੋਸ਼ਨ ਕਿਉਂਕਿ ਟਾਈਮ ਸਿਰ ਨਹੀਂ ਸੀ ਆਈ, ਇਸ ਲਈ ਮੈਂ ਉਹ ਡਿਸ ਅਲਾਓ ਕਰ ਚੁੱਕਾ ਹਾਂ।
(ਸਰਦਾਰ ਬਲਵਿੰਦਰ ਸਿੰਘ ਭੂੰਦੜ ਵਲੋਂ ਵਿਘਨ)

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।
ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ)

(ਇਸ ਵੇਲੇ ਮਾਨਯੋਗ ਮੈਂਬਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਵਲੋਂ ਪੁਆਇੰਟ ਆਫ ਆਰਡਰ ਦੀ ਮੰਗ ਕੀਤੀ ਜਾ ਰਹੀ ਸੀ)।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਸਰਦਾਰ ਬੇਅੰਤ ਸਿੰਘ ਜੀ, ਤੁਸੀਂ ਬੋਲੋ ।

ਮਾਲ ਮੰਤਰੀ : ਕਿਉਂਕਿ ਸਪੀਕਰ ਸਾਹਿਬ ਨੇ ਮੈਨੂੰ ਕਾਲ ਅਪਾਨ ਕੀਤਾ ਹੈ, ਇਸ ਲਈ ਮੈਂ ਬੋਲਾਂਗਾ । (ਬਾਮਰੇਡ ਸਰਵਣ ਸਿੰਘ ਚੀਮਾ ਵਲੋਂ (ਵਿਘਨ)

ਸ਼੍ਰੀ ਸਪੀਕਰ : ਜੋ ਕੁਝ ਮੇਰੀ ਇਜਾਜਤ ਤੋਂ ਬਗੈਰ ਕਿਹਾ ਜਾਏ, ਉਹ ਐਕਸਪੰਜ ਕੀਤਾ ਜਾਏ ।

ਮਾਲ ਮੰਤਰੀ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਹਿਲਾਂ ਇਕ ਹੋਰ ਮਸਲਾ ਸ਼ੁਰੂ ਹੋ ਗਿਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਵੇਰੀਅਸ ਗਰੁੱਪਸ ਦੇ ਲੀਡਰਜ਼ ਨੂੰ ਔਰ ਲੀਡਰ ਆਫ ਦੀ ਆਪੋਜ਼ੀਸ਼ਨ, ਜਿਨ੍ਹਾਂ ਦਾ ਮੈਂ ਬੜਾ ਇਹਤਰਾਮ ਕਰਦਾ ਹਾਂ, ਇਨ੍ਹਾਂ ਨੂੰ ਸਮਝਾ ਦਿਓ ਕਿ ਹਾਊਸ ਇਕ ਪਵਿੱਤਰ ਸਥਾਨ ਹੈ ਔਰ ਉਹ ਹਾਊਸ ਵਿਚ ਇਸ ਤਰ੍ਹਾਂ ਨਾ ਲੜਿਆ ਕਰਨ। ਇਹ ਬੜੀ ਬੁਰੀ ਗਲ ਲਗਦੀ ਹੈ । ਮੈਂ ਤੁਹਾਡੀ ਮਾਰਫਤ ਅਰਜ਼ ਕਰਨੀ ਚਾਹੁੰਦਾ ਹਾਂ (ਵਿਘਨ) ਕਿ ਹਾਊਸ ਚਲਾਉਣ ਵਾਸਤੇ ਰੂਲਜ਼ ਬਣੇ ਹੋਏ ਹਨ, ਉਨ੍ਹਾਂ ਰੂਲਜ਼ ਅਨੁਸਾਰ ਹੀ ਸਾਰਾ ਕੰਮ ਕਾਜ ਚਲਦਾ ਹੈ (ਵਿਘਨ) ਇਸ ਸਬੰਧੀ ਮੈਂ ਰੂਲ ਨੰ: 62 ਪੜ੍ਹ ਦਿੰਦਾ ਹਾਂ । (ਵਿਘਨ) ਤੁਸੀਂ ਠੀਕ ਫਰਮਾ ਰਹੇ ਹੋ, ਸਾਨੂੰ ਇਸ ਰੂਲ ਦੇ ਮੁਤਾਬਿਕ ਚਲਣਾ ਚਾਹੀਦਾ ਹੈ । ਜਦੋਂ ਕਿਸੇ ਮਾਮਲੇ ਤੇ ਰੂਲਿੰਗ ਦੇ ਦਿੱਤੀ ਜਾਏ ਤਾਂ ਇਸ ਬਾਰੇ ਰੂਲ ਨੰ: 62 ਕਹਿੰਦਾ ਹੈ—

"The Member shall have no right to speak on the circumstances of his motion unless permitted to do by the Speaker."

ਜਦੋਂ ਤੁਸੀਂ ਰੂਲਿੰਗ ਦੇ ਦਿੰਦੇ ਹੋ ਔਰ ਤੁਸੀਂ ਕਹਿੰਦੇ ਰਹਿੰਦੇ ਹੋ ਕਿ ਨਹੀਂ ਬੋਲਣਾ ਪਰ ਫਿਰ ਵੀ ਇਹ (ਵਿਰੋਧੀ ਪਾਰਟੀ ਵਲ ਇਸ਼ਾਰਾ) ਬੋਲਦੇ ਰਹਿੰਦੇ ਹਨ । ਇਥੇ ਬੜੀ ਭਾਰੀ ਪੁਲਿਟੀਕਲ ਅਟਾਨੌਮੀ ਉਤੇ ਬਹਿਸ ਹੋਈ ਹੈ। ਲਾਲਪੁਰਾ ਜੀ ਨੇ ਜ਼ੋਰਦਾਰ ਸ਼ਬਦਾਂ ਵਿਚ ਬਹਿਸ ਕਰ ਲਈ ਕਿ ਸਾਨੂੰ ਇਹ ਗਲ ਕਰਨੀ ਚਾਹੀਦੀ ਹੈ। ਕਮਿਊਨਲ ਬਣ ਕੇ ਕਮਿਊਨਲ ਮੰਗਾਂ ਮੰਗਦੇ ਰਹੇ ਹਨ। (ਵਿਘਨ)

ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਅਤੇ ਇਹ ਗਲ ਕਰ ਕੇ ਮੈਂ ਤੁਹਾਡੇ ਤੋਂ ਆਗਿਆ ਲਵਾਂਗਾ। ਕਤੀ ਪਰੈਸੀਡੈਂਟਸ ਹਨ, ਪਿਛਲੀ ਅਸੈਂਬਲੀ ਦੀ ਕਾਰਵਾਈ ਕਢਾ ਕੇ ਦੇਖ ਲਓ (ਵਿਘਨ) (ਸਰਦਾਰ ਸੁਰਜੀਤ ਸਿੰਘ ਬਰਨਾਲਾ ਵਲੋਂ ਵਿਘਨ) ਜੇ ਫਿਰਕਾਪ੍ਰਸਤੀ ਦੀ ਗਲ ਸੀ ਤਾਂ ਫਿਰ ਪੰਜਾਬੀ ਸੂਬਾ ਕਿਉਂ ਬਣਾਇਆ ? (ਵਿਘਨ) (ਵੈਦ ਕਰਤਾਰ ਸਿੰਘ ਵਲੋਂ ਵਿਘਨ)

(ਇਸ ਵੇਲੇ ਹਾਊਸ ਵਿਚ ਐਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ)

ਸ਼੍ਰੀ ਸਪੀਕਰ : ਜੋ ਕੁਝ ਮੇਰੀ ਆਗਿਆ ਤੋਂ ਬਗੈਰ ਕਿਹਾ ਜਾ ਰਿਹਾ ਹੈ, ਉਹ ਨੋਟ ਨਾ ਕੀਤਾ ਜਾਏ ।

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਆਖਰੀ ਇਕ ਗੱਲ ਕਹਿਣੀ ਚਾਹੁੰਦਾ ਹਾਂ ... .

ਸਰਦਾਰ ਸੁਰਜੀਤ ਸਿੰਘ ਬਰਨਾਲਾ : ਪੁਆਇੰਟ ਆਫ ਆਰਡਰ, ਸਰ । (ਵਿਘਨ)

ਸ਼੍ਰੀ ਸਪੀਕਰ : ਸਰਦਾਰ ਬੇਅੰਤ ਸਿੰਘ ਜੀ, ਤੁਸੀਂ ਖਤਮ ਕਰੋ ।

ਮਾਲ ਮੰਤਰੀ : ਸਪੀਕਰ ਸਾਹਿਬ, ਗੱਲ ਇਹ ਹੈ ਕਿ ਤੁਸੀਂ ਰੂਲਜ਼ ਕਢ ਕੇ ਦੇਖ ਲਵੋ, ਤੁਹਾਨੂੰ ਪਤਾ ਹੈ ਕਿ ਜ਼ੀਰੋ ਆਵਰ ਵਾਸਤੇ ਰੂਲਜ਼ ਵਿਚ ਕੋਈ ਪਰੋਵੀਜ਼ਨ ਨਹੀਂ ਹੈ । (ਵਿਘਨ)(ਸ਼ੋਰ) ਪਰ ਫਿਰ ਵੀ ਤੁਸੀਂ ਇਨ੍ਹਾਂ ਨੂੰ ਜ਼ੀਰੋ ਆਵਰ ਵਿਚ ਪੁਆਇੰਟ ਆਫ ਆਰਡਰ ਤੇ ਕਹਿਣ ਦੀ ਆਗਿਆ ਦੇ ਦਿੰਦੇ ਹੋ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਹ ਬੇਨਤੀ ਕਰਦਾ ਹਾਂ ਕਿ ਰੂਲਿੰਗ ਪਾਰਟੀ ਵਿਚੋਂ ਕੋਈ ਮੈਂਬਰ ਉਠੇ ਤਾਂ ਤੁਸੀਂ ਉਨ੍ਹਾਂ ਨੂੰ ਦਸ ਦਸ, ਪੰਦਰਾਂ ਪੰਦਰਾਂ ਮਿੰਟ ਸਪੀਚ ਕਥਨ ਦੀ ਆਗਿਆ ਦੇ ਦਿੰਦੇ ਹੋ ਪਰ ਜਦੋਂ ਕੋਈ ਮੈਂਬਰ ਸਾਡੇ ਵਲੋਂ ਉਠਦਾ ਹੈ ਤਾਂ ਤੁਸੀਂ ਉਸ ਨੂੰ ਦੋ ਮਿੰਟਾਂ ਬਾਦ ਬੰਦ ਕਰਵਾ ਦਿੰਦੇ ਹੋ । (ਵਿਘਨ) ਸਪੀਕਰ ਸਾਹਿਬ, ਤੁਸੀਂ ਹੁਕਮ ਕਰ ਦਿਓ ਅਸੀਂ ਸੈਸ਼ਨ ਵਿਚ ਨਹੀਂ ਆਉਂਦੇ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਸਰਦਾਰ ਪ੍ਰੇਮ ਸਿੰਘ ਲਾਲਪੁਰਾ ਵਲੋਂ ਐਡਜਰਨਮੈਂਟ ਮੋਸ਼ਨ ਆਈ ਸੀ ਪਰ ਤੁਸੀਂ ਉਸ ਨੂੰ ਰਿਜੈਕਟ ਕਰ ਦਿਤਾ ਇਹ ਕਹਿ ਕੇ ਕਿ ਤੁਹਾਨੂੰ ਪਹਿਲਾਂ ਬਜਟ ਤੇ ਐਂਪਲ ਅਪਰਚੂਨਿਟੀ ਮਿਲੀ ਸੀ ਤੁਸੀਂ ਉਸ ਵੇਲੇ ਗੱਲ ਕਰ ਸਕਦੇ ਸੀ । (ਵਿਘਨ) ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਹੁਣ ਤਾਂ ਐਪਰੋਪ੍ਰੀਏਸ਼ਨ ਬਿੱਲ ਵੀ ਪਾਸ ਹੋ ਚੁਕਾ ਹੈ ਅਤੇ ਹੁਣ ਕੋਈ ਮੌਕਾ ਨਹੀਂ ਹੈ ਜਿਸ ਤੇ ਅਸੀਂ ਆਪਣੀ ਗੱਲ ਕਹਿ ਸਕੀਏ । ਜੇ ਕੋਈ ਐਸੀ ਅਕਰੰਸ ਹੋ ਜਾਵੇ ਤਾਂ ਗੱਲ ਕਰਨੀ ਹੀ ਪੈਂਦੀ ਹੈ (ਵਿਘਨ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬੇ ਦੀ ਐਜੀਟੇਸ਼ਨ ਅਤੇ ਬੈਟਰਮੈਂਟ ਲੈਵੀ ਇਹ ਦੋ ਅਜਿਹੀਆਂ ਲੜਾਈਆਂ ਪੰਜਾਬ ਵਿਚ ਲੜੀਆਂ ਗਈਆਂ ਜਿਹੜੀਆਂ ਕਿ ਕਮਿਊਨਲ ਨਹੀਂ ਸਨ (ਵਿਘਨ) ਇਨ੍ਹਾਂ ਵਿਚ ਪੰਜਾਬੀ ਲੋਕਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ । ਇਸ ਚੀਜ਼ ਨੂੰ ਮੁਖ ਰਖਦੇ ਹੋਏ ਇਨ੍ਹਾਂ ਐਜੀਟੇਸਨਾਂ ਵਿਚ ਹਿਸਾ ਲੈਣ ਵਾਲਿਆਂ ਨੂੰ ਅਸੀਂ ਰਿਆਇਤਾਂ ਦਿਤੀਆਂ ਪਰ ਥੋੜ੍ਹੇ ਦਿਨ ਹੋਏ ਹਨ ਇਹ ਰਿਆਇਤਾਂ ਚੀਫ਼ ਮਨਿਸਟਰ ਨੇ ਵਿਦਡਰਾ ਕਰ ਲਈਆਂ ਹਨ (ਵਿਘਨ) । ਇਸ ਵਾਸਤੇ, ਸਪੀਕਰ ਸਾਹਿਬ, ਤੁਹਾਨੂੰ ਅਲਾਓ ਕਰਨਾ ਚਾਹੀਦਾ ਹੈ ਭਾਵੇਂ ਤੁਸੀਂ ਇਸ ਵਾਸਤੇ ਕੱਲ ਟਾਇਮ ਦੇ ਦਿਓ ਤਾਕਿ ਇਸ ਤੇ ਡਿਸਕਸ਼ਨ ਹੋ ਸਕੇ ਅਤੇ ਦੋਨੋਂ ਪਾਰਟੀਆਂ ਆਪਣੇ ਆਪਣੇ ਵਿਊਜ਼ ਦੇ ਸ਼ਕਣ।

ਸ਼੍ਰੀ ਸਪੀਕਰ : ਮੈਂ ਤਾਂ ਅਲਾਓ ਨਹੀਂ ਕਰਦਾ । (ਵਿਘਨ) (ਸ਼ੋਰ)

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ ਪਰ ਫਿਰ ਵੀ ਤੁਸੀਂ ਡਿਸਕਸ਼ਨ ਸ਼ੁਰੂ ਕਰਾ ਦਿਤੀ ਹੈ। (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਪਾਰਲੀਮੈਂਟਰੀ ਪਰੈਕਟਿਸ ਦੇ ਮੁਤਾਬਿਕ ਮਨਿਸਟਰ ਨੂੰ ਪੁਆਇੰਟ ਆਫ ਆਰਡਰ ਕਰਨ ਦਾ ਹੱਕ ਨਹੀਂ । (ਵਿਘਨ) ਮਨਿਸਟਰ ਉਦੋਂ ਖੜਾ ਹੁੰਦਾ ਹੈ ਜਦੋਂ ਨਿਹਾਇਤ ਮਜ਼ਬੂਰੀ ਹੋ ਜਾਵੇ ਨਹੀਂ ਤਾਂ ਮਨਿਸਟਰ ਪੁਆਇੰਟ ਆਫ ਆਰਡਰ ਰੇਜ਼ ਨਹੀਂ ਕਰਦਾ। (ਵਿਘਨ) ਪਰ ਇਥੇ ਹੁੰਦਾ ਕੀ ਹੈ ਕਿ ਮਨਿਸਟਰ 15-15 ਮਿੰਟ ਪੁਆਇੰਟ ਆਫ ਆਰਡਰ ਤੇ ਖੜੇ ਹੋ ਕੇ ਬੋਲਦੇ ਹਨ ਅਤੇ ਤੁਹਾਨੂੰ ਗਾਈਡ ਕਰਦੇ ਹਨ (ਵਿਘਨ) ਸਪੀਕਰ ਸਾਹਿਬ, ਐਡਜਰਨਮੈਂਟ ਮੋਸ਼ਨ ਦੇ ਬਾਰੇ ਰੂਲ 61 ਵੀ ਹੈ । (ਵਿਘਨ) ਮਨਿਸਟਰ ਸਾਹਿਬ ਨੇ ਰੂਲ 62 ਕੋਟ ਕਰਦੇ ਹੋਏ ਪੁਆਇੰਟ ਆਫ ਆਰਡਰ ਤੇ ਖੜੇ ਹੋਕੇ ਤੁਹਾਨੂੰ ਗਾਈਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਤੁਹਾਨੂੰ ਮਿਸਗਾਈਡ ਕੀਤਾ ਹੈ।

Rule 62(1) reads as under :—

"The Speaker, if he gives consent .....

× × × × × ×

Provided that where the Speaker has refused his consent under rule 59 or is of opinion that the matter propose to be discussed is not in order, he may if he thinks it necessary read the notice of the motion and state the reasons for refusing consent or holding the motion as not in order....."

Original with;
Punjab Vidhan Sabha
Digitized by;
Panjab Digital Library

This is what Mr. Lalpura has asked for.

ਕਿਉਂਕਿ ਇਹ 59 ਦੇ ਥੱਲੇ ਇਨ ਆਰਡਰ ਸੀ ।

According to rule 61, which reads as under :—

** ** **

(i) not more than one such motion shall be made at the same sitting ;

(ii) not more than one matter shall be discussed on the same motion ;

(iii) the motion shall be restricted to a specific matter of recent occurrence ;

ਕਿਉਂਕਿ 17 ਜੁਲਾਈ 1980 ਨੂੰ ਅਨਾਊਸਮੈਂਟ ਹੋਈ ਅਤੇ ਅਗਲੇ ਦਿਨ 18 ਤਾਰੀਖ ਨੂੰ ਪੇਪਰ ਵਿਚ ਆਇਆ ; ਇਸ ਲਈ ਪਹਿਲਾਂ ਇਨ੍ਹਾਂ ਨੂੰ ਡਿਸਕਸ ਕਰਨ ਦਾ ਮੌਕਾ ਨਹੀਂ ਮਿਲਿਆ । ਅੱਗੇ ਇਸ ਤਰ੍ਹਾਂ ਹੈ :—

(iv) the motion shall relate to a matter which falls within the responsibility of the Government ;

(v) the motion shall not raise a question of privilege ;

(vi) the motion shall not revive discussion on a matter which has been discussed in the same Session ;"

ਇਹ ਵੀ ਗੱਲ ਨਹੀਂ ਜੀ । (ਵਿਘਨ) ਇਸ ਮਾਮਲੇ ਉਤੇ ਬਹਿਸ ਨਹੀਂ ਹੋਈ। (ਵਿਘਨ) ਬਾਦਲ ਸਾਹਿਬ ਨੇ ਠੀਕ ਕਿਹਾ ਹੈ ਕਿ ਇਹ ਬੜਾ ਇੰਪਾਰਟੈਂਟ ਮਸਲਾ ਹੈ । (ਵਿਘਨ) ਹਜ਼ਾਰਾਂ ਲੋਕੀਂ ਜੇਲ੍ਹਾਂ ਵਿਚ ਗਏ ਸਨ। (ਵਿਘਨ) ਇਸ ਉਤੇ ਡਿਸਕਸ਼ਨ ਹੋਣੀ ਚਾਹੀਦੀ ਹੈ । (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਪੁਆਇੰਟ ਆਫ ਆਰਡਰ ਤੇ ਖੜੇ ਸਨ ।)

ਸ਼੍ਰੀ ਸਪੀਕਰ : ਨੋ ਪੁਆਇੰਟ ਆਫ ਆਰਡਰ । ਮੈਂ ਹਾਊਸ ਦੀ ਗਿਆਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਮੈਂ ਐਡਜਰਨਮੈਂਟ ਮੋਸ਼ਨ ਡਿਸ-ਅਲਾਓ ਕਰ ਦਿਤੀ ਹੈ। ਉਸ ਦੇ ਉਤੇ ਕੋਈ ਡਿਸਕਸ਼ਨ ਨਹੀਂ ਹੋ ਸਕਦੀ ਅਤੇ ਨਾ ਹੀ ਉਹ ਚੈਲੰਜ ਹੋ ਸਕਦੀ ਹੈ । (ਵਿਘਨ) ਜਿਹੜਾ ਬਰਨਾਲਾ ਜੀ ਨੇ ਪੁਆਇੰਟ ਰੇਜ਼ ਕੀਤਾ ਹੈ ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਦੋ ਘੰਟੇ ਦਾ ਨੋਟਿਸ ਚਾਹੀਦਾ ਹੈ ਪਰ ਉਹ ਇਸ ਦੇ ਮੁਤਾਬਿਕ ਨਹੀਂ ਹੈ । (ਵਿਘਨ) It was not in time. (ਵਿਘਨ)

17 ਤਾਰੀਖ ਦਾ ਮਸਲਾ ਹੈ ਅਤੇ 18 ਤਾਰੀਖ ਨੂੰ .....

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਮੈਂ ਕੱਲ ਮੋਸ਼ਨ ਦਿਤੀ ਸੀ । (ਵਿਘਨ)

ਸ਼੍ਰੀ ਸਪੀਕਰ : ਇਹ 17 ਤਾਰੀਖ ਦੀ ਗੱਲ ਹੈ। 18 ਤਾਰੀਖ ਨੂੰ ਐਪਰੋਪਰੀਏਸ਼ਨ ਬਿਲ ਸੀ, ਜਿਹਨੂੰ ਉਦੋਂ ਪੂਰੀ ਅਪਰ ਚੁਨਿਟੀ ਸੀ, ਤੁਸੀਂ ਉਸ ਵੇਲੇ ਡਿਸਕਸ ਕਰ ਸਕਦੇ ਸੀ । (ਵਿਘਨ) ਮੇਰੀ ਪਰਮਿਸ਼ਨ ਤੋਂ ਬਗੈਰ ਜੋ ਕੁਝ ਹਾਊਸ ਵਿਚ ਕਿਹਾ ਜਾਂਦਾ ਹੈ ਉਹ ਮੈਂ ਸਾਰਾ ਐਕਸਪੰਜ ਕਰਦਾ ਹਾਂ । (ਤਾੜੀਆਂ) (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਸਨ ।)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਸਾਨੂੰ ਮਜ਼ਬੂਰ ਕਰਦੇ ਹੋ। (ਵਿਘਨ)

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। (ਵਿਘਨ)

WALK-OUTS

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਇਸ਼ੂ ਹੈ। (ਵਿਘਨ) ਤੁਸੀਂ ਇਸ ਇੰਪਾਰਟੈਂਟ ਇਸ਼ੂ ਤੇ ਸਾਨੂੰ ਅਲਾਓ ਨਹੀਂ ਕਰਦੇ ਇਸ ਕਰਕੇ ਅਸੀਂ ਐਜ਼ ਏ ਪਰੋਟੈਸਟ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸਦਨ ਵਿਚ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਿਵਾਏ ਸਰਦਾਰ ਪ੍ਰੇਮ ਸਿੰਘ ਲਾਲਪੁਰਾ ਦੇ ਸਦਨ ਵਿਚੋਂ ਵਾਕ ਆਊਟ ਕਰ ਗਏ ਅਤੇ ਉਹ ਜਾਂਦੇ ਹੋਏ ਨਾਹਰੇ ਲਗਾ ਰਹੇ ਸਨ ** ** ** ਨਾਲ ਹੀ ਸਰਦਾਰ ਜਸਮਤ ਸਿੰਘ ਢਿੱਲੋਂ ਵੀ ਉਠ ਕੇ ਬਾਹਰ ਚਲੇ ਗਏ।)

ਸ੍ਰੀ ਸਪੀਕਰ : ਇਹ ਜੋ ਨਾਹਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ। (ਵਿਘਨ) (ਸ਼ੋਰ) (ਇਸ ਸਮੇਂ ਮਾਨਯੋਗ ਮੈਂਬਰ ਮਾਸਟਰ ਚੰਦ ਸਿੰਘ ਦਾ ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।) ਅਸੀਂ ਵੀ ਐਜ਼ ਏ ਪਰੋਟੈਸਟ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸੀ. ਪੀ. ਆਈ. (ਐਮ.) ਦੇ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਵਾਕ ਆਊਟ ਕਰ ਗਏ।)

ਕਾਮਰੇਡ ਰਾਜ ਕੁਮਾਰ : ** **

ਸ੍ਰੀ ਸਪੀਕਰ : ਇਹ ਨੋਟ ਨਾ ਕੀਤਾ ਜਾਏ।

ਕਾਮਰੇਡ ਰਾਜ ਕੁਮਾਰ : ** ** **

ਸ੍ਰੀ ਸਪੀਕਰ : ਮੇਰੀ ਇਜਾਜ਼ਤ ਦੇ ਬਗੈਰ ਜੋ ਕੁਝ ਕਾਮਰੇਡ ਰਾਜ ਕੁਮਾਰ ਨੇ ਕਿਹਾ ਹੈ ਉਹ ਨੋਟ ਨਹੀਂ ਹੋਵੇਗਾ।

(ਇਸ ਵਕਤ ਸਦਨ ਵਿਚ ਸੀ. ਪੀ. ਆਈ. ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਵਾਕ ਆਊਟ ਕਰ ਗਏ)।

CALL ATTENTION NOTICES UNDER RULE 66

(Serial No. 134)

Sardar Prem Singh Lalpura : Sir, I beg to draw the attention of the Government towards a matter of urgent public importance, namely, that recently building material has been brought at the sight of Government Hospital Tarn Taran for the construction of leprosy ward. Overnight plan for constructing such a ward in the thickly populated area will be injurious to the health of the residents of the town as well as the patients of the Hospital. This has caused a great resentment in the public of Tarn Taran City. The Government may make a statement in the House.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

Health and Family Welfare Minister (Shri Sardari Lal Kapur) : The work relating to the construction of a 20-bedded Leprosy Ward at Civil Hospital, Tarn Taran, was administratively approved by the Punjab Government at an estimated cost of Rs. 1,09,900 during the year 1977-78 under the National Leprosy Control Programme which is a 100 per cent Centrally Sponsord Scheme. This ward was proposed to be constructed in the premises of the new building of the Civil Hospital, Tarn Taran at a reasonable distance from the main hospital ward and its pu pose was to provide in-patient medical facilities to the inmates of the Leprosy Colony at Tarn Taran. In view of the genuine apprehension expressed by some quarters, the decision regarding the construction of this ward is being reviewed by the Government.

ਸਰਦਾਰ ਪ੍ਰੇ ਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, ਹੈਲਥ ਮਨਿਸਟਰ ਸਾਹਿਬ ਨੇ ਜੋ ਜਵਾਬ ਦਿੱਤਾ ਹੈ ਉਸ ਨਾਲ ਮੇਰੀ ਤਸੱਲੀ ਹੋ ਗਈ ਹੈ ਲੇਕਿਨ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਲੈਪਰੋਸੀ ਐਕਟ ਜਿਹੜਾ ਹੈ ਉਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਲਾਗੂ ਹੈ ਅਤੇ ਤਰਨ ਤਾਰਨ ਜਿਥੇ ਕਿ 99% ਕੋਹੜੀ ਜਿਹੜੇ ਹਨ ਉਹ ਬਾਹਰਲੇ ਸੂਬਿਆਂ ਜਿਸ ਤਰ੍ਹਾਂ ਯੂ.ਪੀ., ਮੱਧ ਪ੍ਰਦੇਸ਼, ਬਿਹਾਰ ਆਦਿ ਦੇ ਸੂਬਿਆਂ ਵਿਚੋਂ ਆਕੇ ਉਥੇ ਵੱਸ ਰਹੇ ਹਨ। ਕੀ ਮਨਿਸਟਰ ਸਾਹਿਬ ਸੈਂਟਰ ਦੀ ਸਰਕਾਰ ਨੂੰ ਲਿਖਣਗੇ ਜਾਂ ਪੰਜਾਬ ਤੇ ਕੋਈ ਪਾਬੰਦੀ ਕਰਨਗੇ ਤਾਕਿ ਬਾਹਰਲੇ ਸੂਬਿਆਂ ਦੇ ਕੋਹੜੀ ਲੋਕ ਜੋ ਤਰਨਤਾਰਨ ਆ ਕੇ ਵਸਦੇ ਹਨ ਉਹ ਨਾ ਵੱਸ ਸਕਣ ? ਅੱਰ ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤਰਨਤਾਰਨ ਵਿਚ ਜੋ ਕੋਹੜ ਅਹਾਤੇ ਵਿਚ ਹਸਪਤਾਲ ਬਣਾਇਆ ਜਾ ਰਿਹਾ ਹੈ ਮੈਂ ਸਮਝਦਾ ਹਾਂ ਕਿ ਅਗਰ ਉਹ ਤਰਨਤਾਰਨ ਕੋਹੜ ਅਹਾਤੇ ਦੀ ਬਜਾਏ ਕਿਸੇ ਹੋਰ ਜਗ੍ਹਾ ਤੇ ਜਾਂ ਪੰਜਾਬ ਦੀ ਕਿਸੇ ਹੋਰ ਜਗ੍ਹਾ ਤੇ ਇਹ ਹਸਪਤਾਲ ਬਣਾ ਦੇਣ ਤਾਂ ਬਹੁਤ ਅੱਛਾ ਹੈ। ਕੀ ਵਜ਼ੀਰ ਸਾਹਿਬ ਜੋ 99 ਫੀ ਸਦੀ ਕੋਹੜੀ ਲੋਕ ਬਾਹਰਲੇ ਸੂਬਿਆਂ ਵਿਚੋਂ ਜੋ ਆਉਂਦੇ ਹਨ ਅਤੇ ਉਹ ਤਰਨ ਤਾਰਨ ਕੋਹੜੀ ਅਹਾਤੇ ਵਿਚ ਵੱਸ ਰਹੇ ਹਨ ਉਨ੍ਹਾਂ ਨੂੰ ਰੋਕਣ ਦਾ ਕੋਈ ਉਪਾਅ ਕਰਨਗੇ ਅਤੇ ਜਿਹੜਾ ਹਸਪਤਾਲ ਕੋਹੜੀ ਅਹਾਤੇ ਵਿਚ ਤਰਨ ਤਾਰਨ ਵਿਚ ਬਣ ਰਿਹਾ ਹੈ ਉਸ ਨੂੰ ਕਿਸੇ ਦੂਰ ਜਗ੍ਹਾ ਤੇ ਜਾਂ ਪੰਜਾਬ ਦੀ ਕਿਸੇ ਹੋਰ ਜਗ੍ਹਾ ਤੇ ਬਣਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਕਾਲ ਅਟੈਨਸ਼ਨ ਮੋਸ਼ਨ ਹੈ ਉਸ ਦੇ ਮੁਤੱਲਕ ਬੜਾ ਕਲੀਅਰ ਜਵਾਬ ਮੈਂ ਦੇ ਦਿੱਤਾ ਹੈ ਅੱਰ ਬੜਾ ਚੰਗੀ ਤਰ੍ਹਾਂ ਸਪੱਸ਼ਟ ਜਵਾਬ ਦੇ ਦਿੱਤਾ ਹੈ। (ਵਿਘਨ) ਇਹ ਜਿਹੜੀ ਸਪਾਂਸਰਡ ਸਕੀਮ ਹੈ ਇਹ ਗੌਰਮਿੰਟ ਆਫ ਇੰਡੀਆ ਨੇ ਦਿੱਤੀ ਹੈ। ਜਿਹੜੀ ਇਨ੍ਹਾਂ ਨੇ ਹਸਪਤਾਲ ਦੀ ਜਗ੍ਹਾ ਬਦਲਣ ਦੀ ਗਲ ਕੀਤੀ ਹੈ, ਇਹ ਲਾਜ਼ਮੀ ਤੌਰ ਤੇ ਗੌਰਮਿੰਟ ਆਫ਼ ਇੰਡੀਆ ਨੂੰ ਦੱਸਾਂਗੇ, ਉਨ੍ਹਾਂ ਨੂੰ ਲਿਖਾਂਗੇ। ਤੁਹਾਡੇ ਜੋ ਜਜ਼ਬਾਤ ਹਨ, ਲੋਕਾਂ ਦੇ ਜੋ ਜਜ਼ਬਾਤ ਹਨ ਉਨ੍ਹਾਂ ਨੂੰ ਧਿਆਨ ਵਿਚ ਰਖਿਆ ਜਾਵੇਗਾ। (ਵਿਘਨ) ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਵਾਕ ਆਊਟ ਵਿਚ ਸ਼ਾਮਲ ਨਹੀਂ ਹੋਏ।

WALK-OUT

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਜਿਹੜਾ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਮੈਂ ਵਾਕ-ਆਊਟ ਵਿਚ ਸ਼ਾਮਲ ਨਹੀਂ ਹੋਇਆ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਵਾਕ-ਆਊਟ ਵਿਚ ਸ਼ਾਮਲ ਹੋਇਆ ਹਾਂ ਲੇਕਿਨ ਮੇਰੀ ਕਾਲ ਅਟੈਨਸ਼ਨ ਮੋਸ਼ਨ ਆਉਣੀ ਸੀ ਜਿਹੜੀ ਕਿ ਮੈਂ ਪੜ੍ਹਨੀ ਸੀ। (ਵਿਘਨ) ਜੇ ਇਹ ਸਮਝਦੇ ਹਨ ਤਾਂ ਮੈਂ ਹੁਣ ਵਾਕ-ਆਊਟ ਕਰ ਜਾਂਦਾ ਹਾਂ।

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਪ੍ਰੇਮ ਸਿੰਘ ਲਾਲਪੁਰਾ ਹਾਊਸ ਵਿਚੋਂ ਬਾਹਰ ਚਲੇ ਗਏ)

Original with;
Punjab Vidhan Sabha
Digitized by;
Panjab Digital Library

CALL ATTENTION NOTICES UNDER RULE

(Resumption)

(Serial No. 135)

Master Babu Singh
Comrade Baldev Singh Loomba
Comrade Buta Singh : Sir, I beg to draw the attention of the Government towards a matter of urgent public importance, namely, the books nearly two dozens prescribed for the school students have not been supplied by the Education Board and Government. Secondly the text books and copies are selling in the black market and the students and school going children are going to demonstrate on July 5, 1980 in Chandigarh and Mohali etc. Great resentment and frustration is prevailing among the students and their parents. The Government is requested to make a statement in connection with the immediate supply of text books and copies to the needy persons.

Education Minister (Sardar Harcharan Singh Ajnala) : Sir, there are 262 nationalised text books which are printed by the Punjab School Education Board for the school children. Out of these, 35 books could not be printed before the beginning of the academic session due to paper shortage. Recently 14 more books have been printed and supplied.

Out of the remaining 21 books, one book has already been printed but could not be supplied for want of approval of maps from the Survey of India. The other 20 books will be in the market by the 15th of August, as the paper is being supplied to the Board in instalments.

The Punjab School Education Board undertakes the printing of text books only, and every attempt is made to ensure proper distribution so as to avoid situations of scarcity. Printed books are made available in sufficient numbers in the Board depots. The Board has opened retail shops at every District Headquarter in order to meet the urgent demand.

As regards the demonstration of 5th July, 1980, in connection with the shortage of text-books the Government has no knowledge of it. Complaints regarding copy books are enquired into. The allotment of seven manufacturers for the concessional paper was cancelled on account of misuse of concessional paper. Complaints of black marketing are due to the acute shortage of the concessional paper which had to be diverted for the printing of text-books from the exercise books quota. The Government is seized of the matter and steps are being taken to channelise the distribution of exercise books through public distribution system.

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਐਸ਼ਿਓਰ ਕੀਤਾ ਹੈ ਕਿ 15 ਅਗਸਤ ਤਕ ਛਪਾ ਕੇ ਦੇ ਦਿਆਂਗੇ। ਇਸ ਦੇ ਨਾਲ ਹੀ ਐਕਸਰਸਾਈਜ਼ ਬੁੱਕਸ ਦਾ ਮਸਲਾ ਹੈ। ਕਾਗਜ਼ ਦਾ ਤੋੜਾ ਹੈ ਜਿਸ ਕਰਕੇ ਕਿਤਾਬਾਂ ਨਹੀਂ ਛਪ ਸਕੀਆਂ। ਸੈਂਟਰ ਤੋਂ ਕੰਸੈਸ਼ਨਲ ਰੇਟਸ ਤੇ ਕਾਗਜ਼ ਨਹੀਂ ਮਿਲ ਰਿਹਾ ਜਿਸ ਕਰਕੇ ਕਾਗਜ਼ ਦੀ ਬਲੈਕ ਹੋ ਰਹੀ ਹੈ। ਕਿਤਾਬਾਂ ਤਾਂ ਇਹ ਮੁਹੱਈਆ ਕਰ ਦੇਣਗੇ, ਕੀ ਇਸ ਦੇ ਨਾਲ ਐਕਸਰਸਾਈਜ਼ ਬੁੱਕਸ ਲਈ ਵੀ ਐਸ਼ਿਓਰ ਕਰਾਉਣਗੇ ਜਿਨ੍ਹਾਂ ਬਾਰੇ ਇਨ੍ਹਾਂ ਨੇ ਦਸਿਆ ਹੈ ਕਿ ਗੌਰਮਿੰਟ ਦੀ ਗਿਆਤ ਵਿਚ ਹੈ ?

Original with;
Punjab Vidhan Sabha
Digitized by;
Panjab Digital Library

ਵਿਦਿਆ ਮੰਤਰੀ : ਸਪੀਕਰ ਸਾਹਿਬ, ਮੈਂ ਆਪਣੇ ਡੀਟੇਲਡ ਰਿਪਲਾਈ ਵਿਚ ਅਰਜ਼ ਕੀਤੀ ਹੈ ਕਿ ਇਹ ਯੂਨੀਕ ਹੈ ਕਿ ਇਸ ਸਾਲ ਬਹੁਤ ਜ਼ਿਆਦਾ ਨੰਬਰ ਵਿਚ ਕਿਤਾਬਾਂ ਮਾਰਕਿਟ ਵਿਚ ਵਿੱਕ ਚੁਕੀਆਂ ਹਨ। 1 ਅਗਸਤ ਨੂੰ 10, 12 ਕਿਤਾਬਾਂ ਹੋਰ ਆ ਜਾਣਗੀਆਂ ਪਰ ਮੈਂ ਹਾਊਸ ਨੂੰ ਉਹ ਐਸ਼ੋਰੈਂਸ ਨਹੀਂ ਦੇਣਾ ਚਾਹੁੰਦਾ ਜਿਸ ਦੇ ਉਪਰ ਪੂਰਾ ਅਮਲ ਨਾ ਹੋ ਸਕੇ। ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਕਿਤਾਬਾਂ ਜਿਹੜੀਆਂ ਚਾਹੀਦੀਆਂ ਹਨ ਉਹ ਆਲਰੈਡੀ ਸਟੂਡੈਂਟਸ ਦੇ ਹੱਥਾਂ ਵਿਚ ਹਨ ਅੱਜ ਜਿਹੜੀਆਂ ਰਹਿ ਗਈਆਂ ਹਨ ਉਹ ਉਹ ਕਿਤਾਬਾਂ ਹਨ ਜਿਹੜੀਆਂ ਕਿ 2 ਸਾਲਾਂ ਵਿਚ ਪੜ੍ਹਾਈਆਂ ਜਾਣੀਆਂ ਹਨ ਭਾਵੇਂ ਆਪਸ਼ਨਲ ਸਬਜੈਕਟ ਦੀਆਂ ਹਨ, ਭਾਵੇਂ ਇਲੈਕਟਿਵ।

ਦੂਜਾ ਇਨ੍ਹਾਂ ਐਕਸਰਸਾਈਜ਼ ਬੁਕਸ ਦੇ ਬਾਰੇ ਵਿਚ ਪੁੱਛਿਆ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸੀ.ਐਮ. ਸਾਹਿਬ ਇਸ ਚੀਜ਼ ਤੋਂ ਜਾਣੂ ਹਨ ਅੱਤ ਕੋਸ਼ਿਸ਼ ਕਰ ਰਹੇ ਹਨ। ਸਾਡਾ ਜਿਹੜਾ ਕਾਗਜ਼ ਦਾ ਕੋਟਾ ਹੈ ਪਿਛਲੇ ਸਾਲ ਪ੍ਰਾਪਰਲੀ ਕੇਸ ਪਲੀਡ ਨਹੀਂ ਕੀਤਾ ਗਿਆ ਸੀ ਜਿਸ ਕਰਕੇ ਸ਼ਾਰਟੇਜ ਪੂਰੀ ਨਹੀਂ ਹੋ ਸਕੀ। ਅਸੀਂ ਆਪਣਾ ਕੇਸ ਪੂਰੀ ਤਰ੍ਹਾਂ ਪੁੱਟ ਕਰਕੇ ਕੋਟਾ ਲਿਆਵਾਂਗੇ ਅਤੇ ਜਿਹੜੀਆਂ ਕਾਪੀਆਂ ਹਨ ਜ਼ਰੂਰ ਛਪਾਵਾਂਗੇ। ਜਿਹੜੀ ਵੰਡ ਪਰਨਾਲੀ ਹੈ ਉਸ ਦੀ ਅਗੇ ਨਾਲੋਂ ਬੈਟਰ, ਰੈਗੂਲਰ ਅਤੇ ਪ੍ਰਾਪਰ ਚੈਨੇਲਾਈਜ਼ੇਸ਼ਨ ਕਰ ਦਿੱਤੀ ਜਾਏਗੀ। ਜਿਹੜੀ ਪੇਪਰ ਦੀ ਵੰਡ ਪਿਛਲੀ ਸਰਕਾਰ ਵੇਲੇ ਗਲਤ ਹੋਈ ਸੀ ਉਸ ਦਾ ਖਮਿਆਜ਼ਾ ਅਸੀਂ ਹੁਣ ਤਕ ਭੁਗਤ ਰਹੇ ਹਾਂ। ਹੁਣ ਪੇਪਰ ਦੀ ਐਲੋਕੇਸ਼ਨ ਪ੍ਰਾਪਰ ਹੋਵੇਗੀ। ਉਨ੍ਹਾਂ ਆਦਮੀਆਂ ਨੂੰ ਕੋਟਾ ਦਿੱਤਾ ਜਾਏਗਾ ਜਿਹੜੇ ਐਕਚੁਅਲੀ ਐਕਸਰਸਾਈਜ਼ ਬੁਕਸ ਨੂੰ ਡੀਲ ਕਰਦੇ ਹਨ। ਇਹ ਨਹੀਂ ਹੋਵੇਗਾ ਕਿ ਕੰਮ ਕਰਦਾ ਹੋਵੇ ਬਕਰੇ ਝਟਕਾਉਣ ਦਾ ਅਤੇ ਕੋਟਾ ਲੈਂਦਾ ਹੋਵੇ ਕਾਗਜ਼ਾਂ ਦਾ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗਲ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਜਿਹੜੀਆਂ ਟੈਕਸਟ ਬੁਕਸ ਹਨ ਉਹ ਤਾਂ ਅਜੇ ਦਿੱਤੀਆਂ ਨਹੀਂ ਗਈਆਂ ਪਰ ਜਿਹੜੀਆਂ ਉਨ੍ਹਾਂ ਸਬੰਧੀ ਗਾਈਡਾਂ ਹਨ ਜਾਂ ਹੋਰ ਹੈਲਪ ਬੁਕਸ ਹਨ ਉਹ ਛਪ ਕੇ ਸਟੂਡੈਂਟਸ ਦੇ ਹੱਥਾਂ ਵਿਚ ਪਹੁੰਚ ਚੁਕੀਆਂ ਹਨ। ਮੈਂ ਪੁੱਛਦਾ ਹਾਂ ਕਿ ਉਨ੍ਹਾਂ ਲਈ ਮੈਟੀਰੀਅਲ ਕਿਸ ਨੇ ਦਿੱਤਾ ਅੱਤ ਕਿਸ ਤਰ੍ਹਾਂ ਨਕਲ ਲਈ ਗਈ ?

ਦੂਜੀ ਗਲ ਇਹ ਹੈ ਕਿ ਉਹ ਜਿਹੜੇ ਸਟੈਪਸ ਚੁਕੇ ਜਾ ਰਹੇ ਹਨ ਜਿਨ੍ਹਾਂ ਨਾਲ ਜਲਦੀ ਤੋਂ ਜਲਦੀ ਕਿਤਾਬਾਂ ਦੇ ਰਹੇ ਹਨ, ਕੀ ਹਾਊਸ ਨੂੰ ਜਾਣੂ ਕਰਵਾਉਣਗੇ ਅੱਤ ਆਉਣ ਵਾਲੇ ਸਾਲ ਵਿਚ ਕਲਾਸਾਂ ਲਗਣ ਤੋਂ ਪਹਿਲਾਂ ਕਿਤਾਬਾਂ ਅਵੇਲੇਬਲ ਹੋ ਜਾਣ ਇਸ ਲਈ ਐਸ਼ਿਓਰ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹੋ ਜਿਹੇ ਸਿਆਣੇ ਮੈਂਬਰ ਸਾਹਿਬ ਤੋਂ ਇਹੋ ਜਿਹੇ ਸੁਆਲ ਦੀ ਮੈਂ ਤਵੱਕੋ ਨਹੀਂ ਸੀ ਰੱਖਦਾ। ਮੈਂ ਪਹਿਲਾ ਹੀ ਦੱਸ ਚੁਕਾ ਹਾਂ ਕਿ ਇਕ ਅਗਸਤ ਤਕ ਹੋਰ 10 ਕਿਤਾਬਾਂ ਆ ਜਾਣਗੀਆਂ ਅਤੇ ਉਨ੍ਹਾਂ ਦੀ ਡਿਸਟਰੀਬਿਊਸ਼ਨ ਹੋ ਜਾਏਗੀ। ਮੇਰੀ ਅਰਜ਼ ਹੈ ਕਿ ਇਹੋ ਜਿਹਾ ਸਪਲੀਮੈਂਟਰੀ ਅਲਾਓ ਨਹੀਂ ਕਰਨਾ ਚਾਹੀਦਾ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਪ੍ਰੋਟੈਸਟ। ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਜਿਹੜੀ ਨਕਲ ਹੋਈ ਹੈ ਇਹ ਮੈਟੀਰੀਅਲ ਕਿਸ ਤਰ੍ਹਾਂ ਨਿਕਲਿਆ ਹੈ ? (ਵਿਘਨ) ਕਿਥੋਂ ਨਿਕਲਿਆ ਹੈ ? ਕੀ ਇਸ ਦੀ ਇਨਕੁਆਇਰੀ ਕੀਤੀ ਹੈ ? (ਵਿਘਨ) ਇਹ ਬੜੇ ਸਿਆਣੇ ਵਜ਼ੀਰ ਹਨ ਪਰ ਗਲ ਇਸ ਤਰ੍ਹਾਂ ਦੀ ਕਰਕੇ ਜਵਾਬ ਟਾਲ ਗਏ (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹਰ ਰਿਕ ਚੀਜ਼ ਰੂਲਜ਼ ਆਫ਼ ਪ੍ਰੋਸੀਜ਼ਰ ਐਂਡ ਕੰਡਕਟ ਆਫ਼ ਬਿਜ਼ਨੈਸ ਵਿਚ ਛਪੀ ਹੋਈ ਹੈ। ਇਕ ਸੁਆਲ ਤੁਸੀਂ ਹਰ ਸਦਦੇ ਹੋ ਅਤੇ ਉਸ ਦਾ ਜਵਾਬ ਤੁਸੀਂ ਵਜ਼ੀਰ ਸਾਹਿਬ ਦੇ ਮੂੰਹ ਵਿਚ ਨਹੀਂ ਪਾ ਸਕਦੇ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਇਹ ਨਹੀਂ ਕਿ ਵਜ਼ੀਰ ਸਾਹਿਬ ਕਿਸੇ ਤੇ ਅਟੈਕ ਕਰਨ। (ਵਿਘਨ) ਮੈਂ ਵੀ ਕਹਿ ਸਕਦਾ ਹਾਂ ਕਿ ਵਜ਼ੀਰ ਸਾਹਿਬ ਨੂੰ ਜਵਾਬ ਨਹੀਂ ਦੇਣਾ ਆਉਂਦਾ। (ਵਿਘਨ)

Mr. Speaker : Next call Attention motion please.

(Serial No. 140)

Comrade Raj Kumar: Sir, I beg to draw the attention of the Government towards a matter of urgent public importacnce, namely,that the Partap Steel Rolling Mills Chheharta dispute remains unresolved. Mills continue to remain closed. Inspite of agreement in a tripartite meeting at Chandigarh recently, employers agreed to negotiate for resolving the dispute. More than a fortnight has elapsed but neither employers have taken any initiative to call meeting for resolving the dispute nor the Government has moved in the matter.

Lock-out of nearly 2000 workers is continuing causing great resentment among working class of Amritsar. In view of the obvious importance of the matter, the Minister concerned may be asked to make statement in the House.

ਸਮਾਜ ਭਲਾਈ ਮੰਤਰੀ (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਪਰਤਾਪ ਸਟੀਲ ਰੋਲਿੰਗ ਮਿਲਜ਼ ਛੇਹਰਟਾ ਵਿਖੇ ਕੁਲ 1,123 ਕਿਰਤੀ ਕੰਮ ਕਰਦੇ ਸਨ। ਜਨਵਰੀ, 1980 ਦੇ ਦੌਰਾਨ ਮਾਲਕਾਂ ਅਤੇ ਕਿਰਤੀਆਂ ਵਿੱਚ ਉਦਯੋਗਿਕ ਵਿਵਾਦ ਹੋਇਆ। ਇਸ ਦਾ ਕਾਰਨ ਇਹ ਸੀ ਕਿ ਕੁਝ ਕਿਰਤੀਆਂ ਦੀਆਂ ਸੇਵਾਵਾਂ ਮਾਲਕਾਂ ਨੇ ਖਤਮ ਕਰ ਦਿੱਤੀਆਂ ਸਨ ਅਤੇ ਕੁਝ ਦਾ ਸੇਵਾ ਰਿਕਾਰਡ ਠੀਕ ਨਹੀਂ ਸੀ ਰੱਖਿਆ। ਪ੍ਰਬੰਧਕਾਂ ਨੇ ਕਿਰਤੀਆਂ ਵਲੋਂ ਲਾਏ ਇਸ ਦੂਸ਼ਣ ਨੂੰ ਨਾ ਮੰਨਿਆ ਅਤੇ ਇਹ ਝਗੜਾ ਵੱਧ ਗਿਆ। ਇਸ ਨੂੰ ਨਿਪਟਾਉਣ ਲਈ ਕਿਰਤ ਤੇ ਸੁਲਾਹ ਅਫ਼ਸਰ, ਅੰਮ੍ਰਿਤਸਰ ਤੇ ਐਡੀਸ਼ਨਲ ਲੇਬਰ ਕਮਿਸ਼ਨਰ, ਪੰਜਾਬ ਅਤੇ ਲੇਬਰ ਕਮਿਸ਼ਨ, ਪੰਜਾਬ ਨੇ ਮਾਰਚ, 1980 ਦੇ ਦੌਰਾਨ ਬਹੁਤ ਸਾਰੀਆਂ ਮੀਟਿੰਗਾਂ ਅੰਮ੍ਰਿਤਸਰ ਵਿਖੇ ਕੀਤੀਆਂ ਪ੍ਰੰਤੂ ਇਹ ਝਗੜਾ ਨਾ ਨਿਪਟਿਆ। 28 ਮਾਰਚ, 1980 ਤੋਂ ਕਿਰਤੀਆਂ ਨੇ ਆਮ ਹੜਤਾਲ ਕਰ ਦਿੱਤੀ।

ਪ੍ਰਬੰਧਕਾਂ ਨੇ 14 ਅਪ੍ਰੈਲ, 1980 ਨੂੰ ਉਦਯੋਗਿਕ ਵਿਵਾਦ ਐਕਟ, 1947 ਦੀ ਧਾ ਰਾ 25 ਐਫ.ਐਫ. ਏ ਅਧੀਨ ਫੈਕਟਰੀ ਨੂੰ ਬੰਦ ਕਰਨ ਦਾ 60 ਦਿਨ ਦਾ ਨੋਟਿਸ ਦੇ ਦਿੱਤਾ, ਜਿਸ ਦੀ ਮਿਆਦ 15 ਜੂਨ, 1980 ਨੂੰ ਖਤਮ ਹੋਈ ਪ੍ਰੰਤੂ ਫੈਕਟਰੀ ਚਲਾਉਣੀ ਬੰਦ ਨਹੀਂ ਕੀਤੀ।

28 ਅਪ੍ਰੈਲ, 1980 ਨੂੰ ਹੜਤਾਲੀ ਕਿਰਤੀਆਂ ਅਤੇ ਮਿਲ ਦੇ ਸਿਕਿਉਰਿਟੀ ਸਟਾਫ਼ ਦੇ ਦਰਮਿਆਨ ਝਗੜਾ ਹੋਇਆ ਜਿਸ ਦੇ ਸਿੱਟੇ ਵਜੋਂ ਕੁਝ ਕੇਸ ਪੁਲਿਸ ਪਾਸ ਦਰਜ ਕਰਵਾਏ ਗਏ। ਇਸ ਝਗੜੇ ਨੂੰ ਨਿਪਟਾਉਣ ਲਈ 2 ਮਈ, 1980 ਤੋਂ 5 ਮਈ, 1980 ਤੱਕ ਫਿਰ ਕਿਰਤ ਵਿਭਾਗ ਵਲੋਂ ਕੋਸ਼ਿਸ਼ ਕੀਤੀ ਗਈ ਪ੍ਰੰਤੂ ਸਮਝੌਤਾ ਨਾ ਹੋ ਸਕਿਆ।

Original with;
Punjab Vidhan Sabha
Digitized by;
Panjab Digital Library

2 ਜੁਲਾਈ, 1980 ਨੂੰ ਉੱਚ-ਪੱਧਰੀ ਮੀਟਿੰਗ ਮੈਂ ਬੁਲਵਾਈ ਜਿਸ ਵਿਚ ਮਾਲਕਾਂ ਅਤੇ ਕਿਰਤੀਆਂ ਦੇ ਪ੍ਰਤਿਨਿਧ ਹਾਜ਼ਰ ਹੋਏ ਅਤੇ ਫੈਸਲਾ ਕੀਤਾ ਗਿਆ ਕਿ ਮੁੱਅੱਤਲ ਕੀਤੇ ਗਏ ਕਿਰਤੀਆਂ ਨੂੰ ਤੁਰਤ ਮੁਅੱਤਲ ਭੱਤਾ ਦਿੱਤਾ ਜਾਵੇ। ਕਿਰਤੀਆਂ ਨੂੰ ਕੀਤੀ ਕਾਰ ਦੀ ਉਜਰਤ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਹਿਸਾਬ ਚੁਕਤਾ ਕਰਨ ਲਈ ਮਜਬੂਰ ਨਾ ਕੀਤਾ ਜਾਵੇ। ਕਿਰਤੀਆਂ ਦੇ ਨੁਮਾਇੰਦਿਆਂ ਨੇ ਯਕੀਨ ਦਿਵਾਇਆ ਕਿ ਜਿਹੜੇ ਕਿਰਤੀ ਫੈਕਟਰੀ ਵਿਚ ਆਪਣੀ ਰਜ਼ਾਮੰਦੀ ਨਾਲ ਜਾਣਾ ਚਾਹੁੰਣਗੇ ਉਨ੍ਹਾਂ ਨੂੰ ਕੋਈ ਰੁਕਾਵਟ ਨਾ ਪੈਦਾ ਕੀਤੀ ਜਾਵੇ।

ਉਪਰੋਕਤ ਉਚ ਪੱਧਰੀ ਮੀਟਿੰਗ ਦੇ ਫਲਸਰੂਪ 369 ਕਿਰਤੀਆਂ ਨੇ ਆਪਣੀ ਕਮਾਈ ਤਨਖਾਹ ਪ੍ਰਾਪਤ ਕਰ ਲਈ ਹੈ ਅਤੇ 6 ਮੁਅੱਤਲ ਕੀਤੇ ਕਿਰਤੀਆਂ ਨੇ ਅਲਾਊਂਸ ਪ੍ਰਾਪਤ ਕਰ ਲਏ ਹਨ। ਵਰਨੇਸ ਅਤੇ ਗੈਸ ਸੈਕਸ਼ਨ ਦੇ ਕਿਰਤੀਆਂ ਨੇ 2 ਜੁਲਾਈ, 1980 ਤੋਂ ਕੰਮ ਕਰਨਾ ਚਾਲੂ ਕਰ ਦਿੱਤਾ ਹੈ ਅਤੇ ਰੋਜ਼ਾਨਾ 47 ਕਿਰਤੀ ਕੰਮ ਤੇ ਆ ਰਹੇ ਹਨ।

ਪ੍ਰਬੰਧਕਾਂ ਨੇ ਮਿਤੀ 11 ਜੁਲਾਈ, 1980 ਨੂੰ ਆਮ ਨੋਟਿਸ ਜਾਰੀ ਕੀਤਾ ਹੈ ਜਿਸ ਵਿਚ ਕਿਰਤੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਮਿਤੀ 12 ਜੁਲਾਈ, 1980 ਤੋਂ ਡਿਊਟੀ ਤੇ ਹਾਜ਼ਰ ਹੋ ਜਾਣ ਅਤੇ 22 ਜੁਲਾਈ, 1980 ਦੇ ਅੰਤ ਤੱਕ ਹਾਜ਼ਰ ਹੋ ਸਕਦੇ ਹਨ ਪ੍ਰੰਤੂ ਹੜਤਾਲੀ ਕਿਰਤੀਆਂ ਵਲੋਂ ਡਿਊਟੀ ਤੇ ਹਾਜ਼ਰ ਹੋਣ ਸਬੰਧੀ ਕੋਈ ਦਿਲਚਸਪੀ ਨਹੀਂ ਦਿਖਾਈ ਜਾ ਰਹੀ। ਕਿਰਤ ਵਿਭਾਗ ਝਗੜੇ ਨੂੰ ਹੱਲ ਕਰਨ ਦਾ ਯਤਨ ਕਰ ਰਿਹਾ ਹੈ ਅਤੇ ਜਲਦੀ ਹੀ ਦੋਨਾਂ ਪਾਰਟੀਆਂ ਦੀ ਉਚ ਪੱਧਰ ਤੇ ਮੀਟਿੰਗ ਫਿਰ ਬੁਲਾਈ ਜਾਵੇਗੀ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 22 ਜੁਲਾਈ 1980 ਤਕ ਮਾਲਕਾਂ ਨੇ ਕਿਹਾ ਸੀ ਕਿ ਸਾਰੇ 1,130 ਵਰਕਰ ਕੰਮ ਤੇ ਵਾਪਸ ਆ ਜਾਣ ਲੇਕਿਨ ਕੁਣ ਤਕ ਇਨ੍ਹਾਂ ਦੀ ਇਨਫਰਮੇਸ਼ਨ ਦੇ ਮੁਤਾਬਿਕ 369 ਵਰਕਰਜ਼ ਨੇ ਆ ਕੇ ਪੈਸੇ ਵਸੂਲ ਕੀਤੇ ਹਨ। ਆਬਵਿਅਸਲੀ ਇਸ ਦਾ ਮਤਲਬ ਇਹ ਹੈ ਕਿ ਵਰਕਰਜ਼ ਕੰਮ ਤੇ ਨਹੀਂ ਆਏ। ਜਿਸ ਦਿਨ ਮੀਟਿੰਗ ਹੋਈ ਸੀ ਉਸ ਮੀਟਿੰਗ ਵਿਚ ਮਾਲਕਾਂ ਦਾ ਕੋਈ ਨੁਮਾਇੰਦਾ ਨਹੀਂ ਸੀ ਆਇਆ, ਉਨ੍ਹਾਂ ਦਾ ਇੱਕ ਵਕੀਲ ਹੀ ਆਇਆ ਸੀ, ਜਿਸ ਚੀਜ਼ ਨੂੰ ਮਨਿਸਟਰ ਸਾਹਿਬ ਨੇ ਵੀ ਰਿਜ਼ੈਂਟ ਕੀਤਾ ਸੀ। ਇਹ ਤਹਿ ਹੋਇਆ ਸੀ ਕਿ ਦੁਬਾਰਾ ਮੀਟਿੰਗ ਬੁਲਾਉਣਗੇ ਜਿਸ ਵਿਚ ਮਾਲਕਾਂ ਦੇ ਨੁਮਾਇੰਦੇ ਵੀ ਹੋਣਗੇ ਅਤੇ ਸਾਰਾ ਝਗੜਾ ਸੁਲਝਾਇਆ ਜਾਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਗੱਲ ਦੇ ਪੇਸ਼ੇ ਨਜ਼ਰ ਕਿ ਸਾਰਾ ਕੁਝ ਹੋ ਜਾਣ ਦੇ ਬਾਵਜੂਦ ਵਰਕਰ ਕੰਮ ਤੇ ਨਹੀਂ ਆ ਰਹੇ, ਫੈਕਟਰੀ ਨਹੀਂ ਚਲ ਰਹੀ, ਕੇਵਲ 369 ਵਰਕਰਾਂ ਨੇ ਪੈਸੇ ਲਏ ਹਨ, ਕੀ ਵਜ਼ੀਰ ਸਾਹਿਬ ਦੋ, ਤਿੰਨ ਦਿਨਾਂ ਦੇ ਅੰਦਰ ਅੰਦਰ ਮਾਲਕਾਂ ਦੇ ਰਿਪਰੀਜ਼ੈਂਟੇਟਿਵਜ਼ ਅਤੇ ਇੰਪਲਾਈਜ਼ ਦੇ ਰਿਪ੍ਰੀਜ਼ੈਂਟੇਟਿਵਜ਼ ਦੀ ਮੀਟਿੰਗ ਬੁਲਾ ਕੇ ਜਿਹੜਾ ਮੇਨ ਡਿਸਪਿਊਟ 35-36 ਵਰਕਰਜ਼, ਯੂਨੀਅਨ ਦੇ ਲੀਡਰ, ਕੱਢੇ ਹੋਏ ਹਨ, ਉਸ ਬਾਰੇ ਨੈਗੋਸ਼ੀਏਸ਼ਨ ਕਰਾਉਣ ਦਾ ਆਸ਼ਵਾਸਨ ਦੇਣਗੇ ?

ਸਮਾਜ ਭਲਾਈ ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਆਪਣੇ ਜਵਾਬ ਵਿਚ ਦੱਸਿਆ ਹੈ ਕਿ ਜਲਦੀ ਹੀ ਮਾਲਕਾਂ ਅਤੇ ਕਿਰਤੀਆਂ ਦੇ ਆਗੂਆਂ ਦੀ ਮੀਟਿੰਗ ਬੁਲਾਈ ਜਾਵੇਗੀ। ਇਹ ਤਖੜੇ ਹੋ ਕੇ ਆਉਣ। ਮਜ਼ਦੂਰਾਂ ਅਤੇ ਮਾਲਕਾਂ ਦਾ ਬਹੁਤ ਅੱਛਾ ਰਿਸ਼ਤਾ ਹੁੰਦਾ ਹੈ, ਤਦ ਜਾ ਕੇ ਸਾਰਿਆਂ ਦਾ ਰੋਟੀ ਪਾਣੀ ਦਾ ਮਸਲਾ ਹੱਲ ਹੁੰਦਾ ਹੈ। ਜੇਕਰ ਵਿਚਕਾਰ ਗਲਤ ਦਲੀਲਾਂ ਦੇਣ ਵਾਲੇ ਬੰਦੇ ਨਾ ਹੋਣ ਤਾਂ ਝਗੜਾ ਜਲਦੀ ਹੱਲ ਹੋ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਬੰਸਤ ਸਿੰਘ ਖਾਲਸਾ : ਸਪੀਕਰ ਸਾਹਿਬ, ਪੰਜ ਛੇ ਦਿਨ ਹੋ ਗਏ ਹਨ ਮੈਂ ਇੱਕ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ । ਪ੍ਰਿਵਿਲੇਸ ਮੋਸ਼ਨ ਦਾ ਮਤਲਬ ਇਹ ਹੈ ਕਿ ਉਹ ਜਲਦੀ ਤੋਂ ਜਲਦੀ ਆ ਜਾਵੇ। ਮੈਂ ਇਹ ਬੇਨਤੀ ਕੀਤੀ ਸੀ ਕਿ ਐਫ.ਐਮ ਸਾਹਿਬ ਨੇ ਆਪਣੀ ਬਜਟ ਸਪੀਚ ਵਿਚ ਕਿਹਾ ਸੀ ਕਿ ਹਰੀਜਨ ਬੱਚੇ ਜਿਹੜੇ ਬਾਹਰ ਗਏ ਸਾਡੇ ਵੇਲੇ ਉਨ੍ਹਾਂ ਤੇ ਇੱਕ ਪੈਸਾ ਵੀ ਨਹੀਂ ਅਸੀਂ ਖਰਚਿਆ। ਉਸ ਨੂੰ ਅਸੀਂ ਚੈਲੰਜ ਕੀਤਾ ਹੈ ਪਰ ਤੁਸੀਂ ਅਜ ਤਕ ਆਪਣੀ ਰੂਲਿੰਗ ਨਹੀਂ ਦਿੱਤੀ। ਤੁਸੀਂ ਚਾਹੇ ਰਿਜੈਕਟ ਕਰੋ ਜਾਂ ਅਕਸੈਪਟ ਕਰੋ, ਸਾਨੂੰ ਆਪਣੀ ਗਲ ਕਰਨ ਦਾ ਮੌਕਾ ਤਾਂ ਮਿਲਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਉਹ ਅੰਡਰ ਐਗਜ਼ਾਮੀਨੇਸ਼ਨ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਕੱਲ ਤੱਕ ਉਸ ਦਾ ਜਵਾਬ ਦੇ ਦੇਵਾਂ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੱਲ ਤਾਂ ਹਾਊਸ ਖਤਮ ਹੋ ਜਾਣਾ ਹੈ। ਇਸ ਪ੍ਰਿਵਿਲੇਜ ਮੋਸ਼ਨ ਦਾ ਜਵਾਬ ਛੇਤੀ ਤੋਂ ਛੇਤੀ ਆ ਜਾਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਮੈਂ ਇਨਫਰਮੇਸ਼ਨ ਲੈ ਰਿਹਾ ਹਾਂ। ਬਹੁਤ ਜਲਦੀ ਰੂਲਿੰਗ ਦੇ ਦਿਆਂਗਾ ।

ਸਰਦਾਰ ਹਰਚੰਦ ਸਿੰਘ ਬਰਾੜ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਹੜ੍ਹਾਂ ਦੇ ਸਬੰਧ ਵਿਚ ਸਟੇਟਮੈਂਟ ਦੇਣੀ ਸੀ, ਉਹ ਦਿਵਾ ਦਿਓ ।

(ਇਸ ਸਮੇਂ ਮੁੱਖ ਮੰਤਰੀ ਸਟੇਟਮੈਂਟ ਦੇਣ ਲਈ ਖੜੇ ਹੋਏ ਪਰ ਮਾਨਯੋਗ ਮੈਂਬਰਜ਼ ਸਰਦਾਰ ਗੁਰਦੇਵ ਸਿੰਘ ਬਾਦਲ ਅਤੇ ਕਾਮਰੇਡ ਸਰਵਣ ਸਿੰਘ ਚੀਮਾ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਸੀ ਦੇ ਰਿਹਾ) (ਵਿਘਨ) (ਸ਼ੋਰ)

Mr. Speaker : Mr. Cheema, I name you ; please take your seat.

STATEMENT BY THE CHIEF MINISTER REGARDING FLOOD SITUATION IN THE STATE

Chief Minister (Sardar Darbara Singh): Sir, I have to make a statement concerning flood situation in Punjab. From 12th to 14th of this month, there were wide spread and heavy rains in Punjab.

ਸਰਦਾਰ ਬਸੰਤ ਸਿੰਘ ਖਾਲਸਾ : ਪੰਜਾਬੀ ਵਿਚ ਸਟੇਟਮੈਂਟ ਦਿਓ ਜੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਮਹੀਨੇ ਦੀ 12 ਅੌਰ 13 ਤਾਰੀਖ ਨੂੰ ਪੰਜਾਬ ਵਿਚ ਬੜੀ ਭਾਰੀ ਬਾਰਸ਼ ਹੋਣ ਕਾਰਨ ਕਈ ਥਾਵਾਂ ਤੇ ਦਰਿਆਵਾਂ ਵਿਚ ਅਤੇ ਉਸ ਦੇ ਨਾਲ ਲਗਦੇ ਇਲਾਕਿਆਂ ਵਿਚ, ਕੈਚਮੈਂਟ ਏਰੀਏ ਵਿਚ, ਬਹੁਤ ਸਾਰਾ ਫਲੱ ਸਟੇਟ ਵਾਲੇ ਪਾਸੇ ਆਇਆ। ਇਹ ਬਾਰਸ਼ ਵੈਸੇ ਚੰਗੀ ਸੀ, ਫਾਇਦਾ ਵੀ ਹੋਇਆ ਹੈ, ਲੇਕਿਨ ਇਸ ਦੇ ਨਾਲ ਨਾਲ ਦਰਿਆਵਾਂ ਵਿਚ ਜ਼ਿਆਦਾ ਡਿਸਚਾਰਜ ਹੋਣ ਕਰਕੇ, ਨਾਲਿਆਂ ਵਿਚ ਜ਼ਿਆਦਾ ਪਾਣੀ ਆਉਣ ਕਰਕੇ ਕਾਫੀ ਜਗ੍ਹਾ ਤੋਂ ਬੰਨ੍ਹ ਟੁੱਟ ਗਏ ਅਤੇ ਇਸ ਕਰਕੇ ਕਈ ਥਾਵਾਂ ਤੇ ਬ੍ਰੀਚਾਂ ਆਈਆਂ ਅਤੇ ਕਈ ਜਗ੍ਹਾ ਪਾਣੀ ਬਹੁਤ ਜ਼ਿਆਦਾ ਚਲਾ ਗਿਆ ਹੈ। ਸਭ ਤੋਂ ਜ਼ਿਆਦਾ ਅਮਰ ਗੁਰਦਾਸਪੁਰ, ਹੁਸ਼ਿਆਰਪੁਰ,

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਪੂਰਥਲਾ, ਪਟਿਆਲਾ ਆਦਿ ਜ਼ਿਲ੍ਹਿਆਂ ਨੂੰ ਹੋਇਆ ਹੈ । ਗੁਰਦਾਸਪੁਰ ਜ਼ਿਲ੍ਹੇ ਵਿਚ ਪਾਣੀ ਕਿਰਨ ਨਾਲੇ ਉਤੋਂ ਵੱਗ ਗਿਆ ਹੈ ਅਤੇ ਬਹੁਤ ਸਾਰੇ ਨਾਕੇ ਪੈ ਗਏ। ਨਿਮਾਣੀ ਨਾਲੇ ਨੂੰ 16 ਜੁਲਾਈ, 1980 ਨੂੰ ਬੰਦ ਕੀਤਾ ਗਿਆ । ਇਸ ਜ਼ਿਲ੍ਹੇ ਦੇ ਕੁਲ 114 ਪਿੰਡ ਮੁੱਤਸਰ ਹੋਏ ਹਨ । ਡਿਸਟ੍ਰਿਕਟ ਅਥਾਰਟੀਜ਼ ਅਸੈਸ ਕਰ ਰਹੀਆਂ ਹਨ ਕਿ ਕਿਤਨਾ ਨੁਕਸਾਨ ਹੋਰ ਹੋਇਆ ਹੈ । ਜੋ ਸਾਨੂੰ ਸਰਕਾਰੀ ਇਨਫਰਮੇਸ਼ਨ ਆਈ ਹੈ ਉਸ ਮੁਤਾਬਿਕ 10 ਮੌਤਾਂ ਗੁਰਦਾਸਪੁਰ ਦੇ ਜ਼ਿਲ੍ਹੇ ਵਿਚ ਹੋਈਆਂ ਹਨ ਜਿਨ੍ਹਾਂ ਵਿਚੋਂ 7 ਘਰਾਂ ਦੇ ਡਿਗਣ ਨਾਲ ਹੋਈਆਂ ਹਨ। ਛੱਤਾਂ ਬਹਿ ਗਈਆਂ । ਤਿੰਨ ਡੁੱਬ ਕੇ ਮਰ ਗਏ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਾਣੀ ਮੁਕੇਰੀਆਂ ਦੇ ਸ਼ਹਿਰ ਵਿਚ ਹਿਲੀ ਏਰੀਏ ਵਿਚ ਜ਼ਿਆਦਾ ਬਾਰਸ਼ ਹੋਣ ਕਰਕੇ ਅਤੇ ਸ਼ਾਹ ਨਹਿਰ ਦੇ ਟੁੱਟਣ ਕਰਕੇ ਬਾਹਰਲੇ ਏਰੀਏ ਵਿਚ ਚਲਾ ਗਿਆ ਹੈ। 30, 40 ਪਿੰਡਾਂ ਵਿਚ 8,000 ਤੋਂ 10,000 ਏਕੜ ਏਰੀਏ ਵਿਚ ਫਸਲਾਂ ਦਾ ਨੁਕਸਾਨ ਹੋਇਆ ਹੈ। ਕੱਚੇ ਘਰਾਂ ਦਾ ਮੁਕੇਰੀਆਂ ਦੇ ਕਸਬੇ ਵਿਚ ਨੁਕਸਾਨ ਹੋਇਆ ਹੈ । ਲੋਕਲ ਡੈਮੇਜ ਹੋਇਆ ਹੈ । ਲੋਕਲ ਐਡਮਨਿਸਟਰੇਸ਼ਨ ਨੇ ਦਸਿਆ ਹੈ ਕਿ 6 ਮੌਤਾਂ ਇਸ ਜ਼ਿਲ੍ਹੇ ਵਿਚ ਹੋਈਆਂ ਹਨ । ਤਿੰਨ ਘਰ ਢਹਿਣ ਨਾਲ ਅਤੇ ਤਿੰਨ ਡੁੱਬਣ ਨਾਲ ਮੌਤਾਂ ਹੋਈਆਂ ਹਨ । ਕਪੂਰਥਲੇ ਜ਼ਿਲ੍ਹੇ ਵਿਚ ਬਿਆਸ ਔਰ ਸ਼ਾਹ ਬਦੀਂ ਕਾਰਨ ਜ਼ਿਆਦਾ ਪਾਣੀ ਉਪਰ ਆਇਆ ਔਰ 62 ਪਿੰਡ ਕਪੂਰਥਲੇ ਵਿਚ, 73 ਪਿੰਡ ਸੁਲਤਾਨਪੁਰ ਲੋਧੀ ਵਿਚ ਇਸ ਨਾਲ ਮੁਤੱਸਰ ਹੋਏ ਹਨ। 12 ਕੋਠੇ ਮੁਤੱਸਰ ਹੋਏ ਹਨ। 14,500 ਏਕੜ ਕਾਬਲੇ ਕਾਸ਼ਤ ਜ਼ਮੀਨ ਤੇ ਅਸਰ ਪਿਆ ਹੈ । ਇਕ ਆਦਮੀ ਮਰਨ ਦੀ ਇਤਲਾਹ ਹੈ ਔਰ ਜੋ ਅਸਰ ਜਾਇਦਾਦ ਉਤੇ ਹੋਇਆ ਹੈ ਉਸ ਦੇ ਤਖ਼ਮੀਨੇ ਦੇ ਮੁਤਾਬਿਕ 3,10,000 ਰੁਪਏ ਦਾ ਨੁਕਸਾਨ ਹੈ । ਪਟਿਆਲਾ ਜ਼ਿਲ੍ਹਾ ਵਿਚ ਟਾਂਗਰੀ ਨਾਲੇ ਦੇ ਖੱਬੇ ਪਾਸੇ ਬ੍ਰੀਚ ਹੋਏ ਹਨ। ਮਾਰਕੰਡਾ ਨਾਲੇ ਦੇ ਸੱਜੇ ਪਾਸੇ ਹੋਏ ਹਨ ਜਿਸ ਦਾ ਨਤੀਜਾ ਇਹ ਹੈ ਕਿ 116 ਪਿੰਡਾਂ ਤੇ ਅਸਰ ਪਿਆ ਹੈ। 450 ਕੱਚੇ ਘਰਾਂ ਦਾ ਨੁਕਸਾਨ ਹੋਇਆ ਹੈ, ਤਿੰਨ ਆਦਮੀ ਡੁਬ ਗਏ ਹਨ। 23 ਪਿੰਡਾਂ ਦਾ ਸੁਨਾਮ ਵਿਚ ਘੱਗਰ ਦੀ ਨਹਿਰ ਦੇ ਜ਼ਿਆਦਾ ਉਪਰ ਬਹਿਣ ਨਾਲ ਨੁਕਸਾਨ ਹੋਇਆ ਹੈ ਔਰ ਪੰਦਰਾਂ ਕੱਚੇ ਘਰ ਢੱਠੇ ਔਰ ਕੁਝ ਅੱਧ ਪਚੱਧੇ ਖਰਾਬ ਹੋਏ । ਇਕ ਆਦਮੀ ਮੂਨਕ ਏਰੀਆ ਵਿਚ ਪਾਣੀ ਨਾਲ ਹੜ੍ਹ ਗਿਆ । ਫਿਰੋਜ਼ਪੁਰ ਜ਼ਿਲ੍ਹੇ ਵਿਚ 16 ਪਿੰਡ ਜਿਹੜੇ ਜ਼ੀਰਾ ਤਹਿਸੀਲ ਵਿਚ ਹਨ ਉਨ੍ਹਾਂ ਦਾ ਨੁਕਸਾਨ ਹੋਇਆ ਹੈ। ਇਹ ਬੰਧ ਦੇ ਅੰਦਰ ਹਨ। ਔਰ ਕੁਝ ਨੁਕਸਾਨ ਖੜੀ ਫਸਲ ਦਾ ਹੋਇਆ ਹੈ। ਫਰੀਦਕੋਟ ਜ਼ਿਲ੍ਹੇ ਵਿਚ ਫਲੱਡਜ਼ ਨਾਲ ਨੁਕਸਾਨ ਨਹੀਂ ਹੋਇਆ ਲੇਕਿਨ ਜ਼ਿਆਦਾ ਬਾਰਿਸ਼ ਨਾਲ ਜਿਹੜੇ ਪਿੰਡ ਨੀਵੀਂ ਥਾਂ ਸਨ ਉਨ੍ਹਾਂ ਉਤੇ ਅਸਰ ਹੋਇਆ ਹੈ। ਬਠਿੰਡੇ, ਜਲੰਧਰ, ਲੁਧਿਆਣਾ ਔਰ ਰੋਪੜ ਦੇ ਜ਼ਿਲ੍ਹਿਆਂ ਵਿਚੋਂ ਰਿਪੋਰਟਾਂ ਅਜੇ ਨਹੀਂ ਆਈਆਂ। ਆਫੀਸ਼ੀਅਲ ਰਿਪੋਰਟ ਦੇ ਮੁਤਾਬਿਕ ਸਾਰੀ ਸਟੇਟ ਵਿਚ 21 ਆਦਮੀ ਮਰੇ ਹਨ। ਜਦੋਂ ਪਾਣੀ ਪਿੰਡਾਂ ਦੇ ਵਿਚ ਦਾਖਲ ਹੁੰਦਾ ਹੈ ਤਾਂ ਜਾਨ ਦੀ ਸੇਫਟੀ ਕਰਨੀ ਨਿਹਾਇਤ ਜ਼ਰੂਰੀ ਹੈ। ਇਸ ਤਰ੍ਹਾਂ ਹੀ ਹੁਣ ਜਿਹੜੇ ਫਲੱਡਜ਼ ਆਏ ਹਨ ਜ਼ਿਲ੍ਹੇ ਦੇ ਜਿਹੜੇ ਅਧਿਕਾਰੀ ਹਨ ਉਨ੍ਹਾਂ ਲੋਕਾਂ ਨੂੰ ਜਿਹੜੇ ਪਾਣੀ ਦੇ ਘੇਰੇ ਵਿਚ ਆਏ ਹੋਏ ਸਨ ਕੱਢਣ ਵਾਸਤੇ ਇੰਤਜ਼ਾਮ ਕੀਤਾ ਹੈ। ਬਹੁਤ ਸਾਰੇ ਬੰਦਿਆਂ ਨੇ ਹੋਰ ਕਿਧਰੇ ਜਾਣ ਤੋਂ ਇਨਕਾਰ ਕੀਤਾ ਕਿ ਅਸੀਂ ਅਜੇ ਇਥੋਂ ਨਹੀਂ ਜਾਣਾ ਲੇਕਿਨ ਉਨ੍ਹਾਂ ਲਈ ਰਿਸਕਿਊ ਕਰਨ ਵਾਸਤੇ ਇੰਤਜ਼ਾਮ ਜਾਰੀ ਹਨ । ਹੁਣ ਫਲੱਡਜ਼ ਹਟੇ ਹਨ, ਹੁਣ ਲੋਕਲ ਅਥਾਰਿਟੀਜ਼ ਨੂੰ ਕਿਹਾ ਹੈ ਕਿ ਉਹ ਦੱਸਣ ਕਿ ਉਸ ਅਰਸੇ ਵਿਚ ਕਿਤਨਾ ਸਾਰਾ ਨੁਕਸਾਨ ਹੋਇਆ ਹੈ । ਅਸੀਂ ਇੰਸਟਰੱਕਸ਼ਨਜ਼ ਇਸ਼ੂ ਕਰ ਦਿੱਤੀਆਂ ਹਨ ਕਿ ਤਕਾਵੀ ਲੋਨਜ਼ ਜਿਹੜੇ ਹਨ ਜਿਹੜੇ ਤਾਂ ਸ਼ਾਰਟ ਟਰਮ ਦੇ ਹਨ ਉਨ੍ਹਾਂ ਨੂੰ ਮੀਡੀਅਮ ਟਰਮ ਵਿਚ ਤਬਦੀਲ ਕਰ ਦਿੱਤਾ ਜਾਵੇ ਔਰ ਜਿਹੜੇ ਮੀਡੀਅਮ ਟਰਮ ਦੇ ਹਨ ਉਨ੍ਹਾਂ ਨੂੰ ਅਗਾਂਹ ਕਰ ਦਿੱਤਾ ਜਾਵੇ। (ਥੰਪਿੰਗ) ਇਸ ਬਾਰਿਸ਼ ਆਉਣ ਤੋਂ ਪਹਿਲਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਫਲੱਡਜ਼ ਦੇ ਬਾਰੇ ਇਸ ਗੌਰਮਿੰਟ ਨੇ ਜ਼ਿਲ੍ਹਾ ਪੱਧਰ ਉਤੇ ਆਪਣਾ ਪ੍ਰੋਗਰਾਮ ਬਣਾਇਆ। ਜੇਕਰ ਕੋਈ ਫਲੱਡਜ਼ ਆਉਣ ਤਾਂ ਉਨ੍ਹਾਂ ਨੂੰ ਮੀਟ ਕਰਨ ਵਾਸਤੇ ਉਹ ਸੋਚ ਵਿਚਾਰ ਕਰਦੇ ਰਹਿੰਦੇ ਹਨ। ਸਟੇਟ ਪੱਧਰ ਤੇ ਇਸ ਸਾਲ ਜੂਨ ਦੇ ਮਹੀਨੇ ਵਿਚ ਕੈਂਪ ਲਗਾਏ ਗਏ ਹਨ ਜਿਸ ਵਿਚ 100 ਆਫੀਸ਼ੀਅਲਜ਼ ਨੇ ਟ੍ਰੇਨਿੰਗ ਲਈ ਹੈ ਕਿ ਕਿਸ ਤਰ੍ਹਾਂ ਫਲੱਡਜ਼ ਦੇ ਦੌਰਾਨ ਲੋਕਾਂ ਦੀ ਰਿਸਕਿਊ ਕਰਨੀ ਹੈ, ਉਨ੍ਹਾਂ ਨੂੰ ਬਚਾਉਣਾ ਹੈ। ਸੀਨੀਅਰ ਆਫੀਸਰਜ਼ ਦੇ ਨਾਲ ਚੀਫ਼ ਸੈਕਟਰੀ ਨੇ ਸਟੇਟ ਪੱਧਰ ਦੇ ਤੌਰ ਤੇ ਫੌਜੀ ਮੁਲਾਜ਼ਮਾਂ ਦੇ ਨਾਲ ਐਡਵਾਂਸ ਸਟੈਪਸ ਲਏ ਹਨ ਤਾਂ ਕਿ ਫਲੱਡਜ਼ ਦਾ ਮੁਕਾਬਲਾ ਕੀਤਾ ਜਾਏ। ਜਿਹੜੇ ਪਿੰਡਾਂ ਦਾ ਫਲੱਡਜ਼ ਦੇ ਨਾਲ ਨੁਕਸਾਨ ਹੋਇਆ ਹੈ ਉਨ੍ਹਾਂ ਵਾਸਤੇ ਵੀ ਡਿਪਟੀ ਕਮਿਸ਼ਨਰਜ਼ ਨੇ ਇੰਤਜ਼ਾਮ ਕੀਤਾ ਸੀ ਅੌਰ ਫਲੱਡਜ਼ ਵਾਸਤੇ, ਫਲੱਡਜ਼ ਦਾ ਮੁਕਾਬਲਾ ਕਰਨ ਵਾਸਤੇ, ਲੋਕਾਂ ਨੂੰ ਬਚਾਉਣ ਵਾਸਤੇ ਡੀ.ਸੀਜ਼ ਨੂੰ ਇੰਜਨ ਬੋਟਸ ਦਿੱਤੀਆਂ ਗਈਆਂ ਹਨ ਅੌਰ ਹੋਰ ਇਕੁਇਪਮੈਂਟ ਦਿੱਤਾ ਗਿਆ ਹੈ। ਡਿਸਟ੍ਰਿਕਟ ਲੈਵਲ ਤੇ ਡਿਸਟ੍ਰਿਕਟ ਇਨਸਪੈਕਸ਼ਨ ਕਮੇਟੀ ਨੂੰ, ਇਰੀਗੇਸ਼ਨ ਮਹਿਕਮੇ ਵਾਲੇ ਜਿਹੜੇ ਹਨ ਉਨ੍ਹਾਂ ਨੂੰ ਅੌਰ ਡਰੇਨੇਜ ਵਾਲਿਆਂ ਨੂੰ ਕਿਹਾ ਗਿਆ ਹੈ ਕਿ ਉਹ ਪ੍ਰੀਕਾਸ਼ਨਰੀ ਮੈਥਡਜ਼ ਅਡਾਪਟ ਕਰਨ।

ਮੈਂ ਉਤਨਾਂ ਹੀ ਫਿਕਰਮੰਦ ਹਾਂ ਜਿਤਨੇ ਕਿ ਇਸ ਹਾਊਸ ਦੇ ਮੈਂਬਰ ਹਨ। ਮੇਰੇ ਕੁਲੀਗਜ਼ ਜਿਹੜੇ ਹਨ ਉਨ੍ਹਾਂ ਨੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦਾ ਦੌਰਾ ਕੀਤਾ ਹੈ। ਆਪਣੇ ਆਪਣੇ ਇਲਾਕੇ ਵਿਚ ਹੀ ਇਕੱਲੇ ਨਹੀਂ ਗਏ ਬਲਕਿ ਸਾਰੇ ਜ਼ਿਲ੍ਹਿਆਂ ਨੂੰ ਵੇਖਣ ਗਏ ਹਨ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਹ ਰਿਪੋਰਟ ਕਰਨ ਅੌਰ ਉਨ੍ਹਾਂ ਦੀ ਜਿੱਥੇ ਜਿੱਥੇ ਡਿਊਟੀ ਸੀ ਉਹ ਉਹ ਥਾਵਾਂ ਚੈਕ ਕੀਤੀਆਂ ਹਨ, ਵਿਜ਼ਿਟ ਕੀਤੀਆਂ ਹਨ। ਇਹ ਸਾਰੀ ਸਫਰਿੰਗਜ਼ ਜਿਹੜੀ ਹੈ, ਲੋਕਾਂ ਦਾ ਜਿਹੜਾ ਨੁਕਸਾਨ ਹੋਇਆ ਹੈ, ਉਸ ਨਾਲ ਨਾ ਸਿਰਫ ਅਸੀਂ ਸ਼ੇਅਰ ਹੀ ਕਰਦੇ ਹਾਂ ਬਲਕਿ ਜਿਤਨਾ ਵੀ ਉਨ੍ਹਾਂ ਦਾ ਨੁਕਸਾਨ ਹੋਇਆ ਹੈ ਉਸ ਬਾਰੇ ਵਿਚ ਪਿਛਲੀਆਂ ਸਰਕਾਰਾਂ ਨੇ ਜੋ ਟੀਚੇ ਮੁਕੱਰਰ ਕੀਤੇ ਹੋਏ ਹਨ ਇਹ ਸਰਕਾਰ ਉਨ੍ਹਾਂ ਤੋਂ ਅੱਗੇ ਤਾਂ ਜਾ ਸਕਦੀ ਹੈ, ਪਿੱਛੇ ਜਾਣ ਦਾ ਸਵਾਲ ਨਹੀਂ। ਮੈਂ ਹਾਊਸ ਨੂੰ ਐਸ਼ਿਓਰ ਕਰਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਇਫੈਕਟਿਡ ਲੋਕ ਹਨ ਉਨ੍ਹਾਂ ਦੀ ਅਸੀਂ ਪੂਰੀ ਮੱਦਦ ਕਰਾਂਗੇ।

ਕੱਲ ਕੁਝ ਆਨਰੇਬਲ ਮੈਂਬਰਾਂ ਨੇ ਹਾਊਸ ਵਿਚ ਕੁਝ ਪੁਆਇੰਟ ਉਠਾਏ ਸਨ। ਉਨ੍ਹਾਂ ਬਾਰੇ ਮੈਂ ਮੁਖਤਸਰ ਜਿਹੀ ਅਰਜ਼ ਕਰਨਾ ਚਾਹੁੰਦਾ ਹਾਂ। ਸਰਦਾਰ ਆਤਮਾ ਸਿੰਘ ਜੀ ਨੇ ਕਿਹਾ ਹੈ ਕਿ 80 ਪਿੰਡਾਂ ਵਿਚ ਜਿਹੜੇ ਕਿ ਦਰਿਆ ਬਿਆਸ ਦੇ ਏਰੀਆ ਅੌਰ ਹੁਸੈਨੀ ਬੰਧ ਦੇ ਏਰੀਆ ਦੇ ਕਪੂਰਥਲੇ ਜ਼ਿਲ੍ਹੇ ਦੇ ਹਨ ਉਹ ਬੇਘਰ ਹੋ ਗਏ ਹਨ, ਉਨ੍ਹਾਂ ਦੀ ਰੋਟੀ ਪਾਣੀ ਦਾ ਇੰਤਜ਼ਾਮ ਨਹੀਂ ਕੀਤਾ ਗਿਆ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਨੇ ਆਪ ਜਾ ਕੇ ਵਿਜ਼ਿਟ ਕੀਤਾ ਹੈ ਅੌਰ ਫਲੱਡ ਰਿਲੀਫ ਦਿੱਤੀ ਹੈ। ਦੋ ਮੋਟਰ ਬੋਟ 14 ਤਾਰੀਖ ਨੂੰ ਭੇਜੇ ਗਏ ਅਤੇ ਜਦੋਂ ਪਾਣੀ ਦਾ ਪਤਾ ਲੱਗਿਆ ਕਿ ਉਹ ਚੜ੍ਹ ਗਿਆ ਹੈ ਫਿਰ ਲੰਗਰ ਪ੍ਰੋਵਾਈਡ ਕੀਤਾ ਹੈ ਅੌਰ ਜਿਹੜੇ ਮੁਤੱਲਕਾ ਲੋਕ ਹਨ ਉਨ੍ਹਾਂ ਵਾਸਤੇ 75 ਟੈਂਟ ਆਰਮੀ ਤੋਂ ਰੀਕੁਈਜ਼ੀਸ਼ਨ ਕਰਕੇ ਛਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਸਰਦਾਰ ਹਰਚੰਦ ਸਿੰਘ ਜੀ ਨੇ ਕਿਹਾ ਹੈ ਕਿ ਜਿਹੜਾ ਬੂੜਾ ਗੁੱਜਰ ਪਿੰਡ ਹੈ ਉਥੇ ਆਫੀਸ਼ੀਅਲ ਏਜੰਸੀ ਨੇ ਬੰਧ ਢਾਹ ਦਿੱਤਾ ਹੈ ਅੌਰ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਹ ਬੰਧ ਭਾਵੇਂ ਕੋਈ ਵੀ ਨੁਕਸਾਨ ਨਹੀਂ ਸੀ ਕਰ ਰਿਹਾ ਪਰ ਫਿਰ ਵੀ ਉਸ ਨੂੰ ਢਾਹ ਦਿੱਤਾ ਗਿਆ ਹੈ। ਮੈਨੂੰ ਪਤਾ ਲੱਗਿਆ ਹੈ ਕਿ ਇਹ ਆਰਟੀਫੀਸ਼ੀਅਲ ਬੰਧ ਸੀ ਜਿਹੜਾ ਕਿ ਪਿੰਡ ਵਾਲਿਆਂ ਨੇ

Original with;
Punjab Vidhan Sabha
Digitized by;
Panjab Digital Library

ਬੰਧਿਆ ਸੀ ਅੱਰ ਉਹ ਤਿੰਨ ਪਿੰਡਾਂ ਚੌਤਰਾ, ਝਬੇਲਵਾਲੀ ਤੇ ਛੋਰੇਵਾਲ ਦਾ ਨੁਕਸਾਨ ਕਰ ਰਿਹਾ ਸੀ। ਇਹ ਬੰਧ ਲੋਕਾਂ ਨੇ ਆਰਜ਼ੀ ਤੌਰ ਤੇ ਲਗਾਇਆ ਸੀ। ਕਿਉਂਕਿ ਇਸ ਦੇ ਹੋਣ ਨਾਲ ਤਿੰਨ ਪਿੰਡ ਢਹਿ ਰਹੇ ਸਨ, ਇਸ ਲਈ ਡਿਪਟੀ ਕਮਿਸ਼ਨਰ ਨੇ ਆਪਣੇ ਹੁਕਮ ਨਾਲ ਕਿਹਾ ਕਿ ਇਸ ਆਰਜ਼ੀ ਬੰਧ ਨੂੰ ਹਟਾ ਦਿੱਤਾ ਜਾਵੇ।

ਸਰਦਾਰ ਬਲਦੇਵ ਸਿੰਘ ਖਿਆਲਾ ਜੀ ਨੇ ਕਿਹਾ ਸੀ ਕਿ ਫਲੱਡਜ਼ ਨੇ ਕੈਨਾਲ ਤੋੜ ਦਿੱਤੀ ਹੈ ਅੱਰ ਕੋਈ ਕੰਪੈਨਸੇਸ਼ਨ ਉਨ੍ਹਾਂ ਲੋਕਾਂ ਨੂੰ ਜਿਹੜੇ ਕਿ ਇਸ ਨਾਲ ਇਫੈਕਟ ਹੋਏ ਹਨ ਦਿੱਤਾ ਜਾਵੇਗਾ ਜਾਂ ਨਹੀਂ ਦਿੱਤਾ ਜਾਵੇਗਾ। ਗੌਰਮਿੰਟ ਉਨ੍ਹਾਂ ਲੋਕਾਂ ਨੂੰ ਰਿਲੀਫ ਦਿੰਦੀ ਹੈ ਜਿਨ੍ਹਾਂ ਦੀ ਓਵਰ-ਫਲੋ ਨਾਲ ਜਾਂ ਬ੍ਰੀਚ ਨਾਲ ਜਾਂ ਜ਼ਿਆਦਾ ਬਾਰਸ਼ ਨਾਲ ਨੁਕਸਾਨ ਹੋਇਆ ਹੋਵੇ। ਕਾਮਰੇਡ ਰਾਜ ਕੁਮਾਰ ਜੀ ਨੇ ਅੱਰ ਸ਼੍ਰੀ ਭਗਵਾਨ ਦਾਸ ਜੀ ਨੇ ਕਿਹਾ ਹੈ ਕਿ ਸਪੈਸ਼ਲ ਗਿਰਦਾਵਰੀ ਕੀਤੀ ਜਾਵੇ। ਗੌਰਮਿੰਟ ਦੀਆਂ ਹਦਾਇਤਾਂ ਜਿਹੜੀਆਂ ਸਪੈਸ਼ਲ ਗਿਰਦਾਵਰੀ ਬਾਰੇ ਦਿੱਤੀਆਂ ਗਈਆਂ ਹਨ, ਉਹ ਕਮਿਸ਼ਨਰਜ਼ ਨੂੰ ਦਿੱਤੀਆਂ ਗਈਆਂ ਹਨ ਅੱਰ ਉਹ ਉਨ੍ਹਾਂ ਤੇ ਨਸੈਸਰੀ ਐਕਸ਼ਨ ਲੈ ਰਹੇ ਹਨ। ਕਾਮਰੇਡ ਸਰਵਣ ਸਿੰਘ ਚੀਮਾ ਜੀ ਨੇ ਕਿਹਾ ਸੀ ਕਿ ਸਤਲੁਜ ਦੇ ਕਿਨਾਰੇ ਡਾਊਨ ਸਟ੍ਰੀਮ ਫਿਲੌਰ ਤੋਂ ਲੈ ਕੇ ਲੋਹੀਆਂ ਤਕ ਦੀ ਵੇਖੀ ਜਾਣੀ ਚਾਹੀਦੀ ਸੀ। ਇਥੇ ਮੈਂ ਇਹ ਦਸਾਂਗਾ ਕਿ ਕੋਈ ਬਰੀਚ ਧੁੱਸੀ ਬੰਧ ਵਿਚ ਨਹੀਂ ਹੋਈ ਅੱਰ ਜਿਹੜੇ ਕਿਨਾਰੇ ਹਨ ਉਹ ਸੁਪਰਿਨਟੈਂਡਿੰਗ ਇੰਜੀਨੀਅਰ, ਡਰੇਨੇਜ, ਜਲੰਧਰ ਸਰਕਲ ਦੁਆਰਾ ਵੇਖੇ ਗਏ ਹਨ। ਜਿਹੜਾ ਇਫੈਕਟਿਡ ਪੋਰਸ਼ਨ ਹੈ ਉਸ ਨੂੰ ਪੱਕਾ ਕਰਨ ਲਈ ਸਟੈਪਸ ਲਏ ਗਏ ਹਨ, ਜਿਸ ਨਾਲ ਇਸ ਬੰਧ ਨੂੰ ਪਰੋਟੈਕਟ ਵੀ ਕੀਤਾ ਜਾਵੇ ਅਤੇ ਮਜ਼ਬੂਤ ਵੀ ਬਣਾਇਆ ਜਾਵੇ। ਇਹ ਸਟੈਪਸ ਲਏ ਗਏ ਹਨ।

ਇਥੇ ਸਰਦਾਰ ਗੁਰਬਚਨ ਸਿੰਘ ਚੀਮਾ ਜੀ ਨੇ ਇਹ ਕਿਹਾ ਸੀ ਕਿ ਪਰੋਟੈਕਟਿਵ ਸਟੈਪਸ ਭੰਭੋਤਰ ਅਤੇ ਭੱਟਰ ਖੱਡਜ਼ ਨੂੰ ਬਚਾਉਣ ਵਾਸਤੇ ਲਏ ਜਾਣੇ ਚਾਹੀਦੇ ਹਨ ਕਿਉਂਕਿ ਇਹ ਬਹੁਤ ਖਤਰਨਾਕ ਹਨ। ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਇਨ੍ਹਾਂ ਖੱਡਜ਼ ਦੀ ਕੈਨਾਲਾਈਜੇਸ਼ਨ ਅੱਜੇ ਤਕ ਨਹੀਂ ਹੋਈ ਅੱਰ ਲੋਕਲ ਪਰੋਟੈਕਸ਼ਨ ਦੀ ਜਿਥੇ ਵੀ ਲੋੜ ਹੋਏ, ਲਈ ਜਾਂਦੀ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ ਜੀ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਹਲਕੇ ਦੇ 9 ਪਿੰਡ ਪਾਣੀ ਦੇ ਘੇਰੇ ਵਿਚ ਹਨ ਅੱਰ ਡੈਮੇਜ ਨੂੰ ਰੋਕਣ ਲਈ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ। ਉਨ੍ਹਾਂ ਨੂੰ ਮੈਂ ਸਿਰਫ਼ ਇਹ ਦੱਸਣਾ ਚਾਹੁੰਦਾ ਹਾਂ ਕਿ ਉਥੋਂ ਦੇ ਡਿਪਟੀ ਕਮਿਸ਼ਨਰ ਦੋ ਵਾਰ ਉਨ੍ਹਾਂ ਪਿੰਡਾਂ ਨੂੰ ਵੇਖ ਕੇ ਆਏ ਹਨ ਅੱਰ ਲੋਕਲ ਐਡਮਨਿਸਟਰੇਸ਼ਨ ਨੇ ਕੋਈ ਪਰੋਟੈਕਟਿਵ ਸਟੈਪਸ ਲਏ ਹਨ।

ਸਰਦਾਰ ਬਸੰਤ ਸਿੰਘ ਖਾਲਸਾ ਜੀ ਨੇ ਲੁਧਿਆਣਾ ਜ਼ਿਲ੍ਹੇ ਵਿਚ ਕੁਝ ਡੈਮੇਜ ਹੋਈ ਉਸ ਦੇ ਬਾਰੇ ਜ਼ਿਕਰ ਕੀਤਾ ਸੀ। ਉਥੋਂ ਦੇ ਡੀ. ਸੀ. ਨੇ ਮੌਕੇ ਤੇ ਜਾ ਕੇ ਵੇਖਿਆ ਹੈ। ਹਾਲੇ ਤਕ ਕੋਈ ਡੈਮੇਜ ਉਥੇ ਨਹੀਂ ਹੋਇਆ।

ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਹੜੇ ਫਲੱਡਜ਼ ਹਨ ਇਹ ਕੰਪਲੀਟ ਲੀ ਅਵਾਇਡ ਨਹੀਂ ਕੀਤੇ ਜਾ ਸਕਦੇ। ਵਕਤਨ-ਫ-ਵਕਤਨ ਪਾਣੀ ਜ਼ਿਆਦਾ ਆ ਜਾਂਦਾ ਹੈ ਇਹ ਤਾਂ ਕੁਦਰਤ ਦੇ ਹੱਥ ਹੈ ਪਰ ਮੇਰੀ ਗੌਰਮਿੰਟ ਇਸ ਵਾਸਤੇ ਪੂਰੀ ਅਲੱਰਟ ਹੈ ਅੱਰ ਕਿਤੇ ਵੀ ਅਨਅਵੇਯਰ ਨਹੀਂ ਪਕੜੀ ਜਾਵੇਗੀ। ਸਾਡੀ ਸਰਕਾਰ ਦੀ ਕੋਸ਼ਿਸ਼ ਦੇ ਬਾਵਜੂਦ ਵੀ ਜੇ ਇਨ੍ਹਾਂ ਫਲੱਡਾਂ ਨਾਲ ਕਿਸੇ ਨੂੰ ਕੋਈ ਸਫਰਿੰਗ ਹੋਈ ਹੈ ਤਾਂ ਅਸੀਂ ਲਾਜ਼ਮੀ ਤੌਰ ਤੇ ਉਨ੍ਹਾਂ ਵਿਕਟਮਜ਼ ਦੀ ਸਫਰਿੰਗਜ਼ ਨੂੰ ਦੂਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਰਨ ਦੀ ਕੋਸ਼ਿਸ਼ ਕਰਾਂਗੇ। ਅਸੀਂ ਉਨ੍ਹਾਂ ਲਈ ਪੂਰੇ ਸਿੰਪੇਥਾਈਜ਼ਰਜ਼ ਹਾਂ, ਸਾਡੇ ਵਲੋਂ ਕੋਈ ਢਿੱਲ ਨਹੀਂ ਹੋਵੇਗੀ ਅੱਰ ਜਿਨ੍ਹਾਂ ਦਾ ਕੋਈ ਨੁਕਸਾਨ ਹੋਇਆ ਹੋਵੇਗਾ, ਅਸੀਂ ਉਨ੍ਹਾਂ ਦੀ ਸਹਾਇਤਾ ਕਰਾਂਗੇ।

(ਇਸ ਸਮੇਂ ਬਹੁਤ ਸਾਰੇ ਮਨਿਯੋਗ ਮੈਂਬਰਜ਼ ਇਨਫਰਮੇਸ਼ਨ ਲੈਣ ਲਈ ਖੜੇ ਸਨ)

ਸ਼੍ਰੀ ਸਪੀਕਰ: ਸਟੇਟਮੈਂਟ ਤੋਂ ਬਾਅਦ ਕੋਈ ਡਿਸਕਸ਼ਨ ਨਹੀਂ ਹੋ ਸਕਦੀ। ਹੁਣ ਸ਼੍ਰੀ ਓਮ ਪ੍ਰਕਾਸ਼ ਗੁਪਤਾ ਜੀ ਰੈਜ਼ੋਲਿਊਸ਼ਨ ਮੂਵ ਕਰਨਗੇ। (ਵਿਘਨ)

RESOLUTION REGARDING REGULAR SUPPLY OF RAW MATERIAL AND UNINTERRUPTED ELECTRIC POWER SUPPLY TO THE INDUSTRY IN THE STATE

Shri Om Parkash Gupta (Ludhiana East): Sir, I beg to move—

That this House recommends to the Government to take adequate steps for making the regular supply of raw material and uninterrupted electric power supply to the industry so that industry does not suffer in the Punjab State.

ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ 1947 ਤੋਂ ਪਹਿਲੇ ਪੰਜਾਬ ਵਿਚ ਕੋਈ ਖਾਸ ਇੰਡਸਟਰੀ ਨਹੀਂ ਸੀ (ਵਿਘਨ)

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਸੀ.ਐਮ. ਸਾਹਿਬ ਤੋਂ ਇਨਫਰਮੇਸ਼ਨ ਲੈਣ ਲਈ ਮੰਗ ਕਰ ਰਹੇ ਸਨ ਅਤੇ ਕਈ ਮਾਨਯੋਗ ਮੈਂਬਰਜ਼ ਬਗੈਰ ਪਰਮਿਸ਼ਨ ਦੇ ਬੋਲ ਵੀ ਰਹੇ ਸਨ)

ਸ਼੍ਰੀ ਸਪੀਕਰ: ਗੁਪਤਾ ਜੀ, ਤੁਸੀਂ ਬੋਲੀ ਚਲੋ। (ਵਿਘਨ) ਅੰਡਰ ਰੂਲ 57 ਆਫਟਰ ਸਟੇਟਮੈਂਟ ਡਿਸਕਸ਼ਨ ਨਹੀਂ ਹੋ ਸਕਦੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: 1947 ਤੋਂ ਬਾਅਦ ਪੰਜਾਬ ਵਿਚ 30 ਸਾਲ ਕਾਂਗਰਸ ਦੀ ਸਰਕਾਰ ਰਹੀ। 1947 ਤੋਂ ਬਾਅਦ ਫਿਰ ਜਦੋਂ ਪੰਜਾਬ ਦੀ ਤਕਸੀਮ ਹੋਈ ਤਾਂ .....

11.13 ਸਵੇਰੇ | (ਇਸ ਵੇਲੇ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

1500 ਦੇ ਕਰੀਬ ਪੰਜਾਬ ਵਿਚ ਇੰਡਸਟਰੀਜ਼ ਸਨ ਲੇਕਿਨ 1947 ਤੋਂ 1977 ਤਕ ਦੇ ਦੌਰਾਨ ਪੰਜਾਬ ਵਿਚ 65 ਹਜ਼ਾਰ ਦੇ ਕਰੀਬ ਛੋਟੇ ਵਡੇ ਇੰਡਸਟਰੀਜ਼ ਯੂਨਿਟ ਪੰਜਾਬ ਵਿਚ ਲਗੇ। ਇਸ ਵਿਚ ਬੇਸਿਕ ਮਸ਼ੀਨਰੀ ਬਣਾਉਣ ਵਾਲੀ ਇੰਡਸਟਰੀ, ਵਰਕਸ਼ਾਪਾਂ, ਟੈਕਸਟਾਈਲਜ਼ ਮਿਲਜ਼ ਅਤੇ ਹੋਰ ਕਈ ਇੰਡਸਟਰੀਜ਼ ਪੰਜਾਬ ਵਿਚ ਜਿਹੜੀਆਂ ਲਗੀਆਂ ਉਹ ਵੀ ਸ਼ਾਮਲ ਹਨ। ਮਗਰ, ਡਿਪਟੀ ਸਪੀਕਰ ਸਾਹਿਬ, ਪਿਛਲੇ 3 ਸਾਲਾਂ ਵਿਚ ਇਸ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ। ਮੈਂ ਦੱਸਦਾ ਹਾਂ ਕਿ ਇਨ੍ਹਾਂ 65 ਹਜ਼ਾਰ ਇੰਡਸਟਰੀਅਲ ਯੂਨਿਟਸ ਦੇ ਉਤੇ 150 ਕਰੋੜ ਰੁਪਏ ਦੇ ਕਰੀਬ ਸਰਮਾਇਆ ਲਗਾ ਹੋਇਆ ਹੈ ਅੱਰ 250 ਕਰੋੜ ਰੁਪਏ ਦੇ ਕਰੀਬ ਇਨ੍ਹਾਂ ਤੋਂ ਪਰੋਡਕਸ਼ਨ ਹੁੰਦੀ ਹੈ ਜਿਹੜੀ ਅਸੀਂ ਐਕਸਪੋਰਟ ਵੀ ਕਰਦੇ ਹਾਂ ਅੱਰ ਆਪਣੇ ਦੇਸ਼ ਵਿਚ ਵੀ ਦੂਜੇ ਸਟੇਟਾਂ ਨੂੰ ਵੀ ਭੇਜਦੇ ਹਾਂ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਦਾ ਹਾਂ ਕਿ ਕਿਉਂਕਿ ਪੰਜਾਬ ਸਮੁੰਦਰ ਦੇ ਕਿਨਾਰੇ ਤੋਂ , ਜਿਥੋਂ ਕਿ ਕੱਚਾ ਮਾਲ ਮਿਲਦਾ ਹੈ, ਬਹੁਤ ਦੂਰ ਹੈ ਇਸ ਕਰਕੇ ਇਸ ਦਾ ਖਰਚ ਵੀ ਬਹੁਤ ਹੁੰਦਾ ਹੈ। ਫਿਰ ਵੀ ਸਾਡੇ ਪੰਜਾਬ ਦੇ ਲੋਕਾਂ ਨੇ ਅਤੇ ਸਰਕਾਰ ਨੇ ਮਿਹਨਤ ਕਰਕੇ ਇਥੇ ਇੰਡਸਟਰੀ ਖੜੀ ਕੀਤੀ ਹੈ। ਇਨ੍ਹਾਂ ਮੇਰੇ ਸਾਥੀਆਂ ਨੇ ਜਿਹੜੇ ਸਾਹਮਣੇ ਬੈਠੇ ਹਨ ਆਪਣੇ ਰਾਜ ਵਿਚ

Original with;
Punjab Vidhan Sabha
Digitized by;
Panjab Digital Library

ਕੀ ਕੀਤਾ ..... (ਵਿਘਨ) ਮੈਂ ਰੈਲੇਵੈਂਟ ਹੀ ਬੋਲ ਰਿਹਾ ਹਾਂ। ਮੈਂ ਇਹ ਦੱਸਣ ਲਗਾ ਸੀ ਕਿ 1947 ਤੋਂ ਬਅਦ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਸਾਡੇ ਨਾਲ ਸਨ। ਤੁਸੀਂ ਜਾਣਦੇ ਹੋ ਕਿ ਹਿਮਾਚਲ ਪ੍ਰਦੇਸ਼ ਵਿਚ ਬਹੁਤ ਮਿਨਰਲਜ਼ ਹੁੰਦੇ ਹਨ। ਪਾਣੀ ਵੀ ਕਾਫੀ ਪੈਂਦਾ ਹੈ ਜਿਸ ਨਾਲ ਅਸੀਂ ਬਿਜਲੀ ਪੈਦਾ ਕਰ ਸਕਦੇ ਸੀ ਪਰ ਹੁਣ ਇਹ ਵਖਰੇ ਸੂਬੇ ਬਣਨ ਨਾਲ ਬਿਲਕੁਲ ਬੰਦ ਹੋ ਗਿਆ ਹੈ ਕਿਉਂਕਿ ਦੂਜੀਆਂ ਸਟੇਟਾਂ ਵਾਲਿਆਂ ਨੇ ਸਾਡੇ ਕੋਲੋਂ ਸਿੱਖ ਕੇ ਆਪ ਹੀ ਆਪਣੇ ਸੂਬੇ ਵਿਚ ਕੰਮ ਸ਼ੁਰੂ ਕਰ ਲਿਆ ਹੈ। ਪਿਛਲੇ 3 ਸਾਲਾਂ ਦੇ ਵਿਚ ਇਸ ਸਾਹਮਣੇ ਬੈਠੇ ਦੋਸਤਾਂ ਦੀ ਸਰਕਾਰ ਨੇ ਸ਼ਹਿਰਾਂ ਦੀ ਇੰਡਸਟਰੀ ਵਲ ਪੰਜਾਬ ਵਿਚ ਕੋਈ ਧਿਆਨ ਨਹੀਂ ਦਿੱਤਾ। ਹੋ ਸਕਦਾ ਹੈ ਕਿ ਐਗਰੀਕਲਚਰ ਦੇ ਵਿਚ ਕੁਝ ਧਿਆਨ ਦਿੱਤਾ ਹੋਵੇ ਪਰ ਜੋ ਅੰਕੜੇ ਸਰਕਾਰ ਦੇ ਸਾਨੂੰ ਮਿਲੇ ਹਨ ਉਸ ਦੇ ਮੁਤਾਬਿਕ ਮੈਂ ਦੱਸਣ ਲਗਾ ਹਾਂ ਕਿ ਅੱਜ ਸਾਡੇ ਪੰਜਾਬ ਦੀ ਇੰਡਸਟਰੀ ਵਿਚ ਰਾਅ ਮੈਟੀਰੀਅਲ ਦੀ ਬੜੀ ਕਮੀ ਹੈ ਭਾਵੇਂ ਇਹ ਸਟੀਲ ਹੋਵੇ, ਪਿਗ ਆਇਰਨ ਹੋਵੇ, ਕੋਲ ਹੋਵੇ, ਸੀਮਿੰਟ ਹੋਵੇ, ਕੈਮੀਕਲਜ਼ ਹੋਣ, ਤਾਂਬਾ ਹੋਵੇ, ਪਿਤਲ ਹੋਵੇ, ਹੋਰ ਲੁਬਰੀਕੈਂਟਸ ਹੋਣ, ਜਾਂ ਸੂਤੀ ਊਨੀ ਧਾਗਾ ਹੋਵੇ ਜਾਂ ਪੋਲੇਬੀਨ ਵਗੈਰਾ ਹੋਵੇ ਇਸ ਦੀ ਪੰਜਾਬ ਦੀ ਇੰਡਸਟਰੀ ਨੂੰ ਬੜੀ ਮੁਸ਼ਕਲ ਹੋਈ ਹੈ। ਇਹ ਚੀਜ਼ਾਂ ਬਲੈਕ ਵਿਚ ਮਿਲਦੀਆਂ ਰਹੀਆਂ ਹਨ ਪਰ ਪਿਛਲੀ ਸਰਕਾਰ ਉਨ੍ਹਾਂ ਨੂੰ ਸਪਲਾਈ ਨਹੀਂ ਕਰ ਸਕੀ। ਜਿਹੜੇ ਵਡੇ ਵਡੇ ਇੰਡਸਟਰੀਜ਼ ਵਾਲੇ ਸਨ ਉਹ ਤਾਂ ਸੈਂਟਰ ਤੋਂ ਵੀ ਅਤੇ ਹੋਰ ਵੀ ਬਾਹਰ ਤੋਂ ਇਹ ਮਾਲ ਮੰਗਵਾ ਲੈਂਦੇ ਹਨ ਪਰ ਜਿਹੜੇ ਛੋਟੇ ਛੋਟੇ ਇੰਡਸਟਰੀ ਦੇ ਯੂਨਿਟਸ ਹਨ ਉਨ੍ਹਾਂ ਨੂੰ ਇਹ ਕੱਚਾ ਮਾਲ ਨਹੀਂ ਮਿਲਦਾ। ਮੈਂ ਤੁਹਾਡੇ ਸਾਹਮਣੇ ਸਟੀਲ ਦੀ ਮਿਸਾਲ ਦਿੰਦਾ ਹਾਂ। ਆਇਰਨ ਸਟੀਲ ਦਾ ਲੱਖਾਂ ਟਨ ਮਾਲ ਜਲੰਧਰ, ਬਟਾਲਾ, ਫਗਵਾੜਾ ਆਦਿ ਵਿਖੇ ਬੇਸਿਕ ਇੰਡਸਟਰੀਜ਼ ਨੂੰ ਦਿੱਤਾ ਜਾਂਦਾ ਹੈ ਪਰ ਛੋਟੀ ਇੰਡਸਟਰੀਜ਼ ਨੂੰ ਕੱਚਾ ਮਾਲ ਪੂਰਾ ਨਹੀਂ ਮਿਲਦਾ। ਇਥੇ ਲੋਹੇ ਦੀ ਵੀ ਕਾਫੀ ਖਪਤ ਹੈ ਅਤੇ ਲੋਹਾ ਜਿਹੜਾ ਹੈ ਇਹ ਕੰਟਰੋਲ ਰੇਟ ਤੇ ਨਹੀਂ ਮਿਲਦਾ। ਜਿਹੜੀਆਂ ਬਹੁਤ ਵੱਡੀਆਂ ਇੰਡਸਟਰੀਜ਼ ਹਨ ਉਹ ਤਾਂ ਸੈਂਟਰ ਤੋਂ ਵੀ ਕੋਟਾ ਲੈ ਲੈਂਦੀਆਂ ਹਨ ਅਤੇ ਆਪ ਡਾਇਰੈਕਟ ਵੀ ਕੱਚਾ ਮਾਲ ਮੰਗਵਾ ਸਕਦੀਆਂ ਹਨ ਪਰ ਜਿਹੜੀਆਂ ਛੋਟੀਆਂ ਇੰਡਸਟਰੀਜ਼ ਹਨ ਜਿਹੜੀਆਂ ਕਿ ਪਰੋਡਿਊਸਰ ਤੋਂ ਡਾਇਰੈਕਟ ਕੱਚਾ ਮਾਲ ਨਹੀਂ ਲੈ ਸਕਦੀਆਂ ਉਨ੍ਹਾਂ ਨੂੰ ਜਾਂ ਤਾਂ ਬਲੈਕ ਵਿਚ ਮਾਲ ਲੈਣਾ ਪੈਂਦਾ ਹੈ ਜਾਂ ਉਹ ਸਮਾਲ ਸਕੇਲ ਇੰਡਸਟਰੀਅਲ ਕਾਰਪੋਰੇਸ਼ਨ ਦੀ ਮਾਰਫ਼ਤ ਕੱਚਾ ਮਾਲ ਲੈਂਦੀਆਂ ਹਨ। ਜਿਹੜੀਆਂ ਵੱਡੀਆਂ ਇੰਡਸਟਰੀਆਂ ਵਾਲੇ ਹਨ ਉਨ੍ਹਾਂ ਕੋਲੋਂ ਮਾਲ ਫਾਲਤੂ ਵੀ ਹੁੰਦਾ ਹੈ ਅਤੇ ਉਹ ਇਨ੍ਹਾਂ ਛੋਟੀ ਇੰਡਸਟਰੀਜ਼ ਵਾਲਿਆਂ ਨੂੰ ਬਲੈਕ ਵਿਚ ਵੇਚਦੇ ਹਨ। ਪਿਛਲੀ ਸਰਕਾਰ ਨੇ ਇਸ ਪਾਸੇ ਕਦੇ ਨਹੀਂ ਸੋਚਿਆ। ਜਿਹੜੀ ਸਮਾਲ ਸਕੇਲ ਇੰਡਸਟਰੀਅਲ ਕਾਰਪੋਰੇਸ਼ਨ ਹੈ ਉਹ ਤਾਂ ਹਰ ਸਾਲ 10 ਜਾਂ 15% ਹੀ ਕੱਚਾ ਮਾਲ ਇਨ੍ਹਾਂ ਨੂੰ ਸਪਲਾਈ ਕਰ ਸਕਦੀ ਹੈ ਬਾਕੀ 85% ਤੋਂ 95% ਮਾਲ ਵਾਸਤੇ ਉਹ ਇੰਡਸਟਰੀਜ਼ ਸਟਾਰਵ ਹੋ ਰਹੀਆਂ ਹਨ ਜਿਸ ਕਾਰਨ ਪਰੋਡਕਸ਼ਨ ਘੱਟ ਰਹੀ ਹੈ। ਇਨ੍ਹਾਂ ਚੀਜ਼ਾਂ ਕਰਕੇ ਛੋਟੇ ਕਾਰਖਾਨੇਦਾਰ ਦੁੱਖੀ ਹਨ। ਇਸ ਦੇ ਨਾਲ ਹੀ ਪੰਜਾਬ ਵਿਚ ਲੋਡਿੰਗ ਸ਼ੈਡਿੰਗ ਮਿਲਜ਼ 200 ਦੇ ਕਰੀਬ ਹਨ। ਪਿਛਲੀ ਅਕਾਲੀ ਸਰਕਾਰ ਨੇ ਆਪਣੇ ਢਾਈ, 3 ਸਾਲਾਂ ਦੇ ਦੌਰਾਨ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ।

ਡਿਪਟੀ ਸਪੀਕਰ ਸਾਹਿਬ, ਉਥੇ ਜਿਹੜਾ ਲੋਹਾ ਮਿਲਦਾ ਸੀ, ਉਹ ਨਹੀਂ ਮਿਲਿਆ। ਉਥੇ ਜਿਹੜਾ ਲੋਹਾ ਆਉਂਦਾ ਹੈ, ਉਹ ਕੰਟ੍ਰੋਲ ਰੇਟ ਤੇ ਆਉਂਦਾ ਹੈ, ਉਹ ਲੋਹਾ ਕੰਟ੍ਰੋਲ ਰੇਟ ਤੇ ਇੰਡਸਟਰੀਜ਼ ਨੂੰ ਸਪਲਾਈ ਕਰਨ ਵਾਸਤੇ ਹੁੰਦਾ ਹੈ ਪਰ ਉਹ ਲੋਹਾ ਸਪਲਾਈ ਨਹੀਂ ਕੀਤਾ ਜਾਂਦਾ ਜਿਸ ਕਰਕੇ ਸ਼ਾਰਟੇਜ ਹੋਈ ਹੈ। ਲੋਹੇ ਦਾ ਕੋਟਾ ਸੈਂਟਰ ਵਾਲੇ ਘਟਾ ਦਿੰਦੇ ਹਨ ਜਿਸ ਕਰਕੇ ਇੰਡਸਟਰੀਜ਼ ਨੂੰ ਨੁਕਸਾਨ ਪਹੁੰਚਦਾ ਹੈ। ਛੋਟੀ ਇੰਡਸਟਰੀ ਨੂੰ ਨੁਕਸਾਨ ਹੁੰਦਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਇਸ ਵੱਲ ਦੇਖਣ ਦੀ ਲੋੜ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਕੋਲਾ ਵੀ ਸਾਨੂੰ ਬਿਹਾਰ ਵਿਚੋਂ ਆਉਂਦਾ ਹੈ। ਡਿਪਟੀ ਸਪੀਕਰ ਸਾਹਿਬ, ਕੋਲੇ ਦੀ ਸਪਲਾਈ ਵੀ ਘੱਟ ਹੈ । ਸਾਨੂੰ ਕੋਲਾ ਲਿਆਉਣ ਲਈ ਰੇਲਾਂ ਨਹੀਂ ਮਿਲਦੀਆਂ ਅੌਰ ਟਰੱਕਾਂ ਰਾਹੀਂ ਕੋਲਾ ਲਿਆਉਣਾ ਬਹੁਤ ਮਹਿੰਗਾ ਪੈਂਦਾ ਹੈ। ਇੱਕ ਕੋਲੇ ਦਾ ਟਰੱਕ ਲਿਆਉਣ ਲਈ 5,000 ਰੁਪਿਆ ਕਰਾਇਆ ਲਗਦਾ ਹੈ ਅਤੇ ਬਹੁਤ ਮਹਿੰਗਾ ਪੈਂਦਾ ਹੈ। ਇਸ ਲਈ ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਰੇਲਵੇ ਮਨਿਸਟਰ ਨੂੰ ਮਿਲੋ ਅਤੇ ਗਲਬਾਤ ਕਰੋ ਤਾਕਿ ਸਾਡੀ ਪੰਜਾਬ ਦੀ ਇੰਡਸਟਰੀ ਨੂੰ ਬਚਾਉਣ ਵਾਸਤੇ ਕੋਲੇ ਦਾ ਪ੍ਰਬੰਧ ਜ਼ਿਆਦਾ ਤੋਂ ਜ਼ਿਆਦਾ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਸੀਮਿੰਟ ਬਿਲਕੁਲ ਹੀ ਖ਼ਤਮ ਹੋ ਗਿਆ ਹੈ। ਪਿਛਲੇ ਤਿੰਨ ਚਾਰ ਸਾਲਾਂ ਤੋਂ ਸੀਮਿੰਟ ਦੀ ਕਮੀ ਹੈ। ਸੀਮਿੰਟ, ਇੱਟਾਂ ਅਤੇ ਲੋਹੇ ਤੋਂ ਬਗੈਰ ਇੰਡਸਟਰੀ ਨਹੀਂ ਚਲ ਸਕਦੀ। ਜਿਤਨਾ ਚਿਰ ਸ਼ੈਡ ਨਾ ਬਣਾਓ, ਦਫਤਰ ਨਾ ਬਣਾਓ ਇੰਡਸਟਰੀ ਇਸ ਤੋਂ ਬਗੈਰ ਡਿਵੈਲਪ ਨਹੀਂ ਹੋ ਸਕਦੀ। (ਵਿਘਨ) ਮੇਰੇ ਵੀਰਾਂ ਨੇ ਕਿਹਾ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਪੱਥਰ ਨਹੀਂ ਮਿਲਦੇ (ਵਿਘਨ) (ਸ਼ੋਰ) (ਆਪੋਜ਼ੀਸ਼ਨ ਪਾਰਟੀ ਵਲੋਂ ਵਿਘਨ) ਠੀਕ ਹੈ ਕਿ ਅੱਜ ਅਸੀਂ ਪੰਜਾਬੀ ਸੂਬਾ ਲੈ ਕੇ ਬੈਠੇ ਹਾਂ ਅੌਰ ਅਸੀਂ ਤੁਹਾਡੇ ਨਾਲ ਬੈਠੇ ਹਾਂ ਪਰ ਤੁਸੀਂ ਪੰਜਾਬੀ ਸੂਬਾ ਲੈ ਕੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਵਿਚ ਸਭ ਤੋਂ ਵਡੀ ਜ਼ਰੂਰਤ ਬਿਜਲੀ ਦੀ ਹੈ। ਜੇਕਰ ਸਾਨੂੰ ਰਾਅ ਮੈਟੀਰੀਅਲ ਮਿਲ ਜਾਵੇ ਅਤੇ ਹੋਰ ਚੀਜ਼ਾਂ ਮਿਲ ਜਾਣ ਪਰ ਬਿਜਲੀ ਨਾ ਹੋਵੇ ਜਾਂ ਬਿਜਲੀ ਦੀ ਬਰੇਕ ਡਾਊਨ ਹੁੰਦੀ ਹੋਵੇ ਤਾਂ ਵੀ ਇੰਡਸਟਰੀ ਚਲ ਨਹੀਂ ਸਕਦੀ। ਸਾਰਾ ਕੁਝ ਹੋਵੇ ਜਿਸ ਤਰ੍ਹਾਂ ਸੀਮਿੰਟ, ਲੋਹਾ, ਇੱਟਾਂ ਅਤੇ ਪੈਸਾ ਵੀ ਹੋਵੇ ਪਰ ਇੰਡਸਟਰੀ ਲਈ ਬਿਜਲੀ ਨਾ ਮਿਲੇ ਤਾਂ ਬਿਜਲੀ ਤੋਂ ਬਗੈਰ ਵੀ ਇੰਡਸਟਰੀ ਚਲ ਨਹੀਂ ਸਕਦੀ। ਇੰਡਸਟਰੀ ਨੂੰ ਚਲਾਉਣ ਵਾਸਤੇ, ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਨੂੰ ਜ਼ਿੰਦਾ ਰਖਣ ਵਾਸਤੇ ਬਿਜਲੀ ਸਾਰਿਆਂ ਨਾਲੋਂ ਅਤਿਅੰਤ ਜ਼ਰੂਰੀ ਹੈ । ਬਿਜਲੀ ਇੰਡਸਟਰੀ ਦੀ ਬੇਸਿਕ ਜ਼ਰੂਰਤ ਹੈ। ਜੇਕਰ ਬਿਜਲੀ ਨਾ ਹੋਵੇ ਤਾਂ ਕਾਰਖਾਨੇ ਬੰਦ ਹੋ ਜਾਣਗੇ ਅਤੇ ਲੱਖਾਂ ਮਜ਼ਦੂਰ ਬੇਕਾਰ ਹੋ ਜਾਣਗੇ। ਇਸ ਨਾਲ ਕਾਰਖਾਨੇਦਾਰ ਨੂੰ ਘਾਟਾ ਪਵੇਗਾ ਅਤੇ ਮਜ਼ਦੂਰਾਂ ਨੂੰ ਤਨਖਾਹ ਨਹੀਂ ਮਿਲੇਗੀ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਜ਼ਿਮੀਂਦਾਰਾਂ ਨੂੰ ਜੇਕਰ ਹੜ੍ਹ ਆ ਜਾਣ ਜਾਂ ਸੋਕਾ ਪੈ ਜਾਵੇ ਤਾਂ ਗੌਰਮਿੰਟ ਕੰਪਨਸੇਟ ਕਰਦੀ ਹੈ, ਮੈਂ ਸਮਝਦਾ ਹਾਂ ਕਿ ਜ਼ਿਮੀਂਦਾਰਾਂ ਨੂੰ ਕੰਪਨਸੇਟ ਕਰਨਾ ਚਾਹੀਦਾ ਹੈ, ਇਸ ਨਾਲ ਸਾਨੂੰ ਕੋਈ ਦੁੱਖ ਨਹੀਂ ਹੈ ਪਰ ਇਸ ਦੇ ਨਾਲ ਨਾਲ ਜੇਕਰ ਬਿਜਲੀ ਬੰਦ ਹੋ ਜਾਵੇ ਤਾਂ ਬਿਜਲੀ ਬੰਦ ਹੋਣ ਕਾਰਨ ਜਿਹੜਾ ਘਾਟਾ ਕਾਰਖਾਨੇਦਾਰ ਜਾਂ ਮਜ਼ਦੂਰਾਂ ਨੂੰ ਪੈਂਦਾ ਹੈ ਤਾਂ ਪੰਜਾਬ ਸ਼ਰਕਾਰ ਨੂੰ ਕਾਰਖਾਨੇਦਾਰ ਜਾਂ ਮਜ਼ਦੂਰਾਂ ਨੂੰ ਵੀ ਇਸ ਤਰ੍ਹਾਂ ਨੁਕਸਾਨ ਹੋਣ ਤੇ ਕੰਪਨਸੈਟ ਕਰਨਾ ਚਾਹੀਦਾ ਹੈ। ਇੰਡਸਟਰੀਜ਼ ਵਿਚ ਬਹੁਤ ਕਰਾਈਸਿਜ਼ ਹਨ। ਅਸੀਂ ਦੇਸ਼ ਨੂੰ ਅਗੇ ਨੂੰ ਲੈ ਜਾਣਾ ਹੈ, ਪੰਜਾਬ ਦੀ ਇੰਡਸਟਰੀ ਨੂੰ ਉਤਾਂਹ ਚੁਕਣਾ ਹੈ, ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲ ਕਰਨਾ ਹੈ। ਦੇਸ਼ ਦੇ ਨਾਮ ਤੇ ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ :—

"ਵਤਨ ਵਾਲੇ ਦੁਆ ਮਾਂਗੋ ਵਤਨ ਖੁਸ਼ਹਾਲ ਹੋ ਜਾਏ,
ਗਰੀਬੀ ਦੂਰ ਹੋ' ਹਰ ਸਖਸ਼ ਮਾਲਾ ਮਾਲ ਹੋ ਜਾਏ"

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜਿਹੜਾ ਕਰਾਈਸਿਜ਼ ਇੰਡਟਰੀ ਤੇ ਆਉਂਦਾ ਹੈ ਇਸ ਦੇ ਵਾਸਤੇ ਸਾਨੂੰ ਸਾਰਿਆਂ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ ਇਸ ਨੂੰ

Original with;
Punjab Vidhan Sabha
Digitized by;
Panjab Digital Library

ਪਰਾਇਰਿਟੀ ਬੇਸਿਜ਼ ਤੇ ਅਗੇ ਲਿਆਉਣਾ ਚਾਹੀਦਾ ਹੈ (ਘੰਟੀ) ਸਰਕਾਰ ਨੇ ਡਿਪਟੀ ਸਪੀਕਰ ਸਾਹਿਬ, ਪਿਛਲੇ 30 ਸਾਲਾਂ ਵਿਚ ਅਰਬਾਂ ਰੁਪਏ ਐਗਰੀਕਲਚਰ ਤੇ ਖਰਚ ਕੀਤੇ ਹਨ। ਡਿਪਟੀ ਸਪੀਕਰ ਸਾਹਿਬ, ਟੋਟਲ ਏਰੀਏ ਵਿਚੋਂ ਇਸ ਵੇਲੇ ਨੈਟ ਏਰੀਆ ਸੋਨ (Sown) 84% ਹੋ ਚੁਕੀ ਹੈ, ਫਾਰੈਸਟ ਏਰੀਆ 4%, ਲੈਂਡ ਨਾਟ ਅਵੇਲੇਬਲ ਫਾਰ ਕਲਟੀਵੇਸ਼ਨ 10%, ਫਾਲੋ ਲੈਂਡ (Fallow land) 2% ਅਤੇ ਅਨਕਲਟੀਵੇਟਿਡ ਲੈਂਡ 2% ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰੀਏ ਅਤੇ ਪਿਛਲੀ ਰਫ਼ਤਾਰ ਨੂੰ ਬਰਾਬਰ ਰਖੀਏ, ਉਸ ਦੇ ਲਈ ਤਕਨੀਕ ਲੱਭੀ ਜਾਵੇ। ਅਸੀਂ ਦੇਸ਼ ਵਿਚੋਂ ਬੇਕਾਰੀ ਦੂਰ ਕਰਨੀ ਹੈ। (ਵਿਘਨ) ਜੇ ਪੰਜਾਬ ਵਿਚੋਂ ਬੇਕਾਰੀ ਦੂਰ ਕਰਨੀ ਹੈ, ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਫਿਰ ਸਾਨੂੰ ਇੰਡਸਟਰੀ ਵੱਲ ਧਿਆਨ ਦੇਣਾ ਪਵੇਗਾ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, 10 ਕਰੋੜ ਰੁਪਿਆ ਤੁਸੀਂ ਬਜਟ ਵਿਚ ਇੰਡਸਟਰੀ ਵਾਸਤੇ ਰੱਖਿਆ ਹੈ, ਉਸ ਨਾਲ ਕੀ ਬਣੇਗਾ ? ਡਿਪਟੀ ਸਪੀਕਰ ਸਾਹਿਬ, ਤੁਸੀਂ ਸ਼ਹਿਰਾਂ ਅਤੇ ਦਿਹਾਤੀਆਂ ਦੇ ਵਿਚਕਾਰ ਵਿੱਤਕਰਾ ਨਾ ਪਾਓ। ਦਿਹਾਤ ਦੇ ਲੋਕ ਸ਼ਹਿਰਾਂ ਵਿਚ ਆ ਕੇ ਰਹਿੰਦੇ ਹਨ। ਲੁਧਿਆਣੇ ਦੀ ਪੰਜ ਲੱਖ ਦੀ ਆਬਾਦੀ ਹੋ ਗਈ ਹੈ। ਇਹ ਸਾਡੇ ਵੀਰ ਦਿਹਾਤਾਂ ਵਿਚੋਂ ਹੀ ਆ ਕੇ ਰਹਿਣ ਲਗੇ ਹਨ। ਤੁਸੀਂ ਇਹ ਨਾ ਕਹੋ ਕਿ ਦਿਹਾਤ ਦੀ ਡਿਵੈਲਪਮੈਂਟ ਕਰਨੀ ਹੈ ਅਤੇ ਸ਼ਹਿਰਾਂ ਦੀ ਡਿਵੈਲਪਮੈਂਟ ਨਹੀਂ ਕਰਨੀ ? (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਇਸ ਦੇ ਵਾਸਤੇ ਬਿਜਲੀ ਨੂੰ ਫਸਟ ਪ੍ਰਾਇਰਿਟੀ ਦਿੱਤੀ ਜਾਵੇ । ਰੋਪੜ ਥਰਮਲ ਪਲਾਂਟ ਛੇਤੀ ਤੋਂ ਛੇਤੀ ਤਿਆਰ ਹੋਣਾ ਚਾਹੀਦਾ ਹੈ। ਥੀਨ ਡੈਮ ਬਾਰੇ ਸਾਨੂੰ ਇਹ (ਵਿਰੋਧੀ ਪਾਰਟੀ ਵਲ ਇਸ਼ਾਰਾ) ਪਿਛਲੇ ਢਾਈ ਸਾਲਾਂ ਤੋਂ ਕਹਿ ਰਹੇ ਹਨ ਕਿ ਮਨਜ਼ੂਰੀ ਮਿਲ ਗਈ ਹੈ ਪਰ ਤਕਨੀਕੀ ਮਨਜ਼ੂਰੀ ਰਹਿ ਗਈ ਹੈ, ਮੈਂ ਕਹਿੰਦਾ ਹਾਂ ਕਿ ਥੀਨ ਡੈਮ ਦੀ ਕੋਈ ਮਨਜ਼ੂਰੀ ਅਜੇ ਤਕ ਨਹੀਂ ਮਿਲੀ। (ਵਿਘਨ)

ਇਕ ਆਵਾਜ਼ : 12 ਕਰੋੜ ਰੁਪਿਆ ਫਿਰ ਕਿਥੇ ਖਰਚ ਕੀਤਾ ਗਿਆ ਹੈ ?

ਸ਼੍ਰੀ ਡਿਪਟੀ ਸਪੀਕਰ : ਸੀਟਾਂ ਤੇ ਬੈਠੇ ਬੈਠੇ ਇਸ ਤਰ੍ਹਾਂ ਗਲਾਂ ਨਾ ਕਰੋ।

ਸ਼੍ਰੀ ਚਮਨ ਲਾਲ : ਡਿਪਟੀ ਸਪੀਕਰ ਸਾਹਿਬ, ਇਹ ਮੇਰਾ ਇਲਾਕਾ ਹੈ ਅਤੇ ਮੈਂ ਇਸ ਬਾਰੇ ਥੋੜੀ ਜਿਹੀ ਗੱਲ ਦੱਸਣਾ ਚਾਹੁੰਦਾ ਹਾਂ। (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਬਿਜਲੀ ਦਾ ਕਟੌਲ ਕਰਨ ਵਾਸਤੇ ਅਤੇ ਜ਼ਿਆਦਾ ਬਿਜਲੀ ਪੈਦਾ ਕਰਨ ਵਾਸਤੇ ਪੰਜਾਬ ਬਿਜਲੀ ਬੋਰਡ ਤੇ ਕੰਟ੍ਰੋਲ ਕਰਨਾ ਨਿਹਾਇਤ ਹੀ ਜ਼ਰੂਰੀ ਹੈ। ਪੰਜਾਬ ਬਿਜਲੀ ਬੋਰਡ ਵਲੋਂ ਘਾਟਾ ਵਿਖਾਇਆ ਜਾ ਰਿਹਾ ਹੈ। ਇਹ ਘਾਟਾ ਕਿਉਂ ਬਿਜਲੀ ਬੋਰਡ ਵਲੋਂ ਦਿਖਾਇਆ ਜਾ ਰਿਹਾ ਹੈ ? (ਵਿਘਨ) ਕਿਸੇ ਸਾਲ 50 ਕਰੋੜ ਰੁਪਏ ਦਾ ਘਾਟਾ ਅਤੇ ਕਿਸੇ ਸਾਲ 60 ਕਰੋੜ ਰੁਪਏ ਦਾ ਘਾਟਾ ਬਿਜਲੀ ਬੋਰਡ ਵਲੋਂ ਦਿਖਾਇਆ ਜਾਂਦਾ ਹੈ। ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਜਿਥੇ ਉਹ ਹੋਰ ਪਾਸੇ ਵੀ ਚੈਕਿੰਗ ਕਰ ਰਹੇ ਹਨ, ਉਥੇ ਬਿਜਲੀ ਬੋਰਡ ਨੂੰ ਵੀ ਦੇਖਣ ਦੀ ਜ਼ਰੂਰਤ ਹੈ। ਬਿਜਲੀ ਬੋਰਡ ਵਿਚ ਸਾਰਾ ਮਾਲ ਚੋਰੀ ਹੋ ਜਾਂਦਾ ਹੈ ਜਿਸ ਕਰਕੇ ਬਿਜਲੀ ਬੋਰਡ ਵਿਚ ਘਾਟਾ ਪੈ ਰਿਹਾ ਹੈ। ਅੱਜ ਬਿਲੀ ਬੋਰਡ ਦੀ ਕਪੈਸਿਟੀ 1,384 ਮੈਗਾਵਾਟ ਹੈ। (ਵਿਘਨ) ਬਿਜਲੀ ਦੀ ਚੋਰੀ ਹੋਣ ਕਰਕੇ ਪੰਜਾਬ ਨੂੰ ਬਹੁਤ ਲਾਸ ਹੋ ਰਿਹਾ ਹੈ। ਕਿੰਨਾਂ ਲਾਸ ਹੋ ਰਿਹਾ ਹੈ ? ਪੰਜਾਬ ਵਿਚ ਲਾਸ 20 ਤੋਂ ਲੈ ਕੇ 25% ਤਕ ਹਰ ਸਾਲ ਹੁੰਦਾ ਹੈ ਜਦ ਕਿ ਦੂਜਿਆਂ ਸੂਬਿਆਂ ਵਿਚ ਕਿਸੇ ਵਿਚ 6% ਦਾ ਲਾਸ ਹੁੰਦਾ ਹੈ, ਕਿਸੇ ਵਿਚ 10% ਦਾ ਲਾਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਹੁੰਦਾ ਹੈ ਔਰ ਕਿਸੇ ਵਿਚ 12% ਦਾ ਲਾਸ ਹੁੰਦਾ ਹੈ। ਇਸ ਪਾਸੇ ਅੱਗੇ ਕੋਈ ਧਿਆਨ ਨਹੀਂ ਦਿੱਤਾ ਗਿਆ ਕਿ ਇਹ ਲਾਸ ਕਿਉਂ ਹੋ ਰਹੇ ਹਨ ? ਇੰਡਸਟਰੀ ਵਿਚ ਮੁਲਾਜ਼ਮਾਂ ਨਾਲ ਮਿਲ ਕੇ ਚੋਰੀ ਹੁੰਦੀ ਹੈ। ਐਗਰੀਕਲਚਰ ਵਿਚ ਵੀ ਜਿਥੇ 5 ਹਾਰਸ ਪਾਵਰ ਦੀ ਮੋਟਰ ਸੈਂਕਸ਼ਨ ਹੋਈ ਹੁੰਦੀ ਹੈ, ਉਥੇ 20 ਹਾਰਸ ਪਾਵਰ ਦੀ ਮੋਟਰ ਲਗੀ ਹੋਈ ਹੈ। ਇਹ ਮੋਟਰਾਂ ਡਾਇਰੈਕਟ ਲੱਗਣ ਕਰਕੇ ਇਸ ਵਿਚ ਬਿਲਿੰਗ ਨਹੀਂ ਹੁੰਦੀ ਔਰ ਮਹਿਕਮੇ ਨਾਲ ਮਿਲਕੇ ਚੋਰੀ ਹੁੰਦੀ ਹੈ। ਇਸ ਵਾਸਤੇ ਬਹੁਤ ਜ਼ਰੂਰੀ ਹੈ ਕਿ ਇਸ ਬਿਜਲੀ ਦੀ ਚੋਰੀ ਨੂੰ ਰੋਕਣ ਵਾਸਤੇ ਬਿਜਲੀ ਬੋਰਡ ਦੀ ਕਾਇਆ ਕਲਪ ਕੀਤੀ ਜਾਏ। ਇੰਡੀਅਨ ਇਲੈਕਟ੍ਰਿਸਿਟੀ ਐਕਟ ਦੀ ਅਮੈਂਡਮੈਂਟ ਹੋਣੀ ਚਾਹੀਦੀ ਹੈ। ਇਸ ਵੇਲੇ ਇਸ ਵਿਚ ਕੋਈ ਦਖਲ ਨਹੀਂ ਦੇ ਸਕਦਾ ਪਰ ਇਸ ਵਿਚ ਦਖਲ ਹੋਣਾ ਚਾਹੀਦਾ ਹੈ। ਜੇਕਰ ਬੋਰਡ ਨਾ-ਅਹਿਲ ਹੋਵੇ, ਕੋਈ ਮੈਂਬਰ ਨਾ-ਅਹਿਲ ਹੋਵੇ ਤਾਂ ਬੋਰਡ ਨੂੰ ਤੋੜ ਕੇ ਨਵਾਂ ਬੋਰਡ ਬਣਾਉਣਾ ਚਾਹੀਦਾ ਹੈ। ਇਸ ਦੇ ਲਈ ਇਜਾਜ਼ਤ ਹੋਣੀ ਚਾਹੀਦੀ ਹੈ ਔਰ ਇਲੈਕਟ੍ਰਿਸਿਟੀ ਐਕਟ ਵਿਚ ਅਮੈਂਡਮੈਂਟ ਹੋਣੀ ਚਾਹੀਦੀ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਬਿਜਲੀ ਅੱਜ ਹਰ ਸ਼ੋਭੇ ਵਿਚ ਲਗ ਰਹੀ ਹੈ। ਐਗਰੀਕਲਚਰ ਵਿਚ, ਛੋਟੀ ਇੰਡਸਟਰੀ ਵਿਚ, ਘਰਾਂ ਵਿਚ ਔਰ ਹੋਰ ਜਿਹੜੇ ਛੋਟੇ ਛੋਟੇ ਮੁਰੰਮਤ ਦੇ ਕੰਮ ਹੁੰਦੇ ਹਨ ਵਰਕਸ਼ਾਪ ਵਿਚ ਮੋਟਰਾਂ ਵਾਸਤੇ, ਟਰੈਕਟਰ ਵਰਕਸ਼ਾਪ ਵਾਸਤੇ, ਇਨ੍ਹਾਂ ਸਾਰੀਆਂ ਚੀਜ਼ਾਂ ਵਿਚ ਬਿਜਲੀ ਦਾ ਇਸਤੇਮਾਲ ਹੁੰਦਾ ਹੈ। ਮੇਰੇ ਕੋਲ ਕੁਝ ਅੰਕੜੇ ਹਨ, ਉਸ ਬਾਰੇ ਮੈਂ ਦਸੱਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਤਕਰੀਬਨ 50 ਲੱਖ ਲੋਕਾਂ ਨੂੰ ਕਾਰੋਬਾਰ ਵਿਚ ਖ਼ਤਰਾ ਹੈ, ਕਲਟੀ-ਵੇਟਰਜ਼ ਕੋਈ ਤਕਰੀਬਨ 20 ਲੱਖ ਨੂੰ ਐਗਰੀਕਲਚਰ ਲੇਬਰ ਦੇ ਕੋਈ ਤਕਰੀਬਨ 10 ਲੱਖ ਲੋਕਾਂ ਨੂੰ ਇਥੇ ਮੇਰੇ ਸਾਥੀ ਕਹਿ ਰਹੇ ਸਨ ਕਿ ਬਿਹਾਰ ਔਰ ਯੂ.ਪੀ. ਤੋਂ ਲੇਬਰ ਕਿਉਂ ਆਈ ਹੈ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ ਤੁਹਾਡੇ ਤੋਂ ਕੰਮ ਨਹੀਂ ਹੋਣਾ। ਜੇਕਰ ਉਹ ਲੇਬਰ ਨਾ ਆਈ ਤਾਂ ਜ਼ਮੀਨਾਂ ਖਾਲੀ ਰਹਿ ਜਾਣਗੀਆਂ। ਇਹੀ ਲੇਬਰ ਹੈ ਜਿਹੜੀ ਤੁਹਾਡੀ ਜ਼ਮੀਨਾਂ ਦੀ ਕਾਸ਼ਤ ਕਰ ਰਹੀ ਹੈ। ਤੁਹਾਡੇ ਮੁੰਡੇ ਤਾਂ ਕੋਈ ਇੰਗਲੈਂਡ ਗਿਆ ਹੋਇਆ ਹੈ, ਕੋਈ ਕਲਕੱਤੇ ਫਿਰ ਰਿਹਾ ਹੈ ਔਰ ਕੋਈ ਆਪਣਾ ਕੰਮ ਬੰਬਈ ਚਲਾ ਰਿਹਾ ਹੈ। ਇਹੀ ਲੇਬਰ ਹੈ ਜੋ ਕਿ ਤੁਹਾਡਾ ਐਗਰੀਕਲਚਰ ਦਾ ਕੰਮ ਚਲਾ ਰਹੀ ਹੈ (ਵਿਘਨ)

ਪ੍ਰੋਫੈਸਰ ਬਲਵੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਸਾਰੇ ਕੰਮ ਕਰਨ ਵਾਲਿਆਂ ਦੇ, ਕਿਰਤੀਆਂ ਦੇ ਪੁੱਤਰ ਬਾਹਰ ਗਏ ਹੋਏ ਹਨ (ਵਿਘਨ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਰੇ ਦਿਹਾਤੀ ਮਜ਼ਦੂਰ ਕੰਮ ਕਰਨਾ ਛੱਡ ਗਏ ਹਨ ?

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਦੱਸ ਰਿਹਾ ਸੀ ਕਿ ਕਿਨ੍ਹਾਂ ਕਿਨ੍ਹਾਂ ਨੂੰ ਪੰਜਾਬ ਵਿਚ ਆਪਣੇ ਕਾਰੋਬਾਰ ਨੂੰ ਖ਼ਤਰਾ ਹੈ। ਹਾਊਸ-ਹੋਲਡ ਇੰਡਸਟਰੀ ਦੇ ਡੇਢ ਲੱਖ ਦੇ ਕਰੀਬ, ਮੈਨੂਫੈਕਚਰਿੰਗ ਇੰਡਸਟਰੀ ਤਕਰੀਬਨ 4 ਲੱਖ, ਕਸਟ੍ਰਕਸ਼ਨ ਲੇਬਰ ਦੇ ਤਕਰੀਬਨ 1 ਲੱਖ, ਟਰੇਡ ਐਂਡ ਕਮਰਸ ਦੇ ਕੋਈ 4 ਲੱਖ, ਟਰਾਂਸਪੋਰਟ ਦੇ ਕਈ ਡੇਢ ਲੱਖ ਅਤੇ ਹੋਰ ਸਰਵਿਸਿਜ਼ ਦੇ ਤਕਰੀਬਨ 5 ਲੱਖ ਦੇ ਕਰੀਬ ਲੋਕਾਂ ਨੂੰ ਆਪਣੇ ਕਾਰੋਬਾਰ ਦਾ ਖ਼ਤਰਾ ਹੈ। ਇਹ ਸਾਰੇ ਰਲਾ ਕੇ ਤਕਰੀਬਨ 50 ਲੱਖ ਦੇ ਕਰੀਬ ਹੋ ਜਾਂਦੇ ਹਨ। ਅਗਰ ਇਨ੍ਹਾਂ ਨੂੰ ਬਚਾਉਣਾ ਹੈ, ਇਨ੍ਹਾਂ ਦੀ ਫਰਦਰ ਡਿਵੈਲਪਮੈਂਟ ਕਰਨੀ ਹੈ ਤਾਂ ਇਸ ਦੇ ਵਾਸਤੇ ਪਾਵਰ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਾਵਰ ਨੂੰ ਵਾਰ ਫੁਟਿੰਗ ਤੇ ਡਿਵੈਲਪ ਕਰਨਾ ਚਾਹੀਦਾ ਹੈ ਤਾਕਿ ਸਾਡੇ ਪੰਜਾਬ ਦੀ ਡਿਵੈਲਪਮੈਂਟ ਹੁੰਦੀ ਰਹੇ ਔਰ ਉਸ ਵਿਚ ਕਿਸੇ ਕਿਸਮ ਦੀ ਕੋਈ ਰੁਕਾਵਟ ਨਾ ਆਵੇ।

Original with;
Punjab Vidhan Sabha
Digitized by;
Panjab Digital Library

260 ਕਿਸਮ ਦਆਂ ਵੱਡੀਆਂ ਇੰਡਸਟਰੀਜ਼ ਹਨ ਜਿਨ੍ਹਾਂ ਦਾ ਪੰਜਾਬ ਵਿਚ ਲਗਾਉਣ ਵਾਸਤੇ ਬੜਾ ਸਕੋਪ ਹੈ। ਇਸ ਵਿਚੋਂ 60 ਕਿਸਮ ਦੀਆਂ ਇੰਡਸਟਰੀਜ਼ ਤਾਂ ਪੰਜਾਬ ਵਿਚ ਲਗ ਚੁਕੀਆਂ ਹਨ ਪਰ 200 ਕਿਸਮ ਦੇ ਕਰੀਬ ਹਾਲੇ ਇਥੇ ਇੰਡਸਟਰੀਜ਼ ਲਗਣੀਆਂ ਰਹਿੰਦੀਆਂ ਹਨ। ਜਿਸ ਤਰ੍ਹਾਂ ਕਿ ਇਥੇ ਰੇਜ਼ਰ ਬਲੇਡ ਬਣ ਸਕਦੇ ਹਨ, ਸਟੀਲ ਵਾਇਰ ਰੋਪਸ ਇਥੇ ਬਣ ਸਕਦੇ ਹਨ, ਸਟੀਲ ਸਟ੍ਰਕਚਰ ਫੈਬਰੀਕੇਸ਼ਨ ਇਹ ਪੁਲਾਂ ਆਦਿ ਲਈ ਕੰਮ ਆ ਸਕਦੀ ਹੈ, ਪੈਟ੍ਰੋਲ ਐਂਡ ਕੈਰੋਸੀਨ ਇੰਜਣ, ਇਲੈਕਟ੍ਰੀਕਲ ਇਕੁਇਪਮੈਂਟ, ਇਲੈਕਟ੍ਰਾਨਿਕ ਇਕੁਇਪਮੈਂਟ ਆਦਿ ਇਨ੍ਹਾਂ ਚੀਜ਼ਾਂ ਦੀ ਇੰਡਸਟ੍ਰੀ ਇਥੇ ਲਗ ਸਕਦੀ ਹੈ। ਆਮ ਲੋੜ ਦੀਆਂ ਚੀਜ਼ਾਂ ਜਿਵੇਂ ਕਿ ਟੇਪ ਰਿਕਾਰਡਰਜ਼, ਰਿਕਾਰਡ ਪਲੇਅਰਜ਼ ਵਗੈਰਾ, ਇਹ ਚੀਜ਼ਾਂ ਬਹੁਤ ਜ਼ਰੂਰੀ ਹਨ। ਡਿਵੈਲਪਮੈਂਟ ਦੇ ਨਾਲ ਨਾਲ ਸ਼ੌਕ ਵੀ ਪੂਰਾ ਹੋਣਾ ਚਾਹੀਦਾ ਹੈ। ਮੈਡੀਕਲ ਇਲੈਕਟ੍ਰਾਨਿਕਸ, ਜਿਹੜੀਆਂ ਹੀਅਰਿੰਗ ਏਡਜ਼ ਹਨ, ਇਸ ਬਾਰੇ ਵੀ ਇਥੇ ਪੰਜਾਬ ਵਿਚ ਇੰਡਸਟਰੀ ਲਗ ਸਕਦੀ ਹੈ। ਟ੍ਰੈਕਟਰ ਵੀਲਰਜ਼ ਐਂਡ ਥਿਰੀ ਵੀਲਰਜ਼, ਇੰਡਸਟ੍ਰੀਅਲ ਟਰੱਕਸ, ਆਟੋਮੋਬਾਈਲ ਐਨਸਿਲਰੀ, ਛੋਟੀਆਂ ਕਾਰਾਂ, ਰੈਫਰਿਜਰੇਟਰਜ਼, ਰਿਸਟ ਵਾਚਿਜ਼, ਕੈਮੀਕਲਜ਼, ਟਾਈਪ-ਰਾਈਟਰਜ਼, ਮੈਨ ਮੈਡ ਫੈਬਿਰ, ਸ਼ੂਗਰ ਮਿਲਾਂ, ਕਾਟਨ ਟੈਕਸਟਾਈਲ ਪੇਂਟਸ ਐਂਡ ਵਾਰਨਿਸ਼, ਗਲਾਸਿਜ਼ ਬਣਨ ਦੇ ਕਾਰਖਾਨੇ, ਸੀਮੈਂਟ, ਕਾਰਖਾਨੇ, ਸੀਮੈਂਟ, ਕਰਾਕਰੀ ਆਦਿ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਕਾਰਖਾਨੇ ਇਥੇ ਲਗ ਸਕਦੇ ਹਨ। ਪਰ ਇਨ੍ਹਾਂ ਕਾਰਖਾਨਿਆਂ ਵਾਸਤੇ ਬਿਜਲੀ ਜ਼ਿਆਦਾ ਤੋਂ ਜ਼ਿਆਦਾ ਪੈਦਾ ਕੀਤੀ ਜਾਣੀ ਚਾਹੀਦੀ ਹੈ। ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ 14 ਲੈਟਰਜ਼ ਆਫ ਇੰਟੈਂਟਸ ਲਿਆਂਦੇ ਸਨ ਪਰ ਅਕਾਲੀ ਸਰਕਾਰ ਨੇ ਉਨ੍ਹਾਂ ਵਿਚੋਂ ਇੱਕ ਦਾ ਵੀ ਇਸਤੇਮਾਲ ਨਹੀਂ ਕੀਤਾ ਅੱਤੇ ਉਹ ਸਾਰੇ ਦੇ ਸਾਰੇ ਖ਼ਤਮ ਹੋ ਗਏ। ਇਥੇ ਇਨ੍ਹਾਂ ਵਲੋਂ (ਵਿਰੋਧੀ ਪਾਰਟੀ ਵਲ ਇਸ਼ਾਰਾ) ਕੋਈ ਵੀ ਇੰਡਸਟਰੀ ਨਹੀਂ ਲਗਾਈ ਗਈ। ਜਿਹੜੇ ਕਾਂਗਰਸ ਸਰਕਾਰ ਨੇ ਲੈਟਰਜ਼ ਆਫ ਇੰਟੈਂਟਸ ਲਿਆਂਦੇ ਸਨ ਉਹ ਅਕਾਲੀ ਸਰਕਾਰ ਨੇ ਸਾਰੇ ਦੇ ਸਾਰੇ ਵਾਪਸ ਕਰ ਦਿੱਤੇ ਅੱਤੇ ਇੰਡਸਟਰੀ ਵਲ ਕੋਈ ਧਿਆਨ ਨਹੀਂ ਦਿੱਤਾ। ਜੇਕਰ ਦੇਸ਼ ਨੂੰ ਖੁਸ਼ਹਾਲ ਬਣਾਉਣਾ ਚਾਹੁੰਦੇ ਹੋ ਤਾਂ ਇਥੇ ਇੰਡਸਟਰੀ ਵਲ ਧਿਆਨ ਦੇਣ ਦੀ ਲੋੜ ਹੈ।

30 ਮਹੀਨੇ ਇਥੇ ਅਕਾਲੀਆਂ ਦਾ ਰਾਜ ਰਿਹਾ, ਇਹ ਬਹੁਤ ਰੌਲਾ ਪਾਉਂਦੇ ਰਹੇ ਕਿ ਬਹੁਤ ਕੁਝ ਕੀਤਾ ਹੈ, ਗਲਤ ਕਿਸਮ ਦਾ ਪਰਚਾਰ ਕਰਦੇ ਰਹੇ ਪਰ ਲਾਅ ਐਂਡ ਆਰਡਰ ਅੱਤੇ ਦੂਸਰੀਆਂ ਚੀਜ਼ਾਂ ਦਾ ਜੋ ਅੱਜ ਇਥੇ ਹਾਲ ਹੈ ਉਹ ਸਾਰਿਆਂ ਨੂੰ ਪਤਾ ਹੈ। (ਵਿਘਨ) ਮੈਂ ਇੰਡਸਟਰੀਜ਼ ਦੀ ਗਲ ਕਰ ਰਿਹਾ ਸੀ ਕਿ ਇੰਡਸਟਰੀ ਥਲੇ ਨੂੰ ਕਿਉਂ ਗਈ ? ਇਥੇ ਛੋਟੀਆਂ ਛੋਟੀਆਂ ਗਲਾਂ ਤੇ ਕਤਲੇ ਆਮ ਹੋਇਆ ਹੈ ਅੱਤੇ ਕੋਈ ਰੋਕ ਨਹੀਂ ਲਗਾਈ ਗਈ :—

'ਮੇਰੇ ਮਜਰੂਹ ਕਾਰਵਾਂ ਕੀ ਦਾਸਤਾਨ ਹੈ ਯੇ,
ਕਿ ਰਹਿਬਰ ਨੇ ਮਿਲ ਕੇ ਲੂਟ ਲੀਆ ਰਾਹਜ਼ਨ ਕੇ ਸਾਥ'

ਸੂਬੇ ਦੀ ਹਾਲਤ ਖਰਾਬ ਹੋ ਗਈ। ਅਸੀਂ ਇੱਕ ਹਾਂ, ਦੇਸ਼ ਇੱਕ ਹੈ ਪਰ ਇਹ ਕਹਿੰਦੇ ਹਨ ਕਿ ਬਿਹਾਰ ਅੱਤੇ ਯੂ.ਪੀ. ਤੋਂ ਲੇਬਰ ਕਿਉਂ ਆਉਂਦੀ ਹੈ ? ਇਹੋ ਜਿਹੀਆਂ ਗਲਾਂ ਦੇਸ਼ ਦੀ ਤਰੱਖੀ ਵਿਚ ਰੁਕਾਵਟ ਪਾਉਂਦੀਆਂ ਹਨ। ਆਜ਼ਾਦੀ ਇਸ ਵਾਸਤੇ ਨਹੀਂ ਲਈ ਸੀ ਕਿ ਅਸੀਂ ਆਪਸ ਵਿਚ ਲੜਦੇ ਰਹੀਏ। ਬੜੀਆਂ ਬੜੀਆਂ ਕੁਰਬਾਨੀਆਂ ਕਰਕੇ ਆਜ਼ਾਦੀ ਲਈ ਹੈ।

'ਵਤਨ ਕੇ ਸਤਫਰੋਸ਼ੋਂ ਕੀ ਕਹਾਨੀ ਯਾਦ ਹੈ ਹਮਕੋ,
ਸ਼ਹੀਦੋਂ ਖੀ ਹੈ ਆਜ਼ਾਦੀ ਨਿਸ਼ਾਨੀ ਯਾਦ ਹੈ ਹਮਕੋ,

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਅਸੀਂ ਆਜ਼ਾਦੀ ਨੂੰ ਪਿਆਰ ਨਾਲ ਕਾਇਮ ਰੱਖਣਾ ਹੈ ਤਾਕਿ ਵਤਨ ਨੂੰ ਮਜ਼ਬੂਤ ਕਰੀਏ । ਮੈਨੂੰ ਇਹ ਕਹਿਦੇ ਹੋਏ ਬੜੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਸਾਡੇ ਵਤਨ ਦੀ ਲੀਡਰਸ਼ਿਪ ਸ਼੍ਰੀਮਤੀ ਇੰਦਰਾ ਗਾਂਧੀ ਦੇ ਹੱਥਾਂ ਵਿਚ ਹੈ। ਸਾਨੂੰ ਆਸ ਹੈ ਕਿ ਪੰਜਾਬ ਉਨ੍ਹਾਂ ਦੀ ਲੀਡਰ-ਸ਼ਿਪ ਹੇਠ ਬਹੁਤ ਜ਼ਿਆਦਾ ਤਰੱਕੀ ਕਰੇਗਾ। ਮੈਂ ਕਹਿੰਦਾ ਹਾਂ ਕਿ :

'ਇੰਦਰਾ ਗਾਂਧੀ ਦੇਸ਼ ਦੀ ਲੀਡਰ., ਇੰਦਰਾ ਸਾਡੀ ਆਨ,
ਇਸ ਦੇ ਹੁੰਦੇ ਹੋਏ ਕੋਈ ਲੁੱਟ ਨਹੀਂ ਸਕਦਾ ਦੇਸ਼ ਸਾਡੇ ਦੀ ਸ਼ਾਨ' ।
(ਤਾੜੀਆਂ)

ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਜ਼ਿਆਦਾ ਨਾ ਕਹਿੰਦਾ ਹੋਇਆ ਸਰਦਾਰ ਦਰਬਾਰਾ ਸਿੰਘ ਜੀ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਰੇ ਕਾਂਗਰਸ ਪਾਰਟੀ ਦੇ ਐਮ. ਐਲ. ਏਜ਼ ਉਨ੍ਹਾਂ ਦੇ ਨਾਲ ਹਨ, ਹੋਰ ਸਾਥੀ ਵੀ, ਉਨ੍ਹਾਂ ਦੇ ਨਾਲ ਹਨ, ਮੈਨੂੰ ਉਮੀਦ ਹੈ ਕਿ ਅਕਾਲੀ ਸਾਥੀ ਵੀ ਉਨ੍ਹਾਂ ਨੂੰ ਮੌਕਾ ਦੇਣਗੇ ਤਾਕਿ ਅਸੀਂ ਸਾਰੇ ਪੰਜਾਬ ਦੀ ਤਰੱਕੀ ਕਰ ਸਕੀਏ, ਅਸੀਂ ਸਾਰੇ ਉਨ੍ਹਾਂ ਦੇ ਨਾਲ ਹਾਂ ਇਸ ਲਈ ਉਹ ਸੈਂਟਰ ਦੀ ਸਰਕਾਰ ਨਾਲ ਇਸ ਬਾਰੇ ਗੱਲ ਕਰਨ। ਸੈਂਟਰ ਨੇ 14 ਸੌ ਕਰੋੜ ਰੁਪਿਆ ਅਗਲੀ ਛੇਵੀਂ ਪਲਾਨ ਦੇ ਅੰਦਰ ਬਿਜਲੀ ਪੈਦਾ ਕਰਨ ਵਾਸਤੇ ਰੱਖਿਆ ਹੈ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਰੁਪਿਆ ਬਿਜਲੀ ਪੈਦਾ ਕਰਨ ਵਾਸਤੇ ਸੈਂਟਰ ਤੋਂ ਲਿਆਈਏ। ਇਨ੍ਹਾਂ ਸ਼ਬਦਾਂ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ।

Mr. Deputy Speaker Motion moved—

That this House recommends to the Government to take adequate steps for making the regular supply of raw material and uninterrupted electric power supply to the industry so that industry does not suffer in the Punjab State.

ਸ਼੍ਰੀ ਚਮਨ ਲਾਲ : ** ** **

Mr. Deputy Speaker: This is no point of order.

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ। ਮੇਰੇ ਤੋਂ ਪਹਿਲਾਂ ਗੁਪਤਾ ਜੀ ਨੇ ਇੰਡਸਟਰੀ ਦੀ ਗੱਲ ਕੀਤੀ ਹੈ। ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇੰਡਸਟਰੀ ਲਈ ਅਸੀਂ ਵੀ ਉਤਨੇ ਹੀ ਚਿੰਤੁਤ ਹਾਂ ਜਿੰਨੇ ਇਹ ਚਿੰਤੁਤ ਹਨ। ਇਸ ਵਿਚ ਜਿੰਨੀ ਇਹ ਦਿਲਚਸਪੀ ਰੱਖਦੇ ਹਨ ਉਤਨੀ ਹੀ ਅਸੀਂ ਵੀ ਦਿਲਚਸਪੀ ਰੱਖਦੇ ਹਾਂ। ਮੈਂ ਕਿਸੇ ਸਰਕਾਰ ਤੇ, ਭਾਵੇਂ ਉਹ ਪਹਿਲੀ ਸਰਕਾਰ ਸੀ ਅਤੇ ਭਾਵੇਂ ਕੋਈ ਹੋਰ ਸਰਕਾਰ ਹੋਵੇ, ਨੁਕਤਾਚੀਨੀ ਨਹੀਂ ਕਰਨੀ ਚਾਹੁੰਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਹਿੱਤਾਂ ਦੀ ਗੱਲ ਕਰਨੀ ਚਾਹੀਦੀ ਹੈ ਭਾਵੇਂ ਇੰਡਸਟਰੀ ਦੀ ਗੱਲ ਹੋਵੇ ਅਤੇ ਭਾਵੇਂ ਖੇਤੀਬਾੜੀ ਦੀ ਗੱਲ ਹੋਵੇ, ਇਨ੍ਹਾਂ ਦੇ ਵਿਕਾਸ ਲਈ ਗੱਲ ਕਰਨੀ ਚਾਹੀਦੀ ਹੈ। ਪੰਜਾਬ ਦੇ ਹਿੱਤ ਦੀ ਗੱਲ ਕਰਨੀ ਚਾਹੀਦੀ ਹੈ ਅਤੇ ਇਸ ਉਤੇ ਮੈਂ ਕਿੰਤੂ ਨਹੀਂ ਕਰਨਾ ਚਾਹੁੰਦਾ । ਨਾ ਹੀ ਇਸ ਉਤੇ ਕੋਈ ਟੀਕਾ ਟਿਪਣੀ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮਿਹਣੇਬਾਜ਼ੀ ਵੀ ਨਹੀਂ ਹੋਣੀ ਚਾਹੀਦੀ। ਮੇਰੇ ਤੋਂ ਪਹਿਲਾਂ ਗੁਪਤਾ ਜੀ ਬੋਲੇ ਹਨ, 'ਉਹ ਲੁਧਿਆਣਾ ਸ਼ਹਿਰ ਵਿਚੋਂ ਕਾਮਯਾਬ ਹੋ ਕੇ ਆਏ ਹਨ, ਮੇਰਾ ਖਿਆਲ ਸੀ ਕਿ ਉਹ ਲੁਧਿਆਣਾ ਦੇ ਬਾਰੇ ਕੋਈ ਚੰਗੀ ਗੱਲ ਕਰਨਗੇ ਪਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ ਨਹੀਂ ਕੀਤੀ। (ਵਿਘਨ) ਪੰਜਾਬ ਵਿਚ ਲੁਧਿਆਣਾ, ਬਟਾਲਾ, ਜਲੰਧਰ, ਫਗਵਾੜਾ, ਗੁਰਾਇਆ ਆਦਿ ਸ਼ਹਿਰਾਂ ਵਿਚ ਇੰਡਸਟਰੀ ਲੱਗੀ ਹੋਈ ਹੈ। (ਵਿਘਨ) ਸਾਡੇ ਕੋਲ ਕਾਫੀ ਇੰਡਸਟਰੀ ਨਹੀਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸੈਂਟਰ ਵਿਚ ਜਾਕੇ ਮਿਲੇ ਸੀ ਕਿ ਸਾਨੂੰ ਵੱਡੀ ਇੰਡਸਟਰੀ ਦਿਓ ਪਰ ਸੈਂਟਰ ਨੇ ਸਾਡੀ ਇਹ ਗੱਲ ਨਹੀਂ ਮੰਨੀ। 21 ਸੂਬਿਆਂ ਵਿਚ ਵੱਡੀ ਇੰਡਸਟਰੀ ਹੈ ਇਸੇ ਤਰ੍ਹਾਂ ਹੀ ਅਸੀਂ ਵੀ ਪੰਜਾਬ ਵਿਚ ਵੱਡੀ ਇੰਡਸਟਰੀ ਦੀ ਮੰਗ ਕਰਦੇ ਹਾਂ। ਅਸੀਂ ਇਹ ਵੀ ਮੰਗ ਕਰਦੇ ਰਹੇ ਕਿ ਸਾਡੀ ਇੰਡਸਟਰੀ ਲਈ ਰਾਅ ਮੈਟੀਰੀਅਲ ਨਹੀਂ ਮਿਲਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜਦ ਪਾਰਲੀਮੈਂਟ ਦੇ ਮੈਂਬਰ ਸਾਂ ਤਾਂ ਡੈਪੂਟੇਸ਼ਨ ਲੈ ਕੇ ਕੇਂਦਰੀ ਮੰਤਰੀ, ਸ਼੍ਰੀ ਬਿਜੂ ਪਟਨਾਇਕ, ਕੋਲ ਗਏ ਸੀ ਕਿ ਸਾਡੀ ਇੰਡਸਟਰੀ ਤਬਾਹ ਹੋ ਰਹੀ ਹੈ ਉਸ ਨੂੰ ਬਚਾਓ। ਅਸੀਂ ਇਹ ਵੀ ਕਿਹਾ ਕਿ ਲੁਧਿਆਣਾ ਜਿਸ ਨੂੰ ਅਸੀਂ ਪੰਜਾਬ ਦਾ ਮਾਨਚੈਸਟਰ ਕਹਿੰਦੇ ਹਾਂ ਉਹ ਇਕੱਲਾ ਹੀ 70 ਕਰੋੜ ਰੁਪਏ ਦੀ ਫਾਰੇਨ ਐਕਸਚੇਂਜ ਲੈ ਕੇ ਸਾਨੂੰ ਦਿੰਦਾ ਹੈ। ਪਰ ਰਾਅ ਮੈਟੀਰੀਅਲ ਦੀ ਥੁੜ੍ਹ ਬਹੁਤ ਹੈ। ਇਸ ਤਰ੍ਹਾਂ ਅਸੀਂ ਕਿਹਾ ਕਿ ਸਾਨੂੰ ਰਾਅ-ਮੈਟੀਰੀਅਲ ਦਿਓ। (ਵਿਘਨ) ਇਕੱਲੇ ਲੋਹੇ ਨਾਲ ਹੀ ਗੱਲ ਨਹੀਂ ਬਣਨੀ। ਇਥੇ ਗੁਪਤਾ ਜੀ ਨੇ ਬਿਜਲੀ ਦੀ ਸ਼ਾਰਟੇਜ ਦੀ ਗੱਲ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਬਿਜਲੀ ਦੀ ਬੜੀ ਸ਼ਾਰਟੇਜ ਹੈ। ਇੰਡਸਟਰੀ ਵਾਸਤੇ ਵੀ ਤੇ ਖੇਤੀਬਾੜੀ ਵਾਸਤੇ ਵੀ ਬਿਜਲੀ ਘੱਟ ਮਿਲਦੀ ਹੈ। ਖੇਤੀਬਾੜੀ ਵੀ ਇੰਡਸਟਰੀ ਹੈ। ਉਸ ਵਾਸਤੇ 8--10 ਘੰਟੇ ਬਿਜਲੀ ਮਿਲਦੀ ਹੈ ਜੋ ਕਿ ਬਹੁਤ ਥੋੜ੍ਹੀ ਹੈ। ਬਿਜਲੀ ਦੀ ਸ਼ਾਰਟੇਜ ਹੋਣ ਕਰਕੇ ਟਿਊਬਵੈਲ ਨਹੀਂ ਚਲਦੇ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਥੀਨ ਡੈਮ ਬਾਰੇ ਜਿਹੜੀ ਗਲ ਕੀਤੀ ਗਈ ਹੈ, ਬੜੀ ਅੱਛੀ ਗਲ ਹੈ ਕਿਉਂਕਿ ਪਾਕਿਸਤਾਨ ਨੂੰ ਕਰੋੜਾਂ ਰੁਪਏ ਦਾ ਪਾਣੀ ਚਲਾ ਜਾਂਦਾ ਸੀ ਇਸ ਕਰਕੇ ਅਸੀਂ ਵੀ ਕਹਿੰਦੇ ਸੀ ਕਿ ਥੀਨ ਡੈਮ ਬਣਾਉਣਾ ਚਾਹੀਦਾ ਹੈ। ਇਸ ਦੀ ਥੋੜ੍ਹੀ ਬਹੁਤ ਮਨਜ਼ੂਰੀ ਮਿਲ ਗਈ ਹੈ। ਪਰ ਇਸ ਵਾਸਤੇ ਇਹ ਜਿਹੜਾ 12 ਕਰੋੜ ਰੁਪਿਆ ਰੱਖਿਆ ਗਿਆ ਹੈ ਇਹ ਬਹੁਤ ਥੋੜ੍ਹਾ ਹੈ। ਇਸ ਵਾਸਤੇ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਕਹਾਂਗਾ ਕਿ ਇਹ ਘੱਟ ਰੁਪਿਆ ਹੈ, ਹੋਰ ਰੁਪਿਆ ਅਲਾਟ ਕੀਤਾ ਜਾਵੇ। ਫਿਰ ਇਨ੍ਹਾਂ ਨੇ ਇਹ ਗੱਲ ਕਹੀ ਕਿ ਜੇ ਹੋਰ ਲੋੜ ਪਵੇਗੀ ਤਾਂ ਕਰਾਂਗੇ ਪਰ ਮੈਂ ਕਹਿੰਦਾ ਹਾਂ ਕਿ ਐਡਾ ਵੱਡਾ ਪ੍ਰਾਜੈਕਟ ਹੋਵੇ ਅਤੇ ਇਹ ਕਹਿੰਦੇ ਹਨ ਕਿ ਅਸੀਂ ਵਾਰ ਫੂੱਟਿੰਗ ਤੇ ਕੰਮ ਕਰਾਂਗੇ ਪਰ ਪੈਸਾ ਇਸ ਵਾਸਤੇ ਸਿਰਫ 12 ਕਰੋੜ ਰੁਪਿਆ ਹੀ ਰੱਖਿਆ ਹੈ, ਇਹ ਠੀਕ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜ਼ਿਆਦਾ ਰੁਪਿਆ ਲਗਾ ਕੇ ਇਸ ਨੂੰ ਛੇਤੀ ਤੋਂ ਛੇਤੀ ਕੰਪਲੀਟ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਟਾਈਮ ਵਿਚ ਵੀ ਉਥੇ ਕੁਝ ਹੋਇਆ ਸੀ ਜਿਹੜੇ ਅੱਜ ਇਹ ਇਸ ਕਿਸਮ ਦੀਆਂ ਗੱਲਾਂ ਕਰ ਰਹੇ ਹਨ ?

ਸਰਦਾਰ ਖੈਰਾ ਸਿੰਘ ਖਾਲਸਾ : ਮੈਂ ਕਿਸੇ ਤੇ ਨੁਕਤਾਚੀਨੀ ਨਹੀਂ ਕੀਤੀ। ਮੈਂ ਕਹਾਂਗਾ ਕਿ ਇਸ ਨੂੰ ਛੇਤੀ ਤੋਂ ਛੇਤੀ ਕੰਪਲੀਟ ਕੀਤਾ ਜਾਵੇ। ਥਰਮਲ ਪਲਾਂਟ, ਰੋਪੜ ਨੂੰ ਵੀ ਛੇਤੀ ਤੋਂ ਛੇਤੀ ਬਣਾਇਆ ਜਾਵੇ। ਬਠਿੰਡਾ ਥਰਮਲ ਪਲਾਂਟ ਦਾ ਖਾਸ ਖਿਆਲ ਰੱਖਿਆ ਜਾਵੇ। ਬਿਜਲੀ ਦੀ ਸ਼ਾਰਟੇਜ ਬਹੁਤ ਹੈ, ਬਿਜਲੀ ਤੋਂ ਬਗੈਰ ਕੋਈ ਕਾਰਖਾਨਾ ਨਹੀਂ ਲੱਗਣਾ ਅਤੇ ਚਾਲੂ ਹੋਣਾ। ਜੇ ਰਾਅ-ਮੈਟੀਰੀਅਲ ਮਿਲ ਜਾਵੇ ਤਾਂ ਉਹ ਬਿਜਲੀ ਤੋਂ ਬਗੈਰ ਐਵੇਂ ਹੀ ਪਿਆ ਰਹਿਣਾ ਹੈ। ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਰਾਅ-ਮੈਟੀਰੀਅਲ ਵਿਚ ਵੀ ਨਿਗਰਾਨੀ ਰੱਖਣ ਦੀ ਲੋੜ ਹੈ। ਜਿਹੜੇ ਵੱਡੇ ਵੱਡੇ ਕਾਰਖਾਨੇਦਾਰ ਹਨ ਉਹ ਰਾਅ-ਮੈਟੀਰੀਅਲ ਵੇਚ ਦਿੰਦੇ ਹਨ। ਲੁਧਿਆਣਾ ਵਿਚ ਛੋਟੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਛੋਟੇ ਕਾਰਖਾਨੇਦਾਰ ਵੱਡੇ ਵੱਡੇ ਕਾਰਖਾਨੇਦਾਰਾਂ ਤੋਂ ਬਲੈਕ ਵਿਚ ਖਰੀਦਦੇ ਹਨ। ਇਸ ਚੀਜ਼ ਨੂੰ ਰੋਕਣ ਲਈ 1972 ਵਿਚ ਇਕ ਕਮੇਟੀ ਬਣੀ ਸੀ। ਗਿਆਨੀ ਜ਼ੈਲ ਸਿੰਘ ਨੇ ਉਸ ਕਮੇਟੀ ਵਿਚ ਫੈਸਲਾ ਕੀਤਾ ਸੀ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਆਦਿ ਵਿਚ ਜਿਹੜੇ ਲੋਕ ਝੂਠੇ ਕੇਟੇ ਲੈਂਦੇ ਹਨ ਉਨ੍ਹਾਂ ਨੂੰ ਬਲੈਕ ਲਿਸਟ ਕੀਤਾ ਜਾਵੇ। ਇਸ ਤਰ੍ਹਾਂ ਇਕ ਲਿਸਟ ਵੀ ਤਿਆਰ ਕੀਤੀ ਗਈ ਸੀ ਜਿਹੜੀ ਹਾਊਸ ਵਿਚ ਆਈ ਸੀ ਪਰ ਕਿਸੇ ਤਰੀਕੇ ਨਾਲ ਉਸ ਉਤੇ ਕੋਈ ਐਕਸ਼ਨ ਨਹੀਂ ਹੋਇਆ। ਉਸ ਸਮੇਂ ਲੁਧਿਆਣਾ ਵਿਚ 10-12 ਕਾਰਖਾਨੇਦਾਰਾਂ ਤੇ ਕੇਸ ਵੀ ਰਜਿਸਟਰ ਕੀਤੇ ਗਏ ਪਰ ਬਦਕਿਸਮਤੀ ਦੀ ਗਲ ਹੈ ਪਤਾ ਨਹੀਂ ਕਿਵੇਂ ਉਹ ਕੇਸ ਵਾਪਸ ਹੋ ਗਏ। ਮੈਂ ਸਮਝਦਾ ਹਾਂ ਕਿ ਇੰਡਸਟਰੀ ਤੋਂ ਬਗੈਰ ਪੰਜਾਬ ਡਿਵੈਲਪ ਨਹੀਂ ਹੋ ਸਕਦਾ। ਖੇਤੀ ਬਾੜੀ ਵੀ ਇੰਡਸਟਰੀ ਹੈ। (ਵਿਘਨ)

ਜਿਹੜੀ ਸਾਡੀ ਖੇਤੀਬਾੜੀ ਹੈ ਉਸ ਦੀ ਉਪਜ ਘੱਟਦੀ ਜਾ ਰਹੀ ਹੈ। ਖਾਦ ਨਹੀਂ ਮਿਲਦੀ, ਬਿਜਲੀ ਘੱਟ ਆਉਂਦੀ ਹੈ ਜਿਸ ਕਰਕੇ ਉਪਜ ਘੱਟਦੀ ਜਾ ਰਹੀ ਹੈ। ਕੁਝ ਮੀਹਾਂ ਨਾਲ ਵੀ ਨੁਕਸਾਨ ਹੁੰਦਾ ਹੈ। ਜਿਵੇਂ ਇਹ ਹੁਣ ਮੀਂਹ ਨਾਲ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ। ਮੈਂ ਕੱਲ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੁੰਦਾ ਸੀ ਕਿ ਮੇਰੇ ਹਲਕੇ ਵਿਚ 3-4 ਪਿੰਡ ਜਿਸ ਤਰ੍ਹਾਂ ਗਸੋਂਪੁਰਾ, ਬੀਰਮੀ ਸਲੇਮਪੁਰ, ਮਲਕਪੁਰ, ਖੇਰੇ ਅਤੇ ਫਾਗਲਾ ਆਦਿ ਵਿਚ ਪਾਣੀ ਚਲਾ ਗਿਆ ਹੈ ਅਤੇ ਖੇਤੀ ਬਾੜੀ ਤਬਾਹ ਹੋ ਗਈ ਹੈ ਪਰ ਤੁਸੀਂ ਮੈਨੂੰ ਆਪਣੀ ਗਲ ਕਹਿਣ ਦੀ ਕੱਲ ਇਜਾਜ਼ਤ ਨਹੀਂ ਦਿੱਤੀ। ਹੁਣ ਮੈਂ ਬੇਨਤੀ ਕਰਾਂਗਾ ਕਿ ਮੇਰੇ ਹਲਕੇ ਦੇ ਪਿੰਡਾਂ ਦਾ ਵੀ ਧਿਆਨ ਰਖਿਆ ਜਾਵੇ। ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੀ ਡਿਵੈਲਪਮੈਂਟ ਵਲ ਸਾਨੂੰ ਬਹੁਤ ਧਿਆਨ ਦੇਣਾ ਚਾਹੀਦਾ ਹੈ ਖਾਸ ਤੌਰ ਤੇ ਸਮਾਲ ਸਕੇਲ ਇੰਡਸਟਰੀ ਵਲ ਅਤੇ ਦੂਜੇ ਪਾਸੇ ਸਾਡੀ ਖੇਤੀਬਾੜੀ ਦੀ ਵੀ ਜੋ ਉਪਜ ਹੈ ਉਹ ਵਧਾਉਣੀ ਚਾਹੀਦੀ ਹੈ। ਤਦ ਜਾ ਕੇ ਅਸੀਂ ਪੰਜਾਬੀ ਤਰੱਕੀ ਕਰ ਸਕਦੇ ਹਾਂ ਕਿਉਂਕਿ ਪੰਜਾਬ ਵਿਚ ਕੋਈ ਵੱਡਾ ਕਾਰਖਾਨਾ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੇ ਵਿਚ ਜਿਹੜੇ ਕੇਟੇ ਲੋਕਾਂ ਨੂੰ ਲਗੇ ਹੋਏ ਹਨ, ਉਨ੍ਹਾਂ ਵਿਚੋਂ ਬਹੁਤੇ ਬਿਲਕੁਲ ਬੋਗਸ ਕੇਟੇ ਲਗੇ ਹੋਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਐਸੀ ਕਮੇਟੀ ਬਣਾਈ ਜਾਏ ਜਿਹੜੇ ਲੋਕਾਂ ਨੂੰ ਬੋਗਸ ਕੇਟੇ ਲਗੇ ਹੋਏ ਹਨ ਉਹ ਉਨ੍ਹਾਂ ਨੂੰ ਦੇਖੇ ਅਤੇ ਪੜਤਾਲ ਕਰੇ। ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਬੜਾ ਚੰਗਾ ਕੰਮ ਕੀਤਾ ਹੈ ਕਿ ਚੋਰਾਂ, ਡਾਕੂਆਂ ਅਤੇ ਬਦਮਾਸ਼ਾਂ ਨੂੰ ਫੜਨ ਦੀ ਹਿੰਮਤ ਕੀਤੀ ਹੈ, ਇਨ੍ਹਾਂ ਲੋਕਾਂ ਨੂੰ ਵੀ ਫੜਿਆ ਜਾਵੇ ਜਿਹੜੇ ਬੋਗਸ ਕੇਟੇ ਲੈਂਦੇ ਹਨ। ਲੋਹੇ ਦਾ ਕੇਟਾ ਹੈ ਉਹ ਬੋਗਸ ਕੇਟਾ ਵੱਡੇ ਵੱਡੇ ਆਦਮੀ ਲੈ ਰਹੇ ਹਨ ਅਤੇ ਅਗੇ ਫਿਰ ਇਸ ਲੋਹੇ ਨੂੰ ਮਹਿੰਗੇ ਭਾਅ ਤੇ ਛੋਟੇ ਛੋਟੇ ਦਸਤਕਾਰਾਂ ਨੂੰ ਵੇਚਦੇ ਹਨ। ਇਸ ਗਲ ਦੀ ਇਨਕੁਆਇਰੀ ਕਰਵਾ ਕੇ ਪਤਾ ਕਰੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਬਾਰੇ ਜਿੰਨੀ ਤੁਹਾਨੂੰ ਦਿਲਚਸਪੀ ਹੈ ਉਤਨੀ ਦਿਲਚਸਪੀ ਸਾਨੂੰ ਵੀ ਹੈ ਅਤੇ ਇਹ ਦਿਲਚਸਪੀ ਤੁਹਾਡੇ ਨਾਲੋਂ ਸਾਨੂੰ ਵੱਧ ਹੈ।

ਇੰਡਸਟਰੀ ਨੂੰ ਬਿਜਲੀ ਪੂਰੀ ਨਹੀਂ ਮਿਲਦੀ, ਇਸ ਵਲ ਵੀ ਧਿਆਨ ਦੇਣ ਦੀ ਲੋੜ ਹੈ। ਬਿਜਲੀ ਦੀ ਇਸ ਦੇ ਵਿਚ ਚੋਰੀ ਵੀ ਹੁੰਦੀ ਹੈ ਅਤੇ ਗਲਤ ਇਸਤੇਮਾਲ ਵੀ ਹੁੰਦੀ ਹੈ। ਲੁਧਿਆਣੇ ਵਿਚ ਵੀ ਬਿਜਲੀ ਚੋਰੀ ਹੁੰਦੀ ਹੈ, ਫਗਵਾੜੇ ਵਿਚ ਵੀ ਹੁੰਦੀ ਹੈ ਅਤੇ ਹੋਰ ਬਾਕੀ ਥਾਵਾਂ ਤੇ ਵੀ ਬਿਜਲੀ ਦੀ ਚੋਰੀ ਹੁੰਦੀ ਹੈ ਅਤੇ ਲੋਕੀਂ ਗਲਤ ਇਸਤੇਮਾਲ ਕਰਦੇ ਹਨ। ਲੋਕ ਸਿੱਧੀ ਤਾਰ ਸਿਟ ਕੇ ਲਾ ਲੈਂਦੇ ਹਨ ਅਤੇ ਬਿਜਲੀ ਬਿਲਕੁਲ ਗਲਤ ਇਸਤੇਮਾਲ ਹੋ ਰਹੀ ਹੈ। ਉਸ ਦਾ ਵੀ ਸਾਨੂੰ

Original with;
Punjab Vidhan Sabha
Digitized by;
Panjab Digital Library

ਧਿਆਨ ਰੱਖਣਾ ਚਾਹੀਦਾ ਹੈ। ਲੁਧਿਆਣਾ ਇਕ ਬਹੁਤ ਵਡਾ ਮਾਨਚੈਸਟਰ ਹੈ। ਉਥੇ ਇੰਡਸਟਰੀ ਤੋਂ ਬਹੁਤ ਆਮਦਨੀ ਹੁੰਦੀ ਹੈ। 70 ਕਰੋੜ ਰੁਪਏ ਦੇ ਕਰੀਬ ਆਮੀਂ ਫਾਰਨ ਐਕਸਚੇਂਜ ਲਿਆ ਕੇ ਦਿੰਦੇ ਹਾਂ। ਇਸ ਕਰਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਲੁਧਿਆਣੇ ਦੀ ਸਮਾਲ ਸਕੇਲ ਇੰਡਸਟਰੀ ਨੂੰ ਖਾਸ ਤੌਰ ਤੇ ਇਨਸੈਂਟਿਵ ਦੇਣਾ ਚਾਹੀਦਾ ਹੈ ਅਤੇ ਬਜਟ ਵਿਚ ਉਸ ਦੇ ਲਈ ਕੋਈ ਨਾ ਕੋਈ ਪ੍ਰੋਵੀਜ਼ਨ ਰੱਖਣਾ ਚਾਹੀਦਾ ਹੈ। ਲੁਧਿਆਣੇ ਨੂੰ ਇਸ ਗਲ ਦਾ ਮਾਣ ਪ੍ਰਾਪਤ ਹੈ ਕਿ ਉਥੇ ਦੀਆਂ ਬਣੀਆਂ ਹੋਈਆਂ ਬਹੁਤ ਸਾਰੀਆਂ ਚੀਜ਼ਾਂ ਬਾਹਰਲੇ ਮੁਲਕਾਂ ਨੂੰ ਜਾਂਦੀਆਂ ਹਨ। ਜਿਸ ਤਰ੍ਹਾਂ ਸਾਈਕਲ ਹੌਜ਼ਿਅਰੀ, ਸਿਲਾਈ ਮਸ਼ੀਨ ਹੌਜ਼ੀ, ਜਰਾਬਾਂ ਹੌਜ਼ੀਆਂ ਜਾਂ ਸਵੈਟਰ ਵਗੈਰਾ ਹੋਰ ਬਹੁਤ ਸਾਰੀਆਂ ਚੀਜ਼ਾਂ ਹੌਜ਼ੀਅਰ ਜਿਹੜੀਆਂ ਕਿ ਲੁਧਿਆਣਾ ਵਿਚੋਂ ਬਣ ਕੇ ਰੂਸ ਵਰਗੇ ਮੁਲਕ ਵਿਚ ਜਾਂਦੀਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਸਾਨੂੰ ਉਥੇ ਦੀ ਇੰਡਸਟਰੀ ਨੂੰ ਕੋਈ ਨਾ ਕੋਈ ਸਪੈਸ਼ਲ ਰਿਆਇਤ ਦੇਣੀ ਚਾਹੀਦੀ ਹੈ, ਉਥੇ ਦਾ ਧਿਆਨ ਰੱਖਣਾ ਚਾਹੀਦਾ ਹੈ। ਉਥੇ ਜੋ ਸਮਾਨ ਬਣਦਾ ਹੈ ਉਸ ਨੂੰ ਲਿਜਾਣ ਵਾਸਤੇ ਢੋਆ-ਢੁਆਈ ਦਾ ਜੋ ਸਾਧਨ ਹੈ ਉਸ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਕਾਰਖਾਨੇਦਾਰਾਂ ਨੂੰ ਮਾਲ ਲਿਆਉਣਾ ਲਿਜਾਣਾ ਪੈਂਦਾ ਹੈ ਜਿਸ ਦੇ ਵਿਚ ਲੋਕਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਸਾਨੂੰ ਢੋਆ ਢੁਆਈ ਦੇ ਮੁਤਲੱਕ ਵੀ ਕੁਝ ਨਾ ਕੁਝ ਸੋਚਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਕਿ ਜਿਥੋਂ ਤਕ ਪਿੰਡਾਂ ਵਿਚ ਇੰਡਸਟਰੀ ਲਗਾਉਣ ਦਾ ਤੁਅੱਲਕ ਹੈ ਆਸੀਂ ਵੀ ਬੜੀ ਵਾਰ ਕਹਿੰਦੇ ਹਾਂ ਕਿ ਪਿੰਡਾਂ ਵਚ ਇੰਡਸਟਰੀ ਵੱਧ ਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਤੁਸੀਂ ਵੀ ਬੜੀ ਵਾਰ ਕਹਿੰਦੇ ਹੋ ਕਿ ਪਿੰਡਾਂ ਵਿਚ ਇੰਡਸਟਰੀ ਲਗਣੀ ਚਾਹੀਦੀ ਹੈ ਪਰ ਇਸ ਪਾਸੇ ਕੋਈ ਖਾਸ ਕੰਮ ਨਹੀਂ ਕੀਤਾ ਗਿਆ। ਆਸੀਂ ਰੋਜ਼ ਰੋਜ਼ ਸੁਣਦੇ ਆਏ ਹਾਂ ਕਿ ਪਿੰਡਾਂ ਵਿਚ ਇੰਡਸਟਰੀ ਲਾਉਣੀ ਹੈ, ਐਗਰੋ ਇੰਡਸਟਰੀ ਲਾਉਣੀ ਹੈ, ਗੱਤੇ ਦੀ ਫੈਕਟਰੀ ਲਾਉਣੀ ਹੈ ਜਾਂ ਆਲੂਆਂ ਆਦਿ ਦੀ ਕੋਈ ਚੀਜ਼ ਬਣਾਉਣੀ ਹੈ ਪਰ ਇਸ ਪਾਸੇ ਵਲ ਨੂੰ ਕੋਈ ਖਾਸ ਕੰਮ ਨਹੀਂ ਕੀਤਾ ਜਾ ਰਿਹਾ। ਸੰਗਰੂਰ ਡਿਸਟ੍ਰਿਕਟ ਵਿਚ ਜੇ ਥੋੜ੍ਹਾ ਬਹੁਤ ਧਿਆਨ ਕੀਤਾ ਗਿਆ ਹੈ ਤਾਂ ਉਸ ਨੂੰ ਬੈਕਵਰਡ ਏਰੀਆ ਕਰਾਰ ਦਿੱਤਾ ਹੋਣ ਕਰਕੇ ਹੋਇਆ ਹੈ। ਇਸੇ ਤਰ੍ਹਾਂ ਲੁਧਿਆਣੇ ਦੇ ਪਿੰਡਾਂ ਵਿਚ ਵੀ ਕੋਈ ਨਹੀਂ ਫੈਕਟਰੀ ਲਾਈ, ਸਰਦਾਰ ਏਅੰਡ ਸਿੰਘ ਜੀ ਦੇ ਇਲਾਕੇ ਦੇ ਨਾਲ ਨਾਲ ਕੁਝ ਲਗੀ ਹੈ ਲੇਕਿਨ ਉਹ ਵੀ ਸੰਗਰੂਰ ਦਾ ਬੈਕਵਰਡ ਏਰੀਆ ਕਰਾਰ ਦੇਣ ਕਰਕੇ ਲਗੀ ਹੈ। ਸੋ ਮੈਂ ਕਹਾਂਗਾ ਕਿ ਪਿੰਡਾਂ ਵਿਚ ਇੰਡਸਟਰੀ ਲਾਉਣ ਵਲ ਧਿਆਨ ਦਿੱਤਾ ਜਾਵੇ। ਪਿੰਡਾਂ ਵਿਚ ਵੱਧ ਤੋਂ ਵੱਧ ਇੰਡਸਟਰੀ ਲਗਾਓ ਭਾਵੇਂ ਕਿਸੇ ਥਾਂ ਤੇ ਵੀ ਲਾਵੋ ਪਰ ਲਾਵੋ ਜ਼ਰੂਰ, ਅਤੇ ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਰਿਆਇਤ ਦਿੱਤੀ ਜਾਵੇ, ਉਨ੍ਹਾਂ ਨੂੰ ਸੂਦ ਵਿਚ ਛੋਟ ਦਿੱਤੀ ਜਾਵੇ, ਉਨ੍ਹਾਂ ਨੂੰ ਘੱਟ ਤੋਂ ਘੱਟ ਰੇਟ ਤੇ ਲੋਨ ਦਿੱਤਾ ਜਾਵੇ, ਬਿਜਲੀ ਦੀ ਛੋਟ ਦਿੱਤੀ ਜਾਵੇ, ਬਿਜਲੀ ਸਸਤੀ ਦਿੱਤੀ ਜਾਵੇ, ਰਅ-ਮੈਟੀਰੀਅਲ ਦਿੱਤਾ ਜਾਵੇ ਤਾਕਿ ਪਿੰਡਾਂ ਵਿਚ ਇੰਡਸਟਰੀ ਦੀ ਤਰੱਕੀ ਹੋਵੇ। ਲੁਧਿਆਣੇ ਵਿਚ ਗੁਪਤਾ ਜੀ ਨੂੰ ਪਤਾ ਹੈ ਕਿ 10-10 ਮੀਲ ਦੇ ਏਰੀਏ ਤੋਂ ਲੋਕੀਂ ਸਾਰੀ ਸਾਰੀ ਰਾਤ, ਅੱਧੀ ਰਾਤ ਨੂੰ ਕੰਮ ਕਰਨ ਵਾਸਤੇ ਆਉਂਦੇ ਹਨ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਲੁਧਿਆਣੇ ਦੇ ਨਾਲ ਲਗਦੇ ਇਲਾਕੇ ਵਲ ਕੋਈ ਸਪੈਸ਼ਲ ਧਿਆਨ ਕਰੋ ਤਾਕਿ ਜਿਹੜੇ ਸ਼ਹਿਰਾਂ ਨੂੰ ਲੋਕੀਂ ਭਜਦੇ ਹਨ ਉਹ ਨਾ ਆਉਣ। ਇਸ ਦੇ ਨਾਲ ਇਕ ਤਾਂ ਸ਼ਹਿਰਾਂ ਦੀ ਆਬਾਦੀ ਵਧਦੀ ਹੈ, ਮਕਾਨ ਨਹੀਂ ਮਿਲਦੇ ਅਤੇ ਦੂਸਰਾ ਹੋਰ ਕਈ ਪ੍ਰਾਬਲਮਜ਼ ਆਉਂਦੀਆਂ ਹਨ। ਇਸ ਲਈ ਛੋਟੀ ਤੋਂ ਛੋਟੀ ਪਿੰਡਾਂ ਵਿਚ ਕਾਰਖਾਨੇ ਲਾਏ ਜਾਣ ਤਾਕਿ ਇਹ ਪਰਾਬਲਮਜ਼ ਵੀ ਹੱਲ ਹੋ ਜਾਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸਤ ਸਿੰਘ ਖਾਲਸਾ]

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਕਹਾਂਗਾ ਕਿ ਜਿਹੜਾ ਤੁਸੀਂ ਕਹਿੰਦੇ ਹੋ ਕਿ ਅਸੀਂ ਇੰਡਸਟਰੀ ਵਲ ਧਿਆਨ ਦੇਣਾ ਹੈ, ਇਸ 10 ਕਰੋੜ ਰੁਪਏ ਨਾਲ ਧਿਆਨ ਨਹੀਂ ਪੂਰਾ ਹੋ ਸਕਣਾ, ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਲਈ ਜੋ 10 ਕਰੋੜ ਰੁਪਿਆ ਰੱਖਿਆ ਹੈ, ਇਹ ਬਹੁਤ ਥੋੜ੍ਹਾ ਹੈ ਉਸ ਦੇ ਲਈ ਹੋਰ ਜ਼ਿਆਦਾ ਰਕਮ ਰੱਖੀ ਜਾਵੇ। ਅਸੀਂ ਚਾਹੁੰਦੇ ਹਾਂ ਕਿ ਅਗਰ ਪੰਜਾਬ ਵਿਚ ਇੰਡਸਟਰੀ ਦੀ ਡਿਵੈਲਪਮੈਂਟ ਤੁਸੀਂ ਕਰਨਾ ਚਾਹੁੰਦੇ ਹੋ ਤਾਂ ਬਜਟ ਪ੍ਰੋਵੀਜ਼ਨ ਜ਼ਿਆਦਾ ਕੀਤਾ ਜਾਵੇ। ਇਹ ਬਜਟ ਪ੍ਰੋਵੀਜ਼ਨ ਬਹੁਤ ਘੱਟ ਹੈ। ਅਸੀਂ ਇੰਡਸਟਰੀ ਲਈ ਆਪਣੇ ਕੋਲੋਂ ਬਹੁਤ ਘੱਟ ਖਰਚ ਕਰ ਰਹੇ ਹਾਂ, ਸਾਨੂੰ ਆਪਣੇ ਕੋਲੋਂ ਵੀ ਖਰਚ ਕਰਕੇ ਇੰਡਸਟਰੀ ਦੀ ਬਹਿਬੂਦੀ ਕਰਨੀ ਚਾਹੀਦੀ ਹੈ ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿੰਟ ਲੈਣਾ ਸੀ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇਨ੍ਹਾਂ ਤੋਂ ਬਾਅਦ ਗਲ ਕਰ ਲੈਣਾ। (ਵਿਘਨ)

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ) : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ, ਜਿਵੇਂ ਬਾਕੀ ਬੁਲਾਰਿਆਂ ਨੇ ਵੀ ਕਿਹਾ ਹੈ, ਜਿੰਨਾ ਚਿਰ ਅਸੀਂ ਇੰਡਸਟਰੀ ਨੂੰ ਡਿਵੈਲਪ ਨਹੀਂ ਕਰਦੇ ਉਤਨਾ ਚਿਰ ਪੰਜਾਬ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ। ਜੇ ਦੇਖਿਆ ਜਾਵੇ ਤਾਂ ਇਸ ਵੇਲੇ ਪੰਜਾਬ ਵਿਚ ਜੋ ਇੰਡਸਟਰੀ ਵਿਚ ਇਨਕਮ ਹੈ, ਇੰਡਸਟਰੀਅਲ ਸੈਕਟਰ ਤੋਂ ਜਿਹੜੀ ਸਾਡੀ ਆਮਦਨੀ ਹੈ ਉਹ ਕੇਵਲ 12% ਹੀ ਹੈ ਲੇਕਿਨ ਨੈਸ਼ਨਲ ਇਨਕਮ ਦੇ ਵਿਚ 16% ਇੰਡਸਟ੍ਰੀ ਦੀ ਕੰਟਰੀਬਿਊਸ਼ਨ ਹੈ। ਪੰਜਾਬ ਜਿਹੜਾ ਕਿ ਬਾਕੀ ਹਰ ਗਲ ਵਿਚ ਦੂਜਿਆਂ ਸੂਬਿਆਂ ਨਾਲੋਂ ਅਗੇ ਹੈ ਲੇਕਿਨ ਇਸ ਮਸਲੇ ਵਿਚ ਥੋੜਾ ਜਿਹਾ ਪੱਛੜਿਆ ਰਹਿ ਗਿਆ ਹੈ। ਇਸ ਫਰੰਟ ਤੇ ਹੋਰ ਕੰਮ ਕਰਨ ਦੀ ਲੋੜ ਹੈ, ਇੰਡਸਟਰੀ ਨੂੰ ਬੜਾਵਾ ਦੇਣ ਦੀ ਲੋੜ ਹੈ। ਇੰਡਸਟਰੀ, ਡਿਪਟੀ ਸਪੀਕਰ ਸਾਹਿਬ, ਚਲ ਤਾਂ ਹੀ ਸਕਦੀ ਹੈ ਜੇ ਇੰਡਸਟਰੀ ਲਈ ਲੋੜੀਂਦੀਆਂ ਚੀਜ਼ਾਂ ਖਾਸ ਤੌਰ ਤੇ ਰਾਅ-ਮੈਟੀਰੀਅਲ, ਮਿਲਦਾ ਰਹੇ, ਬਿਜਲੀ ਵਕਤ ਸਿਰ ਮਿਲਦੀ ਰਹੇ, ਲੇਬਰ ਅਤੇ ਉਨ੍ਹਾਂ ਨੂੰ ਹੋਰ ਇਨਸੈਂਟਿਵ ਜੋ ਉਸ ਦੇ ਨਾਲ ਲੋੜੀਂਦੇ ਹਨ ਉਹ ਦਿਤੇ ਜਾਣ ਤਾਂ ਹੀ ਇੰਡਸਟਰੀ ਦੀ ਜਿਹੜੀ ਡਿਵੈਲਪਮੈਂਟ ਹੈ ਉਹ ਠੀਕ ਢੰਗ ਨਾਲ ਹੋ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਪਿਛਲੇ 30 ਸਾਲਾਂ ਦੇ ਵਿਚ ਕਾਂਗਰਸ ਦਾ ਰਾਜ ਸੀ ਅਤੇ ਉਸ ਰਾਜ ਦੇ ਵਿਚ ਯਤਨ ਕੀਤਾ ਗਿਆ ਇੰਡਸਟਰੀ ਨੂੰ ਡਿਵੈਲਪ ਕੀਤਾ ਜਾਵੇ ਔਰ ਖਾਸ ਤੌਰ ਤੇ ਜਿਹੜੀ ਸਮਾਲ ਸਕੇਲ ਇੰਡਸਟਰੀ ਹੈ ਇਸ ਵਲ ਖਾਸ ਤੌਰ ਤੇ ਧਿਆਨ ਦਿਤਾ ਗਿਆ। ਡਿਪਟੀ ਸਪੀਕਰ ਸਾਹਿਬ, ਮੇਰੇ ਆਪਣੇ ਹਲਕੇ ਵਿਚ ਬਟਾਲਾ ਇਕ ਇੰਡਸਟਰੀਅਲ ਟਾਊਨ ਹੈ, ਤੁਸੀਂ ਇਹ ਜਾਣ ਕੇ ਸ਼ਾਇਦ ਹੈਰਾਨ ਹੋਵੋ ਕਿ ਬਟਾਲੇ ਦੀ ਇੰਡਸਟਰੀ ਨੇ ਨਾ ਸਿਰਫ ਹਿੰਦੁਸਤਾਨ ਵਿਚ ਬਲਕਿ ਦੁਨੀਆਂ ਵਿਚ ਨਾਮ ਪੈਦਾ ਕੀਤਾ ਹੈ। ਮੈਂ ਕਹਾਂਗਾ ਕਿ ਸੀ.ਆਈ.ਕਾਸਟਿੰਗ ਜਿਹੜੀ ਹੁੰਦੀ ਹੈ ਉਹ ਬਟਾਲੇ ਵਿਚ, ਇਕੱਲੇ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਦੁਨੀਆਂ ਦੇ ਵਿਚੋਂ ਸਭ ਤੋਂ ਅੱਛੀ ਕਾਸਟਿੰਗ ਬਟਾਲੇ ਵਿਚ ਹੁੰਦੀ ਹੈ। ਇਸ ਵੇਲੇ ਸਭ ਤੋਂ ਅੱਛੀ ਕਾਸਟਿੰਗ ਜੋ ਹੈ ਉਹ ਬਟਾਲੇ ਵਿਚ ਹੋ ਰਹੀ ਹੈ। ਉਥੇ ਇਕ ਮਿੱਟੀ ਇਹੋ ਜਿਹੀ ਹੈ

Original with;
Punjab Vidhan Sabha
Digitized by;
Panjab Digital Library

ਜਿਸ ਦੇ ਨਾਲ ਕਾਸਟਿੰਗ ਦਾ ਕੰਮ ਚੰਗਾ ਹੁੰਦਾ ਹੈ ਪਰ ਕਾਸਟਿੰਗ ਤਾਂ ਹੀ ਹੋਵੇ ਜੇ ਉਨ੍ਹਾਂ ਨੂੰ ਰਾਅ-ਮੈਟੀਰੀਅਲ ਮਿਲੇ, ਜੇ ਉਨ੍ਹਾਂ ਨੂੰ ਕੋਲਾ ਮਿਲੇ ਤਾਂ ਹੀ ਕਾਸਟਿੰਗ ਹੋ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਮੈਨੂੰ ਕਹਿਣ ਲਗਿਆਂ ਇਸ ਗਲ ਦਾ ਮਾਣ ਹੈ ਕਿ ਚੰਡੀਗੜ੍ਹ ਦੇ ਹਰ ਮਕਾਨ ਵਿਚ, ਚੰਡੀਗੜ੍ਹ ਦੀ ਹਰ ਗਲੀ ਵਿਚ ਬਟਾਲੇ ਦਾ ਨਾਮ ਲਿਖਿਆ ਹੋਇਆ ਮਿਲਦਾ ਹੈ। ਬਟਾਲੇ ਦੀਆਂ ਪੈਦਾ ਕੀਤੀਆਂ ਪਾਈਪਾਂ, ਬਟਾਲੇ ਦੀਆਂ ਬਣਾਈਆਂ ਹੋਈਆਂ ਪਾਈਪਾਂ ਅੰਦਰ ਵਾਟਰ ਸ਼ੈਂਕਸ ਇਥੇ ਚੰਡੀਗੜ੍ਹ ਵਿਚ 90% ਬਟਾਲੇ ਦੇ ਬਣਾਏ ਹੋਏ ਲਗੇ ਹੋਏ ਹਨ। ਇਹ ਚੰਗੇ ਵੀ ਹਨ ਅਤੇ ਪਾਏਦਾਰ ਵੀ ਹਨ, ਪਰ ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਝ ਸਾਲਾਂ ਤੋਂ ਉਸ ਇੰਡਸਟਰੀ ਨੂੰ ਕੁਝ ਧੱਕਾ ਜਿਹਾ ਲਗਾ ਹੈ। ਕੁਝ ਪਾਲਿਸੀਜ਼ ਵਿਚ ਚੇਂਜਿਜ਼ ਆਈਆਂ ਕੁਝ ਅਦਲਾ ਬਦਲੀਆ ਹੋਇਆਂ ਇਸ ਨਾਲ ਬਟਾਲਾ ਇੰਡਸਟਰੀ ਨੂੰ ਬਹੁਤ ਵਡਾ ਧੱਕਾ ਵਜਾ । ਪੰਜਾਬ ਦੀ ਇੰਡਸਟਰੀ ਨੂੰ ਧੱਕਾ ਪਹੁੰਚਾਉਣ ਦੇ ਯਤਨ ਹੋਏ। ਪਹਿਲਾਂ ਇਕ ਸਿਸਟਮ ਬਣਾਇਆ ਸੀ, ਇਕ ਬੈਰੋਮੀਟਰ ਲਾਇਆ ਸੀ, ਇਕ ਫਾਰਮੂਲਾ ਬਣਾਇਆ ਸੀ। ਹਰ ਇਕ ਫਾਊਂਡਰੀ ਨੂੰ, ਬਟਾਲਾ, ਜਲੰਧਰ, ਅੰਮ੍ਰਿਤਸਰ ਲੁਧਿਆਣਾ ਆਦਿ ਵਿਚ, ਕਿਤਨਾ ਪਿਗ ਆਇਰਨ ਮਿਲੇਗਾ ਕਿਤਨਾ ਸਟੀਮ ਕੋਲ ਮਿਲੇਗਾ ਕਿਤਨਾ ਹਾਰਡ ਕੋਕ ਮਿਲੇਗਾ, ਹਰ ਇਕ ਚੀਜ਼ ਇੰਡਸਟਰੀ ਇੰਡੀਕੇਟਿਡ ਸੀ ਅਤੇ ਜਿਹੜੇ ਦੂਜੇ ਕਾਰਖਾਨੇਦਾਰ ਸਨ ਉਨ੍ਹਾਂ ਵਾਸਤੇ ਇਹ ਸੀ ਕਿ ਇਤਨਾ ਕੋਲਾ ਮਿਲਣਾ ਹੈ, ਇਤਨਾ ਲੋਹਾ ਮਿਲਣਾ ਹੈ। ਪਰ ਜਦੋਂ ਸਾਡੀ ਪਿਛਲੀ ਅਕਾਲੀ-ਜਨਤਾ ਸਰਕਾਰ ਆਈ ਤਾਂ ਉਸ ਵੇਲੇ ਜਨਤਾ ਪਾਰਟੀ ਦੇ ਜਿਹੜੇ ਇੰਡਸਟਰੀ ਮਨਿਸਟਰ ਸਨ ਉਨ੍ਹਾਂ ਨੇ ਇਕ ਨਵੀਂ ਸ਼ੁਰੂਆਤ ਕੀਤੀ , ਬ੍ਰੇਕਿਲਨਜ਼ ਦੇ ਨਾਂ ਤੇ ਕੁੱਝ ਯੂਨਿਟਾਂ ਲਗਾਈਆਂ ਅੌਰ ਜਿਹੜਾ ਕੋਲਾ ਫਾਊਂਡਰੀ, ਇੰਡਸਟਰੀ ਨੂੰ ਜਾਣਾ ਸੀ, ਜਿਸ ਦੇ ਬਗੈਰ ਉਹ ਚਲ ਰਹੀ ਨਹੀਂ ਸੀ ਸਕਦੀ , ਉਸ ਦਾ ਕੋਲਾ ਤਬਦੀਲ ਕਰਕੇ ਜੇ ਅੰਮ੍ਰਿਤਸਰ ਸ਼ਹਿਰ ਦੀ ਛੋਟੀ ਇੰਡਸਟਰੀ ਨੂੰ ਦੇ ਦਿੰਦੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਸੀ ਹੋਣਾ ਪਰ ਉਹ ਕੁੱਝ ਆਪਣੇ ਚਹੇਤਿਆਂ ਨੂੰ ਦੇ ਦਿੱਤਾ। ਮੈਂ ਦੱਸਦਾ ਹਾਂ ਕਿ ਇਸ ਵੇਲੇ ਕੋਲੇ ਦੀ ਕੀ ਪੋਜ਼ੀਸ਼ਨ ਹੈ ? ਜਿਹੜਾ ਕੋਲਾ ਬੀ.ਪੀ. ਕਹਾਉਂਦਾ ਹੈ ਉਸ ਦਾ ਕੰਟਰੋਲ ਰੇਟ 62 ਰੁਪਏ ਕੁਇੰਟਲ ਹੈ ਪਰ ਮਾਰਕਿਟ ਵਿਚ 175 ਰੁਪਏ ਕੁਇੰਟਲ ਮਿਲਦਾ ਹੈ। ਜਿਹੜਾ ਦੇਮੀ ਕੋਲਾ ਹੈ ਬੀ.ਆਈ., ਇਸ ਦਾ 47 ਰੁਪਏ ਕੁਇੰਟਲ ਦਾ ਕੰਟ੍ਰੋਲ ਰੇਟ ਹੈ ਪਰ 130 ਰੁਪਏ ਕੁਇੰਟਲ ਮਿਲਦਾ ਹੈ । ਕਿਉਂਕਿ ਜਿਹੜੀਆਂ ਕੋਲ ਇੰਡੀਆ ਲਿਮਿਟਿਡ ਜਾਂ ਨੈਸ਼ਨੇਲਾਈਜ਼ਡ ਕਲੱਰੀਜ਼ ਹਨ ਉਨ੍ਹਾਂ ਨੇ ਤਾਂ ਜਿੰਨਾ ਕੋਲਾ ਹੋਵੇ ਸਪਲਾਈ ਕਰਨਾ ਹੈ ਅਤੇ ਉਸ ਦੇ ਮੇਨ ਏਜੰਟਸ ਹਨ ਪਰ ਇਨ੍ਹਾਂ ਪਿਛਲੇ 3 ਸਾਲਾਂ ਵਿਚ ਪਤਾ ਨਹੀਂ ਅੰਮ੍ਰਿਤਸਰ ਵਿਚ ਕਿੰਨੇ ਹੀ ਕੋਲੇ ਦੇ ਏਜੰਟ ਬਣਾਏ ਗਏ ਹਨ ? ਮੈਂ ਉਸ ਵਜ਼ੀਰ ਦੇ ਰਿਸ਼ਤੇਦਾਰਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ ਪਰ ਇਹ ਸਚਾਈ ਹੈ ਕਿ ਕੁਝ ਲੋਕਾਂ ਨੂੰ ਬੈਨਿਫਿਟ ਦੇਣ ਲਈ ਕੁਝ ਨਵੀਆਂ ਇੰਡਸਟਰੀਜ਼ ਖੋਲ੍ਹ ਦਿਤੀਆਂ ਗਈਆਂ। ਸਿਸਟਮ ਇਹ ਹੈ ਕਿ ਪਰਮਿਟ ਅਲਾਟ ਕੀਤੇ ਜਾਂਦੇ ਹਨ ਅਤੇ ਉਹ ਜਹੜੇ ਕਾਰਖਾਨੇਦਾਰ ਹਨ ਉਹ ਕੋਲਰੀ ਤੋਂ ਨਹੀਂ ਮੰਗਾ ਸਕਦੇ, ਉਹ ਉਨ੍ਹਾਂ ਕੋਲ ਪਰਮਿਟ ਜਮ੍ਹਾਂ ਕਰਵਾ ਦਿੰਦੇ ਹਨ। ਜਿਹੜਾ ਕੋਲਾ ਗੌਰਮਿੰਟ ਕੋਲਰੀਜ਼ ਦਾ ਆਉਣਾ ਹੋਵੇ ਤਾਂ ਉਸਦੇ ਲਈ ਵੈਗਨਾਂ ਨਹੀਂ ਮਿਲਦੀਆਂ ਪਬ ਜੇ ਕਰ ਦੂਜਾ ਬੋਰ ਕੋਲ ਲਿਆਉਣਾ ਹੋਵੇ ਤਾਂ ਉਸ ਦੇ ਲਈ ਵੈਗਨਾਂ ਦੀ ਕੋਈ ਪ੍ਰਾਬਲਮ ਨਹੀਂ ਅੱਜ ਇੰਡਸਟਰੀ ਨੂੰ ਕੋਲਾ ਨਹੀਂ ਮਿਲਦਾ । ਅੱਜ ਲੋੜ ਹੈ ਇਸ ਗੱਲ ਤੇ ਪੜਚੋਲ ਕੀਤੀ ਜਾਏ , ਮੈਂ ਆਪਣੇ ਮੁੱਖ ਮੰਤਰੀ ਜੀ ਅਗੇ ਬੇਨਤੀ ਕਰਾਂਗਾ ਕਿ ਉਹ ਪੜਚੋਲ ਕਰਾਉਣ ਕਿ ਪਿਛਲੇ 3 ਸਾਲਾਂ ਵਿਚ ਕਿੰਨੇ ਕੋਲ ਏਜੰਟ ਬਣਾਏ ਹਨ ? ਉਨ੍ਹਾਂ ਨੇ ਇਸ ਵਿਚ ਪੂਰੀ ਲੁੱਟ ਮਚਾਈ ਹੋਈ ਹੈ । ਕੋਲਾ ਪਤਾ ਨਹੀਂ ਕਿਸ ਦਾ ਸੀ ਅਤੇ ਕੌਣ ਲੈ ਗਿਆ ? ਕੋਈ ਪਤਾ ਨਹੀਂ, ਪਤਾ ਨਹੀਂ ਟਰਾਂਸਪੋਰਟ ਰਾਹੀਂ ਜਿਹੜਾ ਕੋਲਾ ਆਇਆ ਉਹ ਕੌਣ ਖਾ ਗਿਆ ? ਕਿਸ ਦਾ ਅਮਲ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਪਰਮਿਟ ਸੀ ਉਹ ਉਥੇ ਬੈਠਾ ਉਡੀਕ ਕਰ ਰਿਹਾ ਹੈ ਕਿ ਉਸ ਦਾ ਕੋਲਾ ਆਉਣਾ ਹੈ। ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਕੋਲੇ ਦੀ ਆਮਦਨ ਹੈ ਟਰਾਂਸਪੋਰਟ ਚਾਹੀਂ ਜਾਂ ਫੋਰ ਕੋਲੇ ਦੇ ਨਾਂ ਤੇ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

ਜਿਹੜੀ ਦੂਜੀ ਲੋੜ ਹੈ ਫਾਊਂਡਰੀ ਲਈ ਰਾਅ ਮੈਟੀਰੀਅਲ ਦੀ ਉਹ ਪਿਗ ਆਇਰਨ ਹੈ। ਮੈਂ ਅਗੇ ਵੀ ਜ਼ਿਕਰ ਕੀਤਾ ਸੀ ਕਿ ਬਟਾਲੇ ਨੂੰ ਇਸ ਗੱਲ ਦਾ ਮਾਣ ਹੈ ਕਿ ਸੱਭ ਤੋਂ ਵੱਧ, ਤਕਰੀਬਨ 400 ਤੋਂ ਵੱਧ ਫਾਊਂਡਰੀਜ਼ ਉਥੇ ਵਰਕ ਕਰ ਰਹੀਆਂ ਹਨ ਲੇਕਿਨ ਉਥੇ ਲੋਹੇ ਦੀ ਲੋੜ ਹੈ। ਜਿਹੜਾ ਲੋਹਾ ਕੰਟਰੋਲ ਤੇ 950 ਰੁਪਏ ਟਨ ਮਿਲਦਾ ਹੈ ਉਹੀ ਬਲੈਕ ਵਿਚ 2,000 ਰੁਪਏ ਟਨ ਮਿਲ ਰਿਹਾ ਹੈ। ਇਸ ਕਰਕੇ ਜਿਹੜਾ ਛੋਟਾ ਕਾਰਖਨੇਦਾਰ ਹੈ ਉਹ ਪਿਸ ਰਿਹਾ ਹੈ। ਬੜੀ ਖੁਸ਼ੀ ਦੀ ਗਲ ਹੈ ਕਿ ਸੀ. ਐਮ. ਸਾਹਿਬ ਨੇ ਆਉਂਦਿਆਂ ਇਕ ਕਦਮ ਚੁਕਿਆ ਹੈ, ਉਸ ਦੇ ਨਾਲ ਥੋੜਾ ਜਿਹਾ ਰੇਟਾਂ ਵਿਚ ਫਰਕ ਪਿਆ ਹੈ। ਜਿਹੜੇ ਸਰਮਾਇਆਦਾਰ ਉਨ੍ਹਾਂ ਕੋਲ ਪੈਸੇ ਸਨ ਉਹ ਆਪਣਾ ਕੋਲਾ ਕਲਕਤੇ ਤੋਂ ਡਾਇਰੈਕਟ ਮੰਗਵਾ ਲੈਂਦੇ ਸਨ ਅੋਰ ਜਿਹੜੇ ਛੋਟੇ ਛੋਟੇ ਕਾਰਖਾਨੇ ਵਾਲੇ ਸਨ ਉਹ ਸਮਾਲ ਸਕੇਲ ਇੰਡਸਟਰੀ ਕਾਰਪੋਰੇਸ਼ਨ ਰਾਹੀਂ ਮਾਲ ਲੈਂਦੇ ਸਨ। ਸਾਡੇ ਚੀਫ ਮਨਿਸਟਰ ਸਾਹਿਬ ਨੇ ਆਉਂਦਿਆਂ ਹੀ ਇਹ ਕੰਮ ਕੀਤਾ ਹੈ ਕਿ ਸਾਰੇ ਦਾ ਸਾਰਾ ਮਾਲ ਭਾਵੇਂ ਕੋਈ ਛੋਟਾ ਕਾਰਖਾਨੇਦਾਰ ਹੈ ਜਾਂ ਕੋਈ ਵੱਡਾ ਕਾਰਖਾਨੇਦਾਰ ਹੈ ਉਸ ਨੂੰ ਇਕ ਹੀ ਸੋਮੇ ਤੋਂ, ਇਕ ਹੀ ਸੋਰਸ ਤੋਂ ਮਾਲ ਲੈਣਾ ਪਏਗਾ। ਇਹ ਠੀਕ ਹੈ ਕਿ ਵਕਤੀ ਤੌਰ ਤੇ ਅੱਜ ਵੀ ਕੁਝ ਤੰਗੀ ਹੈ। ਇਹ ਇਕ ਕਦਮ ਹੈ, ਟੋਟਲ ਕਦਮ ਨਹੀਂ। ਇਸ ਵਿਚ ਰੈਵੋਲਿਊਸ਼ਨ ਲਿਆਉਣ ਦੀ ਲੋੜ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਦੱਸਦਾ ਹਾਂ ਕਿ ਲੋਹੇ ਦੀ ਵਕਤ ਸਿਰ ਅਲਾਟਮੈਂਟ ਨਾ ਹੋਣ ਕਾਰਨ ਤਕਰੀਬਨ 10% ਲੋਹਾ ਬੋਗੀਆਂ ਵਿਚੋਂ ਹੀ ਚੋਰੀ ਹੋ ਜਾਂਦਾ ਹੈ। ਇਸ ਬਾਰੇ ਖਾਸ ਧਿਆਨ ਦੇਣ ਦੀ ਲੋੜ ਹੈ। ਖਾਸ ਤੌਰ ਤੇ ਰੇਲਵੇ ਪੁਲਿਸ ਨੂੰ ਅਲਰਟ ਕੀਤਾ ਜਾਏ। ਜਦੋਂ ਪਿਗ ਆਇਰਨ ਦੀਆਂ ਵੈਗਨਜ਼ ਸਟੇਸ਼ਨ ਤੇ ਆ ਕੇ ਖੜਦੀਆਂ ਹਨ ਉਥੇ ਰਾਤੋ ਰਾਤ ਪਿਗ ਆਇਰਨ ਚੋਰੀ ਹੋ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਪਤਾ ਹੁੰਦਾ ਹੈ ਕਿ ਹਫੀਮ ਦੀ ਸਮਗਲਿੰਗ ਕੌਣ ਕਰਦਾ ਹੈ, ਇਸੇ ਤਰ੍ਹਾਂ ਇਹ ਵੀ ਪਤਾ ਹੁੰਦਾ ਹੈ ਕਿ ਚੋਰੀ ਦਾ ਮਾਲ ਕੌਣ ਲੈਂਦਾ ਹੈ ? ਉਨ੍ਹਾਂ ਲੋਕਾਂ ਨੂੰ ਪਕੜਨਾ ਚਾਹੀਦਾ ਹੈ। ਮੈਂ ਦੱਸਦਾ ਹਾਂ ਕਿ ਇਕ ਰੈਕ ਕੋਲੇ ਦਾ ਬਟਾਲੇ ਆਇਆ ਉਸ ਦੇ ਵਿਚੋਂ 2 ਲੱਖ ਰੁਪਏ ਦਾ ਕੋਲਾ ਰਾਤੋ ਰਾਤ ਚੋਰੀ ਹੋ ਗਿਆ ਅੋਰ ਚੋਰ ਦਾ ਪਤਾ ਨਹੀਂ ਲਗਿਆ। ਇਕ ਹੋਰ ਡਾਕਾ ਵਜਿਆ ਭਠੀਆਂ ਦੇ ਨਾਂ ਤੇ ਪਰਮਿਟ ਇਸ਼ੂ ਹੋਏ। ਫੈਕਟਰੀ ਦਾ ਕੋਈ ਕੂਲਿੰਗ ਰੂਮ ਨਹੀਂ ਕੋਈ ਫਾਊਂਡਰੀ ਰੂਮ ਨਹੀਂ, ਕਾਸਟਿੰਗ ਕਰਨ ਵਾਸਤੇ ਕੋਈ ਥਾਂ ਨਹੀਂ, ਸਿਰਫ ਭੱਠੀ ਦਾ ਡਾਇਆ ਵੇਖ ਕੇ ਪਰਮਿਟ ਇਸ਼ੂ ਹੋ ਜਾਂਦਾ ਹੈ। ਮੈਂ ਰਿਕੁਐਸਟ ਕਰਾਂਗਾ ਕਿ ਇਸ ਗਲ ਦੀ ਇਨਕੁਆਇਰੀ ਕਰਨੀ ਚਾਹੀਦੀ ਹੈ ਕਿ ਸਾਰੇ ਪੰਜਾਬ ਵਿਚ ਕਿਹੜੀਆਂ ਬੋਗਸ ਫਾਊਂਡਰੀਆਂ ਹਨ ? ਨਾਲ ਹੀ ਇਹ ਵੀ ਆਰਡਰ ਕਰੋ ਕਿ ਜਿਸ ਅਫਸਰ ਨੇ ਇਹ ਫਾਊਂਡਰੀਆਂ ਬਣਾਈਆਂ ਹਨ, ਉਸ ਅਫਸਰ ਤੇ ਪਹਿਲੇ ਐਕਸ਼ਨ ਹੋਵੇਗਾ। ਜਿਹੜਾ ਅਫਸਰ ਕਿਸੇ ਕਾਰਖਾਨੇਦਾਰ ਨਾਲ ਮਿਲਿਆ ਹੋਇਆ ਹੋਵੇਗਾ ਪਹਿਲਾਂ ਉਸ ਤੇ ਐਕਸ਼ਨ ਕਰੋ ਅੋਰ ਫਿਰ ਕਾਰਖਾਨੇਦਾਰ ਤੇ। ਮੌਜੂਦਾ ਪਾਲਿਸੀ ਮੁਤਾਬਿਕ ਜਿਹੜਾ ਛੋਟਾ ਕਾਰਖਾਨੇਦਾਰ ਹੈ ਉਹ ਮੂੰਹ ਵੇਖਦਾ ਰਹਿ ਜਾਂਦਾ ਹੈ ਅਤੇ ਮਾਲ ਦੂਸਰੇ ਛੱਕ ਜਾਂਦੇ ਹਨ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਬਟਾਲਾ ਵਿਚ ਇਸ ਵੇਲੇ ਐਲਜ਼ੀਪਸ਼ਨ ਪਿਗ ਆਇਰਨ ਦੀ 60 ਰੈਕਸ ਦੀ ਹੈ। 60 ਰੈਕਸ ਦੀ ਲੋੜ ਹੋਵੇ ਅਤੇ ਮਿਲਣ 40 ਜਾਂ 50 ਰੈਕਸ ? ਇਸ ਦੇ ਨਾਲ ਬਟਾਲੇ ਦੀ ਇੰਡਸਟਰੀ ਤੇ ਇਫੈਕਟ ਪੈਂਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਜਿਨਾਂ ਪਿਗ ਆਇਰਨ ਪੰਜਾਬ ਵਿਚ ਆਇਆ ਉਸ ਵਿਚੋਂ 60 ਪ੍ਰਤੀਸ਼ਤ ਦੀ ਖਪਤ ਬਟਾਲੇ ਵਿਚ ਹੋਈ ਸੀ ਅੱਜ ਜਿਹੜਾ ਲੋਹਾ ਬਲੈਕ ਵਿਚ ਮਿਲਦਾ ਹੈ ਉਹ

Original with;
Punjab Vidhan Sabha
Digitized by;
Panjab Digital Library

ਲੋਹਾ ਬਟਾਲੇ ਵਾਲੇ ਚੁਕਦੇ ਸਨ ਜਾਂ ਦੂਜੇ ਲੋਕ ਚੁਕਦੇ ਸਨ, ਜੋ ਅੰਡਰ ਹੈਂਡ ਸੇਲ ਹੁੰਦੀ ਸੀ, ਉਹ ਵੀ ਵੇਖੀ ਜਾਵੇ। ਇੱਕ ਰੂਲ ਬਣਾ ਦਿਓ, ਇਕ ਸਿਸਟਮ ਬਣਾ ਦਿਓ ਕਿ ਜਿਹੜਾ ਪਰਮਾਨੈਂਟ ਏਜੰਸੀ ਰਖਦਾ ਹੋਵੇ, ਉਸ ਨੂੰ ਦਿਓ। ਮੈਨੂੰ ਕੱਲ ਬਟਾਲੇ ਦੇ ਇੰਡਸਟਰੀਅਲਿਸਟ ਮਿਲੇ। ਮੈਨੂੰ ਕਹਿਣ ਲੱਗੇ ਕਿ ਸਾਨੂੰ ਨਹੀਂ ਪਤਾ ਜਿਹੜੀਆਂ ਨਵੀਆਂ ਅਸੈਸਮੈਂਟਾਂ ਕੀਤੀਆਂ ਗਈਆਂ ਹਨ ਉਹ ਕਿਹੜੇ ਹਿਸਾਬ ਨਾਲ ਕੀਤੀਆਂ ਹਨ। ਪੁਰਾਣਾ ਸਿਸਟਮ ਖਤਮ ਹੋ ਗਿਆ ਹੈ। ਕਿਸੇ ਨੂੰ ਇਸ ਨਵੇਂ ਸਿਸਟਮ ਬਾਰੇ ਪਤਾ ਨਹੀਂ।

ਡਿਪਟੀ ਸਪੀਕਰ ਸਾਹਿਬ, ਰਾਅ-ਮੈਟੀਰੀਅਲ ਦੇ ਨਾਲ ਬਿਜਲੀ ਦੀ ਲੋੜ ਹੈ। ਬਿਜਲੀ ਦੀ ਸਪਲਾਈ ਰੈਗੂਲਰ ਨਹੀਂ। ਇਸ ਦੇ ਵਾਸਤੇ ਯਤਨ ਕੀਤੇ ਜਾ ਰਹੇ ਹਨ ਕਿ ਕਿਵੇਂ ਬਿਜਲੀ ਨੂੰ ਰੈਗੂਲਰ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਤਿੰਨ ਚਾਰ ਸਟੇਸ਼ਨ ਹਨ ਜਿਥੇ ਬਿਜਲੀ ਦੀ ਖਪਤ ਜ਼ਿਆਦਾ ਹੈ। ਬਟਾਲਾ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਚ ਬਿਜਲੀ ਦੀ ਬਹੁਤ ਲੋੜ ਹੈ। ਇੰਡਸਟਰੀ ਵਾਲਿਆਂ ਨਾਲ ਸਲਾਹ ਕਰ ਕੇ ਕੋਈ ਜੈਨਰੇਟਰ ਸੈਟ ਲਗਵਾ ਦਿਓ। ਜਿਨ੍ਹਾਂ ਦਿਨਾਂ ਵਿਚ ਐਗਰੀਕਲਚਰ ਨੂੰ ਬਿਜਲੀ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ ਉਨ੍ਹਾਂ ਦਿਨਾਂ ਵਿੱਚ ਇੰਡਸਟਰੀ ਨੂੰ ਰੈਗੂਲਰ ਬਿਜਲੀ ਸਪਲਾਈ ਕਰਨ ਲਈ ਕੋਈ ਸੈਪਰੇਟ ਸਿਸਟਮ ਹੋਵੇ। ਇਕਲੇ ਬਟਾਲੇ ਵਿਚ ਇਸ ਵੇਲੇ ਕਾਰਖਾਨਿਆਂ ਵਿਚ 25,000 ਮਜ਼ਦੂਰ ਕੰਮ ਕਰਦੇ ਹਨ। ਅੱਜ ਕੀ ਹਾਲਤ ਹੈ ? ਅੱਜ ਮਜ਼ਦੂਰ ਨੂੰ ਤਿੰਨ ਘੰਟੇ, ਚਾਰ ਘੰਟੇ ਜਾਂ ਪੰਜ ਘੰਟੇ ਦੀ ਦਿਹਾੜੀ ਮਿਲਦੀ ਹੈ। ਕਦੀ ਵਾਰੀ ਰਾਤ ਨੂੰ ਬਿਜਲੀ ਆਉਂਦੀ ਹੈ ਅਤੇ 8.00 ਵਜੇ ਤੋਂ ਰਾਤ ਨੂੰ 1.00 ਵਜੇ ਤਕ ਉਹ ਮਜ਼ਦੂਰ ਕੰਮ ਕਰਦਾ ਹੈ। ਜਦੋਂ ਰਾਤ ਨੂੰ ਕੰਮ ਤੋਂ ਵਾਪਸ ਆਉਂਦਾ ਹੈ ਤਾਂ ਰਸਤੇ ਵਿਚ ਪੁਲਿਸ ਵਾਲੇ ਫੜ ਲੈਂਦੇ ਹਨ। ਡਿਪਟੀ ਸਪੀਕਰ ਸਾਹਿਬ, 107/151 ਦੇ ਮੇਰੇ ਇਲਾਕੇ ਵਿਚ ਕਈ ਮਜ਼ਦੂਰਾਂ ਤੇ ਕੇਸ ਹੋਏ ਹਨ, ਉਨ੍ਹਾਂ ਦੇ ਚਾਲਾਨ ਹੋਏ ਹਨ ਅਤੇ ਉਨ੍ਹਾਂ ਗਰੀਬ ਮਜ਼ਦੂਰਾਂ ਦੀਆਂ ਬੇਇਜ਼ਤੀਆਂ ਵੀ ਹੋਈਆਂ ਹਨ। ਪੁਲਿਸ ਵਾਲੇ ਅਪਣੀ ਡਿਊਟੀ ਕਰਦੇ ਹਨ। ਜਿਹੜਾ ਕੋਈ 1.00 ਵਜੇ ਰਾਤ ਨੂੰ ਉਥੋਂ ਜਾਂਦਾ ਹੈ ਉਸ ਨੂੰ ਘੇਰ ਲੈਂਦੇ ਹਨ। ਜਿਥੇ ਬਦਮਾਸ਼ਾਂ ਨੂੰ ਫੜਦੇ ਹਨ ਉਥੇ ਇਕ ਅਧਾ ਮਜ਼ਦੂਰ ਵੀ ਕਾਬੂ ਆ ਜਾਂਦਾ ਹੈ। ਇਸ ਲਈ ਬਿਜਲੀ ਦੀ ਸਪਲਾਈ ਠੀਕ ਟਾਈਮ ਤੇ ਅਤੇ ਰੈਗੂਲਰ ਮਿਲਣੀ ਚਾਹੀਦੀ ਹੈ। ਇਸ ਦੇ ਬਾਰੇ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ, ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਦੇ ਰਾਹੀਂ ਅਸੀਂ ਮਾਲ ਲੈਂਦੇ ਹਾਂ। ਬੜੀ ਖੁਸ਼ੀ ਦੀ ਗਲ ਹੈ ਕਿ ਅੱਗੇ ਪਿਗ ਆਇਰਨ ਇਨ੍ਹਾਂ ਦੇ ਰਾਹੀਂ ਕਾਰਖਾਨੇਦਾਰਾਂ ਨੂੰ ਮਿਲਦਾ ਸੀ, ਹੁਣ ਦੂਜਾ ਮੈਟੀਰੀਅਲ ਵੀ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਰਾਹੀਂ ਮਿਲੇਗਾ। ਪਰ ਸੀ, ਐਮ. ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਕਾਰਪੋਰੇਸ਼ਨ ਦੀ ਵਰਕਿੰਗ ਦੀ ਪੂਰੀ ਪੂਰੀ ਘੋਖ ਕਰਨ, ਉਸ ਦੀ ਇਨਵੈਸੀਟੀਗੇਸ਼ਨ ਕਰਨ ਅਤੇ ਉਸ ਵਿਚ ਆ ਗਈਆਂ ਮਾਲ ਪ੍ਰੈਕਟਿਸਿਜ਼ ਅਤੇ ਘਪਲੇਬਾਜ਼ੀ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ, ਇਹ ਵੇਖਣ ਦੀ ਲੋੜ ਹੈ। ਉਦੋਂ ਜਨਤਾ ਵਾਲਿਆਂ ਨੇ ਵੇਖਿਆ ਕਿ ਮੈਨੇਜਿੰਗ ਡਾਇਰੈਕਟਰ ਆਈ. ਏ. ਐਸ. ਅਫਸਰ ਹੈ, ਪਤਾ ਨਹੀਂ ਉਹ ਸਾਡੇ ਆਖੇ ਲੱਗੇ ਜਾਂ ਨਾ ਲਗੇ। ਉਨ੍ਹਾਂ ਨੇ ਆਪਣਾ ਇਕ ਐਡੀਸ਼ਨਲ ਐਮ. ਡੀ. ਲਾ ਦਿੱਤਾ ਅਤੇ ਆਪਣੀ ਮਰਜ਼ੀ ਮੁਤਾਬਿਕ ਪਾਲਿਸੀਆਂ ਤੋੜ ਮੋੜ ਕੇ ਖਤਮ ਕਰ ਦਿੱਤੀਆਂ। ਅੱਗੇ 45 ਦਿਨ ਫਾਊਂਡਰੀ ਲਗਣ ਦੇ ਬਾਅਦ ਮੈਟੀਰੀਅਲ ਮਿਲਦਾ ਸੀ। ਪਰ ਉਹ ਪਾਲਿਸੀਆਂ ਟੁਟੀਆਂ ਅਤੇ ਖਾਸ ਖਾਸ ਬੰਦਿਆਂ ਦੇ ਹੱਕ ਵਿਚ ਟੁਟੀਆਂ। ਇਸ ਦੀ ਇਨਕੁਆਇਰੀ ਕੀਤੀ ਜਾਵੇ। ਇਸ ਕਾਰਪੋਰੇਸ਼ਨ ਦੇ ਅਕਾਊਂਟਸ ਦੀ ਕੀ ਪੁਜ਼ੀਸ਼ਨ ਹੈ ? ਇਹ ਕਾਰਪੋਰੇਸ਼ਨ ਖਰੀਦਦੀ ਲੋਹਾ ਹੈ ਪਰ ਇਨ੍ਹਾਂ ਨੇ 9 ਲੱਖ ਰੁਪਿਆ ਚਾਂਦੀ ਦੀ

Original with;
Punjab Vidhan Sabha
Digitized by;
Panjab Digital Library

]ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਪਰਚੇਜ਼ ਵਿਚ ਕਿਵੇਂ ਲਗਾ ਦਿਤਾ ? ਉਹ ਚੈਕ ਅਤੇ ਡਰਾਫਟ ਕਿਸੇ ਸ਼ਾਮ ਐਂਡ ਕੰਪਨੀ, ਜੀਊਲਰਜ਼ ਚਾਂਦਨੀ ਚੌਕ, ਦਿਲੀ ਕੋਲ ਕਿਵੇਂ ਚਲੇ ਗਏ ? ਪਿਛਲੇ ਤਿੰਨ ਸਾਲਾਂ ਵਿਚ ਲੱਖਾਂ ਰੁਪਏ ਦੇ ਚੈਕ ਅਤੇ ਡਰਾਫਟ ਇਸ ਕਾਰਪੋਰੇਸ਼ਨ ਦੇ ਇਨ੍ਹਾਂ ਪ੍ਰਾਈਵੇਟ ਪਾਰਟੀਜ਼ ਕੋਲ ਕਿਵੇਂ ਚਲੇ ਗਏ ? ਉਹ ਕਿਹੜਾ ਆਦਮੀ ਹੈ ਜਿਸ ਦੇ ਨਾਂ ਤੇ ਇਹ ਚੈਕ ਇਸ਼ੂ ਕੀਤੇ ਗਏ ਅਤੇ ਇਹ ਕਿਉਂ ਹੋਏ ਸਨ ? ਇਸ ਦੇ ਅਕਾਊਂਟਸ ਨਹੀਂ ਮਿਲਦੇ । ਅੱਜ ਤਕ ਪਿਛਲੇ ਦੋ ਤਿੰਨ ਸਾਲਾਂ ਦੀਆਂ ਬੈਲੈਂਸ ਸ਼ੀਟਸ ਨਹੀਂ ਬਣੀਆਂ । ਇਸ ਸਾਰੀ ਗਲ ਦੀ ਇਨਕੁਆਇਰੀ ਕੀਤੀ ਜਾਵੇ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਕੋਲ ਇੰਡਸਟਰੀ ਵਾਲੇ ਦੋ ਤਿੰਨ ਸਾਲ ਪਹਿਲਾਂ ਪੈਸਾ ਐਡਵਾਂਸ ਵਿਚ ਜਮ੍ਹਾਂ ਕਰਵਾ ਦਿੰਦੇ ਹਨ । ਇਹ ਉਸ ਪੈਸੇ ਨੂੰ ਵਰਤਦੇ ਰਹਿੰਦੇ ਹਨ ਪਰ ਉਨ੍ਹਾਂ ਨੂੰ ਕੋਈ ਸੂਦ ਨਹੀਂ ਦਿੰਦੇ । ਇਹ ਕਾਰਪੋਰੇਸ਼ਨ ਸਰਕਾਰ ਨੂੰ ਧੋਖੇ ਵਿਚ ਰਖ ਕੇ ਬਹੁਤ ਪੈਸਾ ਕਮਾ ਰਹੀ ਹੈ। ਅੱਜ ਲੋੜ ਹੈ ਕਿ ਇਸ ਦੀ ਵਰਕਿੰਗ ਦੀ ਪੜੋਬ ਕੀਤੀ ਜਾਵੇ । ਮੈਨੂੰ ਖੁਸ਼ੀ ਹੈ, ਡਿਪਟੀ ਸਪੀਕਰ ਸਾਹਿਬ, ਕਿ ਸੀ. ਐਮ. ਸਾਹਿਬ ਦੇ ਆਉਣ ਨਾਲ ਘੱਟੋ ਘੱਟ ਇਹ ਤਾਂ ਆਰਡਰ ਹੋ ਗਿਆ ਹੈ ਕਿ ਇਕ ਬੰਦੇ ਨੂੰ ਦੋ ਟਨ ਲੋਹਾ ਜ਼ਰੂਰ ਮਿਲੇ । ਅੱਜ ਵੀ ਬਹੁਤ ਹਨੇਰ ਗਰਦੀ ਹੋ ਰਹੀ ਹੈ । ਕਈ ਇੰਡਸਟਰੀਅਲਿਸਟ ਅਜਿਹੇ ਹਨ ਜਿਨ੍ਹਾਂ ਦੀਆਂ ਇੰਡਸਟਰੀਆਂ ਸਿਰਫ ਕਾਗਜ਼ਾਂ ਵਿਚ ਹਨ । ਉਥੇ ਕਿਸੇ ਮਜ਼ਦੂਰ ਨੂੰ ਮਜ਼ਦੂਰੀ ਨਹੀਂ ਮਿਲਦੀ, ਕੋਈ ਗਰੈਚੂਟੀ ਨਹੀਂ ਮਿਲਦੀ । ਖਾਲੀ ਬਿਜਲੀ ਚਲਾ ਕੇ ਲੱਖਾਂ ਰੁਪਏ ਦੇ ਕੋਟੇ ਲੈ ਰਹੇ ਹਨ । ਬੋਗਸ ਕੋਟੇ ਬੰਦ ਕਰਵਾ ਦਿਓ ਅਤੇ ਜੈਨੂਅਨ ਇੰਡਸਟਰੀ ਨੂੰ ਪਰਫੁਲਤ ਕਰੋ। ਮੈਂ ਇਹ ਬੇਨਤੀ ਕਰਾਂਗਾ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਨਵੇਂ ਬੋਗਸ ਕੋਟਾ ਹੋਲਡਰਜ਼ ਅਤੇ ਕੋਲੇ ਦੇ ਏਜੰਟ ਬੰਦ ਹੋਣੇ ਚਾਹੀਦੇ ਹਨ ਉਨ੍ਹਾਂ ਨੂੰ ਪਕੜਿਆ ਜਾਵੇ ਤਾਕਿ ਇੰਡਸਟਰੀ ਵੱਧੇ ਅਤੇ ਫੁਲੇ ।

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗਲ ਹੋਰ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ । ਇੰਡਸਟਰੀ ਡਿਪਾਰਟਮੈਂਟ ਦੇ ਵਿਚ ਇੰਟਰੈਸਟਫਰੀ ਲੋਨਜ਼ ਕੁਝ ਲੋਕਾਂ ਨੂੰ ਮਿਲਦੇ ਸਨ । ਇਹ ਨਵੀਂ ਇੰਡਸਟਰੀ ਲਗਾਉਣ ਲਈ ਮਿਲਦੇ ਸਨ । ਪਰ ਇਕ ਨਵਾਂ ਸਿਸਟਮ ਚਲਿਆ ਹੈ। ਕਮਰਾ ਇੱਕ ਹੈ ਪਰ ਬਾਹਰ ਫੱਟੇ 9 ਲੱਗੇ ਹਨ । ਕਦੇ ਗੁਰੂ ਗੋਬਿੰਦ ਸਿੰਘ ਮਹਾਰਾਜ, ਕਦੇ ਗੁਰੂਨਾਨਕ ਦੇਵ ਜੀ, ਕਦੇ ਕ੍ਰਿਸ਼ਨ, ਰਾਮ ਅਤੇ ਕਦੇ ਸੁਭਾਸ਼, ਨਹਿਰੂ ਵਰਗੇ ਲੀਡਰਾਂ ਦੇ ਨਾਂ ਤੇ ਦੁਨੀਆਂ ਨੂੰ ਧੋਖਾ ਦਿੰਦੇ ਹਨ ।

ਸ਼੍ਰੀ ਰਾਮ ਸਰੂਪ : ਡਿਪਟੀ ਸਪੀਕਰ ਸਾਹਿਬ, ਇਹ ਭਗਵਾਨ ਰਾਮ ਅਤੇ ਭਗਵਾਨ ਕ੍ਰਿਸ਼ਨ ਕਿਉਂ ਨਹੀਂ ਕਹਿੰਦੇ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਮਹਾਨ ਸ਼ਖਸੀਅਤਾਂ ਦਾ ਨਾਂ ਲਿਖ ਕੇ ਇਕ ਕਮਰੇ ਵਿਚ 8, 8 ਬੋਰਡ ਲਗਾ ਲੈਂਦੇ ਹਨ। ਇਸ ਦੇ ਖਾਰੇ ਕਾਨੂੰਨ ਬਣਾਓ । ਐਗਜ਼ਿਮਟਿਗ ਇੰਡਸਟਰੀ ਤੇ ਕਰਫ਼ ਲਗੇ। ਜਿਹੜਾ ਇਨਸੈਂਟਿਵ ਨਵੀਂ ਇੰਡਸਟਰੀ ਨੂੰ ਦੇਣਾ ਹੈ ਉਸ ਤੇ ਚੈਕ ਰਖੋ, ਇਹ ਨਾ ਹੋਵੇ ਕਿ ਇਕੋ ਬੰਦਾ ਅਲਗ ਅਲਗ ਨਾਵਾਂ ਤੇ ਸਾਰਾ ਪੈਸਾ ਲੈ ਕੇ ਖਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਜਿਥੇ ਉਨ੍ਹਾਂ ਨੇ ਬਲੈਕ ਮਾਰਕੀਟਰਜ਼ ਅਤੇ ਸਮਗਲਰਜ਼ ਦੇ ਖਿਲਾਫ ਮੁਹਿੰਮ ਚਲਾਈ ਹੈ, ਉਥੇ ਮੈਂ ਅਪੀਲ ਕਰਾਂਗਾ ਕਿ ਫੂਡ ਅਤੇ ਦੂਜੀਆਂ ਈਟੇਬਲਜ਼ ਚੀਜ਼ਾਂ ਵਿਚ ਜੋ ਹੇਰਾ ਫੇਰੀ ਕਰ ਦੇ ਹਨ, ਜੋ ਇਕਨਾਮਿਕ

Original with;
Punjab Vidhan Sabha
Digitized by;
Panjab Digital Library

ਓਫੈਂਡਿਡ ਹਨ, ਉਨ੍ਹਾਂ ਤੇ ਵੀ ਹੱਥ ਪਾਉਣ । ਬਾਕੀ ਸਭ ਠੀਕ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਕਾਮਰੇਡ ਸੋਹਣ ਸਿੰਘ (ਵੇਰਕਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਬੜੀ ਖੁਸ਼ੀ ਹੋਈ ਹੈ ਕਿ ਤੁਸੀਂ ਅੱਜ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੁਕੇਰੀਆਂ ਦੀ ਇੱਕ ਖਬਰ ਪੜ੍ਹੀ ਹੈ ਕਿ ਇਕ ਥਾਣੇਦਾਰ ਕਿਸੇ ਮੁੰਡੇ ਨਾਲ ਇੰਟਰਕੋਰਸ ਕਰਦਾ ਫੜਿਆ ਗਿਆ । ਇਹ ਸਭ ਕੁਝ ਟੇਪ ਰਿਕਾਰਡ ਕੀਤਾ ਗਿਆ ਹੈ। ਇਸੇ ਤਰ੍ਹਾਂ ਡੇਰਾ ਬੱਸੀ ਦੀ ਖਬਰ ਹੈ ਕਿ ਇੱਕ ਜ਼ਨਾਨੀ ਨੂੰ ਪੁਲਿਸ ਸਟੇਸ਼ਨ ਵਿਚ ਰਖਿਆ ਗਿਆ । ਉਥੇ ਉਸ ਨਾਲ ਸਾਰਾ ਕੁਝ ਹੋਇਆ । ਇਸ ਤਰ੍ਹਾਂ ਦੇ ਹਾਲਾਤ ਹੋ ਰਹੇ ਹਨ । ਮੀ. ਐਮ. ਸਾਹਿਬ ਇਸ ਪਾਸੇ ਤਵੱਜੋ ਦੇਣ। ਐਸਾ ਹਿਸਟਰੀ ਵਿਚ ਨਹੀਂ ਹੋਇਆ । ਲੋਕਾਂ ਨੇ ਜਾ ਕੇ ਏ. ਐਸ. ਆਈ. ਨੂੰ ਮੁੰਡੇ ਨਾਲ ਇੰਟਰਕੋਰਸ ਕਰਦਿਆਂ ਫੜਿਆ । ਅੱਗੇ ਰੇਪ ਦੇ ਕੇਸਿਜ਼ ਹੁੰਦੇ ਸਨ । ਹੁਣ ਤਾਂ ਮੁੰਡਿਆਂ ਨਾਲ ਪੁਲਿਸ ਵਾਲੇ ਅਜਿਹੇ ਕੰਮ ਕਰਨ ਲਗ ਪਏ ਹਨ। ਇਸੇ ਤਰ੍ਹਾਂ ਇੱਕ ਜ਼ਨਾਨੀ ਨੂੰ ਪੁਲਿਸ ਸਟੇਸ਼ਨ ਵਿਚ ਬਹੁਤ ਚਿਰ ਰਖਿਆ ਗਿਆ। ਐਸ. ਐਸ. ਪੀ. ਨੇ ਉਥੇ ਜਾ ਕੇ ਉਸ ਨੂੰ ਫੜਿਆ । ਜੇ ਪੁਲਿਸ ਦਾ ਇਹ ਹਾਲ ਹੈ ਤਾਂ ਫਿਰ ਕੋਈ ਵੀ ਆਦਮੀ ਮਹਿਫੂਜ਼ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ । ਇਸ ਦਾ ਕੋਈ ਹੱਲ ਕਰਾਓ ।

ਕਾਮਰੇਡ ਸੋਹਣ ਸਿੰਘ : ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੀ ਪੰਜਾਬ ਦੇ ਵਿਚ ਬੜੀ ਬੁਰੀ ਹਾਲਤ ਹੋ ਗਈ ਹੈ । ਇਹ ਕੱਚੇ ਮਾਲ ਦੀ ਥੁੜ ਦੇ ਕਾਰਨ ਹੈ । ਲੋਹੇ ਤੇ ਦੇਗ ਦੀਆ ਕੀਮਤਾਂ ਬਹੁਤ ਚੜ੍ਹ ਗਈਆਂ ਹਨ। ਕੋਲਾ, ਡੀਜ਼ਲ, ਰੰਗ ਤੇ ਦਵਾਈਆਂ ਦੇ ਭਾਅ 100% ਵੱਧ ਗਏ ਹਨ । ਇਸ ਵਾਸਤੇ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਇਸ ਪਾਸੇ ਧਿਆਨ ਦਿਵਾਵਾਂਗਾ ਕਿ ਜਦੋਂ ਤਕ ਦੇਸ਼ ਦੇ ਵਿਚੋਂ ਬਲੈਕ ਮਾਰਕੀਟੀਏ ਨਹੀਂ ਫੜਦੇ ਉਤਨੀ ਦੇਰ ਤਕ ਇਹ ਕੀਮਤਾਂ ਚੜ੍ਹਣੋਂ ਨਹੀਂ ਹੱਟਣੀਆਂ । ਅੱਜ ਬਲੈਕ ਮਾਰਕਿਟ ਵਿਚ ਇਥਨੀਆਂ ਕੀਮਤਾਂ ਚੜ੍ਹਦੀਆਂ ਜਾ ਰਹੀਆਂ ਹਨ ਕਿ ਬਲੈਕ ਮਾਰਕੀਟੀਆਂ ਨੂੰ ਹੱਥ ਪਉਣ ਦੀ ਬਹੁਤ ਲੋੜ ਹੈ । ਲੋਹੇ ਦੀਆਂ ਚਾਦਰਾਂ ਅਸਲ ਭਾਅ ਨਾਲੋਂ ਇਕ ਹਜ਼ਾਰ ਰੁਪਏ ਪ੍ਰਤੀ ਟਨ ਵਧ ਭਾਅ ਤੇ ਵਿਕਦੀਆਂ ਹਨ । ਫਿਰ ਡਿਪਟੀ ਸਪੀਕਰ ਸਾਹਿਬ, ਛੋਟੀ ਇੰਡਸਟਰੀ ਨੂੰ ਵਾਇਰ ਰਾਡ ਦੇ ਕੁੱਛੇ ਜਾਂ ਤਾਰ ਜਿਹੜੀ ਹੈ ਉਹ ਤਕਰੀਬਨ 4,500/- ਰੁਪਏ ਪ੍ਰਤੀ ਟਨ ਖਰੀਦਣੇ ਪੈ ਰਹੇ ਹਨ ਜਦ ਕਿ ਮਾਰਕਿਟ ਦਾ ਭਾਅ ਜਿਹੜਾ ਹੈ ਉਹ 2,700/- ਰੁਪਏ ਪ੍ਰਤੀ ਟਨ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਹੀ ਅੰਦਾਜ਼ਾ ਲਾ ਲਓ ਕਿ ਇਹ ਕੀਮਤ ਕਿਸ ਤਰ੍ਹਾਂ ਚੜ੍ਹੀ ਹੋਈ ਹੈ । ਜੇਕਰ ਬਜ਼ਾਰ ਵਿਚੋਂ ਉਹੀ ਤਾਰ ਲੈਣੀ ਹੋਵੇ ਤਾਂ ਕਿਸ ਭਾਅ ਹੈ ਅੱਤ ਜੇਕਰ ਇਹ ਅਸਲ ਭਾਅ ਤੇ ਮਿਲੇ ਤਾਂ 2700/- ਰੁਪਏ ਟਨ ਦੇ ਹਿਸਾਬ ਨਾਲ ਮਿਲਦੀ ਹੈ। ਜਿਹੜੇ ਵਪਾਰੀ ਹਨ, ਦੁਕਾਨਦਾਰ ਹਨ ਉਹ ਬਲੈਕ ਮਾਰਕਿਟ ਵਿਚ ਇਹ ਤਾਰ ਵੇਚਦੇ ਹਨ ਅਤੇ ਬੜਾ ਮੁਨਾਫਾ ਕਮਾਉਂਦੇ ਹਨ । ਇਸ ਲਈ ਇਸ ਪਾਸੇ ਵੀ ਸ਼ਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਵੇਲੇ, ਡਿਪਟੀ ਸਪੀਕਰ ਸਾਹਿਬ, ਆਮ ਤਾਰ ਬਣਾਉਣ ਵਾਲੇ ਕੇਵਲ ਚਾਰ ਕਾਰਖਾਨੇ ਕੁਲ ਸਪਲਾਈ ਦਾ 42% ਸਾਂਭੀ ਬੈਠੇ ਹਨ । ਸਿਰਫ ਚਾਰ ਹੀ ਕਾਰਖਾਨੇ ਹਨ ਜਿੰਨ੍ਹਾਂ ਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੋਹਣ ਸਿੰਘ]

42% ਤਾਰ ਸਪਲਾਈ ਕਰਦੇ ਹਨ । ਇਸ ਦੇ ਨਾਲ ਛੋਟੀ ਇੰਡਸਟਰੀ ਤਬਾਹ ਹੁੰਦੀ ਜਾ ਰਹੀ ਹੈ। ਇਸ ਲਈ ਇਹ ਚਾਰ ਕਾਰਖਾਨੇ ਜਿਹੜੇ ਹਨ ਇਹ ਮਿਲ ਕੇ ਬੈਠੇ ਹਨ ਅਤੇ ਦੂਸਰੀ ਛੋਟੀ ਇੰਡਸਟਰੀ ਨੂੰ ਤਬਾਹ ਕਰੀ ਜਾਂਦੇ ਹਨ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਛੋਟੀ ਇੰਡਸਟਰੀ ਦਾ ਖਿਆਲ ਰੱਖੇ ਅੱਰ ਜਿਹੜੇ ਕੁੱਲ ਸਪਲਾਈ ਦਾ 42% ਸਾਂਭੀ ਬੈਠੇ ਹਨ ਉਨ੍ਹਾਂ ਨੂੰ ਰੋਕੇ। ਛੋਟੀ ਸਨਅਤ ਨੂੰ ਆਪਣੇ ਬਚਾਅ ਲਈ ਘੱਟੋ ਘੱਟ ਬਾਰਾਂ ਘੰਟੇ ਕੰਮ ਦੀ ਲੋੜ ਹੈ ਪਰ ਪਾਵਰ ਕੇਵਲ 7 ਘੰਟੇ ਉਨ੍ਹਾਂ ਨੂੰ ਮਿਲਦੀ ਹੈ ਅਤੇ ਉਹ ਵੀ ਹਫਤੇ ਵਿਚ ਛੇ ਦਿਨ ਮਿਲਦੀ ਹੈ । ਬਿਜਲੀ ਦਾ ਨਾਕਸ ਪ੍ਰਬੰਧ ਹੈ । ...(ਵਿਘਨ)

12.21 ਬਾਅਦ ਦੁਪਹਿਰ

(ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਸਾਡੇ ਪਾਸ ਕੰਮ ਹੈ ਅੱਰ ਸਾਡੇ ਦੇਸ਼ ਨੂੰ ਕੰਮ ਦੀ ਜ਼ਰੂਰਤ ਹੈ ਪਰ ਬਿਜਲੀ ਦਾ ਪ੍ਰਬੰਧ ਠੀਕ ਨਾ ਹੋਣ ਕਰਕੇ ਲੋਕ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਸਕਦੇ । ਇਸ ਲਈ ਮੈਂ ਸਮਝਦਾ ਹਾਂ ਕਿ ਪੂਰੀ ਬਿਜਲੀ ਦੇਣ ਦਾ ਫੌਰੀ ਤੌਰ ਤੇ ਸਰਕਾਰ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ। ਸਾਨੂੰ ਬਿਜਲੀ ਪੂਰੀ ਮਿਲਣੀ ਚਾਹੀਦੀ ਹੈ । ਸਪੀਕਰ ਸਾਹਿਬ, ਜੇਕਰ ਸਰਕਾਰ ਛੋਟੀ ਇੰਡਸਟਰੀ ਨੂੰ ਠੀਕ ਤਰ੍ਹਾਂ ਬਿਜਲੀ ਸਪਲਾਈ ਨਹੀਂ ਕਰ ਸਕਦੀ ਤਾਂ ਮੈਂ ਮੰਗ ਕਰਦਾ ਹਾਂ ਕਿ ਉਸ ਦੇ ਲਈ ਜੈਨਰੇਟਰ ਲੁਆਏ ਜਾਣ । ਸਰਕਾਰ, ਸਪੀਕਰ ਸਾਹਿਬ, ਜੈਨਰੇਟਰ ਲਗਾਉਣ ਲਈ ਸਿਰਫ 20% ਹੀ ਸਬਸਿੱਡੀ ਦਿੰਦੀ ਹੈ । ਇਹ ਸਬਸਿੱਡੀ ਦੀ ਦਰ ਮੈਂ ਸਮਝਦਾ ਹਾਂ ਕਿ ਬਹੁਤ ਹੀ ਥੋੜ੍ਹੀ ਹੈ । ਛੋਟੀ ਇੰਡਸਟਰੀ ਵਾਲਾ ਇਸ ਦੇ ਨਾਲ ਜੈਨਰੇਟਰ ਨਹੀਂ ਲਗਾ ਸਕਦਾ । ਇਸ ਲਈ ਮੇਰੀ ਇਹ ਮੰਗ ਹੈ ਕਿ ਸਰਕਾਰ ਜੈਨਰੇਟਰਾਂ ਦੀ ਪੂਰੀ ਪੂਰੀ ਕੀਮਤ ਅਦਾ ਕਰੇ, ਉਨ੍ਹਾਂ ਨੂੰ ਪੂਰਾ ਪੂਰਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣੀ ਉਪਜ ਵਧਾ ਸਕਣ ।

ਇਸ ਤੋਂ ਅੱਗੇ ਸਪੀਕਰ ਸਾਹਿਬ, ਮੈਂ ਅੰਕੜੇ ਦੇ ਕੇ ਦੱਸਦਾ ਹਾਂ ਕਿ ਸਾਡੇ ਪ੍ਰਾਂਤ ਵਿਚ ਮਾਲ ਦੀ ਸਪਲਾਈ ਦੀ ਕੀ ਹਾਲਤ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਿਚ ਇੰਡਸਟਰੀ ਨੂੰ ਜੋ ਮਾਲ ਚਾਹੀਦਾ ਹੈ, ਉਸ ਦੀ ਬਹੁਤ ਹੀ ਘਾਟ ਹੈ । ਇਸ ਵੇਲੇ, ਸਪੀਕਰ ਸਾਹਿਬ, ਤੁਸੀਂ ਵੇਖ ਲਵੋ, ਕੋਲਾ ਸਾਡੀ ਮੰਗ ਦਾ ਸਿਰਫ 84 ਫੀ ਸਦੀ ਮਿਲਦਾ ਹੈ । ਭੱਠੀ ਦਾ ਤੇਲ ਸਾਡੀ ਮੰਗ ਦਾ 36% ਮਿਲਦਾ ਹੈ, ਦੇਗੀ ਲੋਹਾ 92% ਮਿਲਦਾ ਹੈ, ਸਟੀਲ 42% ਮਿਲਦਾ ਹੈ..... ।

ਸ਼੍ਰੀ ਸਪੀਕਰ : ਹੁਣ ਵਾਈਂਡ ਅੱਪ ਕਰੋ ਜੀ ।

ਕਾਮਰੇਡ ਸੋਹਣ ਸਿੰਘ : ਬੱਸ ਜੀ, ਮੈਂ ਥੋੜ੍ਹਾ ਸਮਾਂ ਹੀ ਹੋਰ ਲੈਣਾ ਹੈ । (ਵਿਘਨ)

ਸਪੀਕਰ ਸਾਹਿਬ, ਅਲਮੀਨੀਅਮ ਤਾਂ ਮਿਲਦਾ ਹੀ ਨਹੀਂ ਹੈ। ਐਚ. ਐਸ. ਡੀ. ਸਾਡੀ ਲੋੜ ਦਾ ਕੇਵਲ 76 ਫੀ ਸਦੀ ਮਿਲਦਾ ਹੈ ਅੱਰ ਐਲ. ਡੀ. ਓ. ਸਿਰਫ 77 ਫੀ ਸਦੀ ਮਿਲਦਾ ਹੈ । ਇਸ

Original with;
Punjab Vidhan Sabha
Digitized by;
Panjab Digital Library

ਮੈਟੀਰੀਅਲ ਦੇ ਪੂਰਾ ਨਾ ਮਿਲਣ ਕਾਰਨ ਕਾਰਖਾਨਿਆਂ ਦੀ ਉਪਜ ਘੱਟੀ ਹੈ, ਸਰਕਾਰ ਦੀ ਵੀ ਆਮਦਨ ਘੱਟੀ ਹੈ ਔਰ ਲੇਬਰ ਦੇ, ਕਾਮਿਆਂ ਦੇ ਚਾਰਜਿਜ਼ ਵੀ ਘੱਟੇ ਹਨ, ਉਨ੍ਹਾਂ ਦੀਆਂ ਉਜਰਤਾਂ ਘਟਾ ਦਿੱਤੀਆਂ ਜਾਂਦੀਆਂ ਹਨ । ਇਸ ਵੇਲੇ ਸਪੀਕਰ ਸਾਹਿਬ, ਹਾਲਤ ਇਹ ਹੈ ਕਿ ਸਿਲਾਈ ਦੀਆਂ ਮਸ਼ੀਨਾਂ ਦੀ ਸਨਅਤ ਵਿਚ 75 ਫੀ ਸਦੀ ਪੁਰਜ਼ਿਆਂ ਦੀ ਘਾਟ ਹੈ। ਕਪੜੇ ਦੀ ਸਨਅਤ ਵਾਸਤੇ ਜਿਥੇ ਕਿ 8,050 ਮੀਟਰਿਕ ਟਨ ਯਾਰਨ ਦੀ ਲੋੜ ਹੈ ਲੇਕਿਨ ਉਸ ਦੀ ਥਾਂ ਤੇ ਕੇਵਲ 1,269 ਮੀਟਰਿਕ ਟਨ ਮਿਲਦਾ ਹੈ ਹਾਲਾਂ ਕਿ 6,325 ਮੀਟਰਿਕ ਟਨ ਦਾ ਕੋਟਾ ਮੁਕਰਰ ਹੈ।

ਲੋਹੇ ਦੀ ਇੰਡਸਟਰੀ ਦੀ ਹਾਲਤ ਵੀ ਬੜੀ ਬੁਰੀ ਹੈ । ਉਸ ਦੀ ਹਾਲਤ ਇਹ ਹੈ ਕਿ ਭੱਠੀ ਦਾ ਤੇਲ ਬਹੁਤ ਘੱਟ ਮਿਲਦਾ ਹੈ । ਇਸ ਸਨਅਤ ਨੂੰ ਭੱਠੀ ਦਾ ਤੇਲ ਸਾਡੀ ਮੰਗ ਦਾ 30 ਫੀ ਸਦੀ, ਲੋਹਾ 41.12 ਫੀ ਸਦੀ ਅਤੇ ਸਪੈਸ਼ਲ ਲੋਹਾ 18.75 ਫੀ ਸਦੀ ਮਿਲਦਾ ਹੈ। ਇਸੇ ਤਰ੍ਹਾਂ ਹੀ 50 ਫੀ ਸਦੀ ਆਟੋਮੈਟਿਕ ਪੁਰਜ਼ਿਆਂ ਦੀ ਘਾਟ ਹੈ। ਇਸ ਤੋਂ ਛੁਟ ਸਾਡੀ ਲੋੜ ਦੀ 76.9 ਫੀ ਸਦੀ ਡੀਜ਼ਲ ਆਇਲ ਦੀ ਸਪਲਾਈ ਹੁੰਦੀ ਹੈ।

ਸ਼੍ਰੀ ਸਪੀਕਰ : ਬੱਸ ਕਰੋ ਜੀ ਹੁਣ ਤੁਸੀਂ ।

ਕਾਮਰੇਡ ਸੋਹਣ ਸਿੰਘ : ਇਸ ਵਾਸਤੇ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਡੇ ਪੰਜਾਬ ਦੇ ਵਿਚ ਇੰਡਸਟਰੀ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਠੀਕ ਹੈ ਕਿ ਮੈਨੂੰ ਇਸ ਹਾਊਸ ਵਿਚ ਬੋਲਣ ਦਾ ਜ਼ਿਆਦਾ ਤਜਰਬਾ ਨਹੀਂ ਹੈ, ਮੈਂ ਵੀ ਕਾਰਖਾਨੇ ਵਿਚ ਕੰਮ ਕਰਨ ਵਾਲਾ ਵਰਕਰ ਹਾਂ ਅਤੇ ਮੈਨੂੰ ਪਤਾ ਹੈ ਕਿ ਇੰਡਸਟਰੀ ਨੂੰ ਬਿਜਲੀ ਦੀ ਕਿਤਨੀ ਭਾਰੀ ਦਿਕਤ ਹੈ । ਕਈ ਵਾਰੀ ਰਾਤ ਨੂੰ ਜਦੋਂ ਮੈਂ ਰੋਟੀ ਨਾਲ ਖੜਦਾ ਹਾਂ ਤੇ ਕੰਮ ਲਈ ਫੈਕਟਰੀ ਜਾਂਦਾ ਹਾਂ ਤਾਂ ਫੈਕਟਰੀ ਵਿਚੋਂ ਸੁਨੇਹਾ ਮਿਲਦਾ ਹੈ ਕਿ ਬਿਜਲੀ ਸਵੇਰੇ ਅਠ ਵਜੇ ਆਉਣੀ ਹੈ । (ਵਿਘਨ) ਜਿਸ ਤਰ੍ਹਾਂ ਹੁਣੇ ਹੀ ਮੇਰੇ ਸਾਥੀ ਨੇ ਦੱਸਿਆ ਹੈ ਕਿ ਜਿਸ ਵੇਲੇ ਰਾਤ ਨੂੰ ਡਿਊਟੀ ਰੱਖਣੀ ਹੁੰਦੀ ਹੈ ਤਾਂ 12.00 ਜਾਂ 1.00 ਵਜੇ ਤਕ ਹੀ ਕੰਮ ਕਰਨਾ ਹੁੰਦਾ ਹੈ ਔਰ ਜਦੋਂ ਫੈਕਟਰੀ ਵਿਚੋਂ ਬਾਹਰ ਆਈਦਾ ਹੈ ਤਾਂ ਪੁਲਿਸ ਵਾਲੇ ਪੁਛਦੇ ਹਨ ਕਿ ਤੂੰ ਕਿਥੋਂ ਆਇਆ ਹੈਂ ? ਇਹ ਤੇਰੇ ਫੈਕਟਰੀ ਤੋਂ ਆਉਣ ਦਾ ਕਿਹੜਾ ਟਾਈਮ ਹੈ ? ਇਕ ਹੋਰ ਵੀ ਗੱਲ ਹੈ ਕਿ ਜਿਹੜੇ ਛੋਟੇ ਕਾਰਖਾਨੇ ਵਾਲੇ ਹਨ ਉਹ ਵਰਕਰਾਂ ਨੂੰ ਗੇਟ ਪਾਸ ਨਹੀਂ ਦਿੰਦੇ । ਉਸ ਦਾ ਨਤੀਜ, ਇਹ ਵੀ ਹੁੰਦਾ ਹੈ ਕਿ ਪੁਲਿਸ ਵਾਲੇ ਉਨ੍ਹਾਂ ਨੂੰ ਬਿਠਾ ਵੀ ਲੈਂਦੇ ਹਨ ਕਿ ਇਹ ਪਤਾ ਨਹੀਂ ਹੈ ਕਿਥੋਂ ਆਇਆ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਛੋਟੇ ਕਾਰਖਾਨੇਦਾਰਾਂ ਨੂੰ ਕਹੇ ਕਿ ਉਹ ਵਰਕਰਾਂ ਨੂੰ ਗੇਟ-ਪਾਸ ਦਿਆ ਕਰਨ। ਸਪੀਕਰ ਸਾਹਿਬ, ਜਦੋਂ ਦੇਸ਼ ਦੇ ਵਿਚ ਇਤਨੀ ਹਾਲਤ ਮਾੜੀ ਹੈ ਤਾਂ ਮੈਂ ਪੰਜਾਬ ਦੀ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਇਸ ਪਾਸੇ ਖਾਸ ਧਿਆਨ ਦੇਣ।

ਬਾਕੀ ਸਪੀਕਰ ਸਾਹਿਬ, ਕਰਜ਼ਿਆਂ ਦੀ ਗੱਲ ਹੈ । ਕਾਂਗਰਸ ਸਰਕਾਰ ਨੇ ਵੀ ਕਰਜ਼ੇ ਦੇਣ ਦੀ ਸਕੀਮ ਬਣਾਈ ਸੀ । ਅੱਜ ਵੀ ਮੰਗ ਹੋ ਰਹੀ ਹੈ ਕਿ ਕਰਜ਼ੇ ਇਸ ਤਰ੍ਹਾਂ ਦਿੱਤੇ ਜਾਣ ਜੋ ਗਰਾਂਟ ਦੀ ਸ਼ਕਲ ਵਿਚ ਹੋਣ (ਵਿਘਨ)। ਇਸ ਲਈ ਮੈਂ ਕਹਿੰਦਾ ਹਾਂ ਕਿ ਮੇਰੇ ਇਨ੍ਹਾਂ ਸੁਝਾਵਾਂ ਵੱਲ ਸਰਕਾਰ ਧਿਆਨ ਦੇਵੇ । ਇਤਨੀ ਬੇਨਤੀ ਕਰਦਾ ਹੋਇਆ ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ।

ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ ਦਖਣੀ) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਮੈਂ ਇਸ ਦੇ ਬਾਰੇ ਗੱਲ ਕਰਨ ਲਗਾ ਹਾਂ । ਸਪੀਕਰ ਸਾਹਿਬ, ਕੋਲੇ ਦੇ ਮੁਤਾ-

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਲਿਕ ਮੈਂ ਕਹਾਂਗਾ ਕਿ ਜਿਨ੍ਹਾਂ ਫੈਕਟਰੀਆਂ ਦੀ ਸਮਰਥਾ 12-12 ਜਾਂ 11-11 ਵੈਗਨਾਂ ਸੀ ਉਨ੍ਹਾਂ ਨੂੰ ਸਿਰਫ ਦੋ ਦੋ ਵੈਗਨਾਂ ਹੀ ਮਹਿਕਮਾਂ ਇੰਡਸਟਰੀ ਵਾਲੇ ਅਲਾਟ ਕਰਦੇ ਹਨ। ਉਨ੍ਹਾਂ ਵਿਚੋਂ ਵੀ ਕਦੇ ਇਕ ਕਦੇ ਦੋ ਮਿਲਦੀਆਂ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਕਰ ਸਰਕਾਰ ਨੇ ਇੰਡਸਟਰੀ ਦੀ ਸਹੀ ਮਾਅਨਿਆਂ ਵਿਚ ਮਦਦ ਕਰਨੀ ਹੈ ਤਾਂ ਇਸ ਵੱਲ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਜਿਥੋਂ ਤਕ ਪਿੱਗ ਆਇਰਨ ਦੀ ਸਪਲਾਈ ਦਾ ਤੁਅਲਕ ਹੈ ਪਿਛੇ ਪੰਜ ਰੈਕ ਮਿਲਦੇ ਰਹੇ ਹਨ ਹੁਣ ਸੀ. ਐਮ. ਸਾਹਿਬ ਦੀ ਕੋਸ਼ਿਸ਼ ਨਾਲ ਸਾਨੂੰ 6 ਰੈਕ ਅਲਾਟ ਹੋਏ ਹਨ। ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਇਹ ਵੀ ਥੋੜ੍ਹੇ ਹਨ। ਇਸ ਦੇ ਨਾਲ ਵੀ ਪੰਜਾਬ ਦੀ ਇੰਡਸਟਰੀ ਚਲ ਨਹੀਂ ਸਕਦੀ। ਪੰਜਾਬ ਸਟੇਟ ਸਮਾਲ ਸਕੇਲ ਇੰਡਸਟਰੀ ਕਾਰਪੋਰੇਸ਼ਨ ਇਹ ਰੈਕਸ ਦਿੰਦੀ ਹੈ, ਲੁਧਿਆਣਾ, ਅੰਮ੍ਰਿਤਸਰ, ਫਗਵਾੜਾ ਅਤੇ ਬਟਾਲਾ ਆਦਿ ਨੂੰ। ਇਸ ਤੋਂ ਇਲਾਵਾ ਕੁਝ ਇਹੋ ਜਿਹੀਆਂ ਵੀ ਐਸੋਸੀਏਸ਼ਨਾਂ ਹਨ ਜੋ ਕਿ ਡਾਇਰੈਕਟ ਵੀ ਮਾਲ ਲਿਆ ਸਕਦੀਆਂ ਹਨ। ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਜਿਹੜੀਆਂ ਐਸੋਸੀਏਸ਼ਨਾਂ ਹਨ ਜਿਹੜੀਆਂ ਕਿ ਆਪਣੇ ਰਿਸੋਰਸਿਜ਼ ਦੇ ਨਾਲ ਬਾਹਰ ਤੋਂ ਮਾਲ ਮੰਗਵਾ ਸਕਦੀਆਂ ਹਨ ਤਾਂ ਸਾਨੂੰ ਉਨ੍ਹਾਂ ਨੂੰ ਇਜਾਜ਼ਤ ਦੇਣੀ ਚਾਹੀਦੀ ਹੈ ਤਾਕਿ ਉਨ੍ਹਾਂ ਦਾ ਕੰਮ ਚਲਦਾ ਰਹੇ।

ਸਪੀਕਰ ਸਾਹਿਬ, ਜਿਥੋਂ ਤਕ ਕੋਲੇ ਦਾ ਤੁਅਲਕ ਹੈ, ਮੈਂ ਅੰਮ੍ਰਿਤਸਰ ਸ਼ਹਿਰ ਦੀ ਗਲ ਕਰਦਾ ਹਾਂ। ਅੰਮ੍ਰਿਤਸਰ ਸ਼ਹਿਰ ਵਿਚ ਜਦੋਂ ਕੋਲਾ ਆਉਂਦਾ ਹੈ ਤਾਂ ਉਥੇ ਕੋਲੇ ਦੀ ਬਹੁਤ ਚੋਰੀ ਹੁੰਦੀ ਹੈ। ਅੰਮ੍ਰਿਤਸਰ ਦੇ ਭੱਠਿਆਂ ਵਾਲੇ, ਜਿਹੜੀ ਭੱਠਾ ਇੰਡਸਟਰੀ ਹੈ ਉਹ ਗੌਰਮਿੰਟ ਕੋਲੋਂ ਕੋਲਾ ਨਹੀਂ ਲੈਂਦੇ ਕਿਉਂਕਿ ਜੇ ਗੌਰਮਿੰਟ ਕੋਲੋਂ ਕੋਲਾ ਲੈਣ ਤਾਂ ਉਨ੍ਹਾਂ ਨੂੰ ਕੰਟਰੋਲ ਰੇਟ ਤੇ ਇਟਾਂ ਸਪਲਾਈ ਕਰਨੀਆਂ ਪੈਂਦੀਆਂ ਹਨ। ਇਸ ਲਈ ਉਹ ਰੇਲਵੇ ਯਾਰਡ ਤੋਂ ਕੋਲਾ ਨਹੀਂ ਲੈਂਦੇ। ਔਰ ਇਸ ਤਰ੍ਹਾਂ ਕੋਲੇ ਦੀ ਚੋਰੀ ਕੀਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਸ ਤੇ ਸਰਕਾਰ ਨੂੰ ਕੰਟਰੋਲ ਕਰਨਾ ਚਾਹੀਦਾ ਹੈ ਤਾਂ ਕਿ ਇੰਡਸਟਰੀ ਠੀਕ ਤਰ੍ਹਾਂ ਨਾਲ ਚਲਦੀ ਰਹੇ।

ਸਪੀਕਰ ਸਾਹਿਬ, ਲੋਹੇ ਦੇ ਮੁਤਲਕ ਮੈਂ ਤੁਹਾਨੂੰ ਦਸਾਂਗਾ ਕਿ ਪਿਛਲੇ ਕਈ ਮਹੀਨਿਆਂ ਤੋਂ ਸਮਾਲ ਸਕੇਲ ਇਡਸਟਰੀ ਦਾ ਡਾਇਰੈਕਟਰ ਛੁੱਟੀ ਦਾ ਰਿਆ ਤਾਂ ਮਾਰੋਂ ਕਿਸੇ ਨੇ ਰਿਕਮੰਡ ਨਾ ਮੀਲ ਅਤੇ ਟਾਟਾ ਆਇਰਨ ਸਟੀਲ ਕੰਪਨੀ ਕੋਲੋਂ ਲੋਹੇ ਦੀ ਡਿਮਾਂਡ ਨਹੀਂ ਕੀਤੀ। ਜਿਹੜਾ ਮਾਲ ਡਿਪੂਆਂ ਵਿਚ ਪਿਆ ਸੀ ਉਹ ਵਪਾਰੀਆਂ ਨੂੰ ਚਲਾ ਗਿਆ ਅਤੇ ਹੋਰ ਡਿਮਾਂਡ ਨਹੀਂ ਕੀਤੀ ਗਈ। ਇਸ ਲਈ ਸਾਡੀ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇ ਕੇ ਹੋਰ ਡਿਮਾਂਡ ਜਲਦੀ ਕਰਨੀ ਚਾਹੀਦੀ ਹੈ।

ਮੈਂ ਇਕ ਤੁਹਾਨੂੰ ਬੇਨਤੀ ਹੋਰ ਕਰਾਂਗਾ ਕਿ ਜਿਸ ਤਰ੍ਹਾਂ ਮੇਰੇ ਸਾਥੀਆਂ ਨੇ ਦੱਸਿਆ ਹੈ ਕਿ ਅਗੇ ਇਹ ਮਹਿਕਮਾ ਜਿਹੜਾ ਸੀ ਉਹ ਡਾਇਰੈਕਟ ਐਮ. ਡੀ. ਦੇ ਅੰਡਰ ਸੀ ਅਤੇ ਇਹ ਐਮ. ਡੀ., ਆਈ. ਏ. ਐਸ. ਅਫਸਰ ਸੀ ਪਰ ਮੇਰੇ ਅਕਾਲੀ ਵੀਰਾਂ ਨੇ ਇਸ ਨੂੰ ਹੱਟਾ ਕੇ ਇਥੇ ਇਕ ਪੀ. ਸੀ. ਐਸ. ਅਫਸਰ ਲਾ ਦਿਤਾ ਸੀ। ਜਿਹੜਾ ਜੁਆਇੰਟ ਡਾਇਰੈਕਟਰ ਸੀ ਉਹ ਵੀ ਪੀ. ਸੀ. ਐਸ. ਸੀ। ਇਸ ਲਈ ਇਨ੍ਹਾਂ ਨੇ ਉਸ ਜੁਆਇੰਟ ਡਾਇਰੈਕਟਰ ਨੂੰ ਉਸ ਐਮ. ਡੀ. ਦੇ ਅੰਡਰ ਨਹੀਂ ਰਖਿਆ ਜਿਸ ਕਾਰਨ ਹਰ ਕੰਮ ਵਿਚ ਸਮਾਂ ਲਗਦਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਜੁਆਇੰਟ ਡਾਇਰੈਕਟਰ ਹੈ ਇਹ ਐਮ. ਡੀ. ਦੇ ਥੱਲੇ ਹੋਣਾ ਚਾਹੀਦਾ ਹੈ ਤਾ ਕਿ ਕੰਮ ਠੀਕ ਤਰ੍ਹਾਂ ਨਾਲ ਚਲ ਸਕੇ ਔਰ ਕਿਸੇ ਨੂੰ ਮੁਸ਼ਕਲ ਨਾ ਆਵੇ।

ਫਿਰ ਸਪੀਕਰ ਸਾਹਿਬ, ਪਿਛਲੇ ਇੰਡਸਟਰੀ ਮਨਿਸਟਰ ਨੇ ਅੰਮ੍ਰਿਤਸਰ ਇੰਡਸਟਰੀਅਲ ਵੱਕਲ ਪ੍ਰਆ ਇੰਟ ਬਣਾਉਣ ਲਈ ਕਿਹਾ ਸੀ। ਇਸ ਬਾਰੇ ਤੁਹਾਨੂੰ ਵੀ ਪਤਾ ਹੋਵੇਗਾ ਇਹ ਮਸਲਾ ਸਾਰਾ

Original with;
Punjab Vidhan Sabha
Digitized by;
Panjab Digital Library

ਕਾਗਜ਼ਾਂ ਵਿਚ ਹੀ ਰਹਿ ਗਿਆ ਅੱਜ ਤਕ ਫੋਕਲ ਪੁਆਇੰਟ ਵਾਸਤੇ ਉਥੇ ਜ਼ਮੀਨ ਵੀ ਐਕੁਆਇਰ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਹੁਣ ਮੈਨੂੰ ਪਤਾ ਲਗਾ ਹੈ ਕਿ ਜਦੋਂ 500 ਸਾਲਾ ਗੁਰੂ ਅਮਰ ਦਾਸ ਜੀ ਦੀ ਸ਼ਤਾਬਦੀ ਗੋਇੰਦਵਾਲ ਵਿਖੇ ਮੰਨਾਈ ਗਈ ਤਾਂ ਉਥੇ ਸਾਡੀ ਸਰਕਾਰ ਨੇ ਕਿਹਾ ਸੀ ਕਿ ਗੋਇੰਦਵਾਲ ਦੀ ਕੋਈ ਤਰੱਕੀ ਨਹੀਂ ਹੋਈ ਹੈ ਇਸ ਲਈ ਇਥੇ ਇੰਡਸਟਰੀ ਦਾ ਫੋਕਲ ਪੁਆਇੰਟ ਬਣਾ ਰਹੇ ਹਾਂ। ਉਥੇ ਸਾਰੀਆਂ ਸਹੂਲਤਾਂ ਇੰਡਸਟਰੀ ਲਈ ਦਿਤੀਆਂ ਜਾ ਰਹੀਆਂ ਹਨ। ਮੈਂ ਇਹ ਬੇਨਤੀ ਕਰਾਂਗਾ ਕਿ ਉਥੇ ਇਹ ਫੋਕਲ ਪੁਆਇੰਟ ਜਲਦੀ ਤੋਂ ਜਲਦੀ ਮੁਕੰਮਲ ਕੀਤਾ ਜਾਵੇ।

ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਲਈ ਡੀਜ਼ਲ ਦੀ ਜਿਹੜੀ ਸਪਲਾਈ ਹੈ ਇਸ ਦੇ ਲਈ ਰਾਸ਼ਨ ਕਾਰਡ ਬਣੇ ਹੋਏ ਹਨ ਪਰ ਉਨ੍ਹਾਂ ਨੂੰ ਕਾਰਡਾਂ ਤੇ ਡੀਜ਼ਲ ਨਹੀਂ ਮਿਲ ਰਿਹਾ। ਅਗਰ ਉਨ੍ਹਾਂ ਨੂੰ ਡੀਜ਼ਲ ਵੀ ਨਾ ਮਿਲੇ ਅੱਰ ਬਿਜਲੀ ਵੀ ਨਾ ਮਿਲੇ ਤਾਂ ਉਨ੍ਹਾਂ ਦੀ ਇੰਡਸਟਰੀ ਕਿਸ ਤਰ੍ਹਾਂ ਠੀਕ ਢੰਗ ਨਾਲ ਚਲ ਸਕਦੀ ਹੈ। ਇਸ ਲਈ ਜਿਹੜੇ ਡੀਜ਼ਲ ਦੇ ਰਾਸ਼ਨ ਕਾਰਡ ਬਣੇ ਹੋਏ ਹਨ, ਉਨ੍ਹਾਂ ਨੂੰ ਡੀਜ਼ਲ ਸਪਲਾਈ ਕੀਤਾ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਥੇ ਖਾਲਸਾ ਜੀ ਨੇ ਹਰਿਆਣਾ ਅੱਰ ਪੰਜਾਬ ਵਿਚ ਇੰਡਸਟਰੀ ਦੇ ਬਾਰੇ ਗਲ ਕੀਤੀ ਸੀ ਅੱਰ ਕਿਹਾ ਸੀ ਕਿ ਪੰਜਾਬ ਵਿਚ ਇਸ ਤਰ੍ਹਾਂ ਦਾ ਵਡਾ ਕਾਰਖਾਨਾ ਕੋਈ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਪੰਜਾਬੀ ਸੂਬੇ ਦੀ ਐਜੀਟੇਸ਼ਨ ਚਲੀ ਸੀ ਤਾਂ ਫਰੀਦਾਬਾਦ ਵਰਗਾ ਟਾਊਨ ਜਿਥੇ ਕਿ ਬਹੁਤ ਵਡੀ ਵਡੀ ਇੰਡਸਟਰੀ ਲਗੀ ਹੈ ਉਹ ਹਰਿਆਣਾ ਨੂੰ ਦੇ ਦਿੱਤਾ। ਪਰ ਹੁਣ ਮੈਂ ਇਸ ਗਲ ਦੀ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਸ ਨੇ ਇਹ ਐਲਾਨ ਕੀਤਾ ਹੈ ਕਿ ਇਥੇ ਕਾਟਨ ਸਪਿਨਿੰਗ ਮਿਲਜ਼ ਅਤੇ ਪੋਲੀਐਸਟਰ ਮਿਲਜ਼ ਲਗਾਈਆਂ ਜਾਣਗੀਆਂ। ਮੈਂ ਬੇਨਤੀ ਕਰਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਜਿਹੜਾ ਕਿ ਬਾਰਡਰ ਦਾ ਸ਼ਹਿਰ ਹੈ ਉਥੇ ਵੀ ਕੋਈ ਨਾ ਕੋਈ ਪੋਲੀਐਸਟਰ ਦੀ ਮਿਲ ਲਗਣੀ ਚਾਹੀਦੀ ਹੈ।

ਮੈਂ ਇਕ ਬੇਨਤੀ ਹੋਰ ਕਰਾਂਗਾ ਕਿ ਅੰਮ੍ਰਿਤਸਰ ਦੇ ਵਿਚ ਕਈ ਬਿਜਲੀ ਦੀਆਂ ਹਾਈ ਟੈਨਸ਼ਨਜ਼ ਲਾਈਨਜ਼ ਆਬਾਦੀ ਦੇ ਇਲਾਕੇ ਵਿਚ ਲਾਈਆਂ ਗਈਆਂ ਹਨ ਜਿਸ ਕਾਰਨ 8 ਮੌਤਾਂ ਹੋ ਚੁਕੀਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਆਬਾਦੀ ਦੇ ਨੇੜੇ 11 ਹਜ਼ਾਰ ਵੋਲਟੇਜ ਦੀ ਜਿਹੜੀ ਹਾਈ ਟੈਨਸ਼ਨ ਲਾਈਨਜ਼ ਲਗਦੀ ਹੈ ਇਸ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਸਾਡੀ ਸਰਕਾਰ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਇਥੇ ਇਕ ਦੋ ਹੋਰ ਗਲਾਂ ਵੀ ਅਰਜ਼ ਕਰਾਂਗਾ ਭਾਵੇਂ ਤੁਸੀਂ ਕਹੋਗੇ ਕਿ ਇਸ ਦਾ ਇੰਡਸਟਰੀ ਦੇ ਨਾਲ ਕੋਈ ਤੁਅਲਕ ਨਹੀਂ ਪਰ ਕਿਉਂਕਿ ਮੈ ਨੂੰ ਬਜਟ ਤੇ ਬੋਲਣ ਦਾ ਵੀ ਟਾਈਮ ਨਹੀਂ ਮਿਲਿਆ, ਇਸ ਕਰਕੇ ਮੈਂ ਹੁਣ ਅੰਮ੍ਰਿਤਸਰ ਦੇ ਮੁਤਲਕ ਅਰਜ਼ ਕਰਾਂਗਾ ਕਿ ਉਥੇ ਜਿਹੜੀ ਸਿਨਮਾ ਇੰਡਸਟਰੀ ਹੈ ਅੱਰ ਉਥੇ ਜਿਹੜਾ ਸੂਰਜ ਚੰਦਾ ਸਿਨਮਾ ਬਣਿਆ ਸੀ, ਜਿਸਦਾ ਉਦਘਾਟਨ ਪਿਛਲੀ ਅਕਾਲੀ-ਜਨਤਾ ਸਰਕਾਰ ਦੇ ਮੁੱਖ ਮੰਤਰੀ ਕਰ ਕੇ ਆਏ ਸਨ, ਉਸ ਨੂੰ ਅੱਜੇ ਤਕ ਲਾਈਸੈਂਸ ਵੀ ਨਹੀਂ ਮਿਲਿਆ ਅੱਰ ਉਹ ਸਿਨਮਾ ਚਲ ਰਿਹਾ ਹੈ। ਮੇਰੀ ਬੇਨਤੀ ਹੈ ਕਿ ਇਸ ਦੇ ਮੁੱਤਲਕ ਵੀ ਪੂਰੀ ਪੂਰੀ ਕਾਰਵਾਈ ਕਰਨੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਸਪੀਕਰ ਸਾਹਿਬ, ਅੰਮ੍ਰਿਤਸਰ ਸ਼ਹਿਰ ਦੀ ਜਿਹੜੀ ਕਾਰਪੋਰੇਸ਼ਨ ਹੈ ਉਸ ਨੇ ਉਥੇ ਹਾਊਸ ਟੈਕਸ ਲਾਇਆ ਸੀ। ਪਿਛਲੀ ਅਕਾਲੀ ਜਨਤਾ ਸਰਕਾਰ ਨੇ ਹਾਊਸ ਟੈਕਸ ਦੀ ਸ਼ਰ੍ਹਾ ਬਹੁਤ ਵਧਾ ਦਿੱਤੀ ਸੀ। ਮੈਂ ਬੇਨਤੀ ਕਥਦਾ ਹਾਂ ਕਿ ਇਹ ਸ਼ਰ੍ਹਾ ਵੀ 1975-76 ਦੇ ਹਿਸਾਬ ਨਾਲ ਹੀ ਕਰ ਦੇਣੀ ਚਾਹੀਦੀ ਹੈ ਤਾ ਕਿ ਇਹ ਜਿਹੜਾ ਟੈਕਸ ਹੈ ਇਸ ਦਾ ਭਾਰ ਅਮੀਰਾਂ ਤੇ ਪਵੇ ਗਰੀਬਾਂ ਤੇ ਇਹ ਨਾ ਪਵੇ।

ਸ਼੍ਰੀ ਸਪੀਕਰ : ਹਾਊਸ ਦੇ ਸਾਹਮਣੇ ਜੋ ਮਤਾ ਹੈ ਤੁਸੀਂ ਉਸ ਤੇ ਬੋਲੋ। (ਵਿਘਨ) ਸਰਦਾਰ ਪ੍ਰਿਥੀਪਾਲ ਸਿੰਘ ਜੀ ਜਲਦੀ ਵਾਈਂਡ ਅੱਪ ਕਥ ਦਿਓ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਅੰਮ੍ਰਿਤਸਰ ਬਾਰਡਰ ਦਾ ਇਲਾਕਾ ਹੈ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਅੰਮ੍ਰਿਤਸਰ ਨੂੰ ਖਾਸ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ। ਪਿਗ ਆਇਰਨ, ਲੋਹੇ ਆਦਿ ਵਿਚ ਪੂਰਾ ਪੂਰਾ ਰਿਲੀਫ ਇਸ ਸ਼ਹਿਰ ਨੂੰ ਦੇਣਾ ਚਾਹੀਦਾ ਹੈ। ਇਨਾਂ ਕਹਿ ਕੇ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਥਦਾ ਹਾਂ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ) : ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਦਿਨਾਂ ਵਿਚ ਛੋਟੀ ਸਨਅਤ ਵਿਚ ਮੰਦਵਾੜਾ ਆ ਗਿਆ ਹੈ। ਜਿਸ ਤਰ੍ਹਾਂ ਗਰੀਬ ਮਜ਼ਦੂਰ, ਕਿਸਾਨ, ਛੋਟਾ ਦੁਕਾਨਦਾਰ ਅਤੇ ਹੋਰ ਦੁਕਾਨਦਾਰ ਮੰਦਵਾੜੇ ਦਾ ਸਾਹਮਣਾ ਕਥ ਰਹੇ ਹਨ ਉਸੇ ਤਰ੍ਹਾਂ ਹੀ ਛੋਟੀ ਸਨੱਅਤ ਵੀ ਜਿਹੜੀ ਹੈ ਉਹ ਵੀ ਮੰਦਵਾੜੇ ਦਾ ਸਾਹਮਣਾ ਕਰ ਰਹੀ ਹੈ। ਵਡੇ ਵਡੇ ਇਜ਼ਾਰੇਦਾਰ ਅਤੇ ਮਨਾਪਲਿਸਟਾਂ ਨੇ ਕੀਮਤਾਂ ਵੱਧਾ ਕੇ ਛੋਟੀ ਸਨੱਅਤ ਦਾ ਬੁਰਾ ਹਾਲ ਕੀਤਾ ਹੈ। ਕੋਲਾ, ਲੋਹਾ ਅਤੇ ਹੋਰ ਇਸ ਤਰ੍ਹਾਂ ਦਾ ਕੱਚਾ ਮਾਲ ਜਿਹੜਾ ਹੈ ਉਹ ਛੋਟੇ ਕਾਰਖਾਨੇਦਾਰਾਂ ਨੂੰ ਨਹੀਂ ਮਿਲ ਰਿਹਾ। ਵਡੇ ਵਡੇ ਮਿਲ ਮਾਲਕਾਂ ਦੇ ਕੋਟੇ ਬਣੇ ਹੋਏ ਹਨ ਅੌਰ ਉਹ ਕੋਟਿਆਂ ਦੇ ਸਿਰ ਤੇ ਕਈ ਕਈ ਮਹੀਨੇ ਆਪਣੇ ਕਾਰਖਾਨਿਆਂ ਵਿਚ ਵੀ ਨਹੀਂ ਜਾਂਦੇ ਪਰ ਫਿਰ ਵੀ ਉਹ ਕਰੋੜਪਤੀ ਅਤੇ ਅਰਬਪਤੀ ਬਣੇ ਹੋਏ ਹਨ ਲੇਕਿਨ ਛੋਟਾ ਦੁਕਾਨਦਾਰ ਲੁੱਟਿਆ ਜਾ ਰਿਹਾ ਹੈ ਅੌਰ ਸਾਡੀ ਸਰਕਾਰ ਉਨ੍ਹਾਂ ਦਾ ਕੋਈ ਧਿਆਨ ਨਹੀਂ ਕਰ ਰਹੀ। ਸਾਡੇ ਮਨਿਸਟਰ ਤਾਂ ਝੰਡੀ ਲਗੀ ਹੋਈ ਕਾਰ ਵਿਚ ਉਥੇ ਜਾਂਦੇ ਹਨ ਜਿਥੇ ਵਡੇ ਵਡੇ ਕਾਰਖਾਨੇਦਾਰ ਅਤੇ ਮਨਾਪਲਿਸਟ ਹੁੰਦੇ ਹਨ। ਛੋਟੀ ਸੱਨਅਤ ਨੂੰ ਕੱਚਾ ਮਾਲ ਸਪਲਾਈ ਕਰਨ ਵਾਸਤੇ ਇਹ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ। ਛੋਟੀ ਸੱਨਅਤ ਨੂੰ ਡੀਜ਼ਲ ਅਤੇ ਬਿਜਲੀ ਵੀ ਨਹੀਂ ਦਿੱਤੀ ਜਾਂਦੀ ਜਿਸ ਕਾਰਨ ਉਨ੍ਹਾਂ ਦੀ ਪ੍ਰੋਡਕਸ਼ਨ ਘੱਟ ਗਈ ਹੈ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਛੋਟੀ ਸੱਨਅਤ ਲਈ ਕੋਈ ਕੰਮ ਨਹੀਂ ਕਰ ਰਹੀ ਹੈ ਅਤੇ ਜਿਹੜੇ ਵਡੇ ਕਾਰਖਾਨੇਦਾਰ ਹਨ ਉਨ੍ਹਾਂ ਤੇ ਹੀ ਸਰਕਾਰ ਖਰਚ ਕਰਦੀ ਹੈ। ਵਡੇ ਵਡੇ ਕਾਰਖਾਨੇਦਾਰਾਂ ਨੂੰ ਕੋਟਾ ਜ਼ਿਆਦਾ ਦਿੱਤਾ ਜਾਂਦਾ ਹੈ ਲੇਕਿਨ ਛੋਟੇ ਛੋਟੇ ਕਾਰਖਾਨੇਦਾਰਾਂ ਵਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਨੂੰ ਸਪੀਕਰ ਸਾਹਿਬ, ਬਿਜਲੀ ਵੀ ਘੱਟ ਦਿੱਤੀ ਜਾਂਦੀ ਹੈ ਅਤੇ ਪੂਰੀ ਨਹੀਂ ਦਿੱਤੀ ਜਾਂਦੀ, ਜਿਸ ਨਾਲ ਪੈਦਾਵਾਰ ਘੱਟ ਜਾਂਦੀ ਹੈ ਅਤੇ ਉਸ ਦਾ ਬੋਝ ਸਾਡੇ ਉਤੇ ਪੈਂਦਾ ਹੈ। ਸਪੀਕਰ ਸਾਹਿਬ, ਲੱਖਾਂ ਯੂਨਿਟ ਬਿਜਲੀ ਦੀ ਚੋਰੀ ਕੀਤੀ ਜਾਂਦੀ ਹੈ। ਪੰਜਾਬ ਵਿਚ 25% ਦੀ ਲੀਕੇਜ ਦਿਖਾਈ ਜਾਂਦੀ ਹੈ ਪਰ ਅਸਲੀਅਤ ਵਿਚ ਉਹ ਲੀ ਕੇਜ ਨਹੀਂ ਹੁੰਦੀ ਬਲਕਿ, ਸਪੀਕਰ ਸਾਹਿਬ, ਬਿਜਲੀ ਦੀ ਚੋਰੀ ਹੁੰਦੀ ਹੈ ਜਿਸ ਦਾ ਪੈਸਾ ਵੰਡ ਕੇ ਖਾਇਆ ਜਾਂਦਾ ਹੈ। ਸਰਕਾਰ ਦਾ ਪੈਸਾ ਲੁਟਿਆ ਜਾ ਰਿਹਾ ਹੈ ਪਰ ਸਰਕਾਰ ਦਾ ਧਿਆਨ ਇਸ ਵਲ ਉਕਾ ਹੀ ਨਹੀਂ ਹੈ। ਇਹ ਸੁਝਾਓ ਦੇਣ ਵਿਚ ਹੀ ਲਗੇ ਹੋਏ ਹਨ। ਇਸ ਤਰ੍ਹਾਂ ਲੱਖਾਂ ਯੂਨਿਟ ਬਿਜਲੀ ਦੀ ਚੋਰੀ ਹੁੰਦੀ ਹੈ ਅਤੇ ਜਿਸ ਕਰਕੇ ਕਾਰਖਾਨੇਦਾਰਾਂ ਨੂੰ ਬਿਜਲੀ ਨਹੀਂ ਦਿੱਤੀ ਜਾਂਦੀ ਜਿਸ ਨਾਲ ਕਾਰਖਾਨੇ ਵਿਚ ਲਗੇ

Original with;
Punjab Vidhan Sabha
Digitized by;
Panjab Digital Library

ਹੋਏ ਮਜ਼ਦੂਰ ਬੇਕਾਰ ਹੋ ਜਾਂਦੇ ਹਨ। ਉਹ ਮਜ਼ਦੂਰ ਘਰੋਂ ਦਿਹਾੜੀ ਤੇ ਜਾਂਦਾ ਹੈ ਪਰ ਕਾਰਖਾਨੇ ਦਾ ਮਾਲਕ ਬਿਜਲੀ ਨਾ ਮਿਲਣ ਕਰਕੇ ਮਜ਼ਦੂਰ ਨੂੰ ਜਵਾਬ ਦੇ ਦਿੰਦਾ ਹੈ ਜਿਸ ਕਰਕੇ ਗਰੀਬ ਮਜ਼ਦੂਰ ਵਿਚਾਰਾ ਬਿਨਾਂ ਦਿਹਾੜੀ ਮਿਲੇ ਵਾਪਸ ਘਰ ਨੂੰ ਆ ਜਾਂਦਾ ਹੈ। ਇਸ ਕਰਕੇ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਜਿਸ ਤਰ੍ਹਾਂ ਤੁਸੀਂ ਜ਼ਿਮੀਂਦਾਰਾਂ ਨੂੰ ਆਫਤ ਆਉਣ ਤੇ ਜਦੋਂ ਉਨ੍ਹਾਂ ਦੀਆਂ ਫਸਲਾਂ ਬਰਬਾਦ ਹੋ ਜਾਂਦੀਆਂ ਹਨ ਤਾਂ ਸਰਕਾਰ ਉਨ੍ਹਾਂ ਨੂੰ ਕੁਝ ਨਾ ਕੁਝ ਕੰਪੈਨਸੇਟ ਕਰਦੀ ਹੈ ਉਸੇ ਤਰ੍ਹਾਂ ਹੀ ਕਾਰਖਾਨੇ ਦੇ ਮਜ਼ਦੂਰਾਂ ਨੂੰ ਵੀ ਕੰਪੈਨਸੇਟ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਬਿਜਲੀ ਦੀ ਸ਼ਾਰਟੇਜ ਨੂੰ ਦੂਰ ਕਰਨ ਲਈ ਥੀਨ ਡੈਮ ਦੀ ਉਸਾਰੀ ਵੱਲ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਸਰਕਾਰ ਨੇ ਕੇਵਲ ਆਪਣੇ ਬਜਟ ਵਿਚ ਥੀਨ ਡੈਮ ਵਾਸਤੇ ਸਿਰਫ 12 ਕਰੋੜ ਰੁਪਏ ਹੀ ਰੱਖੇ ਹਨ। ਸਪੀਕਰ ਸਾਹਿਬ, 12 ਕਰੋੜ ਰੁਪਏ ਨਾਲ ਤਾਂ ਸਿਰਫ ਸਟਾਫ ਨੂੰ ਤਨਖਾਹਾਂ ਹੀ ਦਿੱਤੀਆਂ ਜਾ ਸਕਦੀਆਂ ਹਨ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਬਿਜਲੀ ਦੀ ਸ਼ਾਰਟੇਜ ਨੂੰ ਦੂਰ ਕਰਨ ਵਾਸਤੇ ਸੰਜੀਦਗੀ ਦੇ ਨਾਲ ਨਹੀਂ ਵਿਚਾਰਿਆ। ਬਜਟ ਵਿਚ ਕੋਈ ਖਾਸ ਪ੍ਰੋਵੀਜ਼ਨ ਨਹੀਂ ਕੀਤਾ ਗਿਆ ਜਿਸ ਨਾਲ ਬਿਜਲੀ ਦੀ ਥੁੜ ਦੂਰ ਹੋ ਸਕੇ ਅਤੇ ਕਾਰਖਾਨੇ ਚਲ ਸਕਣ।

ਸਪੀਕਰ ਸਾਹਿਬ, ਜਿਥੋਂ ਤਕ ਕੋਲੇ ਦਾ ਤੁਅਲੱਕ ਹੈ ਬਹੁਤ ਸਾਰੀਆਂ ਫੈਕਟਰੀਆਂ ਹਨ ਜਿਨ੍ਹਾਂ ਨੇ ਆਪਣੇ ਬੋਗਸ ਕੋਟੇ ਦੇ ਪਰਮਿਟ ਲਿੱਤੇ ਹੋਏ ਹਨ। ਪਿਛਲੀ ਅਕਾਲੀ-ਜਨਤਾ ਸਰਕਾਰ ਨੇ ਵੀ ਇਹੋ ਕੁਝ ਕੀਤਾ ਸੀ ਅਤੇ ਹੁਣ ਵੀ ਨਵੀਂ ਸਰਕਾਰ ਵੀ ਉਹੋ ਕੁਝ ਕਰ ਰਹੀ ਹੈ ਜੋ ਪਿਛਲੀ ਸਰਕਾਰ ਨੇ ਕੀਤਾ ਸੀ। (ਵਿਘਨ) (ਸ਼ੋਰ) ਕੋਟੇ ਉਨ੍ਹਾਂ ਬੰਦਿਆਂ ਨੂੰ ਸਰਕਾਰ ਦੇ ਦਿੰਦੀ ਹੈ ਜਿਨ੍ਹਾਂ ਦੇ ਕਾਰਖਾਨੇ ਵੀ ਨਹੀਂ ਲਗੇ ਹੋਏ ਜਿਸ ਕਰਕੇ ਉਹ ਬੰਦੇ ਕੋਲੇ ਦੀ ਦੁਰਵਰਤੋਂ ਕਰਦੇ ਹਨ। ਇਹ ਸਰਕਾਰ ਦੀ ਮਰਜ਼ੀ ਤੋਂ ਬਗੈਰ, ਸਪੀਕਰ ਸਾਹਿਬ, ਨਹੀਂ ਹੋ ਸਕਦਾ। ਕੋਈ ਵੀ ਪਰਮਿਟ ਇਨ੍ਹਾਂ ਦੀ ਮਰਜ਼ੀ ਤੋਂ ਬਗੈਰ ਜਾਰੀ ਨਹੀਂ ਹੋ ਸਕਦਾ। ਨਵੀਂ ਸਰਕਾਰ ਵੀ ਬੜੇ ਦਮਗਜ਼ੇ ਮਾਰ ਰਹੀ ਹੈ ਕਿ ਅਸੀਂ ਗੁੰਡਿਆਂ ਨੂੰ, ਬਦਮਾਸ਼ਾਂ ਨੂੰ ਫੜ੍ਹ ਲੈਣਾ ਹੈ ਅਤੇ ਸਮੱਗਲਰਾਂ ਨੂੰ ਹੱਥ ਪਾਵਾਂਗੇ ਪਰ ਅੱਜ ਤਕ, ਸਪੀਕਰ ਸਾਹਿਬ, ਸਹੀ ਮਾਅਨਿਆਂ ਵਿਚ ਇੱਕ ਵੀ ਸਮੱਗਲਰ ਸਰਕਾਰ ਨਹੀਂ ਫੜ੍ਹ ਸਕੀ, ਬਲੈਕ ਕਰਨ ਵਾਲਿਆਂ ਨੂੰ ਨਹੀਂ ਫੜ੍ਹ ਸਕੀ। ਜਿਹੜੇ ਵਡੇ ਵਡੇ ਲੋਕ ਲੋਹੇ ਦੀ ਬਲੈਕ ਕਰਦੇ ਹਨ ਅਤੇ ਕੋਲੇ ਦੀ ਬਲੈਕ ਕਰਦੇ ਹਨ ਉਨ੍ਹਾਂ ਨੇ ਜਾਲੀ ਪਰਮਿਟ ਲਿੱਤੇ ਹੋਏ ਹਨ ਅਤੇ ਲੋਹਾ ਦੁੱਗਣੇ ਭਾਵਾਂ ਤੇ ਵੇਚਦੇ ਹਨ, ਕੋਲਾ ਦੁੱਗਣੇ ਭਾਵਾਂ ਤੇ ਵੇਚਦੇ ਹਨ ਪਰ ਸਰਕਾਰ ਉਨ੍ਹਾਂ ਵਡੇ ਵਡੇ ਲੋਕਾਂ ਵਿਚੋਂ ਕਿਸੇ ਇਕ ਨੂੰ ਵੀ ਹੱਥ ਨਹੀਂ ਪਾ ਸਕੀ। ਇਹ ਵੱਡੇ ਲੋਕ ਅੱਜ ਲੱਖਾਂ ਰੁਪਏ ਦਾ ਮੁਨਾਫਾ ਕਮਾ ਰਹੇ ਹਨ। (ਵਿਘਨ) ਸਾਡੀ ਪੰਜਾਬ ਸਰਕਾਰ ਜੇਬ ਕੁਤਰਿਆਂ ਨੂੰ, 100 ਰੁਪਏ, 200 ਰੁਪਏ ਜਾਂ 500 ਰੁਪਏ ਵਾਲਿਆਂ ਨੂੰ ਫੜ੍ਹ ਲੈਂਦੀ ਹੈ ਅਤੇ ਉਨ੍ਹਾਂ ਨੂੰ ਸਮਗਲਰ ਫੜ੍ਹ ਲਿਆ ਦੱਸ ਦਿੰਦੀ ਹੈ ਜਾਂ ਕਿਸੇ ਅਫੀਮੀ ਨੂੰ ਫੜ੍ਹ ਲੈਂਦੀ ਹੈ ਅਤੇ ਦੱਸ ਦਿੰਦੇ ਹਨ ਚੋਥੀ ਦੀ ਅਫੀਮ ਫੜ੍ਹੀ ਗਈ ਹੈ। (ਵਿਘਨ) (ਸ਼ੋਰ) ਕਰੋੜਾਂ ਰੁਪਏ ਦੀ ਚੋਰੀ ਕਰਨ ਵਾਲੇ ਨੂੰ, ਸਪੀਕਰ ਸਾਹਿਬ, ਇਹ ਨਹੀਂ ਫੜ੍ਹਦੇ ਅਤੇ ਉਸ ਵੇਲੇ ਇਹ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਨ। ਇਹ ਸਾਰਾ ਕੁਝ ਸਰਕਾਰ ਦੀ ਇਜਾਜ਼ਤ ਤੋਂ ਬਗੈਰ ਨਹੀਂ ਹੋ ਸਕਦਾ। ਇਹ ਸਭ ਕੁਝ ਸਰਕਾਰ ਦੀ ਇਜਾਜ਼ਤ ਨਾਲ ਹੁੰਦਾ ਹੈ। ਕੋਈ ਵੀ ਗਲਤ ਪਰਮਿਟ ਸਰਕਾਰ ਦੀ ਮਰਜ਼ੀ ਤੋਂ ਬਗੈਰ ਜਾਰੀ ਨਹੀਂ ਹੁੰਦਾ। (ਵਿਘਨ) (ਸ਼ੋਰ) ਮੈਂ ਸਮਝਦਾ ਹਾਂ ਕਿ ਇਨ੍ਹਾਂ ਲੋਕਾਂ ਨੇ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਇਲੈਕਸ਼ਨਾਂ ਵੇਲੇ ਇਨ੍ਹਾਂ ਤੋਂ ਫੰਡ ਲਏ ਹੋਣਗੇ ਅਤੇ ਆਪਣੀਆਂ ਚੋਣਾਂ ਲੜੀਆਂ ਹੋਣਗੀਆਂ। ਹੁਣ ਵੀ ਇਹ ਕਾਂਗਰਸ ਪਾਰਟੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਵਾਲੇ ਥੋੜੀ ਮੈਜਾਰਿਟੀ ਵਿਚ ਹੀ ਜਿੱਤ ਕੇ ਆਏ ਹਨ। ਚਾਰ ਪੰਜ ਮੈਂਬਰਾਂ ਦੀ ਹੀ ਕਮੀ ਹੈ ਦੂਸਰੀ ਪਾਰਟੀਆਂ ਨੂੰ ਇਸ ਲਈ ਪਤਾ ਨਹੀਂ ਕਦੋਂ ਦੁਬਾਰਾ ਇਲੈਕਸ਼ਨ ਹੋ ਜਾਣ ਅਤੇ ਇਨ੍ਹਾਂ ਨੂੰ (ਕਾਂਗਰਸ ਪਾਰਟੀ ਵਲ ਇਸ਼ਾਰਾ) ਫਿਰ ਉਨ੍ਹਾਂ ਬੰਦਿਆਂ ਕੋਲੋਂ ਫੰਡ ਲੈਣਾ ਪਵੇਗਾ ਜਿਸ ਕਰਕੇ ਇਹ ਉਨ੍ਹਾਂ ਬੰਦਿਆਂ ਨੂੰ ਹੱਥ ਨਹੀਂ ਪਾਉਂਦੇ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਜ਼ਿਲ੍ਹਾ ਪੱਧਰ ਉਤੇ ਨਿਗਰਾਨ ਕਮੇਟੀਆਂ ਬਣਾਈਆਂ ਹੋਈਆਂ ਸਨ ਜਿਹੜੀਆਂ ਕਿ ਇੰਡਸਟਰੀਜ਼ ਦੇ ਕੋਟੇ, ਪਰਮਿਟਾਂ ਨੂੰ ਦੇਖਦੀਆਂ ਸਨ ਅਤੇ ਹੋਰ ਸਾਰੇ ਕੰਮ ਕਾਰ ਨੂੰ ਵੇਖਦੀਆਂ ਸਨ ਪਰ ਸਪੀਕਰ ਸਾਹਿਬ, ਇਸ ਕਾਂਗਰਸ ਪਾਰਟੀ ਦੀ ਸਰਕਾਰ ਨੇ ਆਪਣੇ ਬਜਟ ਵਿਚ ਕੋਈ ਵਿਵਸਥਾ ਨਿਗਰਾਨ ਕਮੇਟੀਆਂ ਬਾਰੇ ਨਹੀਂ ਰੱਖੀ ਹੈ। ਇਸ ਲਈ ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਨਿਗਰਾਨ ਕਮੇਟੀਆਂ ਜ਼ਿਲ੍ਹਾ ਪੱਧਰ ਉਤੇ ਬਣਾਓ ਅਤੇ ਅਰਬਾਂ ਰੁਪਏ ਦੀ ਡਕੈਤੀ ਕਰਨ ਵਾਲਿਆਂ ਨੂੰ ਫੜ੍ਹੋ। ਲੋਹੇ ਅਤੇ ਕੋਲੇ ਦੀ ਬਲੈਕ ਕਰਨ ਵਾਲਿਆਂ ਨੂੰ ਹੱਥ ਪਾਓ। ਸਾਨੂੰ ਦਸੋ ਕਿ ਤੁਸੀਂ ਇੱਕ ਵੀ ਬੰਦਾ ਫੜਿਆ ਹੈ ਤਾਂ ਅਸੀਂ ਮੰਨ ਲਵੀਏ ਕਿ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਦੀ ਸਰਕਾਰ ਚੰਗੀ ਹੈ। ਅਤੇ ਉਨ੍ਹਾਂ ਨੇ ਮੁੱਖ ਮੰਤਰੀ ਬਣਦਿਆਂ ਹੀ ਚੰਗੇ ਵੱਡੇ ਬੰਦਿਆਂ ਨੂੰ ਹੱਥ ਪਾਇਆ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਛੋਟੇ ਕਾਮਿਆਂ ਨੂੰ ਨਾ ਫੜਿਆ ਜਾਵੇ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੈਮੀਕਲਜ਼ ਦੇ ਕੋਟੇ ਸਰਕਾਰ ਦਿੰਦੀ ਹੈ ਤਾਂਬੇ, ਪਿਤਲ ਅਤੇ ਹੋਰ ਕੋਟੇ ਸਰਕਾਰ ਦਿੰਦੀ ਹੈ। ਉਨ੍ਹਾਂ ਲਈ ਜ਼ਿਲ੍ਹਾ ਪੱਧਰ ਤੇ ਨਿਗਰਾਨ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ। (ਵਿਘਨ) ਸਪੀਕਰ ਸਾਹਿਬ, ਕੋਲਾ ਲੈਣ ਵਾਸਤੇ ਸੈਂਟਰਲ ਗੌਰਮਿੰਟ ਦੇ ਨਾਲ ਕੇਸ ਟੇਕਅਪ ਕਰੋ। ਗੱਡੀਆਂ ਦੀ ਥੁੜ ਹੈ। ਇਸ ਲਈ ਗੱਡੀਆਂ ਦੀ ਥੁੜ ਨੂੰ ਪੂਰਾ ਕਰਨ ਵਾਸਤੇ ਮੈਂ ਸਮਝਦਾ ਹਾਂ ਕਿ ਰੇਲਵੇ ਮਨਿਸਟਰ ਨਾਲ ਗਲਬਾਤ ਕਰੋ। ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਨਾ ਕਰੋ। (ਵਿਘਨ) (ਸ਼ੋਰ) ਇਲੈਕਸ਼ਨਾਂ ਵਿਚ ਇਹ ਕਹਿੰਦੇ ਰਹੇ ਕਿ ਸੈਂਟਰ ਵਿਚ ਕਾਂਗਰਸ (ਆਈ) ਦਾ ਰਾਜ ਹੈ ਤਾਂ ਸਟੇਟਾਂ ਵਿਚ ਵੀ ਕਾਂਗਰਸ (ਆਈ) ਦਾ ਰਾਜ ਹੋਵੇ ਤਦ ਹੀ ਮਸਲਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਹੁਣ ਇੱਥੇ ਪੰਜਾਬ ਵਿਚ ਕਾਂਗਰਸ (ਆਈ) ਦੀ ਹਕੂਮਤ ਆ ਗਈ ਹੈ ਅਤੇ ਸੈਂਟਰ ਵਿਚ ਵੀ ਕਾਂਗਰਸ (ਆਈ) ਦੀ ਹਕੂਮਤ ਹੈ ਪਰ ਹੁਣ ਇਹ ਕੁਝ ਹੋਰ ਬਹਾਨਾ ਲਾਉਂਦੇ ਹਨ ਅਤੇ ਕਹਿੰਦੇ ਹਨ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਕੁਝ ਨਹੀਂ ਹੋਇਆ ਇਸ ਕਰਕੇ ਅਸੀਂ ਅਗੇ ਨਹੀਂ ਚਲ ਸਕਦੇ ਸਰਦਾਰ ਦਰਬਾਰਾ ਸਿੰਘ ਜੀ ਦੀ ਗੱਡੀਆਂ ਦੇ ਗੇਅਰ ਦਿੱਲੀ ਜਾ ਕੇ ਲਗਦੇ ਹਨ। ਇਸ ਕਰਕੇ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਨੂੰ ਸੈਂਟਰ ਨਾਲ ਟੇਕ-ਅਪ ਕਰੋ। ਸਪੀਕਰ ਸਾਹਿਬ, ਲੋਹਾ, ਕੋਲਾ, ਜੇ ਦੁੱਗਣੇ ਭਾਅ ਮਿਲ ਸਕਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਇਨ੍ਹਾਂ ਚੀਜ਼ਾਂ ਦੀ ਕਮੀ ਨਹੀਂ ਹੈ। ਦੁੱਗਣੇ ਭਾਅ ਤੇ ਚੀਜ਼ ਜੇ ਮਿਲ ਸਕਦੀ ਹੈ ਤਾਂ ਸਪੀਕਰ ਸਾਹਿਬ, ਕਿਹਾ ਜਾ ਸਕਦਾ ਹੈ ਕਿ ਇਸ ਦਾ ਪ੍ਰਬੰਧ ਠੀਕ ਨਹੀਂ ਹੈ। ਜੇਕਰ ਪੰਜਾਬ ਸਰਕਾਰ ਇਸ ਦਾ ਠੀਕ ਪ੍ਰਬੰਧ ਨਹੀਂ ਕਰ ਸਕਦੀ ਤਾਂ ਉਹ ਆਪਣੇ ਹੱਥ ਖੜੇ ਕਰ ਦੇਵੇ।

ਸਪੀਕਰ ਸਾਹਿਬ, ਜੇਕਰ ਖੇਤੀਬਾੜੀ ਦੀ ਉਪਜ ਵਧੇਗੀ ਤਾਂ ਸਾਨੂੰ ਇੰਡਸਟਰੀ ਵਾਸਤੇ ਰਾਅ-ਮੈਟੀਰੀਅਲ ਵੀ ਮਿਲੇਗਾ। ਖੇਤੀਬਾੜੀ ਸਾਡੇ ਦੇਸ਼ ਦੀ ਰੀੜ ਦੀ ਹੱਡੀ ਹੈ। ਜੇਕਰ ਖੇਤੀਬਾੜੀ ਨੂੰ ਤੁਸੀਂ ਚੰਗਾ ਨਹੀਂ ਬਣਾਉਗੇ ਤਾਂ ਰਾ-ਮੈਟੀਰੀਅਲ ਇੰਡਸਟਰੀ ਨੂੰ ਨਹੀਂ ਮਿਲ ਸਕਦਾ। ਕਿਸਾਨ ਦੀ ਹਿਮਾਇਤ ਕਰਨ ਦੀ ਬਜਾਏ ਤੁਸੀਂ ਕਿਸਾਨਾਂ ਤੇ ਟੈਕਸ ਲਗਾ ਦਿਤਾ ਹੈ ਅੰਰ ਖਾਦ ਮਹਿੰਗੀ ਕਰ ਦਿੱਤੀ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ (ਇਸ ਸਮੇਂ ਸ੍ਰੀ ਓਮ ਪ੍ਰਕਾਸ਼ ਗੁਪਤਾ ਸੀਟ ਤੋਂ ਉਠ ਕੇ ਬਾਹਰ ਜਾ ਰਹੇ ਸੀ) ਗੁਪਤਾ ਜੀ ਜਾਂਦੇ ਜਾਂਦੇ ਸੁਣ ਲਓ, ਇਨ੍ਹਾਂ ਨੇ ਕਹਿ ਦਿੱਤਾ ਕਿ ਬਿਜਲੀ ਦੇ ਫਲੈਟ ਰੇਟ ਵਿਚ ਵਾਧਾ ਕੀਤਾ ਜਾਏ ਅੱਰ ਉਸ ਦੀ ਜਗ੍ਹਾ ਮੀਟਰ ਲਗਾਇਆ ਜਾਏ । ਬਿਜਲੀ ਅੱਗੇ ਹੀ 24 ਘੰਟੇ ਦੀ ਬਜਾਏ 8 ਘੰਟੇ ਮਿਲਦੀ ਹੈ। ਇਸ ਤਰ੍ਹਾਂ ਕਰਕੇ ਤਿੰਨ ਗੁਣਾ ਜ਼ਿਆਦਾ ਬਿਜਲੀ ਲਈ ਪੇਮੈਂਟ ਕੀਤੀ ਜਾਂਦੀ ਹੈ। ਉਸ ਬਾਰੇ ਜਵਾਬ ਦੇਣ ਨੂੰ ਇਹ ਤਿਆਰ ਨਹੀਂ ਹਨ। ਕਿਸਾਨਾਂ ਦੀ ਜੇਕਰ ਮੱਦਦ ਨਹੀਂ ਕੀਤੀ ਜਾਏਗੀ ਤਾਂ ਕੱਚਾ ਮਾਲ ਕਿਸ ਤਰ੍ਹਾਂ ਨਾਲ ਕਾਰਖਾਨਿਆਂ ਨੂੰ ਮੁਹੱਈਆ ਕੀਤਾ ਜਾਏਗਾ । ਜਦੋਂ ਤਕ ਕੱਚਾ ਮਾਲ ਮੁਹੱਈਆ ਨਹੀਂ ਹੋ ਸਕੇਗਾ ਫੈਕਟਰੀਆਂ ਨਹੀਂ ਚਲਣਗੀਆਂ । ਇਸ ਨਾਲ ਸਟੈਗਨੇਸ਼ਨ ਆਏਗੀ ਅੱਰ ਉਸ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ।

ਪੰਜਾਬ ਦੇ ਬੈਂਕਾਂ ਤੋਂ ਜੋ ਸਾਡੇ ਸੱਤ ਸੌ ਕਰੋੜ ਰੁਪਿਆ ਲਿਆ ਹੈ ਉਸ ਵਿਚੋਂ ਤਿੰਨ ਸੌ ਕਰੋੜ ਰੁਪਿਆ ਪੰਜਾਬ ਵਿਚ ਲਗ ਰਿਹਾ ਹੈ ਅੱਰ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਾਕੀ ਦਾ ਸਾਢੇ ਚਾਰ ਸੌ ਕਰੋੜ ਰੁਪਿਆ ਪੰਜਾਬ ਤੋਂ ਬਾਹਰ ਚਲਾ ਜਾਂਦਾ ਹੈ। ਉਸ ਰੁਪਏ ਨੂੰ ਪੰਜਾਬ ਵਿਚ ਲਿਆਓ ਅੱਰ ਉਹ ਪੰਜਾਬ ਦੀ ਇੰਡਸਟਰੀ ਵਿਚ ਲਗੇ । ਜਿਹੜੇ ਲੋਕ ਪੰਜਾਬ ਤੋਂ ਬਾਹਰ ਗਏ ਹੋਏ ਹਨ ਉਨ੍ਹਾਂ ਨੂੰ ਇਨਸੈਂਟਿਵ ਦਿਓ ਕਚਾ ਮਾਲ ਦਿਓ, ਕੈਮੀਕਲਜ਼, ਤਾਂਬਾ, ਪਿਤਲ ਵਗੈਰਾ ਦੇਕੇ ਉਨ੍ਹਾਂ ਬੰਦਿਆਂ ਨੂੰ ਪੰਜਾਬ ਵਿਚ ਲਿਆਓ। ਇਸ ਵੇਲੇ ਇਨ੍ਹਾਂ ਚੀਜ਼ਾਂ ਦੇ ਕੋਟੇ ਆਪਣੇ ਚਹੇਤਿਆਂ ਨੂੰ ਦਿੱਤੇ ਹੋਏ ਹਨ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਹੈ। ਜਿਹੜੇ ਪੰਜਾਬ ਦੇ ਲੋਕ ਬਾਹਰ ਭਟਕ ਰਹੇ ਹਨ ਉਨ੍ਹਾਂ ਨੂੰ ਇਥੇ ਸੱਦੋ ਅੱਰ ਪੰਜਾਬ ਦੀ ਇੰਡਸਟਰੀ ਲਾਈਜ਼ੇਸ਼ਨ ਕਰੋ ਤਾਕਿ ਪੰਜਾਬ ਵਿਚ ਸੱਨਅਤਾਂ ਦੀ ਤਰੱਕੀ ਹੋ ਸਕੇ। ਪੰਜਾਬ ਦੇ ਪਿੰਡਾਂ ਵਿਚ ਇੰਡਸਟਰੀ ਲਗਾਓ ਮਿਸਾਲ ਦੇ ਤੌਰ ਤੇ ਆਲੂ ਜਾਂ ਟਮਾਟਰ ਉਥੇ ਪੈਦਾ ਹੁੰਦੇ ਹਨ ਇਨ੍ਹਾਂ ਦੀਆਂ ਚੀਜ਼ਾਂ ਬਣਾਉਣ ਲਈ ਉਥੇ ਪਿੰਡਾਂ ਵਿਚ ਫੈਕਟਰੀਆਂ ਲਗ ਸਕਦੀਆਂ ਹਨ। ਇਸ ਦੇ ਨਾਲ ਅਨ-ਐਂਪਲਾਇਮੈਂਟ ਅੱਰ ਹੋਰ ਦੇਸ਼ ਦੀਆਂ ਅੱਧੀਆਂ ਪਰਾਬਲਮਜ਼ ਹੱਲ ਹੋ ਸਕਦੀਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਲਈ ਪੈਸਾ ਕਿਥੋਂ ਆਏਗਾ ? ਪੈਸਾ ਆ ਸਕਦਾ ਹੈ ਜੇਕਰ ਨੈਸ਼ਨਲਾਈ-ਜ਼ੇਸ਼ਨ ਕਰੋਗੇ । ਜੇਕਰ ਪਿੰਡਾਂ ਵਿਚ ਇਹੋ ਜਿਹੇ ਛੋਟੇ ਛੋਟੇ ਕਾਰਖਾਨੇ ਲਗਾਉਗੇ ਤਾਂ ਇਸ ਨਾਲ ਕਿਸਾਨਾਂ ਦੇ ਮਸਲੇ ਹੱਲ ਹੋ ਸਕਦੇ ਹਨ, ਉਨ੍ਹਾਂ ਦਾ ਮਾਲ ਵਿਕੇਗਾ ਅੱਰ ਉਥੇ ਫੈਕਟਰੀਆਂ ਲਗਣ ਨਾਲ ਜਿੱਥੇ ਕੱਚਾ ਮਾਲ ਮਿਲ ਸਕਦਾ ਹੈ ਉਥੇ ਸਨਅਤਾਂ ਲੱਗਣ ਨਾਲ ਬੇਕਾਰੀ ਵੀ ਦੂਰ ਹੋ ਸਕਦੀ ਹੈ ਇਸ ਲਈ ਇਸ ਵਲ ਧਿਆਨ ਦੇਣ ਦੀ ਲੋੜ ਹੈ।

ਅੰਤ ਵਿਚ ਫਿਰ ਮੈਂ ਇਹ ਆਖਾਂਗਾ ਕਿ ਵਰਕਰਾਂ ਨੂੰ ਲਾਜ਼ਮੀ ਤੌਰ ਤੇ ਕੰਪਨਸੇਸ਼ਨ ਦਿੱਤਾ ਜਾਣਾ ਚਾਹੀਦਾ ਹੈ। ਜਿੰਨੇ ਸਮੇਂ ਲਈ ਬਿਜਲੀ ਦਿੱਤੀ ਜਾਏ ਉਨੇ ਸਮੇਂ ਲਈ ਹੀ ਬਿਜਲੀ ਦੇ ਰੇਟ ਚਾਰਜ ਕਰਨੇ ਚਾਹੀਦੇ ਹਨ। ਇਸ ਵਿਚ ਵਰਕਰ ਦਾ ਕੋਈ ਕਸੂਰ ਨਹੀਂ ਹੁੰਦਾ ਕਿਉਂਕਿ ਵਰਕਰ ਤਾਂ ਘਰੋਂ ਕੰਮ ਕਰਨ ਲਈ ਤਿਆਰ ਹੋ ਕੇ ਜਾਂਦਾ ਹੈ, ਉਹ ਤਾਂ ਵਿਚਾਰਾ ਆਪਣੀ ਚਰਖੀ ਵੇਚਣ ਲਈ ਜਾਂਦਾ ਹੈ ਪਰ ਜਦੋਂ ਆਏ ਹੋਏ ਵਰਕਰ ਨੂੰ ਇਹ ਆਖ ਦਿੱਤਾ ਜਾਂਦਾ ਹੈ ਕਿ ਤੇਰੇ ਹੱਥਾਂ ਲਈ ਕੰਮ ਨਹੀਂ ਹੈ ਕਿਉਂਕਿ ਬਿਜਲੀ ਨਹੀਂ ਹੈ ਤਾਂ ਉਸ ਗਰੀਬ ਵਰਕਰ ਦਾ ਕੀ ਹਾਲ ਹੁੰਦਾ ਹੈ। ਇਨ੍ਹਾਂ ਨੂੰ ਤਾਂ ਉਦਘਾਟਨਾਂ ਤੋਂ ਜਾਂ ਬਦਲੀਆਂ ਕਰਨ ਤੋਂ ਬਗੈਰ ਹੋਰ ਕੁਝ ਨਹੀਂ ਸੁਝਦਾ ਹੈ। ਅੱਜ ਇਨ੍ਹਾਂ ਨੇ ਆਪਣੀ ਫੋਰਸ ਵਰਕਰਾਂ ਨੂੰ ਕੁੱਟਣ ਤੇ ਲਾਈ ਹੋਈ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਜਾਏ ਬੇ-ਗੁਨਾਹੀ, ਸ਼ਰੀਫ ਅੱਰ ਅਮਨ ਪਸੰਦ ਵਰਕਰਾਂ ਨੂੰ ਕੁੱਟਣ ਦੇ ਇਨ੍ਹਾਂ ਬਲੈਕੀਆਂ ਨੂੰ ਜਾਂ ਜਿਹੜੇ ਚੋਰੀਆਂ ਕਰਦੇ ਹਨ ਅਤੇ ਬਜਾਏ ਕਾਰਖਾਨਿਆਂ ਦੇ ਲਗਾਉਣ ਦੇ, ਖੋਖੇ ਲਗਾਏ ਹੋਏ ਹਨ ਕਾਗਜ਼ਾਂ ਵਿਚ ਫੈਕਟਰੀਆਂ ਦਿਖਾਈਆਂ ਹੋਈਆਂ ਹਨ ਪਰ ਉੱਝ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਉਥੇ ਸਵਾਏ ਖੱਖਿਆਂ ਦੇ ਹੋਰ ਕੋਈ ਚੀਜ਼ ਨਹੀਂ ਹੈ ਅਤੇ ਇਸ ਤਰ੍ਹਾਂ ਕਰਕੇ ਉਹ ਖੱਖੇ ਨ ਲ ਕਰੋੜਾਂ ਰੁਪਿਆ ਕਮਾ ਰਹੇ ਹਨ ਇਨ੍ਹਾਂ ਕਰੋੜਪਤੀਆਂ ਨੂੰ ਭੰਨਣ ਦੀ ਲੋੜ ਹੈ।

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) : ਸਪੀਕਰ ਸਾਹਿਬ, ਕਿਸੇ ਦੇਸ਼ ਦੀ, ਸੂਬੇ ਦੀ ਤਰੱਕੀ ਵਿਚ ਇੰਡਸਟਰੀ ਬਹੁਤ ਵੱਡਾ ਹਿਸਾ ਪਾਉਂਦੀ ਹੈ ਅਤੇ ਇੰਡਸਟਰੀਜ਼ ਨੂੰ ਜਿਥੇ ਕੱਚਾ ਮਾਲ ਮਿਲਣਾ ਜ਼ਰੂਰੀ ਹੈ ਉਥੇ ਉਸ ਦੇ ਚਲਾਉਣ ਵਾਸਤੇ ਪਾਵਰ ਦੀ ਬਹੁਤ ਲੋੜ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ । ਇਥੇ ਮੇਰੇ ਵੀਰ ਫਿਰਕੂ ਜ਼ਹਿਨੀਅਤ ਥਲੇ ਆਕੇ ਫਿਰਕਾਪ੍ਰਸਤੀ ਦੀਆਂ ਗੱਲਾਂ ਕੀਤੇ ਬਿੰਨਾਂ ਰਹਿ ਨਹੀਂ ਸਕਦੇ । ਇਥੇ ਪੰਜਾਬੀ ਸੂਬੇ ਦੀ ਸਥਾਪਨਾ ਨੂੰ ਗਲਤ ਦਸਿਆ ਗਿਆ । ਉਨ੍ਹਾਂ ਮੇਰੇ ਵੀਰਾਂ ਨੂੰ ਇਹ ਨਹੀਂ ਪਤਾ ਕਿ ਹਿੰਦੁਸਤਾਨ ਦਾ ਵਿਧਾਨ ਜਿਸ ਵੇਲੇ ਬਣਿਆ ਉਦੋਂ ਕਿਹਾ ਗਿਆ ਸੀ ਕਿ ਭਾਸ਼ਾ ਦੇ ਆਧਾਰ ਤੇ ਸੂਬੇ ਬਣਾਏ ਜਾਣਗੇ । ਸਿਰਫ ਪੰਜਾਬੀ ਬੋਲੀ ਕਾਰਨ ਧੱਕਾ ਹੁੰਦਾ ਸੀ ਅਤੇ ਉਹ ਵੀ ਇਨ੍ਹਾਂ ਦੇ ਕਾਰਨ (ਵਿਘਨ)

ਸ੍ਰੀ ਸਪੀਕਰ : ਤੁਹਾਨੂੰ ਮਤੇ ਤੇ ਬੋਲਣਾ ਚਾਹੀਦਾ ਹੈ ਅਤੇ ਰੈਲੇਵੈਂਟ ਬੋਲਣਾ ਚਾਹੀਦਾ ਹੈ ।

ਸਰਦਾਰ ਬਲਦੇਵ ਸਿੰਘ ਮਾਨ: ਇਹ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਉਂਦੇ ਰਹੇ ਅੱਰ ਬੋਲਦੇ ਪੰਜਾਬੀ ਰਹੇ। ਇਨ੍ਹਾਂ ਕਰਕੇ ਫਰੀਦਾਬਾਦ ਵਰਗਾ ਸ਼ਹਿਰ ਸਾਡੇ ਤੋਂ ਚਲਾ ਗਿਆ। (ਵਿਘਨ) ਇਥੇ ਇਹ ਵੀ ਕਿਹਾ ਗਿਆ ਕਿ ਅਕਾਲੀ ਪਾਰਟੀ ਦੇ ਰਾਜ ਵਿਚ ਕੋਈ ਇੰਡਸਟਰੀ ਤਰੱਕੀ ਨਹੀਂ ਕਰ ਸਕੀ। ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਅੰਕੜੇ ਰਖਣਾ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਵੇਲੇ ਕੁਝ ਨਹੀਂ ਹੋਇਆ। ਇਨ੍ਹਾਂ ਨੂੰ ਕੰਸਟਰਕਟਿਵ ਗੱਲਾਂ ਕਰਨੀਆਂ ਚਾਹੀਦੀਆਂ ਹਨ। ਮੇਰੇ ਸਾਹਮਣੇ ਇਹ ਬਜਟ ਸਪੀਚ ਪਈ ਹੈ, ਸਰਵੇ ਪਿਆ ਹੈ। ਮੈਂ ਅੰਕੜੇ ਦੱਸਣਾ ਚਾਹੁੰਦਾ ਹਾਂ ਜੋ ਇਸ ਪ੍ਰਕਾਰ ਹਨ :--

ਸਾਲ	ਰਜਿਸਟਰਡ ਯੂਨਿਟਸ	ਇਨਵੈਸਟਮੈਂਟ ਹੋਈ	ਪ੍ਰੋਡਕਸ਼ਨ ਹੋਈ
1975-76	4358	810 ਕਰੋੜ	1011.94 ਕਰੋੜ
1976-77 ...	4570	987.38 ਕਰੋੜ	1177.94 ਕਰੋੜ
1977-78	4978	1238.85 ਕਰੋੜ	1425.79 ਕਰੋੜ

ਇਹ ਅੰਕੜੇ ਤੁਸੀਂ ਆਪ ਹੀ ਦੇਖ ਕੇ ਅੰਦਾਜ਼ਾ ਲਗਾ ਲਓ ਕਿ ਇਨ੍ਹਾਂ ਦੇ ਰਾਜ ਵਿਚ ਅੱਰ ਸਾਡੇ ਰਾਜ ਵਿਚ ਕਿੰਨਾ ਫਰਕ ਆ ਗਿਆ ਹੈ।

ਮੇਰੇ ਕੋਲ 1978-79 ਦੀ ਸਰਵੇ ਰਿਪੋਰਟ ਪਈ ਹੈ ਉਸ ਦੇ ਅਨੁਸਾਰ 7.3% ਇੰਡਸਟਰੀਅਲ ਪ੍ਰੋਡਕਸ਼ਨ ਇੱਕ ਸਾਲ ਵਿਚ ਵਧੀ ਹੈ ਅੱਰ ਇਨ੍ਹਾਂ ਦੇ ਪੰਜ ਸਾਲਾਂ ਵਿਚ ਕੁਝ ਨਹੀਂ ਹੋਇਆ ਹੈ । ਹੁਣ ਲਾਰਜੈਸਟ ਯੂਨਿਟਸ ਦੀ ਗੱਲ ਲੈ ਲਵੋ । ਇਨ੍ਹਾਂ ਬਾਰੇ ਅੰਕੜੇ ਇਸ ਪ੍ਰਕਾਰ ਹਨ --

ਸਾਲ	ਰਜਿਸਟਰਡ	ਇਨਵੈਸਟਮੈਂਟ	ਪ੍ਰੋਡਕਸ਼ਨ
1976-77	160	374.81 ਕਰੋੜ	471.42 ਕਰੋੜ
1977-78	175	460.91 ਕਰੋੜ	607.49 ਕਰੋੜ
1978-79	188	541 ਕਰੋੜ	710 ਕਰੋੜ

Original with;
Punjab Vidhan Sabha
Digitized by;
Panjab Digital Library

ਇਹ ਐਵੇਂ ਹੀ ਕਹਿੰਦੇ ਹਨ ਕਿ ਸਾਡੀ ਅਕਾਲੀ ਸਰਕਾਰ ਨੇ ਕੁਝ ਨਹੀਂ ਕੀਤਾ । ਗੁਪਤਾ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ 20 ਕਰੋੜ ਰੁਪਏ ਦਾ ਸੈਮੀ ਕੰਡਕਟਰ ਇਲੈਕਟ੍ਰਾਨਿਕਸ ਕੰਪਲੈਕਸ, ਗੌਰਮਿੰਟ ਆਫ ਇੰਡੀਆਂ ਦਾ, ਅਸੀਂ ਮੋਹਾਲੀ ਵਿਖੇ ਲਗਾਇਆ ਹੈ । ਇੱਕ ਹੋਰ ਰੀਜਨਲ ਕੰਪਿਊਟਰ ਸੈਂਟਰ ਉਥੇ ਖੋਲ੍ਹਿਆ ਹੈ। ਸ਼ੂਗਰ ਮਿਲਾਂ ਲਈ ਦੋ ਲਾਈਸੈਂਸ ਮਿਲੇ, ਇੱਕ ਜ਼ੀਰਾ ਅੌਰ ਦੂਜਾ ਗੁਰਦਾਸਪੁਰ ਵਾਸਤੇ। 1975-76 ਵਿਚ ਫਰਟੇਲਾਈਜ਼ਰ ਇੰਡਸਟਰੀ ਵਿਚ ਸੁਪਰਫਾਸਫੇਟ, ਜਿਹੜਾ ਕਿ ਫਰਟੇਲਾਈਜ਼ਰ ਲਈ ਅਹਿਮ ਰੋਲ ਅਦਾ ਕਰਦਾ ਹੈ ਐਗਰੀਕਲਚਰਲ ਪ੍ਰੋਡਕਸ਼ਨ ਵਾਸਤੇ, ਉਸ ਦਾ ਕਾਰਖਾਨਾ ਜ਼ਰੂਰੀ ਹੈ, ਉਹ ਗੌਰਮਿੰਟ ਨੇ ਬੰਦ ਕੀਤਾ ਹੋਇਆ ਸੀ । ਉਹ ਇਨ੍ਹਾਂ ਦੀ, ਕਾਂਗਰਸ ਪਾਰਟੀ ਦੀ, ਗੌਰਮਿੰਟ ਨੇ ਬੰਦ ਕੀਤਾ ਸੀ ਪਰ ਜਦ ਸੈਂਟਰ ਵਿਚ ਜਨਤਾ ਪਾਰਟੀ ਦੀ ਗੌਰਮਿੰਟ ਆਈ ਜਿਸ ਵਿਚ ਮੇਰੀ ਅਕਾਲੀ ਪਾਰਟੀ ਵੀ ਸਾਂਝੀਵਾਲ ਸੀ ਤਾਂ ਉਸ ਵੇਲੇ ਬਰਨਾਲਾ ਜੀ ਨੇ ਕੋਸ਼ਿਸ਼ ਕੀਤੀ ਅਤੇ ਸੰਗਰੂਰ ਜ਼ਿਲ੍ਹੇ ਵਾਸਤੇ ਸੁਪਰਫਾਸਫੇਟ ਦਾ ਲਾਈਸੈਂਸ ਮਿਲਿਆ। ਸਾਰੇ ਹਿੰਦੁਸਤਾਨ ਵਿਚ ਜਿਥੇ ਜਿਥੇ ਲਈ ਲੈਟਰ ਆਫ ਇੰਟੈਂਟ ਮਿਲੇ ਹੋਏ ਸੀ ਅਤੇ ਇਨ੍ਹਾਂ ਦੀ ਸਰਕਾਰ ਨੇ ਕਾਰਖਾਨੇ ਬੰਦ ਕਰ ਦਿੱਤੇ ਸਨ ਉਹ ਸਾਰੇ ਖੋਲ੍ਹੇ ਗਏ। ਇਹ ਤਾਂ ਸਿਰਫ ਇਹੀ ਕਰਦੇ ਰਹੇ ਹਨ ਕਿ ਲੈਟਰ ਆਫ ਇੰਟੈਂਟ ਦੇਣ ਵਾਸਤੇ ਕਿੰਨੇ ਪੈਸੇ ਲੈਣੇ ਹਨ । (ਵਿਘਨ)

ਸਰਦਾਰ ਜਗਦੇਵ ਸਿੰਘ ਜੱਸੋਵਾਲ: ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਬਰਨਾਲਾ ਜੀ ਨੇ ਫਰਟੇਲਾਈਜ਼ਰ ਦੀ ਫੈਕਟਰੀ ਲਾਈ ਹੈ, ਇਹ ਉਸ ਦੇ ਹਿੱਸੇਦਾਰਾਂ ਦੇ ਨਾਮ ਵੀ ਦੱਸ ਦੇਣ ।

ਸਰਦਾਰ ਬਲਦੇਵ ਸਿੰਘ ਮਾਨ: ਮੈਂ ਸਭ ਕੁਝ ਦੱਸਾਂਗਾ। ਜੇ ਉਸ ਵਿਚ ਸਾਡੀ ਪਾਰਟੀ ਦੇ ਕਿਸੇ ਆਦਮੀ ਦਾ ਹਿੱਸਾ ਹੋਵੇਗਾ ਤਾਂ ਮੈਂ ਦੇਣਦਾਰ ਹਾਂ। ਇਹ ਸਾਬਤ ਕਰ ਦੇਣ। (ਵਿਘਨ) ਇਥੇ ਕਿਹਾ ਗਿਆ ਕਿ 16 ਲੈਟਰ ਆਫ ਇੰਟੈਂਟ ਵੇਸਟ ਹੋਏ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਵੇਸਟ ਨਹੀਂ ਹੋਏ ਸਗੋਂ ਸਾਰੀਆਂ ਫੈਕਟਰੀਆਂ ਚਾਲੂ ਹੋਈਆਂ। ਇੰਡਸਟਰੀ ਵਾਸਤੇ ਰਾਅ-ਮੈਟੀਰੀਅਲ ਦੀ ਜ਼ਰੂਰਤ ਹੈ, ਬਿਜਲੀ ਦੀ ਜ਼ਰੂਰਤ ਹੈ। ਜਿਸ ਨੇ ਕਾਰਖਾਨਾ ਲਾਉਣਾ ਹੁੰਦਾ ਹੈ ਉਹ ਪਹਿਲਾਂ ਦੇਖਦਾ ਹੈ ਕਿ ਮੈਨੂੰ ਰਾਅ-ਮੈਟੀਰੀਅਲ ਮਿਲੇਗਾ ਜਾਂ ਨਹੀਂ। ਜੇ ਰਾਅ-ਮੈਟੀਰੀਅਲ ਮਿਲਦਾ ਰਹੇ ਤਾਂ ਉਸ ਨੂੰ ਪਤਾ ਹੁੰਦਾ ਹੈ ਕਿ ਕੋਈ ਮੁਸ਼ਕਲ ਨਹੀਂ ਆਉਂਦੀ। ਰਾਅ-ਮੈਟੀਰੀਅਲ ਤਾਂ ਆਉਂਦਾ ਹੈ ਪਰ ਬਿਜਲੀ ਦੀ ਬੜੀ ਕਮੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇੰਡਸਟਰੀ ਚਲਾਉਣ ਦੇ ਤਿੰਨ ਸਾਧਨ ਹਨ। ਇਕ ਸਾਧਨ ਹੈ ਡੀਜ਼ਲ ਜਾਂ ਪੈਟਰੋਲ ਦੂਜਾ ਹੈ ਕੋਲਾ ਅਤੇ ਤੀਜਾ ਹੈ ਇਲੈਕਟ੍ਰਿਸਿਟੀ । ਇਹ ਤਿੰਨ ਸਾਧਨ ਹਨ। (ਵਿਘਨ) ਜਿਹੜੇ ਬਿਜਲੀ ਦੇ ਜੈਨਰੇਟਰ ਸੈਟ ਹਨ ਉਨ੍ਹਾਂ ਬਾਰੇ ਕਿਹਾ ਗਿਆ ਕਿ ਉਨ੍ਹਾਂ ਨੂੰ ਡੀਜ਼ਲ ਨਹੀਂ ਮਿਲਦਾ, ਮੈਂ ਇਸ ਗੱਲ ਨਾਲ ਵੀ ਸਹਿਮਤ ਹਾਂ ਪਰ ਸਾਡੇ ਦੇਸ਼ ਵਿਚ ਕੋਲੇ ਦੇ ਭੰਡਾਰ ਬਹੁਤ ਵੱਡੇ ਹਨ। ਦੁਨੀਆਂ ਦੇ ਸਾਇੰਸਦਾਨ ਕਹਿੰਦੇ ਹਨ ਕਿ ਜਿੰਨਾਂ ਕੋਲਾ ਹਿੰਦੁਸਤਾਨ ਪਾਸ ਪਿਆ ਹੈ ਉਸ ਨੂੰ ਲੋੜ ਨਹੀਂ ਹੈ ਦੂਜੇ ਮੁਲਕਾਂ ਦੇ ਮਗਰ ਭੱਜਣ ਦੀ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਇਥੇ ਕੋਲੇ ਦਾ ਬਹੁਤ ਭੈੜਾ ਹਾਲ ਹੈ । ਇਹ ਭੈੜੀ ਹਾਲਤ ਇਨ੍ਹਾਂ ਨੇ ਹੀ ਕੀਤੀ ਹੈ । (ਵਿਘਨ) ਬਾਕੀ ਇਨ੍ਹਾਂ ਦੀ ਸੈਂਟਰਲ ਗੌਰਮਿੰਟ ਨੇ ਰੂਲਜ਼ ਹੀ ਅਜਿਹੇ ਬਣਾ ਦਿੱਤੇ ਹਨ ਕਿ ਕੋਈ ਪਤਾ ਨਹੀਂ ਲਗਦਾ। (ਵਿਘਨ) ਕੋਲਾ ਕਿੰਨੀ ਕਿਸਮ ਦਾ ਹੁੰਦਾ ਹੈ ? ਮੈਂ ਦੱਸ ਦਿੰਦਾ ਹਾਂ। ਕੋਲ ਤਿੰਨ ਕਿਸਮ ਦਾ ਹੁੰਦਾ ਹੈ। ਸਲੈਕ ਕੋਲ, ਸਾਫਟ ਕੋਲ ਅਤੇ ਸਟੀਮ ਕੋਲ। ਸਟੀਮ ਕੋਲ ਕਾਰਖਾਨੇਦਾਰ ਵਰਤਦੇ ਹਨ। ਉਸ ਦੇ ਉਨ੍ਹਾਂ ਨੂੰ ਪਰਮਿਟ ਵੀ ਦਿੱਤੇ ਹੋਏ ਹਨ। ਪਰ ਮੈਂ ਇਸ ਦੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਹਾਂ, ਇਨ੍ਹਾਂ ਨੂੰ ਆਪ ਹੀ ਇਸ ਬਾਰੇ ਪਤਾ ਹੈ। ਸਟੀਮ ਕੋਲ ਬਲੈਕ ਵਿਚ ਵਿਕਦਾ ਹੈ । ਸਟੀਮ ਕੋਲ ਨਾ ਮਿਲਣ ਕਰਕੇ, ਕਈ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਵਾਰੀ ਸਾਫਟ ਕੋਲ ਯੂਜ਼ ਕਰ ਲਿਆ ਜਾਂਦਾ ਹੈ। (ਵਿਘਨ) ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਦੀ ਮਿਸਯੂਟੇਲਾਈਜ਼ੇਸ਼ਨ ਨਹੀਂ ਹੋਣੀ ਚਾਹੀਦੀ। ਫਿਰ ਕੋਲੇ ਦੀ ਬੁੱਕਿੰਗ ਦੇ ਬਾਰੇ ਵੀ ਮੈਂ ਦੱਸ ਦਿੰਦਾ ਹਾਂ। ਜਦੋਂ ਦੀ ਇਨ੍ਹਾਂ ਦੀ ਸਰਕਾਰ ਬਣੀ ਹੈ ਉਦੋਂ ਦੀ ਕੋਲੇ ਦੀ ਬਲੈਕ ਬੜੇ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਮਿਸਾਲ ਵਜੋਂ ਗੱਡੀ ਵਿਚ 20--50 ਬੋਰੀਆਂ ਲੱਦਦੇ ਹਨ ਤਾਂ ਜਿਹੜੇ ਰੇਲਵੇ ਦੇ ਸਟੇਸ਼ਨ ਮਾਸਟਰ ਹੁੰਦੇ ਹਨ ਉਹ 15-15 ਰੁਪਏ ਵਿਚ ਬੋਰੀ ਦੇ ਦਿੰਦੇ ਹਨ। (ਵਿਘਨ) ਇਸ ਕਿਸਮ ਦੀ ਇਸ ਪਾਸੇ ਕੁਰੱਪਸ਼ਨ ਹੋ ਰਹੀ ਹੈ । ਅਸੀਂ ਟਰਾਂਸਪੋਰਟ ਵਾਲਿਆਂ ਨੂੰ ਅਤੇ ਰੇਲਵੇ ਵਾਲਿਆਂ ਨੂੰ ਮਿਲ ਕੇ ਕਿਹਾ ਵੀ ਹੈ ਕਿ ਤੁਸੀਂ ਇਸ ਨੂੰ ਲੀਗੇਲਾਈਜ਼ ਕਿਉਂ ਨਹੀਂ ਕਰਦੇ। ਇਸ ਤੇ ਉਹ ਕਹਿੰਦੇ ਹਨ ਕਿ ਅਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੀ ਇੰਡਸਟਰੀ ਨੂੰ ਕੋਲੇ ਦੀ ਲੋੜ ਹੈ ਉਹ ਸਾਡੀ ਸਰਕਾਰ ਆਪਣੇ ਸਾਧਨਾਂ ਦੁਆਰਾ ਉਨ੍ਹਾਂ ਕਾਰਖਾਨੇਦਾਰਾਂ ਨੂੰ ਦਿਵਾਏ ਅਤੇ ਫਿਰ ਉਸ ਦੀ ਯੂਟੇਲਾਈਜ਼ੇਸ਼ਨ ਦੇਖੇ । (ਵਿਘਨ)

ਹੁਣ ਮੈਂ ਇਲੈਕਟ੍ਰਿਸਿਟੀ ਬਾਰੇ ਕਹਿਣਾ ਚਾਹੁੰਦਾ ਹਾਂ। ਇਲੈਕਟ੍ਰਿਸਿਟੀ ਦੋ ਕਿਸਮ ਦੀ ਪੈਦਾ ਕਰਦੇ ਹਾਂ। ਵੈਸੇ ਤਿੰਨ ਤਰ੍ਹਾਂ ਦੀ ਪੈਦਾ ਹੁੰਦੀ ਹੈ, ਸਭ ਤੋਂ ਚੀਪ ਹਾਈਡਲ ਪਾਵਰ ਹੈ ਜਿਹੜੀ ਕਿ ਪਾਣੀ ਤੋਂ ਪੈਦਾ ਕਰੀਦੀ ਹੈ । ਉਸ ਦੇ ਬਾਅਦ ਥਰਮਲ ਪਾਵਰ ਆਉਂਦੀ ਹੈ ਅਤੇ ਫਿਰ ਤੀਸਰੇ ਨੰਬਰ ਦੇ ਅਟਾਮਿਕ ਅਨਰਜੀ ਪਲਾਂਟ ਆਉਂਦਾ ਹੈ । ਇਹ ਸਭ ਤੋਂ ਕਾਸਟਲੀ ਹੈ । ਮੇਰੇ ਸੂਬੇ ਵਿਚ ਹਾਈਡਲ ਅਤੇ ਥਰਮਲ ਪਲਾਂਟ ਹਨ ਜਿਨ੍ਹਾਂ ਤੋਂ ਬਿਜਲੀ ਮਿਲਦੀ ਹੈ । ਫਿਰ ਵੀ ਸਾਡੇ ਸੂਬੇ ਵਿਚ ਬਿਜਲੀ ਦੀ ਸ਼ਾਰਟੇਜ ਹੈ। ਸਾਡੇ ਸੂਬੇ ਵਿਚ ਇਸ ਵੇਲੇ 105 ਕਰੋੜ ਯੂਨਿਟ ਬਿਜਲੀ ਘੱਟ ਹੈ ਅਗਲੇ ਸਾਲ ਇਹ ਵੱਧ ਕੇ 162 ਕਰੋੜ ਯੂਨਿਟ ਘੱਟ ਹੋ ਜਾਵੇਗ ।ੀ 1982-83 ਵਿਚ ਇਹ 203 ਕਰੋੜ ਯੂਨਿਟ ਘਾਟੇ ਤੇ ਪਹੁੰਚ ਜਾਵੇਗੀ ਅਤੇ 1984-85 ਤੱਕ ਇਹ 280 ਕਰੋੜ ਯੂਨਿਟ ਘਾਟੇ ਤੇ ਪਹੁੰਚ ਜਾਵੇਗੀ। (ਵਿਘਨ)

ਫਿਰ ਇਹ ਥੀਨ ਡੈਮ ਬਾਰੇ ਕਹਿੰਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਇਨ੍ਹਾਂ ਦੇ ਰਾਜ ਦੇ ਵੇਲੇ ਦੀਆਂ ਐਫ.ਐਮ. ਦੀਆਂ ਸਪੀਚਾਂ ਦੇਖ ਲਵੋ, ਇਨ੍ਹਾਂ ਦੀਆਂ ਸਪੀਚਾਂ ਮੇਰੇ ਕੋਲ ਪਈਆਂ ਹਨ, ਉਨ੍ਹਾਂ ਵਿਚ 1974-75, 1975-76 ਅਤੇ 1976-77 ਵਿਚ ਇਨ੍ਹਾਂ ਨੇ ਥੀਂਨ ਡੈਮ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਅਸੀਂ ਥੀਨ ਡੈਮ ਬਣਾਵਾਂਗੇ ਅੌਰ ਅਸੀਂ ਸੂਬੇ ਨੂੰ ਪਾਵਰ ਦੇਣੀ ਹੈ (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਗੱਲ ਦਾ ਆਪਣੀ ਸਪੀਚਾਂ ਵਿੱਚ ਕੋਈ ਜ਼ਿਕਰ ਨਹੀਂ ਸੀ ਕੀਤਾ। ਇਨ੍ਹਾਂ ਦੀਆਂ ਸਪੀਚਾਂ ਮੇਰੇ ਪਾਸ ਪਈਆਂ ਹਨ। (ਵਿਘਨ) ਮੈਨੂੰ ਇਹ ਦੱਸ ਕੇ ਖੁਸ਼ੀ ਹੁੰਦੀ ਹੈ ਕਿ ਮੇਰੀ ਅਕਾਲੀ ਪਾਰਟੀ ਦੀ ਸਰਕਾਰ ਨੇ 1969 ਵਿਚ ਜਿਸ ਵੇਲੇ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਦਿਵਸ ਮੰਨਾਇਆ ਸੀ ਤਾਂ ਉਦੋਂ ਬਠਿੰਡਾ ਵਿਚ ਥਰਮਲ ਪਲਾਂਟ ਲਾ ਦਿੱਤਾ । (ਵਿਘਨ) ਉਸ ਦੇ ਦੋ ਯੂਨਿਟ ਵੀ ਬਿਨਾਂ ਮਨਜ਼ੂਰੀ ਦੇ ਚਾਲੂ ਕਰ ਦਿੱਤੇ ਸਨ ਕਿਉਂਕਿ ਅਜਿਹੇ ਕੰਮਾਂ ਵਿਚ ਮਨਜ਼ੂਰੀ ਬਾਅਦ ਵਿਚ ਆ ਹੀ ਜਾਂਦੀ ਹੈ। ਉਸ ਦੇ ਬਾਅਦ ਇਨ੍ਹਾਂ ਨੇ ਇਕ ਯੂਨਿਟ ਬੜੀ ਮੁਸ਼ਕਲ ਨਾਲ ਹੋਰ ਲਗਾਇਆ। ਚੌਥਾ ਯੂਨਿਟ ਵੀ ਸਾਡੀ ਸਰਕਾਰ ਵੇਲੇ ਚਾਲੂ ਹੋਇਆ ਸੀ। ਇਸ ਤੋਂ ਅੱਗੇ ਇਨ੍ਹਾਂ ਨੇ ਕੁਝ ਨਹੀਂ ਕੀਤਾ। ਉਸ ਵਾਸਤੇ ਹੋਰ ਕੋਈ ਪੈਸਾ ਨਹੀਂ ਰੱਖਿਆ।

ਰੋਪੜ ਦੇ ਥਰਮਲ ਪਲਾਂਟ ਦੀ ਗੱਲ ਆਉਂਦੀ ਹੈ। ਇਕ ਹਜ਼ਾਰ ਮੈਗਾਵਾਟ ਪਾਵਰ ਬਹੁਤ ਹੁੰਦੀ ਹੈ। ਜੇ ਉਹ ਥਰਮਲ ਪਲਾਂਟ ਚਾਲੂ ਹੋ ਜਾਵੇ ਅਤੇ ਇਕ ਹਜ਼ਾਰ ਮੈਗਾਵਾਟ ਪਾਵਰ ਮਿਲਣ

Original with;
Punjab Vidhan Sabha
Digitized by;
Panjab Digital Library

ਲੱਗ ਜਾਵੇ ਤਾਂ ਬਹੁਤ ਹੈ ਪਰ ਇਸ ਦੇ ਵਾਸਤੇ ਵੀ ਇਨ੍ਹਾਂ ਨੇ ਕੁਝ ਨਹੀਂ ਕੀਤਾ। (ਵਿਘਨ) ਥੀਨ ਡੈਮ ਬਾਰੇ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ 12 ਕਰੋੜ ਰੁਪਿਆ ਰੱਖਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਤਾਂ ਐਡਮਨਿਸਟਰੇਟਿਵ ਖਰਚਾ ਹੈ। ਸਪੀਕਰ ਸਾਹਿਬ, ਤੁਸੀਂ 21 ਜੁਲਾਈ ਦਾ ਟ੍ਰਿਬਿਊਨ ਪੜ੍ਹ ਲਵੋ ਇਸ ਵਿਚ ਇਸ ਬਾਰੇ ਐਡੀਟੋਰੀਅਲ ਆਇਆ ਹੈ।

ਸ਼੍ਰੀ ਸਪੀਕਰ: ਤੁਸੀਂ ਅਖ਼ਬਾਰ ਨਹੀਂ ਪੜ੍ਹ ਸਕਦੇ।

ਸਰਦਾਰ ਬਲਦੇਵ ਸਿੰਘ ਮਾਨ: 21 ਜੁਲਾਈ ਦੇ ਟ੍ਰਿਬਿਊਨ ਵਿਚ ਲਿਖਿਆ ਗਿਆ ਹੈ ਕਿ ਇਹ ਸਾਰੇ ਐਡਮਨਿਸਟਰੇਟਿਵ ਖਰਚੇ ਹਨ। (ਵਿਘਨ) ਇਸ ਤਰ੍ਹਾਂ ਇਹ 1993-94 ਤਕ ਲੈ ਜਾਣਗੇ ਅਤੇ 100 ਪਰਸੈਂਟ ਵੱਧ ਜਾਣਗੇ। 70 ਕਰੋੜ ਰੁਪਏ ਦਾ ਪ੍ਰੋਜੈਕਟ ਜੋ 1969 ਵਿਚ ਕੰਪਲੀਟ ਹੋ ਜਾਣਾ ਸੀ ਪਰ ਹੋਇਆ ਨਹੀਂ। 1959 ਵਿਚ ਮੁਆਇਦਾ ਕੀਤਾ ਗਿਆ ਅਤੇ 100 ਕਰੋੜ ਰੁਪਿਆ ਪਾਕਿਸਤਾਨ ਨੂੰ ਦਿੱਤਾ ਗਿਆ ਸੀ। ਸਰਦਾਰ ਦਰਬਾਰਾ ਸਿੰਘ ਜੀ ਜੋ ਅੱਜ ਪੰਜਾਬ ਦੇ ਚੀਫ਼ ਮਨਿਸਟਰ ਹਨ ਉਹ 1959 ਤੋਂ 1966 ਤਕ ਦੀ ਕੈਬਨਿਟ ਵਿਚ ਮੰਤਰੀ ਸਨ ..... (ਵਿਘਨ)

Chief Minister He is misstating all the things. Thein Dam Survey was done at the time of Sardar Partap Singh Kairon in 1962-63. He must be a boy at that time.

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਇਹ ਥੀਨ ਡੈਮ 1969 ਤਕ ਬਣ ਜਾਣਾ ਚਾਹੀਦਾ ਸੀ ਪਰ ਇਹ ਨਹੀਂ ਬਣਾ ਸਕੇ। ਫਿਰ ਸ਼੍ਰੋਮਣੀ ਅਕਾਲੀ ਦੱਲ ਦੀ ਸਰਕਾਰ ਆਈ, ਉਸ ਨੇ ਸੈਕਸ਼ਨ ਲਿਆਂਦੀ ਅਤੇ ਇਹ ਬਣਾਉਣਾ ਸ਼ੁਰੂ ਕੀਤਾ। (ਵਿਘਨ)

ਸ਼੍ਰੀ ਸਪੀਕਰ: ਮਾਨ ਸਾਹਿਬ, ਤੁਸੀਂ ਥੀਨ ਡੈਮ ਨੂੰ ਬਹੁਤਾ ਰੈਫਰ ਨਾ ਕਰੋ ਕਿਉਂਕਿ ਚੀਫ਼ ਮਨਿਸਟਰ ਸਾਹਿਬ ਨੇ ਥੀਨ ਡੈਮ ਦੇ ਮੁਤੱਲਕ ਅਪੋਜ਼ੀਸ਼ਨ ਪਾਰਟੀਆਂ ਦੇ ਲੀਡਰਜ਼ ਦੀ ਮੀਟਿੰਗ ਬੁਲਾਈ ਹੈ ਅਤੇ ਉਥੇ ਗਲਬਾਤ ਹੋਣੀ ਹੈ। (ਵਿਘਨ)

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਮੈਂ ਪਾਵਰ ਦੀ ਗਲ ਕਰ ਰਿਹਾ ਹਾਂ। ਜਦੋਂ ਇਹ ਥੀਨ ਡੈਮ ਕੰਪਲੀਟ ਹੋ ਜਾਣਾ ਹੈ ਤਾਂ ਸਾਨੂੰ ਪਾਵਰ ਮਿਲਣੀ ਹੈ। ਤੁਸੀਂ ਕਹਿ ਦਿੱਤਾ ਕਿ ਰੈਫਰ ਨਾ ਕਰੋ ਪਰ ਬਿਨਾਂ ਰੈਫਰ ਕੀਤਿਆਂ ਪਾਵਰ ਦੀ ਗਲ ਨਹੀਂ ਕਹੀ ਜਾ ਸਕਦੀ। ਜੇ ਮੈਂ ਪਾਵਰ ਦੀ ਗਲ ਕਰਾਂਗਾ ਤਾਂ ਫਿਰ ਕਿਸੇ ਨੇ ਕਹਿ ਦੇਣਾ ਹੈ ਕਿ ਪਾਵਰ ਬਣਨੀ ਕਿਵੇਂ ਹੈ। ਸੋ ਥੋੜਾ ਬਹੁਤ ਰੈਫਰੈਂਸ ਤਾਂ ਆ ਹੀ ਜਾਂਦਾ ਹੈ। ਇਹ ਕਹਿੰਦੇ ਹਨ ਕਿ ਅਸੀਂ ਥੀਨ ਡੈਮ ਦੇ ਵਾਸਤੇ ਕੁਝ ਨਹੀਂ ਕੀਤਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਮਨਜ਼ੂਰੀ ਲਿਆ ਕੇ ਦਿੱਤੀ ਅਤੇ ਇਸ ਤੇ 20 ਕਰੋੜ ਰੁਪਿਆ ਲਗਾਇਆ ਹੈ। ਇਨ੍ਹਾਂ ਨੇ ਤਾਂ ਸਿਰਫ 12 ਕਰੋੜ ਰੁਪਿਆ ਰਖਿਆ ਹੈ। ਸਪੀਕਰ ਸਾਹਿਬ, ਤੁਸੀਂ ਆਪ ਹੀ ਜਾਣਦੇ ਹੋ ਕਿ ਜਦੋਂ ਤਕ ਕਿਸੇ ਚੀਜ਼ ਦੀ ਸੈਂਕਸ਼ਨ ਆ ਨਾ ਜਾਵੇ ਉਦੋਂ ਤਕ ਪੈਸਾ ਖਰਚ ਨਹੀਂ ਕੀਤਾ ਜਾ ਸਕਦਾ। ਅਸੀਂ ਹੁਣ ਇਸ ਦੀ ਸੈਂਕਸ਼ਨ ਲਿਆ ਦਿੱਤੀ ਹੈ, ਇਸ ਸਰਕਾਰ ਨੂੰ ਚਾਹੀਦਾ ਹੈ ਕਿ ਪੂਰੇ ਜ਼ੋਰ ਸ਼ੋਰ ਨਾਲ ਉਸ ਤੇ ਕੰਮ ਕਰਨ। (ਵਿਘਨ)

ਸਪੀਕਰ ਸਾਹਿਬ, ਅੱਜ ਅਸੀਂ ਸਾਰੇ ਕਹਿੰਦੇ ਹਾਂ ਕਿ ਇੰਡਸਟਰੀ ਜਿਹੜੀ ਹੈ ਉਹ ਪਿੰਡਾਂ ਵਿਚ ਹੋਣੀ ਚਾਹੀਦੀ ਹੈ ਪਰ ਗੁਪਤਾ ਜੀ ਕਹਿੰਦੇ ਹਨ ਕਿ ਇਹ ਇੰਡਸਟਰੀ ਸ਼ਹਿਰਾਂ ਵਿਚ ਹੋਣੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਚਾਹੀਦੀ ਹੈ। ਜੇ ਸਾਰੀ ਇੰਡਸਟਰੀ ਇਸ ਤਰ੍ਹਾਂ ਸ਼ਹਿਰਾਂ ਵਿਚ ਹੀ ਲਗਾ ਦਿੱਤੀ ਤਾਂ ਸ਼ਹਿਰਾਂ ਵਿਚ ਹੋਰ ਦੁੱਗਣਾ ਦੁੱਖ ਹੋ ਜਾਵੇਗਾ ਅਤੇ ਇਸ ਨੂੰ ਅਸੀਂ ਸਾਂਭ ਨਹੀਂ ਸਕਾਂਗੇ । ਇਸ ਦੇ ਲਈ ਜ਼ਰੂਰੀ ਹੈ ਕਿ ਇੰਡਸਟਰੀ ਪਿੰਡਾਂ ਵਿਚ ਲਗੇ ਤਾਕਿ ਪਿੰਡਾਂ ਦੇ ਲੋਕਾਂ ਨੂੰ ਵੀ ਸਾਧਨ ਮਿਲੇ। ਪਰ ਸਪੀਕਰ ਸਾਹਿਬ, ਇੰਡਸਟਰੀ ਦੇ ਵਿਚ ਕੀ ਹੁੰਦਾ ਹੈ ਕਿ ਜਿਹੜਾ ਰੂਰਲ ਫੀਡਰ ਹੈ ਅਤੇ ਜਿਹੜਾ ਅਰਬਨ ਫੀਡਰ ਹੈ ਉਸ ਦੇ ਵਿਚ ਬਿਜਲੀ ਦੀ ਕੱਟ ਦਾ ਬਹੁਤ ਫਰਕ ਰਖਿਆ ਜਾਂਦਾ ਹੈ। ਜਦੋਂ ਬਿਜਲੀ ਦੀ ਕੱਟ ਵੱਧ ਤੋਂ ਵੱਧ ਹੋਵੇ ਤਾਂ ਅਰਬਨ ਫੀਡਰ ਨੂੰ ਘੱਟ ਤੋਂ ਘੱਟ 18 ਘੰਟੇ ਬਿਜਲੀ ਮਿਲਦੀ ਹੈ ਪਰ ਇਸ ਦੇ ਮੁਕਾਬਲੇ ਵਿਚ ਰੂਰਲ ਫੀਡਰ ਨੂੰ 8 ਘੰਟੇ ਬਿਜਲੀ ਮਿਲਦੀ ਹੈ। ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ 18 ਘੰਟੇ ਬਿਜਲੀ ਮਿਲਣ ਵਾਲੇ ਦੇ ਨਾਲ 8 ਘੰਟੇ ਬਿਜਲੀ ਲੈਣ ਵਾਲਾ ਕਿਵੇਂ ਮੁਕਾਬਲਾ ਕਰੇਗਾ। ਇਹ ਜ਼ਰੂਰੀ ਗਲ ਹੈ ਕਿ ਅਰਬਨ ਦੇ ਮੁਕਾਬਲੇ ਵਿਚ ਰੂਰਲ ਫੀਡਰ ਵਾਲਾ ਘਾਟੇ ਵਿਚ ਜਾਵੇਗਾ । (ਵਿਘਨ)

ਸ਼੍ਰੀ ਸਪੀਕਰ : ਬਸ ਜੀ, ਬੈਠ ਜਾਓ; ਹੁਣ। ਹੋਰ ਵੀ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਬੋਲਣਾ ਹੈ।

ਸਰਦਾਰ ਬਲਦੇਵ ਸਿੰਘ ਮਾਨ : ਸੋ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਰੂਰਲ ਫੀਡਰ ਨੂੰ ਅਰਬਨ ਫੀਡਰ ਦੇ ਬਰਾਬਰ ਦਾ ਸਮਾਂ ਮਿਲਣਾ ਚਾਹੀਦਾ ਸੀ। ਇਹ ਨਹੀਂ ਹੋਣਾ ਚਾਹੀਦਾ ਕਿ ਅਰਬਨ ਫੀਡਰ ਨੂੰ ਵੱਧ ਤੋਂ ਵੱਧ ਸਮਾਂ ਮਿਲੇ ਅਤੇ ਰੂਰਲ ਫੀਡਰ ਨੂੰ ਘੱਟ ਤੋਂ ਘੱਟ ਸਮਾਂ ਦਿੱਤਾ ਜਾਵੇ। ਫਿਰ ਤੁਸੀਂ ਦੇਖੋ ਕਿ ਜਿਹੜੀ ਰੂਰਲ ਫੀਡਰ ਵਿਚ ਇੰਡਸਟਰੀ ਲਗ ਗਈ ਉਸ ਰੂਰਲ ਫੀਡਰ ਦੀ ਸਿੱਧੀ ਸਪਲਾਈ ਬੀ.ਐਮ.ਬੀ. ਬੰਦ ਕਰ ਦਿੰਦੀ ਹੈ। ਜਮਾਲਪੁਰ ਤੋਂ ਬੈਠੇ ਬੀ.ਐਮ.ਬੀ. ਵਾਲੇ ਸਵਿਚ ਆਫ਼ ਕਰ ਦਿੰਦੇ ਹਨ, ਸਵਿਚ ਕੱਢ ਦਿੰਦੇ ਹਨ । ਇਹ ਸਾਰੀ ਇਨ੍ਹਾਂ ਦੀ ਮਿਹਰਬਾਨੀ ਹੈ ਕਿ ਇਹ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਭਾਖੜਾ ਉਨ੍ਹਾਂ ਨੂੰ ਦੇ ਬੈਠੇ, ਭਾਖੜੇ ਦਾ ਕੰਟਰੋਲ ਉਨ੍ਹਾਂ ਨੂੰ ਦੇ ਬੈਠੇ ਹਨ। (ਵਿਘਨ) ਹੁਣ ਇਹ ਨੈਸ਼ਨਲ ਗ੍ਰਿਡ ਬਣਾਉਣ ਲਈ ਸੋਚ ਰਹੇ ਹਨ। ਨੈਸ਼ਨਲ ਗ੍ਰਿਡ ਦੇ ਲਈ ਮੀਟ੍ਰਿੰਗ ਹੋਈ ਸੀ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਨੈਸ਼ਨਲ ਗ੍ਰਿਡ ਨਹੀਂ ਹੋਣੀ ਚਾਹੀਦੀ । ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਵੀ ਕਿਹਾ ਸੀ ਕਿ ਇਸ ਤਰ੍ਹਾਂ ਦੀ ਕੋਈ ਨੈਸ਼ਨਲ ਗਰਿਡ ਨਹੀਂ ਬਣਾਉਣੀ ਚਾਹੀਦੀ। ਅਗੇ ਹੀ ਤੁਸੀਂ ਭਾਖੜਾ ਦਾ ਕੰਟਰੋਲ ਦੇ ਦਿੱਤਾ। ਹੁਣ ਇਸ ਨਾਲ ਸਾਰਾ ਕੰਟਰੋਲ ਸੈਂਟਰਲ ਗੌਰਮਿੰਟ ਦੇ ਹੱਥ ਵਿਚ ਆ ਜਾਵੇਗਾ। ਹੁਣ ਇਹ ਨੈਸ਼ਨਲ ਗ੍ਰਿਡ ਬਣਾ ਕੇ ਸੈਂਟਰਲ ਗੌਰਮਿੰਟ ਸਾਰਾ ਕੁਝ ਕਰੇ, ਸਾਨੂੰ ਇਹ ਬਿਲਕੁਲ ਮਨਜ਼ੂਰ ਨਹੀਂ ਹੈ। ਇਹ ਗਲ ਬਿਲਕੁਲ ਨਹੀਂ ਮੰਨਣੀ ਚਾਹੀਦੀ। ਜਿਸ ਤਰ੍ਹਾਂ ਤੁਸੀਂ ਭਾਖੜਾ ਦਾ ਕੰਟਰੋਲ ਦੇ ਦਿੱਤਾ ਹੈ ਅਤੇ ਸਾਰਾ ਕੁਝ ਉਨ੍ਹਾਂ ਦੇ ਹੱਥ ਵਿਚ ਹੈ। ਉਨ੍ਹਾਂ ਨੇ ਇਹ ਨਹੀਂ ਦੱਸਣਾ ਕਿ ਕੱਟ ਕਿੰਨੀ ਹੈ, ਇਹ ਨਹੀਂ ਦੱਸਣਾ ਕਿ ਕੱਟ ਕਦੋਂ ਲਗਣੀ ਹੈ। ਕੱਟ 5 ਮਿੰਟ ਦੀ ਲਗਣੀ ਹੈ, 10 ਮਿੰਟ ਦੀ ਲਗਣੀ ਹੈ, ਘੰਟੇ ਦੀ ਲਗਣੀ ਹੈ ਜਾਂ ਕਿੰਨੀ ਲਗਣੀ ਹੈ। ਜਦੋਂ ਦਿਲ ਕੀਤਾ ਬਿਜਲੀ ਕੱਟ ਦਿੱਤੀ, ਜੇ ਦਿਲ ਕੀਤਾ ਤਾਂ ਰਾਤ ਦੇ 12.00 ਵਜੇ ਬਿਜਲੀ ਕੱਟ ਦਿੱਤੀ। ਇਸ ਲਈ ਮੇਰੀ ਬੇਨਤੀ ਹੈ ਕਿ ਅਗਰ ਨੈਸ਼ਨਲ ਗ੍ਰਿਡ ਬਣ ਗਈ ਅਤੇ ਸੈਂਟਰ ਦੇ ਕੋਲ ਕੰਟਰੋਲ ਚਲਾ ਗਿਆ ਤਾਂ ਇਹ ਬੜੀ ਮਾੜੀ ਗਲ ਹੋਵੇਗੀ। (ਵਿਘਨ) ਅੰਤ ਵਿਚ ਮੈਂ ਇਹੀ ਕਹਾਂਗਾ ਕਿ ਸਟੇਟ ਗੌਰਮਿੰਟ ਨੂੰ ਸੈਂਟਰ ਦੀ ਸਰਕਾਰ ਕੋਲ ਸਿਫ਼ਾਰਸ਼ ਕਰਨੀ ਚਾਹੀਦੀ ਹੈ ਕਿ ਪੰਜਾਬ ਦੀ ਸਨਅੱਤ ਨੂੰ ਬਿਜਲੀ ਅਤੇ ਕੱਚਾ ਮੈਟੀਰੀਅਲ ਦਿੱਤਾ ਜਾਵੇ। (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰੀ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

ਸ਼੍ਰੀ ਸਪੀਕਰ : ਸੈਣੀ ਸਾਹਿਬ, ਪੰਜ ਸੱਤ ਮਿੰਟਾਂ ਵਿਚ ਹੀ ਖ਼ਤਮ ਕਰ ਦੇਣਾ ਕਿਉਂਕਿ ਹੋਰ ਵੀ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਬੋਲਣਾ ਹੈ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਜਿਸ ਦਿਨ ਦਾ ਹਾਊਸ ਸ਼ੁਰੂ ਹੋਇਆ ਹੈ ਅਰਥਾਤ 27 ਤਾਰੀਖ ਤੋਂ ਲੈ ਕੇ ਅੱਜ ਤੱਕ ਤੁਸੀਂ ਸਾਰੀਆਂ ਪ੍ਰੋਸੀਡਿੰਗਜ਼ ਕਢਵਾ ਕੇ ਦੇਖ ਲਓ ਤਾਂ ਤੁਹਾਨੂੰ ਪਤਾ ਲਗੇਗਾ ਕਿ ਇਥੇ ਜਿੰਨੀਆਂ ਵੀ ਗਲਾਂ ਹੋਈਆਂ ਹਨ, ਇਸ ਪਾਸੇ ਤੋਂ ਜਾਂ ਉਸ ਪਾਸੇ ਤੋਂ ਜਾਂ ਮੇਰੇ ਸੱਜੇ ਪਾਸੇ ਤੋਂ, ਉਹ ਐਗਰੀਕਲਚਰ ਦੇ ਮੁਤਲੱਕ ਹੀ ਕੀਤੀਆਂ ਗਈਆਂ ਹਨ। ਇਸ ਗਲ ਦਾ ਸਾਨੂੰ ਮਾਣ ਹੈ ਕਿ ਅਸੀਂ ਐਗਰੀਕਲਚਰ ਵਿਚ ਕਾਫੀ ਤਰੱਕੀ ਕੀਤੀ ਹੈ, ਸਾਨੂੰ ਪੰਜਾਬ ਦੇ ਕਿਸਾਨ ਉਪਰ ਮਾਣ ਹੈ ਕਿ ਉਸ ਨੇ ਐਗਰੀਕਲਚਰ ਵਿਚ ਉਪਜ ਵਿਚ ਵਾਧਾ ਕੀਤਾ ਹੈ ਲੇਕਿਨ ਐਗਰੀਕਲਚਰ ਨੂੰ ਬੜ੍ਹਾਵਾ ਦੇਣ ਵਾਲਾ ਕੌਣ ਹੈ ? ਇਸ ਦੇ ਬਾਰੇ ਇਸ ਹਾਊਸ ਵਿਚ ਕਿਸੇ ਨੇ ਕੋਈ ਗਲ ਨਹੀਂ ਕੀਤੀ। ਐਗਰੀਕਲਚਰ ਦੀ ਤਰੱਕੀ ਤਾਂ ਹੀ ਹੋ ਸਕਦੀ ਹੈ ਜੇ ਨਾਲ ਦੀ ਨਾਲ ਇੰਡਸਟਰੀ ਦੀ ਹਾਲਤ ਚੰਗੀ ਹੋਵੇ। ਐਗਰੀਕਲਚਰ ਦੇ ਲਈ ਹੱਲ ਕਿਸ ਨੇ ਬਣਾਇਆ, ਥਰੈਸ਼ਰ ਕਿਸ ਨੇ ਬਣਾਇਆ, ਟਰਬਾਈਨ ਕਿਸ ਨੇ ਬਣਾਇਆ, ਹਾਰਵੈਸਟਿੰਗ ਕੰਬਾਈਨ ਕਿਸ ਨੇ ਬਣਾਇਆ ਟਰੈਕਟਰ ਕਿਸ ਨੇ ਬਣਾਇਆ ? ਇਹ ਸਾਰੀਆਂ ਚੀਜ਼ਾਂ ਇੰਡਸਟਰੀ ਨੇ ਬਣਾਈਆਂ। ਲੇਕਿਨ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਨਾਲ ਪਿਛਲੇ 3 ਸਾਲਾਂ ਵਿਚ ਬੜਾ ਧੱਕਾ ਹੋਇਆ ਹੈ। ਪਿਛਲੀ ਸਰਕਾਰ ਨੇ ਇਸ ਸਬੰਧ ਵਿਚ ਜੋ ਕੁਝ ਕੀਤਾ ਉਹ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਜਦੋਂ ਐਮਰਜੈਂਸੀ ਲਗੀ ਤਾਂ ਬੜਾ ਰੌਲਾ ਪਾਇਆ ਸੀ ਕਿ ਦੇਸ਼ ਦੇ ਵਿਚ ਐਮਰਜੈਂਸੀ ਲਗਾ ਦਿੱਤੀ ਔਰ ਐਮਰਜੈਂਸੀ ਲਗਾ ਕੇ ਬੜਾ ਧੱਕਾ ਕੀਤਾ ਗਿਆ ਹੈ। ਪਰ ਸਪੀਕਰ ਸਾਹਿਬ, ਜੋ ਉਸ ਵਕਤ ਮੈਟੀਰੀਅਲ ਦਾ ਭਾਅ ਸੀ ਅਤੇ ਜੋ ਇਨ੍ਹਾਂ ਦੇ ਸਮੇਂ ਭਾਅ ਸੀ ਉਸ ਦਾ ਫਰਕ ਕਿੰਨਾ ਹੈ ਉਹ ਮੈਂ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ। ਉਸ ਵੇਲੇ ਲੋਹਾ 1,੪੦੦/- ਰੁਪਏ ਟਨ ਸੀ ਪਰ ਇਨ੍ਹਾਂ ਦੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਵਕਤ ਇਹ 4 ਹਜ਼ਾਰ ਰੁਪਏ ਦਾ ਟਨ ਹੋ ਗਿਆ। ਇਸੇ ਤਰ੍ਹਾਂ ਚਦਰ ਜਿਹੜੀ ਸੀ ਉਹ 2,200 ਰੁਪਏ ਦੀ ਟਨ ਸੀ ਪਰ ਇਸ ਦਾ ਭਾਅ ਇਨ੍ਹਾਂ ਦੇ ਵਕਤ 4,400 ਰੁਪਏ ਟਨ ਹੋ ਗਿਆ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਹ ਜਿਹੜੇ ਭਾਅ ਇਨ੍ਹਾਂ ਦੇ ਵਕਤ ਵੱਧੇ ਹਨ ਉਸ ਦਾ ਕਾਰਨ ਕੀ ਸੀ ? ਕਾਰਨ ਇਹ ਸੀ ਕਿ ਜਦੋਂ ਦੇਸ਼ ਵਿਚ ਐਮਰਜੈਂਸੀ ਲਗੀ ਸੀ ਤਾਂ ਉਦੋਂ ਭਾਅ ਨਹੀਂ ਸੀ ਵੱਧੇ ਕਿਉਂਕਿ ਉਸ ਵੇਲੇ ਪੂਰਾ ਕੰਟਰੋਲ ਸੀ ਅਤੇ ਅਤੇ ਉਪਰ ਡੰਡਾ ਸੀ ਪਰ ਇਹ ਲੋਕ ਆਪਣੇ ਰਾਜ ਵਿਚ ਕੋਈ ਕੰਟਰੋਲ ਨਹੀਂ ਕਰ ਸਕੇ ਜਿਸ ਦੀ ਵਜ੍ਹਾ ਕਰ ਕੇ ਇਹ ਜਿਹੜੇ ਭਾਅ ਸਨ ਇਹ ਵੱਧਦੇ ਚਲੇ ਗਏ। ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਵਕਤ ਦੀ ਇੰਡਸਟਰੀ ਦੀ ਹਾਲਤ ਇਹ ਸੀ ਕਿ ਜਦੋਂ ਇਥੇ ਸਰਦਾਰ ਕੁਰਨਾਮ ਸਿੰਘ ਦੀ ਸਰਕਾਰ ਸੀ ਤਾਂ ਉਸ ਵੇਲੇ ਇਥੇ ਪੰਜਾਬ ਵਿਚ 16 ਵਡੇ ਲਾਇਸੈਂਸ ਇੰਡਸਟਰੀ ਲਗਾਉਣ ਦੇ ਆਏ ਸਨ ਪਰ ਉਹ ਐਵੇਂ ਹੀ ਵਾਪਸ ਚਲੇ ਗਏ ਅਤੇ ਕੋਈ ਇੰਡਸਟਰੀ ਉਸ ਵਕਤ ਪੰਜਾਬ ਵਿਚ ਨਹੀਂ ਲਗ ਸਕੀ। ਫਿਰ ਜਦੋਂ 1972 ਵਿਚ ਕਾਂਗਰਸ ਦੀ ਸਰਕਾਰ ਆਈ ਤਾਂ ਉਹ 16 ਵਡੇ ਲਾਇਸੈਂਸ ਪੰਜਾਬ ਵਿਚ ਲਿਆਂਦੇ ਗਏ ਅਤੇ ਪੰਜਾਬ ਵਿਚ ਇੰਡਸਟਰੀ ਲਗਾਈ ਗਈ। ਸੰਗਰੂਰ ਜ਼ਿਲ੍ਹੇ ਵਿਚ, ਬਠਿੰਡੇ ਜ਼ਿਲ੍ਹੇ ਵਿਚ ਅਤੇ ਇਸ ਤਰ੍ਹਾਂ ਹੋਰ ਕਈ ਜ਼ਿਲ੍ਹਿਆਂ ਵਿਚ ਇੰਡਸਟਰੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੁਰਦਿਆਲ ਸੈਣੀ]

ਲਗਾਈ ਗਈ। ਜਲੰਧਰ ਦੇ ਇਲਾਕੇ ਵਿਚ, ਦੁਆਬੇ ਵਿਚ ਇੰਡਸਟਰੀ ਘੱਟ ਲਗੀ ਹੈ ਪਰ ਕੋਈ ਗਲ ਨਹੀ , ਇੰਡਸਟਰੀ ਤਾਂ ਪੰਜਾਬ ਵਿਚ ਹੀ ਲਗੀ ਹੈ ਭਾਵੇਂ ਕਿਸੇ ਜ਼ਿਲ੍ਹੇ ਵਿੱਚ ਵੀ ਲਗੀ ਹੈ। ਸਪੀਕਰ ਸਾਹਿਬ, ਇਥੇ ਰੋਜ਼ ਸਵਾਲ ਉਠਦਾ ਹੈ ਕਿ ਕਾਂਗਰਸ ਸਰਕਾਰ ਵੇਲੇ ਕੁਝ ਨਹੀਂ ਹੋਇਆ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ ਕਾਂਗਰਸ ਸਰਕਾਰ ਦੇ ਵੇਲੇ ਕਿੰਨੀ ਪੰਜਾਬ ਵਿਚ ਇੰਡਸਟਰੀ ਲਗੀ ਹੈ। ਇਸੇ ਤਰ੍ਹਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਦੇ ਵੇਲੇ ਪਹਿਲਾਂ ਪੰਜਾਬ ਵਿਚ ਸਟੀਮ ਕੋਲ 7,200 ਵੈਗਨਜ਼ ਆਉਂਦਾ ਸੀ ਪਰ ਇਨ੍ਹਾਂ ਦੇ ਰਾਜ ਵਿਚ 3,600 ਵੈਗਨਜ਼ ਦਾ ਕੋਟਾ ਹੋ ਗਿਆ। ਇਸੇ ਤਰ੍ਹਾਂ ਹਾਰਡ ਕੋਲ ਜੋ ਹੈ ਸਾਡੀ ਕਾਂਗਰਸ ਸਰਕਾਰ ਦੇ ਵੇਲੇ ਇਸ ਦਾ ਕੋਟਾ 1,200 ਵੈਗਨਜ਼ ਹੁੰਦਾ ਸੀ ਜਿਹੜਾ ਕਿ ਇਨ੍ਹਾਂ ਦੇ ਵਕਤ 600 ਵੈਗਨਜ਼ ਦਾ ਕੋਟਾ ਹੋ ਗਿਆ। ਸਪੀਕਰ ਸਾਹਿਬ, ਜੇ ਪੰਜਾਬ ਵਿਚ ਇਤਨਾ ਕੋਲ ਵੀ ਆ ਜਾਂਦਾ ਤਾਂ ਪੰਜਾਬ ਦੀ ਬੜੀ ਖੁਸ਼ਕਿਸਮਤੀ ਹੁੰਦੀ ਪਰ ਪੰਜਾਬ ਵਿਚ ਉਹ ਕੋਟਾ ਵੀ ਪੂਰਾ ਨਹੀਂ ਆ ਸਕਿਆ। ਕੋਲੇ ਦੀ ਇਤਨੀ ਸ਼ਾਰਟੇਜ ਨਾਲ ਐਸਾ ਵਾਤਾਵਰਣ ਹੋ ਗਿਆ ਕਿ ਸਾਡੀ ਇੰਡਸਟਰੀ ਨੂੰ ਬੜਾ ਪੱਕਾ ਵਾਰ ਕੀਤਾ ਤੇ ਸਾਡਾ ਮਾਲ ਜਿਹੜਾ ਹੈ ਉਹ ਪੂਰਾ ਤਿਆਰ ਨਹੀਂ ਹੋਇਆ। ਸਪੀਕਰ ਸਾਹਿਬ, ਤੁਸੀਂ ਪਿਛਲੇ ਤਿੰਨ ਸਾਲ ਦਾ ਰਿਕਾਰਡ ਕਢਵਾ ਕੇ ਦੇਖ ਲਓ ਤਾਂ ਤੁਹਾਨੂੰ ਪਤਾ ਲਗੇਗਾ ਕਿ ਪੰਜਾਬ ਨੂੰ ਸਪੋਨਸਰਡ ਕੋਲ ਦੀ 5.5 ਫੀ ਸਦੀ ਐਲੋਕੇਸ਼ਨ ਹੋਈ ਹੈ। ਕੋਲੇ ਦਾ ਭਾਅ ਵੀ ਜੋ ਹੈ ਉਹ ਵੀ ਬਹੁਤ ਚੜ੍ਹ ਗਿਆ ਹੈ। ਮੈਂ ਚਾਹੁੰਦਾ ਹਾਂ ਕਿ ਜਿਹੜਾ ਅੱਜ ਪੰਜਾਬ ਦਾ ਕਨਜ਼ਿਊਮਰ ਹੈ ਸਰਕਾਰ ਉਸ ਨੂੰ ਖੁਲ੍ਹੀ ਛੁੱਟੀ ਦੇਵੇ ਕਿ ਉਹ ਜਿਥੋਂ ਮਰਜ਼ੀ ਆਏ ਕੋਲਾ ਲਿਆਵੇ, ਜਿਵੇਂ ਮਰਜ਼ੀ ਆਏ ਲਿਆਵੇ, ਕਿਸੇ ਨੂੰ ਕੋਈ ਬੰਦਿਸ਼ ਨਹੀਂ ਹੋਣੀ ਚਾਹੀਦੀ ਤਾਂ ਤੁਸੀਂ ਵੇਖੋਗੇ ਕਿ ਹਾਲਤ ਆਪਣੇ ਆਪ ਠੀਕ ਹੋ ਜਾਣਗੇ ਅੌਰ ਹਰ ਇਕ ਚੀਜ਼ ਅਵੇਲੇਬਲ ਹੋ ਜਾਏਗੀ। ਇਹ ਕਹਿੰਦੇ ਹਨ ਕਿ ਕੋਲਾ ਬੜਾ ਹੈ ਪਰ ਗੱਡੀਆਂ ਨਹੀਂ ਮਿਲਦੀਆਂ। ਇਸ ਬਾਰੇ ਮੇਰਾ ਸੁਝਾਵ ਹੈ ਕਿ ਪੰਜਾਬ ਵਿਚ ਅਨਾਜ ਦੀਆਂ ਗੱਡੀਆਂ ਭਰ ਕੇ ਦੂਜੇ ਸੂਬਿਆਂ ਵਿਚ ਜਾਂਦੀਆਂ ਹਨ। ਸੈਂਟਰ ਦੀ ਸਰਕਾਰ ਨਾਲ ਗਲ ਕਰਨੀ ਚਾਹੀਦੀ ਹੈ ਕਿ ਅਨਾਜ ਲੈਣ ਵਾਸਤੇ ਜਿਹੜੀਆਂ ਗੱਡੀਆਂ ਆਉਣ ਉਹ ਪੰਜਾਬ ਲਈ ਕੋਲਾ ਲੈ ਕੇ ਆਉਣ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਸਾਰਾ ਕੰਮ ਪੂਰਾ ਹੋ ਜਾਏਗਾ ਕਿਸੇ ਕਿਸਮ ਦੀ ਕੋਈ ਕਿਲਤ ਨਹੀਂ ਰਹਿ ਜਾਣੀ।

ਸਪੀਕਰ ਸਾਹਿਬ, ਇਥੇ 1977-78 ਵਿਚ ਜੋ ਫੋਕਲ ਪੁਆਇੰਟ ਬਣਾਏ ਸੀ ਉਨ੍ਹਾਂ ਵਿਚ ਹਜ਼ਾਰਾਂ ਰੁਪਏ ਦੀ ਬੰਗਲਿੰਗ ਹੋਈ ਹੈ। ਇਨ੍ਹਾਂ ਨੇ ਉਥੇ ਖੜੇ ਹੀ ਆਪਣੇ ਆਦਮੀਆਂ ਨੂੰ ਬੇਨਾਮੀ ਅਲਾਟਮੈਂਟਾਂ ਕਰ ਦਿੱਤੀਆਂ। ਮੇਰੀ ਅਰਜ਼ ਹੈ ਕਿ ਇਸ ਦੀ ਪੜਤਾਲ ਕਰਨ ਜਿਹੜੇ ਫੋਕਲ ਪੁਆਇੰਟ ਬਣੇ ਹਨ ਇਨ੍ਹਾਂ ਦੀ ਕਿਸ ਤਰ੍ਹਾਂ ਅਲਾਟਮੈਂਟ ਹੋਈ ਹੈ।

ਪੰਜਾਬੀ ਸੂਬੇ ਦੀ ਗਲ ਇਥੇ ਆਈ। ਇਨ੍ਹਾਂ ਦਾ ਦਿਮਾਗ ਸਹੀ ਨਹੀਂ ਸੀ, ਹੁਣ ਜਦੋਂ ਅਕਲ ਆਈ ਹੈ ਤਾਂ ਹੋ ਕੁਝ ਨਹੀਂ ਸਕਦਾ। ਇਨ੍ਹਾਂ ਵਿਚ ਤਾਂ ਹਿੰਮਤ ਤਕ ਨਹੀਂ ਸੀ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਲਾਗੂ ਕਰ ਸਕਦੇ। ਕਾਂਗਰਸ ਨੇ ਪੰਜਾਬ ਵਿਚ ਪੰਜਾਬੀ ਲਾਗੂ ਕੀਤੀ ਅੌਰ ਇਸ ਦੀ ਮਹਾਨਤਾ ਕਾਂਗਰਸ ਨੂੰ ਮਿਲੀ।

ਸਪੀਕਰ ਸਾਹਿਬ, ਸਾਡੇ ਸਾਥੀ ਇਧਰੋਂ ਵੀ ਬੋਲੇ ਹਨ ਅਤੇ ਉਧਰੋਂ ਵੀ ਕਿਸਾਨ ਦੇ ਵਾਸਤੇ ਬੋਲੇ ਹਨ ਪਰ ਕੋਈ ਵੀ ਖੇਤ ਮਜ਼ਦੂਰ ਦੀ ਗਲ ਨਹੀਂ ਕਰ ਸਕਿਆ। ਸਾਡੇ ਇੰਡਸਟਰੀ ਵਿਚ ਇਹ ਹੈ ਕਿ ਭਾਵੇਂ ਘਾਟਾ ਪਵੇ ਤੇ ਭਾਵੇਂ ਵਾਧਾ ਪਰ 8½ ਫੀ ਸਦੀ ਮਜ਼ਦੂਰ ਨੂੰ ਬੋਨਸ ਦੇਣਾ ਹੀ ਹੈ।

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਹੀ ਇਹ ਜਿਹੜੇ ਖੇਤ ਮਜ਼ਦੂਰ ਹਨ ਇਨ੍ਹਾਂ ਨੂੰ ਬੋਨਸ ਦੇਣਾ ਚਾਹੀਦਾ ਹੈ ਭਾਵੇਂ ਕਿਸਾਨ ਨੂੰ ਘਾਟਾ ਪਵੇ ਤੇ ਭਾਵੇਂ ਮੁਨਾਫਾ ਹੋਵੇ । ਇਸ ਪਾਸੇ ਵੀ ਸਾਡੀ ਸਰਕਾਰ ਨੂੰ ਕੁਝ ਖਿਆਲ ਰਖਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇੰਡਸਟਰੀ ਦੀਆਂ ਕਈ ਆਈਟਮਜ਼ ਹਨ ਜਿਨ੍ਹਾਂ ਦੀ ਇਕ ਇਕ ਆਈਟਮ ਤੇ ਛੇ ਛੇ ਵਾਰੀ ਟੈਕਸ ਲਗਦਾ ਹੈ । ਮੋਟਰ ਦਾ ਪੱਖਾ ਲੈ ਲਵੋ, ਉਸ ਦੀ ਤਾਰ ਤੇ ਅਲੱਗ ਟੈਕਸ, ਦੇਗ ਤੇ ਅਲੱਗ ਟੈਕਸ, ਮੈਗਨਿਟ ਲਾਈਨ ਤੇ ਵੱਖਰਾ ਟੈਕਸ ਔਰ ਜਿਸ ਵੇਲੇ ਤਿਆਰ ਹੋ ਜਾਏ ਤਾਂ ਉਸ ਤੇ ਐਕਸਾਈਜ਼ ਟੈਕਸ ਲਗਾ ਦਿੱਤਾ ਜਾਂਦਾ ਹੈ । ਇਸ ਲਈ ਇਧਰ ਵੀ ਸਰਕਾਰ ਨੂੰ ਧਿਆਨ ਰਖਣਾ ਚਾਹੀਦਾ ਹੈ।

ਸਪੀਕਰ ਸਾਹਿਬ, ਸਾਡੇ ਦੇਸ਼ ਵਿਚ ਜਿਸ ਵੇਲੇ ਇੰਦਰਾ ਗਾਂਧੀ ਜੀ ਰਾਜ ਛੱਡ ਕੇ ਗਏ ਤਾਂ ਉਸ ਵੇਲੇ 4,300 ਕਰੋੜ ਰੁਪਏ ਦੀ ਫਾਰਨ ਕਰੰਸੀ ਛੱਡ ਕੇ ਗਏ ਸੀ । (ਵਿਘਨ) ਸਾਡੇ ਪੰਜਾਬ ਦੇ ਵਿਚ ਹੈਂਡ ਟੂਲਜ਼ ਅਤੇ ਹੋਰ ਇਹੋ ਜਿਹੀਆਂ ਬਹੁਤ ਸਾਰੀਆਂ ਆਈਟਮਜ਼ ਤਿਆਰ ਹੁੰਦੀਆਂ ਹਨ ਔਰ ਬਾਹਰ ਜਾਂਦੀਆਂ ਸਨ । ਸੈਂਟਰ ਦੀ ਸਰਕਾਰ ਨੇ ਕਿਹਾ ਕੇ ਜਿਹੜੇ ਲੋਕ ਆਪਣਾ ਮਾਲ ਬਾਹਰ ਭੇਜਣ ਉਨ੍ਹਾਂ ਨੂੰ 15 ਫੀ ਸਦੀ ਇਨਸੈਂਟਿਵ ਦਿੱਤਾ ਜਾਏਗਾ ਔਰ ਇਹ ਮਿਲਦਾ ਵੀ ਰਿਹਾ ਪਰ ਜਦੋਂ ਜਨਤਾ ਅਕਾਲੀ ਸਰਕਾਰ ਆਈ ਤਾਂ ਇਹ ਇਨਸੈਂਟਿਵ ਪਹਿਲੋਂ ਘਟਾ ਕੇ $7\frac{1}{2}$ ਫੀ ਸਦੀ ਕਰ ਦਿੱਤਾ ਔਰ ਫਿਰ ਉਸ ਤੋਂ ਅਗਲੇ ਸਾਲ ਉਹ ਵੀ ਨਾ ਰਹਿਣ ਦਿੱਤਾ ਅਤੇ ਹੁਣ $2\frac{1}{2}$ ਫੀ ਸਦੀ ਰਹਿ ਗਿਆ ਹੈ। ਮੈਂ ਕਹਿੰਦਾ ਹਾਂ ਕਿ ਜਿਹੜੇ ਲੋਕ ਮਾਲ ਬਾਹਰ ਭੇਜਣ ਉਨ੍ਹਾਂ ਨੂੰ ਇਨਸੈਂਟਿਵ ਮਿਲਣਾ ਚਾਹੀਦਾ ਹੈ । ਇਸ ਦੇ ਨਾਲ ਹੀ ਅਗਰ ਹੈਂਡਲੂਮ ਵਾਲੇ ਬਾਹਰ ਮਾਲ ਭੇਜਣਾ ਚਾਹੁੰਣ ਤਾਂ ਉਨ੍ਹਾਂ ਨੂੰ ਵੀ ਇਹ ਇਨਸੈਂਟਿਵ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ । ਜਿਹੜੇ ਛੋਟੇ ਛੋਟੇ ਇੰਡਸਟਰੀ ਲਿਸਟਸ ਹਨ ਉਨ੍ਹਾਂ ਨੇ ਪੰਜ, ਪੰਜ ਜਾਂ ਦਸ, ਦਸ ਹਜ਼ਾਰ ਰੁਪਏ ਲੋਨ ਲਿਆ ਹੋਇਆ ਸੀ। ਸਾਡੇ ਵੇਲੇ ਇਕ ਇਹ ਫੈਸਲਾ ਹੋਇਆ ਸੀ ਕਿ ਜਿਸ ਆਦਮੀ ਨੇ ਆਪਣਾ ਲੋਨ ਔਰ ਇੰਟਰੈਸਟ ਦੇ ਦਿੱਤਾ ਹੈ ਅਤੇ ਉਸ ਆਦਮੀ ਨੇ ਪਲਾਟ ਜਾਂ ਮਕਾਨ ਜੋ ਵੀ ਰਖਿਆ ਹੋਇਆ ਹੈ ਉਹ ਫਰੀ ਕਰ ਦੇਣਾ ਚਾਹੀਦਾ ਹੈ ਪਰ ਇਨ੍ਹਾਂ ਨੇ ਇਹ ਲਾਗੂ ਨਹੀਂ ਕੀਤਾ । ਜਿਸ ਨੇ 5 ਹਜ਼ਾਰ ਰੁਪਏ ਲੋਨ ਲਿਤਾ ਸੀ ਉਸ ਕੋਲੋਂ 17 ਹਜ਼ਾਰ ਰੁਪਏ ਪੀਨਲ ਇੰਟਰੈਸਟ ਵਜੋਂ ਲਿਤਾ ਗਿਆ । ਇਸ ਗਲ ਦਾ ਖਿਆਲ ਰਖਣਾ ਚਾਹੀਦਾ ਹੈ, ਅਗਰ ਇਹ ਚੀਜ਼ ਲਗੇਗੀ ਤਾਂ ਇੰਡਸਟਰੀ ਦਾ ਕੀ ਹਾਲ ਹੋਵੇਗਾ । (ਵਿਘਨ) ਮੈਂ ਕਹਿਦਾ ਹਾਂ ਕਿ ਇੰਡਸਟਰੀ ਦੀ ਤਰੱਕੀ ਵਾਸਤੇ, ਜ਼ਿਲ੍ਹਿਆਂ ਵਿਚ ਡਿਸਟ੍ਰਿਕਟ ਕਮੇਟੀਆਂ ਬਣਾਈਆਂ ਜਾਣ। ਜ਼ਿਲ੍ਹਾ ਕਮੇਟੀਆਂ ਵੱਖਰੀਆਂ ਵੱਖਰੀਆਂ ਹੋਣੀਆਂ ਚਾਹੀਦੀਆਂ ਹਨ ਤਾਕਿ ਠੀਕ ਢੰਗ ਨਾਲ ਜ਼ਿਲ੍ਹੇ ਵਾਰ ਕੰਮ ਚਲ ਸਕੇ ।

ਸ਼੍ਰੀ ਰਾਮ ਲਾਲ ਚਿੱਟੀ (ਜਲੰਧਰ ਛਾਉਣੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਭਾਵੇਂ ਟਾਈਮ ਥੋੜਾ ਰਹਿ ਗਿਆ ਹੈ, ਮੇਰਾ ਧਿਆਨ ਘੜੀ ਵਲ ਵੀ ਰਹੇਗਾ, ਪਰ ਫਿਰ ਵੀ ਆਪ ਜੀ ਦੀ ਬੜੀ ਮੇਹਰਬਾਨੀ ਹੈ।

ਸਪੀਕਰ ਸਾਹਿਬ, ਕੋਈ ਸੂਬਾ ਹੋਵੇ ਜਾਂ ਕੋਈ ਮੁਲਕ ਹੋਵੇ ਉਨ੍ਹਾਂ ਚਿਰ ਤੱਕ ਉਹ ਤਰੱਕੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਲਾਲ ਚੱਟੀ]

ਨਹੀਂ ਕਰ ਸਕਦਾ ਜਿਤਨਾ ਚਿਰ ਤਕ ਉਸ ਦੀ ਇੰਡਸਟਰੀ ਦੀ ਪਰੋਡਕਸ਼ਨ ਨਾ ਵੱਧੇ ਔਰ ਐਗਰੀਕਲਚਰ ਦੀ ਪਰੋਡਕਸ਼ਨ ਨਾ ਹੋਵੇ। ਮੇਰਾ ਮਤਲਬ ਇਹ ਹੈ ਕਿ ਇੰਡਸਟਰੀ ਔਰ ਐਗਰੀਕਲਚਰ ਕਿਸੇ ਸੂਬੇ ਦੀ ਤਰੱਕੀ ਦੇ ਦੋ ਪਹੀਏ ਹਨ। ਜਿੰਨਾਂ ਚਿਰ ਦੋਨੋਂ ਪਹੀਏ ਇਕੱਠੇ ਨਹੀਂ ਚਲਣਗੇ, ਸੂਬਾ ਤਰੱਕੀ ਨਹੀਂ ਕਰੇਗਾ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਸੰਨ 1947 ਵਿਚ ਜਦੋਂ ਮੁਲਕ ਆਜ਼ਾਦ ਹੋਇਆ ਸੀ ਤਾਂ ਇਥੇ ਸੂਈ ਤਕ ਨਹੀਂ ਸੀ ਬਣਦੀ। ਸਿੰਗਰ ਮਸ਼ੀਨ ਦੀ ਸੂਈ ਜਰਮਨ ਵਿਚੋਂ ਆਉਂਦੀ ਸੀ, ਪੱਖੇ ਔਰ ਹੋਰ ਚੀਜ਼ਾਂ ਸਾਰੀਆਂ ਬਾਹਰੋਂ ਆਉਂਦੀਆਂ ਸਨ ਔਰ ਉਨ੍ਹਾਂ ਤੇ ਲਿਖਿਆ ਹੁੰਦਾ ਸੀ ਮੇਡ ਇਨ ਇੰਗਲੈਂਡ। ਆਜ਼ਾਦੀ ਤੋਂ 3, 4 ਸਾਲ ਬਾਅਦ ਕੁਝ ਹਾਲਾਤ ਬਦਲੇ ਪਰ ਉਦੋਂ ਵੀ ਅਸੀਂ ਇਹ ਮਹਿਸੂਸ ਕਰਦੇ ਸਾਂ ਕਿ ਸੂਈ ਵੀ ਬਾਹਰੋਂ ਆਵੇ ਅਤੇ ਕਣਕ ਵੀ ਬਾਹਰੋਂ ਆਵੇ, ਇਹ ਠੀਕ ਨਹੀਂ। ਸਾਡਾ ਸਾਰਾ ਧਿਆਨ ਬੰਬਈ ਵਲ ਲਗਾ ਰਹਿੰਦਾ ਸੀ। ਕਾਂਗਰਸ ਸਰਕਾਰ ਨੇ, ਭਾਰਤ ਦੇ ਸਪੂਤ ਪੰਡਿਤ ਜਵਾਹਰ ਲਾਲ ਨਹਿਰੂ ਨੇ, ਮੁਲਕ ਨੂੰ ਇਕ ਨਵੀਂ ਸੇਧ ਦਿੱਤੀ। ਇੰਡਸਟਰੀ ਨੂੰ ਬੜ੍ਹਾਵਾ ਦਿੱਤਾ ਅਤੇ ਉਸ ਦਾ ਰਿਜ਼ਲਟ ਅੱਜ 30 ਸਾਲਾਂ ਬਾਅਦ ਤੁਹਾਡੇ ਸਾਹਮਣੇ ਹੈ। ਜਿਹੜੇ ਮੁਲਕ ਵਿਚ ਇਕ ਸੂਈ ਤਕ ਨਹੀਂ ਸੀ ਬਣਦੀ ਅੱਜ ਉਸ ਮੁਲਕ ਵਿਚ ਬੜੀਆਂ ਬੜੀਆਂ ਇੰਡਸਟਰੀਜ਼ ਲਗੀਆਂ ਹੋਈਆਂ ਹਨ ਔਰ ਹਰ ਇਕ ਚੀਜ਼ ਤਿਆਰ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਪਿਛਲੇ 30 ਸਾਲਾਂ ਵਿਚ ਸਾਡੇ ਪੰਜਾਬ ਦੀ ਜੋ ਤਰੱਕੀ ਹੋਈ ਉਸ ਬਾਰੇ ਅੰਕੜੇ ਦੱਸਦੇ ਹਨ ਚਾਹੇ ਲੁਧਿਆਣਾ ਹੋਵੇ, ਚਾਹੇ ਜਲੰਧਰ, ਚਾਹੇ ਅੰਮ੍ਰਿਤਸਰ ਚਾਹੇ ਬਟਾਲਾ, ਚਾਹੇ ਗੁਰਾਇਆਂ ਤੇ ਚਾਹੇ ਮੰਡੀ ਗੋਬਿੰਦਗੜ੍ਹ ਹੋਵੇ ਜਿਥੇ ਵੀ ਇੰਡਸਟਰੀ ਲਗੀ ਹੈ ਉਸ ਨੇ ਆਪਣੀ ਤਰੱਕੀ ਕਰਕੇ ਮਾਲ ਬਾਹਰ ਭੇਜਿਆ ਹੈ। ਮੈਂ 1977 ਵਿਚ ਇੰਗਲੈਂਡ ਗਿਆ ਸੀ ਅਤੇ ਉਥੇ ਜਦੋਂ ਮੈਂ ਊਸ਼ਾ ਦੇ ਪੱਖੇ ਪਏ ਵੇਖੇ ਅਤੇ ਜਲੰਧਰ ਵਿਚ ਜਿਹੜੇ ਹੈਂਡਟੂਲਜ਼ ਬਣਦੇ ਹਨ ਉਹ ਵੀ ਵੇਖੇ ਤਾਂ ਮਨ ਬੜਾ ਪ੍ਰਸ਼ੰਨ ਹੋਇਆ ਅਤੇ ਆਪਣੇ ਸੂਬੇ ਦੀ ਪ੍ਰਸ਼ੰਸਾ ਕੀਤੀ ਕਿ ਸਾਡੇ ਦੇਸ਼ ਨੇ ਇਤਨੀ ਤਰੱਕੀ ਕੀਤੀ ਹੈ। ਪਰ ਭਾਵੇਂ ਇੰਡਸਟਰੀ ਹੋਵੇ ਤੇ ਭਾਵੇਂ ਐਗਰੀਕਲਚਰ ਪਿਛਲੇ ਢਾਈ ਸਾਲਾਂ ਵਿਚ ਇਨ੍ਹਾਂ ਖੇਤਰਾਂ ਵਿਚ ਨੁਕਸਾਨ ਹੋਇਆ ਹੈ। ਪਿਛਲੇ 30 ਸਾਲਾਂ ਦੀ ਚਲਦੀ ਗੱਡੀ ਨੂੰ ਇਸ ਪੀਰੀਅਡ ਵਿਚ ਬਰੇਕਾਂ ਲਗੀਆਂ, ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੈਂ ਦੱਸਦਾ ਹਾਂ ਕਿ 1977 ਵਿਚ ਜਿਸ ਵੇਲੇ ਕਾਂਗਰਸ ਨੇ ਸਰਕਾਰ ਛੱਡੀ ਤਾਂ ਹਰ ਚੀਜ਼ ਮਿਲਦੀ ਸੀ, ਕੋਲਾ ਮਿਲਦਾ ਸੀ, ਸੀਮਿੰਟ ਮਿਲਦਾ ਸੀ ਅਤੇ ਹਰ ਇੰਡਸਟਰੀਜ਼ ਚਲਦੀ ਸੀ ਤਾਂ ਫਿਰ ਕੀ ਵਜ੍ਹਾ ਹੈ ਕਿ 1977 ਤੋਂ 1980 ਤਕ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਕਮੀ ਹੋ ਗਈ। ਹੁਣ ਸੀਮਿੰਟ ਬਾਹਰੋਂ ਮੰਗਵਾਉਣਾ ਪੈ ਰਿਹਾ ਹੈ, ਕੋਲਾ ਬਾਹਰੋਂ ਮੰਗਵਾਉਣਾ ਪੈ ਰਿਹਾ ਹੈ, ਲੋਹਾ ਬਾਹਰੋਂ ਮੰਗਵਾਉਣਾ ਪੈ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਜਿਥੇ ਕਿਤੇ ਕਿਸੇ ਗਲ ਦੀ ਕਮੀ ਹੈ ਉਸ ਨੂੰ ਦੂਰ ਕੀਤਾ ਜਾਵੇ। ਸੀਮਿੰਟ ਜੋ ਹੈ, ਕੋਈ ਫੈਕਟਰੀ ਇਸ ਦੇ ਬਗੈਰ ਨਹੀਂ ਬਣ ਸਕਦੀ। ਮੈਂ ਕਹਿੰਦਾ ਹਾਂ ਕਿ ਕੋਈ ਵੀ ਫੈਕਟਰੀ ਹੋਵੇ ਉਸ ਦੇ ਲਈ ਕੋਲਾ, ਲੋਹਾ ਅਤੇ ਹੋਰ ਸਮੱਗਰੀ ਜਿਹੜੀ ਹੈ ਉਹ ਚਾਹੀਦੀ ਹੈ। ਮਗਰ ਪਿਛਲੇ ਢਾਈ ਸਾਲਾਂ ਵਿਚ ਇਹ ਤਿੰਨੇ ਚੀਜ਼ਾਂ ਸੀਮਿੰਟ, ਕੋਲਾ ਅਤੇ ਲੋਹਾ ਨਹੀਂ ਮਿਲੀਆਂ ਪਤਾ ਨਹੀਂ ਕਿਥੇ ਚਲੀਆਂ ਗਈਆਂ। ਸਾਡੇ ਕੋਲ ਕੋਲੇ ਦੇ ਭੰਡਾਰ ਸਨ ਪਰ ਇਹ ਕਹਿੰਦੇ ਹਨ ਕਿ ਵੈਗਨਾਂ ਦੀ ਕਮੀ ਹੈ। ਮੈਂ ਦੱਸਦਾ ਹਾਂ ਕਿ ਜਿਹੜੀਆਂ ਹੁਣ ਬੰਮ ਬੰਮ ਕਰਕੇ ਸਪੈਸ਼ਲ ਟਰੇਨਾਂ ਧਾਨ ਦੀਆਂ ਭਰੀਆਂ ਹੋਈਆਂ ਜਾਣੀਆਂ ਹਨ ਜਾਂ ਦੂਸਰੀਆਂ ਚੀਜ਼ਾਂ ਦੀਆਂ ਜਾਣੀਆਂ ਹਨ, ਉਸ ਦੇ ਇਵਜ਼ ਵਿਚ ਇਥੇ ਕੋਲੇ ਦੀਆਂ ਟਰੇਨਾਂ ਭਰ ਕੇ ਆਉਣ ਤਾਕਿ ਪੰਜਾਬ ਦੀ ਇੰਡਸਟਰੀ ਨੂੰ ਰਿਲੀਫ ਮਿਲੇ। ਇਹ ਜਿਹੜਾ ਮੈਟੀਰੀਅਲ ਆਉਂਦਾ ਹੈ ਇਸ ਦੀ ਡਿਸਟਰੀਬਿਊਸ਼ਨ ਫੇਅਰ ਹੋਣੀ ਚਾਹੀਦੀ ਹੈ। ਪੰਜਾਬ ਦੀ ਤਰੱਕੀ ਹੋਈ ਹੈ, ਬੜੀ ਸੱਸਤੀ ਫਰਟੇਲਾਈਜ਼ਰ ਦਿੱਤੀ ਹੈ, ਇਹ ਮੇਰੇ ਸਾਹਮਣੇ ਬੈਠੇ ਵੀਰ ਕਹਿੰਦੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਵੀਰਾਂ ਦੇ ਹੀ ਸਮੇਂ ਵਿਚ ਜਲੰਧਰ ਵਿਚ ਕਿਸਾਨਾਂ ਨੇ ਆਲੂ ਵੇਚਣ ਲਈ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਜੇਲ੍ਹਾਂ ਭਰ ਦਿੱਤੀਆਂ। ਅਗਰ ਕਿਸਾਨ ਨੂੰ ਆਪਣੀ ਉਪਜ ਵੇਚਣ ਲਈ ਗ੍ਰਿਫ਼ਤਾਰੀਆਂ ਦੇਣੀਆਂ ਪੈਣ ਤਾਂ ਉਸ ਦੀ ਕੀ ਹਾਲਤ ਹੋਵੇਗੀ। ਪਿਛਲੇ ਢਾਈ ਸਾਲਾਂ ਵਿਚ ਪੰਜਾਬ ਦੇ ਕਿਸਾਨ ਦਾ ਬਹੁਤ ਨੁਕਸਾਨ ਹੋਇਆ ਹੈ । ਚਾਹੇ ਖੇਤੀਬਾੜੀ ਦੀ ਮਿਸਾਲ ਲੈ ਲਵੋ ਚਾਹੇ ਇੰਡਸਟਰੀ ਲੈ ਲਵੋ (ਵਿਘਨ) ਸਪੀਕਰ ਸਾਹਿਬ ਇਕ ਬੰਦਾ ਸਾਡਾ ਯੂ.ਕੇ. ਤੋਂ ਚੱਲ ਕੇ ਇਥੇ ਆਇਆ। ਉਥੇ ਦੇ ਹਾਲਾਤ ਕੁਝ ਐਸੇ ਹਨ ਜਿਸ ਕਰਕੇ ਲੋਕ ਇਥੇ ਆ ਕੇ ਪੈਸਾ ਇਨਵੈਸਟ ਕਰਨਾ ਚਾਹੁੰਦੇ ਹਨ। ਉਹ ਫਰਵਰੀ ਵਿਚ ਇਥੇ ਆਇਆ ਅਤੇ ਪੰਜਾਬ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਚੱਕਰ ਕੱਟ ਕੱਟ ਕੇ ਅਗਸਤ ਵਿਚ ਵਾਪਸ ਚਲਾ ਗਿਆ ਔਰ ਬਰਮਿੰਘਮ ਵਿਚ ਜਾ ਕੇ ਸਟੋਰ ਬਣਾ ਕੇ ਬੈਠ ਗਿਆ। ਜਿਹੜੇ ਪੰਜਾਬ ਦੇ ਬੰਦੇ ਬਾਹਰਲੇ ਕੰਟਰੀਜ਼ ਵਿਚ ਕੰਮ ਕਰਦੇ ਹਨ ਉਹ ਪੰਜਾਬ ਵਿਚ ਆਉਣਾ ਚਾਹੁੰਦੇ ਹਨ। ਮੈਂ ਪੰਜਾਬ ਦੇ ਮਰਦੇ-ਮਜਾਹਦ, ਸਰਦਾਰ ਦਰਬਾਰਾ ਸਿੰਘ, ਚੀਫ਼ ਮਨਿਸਟਰ ਪੰਜਾਬ, ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਹ ਇਸ ਕਾਰਪੋਰੇਸ਼ਨ ਵਿਚ ਐਸੇ ਸੈਲ ਕਰੀਏਟ ਕਰਨ ਜਿਹੜੇ, ਬਾਹਰੋਂ ਆਉਣ ਵਾਲਿਆਂ ਦੀ, ਜੋ ਇਥੇ ਇੰਡਸਟਰੀ ਲਾਉਣਾ ਚਾਹੁੰਦੇ ਹਨ, ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨ, ਮਦਦ ਕਰਨ ਅਤੇ ਉਨ੍ਹਾਂ ਨੂੰ ਪ੍ਰਾਪਰਲੀ ਗਾਈਡ ਕਰਨ। ਸਪੀਕਰ ਸਾਹਿਬ, ਜਲੰਧਰ ਵਿਚ ਸਾਰੀਆਂ ਇੰਡਸਟਰੀਆਂ ਹਨ ਲੇਕਿਨ ਸਪੋਰਟਸ ਗੁਡਜ਼ ਦੀ ਇੰਡਸਟਰੀ ਕੇਵਲ ਇਥੇ ਹੀ ਹੈ, ਹੋਰ ਕਿਧਰੇ ਨਹੀਂ ਹੈ। ਜੋ ਹਾਲਤ ਪਿਛਲੇ ਢਾਈ ਸਾਲਾਂ ਵਿਚ ਉਥੇ ਦੇ ਮਜ਼ਦੂਰਾਂ ਦੀ ਹੋਈ ਹੈ, ਸਮਾਲ ਸਕੇਲ ਇੰਡਸਟਰੀ ਦੀ ਹੋਈ ਹੈ, ਉਸ ਦੀ ਕੋਈ ਮਿਸਾਲ ਨਹੀਂ ਮਿਲਦੀ। ਉਨ੍ਹਾਂ ਨੂੰ ਕੱਚਾ ਮਾਲ ਨਹੀਂ ਮਿਲਿਆ। ਪੰਜਾਬ ਸਰਕਾਰ ਨੇ ਉਦੋਂ ਚਮੜਾ ਬਾਹਰ ਭੇਜਣਾ ਸ਼ੁਰੂ ਕਰ ਦਿੱਤਾ। ਚਮੜਾ ਰਾਅ-ਮੈਟੀਰੀਅਲ ਦੇ ਰੂਪ ਵਿਚ ਭੇਜਦੇ ਰਹੇ। ਮੈਂ ਮੁਬਾਰਕਬਾਦ ਦਿੰਦਾ ਹਾਂ ਆਪਣੀ ਪੰਜਾਬ ਸਰਕਾਰ ਨੂੰ ਜਿਨ੍ਹਾਂ ਨੇ ਲੈਦਰ ਕਾਰਪੋਰੇਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਮੈਨੂੰ ਆਸ ਹੈ ਕਿ ਉਹ ਸਪੋਰਟਸ ਗੁਡਜ਼ ਇੰਡਸਟਰੀ ਦਾ ਵੀ ਖਿਆਲ ਰੱਖਣਗੇ। ਪਹਿਲਾਂ ਜਿਹੜੀ ਇੰਡਸਟਰੀ ਬਾਹਰ ਮਾਲ ਭੇਜਦੀ ਸੀ, ਉਸ ਦੇ ਉਤੇ ਗੌਰਮਿੰਟ ਆਫ ਇੰਡੀਆ ਵੱਲੋਂ ਉਨ੍ਹਾਂ ਨੂੰ ਇਨਸੈਂਟਿਵ ਮਿਲਦਾ ਸੀ, ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਂਦੀ ਸੀ। ਜੇ ਮਾਲ ਬਾਹਰਲੇ ਮੁਲਕਾਂ ਵਿਚ ਜਾਂਦਾ ਸੀ ਤਾਂ ਦੇਸ਼ ਨੂੰ ਫਾਰੇਨ ਐਕਸਚੇਂਜ ਮਿਲਦੀ ਸੀ। ਪਤਾ ਨਹੀਂ ਕਿਸ ਵਜ੍ਹਾ ਤੋਂ ਪਿਛਲੀ ਸਰਕਾਰ ਨੇ ਉਹ ਸਕੀਮ ਬੰਦ ਕਰ ਦਿੱਤੀ ਸੀ, ਇਨਸੈਂਟਿਵ ਦੇਣਾ ਬੰਦ ਕਰ ਦਿੱਤਾ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਚਾਹੇ ਉਹ ਹੌਜ਼ਰੀ ਵਾਲੇ ਸਨ ਜਾਂ ਸਪੋਰਟਸ ਗੁਡਜ਼ ਵਾਲੇ ਜਾਂ ਪਾਈਪ ਫਿਟਿੰਗਜ਼ ਵਾਲੇ ਹਨ ਜਿਹੜੇ ਵੀ ਮਾਲ ਬਾਹਰ ਭੇਜਦੇ ਹਨ, ਉਨ੍ਹਾਂ ਨੂੰ ਇਨਸੈਂਟਿਵ ਦਿੱਤਾ ਜਾਵੇ ਤਾਂਕਿ ਉਹ ਆਪਣਾ ਮਾਲ ਬਾਹਰ ਭੇਜ ਸਕਣ।

ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਜਿਥੇ ਇਹ ਸਾਰੀਆਂ ਚੀਜ਼ਾਂ ਮਿਲ ਜਾਂਦੀਆਂ ਹਨ ਉਥੇ ਫਿਰ ਲੇਬਰ ਦੀ ਪ੍ਰਾਬਲਮ ਆ ਜਾਂਦੀ ਹੈ। ਸ਼੍ਰੀ ਗੁਰਦਿਆਲ ਸੈਣੀ ਨੇ ਠੀਕ ਹੀ ਕਿਹਾ ਹੈ ਕਿ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ। ਮੈਂ ਬਹੁਤ ਦੇਰ ਮਜ਼ਦੂਰਾਂ ਵਿਚ ਕੰਮ ਕੀਤਾ ਹੈ। ਹਰ ਜ਼ਿਲ੍ਹੇ ਵਿਚ ਟ੍ਰੀਪਾਰਟਾਇਟ ਕਮੇਟੀ ਹੋਵੇ, ਜਿਸ ਦੇ ਵਿਚ ਇੰਡਸਟਰੀਲਿਸਟ, ਸਰਕਾਰੀ ਅਫ਼ਸਰ ਅਤੇ ਰੀਅਲ ਮਜ਼ਦੂਰ ਦੇ ਨੁਮਾਇੰਦੇ ਹੋਣ ਜਿਹੜੇ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਹਨ ਨਾ ਕਿ ਲੀਡਰ। ਜੇ ਕਿਸੇ ਸਟੇਜ ਤੇ ਵੀ ਕੋਈ ਪ੍ਰਾਬਲਮ ਆਵੇ ਤਾਂ ਟ੍ਰੀਪਾਰਟਾਇਟ ਕਮੇਟੀ ਉਸ ਦਾ ਫੈਸਲਾ ਕਰ ਦੇਵੇ ਨਹੀਂ ਤਾਂ ਬੜਾ ਲੰਮਾ ਝਗੜਾ ਹੋ ਜਾਂਦਾ ਹੈ। ਮੈਂ ਸਪੀਕਰ ਸਾਹਿਬ, ਤੁਹਾਡਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਲਾਲ ਚਿੱਟੀ]

ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਫਿਰ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਹਰ ਜ਼ਿਲ੍ਹੇ ਵਿਚ ਇਹ ਕਮੇਟੀਆਂ ਹੋਣੀਆਂ ਚਾਹੀਦੀਆਂ ਹਨ।

Mr. Speaker The House stands adjourned till 9.00 A.M. on Wednesday, the 23rd July, 1980.

*

1.30 PM (The Sabha then adjourned till 9.00 A.M. on Wednesday, the 23rd July, 1980).

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated 22nd July, 1980

VOL. I—NO. 20

STARRED QUESTION AND ANSWER

Bridge on the River Sutlej on Rahon-Machhiwara Road

***168. Sardar Dilbagh Singh ;** Will the Chief Minister be pleased to state:—

(a) whether the temporary bridge constructed on Rahon-Machhiwara Road on the River Sutlej was closed to traffic during the tenure of the previous Ministry;

(b) if the reply to part (a) above be in the affirmative, whether the Government propose to reopen the said bridge to traffic; if not the reasons therefor ?

Sardar Darbara Singh : (a) Yes;

(b) There is not sufficient water in Sutlej River on which boats can float. Due to insufficient waters the boats touch the ground and when vehicles pass over the boat bridge the shell of the boats is broken. Therefore, the boat-bridge cannot function at this place. The flow of water is increased only when Bhakra Management Board Authorities sometimes released surplus water.

44180—PVS/Govt. Press, U.T., Chd

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

(C) 1980

Published under the authority of Punjab Vidhan Sabha and Printed by the Controller, Govt. Press, U.T., Chandigarh.

Original with:
Punjab Vidhan Sabha
Digitized by:
Panjab Digital Library

Punjab Vidhan Sabha Debates

23rd July, 1980

Vol. I--No. 21

OFFICIAL REPORT

CONTENTS

Wednesday, the 23rd July, 1980

		Page
Obituary References	.. (21)	1
Postponed Starred Questions and Answers	.. (21)	5
Starred Questions and Answers	.. (21)	36
Written Answers to Starred Questions laid on the Table of the House under Rule 38	.. (21)	41
Call Attention Notice under Rule 66	.. (21)	62
Motion under Rule 16	.. (21)	62
Paper Laid on the Table	.. (21)	69

Punjab Vidhan Sabha Secretariat, Chandigarh

Price : Rs.— 37-00 P.

Original with;
Punjab Vidhan Sabha
Digitized by;
Panjab Digital Library

		Page
Discussion on the 25th Report of the Commissioner for Scheduled Castes and Scheduled Tribes for the year 1977-78 (Parts I & II)	.. (21)	69
Paper laid on the Table	.. (21)	99
Discussion on the 25th Report of the Commissioner for Scheduled Castes and Scheduled Tribes for the year 1977-78 (Parts I & II) (*Resumption*)	.. (21)	99
Extension of Time of the Sitting	.. (21)	102
Discussion on the 25th Report of the Commissioner for Scheduled Castes and Scheduled Tribes for the year 1977-78 (Parts I & II) (*Resumption*)	.. (21)	102
Extension of time of the Sitting	.. (21)	107
Discussion on the 25th Report of the Commissioner for Scheduled Castes and Scheduled Tribes for the year 1977-78 (Parts I & II) (*Resumption*)	.. (21)	107

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Wednesday, the 23rd July, 1980

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

OBITUARY REFERENCES

Chief Minister (Sardar Darbara Singh) : Sir, I would like to make obituary references. ਸਪੀਕਰ ਸਾਹਿਬ, ਬਹੁਤ ਅਫ਼ਸੋਸ ਹੈ ਕਿ ਥਲ ਸਾਡੇ ਕੋਲੋਂ ਇਕ ਮਹਾਨ ਹਸਤੀ ਵਿਛੱੜ ਗਈ ਹੈ । ਇਸ ਤੋਂ ਪਹਿਲਾਂ ਸਾਡੇ ਕੋਲੋਂ ਕਾਮਰੇਡ ਹਰਦਿੱਤ ਸਿੰਘ ਭੱਠਲ ਹਮੇਸ਼ਾ ਲਈ ਵਿਛੱੜ ਗਏ ਸਨ । ਕਾਮਰੇਡ ਹਰਦਿੱਤ ਸਿੰਘ ਭੱਠਲ ਅਰਸਟਵ੍ਹਾਈਲ ਪੈਪਸੂ ਅਸੈਂਬਲੀ ਦੇ ਮੈਂਬਰ ਰਹੇ ਹਨ । ਉਨ੍ਹਾਂ ਵਿਚ ਸਭ ਤੋਂ ਅੱਛੀ ਗਲ ਇਹ ਸੀ ਕਿ ਉਹ ਆਪਣੀ ਧੁਨ ਦੇ ਬੜੇ ਪੱਕੇ ਸਨ । ਨਿਹਾਇਤ ਹੀ ਚੁਪ-ਕਾਰਕ ਅਤੇ ਐਕਸ਼ਨ ਓਰਿ-ਐਂਟਿਡ ਸਨ । ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਵਿਚ 19 ਸਾਲ ਦੀ ਸਜ਼ਾ ਭੁਗਤੀ । ਅੱਜ ਕਲ ਦਾ 19 ਸਾਲ ਦਾ ਪਲਿਆ ਹੋਇਆ ਨੌਜਵਾਨ ਕਿਸੇ ਨਾ ਕਿਸੇ ਨੌਕਰੀ ਵਿੱਚ ਚਲਾ ਜਾਂਦਾ ਹੈ । ਪਰ ਇਹ ਸਜਣ ਆਪਣੀ ਜਵਾਨੀ ਦੇ ਵੇਲੇ ਜੇਲ੍ਹਾਂ ਦੇ ਵਿਚ ਜਾ ਕੇ ਕੋਹਲੂ ਦੇ ਅੱਗੇ ਲਗਦੇ ਸਨ, ਹਲਟਾਂ ਤੇ ਲਗਦੇ ਸਨ ਅੱਰ ਬੀਜਾਈ ਕਰਨ ਵੇਲੇ ਕੰਡਿਆਂ ਦੀ ਚੋਭ ਨਾਲ ਖੂਨ ਖੂਨ ਹੋ ਜਾਂਦੇ ਸਨ । ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਜਵਾਨੀ ਜੇਲ੍ਹਾਂ ਵਿਚ ਬਿਤਾਈ । ਉਹ ਆਪਣਾ ਜ਼ਿੰਦਗੀ ਦਾ ਜ਼ਿਆਦਾ ਸਮਾਂ ਅਰਸਟਵ੍ਹਾਈਲ ਪੈਪਸੂ ਵਿਚ ਹੀ ਰਹੇ ਅੱਰ ਸਾਡੇ ਐਮ. ਐਲ. ਏ. ਵੀ ਰਹੇ । ਪੁਲਿਟੀਕਲ ਤੌਰ ਤੇ ਅਤੇ ਪਾਰਲੀਆਮੈਂਟਰੀ ਤੌਰ ਤੇ ਉਨ੍ਹਾਂ ਨੇ ਬੜੇ ਚੰਗੇ ਕੰਮ ਕੀਤੇ । ਪਰ ਅੱਜ ਉਹ ਸਾਡੇ ਨਾਲੋਂ ਵਿੱਛੜ ਗਏ ਹਨ । ਇਹ ਬੜੀ ਅਫ਼ਸੋਸ ਦੀ ਗਲ ਹੈ ਕਿ ਐਸੇ ਪੁਰਾਣੇ ਸਜਣ ਸਾਡੇ ਕੋਲੋਂ ਜਾ ਰਹੇ ਹਨ ।

ਕੱਲ ਇਕ ਹੋਰ ਹਸਤੀ ਸਰਦਾਰ ਅਮਰ ਸਿੰਘ ਦੋਸਾਂਝ ਵੀ ਸਾਡੇ ਕੋਲੋਂ ਹਮੇਸ਼ਾ ਲਈ ਵਿੱਛੜ ਗਏ ਹਨ । ਸਰਦਾਰ ਅਮਰ ਸਿੰਘ ਦੋਸਾਂਝ ਸਾਡੇ ਫਿਲੌਰ ਹਲਕੇ ਤੋਂ 1967 ਵਿਚ ਐਮ. ਐਲ. ਏ. ਚੁਣੇ ਗਏ ਸਨ । ਕੱਲ ਉਹ ਦਿਲ ਦੀ ਹਰਕਤ ਬੰਦ ਹੋਣ ਨਾਲ ਹਮੇਸ਼ਾ ਲਈ ਸੌਂ ਗਏ ਹਨ । ਉਹ ਅਕਾਲੀ ਪਤ੍ਰਿਕਾ ਦੇ ਐਡੀਟਰ ਸਨ ਅੱਰ ਅਕਾਲੀ ਦਲ ਦੇ ਜਨਰਲ ਸੈਕਟਰੀ ਵੀ ਰਹੇ। ਉਹ ਬੜੇ ਅੱਛੇ ਬੋਲਣ ਵਾਲੇ ਵਿਅਕਤੀ ਸਨ । ਬਬਰ ਅਕਾਲੀ ਮੂਵਮੈਂਟ ਵਿੱਚ ਉਨ੍ਹਾਂ ਨੇ ਬਹੁਤ ਹਿੱਸਾ ਪਾਇਆ। ਉਹ ਦੋਸਾਂਝ ਪਿੰਡ ਦੇ ਰਹਿਣ ਵਾਲੇ ਸਨ । ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਸਾਲ ਉਨ੍ਹਾਂ ਨੇ ਆਪਣੇ ਹਲਕੇ ਦੇ ਲੋਕਾਂ ਦੀ ਸੇਵਾ ਵਿਚ ਗੁਜ਼ਾਰੇ। ਉਨ੍ਹਾਂ ਦੇ ਬੋਲਣ ਵਿਚ ਐਨਾ ਰਸ ਸੀ ਕਿ ਹਰ ਸੁਣਨ ਵਾਲਾ ਅਸ਼ ਅਸ਼ ਕਰ ਉਠਦਾ ਸੀ । ਇਸ ਕਰ ਕੇ ਉਨ੍ਹਾਂ ਨੂੰ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਬਾਹਰ ਵੀ ਲੋਕ ਬੁਲਾਉਂਦੇ ਸਨ ਕਿਉਂਕਿ ਉਨ੍ਹਾਂ ਦੇ ਬੋਲਣ ਵਿਚ ਜੋ ਰਸ ਸੀ ਅਤੇ ਜੋ ਜਜ਼ਬਾ ਪੈਦਾ ਕਰਨ ਦੀ ਸ਼ਕਤੀ ਸੀ, ਉਹ ਬਹੁਤ ਜ਼ਿਆਦਾ ਸੀ । ਉਨ੍ਹਾਂ ਦੇ 3 ਲੜਕੇ ਅਤੇ 2 ਲੜਕੀਆਂ ਹਨ । 65 ਸਾਲ ਦੀ ਉਮਰ ਵਿਚ ਉਹ ਸਾਡੇ ਕੋਲੋਂ ਚਲੇ ਗਏ ਹਨ । ਉਹ ਅਕਾਲੀ ਪਤ੍ਰਿਕਾ ਦੇ ਐਡੀਟਰ ਸਨ । ਐਡੀਟਰ ਹੋਣ ਦੇ ਇਲਾਵਾ ਉਨ੍ਹਾਂ ਨੇ ਇਕ ਚੰਗੇ ਬੁਲਾਰੇ ਦੇ ਤੌਰ ਤੇ ਵੀ 1947 ਤੋਂ ਬਾਅਦ ਬੜਾ ਕੰਮ ਕੀਤਾ । ਇਨ੍ਹਾਂ ਨੇ ਅਖਬਾਰ ਅਜੀਤ ਵੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚਲਾਈ ਸੀ ਅੱਜ ਉਰਦੂ ਦੀ ਅਖਬਾਰ ਵੀ ਇਨ੍ਹਾਂ ਨੇ ਸ਼ੁਰੂ ਕੀਤੀ ਸੀ । ਇਹ ਆਪਣੀ ਜ਼ਿੰਦਗੀ ਵਿਚ ਅੱਗੇ ਵੱਧਦੇ ਹੀ ਗਏ ਅੱਜ ਕੰਮ ਕਰਨ ਵੇਲੇ ਕਦੇ ਉਨ੍ਹਾਂ ਨੇ ਪਿਛੇ ਨਹੀਂ ਵੇਖਿਆ । ਅੱਜ ਉਹ ਸਾਡੇ ਕੋਲੋਂ ਜੁਦਾ ਹੋ ਗਏ ਹਨ । ਸਾਨੂੰ ਇਸ ਦਾ ਬੜਾ ਅਫ਼ਸੋਸ ਹੈ। ਅਸੀਂ ਚਾਹੁੰਦੇ ਹਾਂ ਕਿ ਜਿਹੜੇ ਇਹ ਸਿੰਪਥੀ ਦੇ ਇਲਫਾਜ਼ ਹਨ, ਇਹ ਉਨ੍ਹਾਂ ਦੇ ਪਰਿਵਾਰ ਨੂੰ, ਜਿਹੜੀ ਫੈਮਿਲੀ ਪਿਛੇ ਰਹਿ ਗਈ ਹੈ, ਉਨ੍ਹਾਂ ਨੂੰ ਭੇਜੇ ਜਾਣ । ਮੈਂ ਉਮੀਦ ਕਰਦਾ ਹਾਂ ਕਿ ਸਾਡੇ ਇਹ ਇਲਫਾਜ਼ ਉਨ੍ਹਾਂ ਤਕ ਪਹੁੰਚਾਏ ਜਾਣਗੇ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਸਪੀਕਰ ਸਾਹਿਬ, ਬੜੇ ਦੁਖ ਦੀ ਗਲ ਹੈ ਕਿ ਸਾਡੇ ਸੂਬੇ ਦੀਆਂ 2 ਮਹਾਨ ਸ਼ਖਸੀਅਤਾਂ ਇਸ ਦੁਨੀਆਂ ਵਿਚੋਂ ਸਾਡੇ ਕੋਲੋਂ ਹਮੇਸ਼ਾ ਲਈ ਜੁਦਾ ਹੋ ਗਈਆਂ ਹਨ । ਇਹ ਘਾਟਾ ਨਾ ਪੂਰਾ ਹੋਣ ਵਾਲਾ ਘਾਟਾ ਹੈ । ਸਰਦਾਰ ਅਮਰ ਸਿੰਘ ਦੋਸਾਂਝ ਨੂੰ ਹਰੇਕ ਪੰਜਾਬੀ ਜਾਣਦਾ ਹੈ ਕਿ ਉਨ੍ਹਾਂ ਵਿਚ ਕਿੰਨੀ ਕਾਬਲੀਅਤ ਸੀ । ਉਹ ਬਹੁਤ ਵੱਡੇ ਸਕਾਲਰ ਸਨ ਅੱਜ ਮੈਂ ਕਹਿ ਸਕਦਾ ਹਾਂ ਕਿ ਉਹ ਜਦੋਂ ਵੀ ਬੋਲਦੇ ਸਨ ਤਾਂ ਉਨ੍ਹਾਂ ਦੀ ਸਪੀਚ ਦਾ ਬਹੁਤ ਜ਼ਿਆਦਾ ਅਸਰ ਹੁੰਦਾ ਸੀ । ਇਸ ਕਰਕੇ ਉਹ ਸੂਬੇ ਦੇ ਵਿੱਚ ਸਭ ਤੋਂ ਜ਼ਿਆਦਾ ਸਤਿਕਾਰੇ ਹੋਏ ਸਮਝੇ ਜਾਂਦੇ ਸਨ । ਸਿਰਫ ਇਹ ਹੀ ਨਹੀਂ ਕਿ ਉਨ੍ਹਾਂ ਦਾ ਸਤਿਕਾਰ ਪੁਲੀਟੀਕਲ ਖਿਆਲ ਦੇ ਵਿਅਕਤੀ ਕਰਦੇ ਸਨ ਬਲਕਿ ਧਾਰਮਿਕ ਤੌਰ ਅਤੇ ਵਿਦਿਅਕ ਤੌਰ ਤੇ ਵੀ ਉਨ੍ਹਾਂ ਦੇ ਅੰਦਰ ਬੜੀ ਕਾਬਲੀਅਤ ਸੀ। ਆਪਣੀ ਜ਼ਿੰਦਗੀ ਵਿਚ ਉਨ੍ਹਾਂ ਨੇ 2 ਅਖਬਾਰਾਂ ਨੂੰ ਸ਼ੁਰੂ ਕੀਤਾ ਅਤੇ ਇਨ੍ਹਾਂ ਨੂੰ ਸਿਖਰ ਤੇ ਪਹੁੰਚਾ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਉਹ ਉਘੇ ਆਗੂਆਂ ਵਿਚੋਂ ਸਨ। ਉਨ੍ਹਾਂ ਨੇ ਹਮੇਸ਼ਾਂ ਹੀ ਪਾਰਟੀ ਨੂੰ ਨੇਕ ਮਸ਼ਵਰਾ ਦਿਤਾ । ਇਸ ਲਈ ਸਮੁਚੇ ਤੌਰ ਤੇ ਪੰਜਾਬ ਨੂੰ ਅਤੇ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਦੇ ਚਲੇ ਜਾਣ ਨਾਲ ਬਹੁਤ ਘਾਟਾ ਪਿਆ ਹੈ ।

ਸਪੀਕਰ ਸਾਹਿਬ, ਕਾਮਰੇਡ ਹਰਕਿੱਤ ਸਿੰਘ ਭੱਠਲ ਇਕ ਮਹਾਨ ਵਿਅਕਤੀ ਸਨ । ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਜੇਲ੍ਹਾਂ ਵਿਚ ਗੁਜ਼ਾਰਿਆ । ਆਪਣੀ ਜਵਾਨੀ ਦੇ ਉਨ੍ਹਾਂ ਨੇ 22-23 ਸਾਲ ਜੇਲ੍ਹਾਂ ਵਿਚ ਕੱਟੇ। ਉਨ੍ਹਾਂ ਦੀ ਕੁਰਬਾਨੀ ਦੇ ਸਦਕੇ ਹੀ ਸਾਡਾ ਦੇਸ਼ ਅੱਜ ਆਜ਼ਾਦ ਹੈ ਅੱਜ ਆਮੀਂ ਆਜ਼ਾਦ ਦੇਸ਼ ਦਾ ਮਾਣ ਪ੍ਰਾਪਤ ਕੀਤਾ ਹੈ। ਮੈਂ ਇਕ ਗਲ ਇਹ ਕਹਾਂਗਾ ਕਿ ਸਾਡੇ ਨਾਲੋਂ ਜਦੋਂ ਵੀ ਅਜਿਹੀਆਂ ਸ਼ਖਸੀਅਤਾਂ ਜੁਦਾ ਹੁੰਦੀਆਂ ਹਨ ਤਾਂ ਅਸੀਂ ਇਨ੍ਹਾਂ ਨੂੰ ਸ਼ਰਧਾਂਜਲੀਆਂ ਜ਼ਰੂਰ ਭੇਂਟ ਕਰਦੇ ਹਾਂ ਪਰ ਜਦੋਂ ਉਹ ਜ਼ਿੰਦਾ ਹੁੰਦੇ ਹਨ ਤਾਂ ਉਹ ਬਹੁਤ ਤਕਲੀਫਾਂ ਵਿਚ ਰਹਿੰਦੇ ਹਨ ਅੱਜ ਉਨ੍ਹਾਂ ਦਾ ਖਿਆਲ ਨਹੀਂ ਰਖਿਆ ਜਾਂਦਾ। ਮੈ ਸਮਝਦਾ ਹਾਂ ਕਿ ਅਜਿਹੀਆਂ ਸ਼ਖਸੀਅਤਾਂ ਜਿਹੜੀਆਂ ਕੌਮ ਲਈ ਸ਼ਹੀਦ ਹੁੰਦੀਆਂ ਹਨ, ਜਿਹੜੀਆਂ ਆਪਣੀਆਂ ਕੁਰਬਾਨੀਆਂ ਦਿੰਦੀਆਂ ਹਨ, ਜਿਹੜਾ ਦੇਸ਼ ਉਨ੍ਹਾਂ ਨੂੰ ਯਾਦ ਨਹੀ ਕਰਦਾ ਉਹ ਹਮੇਸ਼ਾ ਕਮਜ਼ੋਰ ਹੁੰਦਾ ਹੈ । ਭੱਠਲ ਸਾਹਿਬ ਦੀ ਬਹੁਤ ਕੁਰਬਾਨੀ ਹੈ। ਹੁਣ ਇਨ੍ਹਾਂ ਵਾਸਤੇ ਜਿਹੜਾ ਮਤਾ ਚੀਫ਼ ਮਨਿਸਟਰ ਸਾਹਿਬ ਨੇ ਰਖਿਆ ਹੈ, ਮੈਂ ਆਪਣੀ ਪਾਰਟੀ ਵਲੋਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਅੱਜ ਵਾਹਿਗੁਰੂ ਅੱਗੇ, ਪ੍ਰਮਾਤਮਾ ਅਗੇ ਇਹ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅੱਜ ਉਨ੍ਹਾਂ ਦੇ ਪਰਿਵਾਰ ਨੂੰ ਇਹ ਸਦਮਾ ਬਰਦਾਸ਼ਤ ਕਰਨ ਦਾ ਬਲ ਬਖਸ਼ੇ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਪੰਜਾਬ ਦੀਆਂ ਦੋ ਸ਼ਖਸੀਅਤਾਂ ਅੱਜ ਸਾਡੇ ਦਰਮਿਆਨ ਨਹੀਂ ਰਹੀਆਂ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਕਾਮਰੇਡ ਹਰਕਿੱਤ ਸਿੰਘ ਭੱਠਲ 85 ਸਾਲ ਦੀ ਉਮਰ ਵਿਚ ਸਾਥੋਂ ਜੁਦਾ ਹੋ ਗਏ ਹਨ ਅਤੇ ਸਰਦਾਰ ਅਮਰ ਸਿੰਘ ਦੋਸਾਂਝ ਵੀ ਕੱਲ ਰਾਤੀਂ ਸਾਡੇ ਦਰਮਿਆਨ ਨਹੀਂ ਰਹੇ । ਸਰਦਾਰ ਹਰਕਿੱਤ ਸਿੰਘ ਭੱਠਲ ਪੰਜਾਬ ਅੰਦਰ ਚੰਦ

Original with;
Punjab Vidhan Sabha
Digitized by;
Panjab Digital Library

ਜ਼ਿੰਦਾ ਸ਼ਹੀਦਾਂ ਵਿੱਚੋਂ ਇਕ ਸਨ ਜਿਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਬੜਾ ਉਘਾ ਹਿੱਸਾ ਪਾਇਆ ਸੀ। ਉਹ ਬਾਜਸੀ ਲਹਿਰ, ਪਹਜਾ ਮੰਡਲ ਲਹਿਰ ਅਤੇ ਪੰਜਾਬ ਦੀਆਂ ਹੋਰ ਮੂਵਮੈਂਟਾਂ ਵਿਚ, ਮੁੱਖੀਆਂ ਵਿਚੋਂ ਸਨ। ਪੰਜਾਬ ਦੀ ਪੀਜ਼ੈਂਟ ਮੂਵਮੈਂਟ ਦੇ ਵੀ ਉਹ ਫਾਊਂਡਰ ਸਨ। ਅੱਜ ਉਹ ਸ਼ਖਸੀਅਤ ਸਾਡੇ ਵਿਚੋਂ ਚਲੀ ਗਈ ਹੈ। ਅੱਜ ਜੋ ਇਕ ਨਿਸ਼ਾਨਾ ਸੀ, ਇਕ ਸਰੂਪ ਸੀ, ਉਹ ਖਤਮ ਹੋ ਗਿਆ ਹੈ। ਉਹ ਪੰਜਾਬ ਅਸੈਂਬਲੀ ਦੇ ਵੀ ਮੈਂਬਰ ਰਹੇ ਹਨ ਅੰਰ ਪੈਪਸੂ ਅਸੈਂਬਲੀ ਦੇ ਵੀ ਮੈਂਬਰ ਰਹੇ ਹਨ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸੀ. ਐਮ. ਸਾਹਿਬ ਵਲੋਂ ਪੇਸ਼ ਕੀਤੇ ਇਸ ਸ਼ੋਕ ਮਤੇ ਵਿੱਚ ਸ਼ਾਮਲ ਹੁੰਦਾ ਹਾਂ। ਇਸ ਹਾਊਸ ਵਲੋਂ ਇਕ ਸ਼ੋਕ ਦਾ ਮਤਾ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿੱਤਾ ਜਾਏ।

ਸਰਦਾਰ ਅਮਰ ਸਿੰਘ ਦੋਸਾਂਝ ਪ੍ਰਸਿੱਧ ਪੱਤਰਕਾਰ ਸਨ। ਉਹ ਆਪਣੇ ਖਿਆਲਾਤਾਂ ਦੇ ਪੱਕੇ ਸਨ। ਉਹ ਆਪਣੇ ਖਿਆਲ ਨੂੰ ਬੜੀ ਰਸ ਭਰੀ ਜ਼ਬਾਨ ਵਿੱਚ ਪਰਗਟ ਕਰਦੇ ਸਨ। ਮੈਂ ਇਹ ਗੱਲ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਉਹ ਬਹੁਤ ਨਿਡਰ ਸਨ। ਭਾਵੇਂ ਉਨ੍ਹਾਂ ਦੇ ਖਿਆਲਾਤ ਮੁਤਫਿਕ ਹੋਣ ਜਾਂ ਨਾ ਪਰ ਉਹ ਬੜੀ ਬੇਬਾਕ, ਨਿਡਰ ਅਤੇ ਰਸ ਭਰੀ ਜ਼ਬਾਨ ਵਿਚ ਆਪਣੇ ਖਿਆਲ ਪੇਸ਼ ਕਰਦੇ ਸਨ। ਸਪੀਕਰ ਸਾਹਿਬ, ਭਾਵੇਂ ਉਨ੍ਹਾਂ ਦੇ ਖਿਆਲਾਤ ਕੁਝ ਵੀ ਹੋਣ ਪਰ ਉਹ ਪੱਕੇ ਇਰਾਦੇ ਵਾਲੇ ਸਨ। ਉਨ੍ਹਾਂ ਦੇ ਸਾਡੇ ਵਿਚ ਅੱਜ ਮੌਜੂਦ ਨਾ ਹੋਣ ਕਰ ਕੇ ਸਾਡੇ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਜਾਣ ਨਾਲ ਸਾਡੇ ਵਿਚ ਖਿਲਾ ਪੈਦਾ ਹੋ ਗਿਆ ਹੈ। ਇਸ ਤਰ੍ਹਾਂ ਦੇ ਆਦਮੀ ਘੱਟ ਹੀ ਹੁੰਦੇ ਹਨ। ਇਸ ਲਈ, ਸਪੀਕਰ ਸਾਹਿਬ, ਜੋ ਸੀ. ਐਮ. ਸਾਹਿਬ ਨੇ ਸ਼ੋਕ ਦਾ ਮਤਾ ਰਖਿਆ ਹੈ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਸ ਸ਼ੋਕ ਮਤੇ ਵਿੱਚ ਸ਼ਾਮਲ ਹੁੰਦਾ ਹਾਂ। ਉਨ੍ਹਾਂ ਦੇ ਪਰਿਵਾਰ ਨੂੰ ਸ਼ੋਕ ਮਤਾ ਹਾਊਸ ਵਲੋਂ ਭੇਜ ਦਿੱਤਾ ਜਾਵੇ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਦੋ ਸ਼ਖਸੀਅਤਾਂ ਅੱਜ ਸਾਡੇ ਕੋਲੋਂ ਵਿਛੜ ਗਈਆਂ ਹਨ। ਇਨ੍ਹਾਂ ਨਾਲ ਜੋ ਘਾਟਾ ਸਾਡੇ ਮੁਲਕ ਨੂੰ ਪਿਆ ਹੈ, ਉਹ ਨਾ ਪੂਰਾ ਹੋਣ ਵਾਲਾ ਹੈ। ਕਾਮਰੇਡ ਹਰਦਿੱਤ ਸਿੰਘ ਭੱਠਲ ਇਕ ਮਹਾਨ ਯੋਧਾ, ਦੇਸ਼-ਭਗਤ ਅਤੇ ਨਿਡਰ ਜਰਨੈਲ ਸਨ। ਹਿੰਦੁਸਤਾਨ ਦੀ ਆਜ਼ਾਦੀ ਲਈ ਅਤੇ ਹੋਰ ਮੂਵਮੈਂਟਾਂ ਜਿਤਨੀਆਂ ਵੀ ਚਲੀਆਂ ਹਨ, ਉਨ੍ਹਾਂ ਵਿਚ ਉਨ੍ਹਾਂ ਨੇ ਵੱਧ ਚੜ੍ਹ ਕੇ ਹਿਸਾ ਪਾਇਆ। ਪੰਜਾਬ ਵਿਚ ਅਤੇ ਪੰਜਾਬ ਤੋਂ ਪਹਿਲਾਂ ਪੈਪਸੂ ਵਿਚ ਜੋ ਵੀ ਮੂਵਮੈਂਟਾਂ ਚਲੀਆਂ ਇਹ ਉਨ੍ਹਾਂ ਮੂਵਮੈਂਟਾਂ ਦੇ ਮੋਹਰੀ ਰਹੇ ਸਨ। ਗੁਰਦਵਾਰਾ ਸੁਧਾਰ ਲਹਿਰ, ਅਕਾਲੀ ਲਹਿਰ ਅਤੇ ਪਰਜਾ-ਮੰਡਲ ਲਹਿਰ ਵਿਚ ਵੱਧ ਚੜ੍ਹ ਕੇ ਉਨ੍ਹਾਂ ਨੇ ਹਿਸਾ ਪਾਇਆ ਅਤੇ ਮੋਢੀ ਰਹੇ। ਪੈਪਸੂ ਵੇਲੇ ਹੋਰ ਮੂਵਮੈਂਟਾਂ ਚਲਦੀਆਂ ਰਹੀਆਂ। ਉਨ੍ਹਾਂ ਵਿਚ ਵੀ ਡੱਟ ਕੇ ਹਿੱਸਾ ਲੈਂਦੇ ਰਹੇ ਸਨ। ਉਨ੍ਹਾਂ ਤੇ ਬੜੇ ਤਸ਼ੱਦਦ ਅਤੇ ਜ਼ੁਲਮ ਹੁੰਦੇ ਰਹੇ। ਇਥੋਂ ਤਕ, ਸਪੀਕਰ ਸਾਹਿਬ, ਕਿ ਉਹ ਆਪਣਾ ਨਾਂ ਵੀ ਕਿਸੇ ਨੂੰ ਦੱਸਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਨੂੰ ਧਰਤੀ ਧਕੇਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ। ਇਸ ਤੋਂ, ਸਪੀਕਰ ਸਾਹਿਬ, ਜ਼ਾਹਿਰ ਹੁੰਦਾ ਹੈ ਕਿ ਉਹ ਕਿਤਨੇ ਮਹਾਨ ਲੀਡਰ ਸਨ। 19 ਸਾਲ ਦੇ ਬਹੁਤ ਵੱਡੇ ਅਰਸੇ ਤਕ ਉਹ ਜੇਲ੍ਹਾਂ ਵਿਚ ਰਹੇ ਅਤੇ 9 ਸਾਲ ਅੰਡਰ ਗਰਾਊਂਡ ਰਹੇ। ਉਨ੍ਹਾਂ ਨੇ ਲਾ-ਮਿਸਾਲ ਕੁਰਬਾਨੀਆਂ ਕੀਤੀਆਂ ਸਨ। ਜਿਸ ਤਰ੍ਹਾਂ ਮੁਲਤਾਨ ਜੇਲ੍ਹ ਵਿਚ ਉਨ੍ਹਾਂ ਨੂੰ ਪਾਣੀ ਵਿਚ ਸੁਟਿਆ ਗਿਆ ਅਤੇ ਕੁਟਿਆ ਗਿਆ ਅਤੇ ਕਿਹਾ ਗਿਆ ਕਿ ਉਹ ਗੁਰਦਵਾਰਾ ਲਹਿਰ ਲਈ ਅਕਾਲੀ ਲਹਿਰ ਲਈ 'ਬੋਲੇ ਸੋ ਨਿਹਾਲ' ਦਾ ਨਾਹਰਾ ਨਾ ਲਗਾਉਣ। ਪਰ ਜਦੋਂ ਵੀ ਉਹ ਪਾਣੀ ਵਿਚੋਂ ਬਾਹਰ ਆਏ ਤਾਂ ਫਿਰ 'ਬੋਲੋ ਸੋ 'ਨਿਹਾਲ' ਦਾ ਨਾਹਰਾ ਲਗਾਇਆ। ਉਹ ਬੜੇ ਦ੍ਰਿੜ ਇਰਾਦੇ ਦੇ ਸਨ। ਚਾਰ ਵਾਰ ਉਹ ਅਸੈਂਬਲੀ ਦੇ ਮੈਂਬਰ ਚੁਣੇ ਗਏ ਸਨ। ਇਥੇ ਅਸੈਂਬਲੀ ਵਿਚ ਵੀ ਕਿਸਾਨਾਂ ਦੀ ਖਾਤਰ ਅਤੇ ਮਜ਼ਦੂਰਾਂ ਦੀ ਖਾਤਰ ਡੱਟ ਕੇ ਲੜਦੇ ਰਹੇ ਸਨ। ਹੁਣ ਵੀ ਉਹ ਅੰਤਮ ਸਮੇਂ ਪੰਜਾਬ ਕਿਸਾਨ ਸਭਾ ਦੇ ਮੀਤ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਪ੍ਰਧਾਨ ਸਨ । ਕੋਈ ਵੀ ਪੰਜਾਬ ਦੀ ਮੂਵਮੈਂਟ ਚਲਦੀ ਸੀ ਜਾਂ ਮਜ਼ਦੂਰਾਂ ਦੀ, ਕਿਸਾਨਾਂ ਦੀ ਮੂਵਮੈਂਟ ਚਲਦੀ ਸੀ ਤਾਂ ਉਹ ਸਭ ਤੋਂ ਮੂਹਰੇ ਹੋ ਕੇ ਕੰਮ ਕਰਦੇ ਸਨ । ਉਹ ਅਜਿਹਾ ਰੁੱਖ ਸੀ ਜਿਸ ਰੁੱਖ ਦੇ ਥੱਲੇ ਗਰੀਬ ਪਲਦੇ ਸਨ । ਅੱਜ ਉਹ ਰੁੱਖ, ਸਪੀਕਰ ਸਾਹਿਬ, ਟੁਟ ਗਿਆ ਹੈ। ਇਸ ਨਾਲ ਮੁਲਕ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਸਾਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਣਾ ਚਾਹੀਦਾ ਹੈ ।

ਸਰਦਾਰ ਅਮਰ ਸਿੰਘ ਦੋਸਾਂਝ ਬਹੁਤ ਵੱਡੇ ਦੇਸ਼ ਭਗਤ ਸਨ । ਉਹ ਸਟੇਜ ਦੇ ਧਨੀ ਸਨ । ਉਹ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਸਨ । ਉਹ ਸ਼੍ਰੋਮਣੀ ਅਕਾਲੀ ਦੱਲ ਦੇ ਮੈਂਬਰ ਵੀ ਰਹੇ। ਸੁਭਾਅ ਦੇ ਮਿੱਠੇ ਸਨ । ਅਖਬਾਰ ਅਕਾਲੀ ਪਤ੍ਰਿਕਾ ਦੇ ਐਡੀਟਰ ਸਨ।

ਇਹ ਦੋ ਮਹਾਨ ਸ਼ਖਸੀਅਤਾਂ, ਸਪੀਕਰ ਸਾਹਿਬ, ਅੱਜ ਸਾਡੇ ਕੋਲੋਂ ਵਿਛੜ ਗਈਆਂ ਹਨ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸੀ. ਐਮ. ਸਾਹਿਬ ਦੇ ਇਸ ਸ਼ੋਕ ਮਤੇ ਵਿਚ ਸ਼ਾਮਲ ਹੁੰਦਾ ਹਾਂ ਅਤੇ ਮੈਂ ਅਪੀਲ ਕਰਾਂਗਾ ਕਿ ਇਹ ਸ਼ੋਕ ਮਤਾ ਹਾਊਸ ਵਲੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜ ਦਿਤਾ ਜਾਵੇ।

ਸਰਦਾਰ ਜਸਮਤ ਸਿੰਘ ਢਿਲੋਂ (ਫਰੀਦਕੋਟ) : ਸਪੀਕਰ ਸਾਹਿਬ, ਕਾਮਰੇਡ ਹਰਦਿੱਤ ਸਿੰਘ ਭੱਠਲ ਬਹੁਤ ਵੱਡੇ ਦੇਸ਼ ਭਗਤ ਸਨ । ਉਹ ਅੱਜ ਸਾਡੇ ਵਿਚੋਂ ਵਿਛੱੜ ਗਏ ਹਨ । ਉਨ੍ਹਾਂ ਦੀਆਂ ਜੋ ਦੇਸ਼ ਪ੍ਰਤੀ ਕੁਰਬਾਨੀਆਂ ਹਨ, ਉਹ ਅਭੁੱਲ ਹਨ। ਸਰਦਾਰ ਅਮਰ ਸਿੰਘ ਦੋਸਾਂਝ ਸਿਆਸੀ ਦਰਵੇਸ਼, ਗਿਆਨੀ ਕਰਤਾਰ ਸਿੰਘ, ਦੇ ਮੁਢਲੇ ਸਾਥੀ ਸਨ । ਉਨ੍ਹਾਂ ਨੂੰ ਪੰਜਾਬ ਦੀ ਚਲਦੀ ਫਿਰਦੀ ਯੂਨੀਵਰਸਿਟੀ ਕਿਹਾ ਜਾਂਦਾ ਸੀ। ਉਨ੍ਹਾਂ ਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਦੀ ਮਹਾਨ ਸੇਵਾ ਕੀਤੀ। ਪੱਤਰਕਾਰੀ ਵਿਚ ਵੀ ਉਨ੍ਹਾਂ ਨੇ ਅਖੀਰਲੀਆਂ ਸਿਖਰਾਂ ਛੂਹੀਆਂ ਸਨ । ਉਨ੍ਹਾਂ ਪੰਜਾਬ ਪ੍ਰਤੀ ਅਤੇ ਧਰਮ ਪ੍ਰਤੀ ਸੇਵਾ ਵਿਚ ਉਚੇਰੀ ਥਾਂ ਪ੍ਰਾਪਤ ਕੀਤੀ । ਸਰਦਾਰ ਅਮਰ ਸਿੰਘ ਦੋਸਾਂਝ ਆਪਣੇ ਸਿਆਸੀ ਗੁਰੂ ਗਿਆਨੀ ਕਰਤਾਰ ਸਿੰਘ, ਵਾਂਗੂ ਸ਼ਰਾਫਤ ਅਤੇ ਕੁਰਬਾਨੀਆਂ ਦਾ ਮੁਜਸਮਾ ਸਨ । ਸਰਦਾਰ ਅਮਰ ਸਿੰਘ ਦੋਸਾਂਝ ਦੇ ਜਾਣ ਨਾਲ ਅੱਜ ਸਾਡੇ ਵਿਚ ਨਿਸ਼ਕਾਮ ਸੇਵਾ ਦੀ ਝਲਕ ਨਹੀਂ ਰਹੀ । ਜਿਥੇ ਕਿਤੇ ਵੀ ਵੇਖੋ ਭਾਵੇਂ ਕੋਈ ਨੌਜਵਾਨ ਸੰਸਥਾ ਹੋਵੇ, ਜਥੇਬੰਦੀ ਹੋਵੇ, ਗੁਰਦਵਾਰਾ ਹੋਵੇ, ਉਹ ਉਥੇ ਆਪਣੀ ਮਿੱਠੀ ਜ਼ਬਾਨ ਦੇ ਨਾਲ ਆਪਣੇ ਖਿਆਲਾਤ ਪਰਗਟ ਕਰਦੇ ਸਨ। ਉਨ੍ਹਾਂ ਨੇ ਪੰਜਾਬ ਅਤੇ ਪੰਜਾਬੀਅਤ ਦੀ ਬੜੀ ਸੇਵਾ ਕੀਤੀ । ਉਹ ਪੰਜਾਬੀ ਜ਼ਬਾਨ ਦੇ ਬਹੁਤ ਵੱਡੇ ਮੁਕੱਰਰ ਸਨ। ਲੋਕ ਉਨ੍ਹਾਂ ਨੂੰ ਸੁਣਨ ਲਈ ਬਹੁਤ ਦੂਰ ਦੂਰ ਤੋਂ ਆਉਂਦੇ ਸਨ ਅਤੇ ਬਹੁਤ ਦੇਰ ਤਕ ਉਨ੍ਹਾਂ ਦੀ ਤਕਰੀਰ ਸੁਣਦੇ ਸਨ। ਇਸ ਵੇਲੇ ਉਨ੍ਹਾਂ ਦਾ ਪੰਜਾਬ ਤੋਂ ਚਲੇ ਜਾਣਾ ਅਤੇ ਸਾਨੂੰ ਸਦੀਵੀ ਵਿਛੋੜਾ ਦੇ ਜਾਣਾ ਇੱਕ ਐਸਾ ਘਾਟਾ ਹੈ ਜਿਹੜਾ ਕਿ ਪੰਜਾਬ ਦੇ ਲੋਕ ਬਹੁਤ ਜ਼ਿਆਦਾ ਮਹਿਸੂਸ ਕਰਨਗੇ। ਜੋ ਚੀਫ ਮਨਿਸਟਰ ਸਾਹਿਬ ਨੇ ਸ਼ੋਕ ਦਾ ਮਤਾ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਉਸ ਨਾਲ ਆਪਣੇ ਆਪ ਨੂੰ ਜੋੜਦਾ ਹਾਂ ਅਤੇ ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੋਨਾਂ ਮਹਾਨ ਹਸਤੀਆਂ ਦੀਆਂ ਰੂਹਾਂ ਨੂੰ ਸ਼ਾਂਤੀ ਬਖਸ਼ੇ । ਇਹ ਸ਼ੋਕ ਮਤਾ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਏ ।

ਸ਼੍ਰੀ ਸਪੀਕਰ : ਸਰਦਾਰ ਅਮਰ ਸਿੰਘ ਦੋਸਾਂਝ ਦੀ ਬੇ-ਵਕਤ ਮੌਤ ਨਾਲ ਜਿਹੜਾ ਦੁੱਖ ਦਾ ਪ੍ਰਗਟਾਵਾ ਇਸ ਹਾਊਸ ਵਿਚ ਕੀਤਾ ਗਿਆ ਹੈ ਅੌਰ ਹਮਦਰਦੀ ਦਾ ਪ੍ਰਸਤਾਵ ਉਨ੍ਹਾਂ ਦੇ ਪਰਿਵਾਰ ਨਾਲ ਜਿਹੜਾ ਹੋ ਰਿਹਾ ਹੈ, ਉਸ ਵਿਚ ਮੈਂ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਅੌਰ ਮੈਂ ਮੈਂਬਰਾਂ ਨੂੰ ਨਿਵੇਦਨ ਕਰਦਾ ਹਾਂ ਕਿ ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਦੋ ਮਿੰਟਾਂ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਰਹਿਣ ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸਾਰੇ ਹਾਜ਼ਰ ਮਾਨਯੋਗ ਮੈਂਬਰਾਂ ਨੇ ਦੋ ਮਿੰਟਾਂ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋਕੇ ਮੌਨ ਧਾਰਨ - ਕੀਤਾ।

ਸ਼੍ਰੀ ਸਪੀਕਰ : ਹਾਊਸ ਜਿਹੜੇ ਪਹਿਲਾਂ ਪੋਸਟਪੋਨਡ ਕੁਐਸਚਨਜ਼ ਹਨ, ਉਹ ਟੇਕ ਅਪ ਕਰੇਗਾ। ਸਵਾਲ ਨੰ: 92।

POSTPONED STARRED QUESTIONS AND ANSWERS

Scheme for advancing interest-free loans to the Scheduled Castes

***92. Comrade Baldev Singh Loomba** : Will the Minister for Welfare be pleased to state whether there is any scheme for advancing interest-free loans to the Scheduled Castes by the Punjab Scheduled Castes Land Development and Finance Corporation, if so, the total number of applications received, district-wise, together with the number of those which had been disposed of upto 15th June, 1980 ?

ਚੌਧਰੀ ਜਗਤ ਰਾਮ : (ਉ) ਹਾਂ ਜੀ। 1-4-1979 ਤੋਂ ਵੱਖੋ ਵੱਖ ਮੰਤਵਾਂ ਲਈ 20,000 ਰੁਪਏ ਤੱਕ ਦੇ ਵਿਆਜ ਮੁਕਤ ਕਰਜ਼ੇ ਦਿੱਤੇ ਜਾਂਦੇ ਹਨ।

(ਅ) 1-4-1979 ਤੋਂ 15 ਜੂਨ, 1980 ਤੱਕ ਜ਼ਿਲ੍ਹੇਵਾਰ ਆਈਆਂ ਅਰਜ਼ੀਆਂ ਬਾਰੇ ਵੇਰਵਾ ਪੱਤਰ ਅਤੇ ਨਿਪਟਾਰਾ ਕੀਤੀਆਂ ਗਈਆਂ ਅਰਜ਼ੀਆਂ ਦੀ ਕੁਲ ਗਿਣਤੀ ਬਾਰੇ ਅਨੁਲੱਗ "ਉ" ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ANNEXURE 'ਉ'

Statement showing the total number of applications received and disposed of districtwise under the scheme of advancing interest-free loans to the members of Scheduled Castes from 1-4-1979 to 15-6-80

ਕ੍ਰਮ ਨੰਬਰ S.No.	Distiict ਜ਼ਿਲ੍ਹਾ		ਆਈਆਂ ਅਰਜ਼ੀਆਂ ਦੀ ਗਿਣਤੀ Applications received	ਨਿਪਟਾਈਆਂ ਗਈਆਂ ਅਰਜ਼ੀਆਂ ਦੀ ਗਿਣਤੀ Applications disposed of
1	Ropar	ਰੋਪੜ ..	2,724	1,237
2	Hoshiarpur	ਹੁਸ਼ਿਆਰਪੁਰ ..	1,709	436
3	Gurdaspur	ਗੁਰਦਾਸਪੁਰ ..	715	700
4	Amritsar	ਅੰਮ੍ਰਿਤਸਰ ..	2,200	624
5	Ferozepur	ਫਿਰੋਜ਼ਪੁਰ ..	3,284	835
6	Jullundur	ਜਲੰਧਰ ..	1,146	992
7	Ludhiana	ਲੁਧਿਆਣਾ ..	1,048	516
8	Kapurthala	ਕਪੂਰਥਲਾ ..	382	381
9	Faridkot	ਫਰੀਦਕੋਟ ..	5,104	1,722
10	Patiala	ਪਟਿਆਲਾ ..	1,941	586
11	Sangrur	ਸੰਗਰੂਰ ..	1,434	643
12	Bhatinda	ਬਠਿੰਡਾ ..	1,771	727
	Total	ਜੋੜ	23,558	9,399

Original with;
Punjab Vidhan Sabha
Digitized by;
Panja Digital Library

ਕਾਮਰੇਡ ਬਲਦੇਵ ਸਿੰਘ ਲੰਬਾ : ਸਪੀਕਰ ਸਾਹਿਬ, ਕੁਲ ਅਰਜ਼ੀਆਂ 23,558 ਆਈਆਂ ਔਰ ਇਨ੍ਹਾਂ ਵਿਚੋਂ 9,399 ਅਰਜ਼ੀਆਂ ਦਾ ਨਿਪਟਾਰਾ ਹੋਇਆ। ਇਹ ਚੀਜ਼ ਇਨ੍ਹਾਂ ਨੇ ਆਪਣੇ ਜਵਾਬ ਵਿਚ ਦਿੱਤੀ ਹੈ। ਇਸ ਦਾ ਮਤਲਬ ਹੋਇਆ ਕਿ ਕੁਲ ਅਰਜ਼ੀਆਂ ਵਿਚੋਂ ਸਿਰਫ ਤੀਜਾ ਹਿਸਾ ਅਰਜ਼ੀਆਂ ਦਾ ਨਿਪਟਾਰਾ ਹੋਇਆ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਐਨੀਆਂ ਘੱਟ ਅਰਜ਼ੀਆਂ ਦਾ ਨਿਪਟਾਰਾ ਕਿਉਂ ਹੋਇਆ ਹੈ, ਇਸ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਬਿਲਕੁਲ ਠੀਕ ਕਿਹਾ ਹੈ ਕਿ ਐਨੀਆਂ ਅਰਜ਼ੀਆਂ ਆਈਆ ਔਰ ਐਨੀਆਂ ਦਾ ਨਿਪਟਾਰਾ ਹੋਇਆ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਨਵੀਂ ਸਕੀਮ ਅਨੁਸਾਰ ਜਿਹੜੀਆਂ ਅਰਜ਼ੀਆਂ ਆਈਆਂ ਸਨ ਉਹ ਅਧੂਰੀਆਂ ਸਨ, ਜਿਸ ਕਰਕੇ ਉਹ ਵਾਪਸ ਕੀਤੀਆਂ ਗਈਆਂ। ਜਿਹੜੀਆਂ ਠੀਕ ਸਨ ਉਨ੍ਹਾਂ ਦਾ ਜ਼ਿਲ੍ਹਾਵਾਰ ਨਿਪਟਾਰਾ ਕੀਤਾ ਗਿਆ।

ਕਾਮਰੇਡ ਬਲਦੇਵ ਸਿੰਘ ਲੰਬਾ : ਕੀ ਵਜ਼ੀਰ ਸਾਹਿਬ ਇਸ ਸਬੰਧੀ ਕੋਈ ਹੱਲ ਲਭ ਕੇ ਪੈਂਡਿੰਗ ਅਰਜ਼ੀਆਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕਰਾ ਦੇਣਗੇ ? ਮੈਂ ਆਪਣੇ ਹਲਕੇ ਵਿਚੋਂ 2,000 ਫਾਰਮ ਪਿੰਡ ਪਿੰਡ ਜਾ ਕੇ ਭਰਾਏ ਹਨ। ਅਸਲ ਗੱਲ ਇਹ ਹੈ ਕਿ ਸਟਾਫ ਥੋੜ੍ਹਾ ਹੈ। ਜਦੋਂ ਦੀ ਨਵੀਂ ਸਕੀਮ ਚਲੀ ਹੈ ਉਦੋਂ ਦਾ ਕੰਮ ਬਹੁਤ ਜ਼ਿਆਦਾ ਵੱਧ ਗਿਆ ਹੈ ਔਰ ਸਟਾਫ ਉਤਨੇ ਦਾ ਉਤਨਾ ਹੈ। ਇਕ ਇਕ ਅਰਜ਼ੀ ਲਈ ਕਈ ਕਈ ਦਿਨ ਲਗ ਜਾਂਦੇ ਹਨ। ਕੀ ਇਹ ਕੋਈ ਅਜਿਹਾ ਪ੍ਰਬੰਧ ਕਰਨਗੇ ਜਿਸ ਨਾਲ ਸਟਾਫ ਵੱਧ ਜਾਏ, ਭਾਵੇਂ ਆਰਜ਼ੀ ਤੌਰ ਤੇ ਹੀ ਸਟਾਫ ਵਧਾਇਆ ਜਾਏ, ਜਿਸ ਨਾਲ ਰਹਿੰਦੀਆਂ ਸਾਰੀਆਂ ਅਰਜ਼ੀਆਂ ਦਾ ਨਿਪਟਾਰਾ ਹੋ ਸਕੇ ?

ਮੰਤਰੀ : ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਅਰਜ਼ੀਆਂ ਉਨ੍ਹਾਂ ਨੇ ਆਪ ਜਾ ਕੇ ਭਰਵਾਈਆਂ ਹਨ। ਪਿਛਲੇ ਹਾਊਸ ਵਿਚ ਵੀ ਇਹ ਮੈਂਬਰ ਸਨ। ਉਸ ਵੇਲੇ ਇਨ੍ਹਾਂ ਨੂੰ, ਜਿਹੜੇ ਹੁਣ ਆਪੋਜ਼ੀਸ਼ਨ ਵਿੱਚ ਬੈਠੇ ਹਨ, ਖਿਚਣਾ ਚਾਹੀਦਾ ਸੀ ਤਾਕਿ ਅਰਜ਼ੀਆਂ ਦਾ ਨਿਪਟਾਰਾ ਹੋ ਜਾਂਦਾ। ਪਰ ਹੁਣ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਬਹੁਤ ਛੇਤੀ ਯਤਨ ਕਰੇਗੀ ਕਿ ਜਿਸ ਤਰ੍ਹਾਂ ਨਾਲ ਪੈਨਸ਼ਨਾਂ ਹਫਤੇ ਵਿਚ ਰੀਲੀਜ਼ ਕਰ ਦਿੱਤੀਆਂ ਸਨ ਉਸੇ ਤਰ੍ਹਾਂ ਇਹ ਕੰਮ ਵੀ ਛੇਤੀ ਹੋ ਸਕੇ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਿਆਜ ਰਹਿਤ ਕਰਜ਼ੇ ਦੇਣੇ ਹਨ, ਉਸ ਲਈ ਕੀ ਕ੍ਰਾਈਟੇਰੀਆ ਹੈ, ਕੀ ਸ਼ਰਤਾਂ ਹਨ ? ਜਿਹੜੀਆਂ ਅਰਜ਼ੀਆਂ ਪੈਂਡਿੰਗ ਪਈਆਂ ਹਨ, ਉਨ੍ਹਾਂ ਨੂੰ ਪੂਰਾ ਕਰਕੇ ਕਦੋਂ ਤਕ ਕਰਜ਼ੇ ਦੇ ਦਿੱਤੇ ਜਾਣਗੇ ?

ਮੰਤਰੀ : ਬਹੁਤ ਛੇਤੀ ਨਿਪਟਾਰਾ ਕਰ ਦਿਆਂਗੇ।

ਕਾਮਰੇਡ ਕੁਲਵੰਤ ਸਿੰਘ : ਪਿੰਡਾਂ ਦੇ ਗਰੀਬ ਲੋਕ 4 ਫੀਸਦੀ ਜਾਂ 5 ਫੀਸਦੀ ਵਿਆਜ ਤੇ ਕਰਜ਼ਾ ਲੈ ਕੇ ਆਪਣਾ ਕੰਮ ਚਲਾਉਂਦੇ ਹਨ। ਦੂਜੇ ਪਾਸੇ ਕਰਜ਼ੇ ਦੀ ਰਕਮ ਬਹੁਤ ਪਈ ਹੈ ਔਰ ਉਹ ਕਿਸੇ ਨੂੰ ਮਿਲ ਨਹੀਂ ਰਹੀ। ਮਨਿਸਟਰ ਸਾਹਿਬ ਕਹਿੰਦੇ ਹਨ ਕਿ ਇਹ ਕੰਮ ਛੇਤੀ ਕਰ ਦਿੱਤਾ ਜਾਏਗਾ। ਕੀ ਇਸ ਬਾਰੇ ਕੋਈ ਮਿਆਦ ਮਿੱਥਣ ਨੂੰ ਇਹ ਤਿਆਰ ਹਨ ਕਿ ਕਦੋਂ ਤਕ ਇਹ ਸਾਰੀਆਂ ਅਰਜ਼ੀਆਂ ਦਾ ਨਿਪਟਾਰਾ ਹੋ ਜਾਏਗਾ ?

ਮੰਤਰੀ : ਅਸੀਂ ਬਹੁਤ ਛੇਤੀ ਨਿਪਟਾਰਾ ਕਰਾਂਗੇ।

ਸਰਦਾਰ ਹਰਸੰਤ ਸਿੰਘ ਖਾਲਸਾ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕੁਝ ਅਰਜ਼ੀਆਂ ਹਾਲੇ ਰਹਿੰਦੀਆਂ ਹਨ ਔਰ ਉਨ੍ਹਾਂ ਦਾ ਛੇਤੀ ਨਿਪਟਾਰਾ ਕਰ ਦਿਆਂਗੇ। ਇਨ੍ਹਾਂ ਨੇ ਬੜੀ ਕ੍ਰਿਪਾ ਕੀਤੀ ਹੈ। ਮੈਂ ਬੇਨਤੀ ਕਰਨਾ

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਜਦੋਂ ਇਹ ਕਾਰਪੋਰੇਸ਼ਨ ਬਣੀ ਸੀ ਇਸ ਦਾ ਬੇਸਿਕ ਪੈਸਾ ਜਿਸ ਨੂੰ ਕੈਪੀਟਲ ਅਮਾਊਂਟ ਕਹਿੰਦੇ ਹਨ ਉਹ 5 ਕਰੋੜ ਸੀ ਅੱਜ ਉਸ ਤੋਂ ਬਾਅਦ ਇਹ ਰਕਮ ਵਧਾ ਕੇ 10 ਕਰੋੜ ਕਰ ਦਿੱਤੀ । ਮੈਂ ਨਹੀਂ ਕਹਿੰਦਾ ਕਿ ਇਹ ਸਾਰਾ ਕੁਝ ਅਕਾਲੀਆਂ ਨੇ ਕੀਤਾ ਪਰ ਇਹ ਕਰ ਦਿਤਾ ਗਿਆ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ 30 ਕਰੋੜ ਰੁਪਿਆ ਇੰਟ੍ਰੈਸਟ ਫਰੀ ਲੋਨ ਦੇਣ ਦਾ ਐਲਾਨ ਕੀਤਾ ਹੈ । ਸਪੀਕਰ ਸਾਹਿਬ, ਇਹ ਬਿਲਕੁਲ ਨਹੀਂ ਮਿਲਣਾ, ਜਿੰਨਾ ਚਿਰ ਕੈਪੀਟਲ ਅਮਾਊਂਟ ਕਾਰਪੋਰੇਸ਼ਨ ਦਾ ਨਹੀਂ ਬਣਾਉਂਦੇ, ਇਹ ਰੁਪਿਆ ਨਹੀਂ ਮਿਲਣਾ । ਭਾਵੇਂ 20 ਕਰੋੜ ਹੀ ਕਰ ਦਿਓ ਕੀ ਇਹ ਕੈਪੀਟਲ ਅਮਾਊਂਟ 10 ਕਰੋੜ ਦੀ ਬਜਾਏ 20 ਕਰੋੜ ਕਥਨਗੇ ਤਾਕਿ ਇਹ ਕਾਰਪੋਰੇਸ਼ਨ ਆਪਣੇ ਪੈਰਾਂ ਤੇ ਚਲ ਸਕੇ ।

ਮੰਤਰੀ : ਆਨਰੇਬਲ ਮੈਂਬਰ ਬੜੇ ਸਿਆਣੇ ਅੱਰ ਸੁਲਝੇ ਹੋਏ ਹਨ ਅੱਰ ਇਹ ਮਨਿਸਟਰ ਵੀ ਰਹੇ ਹਨ । ਇਨ੍ਹਾਂ ਦੀ ਦਲੀਲ ਠੀਕ ਹੈ । ਪਰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਪਹਿਲਾਂ ਸੰਖ ਸੀ, ਜੇ ਉਸ ਨੂੰ ਕਿਸੇ ਨੇ ਕਿਹਾ ਕਿ ਪੰਜ ਹਜ਼ਾਰ ਲੈਣਾ ਹੈ ਤਾਂ ਉਸ ਨੇ ਕਿਹਾ ਪੰਜ ਹਜ਼ਾਰ ਲੈ ਲੈ ਅੱਰ ਜੇਕਰ ਕਿਸੇ ਨੇ ਉਸ ਨੂੰ ਕਿਹਾ ਕਿ ਦਸ ਹਜ਼ਾਰ ਲੈਣਾ ਹੈ ਤਾਂ ਉਸ ਨੇ ਕਿਹਾ ਦਸ ਹਜ਼ਾਰ ਲੈ ਲੈ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਹੁਣ ਦਾ ਸੰਖ ਹੈ ਇਹ ਜੋ ਕਹੇਗਾ ਉਹੀ ਪੂਰਾ ਕਰੇਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਸ਼ਿਸ਼ ਕਰਨਗੇ ਕਿ ਸਾਰੀਆਂ ਪੈਂਡਿੰਗ ਅਰਜ਼ੀਆਂ ਦਾ ਨਿਪਟਾਰਾ ਜਲਦੀ ਹੋ ਸਕੇ ? ਕੀ ਦਸ ਹਜ਼ਾਰ ਤਕ ਦੀ ਅਮਾਊਂਟ ਦੇਣ ਦੀ ਪਾਵਰ ਡਿਸਟ੍ਰਿਕਟ ਹੈਡਕੁਆਰਟਰ ਤੇ ਦਿੱਤੀ ਜਾਵੇਗੀ ? ਸਟਾਫ ਘੱਟ ਹੈ। ਹੋਰ ਸਟਾਫ ਲੈਣਾ ਚਾਹੀਦਾ ਹੈ। ਕੀ ਇਨ੍ਹਾਂ ਗੱਲਾਂ ਬਾਰੇ ਇਹ ਹਾਊਸ ਨੂੰ ਅਸ਼ੋਅਰ ਕਰਾਉਣਗੇ ?

ਮੰਤਰੀ : ਵੈਸੇ, ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਠੀਕ ਹੈ। ਪਰ ਜਿਹੜੀ ਵੀ ਰਾਏ ਸਹੀ ਹੋਵੇਗੀ, ਲੋਕਾਂ ਦੀ ਹਮਦਰਦੀ ਲਈ ਹੋਏਗੀ, ਉਸ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਬਿਲਕੁਲ ਪਾਬੰਦ ਹੈ, ਬੱਝੀ ਹੋਈ ਹੈ ।

Sanction of Roads in 95-Ferozepur City Assembly Constituency

*108. **Shri Bal Mukand Sharma** : Will the Chief Minister be pleased to lay on the Table of the House a list of roads sanctioned to be constructed in 95-Ferozepur City Assembly Constituency during the period from the year 1977 onwards together with the number and names of roads which have since been constructed.

ਸਰਦਾਰ ਦਰਬਾਰਾ ਸਿੰਘ : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

ANNEXURE 'A'

List of Roads sanctioned after 1.1.1977 in 95-Ferozepur City Assembly Constituency in Ferozepur District

Serial No.	Name of Road		Actual length in Kms.
First Links			
1.	L/R Tibbi Kalan to Mukakwala	..	1.35
2.	L/R Mamdot Lakha Hazi to Kalu Aryan	..	2.53
3.	L/R Khai Mamdot road to Wariyamwala	..	0.12

Original with;
Punjab Vidhan Sabha
Digitized by;
Panjab Digital Library

[Chief Minister]

Serial No.	Name of Road	Actual Length in Kms.
4.	L/R Ferozepur Fazilka road to Hazi Chhimba ..	0.38
5.	L/R Ferozepur Fazilka road to Piranwali ..	0.33
6.	L/R Ferozepur Fazilka road to Khilchian Jadid ..	0.30
7.	L/R Raokeshithar Mamdot road to Lakha Singhwala ..	0.73
8.	L/R Khai Mamdot road to Basti Pathanawali ..	0.35
9.	L/R Ferozepur Fazilka road to Nawaukila ..	0.61
10.	L/R Khai Mamdot road to Jodhpur ..	0.65
11.	L/R Ferozepur Fazilka road to village Lodhran ..	0.75
12.	L/R Makhu-Wahka road to vill. Katora ..	0.52
13.	L/R Makhu-Wahka road to vill. Tegasinghwala ..	0.25
14.	L/R Usmanwala to Attari Mahalam Rly. Station ..	1.00
15.	L/R Wakha to Mastika ..	0.50
16.	L/R Wakha road to village Bhadru ..	0.75
17.	L/R Mahalam Rly. Station to Vill. Sidhy ..	0.76
18.	L/R Kandheshah to Jhugga Panja Singhwala ..	0.67
19.	L/R Ferozepore-Fazilka road to Kandhe Shah to Ahmed Dhandi ..	1.95
20.	L/R Ahmad Dhandi to Awan ..	1.98
21.	L/R Mamdot Lakha Hazi to Fattewala Hithar ..	2.13
22.	L/R Chak Saideka to Magha Rai Hithar ..	1.50
23.	L/R Rehmake Uttar to Gatti Basti Masta No. 2 on Mamdot Lakha Hazi road ..	1.25
24.	L/R Mamdot to Lakha Hazi to Chak Bangewali to Gatti Basti Masta No. 2 ..	3.48
25.	L/R Tibbi Kalan Lakha Hazi to Kakar ..	1.00
26.	L/R Bareke-Lakha Hazi to Mamdood Mehal-Ke-Hithar ..	2.67
27.	L/R Lakha Hazi to Bhamba Hazi ..	0.11
28.	L/R Rodewala Wahka Kandhan wali to Wahgeke ..	1.43
29.	L/R Habibke wala to Jalalwala ..	1.98
30.	L/R Hastike-Wahgewala Hassan Dutt ..	0.31
31.	G.T. road to Gokhiwala ..	0.30
32.	Fattehwala to Ghinniwala ..	2.10
33.	Ferozepur-Fazilka road to Begu Mahu ..	1.67
34.	Khai-Mamdot road to Alla Ditta -Kala Tibba-Tibbi Khurd to Chhagna Makhana ..	2.34
35.	L/R Khai-Mamdot road to Jhoke Nadh Singh ..	0.76
36.	L/R Tibbi-Kala-Lakha Hazi road to Mehal Kerian to Midda Hazi	2.00
37.	L/R Khai-Mamdot road to Taran wali ..	2.73
38.	L/R Khai-Mamdot road to Chak Ghubaya Tangan ..	1.00
39.	L/R Hastike to Waghewala ..	4.08
40.	L/R Lakhmirke Hithar to Uttar ..	0.96
41.	L/R Malluwala to Machhiwala ..	1.89
42.	L/R Khai Mamdot road to Jatala Chapati ..	5.73
43.	L/R Alfuke-Mamdot road to Betu Quadim ..	0.81
44.	L/R Raoke—Hithar Mamdot road to Jama Rahian ..	1.30
45.	L/R Raoke Hithar -Mamdot road to Swike-Khurd (Wehdi) ..	2.15
46.	L/R Raoke Hithar to Chak Raoke Uttar ..	2.10

Original with;
Punjab Vidhan Sabha
Digitized by;
Panjab Digital Library

Serial No.	Name of Road		Actual Length in Kms.
47.	L/R Gatti Mattar to Chak Nawab	..	2.36
48.	L/R Alfuke-Betu-Quadim to Chak Khunder	..	1.90
49.	L/R Daryake to Malsian	..	1.86
50.	L/R Pindi Ganniwala to Doma Mattar	..	1.00
51.	L/R Gazniwala to Chak Shikargarh Attuwal Hithar	..	2.37
52.	L/R Chak Shikargarh to Negha Rai Uttar	..	2.09
53.	L/R Chak Kandha Shah to Ahmad Dhandi	..	1·95
54.	L/R Ferozepur-Fazilka road to Gudder-Dhandi to Tarn Taran	..	4·18
55.	L/R Ferozepur-Fazilka road to Balewala	..	1·70
56.	L/R Makhu-Wahka road to Kamalwala-Jaimalwala, Fattehwala Baronwali, Rukenewala, Daulasinghwala to Quatabdinwala Hamadwala	..	14·23
57.	L/R Afrika-Kamala-Bodla to Baranwali road to Basti Usmanwali	..	1·31
58.	L/R Nihalwala to Baggewala	..	2·71
59.	L/R Dulchike-Palla-Megha to Allewala to Kamala Bodla	..	4·73
60	L/R Palla Megha to Pir Berian	..	0·68
61.	L/R Wahke-Road to Jiwan-Bhedia to Sande Mauna	..	1·15
62.	L/R Palla-Megha to Madhre	..	1·00
63.	L/R Attari to Akhuwala	..	1·90
64.	L/R Wahka road to Langiana to Bhambasinghwala	..	2·84
65.	L/R Ferozepur city to Habike to Nihalwala	..	3·42
66.	L/R Ferozepur-Border road to Gatti Rahimke to Kahluwal	..	4·00
67.	L/R Ferozepur city to Saideke	..	0·25
68.	L/R Habike to Machhiwala	..	1·00
69.	L/R Dulchike road to Quatambewala	..	1·02
70.	L/R Rajjiwala-Pandori Gill to village Padheri	..	0·34
71.	L/R Ferozepur city to village Rammewala	..	1·15
72.	L/R Arifke to Baggewala	..	1·25
73.	L/R Ludhiana-Ferozepur Border to Hussainshahwala	..	0·68
74.	L/R Ludhiana-Ferozepur Border road to Aulakh Bin Chak Madhre	..	1·00
75.	L/R Gulam Hussain Shahwala to Weir	..	1·30
76.	L/R Attri to Lakha Bubhe	..	1·30
77.	L/R Zira road to village Hakkewala	..	0·65
78.	L/R Ferozepur-Fazilka road to Mahqlsinghwala	..	0·25
79.	L/R Ferozepur-Fazilka road to Sadardinwala	..	0·30
80.	L/R Sultanwala to Nizamwala	..	3·05
81.	L/R Mamdot Uttar to Mamdot Hithar	..	0·62
82.	L/R Bhamba Hazi road to Dona Telu Mal	..	2·00
83.	L/R Rohilla Hazi to Gandhu-Khilchian Hithar	..	3·50
84.	L/R Dhiragheriato to Baggewala	..	3·00
85.	L/R Baggewala to Tally Gulam	..	2·00
86.	L/R Boaranwala to Bandala to Kale-ke-Hithar	..	6·10
87.	L/R Baranwala to Bandala	..	3·00
		Total	155·00

Original with;
Punjab Vidhan Sabha
Digitized by;
Panjab Digital Library

Serial No.	Name of Roads		Length in Kms.
INTERLINK ROADS			
88.	L/R Wakha—Chowki to Basti Ram Lal	..	2·65
89.	L/R Basti Nizamwala to Pir Ahmad Khanwala	..	1·43
90.	L/R Akhuwala to Rampura	..	1·45
91.	L/R Wahka to Pirnwala	..	1·48
92.	L/R Asal to Pandori Gill	..	1·72
93.	L/R Mamdot Phirney to Mamdot Mandi	..	0·46
94.	L/R Ferozepur City to Hakkewala to Joshi Palace	..	1·90
95.	L/R Usman-wala to Kawal-wala		
96.	L/R Mehalkerain to Waghke (including bridge)	..	1·34
97.	L/R Wahgake road to Wahgake Basti	..	4·00
98.	L/R Hussainiwala road to Basti Sauch	..	0·75
99.	L/R Basti Kamboanwali to Basti Sidhuwali	..	1·67
100.	L/R Basti Amritsarian to Walilanwali	..	1·14
101.	L/R Pir-Ke-Khangarh to Basti Inder Singh Aulakh	..	1·80
102.	L/R Pir Ismailkhanwala to Dulewala	..	3·30
103.	L/R Attari to Basti Amrit arian via Gandher	..	3·05
104.	L/R Ferozepur City to village Kundhe	..	3·85
	Total	..	32·31
	Grand Total	..	187·31

ANNEXURE 'B'

List of Roads completed upto Ist coat of Surfacing after 1st January, 1977 in 95—Ferozepur City Assembly Constituency in Ferozepur District

Serial No.	Name of Roads		Length in Kms.
	FIRST LINKS—		
1.	L/R Tibbi Kalan Hazi to Murakwala	..	1·35
2.	L/R Khai Mamdot road to Waryamwala	..	0·12
3.	L/R Ferozepur Fazilka road to Hazi Chhimba	..	0·38
4.	L/R Ferozepur Fazilka road to Piranwali	..	0·33
5.	L/R Ferozepur Fazilka road to Kuhlchian Jadid	..	0·30
6.	L/R Raoke-Hithar-Mamdot road to Lakha Singwala Uttar	..	0·725
7.	L/R Khai Mamdot road to Basti Pathanwali	..	0·35
8.	L/R Ferozepur-Fazilka road to Nawankila	..	0·61
9.	L/R Khai Mamdot road to Jodhpur	..	0·65
10.	L/R Ferozepur Fazilka road to village Lodhran	..	0·75
11.	L/R Wahka road to village Katora	..	0·52
12.	L/R Wahka road to village Tegasinghwala	..	0·25
13.	L/R Usmanwala to Attari Mahalam Rly. Station	..	1·00
14.	L/R Wahka to Mastike	..	0·50

Original with;
Punjab Vidhan Sabha
Digitized by;
Panjab Digital Library

Serial No.	Name of Roads		Length in Kms.
15.	L/R Wahka to village Bhadru	..	0·75
16.	L/R Mehalam Railway Station to village Sidhu	..	0·76
17.	L/R Chak Kandhe Shah to Jhugga Panja Singh	..	0·67
18.	L/R Ferozepur Fazilka road to Chak Kandhe Shah to Ahmad Dhandi	..	1·95
19.	L/R Agmad Dhandi to Awan	..	1·98
20.	L/R Mamdot -Lakha Hazi to Fattehwala Hithar	..	2·13
21.	L/R Gatti Basti Mastar No. 2 to Chak Dona Rahimke	..	1·25
22.	L/R Mamdot-Lakha Hazi to Chak Bangewala to Gatti Basti Masta No. 2	..	3·48
23.	L/R Tibbi Kalan to Kakha Hazi to village Kakar	..	1·00
24.	L/R Hastike to Wahgewala	..	4·08
25.	L/R G. T. Road to Gokhiwala	..	0·30
26.	L/R Ferozepur Fazilka road to Begu Mahu	..	1·67
27.	L/R Khai Mamdot road to Alla Ditta Kalla Tibba Tibbi Khurad to Chhagna Makhana road	..	2·34
28.	Khai Mamdot road to Khoka Noath Singh	..	0·76
29.	L/R Tibbi Kalan to Lakha Hazi to Mehal Karian	..	2·00
30.	L/R Khai Mamdot road to Chak Gubiana Tagan	..	1.00
31.	L/R Zira road to Hakkewala	..	0·65
32.	Lakhmir Hithar to Uttar	..	0·96
33.	Alfuke Mamdot road to Betu Qadim	..	0·81
34.	Raoke Hithar Mamdot road to Kama Rakhian	..	1·30
35.	Gatti Mattar Uttar to Chak Nawab	..	2·36
36.	Raoke Hithar to Chak Raoke Uttar	..	2·10
37.	Alfuke Batu Qadim to Chak Khunder	..	1·90
38.	Darianke to Malsian	..	1·86
39.	Ferozepur Fazilka road to Ballewala	..	1·70
40.	Arifke Kamala Bodala to Euranwali to Basti Usman	..	1·31
41.	Wahke road to Jiwan Dahadina to Sandha Majuwala	..	1.15
42.	Dulchike to Kutabewala	..	1·02
43.	Arifke to Baggewala	..	1·25
44.	Ferozepur Fazilka road to Mchalsinghwala	..	0·25
45.	Ferozepur Fazilka road to Sadar Dinwala	..	0·30
46.	Chak Saideke to Megha Rai Hithar	..	1·50
	Total	..	54·28

Fund required for completion of IInd coat @ Rs. 10,000 per Km. —5.43 lacs.

Original with;
Punjab Vidhan Sabha
Digitized by;
Panja[redacted]Digital Library

[Chief Minister]

ANNEXURE 'C'

Roads completed upto consolidation of 95—Ferozepur City Constituency.—

Serial No.	Name of Roads		Length in Kms.
	FIRST LINKS—		
1.	L/R Attari to Akkuwala	..	1·90
2.	L/R Pahla Megha to Madhre	..	1·00
3.	L/R Ferozepur City to Habibke	..	3·42
4.	L/R Ferozepur City to Saideke	..	0·25
5.	L/R Mamdot Lakha Hazi to Kalu Aryan	..	2·53
6.	L/R L. F. B. road to Aulakh Bin Chak Madhre	..	1·00
7.	L/R Gulam Hussainshawala to Weir	..	1·00
8.	L/R Bareke Lakha Hai to Bhamba Hazi	..	0·11
9.	L/R Hastike Wahgewala to Hassan Dutt	..	0·31
10.	L/R Ferozepur Fazilka road to Gudder Dhandi to Trandian	..	4·18
11.	L/R Malluwala to Machhiwala	..	1·89
12.	L/R Khai Mamdot road to Jatala Chapati	..	5·73
13.	L/R Khai Mamdot road to village Taranwali	..	2·73
14.	L/R Khana-ke-Ahal Rajdiwala to Padhri		0·34
15.	L/R Ferozepur City to Ramewala	..	1·15
16.	L/R Mamdot Hithar to Mamdot Uttar	..	0·62
17.	L/R Ludhiana - Ferozepur Border road to Gulam Hussainshahwala		0·68
18.	L/R Chak Kandhe shah to Ahmad Dhandi	..	1·95
19.	L/R Attari to Lakha Bubna	..	1·30
20.	Wabibke to Jalalwala	..	1·98
21	L/R Hussainiwala to Basti Sanuan	..	0·75
22.	L/R Usmanwala to Kamalwala	..	1·34
23.	L/R Attuwala Hithar to Madike	..	2·37
	Total	..	38·53
	INTERLINK ROADS—	Say 39.00	
24.	Rodewala Kandhanwali to Waghege	..	1·43
25.	L/R Hakkewala to Joshi Palace	..	1·90
26.	L/R Ferozepur City to village Kudhe	..	3·85
27.	L/R Pirke-Khangarh to Basti Indersingh Aulakh	..	0·80
28.	L/R Mamdot Phirney to Mamdot Mandi	..	0·46
	Total	..	8·44
		Say	9·00Kms
	Grand Total	Say ..	48·00 Kms.
	Funds required @ 25,000 per Km to provide 1st and II coat on 1st links	..	9·75
	1st and II ~~cast~~ coat on Ist links	..	2·25
	on interlinks		12·00

Original with;
Punjab Vidhan Sabha
Digitized by;
Panjab Digital Library

ANNEXURE 'D'

List of roads which are under construction in 95—Ferozepur City Assembly Constituency from 1977—1980

Sr.No.	Name of roads	Length in Kms.	Progress	Remarks
1	2	3	4	5
	First Links			
1.	L/R Palla Magha to Pir Berian	0·68	Bricks for soiling collected	Work in Progress
2.	L/R Bareke Lakha Hazi to Mehmood ke Mehal Hithar	2·67	Bricks and stone metal collected	Ditto
3.	L/R Radke Hithar Mamdot road to Chakawaike Khurd	2·15	Brick soling laid in 1·15 Kms and 1 Km. completed upto wearing coat	Ditto
4.	L/R Palla Magha to Alewala Kamalwala	4·73	Bricks collected for 4Km.	Ditto
5.	L/R Boranwali to Bandla	3·00	Brick soling laid and stone metal collected	Ditto
6.	L/R Boranwali to Bandala to Kale ke Hithar	6·10	Bricks soling laid in 2·10 Km Length	Ditto
7.	L/R Makhu Wahka road to Mallanwala Fattewala Bukanwala Dhonasinghwala Quotabdinwala to Hamadwala	14·23	Work completed in 7 Km. length	
8.	L/R Fattuwala to Ginniwala	2·10	Work completed to wearing coat	Ditto
9.	L/R Wahka to Basti Ram Lal	2·65	Bricks collected for 2 Km. length	Ditto
10.	L/R Attari to Basti Amritsarian via Gandher	3·05	2·10 Km soling laid	Ditto
11.	Pir Ismail Khan to Daulawala	3·30	1·50 Km soling laid	Ditto
12.	Sultanwala to Nizamwala	3·05	2·40 Km soling laid	Ditto
		47·70		

Amount required to complete these roads @ Rs 50,000/- per Km.

1st links	17·82 lacs
Inter links	6·02 lacs
	23·84 lacs

Original with;
Punjab Vidhan Sabha
Digitized by;
Panjab Digital Library

[Chief Minister]

ANNEXURE 'E'

List of roads in 95—Ferozepur City Assembly Constituency work on which work has not been started

Sr.No.	Name of Roads	Length.	Remarks
1.	Nihalsinghwala to Baggewala	2·71	The alignment is flood effected by Sutlej
2.	Wahka road to Langiana to Bhambasinghwala	2·84	Earth work not done
3.	Ferozepur City to Gatti Rahimke to Kalluwala	4·00	The alignment falls in river bed.
4.	Habiwala to Machiwala ..	1·00	This village is Bachirag.
5.	Gazniwala to Dona Mattar ..	1·00	Gazniwala vill. is called Dona Mattar and Gazniwala is already connected
6.	ChakShikargarh to Megharai	2·09	Road alignment does not exist at site
7.	Baggewala to Dhira Ghaira	3·00	The alignment remains flood effected by Sutlej river ....
8.	Bareke Lakha Hazi to Dona Telumal	2·00	Earth work not done
9.	Rhila Hazi to Gandhu Khilchian Hithar	3·50	Gandhu Khilchian village is connected by Rohila Hazi road as such this road is not required.
	Total	22·14	
IInd links			
10.	Nizamdinwala to Ahmad Khanwala	1·43	Market Committee Ferozepur City has not deposited the funds for these IInd links
11.	Akkuwala to Rampura	1·45	
12.	Asal to Pandori Gill	1·72	
13.	Mehal Karaian to Wahke	4·00	
14.	Wakha to Wakhe Basti	0·30	
15.	Basti Kamboanwali to Basti Sidhuwali	1·67	
16.	Basti Amritsarian to Basti Wakilanwali	1·14	
17.	L/R Baggewala to Tally Gulam	2·00	The alignment is flood effected by Sutlej river.
18.	L/R Wahke to Piranwala	1·48	There is court case for alignment of this road as such could not be started.
	Total	15·19	

Original with;
Punjab Vidhan Sabha
Digitized by;
Panjab Digital Library

ਸ਼੍ਰੀ ਬਾਲ ਮੁਕੰਦ ਸ਼ਰਮਾ : ਸਪੀਕਰ ਸਾਹਿਬ, ਜਿਹੜੀਆਂ 104 ਸੜਕਾਂ ਸੈਂਕਸ਼ਨ ਹੋਈਆਂ, ਉਸ ਵਿਚੋਂ ਇਨ੍ਹਾਂ ਨੇ 28 ਕੰਪਲੀਟ ਕੀਤੀਆਂ ਅੱਰ ਬਾਕੀ ਦੀਆਂ ਅੰਡਰ–ਕੰਸਟ੍ਰਕਸ਼ਨ ਹਨ। ਮੈਂ ਇਹ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਕੰਪਲੀਟ ਕੀਤੀਆਂ ਹਨ ਉਸ ਵਿਚੋਂ ਜੇ ਕਹੋ ਤਾਂ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਕਿ ਕਾਫੀ ਸੜਕਾਂ ਨਹੀਂ ਬਣੀਆਂ ਹਨ। ਜਿਹੜੀ ਰਿਪੋਰਟ ਆਈ ਹੈ, ਉਸ ਦੇ ਮੁਤਾਬਿਕ ਇਹ ਕਲੀਅਰ ਹੋਣਾ ਚਾਹੀਦਾ ਹੈ ਕਿ ਉਹ ਸੜਕਾਂ ਨਹੀਂ ਬਣੀਆਂ । ਕੀ ਇਸ ਬਾਰੇ ਮੁੱਖ ਮੰਤਰੀ ਜੀ ਪੜਤਾਲ ਕਰਨਗੇ ?

ਮੁੱਖ ਮੰਤਰੀ : ਇਹ ਜੋ ਮੈਂ ਸੂਚੀ ਸਦਨ ਦੀ ਮੇਜ਼ ਤੇ ਰੱਖੀ ਹੈ ਅਗਰ ਇਨ੍ਹਾਂ ਦੀ ਵਾਕਫੀਅਤ ਦੇ ਮੁਤਾਬਿਕ ਇਸ ਸੂਚੀ ਵਿਚ ਕੋਈ ਕਮੀ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ । ਮੈਨੂੰ ਜੋ ਇਸ ਤਰ੍ਹਾਂ ਦਾ ਸਵਾਲ ਦਾ ਜਵਾਬ ਦਿਤਾ ਗਿਆ ਹੈ, ਮੈਂ ਉਸ ਬਾਰੇ ਪੁੱਛ ਲਵਾਂਗਾ ।

ਸ਼੍ਰੀ ਬਾਲ ਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਬਹੁਤ ਸਾਰੀਆਂ ਸੜਕਾਂ ਨਾਮੁਕੰਮਲ ਹਨ ਅਤੇ ਕਈਆਂ ਦੀ ਬਹੁਤ ਮਾੜੀ ਹਾਲਤ ਹੈ। ਮੈਂ ਉਨ੍ਹਾਂ ਸੜਕਾਂ ਦੇ ਨਾਮ ਚੀਫ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ। ਹੁਸੈਨੀਵਾਲਾ ਤੋਂ ਗੱਟੀ ਰਾਜੋਕੇ ਸੜਕ, ਅਲੀਕੇ ਤੋਂ ਚੰਦੀ ਵਾਲਾ, ਪੱਲਾ ਮੇਘਾ ਤੋਂ ਕਾਮਲ ਵਾਲਾ, ਵਾਹਗੇਵਾਲਾ ਤੋਂ ਲੱਖਾ ਹਾਜ਼ੀ ਵਾਇਆ ਵਲੀਆਂ, ਕਾਮਲ-ਵਾਲਾ, ਜੈਮਲ ਵਾਲਾ ਤੋਂ ਬਢਾਲਾ, ਚੁਗੱਤੇ ਵਾਲਾ ਸੜਕ ਜਿਹੜੀ ਹੈ ਇਹ ਕੰਪਲੀਟ ਨਹੀਂ ਹੈ । ਗੁਲਾਮ ਹੁਸੈਨ ਵਾਲਾ ਤੋਂ ਜਿਹੜੀ ਸੜਕ ਜਾਂਦੀ ਹੈ ਉਹ ਵੀ ਠੀਕ ਨਹੀਂ ਹੈ। ਮਮਦੋਟ ਤੋਂ ਲਖਾ ਹਾਜੀ ਤੋਂ ਕਾਲੂ ਅਰਾਈਂ ਅਤੇ ਇਸੇ ਤਰ੍ਹਾਂ ਹੀ ਜ਼ੀਰਾ ਰੋਡ ਟੂ ਬਜ਼ੀਦਪੁਰ, ਇਸ ਸੜਕ ਦੀ ਵੀ ਬਹੁਤ ਮਾੜੀ ਹਾਲਤ ਹੈ । ਫਿਰ ਕੰਦਾ ਵਾਲੀ ਤੋਂ ਰੋਡੇ ਵਾਲਾ ਸੜਕ ਤਾਂ ਨਜ਼ਰ ਹੀ ਨਹੀਂ ਆਉਂਦੀ ਹੈ। ਉਥੇ ਰੋੜੀ ਹੀ ਨਜ਼ਰ ਆਉਂਦੀ ਹੈ। ਇਸ ਲਈ ਕੀ ਚੀਫ ਮਨਿਸਟਰ ਸਾਹਿਬ ਇਨ੍ਹਾਂ ਸਾਰੀਆਂ ਸੜਕਾਂ, ਜਿਹੜੀਆਂ ਮੈਂ ਦੱਸੀਆਂ ਹਨ, ਵੱਲ ਧਿਆਨ ਦੇ ਕੇ ਉਨ੍ਹਾਂ ਨੂੰ ਠੀਕ ਕਰਾਉਣਗੇ ?

ਸ਼੍ਰੀ ਸਪੀਕਰ : ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਤੁਸੀਂ ਉਨ੍ਹਾਂ ਦੇ ਨੋਟਿਸ ਵਿਚ ਲਿਆਓ, ਉਹ ਇਨਕੁਆਇਰੀ ਕਰਵਾ ਲੈਣਗੇ।

ਮਾਸਟਰ ਦਲੀਪ ਚੰਦ : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਕਿ ਮੇਰੇ ਹਲਕੇ ਬਲਾਚੌਰ ਵਿਚ ਰੱਤੋਵਾਲ ਤੋਂ ਮਨਸੇਵਾਲਾ, ਟਕਾਰਲਾ, ਭਾਣੇਵਾਲਾ, ਰਾਜੂਮਾਜਰਾ ਅਤੇ ਭੱਦੂ ਤੱਕ ਕੋਈ ਲਿੰਕ ਸੜਕ ਨਹੀਂ ਜਾਂਦੀ। ਇਹ 5 ਕਿਲੋ ਮੀਟਰ ਦਾ ਫਾਸਲਾ ਹੈ। ਇਸ ਲਿੰਕ ਸੜਕ ਦੇ ਬਣ ਜਾਣ ਨਾਲ 40–50 ਪਿੰਡਾਂ ਨੂੰ ਫਾਇਦਾ ਹੁੰਦਾ ਹੈ। ਇਸ ਲਈ ਕੀ ਚੀਫ ਮਨਿਸਟਰ ਸਾਹਿਬ ਸਾਡੇ ਕੰਡੀ ਦੇ ਏਰੀਆ ਵੱਲ ਧਿਆਨ ਦੇ ਕੇ ਇਸ 5 ਮੀਲ ਲਿੰਕ ਰੋਡ ਨੂੰ ਬਣਾ ਦੇਣਗੇ ?

ਮੁੱਖ ਮੰਤਰੀ : ਮਾਸਟਰ ਦਲੀਪ ਚੰਦ ਜੀ ਬੜੇ ਸਿਆਣੇ ਹਨ ਅਤੇ ਇਹ ਸਵਾਲ ਵਿਚੋਂ ਕੋਈ ਨਾ ਕੋਈ ਗੱਲ ਆਪਣੇ ਹਲਕੇ ਦੀ ਕੱਢ ਹੀ ਲੈਂਦੇ ਹਨ। ਮੈਂ ਇਸ ਵੇਲੇ ਤਾਂ ਐਨੀ ਹੀ ਅਰਜ਼ ਕਰਦਾ ਹਾਂ ਕਿ ਮੈਂ ਕਾਗਜ਼ ਦੇਖ ਕੇ ਹੀ ਦੱਸ ਸਕਦਾ ਹਾਂ। ਬਾਕੀ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਕੰਡੀ ਦੇ ਏਰੀਆ ਨੂੰ ਪਰੈਫਰੈਂਸ ਦਿਆਂਗੇ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਹਿਲੀਆਂ ਸੜਕਾਂ ਬਣੀਆਂ ਹੋਈਆਂ ਹਨ ਉਨ੍ਹਾਂ ਵਿਚ ਬੜੇ ਤਕੜੇ-ਤਕੜੇ ਖੱਡੇ ਪਏ ਹੋਏ ਹਨ। ਉਨ੍ਹਾਂ ਦੀ ਮੁਰੰਮਤ ਨਹੀਂ ਕੀਤੀ ਗਈ। ਕੀ ਉਨ੍ਹਾਂ ਦੀ ਮੁਰੰਮਤ ਲਈ ਕੋਈ ਸਪੈਸ਼ਲ ਕਦਮ ਚੁੱਕਣਗੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਵੈਸੇ ਜਨਰਲ ਤੌਰ ਤੇ ਮੈਂਬਰ ਸਾਹਿਬਾਨ ਵਲੋਂ ਅਜਿਹੀਆਂ ਸ਼ਿਕਾਇਤਾਂ ਆਉਂਦੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੋਸ਼ਿਸ਼ ਇਹੀ ਹੁੰਦੀ ਹੈ ਕਿ ਜੋ ਸੜਕਾਂ ਬਣਦੀਆਂ ਹਨ ਜੇ ਉਹ ਟੁੱਟ ਜਾਣ ਤਾਂ ਉਨ੍ਹਾਂ ਦੀ ਰਿਪੇਅਰ ਕੀਤੀ ਜਾਵੇ।

Agriculture Labour Officers in the State

*149. 1. **Master Chand Singh**
2. **Professor Balwant Singh** } : Will the Minister for Welfare be pleased to state the number and names of Agriculture Labour Officers in the State together with their respective headquarters at present ?

ਚੌਧਰੀ ਜਗਤ ਰਾਮ : ਨਿਲ

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ 'ਨਹੀਂ' ਵਿਚ ਜਵਾਬ ਦਿੱਤਾ ਹੈ। ਕੀ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਪਿੰਡਾਂ ਵਿਚ ਜਿਹੜੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਝਗੜੇ ਹੋ ਜਾਂਦੇ ਹਨ ਉਹ ਅਕਸਰ ਵੱਧ ਰਹੇ ਹਨ ਜਿਸ ਕਾਰਨ ਕਿਸਾਨਾਂ ਵਲੋਂ ਗਰੀਬ ਹਰੀਜਨ ਮਜ਼ਦੂਰਾਂ ਦਾ ਦੋ-ਦੋ, ਢਾਈ-ਢਾਈ ਮਹੀਨੇ ਬਾਈਕਾਟ ਹੁੰਦਾ ਰਹਿੰਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਝਗੜਿਆਂ ਨੂੰ ਖਤਮ ਕਰਨ ਦੀ ਖਾਤਰ ਇਹ ਕੋਈ ਛੇਤੀ ਪ੍ਰਬੰਧ ਕਰਨਗੇ ਅਤੇ ਇਹ ਇਸ ਬਾਰੇ ਕਿਰਤ ਅਫਸਰ ਨਿਯੁਕਤ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 1975 ਵਿਚ 12 ਪੋਸਟਾਂ ਵਾਸਤੇ ਸਰਕਾਰ ਨੇ ਗੱਲ ਕੀਤੀ ਸੀ ਅਤੇ 1976 ਵਿਚ ਪਬਲਿਕ ਸਰਵਿਸ ਕਮਿਸ਼ਨ ਨੂੰ ਇਨ੍ਹਾਂ ਪੋਸਟਾਂ ਵਾਸਤੇ ਲਿਖਿਆ ਸੀ, ਪਰ ਆਦਮੀ ਨਾ ਮਿਲ ਸਕੇ । ਹੁਣ ਫਿਰ ਮਾਨਯੋਗ ਮੈਂਬਰ ਸਾਹਿਬਾਨ ਬਾਰ-ਬਾਰ ਕਹਿੰਦੇ ਹਨ ਕਿ 1976 ਤੋਂ ਹੁਣ ਤੱਕ ਕੋਈ ਬੰਦੋਬਸਤ ਨਹੀਂ ਕੀਤਾ ਗਿਆ। ਮੈਂ ਇਸ ਗੱਲ ਨਾਲ ਸਹਿਮਤ ਹਾਂ। ਬਾਕੀ ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਗਰੀਬ ਹਰੀਜਨ ਮਜਦੂਰਾਂ ਨਾਲ ਜੋ ਇਸ ਕਿਸਮ ਦੇ ਝਗੜੇ ਹੁੰਦੇ ਹਨ ਉਨ੍ਹਾਂ ਦਾ ਪ੍ਰਬੰਧ ਕਰਨ ਲਈ ਜ਼ਰੂਰ ਇਸ ਤੇ ਵਿਚਾਰ ਕਰਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 1975 ਦੇ ਵਿਚ 12 ਐਗਰੀਕਲਚਰ ਲੇਬਰ ਅਫਸਰ ਨਿਯੁਕਤ ਕਰਨੇ ਸੀ ਉਸ ਬਾਰੇ ਅਸੀਂ ਸਵਾਲ ਪੁੱਛਿਆ ਹੈ। ਅਸੀਂ ਕਿਹਾ ਸੀ ਕਿ ਐਗਰੀਕਲਚਰ ਲੇਬਰ ਅਫਸਰ ਪਿੰਡਾਂ ਵਿਚ ਜਿਹੜੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਆਪਸ ਵਿਚ ਝਗੜੇ ਹੋ ਜਾਂਦੇ ਹਨ ਉਨ੍ਹਾਂ ਵਾਸਤੇ ਨਿਯੁਕਤ ਕੀਤੇ ਜਾਣ। (ਵਿਘਨ) ਇਹ ਕਦੋਂ ਤੱਕ ਉਨ੍ਹਾਂ ਦੀ ਨਿਯੁਕਤੀ ਕਰ ਦੇਣਗੇ ? ਇਹ ਕਦੋਂ ਤੱਕ ਇਸ ਨੂੰ ਇੰਪਲੀਮੈਂਟ ਕਰ ਦੇਣਗੇ ?

ਮੰਤਰੀ : ਅਸੀਂ ਬਹੁਤ ਛੇਤੀ ਉਨ੍ਹਾਂ ਦਾ ਨਿਪਟਾਰਾ ਕਰਾਂਗੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਡਿਪਾਰਟਮੈਂਟਲੀ ਚੀਜ਼ ਚੱਲ ਰਹੀ ਹੈ ਕਿ ਜਿਹੜੀਆਂ 12 ਪੋਸਟਾਂ ਐਗਰੀਕਲਚਰ ਲੇਬਰ ਅਫਸਰਾਂ ਦੀਆਂ ਹਨ ਉਹ ਖਤਮ ਕਰਕੇ 7 ਪੋਸਟਾਂ ਇੰਡਸਟਰੀਅਲ ਲੇਬਰ ਅਫਸਰ ਕੀਤੇ ਜਾਣ। ਕੀ ਇਹ ਗੱਲ ਦਾ ਇਨ੍ਹਾਂ ਨੂੰ ਪਤਾ ਹੈ ? ਇਹ ਕਹਿੰਦੇ ਹਨ ਕਿ ਅਫਸਰ ਲੱਭਦੇ ਨਹੀਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਡਿਪਾਰਟਮੈਂਟ ਵਿਚ ਕਈ ਪਰਮੋਸ਼ਨਾਂ ਪੈਡਿੰਗ ਪਈਆਂ ਹਨ ਅਤੇ ਕਈ ਐਕਸਪੀਰੀਐਂਸ ਵਾਲੇ ਇਨਸਪੈਕਟਰ ਬੈਠੇ ਹਨ, ਕੀ ਉਨ੍ਹਾਂ ਨੂੰ ਪਰਮੋਸ਼ਨ ਦੇ ਕੇ ਇਹ ਲਗਾਉਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਜਿਹੜੇ ਹੁਣ ਤੱਕ ਨਹੀਂ ਲੱਗੇ ਉਨ੍ਹਾਂ ਨੂੰ ਹੁਣ ਜ਼ਰੂਰ ਲਾਵਾਂਗੇ।

ਮਾਸਟਰ ਬਾਬੂ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ 1975 ਵਿਚ ਪਬਲਿਕ ਸਰਵਿਸ ਕਮਿਸ਼ਨ ਨੇ ਪੋਸਟਾਂ ਐਡਵਰਟਾਈਜ਼ ਕੀਤੀਆਂ ਸਨ ਪਰ ਉਹ ਆਦਮੀ ਹਾਲਾਂ ਤੱਕ ਨਹੀਂ ਲੱਗੇ, ਉਨ੍ਹਾਂ ਦੀ ਕੁਆਂਲੀ-ਫੀਕੇਸ਼ਨ ਕੀ ਮੰਗੀ ਗਈ ਸੀ ?

ਮੰਤਰੀ : ਉਨ੍ਹਾਂ ਦੀ ਕੁਆਲੀਫੀਕੇਸ਼ਨ ਬੀ. ਏ., ਸੋਸ਼ਲ ਸਰਵਿਸ ਦਾ ਡਿਪਲੋਮਾ ਅਤੇ ਸਾਦੇ ਚਾਰ ਸਾਲ ਦਾ ਮਹਿਕਮੇ ਦਾ ਤਜ਼ਰਬਾ ਰਖਿਆ ਗਿਆ ਸੀ।

ਸਰਦਾਰ ਦਰਸ਼ਨ ਸਿੰਘ ਕੇ. ਪੀ. : 12 ਅਫਸਰ ਲਗਾਏ ਜਾਣੇ ਹਨ ਅਤੇ ਇਸ ਤਰ੍ਹਾਂ ਅਨਇੰਪਲਾਇ-ਮੈਂਟ ਦਾ ਵੀ ਮਸਲਾ ਹੱਲ ਹੁੰਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਕੀ ਰੁਕਾਵਟ ਹੈ ਜਿਸ ਕਾਰਣ ਹਾਲਾਂ ਤੱਕ ਉਹ ਲਗਾਏ ਨਹੀਂ ਗਏ ? ਕੀ ਇਹ ਇਸ ਬਾਰੇ ਦੱਸ ਸਕਦੇ ਹਨ ਕਿ ਉਨ੍ਹਾਂ ਦੀ ਨਿਯੁਕਤੀ ਮਹੀਨੇ ਜਾਂ 2 ਮਹੀਨਿਆਂ ਵਿਚ ਕਰ ਦਿਤੀ ਜਾਵੇਗੀ ?

ਮੰਤਰੀ : ਕੇ. ਪੀ. ਸਾਹਿਬ ਬਿਲਕੁਲ ਠੀਕ ਕਹਿੰਦੇ ਹਨ ਕਿਉਂਕਿ ਇਹ ਜਿਹੜੇ ਵੀਰ ਆਪੋਜ਼ੀਸ਼ਨ ਵਿਚ ਬੈਠੇ ਹਨ ਜਦੋਂ ਇਹ ਇਧਰ ਹੁੰਦੇ ਸੀ ਤਾਂ ਉਦੋਂ ਵੀ ਅਸੀਂ ਉਨ੍ਹਾਂ ਨੂੰ ਕਹਿੰਦੇ ਹੁੰਦੇ ਸੀ ਕਿ ਤੁਸੀਂ ਕਿਉਂ ਨਹੀਂ ਲਗਾਉਂਦੇ ਲੇਕਿਨ ਪਤਾ ਨਹੀਂ ਉਹ ਉਦੋਂ ਕਿਉਂ ਨਹੀਂ ਲਗਾ ਸਕੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਹੁਣ ਇਸ ਨੂੰ ਬਹੁਤ ਛੇਤੀ ਭਰਾਂਗੇ।

Demolition of a Dharamshala for Scheduled Castes

*129. 1. **Master Chand Singh**
2. **Professor Balwant Singh** } :Will the Minister for Welfare be pleased to state:—

(a) whether he received any complaint regarding demolition of a Dharamshala for Scheduled Castes in village Azizpur, P.O. Pathankot, District Gurdaspur, from the members of the Scheduled castes of the said village in the month of June, 1980 ;

(b) if the reply to part (a) above be in the affirmative, the action, if any, taken thereon ?

ਚੌਧਰੀ ਜਗਤ ਰਾਮ : (ੳ) ਨਹੀਂ ਜੀ।

(ਅ) ਉਪਰੋਕਤ (ਏ) ਦੇ ਮੁਤਾਬਿਕ ਸਵਾਲ ਹੀ ਪੈਦਾ ਨਹੀਂ ਹੁੰਦਾ।

ਮਾਸਟਰ ਚੰਦ ਸਿੰਘ : ਇਨ੍ਹਾਂ ਨੇ 'ਨਾਂ' ਵਿਚ ਜਵਾਬ ਦਿਤਾ ਹੈ। ਪਤਾ ਨਹੀਂ ਇਹ 'ਨਾਂ' ਵਿਚ ਹੀ ਜਵਾਬ ਦੇਈ ਜਾਂਦੇ ਹਨ। ਪਹਿਲੇ ਸਵਾਲ ਦੇ ਜਵਾਬ ਵਿਚ ਵੀ ਇਨ੍ਹਾਂ ਨੇ 'ਨਾਂ' ਵਿਚ ਹੀ ਜਵਾਬ ਦਿਤਾ ਸੀ। (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਅਜ਼ੀਜ਼ਪੁਰ ਵਿਚ ਹਰੀਜਨਾਂ ਦੀ ਧਰਮਸ਼ਾਲਾ ਸੀ ਉਸ ਨੂੰ ਬਦਮਾਸ਼ਾਂ ਨੇ ਢਾਹ ਦਿਤਾ ਜਿਸ ਦੀ ਖਾਤਰ ਥਾਣੇ ਵਿਚ ਵੀ ਉਹ ਰਿਪੋਰਟ ਦਰਜ਼ ਕਰਾਉਣ ਗਏ। ਇਸ ਬਾਰੇ ਪੇਪਰਾਂ ਵਿਚ ਵੀ ਆਇਆ ਹੈ। ਕੀ ਵਜ਼ੀਰ ਸਾਹਿਬ ਨੇ ਉਸ ਖਬਰ ਨੂੰ ਸੁਣ ਕੇ ਉਸ ਉਤੇ ਕੋਈ ਪੜਤਾਲ ਕੀਤੀ ? ਕੀ ਹੁਣ ਵਜ਼ੀਰ ਸਾਹਿਬ ਇਸ ਘਟਨਾ ਦੇ ਦੋਸ਼ੀਆਂ ਨੂੰ ਸਜ਼ਾ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਧਰਮਸ਼ਾਲਾ ਢਹੀ ਨਹੀਂ। ਸਪੈਸ਼ਲ ਅਫਸਰ ਗਿਆ ਸੀ ਅੱਰ ਜਾ ਕੇ ਸਾਰਾ ਪੱਤਾ ਕਰਕੇ ਆਇਆ ਹੈ ਕਿ ਅਜ਼ੀਜ਼ਪੁਰ ਦੀ ਕੋਈ ਧਰਮਸ਼ਾਲਾ ਢੱਹੀ ਨਹੀਂ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਜਿਹੜਾ ਇਹ ਕਹਿੰਦੇ ਹਨ ਕਿ ਸਪੈਸ਼ਲ ਅਫਸਰ ਭੇਜ ਕੇ ਪਤਾ ਕੀਤਾ ਹੈ ਅਤੇ ਉਸ ਨੇ ਦੱਸਿਆ ਹੈ ਕਿ ਧਰਮਸ਼ਾਲਾ ਢੱਹੀ ਨਹੀਂ ਹੈ ਕਿ ਉਹ ਕਿਹੜਾ ਸਪੈਸ਼ਲ ਅਫਸਰ ਗਿਆ ਸੀ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਐਮ. ਐਲ. ਏਜ਼. ਦੀ ਕਮੇਟੀ ਬਣਾ ਕੇ, ਕਿਉਂਕਿ ਹਰੀਜਨਾਂ ਦਾ ਮਸਲਾ ਹੈ, ਪੜਤਾਲ ਕਰਾਉਣ ਵਾਸਤੇ ਭੇਜਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਹਰੀਜਨਾਂ ਦਾ ਮੱਸਲਾ ਹੈ, ਇਸ ਗਲ ਨਾਲ ਮੈਂ ਬਿਲਕੁਲ ਐਗਰੀ ਕਰਦਾ ਹਾਂ। ਲੇਕਿਨ ਅਸਲੀਅਤ ਵਿਚ ਅਗਰ ਆਨਰੇਬਲ ਮੈਂਬਰ ਸਾਹਿਬ ਜਾ ਕੇ ਦੇਖ ਆਏ ਹਨ ਅਤੇ ਉਨ੍ਹਾਂ ਨੂੰ ਪੂਰਾ ਪੱਤਾ ਹੈ ਤਾਂ ਮੈਨੂੰ ਦੱਸ ਦੇਣ। ਮੈਂ ਹਾਊਸ ਨੂੰ ਯਕੀਨ ਨਾਲ ਦੱਸਣਾ ਚਾਹੁੰਦਾ ਹਾਂ ਕਿ ਮੈਂ ਅਫਸਰ ਭਿਜਵਾ ਕੇ ਪਤਾ ਕਰਵਾ ਲਿਆ ਹੈ ਅਤੇ ਉਸ ਨੇ ਕਿਹਾ ਹੈ ਕਿ ਧਰਮਸ਼ਾਲਾ ਬਿਲਕੁਲ ਨਹੀਂ ਢੱਹੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਸ ਗਲ ਨੂੰ ਮੱਦੇ ਨਜ਼ਰ ਰਖਦੇ ਹੋਏ ਕਿ 'ਇੰਡੀਅਨ ਐਕਸਪ੍ਰੈਸ' ਵਿਚ ਪੰਜਾਬ ਦੀਆਂ ਧਰਮਸ਼ਾਲਾਵਾਂ ਬਾਰੇ ਸਰਕਾਰ ਦੇ ਅੰਕੜੇ ਆਏ ਹਨ——— (ਵਿਘਨ)

ਸ਼੍ਰੀ ਸਪੀਕਰ : ਇਹ ਸਵਾਲ ਨਾਲ ਇਸ ਗਲ ਦਾ ਕੋਈ ਤੁਅਲੱਕ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਚਲੋ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਗਲ ਸਾਬਤ ਹੋ ਜਾਵੇ ਕਿ ਇਹ ਜਗ੍ਹਾਂ ਢੱਹੀ ਹੈ, ਸਾਡੇ ਵਿਚੋਂ ਕੋਈ ਜਾ ਕੇ ਸਾਬਤ ਕਰ ਦੇਵੇ ਕਿ ਵਜ਼ੀਰ ਸਾਹਿਬ ਨੂੰ ਜਵਾਬ ਗਲਤ ਦਿੱਤਾ ਗਿਆ ਹੈ ਤਾਂ ਉਸ ਅਫਸਰ ਦੇ ਖਿਲਾਫ ਇਹ ਕੀ ਕਾਰਵਾਈ ਕਰਨਗੇ ਜਿਸ ਨੇ ਗਲਤ ਰਿਪੋਰਟ ਦਿੱਤੀ ਹੈ ? (ਵਿਘਨ)

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਬੜੇ ਸਿਆਣੇ ਹੋ। ਜਿਹੜਾ ਅਫਸਰ ਇਨਫਰਮੇਸ਼ਨ ਦਿੰਦਾ ਹੈ ਉਸ ਦੀ ਜ਼ਿਮੇਵਾਰੀ ਹੁੰਦੀ ਹੈ। ਜੇ ਉਹ ਗਲਤ ਇਨਫਰਮੇਸ਼ਨ ਦਿੰਦਾ ਹੈ ਤਾਂ ਕਾਨੂੰਨ ਵਿਚ ਬੜੀ ਵਿਵਸਥਾ ਹੈ ਕਿ ਉਸ ਦੇ ਖਿਲਾਫ ਐਕਸ਼ਨ ਲਿੱਤਾ ਜਾਵੇ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਅਸੀਂ ਜੇ ਇਹ ਸਾਬਤ ਕਰ ਦੇਈਏ ਕਿ ਉਹ ਧਰਮਸ਼ਾਲਾ ਢੱਹੀ ਹੈ ਤਾਂ ਕੀ ਉਸ ਅਫਸਰ ਦੇ ਖਿਲਾਫ ਐਕਸ਼ਨ ਲੈਣਗੇ ?

Mr. Speaker : This is irrelevant. I rule it out.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜਿੰਨੇ ਵੀ ਸਪਲੀਮੈਂਟਰੀਜ਼ ਹੋਏ ਹਨ ਉਨ੍ਹਾਂ ਦਾ ਜਵਾਬ ਵਜ਼ੀਰ ਸਾਹਿਬ ਟਾਲ ਗਏ ਹਨ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਉਥੇ ਹਰੀਜਨਾਂ ਦੀ ਸਰਕਾਰੀ ਤੌਰ ਤੇ ਧਰਮਸ਼ਾਲਾ ਬਣੀ ਹੈ ? ਦੂਸਰਾ ਇਹ ਕਿ ਕੀ ਧਰਮਸ਼ਾਲਾ ਢਹਿਣ ਦੇ ਮੁਤੱਲਕ ਥਾਣੇ ਵਿਚ ਰਿਪੋਰਟ ਕੀਤੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਧਰਮਸ਼ਾਲਾ ਸਰਕਾਰੀ ਤੌਰ ਤੇ ਬਣੀ ਹੈ। ਜੇ ਢਹੀ ਹੁੰਦੀ ਤਾਂ ਥਾਣੇ ਵਿਚ ਰਿਪੋਰਟ ਜਾਣੀ ਸੀ। (ਵਿਘਨ)

Original with;
Punjab Vidhan Sabha
Digitized by;
Panjab Digital Library

Private Transport Companies in the State

*178. **Sardar Darshan Singh K.P.** : Will the Chief Minister be pleased to state, the number and names of Private Transport Companies in the State, district-wise at present ?

ਸਰਦਾਰ ਦਰਬਾਰਾ ਸਿੰਘ : ਲੋੜੀਂਦੀ ਸੂਚਨਾ ਵਾਲੀ ਲਿਸਟ ਸਦਨ ਦੀ ਮੇਜ਼ ਤੇ ਰੱਖੀ ਜ਼ਾਂਦੀ ਹੈ।

List of names of Private Transport Companies Societies (Passengers goods toursit and taxis) in the State district-wise

1. PRIVATE TRANSPORT COMPANIES/SOCIETIES (PASSENGER)

District	Serial No.	Name
Amritsar ..	1	Rohtak, District Transport Co-operative Society Ltd., Amritsar
	2	Randhawa Transport Co. (P) Ltd., Amritsar
	3	District Transport Co-operative Society, Amritsar
	4	New Pyar Bus Service, Ltd., Amritsar
	5	New Majha Transport Cooperative Society, Amritsar
	6	Raj Transport Co. (P) Ltd., Amritsar
	7	New Amritsar Transport Cooperative Society, Amritsar
	8	Nishat & Malwa Bus Service (P) Ltd., Amritsar
	9	The Punjab Transport Cooperative Society, Amritsar
	10	The New United Transport Co. (P) Ltd., Amritsar
	11	Amritsar Pathankot Bus Service, Amritsar
	12	Amritsar Bus Service Regd., Amritsar
	13	Suraj Bus Service (Regd.), Amritsar
	14	Sandhu Transport Co. (P) Ltd., Amritsar
	15	Kanwar Transport Co. (P) Ltd., Amritsar
	16	Green Bus Service Regd., Amritsar
	17	Mahli Bus Service (Regd.), Amritsar
	18	New Azad Transport Cooperative Society, Ltd., Amritsar
	19	M/s Navrang Bus Service Regd., Tarn Taran
	20	Modern Delux Transport Cooperative Society, Amritsar
	21	Sarabjit Transport Co. (P) Ltd., Amritsar
	22	Waryam Bus Service Regd., Amritsar
	23	Dasmesh Bus Service Regd., Amritsar
	24	Sangam Transport Co., Pvt. Ltd., Amritsar
	25	Jolly Engineer & Contractors Pvt. Ltd., Amritsar
	26	Amritsar Majha Transport Co., Pvt. Ltd., Amritsar
	27	Freedom Fighter Transport Co., Amritsar
	28	Gill Transport Co., Pvt. Ltd., Amritsar
	29	Kisan Workers Transport Cooperative Society, Ltd., Amritsar
	30	Silver Bus Service Pvt. Ltd., Amritsar
	31	United Bus Service, Regd., Amritsar
Bhatinda ..	32	Milap Bus Service Regd., Bhatinda

Original with;
Punjab Vidhan Sabha
Digitized by;
Panjab Digital Library

District	Serial No.	Name
	33	Sethi Transport Co. Regd., Bhatinda
	34	Dabwali Transport Co. Pvt. Ltd., Bhatinda
	35	Dabwali Transport Co. Regd., Bhatinda
	36	Hem Kund Bus Service, Pvt. Ltd., Bhatinda
	37	Sant Cheetah Nand Gaushala Alike District Bhatinda
	38	Hardyal Bus Service, Regd., Mansa
	39	Hardyal Singh Moffer Mansa.
	40	Manshaya Highways Bus Service Regd., Mansa
	41	Manshaya Transport Co. Pvt., Mansa
	42	Sandeep Bus Service, Pvt. Ltd., Mansa
	43	Dhillon Roadways Regd., Mansa
	44	Mansa Roadways Pvt. Ltd., Mansa
	45	Punjab Bus Service Regd., Mansa
	46	Punjab Bus Service, C/o Subedar Bus Service, Mansa
	47	Gurdas Bus Service Regd., Raman
	48	Bhai Rupa Bus Service, Regd., Rampura
	49	Gurpreet Bus Service, Regd., Rampura
	50	Ram Bus Service Regd., Maur
	51	Deep Bus Service, Regd., Raman
	52	Raman Mandi Bus Service, Regd., Raman
	53	Bajaj Bus Service Regd., Raman
	54	Punihani Bajaj Bus Service Regd., Raman
	55	Ladi Bus Service Regd., Mansa
	56	Jalal Bus Service Regd., Jalal
	57	Roop Transport Co., Regd., Bhatinda
Faridkot ..	58	Sewak Bus & Transport Co., Pvt. Ltd., Moga
	59	Moga Transport Co., Pvt. Ltd., Moga
	60	Highways Cooperative Transport Society, Ltd. Moga
	61	Singhanwala Cooperative Transport Society, Ltd., Moga
	62	Punam Bus Service Pvt. Ltd., Moga
	63	Malwa Bus Service Pvt. Ltd., Moga
	64	Vishal Bharat Cooperative Transport Society, Ltd., Moga
	65	Harvindra Highways Bus Service, Regd., Moga
	66	Kot Kapura Bus Service Pvt. Ltd., Moga
	67	Pepsu Transport Co. Pvt. Ltd., Moga
	68	Ex-Servicemen Co-operative Transport Society, Ltd., Moga
	69	Moga National Transport Cooperative Society Ltd., Moga
	70	Patto Hirasinghwala Cooperative Transport Society Ltd., Patto Moga
	71	Public Passengers & Goods Transport Society Ltd., Baghapurana
	72	Guru Nanak Cooperative Transport Society Ltd., Muktsar
	73	Brar Transport Co., Regd., Muktsar
	74	People Bus Service Pvt. Ltd., Muktsar
	75	Chack Varoke Cooperative Transport Society Ltd., Varoke (Muktsar)
	76	Sandhu Cooperative Transport Society Ltd., Roranwala (Muktsar)
	77	Guru Tegh Bahadur Cooperative Transport Society, Ltd., Surewala

Original with;
Punjab Vidhan Sabha
Digitized by;
Panjab Digital Library

District	Serial No.	Name
	78	Dhaliwal Bus Service Regd., Lambi
	79	Schedule Caste Transport Co., Regd., Surewala (Muktsar)
	80	Lahore Sargodha Transport Co. Pvt. Ltd., Malout
	81	Shakti Transport Co-operative Society, Ltd., Malout
	82	Green Roadways Private Ltd., Faridkot
	83	Gondhara Transport Co. Pvt. Ltd., Faridkot
	84	Dashmesh Worker Transport Co. Regd., Giddarbaha, H.O., Faridkot
	85	Dashmesh Motors Regd., Gidderbaha
	86	B.M. Transport Co. Regd., Faridkot
	87	Hargoind Bus Service Regd., Jaito
	88	Jaito Roadways Regd., Jaito
	89	Panj-Grain Kalan Bus Service Regd., Panjgrain Kalan (Faridkot)
	90	CIS Sutlej Transport Co. Regd., Muktsar
Ferozepur ..	91	New Samundri Transport Co. Pvt. Ltd., Ferozepur
	92	Samundri Roadways Pvt. Ltd., Ferozepur, H.Q., Muktsar
	93	Ferozepur Border Transport Co., Regd., Ferozepur
	94	Fazilka Dabwali Transport Co., Pvt. Ltd., Abohar
	95	Anil Transport Co., Pvt. Ltd., Fazilka
	96	The New Ferozepur Fazilka Transport Co., Pvt. Ltd., Abohar
	97	Sharnarthi Cooperative Transport Society Ltd., Abohar
	98	Workers Transport Co. Regd., Abohar
	99	Jai Cooperative Transport Society, Ltd., Abohar
	100	Janta Cooperative Transport Society Ltd., Abohar
	101	Abohar Pursharthi Cooperative Transport Society Ltd., Abohar
	102	Abohar Bahalwalpur Pursharthi Cooperative Transport Society Ltd., Abohar
	103	Abohar Bharat Cooperative Transport Society Ltd., Abohar
	104	Ramsara Cooperative Transport Society Ltd., Abohar
	105	State Transport Cooperative Society Ltd., Kapurthala H.O. Abohar
	106	Azimgarh Cooperative Transport Punjab Society Ltd., Azimgarh (Abohar)
Gurdaspur ..	107	New Jhang Transport Co. Pvt. Ltd., Batala
	108	New Midh Bhakra Transport Co. Pvt. Ltd., Batala
	108A	The New Janta Transport Co. Pvt. Ltd., Batala
	108B	Delight Tour Operators, Gurdaspur
	108C	New Himalya Transport Co., Batala
	108D	Atlas Transport Co. Pvt. Ltd., Pathankot
	108E	Asiatic Transport Co. Pvt. Ltd., Pathankot
	109	Gurlmarg Transport Co. Pvt. Ltd., Pathankot
	110	Pathankot Tourist Highways Pvt. Ltd., Pathankot
	111	Jagat Highways Pvt. Ltd., Pathankot

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

District	Serial No.	Name
	112	Mahant Dwarka Dass Ji Dhianpur
	113	M/s Sky Highways, Pathankot
	114	M/s Rattan Singh & Sons Regd., Pathankot
	115	M/s Udhbir Enterprises Pvt. Ltd., Pathankot
Hoshiarpur	116	The Hoshiarpur Express Transport Co. Hoshiarpur.
	117	The Hoshiarpur Azad Transporters Ltd., Hoshiarpur.
	118	The Hoshiarpur National Transporters Pvt. Hoshiarpur.
	119	Doaba Roadways Ltd., Hoshiarpur.
	120	The Hoshiarpur Doaba Transport Co. Hoshiarpur.
	121	M/s Public Roadways Hoshiarpur
	122	M/s Kartar Tourist Bus Service, Hoshiarpur.
	123	New Kandhi Transport Co. op. Society, Hoshiarpur.
	124	Jhawar Enterprises Pvt. Ltd., Hohiarpur.
	125	New Chenab Tourist Bus Service Hoshiarpur.
	126	M/s Shane-Punjab Bus Service (P) Ltd,, Hoshiarpur.
	127	The Hoshiarpur Highways Transport Co. Hoshiarpur.
Jullundur ..	128	New Sutlej Transport Co. Jullundur.
	129	Azad Nakodar Bus Service Jullundur.
	130	M/s Onkar Bus Service, Jullundur.
	131	Kartar Bus Service Ltd,, Jullundur.
	132	Delux Transport Co-op. Society-Jullundur.
	133	Pritam Bus Service Ltd., Jullundur.
	134	Bhogpur Serowal Ex-Servicemen Motor Transport Co-operative Society Ltd., Jullundur.
	135	Jullundur Transport Co-operative Society, Jullurdur.
	136	Johal Tourist Highways Jullundur.
	137	Golden Temple Transport Co. Private Ltd., Jullundur.
	138	Parhar Transport Co. Pvt. Ltd., Nawanshehar, H.O. Jullundur
Kapurthala ..	139	Phagwara Transporters Pvt. Ltd., Phagwara.
	140	New Khalsa Roadways Transport Co. Phagwara.
	141	The Ex-Servicemen Motor Transport Co-op. Society, Kapurthala
	142	Prince Bus Service Transport Co. Kapurthala.
Ludhiana ..	143	Bhatti Bus Service Regd. Khanna.
	144	Dashmesh Bus Service Regd. Raikot.
	145	Gill Transoport Service Regd. Raikot.
	146	Garewal Transport Pvt. Ltd., Qilla Raipur.
	147	Kartar Bus Service Regd. Raikot.
	148	Kalgi Dhar Roadways, Regd. Raikot.
	149	Shekhon Transport Service, Regd, Raikot.
	150	Tusa Bus Service Regd. Tusa, Distt : Ludhiana.
	151	Vishwakarma Transport Co. Regd. Raikot.
	152	Akal Transport Co. Pvt. Ltd., Ludhiana.
	153	Amar Garewal Bus Service Regd. Ludhiana.
	154	Chehal Bus Service Regd. Khanpur.
	155	Deol Transport Co. Regd. Raikot.

Original with;
Punjab Vidhan Sabha
Digitized by;
Panjab Digital Library

District	Serial No.	Name
	156	Deol Highways Bus Service, Regd. Raipur Bet.
	157	Dashmesh Transport Co. Pvt. Ltd., Ludhiana.
	158	Guru Tegh Bahadur Transport Co. Pvt. Ltd., Ludhiana.
	159	Guru Nanak Roadways Regd. Raikot.
	160	Harmindir Sahib Transoprt Co. Pvt. Ltd., Ludhiana.
	161	Kalgidhar Transport Co. Pvt. Ltd., Ludhiana.
	162	Jujhar Transport Co. Pvt. Ltd., Ludhiana.
	163	Janta Sewak Tourist Bus Service Ludhiana.
	164	Ludhiana Malwa Transport Bus Service Regd. Barundi.
	165	Ludhiana Transport Co. Pvt. Ltd., Ludhiana.
	166	Model Transport Service Regd. Raipur Bet.
	167	Manjit Transport Co. Regd. Ludhiana.
	168	National Transport and General Co. Pvt. Ltd., Ludhiana.
	169	Nirbhai Roadways Pvt. Ltd., Ludhiana.
	170	Nankana Sahib Transport Co. Pvt. Ltd., Ludhiana.
	171	Punjab S.B.C. Co-operative Transport Society, Ltd., Ludhiana
	172	Ranjit Roadways Regd. Bhahadurgarh.
	173	Sri Guru Nanak Transport Co. Regd. Raikot.
	174	Shekhupura Transport Co. Pvt. Ltd., Ludhiana.
	175	Zimidara Transport Co. Regd. Ludhiana.
	176	Nirankar Transport Co. (P) Ltd., Ludhiana.
Patiala ..	177	Mallowal Bus Service Regd. Patiala.
	178	Patiala Bus Sirhind (Pvt), Ltd., Sirhind.
	179	Patiala Roadwaya, Regd. Patiala.
	180	Amloh Bus Service, Regd. Gobindgarh.
	181	Afgan Bus Service, Regd. Patiala.
	182	M/s Amar Singh, Harbhajan Singh of Nabha.
	183	Allowal Bus Service, Pvt. Ltd., Sirhind,.
	184	Amloh Bus Highways, Regd, Gobindgarh.
	185	Amloh Roadways, Regd. Amloh.
	186	Baba Bus Service, Regd. Patiala.
	187	Beer Bus Service, Regd. Patiala.
	188	Dhanesar Bus Service, Regd. Patiala.
	189	Dashmesh Motor and Transport Bus Service Regd. Patiala
	190	Fatehgarh Sahib Khanna Bus Service, Regd. Sirhind.
	191	Fatehgarh Highways Regd. Head Office, Sirhind.
	192	Garg Transport Society, Pvt. Ltd., Samana.
	193	Gian Bus Service Regd. Patiala
	194	Ghagar Transport Co. District Patiala
	195	Hira Bus Service Regd. Amloh.
	196	Jain Motors Regd. Patiala.
	197	Jagdambay Bus Service Regd. Patran.
	198	Kulwant Bus Service, Regd. Patiala.
	199	Kartar Bus & Transport Service, Regd. Patiala.
	200	Kaushal Bus Service, Regd. Patiala.
	201	Lehra Bus Service, Regd. Patran.
	202	Ludhiana Bus Service, Regd. Nabha.

Original with;
Punjab Vidhan Sabha
Digitized by;
Panjab Digital Library

District	Sr. No.	Name
	203	Lok Sewak Bus Service Pvt. Ltd., Sirhind.
	204	Manjit Bus Service, Regd. Patiala.
	205	New Punjab Bus Service, Regd. Amloh.
	206	Nirankar Bus Service, Regd. Patiala.
	207	Nabha Transport Co. Regd. Nabha.
	208	National Transport Engineering Co. Pvt Ltd., Patiala.
	209	New Fatehgarh Sahib Sirhind Bus Transport Pvt. Ltd Sirhind
	210	Nabha Co-op. Transport Society, Nabha.
	211	Nayal Co-op. Transport Society, Ltd., Patran.
	212	New Walia Bus Service, Regd. Patiala.
	213	New National Bus Service, Regd. Patiala.
	214	Public Bus Service Regd. Sirhind
	215	Patiala Bus Highways Pvt. Ltd., Patiala.
	216	Punia Bus Service, Regd. Patiala.
	217	Patiala Bus Service, & Pvt. Ltd., Sirhind.
	218	Patiala Bus & General Transporters Pvt. Ltd., Patiala.
	219	Partap Roadways Regd. Patiala.
	220	Rajpura Bus Service Regd. Rajpura.
	221	Sirhind Khanna Transporters Pvt. Ltd. Sirhind.
	222	Sewak Bus Service, Regd. Patiala.
	223	Sharma Transport Co. Regd. Talwandi Malik
	224	Singh Transport & Bus Service, District Patiala.
	225	Simla Motor & Transport Co. District Patiala.
	226	Tejpal Bus Service, Regd. Rajpura.
	227	Ajit Transport Co. Regd. Nabha.
	228	Amloh Transport Co. Regd. Amloh.
	229	Thind Transport Service, Regd. Samana.
Ropar	230	Fatehgarh Sahib Bhati Bus Service, Regd. Sirhind.
Patiala ..	231	Bains Transport Co. Regd. Kharar.
	232	Pal Transport Co. Regd. Kharar.
	233	Ambala Bus Service, Pvt. Ltd., Ropar.
	234	Ex-Servicemen Motor Transport Society, Ltd., Ropar.
	235	Kharar Transport Co. Regd. Kharar.
	236	Janta Express Bus Service, Regd. Ropar.
	237	Ropar Ex-Servicemen & General Transport Society, Ltd. Ropar
Sangru ..	238	Ashoka Bus Service Regd. Bhadaur.
	239	Akal Bus Service, Regd. Ahmedgarh.
	240	Amandeep Bus Service, Regd. Sunam.
	241	Bhupindra Transport Serfice, Regd. Barnala.
	242	Bharat Motors Regd. Barnala.
	243	Baldeep Bus Service, Regd., Sangrur.
	244	Bhadaur Bus Service, Regd., Barnala.
	245	Dhuri Bus Service, Regd. Dhuri.
	246	Dhaliwal Roadways, Pvt. Ltd., Bhiwanigarh.
	247	Dhaliwal Bus Service, Regd., Barnala.
	248	Deol Bus Service, Regd., Barnala.

Original with;
Punjab Vidhan Sabha
Digitized by;
Panjab Digital Library

District	Sr. No.	Name
	249	Fatehgarh Roadways Regd., Malerkotla.
	250	Gobind Bus Service, Regd., Barnala.
	251	Gill Bus Service, Regd., Sunak.
	252	Hind Motors Regd., Barnala.
	253	Indian Bus Service, Regd., Malerkotla.
	254	Indra Bus Service, Regd., Barnala.
	255	Kanwal Bus Service, Regd., Sunak.
	256	Karam Co-operative Transport Society, Ltd., Bhadaur.
	257	Khanauri Bus Service, Regd., Khanauri.
	258	Barnala Bus Service, Regd., Barnala.
	259	Krishna Transport Service, Regd., Sangrur.
	260	Kheri Transport Regd., Sangrur.
	261	Libra Bus Service, Pvt. Ltd., Malerkotla.
	262	Laxmi Bus Service, Regd., Head-Office Barnala.
	263	Malwa Transport Co. Pvt. Ltd., Barnala.
	264	Manjit Bus Service, Regd., Bhadaur.
	265	Moonak Bus Service, Regd., Moonak.
	266	New Tourist Raikot Transport Service, Regd., Barnala.
	267	Prem Co-operative Transport Society, Ltd., Bhadaur.
	268	Prem Bus Service, Regd., Barnala.
	269	Pal, Bus Service, Regd., Sangrur.
	270	Pal Transport Service, Regd., Sangrur.
	271	Preet Bus Service, Pvt. Ltd., Sunam.
	272	Punjab Motors, Regd., Barnala.
	273	Preet Roadways Regd., Sunam.
	274	Randhawa Transport Service, Regd., Sangrur.
	275	Rai Bus Service, Regd., Sangrur.
	276	Raikhy Bus Service, Regd., Barnala.
	277	Roshan Lal of Ramgarh.
	278	Ranjit Transport Regd., Sangrur.
	279	Sangrur Progressive Workers Co-op. Transport Society Ltd., Sangrur.
	280	Sunak Bus Service, Regd., Sunam.
	281	Sangrur Bus Service, Regd., Sangrur.
	282	Sandhu Bus Service, Regd., Barnala.
	283	Satnam Transport Service, Regd., Sangrur.
	284	Sardar Bus Service, Regd., Sangrur.
	285	Sidhu Transport Service, Regd., Barnala.
	286	Shiv Motors Regd., Sangrur.
	287	Sandhu Transport Service, Regd., Barnala.
	288	Tochi Transport Co. Regd., Sangrur.
	289	Walia Bus Service, Regd., Barnala.
	290	Ahmedgarh Transport Co. Ltd., Ahmedgarh.

Original with;
Punjab Vidhan Sabha
Digitized by;
Panjab Digital Library

District	Serial No.	Name
		II. Private Transport Companies/Societies (Goods)
Amritsar ..	1	Amritsar Transport Co. Ltd. Amritsar.
	2	Associated Trader & Union Engineers Co. Ltd. Amritsar.
	3	Amritsar Road Lines, Amritsar.
	4	Amritsar-Delhi Goods Carrier Amritsar.
	5	Assam-Bengal Roadways Ltd. Amritsar.
	6	Associated Transport Corporation Ltd. Amritsar.
	7	Amritsar Jammu Transport Corporation, Amritsar.
	8	Amritsar Goods Booking Agency, Amritsar.
	9	Bharat Motor Transport Co., Amritsar.
	10	Bombay Okaro Carrier Ltd., Amritsar.
	11	Bhatia Goods Transport Corporation, Amritsar.
	12	Chadha Motor Transport Co., Amritsar.
	13	Chadha Goods Carrier Ltd., Amritsar.
	14	Delhi-Punjab Goods Carrier Ltd., Amritsar.
	15	Express Goods Service, Amritsar.
	16	Eagle Roadways, Amritsar.
	17	Economic Transport Organisation, Amritsar.
	18	Frontier Gill Transport Co., Amritsar.
	19	Green Roadways, Amritsar.
	20	Globe Transport Corporation, Amritsar.
	21	Gurdaspur Goods Carrier Amritsar.
	22	Hindustan Transport Corporation Amritsar.
	23	Hill Motor Agency Ltd., Amritsar.
	24	Himachal Forwarding Co., Amritsar.
	25	Highways Goods Carrier, Amritsar.
	26	Jaipur Golden Transport Co., Amritsar.
	27	Jullundur Ex-Servicemen Transport Co. Amritsar.
	28	Kohli Transport Carrier, Amritsar.
	29	Kartar Goods Carrier Ltd., Amritsar.
	30	Mehra Goods Corporation, Ltd, Amritsar.
	31	Maharashtra Punjab Roadways Amritsar.
	32	Montgomery Transport Co-operative Society, Ltd., Amritsar.
	33	Mahalaxmi Transport (All India) Amritsar.
	34	Narang Motor Transport Co. Amritsar.
	35	New Jullundur Transport Co. Amritsar.
	36	Nitco Roadways, Amritsar.
	37	New Kashmir Oriental Transport Co. Ltd., Amritsar.
	38	New Bar Goods Transport Co. Amritsar.
	39	New Gurdaspur Transport Co. Amritsar.
	40	Patiala Goods Carrier, Amritsar.
	41	Punjab Transport Co., Amritsar.
	42	Patiala Roadways Lines, Ltd. Amritsar.
	43	P.K. Goods Transport Co., Amritsar.

Original with;
Punjab Vidhan Sabha
Digitized by;
Panjab Digital Library

District	Serial No.	Name
	44	Raj Transport Co., Amritsar.
	45	Shakti Transport Co., Amritsar.
	46	South Eastern Roadways, Amritsar.
	47	Sandhu Goods Carrier Pvt. Ltd., Amritsar.
	48	Satnam Goods Carrier, Pvt. Ltd., Amritsar.
	49	Prince Transport Corporation, Amritsar.
	50	Transport Corporation of India, Amritsar.
	51	United Transport Co., Amritsar.
	52	Jammu Kashmir Transport Co. Ltd., Amritsar.
	53	Northern Carrier Pvt. Ltd., Amritsar.
Bhatinda ..		
Faridkot ..		
Ferozepur ..		
Gurdaspur ..	54	New Suraj Transport Co. Gurdaspur.
	55	Amritsar Transport Co. Gurdaspur.
	56	Hill Motor Agency, Gurdaspur.
	57	New Gurdaspur Transport Co. Gurdaspur.
	58	Nitco Roadways Private Ltd., Gurdaspur.
	59	Gurdaspur Transport Co. Gurdaspur.
	60	Transport Corporation of India, Gurdaspur.
	61	Transport Corporation of India, Batala.
	62	Parkash Road Lines, Batala.
	63	Economic Transport Organisation, Batala.
	64	Doars Transport Company, Batala.
	65	Rajdhani Transport Co., Batala.
	66	Bombay Madras Transport Co., Batala.
	67	South Eastern Roadways Co., Batala.
	68	Nitco Transport Co., Batala.
	69	Associated Traders & Engineers Transport Co., Batala.
	70	Ghai Transport Co., Batala.
	71	Free India Transport Co., Batala.
	72	Northern Transport Co., Batala.
	73	Nanda Roadways Co., Batala.
	74	Eagle Transport Organisation, Batala.
	75	Pal Transport Co., Batala.
	76	Aggarwal Transport Co. Batala.
	77	P.K. Transport Co., Batala.
	78	Delhi-Punjab Goods Transport Co., Batala.
	79	Aggarwal Goods Transport Organisation, Batala.
	80	Amrit Khanna Goods Transport Co., Batala.
	81	Amrit Transport Co., Batala.
	82	Delhi Kahanpur Goods Transport Co., Batala.
	83	New Suraj Transport Co., Batala.
	84	Jullundur Goods Transport Co., Batala.
	85	Hill Transport Co., Batala.

Original with;
Punjab Vidhan Sabha
Digitized by;
Panjab Digital Library

District	Serial No.	Name
	86	Kartar Goods Transport Co., Batala.
	87	Jaipur Golden Transport Co., Batala.
	88	Shakti Transport Co., Batala.
	89	Hindustan Goods Transport Co., Batala.
	90	Bhandari Transport Co., Batala.
	91	New Samundri Transport Co., Batala.
	92	Patiala Goods Transport Co., Batala.
	93	New Patiala Goods Transport Co., Batala.
	94	New Punjab Golden Transport Co., Batala.
	95	Bombay Akala Carriers Transport Co., Batala.
	96	Amritsar Transport Co., Pathankot.
	97	New Jullundur Goods Transport Co., Pathankot.
	98	Jullundur Ex-Servicemen, Pathankot.
	99	Hill Motor Agency, Pathankot.
	100	New Ashoka Transport Co., Pathankot.
	101	New Suraj Transport Co., Pathankot.
	102	Sewak Goods-Transport Company, Sarna.
	103	Kohli Transport Co., Pathankot.
	104	National Transport Co., Pathankot.
	105	Northern Goods Transport Corporation, Pathankot.
	106	Chadha Goods Carrier, Pathankot.
	107	Thakur Goods Carrier, Pathankot.
	108	Om Chopra Goods Carriers, Pathankot.
	109	Nitco Transport Co., Sarna.
	110	Gurdaspur Goods Carrier, Pathankot.
Hoshiarpur ..	111	Northern Carrier Pvt. Ltd., Hoshiarpur.
	112	Amritsar Goods Transport Co. Pvt., Ltd., Hoshiarpur.
	113	New Patiala Goods Carrier Transport Co., Hoshiarpur.
	114	New Suraj Goods Transport Co., Hoshiarpur.
	115	Pee Kay Goods Sabji Mandi, Hoshiarpur.
	116	Shiv Transport Co., Hoshiarpur.
	117	Punjab Himachal Transport Co., Hoshiarpur.
	118	Jai Ganesh Transport Co., Hoshiarpur.
	119	Sardar Transport, Hoshiarpur.
Jullundur ..	120	Northern Carrier Transport Pvt. Ltd., Jullundur.
	121	Amritsar Transport Co., Jullundur.
	122	Chadha Transport Co. Pvt. Ltd., Jullundur.
	123	Bharat Motor Transport Private Ltd., Jullundur.
	124	Patiala Carrier Transport Pvt. Ltd., Jullundur.
	125	Delhi Punjab Transport Co. Pvt. Ltd., Jullundur.
	126	T.C. I. Transport Co. Pvt. Ltd., Jullundur.
	127	Associated Transport Co. Pvt. Ltd., Jullundur.
	128	Patiala Transport Co. Ltd., Jullundur.
	129	Associated Corporation Co. Pvt. Ltd., Jullundur.
	130	Janta Transport Co. Pvt. Ltd., Jullundur.
	131	Satnam Goods Carrier Pvt. Ltd., Jullundur.
	132	Bombay Truck Carreir Pvt. Ltd., Jullundur.
	133	Globe Transport Co. Pvt. Ltd., Jullundur.

Original with;
Punjab Vidhan Sabha
Digitized by;
Panjab Digital Library

District	Serial No.	Name
	134	P.K. Goods Transport Co. Pvt. Ltd., Jullundur.
	135	New Jullundur Transport Co. Pvt. Ltd., Jullundur.
	136	Narindra Goods Carrier Pvt. Ltd., Jullundur.
	137	Jullundur Ex-Servicemen Transport Co. Pvt. Ltd., Jullundur.
	138	New Suraj Transport Co. Pvt. Ltd., Jullundur.
	139	Economic Transport Organisation, Jullundur.
	140	Sondhi Transport Co. Pvt. Ltd., Jullundur.
	141	Mehra Goods Transport Co. Pvt. Ltd., Jullundur.
	142	Raj Transport Co. Pvt. Ltd., Jullundur.
	143	Punjab Transport Co. Ltd., Jullundur.
	144	New Punjab Rajasthan Transport Co. Pvt. Ltd., Jullundur.
	145	Parkash Road Lines Transport Co. Ltd., Jullundur.
	146	Raju Road Lines, Pvt. Ltd., Jullundur.
	147	Indian Roadways Corporation, Jullundur.
	148	Jaipur Golden Transport Co. Pvt. Ltd., Jullundur.
	149	New Green Transport Co. Pvt. Ltd., Jullundur.
	150	P.K. Ladhowali Road Transport Co., Jullundur.
	151	Delhi, U.P., M.P. Transport Co., Pvt., Ltd., Jullundur.
	152	New Kashmir and Oriental Transport Co. Pvt. Ltd., Jullundur.
	153	Jai Hind Transport Co. Pvt., Ltd., Jullundur.
	154	Savani Transport Co. Pvt. Ltd., Jullundur.
	155	Nagpur Golden Transport Co. Pvt. Ltd., Jullundur.
	156	Vijay Laxmi Transport Co. Pvt. Ltd., Jullundur.
	157	Engal Transport Co. Pvt. Ltd., Jullundur
	158	South Eastern Roadways Co., Jullundur.
	159	Transport Corporation Co., Jullundur.
	160	The Express Goods Service Co. Ltd., Jullundur.
	161	Southern Road Carrier Ltd., Jullundur.
	162	Narang Motor Transport Co., Jullundur.
	163	South Eastern Transport Co., Jullundur.
	164	Punjab Himachal Transport Co., Jullundur.
	165	Carwan Transport Organisation Pvt. Ltd., Jullundur.
	166	East India Transport Agency Ltd., Jullundur.
	167	Monga Road Lines, Pvt. Ltd., Jullundur.
	168	Atul Carrier Pvt. Ltd., Jullundur.
	169	Pall Goods Transport Co. Ltd., Jullundur.
	170	Delhi Kahanpur Codial Transport Co. Ltd., Jullundur.
	171	Vishal Goods Transport Co. Ltd., Jullundur.
	172	Nagpur Bhupal Transport Co. Pvt. Ltd., Jullundur.
	173	Singal Transport Co. Ltd., Jullundur.
Kapurthala ..	174	Patiala Goods Transport Co., Kapurthala.
	175	Associated Traders Kapurthala.
	176	Northern Carrier Private Ltd., Phagwara.
	177	Chadha Motor Transport Co. Pvt., Ltd., Phagwara.
	178	Associated Traders & Engineers Ltd., Phagwara.
	179	Amritsar Transport Co. Pvt. Ltd., Phagwara.
	180	Transport Corporation of India, Ltd., Phagwara.
	181	Jaipur Golden Transport Co. Pvt. Ltd., Phagwara.
	182	Patiala Carriers Regd., Phagwara.
	183	Northern India Goods Transport Co., Phagwara.
	184	
	185	Parkash Road Lines, Phagwara.
	186	East India Transport Agency. Phagwara.
	187	Nitco Roadways Pvt. Ltd., Phagwara.
	188	Savani Transport Co., Phagwara.
	189	Laxmi Transport Co., Phagwara.
	190	Eagle (Madras) India, Phagwara.
	191	Delhi Punjab Goods Transport Co., Phagwara.
	192	Highways Goods Carrier, Phagwara.
	193	Bharat Motor Transport Co., Phagwara.
	194	Delhi, U.P., M.P. Transport Co., Phagwara.

Original with;
Punjab Vidhan Sabha
Digitized by;
Panja[illegible] Digital Library

[ਮੁੱਖ ਮੰਤਰੀ]

	195	South Eastern Roadways, Phagwara.
	196	South Eastern Carrier, Phagwara.
	197	Economic Transport Organisation, Phagwara.
	198	Globe Transport Co., Phagwara.
	199	Patiala Roadways Lines, Phagwara.
	200	P.K. Goods Transport Co., Kapurthala.
	201	Northern India Goods Carrier Private Ltd., Phagwara.
Ludhiana ..	202	Libra Road Carrier, Khanna.
	203	M/s Ahuja Transport Co. Pvt. Ltd., Ludhiana.
	204	M/s H.S. Aggarwal & Co., Ludhiana.
Patiala ..	205	Quick Carrier Private Ltd., Patiala.
	206	Prem Road Lines, Regd., Patiala.
	207	Mahajan & Co. Patiala.
	208	M/s New Punjab Traders, Rajpura.
	209	Maggo Carrier Pvt. Ltd., Patiala.
	210	M/s Janta Co-operative Society, Patiala.
	211	Patiala Transport Co. Mandi Gobindgarh.
	212	M/s Pandit & Pandit Road Carrier, Mandi Gobindgarh.
Ropar ..	213	M/s Indra Motors, Pvt. Ltd., Ropar.
Sangrur ..	..	..

III. Private Transport Companies/Societies (Taxis)

Amritsar ..	1	M/s Raja Tourist & Transport Co., The Mall, Amritsar.
Ropar ..	2	M/s Tara Brothers, Mohali Ropar.
Chandigarh	3	Walia Tourist & Taxi Service, Chandigarh.
	4	M/s Cosy Tours & Transporters, Chandigarh.

ਸਰਦਾਰ ਦਰਸ਼ਨ ਸਿੰਘ ਕੋ. ਪੀ. : ਲਿਸਟ ਤਾਂ, ਜਨਾਬ, ਰੱਖ ਦਿੱਤੀ ਹੈ ਲੇਕਿਨ ਉਸ ਦੇ ਵਿਚ ਸਾਰੇ ਵਡੇ ਵਡੇ ਆਦਮੀ ਹਨ ਅਤੇ ਬਾਦਲ ਸਾਹਿਬ ਦੇ ਸਾਰੇ ਸ਼ਗਿਰਦ ਹਨ। ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸ਼ਡਿਊਲਡ ਕਾਸਟਸ ਨੂੰ ਵੀ ਕੋਈ ਮੌਕਾ ਦਿੱਤਾ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਦੇ ਵਿਚ 25 ਫੀ ਸਦੀ ਕੋਟਾ ਸ਼ਡਿਊਲਡ ਕਾਸਟਸ ਵਾਸਤੇ, ਹਰੀਜਨ ਜਿਹੜੇ ਹਨ ਉਨ੍ਹਾਂ ਵਾਸਤੇ ਰਖਿਆ ਗਿਆ ਹੈ। ਅਗਰ ਉਨ੍ਹਾਂ ਦਾ ਕੋਟਾ ਪੂਰਾ ਨਹੀਂ ਹੁੰਦਾ ਤਾਂ ਉਹ ਪੂਰਾ ਕੀਤਾ ਜਾਵੇਗਾ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਜਿਹੜੀ ਲਿਸਟ ਪੇਸ਼ ਕੀਤੀ ਗਈ ਹੈ ਇਸ ਦੇ ਵਿਚ 390 ਟਰਾਂਸਪੋਰਟ ਕੰਪਨੀਆਂ ਜਿਹੜੀਆਂ ਹਨ ਉਹ ਪੇਸੈਂਜਰਜ਼ ਲਈ ਹਨ ਅਤੇ 213 ਕੰਪਨੀਆਂ ਜਿਹੜੀਆਂ ਹਨ ਉਹ ਗੁਡਜ਼ ਲਈ ਹਨ। ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ 390 ਟਰਾਂਸਪੋਰਟ ਕੰਪਨੀਆਂ ਜਾਂ ਸੁਸਾਇਟੀਆਂ ਪੇਸੈਂਜਰਜ਼ ਲਈ ਹਨ ਇਨ੍ਹਾਂ ਵਿਚੋਂ ਸ਼ਡਿਊਲਡ ਕਾਸਟਸ ਦੀਆਂ ਕਿੰਨੀਆਂ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਮੈਂ ਇਹ ਕੁਰੈਕਟ ਇਨਫਰਮੇਸ਼ਨ ਤਾਂ ਨਹੀਂ ਦੱਸ ਸਕਾਂਗਾ। ਜੇ ਇਹ ਹੋਰ ਸਵਾਲ ਕਰ ਦੇਣਗੇ ਤਾਂ ਦੱਸ ਦੇਵਾਂਗਾ। ਲੇਕਿਨ ਇਸ ਦੇ ਕੋਟੇ ਵਿਚ ਅਗਰ ਕੋਈ ਘਾਟ ਹੋਵੇਗੀ ਤਾਂ ਉਹ ਅਸੀਂ ਪੂਰੀ ਕਰਾਂਗੇ।

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਈ ਰੂਟਸ ਮੁਨਾਫੇ ਵਾਲੇ ਸਨ ਜਿਥੇ ਪੰਜਾਬ ਰੋਡਵੇਜ਼ ਦੀਆਂ ਗੱਡੀਆਂ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਗੱਡੀਆਂ ਚਲਦੀਆਂ ਸਨ। ਮਗਰ ਉਹ ਰੂਟ ਉਨ੍ਹਾਂ ਤੋਂ ਖੋਹ ਕੇ ਪ੍ਰਾਈਵੇਟ ਕੰਪਨੀਆਂ ਨੂੰ ਦੇ ਦਿੱਤੇ ਗਏ ਹਨ, ਕੀ ਮੁੱਖ ਮੰਤਰੀ ਸਾਹਿਬ ਇਸ ਗਲ ਦੀ ਪੜਤਾਲ ਕਰਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਨੋਟਿਸ ਵਿਚ ਲਿਆਂਦਾ ਹੈ, ਜ਼ਰੂਰ ਕਰਾਂਗੇ।

ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਸਪੀਕਰ ਸਾਹਿਬ, ਜਿਹੜਾ ਸ਼ਡਿਊਲਡ ਕਾਸਟਸ ਦਾ ਨਾਮ ਇਥੇ ਲਿਆ ਜਾਂਦਾ ਹੈ, ਸ਼ਡਿਊਲਡ ਕਾਸਟਸ ਤਕ ਤਾਂ ਰਿਲੀਫ ਕੋਈ ਪਹੁੰਚਦਾ ਹੀ ਨਹੀਂ ਹੈ। ਇਹ ਤਾ ਐਮ. ਐਲ. ਏਜ਼. ਤਕ ਹੀ ਪਹੁੰਚਦਾ ਹੈ, ਛੋਟੇ ਆਦਮੀਆਂ ਤਕ ਨਹੀਂ ਪਹੁੰਚਦਾ। ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਨ੍ਹਾਂ ਬੰਦਿਆਂ ਨੂੰ ਨਾ ਦਿਵਾ ਕੇ ਛੋਟੇ ਆਦਮੀਆਂ ਨੂੰ ਰੂਟਸ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੇ ਸਦਨ ਇਜਾਜ਼ਤ ਦੇਵੇ ਤਾਂ ਐਮ. ਐਲ. ਏਜ਼. ਨੂੰ ਜੋ ਰੂਟ ਵੰਡੇ ਗਏ ਹਨ ਉਹ ਉਨ੍ਹਾਂ ਤੋਂ ਵਾਪਸ ਲੈ ਲੈਂਦੇ ਹਾਂ ਅਤੇ ਉਨ੍ਹਾਂ ਤੋਂ ਲੈ ਕੇ ਛੋਟੇ ਆਦਮੀਆਂ ਨੂੰ ਦੇ ਦਿੰਦੇ ਹਾਂ। (ਵਿਘਨ)

ਕੁਝ ਅਵਾਜ਼ਾਂ : ਵਾਪਸ ਲੈ ਲਓ ਜੀ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜਿਹੜੀ ਨਵੀਂ ਸਕੀਮ ਬਣਾਈ ਹੈ ਕਿ 25 ਫੀ ਸਦੀ ਕੋਟਾ ਸ਼ਡਿਊਲਡ ਕਾਸਟਸ ਜਾਂ ਫੌਜੀਆਂ ਨੂੰ ਮਿਲਣਾ ਹੈ, ਮੈਂ ਮੁੱਖ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਕੀਮ ਇਸ ਸਾਲ ਤੋਂ ਲਾਗੂ ਹੋ ਜਾਵੇਗੀ ?

ਮੁੱਖ ਮੰਤਰੀ : ਮੇਰੀ ਪੂਰੀ ਕੋਸ਼ਿਸ਼ ਹੈ ਕਿ ਇਸੇ ਸਾਲ ਹੀ ਲਾਗੂ ਕੀਤੀ ਜਾਵੇ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਕੰਪਨੀਆਂ ਹਨ ਉਨ੍ਹਾਂ ਦੇ ਟੈਕਸ ਬਕਾਏ ਕਿੰਨੇ ਕੁ ਹਨ ? ਕੀ ਇਨ੍ਹਾਂ ਨੂੰ ਨੈਸ਼ਨੇਲਾਈਜ਼ ਕਰਨ ਦਾ ਕੁਝ ਸੋਚਿਆ ਜਾ ਰਿਹਾ ਹੈ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਨੈਸ਼ਨੇਲਾਈਜ਼ ਕਰਨ ਬਾਰੇ ਸਵਾਲ ਕੀਤਾ ਹੈ। ਮੈਂ ਆਪਣੀ ਸਪੀਚ ਵਿਚ ਵੀ ਕਹਿ ਦਿੱਤਾ ਸੀ ਕਿ ਸਾਡਾ ਫੈਸਲਾ ਹੈ ਕਿ ਨੇਸ਼ਨੇਲਾਈਜ਼ੇਸ਼ਨ ਕਰਨੀ ਹੈ। ਕੋਈ ਸਹੁਕਾਰ ਇਸ ਤੋਂ ਭੱਜ ਨਹੀਂ ਸਕਦੀ। (ਸਰਦਾਰ ਦਲੀਪ ਸਿੰਘ ਪਾਂਧੀ ਜੀ ਵਲੋਂ ਵਿਘਨ) ਤੁਹਾਨੂੰ ਨਹੀਂ ਨੈਸ਼ਨੇਲਾਈਜ਼ ਕਰਦੇ, ਮੈਂ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਦੀ ਗਲ ਕੀਤੀ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਇਸ ਉਤੇ ਬਹੁਤਾ ਭੌਖਲਾ ਨਹੀਂ ਪ੍ਰਗਟ ਕਰਨਾ ਚਾਹੀਦਾ। ਜਿਸ ਪ੍ਰੋਸੈਸ ਵਿਚ ਜਾਣਾ ਹੈ ਉਹ ਪ੍ਰੋਸੈਸ ਜ਼ਰੂਰ ਉਸੇ ਵਲ ਨੂੰ ਜਾਣਾ ਹੈ ਕਿ ਨੇਸ਼ਨੇਲਾਈਜ਼ੇਸ਼ਨ ਹੋਵੇ।

Incomplete Sewerage Work in Bhargava Camp. Jullundur

***179. Sardar Darshan Singh K.P. : Will the Minister for Finance be pleased to state the reasons for which the sewerage work in Bhargava Camp, Jullundur has not yet been completed ?**

ਡਾਕਟਰ ਕੇਵਲ ਕ੍ਰਿਸ਼ਨ : ਭਾਰਗੋ ਕੈਂਪ ਦੀ ਪੁਰਾਣੀ ਆਬਾਦੀ (ਬੈਰਕ ਏਰੀਆ) ਵਿਚ ਸੀਵਰੇਜ ਦੀ ਉਸਾਰੀ ਦਾ ਕੰਮ ਜਨ ਸਿਹਤ ਵਿਭਾਗ ਵਲੋਂ 1973–74 ਵਿਚ ਸ਼ਰੂ ਕੀਤਾ ਗਿਆ ਅਤੇ ਇਸ ਇਲਾਕੇ ਵਿਚ ਸੀਵਰ ਦਾ ਕੰਮ 1978 ਵਿਚ ਮੁਕੰਮਲ ਕੀਤਾ ਗਿਆ। ਇਹ ਸੀਵਰ ਠੀਕ ਢੰਗ ਨਾਲ ਕੰਮ ਕਰ ਰਹੇ ਹਨ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਜੋ ਭਾਰਗੋ ਕੈਂਪ ਦੀ ਆਬਾਦੀ ਹੈ ਉਥੇ 20 ਹਜ਼ਾਰ ਦੇ ਕਰੀਬ ਸ਼ਡਿਊਲਡ ਕਾਸਟਸ ਵੱਸਦੇ ਹਨ। ਉਹ ਸ਼ਹਿਰ ਦਾ ਸਲੱਮ ਏਰੀਆ ਹੈ। ਪੰਜਾਬ ਗੌਰਮਿੰਟ ਦੇ ਸ਼ਡਿਊਲਡ ਕਾਸਟਸ ਵੈਲਫੇਅਰ ਡੀਪਾਰਟਮੈਂਟ ਵਲੋਂ ਉਥੇ ਸੀਵਰੇਜ ਦੀ ਸਕੀਮ ਬਣਾਈ ਗਈ ਸੀ ਜਿਸ ਤਰ੍ਹਾਂ ਕਿ ਬਸਤੀ ਸੁਧਾਰ ਸਕੀਮ ਵੀ ਸੀ। ਇਸ ਦੇ ਵਿਚ ਮਿਉਂਸਪਲ ਕਮੇਟੀ ਨੇ ਵੀ ਹਿੱਸਾ ਪਾਇਆ ਅਤੇ ਉਸ ਤੋਂ ਬਾਅਦ ਇਹ ਸਕੀਮ ਮਿਉਂਸਪਲ ਕਾਰਪੋਰੇਸ਼ਨ ਦੇ ਅਧੀਨ ਆ ਗਈ। ਮਗਰ ਉਥੇ ਕੰਮ ਨਹੀਂ ਹੋ ਸਕਿਆ ਅਤੇ ਕੁਝ ਆਬਾਦੀਆਂ ਹਨ ਜਿਸ ਤਰ੍ਹਾਂ ਤੇਜ ਮੋਹਨ ਸਿੰਘ ਨਗਰ ਹੈ ਅਵਤਾਰ ਨਗਰ ਹੈ, ਨਿਊ ਸੁਰਾਜਗੰਜ ਨਗਰ ਹੈ ਅਤੇ ਸੰਤ ਨਗਰ ਹੈ ਉਨ੍ਹਾਂ ਵਿਚ ਸੀਵਰੇਜ ਦਾ ਕੰਮ ਨਹੀਂ ਹੋਇਆ। ਇਨ੍ਹਾਂ ਦਾ ਸੁਧਾਰ ਕਰਨ ਵਾਸਤੇ ਕੀ ਇਹ ਏਰੀਆ ਟਰੱਸਟ ਵਿਚੋਂ ਕੱਢ ਕੇ ਕੋਈ ਡਿਵੈਲਪਮੈਂਟ ਵਾਸਤੇ ਯਤਨ ਕਰਨਗੇ ਤਾਂ ਕਿ ਇਹ ਏਰੀਆ ਡਿਵੈਲਪ ਹੋ ਸਕੇ।

ਮੰਤਰੀ : ਸਪੀਕਰ ਸਾਹਿਬ, ਇਸ ਭਾਰਗੋ ਕੈਂਪ ਦੇ ਦੋ ਹਿੱਸੇ ਹਨ। ਇਕ ਪੁਰਾਣੀ ਆਬਾਦੀ ਹੈ, ਇਕ ਨਵੀਂ। ਇਸ ਦੇ ਲਈ ਇਮਪਰੂਵਮੈਂਟ ਟਰਸਟ ਨੇ 190 ਏਕੜ ਜਗ੍ਹਾ ਐਕੁਆਇਰ ਕੀਤੀ ਸੀ। ਕੁਝ ਲੋਕ ਹਾਈ ਕੋਰਟ ਵਿਚ ਚਲੇ ਗਏ ਅਤੇ ਸਟੇ ਆਰਡਰ ਲੈ ਆਏ। ਇਸ ਵਿਚ ਕੁਝ ਬਿਲਟ ਏਰੀਆ ਹੈ ਉਸ ਨੂੰ ਕਢਾਉਣ ਦਾ ਵਿਚਾਰ ਇੰਪਰੂਵਮੈਂਟ ਟਰਸਟ ਦਾ ਸੀ। ਹੁਣ ਮਾਮਲਾ ਹਾਈਕੋਰਟ ਵਿਚ ਹੈ ਇਸ ਲਈ ਡਿਵੈਲਪਮੈਂਟ ਦਾ ਕੰਮ ਕਰਨਾ ਠੀਕ ਨਹੀਂ ਲਗਦਾ। ਸੀਵਰੇਜ ਦੇ ਕੰਮ ਵਾਸਤੇ ਸਰਕਾਰ ਸੋਚ ਰਹੀ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸੀਵਰੇਜ ਬੋਰਡ ਨੇ ਸੀਵਰੇਜ ਦੇ ਚਾਰਜਿਜ਼ ਬੜੇ ਵੱਧਾ ਦਿਤੇ ਹਨ ਜਿਸ ਕਰਕੇ ਆਮ ਆਦਮੀ ਸੀਵਰੇਜ ਦਾ ਕੁਨੈਕਸ਼ਨ ਨਹੀਂ ਲੈ ਸਕਦਾ। ਕੀ ਜਿਹੜੇ ਪਹਿਲੇ ਰੇਟਸ ਸੀ ਵਜ਼ੀਰ ਸਾਹਿਬ ਉਹ ਕਰਣ ਨੂੰ ਤਿਆਰ ਹਨ ਅਤੇ ਜਿਹੜੇ ਗਰੀਬ ਆਦਮੀ ਸੀਵਰੇਜ ਦਾ ਕੁਨੈਕਸ਼ਨ ਲੈਣਾ ਚਾਹੁੰਦੇ ਹਨ ਉਨ੍ਹਾਂ ਨੂੰ ਕੋਈ ਲੋਨਜ਼ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸੁਆਲ ਤਾਂ ਭਾਰਗੋ ਕੈਂਪ ਦਾ ਸੀ, ਪਰ ਜਿਹੜੇ ਵਿਚਾਰ ਮੈਂਬਰ ਸਾਹਿਬ ਨੇ ਗਰੀਬਾਂ ਵਾਸਤੇ ਪਰਗਟ ਕੀਤੇ ਹਨ, ਉਨ੍ਹਾਂ ਤੇ ਜ਼ਰੂਰ ਵਿਚਾਰ ਕੀਤਾ ਜਾਏਗਾ।

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਭਾਰਗੋ ਕੈਂਪ ਦਾ ਮਸਲਾ ਬੜਾ ਅਹਿਮ ਹੈ। ਇਸ ਦੇ ਨਾਲ 20 ਹਜ਼ਾਰ ਦੀ ਆਬਾਦੀ ਜੁੜੀ ਹੋਈ ਹੈ। ਇਕ ਇਕ ਕਮਰੇ ਵਿਚ 7, 7 ਜੀਅ ਰਹਿੰਦੇ ਹਨ। ਇਸ ਦੇ ਨਾਲ ਹੀ ਇਕ ਖਾਲੀ ਜਗ੍ਹਾ ਪਈ ਹੈ। ਕੀ ਉਧਰ ਐਕਸਟੈਨਸ਼ਨ ਕਰਨ ਨੂੰ ਤਿਆਰ ਹਨ ਤਾਂ ਕਿ ਜਿਹੜੇ 7, 7 ਜੀਅ ਇਕ ਕਮਰੇ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਅਕਾਮੋਡੇਟ ਕੀਤਾ ਜਾ ਸਕੇ ਅਤੇ ਉਸ ਤੋਂ ਬਾਅਦ ਹੀ ਸੀਵਰੇਜ ਦਾ ਕੰਮ ਸ਼ਰੂ ਕੀਤਾ ਜਾਏ ?

ਮੰਤਰੀ : ਮੈਂਬਰ ਸਾਹਿਬ ਦੇ ਸੁਝਾਓ ਤੇ ਜ਼ਰੂਰ ਵਿਚਾਰ ਕੀਤਾ ਜਾਏਗਾ।

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਸੀਵਰੇਜ ਦਾ ਕੰਮ ਸ਼ੁਰੂ ਹੈ, ਜਿਸ ਤਰ੍ਹਾਂ ਪਠਾਨਕੋਟ ਵਿਚ ਹੈ ਉਹ ਬੜਾ ਨਾਤਸੱਲੀਬਖਸ਼ ਹੈ। ਅਸੀਂ ਕਈ ਵਾਰੀ ਲਿਖ ਕੇ ਵੀ ਭੇਜਿਆ ਹੈ। ਜਿਹੜੇ ਪਾਈਪਸ ਵਿਛਾਏ ਜਾ ਰਹੇ ਹਨ ਉਨ੍ਹਾਂ ਲਈ ਸੀਮਿੰਟ ਨਹੀਂ ਵਰਤਿਆ ਜਾ ਰਿਹਾ ਸਿਰਫ ਰੇਤਾ ਹੀ ਰੇਤਾ ਹੈ ਅਤੇ ਇੱਟਾਂ ਜਿਹੜੀਆਂ ਹਨ ਉਹ ਕਮੇਟੀ ਦੀਆਂ ਗਲੀਆਂ ਦੀਆਂ ਹੀ ਉਖਾੜ ਕੇ ਲਾਈਆਂ ਜਾ ਰਹੀਆਂ ਹਨ। ਅਸੀਂ ਇਸ ਬਾਰੇ ਉਸ ਵੇਲੇ ਦੇ ਚੇਅਰਮੈਨ ਨੂੰ ਵੀ ਲਿਖਿਆ ਸੀ, ਪਰ ਕੁਝ ਨਹੀਂ ਹੋਇਆ। ਕੀ ਇਸ ਚੀਜ਼ ਦੀ ਇਨਕੁਆਇਰੀ ਕਰਾਕੇ ਜਿਹੜੇ ਲੋਕ ਗਰਿਫਤ ਵਿਚ ਆਉਣਗੇ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਏਗੀ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਆਨਰੇਬਲ ਮੈਂਬਰ ਨੇ ਸੀਵਰੇਜ ਦੇ ਕੰਮ ਵੱਲ ਧਿਆਨ ਦਿਵਾਇਆ ਹੈ, ਹੁਣ ਉਹ ਅਛੀ ਤਰ੍ਹਾਂ ਹੋਵੇਗਾ ਅੌਰ ਖਾਸ ਨਿਗਰਾਨੀ ਵਿਚ ਹੋਵੇਗਾ। (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਇਹ ਠੀਕ ਹੈ ਕਿ 290 ਏਕੜ ਦੀ ਸਕੀਮ ਸੀ, ਪਰ 7 ਸਾਲ ਹੋਏ ਹਨ ਨਾ ਇਮਪਰੂਵਮੈਂਟ ਟਰਸਟ ਨੇ ਕੰਮ ਕੀਤਾ ਹੈ ਨਾ ਕੋਈ ਹੋਰ ਅਦਾਰਾ ਉਥੇ ਕੰਮ ਕਰਦਾ ਹੈ। ਆਬਾਦੀ ਗੁੰਜਾਨ ਹੋਣ ਦੀ ਵਜ੍ਹਾ ਨਾਲ ਰੁਕਾਵਟਾਂ ਪੈ ਰਹੀਆਂ ਹਨ। ਕੀ ਮੰਤਰੀ ਸਾਹਿਬ ਵਿਸ਼ਵਾਸ ਦਿਲਾਉਣਗੇ ਕਿ ਇਹ ਜਿਹੜੀ ਸਕੀਮ ਹੈ ਇਸ ਤੇ ਜਲਦੀ ਤੋਂ ਜਲਦੀ ਕੰਮ ਸ਼ੁਰੂ ਕਰਨਗੇ ਅੌਰ ਇਸ ਦੇ ਇਲਾਵਾ ਜਿਹੜੀ ਹੋਰ ਨਾਲ ਖਾਲੀ ਜ਼ਗ੍ਹਾ ਪਈ ਹੈ ਉਸ ਦੇ ਬਾਰੇ ਵੀ ਕੁਝ ਕਰਨਗੇ ?

ਮੰਤਰੀ : ਸੁਝਾਓ ਬੜਾ ਅੱਛਾ ਹੈ। ਪਰ ਇਹ ਮਾਮਲਾ ਹਾਈਕੋਰਟ ਵਿਚੋਂ ਸਟੇਅ ਹੋਇਆ ਹੈ। ਅਸੀਂ ਕੋਈ ਨਾ ਕੋਈ ਢੰਗ ਲਭਾਂਗੇ ਜਿਸ ਨਾਲ ਇਸ ਦੀ ਡਿਵੈਲਪਮੈਂਟ ਹੋ ਸਕੇ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਇਥੇ ਭਾਰਗੋ ਕੈਂਪ ਦਾ ਸੁਆਲ ਆਇਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਕੰਮ ਮਹਿਕਮਾ ਵੈਲਫੇਅਰ ਨੇ ਸ਼ੁਰੂ ਕੀਤਾ ਸੀ। ਜਿਸ ਤਰ੍ਹਾਂ ਭਾਰਗੋ ਕੈਂਪ ਹੈ ਇਸੇ ਤਰ੍ਹਾਂ ਫਗਵਾੜੇ ਦਾ ਏਰੀਆ ਹੈ ਅਤੇ ਰਈਆ ਦਾ ਵੀ ਸੀ। ਇਹ ਤਿੰਨੇ ਸਕੀਮਾਂ ਚਾਲੂ ਹੋਈਆਂ ਸਨ। ਲੇਕਿਨ ਜਨਤਾ ਸਰਕਾਰ ਨੇ ਆਉਂਦੇ ਹੀ ਤਿੰਨੇ ਸਕੀਮਾਂ ਬੰਦ ਕਰ ਦਿਤੀਆ। ਕੀ ਮਨਿਸਟਰ ਸਾਹਿਬ ਦੋਬਾਰਾ ਇਹ ਸਕੀਮਾਂ ਚਾਲੂ ਕਰਾਉਣਗੇ ?

ਸ਼੍ਰੀ ਸਪੀਕਰ : ਨਾਟ ਅਲਾਊਡ। ਇਸ ਦੇ ਲਈ ਸੈਪੇਰੇਟ ਨੋਟਿਸ ਚਾਹੀਦਾ ਹੈ।

ਸਰਦਾਰ ਹਰਚੰਦ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਮੁਕਤਸਰ ਸ਼ਹਿਰ ਵਿਚ ਸੀਵਰੇਜ ਦੀ ਬੜੀ ਭੈੜੀ ਹਾਲਤ ਹੈ ਅਤੇ ਲੱਕ ਲੱਕ ਗੰਦਾ ਪਾਣੀ ਉਥੇ ਫਿਰ ਰਿਹਾ ਹੈ। ਕੀ ਮਨਿਸਟਰ ਸਾਹਿਬ, ਉਸ ਨੂੰ ਠੀਕ ਕਰਾਉਣ ਲਈ ਸਕੀਨ ਦਿਲਾਉਣਗੇ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਹੋਰੀਂ ਨਵੇਂ ਮੈਂਬਰ ਹਨ। ਸੁਆਲ ਦਾ ਨੋਟਿਸ ਨਹੀਂ ਦੇ ਸਕੇ। ਪਰ ਜੋ ਕੁਝ ਉਨ੍ਹਾਂ ਨੇ ਮੁਕਤਸਰ ਬਾਰੇ ਕਿਹਾ ਹੈ ਉਸ ਤੇ ਜ਼ਰੂਰ ਵਿਚਾਰ ਕਰਾਂਗੇ।

Mr. Speaker : Next question.

(ਇਸ ਸਮੇਂ ਡਾਕਟਰ ਭਗਤ ਸਿੰਘ ਜੀ ਸਪਲੀਮੈਂਟਰੀ ਕਰਨ ਲਈ ਖੜੇ ਹੋਏ।)

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਮੈਂ ਨੈਕਸਟ ਕੁਐਸਚਨ ਕਾਲ ਅਪਾਨ ਕਰ ਚੁੱਕਾ ਹਾਂ।

Doctor Bhagat Singh : Speaker Sahib, why are you discriminating against me ? Why are you ignoring me ? I have got an important supplementary question.

Mr. Speaker : I am sorry. I have called upon the next question.

Doctor Bhagat Singh : You can very safely revise your ruling. It is within your competency and within the framework of the rules. I am asking for the first time. You are ignoring me.

ਸ਼੍ਰੀ ਸਪੀਕਰ : ਪੁਛ ਲਵੋ ਜੀ।

Original with;
Punjab Vidhan Sabha
Digitized by
Panjab Digital Library

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸੀਵਰੇਜ ਬੋਰਡ ਹੈ ਇਸਦੇ ਵਿਚ ਇੰਨੀਂ ਐਮਬੈਜ਼ਲਮੈਂਟ ਹੋਈ ਹੈ ਜਿਸ ਦਾ ਕੋਈ ਹਿਸਾਬ ਨਹੀਂ। ਇਸ ਹਾਊਸ ਦੇ ਫਲੋਰ ਤੇ ਇਸ ਬਾਰੇ ਐਲੀਗੇਸ਼ਨਜ਼ ਲਗੇ ਸਨ। ਮੈਂ ਕਮੇਟੀ ਦਾ ਚੇਅਰਮੈਨ ਸੀ। ਮੈਂ ਬੋਰਡ ਨੂੰ ਐਗਜ਼ਾਮਿਨ ਕੀਤਾ ਤੇ ਪਤਾ ਲਗਾ ਕਿ ਉਥੇ ਕਿਸੇ ਕਿਸਮ ਦੇ ਕੋਈ ਰੂਲਜ਼ ਵਗੈਰਾ ਨਹੀਂ ਸਨ। ਜਿਵੇਂ ਮਰਜ਼ੀ ਖਰਚ ਕਰੀ ਤੁਰੀ ਜਾਂਦੇ ਸਨ। ਉਸ ਦਾ ਚੇਅਰਮੈਨ ਬੋਰਡ ਦੇ ਪੈਸੇ ਤੇ ਅਮਰੀਕਾ ਫਿਰਦਾ ਰਿਹਾ। ਉਸ ਭਾਰਗੋ ਕੈਂਪ ਬਾਰੇ ਅਰਜ਼ੀਆਂ ਆਈਆਂ ਹੋਈਆਂ ਹਨ। ਉਥੇ ਸ਼ਡਿਊਲਡ ਕਾਸਟਸ ਰਹਿੰਦੇ ਹਨ। ਪਰ ਤਿੰਨ ਸਾਲ ਹੋ ਗਏ ਹਨ ਉਥੇ ਕੁਝ ਨਹੀਂ ਹੋਇਆ। ਕੀ ਸੀਵਰੇਜ ਬੋਰਡ ਦੀ ਇਨਕੁਆਇਰੀ ਮੰਤਰੀ ਸਾਹਿਬ ਕਰਾਉਣਗੇ ਕਿ ਰੁਪਿਆ ਕਿਥੇ ਗਿਆ ?

ਮੰਤਰੀ : ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਜੀ ਬੜੇ ਪੁਰਾਣੇ ਲੈਜਿਸਲੇਟਰ ਹਨ ਅਤੇ ਬਜ਼ੁਰਗ ਹਨ। ਉਨ੍ਹਾਂ ਨੇ ਸੀਵਰੇਜ ਬੋਰਡ ਦੇ ਘਪਲੇ ਬਾਰੇ ਇਸ਼ਾਰਾ ਕੀਤਾ ਹੈ। ਅਗਰ ਸੱਚ ਮੁਚ ਉਨ੍ਹਾਂ ਪਾਸ ਘਪਲੇ ਦੇ ਇਨਸਟਾਂਸਿਜ਼ ਹਨ ਉਹ ਸਾਡੇ ਨੋਟਿਸ ਵਿਚ ਲਿਆਉਣ ਅਸੀਂ ਜ਼ਰੂਰ ਇਨਕੁਆਇਰੀ ਕਰਾਂਗੇ ਅਤੇ ਜਿਹੜਾ ਵੀ ਕਸੂਰਵਾਰ ਹੋਵੇਗਾ ਉਸਨੂੰ ਸਜ਼ਾ ਦਿਤੀ ਜਾਏਗੀ। (ਵਿਘਨ) ਭਾਰਗੋ ਕੈਂਪ ਦਾ ਕੰਮ ਪਬਲਿਕ ਹੈਲਥ ਦੇ ਮਹਿਕਮੇ ਨੇ 1975 ਵਿਚ ਸ਼ੁਰੂ ਕੀਤਾ ਸੀ ਅਤੇ 1978 ਵਿਚ ਇਹ ਕੰਮ ਕੰਪਲੀਟ ਹੋ ਗਿਆ ਸੀ ਉਸ ਦੇ ਬਾਰੇ ਕੋਈ ਗਲ ਹੋਵੇ ਇਹ ਲਿਖ ਕੇ ਭੇਜ ਦੇਣ।

ਡਾਕਟਰ ਭਗਤ ਸਿੰਘ : ਉਹ ਤਾਂ ਪਹਿਲਾਂ ਹੀ ਡਿਪਾਰਟਮੈਂਟ ਕੋਲ ਹਨ.....

Mr. Speaker: Next question.

Villages covered under the Master Plan for Ludhiana

***194. Sardar Basant Singh Khalsa** : Will the Chief Minister be pleased to state :—

(a) the number of villages in district Ludhiana so far covered under the Master Plan for Ludhiana together with the area thereof ;

(b) the details of rules so far framed by the Government regarding covering of villages under the said Master Plan ;

(c) whether there is any exemption for the agricultural lands of the villages ;

(d) whether the residents of the villages mentioned in para (a) above are required to get the plans approved for the purposes of construction of their houses ?

ਸਰਦਾਰ ਦਰਬਾਰਾ ਸਿੰਘ : (ੳ) ਲੁਧਿਆਣਾ ਮਾਸਟਰ ਪਲੈਨ ਅਧੀਨ 58 ਪਿੰਡ ਆਉਂਦੇ ਹਨ, ਜਿਨ੍ਹਾਂ ਦਾ ਰਕਬਾ 56,070 ਏਕੜ ਹੈ।

(ਅ) ਭਾਰਤ ਸਰਕਾਰ ਵੱਲੋਂ ਨਿਯਤ ਕੀਤੇ ਗਏ ਪਥ ਦਰਸ਼ਕ ਸਿੱਧਾਂਤਾਂ ਅਤੇ ਭਵਿੱਖ ਵਿੱਚ ਸ਼ਹਿਰ ਦੇ ਵਾਧੇ ਸਬੰਧੀ ਪ੍ਰਭਾਵ ਖੇਤਰ ਦੇ ਆਧਾਰ ਤੇ ਮਾਸਟਰ ਪਲੈਨ ਤਿਆਰ ਕੀਤੀ ਗਈ ਸੀ।

(ਏ) ਹਾਂ ਜੀ। ਉਸ ਰਕਬੇ ਤੋਂ ਸਿਵਾਏ ਜੋ ਸ਼ਹਿਰੀ ਵਿਕਾਸ ਲਈ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

(ਸ) ਹਾਂ ਜੀ । ਮਾਸਟਰ ਪਲੈਨ ਵਿੱਚ ਆਉਂਦੇ ਕੁੱਲ 58 ਪਿੰਡਾਂ ਵਿੱਚੋਂ ਕੇਵਲ 30 ਪਿੰਡ, (ਜਿਨ੍ਹਾਂ ਵਿਚੋਂ 24 ਪਿੰਡ ਕਾਰਪੋਰੇਸ਼ਨ ਦੀ ਹੱਦ ਵਿੱਚ ਪੈਂਦੇ ਹਨ.) ਦੇ ਨਿਵਾਸੀਆਂ ਨੂੰ ਹੀ ਇਮਾਰਤੀ ਨਕਸ਼ੇ ਉਨ੍ਹਾਂ ਦੀ ਸਥਿਤੀ ਦੇ ਅਧਾਰ ਤੇ ਮਿਉਂਸਪਲ ਕਾਰਪੋਰੇਸ਼ਨ ਜਾਂ ਡਾਇਰੈਕਟਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਤੋਂ ਮੰਨਜ਼ੂਰ ਕਰਵਾਉਣ ਦੀ ਲੋੜ ਹੈ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਸਵਾਲ ਬਹੁਤ ਇੰਪਾਰਟੈਂਟ ਹੈ। ਇਹ ਜਿਹੜੇ 24 ਪਿੰਡ ਆਉਂਦੇ ਹਨ ਇਹ ਸਾਰੇ ਮੇਰੇ ਹਲਕੇ ਦੇ ਹਨ । ਮਾਸਟਰ ਪਲਾਨ ਕਾਰਨ ਇਨ੍ਹਾਂ ਤੇ ਡਬਲ ਸੀਲਿੰਗ ਲਗ ਗਈ ਹੈ। ਇਕ ਵਾਰੀ ਜਦੋਂ ਪਿੰਡਾਂ ਵਿਚ ਰੂਰਲ ਸੀਲਿੰਗ ਲਗਾਈ ਗਈ ਅਤੇ ਹੁਣ ਜਦੋਂ ਕਿ ਅਰਬਨ ਲੈਂਡ ਸੀਲਿੰਗ ਐਕਟ ਉਨ੍ਹਾਂ ਤੇ ਲਾਗੂ ਕੀਤਾ ਗਿਆ ਹੈ। ਹੁਣ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ 1500 ਗਜ਼ ਜ਼ਮੀਨ ਰਖ ਕੇ ਬਾਕੀ ਸਾਰੀ ਜ਼ਮੀਨ ਇਨ੍ਹਾਂ ਨੂੰ ਹੈਂਡ-ਓਵਰ ਕਰ ਦੇਣ । ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਜਿਹੜੀ ਐਗਰੀਕਲਚਰਲ ਜ਼ਮੀਨ ਹੈ ਉਸ ਵਾਸਤੇ ਅਸੀਂ ਐਗਜ਼ਮਪਸ਼ਨ ਦੇਵਾਂਗੇ ਜਿਹੜੀ ਕਿ ਸ਼ਹਿਰੀ ਵਿਕਾਸ ਲਈ ਨਹੀਂ ਚਾਹੀਦੀ ਹੋਵੇਗੀ । ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਦਾ ਰੋਟੀ ਪਾਣੀ ਦਾ ਗੁਜ਼ਾਰਾ ਇਸੇ ਜ਼ਮੀਨ ਤੇ ਹੈ, ਸ਼ਹਿਰ ਵਧਦੇ ਜਾਂਦੇ ਹਨ। ਆਪਾਂ ਤਾਂ ਚਾਹੁੰਦੇ ਹਾਂ ਕਿ ਸ਼ਹਿਰਾਂ ਨੂੰ ਛੋਟਾ ਕੀਤਾ ਜਾਵੇ। ਕੀ ਵਜ਼ੀਰ ਸਾਹਿਬ ਕੋਈ ਐਸੀ ਪਲਾਨ ਬਣਾਉਣਗੇ ਜਿਸ ਨਾਲ ਲੁਧਿਆਣੇ ਸ਼ਹਿਰ ਨੂੰ ਵਧਣੋਂ ਰੋਕਿਆ ਜਾਵੇ ਅਤੇ ਉਹ ਲੋਕ ਜਿਹੜੇ ਨਾਲ ਦੇ ਪਿੰਡਾਂ ਵਿਚ ਰਹਿੰਦੇ ਹਨ ਉਹ ਆਪਣੀ ਰੋਟੀ ਖਾ ਸਕਣ ਤੇ ਇਹ ਜ਼ਮੀਨ ਉਨ੍ਹਾਂ ਪਾਸ ਹੀ ਰਹਿ ਸਕੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਖਾਲਸਾ ਜੀ ਨੇ ਸੁਜੈਸ਼ਨ ਦਿੱਤੀ ਹੈ। ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਇਹ ਮਸਲਾ ਕਾਫੀ ਗੰਭੀਰ ਹੈ। ਸਾਡੀ ਇਹ ਕੋਸ਼ਿਸ਼ ਹੈ ਕਿ ਸ਼ਹਿਰ ਦੀ ਕਨਸਟਰੱਕਸ਼ਨ ਬਜਾਏ ਪਸਰਣ ਦੇ ਉਪਰ ਨੂੰ ਜਾਏ ਅਤੇ ਲੋਕਾਂ ਦੀ ਘੱਟ ਤੋਂ ਘੱਟ ਐਗਰੀਕਲਚਰਲ ਜ਼ਮੀਨ ਲਈ ਜਾਵੇ। ਇਸ ਉਤੇ ਮੈਂ ਨਵੇਂ ਸਿਰੇ ਤੋਂ ਵਿਚਾਰ ਕਰਾਂਗਾ । ਇਹ ਮਸਲਾ ਇਕੱਲਾ ਲੁਧਿਆਣੇ ਦੀ ਕਾਰਪੋਰੇਸ਼ਨ ਦਾ ਨਹੀਂ ਹੈ ਬਲਕਿ ਜਲੰਧਰ ਅਤੇ ਅੰਮ੍ਰਿਤਸਰ ਦਾ ਵੀ ਹੈ। ਇਹ ਗਲ ਬਿਲਕੁਲ ਠੀਕ ਹੈ ਕਿ ਜਿਤਨਾ ਸ਼ਹਿਰਾਂ ਦਾ ਪਸਾਰ ਹੋ ਰਿਹਾ ਹੈ ਇਸ ਨਾਲ ਹੋਰ ਐਗਰੀਕਲਚਰਲ ਜ਼ਮੀਨ ਮਕਾਨਾਂ ਥਲੇ ਆ ਜਾਵੇਗੀ। ਲੋਕਾਂ ਦਾ ਕਾਫੀ ਨੁਕਸਾਨ ਹੋਣ ਦਾ ਖਦਸ਼ਾ ਹੈ। ਇਸ ਲਈ ਇਸ ਤੇ ਨਵੇਂ ਸਿਰੇ ਤੋਂ ਵਿਚਾਰ ਕੀਤਾ ਜਾਵੇਗਾ ।

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਐਗਜ਼ਮਪਸ਼ਨ ਦੇ ਬਾਰੇ ਦਸਿਆ ਹੈ ਅਤੇ ਨਾਲ ਹੀ ਇਹ ਵੀ ਦਸਿਆ ਹੈ ਕਿ ਪਿੰਡਾਂ ਦੇ ਵਿਚ ਵਸਣ ਵਾਲੇ ਲੋਕ ਅਗਰ ਆਪਣਾ ਮਕਾਨ ਬਣਾਉਣਗੇ ਤਾਂ ਉਨ੍ਹਾਂ ਨੂੰ ਨਕਸ਼ੇ ਦੀ ਮਨਜ਼ੂਰੀ ਲੈਣੀ ਪਵੇਗੀ। ਇਹ ਬਹੁਤ ਲੁੱਟ-ਖਸੁੱਟ ਦਾ ਧੰਧਾ ਹੈ। ਜਦੋਂ ਵੀ ਕੋਈ ਫਾਰਮਰ ਆਪਣਾ ਮਕਾਨ ਬਣਾਵੇਗਾ ਜਾਂ ਉਸਦੀ ਐਕਸਟੈਨਸ਼ਨ ਕਰੇਗਾ ਤਾਂ ਉਸਨੂੰ ਬੜੀ ਨੱਠ-ਭੱਜ ਕਰਨੀ ਪਵੇਗੀ, ਬੜੀ ਦਿੱਕਤ ਆਵੇਗੀ। ਕੀ ਇਨ੍ਹਾਂ ਨੂੰ ਸਰਕਾਰ ਰੂ-ਰਿਆਇਤ ਦੇਵੇਗੀ ਤਾਂ ਕਿ ਉਹ ਆਪਣੇ ਢੰਗ ਦੇ ਮਕਾਨ ਬਣਾ ਕੇ ਰਹਿ ਸਕਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਜਵਾਬ ਮੈਂ ਪਹਿਲਾਂ ਦਿੱਤਾ ਹੈ, ਉਹ ਇਸ ਸਪਲੀਮੈਂਟਰੀ ਨੂੰ ਵੀ ਕਵਰ ਕਰਦਾ ਹੈ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਜ਼ਮੀਨ ਦੀ ਸੀਲਿੰਗ ਪੰਜ, ਛੇ ਵਾਰੀ ਹੋ ਚੁੱਕੀ ਹੈ। ਇੱਕ ਵਾਰੀ ਨਹੀਂ ਹੋਈ, ਕਾਫੀ ਵਾਰ ਹੋ ਚੁੱਕੀ ਹੈ। ਮਾਸਟਰ ਪਲਾਨ ਦੀ ਹੱਦੂਦ ਵਿਚ ਜਿਹੜੇ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਜੀਵਨ ਸਿੰਘ ਉਮਰਾਨੰਗਲ]

ਪਿੰਡ ਆ ਰਹੇ ਹਨ ਉਥੋਂ ਦੇ ਲੋਕਾਂ ਨੂੰ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ। ਅਰਬਨ ਲੈਂਡ ਸੀਲਿੰਗ ਦੀ ਖਾਲਸਾ ਜੀ ਨੇ ਜ਼ਿਕਰ ਕੀਤਾ ਹੈ। ਜਦੋਂ ਉਹ ਜ਼ਮੀਨ ਲਈ ਜਾਂਦੀ ਹੈ ਤਾਂ ਜੇ ਉਸਦੀ ਕੀਮਤ 2 ਲੱਖ ਰੁਪਏ ਹੁੰਦੀ ਹੈ ਤਾਂ ਉਸਨੂੰ 25,000 ਰੁਪਏ ਦੇ ਦਿੱਤੇ ਜਾਂਦੇ ਹਨ ਅਤੇ ਬਾਕੀ ਦੇ 1 ਲੱਖ 75 ਹਜ਼ਾਰ 20 ਸਾਲਾਂ ਵਿਚ ਮਿਲਦੇ ਹਨ। ਇਸ ਤਰ੍ਹਾਂ ਉਨ੍ਹਾਂ ਗਰੀਬਾਂ ਨੂੰ ਭਾਰੀ ਨੁਕਸਾਨ ਹੋਣਾ ਹੈ। ਕੀ ਮੁੱਖ ਮੰਤਰੀ ਜੀ ਅਰਬਨ ਪ੍ਰਾਪਰਟੀ ਦੀ ਵੀ ਸੀਲਿੰਗ ਕਰਨਗੇ ਜਾਂ ਨਿਰਾ ਜ਼ਮੀਨ ਤੇ ਹੀ ਜ਼ੋਰ ਦੇਣਗੇ। ਅੱਜ ਸ਼ਹਿਰਾਂ ਵਿਚ ਲੋਕਾਂ ਦੀਆਂ ਕਈ ਕਈ ਦੁਕਾਨਾਂ ਹਨ, ਸਿਨੇਮੇ ਹਨ, 10, 10 ਕਾਰਖਾਨੇ ਲੱਗੇ ਹਨ, ਕਰੋੜਾਂ ਰੁਪਏ ਦੀ ਪ੍ਰਾਪਰਟੀ ਹੈ, ਉਸਤੇ ਕਿਉਂ ਨਹੀਂ ਸੀਲਿੰਗ ਲਗਦੀ। ਕੀ ਅਰਬਨ ਪ੍ਰਾਪਰਟੀ ਤੇ ਵੀ ਸੀਲਿੰਗ ਲਾਉਣ ਨੂੰ ਉਹ ਤਿਆਰ ਹਨ ?

ਸ਼੍ਰੀ ਸਪੀਕਰ : ਇਹ ਸਪਲੀਮੈਂਟਰੀ ਇਸ ਸਵਾਲ ਨਾਲ ਰੈਲੇਵੈਂਟ ਨਹੀਂ ਹੈ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੁੱਖ ਮੰਤਰੀ ਨੇ ਬੜਾ ਡਿਟੇਲਡ ਜਵਾਬ ਦਿੱਤਾ ਹੈ। ਮੈਂ (ਸੀ) ਪਾਰਟ ਦੇ ਬਾਰੇ ਵਿਚ ਇਨਫਰਮੇਸ਼ਨ ਚਾਹੁੰਦਾ ਹਾਂ। ਇਹ ਜ਼ਮੀਨ ਕਿਸਾਨਾਂ ਤੋਂ ਕੌਡੀਆਂ ਦੇ ਭਾਅ ਲਈ ਜਾ ਰਹੀ ਹੈ। ਜਿਹੜੀ ਜ਼ਮੀਨ ਐਗਰੀਕਲਚਰਲ ਪਰਪਜ਼ ਵਾਸਤੇ ਕਿਸਾਨਾਂ ਕੋਲ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ ਕੀ ਉਸਨੂੰ ਮੁੱਖ ਮੰਤਰੀ ਸਾਹਿਬ ਇਸ ਵਿਚੋਂ ਛੱਡ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਖਾਲਸਾ ਜੀ ਦੇ ਸਵਾਲ ਦਾ ਜਵਾਬ ਪਹਿਲਾਂ ਵੀ ਦਿੱਤਾ ਸੀ ਕਿ ਇਸ ਤੇ ਅਫਰੈਸ਼ ਸੋਚਾਂਗੇ ਅਤੇ ਉਸ ਵਿਚ ਇਹ ਸਵਾਲ ਵੀ ਕਵਰ ਹੋ ਜਾਵੇਗਾ।

Mr. Speaker : Now the regular list of questions will be taken up. The next question is from Sardar Birdevinder Singh.

Finance Minister (Dr. Kewal Krishan) : Sir, the Question Hour is over .

Mr Speaker : We started the Question Hour at 9.20 A.M. and it will continue till 10.20 A.M.

STARRED QUESTIONS AND ANSWERS

25-Bed Hospital at Bassi Pathana

***225. Sardar Birdevinder Singh :** Will the Minister for Health and Family Welfare be pleased to state:—

(a) whether a 25-bed hospital exists at Bassi Pathana, District Patiala ·

(b) if the reply to part (a) above be in the affirmative · whether the facilities needed for such a hospital are available there ?

Shri Sardari Lal Kapur : (a) Yes, Sir.

(b) (i) Staff needed for 25-Bedded hospital is provided excepting 4 staff Nurses and 3 class IV employees.

(ii) The requisite medicines and equipment have been supplied. X-Ray Plant ha s also been provided.

(iii) The existing building can accommodate 16 beds as against the requirement of 25 beds.

Original with;
Punjab Vidhan Sabha
Digitized by;
Panjab Digital Library

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਦੇ ਧਿਆਨ ਵਿਚ ਇਹ ਗਲ ਲਿਆਉਣਾ ਚਾਹੁੰਦਾ ਹਾਂ ਕਿ ਬਸੀ ਪਠਾਣੇ ਦੇ ਹਸਪਤਾਲ ਵਿਚ ਇਹ ਮੌਕੇ ਤੇ ਜਾ ਕੇ ਵੇਖ ਲੈਣ ਉਥੇ ਲੇਡੀਜ਼ ਵਾਸਤੇ ਕੋਈ ਵਿਵਸਥਾ ਨਹੀਂ ਹੈ। ਨੰਬਰ ਦੋ, ਇਹ ਆਪ ਮੌਕੇ ਤੇ ਜਾ ਕੇ ਵੇਖ ਲੈਣ ਜਾਂ ਕਿਸੇ ਅਫ਼ਸਰ ਨੂੰ ਭੇਜ ਕੇ ਰਿਪੋਰਟ ਲੈ ਲੈਣ, ਉਥੇ ਇਕੋ ਵਾਰਡ ਹੈ, ਇੱਕ ਛੋਟਾ ਜਿਹਾ ਕਮਰਾ ਹੈ ਅਤੇ ਉਸਦੇ ਵਿਚ ਸਿਰਫ 6 ਬਿਸਤਰੇ ਲੱਗੇ ਹੋਏ ਹਨ, ਬਾਕੀ ਮਰੀਜ਼ ਦਰਖਤਾਂ ਹੇਠਾਂ ਡੇਰੇ ਲਾਈ ਬੈਠੇ ਹਨ। ਇਸ ਹਿਸਾਬ ਨਾਲ ਤਾਂ ਉਸ ਹਸਪਤਾਲ ਵਿਚ ਦੋ ਢਾਈ ਸੌ ਮਰੀਜ਼ਾਂ ਦਾ ਦਰਖਤਾਂ ਥੱਲੇ ਪ੍ਰਬੰਧ ਹੋ ਸਕਦਾ ਹੈ। ਲੇਕਿਨ ਇਮਾਰਤ ਦਾ ਕੋਈ ਪ੍ਰਬੰਧ ਨਹੀਂ ਹੈ ਜਿਥੇ ਕਿ 16 ਬੈਡ ਲਗ ਸਕਣ। ਤੀਸਰਾ ਇਨ੍ਹਾਂ ਨੇ ਅਮਲਾ ਵੀ ਉਥੇ ਘੱਟ ਦਿੱਤਾ ਹੈ, ਤਿੰਨ ਚੌਥੇ ਦਰਜੇ ਦੇ ਕਰਮਚਾਰੀ ਘੱਟ ਹਨ ਅਤੇ 4 ਸਟਾਫ ਨਰਸਾਂ ਘੱਟ ਹਨ, ਇਹ ਕਦੋਂ ਤਕ ਸਟਾਫ ਪੂਰਾ ਕਰਵਾ ਦੇਣਗੇ ਅਤੇ ਬਿਲਡਿੰਗ ਕਦੋਂ ਤੱਕ ਮੁਕੰਮਲ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਜੋ ਬਿਲਡਿੰਗ ਹੈ ਉਹ 16 ਬਿਸਤਰਿਆਂ ਵਾਸਤੇ ਹੈ। ਪਰ ਮਾਨਯੋਗ ਮੈਂਬਰ ਨੇ ਦਸਿਆ ਹੈ ਕਿ ਉਸਦੇ ਵਿਚ ਥੋੜ੍ਹੇ ਬੈਡ ਲੱਗੇ ਹੋਏ ਹਨ। ਇਸਦੇ ਮੁਤੱਲਕ ਮੈਂ ਇਨਕੁਆਇਰੀ ਕਰਾਵਾਂਗਾ ਅਤੇ ਜੋ ਰਿਪੋਰਟ, ਜਿਹੜੀ ਮੈਨੂੰ ਮਿਲੀ ਹੈ,ਗਲਤ ਹੋਈ ਤਾਂ ਮੈਂ ਇਸ ਤੇ ਜ਼ਰੂਰ ਐਕਸ਼ਨ ਲਵਾਂਗਾ। (ਆਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ) ਦੂਸਰੀ ਮੇਰੀ ਪ੍ਰਾਰਥਨਾ ਇਹ ਹੈ ਕਿ ਜਿਸ ਵੇਲੇ ਇਹ ਬਿਲਡਿੰਗ ਮੁਕੰਮਲ ਹੋ ਜਾਵੇਗੀ, ਜਿਹੜੀ ਕਿ ਕਮਿਊਨਿਟੀ ਨੇ ਕਰਨੀ ਹੈ, ਤਾਂ ਛੇਤੀ ਕੰਮ ਹੋ ਜਾਵੇਗਾ। ਬਾਕੀ ਇਨ੍ਹਾਂ ਨੇ ਕਿਹਾ ਹੈ ਕਿ ਜ਼ਨਾਨੀਆਂ ਵਾਸਤੇ ਕੋਈ ਵਿਵਸਥਾ ਨਹੀਂ, ਇਸ ਦਾ ਪ੍ਰੋਵੀਜ਼ਨ ਵੀ ਉਥੇ ਕੀਤਾ ਜਾਵੇਗਾ। ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ ਵੇਲੇ ਸਟਾਫ ਘੱਟ ਹੈ, ਜਿਸ ਵੇਲੇ ਇਸ ਹਸਪਤਾਲ ਦੀ ਬਿਲਡਿੰਗ ਕੰਪਲੀਟ ਹੋ ਜਾਵੇਗੀ ਤਾਂ ਸਟਾਫ ਵੀ ਪੂਰਾ ਕਰ ਦਿੱਤਾ ਜਾਵੇਗਾ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਉਥੇ ਲੇਡੀਜ਼ ਦਾ ਵਾਰਡ ਨਾ ਹੋਣ ਕਰਕੇ ਜਣੇਪੇ ਦੀ ਕੋਈ ਸਹੂਲਤ ਨਹੀਂ ਹੈ ਅਤੇ ਪਿਛਲੇ ਸਾਲ ਮੇਰੇ ਹਲਕੇ ਵਿਚ 16 ਔਰਤਾਂ ਦੀਆਂ ਮੌਤਾਂ ਹੋਈਆਂ ਅਤੇ 32 ਬੱਚਿਆਂ ਦੀਆਂ ਮੌਤਾਂ ਹੋਈਆਂ। ਜਣੇਪਾ ਉਥੇ ਅਨਟਰੇਂਡ ਦਾਈਆਂ ਕਰਦੀਆਂ ਹਨ ਅਤੇ ਬੱਚਿਆਂ ਦੀ ਟੈਟਨਸ ਕਾਰਣ ਮੌਤ ਹੋ ਜਾਂਦੀ ਹੈ। ਕੀ ਵਜ਼ੀਰ ਸਾਹਿਬ ਉਥੇ ਮੈਟਰਨਿਟੀ ਵਾਰਡ ਦੀ ਵਿਵਸਥਾ ਕਰਨਗੇ ?

ਮੰਤਰੀ : ਵੈਸੇ ਜਿਹੜਾ ਇਹ ਹਸਪਤਾਲ ਹੈ ਇਸ ਵਿਚ 16 ਬੈਡਜ਼ ਦਾ ਇੰਤਜ਼ਾਮ ਕੀਤਾ ਗਿਆ ਸੀ। ਪਰ ਤੁਹਾਡੀ ਵਾਕਫੀਅਤ ਲਈ ਮੈਂ ਦੱਸ ਦੇਵਾਂ ਕਿ ਫਤਿਹਗੜ੍ਹ ਸਾਹਿਬ ਦਾ ਹਸਪਤਾਲ ਬਣਾਉਣ ਵਾਸਤੇ 26 ਦਸੰਬਰ, 1975 ਨੂੰ ਡਿਸਾਈਡ ਕੀਤਾ ਗਿਆ ਸੀ। ਉਸ ਹਸਪਤਾਲ ਵਾਸਤੇ ਸ਼੍ਰੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ 99 ਯੀਅਰਜ਼ ਲੀਜ਼ ਤੇ ਜਗਾਹ ਦਿੱਤੀ ਹੈ। ਉਸ ਹਸਪਤਾਲ ਦੇ ਬਣ ਜਾਣ ਨਾਲ ਇਹ ਘਾਟ ਵੀ ਪੂਰੀ ਹੋ ਜਾਵੇਗੀ। ਉਸ ਹਸਪਤਾਲ ਦੇ ਵਾਸਤੇ ਅਸੀਂ ਕੇਸ ਟੇਕਅੱਪ ਕੀਤਾ ਹੈ ਅੱਠ ਏਕੜ ਜ਼ਮੀਨ ਮਿਲਣੀ ਹੈ। ਉਸ ਦੇ ਮਿਲਣ ਤੋਂ ਬਾਅਦ ਅਗਲੀ ਕਾਰਵਾਈ ਹੋਵੇਗੀ। ਜਿਹੜੀ ਗੱਲ ਤੁਸੀਂ ਫਰਮਾਈ ਹੈ, ਉਸ ਦੇ ਬਾਰੇ ਤਾਂ ਮੇਰਾ ਜਵਾਬ ਇਹ ਹੈ ਕਿ ਜੇਕਰ ਉਥੇ ਦੀ ਕਮਿਊਨਿਟੀ ਮੱਦਦ ਸਾਡੀ ਕਰੇ ਤਾਂ ਹਾਲਤ ਦਰੁਸਤ ਹੋ ਜਾਵੇਗੀ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੇਰੇ ਹਲਕੇ ਬਲਾਚੌਰ ਵਿਚ ਸੰਨ 1973-74 ਵਿਚ 50 ਬੈਡਜ਼ ਦਾ ਹਸਪਤਾਲ ਮਨਜ਼ੂਰ ਹੋਇਆ ਸੀ। ਉਹ ਹਸਪਤਾਲ ਸਰਦਾਰ ਉਧਮ ਸਿੰਘ ਦੇ ਨਾਉਂ ਤੇ ਮਨਜ਼ੂਰ ਹੋਇਆ ਸੀ। ਪਰ ਹਾਲੇ ਤਕ ਉਹ ਨਹੀਂ ਬਣਿਆ। ਉਸ ਨੂੰ ਸਰਕਾਰ ਕਦੋਂ ਤਕ ਬਣਾ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਬੜੀ ਮਾਨਤਾ ਕਰਦਾ ਹਾਂ। ਇਨ੍ਹਾਂ ਦੀ ਬੜੀ ਇਜ਼ਤ ਕਰਦਾ ਹਾਂ। ਪਰ ਮੈਂ ਇਨ੍ਹਾਂ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਹ ਨਵਾਂ ਸਵਾਲ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ।

Original with;
Punjab Vidhan Sabha
Digitized by;
Panjab Digital Library

ਜਲੰਧਰ ਜ਼ਿਲ੍ਹੇ ਵਿਚ ਗੜ੍ਹਿਆਂ ਕਾਰਨ ਹੋਏ ਨੁਕਸਾਨ ਲਈ ਮੁਆਵਜ਼ਾ

*189. **ਸਰਦਾਰ ਦਰਸ਼ਨ ਸਿੰਘ ਕੋ. ਪੀ.** : ਕੀ ਮਾਲ ਮੰਤਰੀ ਕਿਰਪਾ ਕਥਕੇ ਦੱਸਣਗੇ ਕਿ :—

(ੳ) ਕੀ ਸਰਕਾਥ ਨੇ ਸਾਲ 1979 ਦੇ ਦੌਰਾਨ ਜਲੰਧਰ ਜ਼ਿਲ੍ਹੇ ਵਿੱਚ ਗੜ੍ਹਿਆਂ ਕਾਰਨ ਹੋਏ ਨੁਕਸਾਨ ਲਈ ਕੋਈ ਮੁਆਵਜ਼ਾ ਦਿੱਤਾ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਕੀ ਉਕਤ ਮੁਆਵਜ਼ਾ ਸਿਰਫ ਜ਼ਿਮੀਦਾਰਾਂ ਨੂੰ ਹੀ ਦਿੱਤਾ ਗਿਆ ਜਾਂ ਇਹ ਭੂਮੀ ਹੀਨ ਵਿਅਕਤੀਆਂ ਗਰੀਬਾਂ ਅਤੇ ਹਰੀਜਨ ਕਾਮਿਆਂ ਨੂੰ ਵੀ ਦਿੱਤਾ ਗਿਆ ;

(ੲ) ਜੇਕਰ ਭੂਮੀਹੀਨ ਵਿਅਕਤੀਆਂ, ਗਰੀਬਾਂ ਅਤੇ ਹਰੀਜਨ ਕਾਮਿਆਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ, ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਬੇਅੰਤ ਸਿੰਘ : (ੳ) ਤੇ (ਅ) 39,11,343 ਰੁਪਏ ਦੀ ਰਕਮ ਭੂਮੀ ਮਾਲਕਾਂ ਅਤੇ ਮੁਜ਼ਾਰਿਆਂ ਨੂੰ ਜਿਨ੍ਹਾਂ ਦੀਆਂ ਖੜੀਆਂ ਫਸਲਾਂ ਗੜ੍ਹੇ ਮਾਰ ਨਾਲ ਬਰਬਾਦ ਹੋਈਆਂ ਸਨ, ਨੂੰ ਵੰਡੀ ਗਈ। (ਅ) 5,62,090 ਰੁ. ਦੀ ਰਕਮ ਗਰੀਬ ਅਤੇ ਜਰੂਰਤਮੰਦ ਪੁਰਸ਼ਾਂ ਨੂੰ ਜਿਨ੍ਹਾਂ ਵਿੱਚ ਹਰੀਜਨ ਵੀ ਸ਼ਾਮਲ ਹਨ ਖੁਰਾਕ ਅਤੇ ਚਾਰੇ ਦੇ ਇਵਜ਼ ਵਜੋਂ ਬਤੌਰ ਡਿਸਟਰੈਸ ਰਿਲੀਫ ਵੰਡੀ ਗਈ ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰ ਦਰਸ਼ਨ ਸਿੰਘ ਕੋ. ਪੀ. : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਗੜੇਮਾਰੀ ਕਾਰਨ ਮੁਆਵਜ਼ੇ ਦੇ ਤੌਰ ਤੇ ਰਕਮ ਵੰਡੀ ਗਈ ਹੈ। ਉਹ ਲੈਂਡਲੈਸ ਲੋਕਾਂ ਨੂੰ ਵੀ, ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਵੀ ਦੇਣੀ ਸੀ ਪਰ ਉਹ ਨਹੀਂ ਦਿੱਤੀ ਗਈ। ਕਿਸਾਨ ਨੂੰ, ਜਿਸ ਦੀ ਫਸਲ ਖਰਾਬ ਹੋਈ ਹੈ, ਉਸ ਨੂੰ ਤਾਂ ਦਿੱਤੀ ਗਈ ਹੈ ਪਰ ਜਿਹੜੇ ਲੋਕ ਲੈਂਡਲੈਸ ਸਨ ਉਨ੍ਹਾਂ ਨੂੰ ਨਹੀਂ ਦਿੱਤੀ ਗਈ। ਪਹਿਲੀ ਸਰਕਾਰ ਨੇ ਵੀ ਇਹ ਗੱਲ ਮੰਨੀ ਸੀ ਕਿ ਉਨ੍ਹਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ। ਬਾਦਲ ਸਾਹਿਬ ਨੇ ਮੰਨਿਆ ਸੀ ਔਰ ਛੇ ਲੱਖ ਰੁਪਿਆ ਲੈਂਡਲੈਸ ਲੋਕਾਂ ਨੂੰ ਦੇਣ ਲਈ ਮਨਜ਼ੂਰ ਕੀਤਾ ਸੀ। ਇਸੇ ਤਰ੍ਹਾਂ ਸੰਨ 1972 ਵਿਚ ਵੀ ਗੜੇ ਪਏ ਸਨ। ਉਸ ਵੇਲੇ ਜਿਹੜੇ ਲੈਂਡਲੈਸ ਲੇਬਰਰਜ਼ ਸਨ ਉਨ੍ਹਾਂ ਨੂੰ ਰਿਲੀਫ ਦੇ ਤੌਰ ਤੇ ਪੈਸੇ ਦਿੱਤੇ ਗਏ ਸਨ। 40 ਰੁਪਏ ਪ੍ਰਤੀ ਜੀਅ ਮੁਆਵਜ਼ਾ ਦਿੱਤਾ ਗਿਆ ਸੀ। ਪਰ ਹੁਣ ਜੋ ਮੁਆਵਜ਼ਾ ਦਿੱਤਾ ਗਿਆ ਹੈ ਉਹ ਠੀਕ ਨਹੀਂ ਦਿੱਤਾ ਗਿਆ। ਕਿਸੇ ਪਿੰਡ ਵਿਚ ਦਸ ਆਦਮੀਆਂ ਨੂੰ ਦਿੱਤਾ ਗਿਆ ਹੈ, ਕਿਸੇ ਪਿੰਡ ਵਿਚ 50 ਆਦਮੀਆਂ ਨੂੰ ਦਿੱਤਾ ਗਿਆ ਹੈ। ਮਗਰ ਜਿਸ ਤਰ੍ਹਾਂ ਬਡਾਲਾ ਹੋਇਆ, ਹਸੈਨਪੁਰ ਹੋਇਆ, ਤਾਜੇਪੁਰ ਹੋਇਆ ਜਿਥੇ ਦੋ, ਦੋ ਜਾਂ ਤਿੰਨ ਤਿੰਨ ਵਿਅਕਤੀਆਂ ਨੂੰ ਹੀ ਦਿੱਤਾ ਗਿਆ ਹੈ। ਬਾਕੀ ਦਾ ਪੈਸਾ ਪਤਾ ਨਹੀਂ ਜ਼ਿਲ੍ਹਾ ਪੱਧਰ ਤੇ ਪਿਆ ਹੋਵੇਗਾ। ਕੀ ਸਰਕਾਰ ਬਾਕੀਆਂ ਨੂੰ ਵੀ ਪੈਸਾ ਵੰਡਣ ਦਾ ਯਤਨ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੁਆਵਜ਼ਾ ਦੇਣ ਦਾ ਇਕ ਕਰਾਈਟੇਰੀਆ ਬਣਿਆ ਹੋਇਆ ਹੈ ਕਿ ਕਿਸ ਤਰੀਕੇ ਨਾਲ ਜਿਸ ਵੇਲੇ ਇਸ ਤਰ੍ਹਾਂ ਦੀ ਕੋਈ ਨਾਗਹਾਨੀ ਵਾਲੀ ਗੱਲ ਹੋ ਜਾਵੇ ਤਾਂ ਦਿੱਤਾ ਜਾਵੇ। ਉਸ ਦੇ ਵਿਚ ਇਹ ਹੈ ਕਿ ਜਿਹੜੇ ਲੋਕ ਜ਼ਮੀਨ ਤੇ ਡਿਪੈਂਡ ਕਰਦੇ ਹਨ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ। ਇਸ ਵਿਚ ਹੋਰ ਵੀ ਗੱਲ ਹੈ ਕਿ ਜਿੱਥੇ 25 ਫੀ ਸਦੀ ਤੋਂ ਪਿੰਡ ਦਾ ਘੱਟ ਨੁਕਸਾਨ ਹੋਇਆ ਹੋਵੇ ਤਾਂ ਉਥੇ ਗੈਰ ਕਾਸ਼ਤਕਾਰ ਨੂੰ ਇਹ ਰਿਲੀਫ ਨਹੀਂ ਦਿੱਤਾ ਜਾਂਦਾ। ਬੜੇ ਤਰੀਕੇ ਨਾਲ ਇਹ ਦਿੱਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਲੇਕਿਨ ਫਿਰ ਵੀ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜੇਕਰ ਕਿਤੇ ਇਰਰੈਗੂਲੈਰਿਟੀ ਹੋਈ ਹੈ ਇਹ ਮੇਰੇ ਨੋਟਿਸ ਵਿਚ ਲਿਆ ਦੇਣ, ਜਿਹੜੇ ਵਿਅਕਤੀ ਨੂੰ ਪੈਸੇ ਨਹੀਂ ਮਿਲੇ ਹੋਣਗੇ ਅੌਰ ਜੇਕਰ ਉਸ ਦਾ ਪੈਸਾ ਰੱਖਿਆ ਹੋਇਆ ਹੋਵੇਗਾ ਤਾਂ ਉਸ ਨੂੰ ਪੈਸੇ ਦਿਵਾ ਦੇਵਾਂਗੇ ।

ਕਾਮਰੇਡ ਸਚਵਣ ਸਿੰਘ ਚੀਮਾ : ਸਪੀਕਰ ਸਾਹਿਬ, ਇਸ ਵੇਲੇ ਤਕ ਬਹੁਤ ਸਾਰੇ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲਿਆ । ਜਿਸ ਵੇਲੇ ਗੜ੍ਹੇ ਪਏ ਤਾਂ ਬਹੁਤ ਸਾਰੇ ਲੋਕਾਂ ਦੇ ਡੰਗਰ ਮਰ ਗਏ, ਉਨ੍ਹਾਂ ਦਾ ਬਹੁਤ ਨੁਕਸਾਨ ਹੋਇਆ, ਉਨ੍ਹਾਂ ਦੀਆਂ ਫਸਲਾਂ ਮਾਰੀਆਂ ਗਈਆਂ । ਬਹੁਤ ਵੱਡੇ ਮੁਜ਼ਾਰੇ ਹੋਏ, ਕਨਵੈਨਸ਼ਨਾਂ ਹੋਈਆਂ । ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਪਾਸ ਰਕਮ ਪਈ ਹੈ ਅੌਰ ਜਿਨ੍ਹਾਂ ਦਾ ਮੁਆਵਜ਼ਾ ਲੈਣ ਦਾ ਹੱਕ ਬਣਦਾ ਹੈ ਉਨ੍ਹਾਂ ਬਾਰੇ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆ ਦਿੱਤਾ ਜਾਵੇ ਤਾਂ ਕੀ ਇਹ ਉਨ੍ਹਾਂ ਲੋਕਾਂ ਨੂੰ ਵੀ ਮੁਆਵਜ਼ਾ ਦੇਣ ਦੀ ਕਿਰਪਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸੰਨ 1979 ਦੀ ਗੱਲ ਹੈ । ਉਸ ਵੇਲੇ ਹੇਲਸਟਾਰਮ ਦੋ ਵਾਰੀ ਆਇਆ ਸੀ । ਇਕ ਵਾਰੀ ਪੰਜ, ਛੇ ਮਾਰਚ ਨੂੰ ਅੌਰ ਫਿਰ 30 ਮਾਰਚ ਨੂੰ । ਪਿਛਲੀ ਸਰਕਾਰ ਨੇ ਉਨ੍ਹਾਂ ਬਾਰੇ ਕੀ ਕੀਤਾ ਸੀ, ਇਹ ਗੱਲ ਮੈਨੂੰ ਨਹੀਂ ਪਤਾ । ਸਾਲ ਤੋਂ ਜ਼ਿਆਦਾ ਗੱਲ ਪੁਰਾਣੀ ਹੋ ਚੁਕੀ ਹੈ । ਜੇਕਰ ਇਹ ਮੇਰੇ ਨੋਟਿਸ ਵਿਚ ਲਿਆ ਦੇਣਗੇ ਤਾਂ ਵੀ ਫਸਲ ਦਾ ਤਾਂ ਉਥੇ ਨਾਮੋ ਨਿਸ਼ਾਨ ਹੀ ਨਹੀਂ ਹੋਣਾ ਜਿਸ ਦਾ ਨੁਕਸਾਨ ਹੋਇਆ ਹੋਵੇਗਾ । ਇਹ ਗੱਲ ਹਾੜੀ ਦੀ ਫਸਲ ਸੰਨ 79 ਦੀ ਸੀ । ਅਗਰ ਕੋਈ ਖਾਸ ਗੱਲ ਇਨ੍ਹਾਂ ਦੇ ਨੋਟਿਸ ਵਿਚ ਹੋਵੇ ਤਾਂ ਵੀ ਮੈਂ ਸਮਝਦਾ ਹਾਂ ਕਿ ਉਥੇ ਫਸਲ ਨਾ ਹੋਣ ਕਰਕੇ ਇਨਕੁਆਇਰੀ ਨਹੀਂ ਕਰਵਾ ਸਕਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਵੀ ਲੁਧਿਆਣੇ ਦੇ ਹੀ ਹਨ । ਇਸ ਲਈ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਇਨ੍ਹਾਂ ਦੇ ਗਿਆਤ ਵਿਚ ਹੈ ਕਿ ਲੁਧਿਆਣੇ ਜ਼ਿਲ੍ਹੇ ਵਿਚ ਕਈਆਂ ਨੂੰ ਅਜੇ ਮੁਆਵਜ਼ਾ ਨਹੀਂ ਮਿਲਿਆ ? ਉਨ੍ਹਾਂ ਦੇ ਕੇਸ ਪੈਡਿੰਗ ਪਏ ਹਨ । ਕੀ ਇਹ ਉਨ੍ਹਾਂ ਨੂੰ ਜਲਦੀ ਮੁਆਵਜ਼ਾ ਦਿਵਾਉਣ ਦਾ ਯਤਨ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਲੁਧਿਆਣਾ ਜ਼ਿਲ੍ਹਾ ਵਿਚ ਗੜ੍ਹੇ ਪਏ ਸਨ ਅੌਰ ਪੈਸਾ ਵੰਡਿਆ ਗਿਆ ਹੈ । ਇਹ ਗੱਲ ਡੀ. ਸੀ. ਦੇ ਨੋਟਿਸ ਵਿਚ ਲਿਆਂਦੀ ਗਈ ਹੈ ਕਿ ਥੋੜ੍ਹਾ ਬਹੁਤ ਪੈਸਾ ਹਾਲੇ ਵੀ ਰਹਿ ਗਿਆ ਹੈ । ਉਹ ਇਸ ਕਰਕੇ ਰਹਿ ਗਿਆ ਹੈ ਕਿ ਕੋਈ ਬੰਦਾ ਅਵੇਲੇਬਲ ਨਹੀਂ ਸੀ ਜਾਂ ਕਿਸੇ ਦੀ ਗਿਰਦਾਵਰੀ ਦਾ ਰੌਲਾ ਸੀ ਜਾਂ ਹੋਰ ਕੋਈ ਐਸੀ ਗੱਲ ਸੀ । ਇਸ ਲਈ ਥੋੜ੍ਹਾ ਪੈਸਾ ਰਹਿ ਗਿਆ ਹੈ ਅੌਰ ਕਾਫੀ ਪੈਸਾ ਇਨ੍ਹਾਂ ਦਿਨਾਂ ਵਿਚ ਹੀ ਵੰਡਿਆ ਗਿਆ ਹੈ । ਪਿਛਲੀ ਸਰਕਾਰ ਵਲੋਂ ਨਹੀਂ ਵੰਡਿਆ ਗਿਆ, ਸਾਡੀ ਸਰਕਾਰ ਵਲੋਂ ਵੰਡਿਆ ਗਿਆ ਹੈ । ਮੈਂ ਇਨ੍ਹਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਡੀ. ਸੀ. ਤੋਂ ਪੁੱਛ ਲੈਣ ਜਿਹੜਾ ਕੋਈ ਪੈਸਾ ਕਿਸੇ ਦਾ ਪਿਆ ਹੋਵੇਗਾ, ਉਹ ਜ਼ਰੂਰ ਵੰਡਿਆ ਜਾਵੇਗਾ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਇਹ ਜਿਹੜਾ ਪੈਸਾ ਵੰਡਿਆ ਗਿਆ ਸੀ ਇਸ ਦੀ ਕਾਣੀ-ਵੰਡ ਹੋਈ ਹੈ । ਜਦੋਂ ਸੰਨ 1979 ਵਿਚ ਗੜ੍ਹੇ ਪਏ ਸਨ ਤਾਂ ਜਲੰਧਰ ਦੇ ਨਾਲ ਸੱਤ ਅੱਠ ਪਿੰਡਾਂ ਵਿਚ ਇਸ ਤਰ੍ਹਾਂ ਹੋਇਆ ਸੀ । ਉਸ ਵੇਲੇ ਐਫ. ਸੀ. ਆਰ. ਨਾਰੰਗ ਸਾਹਿਬ ਸਨ ਜਿਹੜੇ ਕਿ ਹੁਣ ਚੀਫ ਸੈਕਟਰੀ ਹਨ । ਉਹ ਆਪ ਉਥੇ ਗਏ ਸਨ । ਅਸੀਂ ਵੀ ਨਾਲ ਗਏ ਅੌਰ ਬੜੇ ਮਾਯੂਸ ਹੋਏ । ਉਥੇ ਇਹ ਵੇਖਿਆ ਕਿ ਲੋਕਾਂ ਲਈ ਡੰਗਰਾਂ ਵਾਸਤੇ ਦਸ-ਦਸ, ਵੀਹ-ਵੀਹ ਮੀਲ ਤੋਂ ਚਾਰਾ ਲਿਆਉਣਾ ਪੈਂਦਾ ਸੀ । ਇਸ ਲਈ ਜਿਥੇ ਇਹ ਮੁਆਵਜ਼ਾ ਕਿਸਾਨ ਨੂੰ ਦੇਣਾ ਹੈ, ਨਾਰੰਗ ਸਾਹਿਬ ਨੇ ਇਹ ਰਿਪੋਰਟ ਦਿੱਤੀ ਸੀ ਕਿ ਉਥੇ ਇਹ ਲੈਂਡਲੈਸ ਲੋਕਾਂ ਨੂੰ ਵੀ ਦਿੱਤਾ ਜਾਵੇ । ਪਰ ਉਸ ਮੁਆਵਜ਼ੇ ਦੀ ਕਾਣੀ ਵੰਡ ਹੋਈ ਹੈ । ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਪਿੰਡਾਂ ਵਿਚ ਪੈਸਾ ਦਿੱਤਾ ਗਿਆ। ਪਰ ਦਿੱਤਾ ਇਸ ਤਰ੍ਹਾਂ ਗਿਆ ਹੈ ਕਿ ਕਿਸੇ ਪਿੰਡ ਵਿਚ ਦਸ ਆਦਮੀਆਂ ਨੂੰ ਦੇ ਦਿੱਤਾ ਜਾਵੇ ਅੱਤੇ 90 ਨੂੰ ਨਾ ਦਿੱਤਾ ਜਾਵੇ ਤਾਂ ਉਸ ਦਾ ਕੀ ਫਾਇਦਾ ਹੈ। ਜਿਹੜੇ ਪਿੰਡ ਰਹਿ ਗਏ ਹਨ ਉਨ੍ਹਾਂ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਹੋਈਆਂ ਹਨ। ਤਹਿਸੀਲਦਾਰ ਨੇ ਸਰਵੇ ਵੀ ਕੀਤੇ ਹੋਏ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਚੀਜ਼ ਦੀ ਪੜਤਾਲ ਕਰਕੇ ਉਨ੍ਹਾਂ ਸੱਤਾਂ ਪਿੰਡਾਂ ਵਿਚ ਜਿਹੜੇ ਲੋਕ ਰਹਿ ਗਏ ਹਨ ਉਨ੍ਹਾਂ ਨੂੰ ਮੁਆਵਜ਼ਾ ਦੇਣ ਦਾ ਉਪਰਾਲਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸੱਤਾਂ ਪਿੰਡਾਂ ਦੀ ਲਿਸਟ ਮੈਨੂੰ ਦੇ ਦੇਣ । ਜੇਕਰ ਗਿਰਦਾਵਰੀ ਦੇ ਹਿਸਾਬ ਨਾਲ ਉਥੇ 75 ਫੀ ਸਦੀ ਤੋਂ ਉਤੇ ਨੁਕਸਾਨ ਹੋਇਆ ਹੋਵੇਗਾ ਤਾਂ ਯਤਨ ਕਰਾਂਗੇ ਕਿ ਉਥੇ ਜਿਹੜੇ ਹਰੀਜਨ ਹਨ ਉਨ੍ਹਾਂ ਨੂੰ ਵੀ ਸੈਟਿਸਫਾਈ ਕਰੀਏ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਇਕ ਕਰਾਈਟੇਰੀਆ ਬਣਿਆ ਹੋਇਆ ਹੈ ਕਿ ਜਿਸ ਪਿੰਡ ਵਿਚ 100 ਫੀ ਸਦੀ ਨੁਕਸਾਨ ਹੋਇਆ ਹੋਵੇ ਉਸ ਨੂੰ ਕਿਤਨਾ ਮੁਆਵਜ਼ਾ ਦੇਣਾ ਹੈ, ਜਿਸ ਦਾ 75 ਫੀ ਸਦੀ ਹੋਇਆ ਹੋਵੇ ਤਾਂ ਕਿਤਨਾ ਦੇਣਾ ਹੈ ਅੱਤੇ ਜੇਕਰ 50 ਫੀ ਸਦੀ ਹੋਇਆ ਹੋਵੇ ਤਾਂ ਕਿਤਨਾ ਦੇਣਾ ਹੈ, 25 ਫੀ ਸਦੀ ਹੋਇਆ ਹੋਵੇ ਤਾਂ ਕਿਤਨਾ ਦੇਣਾ ਹੈ। ਇਹ ਕਰਾਈਟੇਰੀਆ ਬਹੁਤ ਪੁਰਾਣਾ ਬਣਾਇਆ ਹੋਇਆ ਹੈ। ਇਸ ਵਿਚ ਇਹ ਵੀ ਹੈ ਕਿ ਕਈਆਂ ਗਰੀਬਾਂ ਦਾ ਸੈਂਟ ਪਰਸੈਂਟ ਹੀ ਨੁਕਸਾਨ ਹੋ ਜਾਂਦਾ ਹੈ ਪਰ ਇਹ ਵੇਖਦੇ ਹਨ ਕਿ ਪਿੰਡ ਦਾ ਟੋਟਲ ਕਿਤਨੇ ਪਰਸੈਂਟ ਨੁਕਸਾਨ ਹੋਇਆ ਹੈ। ਇਹ ਅੰਦਾਜ਼ਾ ਲਗਾ ਲੈਂਦੇ ਹਨ ਕਿ ਪਿੰਡ ਵਿਚ ਕਿਤਨਾ ਨੁਕਸਾਨ ਹੋਇਆ ਹੈ। ਇਸ ਨਾਲ ਉਹ ਗਰੀਬ ਜਿਸ ਵਿਚਾਰੇ ਦਾ ਸੈਂਟ ਪਰਸੈਂਟ ਨੁਕਸਾਨ ਹੋਇਆ ਹੁੰਦਾ ਹੈ ਅੱਤੇ ਜੇਕਰ ਉਸ ਪਿੰਡ ਦਾ 50 ਜਾਂ 75 ਪਰਸੈਂਟ ਹੀ ਨੁਕਸਾਨ ਹੋਇਆ ਹੋਵੇ ਤਾਂ ਉਸੀ ਨੂੰ ਪੂਰਾ ਰਿਲੀਫ ਨਹੀਂ ਮਿਲਦਾ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਪੁਰਾਣੇ ਕਰਾਈਟੇਰੀਏ ਨੂੰ ਤਬਦੀਲ ਕਰਨ ਦੇ ਯਤਨ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਕੋਈ ਕਰਾਈਟੇਰੀਆ ਹੀ ਨਹੀਂ ਸੀ ਹੁੰਦਾ। ਇਹ ਵੀ ਸਾਡੀ ਹੀ ਸਰਕਾਰ ਨੇ ਬਣਾਇਆ ਸੀ। ਇਸ ਦੇ ਮੁਤਾਬਿਕ ਜੇਕਰ ਕਿਸੇ ਪਿੰਡ ਦਾ ਸੈਂਟ ਪਰਸੈਂਟ ਜਾਂ 75 ਫੀ ਸਦੀ ਤੋਂ ਜ਼ਿਆਦਾ ਨੁਕਸਾਨ ਹੋਇਆ ਹੋਵੇ ਤਾਂ 300 ਰੁਪਏ ਪਰ ਏਕੜ ਦੇ ਹਿਸਾਬ ਨਾਲ ਦਿੱਤੇ ਜਾਂਦੇ ਹਨ, ਜੇਕਰ 50 ਫੀ ਸਦੀ ਤੋਂ 75 ਫੀ ਸਦੀ ਤਕ ਨੁਕਸਾਨ ਹੋਇਆ ਹੋਵੇ ਤਾਂ 200 ਰੁਪਏ ਫੀ ਏਕੜ ਜੇਕਰ 25 ਫੀ ਸਦੀ ਤੋਂ 50 ਫੀ ਸਦੀ ਤਕ ਨੁਕਸਾਨ ਹੋਇਆ ਹੋਵੇ ਤਾਂ 100 ਰੁਪਏ ਪਰ ਏਕੜ ਦੇ ਹਿਸਾਬ ਨਾਲ ਰਿਲੀਫ ਦਿੱਤਾ ਜਾਂਦਾ ਹੈ। ਇਹ ਗੱਲ ਨੋਟਿਸ ਵਿਚ ਆਈ ਕਿ ਫਰਜ਼ ਕਰੋ ਇਕ ਪਿੰਡ ਵਿਚ 25 ਫੀ ਸਦੀ ਨੁਕਸਾਨ ਹੋਇਆ ਹੋਵੇ ਲੇਕਿਨ ਦੋ ਚਾਰ ਘਰਾਂ ਦਾ ਸੈਂਟ ਪਰਸੈਂਟ ਹੀ ਹੋਇਆ ਹੋਵੇ ਤਾਂ ਕੀ ਕਰਾਈਟੇਰੀਆ ਹੋਵੇਗਾ ? ਮੇਰੇ ਇਲਾਕੇ ਵਿਚ ਗੜ੍ਹੇ ਪਏ ਸਨ। ਗਿਆਨੀ ਜ਼ੈਲ ਸਿੰਘ ਜੀ ਉਸ ਵੇਲੇ ਚੀਫ ਮਨਿਸਟਰ ਸਨ ਅੱਤੇ ਉਹ ਆਪ ਉਥੇ ਗਏ ਸਨ। ਉਨ੍ਹਾਂ ਨੇ ਇਹ ਐਲਾਨ ਕੀਤਾ ਸੀ। ਮੈਂ ਸਮਝਦਾ ਹਾਂ ਕਿ ਬੇਸ਼ਕ ਕਿਸੇ ਪਿੰਡ ਦਾ 25 ਫੀ ਸਦੀ ਨੁਕਸਾਨ ਹੀ ਹੋਇਆ ਹੋਵੇ ਲੇਕਿਨ ਜੇਕਰ ਉਥੇ ਇਕ ਦੋ ਘਰਾਂ ਦਾ ਨੁਕਸਾਨ ਸੈਂਟ ਪਰਸੈਂਟ ਹੀ ਹੋਇਆ ਹੋਵੇ ਤਾਂ ਉਸ ਹਿਸਾਬ ਨਾਲ ਹੀ ਪੈਸੇ ਦੇਣੇ ਹਨ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1979 ਵਿੱਚ ਜਿਨ੍ਹਾਂ ਪਿੰਡਾਂ ਦਾ ਗੜ੍ਹਿਆਂ ਨਾਲ ਨੁਕਸਾਨ ਹੋ ਗਿਆ ਸੀ ਉਨ੍ਹਾਂ ਪਿੰਡਾਂ ਵਿਚ ਕਈ ਆਦਮੀ ਰਹਿ ਗਏ ਸਨ ਜਿਨ੍ਹਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ। ਉਨ੍ਹਾਂ ਬਾਰੇ ਇਹ ਦੱਸਣ ਕਿ ਕੀ ਕਰਨਗੇ ? ਇਸ ਦੇ ਨਾਲ ਹੀ ਮੇਰਾ ਕੁਐਸਚਨ ਇਹ ਵੀ ਹੈ ਕਿ ਜਿਹੜੇ ਪਿੰਡ ਗੜ੍ਹੇ ਮਾਰੀ ਵਿਚ ਆਏ ਸਨ, ਉਨ੍ਹਾਂ ਲਈ ਰੁਪਿਆ ਮਨਜ਼ੂਰ ਹੋ ਗਿਆ ਸੀ ਪਰ ਅਜੇ ਤਕ ਕਈ ਪਿੰਡਾਂ ਨੂੰ ਉਹ ਰੁਪਿਆ ਨਹੀਂ ਮਿਲਿਆ। ਕੀ ਇਹ ਇਕ ਮਹੀਨੇ ਦੇ ਅੰਦਰ ਅੰਦਰ ਉਨ੍ਹਾਂ ਨੂੰ ਰੁਪਿਆ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਕ ਮਹੀਨੇ ਦੇ ਅੰਦਰ ਅੰਦਰ ਮੁਆਵਜ਼ਾ ਦਿਵਾਉਣ ਦਾ ਵਾਇਦਾ ਤਾਂ ਮੈਂ ਨਹੀਂ ਕਰ ਸਕਦਾ ਕਿਉਂਕਿ ਇਹ ਦੇਖਣ ਵਾਲੀ ਗੱਲ ਹੈ। ਅਸੀਂ ਇਹ ਵੇਖਾਂਗੇ ਕਿ ਉਨ੍ਹਾਂ ਦੀ ਗਿਰਦਾਵਰੀ ਹੋਈ ਹੈ ਜਾਂ ਨਹੀਂ। ਇਹ ਮੈਨੂੰ ਦੱਸ ਦੇਣ ਜੇ ਗਿਰਦਾਵਰੀ ਹੋਈ ਹੋਵੇਗੀ ਅੱਰ ਨੁਕਸਾਨ ਹੋਇਆ ਹੋਵੇਗਾ ਤਾਂ ਪੈਸਾ ਦਿੱਤਾ ਜਾਵੇਗਾ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੱਲ੍ਹ ਇਨ੍ਹਾਂ ਨੇ ਕਿਹਾ ਸੀ ਕਿ ਗਿਆਨੀ ਜ਼ੈਲ ਸਿੰਘ ਵੇਲੇ ਵਿਲੇਜ ਨੂੰ ਇਕਾਈ ਮੰਨ ਕੇ ਪੈਸਾ ਦਿੱਤਾ ਗਿਆ ਸੀ। ਇਹ ਸਾਡੀ ਬਾਦਲ ਸਾਹਿਬ ਦੀ ਸਰਕਾਰ ਸੀ ਜਿਸ ਨੇ ਇੰਡਵਿਜੂਅਲ ਨੂੰ ਅਸੈਸ ਕਰਕੇ ਪੈਸਾ ਦਿੱਤਾ ਸੀ। ਕੀ ਇਹ ਹੁਣ ਵੀ ਇੰਡਵਿਜੂਅਲ ਦੇ ਨੁਕਸਾਨ ਨੂੰ ਅਸੈਸ ਕਰਕੇ ਉਸ ਨੂੰ ਪੈਸਾ ਦੇਣਗੇ ?

ਮੰਤਰੀ : ਮੇਰਾ ਖਿਆਲ ਹੈ ਕਿ ਮਾਨਯੋਗ ਮੈਂਬਰ ਸਾਹਿਬ ਸਮਝੇ ਨਹੀਂ। ਅਸੀਂ ਇਹ ਕਿਹਾ ਸੀ ਕਿ ਗਿਆਨੀ ਜ਼ੈਲ ਸਿੰਘ ਦੇ ਵੇਲੇ ਹੀ 300 ਰੁਪਿਆ ਪਰ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਗਿਆ ਸੀ (ਵਿਘਨ) ਇਹ ਕੋਈ ਕੰਟਰੋਵਰਸੀ ਦੀ ਗੱਲ ਨਹੀਂ ਹੈ। (ਵਿਘਨ) ਜਿਹੜੇ ਲੋਕ ਇਲੈਕਟ ਹੋ ਕੇ ਆਏ ਉਨ੍ਹਾਂ ਨੇ ਦਿੱਤਾ, ਚਾਹੇ ਤੁਸੀਂ ਦਿੱਤਾ ਜਾਂ ਅਸੀਂ ਦਿੱਤਾ (ਵਿਘਨ) ਵੈਦ ਸਾਹਿਬ ਜਾਂ ਤਾਂ ਪਹਿਲਾਂ ਤੁਸੀਂ ਜਵਾਬ ਦੇ ਲਓ, ਮੈਂ ਪਿੱਛੋਂ ਦੱਸ ਦੇਵਾਂਗਾ। ਮੈਂ ਇਹ ਗਲ ਆਖੀ ਹੈ ਕਿ ਜਿਨ੍ਹਾਂ ਦਾ ਨੁਕਸਾਨ ਹੋਇਆ ਉਨ੍ਹਾਂ ਨੂੰ ਪੈਸਾ ਦਿੱਤਾ ਗਿਆ ਸੀ। ਬਾਕੀ ਜੋ ਢੀਂਡਸਾ ਸਾਹਿਬ ਨੇ ਕਿਹਾ ਹੈ ਉਸ ਤੇ ਵਿਚਾਰ ਕੀਤਾ ਜਾਵੇਗਾ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Punjab Official Language (Legislative) Commission

***226. Sardar Atma Singh :** Will the Minister for Education be pleased to state :—

(a) the date when the Punjab Official Language (Legislative) Commission was established in the State under the instruction from the Government of India for translating the Acts in to the State Language ;

(b) the details of Acts translated so far since its establishment ;

(c) the details of staff appointed in the said Commission and the expenditure incurred thereon, year-wise since its inception;

(d) the details of steps being taken by the Government to expedite the work of the said Commission ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਪੰਜਾਬ ਰਾਜ ਆਫੀਸ਼ੀਅਲ ਭਾਸ਼ਾ (ਵਧਨਿਕ) ਕਮਿਸ਼ਨ ਦੀ ਸਥਾਪਨਾ ਪੰਜਾਬ ਸਰਕਾਰ ਦੀ ਅਧੀਸੂਚਨਾ ਨੰ : 50-ਐਸ-3 ਜੇ.ਜੇ-73/3282, ਮਿਤੀ 29 ਜਨਵਰੀ, 1973 ਰਾਹੀਂ ਕੀਤੀ ਗਈ।

(ਅ) ਲੋੜੀਂਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ (ਅਨੁਲੱਗ ੳ)

(ਏ) ਲੋੜੀਂਦੇ ਵੇਰਵੇ ਸਦਨ ਦੀ ਮੇਤੇ ਰੱਖੇ ਜਾਂਦੇ ਹਨ (ਅਨੁਲੱਗ ਅ)

(ਸ) ਭਾਵੇਂ ਕਿ ਉਲੱਥੇ ਦੇ ਕੰਮ ਦੀ ਪ੍ਰਗਤੀ ਤਸੱਲੀਬਖਸ਼ ਹੈ ਫਿਰ ਵੀ ਇਸ ਕੰਮ ਨੂੰ ਹੋਰ ਤੇਜ਼ੀ ਨਾਲ ਕਰਨ ਦੀ ਤਜਵੀਜ਼ ਹੈ। ਕਮਿਸ਼ਨ ਨੇ ਵਾਧੂ ਅਮਲਾ ਦਿੱਤੇ ਜਾਣ ਲਈ ਤਜਵੀਜ਼ਾਂ ਭੇਜੀਆਂ ਹਨ ਜਿਹੜੀਆਂ ਸਰਕਾਰ ਦੇ ਵਿਚਾਰ ਅਧੀਨ ਹਨ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ਅਨੁਲਗ 'ਓ'

1. ਹਿੰਦੂ ਨਾਬਾਲਗੀ ਅਤੇ ਸਰਪ੍ਰਸਤੀ ਐਕਟ, 1956	1973-74
2. ਹਿੰਦੂ ਵਿਆਹ ਐਕਟ, 1955	The Hindu Minority and Guardianship Act, 1956.
3. ਸਾਧਾਰਨ ਖੰਡ ਐਕਟ, 1897	The Hindu Marriage Act, 1955
	The General Clauses Act, 1897
	1974-75
4. ਹਿੰਦੂ ਗੋਦ ਲੈਣ ਅਤੇ ਗੁਜ਼ਾਰਾ ਐਕਟ, 1956	The Hindu Adoption and Maintenance Act, 1956
5. ਅਧਿਕਾਰਤ ਅਨੁਵਾਦ (ਕੇਂਦਰੀ ਕਾਨੂੰਨ) ਐਕਟ, 1973	The Authorised Translations (Central Laws) Act, 1973
6. ਮਾਲ ਵਿਕਰੀ ਐਕਟ, 1930	The Sale of Goods Act, 1930
7. ਭਾਰਤੀ ਭਾਈਵਾਲੀ ਐਕਟ, 1932	The Indian Partnership Act, 1932
8. ਹਿੰਦੂ ਉੱਤਰ ਅਧਿਕਾਰ ਐਕਟ, 1956	The Hindu Succession Act, 1956
9. ਰਾਜ ਭਾਸ਼ਾ ਐਕਟ, 1963	The Official Languages Act, 1963
10. ਕਾਜ਼ੀ ਐਕਟ, 1880	The Kazi Act, 1880
11. ਦਾਵਾ ਮਾਲੀਅਤ ਐਕਟ, 1887	The Suits Valuation Act, 1887
	1975-76
12. ਲਾਜ਼ਮੀ ਜਮ੍ਹਾਂ ਸਕੀਮ (ਆਮਦਨ-ਕਰ ਅਦਾ ਕਰਨ ਵਾਲੇ) ਐਕਟ, 1974	The Compulsory Deposit Scheme (Income-Tax Payers') Act, 1974
13. ਕੰਪਨੀ (ਲਾਭ-ਅੰਸ਼ਾਂ ਤੇ ਸਥਾਈ ਪਾਬੰਦੀਆਂ) ਐਕਟ, 1974	The Companies (Temporary Restrictions and Dividends) Act, 1974
14. ਅਤਿਰਿਕਤ ਉਪਲਭਤਾਂ (ਲਾਜ਼ਮੀ ਜਮ੍ਹਾਂ) ਐਕਟ, 1974	The Additional Emoluments (Compulsory) Deposits Act, 1974
15. ਸੰਵਿਧਾਨ (ਛਤੀਵੀਂ ਸੋਧ) ਐਕਟ, 1974	The Constitution (Thirty sixth Amendment) Act, 1974
16. ਸੰਵਿਧਾਨ (ਅਠਤੀਵੀਂ ਸੋਧ) ਐਕਟ, 1975	The Constitution (Thirty eighth Amendment) Act, 1975
17. ਸਵਿਧਾਨ (ਉਨਤਾਲੀਵੀਂ ਸੋਧ) ਐਕਟ, 1975	The Constitution (Thirty-ninth Amendment) Act, 1975

Original with:
Punjab Vidhan Sabha
Digitized by:
Panjab Digital Library

18. ਭਾਰਤੀ ਸ਼ਹਾਦਤ ਐਕਟ, 1872
19. ਪ੍ਰਸੂਤ ਸਹੂਲਤ ਐਕਟ, 1961
20. ਦਾਜ ਮਨਾਹੀ ਐਕਟ, 1951
21. ਸੰਵਿਧਾਨ (ਚਾਲ੍ਹੀਵੀਂ ਸੋਧ) ਐਕਟ, 1976
22. ਸੰਵਿਧਾਨ (ਇਕਤਾਲੀਵੀਂ ਸੋਧ) ਐਕਟ, 1976
23. ਸੰਵਿਧਾਨ (ਬਤਾਲਵੀਂ ਸੋਧ) ਐਕਟ, 1976
24. ਸੰਵਿਧਾਨ ਦੀ ਪੰਜਵੀਂ ਅਨੁਸੂਚੀ (ਸੋਧ) ਐਕਟ, 1976
25. ਵਿਆਹ ਕਾਨੂੰਨ (ਸੋਧ) ਐਕਟ, 1976
26. ਵਿਸ਼ੇਸ਼ ਦਾਦਰਸੀ ਐਕਟ, 1963
27. ਵਿਸ਼ੇਸ਼ ਵਿਆਹ ਐਕਟ, 1954
28. ਵਿਕਾਯੋਗ ਲਿਖਤਾਂ ਐਕਟ, 1881
29. ਭਾਰਤੀ ਮੁਆਇਦਾ ਐਕਟ, 1872
30. ਸਰਪ੍ਰਸਤ ਅਤੇ ਪ੍ਰਤਿਪਾਲਤ ਐਕਟ, 1890
31. ਮਿਆਦ ਐਕਟ, 1963
32. ਸਰਕਾਰੀ ਆਮਦਨ ਵਸੂਲੀ ਐਕਟ, 1890
33. ਬਾਲ ਵਿਆਹ ਰੋਕ ਐਕਟ, 1929
34. ਦਾਜ ਮਨਾਹੀ (ਪੰਜਾਬ ਸੋਧ) ਐਕਟ, 1976
35. ਭਾਰਤੀ ਦੰਡ ਸੰਘਤਾ, 1860
36. ਗ੍ਰੈਚਇਟੀ ਦੀ ਅਦਾਇਗੀ ਐਕਟ, 1972

1976-77

The Indian Evidence Act, 1872

The Maternity Benefits Act, 1961

The Dowry Prohibition Act, 1951

The Constitution (Fortieth Amendment) Act, 1976

The Constitution (Forty-First Amendment) Act, 1976

The Constitution (Forty-Second Amendment) Act, 1976

The Fifth Schedule to the Constitution (Amendment) Act, 1976

1977-78

The Marriage Laws (Amendment) Act, 1976

The Specific Relief Act, 1963

The Special Marriage Act, 1954

The Negotiable Instruments Act, 1881.

The Indian Contract Act, 1872

The Guardians and Wards Act, 1890

The Limitation Act, 1963

The Revenue Recovery Act, 1890

The Child Marriage Restraint Act, 1929

The Dowry Prohibition (Punjab Amendment) Act, 1976

The Indian Penal Code, 1860.

The Payment of Gratuity Act, 1972

37. ਹਿੰਦੂ ਸੰਪਤੀ-ਨਿਬੇੜਾ ਐਕਟ, 1916	The Hindu Disposition of Property Act. 1916.
38. ਤਨਖਾਹਾਂ ਦਾ ਸਵੈ-ਇਛਤ ਅਰਪਣ (ਟੈਕਸ ਲਾਉਣ ਤੋਂ ਛੋਟ) ਐਕਟ,1961	The Voluntary Surrender of Salaries (Exemption from Taxation) Act, 1961
39. ਟੈਕਸਾਂ ਦੀ ਆਰਜ਼ੀ ਉਗਰਾਹੀ ਐਕਟ, 1934	The Provisional Collection of Taxes Act, 1931
40. ਸੰਪਦਾ ਮਯੂਲ (ਵੰਡ) ਐਕਟ, 1962	The Estate Duty (Distribution) Act, 1962
41 ਫ਼ੌਜਦਾਰੀ ਜ਼ਾਬਤਾ ਸੰਘਤਾ, 1973	The Code of Criminal Procedure, 1973
	1978-79
42. ਪੰਜਾਬ ਰਾਜ ਭਾਸ਼ਾ ਐਕਟ, 1967	The Punjab Official Language Act, 1967.
43. ਪੰਜਾਬ ਗ੍ਰਾਮ ਪੰਚਾਇਤ ਐਕਟ, 1952	The Punjab Gram Panchayat Act, 1952
44. ਸ਼ਹਿਰੀ ਭੋਂ ਉਚਤਮ (ਸੀਮਾਂ ਅਤੇ ਵਿਨਿਯਮਣ) ਐਕਟ, 1976	The Urban Land (Ceiling and Regulation) Act, 1976
45. ਲੋਕ ਪ੍ਰਤਿਨਿਧਤਾ ਐਕਟ, 1951	The Representation of the People Act, 1951.
46. ਹਿੰਦੂ ਵਿਆਹ (ਕਾਰਵਾਈਆਂ ਦਾ ਜ਼ਾਇਜ਼ ਕਰਣ) ਐਕਟ, 1960	The Hindu Marriage (Validation of Proceedings) Act, 1960
47. ਫੁੱਟਕਲ ਨਿੱਜੀ ਕਾਨੂੰਨ (ਵਿਸਤਾਰ) ਐਕਟ, 1959	The Miscellaneous Personal Laws (Extension) Act, 1959
48. ਮੁਸਲਿਮ ਨਿੱਜੀ ਕਾਨੂੰਨ (ਸ਼ਰੀਅਤ) ਲਾਗੂ-ਕਰਣ ਐਕਟ, 1937	The Muslim Personal Law (Shariat) Application Act, 1937.
49. ਕੱਚੀ ਮੈਮਨ ਐਕਟ, 1938	The Cutchi Memons Act, 1938
50. ਹਿੰਦੂ ਵਰਾਸਤ (ਨਿਰਯੋਗਤਾਵਾਂ ਦਾ ਦੂਰ-ਕਰਣ) ਐਕਟ, 1928	The Hindu Inheritance (Removal of Disabilities) Act, 1928
51. ਦੋ-ਮੈਂਬਰੀ ਚੋਣ-ਹਲਕੇ (ਅੰਤ-ਕਰਣ) ਐਕਟ, 1961	The Two-Members Constitutincies (Abolition) Act, 1961
52. ਮੁਸਲਿਮ ਵਿਆਹ ਤੁੜਾਉ ਐਕਟ, 1939	The Dissolution of Muslims Marriages Act, 1939
53. ਗਰਭ ਦੀ ਚਕਿਤਸਕ ਸਮਾਪਤੀ ਐਕਟ, 1971	The Medical Termination of Pregnancy Act, 1971.
54. ਸਹੁੰ ਐਕਟ, 1969	The Oaths Act, 1969
55. ਪੰਜਾਬ ਗ੍ਰਾਮ ਪੰਚਾਇਤ (ਸੋਧ) ਆਰਡੀਨੈਂਸ, 1978	The Punjab Gram Panchayat (Amendment) Ordinance, 1978
56. ਬਾਲ-ਵਿਆਹ ਰੋਕ (ਸੋਧ) ਐਕਟ, 1978	The Child Marriage Restraint (Amendment) Act, 1978.

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:
Panjab Digital Library

57. ਲੂਣ ਉਪਕਰ ਐਕਟ, 1953	The Salt Cess Act, 1953
58. ਪ੍ਰਾਈਵੇਟ ਸੰਪਦਾਵਾਂ ਦਾ ਸਰਕਾਰੀ ਪ੍ਰਬੰਧ ਐਕਟ, 1892	The Government Management of Private Estates Act, 1892.
59. ਆਰਥਕ ਅਪਰਾਧ (ਮਿਆਦ ਦਾ ਲਾਗੂ ਨਾ ਹੋਣ) ਐਕਟ, 1974	The Economic Offences (Inapplicability of Limitation) Act, 1974.
60. ਕੰਪਨੀ (ਕੌਮੀ ਫੰਡਾਂ ਨੂੰ ਦਾਨ) ਐਕਟ, 1951	The Companies (Donation to National Funds) Act, 1951.
61. ਅੰਤਰ-ਦੇਸ਼ੀ ਹਵਾਈ ਸਫਰ ਟੈਕਸ ਐਕਟ, 1971	The Inland Air Travel Tax Act, 1971.
62. ਅਬਰਕ ਖਾਨਾਂ ਮਜ਼ਦੂਰ ਭਲਾਈ ਫੰਡ ਐਕਟ, 1946	The Mica Mines Labour Welfare Act, 1946.
63 ਪੰਜਾਬ ਡੰਗਰ ਮੇਲੇ (ਵਿਨਿਯਮਨ) ਐਕਟ, 1967	The Punjab Cattle Fairs (Regulation) Act, 1967
64. ਖਾਦੀ ਅਤੇ ਹੋਰ ਹੱਥ-ਖੱਡੀ ਉਦਯੋਗਾਂ ਦਾ ਵਿਕਾਸ (ਕਪੜੇ ਤੇ ਅਤਿਰਿਕਤ ਐਕਸਾਈਜ਼ ਮਸੂਲ) ਐਕਟ, 1953	The Khadi and Other Handloom Industries Development (Additional Excise Duty on Cloth) Act, 1953
65. ਰੇਲਵੇ ਸਵਾਰੀਆਂ ਤੇ ਟਰਮੀਨਲ ਟੈਕਸ ਐਕਟ, 1656	The Terminal Tax on Railway Passengers, Act, 1956
66. ਸੰਵਿਧਾਨ (ਤਰਤਾਲੀਵੀਂ ਸੋਧ) ਐਕਟ, 1977	The Constitution (Forty-Third Amendment) Act, 1977
67. ਜ਼ਬਤ ਜਮ੍ਹਾਂ ਰਕਮਾਂ ਐਕਟ, 1850	The Forfeited Deposits Act, 1850
68. ਉਦਯੋਗਿਕ ਝਗੜੇ (ਬੈਂਕਿੰਗ ਕੰਪਨੀਆਂ) ਫੈਸਲਾ ਐਕਟ, 1955	The Industrial Disputes (Banking Companies) Decision Act, 1955.
69. ਬੱਚੇ (ਮਜ਼ਦੂਰੀ ਗਿਰਵੀ-ਰੱਖਣ) ਐਕਟ, 1933	The Children (Pledging of Labour) Act, 1933.
70. ਉਦਯੋਗਕ ਝਗੜੇ (ਬੈਂਕਿੰਗ ਅਤੇ ਬੀਮਾ ਕੰਪਨੀਆਂ) ਐਕਟ, 1949	The Industrial Disputes (Banking and Insurance Companies) Act, 1949
71. ਭਰਿਸ਼ਟਾਚਾਰ ਨਿਵਾਰਣ ਐਕਟ, 1947	The Prevention of Corruption Act, 1947
72. ਉਜਰਤ ਅਦਾਇਗੀ ਐਕਟ, 1936	The Payment of Wages Act, 1936.
73. ਰੋਜ਼ਗਾਰ ਦਫ਼ਤਰ (ਖਾਲੀ ਥਾਵਾਂ ਦੀ ਲਾਜ਼ਮੀ ਅਧਿਸੂਚਨਾ) ਐਕਟ, 1959	The Employment Exchange (Compulsory Notification of Vacancies) Act, 1959.
74. ਇਸਤਰੀਆਂ ਅਤੇ ਲੜਕੀਆਂ ਅਣਸਦਾਚਾਰਕ ਵਪਾਰ ਦਾ ਦਮਨ ਐਕਟ, 1956	The Suppression of Immoral Traffic in Women and Girls Act, 1956
75. ਚੂਨਾ-ਪੱਥਰ ਅਤੇ ਡੋਲੋ-ਮਾਈਟ ਖਾਨ ਮਜ਼ਦੂਰ ਭਲਾਈ ਫੰਡ ਐਕਟ, 1972	The Limestone and Dolomite Mines Labour Welfare Fund Act, 1972

Original with: Punjab Vidhan Sabha
Digitized by: Panjab Digital Library

76. ਹਫਤਾਵਾਰੀ ਛੁੱਟੀਆਂ ਐਕਟ, 1942	The Weekly Holidays Act, 1942.
77. ਸੰਪਤੀ ਇੰਤਕਾਲ ਐਕਟ, 1882	The Transfer of Property Act, 1882.
78. ਟੈਕਸ ਤੇ ਕਾਨੂੰਨ (ਵਸੂਲੀ ਕਾਰਵਾਈਆਂ ਚਾਲੂ ਰੱਖੀਆਂ ਜਾਣੀਆਂ ਅਤੇ ਜਾਇਜ਼ਕਰਣ) ਐਕਟ, 1954	The Taxation Laws (Continuance of Recovering Proceedings and Validation) Act, 1964
79. ਸਰਕਾਰੀ ਭੇਦ ਐਕਟ, 1923	The Official Secrets Act, 1923
80. ਕੋਲਾ ਖਾਨ ਮਜ਼ਦੂਰ ਭਲਾਈ ਫੰਡ ਐਕਟ, 1947	The Coal Mines Labour Welfare Fund Act, 1947
81. ਬਾਗ਼ਾਨ ਮਜ਼ਦੂਰ ਐਕਟ, 1951	The Plantation Labour Act, 1951
82. ਕਾਮੇ ਪੱਤਰਕਾਰ ਅਤੇ ਹੋਰ ਅਖ਼ਬਾਰੀ ਕਰਮਚਾਰੀ (ਸੇਵਾ ਦੀਆਂ ਸ਼ਰਤਾਂ) ਅਤੇ ਫੁੱਟਕਲ ਉਪਬੰਧ ਐਕਟ, 1955	The Working Journalists and other Newspaper Employees (Conditions of Service) and Miscellaneous Provisions Act, 1955
83. ਕਾਮੇਂ ਪੱਤਰਕਾਰ (ਉਜਰਤ ਦੀਆਂ ਦਰਾਂ ਨਿਯਤ ਕਰਨਾ) ਐਕਟ, 1958	The Working Journalists (Fixation of Rates of Wages) Act, 1958
84. ਚੋਣ ਕਾਨੂੰਨ (ਸੋਧ) ਐਕਟ, 1975	The Election Laws (Amendment) Act, 1975
85. ਮੋਟਰ ਟਰਾਂਸਪੋਰਟ ਕਾਮੇ ਐਕਟ, 1961	The Motor Transport Workers Act, 1961
86. ਸਿਵਲ ਅਧਿਕਾਰਾਂ ਦੀ ਹਿਫ਼ਾਜ਼ਤ ਐਕਟ, 1955	The Protection of Civil Rights Act, 1955
87. ਕਰਮਚਾਰੀ ਰਾਜ ਬੀਮਾਂ ਐਕਟ, 1948	The Employees State Insurance Act, 1948
88 ਪੰਜਾਬ ਅਨੁਸੂਚਿਤ ਜਾਤਾਂ ਭੋਂ ਵਿਕਾਸ ਅਤੇ ਵਿੱਤ ਨਿਗਮ ਐਕਟ, 1970	The Punjab Scheduled Castes Land Development and Finance Corporation Act, 1970
89. ਗੋਦੀ ਕਾਮੇ (ਨਿਯੋਜਨ ਦਾ ਵਿਨਿਯਮਨ) ਐਕਟ, 1948	The Dock Workers (Regulation of Employment) Act, 1948
90. ਘੱਟ ਤੋਂ ਘੱਟ ਉਜਰਤ ਐਕਟ, 1948	The Minimum Wages Act, 1948
91. ਨਿਯੋਜਕ ਉਤਰਦਾਇਤਾ ਐਕਟ, 1938	The Employers Liability Act, 1938
92 ਉਦਯੋਗਕ ਨਿਯੋਜਨ (ਸਥਾਈ ਹੁਕਮ) ਐਕਟ, 1946	The Industrial Employment (Standing Orders) Act, 1946
93. ਲੋਕ ਪ੍ਰਤਿਨਿਧਤਾ ਐਕਟ, 1950	The Representation of People Act, 1950
94. ਐਕਸਾਈਜ਼ (ਮਾਲਟ ਲਿਕਰ) ਐਕਟ, 1890	The Excise (Malt Liquors) Act, 1890

Original with:
Punjab Vidhan Sabha
Digitized by:
Panj

95. ਭਾਰਤੀ ਟ੍ਰਸਟ ਐਕਟ, 1882	The Indian Trusts Act, 1882
96. ਸ਼ਸਤਰ ਐਕਟ, 1959	The Arms Act, 1959
97. ਕਾਪੀ ਰਾਈਟ ਐਕਟ, 1957	The Copyrights Act, 1957
98. ਪੰਜਾਬ ਪਿੰਡ ਸ਼ਾਮਲਾਤ ਭੋਂ (ਵਿਨਿਯਮ) ਐਕਟ, 1961	The Punjab Village Common Lands (Regulation) Act, 1961
99. ਪੰਜਾਬ ਗ੍ਰਾਮ ਪੰਚਾਇਤ (ਸੋਧ) ਐਕਟ, 1978	The Punjab Gram Panchayat (Amendment) Act, 1978
100. ਅਪਰਾਧੀ ਪ੍ਰਖ ਐਕਟ, 1958	The Probation of Offenders Act, 1958
101. ਪਾਸਪੋਰਟ ਐਕਟ, 1967	The Passport Act, 1967
102. ਭਾਰਤੀ ਬਾਲਗੀ ਐਕਟ, 1875	The Indian Majority Act, 1875
103. ਵਿਭਾਗੀ ਜਾਂਚਾਂ (ਗਵਾਹਾਂ ਨੂੰ ਹਾਜ਼ਰ ਕਰਾਉਣ ਅਤੇ ਦਸਤਾਵੇਜ਼ਾਂ ਪੇਸ਼ ਕਰਾਉਣ) ਐਕਟ, 1972	The Departmental Inquiries (Enforcement of Attendance of Witnesses and Production of Documents) Act, 1972
104. ਕੌਮੀ ਸਨਮਾਨ ਦਾ ਅਪਮਾਨ ਨਿਵਾਰਣ ਐਕਟ, 1971	The Prevention of Insult to National Honour Act, 1971
105. ਜ਼ਾਤ ਨਿਰਯੋਗਤਾਵਾਂ ਦੂਰ ਕਰਨ ਐਕਟ, 1850	The Caste Disabilities Removal Act, 1850
106. ਰਾਜ-ਧ੍ਰੋਹੀ ਇਕੱਤਰਤਾਵਾਂ ਨਿਵਾਰਣ ਐਕਟ, 1911	The Prevention of Seditious Meetings Act, 1911
1979-80	
107. ਜ਼ਾਬਤਾ ਫੌਜਦਾਰੀ ਸੰਘਤਾ (ਸੋਧ) ਐਕਟ, 1978	The Code of Criminal Procedure (Amendment) Act, 1978
108. ਖਾਧਵਾਤਾਂ ਵਿਚ ਮਿਲਾਵਟ ਨਿਵਾਰਣ ਐਕਟ, 1954	The Prevention of Food Adulteration Act, 1954
109. ਡੰਗਰ ਮੇਲੇ (ਵਿਨਿਯਮਨ) ਨਿਯਮ, 1968	The Cattle Fair (Regulation) Rules, 1968
110. ਮਲਾਹ ਪ੍ਰਾਵੀਡੈਂਟ ਫੰਡ ਐਕਟ, 1966	The Seamen's Provident Fund Act, 1966
111. ਪੁਲਿਸ ਫੋਰਸ (ਅਖਤਿਆਰਾਂ ਤੇ ਪਾਬੰਦੀ) ਐਕਟ, 1966	The Police Forces (Restriction of Rights) Act, 1966
112. ਬੈਂਕਰਾਂ ਦੀਆਂ ਕਿਤਾਬਾਂ ਦੀ ਸ਼ਹਾਦਤ ਐਕਟ, 1891	The Bankers Books Evidence Act, 1891
113. ਕਿਤਾਬਾਂ ਅਤੇ ਅਖਬਾਰਾਂ ਦੀ ਹਵਾਲਗੀ (ਲੋਕ ਪੁਸਤਕਾਲੇ) ਐਕਟ, 1954	The Delivery of Books and Newspapers (Pubiic Libraries) Act, 1954

Original with:
Punjab Vidhan Sabha
Digitized by:
Panjab Digital Library

114. ਸਿਖਿਆਰਥੀ ਐਕਟ, 1961	The Apprentices Act, 1961
115. ਸਰਬ-ਭਾਰਤੀ ਸੇਵਾਵਾਂ ਐਕਟ, 1951	The All Indian Services Act, 1951
116. ਲੋਕ ਪ੍ਰਾਵੀਡੈਂਟ ਫੰਡ ਐਕਟ, 1968	The Public Provident Fund Act, 1968
117. ਖਣਿਜੀ ਉਤਪਾਦਤ ਵਸਤਾਂ (ਅਤਿਰਿਕਤ ਐਕਸਾਈਜ਼ ਅਤੇ ਸੀਮਾਂ ਮਸੂਲ) ਐਕਟ, 1958	The Mineral Products (Additional duties of Excise and Customs) Act, 1958
118. ਭਾਰਤੀ ਵਿਆਹ ਸਬੰਧੀ ਮੁਕੱਦਮੇ (ਯੁੱਧ ਦੇ ਦੌਰਾਨ ਹੋਏ ਵਿਆਹ) ਐਕਟ, 1948	The Indian Matrimonial Causes (War Marriages) Act, 1948
119. ਪੰਜਾਬ ਸਧਾਰਣ ਖੰਡ ਐਕਟ, 1898	The Punjab General Clauses Act, 1898
120. ਭਾਰਤੀ ਸੁਖ ਅਧਿਕਾਰੀ ਐਕਟ, 1882	The Indian Easements Act, 1882
121. ਛੋਟੇ ਸਿੱਕੇ (ਅਪਰਾਧ) ਐਕਟ, 1971	The Small Coins (Offecnes) Act, 1971
122. ਯਤੀਮਖਾਨੇ ਤੋਂ ਹੋਰ ਦਾਨ ਅਧਾਰੀ ਆਸ਼ਰਮ (ਨਿਗਰਾਨੀ ਅਤੇ ਕੰਟਰੋਲ) ਐਕਟ, 1960	The Orphanages Charitable Homes (Supervision and Control) Act, 1960
123. ਨੌ-ਉਮਰ-ਵਿਅਕਤੀ (ਨੁਕਸਾਨਦਿਹ ਪ੍ਰਕਾਸ਼ਨ) ਐਕਟ, 1956	The Young Persons (Harmful Publications) Act, 1956
124. ਸੰਸਦ (ਨਾਕਾਬਲੀ ਅਤੇ ਨਿਵਾਵਣ) ਐਕਟ, 1959	The Parliament (Prevention of Disqualification) Act, 1959
125. ਫੈਕਟਰੀ ਐਕਟ, 1948	The Factories Act, 1948
126. ਵਿਸਫੋਟਕ ਪਦਾਰਥ ਐਕਟ, 1908	The Explosive Substances Act, 1908
127. ਭਾਰਤੀ ਵਿਸਫੋਟਕ ਐਕਟ, 1884	The Indian Explosives Act, 1884
128. ਭਾਰਤ ਦਾ ਯੂਨਿਟ ਟ੍ਰਸਟ ਐਕਟ, 1963	The Unit Trust of India Act, 1963
129. ਪੁਲਿਸ ਐਕਟ, 1861	The Police Act, 1861
120. ਲੋਕ ਸੇਵਕ (ਜਾਂਚ) ਐਕਟ, 1850	The Public Servants (Enquiries) Act, 1850
131. ਰੇਲਵੇ ਸੰਪਤੀ (ਕਾਨੂੰਨ ਵਿਰੁੱਧ ਕਬਜ਼ਾ) ਐਕਟ, 1966	The Railway Property (Unlawful Possession) Act, 1966
132. ਭਾਰਤੀ ਈਸਾਈ ਵਿਆਹ ਐਕਟ, 1872	The Indian Christian Marriage Act, 1872
133. ਵਿਦੇਸ਼ੀ ਵਿਆਹ ਐਕਟ, 1969	The Foreign Marriage Act, 1969

Original with:
Punjab Vidhan Sabha
Digitized by:

134. ਭਾਰਤੀ ਤਲਾਕ ਐਕਟ, 1869
135. ਖ਼ਤਰਨਾਕ ਭੇਖਜ਼ ਐਕਟ, 1930
136. ਬੰਧਤ ਮਜ਼ਦੂਰੀ ਪ੍ਰਣਾਲੀ (ਅੰਤਕਰਨ) ਐਕਟ, 1976
137. ਭੋਂ ਅਰਜਨ ਐਕਟ, 1894
138. ਕਾਮਾ ਮੁਆਵਜ਼ਾ ਐਕਟ, 1923
139. ਸੰਪਦਾ ਮਸੂਲ (ਵੰਡ ਸੋਧ) ਐਕਟ, 1979
140. ਕਾਨੂੰਨੀ ਮੁਦਰਾ (ਅੰਤਰ ਲਿਖਤ ਨੋਟ) ਐਕਟ, 1964
141. ਰੇਲਵੇ (ਸ਼ਸਤਰਧਾਰੀ ਸੈਨਾਂ ਦੇ ਮੈਂਬਰਾਂ ਦਾ ਨਿਯੋਜਨ) ਐਕਟ, 1965
142. ਪੁਲਿਸ (ਦੁਪਿਆਰ ਉਕਸਾਹਣ) ਐਕਟ, 1922
143. ਖੰਡ (ਵਿਸ਼ੇਸ਼ ਐਕਸਾਈਜ਼) ਐਕਟ, 1959
144. ਬਦੇਸ਼ੀ ਅਵਾਰਡ (ਮਾਨਤਾ ਅਤੇ ਨਾਫ਼ਜ਼ ਕਰਾਉਣ) ਐਕਟ, 1961
145. ਜੱਜ (ਜਾਂਚ) ਐਕਟ, 1968
146. ਬੱਚਿਆਂ ਦਾ ਨਿਯੋਜਨ ਐਕਟ, 1938
147. ਕਾਨੂੰਨ ਵਿਰੁੱਧ ਸਰਗਰਮੀਆਂ (ਰੋਕਥਾਮ) ਐਕਟ, 1967
148. ਵਣਜਕ ਦਸਤਾਵੇਜ਼ਾਂ ਦੀ ਸ਼ਹਾਦਤ ਐਕਟ, 1939
149. ਜ਼ਰਾਇਤੀ ਉਪਜ (ਦਰਜਾਬੰਦੀ ਅਤੇ ਚਿੰਨ ਅੰਕਣ) ਐਕਟ, 1937
150. ਕੇਂਦਰੀ ਉਦਯੋਗਕ ਸੁੱਰਖਿਆ ਫ਼ੋਰਸ ਐਕਟ, 1968
151. ਕੋਲਾ ਖਾਣ ਪ੍ਰਾਵੀਡੰਟ ਫੰਡ ਅਤੇ ਬੋਨਸ ਸਕੀਮਾਂ ਐਕਟ, 1948
152. ਸੰਘ ਐਕਸਾਈਜ਼ ਮਸੂਲ (ਵੰਡ) ਐਕਟ, 1979
153. ਤੋਹੀਨ ਅਦਾਲਤ ਐਕਟ, 1971
154. ਸੀਮਾਂ-ਮਸੂਲ ਐਕਟ, 1962

The Indian Divorce Act, 1869
The Dangerous Drugs Act, 1930
The Bonded Labour System (Abolition) Act, 1976
The Land Acquisition Act, 1894
The Workmen's Compensation Act, 1923
The Estate Duty (Distribution) (Amendment) Act, 1979
The Legal Tender (Inscribed Notes) Act, 1964
The Railways (Employment of the members of the Armed Forces) Act, 1965
The Police (Incitement to Disaffection) Act, 1922
The Sugar (Special Excise) Act, 1959
The Foreign Awards (Recognition and Enforcement) Act, 1961
The Judges (Inquiry) Act, 1968
The Employment of Children Act, 1938
The Unlawful Activities (Prevention Action) Act, 1967
The Commercial Documents Evidence Act, 1939
The Agricultural Produce (Gradation and Marking) Act, 1937
The Central Industrial Security Force Act, 1968
The Coal Mines Provident Fund and Bonus Schemes Act, 1948
The Union Excise Duties (Distribution) Act, 1979
The Contempt of Courts Act, 1971
The Customs Act, 1962

Original with:
Punjab Vidhan Sabha
Digitized by:
Panjab Digital Library

155. ਬੀੜੀ ਅਤੇ ਸਿਗਾਰ ਕਾਮੇ (ਨਿਯੋਜਨ ਦੀਆਂ ਪ੍ਰਿਸਥਿਤੀਆਂ) ਐਕਟ, 1966	The Beedi and Cigar Workers (Conditions of Employment) Act, 1966
156. ਵਿਆਜ ਐਕਟ, 1978	The Interest Act, 1978
157. ਬਦੇਸ਼ੀ ਮੁਦਰਾ ਪਰਿਰਖਣ ਤੇ ਸਮਗਲਿੰਗ ਸਰਗਰਮੀਆਂ ਨਿਵਾਰਣ ਐਕਟ, 1974	The Conservation of Foreign Exchange Preservation & Prevention of Smuggling Activities Act, 1974
158. ਸੋਸਾਇਟੀ ਰਜਿਸਟਰੀਕਰਣ ਐਕਟ, 1860	The Societies Registeration Act, 1860
159. ਸਾਲਸੀ ਐਕਟ, 1940	The Arbitrations Act, 1940
160. ਬਦੇਸ਼ੀ ਮੁਦਰਾ (ਵਿਨਿਯਮਨ) ਐਕਟ, 1973	The Foreign Exchange (Regulations) Act, 1973
161. ਕੱਚਾ ਲੋਹਾ ਖਾਣ ਮਜ਼ਦੂਰ ਭਲਾਈ ਉਪਕਰ ਐਕਟ, 1961	The Iron Ore Mines Labour Welfare Cess Act, 1961
162. ਸਮੱਗਲਰ ਅਤੇ ਬਦੇਸ਼ੀ ਮੁਦਰਾ ਛਲ-ਸਾਧਕ (ਸੰਪਤੀ ਦੀ ਜਬਤੀ) ਵਿਆਹ ਐਕਟ, 1976	The Smugglers and Foreign Exchange Manipulators (Forfeiture of Property) Act, 1976
163. ਅਨੰਦ ਵਿਆਹ ਐਕਟ, 1909	The Anand Marriage Act, 1909
164. ਪੰਜਾਬ ਮਾਲੀਆ ਐਕਟ, 1887	The Punjab Land Revenue Act, 1887

ਅਨੁਲਗ (ਅ)

ਪੰਜਾਬ ਰਾਜ ਭਾਸ਼ਾ (ਵਿਧਾਨਿਕ) ਕਮਿਸ਼ਨ ਲਈ ਮਨਜ਼ੂਰ ਹੋਏ ਅਮਲੇ ਦੀ ਸੂਚੀ

ਲੜੀ ਨੰ:	ਆਸਾਮੀ ਦਾ ਨਾਂ	ਆਸਾਮੀਆਂ ਦੀ ਗਿਣਤੀ	ਵਿਸ਼ੇਸ਼ ਕਥਨ
1	2	3	4
1.	ਪੂਰਨ ਕਾਲੀ ਮੈਂਬਰ, ਪੰਜਾਬ ਰਾਜ ਭਾਸ਼ਾ (ਵਿਧਾਨਿਕ) ਕਮਿਸ਼ਨ	2	1. ਪਹਿਲਾਂ ਇਕ ਆਸਾਮੀ ਹੀ ਭਰੀ ਗਈ ਅਤੇ ਮੈਂਬਰ ਨੇ 1 ਸਤੰਬਰ, 1973 ਤੋਂ 2 ਅਗਸਤ, 1974 ਤਕ ਕੰਮ ਕੀਤਾ । ਬਾਦ ਵਿਚ ਦੋਵੇਂ ਆਸਾਮੀਆਂ ਕਾਫੀ ਚਿਰ ਖਾਲੀ ਰਹਿਣ ਪਿਛੋਂ ਫਰਵਰੀ, 1977 ਵਿਚ ਭਰੀਆਂ ਗਈਆਂ ।
2.	ਸਹਾਇਕ ਕਾਨੂੰਨੀ ਮਸ਼ੀਰ	2	ਇਕ ਆਸਾਮੀ 1973 ਤੋਂ ਭਰੀ ਹੋਈ ਹੈ ਅਤੇ ਦੂਜੀ ਆਸਾਮੀ ਅਜੇ ਤਕ ਖਾਲੀ ਹੈ। ਇਸ ਦੇ ਰਾਖਵਾਂ ਕਰਨ ਬਾਰੇ ਸਰਕਾਰ (ਗ੍ਰਹਿ ਵਿਭਾਗ) ਨਾਲ ਲਿਖਾ ਪੜ੍ਹੀ ਚਲ ਰਹੀ ਹੈ ।
3.	ਪਰੂਫ ਰੀਡਰ	2	—
4.	ਖੋਜ ਸਹਾਇਕ	4	—
5.	ਸਹਾਇਕ	1	—
6.	ਸੀਨੀਅਰ ਸਕੇਲ ਸਟੈਨੋਗ੍ਰਾਫਰ	2	—
7.	ਜੂਨੀਅਰ ਸਕੇਲ ਸਟੈਨੋਗ੍ਰਾਫਰ	1	—
8.	ਸਟੈਨੋ ਟਾਈਪਿਸਟ	4	ਤਿੰਨ ਆਸਾਮੀਆਂ ਹਾਲੇ ਤਕ ਨਹੀਂ ਭਰੀਆਂ ਗਈਆਂ ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

1	2	3	4
9.	ਕਲਰਕ	4	—
10.	ਰਸਟੋਰਰ	1	—
11.	ਦਫ਼ਤਰੀ,	1	—
12.	ਸੇਵਾਦਾਰ	8	ਸੇਵਾਦਾਰਾਂ ਦੀਆਂ ਤਿੰਨ ਆਸਾਮੀਆਂ ਹਾਲੇ ਤਕ ਖਾਲੀ ਹਨ ।
13.	ਚੌਕੀਦਾਰ	1	—

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panc

ਖਰਚੇ ਦਾ ਵੇਰਵਾ		1—4—73 31—3—74	1974-75	1975-76	1976-77	1977-78	1978-79	1979-80
1		2	3	4	5	6	7	8
ਆਮਲੇ ਤੇ ਤਨਖਾਹ ਅਤੇ ਭੱਤੇ	...	44,722,90	82,942	98,913	1,05,065	1,11,324	1,23,843	1,36,235
ਦਫ਼ਤਰੀ ਅਗੇਤ ਖਰਚੇ	...	10,111	22,417	22,918	23,911	24,129	24,948	24,987
ਪਰੋਫੈਸ਼ਨਲ	...	...	...	2,800	5,000	2,300	3,400	1,800
ਸ਼ਫਰੀ ਭੱਤੇ/ਦੈਨਿਕ ਭਤੇ	...	...	...	983	277	2,900	1,611	1,303
ਕੁਲ ਜੋੜ	...	54,833.90	1,05,359	1,25,614	1,34,253	1,40,602	1,53,802	1,64,325

ਭਾਸ਼ਾ ਵਿਭਾਗ ਦੁਆਰਾ ਮਾਰੇ ਗਏ ਛਾਪੇ

*198. ਸਰਦਾਰ ਆਤਮਾ ਸਿੰਘ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਪੰਜਾਬ ਸਰਕਾਰ ਦੇ ਦਫ਼ਤਰਾਂ ਵਿੱਚ, ਪੰਜਾਬ ਸਰਕਾਰੀ ਭਾਸ਼ਾ ਐਕਟ, 1967 ਦੇ ਉਪਬੰਧਾਂ ਨੂੰ ਲਾਗੂ ਕਰਾਉਣ ਲਈ ਭਾਸ਼ਾ ਵਿਭਾਗ ਦੁਆਰਾ 20 ਫਰਵਰੀ, 1980 ਤੋਂ 30 ਜੂਨ, 1980 ਤਕ ਦੇ ਸਮੇਂ ਦੇ ਦੌਰਾਨ ਮਾਰੇ ਗਏ ਛਾਪਿਆਂ ਦਾ ਵੇਰਵਾ ਕੀ ਹੈ ;

(ਅ) ਉਕਤ ਐਕਟ ਅਧੀਨ, ਸਰਕਾਰ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਨਾ ਕਰਦੇ ਹੋਏ ਫੜੇ ਗਏ ਅਫ਼ਸਰਾਂ ਅਤੇ ਕਰਮਚਾਰੀਆਂ ਦੇ ਨਾਂ ਕੀ ਕੀ ਹਨ ;

(ਏ) ਉਕਤ ਭਾਗ (ਅ) ਵਿੱਚ ਵਰਣਿਤ ਵਿਅਕਤੀਆਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਕੋਈ ਛਾਪਾ ਨਹੀਂ ਮਾਰਿਆ ਗਿਆ ।

(ਅ) ਤੇ (ਏ) ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

Construction of Bridge on a Stream on Morinda-Chuni Road

***219. Sardar Birdevinder Singh :** Will the Chief Minister be pleased to state whether it is a fact that the construction work of a bridge proposed to be constructed on a stream on Morinda-Chuni Road has been suspended by the Government ; if so, the time by which its construction is likely to be resumed ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ, ਕੰਮ ਬਰਸਾਤ ਤੋਂ ਬਾਅਦ ਸ਼ੁਰੂ ਕੀਤਾ ਜਾਵੇਗਾ।

Deaths occurred in Police custody in the State

***75 Master Babu Singh :** Will the Chief Minister be pleased to state the total number of deaths occurred in police custody in the State during the period from 1977 todate together with the names of places where the said deaths occurred and the action taken against the culprits ?

ਸਰਦਾਰ ਦਰਬਾਰਾ ਸਿੰਘ : ਰਾਜ ਵਿਚ ਮਿਤੀ 1 ਜਨਵਰੀ, 1977 ਤੋਂ ਲੈਕੇ ਮਿਤੀ 26 ਜੂਨ, 1980 (ਵਿਧਾਨ ਸਭਾ ਸ਼ਟਾਰਡ ਸਵਾਲ ਦਾ ਨੋਟਿਸ ਪ੍ਰਾਪਤ ਹੋਣ ਦੀ ਮਿਤੀ) ਤੱਕ ਦੇ ਸਮੇਂ ਦੇ ਦੌਰਾਨ ਪੁਲਿਸ ਹਿਰਾਸਤ ਵਿਚ ਕੁਲ 16 ਮੌਤਾਂ ਹੋਈਆਂ । ਇਨ੍ਹਾਂ ਮੌਤਾਂ ਦੀ ਥਾਂ ਅਤੇ ਦੋਸ਼ੀਆਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ਕ੍ਰਮ ਅੰਕ	ਮੌਤ ਹੋਣ ਦੀ ਥਾਂ	ਦੋਸ਼ੀਆਂ ਵਿਰੁੱਧ ਕੀਤੀ ਗਈ ਕਾਰਵਾਈ
1	2	3
1.	ਥਾਣਾ ਡਵੀਜ਼ਨ ਨੰ: 3, ਜਲੰਧਰ	ਮੁਕਦਮਾ ਅਦਾਲਤ ਵੱਲੋਂ ਖਾਰਜ ਕੀਤਾ ਗਿਆ ।
2.	ਥਾਣਾ ਰੇਲਵੇ ਪੁਲਿਸ, ਜ਼ਲੰਧਰ	ਦੋਸ਼ੀ ਅਦਾਲਤ ਵਲੋਂ ਸਜ਼ਾ ਯਾਬ ਹੋਏ।
3.	ਥਾਣਾ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ	5 ਦੋਸ਼ੀਆਂ ਵਿਚੋਂ ਦੋ ਦੋਸ਼ੀਆਂ ਨੂੰ ਸਜ਼ਾ ਹੋਈ ਅਤੇ 3 ਦੋਸ਼ੀ ਬਰੀ ਹੋਏ।
4.	ਸੀ. ਆਈ. ਏ. ਸਟਾਫ-ਅੰਮ੍ਰਿਤਸਰ	ਅਦਾਲਤ ਵਿਚੋਂ ਦੋਸ਼ੀ ਬਰੀ ਹੋਏ।
5.	ਥਾਣਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ	ਕੋਈ ਮੁਕਦਮਾ ਦਰਜ ਨਹੀਂ ਕੀਤਾ ਗਿਆ ਕਿਉਂਕਿ ਮੌਤ ਸੱਪ ਦੇ ਕਟਣ ਕਾਰਨ ਹੋਈ ਸੀ।
6. 7.	ਥਾਣਾ ਸਿਟੀ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ	6 ਵਿਅਕਤੀਆਂ ਵਿਰੁਧ ਮੁਕਦਮਾ ਅਦਾਲਤ ਵਿਚ ਲੰਬਿਤ ਹੈ ਜਦ ਕਿ ਇਕ ਦੋਸ਼ੀ ਨੂੰ ਅਦਾਲਤ ਨੇ ਨਿਰਦੋਸ਼ ਮੰਨ ਕੇ ਰਿਹਾਅ ਕਰ ਦਿਤਾ ਹੈ।
8.	ਥਾਣਾ ਕੋਤਵਾਲੀ, ਅੰਮ੍ਰਿਤਸਰ	ਕੋਈ ਮੁਕਦਮਾ ਦਰਜ ਨਹੀਂ ਕੀਤਾ ਗਿਆ ਕਿਉਂਕਿ ਮੌਤ ਦਿਲ ਫੇਲ੍ਹ ਹੋਣ ਕਾਰਨ ਹੋਈ ਸੀ ।
9.	ਥਾਣਾ ਗੜ੍ਹ ਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ	ਕੋਈ ਮੁਕਦਮਾ ਦਰਜ ਨਹੀਂ ਕੀਤਾ ਗਿਆ ਕਿਉਂਕਿ ਮੌਤ ਦਿਲ ਫੇਲ੍ਹ ਹੋਣ ਕਾਰਨ ਹੋਈ ਸੀ।
10.	ਥਾਣਾ ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ	ਮੁਕਦਮਾ ਤਫਤੀਸ਼ ਅਧੀਨ ਹੈ।

Original with:
Punjab Vidhan Sabha
Digitized by:
Panjab Digital Library

1	2	3
11.	ਰਾਜਿੰਦਰਾ ਹਸਪਤਾਲ, ਪਟਿਆਲਾ	ਮੁਕਦਮਾ ਖਾਰਜ ਕੀਤਾ ਗਿਆ ਕਿਉਂਕਿ ਮੌਤ ਸਦਮੇ ਕਾਰਨ ਹੋਈ ਸੀ।
12.	ਅਹਿਮਦਗੜ੍ਹ ਹਸਪਤਾਲ, ਜ਼ਿਲ੍ਹਾ ਸੰਗਰੂਰ	ਕੋਈ ਮੁਕਦਮਾ ਦਰਜ ਨਹੀਂ ਕੀਤਾ ਗਿਆ ਕਿਉਂਕਿ ਮੌਤ ਅਚਾਨਕ ਬੀਮਾਰ ਹੋਣ ਕਾਰਨ ਹੋਈ ਸੀ। ਮੈਜਿਸਟੀਰੀਅਲ ਇਨਕੁਆਇਰੀ ਚਲ ਰਹੀ ਹੈ।
13.	ਥਾਣਾ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ	ਮੁਕੱਦਮੇ ਵਿਚ ਅਦਮ ਪਤਾ ਰਿਪੋਰਟ ਭੇਜੀ ਜਾ ਚੁਕੀ ਹੈ। ਕਸੂਰਵਾਰ ਪੁਲਿਸ ਅਫ਼ਸਰਾਂ ਦੇ ਵਿਰੁਧ ਮਹਿਕਮਾਨਾ ਕਾਰਵਾਈ ਕੀਤੀ ਜਾ ਰਹੀ ਹੈ।
14.	ਥਾਣਾ ਬਾਘਾ ਪੁਰਾਣਾ, ਜ਼ਿਲ੍ਹਾ ਫਰੀਦਕੋਟ	ਦੋਸ਼ੀ ਪੁਲਿਸ ਕਰਮਚਾਰੀਆਂ ਨੂੰ ਅਦਾਲਤ ਵਿਚੋਂ ਸਜ਼ਾ ਹੋ ਚੁਕੀ ਹੈ।
15.	ਥਾਣਾ ਸਿਟੀ ਮੋਗਾ, ਜ਼ਿਲ੍ਹਾ ਫਰੀਦਕੋਟ	ਅਦਾਲਤ ਵਿਚੋਂ ਦੋਸ਼ੀ ਬਰੀ ਹੋ ਚੁਕੇ ਹਨ।
16.	ਕਰਿਸਚੀਅਨ ਮੈਡੀਕਲ ਕਾਲਜ, ਲੁਧਿਆਣਾ	ਦੋਸ਼ੀ ਗ੍ਰਿਫ਼ਤਾਰ ਕੀਤੇ ਜਾ ਚੁਕੇ ਹਨ ਅੱਤੇ ਮੁਕੱਦਮਾ ਤਫਤੀਸ਼ ਅਧੀਨ ਹੈ।

Purchase of Land by Government in Chandigarh

***170. Sardar Dilbagh Singh :** Will the Chief Minister be pleased to state whether the previous Ministry had purchased any land worth lacs of rupees from the U.T. Administration, Chandigarh to provide residential accommodation to its Officers and employees; if so, when ?

ਸਰਦਾਰ ਦਰਬਾਰਾ ਸਿੰਘ : ਜੀ ਹਾਂ । ਪੰਜਾਬ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਭੋਂ ਖਰੀਦੀ ਸੀ ਜਿਸ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ :—

(i) ਸੈਕਟਰ 38-ਬੀ ਵਿੱਚ 5330.607 ਵ. ਗਜ਼ ਭੋਂ ਨਵੰਬਰ, 1978 ਵਿੱਚ 4,26,449/ ਰੁਪਏ ਨਾਲ ; ਅਤੇ

(ii) ਸੈਕਟਰ 39-ਸੀ ਅਤੇ ਡੀ ਵਿੱਚ 88354.09 ਵ. ਗਜ਼ ਮਾਰਚ, 1980 ਵਿੱਚ 70,68,327/ ਰੁਪਏ ਨਾਲ ।

Construction of link Road from Raipur Balean to Dadar Sahib via Village Thatha (near Sarhali) Tehsil Tarn Taran District Amritsar

***139. Sardar Lakha Singh :** Will the Chief Minister be pleased to state : —

(a) whether Government accorded sanction for the construction of link road from Raipur Balean to Dadar Sahib via village Thatha (near Sarhali) Tehsil Tarn Taran District Amritsar during the period from 1975 to 1980 (to date) ; if so, the date of the sanction and the amount sanctioned for the construction ;

(b) whether the said link road has been completed ; if not, the reasons therefor and the time by which it is likely to be completed ?

ਸਰਦਾਰ ਦਰਬਾਰਾ ਸਿੰਘ: (ੳ) ਜੀ ਹਾਂ, ਇਹ ਸੜਕ 65,000 ਰੁਪਏ ਅਨੁਮਾਨਤ ਲਾਗਤ ਤੇ ਮਿਤੀ 25 ਅਪ੍ਰੈਲ, 1977 ਨੂੰ ਮਨਜ਼ੂਰ ਕੀਤੀ ਗਈ ਸੀ।

(ਅ) ਨਹੀਂ ਜੀ, ਇਹ ਇਕ ਇੰਟਰ-ਲਿੰਕ ਸੜਕ ਹੈ ਅਤੇ ਇਸ ਦੀ ਉਸਾਰੀ ਇਹ ਸੋਚ ਕੇ ਸ਼ੁਰੂ ਕੀਤੀ ਗਈ ਸੀ ਕਿ ਇਸ ਦੀ ਉਸਾਰੀ ਲਈ ਲੋੜੀਂਦਾ ਧਨ ਮਾਰਕੀਟ ਕਮੇਟੀ, ਤਰਨ ਤਾਰਨ ਦੇਵੇਗੀ ਪ੍ਰੰਤੂ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਮਾਰਕੀਟ ਕਮੇਟੀ, ਤਰਨ ਤਾਰਨ ਸੜਕ ਦੀ ਉਸਾਰੀ ਲਈ 4.30 ਲੱਖ ਰੁਪਏ ਜਮ੍ਹਾਂ ਨਹੀਂ ਕਰਵਾ ਸਕੀ । ਇਸ ਅਧੂਰੀ ਇੰਟਰਲਿੰਕ ਸੜਕ ਦੀ ਉਸਾਰੀ ਧਨ ਉਪਲੱਬਧ ਹੋਣ ਤੇ ਹੱਥ ਵਿਚ ਲਈ ਜਾਵੇਗੀ ।

Arrest of Travelling Agent

***202. Sardar Dalip Singh Pandhi :** Will the Chief Minister be pleased to state : —

(a) whether any travelling agent of Jullundur District was arrested in the last one month ; if so, the details thereof alongwith the latest action taken against him ;

Original with;
Punjab Vidhan Sabha
Digitized by;
Panjab Digital Library

[Sardar Dalip Singh Pandhi]

(b) whether it was the first offence of the accused; if so, the details thereof ;

(c) the steps being taken to save the innocent people from such agents ?

ਸਰਦਾਰ ਦਰਬਾਰਾ ਸਿੰਘ (ਓ) ਨਹੀਂ ਜੀ ।

(ਅ) ਸਵਾਲ ਨਹੀਂ ਉਠਦਾ ।

(ਏ) ਟਰੈਵਲ ਏਜੰਟਾਂ ਤੇ ਨਿਗ੍ਹਾ ਰੱਖੀ ਜਾ ਰਹੀ ਹੈ ਅਤੇ ਲੋਕਾਂ ਨੂੰ ਮੀਟਿੰਗਾਂ ਵਿਚ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਧੋਖੇ-ਬਾਜ਼ ਟਰੈਵਲ ਏਜੰਟਾਂ ਤੋਂ ਬਚਣ । ਜਦੋਂ ਵੀ ਕੋਈ ਗੱਲ ਇਸ ਸਬੰਧੀ ਧਿਆਨ ਵਿਚ ਲਿਆਂਦੀ ਜਾਂਦੀ ਹੈ ਤਾਂ ਜ਼ਰੂਰ ਕਾਰਵਾਈ ਕੀਤੀ ਜਾਂਦੀ ਹੈ ।

I.A.S. Officers in the State

*188. **Sardar Darshan Singh K.P. :** Will the Chief Minister be pleased to state : —

(a) the total number of I.A.S. Officers in the State ;

(b) the number out of those mentioned in part (a) above who belong to the Scheduled Castes, Backward Classes and the other classes separately ?

ਸਰਦਾਰ ਦਰਬਾਰਾ ਸਿੰਘ : (ਓ) 154

(ਅ) (1) ਅਨੁਸੂਚਿਤ ਜਾਤੀਆਂ 26

(2) ਪਛੜੀਆਂ ਸ਼੍ਰੇਣੀਆਂ ਦੇ ਨਾਲ ਸਬੰਧ ਰਖਦੇ ਅਫਸਰਾਂ ਦੀ ਗਿਣਤੀ ਬਾਰੇ ਰਿਕਾਰਡ ਵਿੱਚ ਕੋਈ ਸੂਚਨਾ ਉਪਲੱਬਧ ਨਹੀਂ ਹੈ ।

(3) ਅਨੁਸੂਚਿਤ ਕਬੀਲੇ—1

(4) ਹੋਰਨਾ ਸ਼੍ਰੇਣੀਆਂ—127

Incident of Firing at the Kotkapura Cooperative Spinning Mills Ltd., Sandhawan

*76, **Master Babu Singh :** Will the Chief Minister be pleased to state whether any incident of Police firing took place at the Kotkapura Co-operative Spinning Mill Limited, Sandhawan, district Faridkot during the last week of May, 1980 ; if so, the reasons therefor ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਬੈਠ ਜਾਓ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਕਲ੍ਹ ਪਰਸੋਂ ਤੋਂ ਇਸ ਤੇ ਵਿਚਾਰ ਹੋ ਰਿਹਾ ਹੈ। ਜਿਹੜੇ ਬਾਜ਼ਾਰਾਂ ਵਿਚ ਹਾਰ ਵਿਕਦੇ ਹਨ ਇਨ੍ਹਾਂ ਤੇ ਦੇਵੀ ਦੇਵਤਿਆਂ ਦੀਆਂ ਫੋਟੋਆਂ ਲਗੀਆਂ ਹੁੰਦੀਆਂ ਹਨ। ਇਹ ਹਾਰ ਹਰ ਵੇਲੇ ਤਾਂ ਗਲੇ ਵਿਚ ਨਹੀਂ ਰਹਿੰਦੇ। ਬਾਅਦ ਵਿਚ ਇਹ ਹਾਰ ਰੁਲਦੇ ਰਹਿੰਦੇ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਸਾਡੇ ਦੇਵੀ ਦੇਵਤਿਆਂ ਦਾ ਅਪਮਾਨ ਹੁੰਦਾ ਹੈ। ਇਸ ਕਰ ਕੇ ਜੇ ਸਾਰਾ ਹਾਊਸ ਇਸ ਗਲ ਨੂੰ ਮੰਨੇ ਤਾਂ ਇੰਸਟਰੱਕਸ਼ਨ ਈਸ਼ੂ ਕਰ ਦੇਈਏ। (ਤਾੜੀਆਂ)

(ਕਈ ਆਵਾਜ਼ਾਂ: ਹਾਂ ਜੀ, ਹਾਂ ਜੀ। ਠੀਕ ਹੈ, ਠੀਕ ਹੈ।)

ਸਰਦਾਰ ਆਤਮਾ ਸਿੰਘ: ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਚੰਡੀਗੜ੍ਹ ਐਡਮਨਿਸਟਰੇਸ਼ਨ ਨੇ ਇਕ ਆਰਡਰ ਜਾਰੀ ਕੀਤਾ ਹੈ ਕਿ ਜਿਹੜੇ ਪੰਜਾਬ ਦੇ ਮੁਲਾਜ਼ਮ ਮੁਹਾਲੀ ਬਦਲ ਗਏ ਹਨ ਉਨ੍ਹਾਂ ਨੂੰ ਜਿਹੜੇ ਮਕਾਨ ਪੰਜਾਬ ਦੇ ਕੋਟੇ ਵਿਚ ਦਿਤੇ ਹਨ ਉਹ ਨਾ ਦਿਤੇ ਜਾਣ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਵਿਚ ਮੁਦਾਖਲਤ ਕਰਕੇ ਜਿਹੜੇ ਕਰਮਚਾਰੀ ਚੰਡੀਗੜ੍ਹ ਤੋਂ ਉਜੜ ਰਹੇ ਹਨ ਉਨ੍ਹਾਂ ਨੂੰ ਰੋਕਣਾ ਚਾਹੀਦਾ ਹੈ।

(ਇਸ ਵੇਲੇ ਕਈ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਸਨ।)

ਸ਼੍ਰੀ ਸਪੀਕਰ: ਤੁਸੀਂ ਬੈਠ ਜਾਓ। ਸੀ. ਐਮ. ਸਾਹਿਬ ਨੂੰ ਜਵਾਬ ਦੇ ਲੈਣ ਦਿਓ।

ਮੁੱਖ ਮੰਤਰੀ: ਸਪੀਕਰ ਸਾਹਿਬ, ਚੰਡੀਗੜ੍ਹ ਦੇ ਮਾਮਲੇ ਵਿਚ ਮੈਂ ਵਾਜ਼ੇਹ ਬਿਆਨ ਦੇ ਚੁਕਾ ਹਾਂ ਔਰ ਉਸ ਦੇ ਬਾਰੇ ਸਾਡੀ ਇਹ ਕੋਸ਼ਿਸ਼ ਹੈ ਕਿ ਜੋ ਮਕਾਨ ਸਾਡੇ ਹੱਥ ਵਿਚ ਹਨ ਉਨ੍ਹਾਂ ਨੂੰ ਅਸੀਂ ਛੱਡਣ ਵਾਸਤੇ ਤਿਆਰ ਨਹੀਂ ਔਰ ਜੇ ਕੋਈ ਮਕਾਨ ਖਾਲੀ ਕਰਵਾਏਗਾ ਤਾਂ ਮੈਂ ਜ਼ਰੂਰ ਕਮਿਸ਼ਨਰ ਨੂੰ ਕਹਿ ਕੇ ਇਹ ਰੁਕਵਾਵਾਂਗਾ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ਼੍ਰੀ ਸਪੀਕਰ: ਤੁਸੀਂ ਸਾਰੇ ਬੈਠ ਜਾਓ। ਬਹੁਤ ਪੁਆਇੰਟਸ ਆਫ ਆਰਡਰ ਹੋ ਗਏ ਹਨ। (ਵਿਘਨ) ਕਾਲ ਅਟੈਨਸ਼ਨ ਮੋਸ਼ਨ।

(ਕਈ ਆਵਾਜ਼ਾਂ: ਅੱਜ ਆਖਰੀ ਦਿਨ ਹੈ। ਸਾਨੂੰ ਸੁਣ ਲਓ।)

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਹਿਬ, ਤੁਸੀਂ ਵਾਇਦਾ ਕੀਤਾ ਸੀ ਮੇਰੀ ਪ੍ਰਿਵੇਲਜ ਮੋਸ਼ਨ ਦੇ ਬਾਰੇ, ਜਿਹੜੀ ਮੈਂ ਦਿੱਤੀ ਸੀ ਕਿ ਉਸ ਦਾ ਜਵਾਬ ਦਿਓਗੇ। ਕ੍ਰਿਪਾ ਕਰਕੇ ਜਾਂ ਤਾਂ ਉਹ ਮੋਸ਼ਨ ਰਿਜੈਕਟ ਕਰ ਦਿਓ ਜਾਂ ਐਡਮਿਟ ਕਰ ਲਓ।

ਸ਼੍ਰੀ ਸਪੀਕਰ: ਮੈਂ ਉਹ ਡਿਸਅਲਾਓ ਕਰਦਾ ਹਾਂ। (ਵਿਘਨ) ਮੇਰੀ ਗਲ ਸੁਣ ਲਓ। ਮੈਂ ਤੁਹਾਡੀ ਪ੍ਰਿਵਿਲੇਜ ਮੋਸ਼ਨ ਡਿਸਅਲਾਓ ਕਰਦਾ ਹਾਂ। ਤੁਹਾਨੂੰ ਚਿੱਠੀ ਆ ਰਹੀ ਹੈ। ਮੈਂ ਵਜ਼ੀਰ ਸਾਹਿਬ ਨੂੰ ਇਹ ਭੇਜੀ ਸੀ। ਉਨ੍ਹਾਂ ਨੇ ਜਿਹੜਾ ਜਵਾਬ ਦਿੱਤਾ ਹੈ ਉਹ ਤਸੱਲੀ ਬਖਸ਼ ਹੈ ਕੋਈ ਉਸ ਵਿਚ ਗਲਤੀ ਨਹੀਂ। ਤੁਹਾਨੂੰ ਡੀਟੇਲ ਵਿਚ ਜਵਾਬ ਪਹੁੰਚ ਜਾਵੇਗਾ। ਇਸ ਲਈ ਮੈਂ ਇਸ ਨੂੰ ਡਿਸਅਲਾਓ ਕਰਦਾ ਹਾਂ। (ਵਿਘਨ)

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਬਹੁਤ ਸਾਰੇ ਆਪੋਜ਼ੀਸ਼ਨ ਅਤੇ ਟਰੈਯਰੀ ਬੈਂਚਿਜ਼ ਦੇ ਮਾਨਯੋਗ ਮੈਂਬਰਜ਼ ਖੜੇ ਹੋ ਕੇ ਬੋਲ ਰਹੇ ਸਨ।

ਸ਼੍ਰੀ ਸਪੀਕਰ : ਮੇਰੀ ਗਲ ਸੁਣੋ । ਕੋਈ ਗਲ ਜ਼ੋਰ ਨਾਲ ਕਹਿਣ ਨਾਲ ਉਸ ਆਰਗੂਮੈਂਟ ਜਾਂ ਦਲੀਲ ਦਾ ਵਜ਼ਨ ਨਹੀਂ ਵੱਧ ਜਾਂਦਾ। (ਵਿਘਨ) ਤੁਸੀਂ ਬੈਠੋ । ਮੈਂ ਉਨ੍ਹਾਂ ਨੂੰ ਸੈਟਿਸਫਾਈ ਕਰ ਦਿੰਦਾ ਹਾਂ। ਮਨਿਸਟਰ ਸਾਹਿਬ ਨੇ ਜੋ ਕਿਹਾ ਹੈ, ਮੈਂ ਉਨ੍ਹਾਂ ਨੂੰ ਦੱਸ ਦਿੰਦਾ ਹਾਂ ।

ਵਿਕਾਸ ਮੰਤਰੀ : ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਜਦੋਂ ਤੁਹਾਡੀ ਰੂਲਿੰਗ ਆ ਗਈ ਹੈ ਤਾਂ ਫਿਰ ਹੁਣ ਜਵਾਬ ਦੇਣ ਦੀ ਕੀ ਲੋੜ ਹੈ ? (ਵਿਘਨ)

ਸ਼੍ਰੀ ਸਪੀਕਰ : ਮੈਂ ਇਨ੍ਹਾਂ ਨੂੰ ਜਵਾਬ ਦੱਸ ਦਿੰਦਾ ਹਾਂ । ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸਰਕਾਰ ਨੇ ਕੋਈ ਪੈਸਾ ਨਹੀਂ ਦਿਤਾ, ਕਾਰਪੋਰੇਸ਼ਨ ਨੇ ਭਾਵੇਂ ਕੋਈ ਪੈਸਾ ਦਿਤਾ ਹੋਵੇ। ਕਿਉਂਕਿ ਤੁਹਾਡਾ ਰੈਂਫਰੈਂਸ ਸਰਕਾਰ ਨਾਲ ਸੀ ਇਸ ਕਰਕੇ ਪ੍ਰਿਵਿਲੇਜ ਮੋਸ਼ਨ ਡਿਸਅਲਾਓ ਹੋ ਗਈ ਹੈ। (ਵਿਘਨ)

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬਾਰ ਬਾਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਸ਼੍ਰੀ ਸਪੀਕਰ : ਤੁਸੀਂ ਸਾਰੇ ਬੈਠ ਜਾਓ । ਮੈਂ ਮਾਸਟਰ ਬਾਬੂ ਸਿੰਘ ਨੂੰ ਇਜਾਜ਼ਤ ਦੇ ਦਿਤੀ ਹੈ । (ਵਿਘਨ) ਸੇਵਾ ਰਾਮ ਜੀ, ਤੁਸੀਂ ਬੈਠੋ, ਮੈਂ ਮਾਸਟਰ ਬਾਬੂ ਸਿੰਘ ਨੂੰ ਇਜਾਜ਼ਤ ਦਿਤੀ ਹੈ।

ਮਾਸਟਰ ਬਾਬੂ ਸਿੰਘ : ** ** ** (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਇਸ ਪੁਆਇੰਟ ਆਫ ਆਰਡਰ ਨੂੰ ਡਿਸਅਲਾਓ ਕਰਦਾ ਹਾਂ ਅਤੇ ਐਕਸਪੰਜ ਕਰਦਾ ਹਾਂ ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਇਕੱਠੇ ਹੀ ਆਪਣੀਆਂ ਸੀਟਾਂ ਤੇ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ ਅਤੇ ਕੁਝ ਨਹੀਂ ਸੀ ਸੁਣਾਈ ਦਿੰਦਾ। (ਵਿਘਨ) (ਸ਼ੋਰ) ਬਹੁਤ ਸਾਰੇ ਮਾਨਯੋਗ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ। ਹਾਊਸ ਵਿਚ ਬਹੁਤ ਜ਼ਿਆਦਾ ਰੌਲਾ ਪੈ ਰਿਹਾ ਸੀ ।) (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਸਾਰੇ ਮਾਨਯੋਗ ਮੈਂਬਰ ਸਾਹਿਬਾਨ ਬੈਠ ਜਾਓ। ਮੈਨੂੰ ਬੜਾ ਅਫਸੋਸ ਹੈ ਕਿ ਮੈਂ ਖੜਾ ਹੋ ਕੇ ਬੋਲ ਰਿਹਾ ਹਾਂ ਪਰ ਤੁਸੀਂ ਅਜੇ ਵੀ ਖੜੇ ਹੋ । please sit down ਬਰਨਾਲਾ ਜੀ, ਤੁਸੀਂ ਬੋਲੋ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਬਰਨਾਲਾ ਜੀ ਮੈਂ ਸਾਰੀ. ਚੀਜ਼ ਨੂੰ ਐਗਜ਼ਾਮਿਨ ਕੀਤਾ ਹੈ। ਇਹ ਚੀਜ਼ ਪਿਛਲੇ ਹਾਊਸ ਨੂੰ ਰੀਲੇਟ ਕਰਦੀ ਹੈ ਅਤੇ ਇਸ ਹਾਊਸ ਦਾ ਕੋਈ ਪ੍ਰਿਵਿਲੇਜ ਭੰਗ ਨਹੀਂ ਹੋਇਆ। (ਵਿਘਨ)

ਪ੍ਰੋਫੈਸਰ ਬਲਵੰਤ ਸਿੰਘ : ** ** ** *(Interruption, noise).*

Mr. Speaker : I disallow it. Whatever Comrade Balwant Singh has said without my permission is expunged.

ਪ੍ਰੋਫੈਸਰ ਬਲਵੰਤ ਸਿੰਘ : ** ** ** (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਤੁਹਾਨੂੰ ਬੋਲਣ ਲਈ ਅਲਾਓ ਨਹੀਂ ਕਰਦਾ। ਇਹ ਤੁਹਾਡਾ ਕੋਈ ਪੁਆਇੰਟ ਆਫ ਆਰਡਰ ਨਹੀਂ। ਸੇਵਾ ਰਾਮ ਜੀ, ਤੁਸੀਂ ਬੋਲੋ। ਕਾਮਰੇਡ ਬਲਵੰਤ ਸਿੰਘ ਜੀ ਦੀ ਸਾਰੀ ਗੱਲ ਐਕਸਪੰਜ ਕਰ ਦਿਤੀ ਜਾਵੇ।

ਸ਼੍ਰੀ ਸੇਵਾ ਰਾਮ : ** ** ** (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਸੇਵਾ ਰਾਮ : ** ** **

ਸ਼੍ਰੀ ਸਪੀਕਰ : ਜੋ ਕੁਝ ਇਹ ਬਗੈਰ ਇਜਾਜ਼ਤ ਤੋਂ ਕਹਿ ਰਹੇ ਹਨ, ਉਹ ਐਕਸਪੰਜ ਕਰ ਦਿੱਤਾ ਜਾਏ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੇ ਪ੍ਰਿਵਿਲੇਜ ਮੋਸ਼ਨ ਆਪ ਨੂੰ ਪੇਸ਼ ਕੀਤੀ ਔਰ ਆਪਨੇ ਕਿਹਾ ਕਿ ਇਸ ਸੈਸ਼ਨ ਵਿਚ ਨਹੀਂ ਆ ਸਕਦੀ। (ਵਿਘਨ)

ਸ਼੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਕੇ ਗਲ ਕਰ ਲੈਣਾ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** ** (ਵਿਘਨ)

ਸ਼੍ਰੀ ਸਪੀਕਰ : ਜੋ ਕੁਝ ਇਹ ਮੇਰੀ ਇਜਾਜ਼ਤ ਦੇ ਬਗੈਰ ਕਹਿ ਰਹੇ ਹਨ, ਉਹ ਐਕਸਪੰਜ ਕੀਤਾ ਜਾਏ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਵੀ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ (ਵਿਘਨ) ਗਰੀਬਾਂ ਦਾ ਬਹੁਤ ਬੁਰਾ ਹਾਲ ਹੈ (ਵਿਘਨ) ਉਨ੍ਹਾਂ ਦੀ ਬੜੀ ਭੈੜੀ ਹਾਲਤ ਹੋ ਗਈ ਹੈ। ਗਰੀਬ ਆਦਮੀ ਚਾਹ ਪੀਣ ਤੋਂ ਵਾਂਝੇ ਹੋ ਰਹੇ ਹਨ। ਦਾਲਾਂ, ਘੀ ਅੱਰ ਚੀਨੀ ਆਦਿ ਦੀਆਂ ਕੀਮਤਾਂ ਕਿੰਨੀਆਂ ਵੱਧ ਰਹੀਆਂ ਹਨ। ਇਸ ਤੇ ਬਹਿਸ ਕਰਨ ਲਈ ਮੈਂ ਤੁਹਾਨੂੰ ਕਿਹਾ ਸੀ (ਵਿਘਨ) ਬਲੈਕ ਵਿਚ ਤਾਂ ਹਰ ਇਕ ਚੀਜ਼ ਮਿਲ ਰਹੀ ਹੈ ਪਰ ਉਂਝ ਹਰ ਚੀਜ਼ ਦੀ ਕੀਮਤ ਐਨੀ ਵੱਧ ਗਈ ਹੈ ਕਿ ਆਮ ਆਦਮੀ ਲਈ ਖਰੀਦਣੀ ਬੜੀ ਮੁਸ਼ਕਿਲ ਹੈ। (ਵਿਘਨ) ਇਸ ਲਈ ਤੁਹਾਨੂੰ ਆਪਣੀ ਰੂਲਿੰਗ ਤੇ ਦੁਬਾਰਾ ਗੌਰ ਕਰਨਾ ਚਾਹੀਦਾ ਹੈ। ਹਾਊਸ ਦਾ ਸਮਾਂ ਚਾਹੇ ਹੋਰ ਵਧਾ ਲਓ (ਵਿਘਨ)

ਸ਼੍ਰੀ ਸਪੀਕਰ : ਮੈਂ ਇਹ ਡਿਸਅਲਾਓ ਕਰ ਦਿਤੀ ਹੈ। ਕਾਲ ਅਟੈਨਸ਼ਨ ਮੋਸ਼ਨ ਨੰ : 150. ਸ਼੍ਰੀ ਚਮਨ ਲਾਲ ਜੀ ਤੁਸੀਂ ਬੋਲੋ ।

CALL ATTENTION NOTICE UNDER RULE 66

(Serial No. 150)

Shri Chaman Lal : Sir, I beg to draw the attention of the Government towards an urgent matter of public importance, namely, that there is no arrangement of irrigation sources in 27 villages for example Ghiala, Anerh Chak Bharan, Chak Manasan and Ghebbey etc. in the Sujanpur Assembly Constituency. The farmers of the Ilaqa are facing the great problem because of non-availability of irrigation sources. There is a great resentment amongst the public of the Ilaqa on this issue. Hence it is a fit matter for the Chief Minister to make a statement on the floor of the House. (*Interruptions and Noise in the House*).

Chief Minister (Sardar Darbara Singh) : Sir, these villages fall in Pathankot Block, District Gurdaspur, on Jullundur-Pathankot Road. The area of these villages is comparatively at higher level and cut of at places and broken with existence of Gullies, so no flow of irrigation is possible except through deep tubewells or lift irrigation.

A scheme for 60 tubewells for Pathankot Block was prepared. The Agricultural Refinance and Development Corporation has already given clearance for 30 tubewells. These villages fall in the area of the scheme. Further steps are being taken for the implementation of the scheme.

MOTION UNDER RULE 16

Finance Minister (Doctor Kewal Krishan) ; Sir I beg to move—

That the Vidhan Sabha (Assembly) at its rising this day shall stand adjourned *sine die*.

Mr. Speaker : Motion moved—

That the Vidhan Sabha (Assembly) at its rising this day shall stand adjourned *sine die*.

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੰਗਰੂਰ) : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਹਿਸਾਬ ਨਾਲ ਇਸ ਹਾਊਸ ਅੰਦਰ ਕੰਮ ਹੋ ਰਿਹਾ ਹੈ ਪਤਾ ਨਹੀਂ ਇਹ ਇਸ ਕਰਕੇ ਹੋ ਰਿਹਾ ਹੈ ਕਿ ਇਹ ਮੈਂਬਰ ਨਵੇਂ ਆਏ ਹਨ (ਵਿਘਨ) ਵਜ਼ੀਰ ਸਾਹਿਬਾਨ ਵੀ ਇਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਹੀ ਕਰੀ ਜਾਂਦੇ ਹਨ । ਜਦੋਂ ਤਾਂ ਸਾਡੇ ਵਲੋਂ ਮੈਂਬਰ ਸਾਹਿਬਾਨ ਬੋਲਦੇ ਹਨ ਤਾਂ ਇਹ ਉਨ੍ਹਾਂ ਨੂੰ ਬੋਲਣ ਨਹੀਂ ਦਿੰਦੇ (ਵਿਘਨ) ਜਦੋਂ ਇਨ੍ਹਾਂ ਦੇ ਮੈਂਬਰ ਰੌਲਾ ਪਾਉਂਦੇ ਹਨ ਤਾਂ ਇਹ ਉਨ੍ਹਾਂ ਨੂੰ ਕੁਝ ਨਹੀਂ ਕਹਿੰਦੇ ਅਤੇ ਇਸ ਤਰ੍ਹਾਂ ਬੈਠੇ ਰਹਿੰਦੇ ਹਨ ਜਿਸ ਤਰ੍ਹਾਂ ਕਿ ਉਹ ਮੱਖੀਆਂ ਉੜਾ ਰਹੇ ਹੁੰਦੇ ਹਨ। (ਵਿਘਨ) ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਦਾ ਮਹੌਲ ਇਸ ਹਾਊਸ ਦਾ ਬਣਦਾ ਜਾ ਰਿਹਾ ਹੈ ..... (ਵਿਘਨ)

ਸਰਦਾਰ ਪ੍ਰਿਥੀਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਇਨ੍ਹਾਂ ਨੇ ਕਿਹਾ ਹੈ ਕਿ ਮੈਂਬਰ ਮੱਖੀਆਂ ਉੜਾਉਂਦੇ ਹਨ। ਇਹ ਚੀਜ਼ ਐਕਸਪੰਜ ਹੋਣੀ ਚਾਹੀਦੀ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਕਹਿ ਰਿਹਾ ਸੀ ਕਿ ਜਿਸ ਤਰ੍ਹਾਂ ਦਾ ਇਸ ਹਾਊਸ ਦਾ ਮਹੌਲ ਬਣਦਾ ਜਾ ਰਿਹਾ ਹੈ, ਤੁਸੀਂ ਵੀ ਜਦੋਂ ਖੜੇ ਹੁੰਦੇ ਹੋ ਤਾਂ ਸਾਰਿਆਂ ਮੈਂਬਰਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਬੈਠ ਜਾਣ ਲੇਕਿਨ ਇਸ ਦੇ ਬਾਵਜੂਦ ਸਾਹਮਣੇ ਬੈਂਚਾਂ ਦੇ ਮੈਂਬਰ (ਟ੍ਰੈਜ਼ਰੀ ਬੈਂਚਾਂ ਵੱਲ ਇਸ਼ਾਰਾ) ਖੜੇ ਰਹਿੰਦੇ ਹਨ । ਮੈਂਬਰਾਂ ਨੂੰ ਛੱਡੋ, ਵਜ਼ੀਰ ਵੀ ਨਹੀਂ ਹਟਦੇ (ਵਿਘਨ) ਸਪੀਕਰ ਸਾਹਿਬ, ਇਹ ਹਾਊਸ ਦਾ ਕੀਮਤੀ ਸਮਾਂ ਹੈ , ਇਸ ਨੂੰ ਖਰਾਬ ਨਹੀਂ ਕਰਨਾ ਚਾਹੀਦਾ । ਅੱਜ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਅੈਂਡ ਸ਼ਡਿਊਲਡ ਟ੍ਰਾਈਬਜ਼ ਦੀ ਰਿਪੋਰਟ ਤੇ ਡਿਸਕਸ਼ਨ ਹੋਣੀ ਹੈ। ਜੇ ਹਾਊਸ ਦਾ ਮਾਹੌਲ ਇਸ ਤਰ੍ਹਾਂ ਦਾ ਹੀ ਰਿਹਾ ਤਾਂ ਇਸ ਰਿਪੋਰਟ ਤੇ ਡਿਸਕਸ਼ਨ ਨਾ ਹੋਣ ਦੀ ਜ਼ਿਮੇਵਾਰੀ ਰੂਲਿੰਗ ਪਾਰਟੀ ਦੀ ਹੋਵੇਗੀ । ਜੇ ਇਸ ਤਰ੍ਹਾਂ ਹੀ ਇਹ ਕਰਦੇ ਰਹੇ ਤਾਂ ਅਸੀਂ ਵੀ ਕਿਸੇ ਗਲੋਂ ਘੱਟ ਨਹੀਂ ਹਾਂ । (ਵਿਘਨ)

ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਨੇ ਇਹ ਗੱਲ ਕਹੀ ਸੀ ਕਿ ਜਿਸ ਤਰ੍ਹਾਂ ਦਾ ਇਹ ਮਿਲ-ਵਰਤਣ ਦੇਣਗੇ, ਉਸੇ ਤਰ੍ਹਾਂ ਦਾ ਅਸੀਂ ਦਿਆਂਗੇ। ਬਾਦਲ ਸਾਹਿਬ ਨੇ ਵੀ ਇਹ ਗੱਲ ਕਹੀ ਸੀ ਕਿ ਅਸੀਂ ਪੂਰਾ ਮਿਲਵਰਤਣ ਦਿਆਂਗੇ। (ਵਿਘਨ) ਸਪੀਕਰ ਸਾਹਿਬ, ਜਿਸ ਤਰ੍ਹਾਂ ਇਹ ਬਿਹੇਵ ਕਰਦੇ ਹਨ ਉਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾਓ। ਤੁਹਾਡੀ ਰੂਲਿੰਗ ਅਤੇ ਤੁਹਾਡੀ ਕਹੀ ਗਈ ਗੱਲ ਬਾਰੇ ਇਨ੍ਹਾਂ ਦੇ ਕੰਨਾਂ ਤੇ ਜੂੰ ਤਕ ਹੀ ਨਹੀਂ ਸਰਕਦੀ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਅੈਸਪਰਸ਼ਨ ਹੈ । (ਵਿਘਨ) (ਸ਼ੋਰ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਜੇ ਇਹ ਇਸੇ ਤਰ੍ਹਾਂ ਕਰਦੇ ਰਹੇ ਤਾਂ ਫਿਰ ਹਾਊਸ ਦੀ ਕਾਰਵਾਈ ਕਿਸ ਤਰ੍ਹਾਂ ਚਲੇਗੀ । ਇਸ ਤਰ੍ਹਾਂ ਦਾ ਹਾਊਸ ਵਿਚ ਮਾਹੌਲ ਨਹੀਂ ਪੈਦਾ ਕਰਨਾ ਚਾਹੀਦਾ । ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇਥੇ ਆਏ ਹਾਂ । ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੀ ਭਲਾਈ ਦੇ ਕੰਮ ਕਰੀਏ ਅਤੇ ਇਸ ਤਰ੍ਹਾਂ ਇਥੇ ਰੌਲਾ ਨਾ ਪਾਈਏ । (ਵਿਘਨ) ਹਾਊਸ ਵਿਚ ਮਾਹੌਲ ਠੀਕ ਹੋਣਾ ਚਾਹੀਦਾ ਹੈ। ਹਾਊਸ ਦਾ ਟਾਈਮ ਬੜਾ ਕੀਮਤੀ ਹੈ। (ਵਿਘਨ)

ਸ਼੍ਰੀ ਸਪੀਕਰ : ਢੀਂਡਸਾ ਜੀ ਨੇ ਇਕ ਗੱਲ ਬੜੀ ਚੰਗੀ ਕਹੀ ਹੈ ਕਿ ਹਾਊਸ ਦਾ ਟਾਈਮ ਬੜਾ ਕੀਮਤੀ ਹੈ। ਟੈਕਸ ਪੇਅਰ ਦਾ ਪੈਸਾ ਅਸੀਂ ਹਾਊਸ ਵਿੱਚ ਖਰਚ ਕਰਦੇ ਹਾਂ ਅਤੇ ਹਰ ਮੈਂਬਰ ਨੂੰ ਇਹ ਯਕੀਨ ਦਿਵਾਉਣਾ ਚਾਹੀਦਾ ਹੈ ਕਿ ਹਾਊਸ ਦਾ ਇਕ ਮਿੰਟ ਵੀ ਜ਼ਾਇਆ ਨਾ ਕੀਤਾ ਜਾਵੇ । ਹਾਊਸ ਵਿਚ ਜਿਹੜੀ ਚੀਜ਼ ਜ਼ੇਰੇ ਗੌਰ ਹੋਵੇ ਉਸ ਉਤੇ ਚੰਗੀ ਤਰ੍ਹਾਂ ਕਾਰਵਾਈ ਚੱਲਣੀ ਚਾਹੀਦੀ ਹੈ। ਮੈਂ ਆਪੋ-ਜ਼ੀਸ਼ਨ ਦੀ ਵੀ ਇਸ ਗੱਲ ਦੀ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਪੂਰੀ ਤਰ੍ਹਾਂ ਕੋਆਪਰੇਟ ਕੀਤਾ ਹੈ। (ਤਾੜੀਆਂ) ਪਿਛਲੇ 22 ਦਿਨਾਂ ਤੋਂ ਟਰੈਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਦੇ ਮੈਂਬਰ ਚੰਗੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਤਰ੍ਹਾਂ ਚੱਲਦੇ ਰਹੇ ਹਨ। ਪਰ ਅੱਜ ਪਤਾ ਨਹੀਂ ਅੱਧੇ ਘੰਟੇ ਵਿਚ ਕੀ ਹੋ ਗਿਆ ਹੈ। ਇਸ ਲਈ ਤੁਸੀਂ ਹੁਣ ਹਾਊਸ ਦਾ ਕੀਮਤੀ ਵਕਤ ਜ਼ਾਇਆ ਨਾ ਕਰੋ ਅਤੇ ਬਿਲਕੁਲ ਸਟਰਿਕਟਲੀ ਅਕਾਰਡਿੰਗ ਟੂ ਬਿਜ਼ਨੈਸ ਆਫ ਦੀ ਹਾਊਸ ਕਾਰਵਾਈ ਚੱਲਣ ਦਿਓ। ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਦੀ ਰਿਪੋਰਟ ਡਿਸਕਸ ਹੋਣੀ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਹਾਊਸ ਦਾ ਵਕਤ ਜ਼ਾਇਆ ਨਾ ਕੀਤਾ ਜਾਵੇ। (ਵਿਘਨ)

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.): ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਜਿਹੜੀ ਸਾਈਨੇ ਡਾਈ ਦੀ ਮੋਸ਼ਨ ਪੇਸ਼ ਕੀਤੀ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ ਕਿਉਂਕਿ ਸਾਡੇ ਪੰਜਾਬ ਦੇ ਬਹੁਤ ਸਾਰੇ ਅਜਿਹੇ ਮਸਲੇ ਹਨ ਜਿਨ੍ਹਾਂ ਉਤੇ ਗੌਰ ਕਰਨਾ ਬਹੁਤ ਜ਼ਰੂਰੀ ਹੈ। ਕਈ ਅਜਿਹੇ ਬੋਰਡ ਅਤੇ ਕਾਰਪੋਰੇਸ਼ਨਜ਼ ਹਨ ਜਿਨ੍ਹਾਂ ਵਿਚ ਬਹੁਤ ਭਾਰੀ ਘਪਲੇਬਾਜ਼ੀ ਹੋਈ ਹੈ। ਇਸੇ ਤਰ੍ਹਾਂ ਹੀ ਹੋਰ ਕਈ ਗੈਰ-ਕਾਨੂੰਨੀ ਗੱਲਾਂ ਹੋਈਆਂ ਹਨ। ਉਨ੍ਹਾਂ ਬਾਰੇ ਵੀ ਹਾਊਸ ਵਿਚ ਡਿਸਕਸ਼ਨ ਕਰਨੀ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਕਰਮਚਾਰੀਆਂ ਦੀ ਮੰਗ ਹੈ ਕਿ ਬੋਰਡ ਦਾ ਦਫ਼ਤਰ ਮੋਹਾਲੀ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਫਿਲੌਰ ਨਹੀਂ ਭੇਜਣਾ ਚਾਹੀਦਾ। ਇਸੇ ਤਰ੍ਹਾਂ ਹੀ ਉਸ ਬੋਰਡ ਦੀ ਫੰਕਸ਼ਨਿੰਗ ਬਾਰੇ ਵੀ ਇਥੇ ਹਾਊਸ ਵਿਚ ਗੱਲਬਾਤ ਕਰਨੀ ਚਾਹੀਦੀ ਹੈ। ਮਾਰਕਫੈਡ ਵਿਚ ਬੜਾ ਘਪਲਾ ਹੋਇਆ ਹੈ। ਇਸੇ ਤਰ੍ਹਾਂ ਹੀ ਸੀਵਰੇਜ ਬੋਰਡ ਵਿਚ ਵੀ ਬੜਾ ਸਕੈਂਡਲ ਹੋਇਆ ਹੈ। ਇਨ੍ਹਾਂ ਬਾਰੇ ਵੀ ਹਾਊਸ ਵਿਚ ਡਿਸਕੱਸ਼ਨ ਹੋਣੀ ਚਾਹੀਦੀ ਹੈ। ਟਿਊਬ-ਵੈਲ ਕਾਰਪੋਰਸ਼ਨ ਬਾਰੇ ਵੀ ਇਥੇ ਡਿਸਕੱਸ਼ਨ ਹੋਣੀ ਚਾਹੀਦੀ ਹੈ। ਪੀ.ਆਰ.ਟੀ.ਸੀ. ਦੀਆਂ ਬੱਸਾਂ ਦੀ ਬੜੀ ਮੰਦੀ ਹਾਲਤ ਹੈ। ਬੱਸਾਂ ਰਸਤੇ ਵਿਚ ਖਰਾਬ ਹੋ ਜਾਂਦੀਆਂ ਹਨ। ਸਪੇਅਰ ਪਾਰਟਸ ਦੀ ਚੋਰੀ ਹੁੰਦੀ ਹੈ। ਇਸ ਬਾਰੇ ਵੀ ਇਥੇ ਵਿਚਾਰ ਕਰਨੀ ਚਾਹੀਦੀ ਹੈ। ਹੋਰ ਕਈ ਕਿਸਮ ਦੇ ਸਕੈਂਡਲ ਹਨ ਜਿਵੇਂ ਕਿ ਮੈਡੀਕਲ ਕਾਲਜਾਂ ਵਿਚ ਦਾਖਲਾ ਲੈਣ ਵਿੱਚ ਬੜੀ ਹੇਰਾ ਫੇਰੀ ਹੁੰਦੀ ਹੈ। ਦਾਖਲਾ ਲੈਣ ਲਈ ਮੁੰਡੇ ਜਾਲ੍ਹੀ ਸ਼ਡਿਊਲਡ ਕਾਸਟ ਦਾ ਸਰਟੀਫੀਕੇਟ ਪੇਸ਼ ਕਰਕੇ ਦਾਖਲਾ ਲੈ ਲੈਂਦੇ ਹਨ। (ਵਿਘਨ) ਜੀ.ਏ.ਐਮ.ਐਸ. ਦਾ ਦਾਖਲਾ ਲੈਣ ਲਈ 16 ਸਾਲ ਦੀ ਉਮਰ ਘਟੋ ਘੱਟ ਰਖੀ ਹੋਈ ਹੈ ਪਰ 16 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਦਾਖਲ ਹੋਏ ਹਨ। ਵੱਡੇ ਵੱਡੇ ਅਫ਼ਸਰਾਂ ਦੇ ਬੱਚੇ ਦਾਖਲ ਹੋਏ ਹਨ। ਕਣਕ ਦੇ ਸਕੈਂਡਲ ਹੋ ਰਹੇ ਹਨ। ਫਿਰ ਇਥੇ ਬਾਰਿਸ਼ਾਂ ਨਾਲ ਕਾਫੀ ਨੁਕਸਾਨ ਹੋਇਆ ਹੈ। ਇਸ ਬਾਰੇ ਵੀ ਹਾਊਸ ਵਿਚ ਵਿਚਾਰ ਕਰਨੀ ਚਾਹੀਦੀ ਹੈ। ਫਾਈਨੈਂਸ਼ਲ ਕਾਰਪੋਰੇਸ਼ਨ, ਬਿਜਲੀ ਬੋਰਡ ਅਤੇ ਪਬਲਿਕ ਸਰਵਿਸ ਕਮਿਸ਼ਨ ਦੀ ਫੰਕਸ਼ਨਿੰਗ ਬਾਰੇ ਵੀ ਇਥੇ ਡਿਸਕੱਸ਼ਨ ਕਰਨੀ ਬਹੁਤ ਜ਼ਰੂਰੀ ਬਣ ਜਾਂਦੀ ਹੈ। ਫਿਰ ਸੈਂਟਰ-ਸਟੇਟ ਰਿਲੇਸ਼ਨਜ਼ ਦੀ ਗੱਲ ਹੈ। ਸਟੇਟਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਹੈ। ਇਸ ਲਈ ਸੈਂਟਰ-ਸਟੇਟ ਰਿਲੇਸ਼ਨਜ਼ ਬਾਰੇ ਵੀ ਇਥੇ ਡਿਸਕੱਸ਼ਨ ਹੋਣੀ ਚਾਹੀਦੀ ਹੈ। ਮਹਿੰਗਾਈ ਬਾਰੇ ਇਥੇ ਵਿਚਾਰ ਹੋਣੀ ਚਾਹੀਦੀ ਹੈ। ਮਹਿੰਗਾਈ ਕਿੰਨੀ ਵੱਧ ਗਈ ਹੈ। ਚੀਨੀ 10 ਰੁਪਏ ਕਿਲੋ ਹੋ ਗਈ ਹੈ। ਦਾਲਾਂ ਸਾਢੇ 6 ਰੁਪਏ ਕਿਲੋ ਹੋ ਗਈਆਂ ਹਨ। ਗੁੜ 6 ਰੁਪਏ ਕਿਲੋ ਹੋ ਗਿਆ ਹੈ। ਇਸ ਲਈ ਮਹਿੰਗਾਈ ਦੇ ਬਾਰੇ ਵੀ ਇਥੇ ਡਿਸਕੱਸ਼ਨ ਕਰਨੀ ਜ਼ਰੂਰੀ ਹੋ ਜਾਂਦੀ ਹੈ। ਇਨ੍ਹਾਂ ਸਾਰੇ ਮਸਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਬੇਨਤੀ ਕਰਾਂਗਾ ਕਿ ਹਾਊਸ ਸਾਈਨੇ ਡਾਈ ਐਡਜਰਨ ਨਾ ਕੀਤਾ ਜਾਵੇ ਅਤੇ ਹਾਊਸ ਕੁਝ ਦਿਨਾਂ ਲਈ ਹੋਰ ਵਧਾ ਦਿੱਤਾ ਜਾਵੇ। ਜਿਹੜੇ ਮੈਂ ਮਸਲੇ ਦੱਸੇ ਹਨ ਉਨ੍ਹਾਂ ਤੇ ਇਥੇ ਵਿਚਾਰ ਕੀਤੀ ਜਾਵੇ। ਪਰ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਤੋਂ ਇਨ੍ਹਾਂ ਦਾ ਟਰੈਂਡ ਹੀ ਬਣ ਗਿਆ ਹੈ ਕਿ ਸੈਸ਼ਨ ਘੱਟ ਕੀਤਾ ਜਾਵੇ। ਪਹਿਲੇ 90-90 ਦਿਨ ਸੈਸ਼ਨ ਚਲਦਾ ਰਹਿੰਦਾ ਸੀ ਪਰ ਹੁਣ ਸੈਸ਼ਨ ਦੇ ਦਿਨ ਘੱਟ ਰਹੇ ਹਨ। ਇਹ ਜਿਹੜਾ ਇਸ ਕਿਸਮ ਦਾ ਤਾਨਾਸ਼ਾਹੀ ਟਰੈਂਡ ਹੈ ਇਸ ਨੂੰ, ਸਪੀਕਰ ਸਾਹਿਬ, ਤੁਹਾਨੂੰ ਰੋਕਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ। ਹਾਊਸ ਹੋਰ ਕੁਝ ਦਿਨ ਚੱਲਣਾ ਚਾਹੀਦਾ ਹੈ। ਮੇਰੀ ਤੁਹਾਡੇ ਅੱਗੇ ਇਹ ਗੁਜ਼ਾਰਿਸ਼ ਹੈ ਕਿ ਹਾਊਸ ਹੋਰ ਕੁਝ ਦਿਨ ਚੱਲਣਾ ਚਾਹੀਦਾ ਹੈ ਅਤੇ ਜਿਹੜੇ ਮੈਂ ਮਸਲੇ ਦੱਸੇ ਹਨ ਉਨ੍ਹਾਂ ਤੇ ਇਥੇ ਵਿਚਾਰ ਹੋਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਸਾਈਨੇ-ਡਾਈ ਮੋਸ਼ਨ ਦੀ ਵਿਰੋਧਤਾ ਕਰਦਾ ਹਾਂ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਨੂੰ ਸਾਈਨੇ ਡਾਈ ਐਡਜਰਨ ਕਰਨ ਵਾਸਤੇ ਜਿਹੜੀ ਮੋਸ਼ਨ ਆਈ ਹੈ ਉਸ ਨੂੰ ਵਿਚਾਰ ਵਾਸਤੇ ਜ਼ਰੂਰ ਰੱਖ ਲਿਆ ਜਾਵੇ। ਸਪੀਕਰ ਸਾਹਿਬ, ਅਸੀਂ ਤੁਹਾਡੇ ਰਾਹੀਂ ਬੜੀ ਕੋਸ਼ਿਸ਼ ਕੀਤੀ ਸੀ ਕਿ ਇਸ ਸੈਸ਼ਨ ਨੂੰ ਥੋੜ੍ਹਾ ਜਿਹਾ ਹੋਰ ਪਰੋਲੌਂਗ ਕੀਤਾ ਜਾਵੇ, ਕਿਉਂਕਿ ਸਾਡੀ ਅੰਡਰਸਟੈਂਡਿੰਗ ਇਹ ਹੈ ਕਿ ਇਕ ਦਿਨ ਦੀ ਸਦਨ ਦੀ ਸਿਟਿੰਗ ਜਿਹੜੀ ਹੈ ਉਹ ਸਾਡੇ ਪੰਜਾਬ ਦੀ ਐਡਮਨਿਸਟਰੇਸ਼ਨ ਨੂੰ ਘੱਟੋ ਘੱਟ ਇੱਕ ਹਫ਼ਤੇ ਤੱਕ ਪੱਬਾਂ ਤੇ ਖੜਾ ਕਰ ਦਿੰਦੀ ਹੈ ਅਤੇ ਇਕ ਹਫਤੇ ਦੀ ਸਦਨ ਦੀ ਸਿਟਿੰਗ ਐਡਮਨਿਸਟਰੇਸ਼ਨ ਨੂੰ 3 ਮਹੀਨਿਆਂ ਵਾਸਤੇ ਆਪਣੇ ਪੱਬਾਂ ਦੇ ਖੜਾ ਕਰ ਦਿੰਦੀ ਹੈ ਅਤੇ ਉਹ ਠੀਕ ਕੰਮ ਕਰਦੀ ਹੈ। ਬਹੁਤ ਸਾਰੇ ਮਸਲੇ ਜਿਹੜੇ ਇਥੇ ਹਾਊਸ ਵਿਚ ਉਠਾਏ ਜਾਂਦੇ ਹਨ ਉਨ੍ਹਾਂ ਦਾ ਇਥੇ ਉਠਾਇਆ ਜਾਣਾ ਹੀ ਇਸ ਗੱਲ ਦੀ ਗਰੰਟੀ ਕਰਦਾ ਹੈ ਕਿ ਉਹ ਮਸਲੇ ਹੱਲ ਹੋ ਜਾਣਗੇ। ਸਪੀਕਰ ਸਾਹਿਬ, ਅਸੀਂ ਤੁਹਾਡੇ ਰਾਹੀਂ ਗੌਰਮਿੰਟ ਨੂੰ ਰਿਕੁਐਸਟ ਕੀਤੀ ਸੀ ਕਿ ਡਬਲ ਸਿਟਿੰਗ ਦੇ ਸਿਸਟਮ ਨੂੰ ਅਵਾਇਡ ਕੀਤਾ ਜਾਵੇ ਪਰ ਜਿਸ ਤਰ੍ਹਾਂ ਐਤਕੀਂ ਡਬਲ ਸਿਟਿੰਗ ਚਲਦੀ ਰਹੀ ਹੈ ਇਸ ਤਰ੍ਹਾਂ ਪਹਿਲੇ ਕਦੇ ਨਹੀਂ ਹੋਇਆ। (ਵਿਘਨ) ਸਪੀਕਰ ਸਾਹਿਬ, ਪਹਿਲੇ 90-90 ਦਿਨ ਸੈਸ਼ਨ ਚਲਦਾ ਰਹਿੰਦਾ ਸੀ। ਇਹ ਤਾਂ ਸੈਸ਼ਨ 18 ਤਾਰੀਖ ਨੂੰ ਹੀ ਖਤਮ ਕਰ ਦੇਣਾ ਚਾਹੁੰਦੇ ਸਨ ਪਰ ਤੁਸੀਂ ਖਿੱਚ ਕੇ ਇਸ ਨੂੰ 23 ਤਾਰੀਖ ਤੱਕ ਲੈ ਆਏ ਹੋ। ਪਤਾ ਨਹੀਂ ਇਹ ਗਰੀਫ ਸੈਸ਼ਨ ਕਿਉਂ ਕਰਨਾ ਚਾਹੁੰਦੇ ਹਨ ? ਪਤਾ ਨਹੀਂ ਇਹ ਡਿਸਕੱਸ਼ਨ ਨੂੰ ਕਿਉਂ ਅਵਾਇਡ ਕਰਦੇ ਹਨ ? ਪਤਾ ਨਹੀਂ ਆਪੋਜ਼ੀਸ਼ਨ ਵੱਲੋਂ ਕਹੀ ਗਈ ਗੱਲ ਨੂੰ ਇਹ ਆਪਣੇ ਖਿਲਾਫ ਕਿਉਂ ਸਮਝਦੇ ਹਨ ? ਮੈਂ ਸਮਝਦਾ ਹਾਂ ਕਿ ਜੇ ਆਪੋਜ਼ੀਸ਼ਨ ਵਲੋਂ ਕੰਸਟਰੱਕਟਿਵ ਸੁਝਾਓ ਆਉਂਦੇ ਹਨ, ਚੰਗੀਆਂ ਗੱਲਾਂ ਆਉਂਦੀਆਂ ਹਨ ਤਾਂ ਇਨ੍ਹਾਂ ਨੂੰ ਉਹ ਆਪਣੇ ਖਿਲਾਫ ਨਹੀਂ ਸਮਝਣੀਆਂ ਚਾਹੀਦੀਆਂ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਐਮਰਜੈਂਸੀ ਦੀਆਂ ਪੁਰਾਣੀਆਂ ਗੱਲਾਂ ਨੂੰ ਨਾ ਦੁਹਰਾਉਣ। (ਵਿਘਨ) ਇਹ ਬਰੀਫ ਸੈਸ਼ਨ ਕਰਕੇ, ਘੱਟ ਡਿਸਕਸ਼ਨ ਕਰਕੇ ਫਿਰ ਉਹੀ ਗੱਲਾਂ ਕਰ ਰਹੇ ਹਨ। ਜੀਰੋ ਆਵਰ ਵਿਚ ਅਸੀਂ ਆਪਣੀ ਗੱਲ ਕਹਿਣੀ ਹੁੰਦੀ ਹੈ, ਉਸ ਨੂੰ ਵੀ ਤੁਸੀਂ ਕਰਟੇਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਕਾਲ ਅਟੈਨਸ਼ਨ ਮੋਸ਼ਨਾਂ ਵੀ ਘੱਟ ਕਰ ਦਿੱਤੀਆਂ ਹਨ। ਸਪੀਕਰ ਸਾਹਿਬ, ਅੱਜ ਸਾਡੇ ਸਾਹਮਣੇ ਬਹੁਤ ਸਾਰੇ ਮਸਲੇ ਹਨ ਜਿਨ੍ਹਾਂ ਬਾਰੇ ਸਪੱਸ਼ਟ ਗੱਲ ਸਾਹਮਣੇ ਨਹੀਂ ਆਈ । ਸੀ.ਐਮ. ਨੇ ਕੱਲ ਹੜ੍ਹਾਂ ਬਾਰੇ ਬਿਆਨ ਦਿਤਾ ਸੀ , ਅਸੀਂ ਉਸ ਨੂੰ ਵੈਲਕਮ ਕਰਦੇ ਹਾਂ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਉਸ ਬਿਆਨ ਵਿਚ ਉਨ੍ਹਾਂ ਨੇ ਸਿਰਫ ਇਹੀ ਕਿਹਾ ਹੈ ਕਿ ਕਲਝੇ ਅੱਗੇ ਮੁਲਤਵੀ ਹੋਣਗੇ, ਹੋਰ ਕੁਝ ਨਹੀਂ ਕਿਹਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੜ੍ਹ-ਮਾਰੇ ਲੋਕਾਂ ਨੂੰ ਇਹ ਮੁਆਵਜ਼ਾ ਕੀ ਦੇਣਗੇ ? ਮਕਾਨ ਢਹਿਆਂ ਦਾ ਕੀ ਮੁਆਵਜ਼ਾ ਦੇਣਗੇ ? ਐਗਰੀਕਲਚਰ ਮਨਿਸਟਰ ਨੇ ਵੀ ਸਵਾਲ ਦੇ ਜਵਾਬ ਵਿਚ ਕਿਹਾ ਸੀ .....

Chief Minister : On a Point of Order, Sir.

Mr. Speaker : Chief Minister is on a Point of Order.

Original with;
Punjab Vidhan Sabha
Digitized by;
Panjab Digital Library

Chief Minister : The statement made by Comrade Raj Kumar is absolutely wrong. If you see the proceedings, I have said it very much that the criteria laid down by the previous Government will be adhered to and all facilities and amenities will be given to the affected people as well as the property which has been damaged will be looked after properly. This is the criteria laid down by the previous Government and we will adhere to it. I have said it in my speech.

ਸ਼੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਮੈਂ ਤੁਹਾਨੂੰ ਇਕ ਗਲ ਕਹਾਂਗਾ ਕਿ ਇਹ ਜਿਹੜੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ ਉਸ ਦੇ ਵਿਚ ਸਾਥੀਆਂ ਪਾਰਟੀਆਂ ਦੇ ਮਾਨ-ਯੋਗ ਮੈਂਬਰਜ਼ ਹਾਜ਼ਰ ਸਨ । ਉਸ ਕਮੇਟੀ ਨੇ ਯੂਨਾਨੀਮਸਲੀ ਫੈਸਲਾ ਕੀਤਾ ਹੈ ਲੇਕਿਨ ਫਿਰ ਵੀ ਤੁਹਾਨੂੰ ਅਖ਼ਤਿਆਰ ਹੈ ਕਿ ਇਸ ਦੇ ਹੱਕ ਵਿਚ ਕਹੋ ਜਾਂ ਇਸ ਦੀ ਵਿਰੋਧਤਾ ਕਰੋ । ਲੇਕਿਨ ਜਿਹੜੀ ਗਲ ਕਰੋ ਉਸ ਨੂੰ ਸ਼ਰਾ ਛੋਟਾ ਰਖੋ। (ਵਿਘਨ)

Comrade Raj Kumar : I am coming to the concluding part of my speech. ਸੀ.ਐਮ. ਸਾਹਿਬ ਨੇ ਪ੍ਰੀਵੀਅਸ ਗੌਰਮਿੰਟ ਦਾ ਰੈਫਰੈਂਸ ਦਿੱਤਾ ਹੈ । ਗੌਰਮਿੰਟਾਂ ਇਥੇ ਕਈ ਰਹੀਆਂ ਹਨ । ਕਿਹੜੀ ਗੌਰਮਿੰਟ ਦੇ ਕਰਾਈਟੇਰੀਏ ਬਾਰੇ ਉਨ੍ਹਾਂ ਨੇ ਗਲ ਕੀਤੀ ਹੈ ? 1972 ਵਾਲੀ ਗੌਰਮਿੰਟ ਦੇ ਕਰਾਈਟੇਰੀਏ ਦੀਗਲ ਕੀਤੀ ਹੈ ਜਾਂ ਉਸ ਨੋਂ ਬਾਅਦ ਦੀ ਗੌਰਮਿੰਟ ਦੇ ਕਰਾਈਟੇਰੀਏ ਦੀ ਗਲ ਕੀਤੀ ਹੈ ? ਉਨ੍ਹਾਂ ਨੇ ਸਪੱਸ਼ਟ ਲਫਜ਼ਾਂ ਵਿਚ ਗਲ ਨਹੀਂ ਕੀਤੀ, ਅਸਪੱਸ਼ਟ ਲਫਜ਼ਾਂ ਵਿਚ ਗਲ ਕੀਤੀ ਹੈ ।

ਮੁੱਖ ਮੰਤਰੀ : ਸ਼ਾਇਦ ਕਾਮਰੇਡ ਰਾਜ ਕੁਮਾਰ ਜੀ ਉਦੋਂ ਗੈਰ-ਹਾਜ਼ਰ ਸਨ । ਮੇਰੀ ਸਟੇਟਮੈਂਟ ਕਢਵਾ ਕੇ ਦੇਖ ਲੈਣ ਕਿ ਮੈਂ ਕੀ ਕਿਹਾ ਸੀ । ਮੈਂ ਕਿਹਾ ਸੀ ਕਿ ਅਗਰ ਜ਼ਿਆਦਾ ਮੁਆਵਜ਼ਾ ਦੇਣ ਦੀ ਜ਼ਰੂਰਤ ਪਈ ਤਾਂ ਅਸੀਂ ਜ਼ਿਆਦਾ ਕਰਾਂਗੇ । This is my statement (*Interruption*)

ਸ਼੍ਰੀ ਸਪੀਕਰ : ਇਸ ਮੋਸ਼ਨ ਦੇ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ।

ਕਾਮਰੇਡ ਰਾਜ ਕੁਮਾਰ : ਇਕ ਮਾਮਲਾ ਬੜਾ ਸੀਰੀਅਸ ਹੈ । ਮੈਂ ਪਹਿਲਾਂ ਵੀ ਇਥੇ ਮੌਜੂਦ ਸੀ। (ਵਿਘਨ) ਸੀਰੀਅਸ ਮਾਮਲਾ ਇਹ ਹੈ ਕਿ ਟ੍ਰੀਬਿਊਨ ਅਖ਼ਬਾਰ ਵਿਚ ਇਕ ਐਡੀਟੋਰੀਅਲ ਆਇਆ ਹੈ। (ਵਿਘਨ) (ਸ਼ੋਰ) ਉਸ ਦੇ ਭਰਾ, ਭਾਣਜੀਆਂ..... (ਵਿਘਨ) ਬਗੈਰ ਕਿਸੇ ਗਲ ਤੋਂ, ਬਗੈਰ ਮੁਕੱਦਮਾ ਚਲਾਏ ਉਨ੍ਹਾਂ ਨੂੰ ਬੁਲਾਇਆ.....(ਵਿਘਨ)

Mr. Speaker : You are a seasoned parliamentarian. Why are you crossing the limits ? ਤੁਸੀਂ ਇਸ ਮੋਸ਼ਨ ਦੇ ਬਾਰੇ ਕਹੋ ਜੋ ਕੁਝ ਕਹਿਣਾ ਹੈ ਤਾਂ ਕਿ ਮੈਂ ਅਗਲੀ ਆਈਟਮ ਲਵਾਂ ।

ਕਾਮਰੇਡ ਰਾਜ ਕੁਮਾਰ : ਮੈਂ, ਸਰ, ਮੋਸ਼ਨ ਤੇ ਹੀ ਆ ਰਿਹਾ ਹਾਂ। (ਵਿਘਨ) ਸਪੀਕਰ ਸਾਹਿਬ, ਇਹ ਜਿਹੜੀ ਮੋਸ਼ਨ ਸਾਈਨੇ-ਡਾਈ ਦੀ ਇਨ੍ਹਾਂ ਨੇ ਲਿਆਂਦੀ ਹੈ, ਮੈਂ ਕਹਿੰਦਾ ਹਾਂ ਕਿ ਇਹ ਨਾ ਲਿਆਓ । ਮਹਿਕਮੇ ਸਾਰੇ ਡਿਸਕਸ ਨਹੀਂ ਹੋਏ । (ਵਿੱਤ ਮੰਤਰੀ ਜੀ ਵਲੋਂ ਵਿਘਨ) ਡਾਕਟਰ ਸਾਹਿਬ ਨੇ ਇਸ ਹਾਊਸ ਨੂੰ ਐਸ਼ੋਰੈਂਸ ਦਿੱਤੀ ਹੈ ਕਿ ਮਿਊਂਸਪਲ ਕਮੇਟੀ ਦੇ ਪ੍ਰਧਾਨ ਦੇ ਖਿਲਾਫ ਇਨਕੁਆਇਰੀ ਹੋ ਜਾਵੇ, ਫਿਰ ਦੱਸ ਦੇਣਗੇ। ਇਨਕੁਆਇਰੀ ਰਿਪੋਰਟ ਆ ਗਈ ਹੈ, ਪਰ ਹਾਊਸ ਨੂੰ ਹਾਲੀਂ ਤਕ ਕੁਝ ਨਹੀਂ ਦੱਸਿਆ ਗਿਆ। 8 ਤਾਰੀਖ ਤੋਂ ਬਾਅਦ 10 ਤਾਰੀਖ ਨੂੰ ਰਿਪੋਰਟ ਆ ਗਈ ਹੈ ।

Original with;
Punjab Vidhan Sabha
Digitized by;
Panjab Digital Library

(ਵਿਘਨ) ਮੈਂ ਇਨ੍ਹਾਂ ਦੀ ਸਟੇਟਮੈਂਟ ਪੜ੍ਹ ਦਿੰਦਾ ਹਾਂ। ਇਸ ਹਾਊਸ ਵਿਚ ਇਨ੍ਹਾਂ ਨੇ ਕਿਹਾ 'ਮੈਂ ਇਸ ਹਾਊਸ ਕੋ ਯਕੀਨ ਦਿਲਾਤਾ ਹੂੰ ਕਿ ਜਿਸ ਵਕਤ ਸੁਆਇੰਟ ਡਾਇਰੈਕਟਰ ਕੀ ਰਿਪੋਰਟ ਆ ਜਾਏਗੀ, ਫੌਰਨ ਐਕਸ਼ਨ ਲੀਆ ਜਾਏਗਾ'। 8 ਤਾਰੀਖ਼ ਤੋਂ ਬਾਅਦ ਉਸ ਨੇ ਆਪਣੀ ਰਿਪੋਰਟ 10 ਤਾਰੀਖ਼ ਨੂੰ ਦੇ ਦਿੱਤੀ। ਇਨ੍ਹਾਂ ਨੇ ਮੈਨੂੰ ਇਹ ਗਲ ਕਹੀ ਕਿ ਇਹ ਪ੍ਰਧਾਨ ਦੇ ਖ਼ਿਲਾਫ ਹੈ। ਪਰ ਇਨ੍ਹਾਂ ਨੇ ਹਾਲੀਂ ਤਕ ਉਸ ਨੂੰ ਸ਼ੋ ਕਾਜ਼ ਨੋਟਿਸ ਵੀ ਨਹੀਂ ਦਿੱਤਾ ਅਤੇ ਨਾ ਹੀ ਇਸ ਸਬੰਧ ਵਿਚ ਹੋਈ ਕਾਰਵਾਈ ਹਾਊਸ ਨੂੰ ਦੱਸੀ ਹੈ। ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਜੇ ਬਹੁਤ ਸਾਰੀਆਂ ਚੀਜ਼ਾਂ ਰਹਿੰਦੀਆਂ ਹਨ, ਇਸ ਲਈ ਹਾਊਸ ਨੂੰ ਸਾਈਨੇ-ਡਾਈ ਐਡਜਰਨ ਨਹੀਂ ਕਰਨਾ ਚਾਹੀਦਾ ਅਤੇ 5-7 ਦਿਨ ਹੋਰ ਚਲਣ ਦੇਣਾ ਚਾਹੀਦਾ ਹੈ।

ਸਰਦਾਰ ਹਰਚੰਦ ਸਿੰਘ ਬਰਾੜ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਗੌਰਮਿੰਟ ਦੀ ਤਵੱਜੋ ਲਾਅ ਐਂਡ ਆਰਡਰ ਵਲ ਦਿਵਾਉਂਦਾ ਹਾਂ। (ਵਿਘਨ)

ਸ਼੍ਰੀ ਸਪੀਕਰ : ਇਸ ਮੋਸ਼ਨ ਦੇ ਬਾਰੇ ਵਿਚ ਕਹੋ ਜੋ ਕੁਝ ਕਹਿਣਾ ਹੈ।

ਸਰਦਾਰ ਹਰਚੰਦ ਸਿੰਘ ਬਰਾੜ : ** ** ** (ਵਿਘਨ)

Mr. Speaker : This is no point of order. I expunge these remarks.

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ, ਐਸ.ਸੀ.) : ਸਪੀਕਰ ਸਾਹਿਬ, ਇਹ ਬੜਾ ਇਮਪਾਰਟੈਂਟ ਮਸਲਾ ਹੈ। ਇਹ ਠੀਕ ਹੈ ਕਿ ਸਾਰੀਆਂ ਪਾਰਟੀਆਂ ਦੇ ਮੈਂਬਰਜ਼ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਜਾਂਦੇ ਹਨ ਅਤੇ ਉਹ ਸਾਰੀ ਗਲ ਨੂੰ ਪਾਸ ਕਰਦੇ ਹਨ। ਇਹ ਗਲ ਮੈਂ ਮੰਨ ਲੈਂਦਾ ਹਾਂ ਲੇਕਿਨ ਅਸੀਂ ਵੀ ਲੋਕਾਂ ਤੋਂ ਵੋਟਾਂ ਲੈ ਕੇ ਆਉਂਦੇ ਹਾਂ ਅਤੇ ਅਸੀਂ ਲੋਕਾਂ ਦੀਆਂ ਇਥੇ ਆ ਕੇ ਦੁੱਖ ਤਕਲੀਫਾਂ ਦੱਸਣੀਆਂ ਹੁੰਦੀਆਂ ਹਨ। ਸਪੀਕਰ ਸਾਹਿਬ, ਡੇਡ ਡੇਢ ਮਹੀਨੇ ਵੀ ਇਥੇ ਬਜਟ ਸੈਸਨ ਚਲਦਾ ਰਿਹਾ ਹੈ ਔਰ ਫਿਰ ਅਸੀਂ ਇਤਨੀ ਤੇਜ਼ੀ ਕਿਉਂ ਕਰ ਰਹੇ ਹਾਂ? ਸਪੀਕਰ ਸਾਹਿਬ, ਤੁਹਾਡੀ ਵੀ ਪਹਿਲੀ ਟਰਮ ਹੈ ਔਰ ਇਥੇ ਲਗਾਤਾਰ 3-4 ਦਿਨ ਡਬਲ ਸਿਟਿੰਗ ਕਰ ਦਿੱਤੀ। ਸੈਚਰਡੇ ਤੋਂ ਪਹਿਲਾਂ ਫਰਾਈਡੇ ਨੂੰ ਕਦੇ ਵੀ ਡਬਲ ਸਿਟਿੰਗ ਨਹੀਂ ਹੋਈ। ਮਗਰ ਉਹ ਵੀ ਐਤਕੀਂ ਡਬਲ ਸਿਟਿੰਗ ਕਰ ਦਿੱਤੀ। ਪੰਜਾਬ ਦੇ ਬਹੁਤ ਸਾਰੇ ਮਸਲੇ ਹਾਲੀਂ ਰਹਿੰਦੇ ਹਨ ਜਿਨ੍ਹਾਂ ਤੇ ਬਹਿਸ ਕੀਤੀ ਜਾ ਸਕਦੀ ਹੈ। ** ** ** (ਵਿਘਨ)

ਸ਼੍ਰੀ ਸਪੀਕਰ : ਖਾਲਸਾ ਜੀ ਨੇ ਜੋ ਪਿਛਲੇ ਸੈਸ਼ਨ ਦੌਰਾਨ ਹੋਈ ਰਾਜ ਸਭਾ ਦੀ ਚੋਣ ਬਾਰੇ ਲਫਜ਼ ਕਹੇ ਹਨ। I expunge them.

(ਇਸ ਵਕਤ ਵਿੱਤ ਮੰਤਰੀ ਜੀ ਅਤੇ ਸਰਦਾਰ ਦਲੀਪ ਸਿੰਘ ਪਾਂਧੀ ਬੋਲਣ ਲਈ ਖੜੇ ਸਨ। ਸ਼੍ਰੀ ਸਪੀਕਰ ਨੇ ਵਿੱਤ ਮੰਤਰੀ ਜੀ ਨੂੰ ਬੋਲਣ ਦੀ ਆਗਿਆ ਦਿੱਤੀ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਾਨੂੰ ਕਹਿ ਲੈਣ ਦਿਓ । ਅਸੀਂ ਅਪੋਜ਼ ਕਰਨਾ ਹੈ। (ਵਿਘਨ) ਆਰਟੀਕਲ 199 ਦੇ ਥੱਲੇ ਅਸੀਂ ਬੋਲ ਸਕਦੇ ਹਾਂ । ਮੈਂ ਇਸ ਮੋਸ਼ਨ ਤੇ ਬੋਲਣਾ ਚਾਹੁੰਦਾ ਹਾਂ। (ਵਿਘਨ)

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਮਾਨਯੋਗ ਮੈਂਬਰਾਂ ਨੇ ਇਸ ਮੋਸ਼ਨ ਦੀ ਵਿਰੋਧਤਾ ਕਰਦਿਆਂ ਕਈ ਗਲਾਂ ਕੀਤੀਆਂ ਹਨ। ਢੀਂਡਸਾ ਸਾਹਿਬ ਤਾਂ ਕੁਝ ਬੋਲ ਹੀ ਨਹੀਂ ਸਕੇ ਅਤੇ ਉਨ੍ਹਾਂ ਨੇ ਤਾਂ ਐਸਪਰਸ਼ਨਜ਼ ਹੀ ਕੀਤੀਆਂ ਹਨ। ਮੈਂ ਅਰਜ਼ ਕਰਾਂਗਾ ਕਿ ਤੁਸੀਂ ਬੜੀ ਅੱਛੀ ਤਰ੍ਹਾਂ ਅੌਰ ਬੜੇ ਪੁਰ-ਅਮਨ ਢੰਗ ਨਾਲ ਇਸ ਹਾਊਸ ਦੀ ਕਾਰਵਾਈ ਨੂੰ ਚਲਾਇਆ ਹੈ। 26 ਜੂਨ, 1980 ਤੋਂ ਇਹ ਹਾਊਸ ਸ਼ੁਰੂ ਹੋਇਆ ਅਤੇ 23 ਜੁਲਾਈ, 1980 ਅੱਜ ਹੋ ਗਈ ਹੈ । ਲਗ ਭਗ ਇਕ ਮਹੀਨਾ ਹੋ ਗਿਆ ਹੈ। ਮੈਂ, ਸਪੀਕਰ ਸਾਹਿਬ, ਅਰਜ਼ ਕਰਨੀ ਚਾਹਾਂਗਾ ਕਿ ਤੁਸੀਂ ਇਸ ਹਾਊਸ ਦਾ ਬਿਜ਼ਨੈਸ ਚਲਾਉਣ ਵਾਸਤੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੌਮੀਨੇਟ ਕੀਤੀ ਹੈ ਅੌਰ ਉਸ ਦੇ ਵਿਚ ਸਪੈਸ਼ਲ ਇਨਵਾਈਟੀ ਮਾਸਟਰ ਚੰਦ ਸਿੰਘ ਜੀ ਚੋਪੜਾ ਨੂੰ ਵੀ ਸੱਦਿਆ ਅੌਰ ਸੀ.ਪੀ.ਆਈ. ਗਰੁੱਪ ਦੇ ਮੈਂਬਰ ਕਾਮਰੇਡ ਰਾਜ ਕੁਮਾਰ ਜੀ ਵੀ ਉਸ ਮੀਟਿੰਗ ਵਿਚ ਸ਼ਾਮਲ ਸਨ । ਇਸੇ ਤਰ੍ਹਾਂ ਅਕਾਲੀ ਪਾਰਟੀ ਦੇ ਮਾਨਯੋਗ ਮੈਂਬਰਜ਼ ਵੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਸਨ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ 3-4 ਵਾਰੀ ਤੁਹਾਡੇ ਚੈਂਬਰ ਵਿਚ ਹੋਈ ਹੈ ਅੌਰ ਮੈਨੂੰ ਬੜੀ ਖੁਸ਼ੀ ਹੈ ਕਿ ਤੁਹਾਡੀ ਪ੍ਰਧਾਨਗੀ ਵਿਚ ਸਾਰੇ ਫੈਸਲੇ ਯੂਨਾਨੀਮਸਲੀ ਹੋਏ। ਜਿਥੇ ਕਿਤੇ ਕੋਈ ਇਖ਼ਤਲਾਫ਼ ਸੀ ਉਹ ਵੀ ਖ਼ਤਮ ਹੋ ਗਿਆ ਅੌਰ ਸਾਰੇ ਮੈਂਬਰ ਸਾਹਿਬਾਨ ਅੈਗਰੀ ਕਰਦੇ ਰਹੇ । ਇਸ ਹਾਊਸ ਦੇ ਮੈਂਬਰ ਸਾਹਿਬਾਨ ਦਾ ਜਿਹੜਾ ਫੈਸਲਾ ਯੂਨਾਨੀਮਸ ਹੁੰਦਾ ਰਿਹਾ ਹੈ ਉਸ ਦੀ ਆਪੋਜ਼ੀਸ਼ਨ ਕਦੇ ਨਹੀਂ ਹੋਈ ਅੌਰ ਖਾਸ ਤੌਰ ਤੇ ਜਿਹੜਾ ਮੈਂਬਰ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦਾ ਮੈਂਬਰ ਹੋਵੇ, ਬਥਨਾਲਾ ਜੀ ਕਮੇਟੀ ਦੇ ਮੈਂਬਰ ਸਨ, ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਬਿਲਕੁਲ ਮੁਖਾਲਫਤ ਨਹੀਂ ਕੀਤੀ ਕਿਉਂਕਿ ਉਹ ਸਮਝਦੇ ਹਨ ਕਿ ਜਿਹੜਾ ਕਮੇਟੀ ਦਾ ਯੂਨਾਨੀਮਸ ਫੈਸਲਾ ਹੋਵੇ ਉਹ ਹਰ ਪਾਰਟੀ ਤੇ ਬਾਈਡਿੰਗ ਹੁੰਦਾ ਹੈ, ਕਾਮਰੇਡ ਰਾਜ ਕੁਮਾਰ ਜੀ ਨੇ ਬੜੇ ਅਫ਼ਸੋਸ ਦੀ ਗਲ ਹੈ ਕਿ ਆਪ ਹੀ ਫੈਸਲਾ ਕੀਤਾ ਅਤੇ ਆਪ ਹੀ ਉਸ ਦੀ ਆਪੋਜ਼ੀਸ਼ਨ ਕਰਨ ਲਗ ਪਏ। (ਵਿਘਨ)

Comrade Raj Kumar : We had never decided that the House should be adjourned. This decision was not taken.

ਵਿੱਤ ਮੰਤਰੀ : ਕਾਮਰੇਡ ਜੀ ਬੜੇ ਅੱਛੇ ਪਾਰਲੀਮੈਂਟੇਰੀਅਨ ਹਨ ਪਰ ਫਿਰ ਵੀ ਇਨ੍ਹਾਂ ਨੇ ਇਸ ਦੀ ਵਿਰੋਧਤਾ ਕੀਤੀ ਜਦ ਕਿ ਅਸੀਂ ਸਾਰੇ ਪ੍ਰੋਗਰਾਮ ਉਨ੍ਹਾਂ ਦੇ ਮੁਤਾਬਕ ਨਿਸਚਿਤ ਕੀਤੇ ਅੌਰ ਫੈਸਲਾ ਕੀਤਾ ਕਿ 23 ਤਾਰੀਖ ਨੂੰ ਹਾਊਸ ਸਾਈਨੇ-ਡਾਈ ਅੈਡਜਰਨ ਕਰਾਂਗੇ ।

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੇ ਤੌਖਲਾ ਪ੍ਰਗਟ ਕੀਤਾ ਹੈ ਕਿ ਹਾਊਸ ਵਿਚ ਘੱਟ ਬਹਿਸ ਹੋਈ ਹੈ। ਸਪੀਕਰ ਸਾਹਿਬ, ਤੁਸੀਂ ਵੇਖਿਆ ਹੋਵੇਗਾ ਕਿ ਰਿਪੀਟਿਡਲੀ ਉਹੀ ਵਿਸ਼ੇ ਹਾਊਸ ਵਿਚ ਆਉਂਦੇ ਰਹੇ ਹਨ। ਇਸ ਤੋਂ ਮੈਂ ਸਮਝਦਾ ਹਾਂ ਕਿ ਹੋਰ ਕੋਈ ਨਵੀਂ ਗਲ ਕਿਸੇ ਮੈਂਬਰ ਸਾਹਿਬ ਕੋਲ ਨਹੀਂ ਰਹੀ ਜਿਹੜੀ ਜ਼ੋਰ ਬਹਿਸ ਆਉਣੀ ਹੋਵੇ। ਹਰ ਚੀਜ਼ ਤੇ ਚੰਗੀ ਤਰ੍ਹਾਂ ਡਿਸਕਸ਼ਨ ਹੋ ਗਈ ਹੈ। ਪਹਿਲਾਂ ਗਵਰਨਰ ਸਾਹਿਬ ਦੇ ਅੈਡਰੈਸ ਤੇ ਬਹਿਸ ਹੋਈ, ਫਿਰ ਬਜਟ ਤੇ ਅਤੇ ਫਿਰ ਡਿਮਾਂਡਜ਼ ਤੇ। ਇਸ ਤਰ੍ਹਾਂ 2 ਘੰਟੇ ਦੀ ਹੋਰ ਬਹਿਸ ਵੀ ਹੋਈ ਅਤੇ ਨਾਨ-ਆਫੀਸ਼ੀਅਲ ਡੇ ਤੇ ਵੀ ਬਹਿਸ ਹੋਈ। ਹੁਣ ਚੂੰਕਿ ਸਾਰੀ ਬਹਿਸ ਹੋ ਚੁਕੀ ਹੈ ਇਸ ਲਈ ਹੋਰ ਹਾਊਸ ਵਧਾਉਣ ਦੀ ਜ਼ਰੂਰਤ ਨਹੀਂ ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਸਾਰੇ ਪੰਜਾਬ ਵਿਚ ਰਿਲੀਫ਼ ਦਾ ਕੰਮ ਸ਼ੁਰੂ ਹੋ ਚੁਕਾ ਹੈ। ਇਨ੍ਹਾਂ ਨੂੰ ਆਪਣੇ ਆਪਣੇ ਹਲਕਿਆਂ ਵਿਚ ਜਾਣਾ ਚਾਹੀਦਾ ਹੈ ਅਤੇ ਲੋਕਾਂ ਦਾ ਹੱਥ ਵਟਾਉਣਾ ਚਾਹੀਦਾ ਹੈ। ਐਵੇਂ ਚੰਡੀਗੜ੍ਹ ਆਰਾਮ ਨਾਲ ਨਹੀਂ ਬੈਠੇ ਰਹਿਣਾ ਚਾਹੀਦਾ।

ਕਾਮਰੇਡ ਰਾਜ ਕੁਮਾਰ ਜੀ ਨੇ ਧਾਰੀਵਾਲ ਕਮੇਟੀ ਦੇ ਬਾਰੇ ਕਿਹਾ ਸੀ ਅੱਜ ਮੈਂ ਕਿਹਾ ਸੀ ਕਿ 10 ਦਿਨਾਂ ਦੇ ਵਿੱਚ ਵਿਚ ਇਨਕੁਆਇਰੀ ਜੁਆਇੰਟ ਡਾਇਰੈਕਟਰ ਦੀ ਹੋਵੇਗੀ ਅੱਜ ਉਸ ਤੇ ਫੌਰਨ ਐਕਸ਼ਨ ਲਿਆ ਜਾਏਗਾ। ਮੈਂ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਉਹ ਇਨਕੁਆਇਰੀ 10 ਦਿਨਾਂ ਵਿਚ ਮੁਕੰਮਲ ਹੋ ਚੁਕੀ ਹੈ ਅਤੇ ਐਕਸ਼ਨ ਸ਼ੁਰੂ ਹੋ ਗਿਆ ਹੈ। ਉਸ ਦੀ ਜੋ ਵੀ ਇਤਲਾਹ ਹੋਵੇਗੀ ਉਹ ਮੈਂਬਰ ਸਾਹਿਬ ਨੂੰ ਪਹੁੰਚ ਜਾਏਗੀ। ਮੈਂ ਹਾਊਸ ਨੂੰ ਨਹੀਂ ਦੱਸਣ ਵਾਸਤੇ ਕਿਹਾ ਸੀ ਅੱਜ ਨਾ ਹੀ ਮੈਂ ਹਾਊਸ ਨੂੰ ਉਸ ਬਾਰੇ ਦੱਸਣਾ ਚਾਹੁੰਦਾ ਹਾਂ।

ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ ਕਿਉਂਕਿ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਇਸ ਨਾਲ ਸਹਿਮਤੀ ਦਿੱਤੀ ਹੈ।

Mr. Speaker : Question is —

That the Vidhan Sabha (Assembly) at its rising this day shall stand adjourned *sine die*.

The motion was carried.

PAPER LAID ON THE TABLE

Finance Minister (Doctor Kewal Krishan : Sir, I beg to lay on the Table the Annual Report on the working of the Punjab Public Service Commission for the year 1977-78, as presented to the Governor together with the Memorandum explaining the reasons for the non-acceptance of the advice of the Commission, as required under Article 323 (2) of the Constitution.

DISCUSSION ON THE 25TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1977-78 (PARTS I & II)

Mr. Speaker : Comrade Baldev Singh Loomba to move the motion.

Comrade Baldev Singh Loomba : Sir, I beg to move—

That the 25th Report of the Commissioner for Scheduled Castes and Scheduled Tribes for the year 1977-78(Parts I & II), which was laid on the Table of the House on the 2nd July, 1980, be discussed.

Mr. Speaker : Motion moved —

That the 25th Report of the Commissioner for Scheduled Castes and Scheduled Tribes for the year 1977-78 (Parts I and II), which was laid on the Table of the House on the 2nd July, 1980, be discussed.

ਸਰਦਾਰ ਦਲੀਪ ਸਿੰਘ ਪਾਂਧੀ : ਸਰ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਕਾਂਸਟੀਚਿਊਸ਼ਨ ਦਾ ਆਰਟੀਕਲ 194(3) ਹੈ ਉਹ ਕਹਿੰਦਾ ਹੈ ਕਿ ਜੇਕਰ ਹਾਊਸ ਵਿਚ ਪ੍ਰਿਵਿਲਜ ਮੋਸ਼ਨ ਆ ਜਾਵੇ, ਜਿਸ ਤਰ੍ਹਾਂ ਬਰਨਾਲਾ ਸਾਹਿਬ ਨੇ ਦਿੱਤੀ ਹੈ ..... (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panj... Digital Library

ਸ਼੍ਰੀ ਸਪੀਕਰ : ਤੁਸੀਂ ਮੇਰੀ ਰੂਲਿੰਗ ਨੂੰ ਡਿਸਕਸ ਨਹੀਂ ਕਰ ਸਕਦੇ (ਵਿਘਨ)

ਸਰਦਾਰ ਦਲੀਪ ਸਿੰਘ ਪਾਧੀ : ** ** ** (ਵਿਘਨ)

ਸ਼੍ਰੀ ਸਪੀਕਰ : ਜੋ ਕੁਝ ਮਾਨਯੋਗ ਮੈਂਬਰ ਕਹਿ ਰਹੇ ਹਨ ਉਹ ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣੇ। (ਵਿਘਨ)

ਕਾਮਰੇਡ ਸਰਵਣ ਸਿੰਘ (ਧਰਮਕੋਟ, ਐਸ. ਸੀ.) : ਸਪੀਕਰ ਸਾਹਿਬ, ਇਹ ਰਿਪੋਰਟ ਜਿਹੜੀ ਸਦਨ ਦੀ ਮੇਜ਼ ਤੇ ਰਖੀ ਗਈ ਹੈ ਇਸ ਵਿਚ ਸ਼ਡਿਊਲਡ ਕਾਸਟਸ ਅਤੇ ਪਛੜੀਆਂ ਜਾਤੀਆਂ ਨੂੰ ਮਿਲੀਆਂ ਨੌਕਰੀਆਂ ਦੇ ਵੇਰਵੇ ਦਿੱਤੇ ਹੋਏ ਹਨ। ਇਸ ਵਿੱਚ ਦਸਿਆ ਹੈ ਕਿ 42 ਸੁਪਰ ਜੱਜ ਹਨ ਜਿਨ੍ਹਾਂ ਵਿਚੋਂ ਸ਼ਡਿਊਲਡ ਕਾਸਟਸ ਦਾ ਇੱਕ ਹੈ। ਫਿਰ ਪੀ.ਸੀ.ਐਸ. ਦੇ ਆਂਕੜੇ ਦਿੱਤੇ ਹਨ। 175 ਵਿਚੋਂ 34 ਸ਼ਡਿਊਲਡ ਕਾਸਟਸ। ਮੈਂ ਕਹਿੰਦਾ ਹਾਂ ਕਿ ਇਹ ਜਿਹੜੇ ਵੇਰਵੇ ਦਿੱਤੇ ਹੋਏ ਹਨ ਇਹ ਸਾਰੀ ਕਾਗਜ਼ੀ ਕਾਰਵਾਈ ਹੈ। ਕਾਗਜ਼ੀ ਕਾਰਵਾਈ ਨਾਲ ਉਨ੍ਹਾਂ ਜਾਤੀਆਂ ਦਾ ਭਲਾ ਨਹੀਂ ਹੋਣਾ ਜਿੰਨਾਂ ਚਿਰ ਤਕ ਇਸ ਨੂੰ ਅਮਲ ਵਿਚ ਨਾ ਲਿਆਂਦਾ ਜਾਵੇ। ਸਪੀਕਰ ਸਾਹਿਬ, ਇਕ ਥਾਂ ਤੇ ਕੁਲ ਗਿਣਤੀ ਹਰੀਜਨਾਂ ਦੀ ਦੱਸੀ ਹੈ। ਜਿਹੜੇ ਸਫਾਈ ਮਜ਼ਦੂਰ ਹਨ, ਇਨ੍ਹਾਂ ਨੇ ਉਨ੍ਹਾਂ ਦੇ ਵਿਚ ਵੜ੍ਹਾ ਵਾਧਾ ਕੀਤਾ ਹੈ ਨਾ ਕਿ ਕਿਸੇ ਹੋਰ ਕਲਾਸ ਵਿਚ। ਮੈਂ ਸਰਕਾਰ ਨੂੰ ਅਪੀਲ ਕਰਾਂਗਾ ਕਿ ਉਨ੍ਹਾਂ ਦੀ ਵਿਚੋਂ ਹਿੱਸਾ ਲੈ ਲੈਣਾ ਸੀ ਅਤੇ ਦੂਜੀ ਜਾਤੀ ਦੇ ਬੰਦਿਆਂ ਨੂੰ ਦੇ ਦੇਣਾ ਸੀ ਤਾਕਿ ਪਤਾ ਲਗਦਾ ਉਨ੍ਹਾਂ ਨੂੰ ਵੀ ਕਿ ਕਿਸ ਤਰ੍ਹਾਂ ਥੱਲੇ ਵਾਲਾ ਕੰਮ ਕਰੀਦਾ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਚੋਂ ਸਾਡੀ ਰਿਜ਼ਰਵੇਸ਼ਨ ਘਟਾ ਲੈਣ ਅਤੇ ਦੂਜੀਆਂ ਕਲਾਸਾਂ ਵਿਚ ਵਧਾ ਦੇਣ।

ਸਪੀਕਰ ਸਾਹਿਬ, ਜਿਥੋਂ ਤਕ ਇਨ੍ਹਾਂ ਦੇ 20 ਨੁਕਾਤੀ ਪ੍ਰੋਗਰਾਮ ਦਾ ਸੁਆਲ ਹੈ ਜਿਸ ਦਾ ਇਨ੍ਹਾਂ ਨੇ ਬੜਾ ਰੌਲਾ ਪਾਇਆ ਹੋਇਆ ਹੈ, ਉਸ ਦੇ ਵਿਚ ਦੱਸਿਆ ਹੈ ਕਿ ਸਰਕਾਰ ਨੇ 3 ਲੱਖ 20 ਹਜ਼ਾਰ ਪਲਾਟ ਹਰੀਜਨਾਂ ਨੂੰ ਦਿੱਤੇ ਸੀ। ਪਿਛਲੀ ਸਰਕਾਰ ਨੇ ਖੋਹ ਲਏ। ਮੈਂ ਦੱਸਦਾ ਹਾਂ ਕਿ ਇਨ੍ਹਾਂ ਦਾ ਸਾਡੀ ਕਮੇਟੀ ਦੇ ਨਾਲ ਤੁਅੱਲਕ ਸੀ। ਸਾਡੀ ਇਕ ਕਮੇਟੀ ਬਣੀ ਸੀ। ਜਦੋਂ ਕਮੇਟੀ ਨੇ ਪੜਤਾਲ ਕੀਤੀ ਤਾਂ ਸਿਰਫ 800 ਪਲਾਟ ਨਿਕਲੇ ਸਨ 3.20 ਲੱਖ ਵਿੱਚੋਂ। ਉਨ੍ਹਾਂ ਵਿੱਚੋਂ ਕੁਝ ਤੇ ਮਕਾਨ ਪੈ ਗਏ ਸੀ। ਇਸ ਬਾਰੇ ਮੈਂ ਆਪਣੇ ਹਲਕੇ ਦੀ ਮਿਸਾਲ ਦਿੰਦਾ ਹਾਂ ਕਿ ਇਕ ਪਿੰਡ ਹੈ ਮੈਣਵਾਲਾ। ਉਥੇ ਜਿਹੜੇ ਪਲਾਟ ਦਿੱਤੇ ਗਏ ਉਹ 9 ਫੁੱਟ ਡੂੰਘਾ ਛੱਪੜ ਹੈ। ਮੈਂ ਪੁੱਛਦਾ ਹਾਂ ਕਿ ਕੀ ਉਨ੍ਹਾਂ ਪਲਾਟਾਂ ਤੇ ਮਕਾਨ ਉਸਰ ਸਕਦੇ ਹਨ ? ਦੂਸਰਾ ਮਸਲਾ ਹੈ ਪਿੰਡ ਫਤੇਹ ਦਾ। ਉਥੇ ਸਾਰਾ ਸਰਕੰਡਾ ਖੜਾ ਹੈ, ਸਿਵਿਆਂ ਵਾਲੀ ਜ਼ਮੀਨ ਹੈ। ਸਪੀਕਰ ਸਾਹਿਬ, ਇਸ ਤੋਂ ਅਗੇ ਮੈਂ ਦੱਸਦਾ ਹਾਂ ਕਿ ਜਿਥੇ ਇਨਸਾਨ ਨੇ ਅਖੀਰ ਵਿਚ ਜਾਣਾ ਹੁੰਦਾ ਹੈ ਉਹ ਥਾਂ ਪਿੰਡ ਅਮੀਂਵਾਲਾ ਵਿੱਚ ਇਕ ਕਾਂਗਰਸ ਦੇ ਸਰਪੰਚ ਨੇ ਰੋਕ ਕੇ ਵਾਹੀ ਹੋਈ ਹੈ। ਜਦੋਂ ਪਿੰਡ ਵਿਚ ਕੋਈ ਮੌਤ ਹੁੰਦੀ ਹੈ ਤਾਂ ਬੜੀ ਤਕਲੀਫ ਪੇਸ਼ ਆਉਂਦੀ ਹੈ।

ਸਪੀਕਰ ਸਾਹਿਬ, ਮੈਂ ਅਗੇ ਦੱਸਦਾ ਹਾਂ ਕਿ ਪਿੰਡਾਂ ਵਿਚ ਬੜੀਆਂ ਨਾਕਾਬੰਦੀਆਂ ਹੁੰਦੀਆਂ ਹਨ। ਮੈਂ ਦੱਸਦਾ ਹਾਂ ਕਿ ਜਿਤਵਾਲ ਸੜਕ ਦੇ ਉਤੇ ਹੈ। ਉਥੇ ਦੇ ਦੇਵ ਸਿੰਘ ਸਮਗਲਰ ਨੇ ਹਰੀਜਨ ਮਹਿੰਦਰ ਸਿੰਘ ਦੀਆਂ ਤਿੰਨ ਉਂਗਲਾਂ ਵੱਢ ਦਿੱਤੀਆਂ। ਅੱਜੇ ਤਕ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਪੁਲਿਸ ਆਪ ਅਤਿਆਚਾਰ ਕਰਦੀ ਹੈ। ਜ਼ਿਮੀਂਦਾਰ ਅਤੇ ਸਮੱਗਲਰ ਉਨ੍ਹਾਂ ਦੇ ਨਾਲ ਰਲੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੋਏ ਹਨ । ਇਸ ਗਲ ਨੂੰ ਅੱਜ 15 ਦਿਨ ਹੋ ਗਏ ਹਨ ਪਰ ਕੋਈ ਕਾਰਵਾਈ ਨਹੀਂ ਹੋਈ। ਮੈਨੇਜਰ ਦਾ ਐਸ.ਐਚ.ਓ. ਹਰੀਜਨਾਂ ਦੀ ਗਲ ਸੁਣਨ ਲਈ ਵੀ ਤਿਆਰ ਨਹੀਂ। ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਥੱਲੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਸਰੱਪਲਸ ਜ਼ਮੀਨਾਂ ਕਢਾਉਣ ਲਈ ਕਮੇਟੀਆਂ ਬਣਾਈਆਂ ਸਨ। ਮੈਂ ਵੀ ਉਸ ਕਮੇਟੀ ਦਾ ਮੈਂਬਰ ਸੀ। ਇੱਕ ਪਿੰਡ ਦੇ ਜਾਗੀਰਦਾਰ ਦੀ 13 ਕਿਲੇ ਜ਼ਮੀਨ ਕੱਢੀ ਗਈ। ਪਰ ਉਸ ਦੇ ਕੋਲ ਜ਼ਮੀਨ ਬਹੁਤੀ ਸੀ। ਉਸ ਦੇ ਕੋਲ 2000 ਘੁਮਾ ਜ਼ਮੀਨ ਸੀ। ਉਸ ਨੇ ਰਿਟਰਨਾਂ ਵਿਚ ਗੜਬੜ ਕੀਤੀ ਹੋਈ ਸੀ। ਜਦੋਂ ਅਸੀਂ ਰਿਟਰਨਾਂ ਵੇਖੀਆਂ ਤਾਂ ਪਤਾ ਲਗਾ ਕਿ ਉਸ ਨੇ ਆਪਣੇ ਬਰਨਾਲੇ ਪਿੰਡ ਦੇ ਦੋ ਰਿਸ਼ਤੇਦਾਰਾਂ ਦੇ ਨਾਂ ਜ਼ਮੀਨ ਕਰਵਾਈ ਸੀ। ਇੱਕ ਥਾਂ ਤੇ ਉਸ ਦੇ ਰਿਸ਼ਤੇਦਾਰਾਂ ਨੇ ਲਿਖ ਕੇ ਦੇ ਦਿੱਤਾ ਹੈ ਕਿ ਸਾਡਾ ਕੋਈ ਉਸ ਨਾਲ ਰਿਸ਼ਤਾ ਨਹੀਂ ਹੈ ਅਤੇ ਦੂਜੇ ਪਾਸੇ ਹਲਫੀਆ ਬਿਆਨ ਦਿੱਤਾ ਹੈ ਕਿ ਅਸੀਂ ਉਸ ਦੇ ਰਿਸ਼ਤੇਦਾਰ ਹਾਂ। ਉਨ੍ਹਾਂ ਦੇ ਨਾਂ, 35, 35 ਏਕੜ ਜ਼ਮੀਨ ਲਾਈ ਗਈ। ਉਸ ਦੇ ਚਾਰ ਮੁੰਡੇ ਹਨ। ਉਨ੍ਹਾਂ ਦੇ ਨਾਂ ਜ਼ਮੀਨ ਲਾਈ ਹੋਈ ਹੈ। ਫਿਰ ਉਸ ਨੇ ਆਪਣੇ ਲੜਕਿਆਂ ਦੇ ਬੱਚਿਆਂ ਦੇ ਨਾਂ ਜ਼ਮੀਨ ਲਾਈ ਹੋਈ ਹੈ। ਉਨ੍ਹਾਂ ਦੀ ਉਮਰ ਵਿਚ ਅਦਲਾ ਬਦਲੀ ਕੀਤੀ ਹੈ। ਅਸੀਂ ਫਿਰੋਜ਼ਪੁਰ ਦੇ ਸੀ.ਐਮ.ਓ. ਕੋਲ ਪਹੁੰਚੇ ਅਤੇ ਉਸ ਦਾ ਰਿਕਾਰਡ ਵੇਖਿਆ।

11-16 ਸਵੇਰੇ | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਉਹ ਜਿਹੜਾ ਤਹਿਸੀਲਦਾਰ ਸੀ ਜਿਸ ਦੇ ਵੇਲੇ ਇਹ ਕਾਰਵਾਈ ਹੋਈ ਸੀ ਉਸ ਦਾ ਪਤਾ ਨਹੀਂ ਕਿ ਉਹ ਕਿਥੇ ਹੈ, ਉਸ ਨੂੰ ਨੌਕਰੀ ਮਿਲੀ ਵੀ ਹੈ ਜਾਂ ਨਹੀਂ ਮਿਲੀ। ਜਿਹੜਾ ਨਾਇਬ ਤਹਿਸੀਲਦਾਰ, ਹਰੀ ਸਿੰਘ, ਸੀ ਅਤੇ ਮੌਕੇ ਤੇ ਆਫੀਸ਼ਿਏਟ ਕਰ ਰਿਹਾ ਸੀ ਉਹ ਅੱਜ ਐਸ਼ਾਂ ਮਾਣ ਰਿਹਾ ਹੈ। ਪਤਾ ਨਹੀਂ ਉਸ ਕਮੇਟੀ ਦੀ ਰਿਪੋਰਟ ਕਿਧਰ ਖੁੱਡੇ ਲਾ ਦਿੱਤੀ ਹੈ।

ਡਿਪਟੀ ਸਪੀਕਰ ਸਾਹਿਬ, ਸਾਡੀ ਪਿਛਲੀ ਸਰਕਾਰ ਨੇ 25 ਕਰੋੜ ਰੁਪਿਆ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਵਾਸਤੇ ਰਖਿਆ ਸੀ ਪਰ ਸਾਡੀ ਇਸ ਆਉਣ ਵਾਲੀ ਸਰਕਾਰ ਨੇ ਐਡੀ ਵੱਡੀ ਛਾਲ ਮਾਰੀ ਹੈ ਕਿ ਉਹ ਰੁਪਿਆ 20 ਕਰੋੜ ਕਰ ਦਿੱਤਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਰੁਪਿਆ ਕਿਸ ਤਰ੍ਹਾਂ ਵੰਡਿਆ ਜਾਵੇਗਾ ਅਤੇ ਕਦੋਂ ਤਾਈਂ ਵੰਡਿਆ ਜਾਵੇਗਾ ? ਜਿਹੜੇ ਕਰਮਚਾਰੀ ਥੱਲੇ ਲੱਗੇ ਹੋਏ ਹਨ ਉਹ ਗਰੀਬਾਂ ਨੂੰ ਲੁੱਟੀ ਜਾ ਰਹੇ ਹਨ। ਮੇਰੇ ਹਲਕੇ ਵਿਚ ਇੱਕ ਪਿੰਡ ਹੈ ਤਲਵੰਡੀ ਸੰਧੀਆਂ। ਉਥੇ 18 ਆਦਮੀਆਂ ਤੋਂ ਡਿਸਟ੍ਰਿਕਟ ਵੈਲਫੇਅਰ ਅਫਸਰ ਨੇ 3600 ਰੁਪਏ ਲੈ ਲਏ ਹਨ। ਜੇ ਸਰਕਾਰ ਉਸ ਦੇ ਖਿਲਾਫ ਐਕਸ਼ਨ ਲੈਣ ਲਈ ਤਿਆਰ ਹੈ ਤਾਂ ਮੈਂ ਉਨ੍ਹਾਂ ਵੱਲੋਂ ਐਫੀਡੇਵਿਟ ਵੀ ਲਿਆ ਕੇ ਦੇ ਸਕਦਾ ਹਾਂ। ਸਰਕਾਰ ਨੇ ਗਰੀਬਾਂ ਨੂੰ ਬਗੈਰ ਸੂਦ ਦੇ ਕਰਜ਼ਾ ਦੇਣ ਲਈ ਸਕੀਮ ਬਣਾਈ ਸੀ। ਸਰਕਾਰ ਨੂੰ ਮੁੜ ਕੇ ਇਹ ਹਦਾਇਤਾਂ ਕਰਨੀਆਂ ਚਾਹੀਦੀਆਂ ਹਨ।

ਸ਼੍ਰੀ ਰਾਮ ਸਵਰੂਪ ਬਾਗੀ: ਡਿਪਟੀ ਸਪੀਕਰ ਸਾਹਿਬ, ਅਕਾਲੀ ਅਤੇ ਕਮਿਊਨਿਸਟ ਬੈਂਚ ਖਾਲੀ ਹਨ। ਤੁਸੀਂ ਵੇਖ ਲਓ ਕਿ ਇਨ੍ਹਾਂ ਨੂੰ ਹਰੀਜਨਾਂ ਨਾਲ ਕਿਤਨੀ ਹਮਦਰਦੀ ਹੈ ।

ਸਰਦਾਰ ਬਸੰਤ ਸਿੰਘ ਖਾਲਸਾ: ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ ਬਹੁਤ ਅਹਿਮ ਮਸਲਾ ਡਿਸਕਸ ਹੋ ਰਿਹਾ ਹੈ। ਸਾਨੂੰ ਕਿਸੇ ਤੇ ਕੋਈ ਮੇਹਣਾ ਮਾਰ ਕੇ ਗਲ ਨਹੀਂ ਕਰਨੀ ਚਾਹੀਦੀ। ਨਾ ਸਰਕਾਰ ਨੂੰ ਰੈਫਰ ਕਰਕੇ ਕੁਝ ਕਹਿਣਾ ਚਾਹੀਦਾ ਹੈ। ਕਿਰਪਾ ਕਰਕੇ ਦੋਨੋਂ ਸਾਈਡਾਂ ਦੇ ਮੈਂਬਰਾਂ ਦੀ ਗਲ ਆਰਾਮ ਨਾਲ ਸੁਣੋ। ਇਸ ਤੋਂ ਅੱਗੇ ਹੋਰ ਕੋਈ ਗਲ ਨਹੀਂ ਕਰਨੀ ਚਾਹੀਦੀ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਰਵਣ ਸਿੰਘ: ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਭਲਾਈ ਦੇ ਮਹਿਕਮੇ ਦਾ ਮਸਲਾ ਹੈ, ਇਹ ਮਹਿਕਮਾ ਹਰੀਜਨਾਂ ਦੀ ਭਲਾਈ ਵਾਸਤੇ ਬਣਾਇਆ ਗਿਆ ਹੈ। ਇੱਕ ਬੀ.ਡੀ.ਓ. ਕੋਲ ਤਾਂ ਜੀਪ ਹੁੰਦੀ ਹੈ ਪਰ ਕਿਸੇ ਡਿਸਟ੍ਰਿਕਟ ਵੈਲਫੇਅਰ ਅਫ਼ਸਰ ਜਾਂ ਤਹਿਸੀਲ ਵੈਲਫੇਅਰ ਅਫ਼ਸਰ ਕੋਲ ਜੀਪ ਨਹੀਂ ਹੁੰਦੀ। ਉਨ੍ਹਾਂ ਨੂੰ ਸਾਈਕਲਾਂ ਤੇ ਪਿੰਡਾਂ ਵਿਚ ਜਾਣਾ ਪੈਂਦਾ ਹੈ। ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕੀ ਉਹ ਸਾਈਕਲ ਤੇ ਜਾ ਕੇ ਜਾਂ ਬੱਸਾਂ ਵਿਚ ਜਾ ਕੇ ਲੋਕਾਂ ਦੀ ਦੇਖਭਾਲ ਠੀਕ ਕਰ ਸਕਦੇ ਹਨ। ਉਹ ਇਸ ਤਰ੍ਹਾਂ ਲੋਕਾਂ ਦੀ ਦੇਖਭਾਲ ਨਹੀਂ ਕਰ ਸਕਦੇ। ਇਸ ਮਹਿਕਮੇ ਦੇ ਡਿਸਟ੍ਰਿਕਟ ਪੱਧਰ ਦੇ ਅਫ਼ਸਰਾਂ ਨੂੰ ਵੀ ਜੀਪਾਂ ਤੇ ਮੋਟਰ ਸਾਈਕਲ ਮਿਲਣੇ ਚਾਹੀਦੇ ਹਨ। ਜਿਥੇ ਹੋਰਨਾਂ ਮਹਿਕਮਿਆਂ ਦੇ ਜ਼ਿਲ੍ਹਾ ਪੱਧਰ ਦੇ ਅਫ਼ਸਰਾਂ ਨੂੰ ਇਹ ਸੁਹੱਲੀਆ ਕੀਤੇ ਜਾਂਦੇ ਹਨ ਉਥੇ ਇਨ੍ਹਾਂ ਨੂੰ ਵੀ ਮਿਲਣੇ ਚਾਹੀਦੇ ਹਨ। ਇਹ ਪਛੜੀਆਂ ਸ਼ਰੇਣੀਆਂ ਦੇ ਲੋਕਾਂ ਦੀ ਹਾਲਤ ਵੇਖਣ ਵਾਸਤੇ ਪਿੰਡਾਂ ਵਿਚ ਜਾਂਦੇ ਹਨ। ਇਨ੍ਹਾਂ ਨੂੰ ਜ਼ਰੂਰ ਮੋਟਰ ਸਾਈਕਲ ਤੇ ਜੀਪਾਂ ਦੇਣੀਆਂ ਚਾਹੀਦੀਆਂ ਹਨ। ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਦੀ ਰਿਪੋਰਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਜਿਹੜੀ ਰਿਪੋਰਟ ਹੈ ਉਸ ਦੇ ਵਿਚ 155 ਰਿਕੁਮੈਂਡੇਸ਼ਨਾਂ ਹਨ। ਇਹ ਉਨ੍ਹਾਂ ਨੇ ਸੈਂਟਰ ਅਤੇ ਸਟੇਟਾਂ ਵਾਸਤੇ ਕੀਤੀਆਂ ਹਨ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਹਰੀਜਨਾਂ ਦੀ ਆਬਾਦੀ ਤਕਰੀਬਨ 34 ਲੱਖ ਹੈ ਜਿਹੜੀ ਕਿ ਸਾਰੇ ਸੂਬੇ ਦੀ ਆਬਾਦੀ ਦਾ 25 ਫੀ ਸਦੀ ਹਿੱਸਾ ਹੈ। ਇਸ 34 ਲੱਖ ਆਬਾਦੀ ਦਾ 85 ਫੀਸਦੀ ਹਿੱਸਾ ਪਿੰਡਾਂ ਵਿਚ ਵੱਸਦਾ ਹੈ ਅਤੇ 15 ਫੀ ਸਦੀ ਸ਼ਹਿਰਾਂ ਵਿਚ ਵੱਸਦਾ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੇ ਹਰੀਜਨ ਪਿੰਡਾਂ ਵਿਚ ਵੱਸਦੇ ਹਨ ਉਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਐਗਰੀਕਲਚਰਲ ਲੇਬਰਰਜ਼ ਦੀ ਹੈ ਜਿਹੜੀ 58 ਪ੍ਰਤੀਸ਼ਤ ਬਣਦੀ ਹੈ। 11ਪ੍ਰਤੀਸ਼ਤ ਹਰੀਜਨ ਮਾਰਜਿਨਲ ਫਾਰਮਰਜ਼ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਸਰਕਾਰ ਕੋਲ ਕਰਨਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜਿਹੜੀ ਹਰੀਜਨ ਐਗਰੀਕਲਚਰਲ ਲੇਬਰ ਹੈ ਉਨ੍ਹਾਂ ਦਾ ਜ਼ਿਆਦਾ ਕੰਮ ਖੇਤਾਂ ਵਿਚ ਦਿਹਾੜੀ ਦਾ ਹੈ। ਪਰ ਉਨ੍ਹਾਂ ਦੀ ਦਿਹਾੜੀ ਬਹੁਤ ਘੱਟ ਹੈ। ਮੈਂ ਸਰਕਾਰ ਨੂੰ ਤਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਦਿਹਾੜੀ ਘੱਟ ਤੋਂ ਘੱਟ 12 ਰੁਪਏ ਜ਼ਰੂਰ ਹੋਵੇ ਤਾਂ ਕਿ ਉਹ ਆਪਣੇ ਟੱਬਰ ਦਾ ਪੇਟ ਪਾਲ ਸਕਣ ਕਿਉਂਕਿ ਅੱਜ ਮਹਿੰਗਾਈ ਬਹੁਤ ਜ਼ਿਆਦਾ ਹੈ। ਅਗਰ ਉਸ ਨੂੰ ਥੋੜ੍ਹੀ ਦਿਹਾੜੀ ਮਿਲੇਗੀ ਤਾਂ ਉਹ ਆਪਣੇ ਟੱਬਰ ਦਾ ਪੇਟ ਨਹੀਂ ਪਾਲ ਸਕੇਗਾ। ਡਿਪਟੀ ਸਪੀਕਰ ਸਾਹਿਬ, ਐਸ. ਐਫ.ਡੀ.ਏ. ਦੀ ਜਿਹੜੀ ਏਜੰਸੀ ਹੈ ਉਸ ਦੀ ਮਾਰਫਤ ਐਗਰੀਕਲਚਰਲ ਲੇਬਰ ਨੂੰ ਵੱਧ ਤੋਂ ਵੱਧ ਕਰਜ਼ੇ ਦਿਵਾਏ ਜਾਣ, ਵੱਧ ਤੋਂ ਵੱਧ ਸਹੂਲਤਾਂ ਦਿਵਾਈਆਂ ਜਾਣ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਤਕੜਾ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਪਿਗਰੀ ਦੇ ਕੰਮ ਖੋਲ੍ਹਣ ਵਾਸਤੇ ਪੈਸੇ ਵੱਧ ਤੋਂ ਵੱਧ ਦਿਵਾਉਣੇ ਚਾਹੀਦੇ ਹਨ। ਇਹ ਯੂਨਿਟ ਪਿੰਡਾਂ ਵਿਚ ਲਾਉਣੇ ਚਾਹੀਦੇ ਹਨ ਤਾਂ ਕਿ ਉਹ ਗਰੀਬ ਹਰੀਜਨ ਵੀ ਆਪਣਾ ਕੰਮ ਕਰ ਸਕਣ ਅਤੇ ਆਰਥਿਕ ਤੌਰ ਤੇ ਤਕੜੇ ਹੋ ਸਕਣ। ਮੈਂ ਸਮਝਦਾ ਹਾਂ ਕਿ ਇਸ ਸਮਾਜ ਵਿਚ ਬਰਾਬਰੀ ਉਸ ਨੂੰ ਮਿਲਦੀ ਹੈ ਜਿਹੜਾ ਆਰਥਿਕ ਤੌਰ ਤੇ ਤਕੜਾ ਹੋਵੇ। ਜਿਤਨੀ ਜਲਦੀ ਇਨ੍ਹਾਂ ਨੂੰ ਅਸੀਂ ਆਰਥਿਕ ਤੌਰ ਤੇ ਤਕੜਾ ਕਰਾਂਗੇ, ਇਨ੍ਹਾਂ ਨੂੰ ਸਾਧਨ ਮੁਹੱਈਆ ਕਰਾਂਗੇ, ਉਤਨੀ ਜਲਦੀ ਹੀ ਇਹ ਸਮਾਜ ਵਿਚ ਦੂਜਿਆਂ ਦੇ ਬਰਾਬਰ ਸਮਾਜਕ ਤੌਰ ਤੇ ਆ ਸਕਣਗੇ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਹਰੀਜਨ ਜਿਹੜੇ ਐਗਰੀਕਲਚਰਲ ਲੇਬਰ ਦਾ ਕੰਮ ਕਰਦੇ ਹਨ ਉਨ੍ਹਾਂ ਦੇ ਪੈਸੇ ਜਗੀਰਦਾਰ ਰੱਖ ਲੈਂਦੇ ਹਨ। ਆਪਣਾ ਕੰਮ ਕਰਵਾ ਕੇ ਉਨ੍ਹਾਂ ਨੂੰ ਬਾਹਰ ਕੱਢ ਦਿੰਦੇ ਹਨ ਅਤੇ ਉਨ੍ਹਾਂ ਨੂੰ ਉਜਰਤ ਨਹੀਂ ਦਿੰਦੇ। ਪਿੰਡਾਂ ਵਿਚ ਐਗਰੀਕਲਚਰਲ

Original with;
Punjab Vidhan Sabha
Digitized by;
Panjab Digital Library

ਲੇਬਰ ਠੇਕਿਆਂ ਦੇ ਹਿਸਾਬ ਨਾਲ ਵੀ ਕੰਮ ਕਰਦੀ ਹੈ, ਚਾਹੇ ਜੀਰੀ ਲਾਉਣੀ ਹੋਵੇ ਜਾਂ ਕਣਕ ਦੀ ਵਢਾਈ ਕਰਨੀ ਹੋਵੇ। ਇਸ ਸਬੰਧ ਵਿਚ ਵੀ ਬਹੁਤ ਸਾਰੇ ਝਗੜੇ ਪੈਦਾ ਹੋ ਗਏ ਹਨ। ਸ਼ਹਿਰਾਂ ਵਿਚ ਵੱਡੀਆਂ ਵੱਡੀਆਂ ਇੰਡਸਟਰੀਆਂ ਹਨ। ਉਨ੍ਹਾਂ ਵਿਚ ਜੇ ਲੇਬਰ ਅਤੇ ਮਾਲਕ ਦਾ ਝਗੜਾ ਹੁੰਦਾ ਹੈ ਤਾਂ ਉਸ ਦੇ ਨਿਪਟਾਉਣ ਲਈ ਲੇਬਰ ਅਫ਼ਸਰ ਲਾਏ ਹੋਏ ਹਨ। ਲੇਬਰ ਦਾ ਬਹੁਤ ਵੱਡਾ ਮਹਿਕਮਾ ਇਸ ਕੰਮ ਲਈ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਬਹੁਤ ਜਲਦੀ ਐਗਰੀਕਲਚਰਲ ਲੇਬਰ ਅਫ਼ਸਰ ਵੀ ਲਾ ਦੇਣੇ ਚਾਹੀਦੇ ਹਨ ਤਾਂਕਿ ਜਿਹੜੇ ਜਾਗੀਰਦਾਰ ਗਰੀਬ ਹਰੀਜਨ ਵਰਕਰਾਂ ਨਾਲ ਮਾੜਾ ਸਲੂਕ ਕਰਦੇ ਹਨ, ਉਨ੍ਹਾਂ ਨੂੰ ਉਜਰਤਾਂ ਨਹੀਂ ਦਿੰਦੇ, ਸਾਲ ਭਰ ਕੰਮ ਕਰਵਾ ਕੇ ਉਨ੍ਹਾਂ ਨੂੰ ਪੈਸੇ ਨਹੀਂ ਦਿੰਦੇ, ਅਜਿਹੀਆਂ ਸ਼ਿਕਾਇਤਾਂ ਉਨ੍ਹਾਂ ਦੀਆਂ ਦੂਰ ਕੀਤੀਆਂ ਜਾ ਸਕਣ। ਉਨ੍ਹਾਂ ਦੀਆਂ ਜਿਹੜੀਆਂ ਸ਼ਿਕਾਇਤਾਂ ਹਨ ਉਨ੍ਹਾਂ ਦਾ ਨਿਪਟਾਰਾ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਾਂਗਾ ਕਿ ਬੈਂਕਾਂ ਕੋਲੋਂ ਘੱਟ ਇੰਟਰੈਸਟ ਤੇ ਜਾਂ ਬਗ਼ੈਰ ਇੰਟਰੈਸਟ ਦੇ ਲੋਨ ਦਿਵਾਏ ਜਾਣ ਤਾਂਕਿ ਇਹ ਚੰਗੀ ਤਰ੍ਹਾਂ ਆਪਣਾ ਕੰਮ ਕਰ ਸਕਣ ਅਤੇ ਸਮਾਜ ਵਿਚ ਦੂਸਰਿਆਂ ਦੇ ਬਰਾਬਰ ਆ ਜਾਣ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੇ ਪਿੰਡਾਂ ਵਿਚ ਐਗਰੀਕਲਚਰਲ ਲੇਬਰ ਰਹਿੰਦੀ ਹੈ ਉਥੇ 1 ਲੱਖ ਦੇ ਕਰੀਬ ਉਹ ਲੋਕ ਵੀ ਹਨ ਜਿਹੜੇ ਪਿੰਡਾਂ ਵਿਚ ਖੱਡੀ ਦਾ ਕੰਮ ਕਰਦੇ ਹਨ, ਜੁੱਤੀਆਂ ਸੀਣ ਦਾ ਕੰਮ ਕਰਦੇ ਹਨ, ਵਾਣ ਵੱਟਣ ਦਾ ਕੰਮ ਕਰਦੇ ਹਨ ਅਤੇ ਚਮੜਾ ਰੰਗਣ ਦਾ ਕੰਮ ਕਰਦੇ ਹਨ। ਕਮਿਸ਼ਨਰ ਨੇ ਵੀ ਰਿਕੁਮੈਂਡ ਕੀਤਾ ਹੈ। ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਵੱਧ ਤੋਂ ਵੱਧ ਸਮਾਲ ਸਕੇਲ ਇੰਡਸਟਰੀਆਂ ਲਾਈਆਂ ਜਾਣ ਅਤੇ ਇਨ੍ਹਾਂ ਨੂੰ ਲਾਉਣ ਵਿਚ ਹਰੀਜਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣ। ਜਿਸ ਤਰ੍ਹਾਂ ਖਾਦੀ ਬੋਰਡ ਹੈ, ਸ਼ਡਿਊਲਡ ਕਾਸਟਸ ਵੈਲਫੇਲਰ ਕਾਰਪੋਰੇਸ਼ਨ ਹੈ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਸ ਕਾਰਪੋਰੇਸ਼ਨ ਵਾਸਤੇ 20 ਕਰੋੜ ਰੁਪਿਆ ਰਖਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਕਾਰਪੋਰੇਸ਼ਨ ਦਾ ਪੈਸਾ ਹੋਰ ਵਧਾ ਕੇ ਸਰਦਾਰ ਦਰਬਾਰਾ ਸਿੰਘ ਦੀ ਰਹਿਨੁਮਾਈ ਥੱਲੇ ਪਿੰਡਾਂ ਵਿਚ ਗਰੀਬ ਹਰੀਜਨਾਂ ਨੂੰ ਹੋਰ ਕਰਜ਼ੇ ਦਿਤੇ ਜਾਣ ਅਤੇ ਹੋਰ ਜ਼ਿਆਦਾ ਸਹੂਲਤਾਂ ਦਿਤੀਆਂ ਜਾਣ ਤਾਂ ਕਿ ਜਿਹੜੀ ਇਹ ਸਮਾਲ ਸਕੇਲ ਇੰਡਸਟਰੀ ਹੈ, ਜਿਹੜੀ ਪਿੰਡਾਂ ਦੀ ਕਾਟੇਜ ਇੰਡਸਟਰੀ ਹੈ ਉਸ ਨੂੰ ਵੀ ਵਧਾਇਆ ਜਾ ਸਕੇ। ਮਿਸਾਲ ਦੇ ਤੌਰ ਤੇ ਜਿਹੜਾ ਆਦਮੀ ਜੁਤੀ ਸਿਉਂਦਾ ਹੈ ਉਹ ਹਾਲੇ ਵੀ ਆਪਣੀ ਰੰਬੀ ਨਾਲ ਚਮੜਾ ਕੱਟਦਾ ਹੈ ਔਰ ਹੱਥਾਂ ਨਾਲ ਸਿਉਂਦਾ ਹੈ। ਇਸ ਲਈ ਉਸ ਨੂੰ ਮਸ਼ੀਨਰੀ ਦਿੱਤੀ ਜਾਵੇ ਔਰ ਉਹ ਮਸ਼ੀਨਰੀ ਸਬਸਿਡੀ ਤੇ ਦਿੱਤੀ ਜਾਵੇ ਤਾਕਿ ਉਹ ਜਿਹੜਾ ਕਿ ਇਸ ਵੇਲੇ ਹੱਥਾਂ ਨਾਲ ਸਾਰਾ ਕੰਮ ਕਰਦਾ ਹੈ, ਫਿਰ ਮਸ਼ੀਨਰੀ ਨਾਲ ਕਰ ਸਕੇ। ਇਸ ਤਰ੍ਹਾਂ ਉਹ ਜ਼ਿਆਦਾ ਕੰਮ ਕਰ ਸਕੇਗਾ, ਜ਼ਿਆਦਾ ਪ੍ਰੋਡਕਸ਼ਨ ਵਧਾ ਸਕੇਗਾ ਔਰ ਜ਼ਿਆਦਾ ਪੈਸੇ ਕਮਾ ਸਕੇਗਾ। ਉਸ ਦੇ ਹਿਸਾਬ ਨਾਲ ਹੀ ਆਰਥਿਕ ਤੌਰ ਤੇ ਤਕੜਾ ਹੋ ਸਕੇਗਾ। ਇਸ ਤਰ੍ਹਾਂ ਹੀ ਖੱਡੀ ਬੁਣਨ ਵਾਲਾ ਹਾਲੇ ਵੀ ਪੁਰਾਣੇ ਤਰੀਕੇ ਨਾਲ ਆਪਣੀ 'ਨਾਲ' ਚਲਾਉਂਦਾ ਹੈ। ਇਸ ਲਈ ਸਰਕਾਰ ਉਨ੍ਹਾਂ ਲੋਕਾਂ ਨੂੰ ਪਾਵਰ ਲੂਮ ਦੇਵੇ। ਉਨ੍ਹਾਂ ਲੋਕਾਂ ਨੂੰ ਸਾਡਾ ਜੋ ਖਾਦੀ ਬੋਰਡ ਹੈ, ਕਾਰਪੋਰੇਸ਼ਨ ਹੈ ਉਸ ਵਲੋਂ ਟ੍ਰੇਨਿੰਗ ਦਿੱਤੀ ਜਾਵੇ ਤਾਂਕਿ ਉਹ ਆਪਣੀ ਉਜਰਤ ਜ਼ਿਆਦਾ ਕਮਾ ਸਕੇ। ਜੇਕਰ ਉਹ ਚਮੜਾ ਰੰਗਣ ਦਾ ਕੰਮ ਕਰਦਾ ਹੈ ਤਾਂ ਉਸ ਦੇ ਵਿਚ ਉਹ ਟ੍ਰੇਂਡ ਹੋਵੇ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਹ ਕੰਮ ਕੀਤਾ ਹੈ ਕਿ ਪੰਜਾਬ ਵਿਚ ਲੈਦਰ ਵਾਸਤੇ, ਇਸ ਦੀ ਬੇਹਤਰੀ ਵਾਸਤੇ ਇਕ ਕਾਰਪੋਰੇਸ਼ਨ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਬਣਾਉਣੀ ਹੈ। ਇਸ ਕਾਰਪੋਰੇਸ਼ਨ ਰਾਹੀਂ ਇਸ ਪਾਸੇ ਹੋਰ ਬੜ੍ਹਾਵਾ ਦਿੱਤਾ ਜਾਵੇ, ਉਨ੍ਹਾਂ ਲੋਕਾਂ ਨੂੰ ਟ੍ਰੇਨਿੰਗ ਦਿੱਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਜੋ ਛੋਟੇ ਛੋਟੇ ਯੂਨਿਟਸ ਹਨ, ਉਨ੍ਹਾਂ ਨੂੰ ਠੀਕ ਢੰਗ ਨਾਲ, ਠੀਕ ਤਰੀਕੇ ਨਾਲ ਸਿਖਲਾਈ ਦੇ ਕੇ ਉਨ੍ਹਾਂ ਨੂੰ ਪੈਸੇ ਦੇ ਕੇ, ਚੰਗੇ ਯੂਨਿਟ ਬਣਾਇਆ ਜਾਵੇ ਤਾਕਿ ਉਹ ਚੰਗੇ ਪੈਸੇ ਕਮਾ ਸਕਣ। ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਦੇ ਨਾਲ ਹੀ ਪੰਜਾਬ ਦੇ ਹਰੀਜਨ ਨੂੰ ਰਿਲੀਫ ਮਿਲ ਸਕਦਾ ਹੈ ਅੌਰ ਉਹ ਤਕੜਾ ਹੋ ਸਕਦਾ ਹੈ। ਜਦੋਂ ਉਹ ਜ਼ਿਆਦਾ ਪੈਸੇ ਕਮਾਵੇਗਾ ਤਾਂ ਉਸ ਦਾ ਸੁਸਾਇਟੀ ਵਿਚ ਸਟੇਟਸ ਉਚਾ ਹੋਵੇਗਾ ਅੌਰ ਰਹਿਣ ਸਹਿਣ ਦਾ ਢੰਗ ਵੀ ਉੱਚਾ ਹੋਵੇਗਾ ਅੌਰ ਸਮਾਜ ਵਿਚ ਠੀਕ ਜਗ੍ਹਾ ਉਸ ਨੂੰ ਮਿਲ ਸਕੇਗੀ। ਉਸ ਨੂੰ ਠੀਕ ਜਗ੍ਹਾ ਮਿਲਣ ਨਾਲ ਹੀ ਉਹ ਵੀ ਸਮਝੇਗਾ ਕਿ ਮੈਂ ਵੀ ਹਿੰਦੁਸਤਾਨ ਦਾ ਆਜ਼ਾਦ ਸ਼ਹਿਰੀ ਹਾਂ। ਉਸ ਨੂੰ ਪੂਰੀਆਂ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।

ਇਕ ਮੈਂ ਇਹ ਵੀ ਕਹਾਂਗਾ ਕਿ ਜਿਵੇਂ ਸਾਡੀ ਪੈਦਾਵਾਰ ਹੈ, ਕਣਕ ਹੈ, ਜੀਰੀ ਹੈ, ਜਾਂ ਜੋ ਵੀ ਹੋਰ ਪੈਦਾਵਾਰ ਹੈ, ਅਸੀਂ ਉਸ ਦੇ ਵਾਸਤੇ ਮੰਡੀਆਂ ਬਣਾਉਂਦੇ ਹਾਂ, ਉਸੇ ਤਰ੍ਹਾਂ ਦੀ ਜੁਤੀ ਬਣਾਉਣ ਲਈ, ਚਮੜਾ ਰੰਗਣ ਲਈ, ਮਸ਼ੀਨਾਂ ਦਾ ਅੌਰ ਹੋਰ ਰਾਅ ਮੈਟੀਰੀਅਲ ਮੁੱਹਈਆ ਕੀਤਾ ਜਾਏ ਅੌਰ ਬਣਿਆ ਹੋਇਆ ਮਾਲ ਜਿਹੜਾ ਹੋਵੇ ਉਸ ਨੂੰ ਵੇਚਣ ਵਾਸਤੇ ਸਰਕਾਰ ਵਲੋਂ ਡਿਪੂ ਖੋਲ੍ਹੇ ਜਾਣ ਤਾਕਿ ਉਨ੍ਹਾਂ ਦਾ ਬਣਿਆ ਹੋਇਆ ਮਾਲ ਸਹੀ ਢੰਗ ਨਾਲ ਵਿਕ ਸਕੇ ਅੌਰ ਜੋ ਚੀਜ਼ ਬਣੇ ਉਸ ਦੀ ਪੂਰੀ ਕੀਮਤ ਬਣਾਉਣ ਵਾਲੇ ਨੂੰ ਮਿਲ ਸਕੇ। ਡਿਪਟੀ ਸਪੀਕਰ ਸਾਹਿਬ, ਅਕਾਲੀ ਸਰਕਾਰ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਇਕ ਸਕੀਮ ਬਣਾਈ ਸੀ ਅਤੇ ਜਲੰਧਰ ਵਿੱਚ ਇਸੇ ਤਰ੍ਹਾਂ ਦਾ ਇਕ ਡਿਪੂ ਖੋਲ੍ਹਿਆ ਸੀ। ਜਿਹੜੀਆਂ ਇਸ ਤਰ੍ਹਾਂ ਦੀਆਂ ਚੀਜ਼ਾਂ ਬਣਦੀਆਂ ਸਨ ਉਨ੍ਹਾਂ ਦੇ ਵਾਸਤੇ ਇਕ ਕੋਆਪਰੇਟਿਵ ਸੁਸਾਇਟੀ ਬਣੀ ਸੀ। ਉਹ ਸੁਸਾਇਟੀ ਚੰਗੀਆਂ ਬਣੀਆਂ ਹੋਈਆਂ ਚੀਜ਼ਾਂ ਲੈ ਕੇ ਵੇਚਦੀ ਸੀ। ਇਸ ਤਰ੍ਹਾਂ ਦੇ ਜਿਹੜੇ ਡੀਪੂ ਹਨ ਉਹ ਖੋਲ੍ਹਣੇ ਚਾਹੀਦੇ ਹਨ ਤਾਕਿ ਉਨ੍ਹਾਂ ਲੋਕਾਂ ਨੂੰ ਜੋ ਚਮੜੇ ਦਾ ਕੰਮ ਕਰਦੇ ਹਨ, ਮਾਰਕੀਟਿੰਗ ਦੀਆਂ ਸਹੂਲਤਾਂ ਪਹੁੰਚਾਈਆਂ ਜਾਣ।

ਮੈਂ, ਡਿਪਟੀ ਸਪੀਕਰ ਸਾਹਿਬ, ਇਹ ਬੇਨਤੀ ਕਰਾਂਗਾ ਕਿ ਪੰਜਾਬ ਦੇ ਵਿਚ ਕੋਈ 55 ਫੀਸਦੀ ਹਰੀਜਨ ਸਮਾਲ ਅਤੇ ਮਾਰਜਿਨਲ ਫਾਰਮਰਜ਼ ਹਨ। ਉਨ੍ਹਾਂ ਨੂੰ ਸਰਕਾਰ ਸਹੂਲਤਾਂ ਦਿੰਦੀ ਹੈ। ਇਹ ਚੰਗੀ ਗੱਲ ਹੈ। ਪਰ ਜਿਹੜੀ 15 ਫੀ ਸਦੀ ਸ਼ਹਿਰਾਂ ਵਿਚ ਹਰੀਜਨਾਂ ਦੀ ਆਬਾਦੀ ਹੈ, ਉਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਨੇ ਆਪਣੀ ਰਿਕੁਮੈਂਡੇਸ਼ਨ ਨੰ: 81 ਵਿਚ ਕਿਹਾ ਹੈ ਕਿ ਉਨ੍ਹਾਂ ਗਰੀਬਾਂ ਨੂੰ ਫੇਅਰ ਪ੍ਰਾਈਸ ਸ਼ਾਪਸ ਸਰਕਾਰ ਖੋਲ੍ਹ ਕੇ ਦੇਵੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਫੇਅਰ ਪ੍ਰਾਈਸ ਸ਼ਾਪਸ ਖੋਲ੍ਹ ਕੇ ਉਨ੍ਹਾਂ ਨੂੰ ਦਿੱਤੀਆਂ ਜਾਣ। ਲੇਕਿਨ ਮੈਂ ਨਾਲ ਇਹ ਵੀ ਕਹਾਂਗਾ ਕਿ ਸ਼ਹਿਰਾਂ ਵਿਚ ਇੰਪਰੂਵਮੈਂਟ ਟਰਸਟ ਜਿਹੜੀਆਂ ਦੁਕਾਨਾਂ ਜਾਂ ਮਾਰਕੀਟਾਂ ਬਣਾਉਂਦਾ ਹੈ ਉਸ ਦੇ ਵਿਚੋਂ ਰਿਜ਼ਰਵ ਪ੍ਰਾਈਸ ਤੇ ਹਰੀਜਨਾਂ ਨੂੰ ਦੁਕਾਨਾਂ ਦਿੱਤੀਆਂ ਜਾਣ ਤਾ ਕਿ ਉਹ ਲੋਕ ਆਪ ਹੀ ਫੇਅਰ ਪ੍ਰਾਈਸ ਸ਼ਾਪਸ ਖੋਲ੍ਹ ਸਕਣ। ਨਾਲ ਹੀ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਇਨ੍ਹਾਂ ਲੋਕਾਂ ਨੂੰ ਜਿਤਨਾ ਚਿਰ ਤਕ ਅਸੀਂ ਆਰਥਿਕ ਤੌਰ ਤੇ ਤਕੜੇ ਨਹੀਂ ਕਰਦੇ ਇਹ ਤਕੜੇ ਨਹੀਂ ਹੋ ਸਕਦੇ। ਇਸ ਲਈ ਇਨ੍ਹਾਂ ਨੂੰ ਫੇਅਰ ਪ੍ਰਾਈਸ ਸ਼ਾਪਸ ਦਿੱਤੀਆਂ ਜਾਣ ਜਾਂ ਪਟਰੋਲ ਪੰਪਾਂ ਵਿਚ 25 ਫੀ ਸਦੀ ਹਿਸਾ ਦਿੱਤਾ ਜਾਵੇ ਜਿਥੇ ਕਿ ਕਮਾਈ ਹੁੰਦੀ ਹੈ। ਫਰਟੇਲਾਈਜ਼ਰ ਦੀਆਂ ਏਜੰਸੀਆਂ ਵਿਚ 25 ਫੀ ਸਦੀ ਹਿਸਾ ਦਿੱਤਾ ਜਾਵੇ। ਇਸੇ ਤਰ੍ਹਾਂ ਹੀ ਗੈਸ ਦੀਆਂ ਏਜੰਸੀਆਂ ਦਿਤੀਆਂ ਜਾਣ। ਮਿੰਨੀ ਬੱਸਾਂ ਵਿਚ ਹਿੱਸਾ ਦਿੱਤਾ ਜਾਵੇ। ਰੂਟਾਂ ਵਿਚ ਹਿੱਸਾ ਦਿੱਤਾ ਜਾਵੇ, ਟੈਂਪੂ ਦੇ ਰੂਟ ਪਰਮਿਟ

Original with;
Punjab Vidhan Sabha
Digitized by;
Panjab Digital Library

ਵਿਚ 25 ਫੀ ਸਦੀ ਹਿੱਸਾ ਦਿੱਤਾ ਜਾਵੇ ਤਾਕਿ ਇਹ ਕਮਾਈ ਕਰ ਸਕਣ। ਉਨ੍ਹਾਂ ਏਜੰਸੀਆਂ ਰਾਹੀਂ ਕਮਾਈ ਕਰ ਸਕਣ। ਮੇਰੀ ਮੰਗ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਹਰੀਜਨਾਂ ਨੂੰ ਅੱਗੇ ਲੈ ਜਾਣਾ ਚਾਹੁੰਦੀ ਹੈ। ਇਸ ਲਈ ਹਰੀਜਨਾਂ ਨੂੰ ਸਾਰੀਆਂ ਸਹੂਲਤਾਂ ਦਿਤੀਆਂ ਜਾਣ । ਜਦੋਂ ਇਹ ਸਹੂਲਤਾਂ ਇਨ੍ਹਾਂ ਨੂੰ ਮਿਲਣਗੀਆਂ ਤਾਂ ਇਹ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰਨਗੇ । ਫਿਰ ਜਿਹੜੇ ਛੋਟੇ ਮੋਟੇ ਝਗੜੇ ਹੋਣਗੇ ਉਹ ਆਪਣੇ ਆਪ ਹੀ ਠੀਕ ਹੋ ਜਾਣਗੇ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਰਵਿਸਿਜ਼ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਗੌਰਮਿੰਟ ਸਰਵਿਸਿਜ਼ ਵਿੱਚ ਹਾਲੇ ਤਕ ਕਲਾਸ I ਵਿਚ 8 ਫੀਸਦੀ ਸਾਡੇ ਮੁਲਾਜ਼ਮ ਹਨ। ਕਲਾਸ II ਵਿਚ 8 ਫੀਸਦੀ ਦੇ ਕਰੀਬ ਹਨ ਔਰ ਕਲਾਸ ਤਿੰਨ ਵਿਚ ਸਾਢੇ ਤੇਰਾਂ ਪਰਸੈਂਟ ਦੇ ਕਰੀਬ ਮੁਲਾਜ਼ਮ ਹਨ। ਇਹ ਰਿਜ਼ਰਵੇਸ਼ਨ ਕਾਂਗਰਸ ਸਰਕਾਰ ਨੇ ਦਿੱਤੀ ਹੈ। ਤਾਂ ਹੀ ਇਤਨੀ ਪਰਸੈਂਟੇਜ ਵਿਚ ਸਰਵਿਸਿਜ਼ ਵਿੱਚ ਸਾਡੇ ਆਦਮੀ ਆ ਸਕੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਤਨੀ ਪਰਸੈਂਟੇਜ ਵਿੱਚ ਸਰਕਾਰੀ ਦਫਤਰਾਂ ਵਿਚ ਸਾਡੇ ਕਰਮਚਾਰੀ ਆਏ ਹਨ ਉਥੇ ਇਹ ਜਿਹੜੇ ਬੋਰਡ ਹਨ, ਕਾਰਪੋਰੇਸ਼ਨਾਂ ਹਨ ਜਾਂ ਜਿਹੜੇ ਨੈਸ਼ਨੇਲਾਈਜ਼ਡ ਬੈਂਕ ਹਨ ਔਰ ਬਿਜਲੀ ਬੋਰਡ ਵਰਗੇ ਅਦਾਰੇ ਹਨ, ਉਨ੍ਹਾਂ ਵਿਚ ਵੀ ਸਾਡੀ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ। ਬਿਜਲੀ ਬੋਰਡ ਸੱਭ ਤੋਂ ਵੱਡਾ ਅਦਾਰਾ ਹੈ ਪਰ ਉਸ ਵਿਚ ਹਾਲੇ ਤਕ ਵੀ ਰਿਜ਼ਰਵੇਸ਼ਨ ਜਿਹੀ ਕੋਈ ਚੀਜ਼ ਨਹੀਂ ਵੇਖੀ । ਉਥੇ ਸਾਡੇ ਨਾਲ ਧੱਕਾ ਹੋ ਰਿਹਾ ਹੈ। ਉਸ ਵਿਚ ਰਿਜ਼ਰਵੇਸ਼ਨ ਦਾ ਪ੍ਰਬੰਧ ਕਰ ਕੇ ਸਾਨੂੰ ਪੂਰੀ ਰਿਜ਼ਰਵੇਸ਼ਨ ਦਿਵਾਈ ਜਾਵੇ । ਮੈਨੂੰ ਆਸ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਪੰਜਾਬ ਵਿਚ ਜਿਹੜੀਆਂ ਕਾਰਪੋਰੇਸ਼ਨਾਂ ਹਨ, ਬੋਰਡ ਹਨ, ਨੈਸ਼ਨੇਲਾਈਜ਼ਡ ਬੈਂਕ ਹਨ ਉਨ੍ਹਾਂ ਸਾਰਿਆਂ ਵਿੱਚ ਹਰੀਜਨਾਂ ਦੀ ਰਿਜ਼ਰਵੇਸ਼ਨ ਪੂਰੀ ਕਰਨਗੇ ਤਾਕਿ ਪਿੰਡਾਂ ਵਿਚ, ਸ਼ਹਿਰਾਂ ਵਿਚ, ਜਿਹੜੇ ਪੜ੍ਹੇ ਲਿਖੇ ਸ਼ਡਿਊਲਡ ਕਾਸਟਸ ਨੌਜਵਾਨ ਹਨ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ । ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਗਰੀਬ ਕਿਸ ਤਰ੍ਹਾਂ ਨਾਲ ਆਪਣੇ ਬੱਚਿਆਂ ਨੂੰ ਪੜ੍ਹਾਉਂਦਾ ਹੈ। ਜੇਕਰ ਉਸ ਨੂੰ ਫਿਰ ਵੀ ਨੌਕਰੀ ਨਾ ਮਿਲੇ ਤਾਂ ਮੈਂ ਸਮਝਦਾ ਹਾਂ ਕਿ ਪੜ੍ਹਾਉਣ ਵਾਲੇ ਮਾਂ ਬਾਪ ਤੇ ਵੀ ਬਹੁਤ ਭੈੜਾ ਅਸਰ ਪੈਂਦਾ ਹੈ ਔਰ ਜਿਸ ਵੇਲੇ ਉਨ੍ਹਾਂ ਦਾ ਪੁੱਤਰ ਨੌਕਰੀ ਲਈ ਰੁਲਦਾ ਫਿਰਦਾ ਹੈ ਤਾਂ ਉਨ੍ਹਾਂ ਦੇ ਮਨ ਤੇ ਬੜਾ ਅਸਰ ਪੈਂਦਾ ਹੈ । ਜਦੋਂ ਸਾਡੇ ਲਈ ਰਿਜ਼ਰਵੇਸ਼ਨ ਹੈ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਅਦਾਰਿਆਂ ਵਿਚ ਸਾਡੀ ਰਿਜ਼ਰਵੇਸ਼ਨ ਪੂਰੀ ਕਰਨੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਸਾਡੇ ਸਾਰੇ ਹੀ ਪੜ੍ਹੇ ਲਿਖੇ ਨੌਜਵਾਨ ਇਸ ਤਰ੍ਹਾਂ ਨਾਲ ਭਰਤੀ ਹੋ ਸਕਦੇ ਹਨ ਔਰ ਉਹ ਗਰੀਬ ਪਰਿਵਾਰ ਜਿਨ੍ਹਾਂ ਨੇ ਬੱਚਿਆਂ ਨੂੰ ਬੜੀ ਹੀ ਮੁਸ਼ਕਿਲ ਨਾਲ ਪੜ੍ਹਾਇਆ ਹੁੰਦਾ ਹੈ, ਉਨ੍ਹਾਂ ਨੂੰ ਵੀ ਰਾਹਤ ਮਿਲ ਸਕਦੀ ਹੈ। ਉਨ੍ਹਾਂ ਨੂੰ ਵੀ ਭਰੋਸਾ ਹੋ ਸਕਦਾ ਹੈ । ਇਸ ਲਈ ਮੈਂ ਫਿਰ ਬੇਨਤੀ ਕਰਾਂਗਾ ਕਿ ਉਨ੍ਹਾਂ ਅਦਾਰਿਆਂ ਵਿੱਚ ਜਲਦੀ ਤੋਂ ਜਲਦੀ ਸਾਡੇ ਨੌਜਵਾਨਾਂ ਨੂੰ ਭਰਤੀ ਕੀਤਾ ਜਾਵੇ ਔਰ ਉਥੇ ਭਰਤੀ ਕਰਕੇ ਹਰੀਜਨ ਬੱਚਿਆਂ ਨੂੰ ਜਿਹੜੇ ਬੇਰੁਜ਼ਗਾਰ ਹਨ, ਕੰਮ ਤੇ ਲਗਾਇਆ ਜਾਵੇ। ਡਿਪਟੀ ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ ਦੀ ਸਿਫਾਰਸ਼ ਨੰ: 24 ਵਿਚ ਰਿਕੁਮੈਂਡ ਕੀਤਾ ਗਿਆ ਹੈ ਕਿ ਇਨ੍ਹਾਂ ਅਦਾਰਿਆਂ ਵਿਚ ਰਿਜ਼ਰਵੇਸ਼ਨ ਦੇਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਵਿਸਿਜ਼ ਵਿੱਚ ਰਿਜ਼ਰਵੇਸ਼ਨ 25 ਫੀਸਦੀ ਹੈ। ਲੇਕਿਨ ਕਈ ਐਸੇ ਮਹਿਕਮੇ ਹਨ, ਕਈ ਐਸੀਆਂ ਪੋਸਟਾਂ ਹਨ ਜਿਥੇ ਸਾਨੂੰ ਇਹ ਕਹਿ ਕੇ ਰੱਖਿਆ ਨਹੀਂ ਜਾਂਦਾ ਔਰ ਇਨਕਾਰ ਕਰ ਦਿੱਤਾ ਜਾਂਦਾ ਹੈ ਕਿ 'ਪੋਸਟ ਤਾਂ ਐਡਵਰਟਾਈਜ਼ ਕੀਤੀ ਸੀ ਲੇਕਿਨ ਯੋਗ ਬੰਦਾ ਇਸ ਪੋਸਟ ਵਾਸਤੇ ਮਿਲਿਆ ਨਹੀਂ ਹੈ । ਇਸ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਦੀ ਰਿਪੋਰਟ ਵਿਚ ਇਹ ਰਿਕੁਮੈਂਡੇਸ਼ਨ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਕੀਤੀ ਗਈ ਹੈ ਕਿ ਜਿਸ ਵੇਲੇ ਪੋਸਟਾਂ ਨੂੰ ਭਰਨ ਵਾਸਤੇ ਮਹਿਕਮੇ ਐਡਵਰਟਾਈਜ਼ ਕਰਨ ਉਸ ਵੇਲ ਜੇ ਇਨ੍ਹਾਂ ਨੂੰ ਕੋਈ ਸ਼ਡਿਊਲਡ ਕਾਸਟ ਕੈਂਡੀਡੇਟ ਨਾ ਮਿਲੇ ਤਾਂ ਉਹ ਪੋਸਟ ਕੈਰੀਫਾਰਵਰਡ ਕੀਤੀ ਜਾਣੀ ਚਾਹੀਦੀ ਹੈ ਪਰ ਅਸੀਂ ਵੇਖਿਆ ਹੈ ਕਿ ਇਥੇ ਉਹ ਗਲ ਨਹੀਂ ਹੁੰਦੀ । ਇਸ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਇਨ੍ਹਾਂ ਪੋਸਟਾਂ ਲਈ ਕੈਂਡੀਡੇਟ ਨਹੀਂ ਮਿਲਦੇ ਤਾਂ ਇਹ ਕੈਰੀ ਫਾਰਵਰਡ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅੱਰ ਜਦੋਂ ਵੀ ਕੋਈ ਸ਼ਡਿਊਲਡ ਕਾਸਟਸ ਕੈਂਡੀਡੇਟ ਮਿਲ ਜਾਵੇ ਤਾਂ ਉਨ੍ਹਾਂ ਪੋਸਟਾਂ ਨੂੰ ਭਰ ਲਿਆ ਜਾਵੇ । ਇਥੇ ਕਈ ਵਾਰ ਇਹ ਹੁੰਦਾ ਹੈ ਕਿ ਜਦੋਂ ਕੋਈ ਕੈਂਡੀਡੇਟ ਨਹੀਂ ਮਿਲਦਾ ਤਾਂ ਗੌਰਮਿੰਟ ਦੀ ਐਪਰੂਵਲ ਤੋਂ ਬਗੈਰ ਹੋਰ ਜਾਤੀ ਦਾ ਬੰਦਾ ਰਖ ਲਿਆ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਵਾਸਤੇ ਜਿਹੜੀ ਪਰਾਇਰ ਐਪਰੂਵਲ ਹੈ, ਇਹ ਜ਼ਰੂਰ ਲੈਣੀ ਚਾਹੀਦੀ ਹੈ ਅੱਰ ਇਹ ਪਰਾਇਰ ਐਪਰੂਵਲ ਵੈਲਫੇਅਰ ਮਨਿਸਟਰ ਕੋਲੋਂ ਹੀ ਮਿਲਣੀ ਚਾਹੀਦੀ ਹੈ ਤਾ ਕਿ ਉਨ੍ਹਾਂ ਨੂੰ ਪਤਾ ਲਗੇ ਕਿ ਹੋਰ ਬੰਦਾ ਰਖਿਆ ਜਾ ਰਿਹਾ ਹੈ ਅੱਰ ਉਸ ਦੀ ਰੋਕ ਥਾਮ ਹੋ ਸਕੇ । ਇਹ ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਜਿਹੜੀ ਰਿਪੋਰਟ ਹੈ ਉਸ ਦੇ ਵਿਚ ਵੀ ਇਹ ਰਿਕੁਮੈਂਡੇਸ਼ਨ ਕੀਤੀ ਗਈ ਹੈ ਕਿ ਜਦੋਂ ਕੋਈ ਬੰਦਾ ਨਹੀਂ ਮਿਲਦਾ ਤਾਂ ਕੁਆਲੀਫਿਕੇਸ਼ਨ ਰਿਲੈਕਸ ਕਰ ਦੇਣੀ ਚਾਹੀਦੀ ਹੈ। ਪਰ ਇਹ ਵੇਖਿਆ ਗਿਆ ਹੈ ਕਿ ਇਹ ਕੁਆਲੀਫੀਕੇਸ਼ਨ ਰਿਲੈਕਸ ਨਹੀਂ ਕੀਤੀ ਜਾਂਦੀ । ਮੈਂ ਇਹ ਬੇਨਤੀ ਕਰਦਾ ਹਾਂ ਕਿ ਜੇ ਉਸ ਕੁਆਲੀਫਿਕੇਸ਼ਨ ਦਾ ਬੰਦਾ ਨਹੀਂ ਮਿਲਦਾ ਤਾਂ ਲੋਅਰ ਗਰੇਡ ਵਿੱਚ ਉਸ ਨੂੰ ਭਰਤੀ ਕਰ ਲੈਣਾ ਚਾਹੀਦਾ ਹੈ ਅਤੇ ਬਾਅਦ ਵਿੱਚ ਟਰੇਨਿੰਗ ਵਗੈਰਾ ਦੇ ਕੇ ਜਦੋਂ ਉਹ ਟਰੇਂਡ ਹੋ ਜਾਵੇ ਤਾਂ ਉਸ ਨੂੰ ਫਿਰ ਉਸ ਪੋਸਟ ਤੇ ਲਾਇਆ ਜਾਣਾ ਚਾਹੀਦਾ ਹੈ ਤਾਕਿ ਜਿਹੜਾ ਉਨ੍ਹਾਂ ਦਾ ਹੱਕ ਹੈ ਉਹ ਉਨ੍ਹਾਂ ਨੂੰ ਪੂਰਾ ਮਿਲ ਸਕੇ । ਇਥੇ ਮੈਂ ਤੁਹਾਨੂੰ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਪਿਛਲੇ 3 ਸਾਲਾਂ ਵਿਚ ਜਦੋਂ ਇਥੇ ਅਕਾਲੀ ਸਰਕਾਰ ਸੀ ਤਾਂ ਐਗਰੀਕਲਚਰ ਡਿਪਾਰਟਮੈਂਟ ਵਿਚ ਰਿਕਰੂਟਮੈਂਟ ਕੀਤੀ ਗਈ । ਉਸ ਵਿਚ ਪੀ. ਏ. ਐਸ. ਕਲਾਸ ਵਨ 13 ਅਤੇ ਪੀ.ਏ.ਐਸ. ਕਲਾਸ ਟੂ 20 ਭਰਤੀ ਕੀਤੇ ਗਏ। ਪਰ ਇਨ੍ਹਾਂ ਵਿੱਚ ਹਰੀਜਨ ਕੋਈ ਵੀ ਨਹੀਂ ਲਿਆ ਗਿਆ। ਇਹ ਮੈਂ ਤੁਹਾਨੂੰ ਮਿਸਾਲ ਇਸ ਕਰਕੇ ਦਿੱਤੀ ਹੈ ਕਿ ਇਥੇ ਵੀ ਇਹ ਕਿਹਾ ਗਿਆ ਹੋਣਾ ਹੈ ਕਿ ਕੋਈ ਹਰੀਜਨ ਕਾਬਲ ਨਹੀਂ ਮਿਲਿਆ। ਇਸ ਕਰਕੇ ਹੋਰ ਭਰਤੀ ਕਰ ਲਏ ਗਏ ਸਨ। ਪਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਹੁਣ ਇਸ ਗਲ ਵਲ ਪੂਰਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਮੈਂ ਇਹ ਗਲ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਰਿਜ਼ਰਵ ਪੋਸਟਾਂ ਹੁਣ ਤਕ ਭਰੀਆਂ ਨਹੀਂ ਗਈਆਂ ਅਤੇ ਉਸ ਕਾਰਨ ਜਿਹੜਾ ਗੈਪ ਰਹਿ ਗਿਆ ਹੈ ਉਸ ਦੇ ਬਾਰੇ ਇਥੇ ਜਦੋਂ ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਸਿਪਾਹੀਆਂ ਅਤੇ ਪਟਵਾਰੀਆਂ ਦੀ ਜਿਹੜੀ ਭਰਤੀ ਹੈ ਉਸ ਵਿਚ 50% ਰਿਜ਼ਰਵੇਸ਼ਨ ਕਰ ਦਿੱਤੀ ਜਾਵੇਗੀ ਤਾਕਿ ਜਿਹੜਾ ਗੈਪ ਹੈ ਉਹ ਪੂਰਾ ਹੋ ਸਕੇ। ਪਰ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਪਰੰਪਰਾ ਸੀ ਇਹ ਉਥੇ ਹੀ ਰਹਿ ਗਈ। ਇਸ ਨੂੰ ਹੁਣ ਤਕ ਲਾਗੂ ਨਹੀਂ ਕੀਤਾ ਗਿਆ। ਇਸ ਲਈ ਮੈਂ ਹੁਣ ਵੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕਮਿਸ਼ਨਰ ਦੀ ਰਿਪੋਰਟ ਵਿਚ ਜਿਹੜੀ ਰਿਕਮੈਂਡੇਸ਼ਨ ਹੈ ਉਸ ਮੁਤਾਬਿਕ ਇਹ ਜਿਹੜਾ ਗੈਪ ਹੈ ਇਸ ਨੂੰ ਜ਼ਰੂਰ ਪੂਰਾ ਕੀਤਾ ਜਾਵੇ ਅਤੇ ਜਦੋਂ ਤਕ ਇਹ ਗੈਪ ਪੂਰਾ ਨਹੀਂ ਹੁੰਦਾ, ਹੋਰ ਬੰਦਿਆਂ ਨੂੰ ਨਾ ਲਾਇਆ ਜਾਵੇ। ਜਦੋਂ ਰਿਜ਼ਰਵੇਸ਼ਨ ਪੂਰੀ ਹੋ ਜਾਵੇ ਤਾਂ ਹੀ ਹੋਰ ਬੰਦਿਆਂ ਨੂੰ ਰੱਖਣਾ ਚਾਹੀਦਾ ਹੈ। ਤੁਹਾਡੀ ਮਾਰਫਤ ਮੈਂ ਸਰਕਾਰ ਨੂੰ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਪਿਛਲੀ ਕਾਂਗਰਸ ਸਰਕਾਰ ਨੇ ਹਰੀਜਨਾਂ ਨੂੰ ਰਿਆਇਤਾਂ ਦਿੱਤੀਆਂ ਸਨ ਉਹ ਸਾਰੀਆਂ ਦੇਣੀਆਂ ਚਾਹੀਦੀਆਂ ਹਨ ਤਾਕਿ ਜਿਹੜੀ ਇਨ੍ਹਾਂ ਵਿਚ ਬੇਰੁਜ਼ਗਾਰੀ ਹੈ ਉਹ ਦੂਰ ਹੋ ਸਕੇ। ਮੈਂਨੂੰ ਉਮੀਦ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਲੀਡਰਸ਼ਿਪ ਥੱਲੇ ਇਹ ਸਾਰੀਆਂ ਰਿਆਇਤਾਂ ਹਰੀਜਨਾਂ ਨੂੰ ਜ਼ਰੂਰ ਮਿਲਣਗੀਆਂ ਅੱਰ ਹਰੀਜਨਾਂ ਦੀ ਤਰੱਕੀ ਹੋਵੇਗੀ। ਇਸੇ ਤਰ੍ਹਾਂ ਮੈਂ ਇਹ ਵੀ

Original with;
Punjab Vidhan Sabha
Digitized by;
Panjab Digital Library

ਬੇਨਤੀ ਕਰਦਾ ਹਾਂ ਕਿ ਜਿਹੜੇ ਰੋਸਟਰ ਹਨ ਉਹ ਹਰ ਮਹਿਕਮੇ ਵਿਚ ਤਿਆਰ ਹੋਣੇ ਚਾਹੀਦੇ ਹਨ ਤਾਕਿ ਸਾਰੀ ਚੀਜ਼ ਹਰ ਮਹਿਕਮੇ ਦੇ ਬਾਰੇ ਪਤਾ ਲਗ ਸਕੇ। ਇਸ ਦੇ ਨਾਲ ਹੀ ਮੈਂ ਰਿਜ਼ਰਵੇਸ਼ਨ ਇਨ ਪਰਮੋਸ਼ਨਜ਼ ਇਨ ਸਰਵਿਸਿਜ਼ ਦੇ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਪਰਮੋਸ਼ਨ ਲਈ ਵੀ ਕੁਝ ਐਸੀ ਪਾਬੰਦੀ ਲਗਾ ਦਿੱਤੀ ਜਾਵੇ ਜਿਸ ਨਾਲ ਕਿ ਹਰੀਜਨਾਂ ਦਾ ਹੱਕ ਪੂਰਾ ਹੋ ਸਕੇ। ਸਰਕਾਰ ਨੂੰ ਅਤੇ ਸਾਰੇ ਮੈਂਬਰਜ਼ ਸਾਹਿਬਾਨ ਨੂੰ ਪਤਾ ਹੈ ਕਿ ਹਰੀਜਨਾਂ ਦੀ ਪਰਮੋਸ਼ਨ ਕਿਸ ਢੰਗ ਨਾਲ ਰੋਕੀ ਜਾਂਦੀ ਹੈ। ਮੈਨੂੰ ਆਸ ਹੈ ਕਿ ਸਾਡੀ ਸਰਕਾਰ ਹੁਣ ਸਾਰੀਆਂ ਚੀਜ਼ਾਂ ਸਹੀ ਕਰਕੇ ਇਹ ਕੋਟਾ ਵੀ ਪੂਰਾ ਕਰ ਦੇਵੇਗੀ। ਮੈਂ ਸਮਝਦਾ ਹਾਂ ਕਿ ਬਿਜਲੀ ਬੋਰਡ ਵਿਚ ਜਿਹੜੀ ਇਹ ਸ਼ਰਤ ਰਖੀ ਗਈ ਹੈ ਕਿ ਐਸ.ਡੀ.ਓ. ਤੋਂ ਐਕਸੀਅਨ. ਬਣਨ ਲਈ 10 ਸਾਲ ਦਾ ਤਜਰਬਾ ਜ਼ਰੂਰੀ ਹੈ, ਇਹ ਪਾਬੰਦੀ ਨਹੀਂ ਹੋਣੀ ਚਾਹੀਦੀ। ਮੈਂ ਤੁਹਾਡੀ ਮਾਰਫ਼ਤ ਇਹ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੀ ਪਰਮੋਸ਼ਨ ਵੇਲੇ ਤਜਰਬੇ ਵਿਚ ਰਿਲੈਕਸੇਸ਼ਨ ਦਿੱਤੀ ਜਾਵੇ। ਹਰੀਜਨ ਵਿਚਾਰੇ 10 ਸਾਲ ਕਦੋਂ ਤਕ ਉਡੀਕਣ-ਗੇ। ਮੈਂ ਸਮਝਦਾ ਹਾਂ ਕਿ ਇਸ ਵਿਚ ਕੁਝ ਰਿਲੈਕਸੇਸ਼ਨ ਕਰਕੇ ਜਿਹੜਾ ਦਣ ਸਕਦਾ ਹੈ ਉਸ ਨੂੰ ਬਣਾਇਆ ਜਾਣਾ ਚਾਹੀਦਾ ਹੈ। ਇਥੇ ਮੈਂ ਐਗਰੀਕਲਚਰ ਡਿਪਾਰਟਮੈਂਟ ਦੀ ਮਿਸਾਲ ਦਿੰਦਾ ਹਾਂ। ਅੱਠ ਪੀ.ਏ.ਐਸ. ਕਲਾਸ ਵਨ ਪਰਮੋਟ ਕੀਤੇ ਗਏ ਪਰ ਕੋਈ ਹਰੀਜਨ ਪਰਮੋਟ ਨਹੀਂ ਕੀਤਾ ਗਿਆ। 14 ਪੀ.ਏ.ਐਸ. ਕਲਾਸ ਟੂ ਪਰਮੋਟ ਕੀਤੇ ਗਏ ਪਰ ਕੋਈ ਹਰੀਜਨ ਪਰਮੋਟ ਨਹੀਂ ਕੀਤਾ ਗਿਆ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਪਿਛਲੀ ਅਕਾਲੀ ਸਰਕਾਰ ਸਾਡੇ ਨਾਲ ਕੀ ਹਮਦਰਦੀ ਕਰਦੀ ਰਹੀ ਹੈ ਅਤੇ ਕੀ ਹਰੀਜਨਾਂ ਦਾ ਹਿੱਤ ਕਰਦੀ ਰਹੀ ਹੈ ? ਇਹ ਹਰੀਜਨਾਂ ਵਾਸਤੇ ਨਾਹਰੇ ਤਾਂ ਬਹੁਤ ਲਾਉਂਦੇ ਰਹੇ ਹਨ ਪਰ ਇਨ੍ਹਾਂ ਦੇ ਜੋ ਕਿਰਦਾਰ ਹਨ ਉਹ ਮੈਂ ਤੁਹਾਡੇ ਸਾਹਮਣੇ ਪੇਸ਼ ਕਰ ਰਿਹਾ ਹਾਂ। ਐਵੇਂ ਲਿਫਾਫੇਬਾਜ਼ੀ ਨਾਲ ਹੀ ਇਹ ਆਪਣਾ ਵਕਤ ਗੁਜ਼ਾਰਦੇ ਰਹੇ ਹਨ। ਮੈਂ ਇਥੇ ਬਿਜਲੀ ਬੋਰਡ ਦੇ ਬਾਰੇ ਵੀ ਮਿਸਾਲ ਦੇਣਾ ਚਾਹੁੰਦਾ ਹਾਂ। ਬਿਜਲੀ ਬੋਰਡ ਦੇ 7 ਮੈਂਬਰਜ਼ ਹਨ ਪਰ ਹਰੀਜਨ ਕੋਈ ਨਹੀਂ। ਚੀਫ਼ ਇੰਜੀਨੀਅਰਜ਼ 6 ਹਨ ਪਰ ਹਰੀਜਨ ਕੋਈ ਨਹੀਂ। ਐਸ.ਈ. 52 ਹਨ ਪਰ ਹਰੀਜਨ ਸਿਰਫ਼ 2 ਲਾਏ ਹਨ ਅੱਤ ਐਕਸੀਅਨ. 300 ਹਨ ਪਰ ਹਰੀਜਨ ਸਿਰਫ਼ 6 ਰਖੇ ਹਨ। ਇਸ ਤੋਂ ਤੁਸੀਂ ਅੰਦਾਜ਼ਾ ਲਗਾਓ ਕਿ ਸਾਡੇ ਨਾਲ ਕਿੰਨਾ ਧੱਕਾ ਹੁੰਦਾ ਰਿਹਾ ਹੈ। ਤੁਸੀਂ ਵੇਖੋ ਕਿ ਕਿੰਨਾ ਹਰੀਜਨਾਂ ਦਾ ਕੋਟਾ ਬਣਦਾ ਹੈ ਅੱਤ ਕਿੰਨੇ ਰਖੇ ਗਏ ਹਨ। ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਦੀ ਰਿਪੋਰਟ ਵਿਚ ਵੀ ਇਹ ਲਿਖਿਆ ਗਿਆ ਹੈ ਕਿ ਇਸ ਪਾਸੇ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਮੈਨੂੰ ਆਸ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਇਸ ਵਲ ਜ਼ਰੂਰ ਧਿਆਨ ਦੇਣਗੇ ਤਾਕਿ ਜਿਹੜੇ ਪੰਜਾਬ ਦੇ ਹਰੀਜਨ ਹਨ ਉਨ੍ਹਾਂ ਨੂੰ ਕੁਝ ਰਾਹਤ ਮਿਲ ਸਕੇ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਹਰੀਜਨਾਂ ਨੂੰ ਆਈ.ਏ.ਐਸ. ਅਫ਼ਸਰ ਬਣਾਉਣ ਲਈ ਉਨ੍ਹਾਂ ਨੂੰ ਟਰੇਨਿੰਗ ਦੇਣ ਵਾਸਤੇ ਪੰਜਾਬੀ ਯੂਨੀਵਰਸਿਟੀ ਵਿਚ ਇਕ ਸੈਲ ਖੋਲ੍ਹਿਆ ਹੋਇਆ ਹੈ, ਐਸੇ ਸੈਲ ਹੋਰ ਵੀ ਹਿੰਦੁਸਤਾਨ ਵਿਚ ਖੋਲੇ ਹੋਏ ਹਨ, ਲੇਕਿਨ ਡਿਪਟੀ ਸਪੀਕਰ ਸਾਹਿਬ, ਮੈਨੂੰ ਹੈਰਾਨੀ ਇਸ ਗਲ ਦੀ ਹੁੰਦੀ ਹੈ ਕਿ ਇਨ੍ਹਾਂ ਦਾ ਨਤੀਜਾ ਕੋਈ ਖਾਸ ਨਹੀਂ ਨਿਕਲਦਾ। ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿਹੜੇ ਇਥੇ ਪ੍ਰੋਫੈਸਰ ਲਗੇ ਹਨ ਉਨ੍ਹਾਂ ਨੂੰ ਹਰੀਜਨ ਸਟੂਡੈਂਟਸ ਨੂੰ ਟਰੇਨਿੰਗ ਦੇਣ ਵਾਸਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਉਹ ਪ੍ਰੋਫੈਸਰ ਪੂਰਾ ਧਿਆਨ ਉਨ੍ਹਾਂ ਨੂੰ ਪੜਾਉਣ ਵਲ ਨਹੀਂ ਦਿੰਦੇ ਜਿਸ ਕਰਕੇ ਉਹ ਅੱਗੇ ਨਹੀਂ ਆ ਸਕਦੇ। ਮੇਰੀ ਬੇਨਤੀ ਹੈ ਕਿ ਇਥੇ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਜਾਵੇ ਜਿਸ ਨਾਲ ਜਿਹੜੇ ਹਰੀਜਨ ਸਟੂਡੈਂਟਸ ਹਨ ਉਨ੍ਹਾਂ ਦੀ ਚੰਗੀ ਤਰ੍ਹਾਂ ਕੋਚਿੰਗ ਹੋ ਸਕੇ ਅੱਤ ਉਹ ਸਾਰਾ ਕੰਮ ਸਿੱਖ ਲੈਣ ਅਤੇ ਉਹ ਕੰਪੀਟੀਸ਼ਨ ਵਿਚ ਅੱਗੇ ਆ ਸਕਣ। ਇਥੇ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਟਰੇਨਿੰਗ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਇਨਸਟੀਚਿਊਸ਼ਨਜ਼ ਜਿਹੜੇ ਹਨ ਉਥੇ ਹਰੀਜਨ ਬੱਚਿਆਂ ਨੂੰ ਵੱਧ ਤੋਂ ਵੱਧ ਰਿਜ਼ਰਵੇਸ਼ਨ ਦਿੱਤੀ ਜਾਵੇ ਤਾਕਿ ਉਹ ਵੱਧ ਤੋਂ ਵੱਧ ਦਾਖਲਾ ਲੈ ਕੇ ਟੈਕਨੀਕਲ ਕੰਮਾਂ ਵਿਚ ਟਰੇਂਡ ਹੋ ਸਕਣ ਅੌਰ ਆਪਣਾ ਧੰਧਾ ਚਲਾ ਸਕਣ। ਇਥੇ ਇਕ ਬੇਨਤੀ ਤੁਹਾਡੀ ਮਾਰਫ਼ਤ ਮੈਂ ਸਰਕਾਰ ਨੂੰ ਇਹ ਵੀ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜਿਥੇ ਹਰੀਜਨ ਰਹਿੰਦੇ ਹਨ, ਉਨ੍ਹਾਂ ਨੂੰ ਉਪਰ ਚੁਕਣ ਵਾਸਤੇ ਸਰਕਾਰ ਵਚਨਬੱਧ ਹੈ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਜਿਹੜੀਆਂ ਹਰੀਜਨ ਭੈਣਾਂ ਹਨ, ਉਹ ਘਾਹ ਖੋਦ ਕੇ ਲਿਆਉਂਦੀਆਂ ਹਨ। ਉਨ੍ਹਾਂ ਲਈ ਹੋਰ ਕੋਈ ਕੰਮ ਨਹੀਂ ਹੁੰਦਾ ਜਿਹੜਾ ਕਿ ਉਹ ਘਰ ਬੈਠ ਕੇ ਧੰਧਾ ਕਰ ਸਕਣ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਪਿੰਡਾਂ ਦੀਆਂ ਹਰੀਜਨ ਭੈਣਾਂ ਲਈ ਸੈਂਟਰ ਖੋਲ੍ਹਣ ਜਿਥੇ ਕਿ ਸਿਖਲਾਈ ਆਦਿ ਹੋਵੇ ਅਤੇ ਉਹ ਹਰੀਜਨ ਭੈਣਾਂ ਉਸ ਸੈਂਟਰ ਵਿਚੋਂ ਕੋਈ ਕੰਮ ਸਿਖ ਕੇ ਆਪਣਾ ਘਰੇ ਬੈਠ ਕੇ ਕੰਮ ਕਰ ਸਕਣ ਅਤੇ ਰੋਜ਼ ਦੇ 10, 15 ਰੁਪਏ ਕੰਮ ਕਰਕੇ ਕਮਾ ਸਕਣ। ਇਸ ਨਾਲ ਹਰੀਜਨ ਭੈਣਾਂ ਦੀ ਪਿੰਡਾਂ ਵਿਚ ਹਾਲਤ ਚੰਗੀ ਹੋ ਜਾਵੇਗੀ। ਉਹ ਚਾਰਾ ਵੀ ਖਰੀਦ ਸਕਣਗੀਆਂ ਅਤੇ ਉਹ ਇਜ਼ਤ ਦੇ ਨਾਲ ਰਹਿ ਸਕਣਗੀਆਂ। ਇਸ ਨਾਲ ਪਿੰਡਾਂ ਵਿਚ ਹਰੀਜਨ ਭੈਣਾਂ ਦੀ ਇਜ਼ਤ ਵਧੇਗੀ ਅਤੇ ਮਾਣ ਮਿਲੇਗਾ। ਇਸ ਲਈ ਇਹ ਸਿਖਲਾਈ ਸੈਂਟਰ ਪਿੰਡਾਂ ਵਿਚ ਜ਼ਰੂਰ ਖੋਲ੍ਹਣੇ ਚਾਹੀਦੇ ਹਨ

ਡਿਪਟੀ ਸਪੀਕਰ ਸਾਹਿਬ, ਇਥੇ ਪੰਜਾਬ ਵਿਚ ਚਾਰ ਯੂਨੀਵਰਸਿਟੀਆਂ ਹਨ। ਯੂਨੀਵਰਸਿਟੀਆਂ ਵਿਚ ਉਨ੍ਹਾਂ ਨੂੰ ਪੂਰੀ ਰਿਜ਼ਰਵੇਸ਼ਨ ਨਹੀਂ ਮਿਲਦੀ। ਜੇਕਰ, ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਹਰ ਥਾਂ ਤੇ ਪੂਰੀ ਰਿਜ਼ਰਵੇਸ਼ਨ ਮਿਲ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਹਰੀਜਨਾਂ ਨੂੰ ਫਾਇਦਾ ਹੋ ਸਕਦਾ ਹੈ। ਮੈਨੂੰ ਉਮੀਦ ਹੈ ਕਿ ਪੰਜਾਬ ਦੇ ਹਰੀਜਨ, ਸਰਦਾਰ ਦਰਬਾਰਾ ਸਿਘ, ਦੀ ਸਰਕਾਰ ਹੇਠ ਤਰੱਕੀ ਕਰਨਗੇ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀਆਂ ਵਿਚ ਸੈਨੇਟ ਦੇ ਮੈਂਬਰਾਂ ਵਿਚ ਸ਼ਡਿਊਲਡ ਕਾਸਟਸ ਨੂੰ ਪੂਰੀ ਰਿਜ਼ਰਵੇਸ਼ਨ ਦਿੱਤੀ ਜਾਣੀ ਚਾਹੀਦੀ ਹੈ।

ਇੱਕ ਗੱਲ ਹੋਰ, ਡਿਪਟੀ ਸਪੀਕਰ ਸਾਹਿਬ, ਮੈਂ ਜਿਹੜੇ ਹਰੀਜਨ ਭਲਾਈ ਦੇ ਪ੍ਰੋਗਰਾਮ ਹਨ ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ । ਹਰੀਜਨ ਭਰਾਵਾਂ ਦੇ ਲਈ ਕਈ ਪਰੋਗਰਾਮ ਉਲੀਕੇ ਗਏ ਹਨ ਹਰੀਜਨ ਵੈਲਫੇਅਰ ਡਿਪਾਰਟਮੈਂਟ ਨੂੰ ਤਕੜੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਇਨ੍ਹਾਂ ਦਾ ਸਟੇਟਸ ਉੱਚਾ ਹੋਣਾ ਚਾਹੀਦਾ ਹੈ ਨਹੀਂ ਤਾਂ ਪੰਜਾਬ ਵਿਚ ਹਰੀਜਨ ਦੇ ਪ੍ਰੋਗਰਾਮ ਲਾਗੂ ਨਹੀਂ ਹੋ ਸਕਣਗੇ । ਇਸ ਮਹਿਕਮੇ ਨੂੰ ਤਾਕਤ ਦੇਣੀ ਚਾਹੀਦੀ ਹੈ। ਡਿਸਟ੍ਰਿਕਟ ਲੈਵਲ ਤੇ ਅਤੇ ਤਹਿਸੀਲ ਲੈਵਲ ਤੇ ਸਿਰਫ ਦੋ ਹੀ ਅਫ਼ਸਰ ਇਸ ਮਹਿਕਮੇ ਦੇ ਹੁੰਦੇ ਹਨ ਅਤੇ ਦੋ ਚਾਰ ਬਾਬੂ ਹੁੰਦੇ ਹਨ। ਪਰ ਉਨ੍ਹਾਂ ਦਾ ਸਟੇਟੱਸ ਘੱਟ ਹੈ। ਜਿੰਨਾ ਚਿਰ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਉਨ੍ਹਾਂ ਅਫ਼ਸਰਾਂ ਦੇ ਸਟੇਟੱਸ ਨੂੰ ਉੱਚਾ ਨਹੀਂ ਚੁਕਦੀ ਅਤੇ ਜਦੋਂ ਤਕ ਕਲਾਸ I ਅਫ਼ਸਰ ਦੇ ਬਰਾਬਰ ਇਨ੍ਹਾਂ ਦਾ ਸਟੇਟੱਸ ਨਹੀਂ ਬਣਾਉਂਦੀ ਤਦ ਤਕ ਹਰੀਜਨ ਦੀ ਭਲਾਈ ਠੀਕ ਤਰੀਕੇ ਦੇ ਨਾਲ ਨਹੀਂ ਹੋ ਸਕਦੀ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਮਹਿਕਮੇ ਦੇ ਡਿਸਟ੍ਰਿਕਟ ਲੈਵਲ ਅਤੇ ਤਹਿਸੀਲ ਲੈਵਲ ਦੇ ਅਫ਼ਸਰਾਂ ਨੂੰ ਕਲਾਸ I ਅਫ਼ਸਰਾਂ ਦੇ ਬਰਾਬਰ ਕਰੋ। ਉਨ੍ਹਾਂ ਦਾ ਸਟੇਟੱਸ ਉੱਚਾ ਕਰੋ। ਉਨ੍ਹਾਂ ਅਫ਼ਸਰਾਂ ਨੂੰ ਜੀਪਾਂ ਦਿਓ ਜਿਸ ਤਰ੍ਹਾਂ ਕਿ ਤੁਸੀਂ ਦੂਜੇ ਮਹਿਕਮਿਆਂ ਨੂੰ ਦਿੰਦੇ ਹੋ ? ਇਹ ਅਫ਼ਸਰ ਜੀਪਾਂ ਵਿਚ ਜਾਕੇ ਡਿਸਟ੍ਰਿਕਟ ਲੈਵਲ ਤੇ ਅਤੇ ਤਹਿਸੀਲ ਲੈਵਲ ਤੇ ਦਫ਼ਤਰਾਂ ਵਿਚ ਜਾ ਕੇ ਵੇਖਣ ਕਿ ਹਰੀਜਨ ਭਲਾਈ ਦੇ ਪ੍ਰੋਗਰਾਮ ਠੀਕ ਤਰ੍ਹਾਂ ਨਾਲ ਇੰਪਲੀਮੈਂਟ ਹੁੰਦੇ ਹਨ ਜਾਂ ਨਹੀਂ। ਜੇਕਰ ਉਹ ਅਫ਼ਸਰ ਬੱਸਾਂ ਵਿਚ ਟੂਰ

Original with;
Punjab Vidhan Sabha
Digitized by;
Panjab Digital Library

ਤੇ ਜਾਂਦੇ ਹਨ ਅਤੇ ਇਨਕੁਆਇਰੀਆਂ ਕਰਦੇ ਹਨ ਤਾਂ ਉਹ ਵਕਤ ਸਿਰ ਰਿਪੋਰਟ ਤਿਆਰ ਨਹੀਂ ਕਰ ਸਕਦੇ ਅਤੇ ਹਰੀਜਨਾਂ ਦੀ ਭਲਾਈ ਦੇ ਕੰਮ ਠੀਕ ਤਰ੍ਹਾਂ ਨਹੀਂ ਹੋ ਸਕਦੇ । (ਘੰਟੀ) ਇਸ ਲਈ ਤੁਸੀਂ ਉਨ੍ਹਾਂ ਅਫਸਰਾਂ ਨੂੰ ਜੀਪਾਂ ਜ਼ਰੂਰ ਦਿਓ। ਡਿਪਟੀ ਸਪੀਕਰ ਸਾਹਿਬ, ਮੈਨੂੰ ਬੋਲਣ ਦਿਓ ਕਿਉਂਕਿ ਇਹ ਹਰੀਜਨਾਂ ਦਾ ਮਸਲਾ ਹੈ। ਤੁਸੀਂ ਵੀ ਹਰੀਜਨ ਹੋ ? ਘੰਟੀ ਨਾ ਵਜਾਓ। ਪਹਿਲਾਂ ਵੀ ਕਈ ਵਾਰੀ ਹਾਊਸ ਐਕਸਟੈਂਡ ਹੁੰਦਾ ਰਿਹਾ ਹੈ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਚੌਧਰੀ ਜਗਜੀਤ ਸਿੰਘ ਜੀ, ਤੁਸੀਂ ਵਾਈਂਡ ਅੱਪ ਕਰੋ। ਹੋਰ ਮੈਂਬਰਾਂ ਨੇ ਵੀ ਬੋਲਣਾ ਹੈ ?

ਚੌਧਰੀ ਜਗਜੀਤ ਸਿੰਘ: ਡਿਪਟੀ ਸਪੀਕਰ ਸਾਹਿਬ, ਇਸ ਮਹਿਕਮੇ ਨੂੰ ਤਕੜਾ ਕਰੋ। ਇਸ ਦੀ ਰੀਆਰਗੇਨਾਈਜ਼ੇਸ਼ਨ ਕਰੋ ਅਤੇ ਪਾਵਰਜ਼ ਦੀ ਡੀਸੈਂਟਰੇਲਾਈਜ਼ੇਸ਼ਨ ਕਰੋ। ਬਲਾਕ ਲੈਵਲ ਤੇ, ਡਿਸਟ੍ਰਿਕਟ ਲੈਵਲ ਤੇ ਐਕਸਟੈਨਸ਼ਨ ਅਫਸਰ ਨਿਯੁਕਤ ਕਰੋ। ਜੋ ਕਿ ਉਥੇ ਹਰੀਜਨ ਭਲਾਈ ਦੀਆਂ ਸਕੀਮਾਂ ਨੂੰ ਵੇਖਣ ਅਤੇ ਲਾਗੂ ਕਰਾਉਣ। ਇਨ੍ਹਾਂ ਅਫਸਰਾਂ ਦੀ ਡਿਊਟੀ ਇਹ ਵੇਖਣ ਲਈ ਲਗਾਉਣੀ ਚਾਹੀਦੀ ਹੈ ਕਿ ਹਰੀਜਨ ਭਲਾਈ ਦੀਆਂ ਸਕੀਮਾਂ ਦੀ ਇੰਪਲੀਮੈਂਟੇਸ਼ਨ ਠੀਕ ਹੁੰਦੀ ਹੈ ਜਾਂ ਨਹੀਂ। ਇਹ ਸਾਰੀ ਚੀਜ਼ ਵੇਖਣ ਦੀ ਜ਼ਰੂਰਤ ਹੈ। (ਵਿਘਨ)

ਇਥੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰੀਜਨਾਂ ਦੀ ਰਾਖੀ ਕਰਨ ਲਈ ਇਕ ਹਾਈ ਪਾਵਰਡ ਕਮੇਟੀ ਬਣਾਉਣੀ ਚਾਹੀਦੀ ਹੈ । ਇਸ ਕਮੇਟੀ ਦੇ ਚੇਅਰਮੈਨ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਹੋਣ ਅਤੇ ਵਾਈਸ ਪ੍ਰੈਜ਼ੀਡੈਂਟ ਵੈਲਫੇਅਰ ਮਨਿਸਟਰ ਹੋਣ ਅਤੇ ਹੋਰ ਬਾਕੀ ਹਰੀਜਨ ਐਮ. ਐਲ. ਏਜ਼. ਇਸ ਦੇ ਮੈਂਬਰ ਹੋਣ। ਇਸ ਕਮੇਟੀ ਵਿਚ ਹੋਰ ਵੱਡੇ ਵੱਡੇ ਅਫਸਰ ਹੋਣ। ਇਹ ਕਮੇਟੀ ਤਿੰਨ ਮਹੀਨਿਆਂ ਬਾਅਦ ਸਾਰੀ ਚੀਜ਼ ਨੂੰ ਰੀਵਿਊ ਕਰੇ ਕਿ ਕਿਹੜਾ ਕਿਹੜਾ ਮਹਿਕਮਾ ਹਰੀਜਨ ਭਲਾਈ ਦੀਆਂ ਸਕੀਮਾਂ ਨੂੰ ਲਾਗੂ ਕਰਦਾ ਹੈ ਅਤੇ ਕਿਹੜਾ ਕਿਹੜਾ ਮਹਿਕਮਾ ਨਹੀਂ ਕਰਦਾ। ਕਿਹੜੇ ਕਿਹੜੇ ਮਹਿਕਮੇ ਵਿਚ ਕੀ ਕੀ ਕਮੀ ਹੈ ਉਸ ਕਮੀ ਨੂੰ ਫੌਰਨ ਦੂਰ ਕਰਵਾਇਆ ਜਾਵੇ । ਡਿਪਟੀ ਸਪੀਕਰ ਸਾਹਿਬ, ਜੇਕਰ ਇਹ ਕਮੇਟੀ ਬਣ ਜਾਵੇ ਤਾਂ ਹਰੀਜਨਾਂ ਦੀ ਬਹੁਤ ਭਲਾਈ ਹੋਵੇਗੀ। ਹਰੀਜਨ ਉਪਰ ਉਠੇਗਾ। (ਵਿਘਨ) (ਸ਼ੋਰ) (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਲੰਧਰ ਵਿਚ ਇੱਕ ਹਰੀਜਨ ਕਇਆਣ ਬੋਰਡ ਬਣਾਇਆ ਗਿਆ ਹੈ। ਉਸ ਬੋਰਡ ਦੇ ਚੇਅਰਮੈਨ ਅਕਾਲੀ ਸਰਕਾਰ ਵੇਲੇ ਦੇ ਐਫ.ਸੀ.ਆਈ. ਦੇ ਡਾਇਰੈਕਟਰ ਹਨ। ਉਸ ਨੂੰ ਉਸ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਉਸ ਬੋਰਡ ਨੂੰ ਕਿਸੇ ਤਰ੍ਹਾਂ ਦੀ ਕੋਈ ਮਾਨਤਾ ਨਹੀਂ । ਉਸ ਬੋਰਡ ਦੇ ਕਰਮਚਾਰੀ ਪਿੰਡਾਂ ਵਿਚ ਹਰੀਜਨ ਭਰਾਵਾਂ ਕੋਲ ਅਤੇ ਗਰੀਬਾਂ ਕੋਲ ਜਾ ਕੇ 5-5 ਰੁਪਏ ਇਕੱਠਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਤੁਹਾਨੂੰ ਅਸੀਂ ਵਿਧਵਾ ਪੈਨਸ਼ਨ ਦਿਵਾਵਾਂਗੇ, ਓਲਡ ਏਜ਼ ਪੈਨਸ਼ਨਾਂ ਦਿਵਾਵਾਂਗੇ। ਇਸ ਲਈ ਤੁਸੀਂ ਫਾਰਮ ਭਰ ਦਿਓ। ਕੀ ਪੰਜਾਬ ਸਰਕਾਰ ਨੇ ਉਸ ਬੋਰਡ ਨੂੰ ਨਲ ਐਂਡ ਵਾਇਡ ਕਰਾਰ ਦੇ ਦਿੱਤਾ ਹੈ; ਜੇਕਰ ਨਹੀਂ ਦਿੱਤਾ ਤਾਂ ਦੇ ਦਿਓ ਤਾਕਿ ਗਰੀਬ ਹਰੀਜਨ ਭਰਾ ਦਾ ਫਾਇਦਾ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਬਲਾਕ ਪੱਧਰ ਤੇ ਜਾਂ ਕੰਸਟੀਚਿਊਐਂਸੀ-ਵਾਈਜ਼ ਕੈਂਪ ਲਗਾਏ ਜਾਣ। ਇਨ੍ਹਾਂ ਕੈਂਪਾਂ ਵਿਚ ਵਿਧਵਾ ਪੈਨਸ਼ਨਾਂ ਅਤੇ ਓਲਡ ਏਜ ਪੈਨਸ਼ਨਾਂ ਦਾ ਫੈਸਲਾ ਮੌਕੇ ਤੇ ਕੈਂਪ ਵਿਚ ਕੀਤਾ ਜਾਵੇ ਅਤੇ ਚਿੱਠੀ ਦੇ ਦਿੱਤੀ ਜਾਵੇ। ਬਾਕੀ ਸਾਰੀ ਕਾਰਵਾਈ ਬੇਸ਼ਕ ਚੰਡੀਗੜ੍ਹ ਜਾਂ ਜ਼ਿਲ੍ਹਾ ਪੱਧਰ ਤੇ ਬਾਅਦ ਵਿਚ ਕਰ ਲਈ ਜਾਵੇ। (ਵਿਘਨ)

Original with;
Punjab Vidhan Sabha
Digitized by;
Panjab Digital Library

Mr. Deputy Speaker : Please try to wind up.

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਮਿਸਾਲ ਦੇਣਾ ਚਾਹੁੰਦਾ ਹਾਂ। ਪਿਛਲੇ ਤਿੰਨ ਸਾਲਾਂ ਵਿਚ ਅਕਾਲੀ ਜਨਤਾ ਸਰਕਾਰ ਨੇ ਕੀ ਕੀਤਾ ? (ਵਿਘਨ) (ਸ਼ੋਰ)

Mr. Deputy Speaker : Please wind up.

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣੋ। ਪਿਛਲੇ ਤਿੰਨ ਸਾਲਾਂ ਵਿਚ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਵਲੋਂ ਓਲਡ ਏਜ ਪੈਨਸ਼ਨਾਂ 8,699 ਸ਼ਡਿਊਲਡ ਕਾਸਟਸ ਨੂੰ ਦਿੱਤੀਆਂ ਗਈਆਂ ਪਰ ਨਾਨ ਸ਼ਡਿਊਲਡ ਕਾਸਟਸ ਨੂੰ 17,404 ਦਿੱਤੀਆਂ ਗਈਆਂ ਸਨ। ਵਿਧਵਾ ਪੈਨਸ਼ਨਾਂ ਸ਼ਡਿਊਲਡ ਕਾਸਟਸ 2,738 ਅਤੇ ਨਾਨ ਸ਼ਡਿਊਲਡ ਕਾਸਟਸ 7,749 ਨੂੰ ਦਿੱਤੀਆਂ ਗਈਆਂ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਲੋਕਾਂ ਨੂੰ ਐਜੂਕੇਟ ਕਰਨ ਦੀ ਲੋੜ ਹੈ। ਸਾਡੇ ਗਰੀਬ ਹਰੀਜਨਾਂ ਨੂੰ ਫਾਰਮੈਲੇਟੀਜ਼ ਦਾ ਪਤਾ ਨਹੀਂ ਹੈ ਅਤੇ ਉਹ ਸਾਰੀਆਂ ਫਾਰਮੈਲੇਟੀਜ਼ ਚੰਡੀਗੜ੍ਹ ਆ ਕੇ ਪੂਰੀਆਂ ਨਹੀਂ ਕਰ ਸਕਦੇ। ਇਸ ਲਈ ਉਨ੍ਹਾਂ ਨੂੰ ਇਹ ਦੱਸਣ ਦੀ ਜ਼ਰੂਰਤ ਹੈ। ਜਿਸ ਤਰ੍ਹਾਂ ਮੈਂ ਦਸਿਆ ਹੈ ਕਿ ਬਲਾਕ ਲੈਵਲ ਤੇ ਕੈਂਪ ਲਗਾਏ ਜਾਣ ਅਤੇ ਉਥੇ ਹੀ ਫਾਰਮ ਵਗੈਰਾ ਭਰਵਾ ਕੇ ਸਾਰੀਆਂ ਫਾਰਮੈਲੇਟੀਜ਼ ਪੂਰੀਆਂ ਕਰਵਾ ਦਈਆਂ ਜਾਣ। ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ ਵਿਚ ਵੀ ਇਹ ਗਲ ਆਈ ਹੈ। ਅਖੀਰ ਵਿਚ ਮੈਂ ਇਹ ਗੱਲ ਕਹਿ ਕੇ ਵਾਈਂਡ ਅੱਪ ਕਰਨਾ ਚਾਹੁੰਦਾ ਹਾਂ ਕਿ ਸਾਡੇ ਹਿੰਦੁਸਤਾਨ ਦੇ ਮਹਾਨ ਨੇਤਾ ਡਾਕਟਰ ਅੰਬੇਦਕਰ, ਇਹ ਇਕੱਲੇ ਹਰੀਜਨਾਂ ਦੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੇ ਨੇਤਾ ਹੋਏ ਹਨ, ਜੋ ਕਿ ਇੱਕ ਬੜੇ ਕਾਨੂੰਨਦਾਨ ਸਨ, ਇਸ ਲਈ ਉਨ੍ਹਾਂ ਦੀ ਚੇਅਰ ਪੰਜਾਬ ਯੂਨੀਵਰਸਿਟੀ ਦੇ ਲਾਅ ਡਿਪਾਰਟਮੈਂਟ ਵਿਚ ਤਾਇਨਾਤ ਕਰਨੀ ਚਾਹੀਦੀ ਹੈ ਤਾਂਕਿ ਉਨ੍ਹਾਂ ਦੇ ਕੰਮਾਂ ਬਾਰੇ ਰਿਸਰਚ ਹੋ ਸਕੇ ਅੱਤੇ ਉਹ ਕੰਮ ਲੋਕਾਂ ਦੇ ਸਾਹਮਣੇ ਲਿਆਂਦੇ ਜਾ ਸਕਣ। ਇਸ ਤਰ੍ਹਾਂ ਕਰਨ ਨਾਲ ਪੰਜਾਬ ਦਾ ਹਰੀਜਨ ਆਪਣਾ ਮਾਨ ਸਮਝੇਗਾ।

ਇੱਕ ਗੱਲ ਮੈਂ ਅਖੀਰ ਵਿਚ ਇਹ ਕਹਿਣੀ ਚਾਹੁੰਦਾ ਹਾਂ ਕਿ ਭਾਈ ਜੈਤਾ ਜਿਹੜੇ ਕਿ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਲਿਆਏ ਅੱਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਤਾਂ ਉਹ ਰੰਗਰੇਟੇ ਗੁਰੂ ਕੇ ਬੇਟੇ ਕਹਾਏ। ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਧਾਰਮਿਕ ਸਥਾਨਾਂ ਦੀ ਅੱਤੇ ਰਿਸ਼ੀਆਂ ਮੁੰਨੀਆਂ ਦੀ ਬਹੁਤ ਇੱਜ਼ਤ ਕਰਦੀ ਸੀ। ਲੇਕਿਨ ਜਿਹੜੇ ਛੋਟੀ ਜ਼ਾਤੀ ਨਾਲ ਸਬੰਧ ਰਖਦੇ ਸਨ ਉਨਾਂ ਲਈ ਉਸ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਭਾਈ ਜੈਤਾ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਆਏ ਸਨ। ਉਨ੍ਹਾਂ ਦੀ ਯਾਦ ਵਿਚ ਕੋਈ ਚੀਜ਼ ਕਾਇਮ ਕਰਨੀ ਚਾਹੀਦੀ ਹੈ ਤਾਂਕਿ ਉਨ੍ਹਾਂ ਦੇ ਨਾਮ ਲੇਵਾ ਨੂੰ ਪਤਾ ਲਗ ਸਕੇ ਕਿ ਸਾਡੇ ਬਜ਼ੁਰਗ ਐਨੇ ਤਕੜੇ ਅੱਤੇ ਮਹਾਨ ਸਨ। ਇਸੇ ਤਰ੍ਹਾਂ ਹੀ ਸੰਗਤ ਸਿੰਘ ਜੀ ਨੇ ਦੇ ਸਿਰ ਤੇ ਗੁਰੂ ਸਾਹਿਬ ਨੇ ਕਲਗੀ ਸਜਾਈ ਸੀ। ਇਸ ਲਈ ਇਨ੍ਹਾਂ ਦੀ ਯਾਦ ਵਿਚ ਵੀ ਕੋਈ ਚੀਜ਼ ਬਣਾਉਣੀ ਚਾਹੀਦੀ ਹੈ। ਇਨ੍ਹਾਂ ਲੋਕਾਂ ਨੇ ਐਨੀਆਂ ਘਾਲਾਂ ਘਾਲੀਆਂ। ਇਨ੍ਹਾਂ ਦੀ ਯਾਦਗਾਰ ਬਣਾਉਣ ਨਾਲ ਲੋਕਾਂ ਵਿਚ ਜ਼ਿਆਦਾ ਤਾਕਤ ਆਉਂਦੀ ਹੈ ਅੱਤੇ ਉਹ ਦੇਸ਼ ਦੀ ਭਲਾਈ ਦੇ ਜ਼ਿਆਦਾ ਕੰਮ ਕਰ ਸਕਦੇ ਹਨ। ਇਸ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਮਸਲੇ ਜਿਸ ਸੁਚੱਜੇ ਢੰਗ ਨਾਲ ਸੁਲਝਾਏ ਗਏ ਹਨ, ਉਸ ਨਾਲ ਸਰਕਾਰ ਦਾ ਮਾਣ ਵਧਿਆ ਹੈ। ਇਨ੍ਹਾਂ ਦੀ ਸਰਕਾਰ ਨੇ ਹਰੀਜਨਾਂ ਨੂੰ ਉੱਚਾ ਉਠਾਉਣ ਵਾਲੇ ਕੰਮ ਕੀਤੇ ਹਨ ਅੱਤੇ ਲੋਕਾਂ ਨੂੰ ਚੰਗੀ ਐਡਮਨਿਸਟਰੇਸ਼ਨ ਦਿੱਤੀ ਹੈ। ਸਾਰੇ ਲੋਕਾਂ ਦੇ ਮਨਾਂ ਵਿਚ ਇੱਕ ਨਵਾਂ ਬਾਬ ਸ਼ੁਰੂ ਹੋਇਆ ਹੈ। ਪੰਜਾਬ

Original with;
Punjab Vidhan Sabha
Digitized by;
Panjab Digital Library

ਅੰਦਰੋਂ ਐਸਾ ਐਲੀਮੈਂਟ ਪਕੜਿਆ ਹੈ ਜਿਹੜਾ ਸਾਡੇ ਗਰੀਬ ਹਰੀਜਨਾਂ ਨੂੰ ਅਤੇ ਹੋਰ ਭਰਾਵਾਂ ਨੂੰ ਭੰਗ ਕਰਦਾ ਸੀ। ਉਨ੍ਹਾਂ ਨੂੰ ਪਕੜ ਕੇ ਪੰਜਾਬ ਨੂੰ ਸਾਫ ਸੁਥਰੀ ਐਡਮਨਿਸਟਰੇਸ਼ਨ ਦਿੱਤੀ ਹੈ। ਸਰਦਾਰ ਦਰਬਾਰਾ ਸਿੰਘ ਜੀ ਇਸ ਪੱਖੋਂ ਹਰੀਜਨ ਵਰਗ ਵਲੋਂ ਵਧਾਈ ਦੇ ਪਾਤਰ ਹਨ। ਇਨ੍ਹਾਂ ਨੇ ਪੰਜਾਬ ਦੇ ਹਰੀਜਨਾਂ ਨੂੰ ਰਾਹਤ ਦਿੱਤੀ ਹੈ ਅੱਤੇ ਪ੍ਰੋਟੈਕਸ਼ਨ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਇਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ ਪੰਜਾਬ ਹੋਰ ਤਰੱਕੀ ਕਰੇਗਾ।

ਸਰਦਾਰਨੀ ਸਤਵੰਤ ਕੌਰ ਸੰਧੂ (ਚਮਕੌਰ ਸਾਹਿਬ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਹ ਰਿਪੋਰਟ ਤੇ ਬਹਿਸ ਅਖੀਰਲੇ ਦਿਨ ਹੋਣ ਦਾ ਮਤਲਬ ਮੈਂ ਤਾਂ ਇਹ ਸਮਝਦੀ ਹਾਂ ਕਿ ਜਿਸ ਤਰ੍ਹਾਂ ਕਿਸੇ ਸਬਜੈਕਟ ਨੂੰ ਬਹੁਤ ਅਹਮੀਅਤ ਨਹੀਂ ਦਿੱਤੀ ਜਾਂਦੀ ਤਾਂ ਉਸ ਸਬਜੈਕਟ ਦਾ ਟਾਈਮ ਅਖੀਰਲਾ ਰਖਿਆ ਜਾਂਦਾ ਹੈ। ਵਿਦਿਆਰਥੀ ਆਪਣੀ ਥਾਂ ਤੇ ਅੱਤੇ ਅਧਿਆਪਕ ਆਪਣੀ ਥਾਂ ਤੇ ਥੱਕੇ ਹੁੰਦੇ ਹਨ। ਕਮਿਸ਼ਨਰ ਫਾਰ ਸ਼ਡਿਊਲਡ ਕਾਸਟ ਅੱਤੇ ਸ਼ਡਿਊਲਡ ਟ੍ਰਾਈਬਜ਼ ਦੀ ਰਿਪੋਰਟ ਤੇ ਅੱਜ ਡਿਸਕਸ਼ਨ ਦਾ ਦੇਣਾ ਇਹ ਜ਼ਾਹਿਰ ਕਰਦਾ ਹੈ ਕਿ ਇਸ ਰਿਪੋਰਟ ਦੀ ਸਰਕਾਰ ਨੂੰ ਐਨੀ ਅਹਿਮੀਅਤ ਨਹੀਂ ਹੈ। ਮੈਂ ਤਾਂ ਤੁਹਾਡੇ ਰਾਹੀਂ ਬੇਨਤੀ ਕਰਾਂਗੀ ਕਿ ਬੜੀ ਦੇਰ ਤੋਂ ਸਾਡਾ ਦੇਸ਼ ਆਜ਼ਾਦ ਹੋਇਆ ਅੱਤੇ ਹਰੀਜਨ ਵਰਗ ਹਰ ਵੇਲੇ ਕੁਰਬਾਨੀਆਂ ਕਰਦਾ ਰਿਹਾ ਹੈ। ਭਾਈ ਜੈਤਾ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆ ਕੇ ਦਿੱਤਾ। ਇਸੇ ਤਰ੍ਹਾਂ ਰੀ ਸੰਗਤ ਸਿੰਘ ਜੀ ਦੇ ਸਿਰ ਤੇ ਕਲਗੀ ਸਜਾਈ ਗਈ। ਆਜ਼ਾਦੀ ਤੋਂ ਬਾਅਦ ਪਹਿਲੀ ਕਾਂਗਰਸ ਸਰਕਾਰ ਬਣੀ ਸੀ। ਅਗਰ ਉਹ ਸਹੀ ਮਹਿਨਿਆਂ ਵਿਚ ਇਨ੍ਹਾਂ ਵਾਸਤੇ ਕੰਮ ਕਰਦੀ, ਇਨ੍ਹਾਂ ਨੂੰ ਸਹੂਲਤਾਂ ਦਿੰਦੀ ਤਾਂ ਅੱਜ ਹਰੀਜਨਾਂ ਵਾਸਤੇ ਸਹੂਲਤਾਂ ਰਖਣ ਦੀ ਲੋੜ ਨਹੀਂ ਪੈਣੀ ਸੀ। ਉਹ ਆਪਣੇ ਆਪ ਹੱਕ ਮੰਨਵਾ ਸਕਦੇ ਸਨ। ਪਰ ਇਨ੍ਹਾਂ ਨੇ ਹਰੀਜਨਾਂ ਨੂੰ ਲਾਰਿਆਂ ਵਿਚ ਰਖਿਆ ਅੱਤੇ ਇਹ ਵਰਗ ਗਰੀਬ ਤੋਂ ਗਰੀਬ ਹੁੰਦਾ ਗਿਆ। ਇਨ੍ਹਾਂ ਲੋਕਾਂ ਨੇ ਵੋਟਾਂ ਵੇਲੇ ਹਰੀਜਨਾ ਤੋਂ ਵੋਟਾਂ ਮੰਗੀਆਂ ਅੱਤੇ ਉਸ ਤੋਂ ਬਾਅਦ ਕਦੇ ਇਨ੍ਹਾਂ ਦੀ ਗਲ ਨਹੀਂ ਪੁਛੀ। ਮੈਂ ਤਾਂ ਕਹਾਂਗੀ ਕਿ ਅਕਾਲੀ ਸਰਕਾਰ ਨੇ (ਵਿਘਨ) ਸਿੰਗਲਾ ਜੀ ਉਠਣ ਲਗੇ ਹਨ (ਵਿਘਨ)

ਸ਼੍ਰੀ ਸੰਤ ਰਾਮ ਸਿੰਗਲਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰਨੀ ਸਤਵੰਤ ਕੌਰ ਸੰਧੂ : ਅਸਲੀਅਤ ਉਸ ਵੇਲੇ ਸਾਹਮਣੇ ਆਈ ਜਿਸ ਵੇਲੇ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਆਪਣੀ ਇਲੈਕਸ਼ਨ ਐਜ਼ ਡਿਪਟੀ ਸਪੀਕਰ ਹੋਈ। ਤੁਹਾਨੂੰ ਵਧਾਈ ਦੇਣ ਵਾਲੇ ਲੋਕਾਂ ਨੇ ਵਧਾਈ ਦਿੰਦੇ ਹੋਏ ਇਹ ਕਿਹਾ ਸੀ ਕਿ ਤੁਹਾਨੂੰ ਡਿਪਟੀ ਸਪੀਕਰ ਬਣਾਇਆ ਹੈ ਕਿਉਂਕਿ ਤੁਸੀਂ ਹਰੀਜਨ ਘਰਾਣੇ ਨਾਲ ਤੁਅੱਲਕ ਰਖਦੇ ਹੋ। ਡਿਪਟੀ ਸਪੀਕਰ ਸਾਹਿਬ, ਇਹ ਜ਼ਰੂਰੀ ਨਹੀਂ ਕਿ ਵਧਾਈ ਵਿਚ ਹਰੀਜਨਾ ਦੇ ਹੋਣ ਬਾਰੇ ਬਾਰ ਬਾਰ ਜ਼ਿਕਰ ਕੀਤਾ ਜਾਵੇ। ਇਹ ਜ਼ਿਕਰ ਕਰਨਾ ਹੀ ਜ਼ਾਹਿਰ ਕਰਦਾ ਹੈ ਕਿ ਹਰੀਜਨ ਲੋਕ ਕਾਬਲ ਨਹੀਂ ਹਨ, ਲਾਇਕ ਨਹੀਂ ਹਨ ਅੱਤੇ ਕੁਰਸੀ ਸਿਰਫ ਇਸ ਕਰਕੇ ਤੁਹਾਨੂੰ ਦਿੱਤੀ ਗਈ ਕਿਉਂਕਿ ਤੁਸੀਂ ਹਰੀਜਨ ਪਰਵਾਰ ਨਾਲ ਤੁਅਲਕ ਰਖਦੇ ਸੀ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਇਹ ਚੇਅਰ ਤੇ ਐਸਪਰਸ਼ਨ ਹੈ। ਮੈਂ ਸਿਰਫ ਐਨੀ ਅਰਜ਼ ਕਥਨੀ ਚਾਹੁੰਦਾ ਹਾਂ ਕਿ ਤੁਹਾਡੀ ਕਾਬਲੀਅਤ, ਐਕੇਡੇਮਿਕ ਕੁਆਲੀਫੀਕੇਸ਼ਨਜ਼ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੁੱਖ ਰੱਖਕੇ ਤੁਹਾਡੀ ਇਥੇ ਚੋਣ ਕੀਤੀ ਹੈ। (ਥੰਪਿੰਗ)

ਸਰਦਾਰਨੀ ਸਤਵੰਤ ਕੌਰ ਸੰਧੂ : ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਜਿੰਨੇ ਵੀ ਮੈਂਬਰ ਸਾਹਿਬਾਨ ਬੋਲੇ ਸਨ ਜਾਂ ਸੀ.ਐਮ. ਸਾਹਿਬ ਬੋਲੇ ਸਨ ਉਨ੍ਹਾਂ ਨੇ ਇਹ ਕਿਹਾ ਸੀ ਕਿ ਤੁਸੀਂ ਹਰੀਜਨ ਪਰਿਵਾਰ ਨਾਲ ਤੁਅੱਲਕ ਰਖਦੇ ਹੋ। ਚੌਧਰੀ ਜਗਜੀਤ ਸਿੰਘ ਬੋਲੇ ਸਨ। ਉਨ੍ਹਾਂ ਨੇ ਇਸ ਬਾਰੇ ਜ਼ਿਕਰ ਨਹੀਂ ਕੀਤਾ। ਜਿਨ੍ਹਾਂ ਦਾ ਸਬੰਧ ਹਰੀਜਨਾਂ ਨਾਲ ਨਹੀਂ ਉਹ ਤਾਂ ਸਿਰਫ ਵੋਟਾਂ ਲੈਣ ਵੇਲੇ ਹੀ ਇਨ੍ਹਾਂ ਕੋਲ ਆਉਂਦੇ ਹਨ ਅੱਜ ਬਾਅਦ ਵਿਚ ਇਨ੍ਹਾਂ ਦੀਆਂ ਤਕਲੀਫਾਂ ਅੱਜ ਤਕ ਕਦੇ ਨਹੀਂ ਸੁਣੀਆਂ ਗਈਆਂ। ਹਰੀਜਨਾਂ ਨੂੰ ਨੰਬਰ ਦੋ ਦਾ ਸ਼ਹਿਰੀ ਸਮਝਿਆ ਜਾਂਦਾ ਹੈ। ਉਹ ਇਸ ਕਰਕੇ ਕਿ ਐਜੂਕੇਸ਼ਨ ਵਿਚ ਬਚਪਨ ਤੋਂ ਹੀ ਐਡਾ ਵੱਡਾ ਪਾੜਾ ਪਾ ਦਿੱਤਾ ਜਾਂਦਾ ਹੈ। ਉਹ ਪਾੜਾ ਬਹੁਤ ਦੇਰ ਤਕ ਚਲੀ ਜਾਂਦਾ ਹੈ। ਹਰੀਜਨ ਨੌਜਵਾਨ ਵੱਡੇ ਹੋ ਕੇ ਇਹ ਬਰਦਾਸ਼ਤ ਨਹੀਂ ਕਰ ਸਕਦੇ। ਮੈਂ ਬੇਨਤੀ ਕਰਾਂਗੀ ਕਿ ਐਜੂਕੇਸ਼ਨ ਦਾ ਪੱਧਰ ਅਮੀਰ ਅੌਰ ਗਰੀਬ ਵਾਸਤੇ ਇੱਕੋ ਜਿਹਾ ਹੋਣਾ ਚਾਹੀਦਾ ਹੈ। ਮੌਡਲ ਸਕੂਲਾਂ ਵਿਚ ਜੋ ਗੈਰ ਹਰੀਜਨ ਬੱਚਿਆਂ ਨੂੰ ਪੜ੍ਹਨ ਵਾਸਤੇ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਉਹੀ ਸਹੂਲਤਾਂ ਹਰੀਜਨਾਂ ਨੂੰ ਵੀ ਦੇਣੀਆਂ ਚਾਹੀਦੀਆਂ ਹਨ ਤਾਂਕਿ ਉਹ ਵਿਚਾਰੇ ਵੀ ਮੌਡਲ ਸਕੂਲਾਂ ਵਿਚ ਪੜ੍ਹ ਸਕਣ ਅੌਰ ਅੱਛੀ ਵਿਦਿਆ ਪ੍ਰਾਪਤ ਕਰ ਸਕਣ। ਜਿਸ ਵੇਲੇ ਹਰੀਜਨਾਂ ਦੇ ਮਸਲੇ ਤੇ ਡਿਸਕਸ਼ਨ ਹੁੰਦੀ ਹੈ ਤਾਂ ਸਵਰਨ ਜਾਤੀਆਂ ਦੇ ਕਰਮਚਾਰੀ ਜਾਂ ਅਫ਼ਸਰ ਲੋਕਾਂ ਨੂੰ ਗੁੰਮਰਾਹ ਕਰਦੇ ਹਨ ਕਿਉਂਕਿ ਇਨ੍ਹਾਂ ਦੇ ਮਤ ਭੇਦ ਆ ਜਾਂਦੇ ਹਨ। ਮੇਰੇ ਗੈਰ ਹਰੀਜਨ ਵੀਰ ਇਹ ਸਮਝਦੇ ਹਨ ਕਿ ਸਾਡੇ ਹੱਕਾਂ ਤੇ ਛਾਪੇ ਮਾਰਨਗੇ ਜਾਂ ਸਾਨੂੰ ਘਰੀਂ ਭੇਜ ਦੇਣਗੇ। ਬਹੁਤ ਵੱਡੀ ਜੱਦੋ ਜਹਿਦ ਹੁੰਦੀ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਕਰਮਚਾਰੀਆਂ ਵਾਸਤੇ ਵੀ ਇੰਸਟਰੱਕਸ਼ਨਜ਼ ਹਨ। ਮੌਕੇ ਦੇ ਮੁਤਾਬਿਕ ਹਰ ਇਕ ਕਰਮਚਾਰੀ ਅਪੀਲ ਕਰਦਾ ਹੈ ਅਤੇ ਉਸ ਅਪੀਲ ਨੂੰ ਸੋਸ਼ਲ ਵੈਲਫੇਅਰ ਦਾ ਮਹਿਕਮਾ ਤਫਤੀਸ਼ ਕਰਕੇ ਸਬੰਧਤ ਮਨਿਸਟਰ ਨੂੰ ਜਾਂ ਮਹਿਕਮੇ ਨੂੰ ਭੇਜ ਦਿੰਦਾ ਹੈ। ਪਰ ਉਹ ਲਾਗੂ ਨਹੀਂ ਹੁੰਦੀ। ਮੈਂ ਸਮਝਦੀ ਹਾਂ ਕਿ ਇਸ ਮਹਿਕਮੇ ਨੂੰ ਸਭ ਤੋਂ ਘਟੀਆ ਮਹਿਕਮਾ ਸਮਝਿਆ ਗਿਆ ਹੈ। ਇਸ ਉਤੇ ਸ਼ਰਕਾਰੀ ਮਸ਼ੀਨਰੀ-ਗੌਰ ਕਰਨ ਵਾਸਤੇ ਤਿਆਰ ਨਹੀਂ ਹੁੰਦੀ। ਸੋਸ਼ਲ ਵੈਲਫੇਅਰ ਦੇ ਬਹੁਤ ਸਾਰੇ ਡਿਸੀਜ਼ਨ ਲਾਗੂ ਨਹੀਂ ਹੁੰਦੇ। ਉਨ੍ਹਾਂ ਨੂੰ ਲਾਗੂ ਕਰਨ ਵਾਸਤੇ ਸਰਕਾਰ ਦੀਆਂ ਇੰਸਟਰੱਕਸ਼ਨਜ਼ ਹਨ। ਉਨ੍ਹਾਂ ਇੰਸਟਰੱਕਸ਼ਨਜ਼ ਨੂੰ ਅਗਰ ਐਕਟ ਦੀ ਸ਼ਕਲ ਦੇ ਦਿੱਤੀ ਜਾਵੇ ਤਾਂ ਬਹੁਤ ਅੱਛੀ ਗੱਲ ਹੋਵੇਗੀ। ਸਾਡੀ ਸਰਕਾਰ ਅਗਰ 5 ਸਾਲ ਪੂਰੇ ਰਾਜ ਕਰ ਜਾਂਦੀ ਤਾਂ ਹੋ ਸਕਦਾ ਸੀ ਅਸੀਂ ਐਕਟ ਬਣਾ ਦਿੰਦੇ ਪਰ ਇਨ੍ਹਾਂ ਨੇ ਸਾਨੂੰ 5 ਸਾਲ ਰਾਜ ਨਹੀਂ ਕਰਨ ਦਿੱਤਾ ਅੌਰ ਵਿਚਕਾਰ ਹੀ ਸਾਡੀ ਸਰਕਾਰ ਤੋੜ ਦਿੱਤੀ। (ਵਿਘਨ) ਮੈਂ ਬੇਨਤੀ ਕਰਾਂਗੀ ਕਿ ਇਸ ਤਰ੍ਹਾਂ ਮੇਰੀ ਸਪੀਚ ਵਿਚ ਵਿਘਨ ਨਾ ਪਾਇਆ ਜਾਵੇ ਅਤੇ ਮੇਰੀਆਂ ਗੱਲਾਂ ਧਿਆਨ ਨਾਲ ਸੁਣ ਲਈਆਂ ਜਾਣ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਅਤੇ ਸੋਸ਼ਲ ਵੈਲਫੇਅਰ ਮਨਿਸਟਰ ਸਾਹਿਬ ਨੂੰ ਕਹਾਂਗੀ ਕਿ ਅਗਰ ਇਸ ਨੂੰ ਐਕਟ ਦਾ ਰੂਪ ਦਿੱਤਾ ਜਾਵੇ ਤਾਂ ਹੇਠਲੇ ਕਰਮਚਾਰੀਆਂ ਦੇ ਹੱਕ ਉਨ੍ਹਾਂ ਨੂੰ ਮਿਲਣਗੇ ਅਤੇ ਸਾਰਾ ਫੇਰ ਵਿਰੋਧ ਖਤਮ ਹੋ ਜਾਵੇਗਾ। ਇਸ ਤਰ੍ਹਾਂ ਕਰਮਚਾਰੀ ਹਾਈ ਕੌਰਟ ਤੋਂ ਆਪਣਾ ਫੈਸਲਾ ਲੈ ਸਕਣਗੇ। ਇਥੇ ਮੈਂ ਦੱਸਣਾ ਚਾਹੁੰਦੀ ਹਾਂ ਕਿ ਪਿੰਡਾਂ ਵਿਚ ਹਰੀਜਨ ਵੀਰਾਂ ਦੀ ਬੜੀ ਕਮਜ਼ੋਰ ਹਾਲਤ ਹੈ। ਮੇਰੇ ਹਲਕੇ ਵਿਚ ਇਕ ਹਰੀਜਨ ਵੀਰਾਂ ਦਾ ਪਿੰਡ ਸ਼ਹਾਬਪੁਰ ਹੈ। ਉਥੇ ਦੀ ਇਕ ਬੀਬੀ ਨੇ ਦੱਸਿਆ ਕਿ ਸਾਡੇ ਪਿੰਡ ਦੇ ਲੋਕਾਂ ਦੀ ਹਾਲਤ ਬਹੁਤ ਕਮਜ਼ੋਰ ਹੈ। ਉਸ ਨੇ ਦੱਸਿਆ ਕਿ ਐਨੀ ਗਰੀਬੀ ਦੀ ਹਾਲਤ ਹੈ ਕਿ ਉਹ ਚਮਕੌਰ ਸਾਹਿਬ ਵੀ ਨਹੀਂ ਜਾ ਸਕੇ।

Original with;
Punjab Vidhan Sabha
Digitized by;
Panjab Digital Library

ਸਰਕਾਰ ਵਲੋਂ ਜੋ ਉਨ੍ਹਾਂ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਗਈਆਂ ਹਨ ਉਹ ਸਹੀ ਮਹਿਨਿਆਂ ਵਿਚ ਨਹੀਂ ਦਿੱਤੀਆਂ ਗਈਆਂ। ਮਕਾਨਾਂ ਵਾਸਤੇ ਇਹ ਕਹਿੰਦੇ ਹਨ ਕਿ 2 ਹਜ਼ਾਰ ਦੀ ਗਰਾਂਟ ਦੇਣੀ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ 2 ਹਜ਼ਾਰ ਨਾਲ ਮਕਾਨ ਨਹੀਂ ਬਣਦਾ। ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਇਹ ਹੈ ਕਿ ਉਨ੍ਹਾਂ ਨੂੰ ਐਜੂਕੇਸ਼ਨ ਦਿਓ ਤਾਕਿ ਉਹ ਐਜੂਕੇਸ਼ਨ ਪ੍ਰਾਪਤ ਕਰਕੇ ਆਪਣੀ ਰੋਜ਼ੀ ਕਮਾ ਸਕਣ। ਸਰਕਾਰ ਦਾ ਫ਼ਰਜ਼ ਹੈ ਕਿ ਉਨ੍ਹਾਂ ਨੂੰ ਰੋਜ਼ੀ ਦਿਵਾਏ। ਹਰੀਜਨਾਂ ਨਾਲ ਅੱਜ ਤੱਕ ਮਖੌਲ ਹੁੰਦਾ ਰਿਹਾ ਹੈ। ਅਗਰ ਉਨ੍ਹਾਂ ਨਾਲ ਸਹੀ ਮਾਹਨਿਆਂ ਵਿਚ ਹਮਦਰਦੀ ਕੀਤੀ ਹੈ ਤਾਂ ਉਹ ਅਕਾਲੀ ਸਰਕਾਰ ਨੇ ਕੀਤੀ ਹੈ। ਅਕਾਲੀ ਸਰਕਾਰ ਨੇ ਉਨ੍ਹਾਂ ਲਈ ਧਰਮਸ਼ਾਲਾਂ ਬਣਾਈਆਂ ਉਨ੍ਹਾਂ ਲਈ ਕਾਰਪੋਰੇਸ਼ਨ ਵੀ ਅਕਾਲੀ ਸਰਕਾਰ ਨੇ ਬਣਾਈ ਸੀ। (ਵਿਘਨ) ਅਗਰ ਇਹ ਗਲਤ ਗੱਲ ਹੋਵੇ ਤਾਂ, ਡਿਪਟੀ ਸਪੀਕਰ ਸਾਹਿਬ, ਤੁਸੀਂ ਪਰੋਸੀਡਿੰਗਜ਼ ਕਢਵਾ ਕੇ ਦੇਖ ਲਵੋ।

ਡਿਪਟੀ ਸਪੀਕਰ ਸਾਹਿਬ, ਸਮਾਜ ਵਿਚ 50% ਔਰਤਾਂ ਹਨ। ਅਗਰ ਔਰਤਾਂ ਦੀ ਸਮਾਜ ਵਿਚ ਸੁਣਵਾਈ ਨਾ ਹੋਵੇ ਤਾਂ ਮੇਰਾ ਖਿਆਲ ਹੈ ਕਿ ਸਹੀ ਮਹਿਨਿਆਂ ਵਿਚ ਦੇਸ਼ ਨੂੰ ਆਜ਼ਾਦ ਨਹੀਂ ਕਿਹਾ ਜਾ ਸਕਦਾ ਅਤੇ ਦੇਸ਼ ਦੀ ਉੱਨਤੀ ਵਿਚ ਵੀ ਵਿਘਨ ਪੈਂਦਾ ਹੈ। ਡਿਪਟੀ ਸਪੀਕਰ ਸਾਹਿਬ, ਸਾਨੂੰ ਸਰਕਾਰ ਚਲਾਉਣ ਦਾ ਪੂਰਾ ਸਮਾਂ ਨਹੀਂ ਮਿਲਿਆ। ਪਰ ਫਿਰ ਵੀ ਅਸੀਂ ਆਪਣੇ ਦੋ ਢਾਈ ਸਾਲ ਦੇ ਸਮੇਂ ਵਿਚ ਔਰਤਾਂ ਅਤੇ ਬੱਚਿਆਂ ਸਬੰਧੀ ਕਾਰਪੋਰੇਸ਼ਨ ਬਣਾਈ ਸੀ। ਉਸ ਕਾਰਪੋਰੇਸ਼ਨ ਨੇ ਵੀ ਗਰੀਬ ਵਰਗ ਦੀ ਦੇਖ ਭਾਲ ਕਰਨੀ ਸੀ ਅਤੇ ਅਬਲਾ ਔਰਤਾਂ ਵਾਸਤੇ ਬਿਨਾਂ ਵਿਆਜ ਦੇ ਕਰਜ਼ੇ ਦੇਣੇ ਸੀ। ਇਸ ਤਰ੍ਹਾਂ ਉਨ੍ਹਾਂ ਦੀਆਂ ਤਕਲੀਫਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਦੀ ਦੇਖ ਭਾਲ ਲਈ ਅਸੀਂ ਇਹ ਇਕ ਪ੍ਰੋਗਰਾਮ ਉਲੀਕਿਆ ਸੀ ਪਰ ਉਸ ਦਾ ਇਸ ਬੱਜਟ ਵਿਚ ਕਿੱਤੇ ਜ਼ਿਕਰ ਨਹੀਂ ਆਇਆ। ਸੋਸ਼ਲ ਵੈਲਫੇਅਰ ਮਨਿਸਟਰ ਚੌਧਰੀ ਸ਼ਗਤ ਰਾਮ ਜੀ ਬੈਠੇ ਹਨ। ਉਹ ਭੈਣਾਂ ਦਾ ਬਹੁਤ ਧਿਆਨ ਰੱਖਦੇ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗੀ ਕਿ ਇਸ ਕਾਰਪੋਰੇਸ਼ਨ ਦਾ ਇਸ ਬਜਟ ਵਿਚ ਕੋਈ ਜ਼ਿਕਰ ਨਹੀਂ ਆਇਆ। ਇਸ ਵਾਸਤੇ ਪੈਸਾ ਨਹੀਂ ਰੱਖਿਆ ਗਿਆ। ਉਹ ਇਸ ਪਾਸੇ ਧਿਆਨ ਦੇਣ ਅਤੇ ਸਾਡੀਆਂ ਭੈਣਾਂ ਦੇ ਦੁੱਖ ਤਕਲੀਫ ਦੂਰ ਕਰਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਇਹ ਬੇਨਤੀ ਕਰਾਂਗੀ ਕਿ ਇਹ ਜਿਹੜਾ ਪਾੜਾ ਹੈ ਇਸ ਨੂੰ ਮਿਟਾਉਣ ਦਾ ਹੱਲ ਇਹ ਹੈ ਕਿ ਸਰਕਾਰ ਐਕਟ ਬਣਾਵੇ ਅਤੇ ਸਾਰਿਆਂ ਨੂੰ ਐਜੂਕੇਸ਼ਨ ਇਕੋ ਪੱਧਰ ਤੇ ਦਿੱਤੀ ਜਾਵੇ। ਹਰੀਜਨਾਂ ਨੂੰ ਦੋ ਨੰਬਰ ਦਾ ਸ਼ਹਿਰੀ ਨਾ ਸਮਝਿਆ ਜਾਵੇ। ਐਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ।

ਸ਼੍ਰੀ ਡਿਪਟੀ ਸਪੀਕਰ : ਧੰਨੋਵਾਲੀਆ ਜੀ, ਤੁਸੀਂ ਜਲਦੀ ਵਾਈਂਡ-ਅੱਪ ਕਰ ਦੇਣਾ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, 1971 ਦੀ ਮਰਦਮਸ਼ੁਮਾਰੀ ਦੇ ਮੁਤਾਬਿਕ ਪੰਜਾਬ ਦੀ ਆਬਾਦੀ 1 ਕਰੋੜ 35 ਲੱਖ 51 ਹਜ਼ਾਰ ਦੇ ਕਰੀਬ ਸੀ, ਜਿਨ੍ਹਾ ਵਿਚੋਂ 25% ਸ਼ਡਿਊਲਡ ਕਾਸਟਸ ਸਨ। ਅੱਜ ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ ਤੇ ਬਹਿਸ ਹੋ ਰਹੀ ਹੈ। ਇਸ ਰਿਪੋਰਟ ਵਿਚ ਤੁਸੀਂ ਦੇਖੋਗੇ ਕਿ ਕਮਿਸ਼ਨਰ ਨੇ ਤਕਰੀਬਨ 155 ਆਪਣੀਆਂ ਰਿਕੁਮੈਂਡੇਸ਼ਨਜ਼ ਦਿੱਤੀਆਂ ਹਨ ਜਿਨ੍ਹਾਂ ਵਿਚ ਇਨ੍ਹਾਂ ਲੋਕਾਂ ਦੀ ਤਰੱਕੀ ਕਰਨ ਲਈ ਉਹ ਸਾਰੇ ਸੁਝਾਓ ਦਿੱਤੇ ਹਨ ਜਿਨ੍ਹਾ ਨਾਲ ਸਮਾਜ ਦਾ ਇਹ ਜਿਹੜਾ ਇਕ ਕਮਜ਼ੋਰ ਅੰਗ ਹੈ ਉਸ ਨੂੰ ਰਿਆਇਤਾਂ ਦੇ ਕੇ, ਉਸ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਲਈ ਸਹੂਲਤਾਂ ਦੇ ਕੇ ਸਮਾਜ ਬਰਾਬਰ ਖੜਾ ਕਰ ਦਿੱਤਾ ਜਾਵੇ। ਇਹ ਜੋ ਸਮਾਜ ਦੀ 25% ਕਮਜ਼ੋਰ ਆਬਾਦੀ ਹੈ ਇਹ ਮੁਲਕ ਦੀ ਤਰੱਕੀ ਨਾ ਕਰਨ ਵਿਚ ਵੀ ਕਾਫੀ ਵੱਡੀ ਰੁਕਾਵਟ ਹੈ। ਜਿਸ ਤਰ੍ਹਾਂ ਇਕ ਇਨਸਾਨ ਦਾ ਕੋਈ ਅੰਗ, ਲੱਤ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਤਾਂ ਬਾਂਹ ਜਾਂ ਕੋਈ ਹੋਰ ਅੰਗ ਕਮਜ਼ੋਰ ਹੋਵੇ ਤਾਂ ਉਹ ਆਪਣੀ ਜ਼ਿੰਦਗੀ ਵਿਚ ਐਨੀ ਤੇਜ਼ੀ ਨਾਲ ਤਰੱਕੀ ਨਹੀਂ ਕਰ ਸਕਦਾ ਜਿੰਨੀ ਤੇਜ਼ੀ ਨਾਲ ਇਕ ਤੰਦਰੁਸਤ ਆਦਮੀ ਤਰੱਕੀ ਕਰ ਸਕਦਾ ਹੈ। ਇਸੇ ਤਰ੍ਹਾਂ ਹੀ ਸਾਡਾ ਸਮਾਜ ਤਦ ਤਰੱਕੀ ਕਰੇਗਾ ਜੇ ਇਹ 25% ਲੋਕ ਪੰਜਾਬ ਦੇ, ਇਕੱਲੇ ਪੰਜਾਬ ਦੇ ਨਹੀਂ ਸਗੋਂ ਸਾਰੇ ਹਿੰਦੁਸਤਾਨ ਦੇ, ਬਾਕੀ ਸਮਾਜ ਦੇ ਬਰਾਬਰ ਹੋਣਗੇ। ਡਿਪਟੀ ਸਪੀਕਰ ਸਾਹਿਬ, ਤੁਸੀਂ ਕਿਉਂਕਿ ਮੈਨੂੰ ਪਹਿਲਾਂ ਹੀ ਕਿਹਾ ਸੀ ਕਿ ਮੈਂ ਜਲਦੀ ਵਾਈਂਡ ਅੱਪ ਕਰ ਦੇਵਾਂ, ਇਸ ਲਈ ਮੈਂ ਇਸ ਰਿਪੋਰਟ ਵਿਚ ਜਿਹੜੀਆਂ 2--4 ਰਿਕੁਮੈਂਡੇਸ਼ਨਜ਼ ਹਨ ਉਨ੍ਹਾਂ ਬਾਰੇ ਬੋਲਾਂਗਾ। ਸਭ ਤੋਂ ਪਹਿਲੀ ਰਿਕੁਮੈਂਡੇਸ਼ਨ ਜੋ ਕਮਿਸ਼ਨਰ ਨੇ ਕੀਤੀ ਹੈ ਉਹ ਹੈ ਅਨਟੱਚੇਬਿਲਿਟੀ ਓਫੈਂਸ ਐਕਟ, 1951 ਦੇ ਬਾਰੇ। ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਪੰਜਾਬ ਵਿਚ ਛੂਆ-ਛਾਤ ਬਹੁਤ ਘੱਟ ਹੈ ਕਿਉਂਕਿ ਪੰਜਾਬ ਦੀ ਧਰਤੀ ਗੁਰੂਆਂ ਦੀ ਹੋਰ ਮਹਾਪੁਰਖਾਂ ਦੀ ਧਰਤੀ ਰਹੀ ਹੈ। ਉਨ੍ਹਾਂ ਵੱਲੋਂ ਇਸ ਧਰਤੀ ਤੇ ਛੂਆ-ਛਾਤ ਜਿਹੀ ਲਾਹਨਤ ਦੇ ਖਿਲਾਫ ਕਾਫੀ ਪ੍ਰਚਾਰ ਹੁੰਦਾ ਰਿਹਾ ਹੈ। ਸਿਰਫ ਨਾ ਮਾਤਰ ਜਿਹੀ ਕਿਤੇ ਕੁਝ ਹੋ ਸਕਦੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਹਕੀਕਤ ਹੈ ਕਿ ਇਹ ਛੂਆ ਛਾਤ ਜ਼ਾਹਿਰਾ ਤੌਰ ਤੇ ਨਹੀਂ ਹੈ ਲੇਕਿਨ ਇਹ ਦਿਲਾਂ ਵਿਚ ਹਾਲਾਂ ਵੀ ਕਾਇਮ ਹੈ। ਮੈਂ ਤੁਹਾਨੂੰ ਮਿਸਾਲ ਦੇ ਕੇ ਦੱਸਾਂਗਾ ਕਿ ਇਹ ਦਿਲਾਂ ਵਿਚ ਹਾਲਾਂ ਵੀ ਕਾਇਮ ਹੈ। ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਸਾਡੇ ਸਾਹਮਣੇ ਬੈਠੇ ਸਾਥੀ ਹਨ ਇਨ੍ਹਾਂ ਦੇ ਪਿਛਲੇ 3 ਸਾਲਾਂ ਦੇ ਸਮੇਂ ਵਿਚ ਜ਼ਾਤ-ਪਾਤ ਦਾ, ਸ਼ਡਿਊਲਡ ਕਾਸਟਸ ਅਤੇ ਨਾਨ-ਸ਼ਡਿਊਲਡ ਕਾਸਟਸ ਦਾ ਬੜਾ ਪਰਚਾਰ ਹੋਇਆ। ਡਿਪਟੀ ਸਪੀਕਰ ਸਾਹਿਬ, ਜਦੋਂ ਅਸੀਂ ਇਥੇ ਸਕੱਤਰੇਤ ਵਿਖੇ ਆਉਂਦੇ ਹੁੰਦੇ ਸੀ ਤਾਂ ਦੇਖਦੇ ਹੁੰਦੇ ਸੀ ਕਿ ਸੈਕਟਰੀਏਟ ਦੇ ਸਾਹਮਣੇ ਲੰਚ ਦੇ ਟਾਈਮ ਕਿਸ ਤਰ੍ਹਾਂ ਰਿਜ਼ਰਵੇਸ਼ਨ ਦੇ ਖਿਲਾਫ ਮੁਜ਼ਾਹਰੇ ਹੁੰਦੇ ਸਨ। ਜੇ 17 ਸੈਕਟਰ ਵਿਚ ਜਾਂਦੇ ਸੀ ਤਾਂ ਉਥੇ ਵੀ ਜਲੂਸ ਨਿਕਲਦੇ ਸਨ। (ਵਿਘਨ) ਇਸ ਤਰ੍ਹਾਂ ਦੀ ਗੱਲ ਹਾਲਾਂ ਇਨ੍ਹਾਂ ਦੇ ਮਨਾਂ ਵਿਚ ਕਾਇਮ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਛੂਆ ਛਾਤ ਸਾਡੇ ਇਲਾਕੇ ਦੁਆਬੇ ਵਿਚ ਤਾਂ ਨਹੀਂ। ਮਾਝੇ ਅਤੇ ਦੁਆਬੇ ਵਿਚ ਲੋਕ ਸੀਰੀ ਰੱਖਦੇ ਹਨ, ਉਨ੍ਹਾਂ ਤੋਂ ਕੰਮ ਲਿਆ ਜਾਂਦਾ ਹੈ ਲੇਕਿਨ ਉਨ੍ਹਾਂ ਤੋਂ ਨਫਰਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਛੂਆ ਛਾਤ ਕਾਨੂੰਨ ਰਾਹੀਂ ਬੰਦ ਕੀਤੀ ਗਈ ਹੈ। (ਵਿਘਨ) ਇਸੇ ਹੀ ਛੂਆ ਛਾਤ ਦੇ ਕਾਰਨ ਗਰੀਬ ਲੋਕਾਂ ਤੇ ਜ਼ੁਲਮ ਹੁੰਦੇ ਹਨ ਅਤੇ ਇਹ ਜ਼ੁਲਮ ਗਰੀਬੀ ਦੇ ਕਾਰਨ ਹੁੰਦੇ ਹਨ। ਕਤਲ ਦੇ ਕੇਸ ਹੁੰਦੇ ਹਨ। ਵੱਡੇ ਵੱਡੇ ਲੈਂਡ-ਲਾਰਡ, ਧਨਾਢ ਜ਼ਿਮੀਦਾਰ ਗਰੀਬ ਮਜ਼ਦੂਰਾਂ ਨੂੰ, ਮੁਜ਼ਾਰਿਆਂ ਨੂੰ, ਸ਼ਡਿਊਲਡ ਕਾਸਟਸ ਲੋਕਾਂ ਨੂੰ ਪੁਲਿਸ ਨਾਲ ਮਿਲ ਕੇ 107/151 ਦੇ ਤਹਿਤ ਥਾਣਿਆਂ ਵਿਚ ਭੇਜਦੇ ਹਨ ਅਤੇ ਬਾਦ ਵਿਚ ਉਨ੍ਹਾਂ ਦੀਆਂ ਜ਼ਮੀਨਾਂ ਤੇ ਕਬਜ਼ੇ ਕਰ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਜ਼ਮੀਨਾਂ ਤੋਂ ਬਾਹਰ ਕਢਣਾ ਠੀਕ ਨਹੀਂ। ਇਸ ਲਈ ਮੈਂ ਇਕ ਸੁਝਾਓ ਪੇਸ਼ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਇਸ ਤਰ੍ਹਾਂ ਦੇ ਜੋ ਕੇਸਿਜ਼ ਹੁੰਦੇ ਹਨ ਉਨ੍ਹਾਂ ਦੇ ਲਈ ਕੋਈ ਸਪੈਸ਼ਲ ਸੈਲ ਬਣਾਉਣੇ ਚਾਹੀਦੇ ਹਨ।

12.17 ਬਾਅਦ ਦੁਪਹਿਰ

(ਇਸ ਵਕਤ ਸ਼੍ਰੀ ਸਪੀਕਰ ਨੇ ਸਦਨ ਦੀ ਪ੍ਰਧਾਨਗੀ ਦੀ ਕੁਰਸੀ ਸੰਭਾਲੀ)।

ਪਹਿਲਾਂ ਜਿਹੜੇ ਲੋਕਾਂ ਤੇ ਜੁਲਮ ਅਤੇ ਅਤਿਆਚਾਰ ਹੁੰਦੇ ਸੀ, ਸਪੀਕਰ ਸਾਹਿਬ, ਉਸ ਦੇ ਲਈ ਸੈਕਟਰੀਏਟ ਲੈਵਲ ਤੇ ਇਕ ਸੈਲ ਕੰਮ ਕਰਦਾ ਸੀ ਜਿਸ ਦਾ ਇਨਚਾਰਜ ਡਿਪਟੀ ਸੁਪਰਡੈਂਟ, ਪੁਲਿਸ ਰੈਂਕ ਦਾ ਬੰਦਾ ਹੁੰਦਾ ਸੀ। ਉਹ ਮੌਕੇ ਤੇ ਜਾ ਕੇ ਇਨਕੁਆਇਰੀ ਕਰਦਾ ਸੀ। ਪਰ, ਸਪੀਕਰ ਸਾਹਿਬ, ਜਿੰਨੇ ਵੀ ਇਸ ਤਰ੍ਹਾਂ ਦੇ ਸੈਲ ਕਾਇਮ ਕੀਤੇ ਗਏ ਸਨ ਉਹ ਸਾਰੇ ਪਿਛਲੀ ਸਰਕਾਰ ਨੇ ਖਤਮ ਕਰ ਦਿੱਤੇ। (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਸਤਵੰਤ ਕੌਰ ਸੰਧੂ (ਬੈਠੇ ਬੈਠੇ) : ਉਹ ਸਾਰੇ ਉਸੇ ਤਰ੍ਹਾਂ ਹੀ ਕਾਇਮ ਹਨ। (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਇਸੇ ਤਰ੍ਹਾਂ, ਸਪੀਕਰ ਸਾਹਿਬ, ਰਿਜ਼ਰਵੇਸ਼ਨ ਦੀ ਪਾਲਿਸੀ ਹੈ।

(At this stage Sardar Basant Singh, was crossing the floor of the House).

Mr. Speaker : Sardar Basant Singh ji, you cannot cross the floor of the House.

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਜੋ ਪਿਛਲੇ 33 ਸਾਲਾਂ ਵਿਚ ਰਿਜ਼ਰਵੇਸ਼ਨ ਦੀ ਹਾਲਤ ਰਹੀ, ਉਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਹੁਣ ਤਕ ਕਲਾਸ-ਵਨ ਵਿਚ 7% ਰਿਜ਼ਰਵੇਸ਼ਨ ਹੋਈ ਹੈ, ਇਸੇ ਤਰ੍ਹਾਂ ਕਲਾਸ-ਟੂ ਵਿਚ 8% ਅਤੇ ਕਲਾਸ ਥਰੀ ਵਿਚ ਤਕਰੀਬਨ 13-14% ਰਿਜ਼ਰਵੇਸ਼ਨ ਪਿਛਲੇ 33 ਸਾਲਾਂ ਵਿਚ ਹੋਈ ਹੈ ਜਿਹੜੀ ਕਿ ਕਮ-ਅਜ਼-ਕਮ 25% ਹੋਣੀ ਚਾਹੀਦੀ ਸੀ। ਹੁਣ, ਸਪੀਕਰ ਸਾਹਿਬ, ਅਸੀਂ 1981 ਦੀ ਮਰਦਮ-ਸ਼ੁਮਾਰੀ ਲਈ ਤਿਆਰ ਹੋ ਰਹੇ ਹਾਂ। ਜਿਸ ਰਫਤਾਰ ਨਾਲ ਅਸਾਡੇ ਦੇਸ਼ ਦੀ ਆਬਾਦੀ ਵੱਧ ਰਹੀ ਹੈ ਉਸ ਹਿਸਾਬ ਨਾਲ 1981 ਦੀ ਮਰਦਮ ਸ਼ੁਮਾਰੀ ਵਿਚ ਸਾਡੇ ਦੇਸ਼ ਦੀ ਆਬਾਦੀ 35% ਦੇ ਕਰੀਬ ਸ਼ਡਿਊਲਡ ਕਾਸਟਸ ਦੀ ਹੋ ਜਾਵੇਗੀ। ਇਸ ਲਈ ਰਿਜ਼ਰਵੇਸ਼ਨ ਦੇ ਬਾਰੇ ਮੈਂ ਇਕ ਸੁਝਾਓ ਦਿਆਂਗਾ ਕਿ ਇਸ ਲਈ ਇਕ ਐਕਟ ਬਣਨਾ ਚਾਹੀਦਾ ਹੈ ਅੱਰ ਉਸ ਐਕਟ ਵਿਚ ਪੀਨਲ ਕਲਾਜ਼ ਰੱਖਣੀ ਚਾਹੀਦੀ ਹੈ ਤਾਂਕਿ ਜਿਹੜੇ ਲੋਕ ਜਾਂ ਜਿਹੜੇ ਅਫਸਰ ਉਸ ਉਤੇ ਅਮਲ ਕਰਨ ਵਿਚ ਫੇਲ੍ਹ ਹੋਣ ਉਨ੍ਹਾਂ ਨੂੰ ਕੋਈ ਦੰਡ ਦਿੱਤਾ ਜਾਵੇ। ਸਪੀਕਰ ਸਾਹਿਬ, ਇਹ ਤਾਂ ਨੌਕਰੀਆਂ ਵਿਚ ਹਾਲਤ ਹੈ। ਜਿਥੋਂ ਤਕ ਗਰੀਬਾਂ ਦੀ ਭਲਾਈ ਦਾ ਸਬੰਧ ਹੈ, ਉਸ ਲਈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੇ ਸਮਾਜ ਦਾ ਇਕ ਹੋਰ ਅੰਗ ਹੈ ਜੋ ਸਾਰੇ ਦੇਸ਼ ਦੇ ਲੋਕਾਂ ਦੀ ਸਫਾਈ ਦਾ ਕੰਮ ਕਥਦਾ ਹੈ, ਉਨ੍ਹਾਂ ਦੇ ਘਰਾਂ ਦੀ ਸਫਾਈ ਦਾ ਕੰਮ ਕਥਦਾ ਹੈ ਅਤੇ ਉਹ ਗੰਦੇ ਤੋਂ ਗੰਦਾ ਕੰਮ ਕਥਦਾ ਹੈ ਉਹ ਅੰਗ ਹੈ ਬਾਲਮੀਕੀ ਸਮਾਜ। ਸਪੀਕਰ ਸਾਹਿਬ, ਬਾਲਮੀਕੀ ਸਮਾਜ ਦੀ ਭਲਾਈ ਵਾਸਤੇ ਇਸ ਹਾਊਸ ਵਿਚ ਇਕ ਭਗਤ ਗੁਰਾਂ ਦਾਸ ਹੰਸ ਕਮੇਟੀ ਬਣੀ ਸੀ। ਉਸ ਕਮੇਟੀ ਨੇ ਬੜੀ ਮਿਹਨਤ ਕਰਕੇ, ਸਾਰੇ ਦੂਸਰੇ ਸੂਬਿਆਂ ਅਤੇ ਇਲਾਕਿਆਂ ਵਿਚ ਜਾ ਕੇ ਸਟੱਡੀ ਕੀਤਾ ਸੀ ਅੱਰ ਉਸ ਦੇ ਬਾਅਦ ਆਪਣੀ ਰਿਪੋਰਟ ਦਿੱਤੀ ਸੀ। ਉਸ ਰਿਪੋਰਟ ਵਿਚ ਆਪਣੀਆਂ ਰਿਕੁਮੈਂਡੇਸ਼ਨਜ਼ ਕੀਤੀਆਂ ਸਨ ਕਿ ਇਹ ਇਹ ਸਾਡੀਆਂ ਰਿਕੁਮੈਂਡੇਸ਼ਨਜ਼ ਹਨ, ਇਨ੍ਹਾਂ ਤੇ ਅਮਲ ਕਰੋ ਅਤੇ ਇਹ ਇਹ ਸਟੈਪ ਲੈਣੇ ਚਾਹੀਦੇ ਹਨ। ਲੇਕਿਨ ਇਨ੍ਹਾਂ ਮੇਰੇ ਵੀਰਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਆਪਣੇ ਰਾਜ ਵਿਚ ਉਸ ਕਮੇਟੀ ਦੀ ਰਿਪੋਰਟ ਨੂੰ ਕੋਲਡ ਸਟੋਰ ਵਿਚ ਲਗਾ ਦਿੱਤਾ। ਹੁਣੇ ਇਹ ਸਾਡੇ ਬੀਬੀ ਜੀ (ਸਰਦਾਰਨੀ ਸਤਵੰਤ ਕੌਰ ਜੀ ਵੱਲ ਇਸ਼ਾਰਾ) ਕਹਿ ਰਹੇ ਸਨ ਕਿ ਸਾਡੀ ਸਰਕਾਰ ਨੇ ਕਾਰਪੋਰੇਸ਼ਨ ਬਣਾਈ। ਸ਼ਾਇਦ ਇਨ੍ਹਾਂ ਨੂੰ ਨਹੀਂ ਪਤਾ ਕਿ ਇਹ ਕਾਰਪੋਰੇਸ਼ਨ ਇਨ੍ਹਾਂ ਦੇ ਵੇਲੇ ਨਹੀਂ ਬਣੀ। ਇਹ ਕਥਪੋਰੇਸ਼ਨ ਉਸ ਵੇਲੇ ਬਣੀ ਸੀ ਜਦੋਂ ਸਵਰਗੀਆ ਸਰਦਾਰ ਲਛਮਣ ਸਿੰਘ ਜੀ ਗਿੱਲ ਦੀ ਸਥਕਾਥ ਸੀ ਅਤੇ ਉਸ ਸਰਕਾਰ ਵਿਚ ਮੈਂ ਵੀ ਵਜ਼ੀਰ ਸੀ। ਉਸ ਸਰਕਾਰ ਨੂੰ ਕਾਂਗਰਸ ਦੀ ਸਪੋਰਟ ਸੀ। ਇਹ ਕਾਰਪੋਰੇਸ਼ਨ ਉਸ ਸਰਕਾਰ ਦੇ ਵੇਲੇ ਬਣੀ ਸੀ।

ਸਰਦਾਰਨੀ ਸਤਵੰਤ ਕੌਰ ਸੰਧੂ: ਸਪੀਕਰ ਸਾਹਿਬ, ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਬੋਲਣ ਲਈ ਖੜੀ ਹਾਂ, ਹਰੀਜਨ ਮੈਂਬਰ ਹਾਂ, ਮੈਨੂੰ ਗਲ ਕਹਿ ਲੈਣ ਦਿਓ। ਇਨ੍ਹਾਂ ਦੀ ਗਲ ਦਾ ਜਵਾਬ ਦੇ ਲੈਣ ਦਿਓ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜਦੋਂ ਤੁਹਾਡੀ ਪਾਰਟੀ ਦਾ ਕੋਈ ਮਾਨਯੋਗ ਮੈਂਬਰ ਬੋਲੇ ਤਾਂ ਉਹ ਇਸ ਗਲ ਨੂੰ ਰੱਦ ਕਰ ਦੇਵੇ। ਹੁਣ ਤੁਸੀਂ ਬੈਠੋ। (ਵਿਘਨ)

ਸਰਦਾਰਨੀ ਸਤਵੰਤ ਕੌਰ ਸੰਧੂ। ਸਪੀਕਰ ਸਾਹਿਬ, ਇਹ ਗਲਤ ਬਿਆਨੀ ਕਰ ਰਹੇ ਹਨ। (ਵਿਘਨ) ਇਹ ਕਾਰਪੋਰੇਸ਼ਨ ਡਾਕਟਰ ਭਗਤ ਸਿੰਘ ਹੋਰਾਂ ਨੇ ਬਣਾਈ ਸੀ। (ਵਿਘਨ)

ਸ਼੍ਰੀ ਸਪੀਕਰ : ਜਦੋਂ ਤੁਸੀਂ ਸਪੀਚ ਕਰ ਰਹੇ ਸੀ ਤਾਂ ਤੁਹਾਨੂੰ ਕਿਸੇ ਨੇ ਵਿਚ ਨਹੀਂ ਟੋਕਿਆ। ਹੁਣ ਤੁਸੀਂ ਇਨ੍ਹਾਂ ਨੂੰ ਬੋਲਣ ਲਗਿਆਂ ਨਾ ਟੋਕੋ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਉਸ ਭਗਤ ਗੁਰਾਂ ਦਾਸ ਹੰਸ ਕਮੇਟੀ ਨੇ ਕੁਝ ਰਿਕਮੈਂਡੇਸ਼ਨਜ਼ ਕੀਤੀਆਂ ਸਨ। ਲੇਕਿਨ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) 3 ਸਾਲ ਉਸ ਰਿਪੋਰਟ ਨੂੰ ਕੋਲਡ ਸਟੋਰ ਵਿਚ ਰੱਖ ਦਿੱਤਾ। (ਵਿਘਨ) ਇਨ੍ਹਾਂ ਨੇ ਸ਼ਾਇਦ ਇਹ ਰਿਪੋਰਟ ਪੜ੍ਹੀ ਨਹੀਂ ਹੋਣੀ, ਦੇਖੀ ਨਹੀਂ ਹੋਣੀ। (ਵਿਘਨ) ਅੱਛਾ ਦੇਖੀ ਹੋਣੀ ਹੈ ਤਾਂ ਅਮਲ ਨਹੀਂ ਕੀਤਾ। ਤੋ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਵੈਲਫੇਅਰ ਮਨਿਸਟਰ ਸਾਹਿਬ ਇਥੇ ਬੈਠੇ ਹਨ। ਉਹ ਭਗਤ ਗੁਰਾਂ ਦਾਸ ਹੰਸ ਕਮੇਟੀ ਦੀ ਰਿਪੋਰਟ ਨੂੰ ਕੋਲਡ ਸਟੋਰ ਵਿਚੋਂ ਕਢਵਾ ਕੇ ਉਸ ਦੀਆਂ ਰਿਕੁਮੈਂਡੇਸ਼ਨਜ਼ ਤੇ ਅਮਲ ਕਰਵਾਉਣ ਤਾਂਕਿ ਇਨ੍ਹਾਂ ਗਰੀਬ ਲੋਕਾਂ ਦਾ, ਬਾਲਮੀਕ ਸਮਾਜ ਦਾ ਭਲਾ ਹੋ ਸਕੇ ਅਤੇ ਉਹ ਤਰੱਕੀ ਕਰ ਸਕਣ।

ਇਕ ਹੋਰ ਗਲ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕਮਿਸ਼ਨਰ ਦੀ ਰਿਪੋਰਟ ਵਿਚ ਰਿਕੁਮੈਂਡੇਸ਼ਨ ਨੰਬਰ 28 ਹੈ ਜਿਸ ਦੇ ਵਿਚ ਰਿਜ਼ਰਵੇਸ਼ਨ ਪੂਰੀ ਕਰਨ ਲਈ ਸਪੈਸ਼ਲ ਕੋਰਸਿਜ਼ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਤਰ੍ਹਾਂ ਪਿਛਲੀ ਸਰਕਾਰ ਨੇ, ਜਿਹੜੀ ਕਾਂਗਰਸ ਦੀ ਸਰਕਾਰ ਸੀ, ਉਦੋਂ ਕੋਈ 1400 ਦੇ ਕਰੀਬ ਹਰੀਜਨ ਵਿਅਕਤੀਆਂ ਨੂੰ ਬੀ. ਐਡ. ਅਤੇ ਜੇ.ਬੀ.ਟੀ. ਦੀ ਟਰੇਨਿੰਗ ਦਿੱਤੀ ਸੀ ਇਸ ਰਿਜ਼ਰਵੇਸ਼ਨ ਦੀ ਕਮੀ ਨੂੰ ਪੂਰਾ ਕਰਨ ਲਈ। ਉਹ ਬਹੁਤ ਅੱਛੀ ਸਕੀਮ ਸੀ। ਬਾਕੀ ਤਾਂ ਸਾਰੇ ਐਬਜ਼ਾਰਬ ਹੋ ਗਏ ਹਨ ਲੇਕਿਨ 468 ਦੇ ਕਰੀਬ ਜੇ.ਬੀ.ਟੀ. ਹਾਲੀਂ ਉਨ੍ਹਾਂ ਵਿਚੋਂ ਬੇਕਾਰ ਹਨ ਜੋ ਕਿਸੇ ਪਾਸੇ ਐਡਜਸਟ ਨਹੀਂ ਹੋ ਸਕੇ। ਉਨ੍ਹਾਂ ਨੂੰ ਵੀ ਐਡਜਸਟ ਕੀਤਾ ਜਾਵੇ। ਇਸੇ ਤਰ੍ਹਾਂ ਮੈਡੀਕਲ, ਇੰਜੀਨੀਅਰਿੰਗ, ਲਾਅ ਔਰ ਹੋਰ ਦੂਸਰੇ ਜੋ ਕੋਰਸਿਜ਼ ਹਨ ਉਹ ਇਨ੍ਹਾਂ ਲਈ ਸਪੈਸ਼ਲ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਵੈਲਫੇਅਰ ਡਿਪਾਰਟਮੈਂਟ ਦਾ ਫੰਡ ਇਤਨਾ ਜ਼ਿਆਦਾ ਨਹੀਂ ਕਿ ਉਹ ਹਰ ਇਕ ਕੰਮ ਕਰ ਸਕੇ। ਇਸ ਲਈ ਮੇਰੀ ਬੇਨਤੀ ਹੈ ਕਿ ਬਾਕੀ ਦੇ ਜਿਹੜੇ ਮਹਿਕਮੇ ਹਨ ਉਨ੍ਹਾਂ ਵਿਚੋਂ 25% ਬਜਟ ਦਾ ਹਿੱਸਾ ਉਨ੍ਹਾਂ ਮਹਿਕਮਿਆਂ ਵਿਚੋਂ ਸ਼ਡਿਊਲਡ ਕਾਸਟਸ ਤੇ ਖਰਚ ਕੀਤਾ ਜਾਵੇ।

ਸ਼੍ਰੀ ਸਪੀਕਰ : ਹੁਣ ਵਾਈਂਡ ਅੱਪ ਕਰ ਦਿਓ ਜੀ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਇਕ ਗਲ ਜ਼ਮੀਨਾਂ ਬਾਰੇ ਜ਼ਰੂਰ ਕਹਿਣੀ ਚਾਹੁੰਦਾ ਹਾਂ। ਪਿੰਡਾਂ ਵਿਚ ਬਹੁਤੇ ਹਰੀਜਨ ਵੱਸਦੇ ਹਨ ਜਿਨ੍ਹਾਂ ਕੋਲ ਆਪਣੀਆਂ ਜ਼ਮੀਨਾਂ ਨਹੀਂ ਹਨ। ਸਪੀਕਰ ਸਾਹਿਬ, ਤੁਸੀਂ ਜਾਣਦੇ ਹੀ ਹੋ ਕਿ ਪਿੰਡਾਂ ਵਿਚ ਜਿਸ ਦੇ ਕੋਲ ਕੋਈ ਜ਼ਮੀਨ ਨਹੀਂ ਉਸ ਦੀ ਕੋਈ ਪੁੱਛ ਪ੍ਰਤੀਤ ਨਹੀਂ ਹੈ। ਜ਼ਮੀਨ ਹੋਣ ਦੇ ਨਾਲ ਹੀ ਸਾਡੀ ਇੱਜ਼ਤ ਵੱਧਦੀ ਹੈ। ਉਹ ਲੋਕ ਜ਼ਿਮੀਂਦਾਰ ਦੇ ਖੇਤਾਂ ਵਿਚ ਘਾਹ ਵਗੈਰਾ ਲੈਣ ਜਾਂਦੇ ਹਨ, ਜ਼ਿਮੀਂਦਾਰ ਨਾਲ ਮਿਲ ਕੇ ਅਸੀਂ ਕੰਮ ਕਰਦੇ ਹਾਂ ਅਤੇ ਜਦੋਂ ਮਜ਼ਦੂਰੀ ਵਧਾਉਣ ਦੀ ਗਲ ਹੁੰਦੀ ਹੈ ਤਾਂ ਬਾਈਕਾਟ ਵੀ ਹੁੰਦੇ ਹਨ। ਮੈਂ ਸਰਕਾਰ ਅਗੇ ਬੇਨਤੀ ਕਰਾਂਗਾ, ਮੈਂ ਅਗੇ ਵੀ ਕਿਹਾ ਸੀ ਕਿ ਜਿੰਨੀਆਂ ਜ਼ਮੀਨਾਂ ਹਨ, ਉਹ ਸਾਰੀਆਂ ਵੱਡੇ ਵੱਡੇ ਧਨਾਢ ਲੋਕਾਂ ਕੋਲ ਹਨ, ਚਾਹੇ

Original with;
Punjab Vidhan Sabha
Digitized by;
Panjab Digital Library

ਉਹ ਇਧਰ ਬੈਠੇ ਹਨ ਅਤੇ ਚਾਹੇ ਉਹ ਉਧਰ ਬੈਠੇ ਹਨ। ਉਨ੍ਹਾਂ ਨੇ ਜਿਹੜੀਆਂ ਜ਼ਮੀਨਾਂ ਬੇਨਾਮੀ ਆਪਣੇ ਰਿਸ਼ਤੇਦਾਰਾਂ ਦੇ ਨਾਮ ਤੇ, ਕੁੱਤੇ, ਬਿਲਿਆਂ ਦੇ ਨਾਮ ਤੇ ਲਿਖਵਾਕੇ ਹੜੱਪ ਕੀਤੀਆਂ ਹੋਈਆਂ ਹਨ ਉਹ ਸਾਰੀਆਂ ਦੀਆਂ ਸਾਰੀਆਂ ਜ਼ਮੀਨਾਂ ਉਨ੍ਹਾਂ ਤੋਂ ਲੈ ਕੇ ਗਰੀਬ ਲੋਕਾਂ ਨੂੰ ਦਿੱਤੀਆਂ ਜਾਣ, ਗਰੀਬ ਹਰੀਜਨਾਂ ਨੂੰ ਦਿੱਤੀਆਂ ਜਾਣ।

ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ ਅੌਰ ਮੈਂ ਇਹ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਚੀਫ ਮਨਿਸਟਰ ਸਾਹਿਬ ਬੈਠੇ ਹਨ, ਵੈਲਫੇਅਰ ਮਨਿਸਟਰ ਸਾਹਿਬ ਭੀ ਬੈਠੇ ਹਨ। ਉਹ ਜਿਹੜਾ ਸਾਡਾ ਸਮਾਜ ਦਾ ਪੱਛੜਿਆ ਹੋਇਆ ਅੰਗ ਹੈ, ਹਰੀਜਨ ਵਰਗ ਹੈ ਉਸ ਵੱਲ ਪੂਰਾ ਧਿਆਨ ਦੇਣ।

ਸਰਵਿਸਿਜ਼ ਵਿਚ ਜਿਹੜੇ ਆਦਮੀ ਲਗੇ ਹੋਏ ਹਨ ਉਹਨਾਂ ਦੀਆਂ ਤਰੱਕੀਆਂ ਰੋਕੀਆਂ ਹੋਈਆਂ ਹਨ, ਕੁਝ ਸੱਸਪੈਂਡ ਕੀਤੇ ਹੋਏ ਹਨ, ਉਨ੍ਹਾਂ ਦੇ ਕੇਸਾਂ ਤੇ ਗੌਰ ਕੀਤਾ ਜਾਵੇ ਤਾਂਕਿ ਉਨ੍ਹਾਂ ਨੂੰ ਇਹ ਯਕੀਨ ਹੋ ਜਾਵੇ ਕਿ ਸਾਡੀ ਹੁਣ ਦੀ ਸਰਕਾਰ ਜੋ ਹੈ ਉਹ ਉਨ੍ਹਾਂ ਦੀ ਭਲਾਈ ਵੱਲ ਜ਼ਿਆਦਾ ਧਿਆਨ ਦਿੰਦੀ ਹੈ।

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ, ਐਸ.ਸੀ.) : ਸਪੀਕਰ ਸਾਹਿਬ, ਮੈਨੂੰ ਬਹੁਤ ਖੁਸ਼ੀ ਹੈ ਕਿ ਇਹ ਜੋ 25ਵੀਂ ਰਿਪੋਰਟ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਦੀ ਹੈ ਉਸ ਨੂੰ ਡਿਸਕਸ ਕਰਨ ਦਾ ਮੌਕਾ ਦਿਤਾ ਗਿਆ ਹੈ। ਮੈਂ ਬੇਨਤੀਆਂ ਬਹੁਤ ਥੋੜ੍ਹੀਆਂ ਕਰਨੀਆਂ ਹਨ। ਮੈਂ ਉਚੇਚੇ ਤੌਰ ਤੇ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਸਾਨੂੰ ਵੀ ਬੋਲਣ ਦਾ ਮੌਕਾ ਦਿਓ। ਸਭ ਤੋਂ ਪਹਿਲਾਂ ਚੌਧਰੀ ਜਗਜੀਤ ਸਿੰਘ ਨੂੰ ਮੌਕਾ ਮਿਲਿਆ। ਬਹੁਤ ਸਾਰੀਆਂ ਰਿਕੁਮੈਂਡੇਸ਼ਨਜ਼ ਪੜ੍ਹ ਕੇ ਉਨ੍ਹਾਂ ਨੇ ਸੁਣਾ ਦਿੱਤੀਆਂ। ਅਗਰ ਥੋੜ੍ਹਾ ਥੋੜ੍ਹਾ ਸਮਾਂ ਸਾਰਿਆਂ ਨੂੰ ਦਿੰਦੇ ਤਾਂ ਸ਼ਾਇਦ ਬੋਲ ਸਕਦੇ। ਜਿਹੜੀਆਂ ਗਲਾਂ ਉਨ੍ਹਾਂ ਕੋਲੋਂ ਰਹਿ ਗਈਆਂ ਹਨ ਉਹ ਮੈਂ ਜ਼ਰੂਰ ਕਹਿਣੀਆਂ ਹਨ। ਸਪੀਕਰ ਸਾਹਿਬ, ਸਭ ਤੋਂ ਉਚੇਚੀ ਅਤੇ ਵਿਸ਼ੇਸ਼ ਗਲ ਇਹ ਹੈ ਕਿ ਸਾਡੀ ਜਿਹੜੀ 25% ਰਿਜ਼ਰਵੇਸ਼ਨ ਹੈ ਉਹ ਪੱਕੇ ਤੌਰ ਤੇ ਦਿਵਾ ਦਿਓ ਅਤੇ ਉਹ 25% ਰਿਜ਼ਰਵੇਸ਼ਨ ਹਰ ਲਿਹਾਜ਼ ਨਾਲ ਦੇਣ ਲਈ ਉਸ ਦੀ ਐਨਐਕਟਮੈਂਟ ਹੋ ਜਾਣੀ ਚਾਹੀਦੀ ਹੈ। ਅਸੀਂ ਇਹ ਗਲ ਬੜੀ ਦੇਰ ਤੋਂ ਕਹਿੰਦੇ ਆ ਰਹੇ ਹਾਂ। ਰਿਪੋਰਟ ਆ ਜਾਂਦੀ ਹੈ। ਉਸ ਵਿਚ ਵੀ ਲਿਖਿਆ ਹੁੰਦਾ ਹੈ ਕਿ ਰਿਜ਼ਰਵੇਸ਼ਨ ਪੂਰੀ ਨਹੀਂ ਹੋ ਸਕਦੀ ਜਿਨ੍ਹਾਂ ਚਿਰ ਤਕ ਐਨਐਕਟਮੈਂਟ ਨਾ ਹੋ ਜਾਵੇ। ਮੈਂ ਪਾਰਲੀਮੈਂਟ ਵਿਚ 24ਵੀਂ ਰਿਪੋਰਟ ਤੇ ਬੋਲਿਆ ਸੀ ਕਿ ਐਨਐਕਟਮੈਂਟ ਹੋਣੀ ਚਾਹੀਦੀ ਹੈ। ਹੁਣ ਕਿਤੇ ਸਾਡੇ ਮੁਲਾਜ਼ਮਾ ਦਾ ਰਿਕਾਰਡ ਖਰਾਬ ਕੀਤਾ ਜਾਂਦਾ ਹੈ ਕਿਤੇ ਸਾਡੇ ਪੜ੍ਹੇ ਲਿਖੇ ਬੰਦਿਆਂ ਦੇ ਸਰਟੀਫਿਕੇਟ ਹੀ ਅਵੇਲੇਬਲ ਨਹੀਂ ਹੁੰਦੇ। ਪਹਿਲਾਂ ਤਾਂ ਮੈਂ ਆਪਣੇ ਮੰਤਰੀ ਜੀ ਨੂੰ ਕਹਾਂਗਾ ਕਿ ਸਾਡਾ ਹਾਲੇ ਕੋਈ ਡਾਇਰੈਕਟਰ ਹੀ ਨਹੀਂ। ਮੱਲੋਮਲੀ ਕਹੀ ਜਾਂਦੇ ਹਨ ਕਿ ਇਸ ਲਿਆਕਤ ਦਾ ਆਦਮੀ ਅਵੇਲੇਬਲ ਨਹੀਂ ਹੈ। ਮੈਂ ਪੁੱਛਦਾ ਹਾਂ ਕਿ ਡਾਕਟਰ ਅੰਬੇਦਕਰ ਤੋਂ ਵੱਧ ਇਥੇ ਕੋਈ ਹੋਰ ਲਾਇਕ ਆਦਮੀ ਹੈ? ਜੇ ਹਰੀਜਨਾਂ ਨੇ ਐਡਾ ਵੱਡਾ ਆਦਮੀ ਪੈਦਾ ਕੀਤਾ ਤਾਂ ਅੱਜ ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਛੋਟੀਆਂ ਸਰਵਿਸਿਜ਼ ਲਈ ਸਾਡੇ ਕੋਲ ਕੋਈ ਆਦਮੀ ਨਹੀਂ ? ਜੇਕਰ ਇਥੇ ਨਹੀਂ ਹੈ ਤਾਂ ਹੋਰ ਸੰਸਥਾਵਾਂ ਤੋਂ ਪੁੱਛ ਲਿਆ ਜਾਵੇ। ਸਾਡੇ ਡਾਇਰੈਕਟੋਰੇਟ ਵਿਚ ਇਸ ਬਾਰੇ ਇਕ ਸੈਲ ਖੋਲ੍ਹਿਆ ਹੋਇਆ ਹੈ। ਉਨ੍ਹਾਂ ਕੋਲੋਂ ਪੁੱਛ ਲਿਆ ਜਾਵੇ। ਪਰ ਇਹ ਖੇਚਲ ਕੋਈ ਨਹੀਂ ਕਰਦਾ। ਜਾਣ ਬੁਝ ਕੇ ਸਾਡਾ ਰਿਕਾਰਡ ਖਰਾਬ ਕੀਤਾ ਜਾਂਦਾ ਹੈ। ਮੈਂ ਇਕ ਬੇਨਤੀ ਕਰਦਾ ਹਾਂ। ਸਰਦਾਰ ਦਰਬਾਰਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਸਿੰਘ ਸਾਡੇ ਚੀਫ ਮਨਿਸਟਰ ਸਾਹਿਬ ਬੈਠੇ ਹਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦ ਮੈਂ ਮੈਂਬਰ ਪਾਰਲੀਮੈਂਟ ਸੀ ਤਾਂ ਮੈਂ ਇਕ ਮੀਟਿੰਗ ਵਿਚ ਇਹ ਗੱਲ ਛੇੜੀ ਸੀ ਦਿੱਲੀ ਵਿਚ, ਉਥੇ ਬਾਦਲ ਸਾਹਿਬ ਵੀ ਸਨ, ਦੇਵੀ ਲਾਲ ਜੀ ਵੀ ਸਨ। ਮੈਂ ਉਥੇ ਆਖਿਆ ਸੀ ਕਿ ਸਾਰੇ ਦੇਸ਼ ਵਿਚ ਅੌਰ ਖਾਸ ਕਰਕੇ ਪੰਜਾਬ ਵਿਚ ਇਕ ਨਵਾਂ ਮਾਹੌਲ ਚਲ ਪਿਆ ਹੈ। ਅਸੀਂ ਉਹ ਲੋਕ ਹਾਂ ਜਿਹੜੇ ਹਜ਼ਾਰਾਂ, ਲੱਖਾਂ ਸਾਲਾਂ ਤੋਂ ਲਤਾੜੇ ਗਏ ਹਾਂ। ਅਸੀਂ ਕਿਹਾ ਕਿ ਸਾਨੂੰ ਕੁਝ ਦਿਓ, ਅਸੀਂ ਕੁਝ ਮੰਗਾ ਰਖੀਆਂ। ਮੈਂ ਕਹਿੰਦਾ ਹਾਂ ਕਿ ਇਥੇ ਥੋੜੇ ਸਮੇਂ ਲਈ ਲੋਕ ਪਾਕਿਸਤਾਨ ਤੋਂ ਉਜੜ ਕੇ ਆਏ ਉਨ੍ਹਾਂ ਵਾਸਤੇ ਰਿਹੈਬਲੀਟੇਸ਼ਨ ਮਨਿਸਟਰੀ ਬਣ ਗਈ। ਉਨ੍ਹਾਂ ਨੂੰ ਮਕਾਨ ਦਿਤੇ ਗਏ, ਦੁਕਾਨਾਂ ਦਿੱਤੀਆਂ ਗਈਆਂ, ਜ਼ਮੀਨਾਂ ਦਿੱਤੀਆਂ ਗਈਆਂ, ਪਰਮਿਟ ਕੋਟੇ ਦਿਤੇ ਗਏ। ਅਸੀਂ ਹਜ਼ਾਰਾਂ, ਲੱਖਾਂ ਸਾਲਾਂ ਤੋਂ ਉਜੜੇ ਹੋਏ ਹਾਂ। ਸਾਨੂੰ ਕੁਝ ਦਿਓ। ਪਰ ਇਨ੍ਹਾਂ ਨੇ ਸਾਡੇ ਖਿਲਾਫ ਮੱਲੋ-ਮੱਲੀ ਜਦੋਜਹਿਦ ਸ਼ੁਰੂ ਕਰ ਦਿੱਤੀ। ਅਸੀਂ ਕਿਹਾ ਕਿ ਅਸੀਂ ਤਾਂ 25% ਮੰਗਦੇ ਹਾਂ। ਬਾਕੀ 75% ਤੁਹਾਡੇ ਕੋਲ ਹੈ, ਲੇਕਿਨ ਲਗਾਤਾਰ ਸੈਕਟੇਰੀਏਟ ਦੇ ਸਾਹਮਣੇ ਜ਼ਿੰਦਾਬਾਦ-ਮੁਰਦਾਬਾਦ ਹੋ ਰਿਹਾ ਹੈ। ਸਾਡੇ ਵੇਲੇ ਵੀ ਹੋਇਆ, ਗਿਆਨੀ ਜੀ ਦੇ ਵੇਲੇ ਵੀ ਸੀ ਅਤੇ ਹੁਣ ਵੀ ਹੋ ਰਿਹਾ ਹੈ। ਕਿਸੇ ਦਫ਼ਤਰ ਵਿਚ ਵੇਖ ਲਵੋ ਇਕ ਬੀਮਾਰੀ ਪੈਦਾ ਹੋ ਗਈ ਹੈ। ਹਰ ਮੁਲਾਜ਼ਮ ਉਤਰਦੇ ਚੜ੍ਹਦੇ ਜ਼ਿੰਦਾਬਾਦ-ਮੁਰਦਾਬਾਦ ਕਹਿੰਦਾ ਹੈ। ਉਹ ਆਖਦੇ ਹਨ ਕਿ ਸਾਡੇ ਹੱਕ ਨੂੰ ਹਰੀਜਨ ਮੁਲਾਜ਼ਮ ਗਰੈਬ ਕਰਦੇ ਹਨ। ਅਸੀਂ ਆਪਣੇ ਹੱਕ ਲੈਂਦੇ ਹਾਂ। ਅਸੀਂ ਕਿਹਾ ਕਿ ਸਾਡੇ ਸਿਪਾਹੀ ਘੱਟ ਹਨ ਤਾਂ ਆਰਡਰ ਹੋ ਗਏ ਕਿ ਜਦ ਤਕ ਇਨ੍ਹਾਂ ਦੀ ਗਿਣਤੀ ਪੂਰੀ ਨਹੀਂ ਹੁੰਦੀ ਤਦ ਤਕ ਹੋਰ ਭਰਤੀ ਨਾ ਕੀਤੀ ਜਾਵੇ। ਅਸੀਂ ਕਿਹਾ ਸਾਡੇ ਪਟਵਾਰੀ ਘੱਟ ਹਨ ਤਾਂ ਇਨ੍ਹਾਂ ਨੇ ਸਾਡੇ ਪਟਵਾਰੀ ਲਗਾਏ। ਅਸੀਂ ਕਿਹਾ ਕਿ ਸਾਡੇ ਜੇ. ਬੀ. ਟੀ. ਘੱਟ ਹਨ ਤਾਂ ਉਹ ਵੀ ਪੂਰੇ ਕੀਤੇ। ਪਰ ਇਧਰ ਇਸ ਦੇ ਬਾਰੇ ਐਜੀਟੇਸ਼ਨ ਚਲ ਪਈ। ਸਾਨੂੰ ਸਾਰਿਆਂ ਨੂੰ ਰਲ ਕੇ ਇਸ ਬੀਮਾਰੀ ਨੂੰ ਖਤਮ ਕਰਨਾ ਚਾਹੀਦਾ ਹੈ। ਇਹ ਚੀਜ਼ ਨੈਸ਼ਨਲ ਇੰਟੈਗਰੇਸ਼ਨ ਪੈਦਾ ਨਹੀਂ ਕਰਦੀ, ਸਗੋਂ ਦੋਫਾੜ ਪੈਦਾ ਕਰਦੀ ਹੈ ਅਤੇ ਛੂਤ ਛਾਤ ਦਾ ਮਾਹੌਲ ਬਣਾਉਂਦੀ ਹੈ। ਜਿਹੜੀ ਸਾਡੇ ਗੁਰੂਆਂ, ਰਿਸ਼ੀਆਂ, ਮੁੰਨੀਆਂ ਨੇ ਮਨ੍ਹਾਂ ਕੀਤੀ। ਹੁਣ ਇਹ ਚੀਜ਼ ਪੜ੍ਹਿਆਂ ਲਿਖਿਆਂ ਵਿਚ ਸ਼ੁਰੂ ਕਰ ਦਿੱਤੀ ਗਈ ਹੈ। ਪਿੰਡਾਂ ਦੀ ਬਜਾਏ ਹੁਣ ਸ਼ਹਿਰਾਂ ਵਿਚ ਹੋ ਗਈ ਹੈ। ਕੋਈ ਚਮਾਰ ਕਹਿੰਦਾ ਹੈ, ਕੋਈ ਚੂੜ੍ਹਾ ਕਹਿਦਾ ਹੈ, ਕੋਈ ਹਰੀਜਨ ਕਹਿੰਦਾ ਹੈ। ਮੇਰੀ ਅਰਜ਼ ਹੈ ਕਿ ਇਸ ਬੀਮਾਰੀ ਨੂੰ ਦੂਰ ਕਰਨਾ ਚਾਹੀਦਾ ਹੈ ਅੌਰ ਇਸ ਗਲ ਵੱਲ ਧਿਆਨ ਦੇਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਸਾਡੀ 25% ਆਬਾਦੀ ਹੈ ਉਸ ਦੇ ਮੁਤਾਬਿਕ ਹਰ ਮਹਿਕਮੇ ਵਿਚ 25% ਦਾ ਪਰੋਵੀਜ਼ਨ ਕਰ ਦਿਓ। ਚਾਹੇ ਮੁਲਾਜ਼ਮਤ ਵਿਚ ਹੋਵੇ, ਚਾਹੇ ਕਿਸੇ ਹੋਰ ਕੰਮ ਵਿਚ ਹੋਵੇ। ਸਾਡੇ ਲੋਕ ਖੇਤੀਬਾੜੀ ਵੀ ਕਰਦੇ ਹਨ। ਇਸ ਲਈ ਇਰੀਗੇਸ਼ਨ ਵਿਚ ਵੀ 25% ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ ਕਿਉਂਕਿ ਟਿਊਬਵੈਲ ਚਾਹੀਦੇ ਹਨ। ਐਜੂਕੇਸ਼ਨ ਵਿਚ ਹੋਵੇ ਭਾਵੇਂ ਕੋਈ ਹੋਰ ਚੀਜ਼ ਹੋਵੇ 25% ਬਜਟ ਜਿਹੜਾ ਹੈ ਇਹ ਇਨ੍ਹਾਂ ਲਈ ਸੈਪਰੇਟ ਹੋਣਾ ਚਾਹੀਦਾ ਹੈ ਤਾਂਕਿ ਸਾਡੀ ਰਿਜ਼ਰਵੇਸ਼ਨ ਪੂਰੀ ਹੋ ਸਕੇ। ਮੈਡੀਕਲ ਕਾਲਜਾਂ ਵਿਚ ਨਾਨ-ਸ਼ਡਿਊਲਡ ਕਾਸਟਸ ਝੂਠੇ ਸਰਟੀਫਿਕੇਟਸ ਦੇ ਕੇ ਦਾਖਲ ਹੋ ਜਾਂਦੇ ਹਨ। ਸਾਡੇ ਸਮੇਂ ਵਿਚ ਵੀ ਹੋਇਆ, ਤੁਹਾਡੇ ਵੇਲੇ ਵੀ ਹੋਇਆ। ਇਸ ਚੀਜ਼ ਦੀ ਇਨਕੁਆਇਰੀ ਚਲਣੀ ਚਾਹੀਦੀ ਹੈ। ਅਜਿਹੇ 200 ਆਦਮੀ ਡਾਕਟਰ ਬਣ ਗਏ, ਨੌਕਰੀਆਂ ਵਿਚ ਵੀ ਲਗ ਗਏ, ਪਰ ਕੋਈ ਨਹੀਂ ਉਨ੍ਹਾਂ ਨੂੰ ਪੁੱਛਦਾ। ਕੋਈ ਆਦਮੀ ਝੂਠਾ ਸਰਟੀਫਿਕੇਟ ਦੇ ਕੇ ਮੈਡੀਕਲ ਕਾਲਜ ਵਿਚ ਦਾਖਲਾ ਲੈ ਲਵੇ ਅੌਰ ਸਾਨੂੰ ਉਸ ਦਾ ਪਤਾ ਹੋਵੇ ਪਰ ਕੋਈ ਕਾਨੂੰਨ ਉਸ ਤੇ ਹਾਵੀ ਨਹੀਂ ਹੁੰਦਾ। ਇਹ ਚੀਜ਼ ਹਰ ਪਾਸੇ ਚਲ ਪਏਗੀ। ਇਸ ਨੂੰ ਰੋਕੋ। 1947 ਤੋਂ ਸਾਨੂੰ ਸਾਰੇ ਹੀ ਉੱਚਾ ਚੁਕਣ ਲਗੇ ਹਨ। ਇਹ ਠੀਕ ਹੈ ਕਿ ਡਾਕਟਰ ਅੰਬੇਦਕਰ ਨੇ ਵਿਧਾਨ ਵਿਚ ਲਿਖ ਦਿੱਤਾ ਪਰ ਉਸ ਦੇ ਬਾਦ ਅਮਲ ਤਾਂ ਅਸੀਂ ਕਰਨਾ ਹੈ। ਠੀਕ ਹੈ ਕਿ ਕਾਰਪੋਰੇਸ਼ਨ ਬਣੀ ਹੈ, ਜਿਸ ਨੂੰ ਪਹਿਲਾਂ

Original with;
Punjab Vidhan Sabha
Digitized by;
Panjab Digital Library

8 ਕਰੋੜ ਰੁਪਏ ਅਤੇ ਫਿਰ 10 ਕਰੋੜ ਰੁਪਏ ਦਿੱਤੇ ਗਏ। ਮੈਂ ਕਹਿੰਦਾ ਹਾਂ ਕਿ ਜਿੰਨਾਂ ਚਿਰ ਇਸ ਵਿਚ ਹੋਰ ਪੈਸਾ ਨਹੀਂ ਪਾਉਂਦੇ, ਉਨ੍ਹਾਂ ਚਿਰ ਇਹ ਕਾਮਯਾਬ ਨਹੀਂ ਹੋ ਸਕਦੀ। ਸੀ.ਐਮ. ਸਾਹਿਬ ਕਹਿੰਦੇ ਹਨ ਕਿ 30 ਕਰੋੜ ਰੁਪਏ ਦੇਣੇ ਹਨ। ਸਪੀਕਰ ਸਾਹਿਬ, ਇਹ ਕਾਰਪੋਰੇਸ਼ਨ ਦਾ ਕੈਪੀਟਲ ਅਮਾਊਂਟ ਨਹੀਂ ਬਣਨਾ। ਇਹ ਬੈਂਕਾਂ ਤੋਂ ਲੈਣਾ ਹੈ। ਉਥੇ ਗਰੰਟੀ ਦੇਣੀ ਪੈਂਦੀ ਹੈ। ਹੋਰ ਕਈ ਚੀਜ਼ਾਂ ਹਨ। ਜੇਕਰ ਕੈਪੀਟਲ ਅਮਾਊਂਟ ਬਣਾ ਦਿਉਗੇ ਤਾਂ ਇਹ ਸਾਡੀ ਕਾਰਪੋਰੇਸ਼ਨ ਦੀ ਜਾਇਦਾਦ ਬਣ ਜਾਏਗੀ । ਮੈਂ ਸੈਂਟਰ ਦੀ ਸਰਕਾਰ ਨੂੰ ਕਹਾਂਗਾ ਕਿ ਜਿਸ ਤਰ੍ਹਾਂ ਬਾਕੀ ਦੀਆਂ ਰੀਫਾਈਨਾਂਸ ਕਾਰਪੋਰੇਸ਼ਨਜ਼ ਬਣਾਈਆਂ ਹਨ ਉਸੇ ਤਰ੍ਹਾਂ ਇਸ ਦੀ ਵੀ ਬਣਾਈ ਜਾਵੇ। ਅੱਜ ਭੀ ਸੈਂਟਰ ਦੀ ਸਰਕਾਰ ਢਾਈ ਕਰੋੜ ਰੁਪਿਆ ਕਾਰਪੋਰੇਸ਼ਨ ਨੂੰ ਦਿੰਦੀ ਹੈ। ਇਸ ਨੂੰ ਚੰਗਾ ਬਣਾਉਣ ਵਾਸਤੇ ਸਾਨੂੰ ਪੈਸੇ ਦੀ ਹੋਰ ਲੋੜ ਹੈ। ਜਿਸ ਤਰ੍ਹਾਂ ਐਗਰੀਕਲਚਰ ਰੀਫਾਇਨਾਂਸ ਕਾਰਪੋਰੇਸ਼ਨ ਬਣਾਈ ਹੈ, ਇੰਡਸਟਰੀ ਦੀ ਰੀਫਾਈਨਾਂਸ ਕਾਰਪੋਰੇਸ਼ਨ ਹੈ ਇਸੇ ਤਰ੍ਹਾਂ ਇਸ ਦੀ ਵੀ ਬਣਾਓ ਤਾਂ ਕਿ ਅਸੀਂ ਉਸ ਪਾਸੋਂ ਪੈਸਾ ਲੈ ਕੇ ਆਪਣਾ ਕੰਮ ਚਲਾ ਸਕੀਏ ।

ਦੂਜਾ ਮਸਲਾ ਹੈ ਜ਼ਮੀਨ ਦਾ। ਚੰਗਾ ਕੀਤਾ ਅਸੀਂ ਪੜ੍ਹ ਲਿਖ ਗਏ। ਨੌਕਰੀਆਂ ਦੇ ਦਿੱਤੀਆਂ ਨਹੀਂ ਤਾਂ ਪਤਾ ਨਹੀਂ ਸਾਡੀ ਕੀ ਹਾਲਤ ਹੁੰਦੀ ? ਇਸ ਮੁਲਕ ਦੀ ਇਹ ਹਾਲਤ ਹੋ ਗਈ ਹੈ ਕਿ ਜੇਕਰ ਕਿਸੇ ਕੋਲ 4 ਕਿੱਲੇ ਜ਼ਮੀਨ ਹੈ, ਬੇਸ਼ਕ ਥੋੜ੍ਹੀ ਜਿਹੀ ਜ਼ਮੀਨ ਹੈ, ਉਸ ਦਾ ਟੌਰ ਟੱਪਾ ਹੋ ਜਾਂਦਾ ਹੈ। ਨਹੀਂ ਤਾਂ ਕੋਈ ਨਹੀਂ ਪੁੱਛਦਾ। ਇਸ ਦੇ ਲਈ ਤੁਸੀਂ ਇਕ ਕਮੇਟੀ ਬਣਾਈ ਸੀ। ਉਸ ਦੀਆਂ ਜਿਹੜੀਆਂ ਰਿਕੁਮੈਂਡੇਸ਼ਨਜ਼ ਹਨ ਜਿਨ੍ਹਾਂ ਵਿਚ ਲਿਖਿਆ ਹੋਇਆ ਹੈ ਕਿ ਜ਼ਮੀਨ ਹਰੀਜਨਾਂ ਨੂੰ ਮਿਲਣੀ ਸੀ ਪਰ ਗਰੈਬ ਕਰ ਲਈ ਗਈ। ਸਰਦਾਰ ਹਰਚੰਦ ਸਿੰਘ ਜਿਉਂਦਾ ਵੱਸਦਾ ਰਹੇ। ਉਸ ਨੇ ਰਿਪੋਰਟ ਵਿਚ ਦਸਿਆ ਹੈ ਕਿ ਜਿਹੜੇ ਜਾਬਰ ਲੋਕ ਹਨ, ਚਾਰ-ਚਾਰ ਸੌ ਏਕੜ ਜ਼ਮੀਨ ਉਨ੍ਹਾਂ ਨੇ ਅਲਾਟ ਕਰਾ ਲਈ ਹੈ। ਉਹ ਜ਼ਮੀਨ ਕਢਾਈ ਜਾਏ। ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਪਈ ਹੈ । ਉਸ ਨੂੰ ਇੰਪਲੀਮੈਂਟ ਕਰੋ। ਸਰਦਾਰ ਬੇਅੰਤ ਸਿੰਘ ਨੇ ਇਥੇ ਕਿਹਾ ਹੈ। ਉਸ ਨੇ ਹੌਂਸਲਾ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨੂੰ ਦੁਬਾਰਾ ਖੋਲ੍ਹ ਕੇ ਵੇਖਾਂਗੇ । ਮੈਂ ਕਹਾਂਗਾ ਕਿ ਜਿਨ੍ਹਾਂ ਦੀ ਆਪਣੇ ਪਿੰਡਾਂ ਵਿਚ ਸਰਪਲਸ ਜ਼ਮੀਨ ਪਈ ਸੀ ਉਹ ਵੀ ਉਥੇ ਜਾ ਕੇ 4, 4 ਸੌ ਏਕੜ ਜ਼ਮੀਨ ਖਰੀਦਦੇ ਜਾਂ ਅਲਾਟ ਕਰਵਾਉਂਦੇ ਹਨ । ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਇਹ ਜਾਣ ਕੇ ਹੈਰਾਨ ਹੋਣਗੇ ਕਿ ਇਹ ਜ਼ਮੀਨ ਜਿਹੜੀ ਅਲਾਟ ਹੋਈ, ਇਹ ਕਿਸੇ ਕੁੜੀ, ਬੁੜ੍ਹੀ ਜਾਂ ਬੰਦੇ ਦੇ ਦਸਤਖਤਾਂ ਦੇ ਉਪਰ ਨਹੀਂ ਹੋਈ । ਪਰ ਪਤਾ ਨਹੀਂ ਕਿਵੇਂ ਇਹ ਅਲਾਟ ਹੋ ਗਈ । ਜੇ ਉਨ੍ਹਾਂ ਨੇ ਖਰੀਦ ਲਈ ਹੈ ਤਾਂ ਬੇਸ਼ਕ ਆਪ ਰਖਣ। ਪਰ ਉਹ ਲੱਖ ਵੀ ਨਹੀਂ ਸਕਦੇ । ਉਹ ਟੁਕੜੇ ਟੁਕੜੇ ਬਣਾ ਕੇ ਉਸ ਜ਼ਮੀਨ ਨੂੰ ਮਹਿੰਗੇ ਭਾਅ ਵੇਚ ਰਹੇ ਹਨ। ਇਹ ਜ਼ਮੀਨਾਂ ਉਨ੍ਹਾਂ ਤੋਂ ਕੱਢਾ ਕੇ ਗਰੀਬ ਹਰੀਜਨਾਂ ਨੂੰ ਦਿੱਤੀਆਂ ਜਾਣ। ਸਪੀਕਰ ਸਾਹਿਬ, ਲਾਡੂ ਵਾਲਾ ਇੱਕ ਸੈਂਟਰਲ ਗੌਰਮਿੰਟ ਦਾ ਸੀਡ ਫਾਰਮ ਹੈ । ਤੁਸੀਂ ਆਪ ਜਾ ਕੇ ਵੇਖ ਲਓ। ਉਥੇ ਬਹੁਤ ਥੋੜ੍ਹੀ ਜ਼ਮੀਨ ਤੇ ਬੀਜ ਬੀਜਿਆ ਹੋਇਆ ਹੈ । ਬਾਕੀ ਜ਼ਮੀਨ ਬਿਲਕੁਲ ਖਾਲੀ ਪਈ ਹੈ । ਮੈਂ ਸੈਂਟਰ ਦੀ ਸਰਕਾਰ ਨੂੰ ਵੀ ਕਿਹਾ ਸੀ ਕਿ ਇਸ ਨੂੰ ਪੰਜਾਬ ਸਰਕਾਰ ਨੂੰ ਵਾਪਸ ਕਰ ਦਿਓ । ਉਨ੍ਹਾਂ ਨੇ ਕਿਹਾ ਸੀ ਕਿ ਸੂਰਤ ਕਲਾਂ ਅਤੇ ਲਾਡੂ ਵਾਲੀ ਦੇ ਫਾਰਮ ਵਾਪਸ ਕੀਤੇ ਜਾਣਗੇ । ਉਹ ਬਹੁਤ ਅੱਛੀ ਜ਼ਮੀਨ ਹੈ। ਬੇਸ਼ਕ ਉਹ ਜ਼ਮੀਨ ਰਾਜਪੂਤਾਂ ਨੂੰ ਦਿਓ, ਰਾਏ ਸਿਖਾਂ ਨੂੰ ਦਿਓ ਜਾਂ ਹਰੀਜਨਾਂ ਨੂੰ ਦਿਓ। ਜੇ ਉਨ੍ਹਾਂ ਨੂੰ ਨਹੀਂ ਤਾਂ ਬੇਸ਼ਕ ਪੰਜਾਬ ਗੌਰਮਿਟ ਵਾਪਸ ਲੈ ਕੇ ਆਪਣੇ ਕੋਲ ਰੱਖ ਲਵੇ ਅਤੇ ਰਾਜਪੂਤਾਂ, ਸਿਖਾਂ ਤੇ ਹਰੀਜਨਾਂ ਨੂੰ ਮਾਮਲੇ ਤੇ ਦੇ ਦੇਵੇ ।

ਸਪੀਕਰ ਸਾਹਿਬ, ਇਕ ਹਾਈ ਕੋਰਟ ਦੇ ਜੱਜ ਦੇ ਬਾਰੇ ਵਿਚ ਮੇਰੀ ਬੇਨਤੀ ਹੈ । ਇਸ ਰਿਪੋਰਟ ਵਿਚ ਵੀ ਇਹ ਰਿਕੁਮੈਂਡੇਸ਼ਨ ਹੈ ਕਿ ਜੂਡੀਸ਼ੀਅਲ ਕੋਰਟਾਂ ਵਿਚ ਵੀ ਸਾਡੀ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by:
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਇਹ ਪੰਜਾਬ ਦੀ ਧਰਤੀ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਭਗਤ ਰਵੀ ਦਾਸ, ਵਰਗੇ ਰਿਸ਼ੀਆਂ ਮੁੰਨੀਆਂ ਦੀ ਧਰਤੀ ਹੈ। ਇਥੇ ਸਾਂਝੇ ਧਰਮ ਹਨ। ਬੜਾ ਚੰਗਾ ਵਾਤਾਵਰਣ ਹੈ। ਪਰ ਇਸ ਧਰਤੀ ਤੇ ਹੁਣ ਤਕ ਸਾਡਾ ਕੋਈ ਹਾਈ ਕੋਰਟ ਦਾ ਜੱਜ ਨਹੀਂ ਲਗ ਸਕਿਆ। ਬੜੀ ਦੇਰ ਤੋਂ ਅਸੀਂ ਕਹਿੰਦੇ ਤੁਰੇ ਆ ਰਹੇ ਹਾਂ ਕਿ ਕੋਈ ਹਰੀਜਨ ਹਾਈ ਕੋਰਟ ਦਾ ਜੱਜ ਲਗਾਉਣਾ ਚਾਹੀਦਾ ਹੈ। ਹਰਿਆਣੇ ਅਤੇ ਪੰਜਾਬ ਦੀ ਹਾਈ ਕੋਰਟ ਵਿਚ ਕੋਈ ਹਰੀਜਨ ਜੱਜ ਨਹੀਂ ਹੈ। (ਵਿਘਨ) ਮੈਂ ਤਾਂ ਬਾਬਾ ਰਵੀਦਾਸ ਦੀ ਬਹੁਤ ਇਜ਼ਤ ਕਰਦਾ ਹਾਂ, ਇਤਨੀ ਸ਼ਾਇਦ ਤੁਸੀਂ ਵੀ ਨਾ ਕਰਦੇ ਹੋਵੋ। ਬਾਬਾ ਰਵੀ ਦਾਸ ਦਾ ਜ਼ਿਕਰ, ਗੁਰੂ ਗਰੰਥ ਸਾਹਿਬ ਵਿਚ ਮਿਲਦਾ ਹੈ। ਉਨ੍ਹਾਂ ਦਾ ਇਸ ਬਾਣੀ ਵਿਚ ਬੜਾ ਮਾਣ ਹੈ, ਸਤਿਕਾਰ ਹੈ। ਇਸ ਗਲ ਤੇ ਤੁਹਾਨੂੰ ਕਿੰਤੂ ਨਹੀਂ ਕਰਨੀ ਚਾਹੀਦੀ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਇਕ ਜਲਸੇ ਵਿਚ ਭਗਤ ਰਵੀ ਦਾਸ ਕਹਿ ਦਿੱਤਾ ਸੀ ਤਾਂ ਉਨ੍ਹਾਂ ਨੇ ਬੜਾ ਬੁਰਾ ਮੰਨਿਆ ਸੀ। ਇਹ ਅੱਜ ਆਪ ਇਥੇ ਭਗਤ ਰਵੀ ਦਾਸ ਕਹਿੰਦੇ ਹਨ। ਇਹ ਗੁਰੂ ਰਵੀ ਦਾਸ ਕਹਿਣ।

ਸ਼੍ਰੀ ਪਿਆਰਾ ਰਾਮ ਧਨੌਵਾਲੀਆ : ਸਪੀਕਰ ਸਾਹਿਬ, ਇਥੇ ਬਹਿਸ ਹੋਈ ਸੀ। ਛੇ ਸੌ ਸਾਲਾ ਸ਼ਤਾਬਦੀ ਗੁਰੂ ਰਵੀ ਦਾਸ ਦੀ ਜਦੋਂ ਮੰਨਾਈ ਗਈ ਸੀ ਤਾਂ ਉਦੋਂ ਇਹ ਫੈਸਲਾ ਹੋਇਆ ਸੀ ਕਿ ਉਨ੍ਹਾਂ ਨੂੰ ਗੁਰੂ ਰਵੀਦਾਸ ਕਹਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਭਗਤਾਂ ਨੂੰ ਬਹੁਤ ਵੱਡਾ ਰੁਤਬਾ ਦਿੱਤਾ ਗਿਆ ਹੈ। ਇਹ ਕਾਂਗਰਸੀਏ ਮੱਲੋ ਮੱਲੀ ਕਿਉਂ ਇਸ ਗਲ ਨੂੰ ਲਮਕਾਉਂਦੇ ਹਨ। ਗੁਰੂਆਂ ਦੀ ਬਾਣੀ ਵਿਚ ਉਨ੍ਹਾਂ ਨੂੰ ਬਹੁਤ ਵੱਡਾ ਸਥਾਨ ਦਿਤਾ ਗਿਆ ਹੈ।

ਵੈਦ ਕਰਤਾਰ ਸਿੰਘ (ਮਾਹਲਪੁਰ, ਐਸ. ਸੀ.) : ਸਪੀਕਰ ਸਾਹਿਬ, ਜਿਹੜੀ ਹਾਊਸ ਵਿਚ 1977-78 ਦੀ ਰਿਪੋਰਟ ਪੇਸ਼ ਹੋਈ ਹੈ, ਮੈਂ ਇਸ ਦੇ ਸਬੰਧ ਵਿਚ ਕੁਝ ਬੇਨਤੀਆਂ ਕਰਨ ਵਾਸਤੇ ਖੜਾ ਹੋਇਆ ਹਾਂ। ਪਹਿਲੀ ਗਲ ਤਾਂ, ਸਪੀਕਰ ਸਾਹਿਬ, ਇਹ ਹੈ ਕਿ ਇਸ ਦੇ ਵਿਚ ਰਿਜ਼ਰਵੇਸ਼ਨ ਦਾ ਬਹੁਤ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ 33 ਸਾਲਾਂ ਵਿਚ ਅਗਰ ਜੋ ਰਿਜ਼ਰਵੇਸ਼ਨ ਹੋਈ ਹੈ ਉਸ ਦੇ ਉਤੇ ਘੋਖ ਕਰੀਏ ਤਾਂ ਫਿਰ ਇਹ ਕਈ ਵਾਰੀ ਕਿੰਤੂ ਕਰਨ ਲਗ ਪੈਣਗੇ। ਉਹ ਰਿਪੋਰਟ ਪੜ੍ਹ ਕੇ ਆਪਣੇ ਆਪ ਗਿਆਨ ਹੋ ਜਾਂਦਾ ਹੈ ਕਿ ਕਿਤਨੀ ਕੁ ਸੇਵਾ ਅਸੀਂ ਇਨ੍ਹਾਂ ਦੀ ਕੀਤੀ ਹੈ। ਮੈਂ ਇਹ ਬੇਨਤੀ ਕਰਾਂਗਾ ਕਿ ਜਦੋਂ ਡਾਕਟਰ ਅੰਬੇਦਕਰ ਨੇ ਹਿੰਦੁਸਤਾਨ ਦਾ ਵਿਧਾਨ ਬਣਾਇਆ ਸੀ ਉਸ ਵੇਲੇ ਜਿਹੜੀਆਂ ਪੱਛੜੀਆਂ ਹੋਈਆਂ ਕੌਮਾਂ ਸਨ, ਜਿਨ੍ਹਾਂ ਨੂੰ ਸਮਾਜ ਨੇ ਬਹੁਤ ਪਛਾੜਿਆ ਹੋਇਆ ਸੀ, ਉਨ੍ਹਾਂ ਦੇ ਵਾਸਤੇ ਕੁਝ ਰਿਆਇਤਾਂ ਦਿੱਤੀਆਂ, ਉਨ੍ਹਾਂ ਦੇ ਵਜ਼ੀਫੇ ਲਾਏ, ਫੀਸਾਂ ਮੁਆਫ ਕੀਤੀਆਂ ਅਤੇ ਰਿਜ਼ਰਵੇਸ਼ਨ ਨੌਕਰੀਆਂ ਵਿਚ ਰੱਖੀ। ਲੇਕਿਨ 1954-55 ਵਿਚ ਉਸ ਵਿਧਾਨ ਦੀ ਇਨ੍ਹਾਂ ਨੇ ਰੂਪ ਰੇਖਾ ਹੀ ਬਦਲ ਦਿੱਤੀ। ਅਗੇ 1955 ਤਕ ਜਦੋਂ ਅਸੀਂ ਆਪਣੇ ਫਾਰਮ ਭਰ ਕੇ ਦਿੰਦੇ ਸੀ ਉਸ ਵੇਲੇ ਉਸ ਵਿਚ ਲਿਖਦੇ ਸੀ ਕਿ ਚਮਾਰ ਹਾਂ, ਚੂੜੇ ਹਾਂ, ਨਾਈ ਹਾਂ, ਛੀਂਬੇ ਹਾਂ। ਇਹ ਜਾਤਾਂ ਲਿਖ ਕੇ ਸਾਨੂੰ ਵਜ਼ੀਫੇ ਮਿਲਦੇ ਸਨ। ਪਰ ਇਨ੍ਹਾਂ ਨੇ ਉਸ ਫਾਰਮ ਵਿਚ ਦੋ ਆਈਟਮਾਂ ਹੋਰ ਪਾ ਦਿੱਤੀਆਂ। ਬੈਕਵਰਡ ਕਲਾਸ ਵਾਲੇ ਵੀ ਵਿਚ ਲਿਆ ਦਿੱਤੇ। ਮੈਂ ਉਨ੍ਹਾਂ ਦੀ ਕੋਈ ਵਿਰੋਧਤਾ ਨਹੀਂ ਕਰਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜੇ ਸਮਾਜ ਦੇ ਪਛੜੇ ਹੋਏ ਲੋਕ ਹਨ, ਉਨ੍ਹਾਂ ਨੂੰ ਹੋਰ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ। ਪਰ ਸਾਡੇ ਹੱਕਾਂ ਤੇ ਛਾਪਾ ਮਾਰ ਕੇ ਉਨ੍ਹਾਂ ਨੂੰ ਕਿਉਂ ਰਿਆਇਤਾਂ ਦਿੱਤੀਆਂ ਜਾਣ। ਸ਼ਡਿਊਲਡ ਕਾਸਟਸ ਵਾਸਤੇ 25 ਫੀਸਦੀ ਰਿਜ਼ਰਵੇਸ਼ਨ ਰਖੀ ਹੋਈ ਹੈ। ਅਗਰ ਬੈਕਵਰਡ ਕਲਾਸ ਵਾਲਿਆਂ ਨੂੰ ਦੇਣੀ ਹੈ ਤਾਂ ਬੇਸ਼ਕ 25 % ਉਨ੍ਹਾਂ ਵਾਸਤੇ ਵੀ ਕਰ ਦਿਓ। ਇਸ ਵਿਚ ਸਾਨੂੰ ਕੋਈ ਇਤਰਾਜ਼ ਨਹੀਂ। ਇਸ ਵਿਚ ਇਹ ਵੀ ਕਰ ਦਿੱਤਾ

Original with;
Punjab Vidhan Sabha
Digitized by;
Panjab Digital Library

ਕਿ ਜਿਹੜੇ ਆਦਮੀ ਦੀ 1800 ਰੁਪਏ ਸਾਲਾਨਾ ਆਮਦਨ ਹੋਵੇਗੀ ਉਸ ਨੂੰ ਵਜ਼ੀਫਾ ਨਹੀਂ ਮਿਲੇਗਾ, ਉਸ ਦੀ ਫੀਸ ਮੁਆਫ ਨਹੀਂ ਹੋਵੇਗੀ, ਸਗੋਂ ਉਸ ਦੀ ਫੀਸ ਲਗੇਗੀ । ਬੈਕਵਰਡ ਕਲਾਸਾਂ ਨੂੰ ਸਾਡੇ ਨਾਲ ਮਿਲਾ ਕੇ ਸਾਡਾ ਨਾਸ ਕਰ ਦਿੱਤਾ । ਹੁਣ ਇਸ ਦੇ ਵਾਸਤੇ ਲੋਕ ਤੁਰੇ ਰਹਿਣ । 1964 ਵਿਚ 3,600 ਰੁਪਏ ਸਾਲਾਨਾ ਆਮਦਨ ਕਰ ਦਿੱਤੀ । 3,600 ਰੁਪਏ ਸਾਲਾਨਾ ਆਮਦਨ ਵਾਲੇ ਦੀ ਤਾਂ ਫੀਸ ਮੁਆਫ ਹੋ ਸਕਦੀ ਹੈ ਅਤੇ ਵਜ਼ੀਫਾ ਉਸ ਨੂੰ ਮਿਲ ਸਕਦਾ ਹੈ। ਅੱਜ ਦੇ ਹਾਲਾਤ ਇਹ ਹਨ ਕਿ ਜਿਹੜਾ ਸ਼ਡਿਊਲਡ ਕਾਸਟ ਚਪੜਾਸੀ ਲਗਾ ਹੋਇਆ ਹੈ ਉਸ ਦੀ ਵੀ ਸਾਲਾਨਾ ਆਮਦਨ 3,600 ਰੁਪਏ ਤੋਂ ਵੱਧ ਹੈ। ਉਹ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦਾ। ਇਸ ਵਾਸਤੇ ਮੈਂ ਬੇਨਤੀ ਕਰਾਂਗਾ ਕਿ ਅਗਰ ਸ਼ਡਿਊਲਡ ਕਾਸਟਸ ਦੀ ਹਮਦਰਦੀ ਸਰਕਾਰ ਰਖਦੀ ਹੈ, ਜੇ ਇਨ੍ਹਾਂ ਨੂੰ ਉਪਰ ਚੁਕਣਾ ਚਾਹੁੰਦੀ ਹੈ ਤਾਂ ਇਨ੍ਹਾਂ ਦੀ ਸਾਲਾਨਾ ਆਮਦਨ ਦੀ ਹੱਦ 15,000 ਰੁਪਏ ਰਖੀ ਜਾਵੇ। 15,000 ਰੁਪਏ ਸਾਲਾਨਾ ਆਮਦਨ ਵਾਲੇ ਨੂੰ ਵੀ ਇਹ ਸਾਰੀਆਂ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ। ਇਹ ਲੋਕ ਵੀ ਆਪਣੇ ਬੱਚਿਆਂ ਨੂੰ ਪੜ੍ਹਾ ਸਕਣ। ਲੇਕਿਨ ਇਧਰਲੇ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ । ਦੂਸਰੇ ਪਾਸੇ ਜੇ ਸਰਵਿਸ ਵਿਚ ਉੱਚੀ ਪੱਦਵੀ ਮਿਲਣੀ ਹੋਵੇ ਤਾਂ ਇਹ ਕਹਿ ਦਿੰਦੇ ਹਨ ਕਿ ਇਸ ਕੈਟੇਗਰੀ ਦਾ ਸ਼ਡਿਊਲਡ ਕਾਸਟ ਆਦਮੀ ਨਹੀਂ ਮਿਲਦਾ, ਜਿਸ ਕੋਲ ਪੂਰਾ ਤਜਰਬਾ ਹੋਵੇ ਜਾਂ ਜਿਸ ਦੀ ਪੂਰੀ ਕੁਆਲੀਫਿਕੇਸ਼ਨ ਹੋਵੇ। ਅੱਜ ਚੌਧਰੀ ਜਗਤ ਰਾਮ, ਭਲਾਈ ਮੰਤਰੀ, ਨੇ ਜਵਾਬ ਦਿੰਦਿਆਂ ਕਿਹਾ ਹੈ ਕਿ ਉਸ ਆਦਮੀ ਦਾ ਚਾਰ ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ। ਮੈਂ ਤੁਹਾਡੇ ਰਾਹੀਂ ਚੌਧਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਹ ਆਦਮੀ ਚਾਰ ਸਾਲ ਦਾ ਤਜਰੁਬਾ ਕਿਥੋਂ ਲਿਆਵੇਗਾ। ਇਹ ਸਰਕਾਰ ਨੇ ਇਕ ਨਵੀਂ ਰੁਕਾਵਟ ਪੈਦਾ ਕਰ ਦਿੱਤੀ ਹੈ ਤਾਂ ਕਿ ਹਰੀਜਨ ਅਗੇ ਨਾ ਵੱਧ ਸਕਣ। ਮੈਂ ਇਹ ਏਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਰੁਕਾਵਟਾਂ ਦੂਰ ਕਰ ਕੇ ਜਿਸ ਆਦਮੀ ਦੀ ਕੁਆਲੀਫਿਕੇਸ਼ਨ ਪੂਰੀ ਹੈ ਉਸ ਨੂੰ ਸਰਵਿਸ ਦੇ ਦਿੱਤੀ ਜਾਵੇ, ਤਜਰਬੇ ਵਾਲੀ ਸ਼ਰਤ ਕੱਢ ਦਿਤੀ ਜਾਵੇ।

ਸਪੀਕਰ ਸਾਹਿਬ, ਇਕ ਬੇਨਤੀ ਮੈਂ ਸਰਵਿਸਿਜ਼ ਵਿਚ ਤਰੱਕੀ ਦੇਣ ਦੇ ਬਾਰੇ ਕਰਨਾ ਚਾਹੁੰਦਾ ਹਾਂ। ਚੌਧਰੀ ਜਗਤ ਰਾਮ ਵੀ ਸ਼ਡਿਊਲਡ ਕਾਸਟਸ ਵੈਲਫੇਅਰ ਕਮੇਟੀ ਦੇ ਚੇਅਰਮੈਨ ਰਹੇ ਹਨ। ਮੈਂ ਵੀ ਰਿਹਾ ਹਾਂ। ਉਥੇ ਇਕ ਕੇਸ ਆਇਆ ਸੀ। ਮੈਂ ਉਸ ਕਰਮਚਾਰੀ ਦਾ ਨਾਂ ਨਹੀਂ ਲੈਣਾ ਚਾਹੁੰਦਾ। ਜਿਹੜਾ ਨਾਨ-ਸ਼ਡਿਊਲਡ ਕਾਸਟ ਸੀ ਉਸ ਨੂੰ ਤਿੰਨ ਸਾਲ ਦੀ ਰਿਆਇਤ ਦੇ ਕੇ ਪ੍ਰਮੋਸ਼ਨ ਦਿੱਤੀ ਗਈ। ਲੇਕਿਨ ਸ਼ਡਿਊਲਡ ਕਾਸਟ ਕੈਂਡੀਡੇਟ ਨੂੰ ਕੋਈ ਰਿਆਇਤ ਨਹੀਂ ਦਿੱਤੀ ਗਈ। ਅਗਰ 10 ਸਾਲ ਵਿਚੋਂ ਨਾਨ-ਸ਼ਡਿਊਲਡ ਕਾਸਟ ਨੂੰ 4 ਸਾਲ ਦਾ ਤਜਰਬਾ ਹੈ ਤਾਂ ਇਹ ਲਿਖ ਦਿੰਦੇ ਹਨ ਕਿ ਉਸ ਦੇ ਚੰਗੇ ਕੰਮ ਨੂੰ ਵੇਖਦੇ ਹੋਏ ਤਰੱਕੀ ਦਿਤੀ ਜਾਵੇ। ਮੈਂ ਕਹਿੰਦਾ ਹਾਂ ਕਿ ਓਵਰ-ਸੀਅਰ ਤੋਂ ਐਸ. ਡੀ. ਓ. ਬਣਨ ਲਈ ਇਨ੍ਹਾਂ ਨੇ 10 ਸਾਲ ਦਾ ਤਜਰਬਾ ਰਖਿਆ ਹੈ। ਜੇ ਸਰਕਾਰ ਇਮਾਨਦਾਰੀ ਨਾਲ, ਨੇਕ ਨੀਤੀ ਨਾਲ ਹਰੀਜਨਾਂ ਨੂੰ ਉਪਰ ਚੁਕਣਾ ਚਾਹੁੰਦੀ ਹੈ ਤਾਂ ਉਨ੍ਹਾਂ ਵਾਸਤੇ ਤਜਰਬਾ ਚਾਰ ਸਾਲ ਤੋਂ ਵੱਧ ਨਹੀਂ ਹੋਣਾ ਚਾਹੀਦਾ ਤਾਂ ਕਿ ਉਹ ਗਰੀਬ ਲੋਕ ਵੀ ਤਰੱਕੀ ਕਰ ਸਕਣ ਅਤੇ ਅੱਗੇ ਵੱਧ ਸਕਣ।

ਸਪੀਕਰ ਸਾਹਿਬ, ਚੌਧਰੀ ਸਾਹਿਬ ਆਪ ਵੈਲਫੇਅਰ ਕਮੇਟੀ ਦੇ ਚੇਅਰਮੈਨ ਰਹੇ ਹਨ । ਉਹ ਅੱਜ ਵੈਲਫੇਅਰ ਮਨਿਸਟਰ ਹਨ। ਮੈਂ ਵੀ ਉਸ ਕਮੇਟੀ ਦਾ ਦੋ ਤਿੰਨ ਸਾਲ ਚੇਅਰਮੈਨ ਰਿਹਾ ਹਾਂ । ਮੈਂ ਚੌਧਰੀ ਜਗਤ ਰਾਮ ਜੀ ਦੀ ਰਿਪੋਰਟ ਅਤੇ ਸਰਦਾਰ ਹਰਚੰਦ ਸਿੰਘ ਦੀ ਰਿਪੋਰਟ ਪੜ੍ਹੀ ਹੈ। ਐਜੂਕੇਸ਼ਨ ਡਿਪਾਰਟਮੈਂਟ ਵਿਚ, ਇਨ੍ਹਾਂ ਦੀ ਆਪਣੀ ਓਬਜ਼ਰਵੇਸ਼ਨ ਹੈ, ਸਿਰਫ ਸਾਢੇ ਤਿੰਨ ਫੀਸਦੀ ਰਿਜ਼ਰਵੇਸ਼ਨ ਹੁਣ ਤਕ ਪੂਰੀ ਹੋ ਸਕੀ ਹੈ । ਕੁਝ ਆਦਮੀ ਹੋਰ ਲਏ ਹੋਣਗੇ। ਮੈਂ ਸਮਝਦਾ ਹਾਂ ਕਿ ਚਾਰ ਫੀਸਦੀ ਹੋ ਗਈ ਹੋਵੇਗੀ। ਲੇਕਿਨ ਉਥੇ 100 ਵਿਚੋਂ 25 ਜ਼ਰੂਰ ਹੋਣੇ ਚਾਹੀਦੇ ਹਨ। ਜਿਥੇ ਅਸੀਂ ਹਰ ਸਾਲ ਡੇਢ-ਡੇਢ ਸੌ ਸਕੂਲ ਖੋਲ੍ਹਦੇ ਹਾਂ, ਅਪਗ੍ਰੇਡ ਕਰਦੇ ਹਾਂ ਜੇਕਰ ਉਥੇ ਵੀ ਰਿਜ਼ਰਵੇਸ਼ਨ ਪੂਰੀ ਨਹੀਂ ਹੋ ਸਕੀ

Original with;
Punjab Vidhan Sabha
Digitized by;
Panjab Digital Library

[ਵੈਦ ਕਰਤਾਰ ਸਿੰਘ]

ਤਾਂ ਆਈ. ਏ. ਐਸ. ਤੇ ਪੀ. ਸੀ. ਐਸ. ਵਿਚ ਅਸੀਂ ਕਿਸ ਤਰਾਂ ਪੂਰੀ ਕਰ ਸਕਦੇ ਹਾਂ । ਉਥੇ ਤਾਂ ਦੋ, ਤਿੰਨ ਪਰਸੈਂਟ ਹੀ ਹੋਵੇਗੀ। ਇਸ ਵਾਸਤੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੀ. ਐਡ. ਦੀਆਂ ਤੁਸੀਂ ਜਿਹੜੀਆਂ ਕਲਾਸਾਂ ਖੋਲ੍ਹ ਰਹੇ ਹੋ ਉਸੇ ਰਿਜਰਵੇਸ਼ਨ ਨੂੰ ਪੂਰਾ ਕਰਨ ਲਈ ਸਾਡੇ ਹੀ ਸਾਰੇ ਆਦਮੀਆਂ ਨੂੰ ਟ੍ਰੇਨਿੰਗ ਦੇਣੀ ਚਾਹੀਦੀ ਹੈ। ਕਮਿਸ਼ਨਰ ਦੀ ਸਿਫਾਰਸ਼ ਹੈ ਕਿ ਇਸ ਭਾਰੀ ਘਾਟ ਨੂੰ ਪੂਰਾ ਕਰਨ ਵਾਸਤੇ ਇਸ ਪਾਸੇ ਧਿਆਨ ਦਿੱਤਾ ਜਾਵੇ। ਪਰ ਇਸ ਪਾਸੇ ਘੱਟ ਧਿਆਨ ਦਿੱਤਾ ਗਿਆ ਹੈ। ਦੋ ਸਾਲ ਅਸੀਂ ਰਾਜ ਕੀਤਾ ਹੈ, ਬਾਕੀ ਤਾਂ, ਸਪੀਕਰ ਸਾਹਿਬ, ਇਹ ਹੀ ਰਾਜ ਕਰਦੇ ਰਹੇ ਹਨ । ਇਨ੍ਹਾਂ ਨੇ ਇਸ ਪਾਸੇ ਨਹੀਂ ਵੇਖਿਆ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਿਪੋਰਟ ਤਾਂ ਤੁਹਾਡੇ ਹੀ ਰਾਜ ਦੀ ਹੈ। ਇਸ ਨੂੰ ਪੜ੍ਹ ਕੇ ਤੁਹਾਨੂੰ ਆਪ ਹੀ ਸ਼ਰਮਿੰਦਾ ਹੋਣਾ ਚਾਹੀਦਾ ਹੈ ਕਿ ਤੁਸੀਂ ਸ਼ਡਿਊਲਡ ਕਾਸਟਸ ਲਈ ਕੁਝ ਨਹੀਂ ਕਰ ਸਕੇ ।

ਦੂਸਰੀ ਗੱਲ, ਸਪੀਕਰ ਸਾਹਿਬ, ਇਹ ਹੈ ਕਿ ਇੰਪਲਾਇਮੈਂਟ ਬ੍ਰਾਂਚ ਵਿਚ ਜਿਹੜਾ ਸੁਪਰਡੈਂਟ ਹੈ ਉਹ ਨਾਨ-ਸ਼ਡਿਊਲਡ ਕਾਸਟ ਹੈ। ਉਹ ਨੌਕਰੀ ਵੇਲੇ ਸਿਰ ਸਾਡੇ ਨੌਜਵਾਨਾਂ ਲਈ ਨਹੀਂ ਕੱਢੇਗਾ । ਇਸ ਲਈ ਜੇਕਰ ਤੁਸੀਂ ਨੇਕ ਨੀਤੀ ਨਾਲ ਸ਼ਡਿਊਲਡ ਕਾਸਟਾਂ ਨੂੰ ਉਚਾ ਚੁਕਣਾ ਚਾਹੁੰਦੇ ਹੋ ਤਾਂ ਜਿਹੜਾ ਵੀ ਉਥੇ ਸੁਪਰਡੰਟ ਹੈ ਜਾਂ ਅਸਿਸਟੈਂਟ ਸੁਪਰਡੰਟ ਹੈ ਉਹ ਸ਼ਡਿਊਲਡ ਕਾਸਟ ਹੋਣਾ ਚਾਹੀਦਾ ਹੈ ਤਾਕਿ ਹਰੀਜਨਾਂ ਨੂੰ ਵੇਲੇ ਸਿਰ ਨੌਕਰੀ ਮਿਲ ਸਕੇ। ਇਸ ਤੋਂ ਇਲਾਵਾ ਮੈਂ ਇਹ ਵੀ ਕਹਾਂਗਾ ਕਿ ਇਕ ਦੇ ਅਫਸਰ ਮਹਿਕਮੇਂ ਵਿਚ ਹੋਣੇ ਚਾਹੀਦੇ ਹਨ ਜਿਹੜੇ ਕਿ ਤਾਲ ਮੇਲ ਕਰ ਸਕਣ ਅੌਰ ਵੇਖ ਸਕਣ ਕਿ ਕਿਹੜੇ ਸਾਧਨ ਹਨ, ਜਿਨ੍ਹਾਂ ਨਾਲ ਰਿਜ਼ਰਵੇਸ਼ਨ ਪੂਰੀ ਹੋ ਸਕੇਗੀ। ਜਿਤਨਾ ਚਿਰ ਸਰਕਾਰ ਇਸ ਪਾਸੇ ਪੂਰਾ ਧਿਆਨ ਨਹੀਂ ਦਿੰਦੀ ਇਹ ਰਿਜ਼ਰਵੇਸ਼ਨ ਪੂਰੀ ਨਹੀਂ ਹੋ ਸਕੇਗੀ ਅੌਰ ਸ਼ਡਿਊਲਡ ਕਾਸਟਸ ਇਸ ਤਰ੍ਹਾਂ ਹੀ ਆਪਣੇ ਦਿਨ ਪੂਰੇ ਕਰਦੇ ਚਲੇ ਜਾਣਗੇ। (ਘੰਟੀ) ਸੋ, ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਪੁਲਿਸ ਵਿੱਚ ਰਿਜ਼ਰਵੇਸ਼ਨ ਵਾਸਤੇ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਇਕ ਆਰਡਰ ਕੀਤਾ ਸੀ। ਮੈਂ ਉਸ ਵਾਸਤੇ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਸੀ ਕਿ ਪਟਵਾਰੀਆਂ ਅੌਰ ਕਾਂਸਟੇਬਲਾਂ ਵਿਚ ਸ਼ਡਿਊਲਡ ਕਾਸਟਸ ਦੀ 50% ਭਰਤੀ ਹੋਣੀ ਚਾਹੀਦੀ ਹੈ। ਲੇਕਿਨ ਉਹ ਪੂਰੀ ਨਹੀਂ ਹੋਈ। ਪਟਵਾਰੀਆਂ ਅੌਰ ਕਾਂਸਟੇਬਲਾਂ ਦੀ ਭਰਤੀ ਲਈ ਸਾਡੇ ਮੁੰਡੇ ਘੁੰਮਦੇ ਫਿਰਦੇ ਹਨ। ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਉਸ ਵੇਲੇ ਹੋਮ ਮਨਿਸਟਰ ਸੀ ਜਦੋਂ ਇਹ ਆਰਡਰ ਹੋਇਆ ਸੀ। ਤੁਸੀਂ ਇਸ ਪਾਸੇ ਉਚੇਚਾ ਧਿਆਨ ਦਿਓ ਤਾਕਿ ਪਟਵਾਰੀਆਂ ਅੌਰ ਕਾਂਸਟੇਬਲਾਂ ਵਿਚ ਰਿਜ਼ਰਵੇਸ਼ਨ ਪੂਰੀ ਹੋ ਸਕੇ। ਪੁਲਿਸ ਡਿਪਾਰਟਮੈਂਟ ਦੀਆਂ ਉਪਰਲੇ ਦਰਜੇ ਦੀਆਂ ਪੋਸਟਾਂ ਵਿਚ ਤਾਂ, ਸਪੀਕਰ ਸਾਹਿਬ, ਰਿਜ਼ਰਵੇਸ਼ਨ ਦਾ ਭੋਗ ਪਿਆ ਹੋਇਆ ਹੈ। ਜੇਕਰ ਸ਼ਡਿਊਲਡ ਕਾਸਟ ਦੀ ਵਾਰੀ ਆਉਂਦੀ ਹੈ ਤਾਂ ਉਸ ਨੂੰ ਤਰੱਕੀ ਨਹੀਂ ਦਿੱਤੀ ਜਾਂਦੀ। ਜੇਕਰ ਰਿਜ਼ਰਵੇਸ਼ਨ ਦੇ ਹਿਸਾਬ ਨਾਲ ਵਾਰੀ ਡੀ.ਐਸ.ਪੀ. ਦੀ ਆਉਂਦੀ ਹੈ ਤਾਂ ਕਿਸੇ ਨੂੰ ਕਿਹਾ ਜਾਂਦਾ ਹੈ ਕਿ ਤੇਰੀ ਅੱਖ ਵਿੰਗੀ ਹੈ, ਕਿਸੇ ਨੂੰ ਕਿਹਾ ਜਾਂਦਾ ਹੈ ਕਿ ਤੇਰਾ ਕੰਨ ਵਿੰਗਾ ਹੈ, ਲੱਤ ਵਿੰਗੀ ਹੈ, ਇਹ ਸਾਰੇ ਬਹਾਨੇ ਹਨ ਜਿਨ੍ਹਾਂ ਨਾਲ ਸ਼ਡਿਊਲਡ ਕਾਸਟਾਂ ਦੀਆਂ ਤਰੱਕੀਆਂ ਰੋਕੀਆਂ ਜਾਂਦੀਆਂ ਹਨ, ਜਦੋਂ ਕਿ ਅਸਲ ਗੱਲ ਕੋਈ ਨਹੀਂ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੂਰ ਕਰਕੇ ਸ਼ਡਿਊਲਡ ਕਾਸਟਸ ਨੂੰ ਠੀਕ ਤਰੀਕੇ ਨਾਲ, ਰਿਜ਼ਰਵੇਸ਼ਨ ਦੇ ਹਿਸਾਬ ਨਾਲ ਤਰੱਕੀ ਦੇਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਉਪਰ ਬੈਠੇ ਇਸ (ਘੰਟੀ) ਗੱਲ ਵਿਚ ਰੁਕਾਵਟ ਪਾਉਂਦੇ ਹਨ ਉਹ ਵਿਧਾਨ ਦੀ ਤੌਹੀਨ ਕਰਦੇ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਅਫਸਰਾਂ ਦੇ ਕੰਨ ਖਿੱਚ ਕੇ ਰਿਜ਼ਰਵੇਸ਼ਨ ਪੂਰੀ ਕਰਨੀ ਚਾਹੀਦੀ ਹੈ। ਮੈਂ ਇਤਨੀ ਬੇਨਤੀ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸ਼੍ਰੀ ਸਪੀਕਰ ਨੇ ਕਾਮਰੇਡ ਸੱਘੜ ਸਿੰਘ ਜੀ ਨੂੰ ਬੋਲਣ ਲਈ ਆਗਿਆ ਦਿੱਤੀ। ਪ੍ਰੰਤੂ ਉਹ ਖੜੇ ਹੋ ਕੇ ਫਿਰ ਬੈਠ ਗਏ। ਫਿਰ ਸ਼੍ਰੀ ਸਪੀਕਰ ਨੇ ਸਰਦਾਰ ਦਰਸ਼ਨ ਸਿੰਘ ਕੇ.ਪੀ. ਬੋਲਣ ਲਈ ਆਗਿਆ ਦਿੱਤੀ। ਇਸ ਸਮੇਂ ਕਾਮਰੇਡ ਦਯਾ ਸਿੰਘ ਜੀ ਬੋਲਣ ਲਈ ਖੜੇ ਸਨ।)

ਸ਼੍ਰੀ ਸਪੀਕਰ : ਕਾਮਰੇਡ ਦਯਾ ਸਿੰਘ ਜੀ, ਤੁਸੀਂ ਬੈਠੋ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਕਾਲ ਅਪਾਨ ਕੀਤਾ ਹੈ ਜੀ। ਸਾਡੀ ਪਾਰਟੀ ਨੂੰ ਟਾਈਮ ਨਹੀਂ ਮਿਲਿਆ। ਤੁਸੀਂ ਫਿਰ ਕਾਂਗਰਸ ਪਾਰਟੀ ਨੂੰ ਟਾਈਮ ਦੇ ਦਿੱਤਾ ਹੈ ਜੀ।

ਸ਼੍ਰੀ ਸਪੀਕਰ : ਕਾਂਗਰਸ ਪਾਰਟੀ ਦਾ ਟਾਈਮ ਬਹੁਤ ਜ਼ਿਆਦਾ ਹੈ। ਮੈਂ ਸੀ.ਪੀ.ਆਈ. ਨੂੰ ਟਾਈਮ ਦਿੱਤਾ ਹੈ। ਉਹ ਬੋਲਣਾ ਚਾਹੁੰਣ ਤਾਂ ਬੋਲ ਲੈਣ।

ਕਾਮਰੇਡ ਸੱਘੜ ਸਿੰਘ (ਨਿਹਾਲਾ ਸਿੰਘ ਵਾਲਾ) : ਸਪੀਕਰ ਸਾਹਿਬ, ਤੁਸੀਂ ਅੱਜ ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ ਤੇ ਡਿਸਕਸ਼ਨ ਕਰਵਾ ਰਹੇ ਹੋ। ਇਹ ਪੱਛੜੇ ਵਰਗ ਵਾਸਤੇ ਬੜੀ ਚੰਗੀ ਗੱਲ ਹੈ। ਸਾਡੇ ਐਮ. ਐਲ. ਏਜ਼ ਆਪੋ ਆਪਣੇ ਸੁਝਾਓ ਦੇ ਰਹੇ ਹਨ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਸ ਵੇਲੇ ਸਾਡੇ ਮੁੱਖ ਮੰਤਰੀ ਜੀ ਅੌਰ ਵੈਲਫੇਅਰ ਮਹਿਕਮੇ ਦੇ ਮੰਤਰੀ ਸਾਹਿਬ ਵੀ ਇਥੇ ਬੈਠੇ ਹਨ ਅੌਰ ਉਹ ਸਾਡੇ ਸੁਝਾਵਾਂ ਵੱਲ ਪੂਰੀ ਤਵੱਜੋ ਦੇ ਰਹੇ ਹਨ।.....

ਸ਼੍ਰੀ ਸਪੀਕਰ : ਤੁਸੀਂ ਤਿੰਨ ਚਾਰ ਮਿੰਟਾਂ ਵਿਚ ਹੀ ਖਤਮ ਕਰ ਦੇਣਾ।

ਕਾਮਰੇਡ ਸੱਘੜ ਸਿੰਘ : ਠੀਕ ਹੈ। ਸ਼ਪੀਕਰ ਸਾਹਿਬ, ਸਾਡਾ ਹਿੰਦੁਸਤਾਨ ਨੂੰ ਆਜ਼ਾਦ ਹੋਇਆਂ 33 ਸਾਲ ਹੋ ਗਏ ਹਨ। ਸਾਡੇ ਮੁੱਖ ਮਸਲੇ 'ਕੁੱਲੀ', ਗੁੱਲੀ ਤੇ ਜੁਲੀ' ਹਨ ਜਿਨ੍ਹਾਂ ਦਾ ਅਜੇ ਤਕ ਕੋਈ ਹੱਲ ਨਹੀਂ ਹੋਇਆ। ਜਿਹੜੇ ਗਰੀਬ ਲੋਕ ਹਨ ਉਨ੍ਹਾਂ ਲਈ ਭਾਵੇਂ ਕਿਤਨਾਂ ਵੀ ਕਾਂਗਰਸ ਸਰਕਾਰ ਨੇ ਨਾਹਰਾ ਦਿੱਤਾ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਘਰਾਂ ਲਈ ਪਲਾਟ ਦੇਣੇ ਹਨ ਅੌਰ ਸੋਸਾ-ਇਟੀਆਂ ਦੀ ਰਾਹੀਂ ਚਾਰ, ਚਾਰ ਹਜ਼ਾਰ ਰੁਪਏ ਦੈ ਕੇ ਉਨ੍ਹਾਂ ਨੂੰ ਕਰਜ਼ੇ ਦੇਣੇ ਹਨ ਤਾਕਿ ਉਹ ਆਪਣਾ ਸਿਰ ਢੱਕਣ ਲਈ ਘਰ ਬਣਾ ਸਕਣ। ਲੇਕਿਨ ਉਹ ਵੀ ਗੱਲ ਸਿਰੇ ਨਾ ਚੜ੍ਹੀ। ਸਪੀਕਰ ਸਾਹਿਬ, ਸਾਡੇ ਭਾਰਤ ਵਿਚ ਕਰੋੜਾਂ ਲੋਕ ਉਹ ਵੱਸਦੇ ਹਨ ਜਿਨ੍ਹਾਂ ਦਾ ਨਾ ਘਰ ਹੈ ਨਾ ਘਾਟ ਹੈ, ਜਿਨ੍ਹਾਂ ਨੂੰ ਲੋਕ ਟੱਪਰੀਵਾਸ ਵੀ ਕਹਿੰਦੇ ਹਨ। ਉਹ ਲੋਕ ਪੰਜਾਬ ਵਿਚ ਵੀ ਵੇਖੋ ਛੱਪੜਾਂ ਦੇ ਕਿਨਾਰਿਆਂ ਤੇ ਆਪਣੇ ਸਿਰ ਲੁਕਾਣ ਲਈ ਤੰਬੂਆਂ ਦੀ ਛਾਂ ਕਰਕੇ ਬੈਠੇ ਹਨ। ਉਹ ਲੋਕ ਲੱਖਾਂ ਦੀ ਤਾਦਾਦ ਵਿਚ ਸਾਡੇ ਦੇਸ਼ ਵਿਚ ਵੱਸਦੇ ਹਨ ਜਿਨ੍ਹਾਂ ਨੂੰ ਕਿ ਸਰਕਾਰ ਵਸਾ ਨਹੀਂ ਸਕੀ। ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਲਈ ਪੰਜਾਬ ਦੇ ਵਿਚ ਜਗ੍ਹਾ ਦੇ ਕੇ, ਉਨ੍ਹਾਂ ਲਈ ਘਰ ਬਣਾ ਕੇ ਦੇਣ ਤਾਕਿ ਘੱਟੋ ਘੱਟ ਉਨ੍ਹਾਂ ਨੂੰ ਸਿਰ ਲੁਕਾਣ ਲਈ ਜਗ੍ਹਾ ਤਾਂ ਮਿਲੇ।

ਜਿੱਥੋਂ ਤਕ, ਸਪੀਕਰ ਸਾਹਿਬ, ਸਾਡੇ ਦੇਸ਼ ਵਿਚ ਗੁੱਲੀ ਦਾ ਮਸਲਾ ਹੈ, ਉਹ ਵੀ ਬਹੁਤ ਵੱਡਾ ਹੈ। ਅਸੀਂ ਮਿਹਨਤ ਕਰਦੇ ਹਾਂ। ਭਾਵੇਂ ਸਾਡੇ ਇਥੇ ਬੜੀਆਂ ਵਰਕਸ਼ਾਪਾਂ ਹਨ, ਕਾਰਖਾਨੇ ਹਨ, ਮਿੱਲਾਂ ਹਨ, ਪਰ ਸਾਡੀ ਮਿਹਨਤ ਦਾ ਠੀਕ ਮੁਲ ਸਾਨੂੰ ਨਹੀਂ ਮਿਲਦਾ। ਇਥੇ ਫਿਰ ਵੀ ਰੱਜਵੀਂ ਰੋਟੀ ਸਾਨੂੰ ਨਹੀਂ ਮਿਲਦੀ। ਰੱਜਵੀਂ ਰੋਟੀ ਤਾਂ ਇਥੇ ਕੀ ਮਿਲਣੀ ਹੈ ਬਲਕਿ ਗੋਲੀਆਂ ਮਿਲਦੀਆਂ ਹਨ ਥਰੀ ਨਾਟ ਥਰੀ ਦੀਆਂ ਅੌਰ ਬਾਰਾਂ ਬੋਰ ਦੀਆਂ। ਸਪੀਕਰ ਸਾਹਿਬ, ਥਰੀ ਨਾਟ ਥਰੀ ਦੀਆਂ ਗੋਲੀਆਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਪੁਲਿਸ ਦੀਆਂ ਹੁੰਦੀਆਂ ਹਨ ਅਤੇ 12 ਬੋਰ ਦੀਆਂ ਬਦਮਾਸ਼ਾਂ ਤੇ ਗੁੰਡਿਆਂ ਦੀਆਂ ਹੁੰਦੀਆਂ ਹਨ। ਜੋ ਕੁਝ ਸੰਧਵਾਂ ਵਿਚ ਹੋਇਆ ਜਾਂ ਹਸਨਪੁਰ ਵਿਚ ਹੋਇਆ, ਉਹ ਤੁਹਾਨੂੰ ਵੀ ਪਤਾ ਹੈ। ਉਸ ਬਾਰੇ ਰਿਪੋਰਟ ਸਾਡੇ ਪਾਸ ਵੀ ਆਈ ਹੈ। ਜਿਹੜੀਆਂ ਬਾਰਾਂ ਬੋਰ ਦੀਆਂ ਗੋਲੀਆਂ ਚਲਦੀਆਂ ਹਨ ਉਹ, ਸਪੀਕਰ ਸਾਹਿਬ, ਗੁੰਡੇ ਜਿਹੜੇ ਕਿ ਮਿੱਲ ਮਾਲਕਾਂ ਨੇ ਰੱਖੇ ਹੁੰਦੇ ਹਨ ਉਹ ਚਲਾਉਂਦੇ ਹਨ ਅੌਰ ਉਨ੍ਹਾਂ ਲੋਕਾਂ ਤੇ ਚਲਾਉਂਦੇ ਹਨ ਜਿਹੜੇ ਮਿਹਨਤ ਨਾਲ ਆਪਣੀ ਕਮਾਈ ਕਰਦੇ ਹਨ, ਇਮਾਨਦਾਰੀ ਨਾਲ ਕੰਮ ਕਰਦੇ ਹਨ। ਉਨ੍ਹਾਂ ਨੂੰ ਰਜਵੀਂ ਰੋਟੀ ਤਾਂ ਕੀ ਮਿਲਣੀ ਹੈ ਗੋਲੀਆਂ ਮਿਲਦੀਆਂ ਹਨ। ਉਨ੍ਹਾਂ ਤੇ ਝੂਠੇ ਕੇਸ ਬਣਾ ਕੇ ਉਨ੍ਹਾਂ ਨੂੰ ਅਦਾਲਤਾਂ ਵਿਚ ਪੇਸ਼ ਕੀਤਾ ਜਾਂਦਾ ਹੈ, ਜੇਲ੍ਹਾਂ ਵਿਚ ਡੱਕਿਆ ਜਾਂਦਾ ਹੈ। ਉਨ੍ਹਾਂ ਵਿਚਾਰਿਆਂ ਦਾ ਜੀਉਣਾ ਦੂਭਰ ਹੋਇਆ ਹੋਇਆ ਹੈ। ਕਿਸੇ ਕਿਸਾਨ ਨਾਲ ਕੋਈ ਸੀਰੀ ਲੱਗਾ ਹੁੰਦਾ ਹੈ। ਜੇ ਉਸ ਕਿਸਾਨ ਦਾ ਮੁੰਡਾ ਸ਼ਰਾਬ ਕੱਢਦੇ ਹੋਏ ਫੜਿਆ ਜਾਂਦਾ ਹੈ ਤਾਂ ਕੇਸ ਸੀਰੀ ਤੇ ਪਾਇਆ ਜਾਂਦਾ ਹੈ। ਸੀਰੀ ਨੂੰ ਫੜ ਲਿਆ ਜਾਂਦਾ ਹੈ ਅਤੇ ਕਿਸਾਨ ਕਹਿੰਦਾ ਹੈ ਕਿ ਜਿਤਨਾ ਜੁਰਮਾਨਾ ਹੋਵੇਗਾ ਜਾਂ ਜੋ ਚਾਹੀਦਾ ਹੋਵੇਗਾ ਮੈਂ ਲਗਾਵਾਂਗਾ, ਪਰ ਸਜ਼ਾ ਤੂੰ ਭੁਗਤ। ਇਸ ਲਈ ਪੁਲਿਸ ਪਾਸ ਵੀ ਅੱਜ ਕੋਈ ਇਨਸਾਫ ਨਹੀਂ ਹੈ। ਇਹ ਨਹੀਂ ਕੀਤਾ ਜਾਂਦਾ ਕਿ ਜਿਹੜਾ ਮੁਲਜ਼ਮ ਹੈ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਪੁਲਿਸ ਵਿਚ ਇਮਾਨਦਾਰੀ ਬਿਲਕੁਲ ਖਤਮ ਹੋ ਗਈ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਨੂੰ ਅੌਰ ਗਰੀਬ ਲੋਕਾਂ ਨੂੰ ਪਲਾਟਾਂ ਦੇ ਦੇਣ ਦਾ ਸਵਾਲ ਹੈ। ਇਕ ਅੈਸੀ ਸਟੇਟ ਹੈ ਜਿਸ ਨੇ ਉਨ੍ਹਾਂ ਲੋਕਾਂ ਲਈ ਲੱਖਾਂ ਘਰ ਬਣਾਏ ਹਨ। ਕੇਰਲਾ ਦਾ ਸੂਬਾ ਹੈ। ਉਸ ਰਾਜ ਬਾਰੇ ਸਾਰੇ ਭਰਾ ਜਾਣਦੇ ਹਨ। ਉਥੇ ਦੀ ਮੁੱਖ ਮੰਤਰੀ ਨੇ ਪਿੰਡਾਂ ਵਿਚ ਜਾ ਜਾ ਕੇ ਸਰਪੰਚਾਂ ਨੂੰ, ਪੰਚਾਂ ਨੂੰ , ਨਾਲ ਲੈ ਲੈ ਕੇ, ਚੇਅਰਮੈਨ ਬਲਾਕ ਸੰਮਿਤੀਆਂ ਨੂੰ ਨਾਲ ਲੈ ਲੈ ਕੇ ਫੰਡ ਇਕੱਠੇ ਕੀਤੇ ਅੌਰ ਉਨ੍ਹਾਂ ਗਰੀਬ ਲੋਕਾਂ ਨੂੰ ਘਰ ਬਣਾ ਕੇ ਦਿੱਤੇ। ਪਰ ਜਿਸ ਤਰ੍ਹਾਂ ਇਸ ਰਿਪੋਰਟ ਵਿਚ ਜ਼ਿਕਰ ਆਇਆ ਹੈ, ਸਾਡੀ ਸਰਕਾਰ ਪਾਸੋਂ ਗਰੀਬਾਂ ਨੂੰ ਘਰ ਬਣਾ ਕੇ ਦੇਣ ਦਾ ਕੰਮ ਨਹੀਂ ਹੋ ਸਕਿਆ।

ਸਪੀਕਰ ਸਾਹਿਬ, ਜ਼ਮੀਨ ਦਾ ਮਸਲਾ ਵੀ ਬੜੀ ਦੇਰ ਤੋਂ ਲਟਕ ਰਿਹਾ ਹੈ ਕਿ ਸਰਪਲੱਸ ਜ਼ਮੀਨ ਮਜ਼ਦੂਰਾਂ ਨੂੰ ਦਿੱਤੀ ਜਾਵੇਗੀ। ਬੇਜ਼ਮੀਨੇ ਕਿਸਾਨਾਂ ਵਿਚ ਵੰਡੀ ਜਾਵੇਗੀ। ਭਾਵੇਂ ਪਹਿਲਾਂ ਕੈਰੋਂ ਸਾਹਿਬ ਦੇ ਵੇਲੇ ਦੀ ਗੱਲ ਚਲਦੀ ਆ ਰਹੀ ਹੈ, ਗਿਆਨੀ ਜੀ ਦੇ ਵੇਲੇ ਵੀ 17 ਏਕੜ ਸਟੈਂਡਰਡ ਦੀ ਹੱਦ ਬਣਾਈ ਗਈ ਸੀ ਪਰ ਸਰਕਾਰ ਨੂੰ ਵੀ ਪਤਾ ਨਹੀਂ ਹੈ ਕਿ ਕਿਤਨੀ ਇਨ੍ਹਾਂ ਨੇ ਸਰ-ਪਲੱਸ ਜ਼ਮੀਨ ਕੱਢੀ ਹੈ ਅੌਰ ਕਿਤਨੀ ਵੰਡੀ ਗਈ ਹੈ। ਇਸ ਬਾਰੇ ਸਰਕਾਰ ਨੇ ਅਜੇ ਤਕ ਹਿਸਾਬ ਕਿਤਾਬ ਨਹੀਂ ਲਗਾਇਆ। ਸਾਡੇ ਹਲਕੇ ਵਿਚ ਅਜਿਹੇ ਕੇਸ ਹਨ ਜਿਥੇ ਸਰਪਲੱਸ ਜ਼ਮੀਨਾਂ ਮਿਲੀਆਂ ਹਨ ਪਰ ਉਹ ਵੰਡੀਆਂ ਨਹੀਂ ਗਈਆਂ। ਇਸ ਪਾਸੇ ਵਲ ਕੋਈ ਮਹਿਕਮਾ ਧਿਆਨ ਨਹੀਂ ਦੇ ਰਿਹਾ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਸਾਡੀ ਇਕ ਕਮੇਟੀ ਬਣੀ ਸੀ ਸਰਦਾਰ ਹਰਚੰਦ ਸਿੰਘ ਕਮੇਟੀ। ਉਹ ਕੋਈ ਬਾਹਰ ਦੀ ਕਮੇਟੀ ਨਹੀਂ ਸੀ। ਉਹ ਕਾਂਗਰਸ ਸਰਕਾਰ ਦੀ ਕਮੇਟੀ ਸੀ। ਉਸ ਨੇ ਸਾਰਾ ਕੁਝ ਚੈਕ-ਅੱਪ ਕਰਕੇ ਜਿਹੜੀ ਰਿਪੋਰਟ ਦਿੱਤੀ ਉਸ ਵਿਚ ਬਹੁਤ ਜ਼ਮੀਨਾਂ ਸਰਪਲੱਸ ਕੱਢੀਆਂ। ਪਰ ਉਹ ਹਾਲੇ ਤਕ ਵੰਡੀਆਂ ਨਹੀਂ ਗਈਆਂ। ਉਹ ਜਿਹੜੀਆਂ ਸਰਪਲੱਸ ਜ਼ਮੀਨਾਂ ਕੱਢੀਆਂ ਗਈਆਂ ਸਨ, ਉਨ੍ਹਾਂ ਵਿਚ ਜ਼ਿਆਦਾ ਕਾਂਗਰਸ ਦੇ ਹੀ ਬੰਦੇ ਸਨ। ਕੋਈ ਹੋਰ ਨਹੀਂ ਸਨ। ਪਰ ਅੱਜ ਤਕ ਉਹ ਜ਼ਮੀਨ ਵੰਡੀ ਨਹੀਂ ਗਈ।

Original with;
Punjab Vidhan Sabha
Digitized by;
Panjab Digital Library

ਇਸ ਲਈ, ਸਪੀਕਰ ਸਾਹਿਬ, ਸਾਡਾ ਜਿਹੜਾ ਕੰਮ ਕਰਨ ਦਾ ਢਾਂਚਾ ਹੈ ਉਸਨੂੰ ਬਦਲਣਾ ਚਾਹੀਦਾ ਹੈ ਅਤੇ ਜਿਹੜੇ ਮਜ਼ਦੂਰ ਲੋਕ ਹਨ, ਗਰੀਬ ਲੋਕ ਹਨ, ਗਰੀਬ ਕਿਸਾਨ ਹਨ ਉਨ੍ਹਾਂ ਨੂੰ ਉਪਰ ਚੁਕਣਾ ਚਾਹੀਦਾ ਹੈ। ਪਰ ਇਹ ਸਰਕਾਰ ਤਾਂ ਜਿਹੜੇ ਧਨੀ ਕਿਸਾਨ ਹਨ, ਮਾਲੋਮਾਲ ਹੋਏ ਵਪਾਰੀ ਹਨ ਉਨ੍ਹਾਂ ਦੀ ਰਖਿਆ ਕਰਦੀ ਹੈ। ਮਜ਼ਦੂਰਾਂ ਦੀ ਨਹੀਂ ਕਰਦੀ।...

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਸਮਾਂ ਲਵਾਂਗਾ। ਇਥੇ ਜਿਹੜੀ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਬਣੀ ਸੀ ਉਸ ਨੇ ਕਿਹਾ ਸੀ ਕਿ 5 ਹਜ਼ਾਰ ਰੁਪਿਆ ਉਸ ਹਰੀਜਨ ਨੂੰ ਦਿੱਤਾ ਜਾਵੇਗਾ ਜਿਹੜਾ ਜ਼ਮੀਨ ਖਰੀਦੇਗਾ। ਠੀਕ ਹੈ ਬੜੀ ਚੰਗੀ ਸਕੀਮ ਸੀ। ਅਸੀਂ ਚੰਗੇ ਕੰਮ ਨੂੰ ਚੰਗਾ ਕਹਿੰਦੇ ਹਾਂ। ਜੇ ਕੋਈ ਕੰਮ ਸਰਦਾਰ ਦਰਬਾਰਾ ਸਿੰਘ ਚੰਗਾ ਕਰਦਾ ਹੈ ਤਾਂ ਅਸੀਂ ਉਸ ਨੂੰ ਚੰਗਾ ਕਹਾਂਗੇ। ਜੇ ਕੋਈ ਕੰਮ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੰਗਾ ਕਰਦਾ ਹੈ ਤਾਂ ਅਸੀਂ ਉਸ ਨੂੰ ਚੰਗਾ ਕਹਾਂਗੇ। ਜਿਹੜੀ ਵੀ ਸਰਕਾਰ ਚੰਗਾ ਕੰਮ ਕਰੇਗੀ ਅਸੀਂ ਤਾਂ ਉਸ ਨੂੰ ਚੰਗਾ ਆਖਣਾ ਹੈ ਅੌਰ ਮਾੜੇ ਕੰਮਾਂ ਦੀ ਵਿਰੋਧਤਾ ਕਰਨੀ ਹੈ। ਇਸੇ ਕਰਕੇ ਹੀ ਅਸੀਂ ਇਥੇ ਜਿੱਤ ਕੇ ਆਏ ਹਾਂ। ਮੈਂ ਤੁਹਾਨੂੰ ਦਸ ਰਿਹਾ ਸੀ ਕਿ ਜਿਹੜੀ ਇਹ ਸਕੀਮ ਚਲੀ ਸੀ ਇਹ ਬਹੁਤ ਚੰਗੀ ਸਕੀਮ ਸੀ। ਪਰ ਮੈਨੂੰ ਇਹ ਜਾਣਕਾਰੀ ਮਿਲੀ ਹੈ ਕਿ ਪੰਜਾਬ ਵਿਚ ਕੇਵਲ 100 ਐਸੇ ਕੇਸ ਹਨ ਜਿਨ੍ਹਾਂ ਨੂੰ ਪੈਸਾ ਮਿਲਿਆ ਹੈ। ਹੋਰ ਕਿਸੇ ਨੂੰ ਪੈਸਾ ਨਹੀਂ ਮਿਲਿਆ। ਮੈਂ ਕਹਿੰਦਾ ਹਾਂ ਕਿ ਇਹ ਸਕੀਮ ਬੜੀ ਚੰਗੀ ਸੀ। ਸਾਨੂੰ ਇਸ ਦੇ ਵਾਸਤੇ ਵੱਧ ਤੋਂ ਵੱਧ ਪੈਸਾ ਰੱਖਣਾ ਚਾਹੀਦਾ ਸੀ ਅੌਰ ਉਨ੍ਹਾਂ ਲੋਕਾਂ ਨੂੰ ਦੇਣਾ ਵੀ ਚਾਹੀਦਾ ਸੀ। (ਘੰਟੀ) ਸਪੀਕਰ ਸਾਹਿਬ, ਤੁਸੀਂ ਬੜੀ ਛੇਤੀ ਕਰਨ ਲਗ ਪਏ ਹੋ। ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਹੋਰ ਵੀ ਕੁਝ ਕਹਿਣਾ ਹੈ। (ਘੰਟੀ) ਬਸ ਜੀ ਮੈਂ ਇਕ ਦੋ ਪੁਆਇੰਟ ਹੀ ਅਰਜ਼ ਕਰਾਂਗਾ। ਨਾਕਾਬੰਦੀ ਬਾਰੇ ਮੈਂ ਇਹ ਕਹਿੰਦਾ ਹਾਂ ਕਿ ਸਾਡੇ ਕਿਸਾਨਾਂ ਅੌਰ ਮਜ਼ਦੂਰਾਂ ਦੀਆਂ ਨਾਕਾਬੰਦੀਆਂ ਕੀਤੀਆਂ ਜਾਂਦੀਆਂ ਹਨ। ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 9 ਜਨਵਰੀ, 1975 ਨੂੰ ਜਿਹੜਾ ਇਥੇ ਰੈਜ਼ੋਲਿਊਸ਼ਨ ਪੇਸ਼ ਹੋਇਆ ਸੀ ਉਸ ਵਿਚ ਸਾਰੀਆਂ ਗੱਲਾਂ ਦਸੀਆਂ ਗਈਆਂ ਸਨ ਅਤੇ ਇਹ ਰੈਜ਼ੋਲਿਊਸ਼ਨ 16 ਜਨਵਰੀ, 1975 ਨੂੰ ਪਾਸ ਵੀ ਕੀਤਾ ਗਿਆ ਸੀ। ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਤੱਕ ਉਸ ਤੇ ਕੋਈ ਅਮਲ ਨਹੀਂ ਹੋਇਆ। (ਘੰਟੀ) ਤੁਸੀਂ ਵੀ ਕਾਹਲੀ ਕਰ ਰਹੇ ਹੋ। ਇਸ ਲਈ ਮੈਂ ਆਖਿਰ ਵਿਚ ਇਹ ਬੇਨਤੀ ਕਰਾਂਗਾ ਕਿ ਜਿਹੜਾ ਇਸ ਹਾਊਸ ਦਾ ਪਾਸ ਕੀਤਾ ਹੋਇਆ ਰੈਜ਼ੋਲਿਊਸ਼ਨ ਹੈ ਉਸ ਤੇ ਤਾਂ ਜ਼ਰੂਰ ਅਮਲ ਕਰਨਾ ਚਾਹੀਦਾ ਹੈ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ।

ਕਾਮਰੇਡ ਦਯਾ ਸਿੰਘ (ਕੁੰਮਕਲਾਂ.ਐਸ.ਸੀ.) : ਸਪੀਕਰ ਸਾਹਿਬ, ਪਿਛਲੇ 30--32 ਸਾਲਾਂ ਤੋਂ ਲਗਾਤਾਰ ਜਿਹੜੀ ਵੀ ਸਰਕਾਰ ਰਹੀ ਉਹ ਗਰੀਬ ਲੋਕਾਂ ਦੀਆਂ ਗਲਾਂ ਤਾਂ ਬਹੁਤ ਕਰਦੀ ਰਹੀ ਹੈ ਅੌਰ ਇਹ ਕਹਿੰਦੀ ਰਹੀ ਹੈ ਕਿ ਅਸੀਂ ਗਰੀਬਾਂ ਖਾਤਰ ਬੜੀ ਤਰੱਕੀ ਕੀਤੀ ਹੈ ਅੌਰ ਕਈ ਤਰ੍ਹਾਂ ਦੀਆਂ ਸਕੀਮਾਂ ਰਖਦੀ ਰਹੀ ਹੈ ਪਰ ਅਸਲ ਉਸ ਤੇ ਕੁਝ ਨਹੀਂ ਹੁੰਦਾ ਰਿਹਾ। ਬਹੁਤ ਸਾਰਾ ਪੈਸਾ ਗਰੀਬ ਲੋਕਾਂ ਦੀ ਮਦਦ ਵਾਸਤੇ ਰਖਿਆ ਜਾਂਦਾ ਰਿਹਾ ਹੈ ਪਰ ਉਹ ਪੈਸਾ ਚੰਦ ਅਫਸਰ ਹੀ ਖਾ ਜਾਂਦੇ ਰਹੇ ਹਨ; ਗਰੀਬਾਂ ਵਾਸਤੇ ਕੁਝ ਖਰਚ ਨਹੀਂ ਹੋਇਆ। ਇਹ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿਉਂਕਿ ਅੱਜ ਵੀ ਪਿੰਡਾਂ ਵਿਚ ਲੋਕ ਬਹੁਤ ਗਰੀਬ ਹਨ। ਉਨ੍ਹਾਂ ਨੇ ਕੋਈ ਤਰੱਕੀ ਨਹੀਂ ਕੀਤੀ। ਸਗੋਂ ਉਹ ਅਗੇ ਨਾਲੋਂ ਜ਼ਿਆਦਾ ਕਮਜ਼ੋਰ ਹੋ ਗਏ ਹਨ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਯਾ ਸਿੰਘ]

ਸਪੀਕਰ ਸਾਹਿਬ, ਇਥੇ ਜ਼ਮੀਨਾਂ ਬਾਰੇ ਤੁਹਾਡੇ ਸਾਹਮਣੇ ਗੱਲ ਆਈ ਹੈ। ਇਸ ਤੋਂ ਪਹਿਲੇ ਵੀ 2-3 ਦਫ਼ਾ ਅਸੈਂਬਲੀ ਵਿਚ ਇਹ ਗੱਲ ਆਉਂਦੀ ਰਹੀ ਹੈ ਕਿ ਵੱਡੇ ਵੱਡੇ ਜਾਗੀਰਦਾਰਾਂ ਨੂੰ ਜ਼ਮੀਨ ਨਾ ਦਿੱਤੀ ਜਾਵੇ। ਫਿਰ ਇਥੇ 50 ਸਟੈਂਡਰਡ ਏਕੜ ਲਿਮਿਟ ਫਿਕਸ ਕੀਤੀ ਗਈ, ਫਿਰ 30 ਸਟੈਂਡਰਡ ਏਕੜ ਫਿਕਸ ਕੀਤੀ ਗਈ ਔਰ ਫਿਰ 17 ਸਟੈਂਡਰਡ ਏਕੜ ਵੀ ਫਿਕਸ ਹੋਈ। ਪਰ ਅਸਲ ਗੱਲ ਇਹ ਹੈ ਕਿ ਉਸ ਤੇ ਅਮਲ ਅੱਜ ਤਕ ਕੁਝ ਨਹੀਂ ਹੋਇਆ। ਜੇ ਕੋਈ ਕਿਸੇ ਤੋਂ ਸਰਪਲੱਸ ਜ਼ਮੀਨ ਲਈ ਵੀ ਸੀ ਤਾਂ ਉਸ ਤੇ ਅੱਜ ਤਕ ਕਿਸੇ ਨੂੰ ਕਬਜ਼ਾ ਨਹੀਂ ਦਿੱਤਾ ਗਿਆ। ਜੇ ਇਕ ਦੋ ਥਾਈਂ ਕਬਜ਼ੇ ਦਿੱਤੇ ਵੀ ਗਏ ਹਨ ਤਾਂ ਉਹ ਜ਼ਮੀਨ ਹੇਰਾਫੇਰੀ ਨਾਲ ਫਿਰ ਅਫ਼ਸਰਾਂ ਨੇ ਆਪਣੇ ਹੱਥ ਵਿਚ ਲੈ ਲਈ ਹੈ। ਮੇਰੇ ਹਲਕੇ ਵਿਚ ਇਕ ਪਿੰਡ ਬੂਰਾ ਹੈ । ਜਦੋਂ 30 ਸਟੈਂਡਰਡ ਏਕੜ ਸੀਲਿੰਗ ਫਿਕਸ ਕੀਤੀ ਗਈ ਸੀ ਤਾਂ ਉਸ ਵੇਲੇ ਉਥੋਂ ਕਈ ਬੰਦਿਆਂ ਤੋਂ ਸਰਪਲੱਸ ਜ਼ਮੀਨਾਂ ਲਈਆਂ ਗਈਆਂ ਸਨ ਔਰ ਗਰੀਬ ਹਰੀਜਨਾਂ ਵਿਚ ਦਿੱਤੀਆਂ ਵੀ ਗਈਆਂ ਸਨ। ਪਰ ਬਾਅਦ ਵਿਚ ਉਨ੍ਹਾਂ ਨੇ ਵੱਡੇ ਵੱਡੇ ਅਫ਼ਸਰਾਂ ਨਾਲ ਮਿਲ ਕੇ ਤਹਿਸੀਲਦਾਰਾਂ ਨਾਲ ਮਿਣਕੇ ਉਨ੍ਹਾਂ ਨੂੰ ਜ਼ਮੀਨ ਤੋਂ ਬੇਦਖਲ ਕਰਵਾ ਦਿੱਤਾ। ਉਨ੍ਹਾਂ ਕੋਲ ਇਸ ਸਬੰਧ ਵਿਚ ਹਾਈ ਕੋਰਟ ਦੇ ਸਟੇਅ ਆਰਡਰ ਵੀ ਹਨ ਪਰ ਉਨ੍ਹਾਂ ਗਰੀਬ ਹਰੀਜਨਾਂ ਦੀ ਕੌਣ ਸੁਣਦਾ ਹੈ। ਜਿਹੜੇ ਅਫ਼ਸਰ ਹਨ ਉਹ ਇਸ ਸਟੇਅ ਆਰਡਰ ਦੀ ਵੀ ਪਰਵਾਹ ਨਹੀਂ ਕਰਦੇ ਕਿਉਂਕਿ ਉਹ ਵਿਚਾਰੇ ਹਰੀਜਨ ਕੁਝ ਕਰ ਨਹੀਂ ਸਕਦੇ। ਕੋਈ 10 ਹਰੀਜਨ ਉਸ ਪਿੰਡ ਦੇ ਸਰਪਲੱਸ ਜ਼ਮੀਨਾਂ ਤੇ ਬਿਠਾਏ ਹੋਏ ਉਜਾੜੇ ਗਏ ਹਨ।

ਦੂਜਾ ਮੈਂ ਇਹ ਵੀ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਜਿਹੜੀ ਇਥੇ ਕਸ-ਟੋਡੀਅਨ ਦੀ ਜ਼ਮੀਨ ਹੈ ਉਹ ਵੀ ਹਰੀਜਨਾਂ ਵਿਚ ਵੰਡੀ ਜਾਵੇਗੀ। ਪਰ ਤੁਹਾਡੇ ਸਾਹਮਣੇ ਸਾਰੀ ਹਾਲਤ ਸਾਫ ਹੈ ਕਿ ਉਹ ਕਿੰਨੇ ਲੋਕਾਂ ਨੂੰ ਦਿੱਤੀ ਗਈ ਹੈ। ਵੱਡੇ ਵੱਡੇ ਕਾਂਗਰਸੀ 200-200 ਅਤੇ 300-300 ਕਿਲੇ ਉਹ ਜ਼ਮੀਨ ਲੈ ਕੇ ਬੈਠੇ ਹੋਏ ਹਨ। ਉਹ ਤਹਿਸੀਲਦਾਰਾਂ ਨਾਲ ਮਿਲੇ ਹੋਏ ਹਨ ਅਤੇ ਉਨ੍ਹਾਂ ਨੇ ਆਪਣਾ ਕਬਜ਼ਾ ਕੀਤਾ ਹੋਇਆ ਹੈ। ਜਿਹੜੀ ਸਰਦਾਰ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਆਈ ਸੀ ਉਸ ਤੇ ਵੀ ਕੋਈ ਅਮਲ ਨਹੀਂ ਹੋਇਆ। ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਵਲ ਧਿਆਨ ਦੇ ਕੇ ਇਹ ਜਿਹੜੀਆਂ ਸਰਪਲੱਸ ਜ਼ਮੀਨਾਂ ਹਨ, ਇਹ ਗਰੀਬ ਹਰੀਜਨਾਂ ਨੂੰ ਦੇਣੀਆਂ ਚਾਹੀਦੀਆਂ ਹਨ।

ਫਿਰ ਇਥੇ ਮੈਂ ਪਲਾਟਾਂ ਦੇ ਬਾਰੇ ਵੀ ਜ਼ਿਕਰ ਕਰਾਂਗਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਕਿਹਾ ਸੀ ਕਿ 3 ਲੱਖ ਤੋਂ ਵੱਧ ਪਲਾਟ ਉਨ੍ਹਾਂ ਨੇ ਬੇਘਰਿਆਂ ਨੂੰ ਦੇ ਦਿੱਤੇ ਹਨ। ਪਰ 4-5 ਸਾਲ ਹੋ ਗਏ ਹਨ ਅੱਜ ਤਕ ਕਿਸੇ ਨੇ ਉਨ੍ਹਾਂ ਤੇ ਕਬਜ਼ਾ ਨਹੀਂ ਕੀਤਾ। ਕਿਉਂ ਕਬਜ਼ਾ ਨਹੀਂ ਕੀਤਾ ? ਜਿਹੜੇ ਪਲਾਟ ਦਿੱਤੇ ਗਏ ਸਨ ਉਹ ਪਿੰਡ ਤੋਂ ਬਹੁਤ ਦੂਰ ਦਿੱਤੇ ਗਏ ਸਨ ਜਾਂ ਜਿਹੜੇ ਛੱਪੜ ਪਏ ਸਨ ਉਥੇ ਇਹ ਪਲਾਟ ਦਿੱਤੇ ਗਏ ਸਨ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਲੁਧਿਆਣਾ ਦੇ ਇਕ ਹਲਕੇ ਜਮਾਲਪੁਰੇ ਵਿਚ ਕੁਝ ਲੋਕਾਂ ਨੂੰ ਪਲਾਟ ਦਿੱਤੇ ਗਏ ਸਨ ਪਰ ਉਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਅੱਜ ਤਕ ਕਬਜ਼ਾ ਨਹੀਂ ਲਿਆ ਕਿਉਂਕਿ ਪਲਾਟ ਉਨ੍ਹਾਂ ਨੂੰ ਛੱਪੜਾਂ ਵਿੱਚ ਅਤੇ ਡੂੰਘੀਆਂ ਥਾਵਾਂ ਤੇ ਦਿੱਤੇ ਗਏ ਸਨ। ਜੇ ਇਨ੍ਹਾਂ ਥਾਵਾਂ ਨੂੰ ਭਰਨ ਲਗੀਏ ਤਾਂ ਉਸ ਤੇ ਜਿੰਨਾ ਖਰਚ ਆਉਣਾ ਹੈ ਉਤਨੇ ਪੈਸੇ ਨਾਲ ਤਾਂ ਇਕ ਪਲਾਟ ਹੋਰ ਲਿਆ ਜਾ ਸਕਦਾ ਹੈ। ਇਸ ਲਈ ਉਹ ਲੋਕ ਉਥੇ ਨਹੀਂ ਗਏ। ਮੇਰੀ ਬੇਨਤੀ ਹੈ ਕਿ ਇਹ ਜਿਹੜੇ ਪਲਾਟ ਦਿੱਤੇ ਗਏ ਹਨ ਇਹ ਪਿੰਡ ਦੇ ਨਜ਼ਦੀਕ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਇਹ ਪਲਾਟ ਛੱਪੜਾਂ ਵਿਚ ਨਹੀਂ ਦਿੱਤੇ ਜਾਣੇ ਚਾਹੀਦੇ।

Original with;
Punjab Vidhan Sabha
Digitized by;
Panjab Digital Library

ਅਗਲੀ ਗੱਲ ਮੈਂ ਕਰਜ਼ੇ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਬਹੁਤ ਸਾਰੀਆਂ ਅਰਜ਼ੀਆਂ ਹਾਲੇ ਪੈਂਡਿੰਗ ਪਈਆਂ ਹਨ ਜਿਨ੍ਹਾਂ ਨੂੰ ਰੁਪਿਆ ਨਹੀਂ ਦਿੱਤਾ ਗਿਆ। ਪਿਛਲੀ ਅਕਾਲੀ ਸਰਕਾਰ ਨੇ ਜਿਹੜਾ 25 ਕਰੋੜ ਰੁਪਿਆ ਹਰੀਜਨਾਂ ਨੂੰ ਕਰਜ਼ੇ ਦੇਣ ਲਈ ਰਖਿਆ ਸੀ ਉਸ ਵਿਚੋਂ ਸਿਰਫ਼ ਸਾਢੇ ਤਿੰਨ ਲੱਖ ਰੁਪਿਆ ਹੀ ਦਿੱਤਾ ਗਿਆ ਹੈ ਬਾਕੀ ਸਾਰਾ ਪਿਆ ਹੈ। ਉਹ ਰੁਪਿਆ ਲੋਕਾਂ ਨੂੰ ਵੰਡਿਆ ਨਹੀਂ ਗਿਆ। ਉਹ ਗਰੀਬ ਵਿਚਾਰੇ ਆਪਣੀਆਂ ਦਰਖਾਸਤਾਂ ਦੇ ਪਿਛੇ ਪਿਛੇ ਭੱਜੇ ਫਿਰਦੇ ਹਨ। ਪਰ ਉਨ੍ਹਾਂ ਦਾ ਕੰਮ ਨਹੀਂ ਬਣਦਾ। ਮੈਂ ਬੇਨਤੀ ਕਰਦਾ ਹਾਂ ਕਿ ਇਹ ਕਰਜ਼ੇ ਦੇਣ ਵਾਸਤੇ ਫੀਲਡ ਅਫ਼ਸਰ ਮੁਕੱਰਰ ਕੀਤੇ ਜਾਣੇ ਚਾਹੀਦੇ ਹਨ। ਜਿਹੜੇ ਉਥੇ ਜਾਕੇ ਆਪ ਹੀ ਸਾਰੀ ਚੀਜ਼ ਚੈਕ ਕਰਕੇ ਉਨ੍ਹਾਂ ਦੀਆਂ ਦਰਖਾਸਤਾਂ ਉਥੇ ਹੀ ਨਿਪਟਾ ਆਉਣ ਤਾਕਿ ਉਨ੍ਹਾਂ ਨੂੰ ਚੰਡੀਗੜ੍ਹ ਨਾ ਆਉਣਾ ਪਵੇ। ਜਿਨ੍ਹਾਂ ਨੇ ਦਰਖਾਸਤਾਂ ਦਿੱਤੀਆਂ ਹੋਈਆਂ ਹਨ ਉਹ ਉਨ੍ਹਾਂ ਦੇ ਪਿਛੇ ਪਿਛੇ ਨਹੀਂ ਭੱਜ ਸਕਦੇ। ਜਦੋਂ ਕਿਸੇ ਦੀ ਦਰਖ਼ਾਸਤ ਮਨਜ਼ੂਰ ਵੀ ਹੋ ਜਾਂਦੀ ਹੈ ਤਾਂ ਫਿਰ ਇਕ ਅਫਸਰ ਉਥੇ ਮੌਕੇ ਤੇ ਜਾਂਦਾ ਹੈ ਅਤੇ ਉਥੇ ਸ਼ਰਾਬ ਦੇ ਦੌਰ ਚਲਦੇ ਹਨ। ਇਸ ਢੰਗ ਨਾਲ ਜਿਹੜਾ ਗਰੀਬ ਹੈ ਉਹ ਇਹ ਕਰਜ਼ਾ ਨਹੀਂ ਲੈ ਸਕਦਾ। ਇਸ ਲਈ ਮੈਂ ਇਹ ਬੇਨਤੀ ਕੀਤੀ ਹੈ ਕਿ ਹੁਣ ਐਸਾ ਢੰਗ ਬਣਾਇਆ ਜਾਵੇ ਜਿਸ ਨਾਲ ਜ਼ਿਲ੍ਹੇ ਦੇ ਲੈਵਲ ਤੇ ਹੀ ਉਨ੍ਹਾਂ ਨੂੰ ਕਰਜ਼ਾ ਮਿਲ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਇਸ ਵਾਸਤੇ ਹੋਰ ਰੁਪਿਆ ਰੱਖ ਲੈਣਾ ਚਾਹੀਦਾ ਹੈ ਤਾਕਿ ਸਭ ਨੂੰ ਕਰਜ਼ਾ ਮਿਲ ਸਕੇ। ਸਪੀਕਰ ਸਾਹਿਬ, ਹਰੀਜਨਾਂ ਨੂੰ ਪਿਛੇ ਬੀ. ਐਡ ਦੀ ਦੋ ਸਾਲ ਦੀ ਟ੍ਰੇਨਿੰਗ ਦਿੱਤੀ ਗਈ ਸੀ। ਇਹ ਕਾਂਗਰਸ ਸਰਕਾਰ ਨੇ ਟ੍ਰੇਨਿੰਗ ਦਿਵਾਈ ਸੀ। (ਵਿਘਨ) (ਘੰਟੀ)

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ।

ਕਾਮਰੇਡ ਦਯਾ ਸਿੰਘ : ਸਪੀਕਰ ਸਾਹਿਬ, ਹੁਣ ਫਿਰ ਕਾਂਗਰਸ ਸਰਕਾਰ ਆ ਗਈ ਹੈ। ਉਨ੍ਹਾਂ ਨੂੰ ਉਥੇ ਲਗਾਇਆ ਜਾਵੇ। ਸਪੀਕਰ ਸਾਹਿਬ, ਹਰੀਜਨਾਂ ਦੇ ਨਾਲ ਧੱਕੇ ਹੋ ਰਹੇ ਹਨ। ਤੁਹਾਡੇ ਸਾਹਮਣੇ ਹਸਨਪੁਰੀ ਪਿੰਡ ਵਿਚ ਕਿਵੇਂ ਹਰੀਜਨਾਂ ਦੇ ਨਾਲ ਧੱਕੇ ਹੋਏ ਹਨ। ਗਰੀਬ ਲੋਕਾਂ ਨੂੰ ਪੁਲਿਸ ਵਲੋਂ ਤੰਗ ਕੀਤਾ ਜਾਂਦਾ ਹੈ। (ਵਿਘਨ) ਉਨ੍ਹਾਂ ਬੰਦਿਆਂ ਨੂੰ ਤਕਲੀਫ ਹੈ। ਉਨ੍ਹਾਂ ਵੱਲ ਧਿਆਨ ਦਿੱਤਾ ਜਾਵੇ ਤਾਂਕਿ ਗਰੀਬ ਦਾ ਫਾਇਦਾ ਹੋ ਸਕੇ। (ਘੰਟੀ)

ਸ਼੍ਰੀ ਸਪੀਕਰ : ਕਾਮਰੇਡ ਦਯਾ ਸਿੰਘ ਜੀ, ਤੁਸੀਂ ਹੁਣ ਬੱਸ ਕਰੋ। ਮੈਂ ਹੁਣ ਸਰਦਾਰ ਦਰਸ਼ਨ ਸਿੰਘ ਕੇ.ਪੀ. ਨੂੰ ਬੋਲਣ ਲਈ ਕਹਿ ਦਿੱਤਾ ਹੈ।

(ਇਸ ਵੇਲੇ ਕਾਮਰੇਡ ਦਯਾ ਸਿੰਘ ਜੀ ਨੇ ਕੁਝ ਫੋਟੋਆਂ ਆ ਕੇ ਸਦਨ ਦੀ ਟੇਬਲ ਉਪਰ ਰੱਖੀਆਂ ਅਤੇ ਉਹ ਫੋਟੋਆਂ ਡਿਪਟੀ ਸੈਕਟਰੀ ਕੋਲ ਪਹੁੰਚਾ ਦਿਤੀਆਂ ਗਈਆਂ। ਪਰ ਸ਼੍ਰੀ ਸਪੀਕਰ ਨੇ ਫੋਟੋਆਂ ਰੱਖਣ ਦੀ ਕੋਈ ਇਜਾਜ਼ਤ ਨਹੀਂ ਦਿੱਤੀ।)

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਲੰਧਰ ਦੱਖਣੀ, ਐਸ.ਸੀ.) : ਸਪੀਕਰ ਸਾਹਿਬ, ਜੋ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਦੀ ਰਿਪੋਰਟ ਸਦਨ ਦੇ ਸਾਹਮਣੇ ਪੇਸ਼ ਕੀਤੀ ਗਈ ਹੈ, ਉਸ ਬਾਰੇ ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। ਇਹ ਰਿਪੋਰਟ ਪਿਛਲੇ ਤਿੰਨ ਸਾਲਾਂ ਵਿਚ ਪੇਸ਼ ਨਹੀਂ ਕੀਤੀ ਗਈ। ਸ਼ਡਿਊਲਡ ਕਾਸਟਸ ਨੂੰ ਬਰਾਬਰਤਾ ਦਾ ਹੱਕ ਕਾਂਗਰਸ ਸਰਕਾਰ ਨੇ ਦਿਤਾ। ਪਰ ਪਿਛਲੀ ਅਕਾਲੀ-ਜਨਤਾ ਸਰਕਾਰ ਹਰੀਜਨ ਬਾਰੇ ਕੁਝ ਨਹੀਂ ਕਰ ਸਕੀ। ਸਰਦਾਰਨੀ ਸਤਵੰਤ ਕੌਰ ਸੰਧੂ ਨੂੰ ਧੰਨੋਵਾਲੀਆ ਜੀ ਦੀ ਗੱਲ ਦਾ ਗੁੱਸਾ ਲਗਾ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਹਰੀਜਨਾਂ ਨੂੰ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਮਿਲਣਾ ਚਾਹੀਦਾ ਹੈ। ਪੈਰਾ 4 ਵਿਚ ਕਿਹਾ ਗਿਆ ਹੈ ਕਿ ਸਰਕਾਰ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਇਸ ਬਾਰੇ ਐਕਟ ਜ਼ਰੂਰ ਬਣਾਉਣਾ ਚਾਹੀਦਾ ਹੈ। ਇਸ ਵਿਚ ਕੁਝ ਕਮੀਆਂ ਹਨ ਜਿਸ ਕਾਰਨ ਗਰੀਬ ਹਰੀਜਨ ਹਾਈ ਕੋਰਟ ਵਿਚ ਨਹੀਂ ਜਾ ਸਕਦਾ। ਸਪੀਕਰ ਸਾਹਿਬ, 25% ਸ਼ਡਿਊਲਡ ਕਾਸਟਸ ਲਈ ਅਤੇ 5% ਬੈਕਵਰਡ ਕਲਾਸਿਜ਼ ਲਈ ਰਿਜ਼ਰਵੇਸ਼ਨ ਰੱਖੀ ਗਈ ਹੈ। ਜਿਥੇ 60-70 ਹਜ਼ਾਰ ਦੀ ਆਬਾਦੀ ਹੈ ਉਥੇ 40% ਬੈਕਵਰਡ ਕਲਾਸਿਜ਼ ਦੇ ਵੀ ਹੋਣਗੇ । ਇਨ੍ਹਾਂ ਵਿਚ ਕੰਬੋਜ ਵੀ ਆ ਜਾਂਦੇ ਹਨ। ਕਈ ਬੈਕਵਰਡ ਕਲਾਸਿਜ਼ ਦੇ ਬੰਦਿਆਂ ਕੋਲ ਬਹੁਤ ਸਾਰੀ ਜ਼ਮੀਨ ਹੁੰਦੀ ਹੈ। ਪਰ ਉਹ ਹਰੀਜਨਾਂ ਵਾਂਗ ਸਹੂਲਤਾਂ ਲੈਂਦੇ ਹਨ। ਉਹ ਸਹੂਲਤਾਂ ਉਨ੍ਹਾਂ ਨੂੰ ਬੰਦ ਕਰਨੀਆਂ ਚਾਹੀਦੀਆਂ ਹਨ। (ਵਿਘਨ) ਸਪੀਕਰ ਸਾਹਿਬ, 6 ਮਾਰਚ, 1974 ਨੂੰ ਇਥੇ ਅਸੈਂਬਲੀ ਵਿਚ ਫੈਸਲਾ ਕੀਤਾ ਗਿਆ ਸੀ ਕਿ 1971 ਦੀ ਮਰਦਮ-ਸ਼ੁਮਾਰੀ ਦੇ ਮੁਤਾਬਿਕ ਜੋ ਸਰਕਾਰ ਨੇ ਫੈਸਲਾ ਕੀਤਾ ਸੀ ਸਿਪਾਹੀਆਂ ਅਤੇ ਪਟਵਾਰੀਆਂ ਦੀ ਭਰਤੀ ਬਾਰੇ , ਉਹ ਹੁਣ ਲਾਗੂ ਕੀਤਾ ਜਾਵੇ । ਸਪੀਕਰ ਸਾਹਿਬ, ਗਿਆਨੀ ਜੀ ਦੀ ਸਰਕਾਰ ਵੇਲੇ ਫੈਸਲਾ ਕੀਤਾ ਗਿਆ ਸੀ ਕਿ 25% ਸ਼ਡਿਊਲਡ ਕਾਸਟਸ ਅਤੇ 5% ਬੈਕਵਰਡ ਕਲਾਸਿਜ਼ ਦੇ ਬੰਦੇ ਕਲਾਸ 1 ਅਤੇ ਕਲਾਸ 2 ਕੈਟਾਗਰੀ ਵਿਚ ਭਰਤੀ ਕੀਤੇ ਜਾਣਗੇ। ਰਿਜ਼ਰਵੇਸ਼ਨ ਇਨ ਪਰਮੋਸ਼ਨ 16% ਹੈ। ਇਹ ਵੀ ਪੂਰੀ ਹੋਣੀ ਚਾਹੀਦੀ ਹੈ । (ਵਿਘਨ) ਰਿਜ਼ਰਵੇਸ਼ਨ ਪਟਵਾਰੀਆਂ ਦੀ ਭਰਤੀ ਵਿਚ 50% ਹੈ ਜਿਨ੍ਹਾਂ ਵਿਚੋਂ 40% ਸ਼ਡਿਊਲਡ ਕਾਸਟ ਲਈ ਅਤੇ 10% ਬੈਕਵਰਡ ਕਲਾਸਿਜ਼ ਦੇ ਲਈ ਹੈ। ਇਸ ਤੋਂ ਬਾਅਦ, ਸਪੀਕਰ ਸਾਹਿਬ, 1970-80 ਤਕ ਸਿਪਾਹੀਆਂ ਵਿਚ ਰਿਜ਼ਰਵੇਸ਼ਨ ਕੇਵਲ 15% ਹੋਈ। ਪੀ.ਸੀ.ਐਸ. ਜਿਹੜੇ 14 ਰੱਖੇ ਗਏ ਹਨ, ਉਨ੍ਹਾਂ ਵਿਚੋਂ ਇੱਕ ਵੀ ਹਰੀਜਨ ਨਹੀਂ ਹੈ। ਪਿਛਲੇ ਤਿੰਨ ਸਾਲ ਵਿਚ, ਸਪੀਕਰ ਸਾਹਿਬ, ਇਹੋ ਜਿਹੇ ਕੰਮ ਹੁੰਦੇ ਰਹੇ ਹਨ। ਗੁਰੂ ਨਾਨਕ ਯੂਨੀਵਰਸਿਟੀ ਵਿਚ ਐਡਮਿਸ਼ਨਜ਼ ਵਿਚ ਰਿਜ਼ਰਵੇਸ਼ਨ 10% ਹੋਈ। ਪਟਿਆਲਾ ਯੂਨੀਵਰਸਿਟੀ ਵਿਚ 25% ਹੋਈ ਅਤੇ ਪੰਜਾਬ ਯੂਨੀਵਰਸਿਟੀ ਵਿਚ 20% ਹੋਈ ਹੈ। ਐਡਮਿਸ਼ਨਜ਼ ਵਿਚ ਪੂਰੀ ਰਿਜ਼ਰਵੇਸ਼ਨ ਨਹੀਂ ਦਿੱਤੀ ਗਈ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਵੈਲਫੇਅਰ ਮਨਿਸਟਰ ਅਤੇ ਮੁੱਖ ਮੰਤਰੀ ਜੀ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਰਿਜ਼ਰਵੇਸ਼ਨ ਕੋਟਾ 25% ਤੋਂ 30% ਕਰ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇੰਡਸਟਰੀ ਵਿਚ ਵੀ ਬਹੁਤ ਕਮੀਆਂ ਹਨ। ਇੰਡਸਟਰੀ ਵਿਚ ਰਾ-ਮੈਟੀਰੀਅਲ ਦੇਣ ਸਮੇਂ ਵੀ 25% ਕੋਟਾ ਹਰੀਜਨ ਨੂੰ ਦੇਣਾ ਚਾਹੀਦਾ ਹੈ। ਕਾਰਪੋਰੇਸ਼ਨਾਂ ਅਤੇ ਇੰਪਰੂਵਮੈਂਟ ਟਰਸਟਾਂ ਵਲੋਂ ਮਕਾਨ, ਪਲਾਟ ਵਗੈਰਾ ਦੇਣ ਸਮੇਂ ਵੀ ਹਰੀਜਨਾਂ ਦਾ ਕੋਟਾ ਰਖਣਾ ਚਾਹੀਦਾ ਹੈ। ਇੰਡਸਟਰੀਅਲ ਟਾਊਨ ਬਣਾਏ ਜਾਂਦੇ ਹਨ। ਇੱਕ ਕਨਾਲ, ਦੋ ਕਨਾਲ ਦੇ ਵੱਡੇ ਵੱਡੇ ਪਲਾਟ ਦਿੱਤੇ ਜਾਂਦੇ ਹਨ। ਉਨ੍ਹਾਂ ਵਿਚ ਵੀ ਰਿਜ਼ਰਵੇਸ਼ਨ ਪੂਰੀ ਰੱਖਣੀ ਚਾਹੀਦੀ ਹੈ। ਵੈਲਫੇਅਰ ਮਨਿਸਟਰ ਨੂੰ ਮੈਂ ਕਹਾਂਗਾ ਕਿ 30 ਲੱਖ ਰੁਪਿਆ ਧਰਮਸ਼ਾਲਾਂ ਅਤੇ ਹੋਰ ਦੂਜੇ ਕੰਮਾਂ ਵਾਸਤੇ ਜੋ ਰਖਿਆ ਗਿਆ ਹੈ, ਬਹੁਤ ਥੋੜ੍ਹਾ ਹੈ। ਇਸ ਨੂੰ ਵਧਾਉਣਾ ਚਾਹੀਦਾ ਹੈ। ਬਸਤੀ ਸੁਧਾਰ ਸਕੀਮਾਂ, ਸਪੀਕਰ ਸਾਹਿਬ, ਪੈਂਡਿੰਗ ਪਈਆਂ ਹਨ। ਇਹ ਬਸਤੀ ਸੁਧਾਰ ਸਕੀਮਾਂ 1970-71 ਦੀਆਂ ਪੈਂਡਿੰਗ ਪਈਆਂ ਹਨ। ਇਨ੍ਹਾਂ ਸਕੀਮਾਂ ਰਾਹੀਂ ਵੱਡੇ ਵੱਡੇ ਤਾਂ ਫਾਇਦਾ ਉਠਾ ਲੈਂਦੇ ਹਨ ਪਰ ਸ਼ਡਿਊਲਡ ਕਾਸਟਾਂ ਦਾ ਕੁਝ ਨਹੀਂ ਬਣਦਾ। ਇਸ ਲਈ ਹਰੀਜਨਾਂ ਦਾ ਪੂਰਾ ਪੂਰਾ ਖਿਆਲ ਰਖਣਾ ਚਾਹੀਦਾ ਹੈ। (ਵਿਘਨ)

ਪੁਲਿਸ ਡੀਪਾਰਟਮੈਂਟ ਵਿਚ ਹਰੀਜਨ ਗਜ਼ਟਿਡ ਅਫਸਰ ਸਿਰਫ 7-8% ਹੀ ਹਨ। ਸਪੀਕਰ ਸਾਹਿਬ, ਉਪਰੋਂ ਹਰੀਜਨ ਡੀ.ਐਸ.ਪੀ. ਭਰਤੀ ਨਹੀਂ ਹੁੰਦਾ ਅਤੇ ਥਲਿਉਂ ਉਸ ਦੀ ਪਰਮੋਸ਼ਨ ਹੁੰਦੀ ਨਹੀਂ। ਹਰੀਜਨਾਂ ਲਈ ਪੂਰੀ ਰਿਜ਼ਰਵੇਸ਼ਨ ਦਾ ਪ੍ਰਬੰਧ ਸਰਕਾਰ ਨੂੰ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਸਰਦਾਰ ਦਰਸ਼ਨ ਸਿੰਘ ਕੇ.ਪੀ. ਹਰੀਜਨਾਂ ਬਾਰੇ ਬਹੁਤ ਚੰਗੇ ਸੁਝਾਓ ਦੇ ਰਹੇ ਹਨ। ਪਰ ਇਥੇ ਕੋਈ ਵੀ ਮਨਿਸਟਰ ਹਰੀਜਨਾਂ ਦੀ ਗੱਲ ਸੁਣਨ ਲਈ ਨਹੀਂ ਬੈਠਾ । (ਵਿਘਨ)

ਸ਼੍ਰੀ ਸਪੀਕਰ: ਸਰਦਾਰ ਗੁਰਦੇਵ ਸਿੰਘ ਬਾਦਲ ਜੀ, ਮਨਿਸ਼ਟਰ ਸਾਹਿਬ ਬੈਠੇ ਹਨ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਸਪੀਕਰ ਸਾਹਿਬ, ਅਸੀਂ ਹਾਈਕੋਰਟਾਂ ਤੇ ਖਰਚਾ ਕਰਦੇ ਹਾਂ। ਜੋ ਹਾਈ ਕੋਰਟ ਫੈਸਲਾ ਕਰੇ ਅਸੀਂ ਉਸ ਦੇ ਮੁਤਾਬਿਕ ਕੰਮ ਕਰਦੇ ਹਾਂ। ਹਾਈ ਕੋਰਟ ਕਾਨੂੰਨ ਨੂੰ ਮੁੱਖ ਰਖ ਕੇ ਹੀ ਫੈਸਲੇ ਕਰਦਾ ਹੈ। (ਵਿਘਨ) ਸਪੀਕਰ ਸਾਹਿਬ, 11–12 ਜੱਜ ਪਿਛੇ ਕੱਢ ਦਿਤੇ ਗਏ ਸਨ। ਉਨ੍ਹਾਂ ਦੇ ਕੇਸਾਂ ਦੀ ਪੜਤਾਲ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਨਾਂ ਪਬਲਿਕ ਸਰਵਿਸ ਕਮਿਸ਼ਨ ਨੂੰ ਭੇਜਣੇ ਚਾਹੀਦੇ ਹਨ। ਸਪੀਕਰ ਸਾਹਿਬ, ਹਰ ਮਹਿਕਮੇ ਵਿਚ ਰੋਸਟਰ ਬਣੇ ਹੋਏ ਹੁੰਦੇ ਹਨ ਜਿਸ ਤੋਂ ਮਾਲੂਮ ਹੁੰਦਾ ਹੈ ਕਿ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਦਿਤਾ ਗਿਆ ਹੈ ਜਾਂ ਨਹੀਂ ? ਇਸ ਬਾਰੇ ਵੈਲਫੇਅਰ ਕਮੇਟੀ ਨੇ ਵੀ ਰਿਕੁਮੈਂਡੇਸ਼ਨਜ਼ ਦਿੱਤੀਆਂ ਹਨ। ਉਸ ਕਮੇਟੀ ਦੇ ਚੇਅਰਮੈਨ, ਸਰਦਾਰ ਹਰਚੰਦ ਸਿੰਘ, ਚੌਧਰੀ ਜਗਤ ਰਾਮ ਅਤੇ ਸਰਦਾਰ ਚਰਨਜੀਤ ਸਿੰਘ ਜੀ ਰਹੇ ਹਨ। ਉਹ ਰਿਪੋਰਟਾਂ ਜਿਹੜੀਆਂ ਹਨ, ਉਹ ਲਾਗੂ ਹੋਣੀਆਂ ਚਾਹੀਦੀਆਂ ਹਨ। ਮਹਿਕਮਿਆਂ ਵਿਚ ਸੈਲ ਬਣਾਉਣੇ ਚਾਹੀਦੇ ਹਨ । ਇਸ ਤਰ੍ਹਾਂ ਕਰਨ ਨਾਲ ਰਿਜ਼ਰਵ ਪੁਆਇੰਟ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ। ਜੇਕਰ ਕੋਈ ਵੀ ਅਫਸਰ/ਕਰਮਚਾਰੀ ਰਿਜ਼ਰਵ ਪੁਆਇੰਟ ਨਹੀਂ ਦਿੰਦਾ ਤਾਂ ਉਸ ਅਫ਼ਸਰ/ਕਰਮਚਾਰੀ ਨੂੰ ਰਿਟਾਇਅਰ ਕਰ ਦੇਣਾ ਚਾਹੀਦਾ ਹੈ। ਇੱਕ ਹਾਈ ਪਾਵਰਡ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਦੇ ਮੁਖੀ ਮੁ ਖ ਮੰਤਰੀ ਜੀ ਹੋਣ। ਮੈਂ ਇਕ ਹੋਰ ਬੇਨਤੀ ਕਚਦਾ ਹਾਂ ਕਿ ਇਕ ਮਹੀਨੇ ਬਾਅਦ ਵੈਲ–ਫੇਅਰ ਮਨਿਸਟਰ ਮੀਟਿੰਗ ਕਰੇ ਅਤੇ ਦੋ ਮਹੀਨਿਆਂ ਬਾਅਦ ਮੁੱਖ ਮੰਤਰੀ ਜੀ ਮੀਟਿੰਗ ਕਰਨ। ਇਸ ਮੀਟਿੰਗ ਵਿਚ ਸਾਰੇ ਡੀਪਾਰਟਮੈਂਟਸ ਦੇ ਮੁੱਖੀਆਂ ਨੂੰ ਬੁਲਾਉਣ ਅਤੇ ਐਮ. ਐਲ. ਏਜ਼ ਨੂੰ ਵੀ ਬੁਲਾਉਣ ਫਿਰ ਜੋ ਵੀ ਕਮੀਆਂ ਨੋਟਿਸ ਵਿਚ ਆਉਣ, ਉਨ੍ਹਾਂ ਨੂੰ ਦੂਰ ਕਰਾਉਣ। (ਵਿਘਨ)

ਸ਼੍ਰੀ ਸਪੀਕਰ: ਕੇ.ਪੀ. ਜੀ ਤੁਸੀਂ ਇੱਕ ਮਿੰਟ ਲਈ ਠਹਿਰ ਜਾਓ। ਮੁੱਖ ਮੰਤਰੀ ਜੀ ਨੇ ਪੇਪਰ ਲੇ ਕਰਨੇ ਹਨ।

PAPER LAID ON THE TABLE

Chief Minister (Sardar Darbara Singh): Sir, I beg to lay on the Table of the House a copy each of the Interim Reports Nos. I, II and III of the Gurdev Singh Commission of Enquiry, Punjab, constituted, *vide* notification dated 14th April, 1978, during the Akali Janta regime, to hold enquiry into certain allegations about the abuse/misuse of authority, corruption or lack of integrity against the former Ministers and public servants together with the memorandum of action taken on the findings, as required under section 3(4) of the Commission of Inquiry Act, 1952

DISCUSSION ON THE 25TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1977-78

(Parts I and II) (Resumption)

ਸਰਦਾਰ ਦਰਸ਼ਨ ਸਿੰਘ ਕੇ.ਪੀ.: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਹਾਈ ਪਾਵਰਡ ਕਮੇਟੀ ਬਣਾਈ ਜਾਵੇ ਅਤੇ ਉਸ ਕਮੇਟੀ ਦੇ ਚੇਅਰਮੈਨ ਮੁੱਖ ਮੰਤਰੀ ਜੀ ਹੋਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਇੱਕ ਮਹੀਨੇ ਬਾਅਦ ਸਮਾਜ ਭਲਾਈ ਮੰਤਰੀ ਸਾਰੀਆਂ ਪਾਰਟੀਆਂ ਦੇ ਐਮ. ਐਲ. ਏਜ਼, ਨੂੰ ਬੁਲਾਕੇ ਮੀਟਿੰਗ ਕਰਨ ਅੱਰ ਦੇ ਮਹੀਨਿਆਂ ਬਾਅਦ ਇਨ੍ਹਾਂ ਐਮ. ਐਲ. ਏਜ਼., ਨਾਲ ਸੀ.ਐਮ. ਸਾਹਿਬ ਮੀਟਿੰਗ ਕਰਿਆ ਕਰਨ ਜਿਥੇ ਕਿ ਸਾਰੇ ਮਸਲੇ ਜੋ ਹਰੀਜਨਾਂ ਸਬੰਧੀ ਹਨ ਜਿਸ ਤਰ੍ਹਾਂ ਕਿ ਐਜੂਕੇਸ਼ਨ ਦਾ ਮਸਲਾ ਹੈ, ਸਰਵਿਸਿਜ਼ ਦਾ ਮਸਲਾ ਹੈ ਆਦਿ, ਇਨ੍ਹਾਂ ਬਾਰੇ ਗੱਲ ਬਾਤ ਹੋਇਆ ਕਰੇ। ਇਕ ਗੱਲ ਹੋਰ ਹੈ ਕਿ 1947 ਤੋਂ ਬਾਅਦ ਜੋ ਟੈਕਨੀਕਲ ਕਾਲਿਜਜ਼/ਸਕੂਲ ਖੋਲ ਗਏ ਹਨ ਉਨ੍ਹਾਂ ਵਿਚ ਜਿਹੜੇ ਹਰੀਜਨਾਂ ਦੇ ਬੱਚੇ ਪੜ੍ਹਦੇ ਹਨ ਜਾਂ ਟਰੇਨਿੰਗ ਲੈਂਦੇ ਹਨ ਉਨ੍ਹਾਂ ਦੀ ਤਾਦਾਦ ਹੁਣ ਕਾਫੀ ਵੱਧ ਗਈ ਹੈ। ਇਸ ਚੀਜ਼ ਦਾ ਸਰਵੇ ਕਰਕੇ ਇਨ੍ਹਾਂ ਟੈਕਨੀਕਲ ਇਨਸਟੀਚਿਊਸ਼ਨਾਂ ਦੀ ਤਾਦਾਦ ਵਧਾਉਣੀ ਚਾਹੀਦੀ ਹੈ। ਇੰਡਸਟ੍ਰੀਅਲ ਟਰੇਨਿੰਗ ਦੇ ਕੇ ਉਨ੍ਹਾਂ ਨੂੰ ਕੰਮਾਂ ਤੇ ਲਗਾਉਣਾ ਚਾਹੀਦਾ ਹੈ ਇਨ੍ਹਾਂ ਦੀ ਸਰਵਿਸਿਜ਼ ਅਤੇ ਹੋਰ ਸਾਰੀਆਂ ਚੀਜ਼ਾਂ ਵਲ ਜਿਸ ਲਈ ਰੌਜ਼ ਬਾਹਰ ਨਾਹਰੇਬਾਜ਼ੀ ਹੁੰਦੀ ਹੈ ਧਿਆਨ ਦੇਣਾ ਚਾਹੀਦਾ ਹੈ। ਇਹ ਕਾਫੀ ਸਦੀਆਂ ਤੋਂ ਸਮਾਜ ਦਾ ਲਿਤਾੜਿਆ ਹੋਇਆ ਅੰਗ ਹੈ। ਇਸ ਲਈ ਰਿਜ਼ਰਵੇਸ਼ਨ ਐਕਟ ਲਿਆ ਕੇ ਇਨ੍ਹਾਂ ਦੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

ਸਰਦਾਰ ਗੁਰਦੇਵ ਸਿੰਘ ਬਾਦਲ (ਪੰਜਗਰਾਈਂ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ 25ਵੀਂ ਰਿਪੋਰਟ ਤੇ ਬੋਲਣ ਲਈ ਟਾਈਮ ਦਿੱਤਾ ਹੈ। ਸਪੀਕਰ ਸਾਹਿਬ, 1967 ਤੋਂ ਲੈ ਕੇ ਲਗਾਤਾਰ ਇਸ ਹਾਊਸ ਵਿਚ ਮੈਂ ਦੇਖਦਾ ਰਿਹਾ ਹਾਂ। 1967 ਵਿਚ ਧੰਨੋਵਾਲੀਆ ਵੀ ਸਾਡੇ ਸ਼ਡਿਊਲਡ ਕਾਸਟਸ ਅੱਰ ਹਰੀਜਨ ਵਿੰਗ ਦੇ ਮਨਿਸਟਰ ਰਹੇ। ਇਨ੍ਹਾਂ ਤੋਂ ਵੀ ਕੁਝ ਨਹੀਂ ਕੀਤਾ ਗਿਆ। ਫਿਰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਆਈ ਅਤੇ ਸਾਡੇ ਸਮਾਜ ਭਲਾਈ ਮੰਤਰੀ ਸਰਲਾ ਪਰਾਸ਼ਰ ਜੀ ਰਹੀ। ਬਦ ਕਿਸਮਤੀ ਹੈ ਕਿ ਕੋਈ ਵੀ ਚੂਕਵਾਂ ਮਨਿਸਟਰ ਬਣ ਨਹੀਂ ਸਕਿਆ ਜਿਹੜਾ ਕਿ ਸਾਡੀ ਖਾਤਰ ਤਕੜਾ ਹੋਕੇ ਲੜਾਈ ਕਰਕੇ ਕੁਝ ਕਰ ਸਕਦਾ। ਫਿਰ ਸਾਡੀ ਸਰਕਾਰ ਆਈ। ਪਤਾ ਨਹੀਂ ਕਿਸ ਤਰ੍ਹਾਂ ਚਾਹੇ ਅਕਾਲੀ ਪਾਰਟੀ ਹੈ, ਚਾਹੇ ਕਾਂਗਰਸ ਪਾਰਟੀ ਹੈ ਇਨ੍ਹਾਂ ਦੇ ਦਿਮਾਗ ਵਿਚ ਪਹਿਲਾਂ ਇਹ ਗਲ ਰਹਿੰਦੀ ਹੈ ਕਿ ਜਿਹੜਾ ਹਰੀਜਨ ਵਜ਼ੀਰ ਬਣੇ ਉਹ ** ਜਿਹਾ ਬਣੇ (ਵਿਘਨ)

ਸ਼੍ਰੀ ਸਪੀਕਰ : ** ਲਫਜ਼ ਐਕਸਪੰਜ ਕਰ ਦਿੱਤਾ ਜਾਏ। ਤੁਹਾਨੂੰ ਇਹ ਲਫਜ਼ ਵਿਦਡਰਾ ਕਰਨਾ ਚਾਹੀਦਾ ਹੈ । It is an aspersion on the Minister and these words are expunged.

Chief Minister (Sardar Darbara Singh) : Not only these words should be expunged, but the hon. Member must withdraw these words. It is an aspersion on the Minister and unless he withdraws these words he should not be allowed to speak.

Mr. Speaker : Sardar Gurdev Singh ji, you should withdraw these words.

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਆਪਣਾ ਲਫਜ਼ ਵਾਪਸ ਲੈਂਦਾ ਹਾਂ (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਅੱਤੇ ਮਿਸ ਸਰਲਾ ਪ੍ਰਾਸ਼ਰ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)।

ਸ਼੍ਰੀ ਸਪੀਕਰ : ਮੈਂ ਉਹ ਲਫਜ਼ ਐਕਸਪੰਜ ਕਰ ਦਿੱਤਾ ਹੈ। ਜੋ ਕੁਝ ਇਨ੍ਹਾਂ ਨੇ ਪਾਸਟ ਮਨਿਸਟਰਾਂ ਦੇ ਮੁਤਅੱਲਕ ਕਿਹਾ ਹੈ ਉਹ ਮੈਂ ਅੈਕਸਪੰਜ ਕਰ ਦਿੱਤਾ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ।

ਸ਼੍ਰੀ ਸਪੀਕਰ : ਮੈਂ ਇਸ ਦੀ ਇਜ਼ਾਜ਼ਤ ਨਹੀਂ ਦੇ ਸਕਦਾ। ਤੁਸੀਂ ਬੈਠ ਜਾਓ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਕਹਿ ਰਿਹਾ ਸੀ ਕਿ ਅਕਾਲੀ ਪਾਰਟੀ ਦੇ ਡਾਕਟਰ ਭਗਤ ਸਿੰਘ ਜੀ ਵੈਲਫੇਅਰ ਮਨਿਸਟਰ ਰਹੇ। ਉਨ੍ਹਾਂ ਨੇ ਸ਼ਡਿਊਲਡ ਕਾਸਟਸ ਲਈ ਕਾਰਪੋਰੇਸ਼ਨ ਬਣਾਈ ਅੱਤੇ ਉਸ ਲਈ 5 ਕਰੋੜ ਰੁਪਿਆ ਰਖਿਆ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਤਕੜੇ ਹੋਕੇ ਇਨ੍ਹਾਂ ਦੀ ਭਲਾਈ ਵਾਸਤੇ ਸਕੀਮਾਂ ਬਨਾਉਣੀਆਂ ਚਾਹੀਦੀਆਂ ਹਨ। (ਵਿਘਨ) ਪਾਂਧੀ ਸਾਹਿਬ ਮੇਰੇ ਕੋਲ ਬੈਠੇ ਹਨ। ਹਰੀਜਨ ਲਫਜ਼ ਜਦੋਂ ਮੂੰਹੋਂ ਨਿਕਲ ਜਾਂਦਾ ਹੈ ਤਾਂ ਡਰ ਲਗਣ ਲਗ ਜਾਂਦਾ ਹੈ। ਉਨ੍ਹਾਂ ਨੇ ਤਕੜੇ ਹੋ ਕੇ 5 ਕਰੋੜ ਰੁਪਏ ਦੀ ਕਾਰਪੋਰੇਸ਼ਨ ਜੋ ਹਰੀਜਨਾਂ ਵਾਸਤੇ, ਜੋ ਸ਼ਡਿਊਲਡ ਕਾਸਟਸ ਭਰਾਵਾਂ ਵਾਸਤੇ ਬਣਾਈ, ਇਹ ਇੱਕ ਬੜੀ ਤਕੜੀ ਸਕੀਮ ਬਣਾਈ ਜਿਸ ਨਾਲ ਸ਼ਡਿਊਲਡ ਕਾਸਟਸ ਭਰਾਵਾਂ ਨੂੰ ਬੜਾ ਲਾਭ ਪੁਜਾ। ਇਸ ਤਰੀਕੇ ਨਾਲ ਇਨ੍ਹਾਂ ਨੇ ਸਕੀਮ ਚਲਾਈ ਕਿ ਕੋਈ ਅਮੀਰ ਬੰਦਾ ਇਸ ਕਾਰਪੋਰੇਸ਼ਨ ਤੋਂ ਫਾਇਦਾ ਨਾ ਉਠਾ ਸਕੇ। ਇਨ੍ਹਾਂ ਨੇ ਇਹ ਕੀਤਾ ਕਿ ਜੇਕਰ ਕੋਈ ਸ਼ਡਿਊਲਡ ਕਾਸਟ ਜ਼ਮੀਨ ਖਰੀਦੇ ਤਾਂ 35,000 ਰੁਪਿਆ ਕਰਜ਼ਾ ਇਹ ਕਾਰਪੋਰੇਸ਼ਨ ਬਿਨਾ ਵਿਆਜ ਤੋਂ ਦੇਵੇਗੀ। ਜੇ ਕੋਈ ਸ਼ਡਿਊਲਡ ਕਾਸਟਸ ਟਰੈਕਟਰ ਖਰੀਦੇ ਤਾਂ ਉਸ ਨੂੰ 35,000 ਰੁਪਏ ਇਸ ਕਾਰਪੋਰੇਸ਼ਨ ਤੋਂ ਕਰਜ਼ਾ ਦਿੱਤਾ ਜਾਏਗਾ। ਜੇ ਕੋਈ ਠੇਕੇਦਾਰੀ ਕਰਨਾ ਚਾਹੇ ਤਾਂ 25,000 ਰੁਪਿਆ ਮਿਲੇਗਾ। ਜੇ ਕੋਈ ਮਕਾਨ ਉਸਾਰੀ ਲਈ ਕੰਮ ਕਰਨਾ ਚਾਹੇ ਤਾਂ 35,000 ਰੁਪਿਆ ਇਸ ਕਾਰਪੋਰੇਸ਼ਨ ਤੋਂ ਮਿਲੇਗਾ। ਜੇ ਕੋਈ ਭਰਾ ਹੋਰ ਕੋਈ ਕਾਰੋਬਾਰ ਕਰਨਾ ਚਾਹੇਗਾ ਤਾਂ ਉਸ ਨੂੰ 35,000 ਰੁਪਿਆ ਮਿਲੇਗਾ। ਜੇ ਕੋਈ ਪੋਲਟਰੀ ਫਾਰਮ ਬਣਾਉਣਾ ਚਾਹੇ ਤਾਂ ਉਸ ਲਈ 35,000 ਰੁਪਿਆ ਦਿੱਤਾ ਜਾਏਗਾ। ਸੂਰ ਪਾਲਣ ਵਾਸਤੇ 5,000 ਰੁਪਿਆ ਦਿੱਤਾ ਜਾਏਗਾ। ਡੇਅਰੀ ਵਾਸਤੇ 35,000 ਰੁਪਿਆ ਮਿਲੇਗਾ। ਬਲਦ ਖਰੀਦਣ ਵਾਸਤੇ ਸਾਢੇ ਸੱਤ ਹਜ਼ਾਰ ਮਿਲੇਗਾ। ਐਨੀਆਂ ਵਧੀਆਂ ਸਕੀਮਾਂ ਉਸ ਵੇਲੇ ਬਣੀਆਂ ਜਦੋਂ ਡਾਕਟਰ ਭਗਤ ਸਿੰਘ ਜੀ ਸਮਾਜ ਭਲਾਈ ਮੰਤਰੀ ਸਨ। ਜਿਹੜਾ ਸ਼ਹਿਰੀ ਹਰੀਜਨ ਭਰਾ ਕੋਈ ਚਮੜੇ ਦਾ ਕੰਮ ਕਰਨਾ ਚਾਹੁੰਦਾ ਸੀ ਤਾਂ 15,000 ਰੁਪਿਆ ਉਸਨੂੰ ਦਿੱਤਾ ਜਾਂਦਾ ਸੀ। ਜੇ ਕੋਈ ਹੱਡਾ ਦਾ ਕੰਮ ਕਰਨਾ ਚਾਹੁੰਦਾ ਸੀ ਤਾਂ ਉਸ ਨੂੰ 15,000 ਰੁਪਿਆ ਕਰਜ਼ਾ ਦਿੱਤਾ ਜਾਂਦਾ ਸੀ।

Sardarni Sat want Kaur Sandhu : On a Point of Order, Sir.

Mr. Speaker : I am sorry, I do not allow. We do not have any time. Let the hon. Member complete his speech.

ਸਰਦਾਰ ਗੁਰਦੇਵ ਸਿੰਘ ਬਾਦਲ : ਜਿਹੜਾ ਹੱਥ-ਖੱਡੀ ਦਾ ਕੰਮ ਕਰੇ ਉਸ ਨੂੰ 5,000 ਰੁਪਿਆ ਦਿੱਤਾ ਜਾਏ। ਸ਼ਹਿਰੀ ਵੀਰਾਂ ਨੂੰ ਹੱਥੀਂ ਜੁਤੀਆਂ ਬਣਾਉਣ ਵਾਲਿਆਂ ਵਾਸਤੇ 5,000 ਰੁਪਿਆ, ਸਾਬਨ ਦਾ ਕੰਮ ਕਰਨ ਵਾਲਿਆਂ ਵਾਸਤੇ 7,000 ਰੁਪਿਆ। ਕਾਪੀਆਂ ਪੈਨਸਲਾਂ ਦਾ ਕੰਮ ਕਰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਵਾਲਿਆਂ ਵਾਸਤੇ 15,000 ਰੁਪਿਆ ਕਰਜ਼ਾ ਦਿੱਤਾ ਗਿਆ। ਇਹ ਚੰਗੀਆਂ ਸਕੀਮਾਂ ਸਰਕਾਰ ਨੇ ਚਲਾਈਆਂ ਸਨ। ਇਸ ਕਰਕੇ, ਸਪੀਕਰ ਸਾਹਿਬ, ਇਹ ਜਿਹੜੀ ਰਿਪੋਰਟ ਛੱਪੀ ਹੈ ਇਸ ਵਿਚ ਦੋ ਤਿੰਨ ਚੀਜ਼ਾਂ ਕਮਿਸ਼ਨਰ ਸਾਹਿਬ ਨੇ ਚੰਗੀਆਂ ਲਿੱਤੀਆਂ ਹਨ। ਜ਼ਮੀਨ ਜਿਹੜੀ ਕਿ ਹਿੰਦੁਸਤਾਨ ਵਿਚ ਹਰੀਜਨ ਭਰਾਵਾਂ ਵਾਸਤੇ ਰਾਖਵੀਂ ਰੱਖੀ ਗਈ ਸੀ ਉਸ ਤੇ ਗੈਰ ਹਰੀਜਨਾਂ ਦਾ ਕਬਜ਼ਾ ਕੀਤਾ ਹੋਇਆ ਹੈ ਜਿਸ ਤਰ੍ਹਾਂ ਕਿ ਮੇਰੇ ਤੋਂ ਪਹਿਲਾਂ ਖਾਲਸਾ ਜੀ ਬੋਲ ਚੁਕੇ ਹਨ। ਬੇ-ਰੁਜ਼ਗਾਰੀ ਵਾਸਤੇ ਉਨ੍ਹਾਂ ਨੇ ਕਿਹਾ ਹੈ ਕਿ ਬੇਰੁਜ਼ਗਾਰੀ ਐਨੀ ਵੱਧ ਗਈ ਹੈ ਕਿ ਜਿਹੜੀ ਸਰਕਾਰ ਤੋਂ ਕਾਬੂ ਨਹੀਂ ਆਈ। ਇਸੇ ਤਰ੍ਹਾਂ ਮਕਾਨਾਂ ਵਾਸਤੇ ਰਿਪੋਰਟ ਵਿਚ ਕਿਹਾ ਹੈ ਕਿ ਮਕਾਨ ਐਨੇ ਭੈੜੇ ਹਨ ਕਿ ਉਸ ਮਕਾਨ ਵਿਚ ਜਿਥੇ ਹਰੀਜਨ ਆਪ ਰਹਿੰਦਾ ਹੈ, ਉਸ ਦੀ ਘਰ ਵਾਲੀ ਰਹਿੰਦੀ ਹੈ ਅਤੇ ਉਸੇ ਇੱਕੋ ਕਮਰੇ ਵਿਚ ਉਨ੍ਹਾਂ ਦਾ ਨੌਜਵਾਨ ਮੁੰਡਾ ਤੇ ਹੋਰ ਬੱਚੇ ਰਹਿੰਦੇ ਹਨ ਅਤੇ ਉਥੇ ਹੀ ਭੇਡ ਬਕਰੀਆਂ ਰਹਿੰਦੀਆਂ ਹਨ। (ਵਿਘਨ)

ਵਿੱਤ ਮੰਤਰੀ : ਹਾਲੇ ਮਨਿਸਟਰ ਸਾਹਿਬ ਨੇ ਬੋਲਣਾ ਹੈ, ਇਸ ਲਈ ਹਾਊਸ ਦਾ ਸਮਾਂ ਹੋਰ ਵੱਧਾ ਦੇਣਾ ਚਾਹੀਦਾ ਹੈ।

EXTENSION OF TIME OF THE SITTING

Mr. Speaker : Is it the pleasure of the House that the time of the sitting of the House may be extended for 15 minutes ?

(Voices : Yes, yes).

Mr. Speaker : The time of the sitting of the House is extended upto 1.45 P.M.

DISCUSSION ON THE 25TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1977-78 (PARTS I AND II) (*Resumption*)

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਇੱਕ ਦੋ ਚੰਗੀਆਂ ਗੱਲਾਂ ਸਰਕਾਰ ਨੂੰ ਦੇਣੀਆਂ ਚਾਹੁੰਦਾ ਹਾਂ ਕਿਉਂਕਿ ਸਰਦਾਰ ਦਰਬਾਰਾ ਸਿੰਘ ਜੀ ਅਤੇ ਅਸੀਂ 1967 ਵਿਚ ਇਕੱਠੇ ਰਹੇ ਹਾਂ ਅੱਤੇ ਇਨ੍ਹਾਂ ਨਾਲ ਮਿਲਣ ਦਾ ਚੰਗਾ ਸਮਾਂ ਮਿਲਦਾ ਰਿਹਾ ਹੈ। ਇਹ ਬੜੇ ਚੰਗੇ, ਨੇਕ ਅਤੇ ਛੋਟੇ ਘਰ ਤੋਂ ਉਠਕੇ ਆਏ ਹਨ। ਪਹਿਲਾਂ ਗਿਆਨੀ ਜ਼ੈਲ ਸਿੰਘ ਨੇ ਸ਼ਡਿਊਲਡ ਕਾਸਟਸ ਲਈ ਸਾਰੀਆਂ ਪਾਰਟੀਆਂ ਦੀ ਇੱਕ ਕਮੇਟੀ ਬਣਾਈ ਸੀ ਅਤੇ ਉਹ ਆਪ ਉਸ ਕਮੇਟੀ ਦੇ ਚੇਅਰਮੈਨ ਸਨ। ਅਸੀਂ ਉਨ੍ਹਾਂ ਨੂੰ ਕਿਹਾ ਕਿ ਗਿਆਨੀ ਜੀ ਅਸੀਂ ਸ਼ਡਿਊਲਡ ਕਾਸਟਸ ਹਾਂ ਅਤੇ ਤੁਸੀਂ ਭੋਰਾ ਸਾਡੇ ਤੋਂ ਉੱਚੇ ਬੈਕਵਰਡ ਕਲਾਸ ਵਿਚੋਂ ਹੋ। ਜੇ ਸਾਨੂੰ ਉੱਚਾ ਕਰਕੇ ਪਾਣੀ ਪਿਲਾਇਆ ਜਾਂਦਾ ਹੈ ਤਾਂ ਤੁਹਾਨੂੰ ਜ਼ਰਾ ਨੀਵਾ ਕਰਕੇ ਪਾਣੀ ਪਿਲਾਇਆ ਜਾਂਦਾ ਹੈ। ਜੇ ਤੁਸੀਂ ਵੀ ਚੰਗੇ ਕੰਮ ਨਾ ਕਰਕੇ ਗਏ ਤਾਂ ਫਿਰ ਕਿਸੇ ਨੇ ਕੋਈ ਗਲ ਨਹੀਂ ਸੁਣਨੀ। ਪਰ ਹੋ ਕੁਝ ਨਾ ਸਕਿਆ। ਉਨ੍ਹਾਂ ਨੇ ਸਾਨੂੰ ਮੀਟਿੰਗ ਵਿਚ ਦੱਸਿਆ। ਉਹ ਕਹਿਣ ਲੱਗੇ ਕਿ ਜਿਨ੍ਹਾਂ ਦੇ ਸਹਾਰੇ ਮੈਂ ਚੀਫ਼ ਮਨਿਸਟਰੀ ਕਰ ਰਿਹਾ ਹਾਂ ਤੁਹਾਨੂੰ ਪਤਾ ਹੈ ਕਿ ਉਨ੍ਹਾਂ ਵਿਚ ਗੁਰਦਰਸ਼ਨ ਸਿੰਘ, ਸਿਬੀਆਂ ਆਦਿ ਜਿਹੇ ਆਦਮੀ ਹਨ। ਉਹ ਜ਼ਮੀਨ ਬਾਰੇ ਮੈਨੂੰ ਫੈਸਲਾ ਨਹੀਂ ਕਰਨ ਦਿੰਦੇ। (ਵਿਘਨ) ਉਹ ਕਹਿਣ ਲੱਗੇ ਕਿ ਜਿਵੇਂ ਤੁਹਾਡੇ ਦੁਆਲੇ ਤਕੜੇ ਆਦਮੀ ਹਨ ਇਸੇ ਤਰ੍ਹਾਂ ਮੇਰੇ ਦੁਆਲੇ ਵੀ ਤਕੜੇ ਆਦਮੀ ਹਨ। ਇਸ ਕਰਕੇ ਇਹ ਮਸਲਾ ਹੱਲ ਨਹੀਂ ਹੋ ਸਕਿਆ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਹੁਣ ਇਕ ਹੋਰ ਡਰ ਪੈਦਾ ਹੋ ਗਿਆ ਹੈ ਜਿਸ ਦਾ ਅਖਬਾਰਾਂ ਵਿੱਚ ਵੀ

Original with;
Punjab Vidhan Sabha
Digitized by;
Panjab Digital Library

ਜ਼ਿਕਰ ਆਇਆ ਹੈ। ਉਹ ਹੈ 5 ਨੁਕਾਤੀ ਪ੍ਰੋਗਰਾਮ ਜਿਸ ਦਾ ਅੱਜ ਦੀ ਟ੍ਰਿਬਿਊਨ ਵਿਚ ਜ਼ਿਕਰ ਆਇਆ ਹੈ। ਅੱਗੇ 20 ਨੁਕਾਤੀ ਪ੍ਰੋਗਰਾਮ ਸੀ, ਪਰ ਹੁਣ ਫਿਰ 25 ਨੁਕਾਤੀ ਪ੍ਰੋਗਰਾਮ ਬਣ ਰਿਹਾ ਹੈ। (ਵਿਘਨ) ਅਖਬਾਰ ਵਿਚ ਆਇਆ ਹੈ ਕਿ ਸਰਕਾਰ ਬੜੀ ਤੇਜ਼ੀ ਨਾਲ 5 ਨੁਕਾਤੀ ਪ੍ਰੋਗਰਾਮ ਦੇ ਤਹਿਤ ਕੰਮ ਸ਼ੁਰੂ ਕਰਨ ਲੱਗੀ ਹੈ। ਮੈਨੂੰ ਡਰ ਲੱਗਦਾ ਹੈ ਕਿ ਇਨ੍ਹਾਂ ਨੇ ਇਸੇ ਤਰ੍ਹਾਂ ਹੀ ਹਰੀਜਨਾਂ ਨਾਲ ਲਾਰਾ ਲਾਈ ਜਾਣਾ ਹੈ ਅਤੇ ਦੇਣਾ ਕੁਝ ਨਹੀਂ ਹੈ। ਹੁਣ ਹੋਰ ਲਾਰਾ ਨਹੀਂ ਲਾਉਣਾ ਚਾਹੀਦਾ ਅਤੇ ਇਸ ਮਸਲੇ ਨੂੰ ਖਤਮ ਕਰਨਾ ਚਾਹੀਦਾ ਹੈ। ਇਹ ਕਾਫੀ ਦੇਰ ਦੇ ਕਹਿੰਦੇ ਰਹੇ ਹਨ ਕਿ ਹਰੀਜਨ ਭਰਾਓ, ਅਸੀਂ ਤੁਹਾਨੂੰ ਜ਼ਮੀਨ ਦਿਆਂਗੇ, ਇਨ੍ਹਾਂ ਨੇ ਫਰੀਦਕੋਟ ਵਿਖੇ ਹਰੀਜਨ ਲੋਕਾਂ ਨੂੰ ਜ਼ਮੀਨ ਅਲਾਟ ਕਰਨ ਲਈ ਮੀਟਿੰਗ ਰੱਖੀ ਸੀ। ਉਥੇ ਹਰੀਜਨ ਲੋਕਾਂ ਦਾ ਇਕ ਟਰੱਕ ਭਰ ਕੇ ਆਇਆ ਅਤੇ ਉਥੇ ਬੜਾ ਰੌਲਾ ਪੈ ਰਿਹਾ ਸੀ। ਫਿਰ ਦੂਸਰਾ ਟਰੱਕ ਭਰਕੇ ਆਇਆ ਤਾਂ ਵੀ ਬੜਾ ਰੌਲਾ ਪੈ ਰਿਹਾ ਸੀ। ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਰੌਲਾ ਕਿਉਂ ਪਾਉਂਦੇ ਹੋ ਤਾਂ ਉਹ ਕਹਿਣ ਲੱਗੇ ਕਿ ਅੰਦਰ ਇੰਤਕਾਲ ਹੋਈ ਜਾਂਦੇ ਹਨ। (ਹਾਸਾ) (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ ਵੀ ਇਨ੍ਹਾਂ ਨੇ ਹਰੀਜਨਾਂ ਨਾਲ ਇਸੇ ਤਰ੍ਹਾਂ ਹੀ ਕਰਨੀ ਹੈ। ਅੱਗੇ ਹੀ ਹਰੀਜਨ ਵਿਚਾਰੇ ਬਥੇਰੇ ਫਾਹੇ ਲੱਗ ਗਏ ਹਨ। (ਘੰਟੀ) (ਵਿਘਨ) ਮੈਨੂੰ ਆਸ ਹੈ ਕਿ ਚੀਫ ਮਨਿਸਟਰ ਸਾਹਿਬ ਜੋ ਬੜੇ ਦਿਲ ਵਾਲੇ ਆਦਮੀ ਹਨ, ਉਹ ਛੋਟੇ ਘਰਾਣੇ ਨਾਲ ਸਬੰਧਤ ਹਨ, ਉਨ੍ਹਾਂ ਨੂੰ ਚੀਫ ਮਨਿਸਟਰੀ ਮਿਲੀ ਹੈ। ਸਾਨੂੰ ਇਸ ਬਾਰੇ ਬੜੀ ਖੁਸ਼ੀ ਹੈ। ਪਰ ਉਹ ਬਹੁਤ ਔਖੇ ਬੈਠੇ ਹਨ। ਇਸ ਕਰਕੇ ਸਾਡੇ ਨਾਲ ਖੁਲ੍ਹ ਕੇ ਗੱਲਾਂ ਬਾਤਾਂ ਕਰ ਲੈਂਦੇ ਹਨ। ਸਪੀਕਰ ਸਾਹਿਬ, ਉਹ ਤੁਹਾਡੇ ਨਾਲ ਖੁਲ੍ਹ ਕੇ ਗੱਲਾਂ ਨਹੀਂ ਕਰਦੇ। ਉਹ ਅੰਦਰ ਦੀਆਂ ਗੱਲਾਂ ਸਾਡੇ ਨਾਲ ਕਰਦੇ ਹਨ। (ਵਿਘਨ) ਇਨ੍ਹਾਂ ਦੀ ਸਰਕਾਰ ਪਹਿਲਾਂ ਕਹਿੰਦੀ ਰਹੀ ਸੀ ਕਿ ਝੰਡਾ ਸਿੰਘ, ਭੋਲਾ ਸਿੰਘ ਦੀ ਜ਼ਮੀਨ ਖੋਹਕੇ ਤੁਹਾਨੂੰ ਦਿਆਂਗੇ ਪਰ ਕੀਤਾ ਕੁਝ ਨਹੀਂ। ਸਗੋਂ ਇਹ ਕਹਿ ਕੇ ਉਨ੍ਹਾਂ ਦੇ ਆਪਸ ਵਿਚ ਝਗੜੇ ਪੈਦਾ ਕਰਾ ਦਿੱਤੇ ਹਨ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਗੌਰਮਿੰਟ ਕੋਲ ਬਹੁਤ ਸਾਰੀਆਂ ਐਸੀਆਂ ਜ਼ਮੀਨਾਂ ਪਈਆਂ ਹਨ ਜਿਨ੍ਹਾਂ ਤੋਂ ਗੌਰਮਿੰਟ ਨੂੰ ਇਕ ਧੇਲਾ ਆਮਦਨ ਨਹੀਂ ਹੁੰਦੀ। ਉਥੇ ਵੱਡੇ ਵੱਡੇ ਲੋਕ ਬਿਨਾਂ ਕਾਰਨ ਹੀ ਕਾਬਜ਼ ਹੋ ਕੇ ਸਰਕਾਰ ਦਾ ਨਾਮ ਲੈ ਕੇ ਕਮਾਈ ਖਾਈ ਜਾਂਦੇ ਹਨ। ਸਪੀਕਰ ਸਾਹਿਬ, ਮੱਤੇਵਾੜ ਪਿੰਡ ਹੈ। ਉਥੇ 32 ਸੌ ਕਿਲੇ ਦਾ ਫਾਰਮ ਹੈ। ਉਥੇ 19 ਟਰੈਕਟਰ ਕੰਮ ਕਰਦੇ ਹਨ। ਮੈਂ ਸਰਦਾਰ ਦਰਬਾਰਾ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਉਸ ਜ਼ਮੀਨ ਦੇ 5-5 ਕਿਲੇ ਦੇ ਪਲਾਟ ਬਣਾਕੇ ਹਰੀਜਨਾਂ ਨੂੰ ਦੇ ਦਿੱਤੇ ਜਾਣ ਤਾਂ ਉਨ੍ਹਾਂ ਗਰੀਬ ਲੋਕਾਂ ਦਾ ਵੀ ਕੁਝ ਭਲਾ ਹੋ ਸਕਦਾ ਹੈ। ਉਸ ਜ਼ਮੀਨ ਵਿਚ 600 ਘਰ ਹਰੀਜਨਾਂ ਦੇ ਆਬਾਦ ਹੋ ਸਕਦੇ ਹਨ। ਜੇ ਉਹ ਜ਼ਮੀਨ ਹਰੀਜਨਾਂ ਨੂੰ ਦੇ ਦਿੱਤੀ ਜਾਵੇ ਤਾਂ ਸਦੀਆਂ ਤੱਕ ਇਨ੍ਹਾਂ ਦਾ ਨਾਮ ਰੌਸ਼ਨ ਰਹੇਗਾ ਅਤੇ ਉਹ ਲੋਕ ਇਨ੍ਹਾਂ ਦੀਆਂ ਫੋਟੋਆਂ ਆਪਣੀਆਂ ਝੁੱਗੀਆਂ ਵਿਚ ਲਾਉਣਗੇ। (ਵਿਘਨ)

ਸ਼੍ਰੀ ਸਪੀਕਰ: ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਗੁਰਦੇਵ ਸਿੰਘ ਬਾਦਲ: ਜੇ ਉਹ ਜ਼ਮੀਨ ਹਰੀਜਨਾਂ ਵਿਚ ਵੰਡ ਦਿੱਤੀ ਜਾਵੇ ਤਾਂ ਇਸ ਨਾਲ ਜ਼ਿਮੀਂਦਾਰ ਵੀ ਨਾਰਾਜ਼ ਨਹੀਂ ਹੋਵੇਗਾ ਅਤੇ ਸ਼ਹਿਰ ਦਾ ਲਾਲਾ ਵੀ ਨਾਰਾਜ਼ ਨਹੀਂ ਹੋਵੇਗਾ। (ਵਿਘਨ) ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਸਵਾਈਨਾਗਾ ਵਿਚ ਸੀਡ ਫਾਰਮ ਹੈ। ਉਥੋਂ ਸਰਕਾਰ ਨੂੰ ਕੋਈ ਆਮਦਨ ਨਹੀਂ ਹੁੰਦੀ। ਉਥੇ ਦੀ ਸਾਰੀ ਕਮਾਈ ਕਰਮਚਾਰੀ ਛੱਕ ਜਾਂਦੇ ਹਨ। ਉਹ ਜ਼ਮੀਨ ਵੀ ਹਰੀਜਨ ਭਰਾਵਾਂ ਨੂੰ ਪਲਾਟ ਬਣਾ ਕੇ ਵੰਡ ਦਿੱਤੀ ਜਾਵੇ। ਇਸੇ ਤਰ੍ਹਾਂ ਹੀ ਵਜ਼ੀਦ-ਪੁਰ, ਦੇਵੀਵਾਲਾ ਅਤੇ ਗੋਨੇਆਣਾ ਵਿਚ ਫਾਰਮ ਹਨ। ਉਹ ਜ਼ਮੀਨ ਵੀ ਹਰੀਜਨ ਭਰਾਵਾਂ ਵਿਚ ਪਲਾਟ ਬਣਾਕੇ ਵੰਡ ਦਿੱਤੀ ਜਾਵੇ। (ਘੰਟੀ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਖਤਮ ਕਰੋ ਜੀ।

ਸਰਦਾਰ ਗੁਰਦੇਵ ਸਿੰਘ ਬਾਦਲ : ਬੱਸ ਜੀ, ਮੈਂ ਇਕ ਮਿੰਟ ਹੋਰ ਬੋਲਕੇ ਖਤਮ ਕਰਦਾ ਹਾਂ। ਸਪੀਕਰ ਸਾਹਿਬ, ਇਸ ਰਿਪੋਰਟ ਦੇ ਮੁਤਾਬਿਕ 1971 ਵਿਚ ਸ਼ਡਿਊਲਡ ਕਾਸਟਸ, ਹਰੀਜਨ ਭਰਾਵਾਂ ਦੀ ਆਬਾਦੀ 33,38,217 ਸੀ ਜਿਸ ਵਿਚੋਂ 18,03,571 ਆਦਮੀ ਸਨ ਅਤੇ 15,34,618 ਇਸਤਰੀਆਂ ਸਨ। ਇਸ ਆਬਾਦੀ ਦੇ ਹਿਸਾਬ ਨਾਲ ਸਾਨੂੰ ਨੌਕਰੀ ਵਿਚ ਹਿੱਸਾ ਮਿਲਣਾ ਚਾਹੀਦਾ ਹੈ। ਇਥੇ ਖਾਲਸਾ ਜੀ ਨੇ ਬੜਾ ਅੱਛੀ ਤਰ੍ਹਾਂ ਦੱਸਿਆ ਸੀ। (ਵਿਘਨ) (ਘੰਟੀ) ਮੈਂ ਖ਼ਤਮ ਹੀ ਕਰਨ ਲੱਗਾ ਹਾਂ। (ਵਿਘਨ) ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਵਾਸਤੇ ਮੌਕਾ ਦਿੱਤਾ ਹੈ। ਹੁਕਮ ਹੋਵੇ ਤਾਂ ਮੈਂ ਹੋਰ ਬੋਲ ਲਵਾਂ। (ਘੰਟੀ)

ਸ਼੍ਰੀ ਸਪੀਕਰ : ਨਹੀਂ ਜੀ। ਹਾਂ ਜੀ, ਮਨਿਸਟਰ ਸਾਹਿਬ, ਤੁਸੀਂ ਸ਼ੁਰੂ ਕਰੋ।

ਸਮਾਜ ਭਲਾਈ ਮੰਤਰੀ (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਸਾਰੇ ਆਨਰੇਬਲ ਮੈਂਬਰਾਂ ਨੇ ਬੜੇ ਚੰਗੇ ਸੁਝਾਓ ਦਿਤੇ ਹਨ ਅਤੇ ਬੜੀ ਸਿਆਣਪ ਨਾਲ ਬੋਲੇ ਹਨ। ਜਿਵੇਂ ਖਾਲਸਾ ਜੀ ਨੇ ਵੀ ਕਿਹਾ ਸੀ ਕਿ ਕੋਈ ਤੁਹਾਨੂੰ ਮਿਹਣੇ ਨਹੀਂ ਮਾਰਨੇ ਕਿਉਂਕਿ ਇਹ ਜਿਹੜੀ ਰਿਪੋਰਟ ਹੈ ਇਸ ਨਾਲ ਸਾਰਿਆਂ ਦਾ ਤੁਅੱਲਕ ਹੈ। ਇਹ ਬਿਲਕੁਲ ਠੀਕ ਗੱਲ ਹੈ। ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ। (ਵਿਘਨ) ਮੈਂ ਸਾਰਿਆਂ ਨੂੰ ਰਿਕੁਐਸਟ ਕਰਾਂਗਾ ਕਿ ਜ਼ਰਾ ਮੈਨੂੰ ਵੀ ਸੁਣਨ ਦਾ ਕਸ਼ਟ ਕਰਨ। ਸਪੀਕਰ ਸਾਹਿਬ, ਸਾਰੀਆਂ ਪਾਰਟੀਆਂ ਨੇ ਆਪਣੇ ਆਪਣੇ ਦਾਅਵੇ ਕੀਤੇ ਹਨ ਹਰੀਜਨਾਂ ਵਾਸਤੇ .....

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਹਰੀਜਨ ਲਫਜ਼ ਕੋਈ ਨਹੀਂ ਹੈ। ਹਰੀਜਨ ਲਫਜ਼ ਸਰਕਾਰ ਨੇ ਵਰਜਿਤ ਕੀਤਾ ਹੈ। (ਵਿਘਨ) ਇਹ ਗਲਤ ਗੱਲ ਕਰ ਰਹੇ ਹਨ। (ਵਿਘਨ) ਹਰੀਜਨ ਲਫਜ਼ ਕੋਈ ਨਹੀਂ ਹੈ। (ਵਿਘਨ)

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਸਾਰੇ ਦਾਅਵੇ ਕਰਦੇ ਰਹੇ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇਸ ਤਰ੍ਹਾਂ ਵਿਘਨ ਨਾ ਪਾਉਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਆਜ਼ਾਦੀ ਆਉਣ ਤੋਂ ਪਹਿਲਾਂ ਇਨ੍ਹਾਂ ਲੋਕਾਂ ਦੀ ਰਖਵਾਲੀ ਕਰਨ ਵਾਲੀ ਕਿਹੜੀ ਪਾਰਟੀ ਸੀ ? ਉਹ ਕਾਂਗਰਸ ਪਾਰਟੀ ਸੀ। ਜਦ ਆਜ਼ਾਦੀ ਦੀ ਲੜਾਈ ਲੜੀ ਜਾਂਦੀ ਸੀ (ਵਿਘਨ)। ਤੋਂ, ਇਸ ਕਰਕੇ, ਸਪੀਕਰ ਸਾਹਿਬ, ਮਹਾਤਮਾ ਗਾਂਧੀ ਜੀ ਨੇ, ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਇਹ ਚੀਜ਼ ਲਿਆਂਦੀ।

(ਇਸ ਵਕਤ ਕਈ ਮਾਨਯੋਗ ਮੈਂਬਰਜ਼ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਲਈ ਖੜੇ ਸਨ)

ਸ਼੍ਰੀ ਸਪੀਕਰ : ਮੈਂ ਕੋਈ ਪੁਆਇੰਟ ਆਫ਼ ਆਰਡਰ ਅਲਾਓ ਨਹੀਂ ਕਰਾਂਗਾ। (ਵਿਘਨ)

ਸਮਾਜ ਭਲਾਈ ਮੰਤਰੀ : ਮੇਰੀ ਇਕ ਭੈਣ, ਐਮ. ਐਲ. ਏ., ਸਾਡੇ ਸਾਹਮਣੇ ਬੈਠੀ ਹੈ ਜਿਹੜੀ ਕਿ ਐਕਸ-ਮਨਿਸਟਰ ਰਹੀ ਹੈ। (ਵਿਘਨ) ਸਪੀਕਰ ਸਾਹਿਬ, ਮੇਰੀਆਂ ਭੈਣਾਂ ਨੂੰ ਬਰਾਬਰ ਦਾ ਦਰਜਾ ਇਸ ਕਾਂਗਰਸ ਪਾਰਟੀ ਨੇ ਦਿੱਤਾ। ਇਸਤਰੀ ਜਾਤੀ ਨੂੰ ਚਾਹੇ ਸਾਡੀ ਜਾਤੀ ਦੀ ਹੈ ਅਤੇ ਚਾਹੇ ਦੂਸਰੀ ਜਾਤੀ ਦੀ ਹੈ ਸਭ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। (ਵਿਘਨ) ਸਪੀਕਰ ਸਾਹਿਬ, ਇਹ ਬੜੇ ਬੜੇ ਦਾਅਵੇ ਕਰਦੇ ਹਨ ਸੋਸ਼ਲਿਜ਼ਮ ਦੇ। ਰਿਜ਼ਰਵ ਸੀਟਾਂ ਤੇ ਅਸੀਂ ਆਏ ਹਾਂ। ਚਾਹੇ ਕੋਈ ਹਰੀਜਨ ਹੈ, ਚਾਹੇ ਕੋਈ ਬਾਲਮੀਕੀ ਹੈ, ਚਾਹੇ ਕੋਈ ਰਾਮਦਾਸੀਆ ਹੈ, ਸਾਰੇ ਇਨ੍ਹਾਂ ਬੈਂਚਾਂ ਤੇ ਬੈਠੇ ਹਨ। **(ਵਿਘਨ)**

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ: ਵਜ਼ੀਰ ਸਾਹਿਬ, ਜੋ ਮਰਜ਼ੀ ਕਹਿ ਲੈਣ ਪਰ ਜਾਣ ਤੋਂ ਪਹਿਲਾਂ ਇਸ ਰਪੋਰਟ ਬਾਰੇ ਜ਼ਰੂਰ ਕੁਝ ਕਹਿ ਦੇਣ । (ਵਿਘਨ)

ਸਮਾਜ ਭਲਾਈ ਮੰਤਰੀ: ਸੁਣਨ ਦਾ ਜ਼ਿਗਰਾ ਰਖੋ। (ਵਿਘਨ)

ਡਾਕਟਰ ਭਗਤ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ)

ਸ਼੍ਰੀ ਸਪੀਕਰ: ਜਿਸ ਵੇਲੇ ਵੈਦ ਕਰਤਾਰ ਸਿੰਘ ਜੀ ਸਪੀਚ ਕਰ ਰਹੇ ਸਨ ਉਸ ਵਕਤ ਵੀ ਕਈ ਮਾਨਯੋਗ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਉਠੇ ਸਨ ਪਰ ਮੈਂ ਕਿਸੇ ਨੂੰ ਅਲਾਉ ਨਹੀਂ ਸੀ ਕੀਤਾ। ਉਨ੍ਹਾਂ ਨੇ ਆਪਣਾ ਪੱਖ ਪੇਸ਼ ਕੀਤਾ ਹੈ। ਹੁਣ ਵਜ਼ੀਰ ਸਾਹਿਬ ਨੂੰ ਆਪਣਾ ਪੱਖ ਪੇਸ਼ ਕਰ ਲੈਣ ਦਿਓ।

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਬਾਜ਼ਾਰ ਵਿਚ ਕੋਈ ਮਜ਼ਮਾਂ ਨਹੀਂ ਲਗਾ ਹੋਇਆ, ਇਹ ਅਸੈਂਬਲੀ ਹੈ। ਇਨ੍ਹਾਂ ਦੀ ਇਕ ਵੀ ਗਲ ਫੈਕਟਸ ਤੇ ਬੇਸ ਨਹੀਂ ਕਰਦੀ, ਇਹ ਮੈਂ ਦਾਅਵੇ ਨਾਲ ਕਹਿੰਦਾ ਹਾਂ। (ਵਿਘਨ)

ਸਮਾਜ ਭਲਾਈ ਮੰਤਰੀ: ਸਪੀਕਰ ਸਾਹਿਬ, ਡਾਕਟਰ ਸਾਹਿਬ ਉਸ ਵੇਲੇ ਨਹੀਂ ਜਾਗੇ ਜਿਸ ਵੇਲੇ ਬਾਦਲ ਸਾਹਿਬ (ਮਾਨਯੋਗ ਮੈਂਬਰ ਸਰਦਾਰ ਗੁਰਦੇਵ ਸਿੰਘ ਬਾਦਲ ਵਲ ਇਸ਼ਾਰਾ) ਕਹਿੰਦੇ ਸਨ ਕਿ ਸਾਡਾ ਵਜ਼ੀਰ ** ਅਜਿਹਾ ਬਣਾਇਆ ਹੈ। ਉਸ ਵੇਲੇ ਨਹੀਂ ਇਹ ਜਾਗੇ।

ਆਵਾਜ਼ਾਂ: ਉਹ ਲਫਜ਼ ਤਾਂ ਉਨ੍ਹਾਂ ਨੇ ਵਾਪਸ ਲੈ ਲਏ ਸਨ।

ਸਮਾਜ ਭਲਾਈ ਮੰਤਰੀ: ਸਪੀਕਰ ਸਾਹਿਬ, ਹਾਊਸ ਦੀਆਂ ਗੈਲਰੀਆਂ ਬੜੀਆਂ ਭਰੀਆਂ ਹੋਈਆਂ ਹਨ ਅਤੇ ਸਾਰੇ ਲੋਕ ਬੈਠੇ ਸੁਣਦੇ ਹਨ। ਇਹ ਕੀ ਸੋਚ ਰਹੇ ਹੋਣਗੇ ਕਿ ਜੋ ਨੁਮਾਇੰਦੇ ਅਸੀਂ ਚੁਣ ਕੇ ਭੇਜੇ ਹਨ ਉਹ ਕਿਸ ਤਰ੍ਹਾਂ ਦੇ ਹਨ । ਜਿਸ ਤਰ੍ਹਾਂ ਲੋਕਾਂ ਦੇ ਨੁਮਾਇੰਦੇ ਇਹ ਚੁਣ ਕੇ ਆਏ ਹਨ, ਅਸੀਂ ਵੀ ਲੋਕਾਂ ਦੇ ਨੁਮਾਇੰਦੇ ਚੁਣ ਕੇ ਆਏ ਹਾਂ। ਸਾਨੂੰ ਵੀ ਗਲ ਕਹਿਣ ਦਾ ਰਾਈਟ ਹੈ। ਸ਼ੋਰ ਗੁਲ ਪਾ ਕੇ ਕਿਹੜੇ ਨੁਮਾਇੰਦੇ ਹਨ ਜਿਹੜੇ ਸਾਡੀ ਕਿਸਮਤ ਦਾ ਫੈਸਲਾ ਨਹੀਂ ਹੋਣ ਦਿੰਦੇ, ਲੋਕੀਂ ਸ਼ਾਇਦ ਇਹ ਵੀ ਸੋਚ ਰਹੇ ਹੋਣ। ਇਸ ਕਰਕੇ, ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਬੇਨਤੀ ਹੈ ਕਿ ਇਨ੍ਹਾਂ ਨੂੰ ਸੁਣਨ ਦਾ ਜ਼ਿਗਰਾ ਰੱਖਣਾ ਚਾਹੀਦਾ ਹੈ। ਜੋ ਕੁਝ ਕਾਂਗਰਸ ਸਰਕਾਰ ਨੇ, ਕਾਂਗਰਸ ਪਾਰਟੀ ਨੇ ਪਿਛਲੇ 30--33 ਸਾਲਾਂ ਵਿਚ ਕੀਤਾ ਹੈ ਸਾਡੇ ਲੋਕਾਂ ਲਈ ਉਹ ਕਿਸੇ ਤੋਂ ਭੁਲਿਆ ਨਹੀਂ। ਮੈਂ ਬੜੇ ਅੱਦਬ ਨਾਲ ਕਹਾਂਗਾ ਕਿ ਜੇਕਰ ਹਰੀਜਨ ਲਫਜ਼ ਚੰਗਾ ਨਾ ਲਗੇ ਤਾਂ ਕੋਈ ਗਲ ਨਹੀਂ। (ਵਿਘਨ) ਬਾਲਮੀਕੀ ਵੱਖਰਾ ਹੈ, ਸਾਂਸੀ ਵੱਖਰਾ ਹੈ, ਹਰੀਜਨ ਵੱਖਰਾ ਹੈ ? ਇਹ ਸ਼ਡਿਊਲਡ ਕਾਸਟਸ ਦੀਆਂ ਜਾਤੀਆਂ ਹਨ। ਇਨ੍ਹਾਂ ਨੂੰ ਮੁਸ਼ਤਰਕਾ ਕਰਕੇ ਇਹ ਲਫਜ਼ ਕਿਹਾ ਗਿਆ ਹੈ। ਅੰਗਰੇਜ਼ੀ ਦਾ ਪੜ੍ਹਿਆ ਲਿਖਿਆ ਜਿਵੇਂ ਕੋਈ ਵਾਟਰ ਕਹਿ ਦਿੰਦਾ ਹੈ, ਪੰਜਾਬੀ ਵਿਚ ਕੋਈ ਪਾਣੀ ਕਹਿ ਦਿੰਦਾ ਹੈ, ਕੋਈ ਜਲ ਕਹਿ ਦਿੰਦਾ ਹੈ ਪਰ ਸਭ ਦਾ ਮਤਲਬ ਇਕ ਹੀ ਹੈ। (ਥੰਪਿੰਗ) (ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਵੱਲੋਂ ਵਿਘਨ) ਲਫਜ਼ ਦੇਖਣ ਦੀ ਲੋੜ ਨਹੀਂ ਹੈ। ਆਮ ਜਿਹੜੀ ਚੀਜ਼ ਹੈ ਉਹ ਉਨ੍ਹਾਂ ਲਈ ਕੰਮ ਕਰਨ ਦੀ ਹੈ। (ਵਿਘਨ) ਸਪੀਕਰ ਸਾਹਿਬ, ਸਹੀ ਮਾਅਨਿਆਂ ਵਿਚ ਜੋ ਖਾਲਸਾ ਜੀ ਨੇ ਕਿਹਾ ਹੈ ਮੈਂ ਉਨ੍ਹਾਂ ਦਾ ਰਿਣੀ ਹਾਂ

---

unged as ordered by the Chair.

Original with;
Punjab Vidhan Sabha
Digitized by;
Panjab Digital Library

[ਸਮਾਜ ਭਲਾਈ ਮੰਤਰੀ]

ਲੇਕਿਨ ਜੋ ਗਲ ਉਮਰਾਨੰਗਲ ਜੀ ਕਹਿੰਦੇ ਹਨ, ਜੇ ਇਹ ਸੱਚੀ ਮੁੱਚੀ ਸਾਡੇ ਹਮਦਰਦ ਹਨ ਤਾਂ ਪਾਂਡੇ ਸਾਹਿਬ ਨਾਲ ਜਾ ਕੇ ਬਾਹਰ ਗਲ ਕਰ ਲੈਣ। ਸਾਡੀ ਗਲ ਨੂੰ ਐਵੇਂ ਭੰਲੇ ਵਿਚ ਨਾ ਪਾ ਦੇਣ। ਸਪੀਕਰ ਸਾਹਿਬ, ਇਹ (ਸਰਦਾਰ ਗੁਰਦੇਵ ਸਿੰਘ ਬਾਦਲ ਵੱਲ ਇਸ਼ਾਰਾ) ਅੱਜ ਜ਼ਮੀਨਾਂ ਦੇ ਬਾਰੇ ਗਲਾਂ ਕਰਦੇ ਹਨ। (ਵਿਘਨ) ਇਕ ਗੱਲ ਪੁੱਛਣ ਵਾਲੀ ਹੈ ਬਾਦਲ ਜੀ ਕੋਲੋਂ, ਉਹ ਵੱਡੇ ਬਾਦਲ ਜੀ ਹਨ ਅਤੇ ਇਹ ਛੋਟੇ ਬਾਦਲ ਜੀ ਹਨ, ਕਿ ਢਾਈ ਸਾਲਾਂ ਵਿਚ ਤੁਸੀਂ ਜ਼ਮੀਨਾਂ ਖੋਹ ਕਿਉਂ ਨਹੀਂ ਲਈਆਂ ? ਸਪੀਕਰ ਸਾਹਿਬ, ਮੈਂ ਇਹ ਗਲ ਕਹਿਣ ਤੋਂ ਗੁਰੇਜ਼ ਨਹੀਂ ਕਰਦਾ ਕਿ ਅਜੇ ਤਕ 30–33 ਸਾਲਾਂ ਵਿਚ ਇਕ ਚੀਜ਼ ਆਈ ਹੈ, ਸਾਡੇ ਵਿਚ ਜਾਗਰਤੀ ਆਈ ਹੈ। ਅੱਜ ਸਾਨੂੰ ਬਰਾਬਰਤਾ ਦਾ ਦਰਜਾ ਮਿਲਿਆ ਹੈ। ਮੈਂ ਉਸ ਦਿਨ ਵੀ ਕਿਹਾ ਸੀ ਅਤੇ ਅੱਜ ਫਿਰ ਪਾਂਧੀ ਸਾਹਿਬ ਨੂੰ ਬੜੀ ਅਧੀਨਗੀ ਨਾਲ, ਬੜੀ ਰਿਸਪੈਕਟ ਨਾਲ ਅਰਜ਼ ਕਰਾਂਗਾ ਕਿ ਦੋ ਚੀਜ਼ਾਂ ਹੋਇਆ ਕਰਦੀਆਂ ਹਨ। ਇਕ ਕੁਆਲੀਫਾਈਡ ਅਫ਼ਸਰ, ਆਈ.ਏ.ਐਸ. ਜਾਂ ਵਕੀਲ ਹੁੰਦੇ ਹਨ ਅੱਰ ਇਕ ਪੁਲੀਟੀਕਲ ਤੌਰ ਤੇ ਆਦਮੀ ਕੁਆਲੀਫਾਈਡ ਹੁੰਦੇ ਹਨ। ਕਈ ਇਥੇ ਐਮ.ਏ., ਬੀ.ਏ. ਪਾਸ ਕਰਕੇ ਬਦਕਿਸਮਤੀ ਨਾਲ ਸੜਕਾਂ ਤੇ ਤੁਰੇ ਫਿਰਦੇ ਹਨ।

ਇਕ ਆਵਾਜ਼ : ਤੁਹਾਡੀ ਮਿਹਰਬਾਨੀ ਨਾਲ।

ਸਮਾਜ ਭਲਾਈ ਮੰਤਰੀ : ਉਹ ਤਾੜ ਤਾੜ ਅੰਗਰੇਜ਼ੀ ਬੋਲਦੇ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਕੁਆਲੀਫੀਕੇਸ਼ਨ ਜਿਹੜੀ ਹੈ ਉਹ ਠੀਕ ਹੈ, ਹੋਣੀ ਚਾਹੀਦੀ ਹੈ, ਐਜੂਕੇਸ਼ਨ ਹੋਣੀ ਚਾਹੀਦੀ ਹੈ ਲੇਕਿਨ ——

'ਯੂੰਹੀਂ ਜੋ ਕੇ ਫਿਰਤੇ ਹੈਂ ਬੇਇਲਮੋਂ ਜਾਹਲ
ਬਹੁਤ ਇਨਮੇ ਹੈਂ ਜਿਨ ਕੇ ਜੌਹਰ ਹੈਂ ਕਾਬਲ।'

ਮੈਂ ਪੜ੍ਹਿਆ ਲਿਖਿਆ ਹਾਂ। ਸ਼ਾਇਦ ਪਾਂਧੀ ਸਾਹਿਬ ਦੇ ਨੋਟਿਸ ਵਿਚ ਇਹ ਚੀਜ਼ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ** ** **(ਵਿਘਨ))

ਆਵਾਜ਼ਾਂ : ਇਨ੍ਹਾਂ ਨੂੰ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ। (ਵਿਘਨ) (ਸ਼ੋਰ) ਪਾਂਧੀ ਸਾਹਿਬ ਨੂੰ ਲਫਜ਼ ਵਾਪਸ ਲੈਣੇ ਚਾਹੀਦੇ ਹਨ। (ਸ਼ੋਰ)

ਸ਼੍ਰੀ ਸਪੀਕਰ : ਜੋ ਲਫਜ਼ ਪਾਂਧੀ ਸਾਹਿਬ ਨੇ ਕਹੇ ਹਨ ਉਹ ਐਕਸਪੰਜ ਕਰ ਦਿੱਤੇ ਜਾਣ। (ਵਿਘਨ) ਵਜ਼ੀਰ ਸਾਹਿਬ, ਇਕ ਮਿੰਟ ਰਹਿ ਗਿਆ ਹੈ, ਕੰਪਲੀਟ ਕਰੋ, ਮੈਂ ਹਾਊਸ ਐਡਜਰਨ ਕਰਨਾ ਹੈ। (ਵਿਘਨ)

ਆਵਾਜ਼ਾਂ : ਟਾਈਮ ਹੋਰ ਐਕਸਟੈਂਡ ਕਰ ਦਿਓ ਜੀ।

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਕਰਨ ਲਗਾ ਹਾਂ ਜੀ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਹੈ, ਪਾਂਧੀ ਸਾਹਿਬ ਉਸ ਸਾਈਡ ਤੇ ਬੈਠੇ ਹਨ ——

'ਯੂੰਈਂ ਜ਼ਾਤ ਸੁਭਾਅ ਪਲਟੇ ਨਹੀਂ ਲੱਖ ਕੋ ਕਰੋ ਉਪਾਏ
ਨੀਲ ਕੋ ਗਰਮ ਕਰੋ ਮੁੜ ਸੀਤਲ ਹੋ ਜਾਏ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਪਾਣੀ ਨੂੰ ਤੁਸੀਂ ਜਿੰਨਾ ਮਰਜ਼ੀ ਗਰਮ ਕਰ ਲਓ ਉਸ ਨੇ ਫਿਰ ਠੰਡਾ ਹੋ ਜਾਣਾ ਹੈ। ਸੋ ਇਹ ਪਾਂਧੀ ਸਾਹਿਬ ਦਾ ਸੁਭਾਅ ਹੈ। (ਵਿਘਨ)

EXTENSION OF TIME OF THE SITTING

Chief Minister (Sardar Darbara Singh) : I would request you to extend the time of the sitting of the House.

Mr. Speaker : Is it the pleasure of the House that the time of the sitting of the House be extended for another fifteen minutes ?

(*Voices* :Yes, Yes)

Mr. Speaker : The time of the sitting of the House is extended upto 2.00 P.M.

DISCUSSION ON THE 25TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1977-78 (PARTS I & II) (*Resumption*)

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਕਿਸੇ ਨੂੰ ਕੁਝ ਨਹੀਂ ਕਹਿੰਦਾ। ਪਾਂਧੀ ਸਾਹਿਬ, ਤੁਹਾਡਾ ਖਿਆਲ ਤੁਹਾਨੂੰ ਮੁਬਾਰਕ। ਬਾਦਲ ਸਾਹਿਬ ਦਾ ਖਿਆਲ ਬਾਦਲ ਸਾਹਿਬ ਨੂੰ ਮੁਬਾਰਕ । ਮੈਂ ਕੀਰਤਨ ਕਰ ਨਹੀਂ ਸਕਿਆ, ਢੱਡ ਸਰੰਗੀ ਵਜਾ ਨਹੀਂ ਸਕਿਆ।

ਸਪੀਕਰ ਸਾਹਿਬ, ਪਾਂਧੀ ਸਾਹਿਬ ਐਮ, ਐਲ, ਏ, ਵੀ ਹਨ ਅਤੇ ਵਕੀਲ ਵੀ ਹਨ। ਵਕੀਲ ਨੇ ਆਪਣੇ ਸਾਇਲ ਨੂੰ ਖੁਸ਼ ਕਰਨਾ ਹੁੰਦਾ ਹੈ। ਭਾਵੇ ਜੱਜ ਉਸ ਨੂੰ ਸੁਣੇ ਜਾਂ ਨਾ ਸੁਣੇ, ਵਕੀਲ ਬੋਲੀ ਜਾਂਦਾ ਹੈ ਔਰ ਵਕੀਲ ਬਾਹਰ ਆ ਕੇ ਸਾਇਲ ਨੂੰ ਕਹਿੰਦਾ ਹੈ ਵੇਖਿਆ ਮੈ ਕਿੰਨਾ ਬੋਲਿਆ ਹਾਂ

ਇਹ ਜਿਹੜਾ ਕਹਿੰਦੇ ਹਨ ਕਿ ਹਰੀਜਨ ਨਹੀਂ ਸ਼ਡਿਊਲਡ ਕਾਸਟਸ ਕਹਿਣਾ ਚਾਹੀਦਾ ਹੈ ਇਹ ਆਉਣ, ਮੈ ਇਸ ਗਲ ਤੇ ਇਨ੍ਹਾਂ ਦੇ ਨਾਲ ਹੋਵਾਂਗਾ। ਸਾਡੇ ਸਰਦਾਰ ਦਰਬਾਰਾ ਸਿੰਘ ਜੀ ਨੇ ਆਪਣਾ ਮਨ ਬਣਾਇਆ ਹੋਇਆ ਹੈ। ਹਰੀਜਨਾਂ ਦੀ ਤਸਵੀਰ ਉਨ੍ਹਾਂ ਦੇ ਹਿਰਦੇ ਵਿਚ ਵੱਸਦੀ ਹੈ। ਜਿਹੜੀ ਹਾਈ ਪਾਵਰਡ ਕਮੇਟੀ ਦੀ ਗਲ ਕਚਦੇ ਹਨ, ਜ਼ਰੂਰ ਉਸ ਤੇ ਵਿਚਾਰ ਕਰਾਂਗੇ। ਇਹ ਜਿਹੜਾ 30 ਕਰੋੜ ਰੁਪਿਆ ਹੈ (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਦੇ ਸਮੇਂ ਤਾਂ ਹਰੀਜਨ ਬਚਿਆਂ ਦੇ ਵਜ਼ੀਫੇ ਦਾ ਇਕ ਕਰੋੜ ਰੁਪਿਆ ਲੈਪਸ ਹੋ ਗਿਆ (ਵਿਘਨ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਇਹ ਗਲਤ ਬਿਆਨੀ ਕਰ ਰਹੇ ਹਨ (ਸ਼ੋਰ) ਸਪੀਕਰ ਸਾਹਿਬ, ਮੈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਲੋਕਾਂ ਨਾਲ ਠੱਗੀ ਕਰਨ ਵਾਸਤੇ ਕਿੰਨੀ ਕੁਰੱਪਸ਼ਨ ਕਰਦੇ ਹਨ (ਵਿਘਨ) ਇਕ ਜਲਸੇ ਵਿਚ ਇਕ ਮਜ਼ਹਬੀ ਮਜ਼ਹਬੀਆਂ ਨੂੰ .... (ਵਿਘਨ) ।

ਸ਼੍ਰੀ ਸਪੀਕਰ : ਜੱਥੇਦਾਰ ਜੀ ਬੈਠੋ ।

ਸਮਾਜ ਭਲਾਈ ਮੰਤਰੀ : ਅੱਜ ਮੇਰੇ ਕੋਲ ਫਾਈਲ ਆ ਗਈ ਹੈ, ਇਨ੍ਹਾਂ ਦੇ ਕਾਕਾ ਜੀ ਦੀ, ਬੈਕਵਰਡ ਕਲਾਸ ..... (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

[ਸਮਾਜ ਭਲਾਈ ਮੰਤਰੀ]


ਸਪੀਕਰ ਸਾਹਿਬ, ਮੈ ਬੇਨਤੀ ਕਰਦਾ ਹਾਂ ਕਿ 30 ਕਰੋੜ ਰੁਪਿਆ ਅਸੀਂ ਠੀਕ ਢੰਗ ਨਾਲ ਖਰਚ ਕਰਾਂਗੇ ਜਿਹੜਾ ਕਿ ਇਨ੍ਹਾਂ ਨੇ ਢਾਈ ਸਾਲਾਂ ਵਿਚ ਨਹੀਂ ਕੀਤਾ।

Mr. Spe ker : The House stands adjourned *sine die*.

*1.50 p. m. (*The Sabha then adjourned sine die.*)

43942/PVS—Govt. Press, Chd.

Original with;
Punjab Vidhan Sabha
Digitized by;
Panjab Digital Library



Original
Punjabi
Digitized
Panjab Digital Library

(C) 1980

Published under the authority of the Punjab Vidhan Sabha and Printed by the Controller, Govt. Press, (U.T.) Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

21-A

23rd July, 1980

ANNEXURE

Vol. I—No. 21

OFFICIAL REPORT

CONTENTS

Wednesday, the 23rd *July*, 1980

	Page
Unstarred Questions (Converted as such from being Starred Questions) and Answers for the meeting of the Punjab Vidhan Sabha held on 23rd July, 1980 ..	(21)1
Starred Question and Answer left over from the list of Starred Questions dated 7th July, 1980, which was deemed to have been laid on the Table of the House under Rule 38. ..	(21)12
Unstarred Question and Answer left over from the list of Unstarred Questions dated 17th July, 1980 (Morning Sitting) ..	(21)14

Punjab Vidhan Sabha Secretariat, Chandigarh.

Price: **Rs. 6.00**

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 23rd July, 1980

ANNEXURE

This Annexure Contains Unstarred Questions (Converted as such from being Starred Questions) and Answers, Starred Question, Unstarred Question and Answers pertaining to the different sittings of the Budget Session, 1980. *(These were received late from the Government).*

UNSTARRED QUESTIONS (CONVERTED AS SUCH FROM BEING STARRED QUESTIONS) AND ANSWERS FOR THE 23RD JULY, 1980.

Non-Payment of Salaries to the Staff Employed in 25-Bed Hospitals in the State.

*83. (C.U.) 1. **Master Babu Singh**
2. **Comrade Saghar Singh** } :Will the Minister for Health and Family Welfare be pleased to state—

(a) the number of 25-bed hospitals opened at Block level in the State in accordance with the decision of the previous Ministry together with the names of places where these have been opened ;

(b) the time since when the staff employed in the said hospitals has not been paid their salaries together with the reasons therefor ?

Shri Sardari Lal Kapoor : (a) The requisite information is given in Annexure A & B.

(b) the staff employed in these hospitals have been paid their salaries.

ANNEXURE 'A'

List of 25/30 bedded hospitals/upgraded hospitals during 1978-79.
List of Primary Health Centres Upgraded to 30 Bedded Hospitals

Serial No.	District	Block	Village
1.	Sangrur	.. Dhanaula	Dhanaula
2.	—Do—	.. Lehragaga	Moonak
3.	—Do—	.. Ahmedgarh	Kothala
4.	Bhatinda	.. Budhlada	Budhlada

Original with;
Punjab Vidhan Sabha
Digitized by;
Panjab Digital Library

[Health Minister]

Serial No.	District	Block	Village
5.	Bhatinda	.. Jhunir	Sardulgarh
6.	—Do—	.. Nathana	Nathana
7.	—Do—	.. Talwandi Sabho	Talwandi Sabho
8.	—Do—	.. Phul	Bhagta
9.	Patiala	.. Bhunerheri	Dudhan Sadhan
10.	Gurdaspur	.. Srihargobindpur	Srihargobindpur
11.	—Do—	Dhariwal	Naushahra Majhasingh
12.	—Do—	.. Dorangla	Dorangla
13.	Ludhiana	.. Sidhwan Bet	Sidhwan Bet
14.	—Do—	Machhiwara	Machhiwara
15.	—Do—	Dehlon	Malaud
16.	Amritsar	Naushrapanuan	Kairon
17.	—Do—	.. Tarn Taran	Chabhal
18.	—Do—	Jandiala	Manawala
19.	—Do—	.. Ajnala	Ramdass
20.	Hoshiarpur	.. Talwara	Hajipur
21.	—Do—	.. Balachaur	Balachaur
22.	—Do—	.. Saroya	Saroya
23.	Faridkot	.. Lambri	Lambi
24.	—Do—	.. Faridkot	Jandasahib
25.	Ropar	.. Chamkaur Sahib	Chamkaur Sahib
26.	Jullundur	.. Rurka Kalan	Jandiala
27.	—Do—	.. Nurmahal	Bilga
28.	Ferozepur	.. Ferozepur	Mamdot
29.	—Do—	.. Zira	Kassoana
30.	Kapurthala	.. Kapurthala	Kala Sanghian

List of 25-bedded rural Hospitals sanctioned under the one-third scheme during 1978-79. These hospitals are to be established by the Voluntary organisations with grants from the State Government and the Central Government.

31.	Amritsar	.. Chola Sahib	Dera Sahib Lohar
32.	—Do—	.. Chogwan	Kaler (Ram Tirath)
33.	Sangrur	.. Barnala	Thikriwala

Original with;
Punjab Vidhan Sabha
Digitized by;
Panjab Digital Library

Serial No.	District	Block	Village
34.	Sangrur	.. Mahal Kalan	Chhapa
35.	—Do—	.. Lehragaga	Mandvi
36.	—Do—	.. Sehna	Dhilwan
37.	Bhatinda	.. Mansa	Phaphre Bhaike
38.	Jullundur	.. Nurmahal	Mao Sahib
39.	—Do—	.. Adampur	Arjanwal
40.	—Do—	.. Banga	Sandhwan Pharala
41.	Faridkot	.. Gidderbaha	Gurusar Mandhir
42.	Faridkot	.. Moga-I	Mallianwala
43.	—Do—	Kotkapura	Matta
44.	Hoshiarpur	.. Hoshiarpur	Phuglana
45.	Ferozepur	.. Dharamkot	Bhinder Kalan
46.	—Do—	.. Khuian Sarwar	Killianwali
47.	—Do—	—Do—	Panjkosi
48.	—Do—	.. Chal Khurd	Mudki
49.	Patiala	.. Nabha	Tohtra
50.	—Do—	.. Ghanaur	Ghanaur
51.	—Do—	.. Samana	Badhshahpur
52.	—Do—	.. Sirhind	Mallewal
53.	Gurdaspur	.. Srihargobindpur	Srihargobindpur
54.	Ropar	.. Anandpursahib	Bhalan

List of 25-bedded Rural Hospitals sanctioned during 1978-79 land and building for which are to be given by the community.

55.	Ludhiana	.. Pakhowal	Kalakh
56.	—Do—	.. —Do—	Mansooran
57.	—Do—	.. Gurusar Sudhar	Bopa Rai Kalan
58.	Sangrur	.. Sangrur	Cheema
59.	Bhatinda	.. Mansa	Bhikhi
60.	—Do—	.. Budhlada	Baretta
61.	—Do—	.. Bhatinda	Airak Kalan
62.	Faridkot	.. Nihalsinghwala	Lopan
63.	—Do—	.. —Do—	Nihalsinghwala
64.	Kapurthala	.. Nadala	Mahasadpur

Original with;
Punjab Vidhan Sabha
Digitized by;
Panjab Digital Library

[Health Minister]

Serial No.	District	Block	Village
65.	Kapurthala	.. Sultanpur Lodhi	Kabirpur
66.	Jullundur	.. Shahkot	Lohian
67.	Ropar	.. Chamkaur Sahib	Morinda
68.	Hoshiarpur	.. Hoshiarpur	Ahar Khuntan
69.	Gurdaspur	.. Dhariwal	Kot Santokh Rai
70.	Bhatinda	.. Rampura	Badiala

ANNEXURE 'B'

List of 25/30-Bedded Rural Hospitals sanctioned to be opened during 1979-80

Serial No.	Name of the PHC/ Hospital	Block	District
1.	Gharyala	.. Patti	Amritsar
2.	Rajoke	.. Valtoha	Amritsar
3.	Mianwind	.. Khandur Sahib	Amritsar
4.	Tarsikka	.. Tarsikka	Amritsar
5.	Kala Bakra	.. Bhogpur	Jullundur
6.	Hathur	.. Jagraon	Ludhiana
7.	Jandwala Bhime Shah	Jalalabad	Ferozepur
8.	Nandpur Kalaur	Bassi Pathana	Patiala
9.	Bharatgarh	.. Ropar	Ropar
10.	Kauhrian	.. Sunam	Sangrur
11.	Kahnuwan	.. Kahnuwan	Gurdaspur
12.	Fatchgarh Churian	Fatehgarh Churian	Gurdaspur
13.	Narot Jaimal Singh	Narot Jaimal Singh	Gurdaspur
14.	Bhungal Badhni	.. Dhar Kalan	Gurdaspur
15.	Kalanaur	.. Kalanaur	Gurdaspur
16.	Budhabar	.. Mukerian	Hoshiarpur
17.	Mand Mandher	.. Dasuya	Hosniarpur
18.	Bhunga	.. Bhunga	Hoshiarpur
19.	Bhakna Kalan	.. Gandi Wind	Amritsar

Original with;
Punjab Vidhan Sabha
Digitized by;
Panjab Digital Library

Serial No.	Name of the PHC/ Hospital	Block	Village
20.	Katani Kalan	.. Mangat	Ludhiana
21.	Isru	.. Samrala	Ludhiana
22.	Uggi	.. Nakodar	Jullundur
23.	Amo Nangal	.. Batala	Gurdaspur
24.	Kurali	.. Majri	Ropar
25.	Bariwala	.. Muktsar	Faridkot
26.	Chak Attar Singh Wala	.. Sangat	Bhatinda
27.	Binjon	.. Garhshankar	Hoshiarpur
28.	Chawanda Devi	.. Majitha	Amritsar
29.	Bagha Purana	.. Bagha Purana	Faridkot
30.	Saproor	.. Phagwara	Kapurthala

Regularisation of Services of *Ad-hoc* Employees of the Education Department in the State

*84. (C.U.) 1. **Master Babu Singh**
2. **Comrade Saghar Singh** : Will the Minister for Education be pleased to state whether there is any proposal under the consideration of the Government to regularise the services of those *ad-hoc* employees of the Education Department in the State who had put in more than one year's service as on 31st March, 1979; if so, the details thereof ?

ਸਰਦਾਰ ਹਰਚਰਨ ਸਿੰਘ ਅਜਨਾਲਾ : ਸਰਕਾਰ ਨੇ ਤਦਅਰਥ ਕਰਮਚਾਰੀਆਂ, ਜਿਸ ਵਿਚ ਸਿਖਿਆ ਵਿਭਾਗ ਦੇ ਕਰਮਚਾਰੀ ਵੀ ਸ਼ਾਮਲ ਹਨ, ਜਿਨ੍ਹਾਂ ਦੀ ਮਿਤੀ 31 ਮਾਰਚ, 1979 ਨੂੰ ਇਕ ਸਾਲ ਤੋਂ ਵੱਧ ਨੌਕਰੀ ਹੋ ਗਈ ਹੈ, ਨੂੰ ਰੈਗੂਲਰ ਕਰਨ ਬਾਰੇ ਕੋਈ ਫੈਸਲਾ ਨਹੀਂ ਲਿਆ ਹੈ ।

Opening of a Sub-Treasury at Nihal Singh Wala, District Faridkot.

*93. (C.U.) 1. **Master Babu Singh**
2. **Comrade Saghar Singh** : Will the Minister for Finance be pleased to state—

(a) whether there is any proposal under the consideration of the Government to open a Sub-treasury at Nihal Singh wala, District Faridkot ;

(b) if the reply to part (a) above be in affirmative, the time by which the said Sub-Treasury is likely to be opened ?

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ : (ੳ) ਹਾਂ ਜੀ।

(ਅ) ਉਪ ਖਜਾਨਾ ਖੋਲ੍ਹਣ ਲਈ ਜ਼ਰੂਰੀ ਮੁਢਲੀ ਸ਼ਰਤ ਹੈ ਕਿ ਉਥੇ ਸਟੇਟ ਬੈਂਕ ਆਫ ਇੰਡੀਆ ਜਾਂ ਸਟੇਟ ਬੈਂਕ ਆਫ ਪਟਿਆਲਾ ਦੀ ਬਰਾਂਚ ਸਰਕਾਰੀ ਪੈਸੇ ਦੇ ਲੈਣ ਦੇਣ ਦਾ ਕੰਮ ਕਰਨ ਲਈ ਹੋਵੇ। ਇਸ ਮਾਮਲੇ ਬਾਰੇ ਸਟੇਟ ਬੈਂਕ ਆਫ ਇੰਡੀਆ/ਸਟੇਟ ਬੈਂਕ ਆਫ ਪਟਿਆਲਾ ਨਾਲ ਲਿਖਾ ਪੜ੍ਹੀ ਕੀਤੀ ਗਈ ਸੀ ਅਤੇ ਸਟੇਟ ਬੈਂਕ ਆਫ ਪਟਿਆਲਾ ਨੇ ਸੂਚਿਤ ਕੀਤਾ ਹੈ ਕਿ ਉਹ ਜੁਲਾਈ, 1980 ਦੇ ਅੰਤ ਤੀਕਣ ਨਿਹਾਲ ਸਿੰਘ ਵਾਲਾ ਵਿਖੇ ਆਪਣੀ ਬਰਾਂਚ ਖੋਲ੍ਹ ਦੇਣਗੇ। ਨਿਹਾਲ ਸਿੰਘ ਵਾਲਾ ਵਿਖੇ ਬੈਂਕ ਦੀ ਬਰਾਂਚ ਖੋਲ੍ਹਣ ਦੇ ਤੁਰੰਤ ਬਾਅਦ ਉਥੇ ਉਪ-ਖਜ਼ਾਨਾ ਸਥਾਪਤ ਕਰ ਦਿਤਾ ਜਾਵੇਗਾ।

Allotment of Atta Depots

***190. (C.U.) Sardar Darshan Singh K.P.** : Will the Chief Minister be pleased to state —

(a) the number of Atta Depots allotted in District Jullundur during the period from June, 1977 to February, 1980 ;

(b) the number of depots out of these mentioned in part(a) above which were allotted to the person belonging to the Scheduled Castes?

ਸਰਦਾਰ ਦਰਬਾਰਾ ਸਿੰਘ : (ੳ) ਆਟੇ ਦਾ ਕੋਈ ਵੱਖਰਾ ਡੀਪੂ ਅਲਾਟ ਨਹੀਂ ਕੀਤਾ ਗਿਆ। ਫਿਰ ਭੀ ਪ੍ਰਾਈਵੇਟ ਸੈਕਟਰ/ਸਹਿਕਾਰਤਾ ਵਿਭਾਗ/ਪਬਲਿਕ ਸੈਕਟਰ ਵਿਚ 51 ਵਾਜਿਬ ਭਾਅ ਦੀਆਂ ਦੁਕਾਨਾਂ ਸਥਾਪਿਤ ਕਰਨ ਲਈ ਅਧਿਕਾਰ ਪੱਤਰ ਜਾਰੀ ਕੀਤੇ ਗਏ ਹਨ ਜੋ ਕੰਟਰੋਲ ਭਾਅ ਤੇ ਕਣਕ ਦਾ ਹੋਲਮੀਲ ਆਟਾ ਵੇਚਦੀਆਂ ਹਨ।

(ਅ) ਪ੍ਰਾਈਵੇਟ ਵਿਅਕਤੀਆਂ ਨੂੰ ਅਲਾਟ ਕੀਤੀਆਂ ਗਈਆਂ 17 ਵਾਜਿਬ ਭਾਅ ਦੀਆਂ ਦੁਕਾਨਾਂ ਵਿਚੋਂ ਦੋ ਦੁਕਾਨਾਂ ਅਨੁਸੂਚਿਤ ਜਾਤੀਆਂ ਨੂੰ ਦਿੱਤੀਆਂ ਗਈਆਂ ਹਨ।

P.C.S. Officers in the State

***197. (C.U.) Sardar Darshan Singh K.P.** : Will the Chief Minister be pleased to state—

(a) the total number of P.C.S. Officers in the State at present ;

(b) the number out of those mentioned in part (a) above who belong to the Scheduled Castes, Backward Classes and the other classes separately ?

ਸਰਦਾਰ ਦਰਬਾਰਾ ਸਿੰਘ : (ੳ) 16 ਜੁਲਾਈ, 1980 ਤੱਕ ਰਾਜ ਵਿੱਚ (ਕਾਰਜਕਾਰੀ ਅਤੇ ਅਦਾਲਤੀ ਸ਼ਾਖਾਵਾਂ) ਦੇ ਕੁਲ ਪੀ. ਸੀ. ਐਸ. ਅਫਸਰਾਂ ਦੀ ਗਿਣਤੀ 344 ਸੀ ਜਿਨ੍ਹਾਂ ਵਿੱਚੋਂ 287 ਅਫਸਰ ਸਿੱਧੀ ਭਰਤੀ ਦੇ ਹਨ। ਕੇਵਲ ਸਿੱਧੀ ਭਰਤੀ ਵਿਚ ਹੀ ਰਿਜ਼ਰਵੇਸ਼ਨ ਦਾ ਉਪਬੰਧ ਹੈ।

Original with;
Punjab Vidhan Sabha
Digitized by;
Panjab Digital Library

(ਅ) ਸਿੱਧੀ ਭਰਤੀ ਦੇ 287 ਅਧਿਕਾਰੀਆਂ ਵਿਚੋਂ ਵੱਖ ਵੱਖ ਕਲਾਸਾਂ ਨਾਲ ਸਬੰਧਤ ਅਫਸਰਾਂ ਦੀ ਗਿਣਤੀ ਨਿਮਨ ਲਿਖਤ ਅਨੁਸਾਰ ਹੈ :--

(i)	ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਫਸਰਾਂ ਦੀ ਗਿਣਤੀ ..	53
(ii)	ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਅਫਸਰਾਂ ਦੀ ਗਿਣਤੀ ..	11
(iii)	ਹੋਰ ਕਲਾਸ ਦੇ ਅਫਸਰਾਂ ਦੀ ਗਿਣਤੀ ..	223

Setting up Horticulture-Cum-Farm Forestry Nurseries in the State

***213. (C.U.) Sardar Darshan Singh K.P.** : Will the Minister for Agriculture and Forests be pleased to state :—

(a) whether the Government made a provision for funds for setting up Horticulture-cum-Farm Forestry Nurseries in the State during the period from June, 1977 to February, 1980 ;

(b) if the reply to part (a) above be in the affirmative, the names of places, Assembly Constituency-wise, where the said nurseries are proposed to be set up together with the present position thereof ?

ਚੌਧਰੀ ਕਾਂਸ਼ੀ ਰਾਮ : (ੳ) 31,93,198 ਰੁਪਏ ਦੀ ਰਕਮ ਛੋਟੇ ਜ਼ਿਮੀਦਾਰਾਂ ਵਿਕਾਸ ਏਜੰਸੀ ਵਲੋਂ ਸਮਾਂ ਜੂਨ, 1977 ਤੋਂ ਫਰਵਰੀ, 1980 ਦੇ ਦੌਰਾਨ ਸਰਵਪੱਖੀ ਪੇਂਡੂ ਵਿਕਾਸ ਪ੍ਰੋਗਰਾਮ (ਸੈਂਟਰਲ) ਅਧੀਨ ਦਿੱਤੀ ਗਈ ਸੀ ।

(ਅ) ਉਪਰੋਕਤ ਪ੍ਰੋਗਰਾਮ ਅਧੀਨ ਵਿਕਸਿਤ ਕੀਤੀਆਂ ਗਈਆਂ ਨਰਸਰੀਆਂ ਦਾ ਵੇਰਵਾ ਅਤੇ ਹੁਣ ਦੀ ਸਥਿਤੀ ਮੇਜ਼ ਤੇ ਰੱਖੀ ਜਾਂਦੀ ਹੈ।

ਵੇਰਵਾ

ਲੜੀ ਨੰ:	ਜ਼ਿਲ੍ਹਾ	ਅਸੈਂਬਲੀ ਕੰਸਟੀਚੁਐਂਸੀ ਦਾ ਨਾਂ	ਨਰਸਰੀ ਦੀ ਥਾਂ	ਹੁਣ ਦੀ ਸਥਿੱਤੀ
1	2	3	4	5
1.	ਰੂਪਨਗਰ	ਚਮਕੌਰ ਸਾਹਿਬ	ਚਮਕੌਰ ਸਾਹਿਬ ਸਰਹਿੰਦ ਕੈਨਾਲ	ਚਾਲੂ ਹੈ।
2.	,,	ਆਨੰਦਪੁਰ ਸਾਹਿਬ	ਰੂਪਨਗਰ ਸਰਹਿੰਦ ਕੈਨਾਲ	,,
3.	,,	ਮੁਰਿੰਡਾ	ਮਾਜਰਾ ਪੰਚਾਇਤ ਏਰੀਆ	,,

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

1	2	3	4	5
4.	ਲੁਧਿਆਣਾ	ਲੁਧਿਆਣਾ	ਕਾਦੀਆਂ	ਚਾਲੂ ਹੈ
5.	,,	ਕੁਮ ਕਲਾਂ	ਮਤੇਵਾੜਾ	,,
6.	,,	ਸਮਰਾਲਾ	ਸਮਰਾਲਾ	,,
7.	ਜਲੰਧਰ	ਲੋਹੀਆਂ	ਨਕੋਦਰ ਮਲਸੀਆਂ ਰੋਡ ਕਿ. ਮੀ. 9–10 ਸੱਜਾ ਅਤੇ ਖੱਬੇ ਅਤੇ ਸ਼ਾਹ ਕੋਟ ਰੇਲਵੇ ਯਾਰਡ	,,
8.	,,	ਨੂਰਮਹਿਲ	ਨੂਰਮਹਿਲ ਰੇਲਵੇ ਸਟੇਸ਼ਨ ਯਾਰਡ	,,
9.	,,	ਫਿਲੌਰ	ਬਿਸਤ ਦੁਆਬ ਨਹਿਰ ਆਰ. ਡੀ. 31–35	,,
10.	,,	ਕਰਤਾਰਪੁਰ	ਕਰਤਾਰਪੁਰ ਰੋਡ ਕਿ. ਮੀ. 389—91	,,
11.	,,	ਜਲੰਧਰ ਪੂਰਬੀ	ਜਮਸ਼ੈਦਪੁਰ ਰੇਲਵੇ ਸਟੇਸ਼ਨ ਯਾਰਡ	ਰੇਲਵੇ ਦੇ ਹਾਕਮਾਂ ਦੇ ਦਖਲ ਅੰਦਾਜ਼ੀ ਨਾਲ ਬੰਦ ਕਰ ਦਿੱਤੀ ਗਈ।
12.	,,	ਫਿਲੌਰ	ਰਾਖਵਾਂ ਜੰਗਲ ਕੰਪਾਰਟਮੈਂਟ ਨੰ 1, 2 ਅਤੇ 3	ਚਾਲੂ ਹੈ
13.	,,	ਆਦਮਪੁਰ	ਜਲੰਧਰ, ਪਠਾਨਕੋਟ ਰੋਡ ਕਿ. ਮੀ. 18–19 ਅਤੇ ਭੋਗਪੁਰ ਰੇਲਵੇ ਯਾਰਡ	,,
14.	,,	ਸੁਲਤਾਨਪੁਰ	ਸੁਲਤਾਨਪੁਰ ਤਲਵੰਡੀ ਰੋਡ ਅਤੇ ਸੁਲਤਾਨਪੁਰ ਕਪੂਰਥਲਾ ਰੋਡ	,,
15.	,,	ਬਿਆਸ	ਢਿਲਵਾਂ ਨਜ਼ਦੀਕ ਰੈਸਟ ਹਾਊਸ	,,
16.	,,	ਕਪੂਰਥਲਾ	ਬੀੜ ਸ਼ਿਕਾਰਗਾਹ ਅਤੇ ਕਾਦੂ ਪੁਰਾ	,,
17.	ਅੰਮ੍ਰਿਤਸਰ	ਮਜੀਠਾ	ਲੋਅਰ ਬਰਾਂਚ ਕੈਨਾਲ ਕੇਸੋਲ ਪਿੰਡ ਦੇ ਸਾਹਮਣੇ	,,

Original with;
Punjab Vidhan Sabha
Digitized by;
Panjab Digital Library

1	2	3	4	5
18.	ਅੰਮ੍ਰਿਤਸਰ	ਅਜਨਾਲਾ	ਕੁਹਾਲੀ	ਚਾਲੂ ਹੈ
19.	,,	ਜੁਵਾਲ	ਰੱਖ ਸਰਾਏ ਅਮਾਨਤ ਖਾਂ	,,
20.	,,	ਬੇਰਕਾ	ਐਮ ਬੀ. ਐਲ.ਕੈਨਾਲ ਆਰ. ਡੀ. 101–2	,,
21.	,,	ਨੌਸ਼ਿਹਰਾ ਪੰਨੂਆਂ	ਦਿਲਾਵਰ ਪੁਰ ਐਸਕੇਪ ਆਰ. ਡੀ. 280–85 ਆਰ.	,,
22.	,,	ਵਲਟੋਹਾ	ਮਿਨਹਾਲਾ ਐਸਕੇਪ ਆਰ. ਡੀ. 333–40 ਆਰ.	,,
23.	,,	ਚੌਹਾਲ	ਐਮ. ਬੀ. ਐਲ. ਆਰ. ਡੀ. 224–230 ਸੱਜਾ	,,
24.	,,	ਫਤਿਹਬਾਦ	ਐਸ. ਬੀ. ਕੈਨਾਲ ਆਰ. ਡੀ. 217–221 ਆਰ.	,,
25.	,,	ਅਜਨਾਲਾ ਸਰਾਏ ਮਾਈਨਰ ਉਤੇ	ਦਿਆਲ ਬੜੈਗ	,,
26.	ਪਟਿਆਲਾ	ਡਕਾਲਾ	ਭੰਨਰਹੇੜੀ ਨਰਸਰੀ	,,
27.	,,	ਨਾਭਾ	ਬੀੜ ਦੁਸਾਂਝ ਨਰਸਰੀ	,,
28.	,,	ਧਨੌੜ	ਧਨੌੜ ਨਰਸਰੀ ਨਰਵਾਣਾ ਬਰਾਂਚ ਨਹਿਰ ਆਰ. ਡੀ. 141–142	,,
29.	,,	ਬਨੂੜ	ਡੇਰਾ ਬਸੀ ਨਰਸਰੀ (ਅੰਬਾਲਾ–ਕਾਲਕਾ ਰੋਡ ਉਤੇ ਕੇ. ਐਮ 29)	,,
30.	,,	ਸਰਹਿੰਦ	ਬੱਸੀ ਪਠਾਨਾਂ ਦੇ ਬਲਾਕ ਡਿਵੈਲਪਮੈਂਟ ਅਫਸਰ ਦੇ ਕੰਪਾਊਂਡਾਂ ਦੇ ਵਿੱਚ	ਕਿਉਂਕਿ ਬਲਾਕ ਡਿਵੈਲਪਮੈਂਟ ਅਤੇ ਪੰਚਾਇਤ ਅਫਸਰ ਨੇ ਆਪਣੇ ਕੰਪਾਊਂਡ ਵਿਚ ਨਰਸਰੀ ਲਾਉਣ ਲਈ ਜਗ੍ਹਾ ਨਹੀਂ ਦਿੱਤੀ ਇਸ ਲਈ ਹੋਰ ਨਰਸਰੀ ਵਿਚ ਪੌਦੇ ਲਗਾਏ ਗਏ ਹਨ ਅਤੇ ਉਥੋਂ ਸਪਲਾਈ ਕੀਤੇ ਗਏ ਹਨ।

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਮੰਤਰੀ]

1	2	3	4	5
31.	ਸੰਗਰੂਰ	ਸ਼ੰਗਰੂਰ	ਕਾਲਾ ਝਾੜ	ਮੌਜੂਦ ਹੈ
32.	,,	ਧੂਰੀ	ਕਹੇੜ ਨਰਸਰੀ	,,
33.	,,	ਸੰਗਰੂਰ	ਬਲਦ ਕਲਾਂ	,,
34.	,,	ਭਦੌੜ	ਨਾਭਾ ਮੋੜ ਪਿੰਡ	,,
35.	,,	ਧਨੌਲਾ	ਬਡਵਰ	,,
36.	,,	ਸਨਾਮ	ਸਨਾਮ	,,
37.	ਫਿਰੋਜ਼ਪੁਰ	ਫਿਰੋਜ਼ਪੁਰ	ਮਲੇਵਾਲ ਨਰਸਰੀ	,,
38.	,,	,,	ਤਲਵੰਡੀ	,,
39.	,,	ਜ਼ੀਰਾ	ਮਲਾਂਵਾਲਾ ਯਾਰਡ ਸਟੇਸ਼ਨ ਨਰਸਰੀ	ਮੌਜੂਦ ਨਹੀਂ ਹੈ
40.	,,	ਧਰਮਕੋਟ	ਕੋਟ ਈਸੇ ਖਾਂ ਨਰਸਰੀ	ਮੌਜੂਦ ਹੈ
41.	,,	ਅਬੋਹਰ	ਅਬੋਹਰ ਨਰਸਰੀ	,,
42.	ਹੁਸ਼ਿਆਰਪੁਰ	ਹੁਸ਼ਿਆਰਪੁਰ	ਚੱਕ ਸਾਧੂ	,,
43.	,,	,,	ਸਤਿਆਲ	,,
44.	,,	,,	ਕੈਨਾਲ ਰੈਸਟ ਹਾਊਸ ਨਰਸਰੀ	,,
45.	,,	ਗੜਦੀਵਾਲਾ	ਤਖਣੀ	,,
46.	,,	,,	ਥਾਣਾ	,,

(ਸਹੀ)

ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ।

Original with;
Punjab Vidhan Sabha
Digitized by;
Panjab Digital Library

Vacant posts in the Office of the D.E.O., Faridkot

*220 (C.U.) **Sardar Atma Singh** : Will the Minister for Education be pleased to state —

(a) whether it is a fact that the post of Administrative Officers in the offices of the District Education Officer (Secondary Education), Faridkot and the Deputy District Education Officer (Primary Education) have been lying vacant since 1st November, 1979, and 1st January, 1980 respectivly, if so, the reasons therefor ;

(b) the time by which the posts referred to in part (a) above are likely to be filled up?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਜ਼ਿਲ੍ਹਾ ਸਿਖਿਆ ਅਫਸਰ, ਫਰੀਦਕੋਟ ਵਿਖੇ ਪ੍ਰਬੰਧ ਅਫਸਰ ਦੀ ਇਕ ਆਸਾਮੀ ਮਿਤੀ 1 ਨਵੰਬਰ 1979 ਤੋਂ ਸ਼੍ਰੀ ਵੇਦ ਪ੍ਰਕਾਸ਼ ਦੀ ਰਿਟਾਇਰਮੈਂਟ ਕਾਰਨ ਖਾਲੀ ਹੈ। ਇਸ ਆਸਾਮੀ ਵਿਰੁਧ ਸ਼੍ਰੀ ਪੂਰਨ ਸਿੰਘ, ਸੁਪਰਡੰਟ ਨੂੰ ਤਰੱਕੀ ਦੇ ਕੇ ਨਿਯੁਕਤ ਕੀਤਾ ਗਿਆ ਸੀ ਪਰ ਉਨ੍ਹਾਂ ਦੀ ਬੇਨਤੀ ਤੇ ਸ਼੍ਰੀ ਪੂਰਨ ਸਿੰਘ ਨੂੰ ਬਠਿੰਡਾ ਵਿਖੇ ਪ੍ਰਬੰਧ ਅਫਸਰ ਦੀ ਆਸਾਮੀ ਵਿਰੁਧ ਐਡਜਸਟ ਕਰ ਦਿੱਤਾ ਗਿਆ ਸੀ।

(ਅ) ਫਰੀਦ ਕੋਟ ਵਿਖੇ ਆਸਾਮੀ ਭਰਨ ਲਈ ਤਜਵੀਜ਼ ਵਿਚਾਰ ਅਧੀਨ ਹੈ।

Construction of 50—Beded Hospital at Fatehgarh Sahib

*227 (C.U.) **Sardar Birdevinder Singh** : Will the Chief Minister be pleased to state —

(a) whether the construction of 50-bed Hospital at Fatehgarh Sahib district Patiala, under the Fatehgarh Sahib Development Plan has been stopped if so, the reason therefor ;

(b) the time by which the construction is likely to start ?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ ।

(ਅ) ਉਸਾਰੀ ਛੇਤੀ ਸ਼ੁਰੂ ਹੋਣ ਦੀ ਸੰਭਾਵਨਾ ਹੈ।

Installation of Tubewells in Sirhind Assembly Constituency

*228 (C.U.) **Sardar Birdevinder Singh** : Will the Chief Minister be pleased to state —

(a) the number of tubewells so far installed by the Punjab State Tubewell Corporation in the Sirhind Assembly Constituency;

(b) the total land which is covered by these Tubewells for irrigation purposes ?

ਸਰਦਾਰ ਦਰਬਾਰਾ ਸਿੰਘ: (ੳ) ਨਿਲ।

(ਅ) ਨਿੱਲ ।

Original with;
Punjab Vidhan Sabha
Digitized by;
Panjab Digital Library

Creation of new districts in the State

***242. (C.U.). Sardar Dilbagh Singh :** Will the Minister for Revenue be pleased to state whether there is any proposal under the consideration of the Government to create some new districts in the State ; if so, the details thereof?

ਸਰਦਾਰ ਬੇਅੰਤ ਸਿੰਘ : ਹਾਂ ਜੀ, ਕਈ ਤਜਵੀਜ਼ਾਂ ਕੁਝ ਸਮੇਂ ਤੋਂ ਵਿਚਾਰ ਅਧੀਨ ਹਨ, ਪਰ ਕੋਈ ਅੰਤਮ ਰੂਪ ਜਾਂ ਸਿਟਾ ਨਹੀਂ ਨਿਕਲਿਆ ਕਿਉਂਕਿ ਕੇਂਦਰੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਜ ਵਿਚ ਕਿਸੇ ਨਵੇਂ ਜ਼ਿਲ੍ਹੇ ਦੀ ਸਥਾਪਨਾ, ਜੂਨ, 1981 ਤੋਂ ਪਹਿਲਾਂ ਨਹੀਂ ਹੋ ਸਕਦੀ।

Regularisation of services of Social Teachers/Teachresses

***243(C.U.)** 1. **Master Chand Singh**
2. **Comrade Sarwan Singh Cheema**
3. **Professor Balwant Singh** : Will the Minister for Education be pleased to state :—

(a) the number of Social Education Teachers and Teachresses appointed during the period from 1st January, 1968 to 31st December, 1970 ;

(b) the number of teachers and teachresses out of those mentioned in part (a) above whose services have since been regularised in the State ?

ਸਰਦਾਰ ਹਰਚਰਨ ਸਿੰਘ ਅਜਨਾਲਾ :

(ੳ)	ਅਧਿਆਪਕ	..	81
	ਅਧਿਆਪਕਾਵਾਂ	..	148
	ਕੁੱਲ	..	229
(ਅ)	ਅਧਿਆਪਕ	..	4
	ਅਧਿਆਪਕਾਵਾਂ	..	2
	ਕੁੱਲ	..	6

STARRED QUESTION AND ANSWER LEFT OVER FROM THE LIST OF STARRED QUESTIONS DATED 7TH JULY, 1980 WHICH WAS DEEMED TO HAVE BEEN ANSWERED UNDER RULE 38.

***18. Master Babu Singh :** Will the Chief Minister, be pleased to state—

(a) the total number of persons killed in road accidents in the State District-wise , during the years 1978-79 and 1980 upto date ;

Original with;
Punjab Vidhan Sabha
Digitized by;
Panjab Digital Library

(b) the total amount of Ex-Gratia grants and compensations paid to the kith and kin of the deceased referred to in part (a) above during the said period ?

Sardar Darbara Singh : (a) The requisite information is as under :—

Serial No.	Name of District	Persons Killed		
		1978	1979	1980 (upto date 17-6-80)
1.	Patiala ..	54	82	25
2.	Kapurthala ..	28	22	20
3.	Ropar ..	23	28	9
4.	Amritsar ..	56	90	30
5.	Jullundur ..	57	65	31
6.	Bhatinda ..	40	27	24
7.	Gurdaspur ..	34	33	15
8.	Hoshiarpur ..	22	28	7
9.	Ludhiana ..	109	91	31
10.	Faridkot ..	53	26	12
11.	Ferozepur ..	23	47	10
12.	Sangrur ..	28	51	19

Original with;
Punjab Vidhan Sabha
Digitized by;
Panjab Digital Library

[Chief Minister]

(b) The requisite information is as under :—

	Exgratia grant paid			Compensation upto July		
	1978	1979	1980 upto July, 1980	1978	1979	1980 upto date upto July 1980
1. Patiala	800·00	1250·00	..	3,59,949·25	3,06,571·26	2,29,247·00
2. Kapurthala	..	..	..	..	1,59,587·79	1,39,354·80
3. Ropar	..	..	..	2,28,800·00	2,78,345·21	18,000·00
4. Amritsar	..	35,500·00	..	2,45,027·00	4,07,896·30	2,19,366·00
5. Jullundur	..	..	..	6,65,056·54	7,66,460·50	3,03,938·00
6. Bhatinda	..	..	..	50,000·00	89,040·00	23,085·00
7. Gurdaspur	..	13,000·00	..	14,000·00	94,312·00	1,07,839·80
8. Hoshiarpur	..	..	..	1,63,055·25	16,00,000·00	1,79,055,25
9. Ludhiana	..	..	..	5,27,216·22	7,92,389·16	5,97,983·67
10. Faridkot	..	..	..	72,300·00	5,53,833·00	34,080·00
11. Ferozepur	..	..	..	1,30,046·00	132,632·00	56,260·00
12. Sangrur	..	..	..	3,53,331·00	2,06,590·00	1,07,100·00
Total	800·00	49,750·00	..	28,08,781·10	53,87,657·00	20,15,609·50

UNSTARRED QUESTION AND ANSWER LEFT OVER FROM THE LIST OF UNSTARRED QUESTIONS DATED 17TH JULY, 1980 (MORNING SITTING)

Focal Points Sanctioned in Tehsil Muktsar

2. **Sardar Harchand Singh Brar** : Will the Minister for Development be pleased to state the number of Focal Points sanctioned in Tehsil Muktsar together with the stage of completion of each ?

ਸਰਦਾਰ ਸੰਤੋਖ ਸਿੰਘ ਰੰਧਾਵਾ : ਤਹਿਸੀਲ ਮੁਕਤਸਰ ਵਿਚ ਮਨਜ਼ੂਰ ਕੀਤੇ ਫੋਕਲ ਪੁਆਇੰਟ ਅਤੇ ਉਨ੍ਹਾਂ ਤੇ ਵੱਖ ਵੱਖ ਬਿਲਡਿੰਗਾਂ ਦੀ ਉਸਾਰੀ ਦੇ ਕੰਮ ਦੀ ਸਟੇਜ ਅਨੁਲੱਗ 1 ਵਿਚ ਦਿਤੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ਅਨੁਲੱਗ 1

ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ਵਿਚ ਮਨਜ਼ੂਰ ਕੀਤੇ ਗਏ ਫੋਕਲ ਪਿੰਡਾਂ ਅਤੇ ਉਨ੍ਹਾਂ ਤੇ ਉਸਾਰੀ ਦੇ ਕੰਮਾਂ ਦੀ ਸਟੇਜ ਦਾ ਵਿਵਰਣ 30 ਜੂਨ, 1980 ਤਕ ਦੀ ਸਥਿੱਤੀ

ਉਸਾਰੀ ਦੇ ਕੰਮ ਦੀ ਸਟੇਜ


ਬਲਾਕ	ਫੋਕਲ ਪੁਆਇੰਟ ਦਾ ਨਾਉਂ ਤੇ ਸਾਲ	ਮਾਰਕੀਟਿੰਗ ਯਾਰਡ	ਪਸ਼ੂ ਹਸਪਤਾਲ	ਦੁਕਾਨਾਂ	ਬੈਂਕ	ਸੜਕਾਂ
1	2	3	4	5	6	7
1. ਮੁਕਤਸਰ	1. ਥੰਡੇਵਾਲ (1977-78)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	2. ਬਤਾਈ (1978-79)	"	"	"	"	"
	3. ਲਭਾਨੀਆਂ ਵਾਲੀ (1979-80)	"	"	"	ਕੰਮ ਸ਼ੁਰ ਨਹੀਂ ਹੋਇਆ	ਕਨਸਾਲੀਡੇਸ਼ਨ ਤਕ ਮੁਕੰਮਲ ਹੈ।
2. ਮਲੋਟ ..	1. ਮਿੱਡਾ (1977-78)	"	"	"	ਮੁਕੰਮਲ	ਮੁਕੰਮਲ
	2. ਕਟਿਆਂ ਵਾਲੀ (1978-79)	25% ਸੋਲਿੰਗ ਮੁਕੰਮਲ ਹੈ।	ਛੱਤ ਤਕ	ਛੱਤ ਤਕ	ਮੁਕੰਮਲ	50% ਸੋਲਿੰਗ ਮੁਕੰਮਲ ਹੈ
	3. ਔਲਖ (1979-80)	ਇੱਟਾਂ ਸਿੱਟੀਆਂ ਜਾ ਰਹੀਆਂ ਹਨ।	—	ਸ਼ਟਰਿੰਗ ਹੋ ਚੁਕੀ ਹੈ।	—	—
3. ਲੰਬੀ	1. ਰੋੜਾਂ ਵਾਲੀ (1977-78)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	2. ਭਾਈਕਾ ਖੇੜਾ ਰਸੂਲ ਪੁਰ ਖੈਰਾ (1978-79)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ

[ਵਿਕਾਸ ਮੰਤਰੀ]

1	2	3	4	5	6	7
	3. ਲਾਲ ਭਾਈ (1979-80)	ਇੱਟਾਂ ਆ ਚੁਕੀਆਂ ਹਨ।	ਨੀਂਹ ਰਖੀ ਜਾ ਚੁੱਕੀ ਹੈ।	ਪਲਟਰਿੰਗ ਹੋ ਚੁਕੀ ਹੈ।	ਇੱਟਾਂ ਆ ਚੁਕੀਆਂ ਹਨ।	ਸੋਲਿੰਗ ਮੁਕੰਮਲ
4. ਕੋਟ ਭਾਈ ਐਟ ਗਿੱਦੜਬਾਹਾ	1. ਆਸਾ ਬੁੱਟਰ (1977-78)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	2. ਕੋਟਲੀ ਅਬਲੂ (1978-79)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ
	3. ਗੁਰੂ ਸਰ ਮਧੀਰ (1979-80)	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ	ਮੁਕੰਮਲ

2057PVS—Govt. Press, Chd.


Original with: Punjab Vidhan Sabha Digitized by: Panjab Digital Library



Chief Reporter
Punjab Vidhan Sabha
Chandigarh

© 1980

Published under the authority of the Punjab Vidhan Sabha and printed by the Controller, Govt. Press, Chandigarh.



Original with;
Punjab Vidhan Sabha
Digitized by;
Panjab Digital Library



Original with;
Punjab Vidhan Sab
Digitized by;
Panjab Digital Li

Original with
Punjab Vidhan Sabha
Digitized by
Panjab Digital Library

B-19110

Original with
Punjab
Digitized by
Panjab

